ਸ਼ਬਦ-ਵੀਚਾਰ

ਸ਼੍ਰੀ ਗੁਰੂ ਗ੍ਰੰਥ ਸਾਹਿਬ



ਡਾ. ਓਅੰਕਾਰ ਸਿੰਘ

ਸ਼ਬਦ-ਵੀਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ

ਉਚਾਰਨ ਕੋਸ਼, ਸ਼ਬਦ ਕੋਸ਼ ਅਤੇ ਅਰਥ ਬੋਧ

(ਭਾਗ ਪਹਿਲਾ)

ਡਾ. ਓਅੰਕਾਰ ਸਿੰਘ

SHABAD VICHAR SHIRI GURU GRANTH SAHIB JI
(UCHARAN KOSH, SHABAD KOSH & ARATH BODH)

DR. ONKAR SINGH
(M.A., M.PHIL., PH.D)
1949 East Osborn Rd.
Phoenix, AZ 85016
USA
602-918-5940
E-mail : kesgarh@yahoo.com

$ 25.00
Price : 825.00
FIRST EDITION
MARCH 2012

AVAILABLE AT:

1. GURMAT SAGAR TRUST
   SIRI ANANDPUR SAHIB, PUNJAB
   INDIA
   TELE.:9814001999

2. **DR. DIDAR SINGH**
   KHAN HOSPITAL
   SANIPUR ROAD, SIRHIND
   PUNJAB, INDIA
   TELE: 9417034974, 9855680787

3. **CHAK 17 PARKASHAN**
   NEAR DEVI MANDIR ROAD
   OLD RAJPURA, DISTT. PATIALA,
   PUNJAB, INDIA
   TELE: 9872241223, 9876638923
   E-mail : chak17parkashn@yahoo.com

PUBLISHED BY
CHAK 17 PARKASHAN
NEAR DEVI MANDIR ROAD
OLD RAJPURA, DISTT. PATIALA,
PUNJAB, INDIA
TELE:9872241223, 9876638923

DESIGN BY :
HARKAMAL SINGH
TELE : 98551-40222, RAJPURA (INDIA)
E-mail : waytomehra@yahoo.com,gmail@com

ਸ਼ਬਦ-ਵੀਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ

ਉਚਾਰਨ ਕੋਸ਼, ਸ਼ਬਦ ਕੋਸ਼ ਅਤੇ ਅਰਥ ਬੋਧ

(ਭਾਗ ਪਹਿਲਾ)

ਡਾ. ਓਅੰਕਾਰ ਸਿੰਘ

ੴ ਵਾਹਿਗੁਰੂ ਜੀ ਕੀ ਫ਼ਤਹ ॥

ਗਿਆਨੀ ਗੁਰਬਚਨ ਸਿੰਘ
ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

ਸ੍ਰੀ ਤਖ਼ਤੁ ਰਚਾਇਆ
ਸ੍ਰੀ ਅਕਾਲ ਤਖ਼ਤ ਸਾਹਿਬ ਜੀ

ਨੰਬਰ............

ਮਿਤੀ 25-1-12

ਅਸੀਸ

ਸਿੱਖ ਪੰਥ ਵਿਚ ਵਿਦਵਾਨਾਂ ਦਾ ਇੱਕ ਮਹੱਤਵਪੂਰਣ ਸਥਾਨ ਹੈ। ਵਿਦਵਤਾ ਦੀ ਇਹ ਪਰੰਪਰਾ ਦਸਾਂ ਪਾਤਸ਼ਾਹੀਆਂ ਦੇ ਹੁੰਦਿਆਂ ਹੀ ਸ਼ੁਰੂ ਹੋ ਗਈ ਸੀ। ਭਾਈ ਗੁਰਦਾਸ ਜੀ ਇਸ ਦੇ ਮੋਢੀ ਮੰਨੇ ਜਾਂਦੇ ਹਨ ਅਤੇ ਦਸਮ ਪਾਤਸ਼ਾਹ ਹਜ਼ੂਰ ਦੇ ਬਵੰਜਾਂ ਕਵੀਆਂ ਨੂੰ ਵੀ ਇਸੇ ਹੀ ਪਰੰਪਰਾ ਦਾ ਹਿੱਸਾ ਮੰਨਿਆਂ ਜਾਂਦਾ ਹੈ। ਜਦੋਂ ਕੋਈ ਵਿਦਵਾਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਦਾ ਓਟ ਆਸਰਾ ਲੈਕੇ ਕੰਮ ਕਰਦਾ ਹੈ ਤਾਂ ਉਸ ਉਤੇ ਪੰਥਕ ਭਾਈਚਾਰੇ ਦੀ ਖੁਸ਼ੀ ਰਹਿੰਦੀ ਹੈ। ਡਾ. ਓਅੰਕਾਰ ਸਿੰਘ ਜੀ ਦੇਸ਼ਾਂ ਵਿਦੇਸ਼ਾਂ ਵਿਚ ਲਗਾਤਾਰ ਇਹ ਕੰਮ ਕਰ ਰਹੇ ਹਨ। ਇਹ ਮੈਂ ਆਪਣੀ ਅਮਰੀਕਾ ਦੀ ਯਾਤਰਾ ਵਿਖੇ ਮਹਿਸੂਸ ਕੀਤਾ ਸੀ। ਸਤਿਗੁਰੂ ਦੇ ਓਟ ਆਸਰੇ ਨਾਲ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਆਰੰਭ ਕੀਤਾ ਹੈ। ਮੇਰਾ ਵਿਸ਼ਵਾਸ਼ ਹੈ ਕਿ ਗੁਰਬਾਣੀ ਨੂੰ ਸੁਖੈਨ ਅਤੇ ਸਰਲ ਤਰੀਕੇ ਨਾਲ ਉਚਾਰਣ ਅਤੇ ਸਮਝਣ ਲਈ ਇਹ ਅਤਿਅੰਤ ਮਹੱਤਵਪੂਣ ਸੇਵਾ ਹੈ ਅਤੇ ਸੰਗਤਾਂ ਇਸ ਤੋਂ ਭਰਪੂਰ ਲਾਭ ਉਠਾਉਣਗੀਆਂ। ਡਾ. ਸਾਹਿਬ ਨੇ ਇਸ ਟੀਕੇ ਦਾ ਪਹਿਲਾ ਹਿੱਸਾ ਸੰਪੂਰਨ ਕਰ ਲਿਆ ਹੈ। ਮੈਨੂੰ ਇਸ ਗਲ ਦੀ ਅਤਿਅੰਤ ਪ੍ਰਸੰਨਤਾ ਹੈ ਕਿ ਸਤਿਗੁਰੂ ਨੇ ਆਪਣੀ ਕ੍ਰਿਪਾ ਕਰਕੇ ਉਨ੍ਹਾਂ ਤੋਂ ਇਹ ਕੰਮ ਕਰਵਾ ਲਿਆ ਹੈ।

ਮੇਰੀ ਅਸੀਸ ਹੈ ਕਿ ਡਾ. ਓਅੰਕਾਰ ਸਿੰਘ ਜੀ ਨੂੰ ਗੁਰੂ ਸਾਹਿਬ ਅੰਗ ਸੰਗ ਸਹਾਈ ਹੋਕੇ ਚੜ੍ਹਦੀ ਕਲਾ ਬਖਸ਼ਣ ਅਤੇ ਰਹਿੰਦੇ ਕਾਰਜ ਵਾਸਤੇ ਸਿੱਖ ਪੰਥ ਦੀ ਸੇਵਾ ਕਰਨ ਲਈ ਸਮਰਥਾ ਅਤੇ ਗੁਰਮਤਿ ਵਾਲੀ ਬੁੱਧ ਬਿਬੇਕ ਬਖਸ਼ਣ।

25-1-2012

ਫ਼ੋਨ/ਫੈਕਸ ਦਫ਼ਤਰ 91-183-2540820, ਪੀ.ਬੀ. ਐਕਸ 91-183-2553957,58,59 ਐਕਸਟੈਨਸ਼ਨ ਨੰਬਰ 434

੧ੳ ਵਾਹਿਗੁਰੂ ਜੀ ਕੀ ਫ਼ਤਹ॥

ਗਿਆਨੀ ਜਸਵਿੰਦਰ ਸਿੰਘ
ਹੈੱਡ ਗ੍ਰੰਥੀ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ।

ਨੰਬਰ [illegible]

ਮਿਤੀ 25-1-12

ਹਰ ਜਸ ਲਿਖਹ ਬੇਅੰਤ ਸੋਹਹਿ ਸੇ ਹਥਾ...

ਡਾ. ਓਅੰਕਾਰ ਸਿੰਘ ਜੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ (ਜਿਸ ਵਿਚ ਗੁਰਬਾਣੀ ਦਾ ਸ਼ਬਦ ਕੋਸ਼, ਉਚਾਰਣ ਕੋਸ਼ ਅਤੇ ਅਰਥ-ਬੋਧ ਸ਼ਾਮਲ ਹੈ) ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਦੀਆਂ ਅਸੀਸਾਂ ਨਾਲ ਕਰ ਰਹੇ ਹਨ। ਇਸ ਟੀਕੇ ਦਾ ਪਹਿਲਾ ਭਾਗ ਸੰਪੂਰਨ ਹੋਕੇ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਹੈ। ਮੇਰਾ ਵਿਸ਼ਵਾਸ਼ ਹੈ ਕਿ ਇਹ ਹਰ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਲਈ ਅਤਿਅੰਤ ਲਾਭਕਾਰੀ ਹੋਵੇਗਾ। ਵਿਸ਼ੇਸ਼ ਕਰਕੇ ਗੁਰੂ ਘਰ ਦੇ ਕੀਰਤਨੀਏ, ਗ੍ਰੰਥੀ ਸਾਹਿਬਾਨ ਅਤੇ ਪਾਠੀ ਸਾਹਿਬਾਨ ਗੁਰਬਾਣੀ ਨੂੰ ਸਮਝਣ ਅਤੇ ਉਚਾਰਣ ਲਈ ਇਸ ਤੋਂ ਭਰਪੂਰ ਲਾਭ ਉਠਾ ਸਕਣਗੇ।

ਮੇਰੀ ਸਤਿਗੁਰੂ ਸੱਚੇ ਪਾਤਸ਼ਾਹ ਅਗੇ ਅਰਦਾਸ ਹੈ ਕਿ ਮਾਹਰਾਜ ਰਹਿੰਦੇ ਕਾਰਜਾਂ ਦੀ ਸੰਪੂਰਨਤਾ ਲਈ ਡਾ. ਸਾਹਿਬ ਨੂੰ ਗੁਰਮਤਿ ਵਾਲੀ ਬੁੱਧ ਬਿਬੇਕ ਅਤੇ ਤੰਦਰੁਸਤੀ ਬਖਸ਼।

ਜਸਵਿੰਦਰ ਸਿੰਘ
ਹੈੱਡ ਗ੍ਰੰਥੀ
ਸੱਚਖੰਡ ਸ੍ਰੀ ਹਰਿਮੰਦਰ
ਸਾਹਿਬ

ਫ਼ੋਨ: +91 183 255 3959, 407 ਫੈਕਸ +91 183 255 3919, ਮੋਬਾਇਲ : 98148-98557, e-mail: sgpc@vsnl.com, website: www.sgpc.net

ਬਿਚਰਿ ਬਿਚਰਿ ਰਸੁ ਪੀਜੈ...॥

ਮਨੁੱਖ ਸਦਾ ਹੀ ਅਨੰਦ ਤੇ ਰਸ ਦਾ ਅਭਿਲਾਸ਼ੀ ਹੈ ਅਤੇ ਗੁਰਸ਼ਬਦ ਸਦਾ ਹੀ ਅਨੰਦ ਤੇ ਰਸ ਦਾਤਾ ਹੈ, ਐਸਾ ਗੁਰਬਾਣੀ ਦਾਤਿਆਂ ਦਾ ਅਨੁਭਵ ਤੇ ਫੈਸਲਾ ਹੈ। ਸਤਿਗੁਰੂ ਨਾਨਕ ਦੇਵ ਮਹਾਰਾਜ ਦਾ ਫੁਰਮਾਨ ਹੈ:

ਗੁਰ ਕਾ ਸ਼ਬਦੁ ਮਹਾ ਰਸੁ ਮੀਠਾ॥ ਐਸਾ ਅੰਮ੍ਰਿਤੁ ਅੰਤਰਿ ਡੀਠਾ॥
ਜਿਨਿ ਚਾਖਿਆ ਪੂਰਾ ਪਦੁ ਹੋਇ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ।

ਪੰਨਾ ੧੩੩੧

ਮਨੁੱਖ ਦੁੱਖ ਭੁੱਖ, ਚਿੰਤਾ ਤੇ ਭੈ ਵਿਚ ਗ੍ਰਸਿਆ, ਜੀਵਨ ਦੀ ਨੀਰਸਤਾ ਦਾ ਬੋਝ ਢੋਣ ਲਈ ਮਜ਼ਬੂਰ ਹੋ ਜਾਂਦਾ ਹੈ, ਪਰ ਗੁਰਸ਼ਬਦ ਅਚਿੰਤ ਜ਼ਿੰਦਗੀ ਦਾ ਜ਼ਾਮਨ ਬਣ ਸਕਦਾ ਹੈ। ਪੰਚਮ ਗੁਰਦੇਵ ਦਾ ਫੁਰਮਾਨ:

ਅਚਿੰਤ ਹਮਾਰੈ ਸ਼ਬਦਿ ਉਧਾਰ॥ ਅਚਿੰਤ ਹਮਾਰੈ ਭਰੇ ਭੰਡਾਰ॥

ਪੰਨਾ ੧੧੫੭

ਇਹ ਗੁਰਸ਼ਬਦ ਕਿਸੇ ਭਾਈ ਲਹਿਣੇ ਨੂੰ ਧੰਨ ਗੁਰੂ ਅੰਗਦ ਦੇਵ ਸਾਹਿਬ ਹੋ ਜਾਣ ਵਿਚ ਸਹਾਈ ਹੁੰਦਾ ਹੈ। ਇਹੋ ਗੁਰਸ਼ਬਦ ਦੁਨੀਆਂ ਦੀਆਂ ਨਿਗਾਹਾਂ ਵਿਚ ਅਮਰੂ ਨਿਥਾਵਾਂ ਕਹੇ ਜਾਣ ਵਾਲੇ ਨੂੰ ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਥਾਵਿਆਂ ਦੇ ਥਾਂਵ ਬਣਨ ਵਿਚ ਅਗਵਾਈ ਬਖਸ਼ਦਾ ਹੈ। ਇਸੇ ਕਰਕੇ ਉਹ ਗੁਰੂ ਕੇ ਸਿੱਖ ਅਖਵਾਉਣ ਵਾਲਿਆਂ ਨੂੰ ਰੂਹਾਨੀ ਪਿਆਰ ਵਿਚ ਆਵਾਜ਼ ਮਾਰਦੇ ਹਨ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਓ ਗਾਵਹੁ ਸਚੀ ਬਾਣੀ॥

ਪੰਨਾ ੯੨੦

ਕਿਉਂਕਿ ਇਸ ਬਾਣੀ ਦੀ ਸਮਰਥਾ ਹੈ:

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥

ਪੰਨਾ ੭੯੭

ਪਰ ਹੁਣ ਪ੍ਰਸ਼ਨਾਂ ਦਾ ਪ੍ਰਸ਼ਨ ਇਹ ਹੈ ਕਿ ਇਸ ਬਾਣੀ ਨੂੰ ਆਪਣਾ ਗੁਰੂ ਮੰਨਣ ਵਾਲੇ ਸਾਰਿਆਂ ਦੇ ਜੀਵਨ ਵਿਚ ਐਸੀ ਸੁਭਾਗੀ ਅਵਸਥਾ ਕਿਉਂ ਨਹੀਂ ਆਉਂਦੀ? ਇਸ ਪ੍ਰਸ਼ਨ ਦਾ ਉਤਰ ਵੀ ਉਪਰੋਕਤ ਬਚਨ ਵਿਚ ਹੀ ਅੰਕਿਤ ਹੈ:

'ਇਹ ਬਾਣੀ ਜੋ ਜੀਅਹੁ ਜਾਣੈ...

ਸੋ ਗੁਰੂ ਸਾਹਿਬਾਨ ਦਾ ਸਾਰਾ ਜ਼ੋਰ ਬਾਣੀ ਨੂੰ ...ਜੀਅਹੁ ਜਾਣੈ ਦਾ ਭੇਦ ਦ੍ਰਿੜ ਕਰਾਉਣ ਤੇ ਹੈ।

ਬਾਣੀ ਨੂੰ ਪੜ੍ਹਨਾ ਗਾਉਣਾ ਸੁਣਨਾ ਮੁਬਾਰਿਕ ਹੈ। ਬਹੁਤ ਸਾਰੀਆਂ ਬਖਸ਼ਿਸ਼ਾਂ ਦੀ ਪ੍ਰਾਪਤੀ ਦਾ ਸਾਧਨ ਹੈ ਇਹ ਕਾਰਜ। ਪਰ ਐਸੇ ਸਾਰਥਿਕ ਅਤੇ ਰਸ ਭਰਪੂਰ ਨਤੀਜੇ ਤਕ ਪਹੁੰਚਣ ਲਈ ਬਾਣੀ ਦੀ ਵੀਚਾਰ ਵਾਲਾ ਪੱਖ ਅਤਿਅੰਤ ਮਹੱਤਵਪੂਰਣ ਦਸਿਆ ਗਿਆ ਹੈ। ਧੰਨ ਗੁਰੂ ਰਾਮਦਾਸ ਚੌਥੇ ਸਤਿਗੁਰੂ

ਆਪਣਾ ਅਨੁਭਵੀ ਉਪਦੇਸ਼ ਬਖਸ਼ਿਸ਼ ਕਰਦੇ ਹਨ:

ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ॥

ਪੰਨਾ ੧੩੨੫

ਗੁਰੂ ਸਾਹਿਬ ਅਨੁਸਾਰ ਕਿਉਂਕਿ ਬਾਣੀ ਵਿਚਾਰ ਦਾ ਉਦਮ ਵਿਰਲਿਆਂ ਗੁਰਮੁਖਾਂ ਦੇ ਹਿੱਸੇ ਆਉਂਦਾ ਹੈ, ਇਸ ਲਈ ਅਨੰਦਮਈ ਜ਼ਿੰਦਗੀ ਵੀ ਵਿਰਲਿਆਂ ਦੀ ਝੋਲੀ ਹੀ ਪੈਂਦੀ ਹੈ। ਗੁਰ ਉਪਦੇਸ਼ ਹੈ:

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥

ਪੰਨਾ ੯੩੫

ਸ਼ਾਇਦ ਇਹੋ ਕਾਰਨ ਹੈ ਕਿ ਗੁਰਬਾਣੀ ਨੂੰ ਸਮਝਣ, ਬੁਝਣ ਤੇ ਵਿਚਾਰ ਕੇ ਦ੍ਰਿੜ੍ਹ ਕਰਣ ਦਾ ਇਹ ਕਾਰਜ ਗੁਰੂ ਸਾਹਿਬਾਨ ਦੀ ਸਰੀਰਕ ਹਯਾਤੀ ਵਿਚ ਹੀ ਆਰੰਭ ਹੋ ਗਿਆ ਸੀ। ਨਿਰਸੰਦੇਹ ਗੁਰੂ ਨਾਨਕ ਸਾਹਿਬ ਦੀ ਗੁਰਤਾ ਗੱਦੀ ਦੇ ਵਾਰਿਸ ਗੁਰੂ ਸਾਹਿਬਾਨ ਗੁਰਬਾਣੀ ਦੀ ਕਥਾ ਵਿਚਾਰ, ਉਪਦੇਸ਼ ਰੂਪ ਵਿਚ ਗੁਰਸਿੱਖ ਸੰਗਤਾਂ ਨੂੰ ਨਿਤਾਪ੍ਰਤੀ ਬਖਸ਼ਿਸ਼ ਕਰਦੇ ਸਨ। ਪਰ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤਾਂ ਤੋਂ ਵਿਧੀਵਤ ਰੂਪ ਵਿਚ ਇਸ ਵਿਆਖਿਆ-ਵਿਚਾਰ ਦਾ ਲਿਖਤੀ ਸਿਲਸਿਲਾ ਸ਼ੁਰੂ ਹੋਇਆ ਸੀ। ਅਮਰ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਨਿਰਮਲੇ, ਉਦਾਸੀ, ਸੇਵਾ-ਪੰਥੀ ਇਤਿਆਦਿ ਅਨੇਕਾਂ ਗੁਰੂ ਕੇ ਸਿੱਖ ਗੁਰਬਾਣੀ ਵਿਚਾਰ ਦੀ ਇਸ ਅਧਿਆਤਮਿਕ ਮਾਲਾ ਨੂੰ ਤਿਆਰ ਕਰਨ ਵਿਚ ਆਪਣਾ ਵੱਡਮੁੱਲਾ ਹਿੱਸਾ ਪਾਉਂਦੇ ਰਹੇ ਹਨ। ਅਜੋਕੇ ਸਮੇਂ ਵਿਚ ਸਿੱਖ ਟਕਸਾਲਾਂ, ਸਿੰਘ ਸਭਾ ਲਹਿਰ ਅਥਵਾ ਵਿਦਿਅਕ ਅਦਾਰਿਆਂ ਵਿਚ ਵਿਚਰਨ ਵਾਲੇ ਬਹੁਤ ਸਾਰੇ ਗੁਰਸਿੱਖਾਂ ਦੀ ਇਸ ਪ੍ਰਥਾਇ ਘਾਲਣਾ ਮਾਣ ਕਰਨਯੋਗ ਹੈ। ਇਸੇ ਗੁਰਬਾਣੀ ਵਿਚਾਰ ਮਾਲਾ ਵਿਚ ਇਕ ਹੋਰ ਸੁੱਚਾ ਮੋਤੀ ਪ੍ਰੋਣ ਦਾ ਉਦਮ ਸਤਿਗੁਰੂ ਜੀ ਨੇ ਸਤਿਕਾਰ ਯੋਗ ਵੱਡੇ ਵੀਰ ਡਾ. ਓਅੰਕਾਰ ਸਿੰਘ ਹੋਰਾਂ ਕੋਲੋਂ ਕਰਵਾਉਣ ਦੀ ਬਖਸ਼ਿਸ਼ ਕੀਤੀ ਹੈ। ਸ਼ਬਦ-ਵੀਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ (ਉਚਾਰਣ ਕੋਸ਼, ਸ਼ਬਦ ਕੋਸ਼ ਅਤੇ ਅਰਥ ਬੋਧ) ਨਾਮਕ ਖੋਜ ਗ੍ਰੰਥ ਦੀ ਪਹਿਲੀ ਪੋਥੀ ਗੁਰਬਾਣੀ ਪ੍ਰੇਮੀਆਂ ਦੇ ਹੱਥਾਂ ਵਿਚ ਪਹੁੰਚ ਰਹੀ ਹੈ। ਮੈਂ ਨਿਜੀ ਤੌਰ ਤੇ ਡਾ. ਸਾਹਿਬ ਨੂੰ ਇਸ ਸੰਬੰਧੀ ਅਣਥੱਕ ਘਾਲ ਘਾਲਦਿਆਂ ਦੇਖਿਆ ਹੈ। ਇਸੇ ਕਰਕੇ ਮੇਰਾ ਵਿਸ਼ਵਾਸ਼ ਹੈ ਕਿ ਗੁਰੂ ਮਿਹਰ ਸਦਕਾ ਆਰੰਭਿਆ ਇਹ ਕਾਰਜ, ਪਿਉ ਦਾਦੇ ਦੇ ਇਸ ਰੂਹਾਨੀ ਖ਼ਜ਼ਾਨੇ ਨੂੰ ਖੋਲ੍ਹ ਡਿਠਣ, ਵਿਚਾਰਨ ਅਤੇ ਅਮਲਾਉਣ ਵਿਚ ਸਹਾਈ ਹੋਵੇਗਾ। ਮੇਰੀ ਬਾਣੀ ਦਾਤੇ ਸਤਿਗੁਰੂ ਅਤੇ ਪ੍ਰਭੂ ਖ਼ਸਮ ਜੀ ਦੇ ਚਰਨਾਂ ਵਿਚ ਜੋਦੜੀ ਹੈ ਕਿ ਡਾ. ਸਾਹਿਬ ਨੂੰ ਸਦੀਵ ਸਰੀਰਕ ਤੰਦਰੁਸਤੀ ਅਤੇ ਬਿਬੇਕ ਬੁੱਧੀ ਦੀ ਦਾਤ ਨਾਲ ਨਿਵਾਜਦੇ ਰਹਿਣ ਤਾਂਕਿ ਗੁਰੂ ਭਰੋਸੇ ਅਤੇ ਗੁਰੂ ਓਟ ਰਾਹੀਂ ਆਰੰਭਿਆ ਇਹ ਪੰਥਕ ਕਾਰਜ, ਨਿਰਵਿਘਨ ਨੇਪਰੇ ਚੜ੍ਹ ਸਕੇ ਅਤੇ ਗੁਰੂ ਕੇ ਸਿੱਖਾਂ, ਬਾਣੀ ਰਸੀਆਂ ਲਈ "ਬਿਚਰਿ ਬਿਚਰਿ ਰਸੁ ਪੀਜੈ ਦਾ..." ਪਾਤਰ ਬਣਨ ਵਿਚ ਸਹਾਈ ਹੋ ਸਕੇ।

ਮਨਜੀਤ ਸਿੰਘ

ਸਾਬਕਾ ਜਥੇਦਾਰ,

ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਮੁੱਖ-ਬੰਦ

ਅਕਾਦਮਿਕਤਾ ਵਿਚ ਇਕ ਦੂਜੇ ਤੋਂ ਸਿੱਖਣ ਜਾਂ ਇਕ ਦੂਜੇ ਨੂੰ ਸਿਖਾਉਣ ਦੀ ਪਰੰਪਰਾ ਜਿੰਨੀ ਮਜਬੂਤ ਹੋਵੇਗੀ, ਉਨੀਂ ਹੀ ਉਹ ਸਿਹਤਮੰਦ ਗਿਣੀ ਜਾਏਗੀ। ਸਿੱਖ ਧਰਮ ਵਿਚ ਇਸ ਭਾਵਨਾ ਨੂੰ ਕੇਂਦਰੀਅਤਾ ਪ੍ਰਾਪਤ ਹੈ। ਇਸੇ ਨੂੰ ਬਾਣੀ ਵਿਚੋਂ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ:

ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

ਸਿੱਖ ਧਰਮ ਦੇ ਪ੍ਰਸੰਗ ਵਿਚ ਇਹ ਸੁਭਾਅ ਵੀ ਹੈ ਅਤੇ ਸਿੱਖਣ ਦੀ ਲਗਨ ਵੀ ਹੈ। ਪਿੱਛੇ ਵਲ ਝਾਤ ਮਾਰਾਂ ਤਾਂ ਇਹ ਫੈਸਲਾ ਕਰਨ ਮੁਸ਼ਕਲ ਲਗਦਾ ਹੈ ਕਿ ਡਾ. ਓਅੰਕਾਰ ਸਿੰਘ ਦਾ ਮੇਰੇ ਨਾਲ ਸੰਬੰਧ ਸਿੱਖ ਵਜੋਂ ਹੈ ਕਿ ਵਿਦਿਆਰਥੀ ਵਜੋਂ ਹੈ। ਮੈਨੂੰ ਇਹ ਵਿਦਿਆਰਥੀ ਲਗਦਾ ਹੀ ਨਹੀਂ ਕਿਉਂਕਿ ਸਿੱਖ ਦੇ ਰੂਪ ਵਿਚ ਤਾਂ ਹਰ ਕੋਈ ਵਿਦਿਆਰਥੀ ਹੀ ਰਹਿੰਦਾ ਹੈ। ਸ਼ਾਇਦ ਇਸੇ ਕਰਕੇ ਮੈਨੂੰ ਮੇਰੇ ਵਿਦਿਆਰਥੀ ਸਦਾ ਹੀ ਦੋਸਤ ਵੱਧ ਲਗਦੇ ਰਹੇ ਹਨ। ਮੇਰਾ ਪਿਛੋਕੜ ਪੇਂਡੂ ਕਿਰਸਾਨੀ ਵਾਲਾ ਹੋਣ ਕਰਕੇ ਕਦੇ ਮੈਂ ਕਦੇ ਵੀ ਬਹੁਤਾ ਧਾਰਮਿਕ ਨਹੀਂ ਸੀ। ਜਦੋਂ ਕੋਈ ਅਜਿਹਾ ਵਿਦਿਆਰਥੀ ਮੇਰੇ ਸੰਪਰਕ ਵਿਚ ਆਇਆ, ਜਿਹੜਾ ਧਰਮ ਵਿਚ ਪਰਪੱਕ ਹੋਵੇ ਤਾਂ ਮੈਂ ਉਸ ਰਾਹੀਂ ਆਪਣੇ ਆਪ ਨੂੰ ਸੁਰੱਖਿਅਤ ਕਰਦਾ ਰਿਹਾ ਹਾਂ। ਮੈਨੂੰ ਪਤਾ ਹੈ ਕਿ ਪੈਦਾਇਸ਼ ਹਮੇਸ਼ਾਂ ਸਭਿਆਚਾਰ ਵਿਚ ਹੀ ਹੁੰਦੀ ਹੈ। ਇਹ ਗਲ ਵੱਖਰੀ ਹੈ ਕਿ ਪੈਦਾਇਸ਼ ਵੇਲੇ ਮਾਹੌਲ ਵਿਚ ਦਾ ਰੰਗ ਸਭਿਆਚਾਰ ਉੱਤੇ ਵਧੇਰੇ ਨੁਮਾਇਆਂ ਹੋਵੇ। ਸਾਰੇ ਸਿੱਖ ਇਸ ਅਵਸਥਾ ਦੇ ਮੁਤਲਾਸ਼ੀ ਹੋਣੇ ਚਾਹੀਦੇ ਹਨ ਅਤੇ ਇਸੇ ਕਰਕੇ ਸਿੱਖ-ਭਾਈਚਾਰੇ ਵਿਚ ਜੰਮਦੇ ਬੱਚਿਆਂ ਨੂੰ ਅੰਮ੍ਰਿਤ ਦੀ ਗੁੜ੍ਹਤੀ ਦੇਣ ਦੀ ਪਰੰਪਰਾ ਵੀ ਹੈ। ਬਹੁਤ ਘੱਟ ਅਜਿਹੇ ਖੁਸ਼ਕਿਸਮਤ ਬੱਚੇ ਹੁੰਦੇ ਹਨ, ਜਿਨ੍ਹਾਂ ਨੂੰ ਜਨਮ ਹੀ ਅਜਿਹੇ ਪਰਿਵਾਰ ਵਿਚ ਮਿਲਦਾ ਹੈ, ਜਿੱਥੇ ਮਾਪੇ ਅੰਮ੍ਰਿਤਧਾਰੀ ਹੋਣ। ਇਸ ਗਲ ਨਾਲ ਮੈਂ ਏਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਡਾ. ਓਅੰਕਾਰ ਸਿੰਘ ਜਨਮ ਤੋਂ ਹੀ ਅੰਮ੍ਰਿਤਧਾਰੀ ਮਾਂ-ਪਿਓ ਦੇ ਅੰਮ੍ਰਿਤਧਾਰੀ ਸਪੁੱਤਰ ਹਨ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਧਰਮ ਦੇ ਪ੍ਰਸੰਗ ਵਿਚ ਬੱਚੇ ਨੇ ਜੋ ਕੁਝ ਸਿੱਖਣਾ ਹੁੰਦਾ ਹੈ, ਉਸ ਦੇ ਪੂਰਨੇ ਪਹਿਲੇ ਪੰਜਾਂ ਸਾਲਾਂ ਵਿਚ ਪੈ ਜਾਂਦੇ ਹਨ। ਜਿਸ ਬੱਚੇ ਨੂੰ ਪਹਿਲੇ ਪੰਜ ਸਾਲ ਅੰਮ੍ਰਿਤਧਾਰੀਆਂ ਦੀ ਸੰਗ ਵਿਚ ਗੁਜ਼ਾਰਨ ਦਾ ਮੌਕਾ ਮਿਲ ਜਾਵੇ, ਉਸ ਦੇ ਵਿਸ਼ਵਾਸ਼ ਅਤੇ ਬਚਨਬੱਧਤਾ ਨੂੰ ਕੋਈ ਖਤਰਾ ਨਹੀਂ ਰਹਿੰਦਾ। ਅਜਿਹੇ ਖੁਸ਼ਕਿਸਮਤ ਬੱਚਿਆਂ ਦੀ ਗਿਣਤੀ ਦਿਨੋਂ ਦਿਨ ਘਟਦੀ ਜਾ ਰਹੀ ਹੈ। ਇਸ ਦੇ ਨਤੀਜੇ ਵੀ ਸਾਹਮਣੇ ਹਨ। ਇਸ ਦੇ ਵਿਸਥਾਰ ਵਿਚ ਜਾਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਪਰ ਡਾ. ਓਅੰਕਾਰ ਸਿੰਘ ਵਰਗੇ ਸਿੱਖਾਂ ਨੂੰ ਆਰਕਾਈਵਲ-ਮੈਟੀਰੀਅਲ ਵਾਂਗ ਵੇਖੇ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਇਸ ਨਾਲ ਸਿੱਖ ਭਾਈਚਾਰੇ ਦੀਆਂ ਬਹੁਤ ਸਾਰੀਆਂ ਪਛਾਣ-ਪਰਤਾਂ ਪੈਦਾ ਹੋ ਗਈਆਂ ਹਨ। ਇਸ ਨੂੰ ਸੰਭਾਲੇ ਜਾਣ ਦੀ ਲੋੜ ਦੀ ਭਾਵਨਾ ਨੂੰ ਮੈਂ ਡਾ. ਓਅੰਕਾਰ ਸਿੰਘ ਵਰਗੇ ਦੋਸਤਾਂ ਦੀ ਸੰਗਤ ਵਿਚ ਸਰਚਾਉਂਦਾ ਰਿਹਾ ਹਾਂ।

ਵਿਦਿਆਰਥੀ ਵਿਚ ਸਿੱਖਣ ਦੀ ਰੀਝ ਹੀ ਉਸ ਦਾ ਅਸਲ ਵਿਦਿਆਰਥੀਪਣ ਹੁੰਦਾ ਹੈ। ਇਸ ਦਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਜੇ ਕਿਸੇ ਨੂੰ ਸਕੂਲਾਂ ਕਾਲਜਾਂ ਵਿਚ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਜਾਂ ਸਰਟੀਫਿਕੇਟ ਹਾਸਲ ਕਰਨ ਦਾ ਅਵਸਰ ਪ੍ਰਾਪਤ ਨਹੀਂ ਹੋਇਆ ਤਾਂ ਉਹ ਵਿਦਿਆਰਥੀ ਹੀ ਨਹੀਂ ਹੈ।

ਵਿਦਿਆਰਥੀ ਜਿਗਿਆਸਾ ਹੈ, ਸਿੱਖਣ ਦੀ ਰੀਝ ਹੈ ਅਤੇ ਗਿਆਨਵਾਨ ਹੋਣ ਦੀ ਇੱਛਾ ਹੈ। ਮੈਨੂੰ ਇਹ ਸਾਰੇ ਗੁਣ ਆਪਣੇ ਵਿਦਿਆਰਥੀਆਂ ਵਿਚੋਂ ਨਜ਼ਰ ਆਉਂਦੇ ਰਹੇ ਹਨ ਅਤੇ ਮੈਂ ਉਨ੍ਹਾਂ ਨੂੰ ਇਸ ਬਾਰੇ ਚੇਤੰਨ ਵੀ ਕਰਦਾ ਰਿਹਾ ਹਾਂ। ਗੁਣਾਂ ਦੀ ਚੇਤਨਾਂ ਉਸੇ ਤਰ੍ਹਾਂ ਹੀ ਬਹੁਤ ਜ਼ਰੂਰੀ ਹੁੰਦੀ ਹੈ ਜਿਵੇਂ ਜੇਬ੍ਹ ਵਿਚ ਪਏ ਹੋਏ ਪੈਸਿਆਂ ਦੀ ਚੇਤਨਾ ਹੋਣੀ ਜ਼ਰੂਰੀ ਹੁੰਦੀ ਹੈ। ਮੇਰਾ ਅਕਾਦਮਿਕ ਖੇਤਰ ਗੁਰਬਾਣੀ ਨਾਲ ਜੁੜਿਆ ਹੋਇਆ ਹੈ ਅਤੇ ਮੈਨੂੰ ਸਦਾ ਹੀ ਬਾਣੀ-ਕੇਂਦਰਿਤ ਵਚਨਬੱਧਤਾ ਵਾਲੇ ਵਿਦਿਆਰਥੀਆਂ ਦੀ ਲੋੜ ਰਹੀ ਹੈ। ਜਿਨ੍ਹਾਂ ਕੋਲ ਪਹਿਲਾਂ ਹੀ ਇਹ ਵਚਨਬੱਧਤਾ ਪ੍ਰਾਪਤ ਸੀ ਉਨ੍ਹਾਂ ਵਿਚ ਡਾ. ਓਅੰਕਾਰ ਸਿੰਘ ਸ਼ਾਮਲ ਹਨ । ਇਸ ਵਚਨਬੱਧਤਾ ਨੂੰ ਅਕਾਦਮਿਕਤਾ ਵਾਲੇ ਰਹੇ ਪਾਉਣ ਦੀ ਹੱਲਾਸ਼ੇਰੀ ਅਤੇ ਪ੍ਰੇਰਨਾ ਮੈਂ ਇਸ ਨੂੰ ਦੇਂਦਾ ਰਿਹਾ ਹਾਂ। ਮੇਰੀ ਇਹ ਕੋਸ਼ਿਸ਼ ਉਸ ਵੇਲੇ ਸਫ਼ਲ ਹੋ ਗਈ ਸੀ ਜਦੋਂ ਇਸ ਨੇ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਯਾਂ ਤੇ ਕੰਮ ਕੀਤਾ (ਇਹ ਪੁਸਤਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਾਪੀ ਗਈ) ਅਤੇ ਪੀ.ਐਚ.ਡੀ ਦੀ ਡਿਗਰੀ "ਭਾਈ ਗੁਰਦਾਸ ਜੀ ਦੇ ਕਬਿੱਤ ਸਵੱਯਾਂ ਦਾ ਧਰਮ ਸ਼ਾਸ਼ਤਰੀ ਅਧਿਐਨ" ਵਿਸ਼ੇ ਤੇ ਹਾਸਲ ਕਰ ਲਈ। ਮੇਰੀ ਕੋਸ਼ਿਸ਼ ਰਹੀ ਹੈ ਕਿ ਖੋਜ ਖੇਤਰ ਵਿਚ ਕੰਮ ਕਰਨ ਵਾਲੇ ਵਿਦਿਆਰਥੀ ਜਾਂ ਸਰੋਤ ਸਾਹਿਤ ਪੈਦਾ ਕਰਨ ਤੇ ਜਾਂ ਫਿਰ ਚਿੰਤਨ ਵਲ ਨੂੰ ਯੋਗਦਾਨ ਪਾਉਣ। ਚਿੰਤਨ ਵਲ ਨੂੰ ਯੋਗਦਾਨ ਦਾ ਮਤਲਬ ਇਹ ਹੈ ਕਿ ਧਰਮ ਬਾਰੇ ਜਿਹੜੀਆਂ ਅੰਤਰਦ੍ਰਿਸ਼ਟੀਆਂ ਪ੍ਰਾਪਤ ਹਨ ਉਨ੍ਹਾਂ ਦੇ ਹਾਣ ਦੀਆਂ ਅੰਤਰਦ੍ਰਿਸ਼ਟੀਆਂ ਸਿੱਖ ਸਾਹਿਤ ਵਿਚ ਵੀ ਪੈਦਾ ਕੀਤੀਆਂ ਜਾਣ। ਸਿੱਖ ਸਾਹਿਤ ਨੂੰ ਬਹੁਤ ਸਾਰੀਆਂ ਵੰਗਾਰਾਂ ਦੇ ਸਨਮੁੱਖ ਹੋਣਾ ਪੈ ਰਿਹਾ ਹੈ। ਲੰਬਾ ਸਮਾਂ ਅਸੀਂ ਬਿਨਾਂ ਤਿਆਰੀ ਤੋਂ ਹੀ ਸਨਮੁੱਖ ਰਹੇ ਹਾਂ। ਇਸ ਨਾਲ ਇਹ ਸਥਿਤੀ ਪੈਦਾ ਹੁੰਦੀ ਰਹੀ ਹੈ ਕਿ ਅਸੀਂ ਕਦੇ ਲਿਖਣ ਲਗਿਆਂ ਇਹ ਸੋਚਿਆ ਹੀ ਨਹੀਂ ਕਿ ਜੋ ਅਸੀਂ ਲਿਖ ਰਹੇ ਹਾਂ ਉਸ ਨੂੰ ਕਿਸੇ ਗੈਰਸਿੱਖ ਵਿਦਿਆਰਥੀ ਜਾਂ ਵਿਦਵਾਨ ਨੇ ਵੀ ਪੜ੍ਹਨਾ ਹੈ। ਇਸ ਕਰਕੇ ਅਸੀਂ ਆਪੇ ਹੀ ਲਿਖਦੇ ਰਹੇ ਅਤੇ ਆਪੇ ਹੀ ਪੜ੍ਹਦੇ ਰਹੇ। ਇਸ ਨਾਲ ਅਸੀਂ ਉਹ ਚਿੰਤਨਵਿਧੀਆਂ ਪੈਦਾ ਨਹੀਂ ਕਰ ਸਕੇ ਜਿਸ ਨੂੰ ਨਾਲ ਲੈਕੇ ਸਿੱਖ ਧਰਮ ਨੂੰ ਆਲਮੀ ਧਰਮਾਂ ਨਾਲ ਰਲ ਬੈਠਣ ਵਾਸਤੇ ਯੋਗ ਬਣਾਇਆ ਜਾ ਸਕਦਾ ਸੀ। ਇਸ ਦੇ ਬਾਵਜੂਦ ਸਾਡੇ ਕੋਲ ਵੱਡੀ ਗਿਣਤੀ ਵਿਚ ਸਿੱਖ ਸਰੋਤ ਸਾਹਿਤ ਹੈ। ਇਸ ਨੂੰ ਵਰਤ ਕੇ ਸਿੱਖ ਅਕਾਦਮਿਕਤਾ ਪੈਦਾ ਕੀਤੀ ਜਾ ਸਕਦੀ ਹੈ। ਇਸ ਪਾਸੇ ਕੁਝ ਯਤਨ ਸਿੰਘ ਸਭਾ ਲਹਿਰ ਵੇਲੇ ਹੋਏ ਵੀ ਸਨ। ਪਰ ਇਨ੍ਹਾਂ ਯਤਨਾਂ ਨੂੰ ਅੱਗੇ ਤੋਰਨ ਵਿਚ ਅਸੀਂ ਸਫ਼ਲ ਨਹੀਂ ਹੋ ਸਕੇ। ਇਸ ਦੇ ਬਾਵਜੂਦ ਜਿਹੜੇ ਯਤਨ ਹੋਏ ਹਨ, ਉਨ੍ਹਾਂ ਯਤਨਾਂ ਵਿਚ ਇਕ ਯਤਨ ਡਾ. ਓਅੰਕਾਰ ਸਿੰਘ ਕਰ ਰਹੇ ਹਨ।

ਸਰੋਤ ਸਾਹਿਤ ਦੀ ਕਿਸੇ ਤਰ੍ਹਾਂ ਦੀ ਵੀ ਅਕਾਦਮਿਕਤਾ ਵਾਸਤੇ ਵਡੀ ਲੋੜ ਹੁੰਦੀ ਹੈ। ਸਾਡੇ ਕੋਲ ਸਰੋਤ ਸਾਹਿਤ ਦੀਆਂ ਵੰਨਗੀਆਂ ਵਿਚ ਕੋਸ਼, ਪ੍ਰਯਾਯ, ਟੀਕੇ ਅਤੇ ਭਾਈ ਕਾਨ੍ਹ ਸਿੰਘ ਵਰਗਿਆਂ ਦੀਆਂ ਲਿਖਤਾਂ ਪ੍ਰਾਪਤ ਹਨ। ਇਸ ਨੂੰ ਅੱਗੇ ਤੋਰਨ ਵਾਸਤੇ ਵੱਖ ਵੱਖ ਖੇਤਰਾਂ ਵਿਚ ਕੰਮ ਹੋ ਰਹੇ ਹਨ। ਡਾ. ਓਅੰਕਾਰ ਸਿੰਘ ਨੇ ਕੋਸ਼ਕਾਰੀ ਦੇ ਖੇਤਰ ਵਿਚ ਪ੍ਰਾਪਤ ਸਿੱਖ ਕੋਸ਼ਕਾਰੀ ਨੂੰ ਨਾਲ ਲੈਕੇ ਹਥਲਾ ਪ੍ਰਾਜੈਕਟ ਸ਼ੁਰੂ ਕੀਤਾ ਹੈ। ਗੁਰੂ ਮਿਹਰ ਨਾਲ ਇਸ ਦਾ ਪਹਿਲਾ ਕਦਮ ਸੰਪੂਰਨ ਹੋ ਗਿਆ ਹੈ। ਇਸੇ ਨੂੰ ਮੈਂ ਤੁਹਾਡੇ ਸਾਰਿਆਂ ਨਾਲ ਸਾਂਝਾ ਕਰਨ ਵਾਸਤੇ ਇਹ ਸ਼ਬਦ ਲਿਖ ਰਿਹਾ ਹਾਂ। ਕੋਸ਼ਕਾਰੀ ਬਾਕੀ ਸਾਰੀਆਂ ਵਿਆਖਿਆਂ ਵਿਧਾਵਾਂ ਨੂੰ ਸਮਝਣ ਵਾਸਤੇ ਮੂਲ ਸਰੋਤ ਸਾਹਿਤ ਹੈ। ਇਸ ਪਾਸੇ ਲਗਾਤਾਰ ਯਤਨ ਹੁੰਦੇ ਰਹੇ ਹਨ। ਇਨ੍ਹਾਂ ਯਤਨਾਂ ਦਾ ਲਗਾਤਾਰ ਹੋਣਾ ਇਹ ਸਾਬਤ ਕਰਦਾ ਹੈ ਕਿ ਸਿੱਖ ਵਿਦਵਾਨ ਕੋਸ਼ਕਾਰੀ ਨੂੰ ਸਮਕਾਲੀ ਲੋੜਾਂ ਮੁਤਾਬਿਕ ਢਾਲਣ ਲਈ

ਸਦਾ ਚੇਤੰਨ ਰਹੇ ਹਨ। ਡਾ. ਓਅੰਕਾਰ ਸਿੰਘ ਨੇ ਅਮਰੀਕਾ ਰਹਿੰਦਿਆਂ ਅਮਰੀਕਨ ਵਿਦਿਆਰਥੀਆਂ ਨੂੰ ਗੁਰਬਾਣੀ ਪੜ੍ਹਾਉਣ ਦਾ ਕੰਮ ਕੀਤਾ ਹੈ। ਪੱਛਮ ਵਿਚ ਕਿਸ ਕਿਸਮ ਦੀ ਮਾਨਸਿਕਤਾ ਪੈਦਾ ਹੋ ਰਹੀ ਹੈ ਉਸ ਨਾਲ ਵੀ ਇਸ ਦਾ ਵਾਹ ਪੈਂਦਾ ਰਿਹਾ ਹੈ। ਜਿਹੜੀਆਂ ਮੁਸ਼ਕਲਾਂ ਸਾਹਮਣੇ ਆਉਂਦੀਆਂ ਰਹੀਆਂ ਉਨ੍ਹਾਂ ਦੀ ਲੋੜਮੁਖੀ ਚੇਤਨਾ ਵਿਚੋਂ ਡਾ. ਓਅੰਕਾਰ ਸਿੰਘ ਦਾ ਇਹ ਪ੍ਰਾਜੈਕਟ ਪੈਦਾ ਹੋਇਆ ਸੀ। ਪ੍ਰਾਪਤ ਟੀਕਿਆਂ ਵਿਚ ਅਰਥ ਸਮਝਣ ਵਿਚ ਤਾਂ ਸਹਾਇਤਾ ਮਿਲਦੀ ਹੈ ਪਰ ਲਏ ਜਾ ਰਹੇ ਸ਼ਬਦ ਦਾ ਉਚਾਰਣ, ਅਰਥ ਅਤੇ ਵਿਆਖਿਆ ਸੰਪੂਰਣ ਰੂਪ ਵਿਚ ਪ੍ਰਾਪਤ ਨਹੀਂ ਹੈ। ਇਸ ਪ੍ਰਾਜੈਕਟ ਵਿਚ ਡਾ. ਓਅੰਕਾਰ ਸਿੰਘ ਨੇ ਗੁਰਬਾਣੀ ਦਾ ਉਚਾਰਣ, ਗੁਰਬਾਣੀ-ਕੋਸ਼ ਅਤੇ ਸਰਲ ਵਿਆਖਿਆ ਇਕ ਨਵੀਂ ਤਕਨੀਕ ਨਾਲ ਇੱਕੋ ਜਗ੍ਹਾ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਸਾਧਾਰਨ ਤੋਂ ਸਾਧਾਰਨ ਪਾਠਕ ਵੀ ਕਿਸੇ ਉਲਝਣ ਵਿਚ ਪਏ ਬਗੈਰ ਗੁਰਬਾਣੀ ਨੂੰ ਸਹਿਜੇ ਹੀ ਸਮਝ ਸਕੇ ਅਤੇ ਉਸ ਨੂੰ ਕਿਸੇ ਹੋਰ ਕੋਸ਼ ਆਦਿਕ ਨੂੰ ਵੇਖਣ ਦੀ ਲੋੜ ਨਾ ਪਵੇ। ਇਸਨੂੰ ਸਾਧਾਰਣ ਤੋਂ ਸਾਧਾਰਣ ਸਿੱਖ (common man) ਲਈ ਵੀ ਅਤਿਅੰਤ ਲਾਭਦਾਇਕ ਕਿਹਾ ਜਾ ਸਕਦਾ ਹੈ। ਇਸ ਦੀ ਲੋੜ ਇਸ ਕਰਕੇ ਵੀ ਵਧ ਗਈ ਹੈ ਕਿਉਂਕਿ ਗੁਰਬਾਣੀ ਵਿਚ ਇੱਕੋ ਹੀ ਸ਼ਬਦ, ਵੱਖ ਵੱਖ ਸ਼ਬਦ-ਜੋੜਾਂ ਨਾਲ ਪ੍ਰਾਪਤ ਹੈ। ਜਿਵੇਂ ਕਿ ਹੁਕਮ, ਹੁਕਮਿ ਅਤੇ ਹੁਕਮੁ ਹੈ। ਬੇਸ਼ਕ ਗੁਰਬਾਣੀ ਵਿਆਕਰਣ ਨੇ ਇਹ ਸਾਹਮਣੇ ਲੈ ਆਂਦਾ ਹੈ ਕਿ ਸ਼ਬਦ ਦਾ ਆਖਰੀ ਔਂਕੜ ਅਤੇ ਸਿਹਾਰੀ ਆਮ ਤੌਰ ਤੇ ਉਤਨਾ ਉਚਾਰਣ ਦਾ ਹਿੱਸਾ ਨਹੀਂ ਹੁੰਦੇ ਜਿਤਨਾ ਅਰਥ ਨੂੰ ਸਮਝਣ ਦਾ ਹਿੱਸਾ ਹੁੰਦੇ ਹਨ। ਪਰ ਹਰ ਜਗਿਆਸੂ, ਪਾਠਕ ਜਾਂ ਵਿਦਿਆਰਥੀ ਗੁਰਬਾਣੀ ਦੀ ਇਸ ਸਿੱਖਿਆ ਨੂੰ ਧਿਆਨ ਵਿਚ ਰਖ ਕੇ ਪਾਠ ਨਹੀਂ ਕਰਦਾ। ਸੋ ਡਾ. ਓਅੰਕਾਰ ਸਿੰਘ ਦੇ ਇਸ ਯਤਨ ਨਾਲ ਸ਼ਬਦ ਨੂੰ ਪ੍ਰਸੰਗ ਵਿਚ ਸਮਝਣਾ ਸੌਖਾ ਹੋ ਜਾਏਗਾ।

ਪ੍ਰਸੰਗ ਵਿਚ ਅਰਥਾਂ ਮੁਤਾਬਿਕ ਉਚਾਰਣ ਵਾਲੇ ਪਾਸੇ ਪ੍ਰਚਾਰ ਦੇ ਖੇਤਰ ਵਿਚ ਕੰਮ ਕਰ ਰਹੇ ਵਿਅਕਤੀਆਂ ਦਾ ਬਹੁਤਾ ਧਿਆਨ ਨਹੀਂ ਹੈ। ਸਿੱਟੇ ਵਜੋਂ ਉਹ ਅਖੀਰ ਵਿਚ ਔਂਕੜ ਅਤੇ ਸਿਹਾਰੀ ਨੂੰ ਬੋਲਣ ਦੀ ਕੋਸ਼ਿਸ਼ ਕਰਦੇ ਹਨ ਜੋ ਕਿ ਅਰਥ-ਵਿਗਾੜ ਤਕ ਚਲੇ ਜਾਂਦੇ ਹਨ। ਟਿੱਪੀਆਂ ਅਤੇ ਬਿੰਦੀਆਂ ਦੀਆਂ ਧੁਨੀਆਂ ਜੋ ਗੁਰਬਾਣੀ ਵਿਚ ਆਮ ਤੌਰ ਤੇ ਨਹੀਂ ਵਰਤੀਆਂ ਗਈਆਂ ਉਨ੍ਹਾਂ ਦੀ ਪਾਠ ਵਿਚ ਮਹੱਤਤਾ ਬਾਰੇ ਵੀ ਸਿੱਖ ਭਾਈਚਾਰਾ ਲਕੀਰ ਦਾ ਫਕੀਰ ਹੋਣ ਵਾਲੇ ਪਾਸੇ ਹੀ ਤੁਰਿਆ ਹੋਇਆ ਹੈ। ਆਪਣੀ ਇਸ ਧਾਰਨਾ ਦੇ ਸਮਰਥਨ ਵਿਚ ਉਹ, "ਅਖਰ ਲਿਖੇ ਸੇਈ ਗਾਵਾ ਅਵਰ ਨਾ ਜਾਣਾ ਬਾਣੀ ॥" ਵਰਗੀਆਂ ਦਲੀਲਾਂ ਵੀ ਦਿੰਦੇ ਰਹਿੰਦੇ ਹਨ। ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਲਗਦਾ ਕਿ ਆਉਣ ਵਾਲਾ ਜ਼ਮਾਨਾ ਕੇਵਲ ਟਕਸਾਲੀ ਢੰਗ ਨਾਲ ਹੀ ਸਿਖਿਆ ਪ੍ਰਾਪਤ ਨਹੀਂ ਕਰੇਗਾ ਸਗੋਂ ਨਵੀਆਂ ਚਿੰਤਨਵਿਧੀਆਂ ਨੂੰ ਵੀ ਧਿਆਨ ਵਿਚ ਰਖਣਾ ਪਵੇਗਾ। ਇਸੇ ਕਰਕੇ ਇਸ ਦੀ ਅਕਾਦਮਿਕ ਸੁਰ ਵੀ ਸਥਾਪਿਤ ਕਰਨੀ ਪਵੇਗੀ। ਇਹ ਸੁਰ ਸਿੱਖ ਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਪੜ੍ਹ ਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿੱਖੀ ਨੂੰ ਸਮਝਣ ਦੀਆਂ ਸੰਭਾਵਨਾਵਾਂ ਜਿਵੇਂ ਜਿਵੇਂ ਘਟਦੀਆਂ ਜਾ ਰਹੀਆਂ ਹਨ ਤਿਵੇਂ ਤਿਵੇਂ ਪੜ੍ਹਕੇ ਸਮਝਣ ਦੀਆਂ ਸੰਭਾਵਨਾਵਾਂ ਨੂੰ ਅੱਗੇ ਲਿਆਉਣਾ ਪੈ ਰਿਹਾ ਹੈ। ਇਹ ਨਵੀਂ ਪੀੜ੍ਹੀ ਵਾਸਤੇ ਇਸ ਹਾਲਤ ਵਿਚ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਆਲਮੀ ਭਾਈਚਾਰਾ ਆਪਣੀਆਂ ਸਭਿਆਚਾਰਕ ਹੱਦਾਂ ਨੂੰ ਛੜੱਪ ਕੇ ਇਕ ਦੂਜੇ ਦੇ ਨੇੜੇ ਹੁੰਦਾ ਜਾ ਰਿਹਾ ਹੈ। ਸਿੱਖੀ ਨੂੰ ਸਮਝਣ ਵਾਸਤੇ ਇਸਾਈਤ ਨੂੰ ਸਮਝਣ ਦੀਆਂ ਵਿਧੀਆਂ ਪ੍ਰਬਲ ਹੁੰਦੀਆਂ ਜਾ ਰਹੀਆਂ ਹਨ। ਜੇ ਇਨ੍ਹਾਂ ਮੁਤਾਬਿਕ ਆਪਣਾ ਸਾਹਿਤ ਪੈਦਾ ਨਹੀਂ ਕਰਾਂਗੇ ਤਾਂ ਕੋਈ ਹੋਰ ਦੂਸਰਾ ਗੈਰਸਿੱਖ ਉਨ੍ਹਾਂ ਵਿਧੀਆਂ

ਦੀ ਵਰਤੋਂ ਕਰਦਾ ਹੋਇਆ ਸਾਡੀਆਂ ਮੂਲ ਭਾਵਨਾਵਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕਰਦਾ ਰਹੇਗਾ। ਅਜਿਹਾ ਹੁੰਦਾ ਵੀ ਰਿਹਾ ਹੈ ਅਤੇ ਹੋ ਵੀ ਸਕਦਾ ਹੈ। ਕਿਸੇ ਸਿੱਖ ਨੂੰ ਕੋਈ ਭੁਲੇਖਾ ਨਹੀਂ ਕਿ ਸਿੱਖ ਧਰਮ ਸੁਤੰਤਰ ਧਰਮ ਹੈ। ਪਰ ਪ੍ਰਾਪਤ ਸਾਹਿਤ ਅਤੇ ਇਤਿਹਾਸ ਵਿਚ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਨਿਰੰਤਰਤਾ ਵਿਚ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਮਿਲਗੋਭੇ ਵਿਚੋਂ ਪੈਦਾ ਹੋਣ ਦੀਆਂ ਕੀਤੀਆਂ ਹੋਈਆਂ ਗਲਾਂ ਮਿਲਦੀਆਂ ਹਨ। ਐਚ.ਮੈਕਲੋਡ ਨੇ ਸੁਹਿਰਦਤਾ ਵਿਚੋਂ ਹੀ ਬਹੁਤ ਸਾਰੀਆਂ ਗਲਤ ਗਲਾਂ ਕਰ ਦਿੱਤੀਆਂ ਹਨ। ਇਨ੍ਹਾਂ ਸਾਰਿਆਂ ਦਾ ਕਾਰਨ ਇਹ ਹੈ ਕਿ ਅਜਿਹੇ ਲੇਖਕਾਂ ਦੇ ਪਾਠਕ ਉਨ੍ਹਾਂ ਮੁਤਾਬਿਕ ਸਿੱਖ ਨਹੀਂ ਹੁੰਦੇ ਅਤੇ ਜਿਨ੍ਹਾਂ ਪਾਠਕਾਂ ਵਾਸਤੇ ਉਹ ਲਿਖਦੇ ਹਨ ਉਹ ਸਿੱਖਾਂ ਨੂੰ ਠੀਕ ਨਹੀਂ ਬੈਠਦੇ। ਇਨ੍ਹਾਂ ਸਾਰਿਆਂ ਮਸਲਿਆਂ ਤੋਂ ਬਾਹਰ ਆਉਣ ਦਾ ਇੱਕੋ ਹੀ ਤਰੀਕਾ ਹੈ ਕਿ ਅਸੀਂ ਪ੍ਰੋ-ਐਕਟਿਵ ਪਹੁੰਚ ਅਪਨਾਈਏ ਅਤੇ ਸਿੱਖ ਧਰਮ ਨੂੰ ਲੋਕਾਂ ਤਕ ਲੈਕੇ ਜਾਣ ਦੀਆਂ ਲੀਹਾਂ ਆਪ ਹੀ ਪਾਈਏ। ਡਾ. ਓਅੰਕਾਰ ਸਿੰਘ ਦਾ ਇਹ ਯਤਨ ਇਸ ਪਾਸੇ ਇਕ ਅਹਿਮ ਕਦਮ ਵੱਜੋਂ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ।

ਇਹ ਪ੍ਰਾਜੈਕਟ ਇਸ ਲਈ ਵੀ ਮਹੱਤਵਪੂਰਣ ਹੋ ਜਾਂਦਾ ਹੈ ਕਿ ਇਸ ਨਾਲ ਸਿੱਖਭਾਈਚਾਰੇ ਨੂੰ ਆਵਾਜ਼ ਮਾਰੀ ਗਈ ਹੈ। ਇਹ ਆਵਾਜ਼ ਬਾਣੀ ਵਲ ਮੋੜਨ ਦੀ ਹੈ। ਮੁੜਨ ਤੋਂ ਪਹਿਲਾਂ ਇਹ ਚੇਤਾ ਵੀ ਕਰਵਾਇਆ ਗਿਆ ਹੈ ਕਿ ਸਿੱਖ ਨੇ ਗੁਰੂ ਦੀਆਂ ਬਖਸ਼ਿਸ਼ਾਂ ਦਾ ਕਰਜ਼ ਇਸੇ ਹੀ ਜ਼ਿੰਦਗੀ ਵਿਚ ਚੁਕਾਉਣਾ ਹੈ। ਇਹ ਕੋਈ ਕਰਜ਼ਦਾਰੀ ਨਹੀਂ ਹੈ ਇਹ ਤਾਂ ਵਿਰਾਸਤੀ ਜ਼ਿੰਮੇਵਾਰੀ ਹੈ। ਵਿਰਾਸਤੀ ਜ਼ਿੰਮੇਵਾਰੀ ਨਿਭਾਉਣ ਵਾਲਿਆਂ ਤੋਂ ਇਹ ਆਸ ਕੀਤੀ ਗਈ ਹੈ ਕਿ ਉਹ ਬਾਣੀਮੂਲਕ ਕੇਂਦਰੀਅਤਾ ਵਲ ਮੁੜਨਗੇ ਅਤੇ ਗੁਰੂ ਪਾਤਸ਼ਾਹ ਦੇ ਦੀਦਾਰੇ ਬਾਣੀ ਰਾਹੀਂ ਹੀ ਕਰਨਗੇ। ਅਜਿਹਾ ਕੀਤੇ ਬਗੈਰ ਭਟਕਣਾ ਦੇ ਜੰਗਲ ਵਿਚ ਗੁਆਚ ਜਾਣ ਦਾ ਖ਼ਤਰਾ ਹੈ। ਇਸੇ ਨੂੰ ਚਿਤਾਵਾਨੀ ਕਿਹਾ ਗਿਆ ਹੈ। ਸਾਡੇ ਕੋਲ ਆਲਮੀ ਭਾਈਚਾਰਾ ਹੋ ਜਾਣ ਤੋਂ ਬਾਅਦ ਇਹ ਚੋਣ ਕਰਨੀ ਬਾਕੀ ਰਹਿ ਗਈ ਹੈ ਕਿ ਅਸੀਂ ਮਾਇਆਵੀ ਭਟਕਣਾ ਵਿਚ ਗੁਆਚਣਾ ਹੈ ਕਿ ਦੁਨੀਆਂ ਦੇ ਮਾਰਗ ਦਰਸ਼ਨ ਵਿਚ ਗੁਰੂ-ਸੁਰਤ ਅਤੇ ਗੁਰੂ-ਜੁਗਤ ਨੂੰ ਲੈਕੇ ਜਾਣਾ ਹੈ। ਮਾਇਆ ਭਟਕਣ ਬਾਰੇ ਸੱਚੇ ਪਾਤਸ਼ਾਹ ਹਜ਼ੂਰ ਨੇ ਇਸ ਤਰ੍ਹਾਂ ਸੁਚੇਤ ਕੀਤਾ ਹੋਇਆ ਹੈ:

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥

(ਅੰਕ ੧੦੧੯)

ਇਸ ਨਾਲ ਦੋ ਗੱਲਾਂ ਸਾਹਮਣੇ ਆ ਗਈਆਂ ਹਨ। ਪਹਿਲੀ ਇਹ ਕਿ ਕਿਸੇ ਕਿਸਮ ਦੀ ਵੀ ਐਕਸਟੀਮ ਦਾ ਸਿੱਖ ਧਰਮ ਵਿਚ ਸੁਆਗਤ ਨਹੀਂ ਹੈ। ਇਹ ਐਕਸਟੀਮ ਭਾਵੇਂ ਬਹੁਲਤਾ ਦੀ ਹੋਵੇ ਭਾਵੇਂ ਥੋੜ੍ਹ ਦੀ ਹੋਵੇ। ਸਿੱਖ ਧਰਮ ਮੱਧਮਾਰਗ ਸਾਹਮਣੇ ਲਿਆਉਂਦਾ ਹੈ। ਇਹ ਮੱਧਮਾਰਗ ਕਿਸੇ ਵੀ ਸਮਕਾਲ ਨੂੰ ਸਿਹਤਮੰਦ ਬਨਾਉਣ ਦਾ ਹੈ। ਗ੍ਰੰਥ ਅਤੇ ਪੰਥ ਅਜਿਹੇ ਸਥਾਪਤ ਅਤੇ ਨਰੋਏ ਕੰਢੇ ਹਨ ਜਿਨ੍ਹਾਂ ਵਿਚਕਾਰ ਸਿੱਖੀ ਲਗਾਤਾਰ ਵਹਿ ਰਹੀ ਹੈ। ਇਸ ਵਿਚੋਂ ਜਿਸ ਸਿਹਤਮੰਦ ਜੀਵਨ ਦੇ ਪ੍ਰਫੁਲਤ ਹੋਣ ਦੀਆਂ ਸੰਭਾਵਨਾਵਾਂ ਹਨ ਦੁਨੀਆਂ ਨੂੰ ਇਸ ਦੀ ਬੜੀ ਲੋੜ ਹੈ। ਸਾਨੂੰ ਸਾਰਿਆਂ ਨੂੰ ਬੰਦੇ ਦੇ ਮੁਢਲੇ ਅਧਿਕਾਰ ਵਜੋਂ ਇਸ ਨੂੰ ਦੁਨੀਆਂ ਤਕ ਲੈ ਕੇ ਜਾਣਾ ਚਾਹੀਦਾ ਹੈ। ਗੁਰਬਾਣੀ ਇਸ ਵਿਚ ਰਹਿਣ, ਇਸ ਨਾਲ ਨਿਭਣ ਅਤੇ ਇਸ ਨੂੰ ਸਰਬੱਤ ਦੇ ਭਲੇ ਵਾਸਤੇ ਵਰਤਣ ਦੀ ਜਾਚ ਸਿਖਾਉਂਦੀ ਹੈ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥

(ਅੰਕ ੮੫੩)

ਮੈਨੂੰ ਵਿਸ਼ਵਾਸ਼ ਹੈ ਕਿ ਡਾ. ਓਅੰਕਾਰ ਸਿੰਘ ਦੇ ਯਤਨ ਨੂੰ ਸਿੱਖ ਧਰਮ ਬਾਰੇ ਜਾਨਣ ਵਾਲਿਆਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। ਇਸੇ ਕਰਕੇ ਮੈਂ ਲੇਖਕ ਨੂੰ ਉਸ ਦੇ ਇਸ ਯਤਨ ਵਾਸਤੇ ਵਧਾਈ ਦਿੰਦਾ ਹਾਂ। ਮੇਰੀਆਂ ਅਸੀਸਾਂ ਲੇਖਕ ਦੇ ਨਾਲ ਹਨ ਅਤੇ ਹਰ ਸਿੱਖ ਨੂੰ ਇਸ ਵਾਸਤੇ ਇਨ੍ਹਾਂ ਨੂੰ ਅਸੀਸ ਦੇਣ ਵਾਸਤੇ ਅੱਗੇ ਆਉਣਾ ਚਾਹੀਦਾ ਹੈ।

ਬਲਕਾਰ ਸਿੰਘ (ਡਾ.)
ਸਾਬਕਾ ਮੁੱਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ।
ਪੰਜਾਬੀ ਯੂਨੀਵਰਸਿਟੀ, ਪਟਿਆਲਾ,

ਭੂਮਿਕਾ

ਧਰਮ ਦਾ ਮਨੁੱਖੀ ਸਮਾਜ ਵਿਚ ਅਤਿਅੰਤ ਮਹੱਤਵ ਪੂਰਨ ਸਥਾਨ ਹੈ। ਧਰਮ ਦਰਅਸਲ ਪ੍ਰਕ੍ਰਿਤੀ ਦੇ ਅਗੰਮੀ ਭੇਦਾਂ ਦੀਆਂ ਪਰਤਾਂ ਖੋਲ੍ਹਦਾ ਹੈ। ਪ੍ਰਕ੍ਰਿਤੀ ਤੋਂ ਪਾਰਗਾਮੀ ਪਰਤਾਂ ਦੇ ਦੀਦਾਰ ਵੀ ਕਰਵਾਉਂਦਾ ਹੈ। ਮਨੁੱਖ ਪ੍ਰਕ੍ਰਿਤੀ ਦਾ ਸਿਕਦਾਰ ਹੈ ਅਤੇ ਧਰਮ ਦਾ ਕੇਂਦਰੀ ਸਰੋਕਾਰ ਵੀ ਹੈ। ਧਰਮ ਦਾ ਉਦੇਸ਼ ਉੱਤਮ ਮਾਨਸ ਦੇਹੀ ਦੀ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੈ।

ਧਰਮ ਦਾ ਦੂਸਰਾ ਪੱਖ ਨੈਤਿਕ ਅਤੇ ਸਦਾਚਾਰਕ ਕਦਰਾਂ ਕੀਮਤਾਂ ਤੇ ਆਧਾਰਿਤ ਸਿਹਤਮੰਦ ਸਮਾਜ ਦੀ ਸਿਰਜਣਾ ਹੈ। ਭਾਵ ਕਿ ਧਰਮ ਨੇ ਸਿਰਫ਼ ਮਨੁੱਖ ਦੇ ਅਧਿਆਤਮਕ ਸਰੋਕਾਰਾਂ ਨੂੰ ਹੀ ਜ਼ਿੰਦਗੀ ਵਿਚ ਨਹੀਂ ਪ੍ਰਕਾਸ਼ਣਾ ਹੁੰਦਾ ਸਗੋਂ ਬੇਹਤਰੀਨ ਸਮਾਜਿਕ ਜ਼ਿੰਦਗੀ ਲਈ ਕਦਰਾਂ ਕੀਮਤਾਂ ਦੀ ਸਿਰਜਣਾਂ ਵੀ ਕਰਨੀ ਹੁੰਦੀ ਹੈ। ਗੁਰਮਤਿ ਜੁਗਤ ਵਿਚ ਗੁਰੂ ਸਾਹਿਬ ਨੇ ਇਸ ਵਲ ਬਹੁਤ ਖ਼ੂਬਸੂਰਤੀ ਨਾਲ ਸੰਕੇਤ ਕੀਤਾ ਹੈ, "ਇਹ ਲੋਕ ਸੁਖੀਏ ਪਰਲੋਕ ਸੁਹੇਲੇ॥" ਇਸ ਜੁਗਤ ਵਿਚ ਦੋਨਾਂ ਪੱਖਾਂ ਨੂੰ ਉਜਾਗਰ ਕੀਤਾ ਹੈ। ਪਰਲੋਕ ਸੁਹੇਲੇ ਲਈ, ਹਰਿ ਕੋ ਨਾਮ ਜਪ.....ਵਲ ਸੰਕੇਤ ਹੈ ਅਤੇ ਇਹ ਲੋਕ ਲਈ, ਨਿਰਮਲ ਕਰਮ ਕਰਨ ਦਾ ਵਿਧਾਨ ਦਰਸਾਇਆ ਹੈ। ਇਨ੍ਹਾਂ ਦੋਹਾਂ ਖ਼ੇਤਰਾਂ ਦੀ ਪਰਪੱਕਤਾ ਵਿਚੋਂ ਸੰਪੂਰਨ ਮਨੁੱਖ ਦੇ ਵਜੂਦ ਦੀ ਸਿਰਜਣਾ ਸਾਹਮਣੇ ਆਉਂਦੀ ਹੈ। ਇਹ ਸੰਪੂਰਨਤਾ ਹੀ ਮਾਨਵ-ਜੀਵਨ ਦਾ ਉਦੇਸ਼ ਹੈ ਅਤੇ ਧਰਮ ਇਸ ਦਾ ਪਰਮ ਸ੍ਰੇਸ਼ਟ ਸਾਧਨ ਹੈ।

ਮਨੁੱਖੀ ਸਮਾਜ ਦੇ ਦੂਸ਼ਿਤ ਹੋਣ ਨਾਲ ਸਮੇਂ ਦੇ ਗਰਭ ਵਿਚੋਂ ਪਰਮ ਪੁਰਖ ਦੇ ਦਾਸ ਪ੍ਰਕਾਸ਼ਮਾਨ ਹੁੰਦੇ ਹਨ। ਉਹ ਪਰਮ-ਸ਼ਕਤੀ ਨਾਲ ਸਿੱਧਿਆਂ ਜੁੜਨ ਕਰਕੇ ਮਨੁੱਖੀ ਅਗਵਾਈ ਲਈ ਆਪਣੇ ਅਨੁਭਵ ਅਤੇ ਵਿਸ਼ਵਾਸ਼ਾਂ ਦੀ ਸਥਾਪਤੀ ਕਰਦੇ ਹਨ। ਇਸ ਨਾਲ ਸੁਤੰਤਰ ਧਰਮ ਹੋਂਦ ਵਿਚ ਆਉਂਦਾ ਹੈ। ਇਨ੍ਹਾਂ ਅਨੁਭਵਾਂ ਨੂੰ ਧਰਮ ਸਥਾਪਨਾ ਦੇ ਮੋਢੀ, ਧਰਮ ਗ੍ਰੰਥ ਦੇ ਰੂਪ ਵਿਚ ਮਨੁੱਖੀ ਸਮਾਜ ਦੇ ਸਾਹਮਣੇ ਪ੍ਰਸਤੁਤ ਕਰਦੇ ਹਨ। ਇਨ੍ਹਾਂ ਵਿਚ ਪਰਮਾਤਮ ਮਿਲਾਪ ਅਤੇ ਜੀਵਨ ਜਾਚ ਦੇ ਸਾਧਨ ਦਰਸਾਏ ਹੁੰਦੇ ਹਨ। ਵੇਦ, ਉਪਨਿਸ਼ਦ, ਗੀਤਾ, ਧਮ ਪਦ, ਕੁਰਾਨ, ਅੰਜੀਲ, ਬਾਈਬਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਇਹ ਸੱਤ ਪੁਰਸ਼ਾਂ ਦੇ ਪਰਮ-ਸੱਤ ਨਾਲ ਅਭੇਦਤਾ ਵਿਚੋਂ ਨਿਕਲੇ ਬੋਲ ਹਨ। ਸਿੱਖ ਧਰਮ ਵਿਚ ਇਨ੍ਹਾਂ ਪਾਵਨ ਪਵ੍ਰਿੱਤਰ ਬੋਲਾਂ ਨੂੰ ਧੁਰ ਕੀ ਬਾਣੀ ਦੀ ਸੰਗਿਆ ਦਿੱਤੀ ਗਈ ਹੈ। ਇਹ ਸਭ ਮਨੁੱਖੀ ਸਮਾਜ ਦੀ ਅਗਵਾਈ ਲਈ, ਜਾਗਤ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸੁਸ਼ੋਭਿਤ ਹਨ।

ਹਰ ਸੁਤੰਤਰ ਧਰਮ ਦੀ ਆਪਣੀ ਧਰਮ ਪੁਸਤਕ, ਆਪਣਾ ਧਰਮ ਅਸਥਾਨ, ਆਪਣੀ ਰਹਿਤ ਮਰਿਯਾਦਾ ਅਤੇ ਆਪਣੀ ਨਿਵੇਕਲੀ ਮਨੁੱਖੀ ਪਹਿਚਾਣ ਹੁੰਦੀ ਹੈ। ਬਾਕੀ ਸੁਤੰਤਰ ਧਰਮਾਂ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਿੱਖ ਧਰਮ ਦਾ ਪਾਵਨ ਪਵਿੱਤਰ ਧਰਮ ਗ੍ਰੰਥ ਹੈ, ਜਿਸ ਵਿਚ ਧਰਮ ਦੇ ਸਰੂਪ ਨੂੰ ਨਿਰਧਾਰਿਤ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖ ਧਰਮ ਚਿੰਤਨ ਵਿਚ ਗੁਰੂ ਦੀ ਪਦਵੀ ਪ੍ਰਾਪਤ ਹੋਣ ਕਰਕੇ ਜਾਗਤਿ ਜੋਤਿ ਜ਼ਾਹਰਾ ਜ਼ਹੂਰ ਦਾ ਸਥਾਨ ਹਾਸਲ ਹੈ, ਜੋ ਬਾਕੀ ਦੇ ਸਾਰੇ ਧਰਮ ਦੇ ਗ੍ਰੰਥਾਂ ਨਾਲੋਂ ਇਸ ਨੂੰ ਵੱਖਰਿਆਉਂਦਾ

ਅਤੇ ਵਿਸ਼ੇਸ਼ ਦਰਜਾ ਪਰਦਾਨ ਕਰਦਾ ਹੈ। ਸਿੱਖ ਧਰਮ ਦੇ ਨਿਰਮਲ ਪੰਥ ਦੀ ਅਗਵਾਈ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਚਮ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਆਪਣੇ ਹੱਥੀਂ, ਪਹਿਲੇ ਗੁਰੂ ਸਾਹਿਬਾਨ ਦੀ ਪ੍ਰਾਪਤ ਬਾਣੀ ਅਤੇ ਭਗਤਾਂ ਦੀ ਬਾਣੀ ਇਕੱਤਰ ਕਰਕੇ ਸੰਮਤ ੧੬੬੧ (ਸੰਨ ੧੬੦੪) ਵਿਚ ਸੰਪੂਰਨ ਕੀਤੀ ਸੀ। ਭਾਈ ਗੁਰਦਾਸ ਜੀ ਦੀ ਆਪਣੀ ਗਵਾਹੀ ਅਨੁਸਾਰ ਜੋ ਉਨ੍ਹਾਂ ਨੇ ਤਤਕਰੇ ਉਪਰ ਦਰਜ ਕੀਤਾ ਹੈ, ਲਿਖਿਆ ਹੈ ਕਿ "ਸੰਮਤ ੧੬੬੧ ਮਿਤੀ ਭਾਦੋਂ ਵਦੀ ਏਕਮ ਪੋਥੀ ਲਿਖਿ ਪਹੁੰਚੇ....।" ਅਰਥਾਤ ਭਾਦੋਂ ਵਦੀ ਏਕਮ ੧੬੬੧ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਬਾਣੀ ਨੂੰ ਲਿਖਣ ਦਾ ਕਾਰਜ ਸ਼੍ਰੋਮਣੀ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿਚ ਸੰਪੂਰਨ ਕੀਤਾ। ਆਪਣੀ ਹਾਜ਼ਰੀ ਵਿਚ ਹੀ ਸਾਹਿਬ ਸਤਿਗੁਰੂ ਅਰਜਨ ਦੇਵ ਜੀ ਨੇ ਇਸ ਪੋਥੀ ਸਾਹਿਬ ਨੂੰ ਸਿੱਖ ਪੰਥ ਦੇ ਸ਼੍ਰੋਮਣੀ ਧਰਮ ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਭਾਦੋਂ ਸੁਦੀ ੧ ਸੰਮਤ ੧੬੬੧ (ਸੰਨ ੧੬੦੪) ਨੂੰ ਪ੍ਰਕਾਸ਼ਮਾਨ ਕਰ ਦਿੱਤਾ ਸੀ ਅਤੇ ਇਸ ਨੂੰ ਗੁਰੂ ਰੂਪ ਵਿਚ ਸਤਿਕਾਰਨ ਲਈ ਸੰਗਤਾਂ ਨੂੰ ਹੁਕਮ ਕਰ ਦਿੱਤਾ ਸੀ। ਬਾਬਾ ਬੁੱਢਾ ਜੀ ਨੂੰ ਇਸ ਗ੍ਰੰਥ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਖਸ਼ਿਆ।

ਕੇਸਰ ਸਿੰਘ ਛਿੱਬਰ ਨੇ ਆਪਣੇ ਗ੍ਰੰਥ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਕਾਰਣ ਬਾਰੇ ਲਿਖਿਆ ਹੈ ਕਿ ਗੁਰੂ ਘਰ ਤੋਂ ਕੱਢੇ ਗਏ ਰਬਾਬੀਆਂ ਨੇ ਗੁਰੂ ਰਾਮਦਾਸ ਸਾਹਿਬ ਜੀ ਦੇ ਬੇਟੇ ਪ੍ਰਿਥੀ ਚੰਦ ਅਤੇ ਉਸਦੇ ਪੁੱਤਰ ਮਿਹਰਬਾਨ ਨਾਲ ਰਲਕੇ ਉਨ੍ਹਾਂ ਵਲੋਂ ਆਪਣੀ ਪੂਜਾ ਮਾਨਤਾ ਅਤੇ ਧਨ ਕਮਾਉਣ ਦੇ ਉਦੇਸ਼ ਨਾਲ ਆਪਣੀ ਬਾਣੀ ਦਾ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਸਿੱਖ ਸੰਗਤਾਂ ਵਿਚ ਗੁਰਬਾਣੀ ਸੰਬੰਧੀ ਭਰਮ ਭੁਲੇਖੇ ਪੈਣੇ ਸ਼ੁਰੂ ਹੋ ਗਏ। ਧੰਨ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨਾਲ ਸਲਾਹ ਮਸ਼ਵਰਾ ਕਰਕੇ ਗੁਰਬਾਣੀ ਨੂੰ ਰਲੇਵੇਂ ਤੋਂ ਬਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਆਰੰਭ ਕੀਤਾ:

ਇਥੇ ਸਬਦ ਕੀਰਤਨੁ ਕਰਨ ਸਿੱਖ। ਡੂਮ ਰਬਾਬੀ ਅਤੇ ਕਢੇ ਹੋਏ ਉਨਾਂ ਲਏ ਰਖ।
ਇਥੇ ਕਿਸੇ ਸਿਖ ਸਬਦ ਮਿਹਰਬਾਨ ਦਾ ਕੀਰਤਨ ਵਿਚਿ ਪੜਿਆ।
ਸੋ ਸਰਵਣੀ ਗੁਰੂ ਅਰਜਨ ਜੀ ਦੀ ਪਰਿਆ।੯੨।
ਬਚਨਾ ਕੀਤਾ ਭਾਈ ਗੁਰਦਾਸ ਗੁਰੂ ਦੀ ਬਾਣੀ ਜੁਦਾ ਕਰੀਏ।
ਮੀਣੇ ਪਾਂਦੇ ਨੀ ਰਲਾ ਸੇ ਵਿਚਿ ਰਲਾ ਨ ਧਰੀਏ।
ਸੋ ਸਾਹਿਬ ਬਾਣੀ ਉਚਾਰੁ ਅਗੇ ਹੀ ਕਰਤ ਸੇ ਭਏ।
ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ। (ਚਰਣ ੫/੯੩)

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਬਾਰੇ ਕੇਸਰ ਸਿੰਘ ਛਿੱਬਰ ਇਉਂ ਲਿਖਦਾ ਹੈ:

ਦਸਵਾਂ ਪਾਤਸ਼ਾਹ ਗਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ।
ਅਜੁ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ, ਸੋਈ ਗਇਆ ਜੋ ਗ੍ਰੰਥੋ ਗਇਆ।
(ਚਰਣ ੧੪/੨੬੪)

ਇਸ "ਖਸਮ ਕੀ ਬਾਣੀ" ਦੇ ਗ੍ਰੰਥ ਨੂੰ ਗੁਰੂ ਸਾਹਿਬ ਨੇ ਆਪਣੇ ਵੇਲੇ ਹੀ ਸ਼ਬਦ ਗੁਰੂ ਵਾਲਾ ਦਰਜਾ ਪਰਦਾਨ ਕਰ ਦਿੱਤਾ ਸੀ, ਜਿਸ ਦਾ ਪ੍ਰਤੀਕ ਅੱਜ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁੱਖਆਸਣ ਅਸਥਾਨ ਤੇ ਫਰਸ਼ ਤੇ ਬਿਛਾਈ ਜਾਂਦੀ ਚਾਦਰ ਹੈ। ਜਿਸ ਬਾਰੇ ਪਰੰਪਰਾ ਹੈ ਕਿ ਗੁਰੂ ਅਰਜਨ ਪਾਤਸ਼ਾਹ "ਪੋਥੀ ਸਾਹਿਬ" ਦਾ ਪਲੰਘ ਤੇ ਸੁਖ਼ਆਸਣ ਕਰਕੇ ਆਪ ਭੋਇੰ ਤੇ ਨੀਵੇਂ ਥਾਂ ਬਿਰਾਜਮਾਨ ਹੁੰਦੇ ਸਨ। ਬਾਣੀ ਵਿਚ "ਪੋਥੀ ਸਾਹਿਬ" ਨੂੰ ਪਰਮੇਸ਼ਰ ਨਾਲ ਤੁਲਨਾ ਦਿੱਤੀ ਗਈ ਹੈ। "ਪੋਥੀ ਪਰਮੇਸਰ ਕਾ ਥਾਨੁ॥"

ਦਸਵੇਂ ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਵੀ ਤਬਦੀਲੀ ਕੇਵਲ ਬਾਹਰਲੇ ਰੂਪ ਵਿਚ ਹੀ ਵਰਤੀ। ਜੋਤਿ ਤੇ ਜੁਗਤਿ ਓਵੇਂ ਹੀ ਚਲਦੀ ਰਹੀ ਤੇ ਹੁਣ ਤਕ ਨਿਰੰਤਰ ਚਲਦੀ ਆ ਰਹੀ ਹੈ। ਇਸ ਪ੍ਰਥਾਇ ਮਹਿਮਾ ਪ੍ਰਕਾਸ਼ ਦੇ ਕਰਤਾ ਦੀ ਇਹ ਟਿਪਣੀ ਵਾਚਣਯੋਗ ਹੈ, ਜੋ ਦਸਮ ਪਿਤਾ ਦੇ ਜੋਤੀ ਜੋਤਿ ਸਮਾਉਣ ਸਮੇਂ ਸੰਗਤਾਂ ਵਲੋਂ ਕੀਤੇ ਪ੍ਰਸ਼ਨ ਦੇ ਉੱਤਰ ਵਿਚ ਸਤਿਗੁਰਾਂ ਦੇ ਬਚਨਾਂ ਦਾ ਸਾਰ ਹੈ,

"ਤਬ ਸਿੱਖਾਂ ਨੇ ਪੂਛਾ, ਅਬ ਦਰਸ਼ਨ ਕਹਾਂ ਕਰਹਿਂ? ਸਤਿਗੁਰ ਦੀਨ ਦਇਆਲ ਬਚਨ ਕੀਆ ਜੋ ਦਸ ਸਰੂਪ ਹਮਾਰੇ ਪੂਰਨ ਭਏ ਹੈਂ। ਅਬ ਮੇਰੀ ਜਾਹਗਾ ਗੁਰੂ ਗਿਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ, ਆਦਿ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤ ਹੋਵੇਗੀ।"

(ਬਾਵਾ ਸਰੂਪ ਦਾਸ ਜੀ ਭੱਲਾ, ਮਹਿਮਾ ਪ੍ਰਕਾਸ਼, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, ੧੯੭੧, ਪੰਨਾ ੮੯੨)

ਅਦਿ ਗ੍ਰੰਥ ਨੂੰ ਗੁਰਿਆਈ ਦਸਵੇਂ ਸਤਿਗੁਰੂ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਨਾਂਦੇੜ ਵਿਖੇ ਦਿੱਤੀ। ਭੱਟ ਵਹੀ, ਤਲੰਡਾ ਪਰਗਨਾ ਜੀਂਦ ਆਪਣੀ ਵਹੀ ਵਿਚ ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਕਾ ਪੋਤਾ ਗੁਰੂ ਹਰਿਗੋਬਿੰਦ ਜੀ ਦਾ ਪਰਪੋਤਾ ਗੁਰੂ ਅਰਜਨ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਸੂਰਜਬੰਸੀ ਗੋਸਲ ਗੋਤਰਾ ਸੋਢੀ ਖਤ੍ਰੀ ਬਾਸੀ ਅਨੰਦਪੁਰ ਪਰਗਨਾ ਕਾਹਲੂਰ ਮੁਕਾਮ ਨਾਂਦੇੜ ਤਟ ਗੋਦਾਵਰੀ ਦੇਸ ਦਖਨ ਸੰਮਤ ਸੱਤਰਾਂ ਸੈ ਪੈਂਸਠ ਕਾਰਤਿਕ ਮਾਸ ਕੀ ਚੌਥ-ਸ਼ੁਕਲਾ ਪਖੇ ਬੁਧਵਾਰ (੬ ਅਕਤੂਬਰ ੧੭੦੮ ਈ.) ਦੇ ਦਿਹੁੰ ਭਾਈ ਦਯਾ ਸਿੰਘ ਸੇ ਬਚਨ ਹੋਇਆ ਸ੍ਰੀ ਗ੍ਰੰਥ ਸਾਹਿਬ ਲੈ ਆਓ। ਬਚਨ ਪਾਏ ਦਯਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਏ ਗੁਰੂ ਜੀ ਨੇ ਪੰਚ ਪੈਸੇ ਨਾਰੀਅਲ ਅਗੇ ਭੇਟਾ ਰਖਾ ਮਥਾ ਟੇਕਾ ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਹ ਸ੍ਰੀ ਗ੍ਰੰਥ ਜੀ ਕੋ ਜਾਨਨਾ ਜੋ ਸਿਖ ਮਾਨੇਗਾ ਤਿਸ ਕੀ ਘਾਲ ਥਾਏਂ ਪਏਗੀ। ਗੁਰੂ ਤਿਸ ਕੀ ਬਹੁੜੀ ਕਰੇਗਾ ਸਤ ਕਰ ਮਾਨਨਾ।"

ਇਸ ਤੱਥ ਦੀ ਖੋਜ ਕਰਨ ਵਾਲੇ ਗਿਆਨੀ ਗਰਜਾ ਸਿੰਘ ਅਨੁਸਾਰ –ਭੱਟ ਵਹੀ ਤਲੰਡਾ ਪਰਗਨਾ ਦਾ ਲੇਖਕ ਨਰਬੁਤ ਸਿੰਘ ਪੁੱਤਰ ਕੇਸੋ ਸਿੰਘ (ਜੋ ਭਾਈ ਭੀਖੇ ਦੀ ਬੰਸਾਵਲੀ ਵਿਚੋਂ ਸੀ) ਭੱਟ ਗੁਰਿਆਈ ਦੀ ਰਸਮ ਵੇਲੇ ਗੁਰੂ ਗੋਬਿੰਦ ਸਿੰਘ ਜੀ ਪਾਸ ਨਾਂਦੇੜ ਵਿਚ ਮੌਜੂਦ ਸੀ। ਗਿਆਨੀ ਗਰਜਾ ਸਿੰਘ ਜੀ ਦੀ ਇਹ ਖ਼ੋਜ ਸਿੱਖ ਪੰਥ ਲਈ ਬਹੁਤ ਅਮੋਲਕ ਹੈ।

ਰਹਿਤਨਾਮਾ ਭਾਈ ਨੰਦ ਲਾਲ ਜੀ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਦੇਸ਼ ਬਾਰੇ ਇਉਂ ਲਿਖਿਆ ਹੈ:

ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੋ ਕਰ ਮਾਨਹੁ...
ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮੇਂ ਭੇਦ ਨ ਰੰਚਕ ਮਾਨ।"

ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ ਵਿਚ ਅੰਕਿਤ ਹੈ:

ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ॥

ਦਸਵੇਂ ਸਤਿਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦੀ ਇਕ ਚਿੱਠੀ ਜੋ ਬਠਿੰਡਾ ਜ਼ਿਲ੍ਹੇ ਦੇ ਭਾਈ ਰੂਪਾ ਪਿੰਡ ਦੇ ਭਾਈ ਚੇਤ ਸਿੰਘ ਜੀ ਕੋਲ ਹੈ। ਇਹ ਪੱਤਰ ਉਨ੍ਹਾਂ ਦੇ ਪੂਰਵਜਾਂ ਨੂੰ ਲਿਖਿਆ ਗਿਆ ਸੀ। ਇਸ ਦਾ ਕੁਝ ਹਿੱਸਾ ਇਸ ਤਰ੍ਹਾਂ ਹੈ:

....ਖਾਲਸਾ ਸ੍ਰੀ ਵਾਹਿਗੁਰੂ ਜੀ ਕਾ ਸੁਚੇਤ ਬਿਬੇਕ ਬੁਧ ਚਾਹੀਏ ਜੋ ਸਿਵਾਏ ਅਕਾਲ ਪੁਰਖ ਦੂਜੇ ਨੋ ਜਾਨੈ ਨਾਹੀਂ। ਦਸਮ ਪਾਤਸਾਹੀਆਂ ਤਕ ਜਾਮੈ ਪੈਧੇ। ਯਾਰਵੀਂ ਬਾਰਵੀਂ ਬੰਦਾ ਚੌਬੰਦਾ ਅਜੀਤਾ ਵਗੈਰਾ ਤੇ ਇਤਕਾਦ ਲੈ ਆਵਨਾ ਹੱਤਿਆ ਹੈ। ਹੋਰ ਹਤਿਆ ਗੁਰੂ ਜਪਣ ਨਾਲ ਦੂਰ ਹੋਸਣ ਪਰ ਇਹ ਹਤਿਆ ਗੁਨਾਹ ਬਖਸੀਐਗਾ ਨਹੀਂ ਜੋ ਮਨੁਖ ਕੇ ਜਾਮੇ ਉਪਰ ਏਤਕਾਦ ਕਰੇਂਗੇ।...ਖ਼ਾਲਸਾ ਜੀ ਤੁਸਾਂ ਸਿਵਾਏ ਅਕਾਲ ਦੂਜੈ ਨੋ ਮੰਨਣਾ ਨਾਹੀ। ਸਬਦ ਦਸਵੀਂ ਪਾਤਸਾਹੀ ਤਕ ਖੋਜਣਾ। "ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ" ਗੁਰੂ ਕਾ ਨਿਵਾਸ ਸਬਦ ਵਿਚ ਹੈ। "ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ।" "ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ।" ਵਾਹਿਗੁਰੂ ਜੀ ਕੀ ਫਤਹ।...

ਭਾਈ ਕੁਇਰ ਸਿੰਘ ਲਿਖਤ (੧੭੫੧) ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਅੰਕਿਤ ਹੈ:

"ਵਿਅਕਤੀ ਗੁਰੂ ਨੂੰ ਗੱਦੀ (ਤਿਲਕ) ਦੇਣ ਦਾ ਸਮਾਂ ਹੁਣ ਨਹੀਂ ਰਹਿ ਗਿਆ ਹੈ, ਮੈਂ ਕਿਸੇ ਦੇ ਮੱਥੇ ਤੇ ਟਿੱਕਾ ਨਹੀਂ ਲਾਵਾਂਗਾ। ਸਾਰੀ ਸੰਗਤ ਹੁਣ ਖ਼ਾਲਸਾ ਹੋ ਚੁੱਕੀ ਹੈ, ਇਹ ਹੁਣ ਸਿੱਧੀ ਪਰਮਾਤਮਾ ਦੀ ਸ਼ਰਨ ਵਿਚ ਹੈ ਅਤੇ ਸ਼ਬਦ ਵਿਚ ਲੀਨ ਹੋ ਚੁੱਕੀ ਹੈ। ਜਿਹੜਾ ਇਹ ਵਿਸ਼ਵਾਸ਼ ਕਰਦਾ ਹੈ ਉਹ ਸ੍ਰੇਸ਼ਠ ਸਿੱਖ ਹੈ।....ਉਸ ਨੂੰ ਗੁਰੂ ਗ੍ਰੰਥ ਉਤੇ ਹੀ ਭਰੋਸਾ ਕਰਨਾ ਚਾਹੀਦਾ ਹੈ ਅਤੇ ਆਪਦੀ ਅਰਾਧਨਾ ਦੀ ਸੇਧ ਕਿਸੇ ਹੋਰ ਪਾਸੇ ਨਹੀਂ ਲਾਉਣੀ ਚਾਹੀਦੀ। ਗੁਰੂ ਉਸ ਦੇ ਸਾਰੇ ਮਨੋਰਥ ਪੂਰੇ ਕਰੇਗਾ, ਸਾਰੀ ਦੁਬਿਧਾ ਨੂੰ ਤਿਆਗ ਕੇ ਉਸ ਨੂੰ ਇਹ ਵਿਸ਼ਵਾਸ਼ ਕਰਨਾ ਚਾਹੀਦਾ ਹੈ।

ਸਿੱਖ ਧਰਮ ਵਿਸ਼ਵ ਕੋਸ਼ ਦੇ ਪੰਨਾ ੩੬੫ ਉਤੇ ਇਕ ਇੰਦਰਾਜ ਵਾਚਣ ਯੋਗ ਹੈ:

"ਦੇਵ ਰਾਜ ਸ਼ਰਮਾ ਦਾ ਸੰਸਕ੍ਰਿਤ ਵਿਚ ਲਿਖਿਆ ਹੋਇਆ ਪ੍ਰਾਚੀਨ ਖਰੜਾ ਨਾਨਕ ਚੰਦ ਰੋਦਯ ਮਹਾਂ ਕਾਵਿਯਮ ਇਕ ਅਜਿਹਾ ਹੋਰ ਪ੍ਰਮਾਣਿਕ ਸਬੂਤ ਹੈ ਜਿਸ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਇਸ ਮਹਾਂਕਾਵਿ

ਨੂੰ ਥੋੜ੍ਹਾ ਸਮਾਂ ਪਹਿਲਾਂ ਹੀ ਸੰਸਕ੍ਰਿਤ ਯੂਨੀਵਰਸਿਟੀ, ਵਾਰਾਨਸੀ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਐਲਾਨ ਦਰਜ ਹੈ ਕਿ ਉਨ੍ਹਾਂ ਤੋਂ ਬਾਅਦ ਗ੍ਰੰਥ ਹੀ ਗਰੂ ਹੋਵੇਗਾ। "ਗੁਰੂ ਜੀ ਦੇ ਅੰਤਿਮ ਸਮੇਂ ਨੰਦ ਲਾਲ ਅੱਗੇ ਆਏ ਅਤੇ ਉਨ੍ਹਾਂ ਨੇ ਇਹ ਸਵਾਲ ਪੁੱਛਿਆ: ਸਾਡੇ ਪ੍ਰਵਚਨ ਕਿਸ ਪ੍ਰਤੀ ਹੋਣਗੇ। ਗੁਰੂ ਜੀ ਨੇ ਉੱਤਰ ਦਿੱਤਾ, "ਗ੍ਰੰਥ ਜਿਹੜਾ ਕਿ ਗੁਰੂ ਦਾ ਹੀ ਸਿਧਾਂਤ ਹੈ ਤੁਹਾਡਾ ਮਾਰਗ ਦਰਸ਼ਕ ਹੋਵੇਗਾ। ਤੁਹਾਨੂੰ ਇਸਦੇ ਹੀ ਦਰਸ਼ਨ ਕਰਨੇ ਚਾਹੀਦੇ ਹਨ, ਤੁਹਾਨੂੰ ਇਸੇ ਦਾ ਹੀ ਸਤਿਕਾਰ ਕਰਨਾ ਚਾਹੀਦਾ ਹੈ, ਇਹੋ ਹੀ ਹੈ ਜਿਸ ਪ੍ਰਤੀ ਤੁਹਾਡੇ ਪ੍ਰਵਚਨ ਹੋਣੇ ਚਾਹੀਦੇ ਹਨ।"

ਇਨ੍ਹਾਂ ਪ੍ਰਮਾਣਾਂ ਤੋਂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦੀ ਪੁਸ਼ਟੀ ਹੋ ਜਾਂਦੀ ਹੈ। ਸਾਰਾ ਸਿੱਖ ਜਗਤ ਦੋਨੋਂ ਵੇਲੇ ਅਰਦਾਸ ਵਿਚ "ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ! ਕਹਿਕੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਰ ਸਤਿਕਾਰ ਕਰਦਾ ਹੈ। ਸਿੱਖ ਸੰਗਤ ਦੇ ਹਰ ਇਕੱਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਉਸੇ ਅੱਗੇ ਮੱਥਾ ਟੇਕਿਆ ਜਾਂਦਾ ਹੈ। ਉਸ ਅੱਗੇ ਨਤਮਸਤਕ ਹੋਕੇ ਆਪਣੇ ਹਰ ਕਾਰਜ ਦੀ ਪੂਰਤੀ ਲਈ ਅਰਦਾਸਾਂ ਬੇਨਤੀਆਂ ਕੀਤੀਆਂ ਜਾਂਦੀਆਂ ਹਨ। ਸੋ ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਰ ਸਿੱਖ ਦਸਾਂ ਗੁਰੂਆਂ ਦੀ ਜਾਗਤ ਜੋਤ ਸਮਝਕੇ ਆਦਰ ਸਤਿਕਾਰ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਣ ਨਾਲ ਖਾਲਸਾ ਪੰਥ ਵਿਚ ਇਕ ਨਵੇਂ ਅਧਿਆਇ ਦਾ ਆਰੰਭ ਹੋ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਗ੍ਰੰਥ ਦੀ ਤਾਬਿਆ ਖਾਲਸਾ ਪੰਥ ਨੂੰ ਵੀ ਸਰੀਰਕ ਗੁਰਿਆਈ ਬਖਸ਼ ਦਿੱਤੀ। ਇਸ ਸੰਬੰਧੀ ਕਵੀ ਸੈਨਾਪਤ ਸ੍ਰੀ ਗੁਰੂ ਸੋਭਾ ਗ੍ਰੰਥ ਵਿਚ ਲਿਖਦਾ ਹੈ ਕਿ,

"ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖ ਇਕੱਠੇ ਹੋਕੇ ਸਤਿਗੁਰੂ ਪਾਸੋਂ ਪੁੱਛਣ ਲੱਗੇ: ਸੁਆਮੀ ਹੁਣ ਕਿਹੜਾ ਸਰੀਰ ਧਾਰਨ ਕਰੋਗੇ? ਸਤਿਗੁਰੂ ਜੀ ਨੇ ਉੱਤਰ ਬਖਸ਼ਿਆ: "ਤੁਸੀਂ ਮੈਨੂੰ ਖ਼ਾਲਸਾ ਵਿਚ ਵੇਖੋਗੇ, ਮੇਰਾ ਸਾਰਾ ਹਿਤ ਖ਼ਾਲਸਾ ਨਾਲ ਹੀ ਹੈ, ਮੈਂ ਆਪਣਾ ਸਰੀਰ ਖ਼ਾਲਸਾ ਨੂੰ ਬਖ਼ਸ਼ ਦਿੱਤਾ ਹੈ।"

ਸੰਪਾਦਨਾ

ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਬਾਣੀ ਦੇ ਬੋਹਿਥ ਧੰਨ ਗੁਰੂ ਅਰਜਨ ਦੇਵ ਜੀ ਨੇ ਰਾਮਸਰ ਸਾਹਿਬ ਜੀ ਦੇ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ, ਉਸਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਕੀਤਾ। ਸਿੱਖ ਪਰੰਪਰਾ ਅਨੁਸਾਰ ਇਹ ਬੀੜ ਕਰਤਾਰ ਪੁਰ ਸਾਹਿਬ ਵਿਖੇ ਧੀਰ ਮਲ ਜੀ ਦੇ ਵਾਰਿਸਾਂ ਕੋਲ ਸਾਂਭੀ ਹੋਈ ਹੈ। ਇਸ ਨੂੰ "ਕਰਤਾਰਪੁਰ ਸਾਹਿਬ ਵਾਲੀ ਬੀੜ" ਆਖਿਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਤੋਂ ਪਹਿਲਾਂ ਇਸ ਦੇ ਉਤਾਰੇ ਲਈ ਗੁਰੂ ਅਰਜਨ ਸਾਹਿਬ ਜੀ ਦੀ ਆਗਿਆ ਨਾਲ ਭਾਈ ਬੰਨੋ ਇਸ ਨੂੰ ਆਪਣੇ ਪਾਸ ਲੈ ਗਏ ਸਨ। ਸੋ ਇਸ ਦੇ ਉਤਾਰੇ ਨੂੰ "ਭਾਈ ਬੰਨੋ ਵਾਲੀ ਬੀੜ" ਦਾ ਨਾਂ ਦਿੱਤਾ ਗਿਆ ਹੈ। ਉਤਾਰੇ ਵਿਚ ਗਲਤੀਆਂ ਹੋਣ ਕਰਕੇ ਇਸ ਨੂੰ ਖ਼ਾਰੀ ਬੀੜ ਵੀ ਕਿਹਾ ਜਾਂਦਾ ਹੈ। ਤੀਸਰੇ ਸਰੂਪ ਨੂੰ "ਦਮਦਮੀ ਬੀੜ" ਕਿਹਾ ਜਾਂਦਾ ਹੈ। ਪਰੰਪਰਾ ਅਨੁਸਾਰ ਇਸ ਵਿਚ ਦਸਮ ਪਾਤਸ਼ਾਹ ਹਜ਼ੂਰ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ਼ਾਮਲ ਕਰਕੇ

ਇਸ ਨੂੰ ਦਮਦਮਾ ਸਾਹਿਬ ਜੀ ਦੇ ਅਸਥਾਨ ਤੇ ਸੰਪੂਰਨ ਕੀਤਾ। ਦਮਦਮਾ ਸਾਹਿਬ ਬਾਰੇ ਵੀ ਪੰਥਕ ਵਿਦਵਾਨਾਂ ਵਿਚ ਦੋ ਰਾਵਾਂ ਪ੍ਰਚਲਿਤ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਾਲੇ ਦਮਦਮਾ ਸਾਹਿਬ ਵਿਖੇ ਹੀ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸੰਪੂਰਨਤਾ ਬਖਸ਼ ਦਿੱਤੀ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸਾਬੋ ਕੀ ਤਲਵੰਡੀ ਵਾਲੇ ਦਮਦਮਾ ਸਾਹਿਬ ਵਿਖੇ ਆਪਣੇ ਆਤਮਿਕ ਬਲ ਦੁਆਰਾ ਭਾਈ ਮਨੀ ਸਿੰਘ ਜੀ ਸੰਪੂਰਨ ਬੀੜ ਲਿਖਵਾਈ। ਪੁਰਾਤਨ ਹੱਥ ਲਿਖ਼ਤ ਬੀੜਾਂ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਅਨੰਦਪੁਰ ਸਾਹਿਬ ਦੇ ਅਸਥਾਨ ਤੇ ਹੀ ਨੌਵੇਂ ਪਾਤਸ਼ਾਹ ਦੀ ਬਾਣੀ ਕਰਤਾਰਪੁਰ ਸਾਹਿਬ ਵਾਲੇ ਸਰੂਪ ਅਤੇ ਭਾਈ ਬੰਨੋ ਵਾਲੇ ਸਰੂਪ ਦੇ ਉਤਾਰਿਆਂ ਤੇ ਚੜ੍ਹ ਚੁੱਕੀ ਸੀ।

ਅੱਜ ਕਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਸ ਸਰੂਪ ਦਾ ਹਰ ਥਾਂ ਪ੍ਰਕਾਸ਼ ਕੀਤਾ ਜਾਂਦਾ ਹੈ ਇਹ ਦਮਦਮੀ ਬੀੜ ਦਾ ਉਤਾਰਾ ਹੈ। ਇਸ ਦੇ ੧੪੩੦ ਪੰਨੇ ਹਨ। ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਨਤਾ ਹਾਸਲ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਹਿਲੇ ਛੇ ਗੁਰੂ ਸਾਹਿਬਾਨ (ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ), ੧੫ ਭਗਤਾਂ, ੧੧ ਭੱਟਾਂ ਅਤੇ ਚਾਰ ਗੁਰੂ ਘਰ ਦੇ ਸ਼ਰਧਾਲੂਆਂ ਦੀ ਬਾਣੀ ਦਰਜ ਕੀਤੀ ਹੋਈ ਹੈ।

ਕੁਝ ਵਿਦਵਾਨ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਇਕ ਸਲੋਕ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਉਚਾਰਿਆ ਵੀ ਮੰਨਦੇ ਹਨ। ਪ੍ਰੰਤੂ ਪ੍ਰੋਫੈਸਰ ਸਾਹਿਬ ਸਿੰਘ, ਪ੍ਰਿੰਸੀਪਲ ਹਰਿਭਜਨ ਸਿੰਘ ਜੀ, ਡਾ. ਰਤਨ ਸਿੰਘ ਜੀ ਜੱਗੀ ਅਤੇ ਹੋਰ ਸਥਾਪਿਤ ਵਿਦਵਾਨ ਇਸ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਦਾ ਮਤਿ ਹੈ ਕਿ ਦਸਮ ਪਾਤਸ਼ਾਹ ਹਜ਼ੂਰ ਨੇ ਆਪਣੀ ਕੋਈ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤੀ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਸਮ ਗ੍ਰੰਥ ਦੇ ਹਿੱਸੇ ਵਜੋਂ ਹੀ ਪ੍ਰਾਪਤ ਹਨ। ਇਸ ਦੀ ਪੁਸ਼ਟੀ ਲਈ ਭਾਈ ਕੇਸਰ ਸਿੰਘ ਛਿੱਬਰ ਨੇ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਵਿਚ ਵੀ ਸੰਕੇਤ ਕੀਤਾ ਹੈ:

ਸੰਮਤ ਸਤਾਰਾ ਸੈ ਪੰਜਵੰਜੇ ਸਿਖਾਂ ਸਾਹਿਬ ਅਗੇ ਬਿਨਤੀ ਕੀਤੀ।
ਗ਼ਰੀਬ ਨਿਵਾਜ ਜੇ ਬਚਨ ਹੋਵੇ ਤਾਂ ਦੋਹਾਂ ਗ੍ਰੰਥਾਂ ਦੀ ਜਿਲਦ ਇਕ ਚਾਹੀਐ ਕਹਿ ਲੀਤੀ।
ਸਾਹਿਬ ਬਚਨ ਕੀਤਾ ਏਹਿ ਆਦਿ ਗੁਰੂ ਹੈ ਗ੍ਰੰਥ॥
ਓਹੁ ਅਸਾਡੀ ਖੇਡ ਹੈ ਜੁਦਾ ਰਹੇ ਮਨ ਮੰਥ॥੩੮੯॥

(ਚਰਣ ੧੦, ਪੰ. ੧੩੬)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਕਰੀਬਨ ਸਾਰੀ ਬਾਣੀ ਸੰਗੀਤ ਲੈਅ ਵਿਚ ਅਤੇ ਰਾਗ-ਬੱਧ ਹੈ। ਸਿੱਖੀ ਵਿਚ ਕੀਰਤਨ-ਭਗਤੀ ਨੂੰ ਪ੍ਰਭੂ ਮਿਲਾਪ ਦਾ ਸੁਖੈਨ ਮਾਰਗ ਪਰਵਾਨਿਆ ਗਿਆ ਹੈ। ਰਾਗ, ਸੁਰ, ਅਤੇ ਲੈਅ ਵਿਚ ਕੀਤੇ ਕੀਰਤਨ ਨਾਲ ਮਨ ਵਿਚ ਵੈਰਾਗ ਉਪਜਦਾ ਹੈ। ਵੈਰਾਗ ਨਾਲ ਪ੍ਰਭੂ ਮਿਲਾਪ ਦੀ ਅਵਸਥਾ ਬਣਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੧ ਰਾਗਾਂ ਵਿਚ ਬਾਣੀ ਉਚਾਰੀ ਗਈ ਹੈ। ਪ੍ਰੋ: ਤਾਰਾ ਸਿੰਘ ਜੀ, ਸੰਗੀਤ

ਆਚਾਰਯ ਨੇ ਨਵੀਂ ਖੋਜ ਅਨੁਸਾਰ ਰਾਗਾਂ ਦੀ ਗਿਣਤੀ ਹੋਰ ਵਧੇਰੇ ਦਰਸਾਈ ਹੈ। ਪਰ ਸਿੱਖ ਪੰਥ ਅਨੁਸਾਰ ਪਰਵਾਨਤ ਪਰੰਪਰਾ ੩੧ ਰਾਗਾਂ ਵਾਲੀ ਹੀ ਹੈ।

ਗੁਰੂ ਅਰਜਨ ਸਾਹਿਬ ਜੀ ਨੇ ਸੰਪਾਦਨਾ ਵੇਲੇ ੩੧ ਰਾਗਾਂ ਵਿਚਲੀ ਸਾਰੀ ਬਾਣੀ ਨੂੰ ਇਕ ਵਿਸ਼ੇਸ਼ ਤਰਤੀਬ ਵਿਚ ਦਰਜ ਕੀਤਾ ਹੈ:

ਸਭ ਤੋਂ ਪਹਿਲਾਂ ਮੂਲ ਮੰਤਰ ਜਿਸ ਦਾ ਪੂਰਨ ਸਰੂਪ, "੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਹੈ।

ਇਸ ਤੋਂ ਬਾਅਦ ਨਿਤਨੇਮ ਦੀਆਂ ਬਾਣੀਆਂ ਪੰਨਾ (੧-੧੩) ਤਕ ਦਰਜ ਹਨ।

ਉਪ੍ਰੰਤ ੩੧ ਰਾਗਾਂ ਵਿਚ ਤਰਤੀਬਵਾਰ ਬਾਣੀ ਦਰਜ ਹੈ। ਰਾਗਾਂ ਦਾ ਕ੍ਰਮ ਅਤੇ ਅੰਕ ਇਸ ਪ੍ਰਕਾਰ ਹਨ- ਸ੍ਰੀ ਰਾਗ (੧੪-੯੩), ਮਾਝ (੯੪-੧੫੦), ਗਉੜੀ (੧੫੧-੩੪੬), ਆਸਾ (੩੪੭-੪੮੮), ਗੂਜਰੀ (੪੮੯-੫੨੬), ਦੇਵਗੰਧਾਰੀ (੫੨੭-੫੩੬), ਬਿਹਾਗੜਾ (੫੩੭-੫੫੬), ਵਡਹੰਸ (੫੫੭-੫੯੪), ਸੋਰਠਿ (੫੯੫-੬੫੯), ਧਨਾਸਰੀ (੬੬੦-੬੯੫), ਜੈਤਸਰੀ (੬੯੬-੭੧੦), ਟੋਡੀ (੭੧੧-੭੧੮), ਬੈਰਾੜੀ (੭੧੯-੭੨੦), ਤਿਲੰਗ (੭੨੧-੭੨੭), ਸੂਹੀ (੭੨੮-੭੯੪), ਬਿਲਾਵਲ (੭੯੫-੮੫੮), ਗੌਂਡ (੮੫੯-੮੭੫), ਰਾਮਕਲੀ (੮੭੬-੯੭੪), ਨਟ ਨਾਰਾਇਨ (੯੭੫-੯੮੩), ਮਾਲੀ ਗਉੜਾ (੯੮੪-੯੮੮), ਮਾਰੂ (੯੮੯-੧੧੦੬), ਤੁਖਾਰੀ (੧੧੦੭-੧੧੧੭), ਕੇਦਾਰਾ (੧੧੧੮-੧੧੨੪), ਭੈਰਉ (੧੧੨੫-੧੧੬੭), ਬਸੰਤ (੧੧੬੮-੧੧੯੬), ਸਾਰੰਗ (੧੧੯੭-੧੨੫੩), ਮਲਾਰ (੧੨੫੪-੧੨੯੩), ਕਾਨੜਾ (੧੨੯੪-੧੩੧੮), ਕਲਿਆਨ (੧੩੧੯-੧੩੨੬), ਪ੍ਰਭਾਤੀ (੧੩੨੭-੧੩੫੧), ਜੈਜਾਵੰਤੀ (੧੩੫੨-੧੩੫੩)

ਇਸ ਤੋਂ ਬਾਅਦ ਸਲੋਕ ਸਹਸਕ੍ਰਿਤੀ (੧੩੫੩-੧੩੭੭), ਸਲੋਕ ਫਰੀਦ (੧੩੭੭-੧੩੮੪), ਸਵਯੇ (੧੩੮੫-੧੪੦੯), ਸਲੋਕ ਵਾਰਾਂ ਤੇ ਵਧੀਕ (੧੪੧੦-੧੪੨੬),ਸਲੋਕ ਮਹਲਾ ੯ (੧੪੨੬-੧੪੨੯) ਮੁੰਦਾਵਣੀ (੧੪੨੯), ਰਾਗ ਮਾਲਾ (੧੪੨੯-੧੪੩੦)

ਰਾਗਾਂ ਵਿਚ ਬਾਣੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਰਖੀ ਗਈ ਹੈ:

੧. ਸਭ ਤੋਂ ਪਹਿਲਾਂ ਸ਼ਬਦਾਂ ਨੂੰ ਅੰਕਿਤ ਕੀਤਾ ਗਿਆ ਹੈ। ੨. ਫਿਰ ਅਸ਼ਟਪਦੀਆਂ ੩. ਵਿਸ਼ੇਸ਼ ਬਾਣੀਆਂ ੪. ਛੰਤ ੫. ਵਾਰਾਂ ੬. ਭਗਤਾਂ ਦੀ ਬਾਣੀ। ਇਨ੍ਹਾਂ ਵਿਚ ਪਹਿਲਾਂ ਗੁਰੂ ਨਾਨਕ ਸਾਹਿਬ ਤੋਂ ਲੈਕੇ ਪੰਜਵੇਂ ਪਾਤਸ਼ਾਹ ਜੀ ਦੀ ਬਾਣੀ, ਫਿਰ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਅਤੇ ਫਿਰ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ। ਗੁਰੂ ਸਾਹਿਬਾਨ ਦੀ ਸਾਰੀ ਬਾਣੀ "ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆਂ ਫੇਰਿ ਪਲਟੀਐ॥" ਦੇ ਸਿਧਾਂਤ ਅਨੁਸਾਰ "ਨਾਨਕ" ਛਾਪ ਥਲੇ ਹੀ ਦਰਜ ਹੈ। ਕਿਹੜੇ ਗੁਰੂ ਸਾਹਿਬ ਦੀ ਕਿਹੜੀ ਬਾਣੀ ਹੈ ਨੂੰ ਨਿਖੇੜਣ ਲਈ, ਬਾਣੀਆਂ ਦੇ ਆਰੰਭ ਵਿਚ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫, ਮਹਲਾ ੯ ਸੰਕੇਤ ਦਿੱਤੇ ਗਏ ਹਨ।

ਬਾਣੀ-ਬਿਉਰਾ

ਗੁਰੂ ਨਾਨਕ ਦੇਵ ਜੀ ਦੇ ੨੦੯ ਸ਼ਬਦ, ੧੨੩ ਅਸ਼ਟਪਦੀਆਂ, ੨੫ ਛੰਤ ਅਤੇ ਤਿੰਨ ਵਾਰਾਂ ਦਰਜ ਹਨ।
ਗੁਰੂ ਅੰਗਦ ਦੇਵ ਜੀ ਦੇ ੬੩ ਸਲੋਕ ਦਰਜ ਹਨ।
ਗੁਰੂ ਅਮਰਦਾਸ ਜੀ ਦੇ ੧੭੨ ਸ਼ਬਦ, ੨੯ ਅਸ਼ਟਪਦੀਆਂ, ੧੯ ਛੰਤ ਅਤੇ ੪ ਵਾਰਾਂ ਦਰਜ ਹਨ।
ਗੁਰੂ ਰਾਮਦਾਸ ਜੀ ਦੇ ੨੬੪ ਸ਼ਬਦ, ੫੮ ਅਸ਼ਟਪਦੀਆਂ, ੩੮ ਛੰਤ ਅਤੇ ੮ ਵਾਰਾਂ ਦਰਜ ਹਨ।
ਗੁਰੂ ਅਰਜਨ ਦੇਵ ਜੀ ਦੇ ੧੩੨੨ ਸ਼ਬਦ, ੪੫ ਅਸ਼ਟਪਦੀਆਂ, ੬੩ ਛੰਤ ਅਤੇ ੬ ਵਾਰਾਂ ਦਰਜ ਹਨ।
ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੫੯ ਸ਼ਬਦ ਦਰਜ ਹਨ।

ਸੱਤੇ ਬਲਵੰਡ ਜੀ ਦੀ ਵਾਰ ਅਤੇ ਪੰਜਵੇਂ ਪਾਤਸ਼ਾਹ ਦੀ ਬਸੰਤ ਕੀ ਵਾਰ ਤੋਂ ਇਲਾਵਾ ਬਾਕੀ ਸਭ ਵਾਰਾਂ ਵਿਚ ਪਉੜੀਆਂ ਤੋਂ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਲੋਕ ਵੀ ਦਰਜ ਹਨ।

ਭਗਤਾਂ ਦੀ ਬਾਣੀ:

ਭਗਤ ਕਬੀਰ ਜੀ ਦੇ ੨੨੪, ਭਗਤ ਨਾਮਦੇਵ ਜੀ ਦੇ ੬੧, ਭਗਤ ਰਵਿਦਾਸ ਜੀ ਦੇ ੪੦, ਭਗਤ ਤ੍ਰਿਲੋਚਨ ਜੀ ਦੇ ੪, ਭਗਤ ਫਰੀਦ ਜੀ ਦੇ ੪, ਭਗਤ ਬੈਣੀ ਜੀ ਦੇ ੩, ਭਗਤ ਧੰਨਾ ਜੀ ਦੇ ੩, ਭਗਤ ਜੈਦੇਵ ਜੀ ਦੇ ੨, ਭਗਤ ਭੀਖਨ ਜੀ ਦੇ ੨, ਭਗਤ ਸੂਰਦਾਸ ਜੀ ਦੀ ੧ (ਇਕ ਤੁਕ), ਭਗਤ ਪਰਮਾਨੰਦ ਜੀ ਦੇ ੧, ਭਗਤ ਸੈਣ ਜੀ ਦੇ ੧, ਭਗਤ ਪੀਪਾ ਜੀ ਦੇ ੧, ਭਗਤ ਸਧਨਾ ਜੀ ਦੇ ੧, ਭਗਤ ਰਾਮਾਨੰਦ ਜੀ ਦੇ ੧, ਸ਼ਬਦਾਂ ਦੇ ਨਾਲ ਹੀ ਕਬੀਰ ਜੀ ਦੀਆਂ ੮ ਹੋਰ ਸੰਪੂਰਨ ਬਾਣੀਆਂ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਕਬੀਰ ਜੀ ਦੇ ੨੪੩ ਸਲੋਕ ਅਤੇ ਫਰੀਦ ਜੀ ਦੇ ੧੩੦ ਸਲੋਕ ਵੀ ਦਰਜ ਹਨ।
(ਭਗਤ ਬਾਣੀ ਵਿਚ ਹੀ ਗੁਰੂ ਅਰਜਨ ਦੇਵ ਜੀ ਦੇ ੩ ਸ਼ਬਦ ਦਰਜ ਹਨ)

ਰਾਮਕਲੀ ਰਾਗ ਵਿਚ ਗੁਰੂ ਘਰ ਦੇ ਕੀਰਤਨੀਏ ਭਾਈ ਸੱਤਾ ਅਤੇ ਬਲਵੰਡ ਜੀ ਦੀ ੧ ਵਾਰ ਦਰਜ ਹੈ।

ਰਾਮਕਲੀ ਰਾਗ ਵਿਚ ਹੀ ਬਾਬਾ ਸੁੰਦਰ ਜੀ ਦੀ ਬਾਣੀ "ਸਦੁ" ਵੀ ਦਰਜ ਹੈ।

੧੧ ਭੱਟ (ਕੱਲਸਹਾਰ, ਜਾਲਪ, ਕੀਰਤ, ਭਿੱਖਾ, ਸਲ੍ਹ, ਭਲ੍ਹ, ਨਲ੍ਹ, ਬਲ੍ਹ, ਗਯੰ, ਮਥੁਰਾ, ਹਰਿਬੰਸ) ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।

ਅਖ਼ੀਰ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕ, ਫਿਰ ਮੁੰਦਾਵਣੀ ਅਤੇ ਰਾਗ ਮਾਲਾ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਇਕ ਵਿਸ਼ੇਸ਼ ਲਿਖਣ-ਨੇਮਾਂ (ਵਿਆਕਰਣ) ਅਨੁਸਾਰ ਲਿਖੀ ਗਈ ਹੈ। ਇਨ੍ਹਾਂ ਨੇਮਾਂ ਦਾ ਵਿਵਰਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਛਪੇ ਸ਼ਬਦਾਰਥ ਵਿਚ ਦਿੱਤਾ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਣ ਵਿਆਕਰਣ ਸੁਪ੍ਰਸਿੱਧ ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ ਜੀ ਵਲੋਂ ਤਿਆਰ ਕੀਤਾ ਗਿਆ ਹੈ। ਇਸ ਵਿਸ਼ੇ ਤੇ ਹੋਰ ਵੀ ਅਨੇਕ ਵਿਦਵਾਨਾਂ ਨੇ

ਕੰਮ ਕੀਤਾ ਹੈ ਜਿਸ ਵਿਚ ਡਾ. ਚਰਨ ਸਿੰਘ (ਬਾਣੀ ਬਿਓਰਾ), ਭਾਈ ਸਾਹਿਬ ਰਣਧੀਰ ਸਿੰਘ ਜੀ (ਗੁਰਬਾਣੀ ਦੀਆਂ ਲਗਾਂ ਮਾਤਰਾਂ), ਪ੍ਰਿੰਸੀਪਲ ਤੇਜਾ ਸਿੰਘ ਜੀ (ਸ਼ਬਦਾਂਤਿਕ ਲਗਾਂ ਮਾਤਰਾਂ) ਸੰਤ ਗੁਰਬਚਨ ਸਿੰਘ ਜੀ, ਭਿੰਡਰਾਂ ਟਕਸਾਲ, (ਗੁਰਬਾਣੀ ਪਾਠ ਦਰਪਣ), ਪ੍ਰਿੰਸੀਪਲ ਹਰਿਭਜਨ ਸਿੰਘ (ਸ਼ੁਧ ਗੁਰਬਾਣੀ ਉਚਾਰਣ), ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ......, ਧੰਨਾ ਸਿੰਘ ਜੀ "ਗੁਰਬਾਣੀ ਦਾ ਸ਼ੁੱਧ ਉਚਾਰਣ" (ਛਾਪਕ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ, ਅੰਮ੍ਰਿਤਸਰ), ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ (ਗੁਰਬਾਣੀ ਦਾ ਸ਼ੁੱਧ ਉਚਾਰਨ) ਆਦਿਕ ਦੇ ਨਾਮ ਵਰਨਣਯੋਗ ਹਨ।

ਗੁਰਬਾਣੀ ਦੇ ਸ਼ੁਧ ਉਚਾਰਣ ਦਾ ਵਿਸ਼ਾ ਬਹੁਤ ਗਹਿਰ ਗੰਭੀਰ ਹੈ। ਕਿਸੇ ਵੀ ਭਾਸ਼ਾਂ ਦੇ ਅਸ਼ੁਧ ਉਚਾਰਣ ਨਾਲ ਕਈ ਵਾਰੀ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਸਤਿਗੁਰੂ ਸਾਹਿਬਾਨ ਦੀ ਹਾਜ਼ਰੀ ਵਿਚ ਹੀ ਸ਼ੁਧ ਗੁਰਬਾਣੀ ਉਚਾਰਣ ਦੀ ਮਹੱਤਤਾ ਵਲ ਸੰਕੇਤ ਕਰ ਦਿੱਤੇ ਗਏ ਸਨ। ਛੇਵੇਂ ਸਤਿਗੁਰੂ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਭਾਈ ਗੋਪਾਲਾ ਜੀ ਵਲੋਂ ਜਪੁਜੀ ਸਾਹਿਬ ਦੇ ਸ਼ੁੱਧ ਪਾਠ ਕਰਨ ਤੇ ਪ੍ਰਗਟਾਈ ਪ੍ਰਸੰਨਤਾ ਅਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਕ ਗੁਰਸਿੱਖ ਵਲੋਂ "ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ" ਵਿਚ "ਕੈ" ਦੀ ਥਾਵੇਂ "ਕੇ" ਦਾ ਅਸ਼ੁਧ ਉਚਾਰਣ ਕਰਨ ਨਾਲ ਪ੍ਰਗਟਾਈ ਨਰਾਜ਼ਗੀ ਇਸ ਗਲ ਨੂੰ ਦਰਸਾਉਂਦੇ ਹਨ ਕਿ ਸਤਿਗੁਰੂ ਸਾਹਿਬਾਨ ਸ਼ੁੱਧ ਗੁਰਬਾਣੀ ਉਚਾਰਣ ਪ੍ਰਤੀ ਕਿਤਨੇ ਜਾਗਰੂਕ ਸਨ। ਭਾਈ ਸੰਤੋਖ ਸਿੰਘ ਜੀ ਵਲੋਂ ਸੂਰਜ ਪ੍ਰਤਾਪ ਗ੍ਰੰਥ ਵਿਚ ਦਸਮ ਪਾਤਸ਼ਾਹ ਹਜ਼ੂਰ ਵਲੋਂ ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਦਿੱਤਾ ਇਹ ਸੰਕੇਤ ਮਹੱਤਵਪੂਰਣ ਹੈ:

ਸਿਖੋ ਸੁਨਹੁ ਸੀਖ ਇਹ ਮੇਰੀ॥ ਬਾਨੀ ਪਢੋ ਸ਼ੁੱਧ ਗੁਰ ਕੇਰੀ॥
ਪਢੈ ਮਹਾਤਮ ਲਹੈ ਬਿਸਾਲ॥ ਹਲਤ ਪਲਤ ਮਹਿ ਹੋਇ ਨਿਹਾਲ॥
ਜੇ ਅਸ਼ੁੱਧ ਹ੍ਵੈ ਪਢੀਐ ਸ਼ੁਧਿ ਕਰ॥ ਬਿਗਰੀ ਵਸਤ ਸੁਧਾਰਹਿ ਜਿਮ ਘਰਿ॥

(ਗੁਰ ਪ੍ਰਤਾਮ ਸੂਰਜ, ਰੁੱਤ ੩, ਅਧਿਆਇ ੩੪)

ਪੁਰਾਤਨ ਸਮੇਂ ਗੁਰਸਿੱਖ, ਬਾਣੀ ਦੇ ਪਾਠ ਅਭਿਆਸ ਲਈ ਮੁੱਖੀ ਗੁਰਸਿੱਖਾਂ ਕੋਲ ਜਾਂਦੇ ਸਨ। ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਵਲੋਂ ਸਮੇਂ ਨਾਲ ਇਹ ਉਪਰਾਲੇ ਕੀਤੇ ਜਾਂਦੇ ਰਹੇ ਹਨ।

ਅੱਜ ਜੀਵਨ ਦੀ ਗਤੀ ਬਹੁਤ ਤੇਜ਼ ਹੋ ਗਈ ਹੈ। ਜ਼ਿੰਦਗੀ ਵਿਚ ਵਿਹਲ ਘਟ ਗਈ ਹੈ। ਕਿਸੇ ਕੋਲ ਵੀ ਸਮਾਂ ਨਹੀਂ ਕਿ ਪਾਠ ਅਭਿਆਸ ਲਈ ਕਿਸੇ ਸੰਸਥਾ ਜਾਂ ਵਿਦਿਆਲੇ ਵਿਚ ਜਾਕੇ ਗੁਰਬਾਣੀ ਪਾਠ-ਅਭਿਆਸ ਵਲ ਯਤਨ ਕੀਤੇ ਜਾਣ। ਇਨ੍ਹਾਂ ਕਾਰਨਾਂ ਕਰਕੇ ਹੀ ਗੁਰਬਾਣੀ ਦਾ ਪਾਠ ਕਰਨ ਵਾਲੇ ਕਾਰੋਬਾਰੀ ਗੁਰਸਿੱਖ ਅਤੇ ਵਿਸ਼ੇਸ਼ ਕਰਕੇ ਗੁਰਦੁਆਰਾ ਸਾਹਿਬਾਨ ਦੇ ਰਾਗੀ, ਗ੍ਰੰਥੀ ਅਤੇ ਪ੍ਰਚਾਰਕ ਗੁਰਬਾਣੀ ਉਚਾਰਣ ਵਾਲੇ ਪਾਸੇ ਬਹੁਤ ਹੀ ਅਣਗਹਿਲੀ ਵਰਤਦੇ ਹਨ। ਜਿਸ ਕਰਕੇ ਸੰਗਤ ਵਿਚ ਬਹੁਤ ਭਰਮ ਭੁਲੇਖੇ ਪੈਦਾ ਹੋ ਰਹੇ ਹਨ। ਬਾਣੀ ਦੇ ਸਰੋਤਿਆਂ ਨੂੰ ਬੇਰੱਸੀ ਦੇ ਨਾਲ ਨਾਲ ਗਲਤ ਸੰਦੇਸ਼ ਵੀ ਜਾਂਦਾ ਹੈ। ਗੁਰਬਾਣੀ ਦੀ ਪ੍ਰਤਿਭਾ ਵੀ ਘਟਦੀ ਹੈ। ਅਜਿਹੀ ਸਥਿਤੀ ਵਿਚ ਪੰਥਕ ਅਦਾਰਿਆਂ ਅਤੇ ਸਿੱਖ ਵਿਦਵਾਨਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ ਕਿ ਕਿਵੇਂ ਦੇ ਉਪਰਾਲੇ ਕੀਤੇ ਜਾਣ ਜਿਸ ਨਾਲ ਹਰ ਗੁਰਸਿੱਖ ਅਤੇ ਕੌਮ ਦੇ ਰਾਗੀ, ਗ੍ਰੰਥੀ, ਪ੍ਰਚਾਰਕ ਅਤੇ ਢਾਡੀ ਆਦਿਕ ਸ਼ੁਧ ਗੁਰਬਾਣੀ ਉਚਾਰਣ ਵਲ ਪ੍ਰੇਰਿਤ ਹੋ ਸਕਣ।

ਹੱਥਲਾ ਟੀਕਾ ਇਸ ਪਾਸੇ ਵਲ ਇਕ ਨਿਮਾਣਾ ਜਿਹਾ ਯਤਨ ਹੈ। ਸ਼ੁੱਧ ਗੁਰਬਾਣੀ ਉਚਾਰਣ ਅਤੇ ਵਿਆਕਰਣਿਕ ਨੇਮਾਂ ਦੀ ਬਹੁਤ ਹੀ ਸੰਖੇਪ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ ਕਿਉਂਕਿ ਸਾਰੇ ਟੀਕੇ ਵਿਚ ਥਾਂ ਸਿਰ ਬਿਸਰਾਮ ਅਤੇ ਉਚਾਰਣ ਸੇਧਾਂ ਦੇਣ ਦਾ ਯਤਨ ਕੀਤਾ ਗਿਆ ਹੈ। ਨੇਮਾਂ ਦੀ ਸੰਖੇਪ ਜਾਣਕਾਰੀ ਗੁਰਮਖੀ ਲਿਪੀ ਦੀਆਂ ਲਗਾਂ-ਮਾਤਰਾਂ ਦੇ ਕਰਮ ਅਨੁਸਾਰ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ:

ਕੰਨਾ (ਾ): ਗੁਰਬਾਣੀ ਵਿਚ ਜਿਸ ਸ਼ਬਦ ਦੇ ਅੰਤ ਵਿਚ ਕੰਨਾ ਲਗਿਆ ਹੋਵੇ ਅਤੇ ਉਹ ਸ਼ਬਦ ਬਹੁਵਚਨ ਦੇ ਅਰਥਾਂ ਵਿਚ ਹੋਵੇ ਉਸ ਨੂੰ ਬਿੰਦੀ ਸਹਿਤ ਉਚਾਰਨਾ ਹੈ, ਜਿਵੇ

੧. ਸੁਣਿਐ ਸਰਾ ਗੁਣਾ ਕੇ ਗਾਹ॥ (ਪੰਨਾ ੩)

ਇਥੇ ਸਰਾ ਨੂੰ ਸਰਾਂ ਉਚਾਰਨਾ ਹੈ, ਜਿਸ ਦਾ ਅਰਥ ਹੈ ਸਾਗਰਾਂ।

੨. ਭਰੀਐ ਮਤਿ ਪਾਪਾ ਕੈ ਸੰਗਿ॥

ਇਥੇ ਪਾਪਾ ਨੂੰ ਪਾਪਾਂ ਉਚਾਰਨਾ ਹੈ ਜਿਸ ਦਾ ਅਰਥ ਹੈ ਕੁਕਰਮਾਂ।

ਸਿਹਾਰੀ (ਿ): ਗੁਰਬਾਣੀ ਵਿਚ ਬਹੁਤ ਵਾਰੀ ਸ਼ਬਦ ਦੇ ਅਖੀਰ ਵਿਚ ਲਗੀ ਸਿਹਾਰੀ ਉਚਾਰਣ ਲਈ ਨਹੀਂ ਸਗੋਂ ਵਿਆਕਰਣਕ ਨਿਯਮਾਂ ਅਧੀਨ ਲੱਗ ਹੁੰਦੀ ਹੈ ਜਿਵੇਂ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਇਥੇ ਹੁਕਮਿ ਸ਼ਬਦ ਵਿਚ ਸਿਹਾਰੀ ਉਚਾਰਣ ਲਈ ਨਹੀਂ ਸਗੋਂ ਅਰਥਾਂ ਨੂੰ ਮੁੱਖ ਰਖਕੇ ਲਗਾਈ ਗਈ ਹੈ। ਭਾਵ ਹੁਕਮ ਸ਼ਬਦ ਦਾ ਉਚਾਰਣ ਤਾਂ ਹੁਕਮ ਹੀ ਕਰਨਾ ਹੈ ਪਰ ਸਿਹਾਰੀ ਲਗਣ ਨਾਲ ਇਸ ਦੇ ਅਰਥ ਬਣਦੇ ਹਨ (ਪਰਮਾਤਮਾ ਦੇ) ਹੁਕਮ ਵਿਚ, ਹੁਕਮ ਅਨੁਸਰ।

ਇਸੇ ਤਰ੍ਹਾਂ:

ਸਗਲ ਤਿਆਗਿ ਗੁਰ ਸਰਣੀ ਆਇਆ॥

ਇਥੇ ਵੀ ਤਿਆਗਿ ਸ਼ਬਦ ਦਾ ਉਚਾਰਣ ਤਾਂ ਤਿਆਗ ਹੀ ਕਰਨਾ ਹੈ ਪਰ ਸਿਹਾਰੀ ਲਗਣ ਨਾਲ ਤਿਆਗ ਦੇ ਅਰਥ ਬਣਦੇ ਹਨ ਤਿਆਗ ਕੇ।

ਹੋਰ ਵੀ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿਥੇ ਸਿਹਾਰੀ ਦਾ ਉਚਾਰਣ ਅਰਥਾਂ ਦੀ ਸਪਸ਼ਟਤਾ ਲਈ ਬਿੰਦੀ ਲਾਕੇ ਕਰਨਾ ਹੈ। ਇਸ ਤਰ੍ਹਾਂ ਗੁਰਬਾਣੀ ਪਾਠ ਸਮੇਂ ਉਚਾਰਣ ਨੂੰ ਅਤੇ ਅਰਥਾਂ ਨੂੰ ਧਿਆਨ ਵਿਚ ਰਖਣ ਦੀ ਜ਼ਰੂਰਤ ਹੈ।

ਬਿਹਾਰੀ (ੀ): ਆਮ ਤੌਰ ਤੇ ਜਦੋਂ ਨਾਂਵ ਵਾਚੀ ਸ਼ਬਦਾਂ ਦੇ ਅਖੀਰ ਤੇ ਬਿਹਾਰੀ ਲਗੀ ਹੁੰਦੀ ਹੈ ਤਾਂ ਉਸ ਸ਼ਬਦ ਦਾ ਅਰਥ ਬਹੁ-ਵਚਨ ਦੇ ਰੂਪ ਵਿਚ ਹੁੰਦਾ ਹੈ। ਇਸ ਲਈ ਉਸ ਬਿਹਾਰੀ ਦਾ ਉਚਾਰਨ ਬਿੰਦੀ ਲਗਾ ਕੇ ਕਰਨਾ ਬਣਦਾ ਹੈ ਤਾਂ ਕਿ ਅਰਥਾਂ ਦੀ ਸਪਸ਼ਟਤਾ ਹੋ ਸਕੇ:

ਅੰਤੁ ਨ ਸਿਫਤੀ ਕਹਣਿ ਨ ਅੰਤੁ॥

ਇਸ ਵਿਚ ਸਿਫਤੀ ਨੂੰ ਸਿਫਤੀਂ ਉਚਾਰਣਾ ਬਣਦਾ ਹੈ ਜਿਸਦੇ ਅਰਥ ਹਨ ਸਿਫਤਾਂ।

ਸਾਧ ਸੇਵਾ ਵਡਭਾਗੀ ਪਾਈਐ॥

ਵਡਭਾਗੀ ਨੂੰ ਵਡਭਾਗੀਂ ਉਚਾਰਣਾ ਬਣਦਾ ਹੈ ਜਿਸ ਦੇ ਅਰਥ ਹਨ ਵਡਿਆਂ ਭਾਗਾਂ ਰਾਹੀਂ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਉਦਾਹਰਣਾਂ ਹਨ।

ਔਂਕੜ (ੁ) : ਗੁਰਬਾਣੀ ਪਾਠ ਕਰਨ ਲਗਿਆਂ ਸਭ ਨਾਲੋਂ ਅਸ਼ੁਧ ਪਾਠ ਔਂਕੜ ਵਾਲੇ ਸ਼ਬਦਾਂ ਦਾ ਕੀਤਾ ਜਾਂਦਾ ਹੈ। ਅਸੀਂ ਜਿਥੇ ਸੌਖੀ ਤਰ੍ਹਾਂ ਔਂਕੜ ਦਾ ਉਚਾਰਨ ਹੋ ਸਕਦਾ ਹੈ ਉਥੇ ਬਗੈਰ ਕਿਸੇ ਨਿਯਮ ਤੋਂ ਔਂਕੜ ਉਚਾਰੀ ਜਾਂਦੇ ਹਾਂ ਅਤੇ ਜਿਥੇ ਔਂਕੜ ਦਾ ਉਚਾਰਨ ਨਹੀਂ ਕੀਤਾ ਜਾ ਸਕਦਾ ਉਥੇ ਔਂਕੜ ਦਾ ਉਚਾਰਨ ਨਹੀਂ ਕਰਦੇ। ਆਓ ਹੇਠ ਲਿਖੇ ਸ਼ਬਦਾਂ ਨੂੰ ਗਹੁ ਨਾਲ ਵਿਚਾਰੀਏ:

ਏਹੁ ਅੰਤੁ ਨ ਜਾਣੈ ਕੋਇ॥

ਇਥੇ ਗੁਰਬਾਣੀ ਦੇ ਪਾਠਕ ਆਮ ਤੌਰ ਤੇ ਏਹੁ ਸ਼ਬਦ ਨੂੰ ਤਾਂ ਏਹੋ ਪੜ੍ਹਨ ਦੀ ਕੋਸ਼ਿਸ਼ ਕਰਦੇ ਹਨ ਪਰ ਅੰਤੁ ਨੂੰ ਅੰਤ ਹੀ ਪੜ੍ਹਨਗੇ ਕਿਉਂਕਿ ਅੰਤੋ ਉਚਾਰਣਾ ਔਖਾ ਹੋ ਜਾਂਦਾ ਹੈ। ਇਥੇ ਏਹੁ ਇਕ ਵਚਨ ਪੁਲਿੰਗ ਦਾ ਲਖਾਇਕ ਹੈ। ਦੋਹਾਂ ਹੀ ਸ਼ਬਦਾਂ ਵਿਚ ਔਂਕੜ ਉਚਾਰਣ ਵਾਸਤੇ ਨਹੀਂ ਹੈ ਸਗੋਂ ਇਹ ਗੁਰਬਾਣੀ ਵਿਆਕਰਣ ਅਨੁਸਾਰ ਅਰਥਾਂ ਦੀ ਸਪਸ਼ਟਤਾ ਲਈ ਲਗਾਏ ਗਏ ਹਨ। ਜਿਥੇ ਏਹ ਨੂੰ ਏਹੋ ਉਚਾਰਨਣਾ ਹੈ ਉਥੇ ਸਤਿਗੁਰੂ ਹਜ਼ੂਰ ਨੇ ਹ ਨੂੰ ਹੋੜੇ ਨਾਲ ਹੀ ਲਿਖਿਆ ਹੈ ਜਿਵੇਂ:

ਧਰਮ ਖੰਡ ਕਾ ਏਹੋ ਧਰਮੁ॥

ਕਈ ਸ਼ਬਦ ਇਸਤ੍ਰੀ ਵਾਚਕ ਹੁੰਦੇ ਹਨ ਉਥੇ ਵੀ ਔਂਕੜ ਦਾ ਉਚਾਰਣ ਕਰਨਾ ਨਹੀਂ ਬਣਦਾ ਜਿਵੇਂ: ਮੈਲੁ ਸ਼ਬਦ ਦਾ ਉਚਾਰਨ ਔਂਕੜ ਤੋਂ ਬਗੈਰ ਮੈਲ ਕਰਨਾ ਹੈ ਅਤੇ ਰਤੁ ਸ਼ਬਦ ਦਾ ਉਚਾਰਣ ਔਂਕੜ ਤੋਂ ਬਗੈਰ ਰਤ ਕਰਨਾ ਹੀ ਯੋਗ ਹੈ।

ਇਵੇਂ ਹੀ ਜਿਥੇ ਸ਼ਬਦ ਕਿਰਿਆ ਵਾਚਕ ਹੈ ਉਥੇ ਔਂਕੜ ਦਾ ਉਚਾਰਣ ਕਰਨਾ ਜ਼ਰੂਰੀ ਹੈ:

ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥

ਇਥੇ ਔਂਕੜ ਵਾਲੇ ਸ਼ਬਦ ਕਿਰਿਆ ਵਾਚੀ ਹਨ ਅਤੇ ਇਨ੍ਹਾਂ ਦਾ ਉਚਾਰਣ ਔਂਕੜ ਨਾਲ ਹੀ ਕਰਨਾ ਹੈ। ਇਕ ਹੋਰ ਉਦਾਹਰਣ ਵੇਖੋ:

ਸਰੀਰਹੁ ਭਾਲਣਿ ਕੋ ਬਾਹਰਿ ਜਾਏ॥

ਇਥੇ ਸਰੀਰਹੁ ਦਾ ਉਚਾਰਣ ਸਰੀਰੋਂ ਕਰਨਾ ਬਣਦਾ ਹੈ ਅਤੇ ਇਸ ਦੇ ਅਰਥ ਸਰੀਰ ਤੋਂ ਹਨ।

ਦੁਲੈਂਕੜੇ (ੂ): ਗੁਰਬਾਣੀ ਵਿਚ ਜਿਥੇ ਸ਼ਬਦ ਉੱਤਮ ਪੁਰਖ ਵਿਚ ਹੋਵੇ ਉਥੇ ਦੁਲੈਂਕੜਿਆਂ ਨੂੰ ਬਿੰਦੀ ਸਹਿਤ ਉਚਾਰਣਾ ਬਣਦਾ ਹੈ ਜਿਵੇਂ:

ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ॥

ਇਥੇ ਜੀਵਊ ਸ਼ਬਦ ਦਾ ਉਚਾਰਣ ਬਿੰਦੀ ਲਗਾਕੇ ਜੀਵਊਂ ਕਰਨਾ ਬਣਦਾ ਹੈ ਜਿਸ ਦਾ ਅਰਥ ਹੈ ਜੀਵਾਂਗਾ॥

ਲਾਂਵ (ੇ): ਲਾਂਵ ਦਾ ਉਚਾਰਣ ਲਾਂਵ ਵਾਂਗ ਹੀ ਕਰਨਾ ਹੈ ਇਸ ਵਿਚ ਕੋਈ ਵਿਸ਼ੇਸ਼ ਨਿਯਮ ਨਹੀਂ ਹੈ।

ਦੁਲਾਵਾਂ (ੈ): ਦੁਲਾਵਾਂ ਵਾਲੇ ਸ਼ਬਦਾਂ ਵਿਚ ਵੀ ਕਈ ਵਾਰੀ ਦੁਲਾਵਾਂ ਨੂੰ ਬਿੰਦੀ ਸਹਿਤ ਉਚਾਰਣਾ ਬਣਦਾ ਹੈ ਜਿਵੇਂ:

ਵਿਣੁ ਨਾਵੈ ਨਾਹੀ ਕੋ ਥਾਉ॥

ਇਥੇ ਨਾਵੈ ਸ਼ਬਦ ਦਾ ਉਚਾਰਣ ਬਿੰਦੀ ਸਹਿਤ ਨਾਵੈਂ ਕਰਨਾ ਬਣਦਾ ਹੈ ਜਿਸ ਦਾ ਅਰਥ ਹੈ ਨਾਮ (ਪ੍ਰਭੂ) ਦੇ। ਇਵੇਂ ਹੀ ਤੈ ਤੇ ਤੈਂ ਦਾ ਉਚਾਰਣ ਹੈ ਜਿਵੇਂ:

ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ॥

ਇਥੇ ਤੈ ਸ਼ਬਦ ਦਾ ਉਚਾਰਣ ਬਿੰਦੀ ਸਹਿਤ ਤੈਂ ਕਰਨਾ ਬਣਦਾ ਹੈ ਜਿਸ ਦੇ ਅਰਥ ਹਨ ਤਿਸ ਨੂੰ, ਉਸ ਨੂੰ ।

ਹੋੜਾ (ੋ): ਹੋੜੇ ਵਾਲੇ ਸ਼ਬਦਾਂ ਵਿਚ ਵੀ ਉਚਾਰਣ ਦਾ ਧਿਆਨ ਰਖਣ ਦੀ ਲੋੜ ਹੈ। ਜਿਵੇਂ:

ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ॥

ਇਥੇ ਹੋਦਾ ਸ਼ਬਦ ਦਾ ਉਚਾਰਣ ਬਿੰਦੀ ਸਹਿਤ ਹੋਂਦਾ ਕਰਨਾ ਬਣਦਾ ਹੈ, ਜਿਸ ਦੇ ਅਰਥ ਹਨ ਹੁੰਦਾ।

ਕਨੌੜਾ (ੌ) : ਗੁਰਬਾਣੀ ਵਿਚ ਕਨੌੜੇ ਦਾ ਘਟ ਹੀ ਪ੍ਰਯੋਗ ਹੋਇਆ ਹੈ। ਫਿਰ ਵੀ ਉਚਾਰਣ ਸੰਬੰਧੀ ਕੁਝ ਉਦਾਹਰਣਾਂ ਇਵੇਂ ਹਨ:

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥

ਇਥੇ ਜੀਭੌ ਸ਼ਬਦ ਦਾ ਉਚਾਰਣ ਬਿੰਦੀ ਸਹਿਤ ਜੀਭੌਂ ਕਰਨਾ ਬਣਦਾ ਹੈ ਜਿਸ ਦੇ ਅਰਥ ਹਨ ਜੀਭ ਤੋਂ।

ਬਿੰਦੀ (ਂ): ਗੁਰਬਾਣੀ ਦੇ ਪਾਠ ਅਭਿਆਸ ਵੇਲੇ ਵਿਚਾਰ ਸਹਿਤ ਬਿੰਦੀ ਦਾ ਉਚਾਰਣ ਅਤਿਅੰਤ ਮਹੱਤਵਪੂਰਣ ਹੈ। ਜੇ ਅਸੀਂ ਵਿਚਾਰ ਕੇ ਬਿੰਦੀ ਦਾ ਉਚਾਰਣ ਨਹੀਂ ਕਰਾਂਗੇ ਤਾਂ ਅਰਥਾਂ ਵਿਚ ਬਹੁਤ ਹੀ ਭੁਲੇਖਾ ਲਗਣ ਦੀਆਂ ਸੰਭਾਵਨਾਂ ਪੈਦਾ ਹੋ ਜਾਣਗੀਆਂ। ਪੰਜਾਬੀ ਵਿਚ ਗੁਰੂ ਕਾਲ ਵੇਲੇ ਭਾਸ਼ਾ ਦੇ ਕੁਝ ਚਿਨ੍ਹਾਂ ਦੀ ਵਰਤੋਂ ਅਜੇ ਉੱਕਾ ਹੀ ਸ਼ੁਰੂ ਨਹੀਂ ਸੀ ਹੋਈ ਅਤੇ ਕੁਝ ਦੀ ਵਰਤੋਂ ਸੰਕੇਤ ਵਜੋਂ ਕੀਤੀ ਜਾਂਦੀ ਸੀ। ਗੁਰਬਾਣੀ ਵਿਚ ਬਿੰਦੀ ਦੀ ਵਰਤੋਂ ਸੰਕੇਤ ਵਜੋਂ ਕੀਤੀ ਗਈ ਹੈ। ਸਾਡੀ ਅਤਿਅੰਤ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਥੇ ਬਿੰਦੀ ਦੀ ਵਰਤੋਂ ਨਹੀਂ ਕੀਤੀ ਗਈ ਉਥੇ ਸਹੀ ਅਰਥਾਂ ਲਈ ਪਾਠ ਕਰਨ ਵਾਲਿਆਂ ਨੂੰ ਵਿਚਾਰ ਕੇ ਬਿੰਦੇ ਸਹਿਤ ਹੀ ਉਚਾਰਣ ਕਰਨਾ ਬਣਦਾ ਹੈ। ਸਪਸ਼ਟਤਾ ਲਈ ਕੁਝ ਕੁ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

੧. ਜੋ ਤੁਧੁ ਭਾਵੈ ਸਾਈ ਭਲੀ ਕਾਰ॥ (ਜਪੁ, ਪੰਨਾ ੪)

੨. ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥ (ਡਖਣਾ ਮ: ੫,ਪੰਨਾ ੮੧)

ਪਹਿਲੀ ਪੰਕਤੀ ਵਿਚ ਸਾਈ ਸ਼ਬਦ ਨੂੰ ਬਿੰਦੀ ਤੋਂ ਬਗੈਰ ਸਾਈ ਹੀ ਉਚਾਰਣਾ ਬਣਦਾ ਹੈ ਅਤੇ ਇਸ ਦੇ ਅਰਥ ਹਨ ਉਹ । ਦੂਸਰੀ ਪੰਕਤੀ ਵਿਚ ਸਾਈ ਸ਼ਬਦ ਨੂੰ ਬਿੰਦੀ ਸਹਿਤ ਸਾਈਂ ਉਚਾਰਣਾ ਬਣਦਾ ਹੈ ਜਿਸ ਦੇ ਅਰਥ ਹਨ, ਖਾਵੰਦ, ਪਤੀ, ਪਰਮਾਤਮਾ।

੧. ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ॥ (ਵਡਹੰਸ ਮਹਲਾ ੧, ਪੰਨਾ ੫੫੭)

੨. ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ॥ (ਸੋਰਠਿ ਕਬੀਰ,ਪੰਨਾ ੬੫੬)

ਇਥੇ ਪਹਿਲੀ ਪੰਕਤੀ ਵਿਚ ਮੋਰੀ ਸ਼ਬਦ ਦਾ ਉਚਾਰਣ ਬਿੰਦੀ ਸਹਿਤ ਮੋਰੀਂ ਕਰਨਾ ਬਣਦਾ ਹੈ ਜਿਸ ਦਾ ਅਰਥ ਹੈ ਮੋਰਾਂ ਨੇ ਅਤੇ ਦੂਸਰੀ ਪੰਕਤੀ ਦਾ ਉਚਾਰਣ ਬਿੰਦੀ ਰਹਿਤ ਕਰਨਾ ਬਣਦਾ ਹੈ ਜਿਸ ਦਾ ਅਰਥ ਹੈ ਸੁਰਾਖ਼, ਛੇਕ।

੧. ਨਿੰਦਕ ਕੀ ਪ੍ਰਭਿ ਪਤਿ ਗਵਾਈ ॥ ਨਾਨਕ ਹਰਿ ਗੁਣ ਨਿਰਭਉ ਗਾਈ ॥

(ਗਉੜੀ ਮਹਲਾ ੫, ਪੰਨਾ ੨੦੩)

੨. ਏਕੁ ਅਚੰਭਉ ਸੁਨਹੁ ਤੁਮ੍ ਭਾਈ॥ ਦੇਖਤ ਸਿੰਘੁ ਚਰਾਵਤ ਗਾਈ ॥

(ਆਸਾ ਕਬੀਰ, ਪੰਨਾ ੪੮੧)

ਇਥੇ ਪਹਿਲੀ ਪੰਕਤੀ ਵਿਚ ਗਾਈ ਸ਼ਬਦ ਦਾ ਉਚਾਰਣ ਬਿੰਦੀ ਰਹਿਤ ਗਾਈ ਹੀ ਕਰਨਾ ਬਣਦਾ ਹੈ ਜਿਸ ਦੇ ਅਰਥ ਹਨ ਗਾਉਂਦਾ ਹੈ, ਅਤੇ ਦੂਸਰੀ ਪੰਕਤੀ ਵਿਚ ਗਾਈ ਸ਼ਬਦ ਦਾ ਉਚਾਰਣ ਬਿੰਦੀ ਸਹਿਤ ਗਾਈਂ ਕਰਨਾ ਬਣਦਾ ਹੈ ਜਿਸ ਦੇ ਅਰਥ ਹਨ ਗਊਆਂ।

ਗੁਰਬਾਣੀ ਦੀਆਂ ਇਨ੍ਹਾ ਪੰਕਤੀਆਂ ਦੇ ਵਿਚਾਰ ਨਾਲ ਕੀਤੇ ਉਚਾਰਣ ਤੋਂ ਸਹੀ ਅਰਥ ਬੋਧ ਦੀ ਜਾਣਕਾਰੀ ਹੁੰਦੀ ਹੈ ਨਹੀਂ ਤਾਂ ਅਰਥਾਂ ਵਿਚ ਬੇਅੰਤ ਉਲਝਣਾਂ ਪੈਦਾ ਹੋ ਜਾਂਦੀਆਂ ਹਨ।

ਟਿੱਪੀ (ੰ) : ਗੁਰਬਾਣੀ ਵਿਚ ਬਿੰਦੀ ਵਾਂਗ ਹੀ ਬਹੁਤ ਸਾਰੇ ਸ਼ਬਦਾਂ ਵਿਚ ਟਿੱਪੀ ਦੀ ਵਰਤੋਂ ਕੀਤੀ ਗਈ ਹੈ ਪਰ ਉਸੇ ਤਰ੍ਹਾਂ ਦੇ ਹੋਰ ਸ਼ਬਦਾਂ ਵਿਚ ਟਿੱਪੀ ਦੀ ਵਰਤੋਂ ਨਹੀਂ ਕੀਤੀ ਗਈ। ਇਸ ਦੇ ਕਈ ਕਾਰਨ ਹੋ ਸਕਦੇ ਹਨ ਜਿਨ੍ਹਾਂ ਦਾ ਇਥੇ ਜ਼ਿਕਰ ਕਰਨਾ ਜ਼ਰੂਰੀ ਨਹੀਂ। ਸੋ ਪਾਠ ਕਰਨ ਲਗਿਆਂ ਵਿਚਾਰ ਕੇ ਉਨ੍ਹਾਂ ਸ਼ਬਦਾਂ ਵਿਚ ਅਰਥ-ਬੋਧ ਲਈ ਟਿੱਪੀ ਦੀ ਵਰਤੋਂ ਕਰਨੀ ਜ਼ਰੂਰੀ ਬਣਦੀ ਹੈ। ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

੧. ਕਬ ਹੀ ਰਾਜਾ ਕਬ ਮੰਗਨਹਾਰ ॥ ਦੂਖ ਸੂਖ ਬਾਧੌ ਸੰਸਾਰ॥

(ਬਸੰਤ ਮਹਲਾ ੫, ਪੰਨਾ ੧੧੯੨)

੨. ਪੁਤ੍ਰ ਕਲਤ੍ਰ ਕਾ ਕਰਹਿ ਅਹਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥

(ਬਸੰਤ ਬਾਣੀ ਰਵਿਦਾਸ ਜੀ ਕੀ,ਪੰਨਾ ੧੧੯੬)

ਉਪਰਲੀ ਪਹਿਲੀ ਪੰਕਤੀ ਵਿਚ ਸ਼ਬਦ ਮੰਗਨਹਾਰ ਵਿਚ ਟਿੱਪੀ ਲੱਗੀ ਹੋਈ ਹੈ ਅਤੇ ਉਚਾਰਣ ਮੰਗਣਹਾਰ ਕਰਨਾ ਬਣਦਾ ਹੈ। ਪਰ ਦੂਸਰੀ ਪੰਕਤੀ ਵਿਚ ਮਗਨਹਾਰ ਸ਼ਬਦ ਵਿਚ ਟਿੱਪੀ ਨਹੀਂ ਲਗੀ ਹੋਈ ਜਿਸ ਦਾ ਉਚਾਰਣ ਟਿੱਪੀ ਲਗਾ ਕੇ ਕਰਨਾ ਬਣਦਾ ਹੈ ਪਰ ਦੋਹਾਂ ਦੇ ਅਰਥ ਇਕੋ ਹੀ ਮੰਗਣ ਵਾਲਾ ਬਣਦੇ ਹਨ। ਇਸ ਤਰ੍ਹਾਂ ਗੁਰਬਾਣੀ ਵਿਚ ਹੋਰ ਵੀ ਕਈ ਪੰਕਤੀਆਂ ਆਉਂਦੀਆਂ ਹਨ। ਗੁਰਬਾਣੀ ਵਿਚ ਕਈ ਥਾਂ ਟਿੱਪੀਆਂ

ਲਗੀਆਂ ਹੋਈਆਂ ਹਨ ਪਰ ਉਥੇ ਟਿੱਪੀ ਦਾ ਉਚਾਰਣ ਹੋ ਹੀ ਨਹੀਂ ਸਕਦਾ ਇਸ ਲਈ ਉਥੇ ਬਿੰਦੀ ਦਾ ਉਚਾਰਣ ਕਰਕੇ ਸਹੀ ਪਾਠ ਕੀਤਾ ਜਾਣਾ ਯੋਗ ਹੈ। ਜਿਵੇਂ:

੧. ੧ਓ ਸਤਿ ਗੁਰ ਪ੍ਰਸਾਦਿ ॥ ਰਾਗੁ ਗਉੜੀ ਥਿੰਤੀ ਕਬੀਰ ਜੀ ਕੀੰ ॥ ਸਲੋਕੁ ॥ ਪੰਦ੍ਰਹ ਥਿੰਤੀ ਸਾਤ ਵਾਰ ॥

(ਗਉੜੀ ਕਬੀਰ ਜੀ ਕੀ, ਪੰਨਾ ੩੪੩)

ਇਥੇ ਥਿੰਤੀ ਸ਼ਬਦ ਨੂੰ ਥਿਤੀਂ ਅਤੇ ਕੀੰ ਸ਼ਬਦ ਨੂੰ ਕੀਂ ਉਚਾਰਣਾ ਬਣਦਾ ਹੈ। ਇਸੇ ਤਰ੍ਹਾਂ ਹੋਰ ਜਗ੍ਹਾ ਵੀ ਵਿਚਾਰ ਨਾਲ ਪਾਠ ਕਰਨ ਦਾ ਉਦਮ ਕਰਨਾ ਚਾਹੀਦਾ ਹੈ।

ਅੱਧਕ (ੱ) :

ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਗੁਰਬਾਣੀ ਵਿਚ ਕਈ ਚਿਨ੍ਹਾਂ ਦੀ ਉੱਕਾ ਹੀ ਵਰਤੋਂ ਨਹੀਂ ਕੀਤੀ ਗਈ ਕਿਉਂਕਿ ਉਹ ਉਸ ਵੇਲੇ ਪ੍ਰਚੱਲਿਤ ਹੀ ਨਹੀਂ ਸਨ। ਅੱਧਕ ਚਿਨ੍ਹ ਦੀ ਵਰਤੋਂ ਵੀ ਗੁਰਬਾਣੀ ਵਿਚ ਬਿਲਕੁਲ ਹੀ ਨਹੀਂ ਕੀਤੀ ਗਈ। ਪਰ ਬਹੁਤੀ ਥਾਈਂ ਜੇ ਅੱਧਕ ਦੀ ਵਰਤੋਂ ਨਹੀਂ ਕੀਤੀ ਜਾਏਗੀ ਤਾਂ ਠੀਕ ਅਰਥਾਂ ਨੂੰ ਸਮਝਣ ਵਿਚ ਔਕੜ ਆਏਗੀ। ਕੁਝ ਕੁ ਉਦਾਹਰਣਾਂ ਇਸ ਤਰ੍ਹਾਂ ਹਨ:

੧. ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ॥

(ਸੂਹੀ ਮਹਲਾ ੪, ਪੰਨਾ ੭੩੪)

੨. ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ॥

(ਮਲਾਰ ਮਹਲਾ ੧ ਪੰਨਾ ੧੨੮੮)

ਪਹਿਲੀ ਪੰਕਤੀ ਵਿਚ ਉਚਕਾ ਸ਼ਬਦ ਦਾ ਉਚਾਰਣ ਅੱਧਕ ਸਹਿਤ ਉਚੱਕਾ ਕਰਨਾ ਬਣਦਾ ਹੈ ਜਿਸ ਦਾ ਅਰਥ ਹੈ, ਠੱਗ, ਚੋਰ। ਦੂਸਰੀ ਪੰਕਤੀ ਵਿਚ ਮੁਕਦਮ ਅਤੇ ਕੁਤੇ ਦਾ ਉਚਾਰਣ ਅੱਧਕ ਸਹਿਤ ਮੁਕੱਦਮ ਅਤੇ ਕੁੱਤੇ ਬਣਦਾ ਹੈ ਜਿਸ ਦਾ ਅਰਥ ਹੈ ਅਹਿਲਕਾਰ, ਚੌਧਰੀ ਅਤੇ ਕੁੱਤਾ ਜਾਨਵਰ।

ਪੈਰ ਵਿਚ ਬਿੰਦੀ (਼): ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਾਬੀ ਤੋਂ ਇਲਾਵਾ ਹੋਰ ਵੀ ਕਈ ਭਾਸ਼ਾਵਾਂ ਸੰਸਕ੍ਰਿਤ, ਹਿੰਦੀ, ਫਾਰਸੀ, ਅਰਬੀ ਅਤੇ ਮਰਾਠੀ ਆਦਿਕ ਦੇ ਲਫਜ਼ ਵਰਤੇ ਹੋਏ ਹਨ। ਅੱਧਕ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਧਰੇ ਵੀ ਪੈਰ ਬਿੰਦੀ ਦੀ ਵਰਤੋਂ ਨਹੀਂ ਕੀਤੀ ਗਈ। ਪਰ ਦੂਸਰੀਆਂ ਭਾਸ਼ਾਵਾਂ ਦੇ ਸ਼ਬਦਾਂ ਦੇ ਉਚਾਰਣ ਵੇਲੇ ਖ਼ਾਸ ਤੌਰ ਤੇ ਫਾਰਸੀ ਅਰਬੀ ਦੇ ਸ਼ਬਦਾਂ ਉਚਾਰਣ ਸਮੇਂ ਵਿਚਾਰ ਨਾਲ ਪੈਰ ਵਿਚ ਬਿੰਦੀ ਲਗਾ ਕੇ ਉਚਾਰਣ ਕਰਨਾ ਬਣਦਾ ਹੈ ਤਾਂ ਕਿ ਬਾਣੀ ਦੇ ਸਹੀ ਅਰਥਾਂ ਦੀ ਸਮਝ ਲਗ ਸਕੇ। ਕੁਝ ਕੁ ਉਦਾਹਰਣਾਂ ਇਸ ਤਰ੍ਹਾਂ ਹਨ:

੧. ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ ॥

(ਮ: ੫, ਪੰਨਾ ੫੨੧)

२. ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥

(ਧਨਾਸਰੀ ਮਹਲਾ ੧, ਪੰਨਾ ੬੬੦)

੩. ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥

(ਤਿਲੰਗ ਮਹਲਾ ੧, ਪੰਨਾ ੭੨੧)

ਪਹਿਲੀ ਪੰਕਤੀ ਵਿਚ ਸਹੁ ਸ਼ਬਦ ਦਾ ਉਚਾਰਣ ਸ਼ਹੁ, ਦੂਸਰੀ ਪੰਕਤੀ ਵਿਚ ਸਾਇਰੁ ਸ਼ਬਦ ਦਾ ਉਚਾਰਣ ਸ਼ਾਇਰੁ ਅਤੇ ਤੀਸਰੀ ਪੰਕਤੀ ਵਿਚ ਅਰਜ, ਪੇਸਿ, ਅਤੇ ਗੋਸ ਸ਼ਬਦ ਦਾ ਉਚਾਰਣ ਅਰਜ਼, ਪੇਸ਼ਿ ਅਤੇ ਗੋਸ਼ ਕਰਨ ਨਾਲ ਹੀ ਗੁਰਬਾਣੀ ਦੇ ਅਰਥ ਠੀਕ ਤਰ੍ਹਾਂ ਸਪਸ਼ਟ ਹੋਣਗੇ।

ਵਿਸਰਗ (:) : ਸੰਸਕ੍ਰਿਤ ਵਿਚ ਸ਼ਬਦ ਦੇ ਅਖੀਰ ਵਿਚ ਹ ਮੁਕਤਾ ਦੇ ਉਚਾਰਣ ਲਈ ਵਿਸਰਗ ਚਿਨ੍ਹ ਵਰਤਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸਹਸਕ੍ਰਿਤੀ ਸਲੋਕਾਂ ਵਿਚਲੇ ਕਈ ਸ਼ਬਦਾਂ ਦੇ ਪਿਛੇ ਇਹ ਚਿਨ੍ਹ ਲਗਿਆ ਹੋਇਆ ਹੈ। ਉਥੇ ਇਸ ਦਾ ਉਚਾਰਣ ਹਾਹੇ ਨੂੰ ਸਿਹਾਰੀ ਨਾਲ ਕਰਨਾ ਯੋਗ ਹੈ। ਉਦਾਹਰਣਾ ਇਉਂ ਹਨ:

੧. ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣ: ॥

(ਮਹਲਾ ੫ ਗਾਥਾ, ਪੰਨਾ ੧੩੬੧)

੨. ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਣ: ॥

(ਮਹਲਾ ੫ ਗਾਥਾ, ਪੰਨਾ ੧੩੬੧)

੩. ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣ: ॥

(ਮਹਲਾ ੫ ਗਾਥਾ, ਪੰਨਾ ੧੩੬੧)

ਇਨ੍ਹਾਂ ਪੰਕਤੀਆਂ ਵਿਚ ਸ਼ਬਦ ਦ੍ਰਿੜੰਤਣ:, ਲਿਖ੍ਣ:, ਸੰਪੂਰਣ: ਦਾ ਉਚਾਰਣ ਦ੍ਰਿੜ੍ਹੰਤਣਹਿ, ਲਿਖਣਹਿ ਅਤੇ ਸੰਪੂਰਣਹਿ ਕਰਨਾ ਬਣਦਾ ਹੈ।

ਪੈਰ ਚਿਨ੍ਹ (੍) ਦਾ ਉਚਾਰਣ: ਗੁਰਬਾਣੀ ਪਾਠ ਵਿਚ ਕਈ ਥਾਂ ਸ਼ਬਦ 'ਗ੍ਯਾਨ', 'ਧ੍ਯਾਨ' ਆਦਿਕ ਆਏ ਹਨ ਇਸ ਚਿਨ੍ਹ ਵਾਲੇ ਸ਼ਬਦ ਦਾ ਪਾਠ 'ਗਿਆਨ' ਅਤੇ 'ਧਿਆਨ' ਕਰਨਾ ਬਣਦਾ ਹੈ। ਉਦਾਹਰਣਾਂ ਇੰਜ ਹਨ:

੧. ਅੰਕਸੁ ਗ੍ਯਾਨ ਰਤਨੁ ਹੈ ਖੇਵਟੁ ਬਿਰਲਾ ਸੰਤੁ ॥

(ਸਲੋਕ ਕਬੀਰ ਪੰਨਾ ੧੩੭੬)

੨. ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯ੍ਯਾਨੰ ਧ੍ਯ੍ਯਾਨੰ ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥
(ਮਹਲਾ ੫, ਪੰਨਾ ੧੩੯੬)

ਦੋ ਮਾਤ੍ਰਾਂ ਵਾਲੇ ਸ਼ਬਦ: ਗੁਰਬਾਣੀ ਵਿਚ ਕਈ ਥਾਈਂ ਇਕ ਸ਼ਬਦ ਨੂੰ ਦੋ ਦੋ ਮਾਤਰਾਂ ਲਗੀਆਂ ਹੋਈਆਂ ਹਨ। ਇਹ ਸ਼ਬਦ ਆਮ ਭਾਸ਼ਾ ਵਿਚ ਤਾਂ ਇਕ ਮਾਤਰਾ ਨਾਲ ਹੀ ਲਿਖੇ ਜਾਂਦੇ ਹਨ, ਪਰ ਗੁਰਬਾਣੀ ਕਿਉਂਕਿ ਰਾਗ-ਬੱਧ ਹੈ, ਇਸ ਲਈ ਲੈਅ-ਤਾਲ ਨੂੰ ਪੂਰਿਆਂ ਕਰਨ ਲਈ ਦੋ ਮਾਤਰਾਂ ਲਗਾਈਆਂ ਗਈਆਂ ਹਨ। ਉਦਾਹਰਣਾਂ ਇਸ ਪ੍ਰਕਾਰ ਹਨ:

੧. ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥

੨. ਰਾਜ ਮਿਲਖ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ॥

੩. ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥

੪. ਛੂਟਰਿ ਤੇ ਗੁਰਿ ਕੀਈ ਸੋੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ ॥

ਪਹਿਲੀਅ ਦੋ ਪੰਕਤੀਆਂ ਵਿਚ ਅਨਦਿਨੋੁ ਅਤੇ ਜੋੁਆਨੀ ਨੂੰ ਅਨਦਿਨੋ ਅਤੇ ਜੋਆਨੀ ਉਚਾਰਣਾ ਹੈ ਅਤੇ ਅਖੀਰਲੀਆਂ ਦੋ ਪੰਕਤੀਆਂ ਵਿਚ ਸੋੁਹੰਦਾ ਅਤੇ ਸੋੁਹਾਗਨਿ ਨੂੰ ਸੁਹੰਦਾ ਅਤੇ ਸੁਹਾਗਨਿ ਉਚਾਰਣਾ ਚਾਹੀਦਾ ਹੈ।

'ਯ' ਅੱਖਰ ਵਾਲੇ ਸ਼ਬਦਾਂ ਦਾ ਉਚਾਰਣ:

'ਯ' ਅਖਰਾਂ ਵਾਲੇ ਸ਼ਬਦਾਂ ਦਾ ਉਚਾਰਣ ਵੀ ਧਿਆਨ ਨਾਲ ਕਰਨ ਦੀ ਜ਼ਰੂਰਤ ਹੈ, ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

੧. ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥
(ਮ: ੧, ਪੰਨਾ ੧੩੭)

੨. ਰਸਨਾ ਰਿ ਰਸੁ ਚਾਖੁ ਮੁਯੇ ਜੀਉ ਅਨਰਸ ਸਾਦ ਗਵਾਏ॥
(ਗਉੜੀ ਮਹਲਾ ੩, ਪੰਨਾ ੨੪੬)

੩. ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥
(ਮਾਝ ਮਹਲਾ ੧, ਪੰਨਾ ੧੫੦)

ਇਨ੍ਹਾਂ ਪੰਕਤੀਆਂ ਵਿਚ ਭਯਾ ਦਾ ਉਚਾਰਣ ਭਈਆ, ਮੁਯੇ ਦਾ ਉਚਾਰਣ ਮੁਈਏ ਅਤੇ ਦਯਿ ਦਾ ਉਚਾਰਣ ਦਈ ਕਰਨਾ ਬਣਦਾ ਹੈ। ਇਸੇ ਤਰ੍ਹਾਂ ਬਾਕੀ ਥਾਵਾਂ ਤੇ ਵੀ ਵਿਚਾਰ ਕੇ ਪਾਠ ਕਰਨ ਦੀ ਲੋੜ ਹੈ।

ਸੰਧੀ ਵਾਲੇ ਸ਼ਬਦਾਂ ਦਾ ਉਚਾਰਣ: ਗੁਰਬਾਣੀ ਵਿਚ ਕਈ ਸ਼ਬਦ ਦੋ ਸ਼ਬਦਾਂ ਦੇ ਜੋੜ ਵਾਲੇ ਆਏ ਹਨ। ਇਨ੍ਹਾਂ ਦਾ ਉਚਾਰਣ ਵੀ ਗੁਰਬਾਣੀ ਦਾ ਪਾਠ ਕਰਨ ਵੇਲੇ ਧਿਆਨ ਨਾਲ ਕਰਨ ਦੀ ਲੋੜ ਹੈ। ਕੁਝ ਉਦਾਹਰਣਾਂ ਇੰਜ ਹਨ:

ਪਾਠ	ਉਚਾਰਣ ਸੇਧ
ਅਸਚਰਜ	ਅਸ+ਚਰਜ

ਆਚਰਜੁ	ਆ+ਚਰਜੁ
ਅਚਰਜਾ	ਅ+ਚਰਜਾ
ਅਚਰਜ	ਅ+ਚਰਜ
ਅਗਮ	ਅ+ਗੰਮ
ਅਸੁਰ	ਅ+ਸੁਰ
ਅਲਿਪਤੁ	ਅ+ਲਿਪਤੁ
ਅਪਰਸੁ	ਅ+ਪਰਸ
ਅਗਣਤ	ਅ+ਗਣਤ
ਅਕੁਲ	ਅ+ਕੁਲ

ਬਿਸਰਾਮ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਣ ਵਾਲੇ ਪਦ-ਛੇਦ ਸਰੂਪਾਂ ਤੋਂ ਪਹਿਲਾਂ ਜੁੜਵੇਂ ਅਖਰਾਂ ਵਾਲੇ ਸਰੂਪ ਹੀ ਹੁੰਦੇ ਸਨ ਕਿਉਂਕਿ ਉਸ ਵੇਲੇ ਲਿਖਣ-ਤਰਤੀਬ ਜੁੜਵੇਂ ਅਖਰਾਂ ਵਾਲੀ ਹੀ ਪ੍ਰਚਲਤ ਸੀ। ਗੁਰਬਾਣੀ ਦਾ ਪਾਠ ਕਰਨ ਵਾਲਿਆਂ ਕੋਲੋਂ ਅਭਿਆਸ ਤੋਂ ਠੀਕ ਥਾਂ ਬਿਸਰਾਮ ਨਾ ਲਗਾਣ ਕਰਕੇ ਬੇਅੰਤ ਭੁਲਾਂ ਹੋਇਆ ਕਰਦੀਆਂ ਸਨ, ਜਿਸ ਨਾਲ ਗੁਰਬਾਣੀ ਦੇ ਅਰਥ ਬਿਲਕੁਲ ਹੀ ਅਸਪਸ਼ਟ ਹੋ ਜਾਇਆ ਕਰਦੇ ਸਨ। ਪਦ-ਛੇਦ ਵਾਲੇ ਸਰੂਪਾਂ ਦੇ ਪਾਠ ਵਿਚ ਵੀ ਜੇ ਪਾਠ ਕਰਨ ਦਾ ਅਭਿਆਸ ਨਾ ਹੋਵੇ ਅਤੇ ਵਿਚਾਰ ਨਾਲ ਪਾਠ ਨਾ ਕੀਤਾ ਜਾਵੇ ਤਾਂ ਠੀਕ ਥਾਂ ਬਿਸਰਾਮ ਨਾ ਲਗਾਇਆ ਜਾਣ ਕਰਕੇ ਗਲਤ ਪਾਠ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਇਸ ਲਈ ਪਾਠ ਕਰਨ ਵੇਲੇ ਬਿਸਰਾਮਾਂ ਵਲ ਵੀ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਹੱਥਲੇ ਟੀਕੇ ਵਿਚ ਥਾਂ ਸਿਰ ਕੌਮੇ (,) ਲਗਾਕੇ ਉਚਾਰਣ ਸੇਧ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਰ ਵੀ ਸਮਝਣ ਖ਼ਾਤਰ ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

੧. ਗੁਰੁ ਅਰਜੁਨ, ਘਰਿ ਗੁਰ ਰਾਮਦਾਸ, ਭਗਤ ਉਤਰਿ ਆਯਉ ॥ (ਠੀਕ ਬਿਸਰਾਮ)
ਗੁਰੁ ਅਰਜੁਨ ਘਰਿ, ਗੁਰ ਰਾਮਦਾਸ, ਭਗਤ ਉਤਰਿ ਆਯਉ ॥ (ਗਲਤ ਬਿਸਰਾਮ)
(ਸਵਈਏ ਮਹਲੇ ਪੰਜਵੇਂ ਕੇ,ਪੰਨਾ ੧੪੦੭)

ਇਥੇ ਜੇ ਬਿਸਰਾਮ ਅਰਜੁਨ ਤੋਂ ਬਾਅਦ ਦੀ ਬਜਾਏ ਘਰਿ ਤੋਂ ਬਾਅਦ ਲਗਾਵਾਂਗੇ ਤਾਂ ਅਰਥ ਬਣ ਜਾਣਗੇ ਕਿ ਗੁਰੂ ਰਾਮਦਾਸ ਜੀ ਗੁਰੂ ਅਰਜਨ ਸਾਹਿਬ ਜੀ ਦੇ ਘਰ ਅਵਤਾਰ ਧਾਰਿਆ। ਜ਼ਰਾ ਸੋਚੀਏ ਕਿ ਗਲਤ ਬਿਸਰਾਮ ਨਾਲ ਨਤੀਜਾ ਕੀ ਨਿਕਲਿਆ?

੨. ਭਿਸਤੁ, ਨਜੀਕਿ ਰਾਖੁ ਰਹਮਾਨਾ ॥ (ਠੀਕ ਬਿਸਰਾਮ)
ਭਿਸਤੁ ਨਜੀਕਿ, ਰਾਖੁ ਰਹਮਾਨਾ ॥ (ਗਲਤ ਬਿਸਰਾਮ)
(ਕਬੀਰ ਜੀ, ਪੰਨਾ ੧੧੬੧)

ਠੀਕ ਬਿਸਰਾਮ ਨਾਲ ਪਹਿਲੀ ਪੰਕਤੀ ਦੇ ਅਰਥ ਬਣਦੇ ਹਨ ਕਿ, ਹੇ! ਪਰਮਾਤਮਾ ਮੈਨੂੰ ਆਪਣੇ ਨਜ਼ਦੀਕ ਰੱਖ, ਤੇਰੀ ਹਜ਼ੂਰੀ ਹੀ ਮੇਰੇ ਲਈ ਸਵਰਗ ਹੈ। ਗਲਤ ਬਿਸਰਾਮ ਨਾਲ ਅਰਥ ਬਣਦੇ ਹਨ ਕਿ ਹੇ! ਪਰਮਾਤਮਾ

ਮੈਨੂੰ ਸਵਰਗ ਦੇ ਨੇੜੇ ਰੱਖ ਜੋ ਕਿ ਗੁਰਮਤਿ ਆਸ਼ੇ ਤੋਂ ਹੀ ਉਲਟ ਹੋਣਗੇ ਅਤੇ ਸੰਪੂਰਨ ਸ਼ਬਦ ਦੇ ਅਰਥਾਂ ਵਿਚ ਵੀ ਇਕਸਾਰਤਾ ਨਹੀਂ ਰਹੇਗੀ।

'ਮਹਲਾ ' ਸ਼ਬਦ ਦਾ ਉਚਾਰਣ : ਛੇ ਹੀ ਸਤਿਗੁਰੂ ਸਾਹਿਬਾਨ ਦੀ ਬਾਣੀ ਨਾਨਕ ਛਾਪ ਥਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਕਿਹੜੀ ਬਾਣੀ ਕਿਹੜੇ ਗੁਰੂ ਸਾਹਿਬ ਵਲੋਂ ਉਚਾਰਣ ਕੀਤੀ ਗਈ ਹੈ ਇਸ ਦੇ ਨਿਰਣੇ ਲਈ ਸ਼ਬਦਾਂ ਅਥਵਾ ਬਾਣੀ ਦੇ ਸ਼ੁਰੂ ਵਿਚ ਹੀ ਸੰਕੇਤ ਦਿੱਤਾ ਹੋਇਆ ਹੈ। ਜਿਵੇਂ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫ ਅਤੇ ਮਹਲਾ ੯ । ਇਸਦਾ ਅਰਥ ਇਹ ਬਣਦਾ ਹੈ ਕਿ ਇਹ ਬਾਣੀ ਪਹਿਲੇ ਗੁਰੂ ਨਾਨਕ ਦੇ ਪਹਿਲੇ ਸਰੀਰ, ਗੁਰੂ ਨਾਨਕ ਦੇ ਦੂਸਰੇ ਸਰੀਰ, ਗੁਰੂ ਨਾਨਕ ਦੇ ਤੀਸਰੇ ਸਰੀਰ, ਗੁਰੂ ਨਾਨਕ ਦੇ ਚੌਥੇ ਸਰੀਰ, ਗੁਰੂ ਨਾਨਕ ਦੇ ਪੰਜਵੇਂ ਸਰੀਰ ਅਤੇ ਗੁਰੂ ਨਾਨਕ ਦੇ ਨੌਵੇਂ ਸਰੀਰ ਵਲੋਂ ਉਚਾਰਣ ਕੀਤੀ ਗਈ ਹੈ।

ਇਥੇ ਵਿਚਾਰ ਦੀ ਲੋੜ ਇਹ ਹੈ ਕਿ 'ਮਹਲਾ' ਸ਼ਬਦ ਦਾ ਉਚਾਰਣ 'ਮਹੱਲਾ' ਕਰਨਾ ਬਣਦਾ ਹੈ ਕਿ 'ਮਹਿਲਾ' ਕਰਨਾ ਬਣਦਾ ਹੈ। ਸਮਝਣ ਲਈ ਉਦਾਹਰਣ ਹੇਠਾਂ ਦਿੱਤੀ ਜਾ ਰਹੀ ਹੈ:

ਗੁਰ ਮਹਲੀ ਘਰਿ ਆਪਣੇ ਸੋ ਭਰਪੁਰਿ ਲੀਣਾ ॥ ਸੇਵਕੁ ਸੇਵਾ ਤਾਂ ਕਰੇ ਸਚਸਬਦਿ ਪਤੀਣਾ॥
ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ॥ ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥
(ਮਾਰੂ ਮ: ੩, ੧੦੫੮)

ਉਪਰਲੇ ਸ਼ਬਦ ਮਹਲਾ ਦਾ ਅਰਥ ਸਰੀਰ ਅਥਵਾ ਕਾਇਆਂ ਹੈ ਅਤੇ ਇਸ ਦਾ ਉਚਾਰਣ ਵੀ ਮਹਿਲਾ ਹੀ ਕਰਨਾ ਬਣਦਾ ਹੈ ਨਾਂ ਕਿ ਮਹੱਲਾ ।

ਹੇਠਲੇ ਸਿਰਲੇਖ ਵੀ ਵਿਚਾਰਣ ਯੋਗ ਹਨ:

ਸਿਰੀ ਰਾਗੁ ਮਹਲੁ ੧ (ਪੰਨਾ ੧੬ ਸ਼ਬਦ ੯ਵਾਂ)
ਸਿਰੀ ਰਾਗੁ ਮਹਲੁ ੧ (ਪੰਨਾ ੧੮ ਸ਼ਬਦ ੧੨ਵਾਂ)

ਜੇ ਉਪਰੋਕਤ ਪੰਕਤੀ ਵਿਚ ਮਹਲਾ ਨੂੰ ਮਹੱਲਾ ਉਚਾਰਾਂਗੇ ਤਾਂ ਇਥੇ ਵੀ ਮਹਲੁ ਨੂੰ ਮਹੱਲ ਉਚਾਰਣਾ ਬਣਦਾ ਹੈ ਜੋ ਉਚਿੱਤ ਨਹੀਂ ਜਾਪਦਾ। ਸੋ ਇਥੇ ਵੀ ਮਹਲੁ ਨੂੰ ਮਹਿਲ ਹੀ ਉਚਾਰਨਾ ਚਾਹੀਦਾ ਹੈ।

ਮਹਲਾ ਸ਼ਬਦ ਨਾਲ ਲਿਖੇ ਅੰਕਾਂ ਅਤੇ ਸ਼ਬਦਾਂ ਦਾ ਉਚਾਰਣ: ਜਿਵੇਂ ਕਿ ਉਪਰ ਦਸਿਆ ਹੈ ਕਿ ਵੱਖੋ ਵੱਖਰੇ ਗੁਰੂਆਂ ਦੀ ਬਾਣੀ ਨੂੰ ਦਰਸਾਉਣ ਲਈ ਸੰਕੇਤ ਦਿੱਤੇ ਗਏ ਹਨ। ਉਨ੍ਹਾਂ ਦਾ ਉਚਾਰਣ ਕਿਵੇਂ ਕਰਨਾ ਹੈ ਹੇਠਾਂ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ:

੧. ਰਾਗ ਸਿਰੀਰਾਗੁ ਮਹਲਾ ਪਹਿਲਾ ੧ ਘਰ ੧ ॥
੨. ਗੂਜਰੀ ਮਹਲਾ ੩ ਤੀਜਾ ॥
੩. ਵਡਹੰਸ ਮਹਲਾ ੩ ਮਹਲਾ ਤੀਜਾ ॥
੪. ਸੋਰਠਿ ਮਹਲਾ ੪ ਚਉਥਾ ॥

ਇਨ੍ਹਾਂ ਪੰਕਤੀਆਂ ਵਿਚ ਅੰਕਾਂ ਦੇ ਨਾਲ ਸ਼ਬਦਾਂ ਵਿਚ ਵੀ ਪਹਿਲਾ, ਤੀਜਾ, ਚਉਥਾ ਲਿਖ ਕੇ ਇਹ ਸੰਕੇਤ ਦਿੱਤਾ ਗਿਆ ਹੈ ਕਿ ਅੰਕ ੧ ਦਾ ਉਚਾਰਣ ਪਹਿਲਾ ਕਰਨਾ ਹੈ, ਅੰਕ ੩ ਦਾ ਉਚਾਰਣ ਤੀਜਾ ਕਰਨਾ ਹੈ ਅਤੇ ਅੰਕ ੪ ਦਾ ਉਚਾਰਣ ਚਉਥਾ ਕਰਨਾ ਹੈ ਨਾਂ ਕਿ ਇਕ, ਤਿੰਨ ਅਤੇ ਚਾਰ । ਸੋ ਇਨ੍ਹਾਂ ਪੰਕਤੀਆਂ ਵਿਚ ਸਤਿਗੁਰੂ

ਸਾਹਿਬ ਜੀ ਵਲੋਂ ਸਪਸ਼ਟ ਦਸਿਆ ਗਿਆ ਹੈ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹੀ ਮਹਲਾ ਸ਼ਬਦ ਦੇ ਨਾਲ ਆਏ ਅੰਕਾਂ ਦਾ ਉਚਾਰਣ ਇਸੇ ਤਰ੍ਹਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਅਤੇ ਨੌਵਾਂ ਕਰਨਾ ਹੈ।

(ਨੋਟ: ਪ੍ਰੰਤੂ ਤਿਪਦੇ, ਦੁਤੁਕੇ, ਇਕਤੁਕਾ ਅਤੇ ਛਕੇ ਆਦਿਕ ਛੰਦਾਂ ਨਾਲ ਆਏ ਅੰਕਾਂ ਦਾ ਉਚਾਰਣ ਕਰਨਾ ਚਾਹੀਦਾ ਹੈ ਜਿਵੇਂ

ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕ ਤੁਕਾ ੧ ॥ (ਪੰਨਾ ੪੮੧) ਵਿਚ ਆਏ ਅੰਕਾਂ ਦਾ ਉਚਾਰਣ ਅੱਠ, ਸੱਤ ਅਤੇ ਇਕ ਕਰਨਾ ਬਣਦਾ ਹੈ ਨਾਂ ਕਿ ਅੱਠਵੇ, ਸੱਤਵੇਂ ਅਤੇ ਪਹਿਲਾ।

ਉਚਾਰਣ ਸੰਬੰਧੀ ਫੁਟਕਲ ਸੂਚਨਾਵਾਂ:

੧. ਗੁਰਬਾਣੀ ਵਿਚ ਕਈ ਵਾਰੀ ॥ਪਉੜੀ ੫॥ ਲਿਖਿਆ ਹੋਇਆ ਹੈ। ਇਥੇ ਪਉੜੀ ੫ ਨੂੰ ਪਉੜੀ ਮਹਲਾ ਪੰਜਵਾਂ ਕਰਕੇ ਉਚਾਰਣਾ ਹੈ।

੨. ਰਹਾਉ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਰਾਗ-ਬੱਧ ਹੈ। ਬਾਣੀ ਵਿਚ ਲਗਭਗ ਸਭ ਸ਼ਬਦਾਂ ਵਿਚ 'ਰਹਾਉ' ਅੱਖਰ ਦੀ ਵਰਤੋਂ ਕੀਤੀ ਗਈ ਹੈ। ਇਸ ਦਾ ਸੰਬੰਧ ਗਾਇਨ ਨਾਲ ਵੀ ਹੈ ਅਤੇ ਸ਼ਬਦ ਦੇ ਕੇਂਦਰੀ ਭਾਵ ਨਾਲ ਵੀ ਹੈ। 'ਰਹਾਉ' ਵਾਲੀ ਪੰਕਤੀ ਇਕ ਤਰ੍ਹਾ ਨਾਲ ਉਸ ਸ਼ਬਦ ਦੀ ਅਧਾਰ-ਸ਼ਿਲਾ ਕਹੀ ਜਾ ਸਕਦੀ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਅਤੇ ਭਾਈ ਵੀਰ ਸਿੰਘ ਜੀ ਨੇ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਡਾ. ਰਤਨ ਸਿੰਘ ਜੱਗੀ ਨੇ ਗੁਰੂ ਗ੍ਰੰਥ ਵਿਸ਼ਵ ਕੋਸ਼ ਵਿਚ ਇਸੇ ਭਾਵਾਂ ਦੀ ਪੁਸ਼ਟੀ ਕੀਤੀ ਹੈ। 'ਰਹਾਉ' ਅੱਖਰ ਇਕ ਤਰ੍ਹਾਂ ਨਾਲ ਸ਼ਬਦ ਦੀ ਟੇਕ ਵਲ ਸੰਕੇਤ ਕਰਦਾ ਹੈ। ਹਿੰਦੀ ਕੋਸ਼ਾਕਾਰਾਂ ਨੇ ਵੀ ਇਸ ਦੇ ਅਰਥ ਟੇਕ ਯਾ ਸਥਾਈ ਦੇ ਅਰਥਾਂ ਵਿਚ ਹੀ ਕੀਤੇ ਹਨ। ਜਿਸ ਦਾ ਅਰਥ ਹੈ ਠਹਿਰਨਾ ਯਾ ਰੁਕਣਾ। ਸ਼ਬਦਾਂ ਵਿਚ ਕਈ ਵਾਰੀ ਇਕ ਤੋਂ ਵੱਧ ਵਾਰੀ ਵੀ 'ਰਹਾਉ' ਦੀ ਵਰਤੋਂ ਕੀਤੀ ਗਈ ਹੈ। ਲੰਬੀਆਂ ਬਾਣੀਆਂ ਵਿਚ ਇਕੋ ਵਾਰੀ ਵੀ 'ਰਹਾਉ' ਆਇਆ ਹੈ ਜਿਵੇਂ ਸੁਖਮਨੀ ਸਾਹਿਬ ਵਿਚ ਇਕੋ 'ਰਹਾਉ' ਹੈ:

ਸੁਖਮਨੀ ਸੁਖ ਅੰਮ੍ਰਿਤ ਪ੍ਰਭਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮੁ ॥ ਰਹਾਉ॥

(ਗਉੜੀ ਸੁਖਮਨੀ ਮਹਲਾ ੫, ਪੰਨਾ ੨੬੧)

ਇਸੇ ਤਰ੍ਹਾਂ ਹੀ ਸਿੱਧ ਗੋਸ਼ਟਿ ਅਤੇ ਦੱਖਣੀ ਓਅੰਕਾਰ ਬਾਣੀਆਂ ਵਿਚ ਵੀ ਇਕੋ ਵਾਰੀ ਹੀ 'ਰਹਾਉ' ਅੱਖਰ ਦੀ ਵਰਤੋਂ ਕੀਤੀ ਗਈ ਹੈ। ਜਦੋਂ ਇਕ ਤੋਂ ਵੱਧ ਵਾਰੀ 'ਰਹਾਉ' ਅੱਖਰ ਦੀ ਵਰਤੋਂ ਕੀਤੀ ਗਈ ਹੈ ਤਾਂ ਗਾਇਨ ਕਰਨ ਵਾਲਿਆਂ ਦੀ ਮਰਜ਼ੀ ਹੈ ਕਿ ਉਹ ਜਿਹੜੀ ਮਰਜ਼ੀ 'ਰਹਾਉ' ਵਾਲੀ ਪੰਕਤੀ ਨੂੰ ਸਥਾਈ ਬਣਾ ਸਕਦੇ ਹਨ, ਕਿਉਂਕਿ ਆਮ ਤੌਰ ਤੇ ਦੂਸਰੀ 'ਰਹਾਉ' ਵਾਲੀ ਪੰਕਤੀ ਪਹਿਲੀ 'ਰਹਾਉ' ਵਾਲੀ ਪੰਕਤੀ ਦੇ ਕੇਂਦਰੀ ਭਾਵ ਦੀ ਹੀ ਪ੍ਰੋੜ੍ਹਤਾ ਕਰ ਰਹੀ ਹੁੰਦੀ ਹੈ।

'ਰਹਾਉ' ਨਾਲ ਜੋ ਅੰਕ ਲਿਖੇ ਹੁੰਦੇ ਹਨ, ਉਨ੍ਹਾਂ ਦਾ ਉਚਾਰਣ ਨਹੀਂ ਕਰਨਾ ਬਣਦਾ। ਕੇਵਲ 'ਰਹਾਉ' ਸ਼ਬਦ ਦਾ ਹੀ ਉਚਾਰਣ ਕਰਨਾ ਚਾਹੀਦਾ ਹੈ। ਜਦੋਂ ਇਕ ਤੋਂ ਵੱਧ 'ਰਹਾਉ' ਹੁੰਦੇ ਹਨ ਤਾਂ

ਸੰਕੇਤ ਦਿੱਤਾ ਗਿਆ ਹੁੰਦਾ ਹੈ, ਰਹਾਉ ਦੂਜਾ॥ ਇਥੇ ਸ਼ਬਦ ਦੂਜਾ ਪੜ੍ਹਨਾ ਚਾਹੀਦਾ ਹੈ। ਪਰ ਅੰਕ ਨਹੀਂ ਉਚਾਰਨੇ ਚਾਹੀਦੇ।

ਘਰੁ : ਵਿਦਵਾਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਵਾਰੀ ਬਾਣੀਕਾਰਾਂ ਅਤੇ ਰਾਗਾਂ ਦੇ ਸੰਕੇਤ ਦੇ ਨਾਲ ਹੀ ਘਰੁ ਦਾ ਸੰਕੇਤ ਵੀ ਆਇਆ ਹੈ। ਵਿਦਵਾਨ ਇਸ ਸ਼ਬਦ ਦਾ ਤੁਅਲਕ ਸੰਗੀਤਕਾਰ ਨੂੰ ਤਾਲ ਸੰਬੰਧੀ ਸੂਚਨਾ ਦੇਣ ਲਈ ਮੰਨਦੇ ਹਨ। ਕਿਉਂਕਿ ਘਰੁ ਸ਼ਬਦ ਦਾ ਪ੍ਰਯੋਗ ਰਾਗ-ਬੱਧ ਬਾਣੀਆਂ ਵਿਚ ਹੀ ਕੀਤਾ ਗਿਆ ਹੈ। ਗੁਰਬਾਣੀ ਵਿਚ ਘਰੁ ਦੀ ਗਿਣਤੀ ੧ ਤੋਂ ੧੭ ਤਕ ਦਿੱਤੀ ਗਈ ਹੈ। ਇਸ ਸ਼ਬਦ ਦੀ ਸਪਸ਼ਟਤਾ ਲਈ ਵੱਖੋ ਵਖਰੇ ਵਿਦਵਾਨਾਂ ਦੀ ਰਾਇ ਹੇਠਾਂ ਦਿੱਤੀ ਜਾ ਰਹੀ ਹੈ:

ਡਾਕਟਰ ਚਰਨ ਸਿੰਘ ਜੀ: ਉਨ੍ਹਾਂ ਨੇ ਬਾਣੀ -ਬਿਉਰਾ ਦੇ ਪੰਨਾ ੧੯ ਵਿਚ ਲਿਖਿਆ ਹੈ ਕਿ, "ਘਰ ਪਦ ਦੇ ਅਗੇ ਜੋ ਅੰਗ ਹੋਵੇ ਉਸ ਅਨੁਸਾਰ ਸਮਝ ਲਵੋ ਕਿ ਸ਼ਬਦ ਉਸ ਤਾਲ ਵਿਚ ਗਾਉਣਾ ਚਾਹੀਏ। ਕਿਉਂਕਿ ਸੁਰ, ਤਾਲ, ਲਯ, ਅੰਗ, ਨਯਾਸ, ਗ੍ਰਹਿ ਇਹੋ ਗਲਾਂ ਰਾਗ ਦਾ ਸਰੂਪ ਪ੍ਰਕਾਸ਼ਦੀਆਂ ਹਨ, ਇਸੇ ਲਈ ਜਿੰਨੇ ਜਿੰਨੇ ਤਾਲ ਵਿਚ ਜੋ ਜੋ ਰਾਗ ਦਾ ਸ਼ਬਦ ਵਾ ਬਾਦੀ ਉਚਰੀ ਸੋ ਸੋ ਗਾਉਣੇ ਲਈ ਉਸ ਦੇ ਤਾਲ ਦਾ ਪਤਾ ਨਾਲ ਲਿਖਿਆ ਹੈ। "

ਭਾਈ ਵੀਰ ਸਿੰਘ ਜੀ: ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਦੇ ਪੰਨਾ ੨੩੪ ਉਤੇ ਲਿਖਦੇ ਹਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੇ ਉਪਰ ਕਈ ਜਗ੍ਹਾ ਸੂਚਨਾ ਮਾਤ੍ਰ ਘਰ ਲਿਖਿਆ ਹੈ। ਇਸ ਤੋਂ ਮੁਰਾਦ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਿਆ ਦੱਸਣ ਤੋਂ ਹੈ। ਬਜਾਏ ਜਾਣ ਵਾਲੇ ਸਾਜ਼ਾਂ ਵਿਚ ਤਿੰਨ ਗ੍ਰਾਮ ਹੁੰਦੇ ਹਨ, ਗ੍ਰਾਮ (ਪਿੰਡ) ਘਰਾਂ ਤੋਂ ਬਣਦਾ ਹੈ, ਸੋ ਤਿੰਨਾਂ ਗ੍ਰਾਮਾਂ ਦੀਆਂ ਸੁਰਾਂ ਦੇ ਟਿਕਾਣੇ ਘਰ ਹਨ। "

ਭਾਈ ਕਾਨ੍ਹ ਸਿੰਘ ਜੀ ਨਾਭਾ: "ਗੁਰਮਤ ਸੰਗੀਤ ਅਨੁਸਾਰ ਘਰ ਦੇ ਦੋ ਅਰਥ ਹਨ ਇਕ ਤਾਲ, ਦੂਜਾ ਸ੍ਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਾਰ ਅਨੁਸਾਰ ਗਾਉਣ ਦੇ ਪ੍ਰਕਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧ ਤੋਂ ੧੭ ਤੀਕ ਘਰ ਲਿਖੇ ਹਨ, ਇਸ ਤੋਂ ਗਵਯੇ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸ੍ਵਰ ਪ੍ਰਸਾਰ ਅਨੁਸਾਰ ਗਾਓ। "

ਸ਼ਦਾਰਥ: ਤਾਲ ਜਾਂ ਸੁਰ ਦੇ ਟਿਕਾਣੇ ਦਾ ਨੰਬਰ। (ਈਰਾਨੀ ਰਾਗ ਵਿਚ ਵੀ ਦੋ-ਗਾਹ, ਸਹ-ਗਾਹ, ਚਹਾਰ-ਗਾਹ ਆਦਿ ਆਉਂਦੇ ਹਨ।)

ਸੋ ਇਸ ਸਭ ਕੁਝ ਦਾ ਨਿਚੋੜ ਇਹੋ ਹੀ ਕਢਿਆ ਜਾ ਸਕਦਾ ਹੈ ਕਿ ਘਰੁ ਦਾ ਸੰਬੰਧ ਵੇਧੇਰੇ ਕਰਕੇ ਸੰਗੀਤਕਾਰਾਂ ਨੂੰ ਤਾਲ ਦੀ ਸੂਚਨਾ ਦੇਣ ਲਈ ਹੈ।

ਜੁਮਲਾ ਜਾਂ ਅੰਕਾਂ ਸੰਬੰਧੀ ਸੂਚਨਾ: ਜਿਵੇਂ ਕਿ ਪਹਿਲੋਂ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਤਕ ਸਤਿਗੁਰੂ ਸਾਹਿਬਾਨ ਦੀ ਬਾਣੀ ਦੀ ਬਰਾਬਰੀ ਕਰਦਿਆਂ ਮਿਹਰਬਾਨ ਅਤੇ ਹੋਰ ਵਿਅਕਤੀਆਂ ਵਲੋਂ ਆਪਣੀ ਪੂਜਾ ਮਾਨਤਾ ਲਈ ਕੱਚੀ ਬਾਣੀ ਰਚਣੀ ਆਰੰਭ ਕਰ ਦਿੱਤੀ ਸੀ। ਇਸ ਦਾ ਭੁਲੇਖਾ ਸਿੱਖ ਸੰਗਤਾਂ ਵਿਚ ਪੈਣਾ ਸ਼ੁਰੂ ਹੋ ਗਿਆ ਸੀ। ਗੁਰੂ ਅਰਜਨ ਦੇਵ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਇਸ ਗਲ ਦਾ ਭਲੀ ਭਾਂਤ ਧਿਆਨ ਰਖਿਆ ਗਿਆ ਇਸ ਅਕਾਲੀ ਬਾਣੀ ਵਿਚ ਕਦੀ ਵੀ ਕੋਈ ਵਿਅਕਤੀ ਰਲੇਵਾਂ ਨਾ ਕਰ ਸਕੇ। ਗੁਰਬਾਣੀ ਵਿਚ ਸਾਰੀ ਅੰਕਾਵਲੀ ਦੇ ਬਹੁਤ ਮਹੱਤਵਪੂਰਣ ਅਰਥ ਹਨ ਜਿਸ

ਨੂੰ ਸਮਝਣ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਰਚਨਹਾਰਿਆਂ ਬਾਰੇ ਸੰਕੇਤ ਬਾਣੀ ਦੇ ਮੁੱਢ ਵਿਚ ਹੀ ਦੇ ਦਿੱਤੇ। ਗੁਰੂ ਸਾਹਿਬਾਨ ਦੀ ਬਾਣੀ ਉਪਰ ਮਹਲਾ ੧, ੨,੩,੪,੫ ਅਤੇ ੯ ਪਾਕੇ ਅਤੇ ਭਗਤਾਂ ਦੀ ਬਾਣੀ ਦੇ ਆਰੰਭ ਵਿਚ ਉਨ੍ਹਾਂ ਭਗਤਾਂ ਦੇ ਨਾਮ ਦਾ ਸਿਰਲੇਖ ਦਿੱਤਾ ਹੋਇਆ ਹੈ। ਬਾਣੀ ਦੀ ਅੰਦਰਲੀ ਤਰਤੀਬ ਲਈ ਹਰ ਬੰਦ ਬਾਅਦ ਉਸਦੀ ਗਿਣਤੀ ਦਿੱਤੀ ਹੋਈ ਹੈ। ਫਿਰ ਪੂਰੇ ਸ਼ਬਦ ਦੇ ਅਖੀਰ ਤੇ ਕੁਲ ਬੰਦਾਂ ਦੀ ਗਿਣਤੀ ਦਿੱਤੀ ਹੋਈ ਹੈ। ਫਿਰ ਵੱਖੋ ਵੱਖਰੇ ਕਾਵਿ ਰੂਪਾਂ ਦੇ ਅਖੀਰ ਤੇ ਉਨ੍ਹਾਂ ਦੀ ਕੁਲ ਗਿਣਤੀ ਦਿੱਤੀ ਹੋਈ ਹੈ । ਜਿਵੇਂ ਜਿਹੜੇ ਗੁਰੂ ਸਾਹਿਬ ਵਲੋਂ ਜਿੰਨੀਆਂ ਅਸ਼ਟਪਦੀਆਂ ਜਾਂ ਛੰਦ ਆਦਿਕ ਹਨ ਅਖੀਰ ਤੇ ਉਨ੍ਹਾਂ ਦੀ ਕੁਲ ਗਿਣਤੀ ਹੈ। ਇਸ ਬਣਤਰ ਨੂੰ ਸਮਝਣ ਵਾਸਤੇ ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

ੴ ਸਤਿ ਗੁਰ ਪ੍ਰਸਾਦਿ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ ਰਹਾਉ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥੧॥ (ਪੰਨਾ ੧੪)

....

........ਕਹੁ ਨਾਨਕ ਬਾਹ ਲੁਡਾਈਐ॥੪॥੩੩॥(ਪੰਨਾ ੨੬)

ਇਸ ਤੋਂ ਬਾਅਦ ਸਿਰਲੇਖ ਹੈ: ਸਿਰੀਰਾਗੁ ਮਹਲਾ ੩, ਘਰੁ ੧.....

ਨਿਤਨੇਮ ਦੀਆਂ ਬਾਣੀਆਂ ਤੋਂ ਬਾਅਦ ਜਦੋਂ ਸਭ ਤੋਂ ਪਹਿਲਾਂ ਸਿਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਆਰੰਭ ਹੋਈ ਤਾਂ ਪਹਿਲਾ ਸ਼ਬਦ ਚਾਰ ਪਦਿਆਂ ਦਾ ਸੀ। ਪਹਿਲੇ ਪਦੇ ਤੋਂ ਬਾਅਦ ਅੰਕ ੧, ਫਿਰ ਰਹਾਉ ਵਾਲੀ ਪੰਕਤੀ ਤੋਂ ਬਾਅਦ ਵੀ ਅੰਕ ੧ ਦਿੱਤਾ ਹੈ ਜਿਥੇ ਇਕ ਤੋਂ ਜ਼ਿਆਦਾ ਰਹਾਉ ਹੁੰਦੇ ਹਨ ਉਥੇ ਦੂਸਰੇ ਰਹਾਉ ਤੋਂ ਬਾਅਦ ਅੰਕ ਦੂਸਰਾ ਹੁੰਦਾ ਹੈ। ਫਿਰ ਦੂਸਰੇ ਪਦੇ ਤੋਂ ਬਾਅਦ ੨, ਤੀਸਰੇ ਪਦੇ ਤੋਂ ਬਾਅਦ ੩ ਅਤੇ ਚਾਰ ਪਦਿਆਂ ਦੀ ਸਮਾਪਤੀ ਤੋਂ ਬਾਅਦ ਅੰਕ ੪ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਵਾਲਾ ਅੰਕ ੧ ਇਸ ਗਲ ਦਾ ਸੰਕੇਤ ਹੈ ਕਿ ਇਥੇ ਚਾਰ ਪਦਿਆਂ ਵਾਲਾ ਇਕ ਸ਼ਬਦ ਸੰਪੂਰਨ ਹੋਇਆ ਹੈ।

ਜਦੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ੪ ਪਦਿਆਂ ਵਾਲੇ ੩੩ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੨੬ ਤੇ ਸੰਪੂਰਨ ਹੋਏ ਤਾਂ ਉਥੇ ਅੰਕ ੩੩ ਦਿੱਤਾ ਗਿਆ ਕਿ ਇਸ ੪ ਪਦਿਆਂ ਵਾਲੀ ਤਰਤੀਬ ਵਿਚ ਗੁਰੂ ਨਾਨਕ ਸਾਹਿਬ ਦੇ ੩੩ ਸ਼ਬਦ ਸੰਪੂਰਨ ਹੋਏ। ਇਸ ਤੋਂ ਬਾਅਦ ਗੁਰੂ ਅਮਰਦਾਸ ਜੀ ਦੀ ਚਾਰ ਪਦਿਆਂ ਵਾਲੀ ਬਾਣੀ ਆਰੰਭ ਹੋ ਗਈ ਹੈ।

ਭਾਸ਼ਾ, ਕਾਵਿ-ਰੂਪ ਅਤੇ ਛੰਦਾ-ਬੰਦੀ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰਮੁੱਖੀ ਲਿੱਪੀ ਵਿਚ ਅਤੇ ਆਮ ਲੋਕਾਂ ਦੀ ਭਾਸ਼ਾ ਵਿਚ ਉਚਾਰੀ ਅਤੇ ਅੰਕਿਤ ਕੀਤੀ ਗਈ ਹੈ। ਇਸ ਨੂੰ ਸੰਸਕ੍ਰਿਤ ਵਾਂਗ ਸਮਾਜ ਦੇ ਕੇਵਲ ਖ਼ਾਸ ਵਰਗ ਤਕ ਹੀ ਸੀਮਤ ਨਹੀਂ ਕੀਤਾ ਗਿਆ ਕਿਉਂਕਿ ਇਹ ਧੁਰ ਕੀ ਬਾਣੀ ਸਰਬ ਸਾਂਝੀ ਅਤੇ ਸਰਬ ਲੋਕਾਈ ਵਾਸਤੇ ਸੀ। ਗੁਰਬਾਣੀ ਨੂੰ ਸਮਾਜ ਦੇ ਹਰ ਵਰਗ ਨੂੰ ਪੜ੍ਹਨ, ਸੁਣਨ ਅਤੇ ਵਿਚਾਰਨ ਦਾ ਹੱਕ ਦਿੱਤਾ ਗਿਆ ਹੈ ਭਾਵੇਂ ਉਹ ਸੰਸਾਰ ਦੇ ਕਿਸੇ ਵੀ ਨਸਲ, ਕੌਮ ਅਤੇ ਦੇਸ਼ ਨਾਲ ਸੰਬੰਧ ਰਖਦਾ ਹੋਵੇ। ਸਤਿਗੁਰੂ ਸਾਹਿਬਾਨ ਨੇ ਦੂਰ-ਦ੍ਰਿਸ਼ਟੀ ਨਾਲ ਇਹ ਚੰਗੀ ਤਰ੍ਹਾਂ ਸਮਝ ਲਿਆ ਸੀ ਕਿ ਜਿਸ ਵੀ ਧਰਮ ਦਾ ਧਰਮ ਗ੍ਰੰਥ ਲੋਕ ਭਾਸ਼ਾ ਤੋਂ ਦੂਰ ਹੁੰਦਾ ਹੈ, ਉਹ ਜਾਗ੍ਰਿਤ ਅਤੇ ਸੰਪੂਰਣ ਇਨਸਾਨ ਦੀ ਸਿਰਜਣਾ ਤੋਂ ਦੂਰ ਰਹਿ ਜਾਂਦਾ ਹੈ। ਪੂਰਵ ਨਾਨਕ ਕਾਲ ਵਿਚ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦਾ ਇਹੋ ਹਾਲ ਸੀ। ਇਸ ਨੂੰ ਵੀਚਾਰਦਿਆਂ ਸਤਿਗੁਰੂ ਸਾਹਿਬਾਨ ਨੇ ਲੋਕ ਭਾਸ਼ਾ ਰਾਹੀਂ ਬਾਣੀ ਨੂੰ ਸਿੱਧਾ ਜਨ-ਸਾਧਾਰਣ ਨਾਲ ਜੋੜਨ ਦਾ ਉਪਰਾਲਾ ਕੀਤਾ ਤਾਂਕਿ ਸਮਾਜ ਦਾ ਛੋਟੇ ਤੋਂ ਛੋਟਾ ਸਮਝਿਆ ਜਾਂਦਾ ਵਿਅਕਤੀ ਵੀ ਇਸ ਨਾਲ ਜੁੜਕੇ ਇਸ ਨੂੰ ਆਪਣੀ ਜੀਵਨ ਜਾਚ ਦਾ ਹਿੱਸਾ ਬਣਾਉਣ ਲਈ ਯਤਨਸ਼ੀਲ ਹੋ ਸਕੇ। ਛੰਦਾ ਬੰਦੀ ਅਤੇ ਕਾਵਿਕ ਰੂਪਾਂ ਦੇ ਪੱਖੋਂ ਵੀ ਇਹ ਅਧਿਆਤਮਕ ਸੰਸਕ੍ਰਿਤੀ ਦਾ ਅਮੋਲ ਖਜ਼ਾਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਸ਼ਟਪਦੀਆਂ, ਛੇ ਪਦੇ, ਪੰਜ ਪਦੇ, ਚਉਪਦੇ, ਤਿਪਦੇ, ਦੁਪਦੇ, ਚਉਤੁਕੇ, ਛੱਕੇ, ਡੱਖਣੇ, ਪਉੜੀ, ਸ਼ਬਦ, ਸਲੋਕ ਅਤੇ ਸਵਈਏ, ਅਤੇ ਸੋਲਹਾ ਆਦਿ ਦੀ ਵਰਤੋਂ ਕੀਤੀ ਗਈ ਹੈ। ਇਵੇਂ ਹੀ ਪੰਜਾਬ ਦੇ ਲੋਕ-ਕਾਵਿ ਬਾਵਨ ਅਖਰੀ, ਥਿਤੀਂ, ਛੰਤ, ਵਾਰ, ਘੋੜੀਆਂ, ਅਲਾਹਣੀਆਂ, ਗੋਸ਼ਟਿ, ਕਾਫ਼ੀ, ਅੰਜੁਲੀਆਂ, ਸਤਵਾਰੇ, ਪੱਟੀ, ਬਾਰਾਮਾਹ, ਸੱਦ, ਕਰਹਲੇ, ਗਾਥਾ, ਰੁੱਤੀਂ, ਪਹਰੇ ਅਤੇ ਦਿਨ-ਰੈਣ ਆਦਿਕ ਦੀ ਵਰਤੋਂ ਨਾਲ ਗੁਰਬਾਣੀ ਜਨ ਸਾਧਾਰਣ ਲੋਕ ਜੀਵਨ ਦੇ ਹੋਰ ਵੀ ਨੇੜੇ ਹੋ ਗਈ।

ਗੁਰਬਾਣੀ ਵਿਆਖਿਆ ਦੀ ਪਰੰਪਰਾ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਨਿਰਾ ਬੌਧਿਕ ਸੌਂਦਰਯ ਦਾ ਪ੍ਰਗਟਾਵਾ ਨਹੀਂ ਹੈ। ਇਹ ਸੰਪੂਰਨ ਮਨੁੱਖ ਬਣਨ ਲਈ ਵਿਲੱਖਣ ਜੀਵਨ ਜਾਚ ਦਾ ਗਾਡੀ-ਰਾਹ ਹੈ। ਦਸਾਂ ਗੁਰੂ ਸਹਿਬਾਨ ਦਾ ਇਲਾਹੀ ਜੀਵਨ, ਰੰਗ-ਰਤੜੇ ਗੁਰਸਿੱਖਾਂ ਦੀਆਂ ਅਦੁੱਤੀ ਸ਼ਹੀਦੀਆਂ ਬਾਣੀ ਪ੍ਰਕਾਸ਼ ਦਾ ਜਲੌ ਹੈ। ਨਨਕਾਣੇ ਦੀ ਧਰਤੀ ਤੋਂ ਲੈਕੇ ਅਨੰਦਪੁਰੀ ਦੀਆਂ ਜੂਹਾਂ ਤਕ ਦਾ ਨਿਰਮਲ ਪੰਥ ਦਾ ਸਫਰ ਸਭ ਗੁਰਬਾਣੀ -ਪਸਾਰ ਹੈ। ਤੱਤੀ ਤਵੀ ਦੇ ਸੱਚ ਤੋਂ ਸਰਹੰਦ ਦੀਆਂ ਦੀਵਾਰਾਂ ਤਕ ਦਾ ਇਤਿਹਾਸ ਸਭ ਬਾਣੀ ਨਾਦ ਦੀ ਸੱਚ-ਵਿਆਖਿਆ ਹੀ ਤਾਂ ਹੈ।

ਪਰ ਅੱਖਰਾਂ ਵਾਲਿਆਂ ਲਈ ਵੀ ਇਹ ਵਿਆਖਿਆ ਗੁਰੂ ਕਾਲ ਤੋਂ ਹੀ ਸ਼ੁਰੂ ਹੋ ਚੁੱਕੀ ਸੀ। ਗੁਰੂ ਨਾਨਕ ਸਾਹਿਬ ਦੀ ਇਨਕਲਾਬੀ ਬਾਣੀ ਦਾ ਜੀਵਨ-ਸੱਚ ਬਾਕੀ ਗੁਰੂ ਸਾਹਿਬਾਨ ਵਲੋਂ ਆਪਣੀ ਬਾਣੀ ਵਿਚ ਦਰਸਾਇਆ ਗਿਆ ਇਹ ਵੀ ਗੁਰੂ ਹਜ਼ੂਰ ਪਾਤਸ਼ਾਹ ਦੀ ਬਾਣੀ ਦੀ ਇਕ ਤਰ੍ਹਾਂ ਨਾਲ ਵਿਆਖਿਆ ਹੀ ਸੀ। ਇਸ ਪਰੰਪਰਾ ਨੂੰ ਜਨਮ ਸਾਖੀਆਂ ਵਿਚ ਸਾਖੀਕਾਰਾਂ ਵਲੋਂ ਅੱਗੇ ਤੋਰਿਆ ਗਿਆ।ਪੁਰਾਤਨ ਜਨਮ ਸਾਖੀ (੧੫੮੮ਈ:) ਵਿਚ ਇਸਦੇ ਕੁਝ ਨਮੂਨੇ ਵੇਖੇ ਜਾ ਸਕਦੇ ਹਨ। ਤੀਸਰੇ ਸਤਿਗੁਰੂ ਅਮਰਦਾਸ ਜੀ ਵਲੋਂ ੨੨ ਮੰਜੀਆਂ ਦੀ ਸਥਾਪਨਾ ਨਾਲ ਗੁਰਬਾਣੀ ਵਿਆਖਿਆ ਦੀ ਕਥਾ-ਵਿਚਾਰ ਅਤੇ ਪਰਮਾਤਮ-ਸੰਦੇਸ਼ ਲੋਕਾਂ ਤਕ ਪਹੁੰਚਾਣਾ ਸ਼ੁਰੂ ਕੀਤਾ ਗਿਆ।

ਸਿੱਖ ਧਰਮ ਦੇ ਪਹਿਲੇ ਧਰਮ-ਸ਼ਾਸਤਰੀ ਭਾਈ ਗੁਰਦਾਸ ਜੀ ਨੇ ਆਪਣੀਆਂ ੩੯ ਵਾਰਾਂ ਅਤੇ ੬੭੫

ਕਬਿੱਤ ਸਵੱਈਆਂ ਗੁਰਬਾਣੀ ਪਰਤਾਂ ਦੀ ਅਤਿਅੰਤ ਮਹੱਵਪੂਰਣ ਵਿਆਖਿਆ ਕੀਤੀ ਜੋ ਅੱਜ ਤਕ ਵੀ ਗੁਰਬਾਣੀ ਵਿਆਖਿਆ ਦੀ ਅਧਾਰ-ਸ਼ਿਲਾ ਪਰਵਾਨੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਗੁਰਬਾਣੀ-ਵਿਆਖਿਆ ਨੂੰ ਆਪ ਹੀ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਬਖਸ਼ ਦਿੱਤਾ। ਗੁਰ ਅਰਜਨ ਦੇਵ ਜੀ ਦੇ ਭਰਾਤਾ ਪ੍ਰਿਥੀ ਚੰਦ ਜੀ ਦੇ ਬੇਟੇ ਸੋਢੀ ਮਿਹਰਬਾਨ ਵਲੋਂ ਗੁਰਬਾਣੀ ਵਿਚੋਂ ਕੁਝ ਬਾਣੀਆਂ ਦੇ ਟੀਕੇ ਵੀ ਕੀਤੇ ਗਏ। ਉਨ੍ਹਾਂ ਦੇ ਹੀ ਪੁੱਤਰ ਹਰਿ ਜੀ ਵਲੋਂ ਗੁਰਬਾਣੀ ਦੀ ਕੀਤੀ ਕੁਝ ਵਿਆਖਿਆ ਦਾ ਵੀ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ।

ਦਸਮ ਪਾਤਸ਼ਾਹ ਹਜ਼ੂਰ ਦੇ ਅਨਿੰਨ ਸੇਵਕ, ਮਹਾਨ ਵਿਦਵਾਨ ਅਤੇ ਮਹਾਂ-ਸ਼ਹੀਦ ਭਾਈ ਮਨੀ ਸਿੰਘ ਜੀ ਅਤੇ ਸੂਰਬੀਰ ਯੋਧੇ ਬਾਬਾ ਦੀਪ ਸਿੰਘ ਜੀ ਸ਼ਹੀਦ ਵਲੋਂ ਗੁਰਬਾਣੀ ਵਿਆਖਿਆ ਵਿਚ ਲਿਖਤੀ ਅਤੇ ਗੁਰਬਾਣੀ ਦੀਆਂ ਟਕਸਾਲਾਂ ਸ਼ੁਰੂ ਕਰਕੇ ਅਹਿਮ ਯੋਗਦਾਨ ਪਾਇਆ ਗਿਆ। ਜਿਸ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਵਰਤਮਾਨ ਸਮੇਂ ਵਿਚ ਵੀ ਚਲ ਰਹੀਆਂ ਹਨ। ਸੇਵਾ-ਪੰਥੀਆਂ, ਨਿਰਮਲਿਆਂ ਅਤੇ ਉਦਾਸੀਆਂ ਵਲੋਂ ਵੀ ਬੇਅੰਤ ਗੁਰਮਤਿ ਸਾਹਿਤ ਰਚਕੇ ਗੁਰਬਾਣੀ ਵਿਆਖਿਆ ਨੂੰ ਅੱਗੇ ਤੋਰਿਆ ਗਿਆ।

ਗੁਰਬਾਣੀ ਵਿਆਖਿਆ ਦੀ ਪਰੰਪਰਾ ਨੂੰ ਕਥਾ-ਵੀਚਾਰ ਦੇ ਰੂਪ ਵਿਚ ਇਕ ਚਲਦੀ ਫਿਰਦੀ ਯੂਨੀਵਰਸਿਟੀ ਵਜੋਂ ਭਿੰਡਰਾਂ ਵਾਲੇ ਜਥੇ ਦੇ ਅਨੇਕ ਵਿਦਵਾਨ ਮਹਾਂ ਪੁਰਸ਼ਾਂ ਨੇ ਗੁਰਬਾਣੀ ਦੀ ਵਿਆਖਿਆ ਵਿਚ ਜ਼ਿਕਰ ਯੋਗ ਹਿੱਸਾ ਪਾਇਆ ਹੈ। ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਦੀ ਕਥਾ ਦੇ ਅਧਾਰ ਤੇ ਗਿਆਨੀ ਹਰਨਾਮ ਸਿੰਘ ਖ਼ਾਲਸਾ ਵਲੋਂ ਗੁਰਬਾਣੀ ਉਚਾਰਣ ਸੰਬੰਧੀ, ਸੰਪਾਦਿਤ ਗ੍ਰੰਥ "ਗੁਰਬਾਣੀ ਪਾਠ ਦਰਪਣ" ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਇਸ ਵਿਚ ਉਨ੍ਹਾਂ ਨੇ ਬਿਸਰਾਮਾਂ, ਅੱਧਕ ਅਤੇ ਉਚਾਰਣ ਸੰਬੰਧੀ ਹੋਰ ਸੇਧਾਂ ਦਿੱਤੀਆਂ ਹਨ।

ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਨਾਲ ਪੰਥ ਵਿਚ ਇਕ ਨਵੀਂ ਚੇਤਨਾ ਸ਼ੁਰੂ ਹੋ ਗਈ। ਸਿੱਖ ਧਰਮ ਵਿਚ ਹਰ ਪੱਖ ਤੋਂ ਹੀ ਵਿਗਿਆਨਕ ਸੋਚ ਦਾ ਆਰੰਭ ਹੋਇਆ। ਅੰਗ੍ਰੇਜ਼ੀ ਵਿਚ ਭਾਵੇਂ ਟਰੰਪ ਨੇ ਗੁਰਬਾਣੀ ਦਾ ਟੀਕਾ ਲਿਖਿਆ ਪਰ ਸਿੱਖ ਜੀਵਨ ਜਾਚ ਦੀਆਂ ਪਰਤਾਂ ਤੋਂ ਪੂਰੀ ਤਰ੍ਹਾਂ ਵਾਕਫ਼ ਨਾ ਹੋਣ ਕਰਕੇ ਇਸ ਨੂੰ ਪੰਥ ਵਲੋਂ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ। ੧੮੮੩ ਵਿਚ ਮਹਾਰਾਜਾ ਫਰੀਦਕੋਟ ਨੇ ਗਿਆਨੀ ਬਦਨ ਸਿੰਘ ਸੇਖਵਾਂ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਚਾਰ ਭਾਗਾਂ ਵਿਚ ਲਿਖਵਾਇਆ ਜੋ ਸੰਨ ੧੯੧੮ ਵਿਚ ਛਾਪਿਆ ਗਿਆ। ਇਹ ਫਰੀਦਕੋਟੀ ਟੀਕੇ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੀ ਭਾਸ਼ਾ ਅਤੇ ਵਿਆਖਿਆ ਤੇ ਸੰਪਰਦਾਈ ਪ੍ਰਭਾਵ ਹੋਣ ਕਰਕੇ, ਅਜੋਕੀ ਪੀੜ੍ਹੀ ਲਈ ਇਸ ਨੂੰ ਸਮਝਣਾ ਕੁਝ ਮੁਸ਼ਕਲ ਹੈ।

ਪੰਡਿਤ ਨਰੈਣ ਸਿੰਘ ਮੁਜ਼ੰਗਾਂ ਵਾਲਿਆਂ ਵਲੋਂ ੧੯੪੦ ਵਿਚ ਗੁਰਬਾਣੀ ਦਾ ਟੀਕਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ' ਦੇ ਨਾਂ ਥਲੇ ਛਪਵਾਇਆ ਗਿਆ। ਇਸ ਉਤੇ ਨਿਰਮਲ ਸੰਪ੍ਰਦਾਇ ਦਾ ਕਾਫ਼ੀ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਸ. ਨਿਹਾਲ ਸਿੰਘ ਸੂਰੀ ਰਾਵਲਪਿੰਡੀ ਵਾਲਿਆਂ ਨੇ ੧੯੩੦ ਵਿਚ 'ਸ੍ਰੀ ਗੁਰੂਮਤਿ ਭਾਉ ਪ੍ਰਕਾਸ਼ਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪ੍ਰਕਾਸ਼ਿਤ ਕੀਤਾ ਜੋ ਸੰਪੂਰਨ ਟੀਕਾ ਨਹੀਂ ਹੈ।

ਗਿਆਨੀ ਬਿਸ਼ਨ ਸਿਘ ਲਖੂਵਾਲ ਵਾਲਿਆਂ ਨੇ ੧੯੩੬ ਤੋਂ ੧੯੪੧ ਤਕ ਅੱਠ ਸੈਂਚੀਆਂ ਵਿਚ

'ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਾਂ ਥਲੇ ਪ੍ਰਕਾਸ਼ਿਤ ਕੀਤਾ। ਇਸ ਦੀ ਇਕ ਕਾਪੀ ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਪ੍ਰਾਪਤ ਹੈ।

੧੯੪੧ ਵਿਚ ਪ੍ਰੋ. ਤੇਜਾ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਅਤੇ ਪ੍ਰੋਫੈਸਰ ਨਰਾਇਣ ਸਿੰਘ ਗੁਜਰਾਂਵਾਲਿਆਂ ਨੇ ਰਲਕੇ, 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਲਿਖਿਆ ਗਿਆ। ਇਹ ਵਿਧੀ-ਵੱਤ ਲਿਖਿਆ ਹੋਇਆ ਸਟੀਕ ਤਾਂ ਨਹੀਂ ਹੈ ਪਰ ਇਸਤੇ ਵਿਦਵਾਨਾਂ ਦੀ ਆਧੁਨਿਕਤਾ ਦੀ ਛਾਪ ਪ੍ਰਤੱਖ ਵੇਖੀ ਜਾ ਸਕਦੀ ਹੈ। ਅੱਜਕਲ ਇਸ ਦੀ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਕੀਤੀ ਜਾ ਰਹੀ ਹੈ।

ਸਿੱਖ ਪੰਥ ਦੀ ਅਦੁੱਤੀ ਸ਼ਖਸ਼ੀਅਤ ਭਾਈ ਵੀਰ ਸਿੰਘ ਜੀ ਵਲੋਂ, 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਲਿਖਣ ਦਾ ਕਾਰਜ ਆਰੰਭਿਆ ਗਿਆ ਜੋ ਉਨ੍ਹਾ ਦੇ ਜੀਵਨ ਕਾਲ ਵਿਚ ਪੂਰਾ ਨਾ ਹੋ ਸਕਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੬੦੭ ਪੰਨਿਆਂ ਤਕ ਕੀਤੇ ਗਏ ਵਿਦਵਤਾ ਪੂਰਣ ਟੀਕੇ ਨੂੰ ਉਨ੍ਹਾਂ ਦੇ ਭਰਾਤਾ ਡਾ. ਬਲਬੀਰ ਸਿੰਘ ਜੀ ਡੇਹਰਾਦੂਨ ਵਾਲਿਆਂ ਨੇ ੧੯੬੨ ਵਿਚ ਪ੍ਰਕਾਸ਼ਿਤ ਕਰਵਾਇਆ।

ਭਾਈ ਵੀਰ ਸਿੰਘ ਜੀ ਦੇ ਛੱਡੇ ਅਧੂਰੇ ਕੰਮ ਨੂੰ ਸੋਰਠ ਰਾਗ ਤੋਂ ਅੱਗੇ ਗਿਆਨੀ ਮਹਿੰਦਰ ਸਿੰਘ ਰਤਨ ਲਾਸਾਨੀ ਸੋਧਕ ਵਲੋਂ ਸੰਪੂਰਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚੋਂ ਛੇ ਪੋਥੀਆਂ ਦੀ ਛਪਾਈ ਸਾਰੰਗ ਲੋਕ, ਫੇਜ਼ ੨, ਮੁਹਾਲੀ ਵਲੋਂ ਕੀਤੀ ਗਈ ਹੈ ਅਤੇ ਤਿੰਨ ਹੋਰ ਪੋਥੀਆਂ ਉਨ੍ਹਾਂ ਵਲੋਂ ਛਾਪੀਆਂ ਜਾ ਰਹੀਆਂ ਹਨ।

ਆਧੁਨਿਕ ਟੀਕਾਕਾਰੀ ਵਿਚ ਮਹਾਨ ਯੱਤਨ ਯੁਗ ਪੁਰਸ਼ ਪ੍ਰੋ. ਸਾਹਿਬ ਸਿੰਘ ਜੀ ਵਲੋਂ ਕੀਤਾ ਗਿਆ ਹੈ। ਦਰਅਸਲ ਉਨ੍ਹਾਂ ਵਲੋਂ ਕੀਤਾ ਗਿਆ ਇਹ ਟੀਕਾ ਗੁਰਬਾਣੀ ਟੀਕਾਕਾਰੀ ਵਿਚ ਇਕ ਮੀਲ ਪੱਥਰ ਹੈ। ਇਸ ਟੀਕੇ ਤੋਂ ਪਹਿਲਾਂ ਗੁਰਬਾਣੀ ਦੀ ਵਿਆਖਿਆ ਕਰਨ ਲਗਿਆਂ ਬਾਣੀ ਦੇ ਕਈ ਕਈ ਅਰਥ ਕੀਤੇ ਜਾਂਦੇ ਸਨ ਜਿਸ ਨਾਲ ਸਿੱਖ ਪੰਥ ਵਿਚ ਬਾਣੀ ਸੰਬੰਧੀ ਬੇਅੰਤ ਭਰਮ ਭੁਲੇਖੇ ਪੈਦਾ ਹੁੰਦੇ ਰਹਿੰਦੇ ਸਨ। ਪ੍ਰੋ. ਸਾਹਿਬ ਸਿੰਘ ਜੀ ਨੇ ਸਭ ਤੋਂ ਪਹਿਲਾਂ ਕਰੜੀ ਮਿਹਨਤ ਕਰਕੇ ਗੁਰਬਾਣੀ ਦੀ ਵਿਆਕਰਣ ਤਿਆਰ ਕੀਤੀ ਅਤੇ ਫਿਰ ਇਸੇ ਵਿਆਕਰਣਿਕ ਨਿਯਮਾਂ ਅਨੁਸਾਰ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਕੇ , 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਅਧੀਨ' ਦਸ ਪੋਥੀਆਂ ਵਿਚ ਛਪਵਾਇਆ। ਇਹ ਟੀਕਾ ਵਿਗਿਆਨਕ ਲ਼ੀਹਾਂ ਤੇ ਲਿਖਿਆ ਹੋਣ ਕਰਕੇ ਸਿੱਖ ਪੰਥ ਵਿਚ ਅਤਿਅੰਤ ਮਕਬੂਲ ਹੋਇਆ ਅਤੇ ਗੁਰਬਾਣੀ ਵਿਆਖਿਆ ਦੀ ਇਕ ਨਵੀਂ ਪ੍ਰਣਾਲੀ ਦਾ ਆਰੰਭ ਹੋਇਆ।

ਗਿਆਨੀ ਕ੍ਰਿਪਾਲ ਸਿੰਘ ਜੀ ਸੇਵਾ ਪੰਥੀ , ਸੱਤੋ ਵਾਲੀ ਗਲੀ, ਅੰਮ੍ਰਿਤਸਰ ਵਲੋਂ ਵੀ , 'ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਨਾਂ ਅਧੀਨ ਅੱਠ ਸੈਂਚੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਟੀਕਾ ਸੰਨ ੧੯੯੪ ਵਿਚ ਛਪਵਾਇਆ ਗਿਆ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਵਲੋਂ ਵੀ ਇਸ ਪਾਸੇ ਯਤਨ ਆਰੰਭਿਆ ਗਿਆ ਸੀ। ਪਰ ਕੁਝ ਕੁ ਬਾਣੀਆਂ ਦਾ ਟੀਕਾ ਕਰਕੇ (ਜੋ ਦੋ ਸੈਂਚੀਆਂ ਵਿਚ ਛਪਿਆ) ਆਪ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ।

ਸ. ਮਨਮੋਹਨ ਸਿੰਘ ਜੀ ਐਡਵੋਕੇਟ, ਚੰਡੀਗੜ੍ਹ ਵਲੋਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਇਕੱਠਿਆਂ ਹੀ

ਕੀਤਾ ਗਿਆ ਟੀਕਾ ਜਿਸ ਨੂੰ ਅੱਠ ਜਿਲਦਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਹਿਲੀ ਵਾਰੀ ੧੯੬੨ ਵਿਚ ਛਪਵਾਇਆ ਗਿਆ ਵੀ ਇਕ ਅਤਿ ਸ਼ਲਾਘਾਯੋਗ ਕਦਮ ਹੈ।

ਗਿਆਨੀ ਹਰਬੰਸ ਸਿੰਘ ਜੀ ਪਟਿਆਲੇ ਵਾਲਿਆਂ ਵਲੋਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ, 'ਅਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ' ਵੀਹ ਪੱਚੀ ਸਾਲਾਂ ਦੀ ਮਿਹਨਤ ਨਾਲ ਸੰਨ ੧੯੮੨ ਵਿਚ ਸ਼ੁਰੂ ਕਰਕੇ ੧੯੯੨ ਵਿਚ ਸੰਪੂਰਨ ਕਰਕੇ ੧੪ ਪੋਥੀਆਂ ਛਪਵਾਇਆ ਗਿਆ। ਇਸ ਵਿਚ ਤੁਲਨਾਤਮਕ ਅਧਿਐਨ ਰਾਹੀਂ ਗੁਰਬਾਣੀ ਦੇ ਅਰਥ ਕਰਨ ਦੇ ਯਤਨ ਕੀਤੇ ਗਏ ਹਨ। ਇਹ ਇਕ ਚੰਗਾ ਉੱਦਮ ਹੈ ਜਿਸ ਤੋਂ ਗੁਰਬਾਣੀ ਦੇ ਪਾਠਕਾਂ ਨੂੰ ਸੁਯੋਗ ਅਗਵਾਈ ਮਿਲਦੀ ਹੈ।

ਪੰਜਾਬੀ ਦੇ ਸਥਾਪਿਤ ਵਿਦਵਾਨ ਡਾ. ਰਤਨ ਸਿੰਘ ਜੀ ਜੱਗੀ ਵਲੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਟੀਕਾ ੨੦੦੭ ਵਿਚ ਸੰਪੂਰਨ ਕੀਤਾ ਗਿਆ ਹੈ। ਇਸ ਨੂੰ ਪੰਜ ਭਾਗਾਂ ਵਿਚ ਆਰਸੀ ਪਬਲਿਸ਼ਰਜ਼ ਵਲੋਂ ਛਾਪਿਆ ਗਿਆ ਹੈ। ਇਹ ਵੀ ਅਤਿਅੰਤ ਸੁਲਝੀ ਹੋਈ ਭਾਸ਼ਾ ਵਿਚ, ਵਿਗਿਆਨਕ ਲੀਹਾਂ ਤੇ ਕੀਤਾ ਗਿਆ ਸੁਯੋਗ ਯਤਨ ਹੈ ਜੋ ਪਾਠਕਾਂ ਲਈ ਅਤਿਅੰਤ ਲਾਭਕਾਰੀ ਹੈ।

ਸਿੰਧੀ ਭਾਈਚਾਰੇ ਦੀ ਪ੍ਰਤੀਨਿਧਤਾ ਕਰਦੇ ਭਾਈ ਲਕਸ਼ਮਣ ਚੇਲਾ ਰਾਮ ਦੁਆਰਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਨ੍ਹਾਂ ਦੇ ਹਿੰਦੀ ਟੀਕੇ ਤੋਂ ਪੰਜਾਬੀ ਵਿਚ ਕੀਤਾ ਅਨੁਵਾਦ ਪ੍ਰਾਪਤ ਹੈ।

ਵਿਦੇਸ਼ੀਆਂ ਵਲੋਂ ਅੰਗ੍ਰੇਜ਼ੀ ਵਿਚ ਅਰਨਸਟ ਟ੍ਰੰਪ (The Adi Granth ੧੮੭੭) ਵਲੋਂ ਪੂਰਾ ਟੀਕਾ ਅਤੇ ਮੈਕਾਲਿਫ਼ ਵਲੋਂ ਕੁਝ ਕੁ ਬਾਣੀਆਂ ਦੇ ਟੀਕੇ ਕੀਤੇ ਗਏ। ਸ. ਨਿਹਾਲ ਸਿੰਘ, ਸ. ਖੁਸ਼ਵੰਤ ਸਿੰਘ, ਸ. ਸੋਹਣ ਸਿੰਘ, ਭਾਈ ਜੋਧ ਸਿੰਘ, ਪ੍ਰੋ. ਤੇਜਾ ਸਿੰਘ ਆਦਿਕ ਵਲੋਂ ਵੀ ਕੁਝ ਕੁ ਬਾਣੀਆਂ ਦੇ ਟੀਕੇ ਕੀਤੇ ਗਏ। ਡਾ. ਗੋਪਾਲ ਸਿੰਘ ਜੀ ਵਲੋਂ (Sri Guru Granth Sahib ੧੯੬੦) ਚਾਰ ਜਿਲਦਾਂ ਵਿਚ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਛਪਵਾਇਆ ਗਿਆ। ਸ. ਮਨਮੋਹਨ ਸਿੰਘ ਜੀ ਦੇ ਅੰਗ੍ਰੇਜ਼ੀ ਟੀਕੇ ਦਾ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਿਆ ਹੈ।

ਅੰਗ੍ਰੇਜ਼ੀ ਦੇ ਪ੍ਰਸਿੱਧ ਵਿਦਵਾਨ ਪ੍ਰੋ. ਗੁਰਬਚਨ ਸਿੰਘ ਜੀ ਤਾਲਿਬ ਵਲੋਂ ਅੰਗ੍ਰੇਜ਼ੀ ਵਿਚ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਟੀਕਾ (Siri Guru Granth Sahib) ਵੀ ਅਤਿ ਮਹੱਤਵਪੂਰਣ ਹੈ। ਇਸ ਨੂੰ ਚਾਰ ਜਿਲਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਨਿਗਰਾਨੀ ਹੇਠ, ਚਾਰ ਜਿਲਦਾਂ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ੧੯੯੦ ਵਿਚ ਛਪਵਾਇਆ ਗਿਆ ਸੀ।

ਸ. ਗੁਰਬਚਨ ਸਿੰਘ ਜੀ ਮਾਕਿਨ, ਚੰਡੀਗੜ੍ਹ (The Essence of Sri Guru Granth Sahib), ਵਲੋਂ ਪੰਜ ਭਾਗਾਂ ਵਿਚ ਸੰਨ ੨੦੦੦ ਵਿਚ ਛਪਵਾਇਆ ਟੀਕਾ ਅਤੇ ਸ. ਪ੍ਰੀਤਮ ਸਿੰਘ ਜੀ ਚਾਹਲ ਵਲੋਂ ਚਾਰ ਭਾਗਾਂ ਵਿਚ ਛਪਵਾਏ ਸੰਪੂਰਨ ਟੀਕੇ ਵੀ ਬਹੁਤ ਸੁਯੋਗ ਯਤਨ ਹਨ।

ਮੇਰੇ ਅਤਿ ਸਤਿਕਾਰਯੋਗ ਡਾ. ਦਰਸ਼ਨ ਸਿੰਘ ਜੀ, ਚੰਡੀਗੜ੍ਹ, ਵਲੋਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਗਿਆ ਅੰਗ੍ਰੇਜ਼ੀ ਟੀਕਾ ਵੀ ਅਤਿੰਅਤ ਸ਼ਲਾਘਾਯੋਗ ਉੱਦਮ ਹੈ।

ਡਾ. ਸੰਤ ਸਿੰਘ ਜੀ (ਅਮਰੀਕਨ ਸਿੰਘ) ਵਲੋਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ੍ਰੇਜ਼ੀ ਟੀਕਾ ਵੀ ਵਰਨਣ ਯੋਗ ਹੈ। ਇਸ ਟੀਕੇ ਨੂੰ ਮੇਰੇ ਪਰਮ ਮਿੱਤਰ ਸਤਿਕਾਰਯੋਗ ਡਾ. ਕੁਲਬੀਰ ਸਿੰਘ ਜੀ ਥਿੰਦ,

ਕੈਲੀਫੋਰਨੀਆ, ਅਮਰੀਕਾ ਨਿਵਾਸੀ ਨੇ ਗੁਰਬਾਣੀ ਪਾਠਕਾਂ ਦੇ ਲਾਭ ਹਿੱਤ ਆਪਣੀ ਵੈਬ-ਸਾਈਟ ਤੇ ਵੀ ਪਾਇਆ ਹੋਇਆ ਹੈ।

ਹਿੰਦੀ ਵਿਚ ਡਾ. ਮਨਮੋਹਨ ਸਹਿਗਲ ਵਲੋਂ, 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਚਾਰ ਭਾਗਾਂ ਵਿਚ (੧੯੮੭) ਅਤੇ ਸਿੰਧੀ ਵਿਦਵਾਨ ਸ੍ਰੀ ਲਕਸ਼ਮਣ ਚੇਲਾ ਰਾਮ ਜੀ ਦੁਆਰਾ ਕੀਤਾ ਅਨੁਵਾਦ ਵੀ ਵਰਨਣ ਯੋਗ ਹਨ।

ਯੁਗ ਪੁਰਸ਼ ਸਵਰਗਵਾਸੀ ਭਾਈ ਸਾਹਿਬ ਹਰਿਭਜਨ ਸਿੰਘ ਯੋਗੀ ਜੀ ਦੇ ਪਿਆਰ ਕਰਨ ਵਾਲੇ ਅਮਰੀਕਨ ਸਿੰਘਾਂ ਨੇ ਯਤਨ ਕਰਕੇ ਸਪੈਨਿਸ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਤਿਆਰ ਕਰ ਲਿਆ ਹੈ। ਫ੍ਰੈਂਚ ਭਾਸ਼ਾ ਵਿਚ ਡਾ. ਜਰਨੈਲ ਸਿੰਘ ਜੀ ਵਲੋਂ ਚਾਰ ਸੈਂਚੀਆਂ ਵਿਚ ੧੯੯੬ ਵਿਚ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਂ ਅਧੀਨ ਛਪਵਾਇਆ ਗਿਆ ਹੈ। ਇਨ੍ਹਾਂ ਵਲੋਂ ਹੀ ਜਰਮਨ ਭਾਸ਼ਾ ਵਿਚ ਵੀ ਅਨੁਵਾਦ ਕੀਤਾ ਗਿਆ ਹੈ।

ਮੈਂ ਆਪਣੇ ਫਰਜ਼ ਵਿਚ ਕੋਤਾਹੀ ਕਰ ਰਿਹਾ ਹੋਵਾਂਗਾ ਜੇਕਰ ਰਿਸ਼ੀ-ਰੂਪ ਡਾ. ਗੁਰਚਰਨ ਸਿੰਘ ਜੀ ਵਲੋਂ ਇਸ ਪਾਸੇ, ਸਾਰੇ ਜੀਵਨ ਦੀ ਕੀਤੀ ਕਰੜੀ ਘਾਲ ਕਮਾਈ ਦਾ ਜ਼ਿਕਰ ਨਾਂ ਕਰਾਂ। ਡਾ. ਸਾਹਿਬ ਵਲੋਂ ਪਹਿਲਾਂ ਵਿਗਿਆਨਕ ਲੀਹਾਂ ਤੇ ਬਹੁਤ ਸਾਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਨੁਕ੍ਰਮਿਣਕਾ ਤਿਆਰ ਕੀਤੀ ਗਈ, ਜਿਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦੋ ਭਾਗਾਂ ਵਿਚ ਛਾਪਿਆ। ਫਿਰ ਆਪ ਜੀ ਨੇ ਇਸੇ ਆਧਾਰ ਤੇ ੨੨੩੯ ਪੰਨਿਆਂ ਵਿਚ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਦੋ ਜਿਲਦਾਂ ਵਿਚ ਨਵੰਬਰ ੨੦੦੧ ਵਿਚ ਪੂਰਾ ਕੀਤਾ ਗਿਆ। ਇਸ ਨੂੰ ੨੦੦੨ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤਾ ਗਿਆ। ਇਸ ਨਾਲ ਟੀਕਾਕਾਰੀ ਵਿਚ ਨਵੀਆਂ ਸੰਭਾਵਨਾਵਾਂ ਸਾਹਮਣੇ ਆਈਆਂ ਹਨ।

ਹਥਲਾ ਯਤਨ: ਉਪਰਲੇ ਸਭ ਯਤਨਾਂ ਦੇ ਬਾਵਜੂਦ ਅਮਰੀਕਾ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਉਣ ਦੀ ਸੇਵਾ ਕਰਦਿਆਂ ਕੁਝ ਕੁ ਹੋਰ ਲੋੜਾਂ ਮਹਿਸੂਸ ਹੋਈਆਂ। ਇਨ੍ਹਾਂ ਦਾ ਜ਼ਿਕਰ ਮੈਂ ਆਪਣੇ ਸਤਿਕਾਰ ਯੋਗ ਅਧਿਆਪਕ ਡਾ. ਬਲਕਾਰ ਸਿੰਘ ਜੀ, ਡਾ. ਕਿਹਰ ਸਿੰਘ ਜੀ ਅਤੇ ਛੋਟੇ ਵੀਰ ਸਤਿਕਾਰ ਯੋਗ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨਾਲ ਕੀਤਾ ਤਾਂ ਉਨ੍ਹਾਂ ਨੇ ਇਸ ਪਾਸੇ ਵਲ ਕੰਮ ਕਰਨ ਲਈ ਪ੍ਰੇਰਿਆ।

ਸ੍ਰੀ ਗੁਰ ਗ੍ਰੰਥ ਸਾਹਿਬ ਜੀ ਦੀ ਬਾਣੀ ਅਥਾਹ ਸਾਗਰ ਦੀ ਨਿਆਈਂ ਹੈ ਜਿਸ ਦੀਆਂ ਗਹਿਰਾਈਆਂ ਦੀ ਥਾਹ ਪਾਉਣੀ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਆਪਣੇ ਵਿਦਿਆਰਥੀਆਂ ਨਾਲ ਵਿਚਾਰ ਕਰਦਿਆਂ ਕਈ ਸ਼ਬਦਾਂ ਦੇ ਉਚਾਰਣ ਅਤੇ ਉਨ੍ਹਾਂ ਦੇ ਅਰਥਾਂ ਵਿਚ ਮੁਸ਼ਕਿਲ ਆਉਂਦੀ ਸੀ। ਬਹੁਤੀ ਵਾਰੀ ਸ਼ਬਦ ਦਾ ਸਮੁੱਚਾ ਭਾਵ ਤਾਂ ਸਪਸ਼ਟ ਹੁੰਦਾ ਸੀ ਪਰ ਉਨ੍ਹਾਂ ਪੰਕਤੀਆਂ ਵਿਚ ਆਏ ਸ਼ਬਦਾਂ ਦੇ ਸਹੀ ਅਰਥਾਂ ਨੂੰ ਸਮਝਣ ਵਿਚ ਮੁਸ਼ਕਿਲ ਆਉਂਦੀ ਸੀ। ਸਾਰਿਆਂ ਟੀਕਿਆਂ ਨੂੰ ਵਾਚਣ ਤੋਂ ਵੀ ਇਹ ਸਮੱਸਿਆ ਕਈ ਵਾਰੀ ਹੱਲ ਨਹੀਂ ਸੀ ਹੁੰਦੀ। ਇਨ੍ਹਾਂ ਲੋੜਾਂ ਵਿਚੋਂ ਹੀ ਇਹ ਯਤਨ ਸਤਿਗੁਰੂ ਦੀ ਕ੍ਰਿਪਾ ਨਾਲ ਆਰੰਭਿਆ ਗਿਆ ਹੈ।

ਉਚਾਰਣ ਕੋਸ਼: ਇਸ ਟੀਕੇ ਵਿਚ ਗੁਰਬਾਣੀ ਦੇ ਮੂਲ ਪਾਠ ਦੇ ਨਾਲ ਹੀ ਬਰੈਕਟ ਵਿਚ ਛੋਟੇ ਅੱਖਰਾਂ ਵਿਚ ਉਚਾਰਣ ਸੇਧ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਗੁਰਬਾਣੀ ਦੇ ਸ਼ੁੱਧ ਪਾਠ ਕਰਨ ਵਿਚ

ਸਹਾਇਤਾ ਮਿਲ ਸਕੇ। ਉਚਾਰਣ ਵੇਲੇ ਜਿਥੇ ਵੀ ਬਿਸਰਾਮਾਂ ਦੀ ਲੋੜ ਹੈ ਉਥੇ ਪਾਠਕਾਂ ਦੀ ਸਹੂਲਤ ਲਈ (,) ਕੌਮੇ ਦਾ ਚਿਨ੍ਹ ਲਗਾਇਆ ਗਿਆ ਹੈ। ਗੁਰਬਾਣੀ ਪਾਠ ਦੇ ਉਚਾਰਣ ਨੂੰ ਹੋਰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਸਟੂਡੀਓ ਵਿਚ ਪਾਠ ਦੀ ਰਿਕਾਰਡਿੰਗ ਕਰਵਾਈ ਗਈ ਹੈ। ਇਸ ਰਿਕਾਰਡਿੰਗ ਨੂੰ ਮੂਲ ਪਾਠ ਨਾਲ ਮਿਲਾਕੇ ਆਧੁਨਿਕ ਤਕਨੀਕ ਨਾਲ ਪਾਠਕਾਂ ਦੇ ਲਾਭ ਹਿੱਤ ਸੀ.ਡੀਜ਼ ਵੀ ਤਿਆਰ ਕੀਤੀਆਂ ਜਾ ਰਹੀਆਂ ਹਨ।

ਅਰਥ ਕੋਸ਼: ਹਥਲੇ ਯਤਨ ਵਿਚ ਹਰ ਸ਼ਬਦ ਦੇ ਥਲੇ ਹੀ ਉਸਦਾ ਅਰਥ ਦੇਣ ਦਾ ਯਤਨ ਕੀਤਾ ਗਿਆ ਤਾਂ ਕਿ ਪਾਠ ਕਰਦਿਆਂ ਉਸ ਸ਼ਬਦ ਦਾ ਅਰਥ-ਬੋਧ ਵੀ ਨਾਲੋ ਨਾਲ ਹੀ ਹੋ ਜਾਵੇ। ਤੁਰੰਤ ਕਿਸੇ ਹੋਰ ਕੋਸ਼ ਨੂੰ ਵੇਖਣ ਦੀ ਲੋੜ ਨਾ ਪਵੇ।

ਅਰਥ ਬੋਧ: ਗੁਰਬਾਣੀ ਪਾਠ ਦੀ ਹਰ ਪੰਕਤੀ ਤੋਂ ਬਾਅਦ ਉਸ ਦਾ ਅਰਥ ਵੀ ਨਾਲੋ ਨਾਲ ਹੀ ਦੇਣ ਦਾ ਯਤਨ ਕੀਤਾ ਗਿਆ ਹੈ ਤਾਂਕਿ ਪਾਠਕਾਂ ਨੂੰ ਹਰ ਪੰਕਤੀ ਦਾ ਅਰਥ-ਬੋਧ ਵੀ ਨਾਲੋ ਨਾਲ ਹੁੰਦਾ ਜਾਵੇ। ਆਮ ਪਾਠਕਾਂ ਦੀ ਸਹੂਲਤ ਲਈ ਸ਼ਬਦਾਵਲੀ ਨੂੰ ਬਹੁਤ ਹੀ ਸਰਲ ਅਤੇ ਸਾਦਾ ਰਖਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਸਾਧਾਰਣ ਤੋਂ ਸਾਧਾਰਣ ਪਾਠਕ ਨੂੰ ਵੀ ਸਮਝਣ ਵਿਚ ਕੋਈ ਦਿੱਕਤ ਨਾ ਆਵੇ।

ਇਸ ਕਾਰਜ ਵਿਚ ਮੇਰੀ ਧਰਮ ਪਤਨੀ ਸ੍ਰੀ ਮਤੀ ਤ੍ਰਿਪਤ ਕੌਰ, ਭੈਣ ਜਗਦੀਸ਼ ਕੌਰ, ਵੀਰ ਕੰਵਲਜੀਤ ਸਿੰਘ (ਨੇਵੀ ਦੇ ਰਿਟਾਇਰਡ ਲੈਫਟੀਨੈਂਟ ਕਰਨਲ), ਮੇਰੀ ਬੇਟੀ ਬਖਸ਼ਿਸ਼ ਪ੍ਰੀਤ ਕੌਰ, ਸ. ਸੁਪ੍ਰੀਤ ਸਿੰਘ, ਲੈਕਚਰਾਰ, ਬਾਬਾ ਬੰਦਾ ਸਿੰਘ ਬਹਾਦਰ ਕਾਲਜ, ਅਤੇ ਸਹਾਇਕ ਨਵਜੋਤ ਕੌਰ ਵਲੋਂ ਸਹਿਯੋਗ ਪਾਇਆ ਜਾ ਰਿਹਾ ਹੈ। ਸਭਨਾਂ ਦਾ ਬਹੁਤ ਬਹੁਤ ਧੰਨਵਾਦ ਸਤਿਗੁਰੂ ਸਦ-ਖੁਸ਼ੀਆਂ ਬਖਸ਼ਣ।

ਆਪਣੇ ਅਤਿ ਸਤਿਕਾਰ ਯੋਗ ਬੀਜੀ ਜਿਨ੍ਹਾਂ ਬਚਪਨ ਤੋਂ ਉਂਗਲ ਲਾਕੇ ਸਿੱਖੀ ਦੇ ਪ੍ਰਕਾਸ਼ ਦੀਆਂ ਕਿਰਨਾਂ ਵਲ ਤੋਰਿਆ । ਇਸੇ ਵਿਚੋਂ ਇਹ ਯਤਨ ਹੋਇਆ। ਮਾਂ ਦੀ ਘਣ-ਛਾਂ ਲਈ ਸ਼ੁਕਰਗੁਜ਼ਾਰ ਹਾਂ।

ਡਾ. ਦੀਦਾਰ ਸਿੰਘ ਜੀ ਦਾ ਉਚੇਚੇ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਉਤਸ਼ਾਹ ਕਰਕੇ ਇਹ ਯਤਨ ਪਾਠਕਾਂ ਤਕ ਪਹੁੰਚ ਰਿਹਾ ਹੈ।

ਇਹ ਸਭ ਯਤਨ ਅਕਾਲ ਪੁਰਖ ਦੀ ਰਹਿਮਤ, ਸਤਿਗੁਰੂ ਸਾਹਿਬਾਨ ਅਤੇ ਗੁਰੂ ਖਾਲਸਾ ਪੰਥ ਦੀਆਂ ਅਸੀਸਾਂ ਨਾਲ ਹੋਇਆ ਹੈ। ਇਹ ਦਾਸਰਿਆਂ ਵਲੋਂ ਇਕ ਨਿਮਾਣਾ ਜਿਹਾ ਯਤਨ ਹੈ ਕੋਈ ਦਾਅਵਾ ਨਹੀਂ। ਧੁਰ ਕੀ ਬਾਣੀ ਦੀਆਂ ਗਹਿਰਾਈਆਂ ਨੂੰ ਸਮਝਣ ਲਈ ਜੁਗਾਂ ਜੁਗਾਂਤਰਾਂ ਤਕ ਯਤਨ ਹੁੰਦੇ ਰਹਿਣਗੇ। ਆਖਰੀ ਥਾਹ ਪਉਣੀ ਫਿਰ ਵੀ ਮੁਸ਼ਕਿਲ ਹੋਏਗੀ। ਇਹ ਨਿਮਾਣਾ ਜਿਹਾ ਯਤਨ ਕਰਦਿਆਂ ਕੂਕਰਾਂ ਵਲੋਂ ਹੋਈਆਂ ਬੇਅੰਤ ਭੁਲਾਂ ਲਈ ਚਰਨ ਧੂੜ ਸਮਝਕੇ ਬਖਸ਼ ਦੇਣਾ ਜੀ। ਸਤਿਗੁਰੂ ਬਖਸ਼ਿੰਦ ਹਨ। ਗੁਰੂ ਖ਼ਾਲਸਾ ਪੰਥ ਵੀ ਸਦਾ ਸਦਾ ਹੀ ਬਖਸ਼ਣਹਾਰ ਹੈ।

ਓਅੰਕਾਰ ਸਿੰਘ (ਡਾ.)

ਅੰਕ ੧

੧ਓ (ਇਕ ਓਅੰਕਾਰ)
ਇਕ ਪਰਮ-ਆਤਮਾ(ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।

ਸਤਿਨਾਮੁ *(ਸੱਤ ਨਾਮ)*
ਓਅੰਕਾਰ ਦਾ ਸਰੂਪ,ਭਾਵ ਪਰਮਾਤਮ ਹੋਂਦ, ਸਦਾ ਸੱਚ ਹੈ

ਕਰਤਾ
ਆਪਣੇ ਆਪ ਤੋਂ ਲੈਕੇ ਬ੍ਰਹਿਮੰਡ ਤਕ ਦਾ ਸਿਰਜਨਹਾਰ

ਪੁਰਖੁ(ਪੁਰਖ)
ਸਰਬ ਵਿਆਪਕ(ਹਸਤੀ)

ਨਿਰਭਉ
ਭੈ ਵਾਲੇ ਵਿਧਾਨ ਤੋਂ ਉਚੇਰਾ(ਓਅੰਕਾਰ)

ਨਿਰਵੈਰੁ *(ਨਿਰਵੈਰ)*
ਵੈਰ ਰਹਿਤ(ਓਅੰਕਾਰ)

ਅਕਾਲ
ਕਾਲ ਦੀ ਪਕੜ ਤੋਂ ਰਹਿਤ (ਤ੍ਰੈਕਾਲ-ਅਤੀਤ)

ਮੂਰਤਿ *(ਮੂਰਤ)*
ਸਰੂਪ, ਹਸਤੀ

ਅਜੂਨੀ
ਜਨਮ-ਮਰਣ ਤੋਂ ਰਹਿਤ

ਸੈਭੰ
ਆਪਣੇ ਆਪ ਤੋਂ ਪ੍ਰਕਾਸ਼ਿਤ

ਗੁਰ
ਗਿਆਨਮਈ ਗੁਰੂ ਸਰੂਪ (ਓਅੰਕਾਰ)

ਪ੍ਰਸਾਦਿ ॥ *(ਪ੍ਰਸਾਦ)*
ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀਂ, ਕਿਰਪਾ ਕਰਦਾ)

ਓਅੰਕਾਰ(ਪਰਮਾਤਮਾ) ਇਕ ਤੇ ਕੇਵਲ ਇਕ ਹੈ।ਇਸੇ ਲਈ ਸਾਹਿਬਾਂ ਨੇ ਓਅੰਕਾਰ ਤੋਂ ਪਹਿਲਾਂ ਗਿਣਤੀ ਵਾਲਾ ੧ ਲਿਖਕੇ ਇਸ ਨੂੰ ਦ੍ਰਿੜ੍ਹ ਕਰਵਾਇਆ ਹੈ। ਓਅੰਕਾਰ ਦੇ ਸਰੂਪ ਦੀ ਹੋਂਦ, (ਸਮੇਂ ਤੋਂ ਵੀ ਪਹਿਲਾਂ ਅਤੇ) ਸਦੀਵ ਕਾਲ ਤੋਂ ਹੈ। ਉਹ ਸਰਬ ਵਿਆਪਕ ਪੁਰਸ਼, ਸਾਰੇ ਬ੍ਰਹਿਮੰਡੀ ਵਜੂਦ ਦਾ ਸਿਰਜਨਹਾਰ ਹੈ, ਜੋ ਸ੍ਰਿਸ਼ਟੀ ਦੀ ਸਾਜਨਾ ਕਰਕੇ, ਆਪ ਉਸ ਵਿਚ ਸੁਭਾਇਮਾਨ ਵੀ ਹੈ।ਓਅੰਕਾਰ ਨੇ ਸਾਰੇ ਬ੍ਰਹਿਮੰਡ ਲਈ ਜੋ ਭੈ ਵਾਲਾ ਵਿਧਾਨ(ਸਗਲਿਆਂ ਭਉ ਲਿਖਿਆ ਸਿਰ ਲੇਖ) ਬਣਾਇਆ ਹੈ, ਆਪ ਉਸ ਤੋਂ ਉਚੇਰਾ ਹੈ।ਪਰਮਾਤਮਾ ਹਰ ਤਰ੍ਹਾਂ ਦੇ ਵੈਰ ਵਿਰੋਧ ਤੋਂ ਵੀ ਉਪਰ ਹੈ, ਅਥਵਾ ਸਮਦ੍ਰਿਸ਼ਟ ਹੈ। ਉਸਦਾ ਸਰੂਪ ਸਮੇਂ ਦੀ ਪਕੜ ਤੋਂ ਪਰ੍ਹੇ ਹੈ, ਸਮੇਂ ਦੀ ਕਿਰਿਆ ਉਸਦੇ ਸਰੂਪ ਨੂੰ ਪ੍ਰਭਾਵਿਤ ਨਹੀਂ ਕਰਦੀ। ਉਹ ਜਨਮ ਮਰਣ ਵਿਚ ਵੀ ਨਹੀਂ ਆਉਂਦਾ। ਉਸਦਾ ਪ੍ਰਕਾਸ਼ ਉਸਦੇ ਆਪੇ ਤੋਂ ਹੋਇਆ ਹੈ, ਭਾਵ ਉਹ ਸਵੈ-ਪ੍ਰਕਾਸ਼ਿਤ ਹੈ।(ਜਦੋਂ ਕੋਈ ਸਚਿਆਰ ਬਣਨ ਦੀ ਸਾਧਨਾ ਕਰਦਾ ਹੈ ਤਾਂ) ਗੁਰੂ ਸਰੂਪ ਓਅੰਕਾਰ, ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

॥ ਜਪੁ ॥

ਇਹ ਅਗੇ ਆਉਣ ਵਾਲੀ ਬਾਣੀ ਦਾ ਨਾਮ ਹੈ। ਜਪੁ ਦੇ ਅਰਥਾਂ ਤੋਂ ਸੰਕੇਤ ਹੈ, ਕਿ ਇਸ ਬਾਣੀ ਦਾ ਬਾਰ ਬਾਰ ਜਾਪ ਕਰਨਾ ਹੈ, ਤਾਂਕਿ ਅਕਾਲ ਪੁਰਖ ਦਾ ਅਨੁਭਵ ਅਤੇ ਸਿੱਖ ਸਿਧਾਂਤਾਂ ਦਾ ਬੁਨਿਆਦੀ ਤੌਰ ਤੇ ਬੋਧ ਹੋ ਸਕੇ।

ਆਦਿ *(ਆਦ)*
ਕਾਲ ਆਰੰਭ ਹੋਣ ਤੋਂ ਪਹਿਲਾਂ, ਮੁਢ ਤੋਂ ਹੀ

ਸਚੁ, *(ਸੱਚ)*
ਜਿਸਦੀ ਹੋਂਦ ਹੈ

ਜੁਗਾਦਿ *(ਜੁਗਾਦ)*
ਯੁਗ ਦੇ ਆਰੰਭ ਵਿਚ

ਸਚੁ ॥ *(ਸੱਚ)*
ਜਿਸਦੀ ਹੋਂਦ ਹੈ

ਉਹ ਸਰਬ-ਵਿਆਪਕ ਹਸਤੀ ਦੀ ਹੋਂਦ, ਸਰਬ ਬ੍ਰਹਿਮੰਡ ਦੀ ਰਚਨਾਂ ਤੋਂ ਪਹਿਲਾਂ ਅਥਵਾ ਕਾਲ ਆਰੰਭ ਹੋਣ ਤੋਂ ਪਹਿਲਾਂ ਵੀ ਸੀ, ਜੁਗਾਂ ਭਾਵ ਜਦੋਂ ਸਮੇਂ ਦੀ ਕਿਰਿਆ ਆਰੰਭ ਹੋਈ ਉਸ ਵੇਲੇ ਵੀ ਸੀ।....

ਹੈ	**ਭੀ**	**ਸਚੁ,** *(ਸੱਚ)*	**ਨਾਨਕ,**
ਵਰਤਮਾਨ ਵਿਚ	ਵੀ	ਜਿਸਦੀ ਹੋਂਦ ਹੈ	ਹੇ! ਨਾਨਕ

ਹੋਸੀ	**ਭੀ**	**ਸਚੁ ॥੧॥** *(ਸੱਚ)*
(ਭਵਿਖ ਵਿਚ) ਹੋਵੇਗੀ	ਵੀ	ਜਿਸਦੀ ਹੋਂਦ

...ਹੇ! ਨਾਨਕ! ਇਹ ਹੋਂਦ ਵਰਤਮਾਨ ਵਿਚ ਵੀ ਹੈ, ਅਤੇ ਭਵਿਖ ਵਿਚ ਵੀ ਸਦਾ ਸਦਾ ਲਈ ਰਹੇਗੀ। ਜਿਨ੍ਹਾਂ ਅਕਾਲ-ਪੁਰਖੀ ਅਤੇ ਸਿੱਖ ਸਿਧਾਂਤਾਂ ਨੂੰ ਸਾਹਿਬ ਜੀ ਨੇ, ਜਪੁ ਬਾਣੀ ਦੇ ਦਰਸ਼ਨ ਰਾਹੀਂ ਦ੍ਰਿੜ੍ਹ ਕਰਵਾਉਣਾ ਹੈ, ਉਸਦੀ ਹੋਂਦ, ਹਸਤੀ ਅਤੇ ਗੁਣਾਂ ਦੀ ਚਰਚਾ, ਮੂਲ ਮੰਤਰ ਅਤੇ ਇਸ ਆਰੰਭਕ ਸਲੋਕ ਵਿਚ ਕੀਤੀ ਹੈ। ਇਹ ਸਲੋਕ ਇਕ ਤਰ੍ਹਾਂ ਨਾਲ ਜਪੁ ਬਾਣੀ ਦੀ ਮੂਲ ਰਚਨਾ ਤੋਂ ਪਹਿਲਾਂ ਨਮਸਕਾਰ ਰੂਪੀ ਮੰਗਲਾਚਰਣ ਹੈ।

ਸੋਚੈ	**ਸੋਚਿ** *(ਸੋਚ)*	**ਨ** *(ਨਾਂ)*	**ਹੋਵਈ,**
ਸ਼ੌਚ(ਸੁੱਚ) ਰਾਹੀਂ	ਪਵਿੱਤਰਤਾ(ਆਤਮਿਕ)	ਨਹੀਂ	ਹੋ ਸਕਦੀ

ਜੇ	**ਸੋਚੀ** *(ਸੋਚੀਂ)*	**ਲਖ ਵਾਰ ॥**
ਭਾਵੇਂ,ਬੇਸ਼ਕ	(ਮੈਂ) ਸੁੱਚ ਰਖਾਂ	ਲੱਖਾਂ ਵਾਰੀ, ਭਾਵ ਅਣਗਿਣਤ ਵਾਰ

ਭਾਵੇਂ ਮੈਂ ਸਰੀਰ ਨੂੰ ਪਵਿੱਤਰ ਰੱਖਣ ਦੀਆਂ ਬਾਹਰੀ ਕ੍ਰਿਆਵਾਂ (ਤੀਰਥ ਇਸ਼ਨਾਨ ਅਤੇ ਸੁੱਚਮ ਆਦਿਕ) ਨੂੰ ਲੱਖਾਂ ਵਾਰੀ ਵੀ ਕਰ ਲਵਾਂ ਤਾਂ ਵੀ ਸੱਤ-ਅਨੁਭਵ ਵਾਲੀ ਆਤਮਿਕ ਪਵਿੱਤਰਤਾ ਨਹੀਂ ਹੋ ਸਕਦੀ।...

ਚੁਪੈ,	**ਚੁਪ**	**ਨ** *(ਨਾਂ)*	**ਹੋਵਈ,**
ਚੁੱਪ ਰਹਿਣ ਨਾਲ	ਖਾਮੋਸ਼ੀ (ਮਨ ਦਾ ਟਿਕਾਉ)	ਨਹੀਂ	ਹੋ ਸਕਦੀ

ਜੇ	**ਲਾਇ**	**ਰਹਾ** *(ਰਹਾਂ)*	**ਲਿਵ ਤਾਰ ॥**
ਭਾਵੇਂ,ਬੇਸ਼ਕ	ਲਾਕੇ, ਲਗਾ ਕੇ	ਰਵ੍ਹਾਂ,ਰਹਾਂ	ਅਖੰਡ ਲਿਵ, ਇਕ-ਰਸ ਸਮਾਧੀ

...ਭਾਵੇਂ ਮੈਂ ਨਿਰੰਤਰ ਇਕ ਰਸ ਚੁੱਪ-ਸਮਾਧੀ ਲਗਾ ਕੇ ਰਖਾਂ, ਤਾਂ ਵੀ (ਸਚਿਆਰ ਬਣਨ ਵਾਸਤੇ) ਮਨ ਦਾ ਟਿਕਾਉ ਨਹੀਂ ਹੋ ਸਕਦਾ।...

ਭੁਖਿਆ, *(ਭੁਖਿਆਂ)*	**ਭੁਖ**	**ਨ** *(ਨਾਂ)*	**ਉਤਰੀ,**
ਭੁੱਖੇ ਰਹਿਣ ਨਾਲ	ਆਤਮਿਕ ਭੁੱਖ, ਪ੍ਰਭੂ ਮਿਲਣ ਦੀ ਚਾਹਿਤ	ਨਹੀਂ	ਉਤਰ ਸਕਦੀ

ਅੰਕ ੧

ਜੇ	ਬੰਨਾ *(ਬੰਨ੍ਹਾਂ)*	ਪੁਰੀਆ *(ਪੁਰੀਆਂ)*
ਭਾਵੇਂ, ਬੇਸ਼ਕ	ਬੰਨ੍ਹ ਲਵਾਂ,ਰੋਕ ਲਵਾਂ	ਪੂਰਯ, ਭਰਣ ਯੋਗ,ਭਰਨ ਲਾਇਕ

ਭਾਰ ॥
ਭੋਜਨ ਕਰਨ ਵਾਲੀਆਂ ਵਸਤੂਆਂ ਦਾ ਭਾਰ (ਵਜ਼ਨ)

...ਭੁਖਿਆਂ ਰਹਿਣ ਨਾਲ ਭਾਵ ਭੁਖਾਂ ਕੱਟਣ ਜਾਂ ਵਰਤ ਆਦਿ ਰਖਣ ਨਾਲ ਪਰਮਾਤਮਾ ਨੂੰ ਮਿਲਣ ਦੀ ਆਤਮਿਕ ਭੁੱਖ ਪੁਰੀ ਨਹੀਂ ਹੋ ਸਕਦੀ, ਭਾਵੇਂ ਭੁਖਿਆਂ ਰਹਿਣ ਦੀ ਕਿਰਿਆ ਲਈ ਕੋਈ ਸਰੀਰ ਦੇ ਉਨ੍ਹਾਂ ਅੰਗਾਂ ਨੂੰ ਹੀ ਬੰਨ੍ਹ ਲਏ ਜਾਂ ਰੋਕ ਲਏ ਜਿਨ੍ਹਾਂ ਵਿਚ ਖੁਰਾਕ ਆਦਿ ਪਹੁੰਚਣੀ ਹੁੰਦੀ ਹੈ। (ਯੋਗੀ ਆਦਿ ਲੋਕ ਆਧਿਆਤਮਕ ਪ੍ਰਾਪਤੀ ਲਈ ਯੋਗ ਅਭਿਆਸ ਰਾਹੀਂ ਹਠ-ਨਿਗ੍ਰਹ ਦੁਆਰਾ, ਇੰਦ੍ਰੀਆਂ ਨੂੰ ਬੰਨ੍ਹ, ਭਾਵ ਵਸ ਵਿਚ ਕਰ ਲਿਆ ਕਰਦੇ ਸਨ। ਲੰਬੇ ਸਮੇਂ ਲਈ ਬਿਨਾਂ ਭੋਜਨ ਤੋਂ ਰਹਿੰਦੇ ਸਨ)...

ਸਹਸ	ਸਿਆਣਪਾ *(ਸਿਆਣਪਾਂ)*	ਲਖ	ਹੋਹਿ, *(ਹੋਹਿਂ)*
ਹਜ਼ਾਰਾਂ	ਚਤਰਾਈਆਂ/ਹੁਜਤਾਂ	ਲੱਖਾਂ, ਭਾਵ ਅਣਗਿਣਤ	ਹੋਣ

ਤ *(ਤਾਂ)*	ਇਕ	ਨ *(ਨਾਂ)*	ਚਲੈ	ਨਾਲਿ ॥ *(ਨਾਲ)*
ਤਦ ਵੀ	ਇਕ ਵੀ ਚਤੁਰਾਈ	ਨਹੀਂ	ਚਲਦੀ/ਜਾਂਦੀ	ਸੰਗ,ਸਾਥ

...ਜੇ ਕਿਸੇ ਮਨੁੱਖ ਵਿਚ ਅਣਗਿਣਤ (ਬ੍ਰਾਹਮਣੀ ਵਾਦ-ਵਿਵਾਦੀ) ਬੌਧਿਕ ਚਤੁਰਾਈਆਂ ਵੀ ਹੋਣ ਤਦ ਵੀ ਸਚਿਆਰ ਬਣਨ ਵਾਲੇ ਅਧਿਆਤਮਕ-ਮਾਰਗ ਵਿਚ, ਇਹ ਇਕ ਵੀ ਨਾਲ ਨਹੀਂ ਚਲਦੀ, ਭਾਵ ਸਹਾਈ ਨਹੀਂ ਹੁੰਦੀ।...

ਕਿਵ *(ਕਿੰਵ)*	ਸਚਿਆਰਾ	ਹੋਈਐ,
ਕਿਵੇਂ	ਸੱਚ ਨੂੰ ਧਾਰਨ ਕਰਨ ਵਾਲਾ, ਸਤਿਅਨੁਯਾਈ	ਹੋ ਸਕੀਦਾ ਹੈ

ਕਿਵ *(ਕਿੰਵ)*	ਕੂੜੈ	ਤੁਟੈ	ਪਾਲਿ ॥ *(ਪਾਲ)*
ਕਿਵੇਂ	ਕੂੜ ਦੀ, ਅਸਤਿ ਦੀ	ਟੁੱਟ ਜਾਵੇ,ਖਤਮ ਹੋ ਜਾਵੇ	ਕੰਧ,ਪਰਦਾ

...(ਜੇ ਇਨ੍ਹਾਂ ਕਰਮਕਾਂਡੀ ਵਿਧੀਆਂ ਦੁਆਰਾ ਅਧਿਆਤਮਕ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ ਜਾਂ ਸੱਚ ਦੇ ਪ੍ਰਕਾਸ਼ ਲਈ ਯੋਗ ਨਹੀਂ ਹੋ ਸਕੀਦਾ) ਤਾਂ ਫਿਰ ਕਿਵੇਂ ਸਚਿਆਰ ਅਥਵਾ ਸੱਚ ਵਰਗੇ ਹੋ ਸਕੀਦਾ ਹੈ? ਧਰਮ-ਸਾਧਨਾ ਰਾਹੀਂ ਸਚਿਆਰ ਬਣਨ ਵਿਚ ਕੂੜ ਦੀਆਂ ਜਿਹੜੀਆਂ ਪਰਵਿਰਤੀਆਂ ਮਨੁੱਖ ਦੇ ਆਲੇ ਦੁਆਲੇ ਕੰਧ ਬਣਕੇ ਖੜੀਆਂ ਹਨ, ਉਹ ਕਿਵੇਂ ਟੁੱਟ ਸਕਦੀਆਂ ਹਨ?...

ਹੁਕਮਿ *(ਹੁਕਮ)*	ਰਜਾਈ *(ਰਜ਼ਾਈ)*	ਚਲਣਾ,
ਪਰਮਾਤਮ ਆਗਿਆ ਵਿਚ	ਰਜ਼ਾ ਵਾਲਾ, ਰਜ਼ਾ ਦਾ ਮਾਲਕ	ਤੁਰਨਾ

ਅੰਕ ੧

ਨਾਨਕ,	ਲਿਖਿਆ	ਨਾਲਿ ॥੧॥ *(ਨਾਲ)*
ਹੇ ! ਨਾਨਕ	ਲਿਖ ਦਿਤਾ,ਅੰਕਿਤ ਕੀਤਾ	ਸੰਗ, ਸਾਥ

...(ਸੱਚ ਦੇ ਪਰਕਾਸ਼ ਲਈ ਯੋਗ ਹੋਣ ਵਾਸਤੇ ਇਕੋ ਇਕ ਵਿਧੀ ਬਾਰੇ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ) ਹੇ ! ਨਾਨਕ ! ਜੀਵ ਨੂੰ ਪਰਮਾਤਮ-ਆਗਿਆ ਵਿਚ ਭਾਵ ਉਸ ਈਸ਼ਵਰੀ ਵਿਧਾਨ, ਜੋ ਬ੍ਰਹਿਮੰਡ ਦੀ ਰਚਨਾ ਵੇਲੇ ਨਾਲ ਹੀ ਲਿਖ ਦਿਤਾ ਗਿਆ ਸੀ, ਅਨੁਸਾਰ ਤੁਰਨਾ ਚਾਹੀਦਾ ਹੈ, ਭਾਵ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਹੁਕਮੀ	ਹੋਵਨਿ *(ਹੋਵਨ)*	ਆਕਾਰ,
ਈਸ਼ਵਰੀ ਵਿਧਾਨ ਅਨੁਸਾਰ	ਹੋਂਦ ਵਿਚ ਆਉਂਦੇ ਹਨ	ਸਰੂਪ,ਵਜੂਦ

ਹੁਕਮ *(ਹੁਕਮ)*	ਨ *(ਨਾਂ)*	ਕਹਿਆ	ਜਾਈ ॥
ਈਸ਼ਵਰੀ ਵਿਧਾਨ	ਨਹੀਂ	ਦਸਿਆ	ਜਾ ਸਕਦਾ

ਪਰਮਾਤਮਾ ਦੇ ਦੈਵੀ-ਵਿਧਾਨ ਅਨੁਸਾਰ, ਇਸ ਸਾਰੇ ਦ੍ਰਿਸ਼ਟਮਾਨ ਪਸਾਰੇ ਦਾ ਨਿਰਮਾਣ ਹੋਇਆ ਹੈ, ਪਰ ਇਸ ਮਹਾਂ-ਨਿਯਮ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ। ਭਾਵ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ।...

ਹੁਕਮੀ	ਹੋਵਨਿ *(ਹੋਵਨ)*	ਜੀਅ,
ਈਸ਼ਵਰੀ ਵਿਧਾਨ ਅਨੁਸਾਰ	ਹੋਂਦ ਵਿਚ ਆਉਂਦੇ ਹਨ	ਜੀਵ ਜੰਤ(ਅੰਡਜ,ਜੇਰਜ, ਸੇਤਜ, ਉਤਭੁਜ)

ਹੁਕਮਿ *(ਹੁਕਮ)*	ਮਿਲੈ	ਵਡਿਆਈ ॥
ਈਸ਼ਵਰੀ ਵਿਧਾਨ ਅਨੁਸਾਰ	ਮਿਲਦੀ ਹੈ	ਆਦਰ, ਮਾਣ

...ਈਸ਼ਵਰੀ-ਵਿਧਾਨ ਅਨੁਸਾਰ ਹੀ ਬ੍ਰਹਿਮੰਡ ਦੇ ਸਾਰੇ ਜੀਵ-ਜੰਤ ਹੋਂਦ ਵਿਚ ਆਉਂਦੇ ਹਨ, ਅਤੇ ਇਸ ਅਨੁਸਾਰ ਹੀ ਉਨ੍ਹਾਂ ਨੂੰ ਮਾਣ ਵਡਿਆਈ ਮਿਲਦੀ ਹੈ।...

ਹੁਕਮੀ	ਉਤਮੁ *(ਉੱਤਮ)*	ਨੀਚ,
ਈਸ਼ਵਰੀ ਵਿਧਾਨ ਅਨੁਸਾਰ	ਅਤਿ-ਸ੍ਰੇਸ਼ਟ, ਅਤਿ-ਚੰਗੇ	ਨੀਵੇਂ, ਭੈੜੇ

ਹੁਕਮਿ *(ਹੁਕਮ)*	ਲਿਖਿ *(ਲਿਖ)*	ਦੁਖ
ਈਸ਼ਵਰੀ ਵਿਧਾਨ ਅਨੁਸਾਰ	ਲਿਖੇ ਅਨੁਸਾਰ	ਤਕਲੀਫ਼

ਸੁਖ	ਪਾਈਅਹਿ ॥ *(ਪਾਈਅਹਿੰ)*
ਖੁਸ਼ੀ, ਪ੍ਰਸੰਨਤਾ	ਪਾਈਦਾ ਹੈ, ਪ੍ਰਾਪਤ ਕਰੀਦਾ ਹੈ

ਅੰਕ ੧-੨

...ਰੱਬੀ ਨਿਯਮ ਅਨੁਸਾਰ ਹੀ (ਜੀਵ) ਚੰਗੇ ਤੇ ਭੈੜੇ ਬਣਦੇ ਹਨ, ਅਤੇ ਇਸ ਨਿਯਮ ਦੇ ਲਿਖੇ ਅਨੁਸਾਰ ਹੀ ਉਹ ਖੁਸ਼ੀਆਂ ਅਤੇ ਤਕਲੀਫਾਂ ਭੋਗਦੇ ਹਨ।...

ਇਕਨਾ	**ਹੁਕਮੀ**		**ਬਖਸੀਸ,** *(ਬਖਸ਼ੀਸ਼)*
ਕਈਆਂ ਨੂੰ	*ਈਸ਼ਵਰੀ ਵਿਧਾਨ ਅਨੁਸਾਰ*		*ਬਖ਼ਸ਼ਿਸ਼, ਮਿਹਰ*
ਇਕਿ *(ਇਕ)*	**ਹੁਕਮੀ**	**ਸਦਾ**	**ਭਵਾਈਅਹਿ ॥** *(ਭਵਾਈਅਹਿਂ)*
ਕਈ, ਕੁਝ	*ਈਸ਼ਵਰੀ ਵਿਧਾਨ ਅਨੁਸਾਰ*	*ਹਮੇਸ਼ਾਂ*	*(ਜਨਮ ਮਰਨ ਦੇ ਗੇੜ ਵਿਚ) ਭਵਾਈਦੇ ਹਨ*

...ਪਰਮਾਤਮ-ਹੁਕਮ ਅਨੁਸਾਰ ਕਈਆਂ ਤੇ ਮਿਹਰ ਅਤੇ ਬਖਸ਼ਿਸ਼ ਹੋ ਜਾਂਦੀ ਹੈ, ਅਤੇ ਕਈ ਇਸ ਦੈਵੀ-ਨਿਯਮ ਅਨੁਸਾਰ ਹਮੇਸ਼ਾਂ (ਆਵਾਗਵਣ ਦੇ ਗੇੜ ਵਿਚ) ਭਵਾਏ ਜਾਂਦੇ ਹਨ।...

ਹੁਕਮੈ	**ਅੰਦਰਿ** *(ਅੰਦਰ)*	**ਸਭੁ** *(ਸਭ)*	**ਕੋ,**
ਈਸ਼ਵਰੀ ਵਿਧਾਨ	ਵਿਚ	ਸਾਰੇ, ਹਰ ਇਕ	ਕੋਈ
ਬਾਹਰਿ *(ਬਾਹਰ)*	**ਹੁਕਮ**	**ਨ** *(ਨਾਂ)*	**ਕੋਇ ॥** *(ਕੋਏ)*
ਅੰਦਰ ਦੇ ਉਲਟ	ਈਸ਼ਵਰੀ ਵਿਧਾਨ	ਨਹੀਂ	ਕੋਈ ਵੀ

...ਸਰਬ ਬ੍ਰਹਿਮੰਡ, ਉਸ ਈਸ਼ਵਰੀ-ਵਿਧਾਨ ਅਨੁਸਾਰ ਚਲ ਰਿਹਾ ਹੈ, ਕੁਝ ਵੀ ਇਸ ਹੁਕਮ ਤੋਂ ਬਾਹਰ ਨਹੀਂ।...

ਨਾਨਕ,	**ਹੁਕਮੈ**	**ਜੇ**	**ਬੁਝੈ,**
ਹੇ! ਨਾਨਕ	ਹੁਕਮ ਨੂੰ	ਜੇਕਰ	ਸਮਝ ਲਵੇ

ਤ *(ਤਾਂ)*	**ਹਉਮੈ**	**ਕਹੈ**	**ਨ** *(ਨਾਂ)*	**ਕੋਇ ॥੨॥** *(ਕੋਏ)*
ਤਦ	ਅਹੰਕਾਰ, ਮੈਂ ਮੇਰੀ ਦਾ ਭਾਵ	ਕਹਿੰਦਾ	ਨਹੀਂ	ਕੋਈ ਭਾਵ ਉਹ

....ਹੇ! ਨਾਨਕ! ਜੇ ਕੋਈ ਇਸ ਵਿਸਮਾਦੀ ਵਿਧਾਨ ਨੂੰ ਸਮਝ ਲਵੇ, ਤਾਂ ਫਿਰ ਉਹ ਅਹੰਕਾਰ ਗ੍ਰਸਤ ਹੋਕੇ ਗੱਲਾਂ ਨਹੀਂ ਕਰਦਾ।

ਗਾਵੈ	**ਕੋ**	**ਤਾਣ,** *(ਤਾਣ)*
ਗਾਉਂਦਾ ਹੈ	ਕੋਈ	ਬਲ, ਸ਼ਕਤੀ
ਹੋਵੈ	**ਕਿਸੈ**	**ਤਾਣੁ ॥** *(ਤਾਣ)*
ਜੇ ਹੋਏ	ਕਿਸੇ ਕੋਲ/ਵਿਚ	ਬਲ, ਸ਼ਕਤੀ

ਜੇ ਕਿਸੇ ਕੋਲ (ਉਸਦੀ ਬਖਸ਼ਿਸ਼ ਦੁਆਰਾ) ਸਮਰਥਾ ਜਾਂ ਸ਼ਕਤੀ ਹੋਵੇ, (ਤਾਂ) ਕੋਈ (ਧਰਮ-ਸਾਧਕ, ਅਕਾਲ-ਪੁਰਖ ਦੇ) ਬਲ ਦਾ, ਜਸ ਗਾਇਨ ਕਰਦਾ ਹੈ।...

ਗਾਵੈ	ਕੋ,	ਦਾਤਿ *(ਦਾਤ)*	ਜਾਣੈ	ਨੀਸਾਣੁ ॥ *(ਨੀਸ਼ਾਣ)*
ਗਾਉਂਦਾ ਹੈ	ਕੋਈ	(ਪ੍ਰਭੂ ਦੀਆਂ) ਬਖਸ਼ਿਸ਼ਾਂ ਨੂੰ	ਸਮਝਦਾ/ਮੰਨਦਾ ਹੈ	(ਬਖਸ਼ਿਸ਼ਾਂ ਦਾ) ਨਿਸ਼ਾਨ,ਚਿਨ੍ਹ

...ਕੋਈ (ਧਰਮ ਸਾਧਕ, ਉਸਦੀਆਂ) ਦਾਤਾਂ ਨੂੰ (ਉਸਦੀ ਮਿਹਰ) ਦਾ ਨਿਸ਼ਾਨ ਸਮਝਕੇ (ਉਸਦੀ ਸਿਫ਼ਤ ਸਲਾਹ) ਗਾਇਨ ਕਰਦਾ ਹੈ।...

ਗਾਵੈ	ਕੋ,	ਗੁਣ	ਵਡਿਆਈਆ *(ਵਡਿਆਈਆਂ)*	ਚਾਰ ॥
ਗਾਉਂਦਾ ਹੈ	ਕੋਈ	ਚੰਗਿਆਈਆਂ	ਉੱਚਤਾਵਾਂ, ਉਸਤਤਾਂ	ਸੁੰਦਰ, ਸੋਹਣੀਆਂ

...ਕੋਈ (ਧਰਮ ਸਾਧਕ) ਉਸਦੀਆਂ ਚੰਗਿਆਈਆਂ, ਅਤੇ ਸੁੰਦਰ ਉਸਤਤਾਂ ਦਾ ਗਾਇਨ ਕਰਦਾ ਹੈ।...

ਗਾਵੈ	ਕੋ,	ਵਿਦਿਆ	ਵਿਖਮੁ *(ਵਿਖਮ)*	ਵੀਚਾਰੁ ॥ *(ਵੀਚਾਰ)*
ਗਾਉਂਦਾ ਹੈ	ਕੋਈ	ਇਲਮ, ਗਿਆਨ ਦੁਆਰਾ	ਕਠਿਨ, ਔਖਾ	ਵਿਚਾਰ, ਚਿੰਤਨ

ਕੋਈ (ਧਰਮ ਸਾਧਕ) ਕਠਿਨ ਗਿਆਨ ਅਤੇ (ਗੰਭੀਰ) ਚਿੰਤਨ ਦੁਆਰਾ (ਪਾਰਬ੍ਰਹਮ ਦਾ ਜਸ) ਗਾਇਨ ਕਰਦਾ ਹੈ।...

ਗਾਵੈ	ਕੋ,	ਸਾਜਿ *(ਸਾਜ)*	ਕਰੇ	ਤਨੁ *(ਤਨ)*	ਖੇਹ ॥
ਗਾਉਂਦਾ ਹੈ	ਕੋਈ	ਸਿਰਜ ਕੇ	ਕਰ ਦਿੰਦਾ	ਸਰੀਰ	ਸੁਆਹ,ਵਿਨਾਸ਼

...ਕੋਈ (ਧਰਮ ਸਾਧਕ, ਇਸ ਲਈ ਉਸਦਾ ਜਸ) ਗਾਇਨ ਕਰਦਾ ਹੈ ਕਿ (ਅਕਾਲ ਪੁਰਖ) ਸਰੀਰਾਂ ਨੂੰ ਸਿਰਜ ਕੇ ਫਿਰ ਉਨ੍ਹਾਂ ਦਾ ਵਿਨਾਸ਼ ਕਰ ਦਿੰਦਾ ਹੈ।...

ਗਾਵੈ	ਕੋ,	ਜੀਅ	ਲੈ	ਫਿਰਿ *(ਫਿਰ)*	ਦੇਹ ॥
ਗਾਉਂਦਾ ਹੈ	ਕੋਈ	ਜੀਵਨ,ਜ਼ਿੰਦਗੀ	ਲੈਕੇ	ਫੇਰ, ਮੁੜਕੇ	ਦੇ ਦੇਂਦਾ ਹੈ

...ਕੋਈ (ਧਰਮ ਸਾਧਕ, ਪਾਰਬ੍ਰਹਮ ਦਾ ਇਸ ਕਰਕੇ ਜਸ) ਗਾਇਨ ਕਰਦਾ ਹੈ ਕਿ ਉਹ ਜੀਵਨ ਬਖਸ਼ ਕੇ, ਫਿਰ ਵਾਪਸ ਲੈ ਲੈਂਦਾ ਹੈ।...

ਗਾਵੈ	ਕੋ,	ਜਾਪੈ	ਦਿਸੈ	ਦੂਰਿ ॥ *(ਦੂਰ)*
ਗਾਉਂਦਾ ਹੈ	ਕੋਈ	ਜਾਪਦਾ, ਲਗਦੈ, ਪ੍ਰਤੀਤ ਹੁੰਦੈ	ਦਿਸਦੈ, ਨਜ਼ਰ ਆਉਂਦਾ ਹੈ	ਦੂਰੀ ਤੇ, ਵਿਥ ਤੇ

ਅੰਕ ੨

...ਕੋਈ (ਧਰਮ ਸਾਧਕ ਅਕਾਲ ਪੁਰਖ ਦਾ ਇਸ ਲਈ ਜਸ) ਗਾਇਨ ਕਰਦਾ ਹੈ ਕਿ (ਉਸ ਨੂੰ ਅਕਾਲ-ਪੁਰਖ ਬਹੁਤ) ਦੂਰੀ ਤੇ ਪ੍ਰਤੀਤ ਹੁੰਦਾ ਹੈ।...

ਗਾਵੈ	**ਕੋ,**	**ਵੇਖੈ**	**ਹਾਦਰਾ**	**ਹਦੂਰਿ** ॥ *(ਹਦੂਰ)*
ਗਾਉਂਦਾ ਹੈ	ਕੋਈ	ਵੇਖਦਾ ਹੈ	ਪ੍ਰਤੱਖ,	ਹਾਜ਼ਰ-ਨਾਜ਼ਰ

...ਕੋਈ (ਧਰਮ ਸਾਧਕ, ਇਸ ਲਈ ਜਸ) ਗਾਇਨ ਕਰਦਾ ਹੈ ਕਿ (ਅਕਾਲ-ਪੁਰਖ ਨੂੰ ਉਹ) ਹਾਜ਼ਰ ਨਾਜ਼ਰ ਵੇਖਦਾ ਹੈ।...

ਕਥਨਾ	**ਕਥੀ,**	**ਨ** *(ਨਾਂ)*	**ਆਵੈ**	**ਤੋਟਿ** ॥ *(ਤੋਟ)*
ਕਥਾ, ਵਰਨਣ	ਬਿਆਨ ਕੀਤੀ,ਵਰਨਣ ਕੀਤੀ	ਨਹੀਂ	ਆਉਂਦੀ	ਟੋਟ, ਕਮੀ

...(ਬੇਅੰਤ ਧਰਮ-ਸਾਧਕਾਂ ਨੇ ਉਸਦੀਆਂ ਸਿਫ਼ਤ ਸਲਾਹਾਂ ਦੀ) ਕਥਾ ਬਿਆਨ ਕੀਤੀ, (ਪਰ ਫ਼ਿਰ ਵੀ ਉਸ ਦੀਆਂ ਸਿਫ਼ਤ ਸਲਾਹਾਂ ਵਿਚ ਕਦੀ ਵੀ) ਕਮੀ ਨਹੀਂ ਆਉਂਦੀ।...

ਕਥਿ *(ਕਥ)*	**ਕਥਿ** *(ਕਥ)*	**ਕਥੀ,**
ਆਖ ਆਖ ਕੇ	ਆਖ ਆਖ ਕੇ	ਵਰਨਣ ਕੀਤੀ ਹੈ
ਕੋਟੀ *(ਕੋਟੀਂ)*	**ਕੋਟਿ** *(ਕੋਟ)*	**ਕੋਟਿ** ॥ *(ਕੋਟ)*
ਕਰੋੜਾਂ ਵਾਰੀ	ਕਰੋੜਾਂ ਨੇ	ਕਰੋੜਾਂ ਨੇ

...ਕਰੋੜਾਂ (ਧਰਮ-ਸਾਧਕਾਂ ਨੇ) ਕਰੋੜ ਕਰੋੜ ਵਾਰ ਆਖ ਆਖ ਕੇ (ਅਕਾਲ ਪੁਰਖ ਦੀਆਂ ਸਿਫ਼ਤ ਸਲਾਹਾਂ ਦਾ ਜਸ) ਵਰਨਣ ਕੀਤਾ (ਪਰ ਕਦੇ ਵੀ ਉਸ ਦੀਆਂ ਸਿਫ਼ਤ ਸਲਾਹਾਂ ਦੀ ਅਕੱਥ ਕਥਾ ਮੁਕੀ ਨਹੀਂ।)...

ਦੇਦਾ *(ਦੇਂਦਾ)*	**ਦੇ,**	
ਦੇਵਣਹਾਰ, ਦਾਤਾਰ	ਦਿੰਦਾ ਹੈ	
ਲੈਦੇ *(ਲੈਂਦੇ)*	**ਥਕਿ** *(ਥਕ)*	**ਪਾਹਿ** ॥ *(ਪਾਹਿਂ)*
ਲੈਣ ਵਾਲੇ, ਪ੍ਰਾਪਤ ਕਰਨ ਵਾਲੇ	ਅਸਮਰਥ	ਹੋ ਜਾਂਦੇ ਹਨ,

...(ਪਾਰਬ੍ਰਹਮ) ਦਾਤਾਰ (ਜੁਗਾਂ ਜੁਗਾਂਤਰਾਂ ਤੋਂ ਬ੍ਰਹਿਮੰਡ ਦੇ ਜੀਆਂ ਨੂੰ ਦਾਤਾਂ) ਦਿੰਦਾ ਹੈ, (ਦਾਤਾਂ) ਲੈਣ ਵਾਲੇ ਥਕ ਜਾਂਦੇ ਹਨ (ਪਰ ਪਰਮੇਸ਼ਰ ਅਥੱਕ ਹੈ।)...

ਜੁਗਾ *(ਜੁਗਾਂ)*	**ਜੁਗੰਤਰਿ,** *(ਜੁਗੰਤਰ)*	**ਖਾਹੀ**	**ਖਾਹਿ** ॥ *(ਖਾਹਿਂ)*
ਜੁਗਾਂ ਤੋਂ,ਸਰਵ ਕਾਲ ਤੋਂ	ਜੁਗ-ਅੰਤਰ, ਜੁਗਾਂ ਜੁਗਾਂ ਵਿਚ,	ਖਾਦਕ, ਖਾਣ ਵਾਲੇ	ਖਾਂਦੇ ਹਨ

ਅੰਕ ੨

...(ਉਸ ਦੀਆਂ ਦਾਤਾਂ, ਇਤਨੀਆਂ ਬੇਅੰਤ ਹਨ ਕਿ) ਸਰਬ-ਕਾਲ ਤੋਂ ਜੁਗਾਂ ਜੁਗਾਂ ਵਿਚ ਖਾਣ ਵਾਲੇ (ਜੀਵ-ਜੰਤੂ) ਖਾਈ ਜਾਂਦੇ ਹਨ।...

ਹੁਕਮੀ	ਹੁਕਮੁ, *(ਹੁਕਮ)*	ਚਲਾਏ	ਰਾਹੁ ॥ *(ਰਾਹ)*
ਹੁਕਮ ਕਰਨ ਵਾਲਾ(ਪਾਰਬ੍ਰਹਮ)	ਈਸ਼ਵਰੀ ਵਿਧਾਨ	ਚਲਾਉਂਦਾ ਹੈ	ਰਸਤੇ ਨੂੰ, ਬ੍ਰਹਿਮੰਡ ਦੀ ਕਾਰ ਨੂੰ

...ਪਾਰਬ੍ਰਹਮ ਨੇ ਜੋ ਮਹਾਂ-ਵਿਧਾਨ ਬਣਾਇਆ ਹੈ (ਉਸ ਅਨੁਸਾਰ) ਬ੍ਰਹਿਮੰਡ ਦੇ ਕਾਰ ਵਿਹਾਰ ਨੂੰ ਚਲਾਉਂਦਾ ਹੈ।...

ਨਾਨਕ,	ਵਿਗਸੈ	ਵੇਪਰਵਾਹੁ ॥੩॥ *(ਵੇਪਰਵਾਹ)*
ਹੇ ਨਾਨਕ,	ਪ੍ਰਸੰਨ ਹੋ ਰਿਹਾ ਹੈ	ਬੇਫਿਕਰ, ਜਿਸਨੂੰ ਕਿਸੇ ਦੀ ਪਰਵਾਹ ਨਹੀਂ

...ਹੇ ਨਾਨਕ!(ਉਹ) ਵੇਪਰਵਾਹ (ਪਾਰਬ੍ਰਹਮ, ਪਰਮੇਸ਼ਰ ਬ੍ਰਹਿਮੰਡ ਦੇ ਇਸ ਕਾਰ-ਵਿਹਾਰ ਨੂੰ ਚਲਦਾ ਵੇਖਕੇ) ਅਨੰਦ ਪ੍ਰਸੰਨ ਹੋ ਰਿਹਾ ਹੈ।

ਸਾਚਾ	ਸਾਹਿਬ, *(ਸਾਹਿਬ)*	ਸਾਚੁ *(ਸਾਚ)*	ਨਾਇ, *(ਨਾਇਂ)*
ਸਦਾ ਸਥਿਰ	ਸੁਆਮੀ (ਓਅੰਕਾਰ)	ਸਦਾ ਅਟੱਲ	ਨਿਯਮ (ਮਹਾਂ-ਵਿਧਾਨ)

ਭਾਖਿਆ	ਭਾਉ	ਅਪਾਰੁ ॥ *(ਅਪਾਰ)*
ਬੋਲੀ, ਭਾਸ਼ਾ	ਪਿਆਰ,ਪ੍ਰੇਮ	ਬੇਅੰਤ, ਅਮੁੱਕ

ਉਹ ਸੁਆਮੀ ਸਦਾ-ਸਥਿਰ ਰਹਿਣ ਵਾਲਾ ਹੈ, ਅਤੇ (ਆਪਣੇ ਜਿਸ ਮਹਾਂ-ਨਿਯਮ ਅਨੁਸਾਰ, ਉਹ ਬ੍ਰਹਿਮੰਡ ਦਾ ਕਾਰ-ਵਿਹਾਰ ਚਲਾ ਰਿਹਾ ਹੈ,ਉਹ ਵੀ ਸਦਾ) ਅਟੱਲ ਹੈ। ਉਸ ਬੇਅੰਤ ਪ੍ਰਭੂ ਦੀ ਬੋਲੀ, ਪਿਆਰ ਹੈ।...

ਆਖਹਿ *(ਆਖਹਿਂ)*	ਮੰਗਹਿ, *(ਮੰਗਹਿਂ)*	ਦੇਹਿ *(ਦੇਹ)*	ਦੇਹਿ, *(ਦੇਹ)*
ਆਖਦੇ ਹਨ	ਮੰਗਦੇ ਹਨ	(ਪ੍ਰਭੂ ਜੀ) ਦਿਓ	(ਪ੍ਰਭੂ ਜੀ) ਦਿਓ

ਦਾਤਿ *(ਦਾਤ)*	ਕਰੇ	ਦਾਤਾਰੁ ॥ *(ਦਾਤਾਰ)*
ਦਾਨ, ਬਖ਼ਸ਼ਿਸ਼	ਕਰਦਾ ਹੈ	ਦਾਤਾਰ (ਓਅੰਕਾਰ)

...(ਬ੍ਰਹਿਮੰਡੀ ਜੀਵ, ਦਾਤਾਰ ਪ੍ਰਭੂ ਤੋਂ ਦਾਤਾਂ) ਮੰਗਦੇ ਹਨ ਅਤੇ ਆਖਦੇ ਹਨ ਕਿ (ਪ੍ਰਭੂ ਜੀ! ਸਾਨੂੰ) ਦਿਓ, ਦਿਓ। ਦਾਤਾਰ (ਪ੍ਰਭੂ ਮਿਹਰ ਦੇ ਘਰ ਵਿਚ ਆਕੇ) ਦਾਤਾਂ (ਬਖਸ਼ਿਸ਼) ਕਰਦਾ ਹੈ।...

ਫੇਰਿ, *(ਫੇਰ)*	ਕਿ	ਅਗੈ	ਰਖੀਐ
ਫਿਰ	ਕੀ	ਅਗੇ,(ਪ੍ਰਭੂ ਦੇ) ਸਾਹਮਣੇ	ਰਖੀਏ, ਧਰੀਏ

ਅੰਕ-੨

ਜਿਤੁ *(ਜਿਤ)*	ਦਿਸੈ	ਦਰਬਾਰੁ ॥ *(ਦਰਬਾਰ)*
ਜਿਸ ਨਾਲ, ਜਿਸ ਦੁਆਰਾ	ਦਿਸ ਪਵੇ	ਓਅੰਕਾਰ ਦੀ ਦਰਗਾਹ

...(ਸਾਰੇ ਪਦਾਰਥ ਅਤੇ ਦਾਤਾਂ ਤਾਂ ਅਸੀਂ ਉਸ ਕੋਲੋਂ ਪ੍ਰਾਪਤ ਕਰ ਰਹੇ ਹਾਂ) ਫਿਰ ਵਾਹਿਗੁਰੂ ਜੀ ਦੇ ਅਗੇ, ਕੀ ਰਖੀਏ ਭਾਵ ਭੇਟਾ ਕਰੀਏ ਕਿ ਜਿਸ ਨਾਲ ਈਸ਼ਵਰੀ-ਦਰਬਾਰ (ਸਾਨੂੰ) ਦਿਸ ਪਵੇ ਅਥਵਾ ਉਸ ਦੇ ਦੀਦਾਰ ਹੋ ਜਾਣ?...

ਮੁਹੌ *(ਮੁਹੌਂ)*	ਕਿ	ਬੋਲਣੁ *(ਬੋਲਣ)*	ਬੋਲੀਐ,
ਮੂੰਹ ਵਿਚੋਂ	ਕਿਹੜੇ	ਬਚਨ, ਸ਼ਬਦ	ਆਖੀਏ, ਕਹੀਏ

ਜਿਤੁ *(ਜਿਤ)*	ਸੁਣਿ *(ਸੁਣ)*	ਧਰੇ	ਪਿਆਰੁ ॥ *(ਪਿਆਰ)*
ਜਿਸ ਨਾਲ, ਜਿਸ ਦੁਆਰਾ	ਸੁਣ ਕੇ	ਕਰੇ, ਰਖੇ	ਪ੍ਰੀਤ, ਸਨੇਹ

....ਮੂੰਹ ਵਿਚੋਂ ਕਿਸ ਤਰ੍ਹਾਂ ਦੇ ਬਚਨ ਉਚਾਰੀਏ, ਜਿਸ ਨਾਲ (ਪ੍ਰਭੂ ਉਨ੍ਹਾਂ ਨੂੰ) ਸੁਣਕੇ (ਸਾਡੇ ਨਾਲ) ਪਿਆਰ ਕਰੇ?...

ਅੰਮ੍ਰਿਤ	ਵੇਲਾ ਸਚੁ *(ਸੱਚ)*	ਨਾਉ, *(ਨਾਓਂ)*
ਰਾਤ ਦਾ ਅੰਤਿਮ ਪਹਿਰ, ਪੂਰਨ ਖਿੜਾਉ ਦਾ ਸਮਾਂ	ਸਦਾ ਸਥਿਰ ਰਹਿਣ ਵਾਲਾ	(ਪ੍ਰਭੂ) ਦਾ ਸਰੂਪ, ਹੋਂਦ

ਵਡਿਆਈ *(ਵਡਿਆਈਂ)*	ਵੀਚਾਰੁ ॥ *(ਵੀਚਾਰ)*
ਗੁਣ, ਮਹਾਨਤਾ	ਚਿੰਤਨ

...(ਸਾਹਿਬ ਜੀ ਉੱਤਰ ਬਖਸ਼ਦੇ ਹਨ ਕਿ) ਅੰਮ੍ਰਿਤ ਵੇਲੇ (ਜਦੋਂ ਪੂਰਨ ਖਿੜਾਉ ਦਾ ਸਮਾਂ ਹੁੰਦਾ ਹੈ) ਸਦਾ ਸਥਿਰ ਰਹਿਣ ਵਾਲੇ ਪ੍ਰਭੂ ਦੇ ਗੁਣਾਂ ਦਾ ਚਿੰਤਨ (ਕਰਨ ਨਾਲ, ਪ੍ਰਭੂ ਜੀ ਪਿਆਰ ਕਰਦੇ ਹਨ ਅਤੇ ਪ੍ਰਭੂ-ਦਰਬਾਰ ਦੇ ਦੀਦਾਰ ਹੋ ਜਾਂਦੇ ਹਨ)।...

ਕਰਮੀ	ਆਵੈ	ਕਪੜਾ,
(ਪ੍ਰਭੂ) ਦੀ ਬਖਸ਼ਿਸ਼ ਨਾਲ	ਆਉਂਦਾ ਹੈ, ਮਿਲਦਾ ਹੈ	(ਸਰੀਰ ਰੂਪੀ) ਜਾਮਾ, ਦੇਹ

ਨਦਰੀ	ਮੋਖੁ *(ਮੋਖ)*	ਦੁਆਰੁ ॥ *(ਦੁਆਰ)*
ਮਿਹਰ ਦੀ ਨਜ਼ਰ ਨਾਲ, ਕ੍ਰਿਪਾ ਕਟਾਖ਼ ਰਾਹੀਂ	ਮੁਕਤੀ	ਦਰ, ਦਰਵਾਜ਼ਾ

...ਪ੍ਰਭੂ ਦੀ ਬਖਸ਼ਿਸ਼ ਨਾਲ ਸਰੀਰਕ ਜਾਮਾ ਮਿਲਦਾ ਹੈ, ਅਤੇ ਉਸਦੀ ਕ੍ਰਿਪਾ-ਕਟਾਖ਼, ਮਿਹਰ ਦੀ ਨਜ਼ਰ ਨਾਲ ਮੁਕਤੀ ਦਾ ਦਰ ਪ੍ਰਾਪਤ ਹੁੰਦਾ ਹੈ।

ਅੰਕ-੨

ਨਾਨਕ,	**ਏਵੈ** *(ਏਵੈਂ)*	**ਜਾਣੀਐ,**
ਹੇ ਨਾਨਕ !	ਇਵੇਂ, ਇਸ ਤਰ੍ਹਾਂ	ਜਾਣ ਲਈਦਾ ਹੈ, ਅਨੁਭਵ ਕਰ ਲਈਦਾ ਹੈ।
ਸਭੁ *(ਸਭ)*	**ਆਪੇ**	**ਸਚਿਆਰੁ** ॥੪॥ *(ਸਚਿਆਰ)*
ਸਾਰਾ ਕੁਝ	ਆਪ ਹੀ	ਸੱਚ ਦਾ ਸੋਮਾ, ਓਅੰਕਾਰ

...ਹੇ! ਨਾਨਕ! ਇਸ ਤਰ੍ਹਾਂ ਹੀ ਅਨੁਭਵ ਕਰੀਦਾ ਹੈ, ਕਿ ਉਹ ਸੱਚ ਦਾ ਸੋਮਾ, ਪ੍ਰਭੂ-ਪ੍ਰਮਾਤਮਾ ਸਭ ਕੁਝ ਆਪ ਹੀ ਹੈ।

ਥਾਪਿਆ	**ਨ** *(ਨਾਂ)*	**ਜਾਇ,**
ਸਥਾਪਤ, ਨਿਯੁਕਤ	ਨਹੀਂ	ਜਾ ਸਕਦਾ
ਕੀਤਾ	**ਨ** *(ਨਾਂ)*	**ਹੋਇ** ॥
ਬਣਾਇਆ, ਰਚਿਆ	ਨਹੀਂ	ਹੋਂਦ ਵਿਚ ਆਉਂਦਾ

(ਉਸ ਓਅੰਕਾਰ ਨੂੰ) ਸਥਾਪਤ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ (ਉਹ ਕਿਸੇ ਦੇ) ਬਣਾਇਆਂ ਹੋਂਦ ਵਿਚ ਆਉਂਦਾ ਹੈ।...

ਆਪੇ	**ਆਪਿ,** *(ਆਪ)*	**ਨਿਰੰਜਨੁ** *(ਨਿਰੰਜਨ)*	**ਸੋਇ** ॥
ਆਪਣੇ ਆਪ, ਆਪ ਹੀ	ਆਪਣੇ ਆਪ ਤੋਂ	ਮਾਇਆ ਦੇ ਪ੍ਰਭਾਵ ਤੋਂ ਬਾਹਰ(ਓਅੰਕਾਰ)	ਉਹ(ਪ੍ਰਭੂ)

...ਉਹ ਮਾਇਆ ਦੇ ਪ੍ਰਭਾਵ ਤੋਂ ਬਾਹਰ (ਓਅੰਕਾਰ) ਆਪ ਹੀ, ਆਪਣੇ ਆਪ ਤੋਂ (ਪ੍ਰਗਟ ਹੋਇਆਹੈ)।

ਜਿਨਿ *(ਜਿਨ)*	**ਸੇਵਿਆ,**	**ਤਿਨਿ** *(ਤਿਨ੍ਹ)*	**ਪਾਇਆ**	**ਮਾਨੁ** ॥ *(ਮਾਨ)*
ਜਿਸਨੇ	ਸੇਵਾ ਕੀਤੀ, ਸਿਮਰਿਆ	ਤਿਸ ਨੇ	ਪ੍ਰਾਪਤ ਕੀਤਾ	ਆਦਰ

...ਜਿਸਨੇ (ਓਅੰਕਾਰ ਨੂੰ) ਸਿਮਰਿਆ, ਉਸ ਨੇ (ਪ੍ਰਭੂ ਦੀ ਦਰਗਾਹ ਵਿਚ) ਆਦਰ ਪ੍ਰਾਪਤ ਕੀਤਾ ਹੈ।...

ਨਾਨਕ,	**ਗਾਵੀਐ**	**ਗੁਣੀ**	**ਨਿਧਾਨੁ** ॥ *(ਨਿਧਾਨ)*
ਹੇ ਨਾਨਕ !	ਗਾਈਏ, ਗਾਇਨ ਕਰੀਏ	ਚੰਗਿਆਈਆਂ ਦਾ	ਭੰਡਾਰ, ਖਜ਼ਾਨੇ

...ਹੇ! ਨਾਨਕ!(ਆਓ ਉਸ) ਗੁਣਾਂ ਦੇ ਖਜ਼ਾਨੇ (ਪ੍ਰਭੂ ਦੀਆਂ ਵਡਿਆਈਆਂ) ਦਾ ਗਾਇਨ ਕਰੀਏ।...

ਗਾਵੀਐ	**ਸੁਣੀਐ**
(ਪਰਮਾਤਮ ਵਡਿਆਈਆਂ ਦਾ ਜਸ) ਗਾਇਨ ਕਰੀਏ	(ਪਰਮਾਤਮ ਵਡਿਆਈ ਨੂੰ) ਸ੍ਰਵਣ ਕਰੀਏ

ਅੰਕ-੨

ਮਨਿ (ਮਨ)	ਰਖੀਐ	ਭਾਉ ॥ (ਭਾਓ)
ਮਨ ਵਿਚ, ਹਿਰਦੇ ਵਿਚ	ਟਿਕਾਈਏ	(ਪ੍ਰਭੂ) ਪ੍ਰੀਤ, ਪਿਆਰ

...(ਆਓ! ਓਅੰਕਾਰ ਦੀਆਂ ਵਡਿਆਈਆਂ ਦਾ ਜਸ) ਗਾਇਨ ਕਰੀਏ, (ਉਸਦੀਆਂ) ਵਡਿਆਈਆਂ ਨੂੰ ਸ੍ਰਵਣ ਕਰੀਏ ਅਤੇ ਹਿਰਦੇ ਵਿਚ (ਪਰਮਾਤਮ) ਪਿਆਰ ਠਹਿਰਾਈਏ।...

ਦੁਖੁ (ਦੁੱਖ)	ਪਰਹਰਿ, (ਪਰਹਰ)
ਤਕਲੀਫ਼	ਪਰ੍ਹੇ ਕਰਕੇ, ਨਿਵਾਰ ਕੇ

ਸੁਖੁ (ਸੁੱਖ)	ਘਰਿ (ਘਰ)	ਲੈ	ਜਾਇ ॥
ਖ਼ੁਸ਼ੀ, ਅਨੰਦ, ਵਿਗਾਸਘਰ ਵਿਚ,	ਹਿਰਦੈ ਵਿਚ	ਲੈਕੇ, ਪ੍ਰਾਪਤ ਕਰਕੇ	ਜਾਂਦਾ ਹੈ

...(ਜੋ ਧਰਮ-ਸਾਧਕ ਪਰਮਾਤਮ ਵਡਿਆਈਆਂ ਦਾ ਜਸ ਗਾਇਨ ਕਰਦਾ ਹੈ ਉਹ) ਦੁਖਾਂ ਤਕਲੀਫਾਂ ਨੂੰ ਨਿਵਾਰ ਕੇ ਅਨੰਦ ਅਤੇ ਵਿਗਾਸ ਨੂੰ ਆਪਣੇ ਹਿਰਦੇ-ਘਰ ਵਿਚ ਲੈ ਜਾਂਦਾ ਹੈ।...

ਗੁਰਮੁਖਿ (ਗੁਰਮੁਖ)	ਨਾਦੰ,	ਗੁਰਮੁਖਿ (ਗੁਰਮੁਖ)	ਵੇਦੰ
ਗੁਰੂ ਦੇ ਮੁਖ ਦੁਆਰਾ	ਸਿੱਙੀ ਜਾਂ ਸੰਖ ਆਦਿ ਦੀ ਆਵਾਜ਼	ਗੁਰੂ ਦੇ ਮੁਖ ਦੁਆਰਾ	ਧਰਮ-ਗ੍ਰੰਥ, ਗਿਆਨ

ਗੁਰਮੁਖਿ (ਗੁਰਮੁਖ)	ਰਹਿਆ	ਸਮਾਈ ॥
ਗੁਰੂ ਦੇ ਮੁਖ ਦੁਆਰਾ	ਰਿਹਾ ਹੈ	ਵਿਆਪਕ, ਨਿਵਾਸ ਕਰਨਾ

...ਗੁਰੂ ਦੇ ਮੁਖ ਦੁਆਰਾ (ਉਚਰਿਤ ਸ਼ਬਦ ਹੀ ਮੇਰੇ ਲਈ) ਨਾਦ ਅਤੇ ਗੁਰੂ ਦੇ ਮੁਖ ਦੁਆਰਾ (ਉਚਰਿਤ ਸ਼ਬਦ ਹੀ ਮੇਰੇ ਲਈ) ਵੇਦ ਹੈ।...

ਗੁਰੁ (ਗੁਰ)	ਈਸਰੁ, (ਈਸ਼ਰ)	ਗੁਰੁ (ਗੁਰ)
ਗਿਆਨ ਦਾਤਾ	ਸ਼ਿਵ ਜੀ, ਮਹਾਂਦੇਵ	ਗਿਆਨ ਦਾਤਾ

ਗੋਰਖੁ (ਗੋਰਖ)	ਬਰਮਾ,
ਵਿਸ਼ਨੂੰ, ਪ੍ਰਿਥਵੀ ਦਾ ਰਖਵਾਲਾ	ਬ੍ਰਹਮਾ, ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ

ਗੁਰੁ (ਗੁਰ)	ਪਾਰਬਤੀ	ਮਾਈ ॥
ਗਿਆਨ ਦਾਤਾ	ਸ਼ਿਵ ਦੀ ਪਤਨੀ ਉਮਾ	ਮਾਂ, ਮਾਤਾ(ਪਾਰਬਤੀ ਨੂੰ ਮਹਾਂ ਮਾਈ ਵੀ ਕਹਿੰਦੇ ਹਨ।)

...ਗੁਰੂ ਹੀ (ਮੇਰੇ ਲਈ) ਸ਼ਿਵ ਹੈ, ਗੁਰੂ ਹੀ (ਮੇਰੇ ਲਈ) ਗੋਰਖ ਹੈ, ਗੁਰੂ ਹੀ (ਮੇਰੇ ਲਈ) ਬ੍ਰਹਮਾ ਹੈ, ਗੁਰੂ ਹੀ (ਮੇਰੇ ਲਈ) ਸ਼ਿਵ ਜੀ ਦੀ ਪਤਨੀ ਪਾਰਬਤੀ ਹੈ।

ਅੰਕ-੨

ਜੇ	ਹਉ *(ਹਉਂ)*	ਜਾਣਾ,	ਆਖਾ *(ਆਖਾਂ)*	ਨਾਹੀ, *(ਨਾਹੀਂ)*
ਜੇਕਰ	ਮੈਂ	ਜਾਣ ਲਵਾਂ, ਸਮਝ ਲਵਾਂ	ਆਖ ਸਕਦਾ	ਨਹੀਂ

ਕਹਣਾ *(ਕਹਿਣਾ)*	ਕਥਨ *(ਕਥਨ)*	ਨ *(ਨਾਂ)*	ਜਾਈ ॥
ਆਖਿਆ	ਬਿਆਨ, ਕਥਨ	ਨਹੀਂ	ਜਾ ਸਕਦਾ

...ਜੇ ਮੈਂ (ਓਅੰਕਾਰ ਬਾਰੇ) ਜਾਣ ਵੀ ਲਵਾਂ, ਤਾਂ ਆਖ ਨਹੀਂ ਸਕਦਾ। (ਉਸ ਅਕੱਥ ਦੀ ਕਥਾ ਦੇ) ਬਿਆਨ ਨੂੰ ਆਖਿਆ ਨਹੀਂ ਜਾ ਸਕਦਾ।...

ਗੁਰਾ,	ਇਕ	ਦੇਹਿ *(ਦੇਹ)*	ਬੁਝਾਈ ॥
ਹੇ ! ਗੁਰੂ !	ਇਕ ਗਲ, ਇਕ ਸਮਝ	ਦੇਹ, ਦੇਦੇ	ਸਮਝ, ਗਿਆਨ

ਸਭਨਾ	ਜੀਆ *(ਜੀਆਂ)*	ਕਾ	ਇਕ *(ਇਕ)*	ਦਾਤਾ,
ਸਾਰਿਆਂ	ਜੀਵਾਂ	ਦਾ	ਇਕ	ਦਾਤਾਂ ਦੇਣ ਵਾਲਾ(ਪ੍ਰਭੂ)

ਸੋ	ਮੈ *(ਮੈਂ)*	ਵਿਸਰਿ *(ਵਿਸਰ)*	ਨ *(ਨਾਂ)*	ਜਾਈ ॥੫॥
ਉਹ(ਪਰਮਾਤਮਾ)	ਮੈਨੂੰ	ਭੁਲ, ਚੇਤੇ ਤੋਂ ਬਾਹਰ	ਨਾ	ਜਾਵੇ

...ਹੇ! ਗੁਰੂ! (ਮੈਨੂੰ) ਇਕ ਗਲ ਦੀ ਸਮਝ ਦੇ ਦਿਓ, ਕਿ ਸਾਰਿਆਂ ਜੀਵਾਂ ਨੂੰ ਦਾਤਾਂ ਦੇਣ ਵਾਲਾ (ਪ੍ਰਭੂ) ਇਕ ਹੀ ਹੈ ਅਤੇ ਉਹ ਪ੍ਰਭੂ ਮੈਨੂੰ (ਕਦੀ ਵੀ) ਭੁਲ ਨਾ ਜਾਵੇ।

ਤੀਰਥਿ *(ਤੀਰਥ)*
ਧਰਮ ਨਾਲ ਸੰਬੰਧਿਤ ਪਵਿੱਤਰ ਸਮਝੀਆਂ ਜਾਂਦੀਆਂ ਨਦੀਆਂ ਅਤੇ ਧਾਰਮਿਕ ਸਥਾਨਾਂ ਦੇ ਸਰੋਵਰਾਂ ਵਿਚ

ਨਾਵਾ, *(ਨ੍ਹਾਵਾਂ)*	ਜੇ	ਤਿਸੁ *(ਤਿਸ)*	ਭਾਵਾ, *(ਭਾਵਾਂ)*
ਨਾਵ੍ਹਾਂ, ਇਸ਼ਨਾਨ ਕਰਾਂ	ਜੇਕਰ	ਤਿਸ ਨੂੰ(ਪ੍ਰਭੂ ਨੂੰ)	ਚੰਗਾ ਲਗਾਂ

ਵਿਣੁ *(ਵਿਣ)*	ਭਾਣੇ	ਕਿ	ਨਾਇ *(ਨ੍ਹਾਇ)*	ਕਰੀ ॥ *(ਕਰੀਂ)*
ਬਗੈਰ, ਬਿਨਾਂ	ਚੰਗਾ ਲਗਣ	ਕੀ	ਨਹਾ ਕੇ	ਕਰਾਂ

(ਮੈਂ) ਤੀਰਥਾਂ ਵਿਚ ਤਾਂ ਹੀ ਨ੍ਹਾਵਾਂ ਜੇ ਪਰਮਾਤਮਾਂ ਨੂੰ ਚੰਗਾ ਲਗਾਂ (ਪ੍ਰੰਤੂ ਪ੍ਰਭੂ ਨੂੰ) ਬਿਨਾਂ ਚੰਗਾ ਲਗਣ ਤੋਂ ਇਹ ਇਸ਼ਨਾਨ ਕਰਕੇ ਕੀ ਕਰਾਂ ?(ਭਾਵ ਇਸ ਦਾ ਕੀ ਲਾਭ ਹੈ?)...

ਜੇਤੀ	ਸਿਰਠਿ *(ਸਿਰਠ)*	ਉਪਾਈ	ਵੇਖਾ, *(ਵੇਖਾਂ)*
ਜਿਤਨੀ ਵੀ	ਸ੍ਰਿਸ਼ਟੀ,ਬ੍ਰਹਿਮੰਡ	ਉਤਪੰਨ ਕੀਤੀ ਹੋਈ	ਵੇਖਦਾ ਹਾਂ

ਅੰਕ-੨

ਵਿਣੁ (ਵਿਣ)	ਕਰਮਾ (ਕਰਮਾਂ)	ਕਿ	ਮਿਲੈ	ਲਈ ॥ (ਲਈਂ)
ਬਿਨਾਂ	ਮਿਹਰ ਤੋਂ, ਬਖਸ਼ਿਸ਼ ਤੋਂ	ਕੀ	ਮਿਲਦਾ	ਲਵਾਂ, ਪ੍ਰਾਪਤ ਕਰਾਂ

...(ਪਾਰਬ੍ਰਹਮ ਨੇ) ਜਿਤਨਾ ਬ੍ਰਹਿਮੰਡ ਉਤਪੰਨ ਕੀਤਾ ਹੈ, (ਮੈਂ) ਵੇਖਦਾ ਹਾਂ ਕਿ ਬਿਨਾਂ (ਪਰਮਾਤਮਾ ਦੀ) ਮਿਹਰ ਤੋਂ ਕਿਸੇ ਨੂੰ ਕੀ ਮਿਲਦਾ ਹੈ? (ਜੋ ਮੈਂ ਵੀ) ਲੈ ਲਵਾਂ?...

ਮਤਿ (ਮਤ)	ਵਿਚਿ (ਵਿਚ)	ਰਤਨ	ਜਵਾਹਰ	ਮਾਣਿਕ,
ਬੁੱਧੀ, ਸੁਰਤ	ਵਿਚ,ਅੰਦਰ	ਕੀਮਤੀ ਪੱਥਰ	ਕੀਮਤੀ ਪੱਥਰ	ਮੋਤੀ, ਕੀਮਤੀ ਪੱਥਰ

ਜੇ	ਇਕ	ਗੁਰ	ਕੀ	ਸਿਖ	ਸੁਣੀ ॥
ਜੇਕਰ	ਇਕੱਲੀ, ਸਿਰਫ਼	ਗਿਆਨ ਦਾਤਾ	ਦੀ	ਸਿੱਖਿਆ	ਸੁਣੀਏ

...ਜੇਕਰ ਸਿਰਫ਼ ਗੁਰੂ ਦੀ ਸਿਖਿਆ ਸੁਣੀਏ ਤਾਂ (ਧਰਮ ਸਾਧਕ ਦੀ) ਸੁਰਤ ਭਾਵ ਚੇਤਨਾ ਵਿਚ ਰਤਨ, ਜਵਾਹਰ, ਮਾਣਿਕ ਜਿਹੇ ਕੀਮਤੀ ਪੱਥਰਾਂ (ਵਰਗੇ ਪਰਮਾਤਮ-ਗੁਣ ਅਤੇ ਚੰਗਿਆਈਆਂ) ਉਤਪੰਨ ਹੋ ਜਾਂਦੇ ਹਨ।...

ਗੁਰਾ,	ਇਕ	ਦੇਹਿ (ਦੇਹ)	ਬੁਝਾਈ ॥
ਹੇ ! ਗੁਰੂ	ਇਕ ਗਲ, ਇਕ ਸਮਝ	ਦੇਹ, ਦੇਦੇ	ਸਮਝ, ਗਿਆਨ

ਸਭਨਾ	ਜੀਆ (ਜੀਆਂ)	ਕਾ	ਇਕੁ (ਇਕ)	ਦਾਤਾ
ਸਾਰਿਆਂ	ਜੀਵਾਂ	ਦਾ	ਇਕ	ਦਾਤਾਂ ਦੇਣ ਵਾਲਾ(ਪ੍ਰਭੂ)

ਸੋ	ਮੈ (ਮੈਂ)	ਵਿਸਰਿ (ਵਿਸਰ)	ਨ (ਨਾਂ)	ਜਾਈ ॥੬॥
ਉਹ(ਪਰਮਾਤਮਾ)	ਮੈਨੂੰ	ਭੁਲ, ਚੇਤੇ ਤੋਂ ਬਾਹਰ	ਨਾ	ਜਾਵੇ

...ਹੇ! ਗੁਰੂ! (ਮੈਨੂੰ) ਇਕ ਗਲ ਦੀ ਸਮਝ ਦੇ ਦਿਓ ਕਿ ਸਾਰਿਆਂ ਜੀਵਾਂ ਨੂੰ ਦਾਤਾਂ ਦੇਣ ਵਾਲਾ (ਪ੍ਰਭੂ) ਇਕ ਹੀ ਹੈ, ਅਤੇ ਉਹ ਪ੍ਰਭੂ, ਮੈਨੂੰ (ਕਦੀ ਵੀ) ਭੁਲ ਨਾ ਜਾਵੇ।

ਜੇ	ਜੁਗ	ਚਾਰੇ	ਆਰਜਾ,	ਹੋਰ	ਦਸੂਣੀ	ਹੋਇ ॥
ਜੇਕਰ	ਯੁਗਾਂ	ਚਹੁੰਆਂ ਹੀ	ਉਮਰ ਇਸ ਤੋਂ ਵੀ	ਵਧ	ਦਸ ਗੁਣਾਂ	ਹੋ ਜਾਵੇ

ਜੇਕਰ (ਕਿਸੇ ਮਨੁੱਖ ਦੀ) ਉਮਰ ਚਾਰ ਜੁਗਾਂ ਜਿੰਨੀ ਹੋ ਜਾਵੇ ਅਤੇ ਫਿਰ ਇਸ ਤੋਂ ਵੀ ਹੋਰ ਵੱਧ ਦਸ ਗੁਣਾਂ ਹੋ ਜਾਵੇ...

ਨਵਾ (ਨਵਾਂ)	ਖੰਡਾ (ਖੰਡਾਂ)	ਵਿਚਿ (ਵਿਚ)	ਜਾਣੀਐ
ਨੌਆਂ ਹੀ	ਧਰਤੀ ਦੇ ਭਾਗ	ਅੰਦਰ	ਜਾਣਿਆਂ ਜਾਂਦਾ ਹੋਵੇ

ਅੰਕ-੨

ਨਾਲਿ *(ਨਾਲ)*	ਚਲੈ	ਸਭੁ *(ਸਭ)*	ਕੋਇ ॥
ਸੰਗ, ਸਾਥ	ਤੁਰੇ	ਹਰ(ਇਕ)	ਕੋਈ

...(ਉਹ ਇਤਨਾ ਨਾਮਵਰ ਹੋਵੇ ਕਿ) ਧਰਤੀ ਦੇ ਨੌਂ ਖੰਡਾਂ ਅੰਦਰ (ਹਰ ਕੋਈ) ਉਸ ਨੂੰ ਜਾਣਦਾ ਹੋਵੇ (ਭਾਵ ਉਸਦੀ ਪ੍ਰਸਿੱਧੀ ਹੋਵੇ) ਅਤੇ ਹਰ ਕੋਈ (ਸਤਿਕਾਰ ਵਜੋਂ) ਉਸ ਨਾਲ ਤੁਰਦਾ ਹੋਵੇ (ਭਾਵ ਹਰ ਕੋਈ ਉਸਦਾ ਕਹਿਣਾ ਮੰਨਦਾ ਹੋਵੇ)...

ਚੰਗਾ	ਨਾਉ *(ਨਾਉਂ)*	ਰਖਾਇ	ਕੈ,
ਸ੍ਰੇਸ਼ਟ, ਉਤਮ	ਨਾਂ	ਰਖਵਾ	ਕੇ
ਜਸੁ *(ਜਸ)*	ਕੀਰਤਿ *(ਕੀਰਤ)*	ਜਗਿ *(ਜਗ)*	ਲੇਇ ॥ *(ਲੇ)*
ਸ਼ੋਭਾ	ਮਹਿਮਾ	ਸੰਸਾਰ ਵਿਚ	ਪ੍ਰਾਪਤ ਕਰ ਲਵੇ

...ਉਹ ਆਪਣਾ ਸ੍ਰੇਸ਼ਟ ਨਾਮ ਰਖਵਾ ਕੇ (ਭਾਵ ਸੰਸਾਰ ਵਿਚ ਉੱਘਾ ਨਾਮਵਰ ਹੋਕੇ) ਸੰਸਾਰ ਵਿਚ ਸ਼ੋਭਾ ਅਤੇ ਕੀਰਤੀ ਪ੍ਰਾਪਤ ਕਰ ਲਵੇ...

ਜੇ	ਤਿਸੁ *(ਤਿਸ)*	ਨਦਰਿ *(ਨਦਰ)*	ਨ *(ਨਾਂ)*	ਆਵਈ
ਜੇਕਰ	ਤਿਸ ਦੀ(ਪ੍ਰਭੂ ਦੀ)	ਕ੍ਰਿਪਾ ਦ੍ਰਿਸ਼ਟੀ ਵਿਚ	ਨਹੀਂ	ਆਉਂਦਾ
ਤ *(ਤਾਂ)*	ਵਾਤ	ਨ *(ਨਾਂ)*	ਪੁਛੈ	ਕੇ ॥
ਤਾਂ	ਖ਼ਬਰ ਸਾਰ	ਨਹੀਂ	ਪੁਛਦਾ	ਕੋਈ

...(ਤਾਂ ਵੀ) ਜੇਕਰ ਉਸ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਵਿਚ (ਉਹ) ਨਹੀਂ ਆਉਂਦਾ, ਤਾਂ ਕੋਈ ਉਸਦੀ ਖ਼ਬਰ-ਸਾਰ ਵੀ ਨਹੀਂ ਪੁੱਜਦਾ।(ਭਾਵ ਉਹ ਉਸ ਇਨਸਾਨ ਵਰਗਾ ਹੋਵੇਗਾ, ਜਿਸਦੀ ਕੋਈ ਪਰਵਾਹ ਨਹੀਂ ਕਰਦਾ)

ਕੀਟਾ *(ਕੀਟਾਂ)*	ਅੰਦਰਿ *(ਅੰਦਰ)*	ਕੀਟੁ, *(ਕੀਟ)*	
ਕੀੜਿਆਂ(ਨੀਚਾਂ)	ਵਿਚ	ਕੀੜਾ(ਤੁੱਛ, ਨੀਚ)	
ਕਰਿ *(ਕਰ)*	ਦੋਸੀ, *(ਦੋਸ਼ੀ)*	ਦੋਸੁ *(ਦੋਸ਼)*	ਧਰੇ ॥
ਕਰਕੇ	ਗੁਨਹਗਾਰ	ਆਰੋਪ, ਗੁਨਾਹ	ਧਰਦੇ ਹਨ, ਲਾਉਂਦੇ ਹਨ

...(ਸਗੋਂ ਅਜਿਹੇ ਮਨੁੱਖ ਦੀ ਅਵਸਥਾ ਤਾਂ) ਕੀੜਿਆਂ ਮਕੌੜਿਆਂ ਵਿਚ ਵੀ ਤੁੱਛ ਜਿਹੇ ਕੀੜੇ ਵਰਗੀ ਹੈ।(ਪਰਮਾਤਮਾ ਇਸ ਤਰ੍ਹਾਂ ਦੇ ਨਾਮ ਵਿਹੂਣੇ) ਨੂੰ ਅਜਿਹਾ ਗੁਨਹਗਾਰ ਬਣਾਉਂਦਾ ਹੈ ਕਿ (ਪਾਪੀ ਬੰਦੇ ਵੀ ਉਸਨੂੰ ਮਮੂਲੀ ਕੀਟ ਸਮਝਕੇ ਉਸ ਤੇ) ਗੁਨਾਹਾਂ ਦਾ ਦੋਸ਼ ਲਾਉਂਦੇ ਹਨ।...

ਅੰਕ-੨

ਨਾਨਕ,	ਨਿਰਗੁਣਿ *(ਨਿਰਗੁਣ)*	ਗੁਣੁ *(ਗੁਣ)*	ਕਰੇ
ਹੇ ! ਨਾਨਕ	ਗੁਣਹੀਨ	ਚੰਗਿਆਈਆਂ	(ਪੈਦਾ) ਕਰਦਾ ਹੈ

ਗੁਣਵੰਤਿਆ *(ਗੁਣਵੰਤਿਆਂ)*	ਗੁਣੁ *(ਗੁਣ)*	ਦੇ ॥
ਗੁਣਵਾਨ੍ਹਾਂ ਨੂੰ	ਚੰਗਿਆਈਆਂ	ਦਿੰਦਾ ਹੈ

...ਹੇ! ਨਾਨਕ !(ਗੁਣ ਨਿਧਿ-ਪਰਮਾਤਮਾ) ਨਿਰਗੁਣਿਆਂ ਨੂੰ (ਆਪਣੀ ਕ੍ਰਿਪਾ-ਦ੍ਰਿਸ਼ਟੀ ਦੁਆਰਾ) ਚੰਗਿਆਈਆਂ ਬਖਸ਼ਦਾ ਹੈ, ਅਤੇ ਗੁਣਵਾਨਾਂ ਨੂੰ ਵੀ (ਹੋਰ) ਚੰਗਿਆਈਆਂ ਉਹੀ ਦਿੰਦਾ ਹੈ।...

ਤੇਹਾ	ਕੋਇ	ਨ *(ਨਾਂ)*	ਸੁਝਈ
ਤਿਸ ਜੇਹਾ	ਕੋਈ	ਨਹੀਂ	ਸੁਝਦਾ, ਸੋਚਿਆ ਜਾ ਸਕਦਾ

ਜਿ	ਤਿਸੁ *(ਤਿਸ)*	ਗੁਣੁ *(ਗੁਣ)*	ਕੋਇ *(ਕੋਏ)*	ਕਰੇ ॥੭॥
ਜਿਹੜਾ	ਤਿਸ ਨੂੰ	ਚੰਗਿਆਈਆਂ	ਕੋਈ	ਕਰ ਸਕੇ (ਦੇ ਸਕੇ)

...ਇਹੋ ਜਿਹਾ ਹੋਰ ਕੋਈ ਵੀ ਨਹੀਂ ਸੁਝਦਾ, ਭਾਵ ਸੋਚਿਆ ਜਾ ਸਕਦਾ ਜੋ (ਗੁਣ-ਨਿਧਿ ਪਰਮਾਤਮਾ ਵਾਂਗ) ਕਿਸੇ (ਗੁਣਹੀਨਾਂ) ਨੂੰ ਚੰਗਿਆਈਆਂ ਦੇ ਸਕਦਾ ਹੋਵੇ।

ਸੁਣਿਐ, *(ਸੁਣਿਐਂ)*	ਸਿਧ	ਪੀਰ
ਸ਼੍ਰਵਣ ਦੁਆਰਾ	ਸਿਧਿਵਾਨ ਪੁਰਸ਼	ਇਸਲਾਮ ਦੇ ਧਾਰਮਿਕ ਆਚਾਰੀਆ

ਸੁਰਿ *(ਸੁਰ)*	ਨਾਥ ॥
ਦੇਵਤੇ	ਜੋਗੀਆਂ ਦੀ ਨਾਥ ਸੰਪਰਦਾ ਦੇ ਆਚਾਰੀਆ

(ਓਅੰਕਾਰ ਦੀ ਨਾਮ-ਧੁਨਿ ਅਥਵਾ ਪਰਮਾਤਮ-ਸ਼ਬਦ ਦੇ) ਸੁਨਣ (ਭਾਵ ਅਨੁਭਵ) ਦੁਆਰਾ ਸਿਧ, ਪੀਰ, ਸੁਰ ਅਤੇ ਨਾਥਾਂ ਵਰਗੇ ਮਹਾਂਪੁਰਸ਼ਾਂ ਵਾਲਾ ਅਨੁਭਵ ਪ੍ਰਾਪਤ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	ਧਰਤਿ *(ਧਰਤ)*	ਧਵਲ	ਆਕਾਸ ॥ *(ਆਕਾਸ਼)*
ਸ਼੍ਰਵਣ ਦੁਆਰਾ	ਧਰਤੀ ਦੇ	ਧਉਲ	ਅਸਮਾਨ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ) ਧਰਤੀ ਹੇਠਲੇ ਬਲਦ (ਭਾਵ ਧਰਤੀ ਹੇਠ ਜੋ ਹੋ ਰਿਹਾ ਹੈ) ਅਤੇ ਧਰਤੀ ਤੋਂ ਉਪਰ ਅਸਮਾਨ ਦੇ ਸਾਰੇ ਰਹੱਸਾਂ ਦਾ ਗਿਆਨ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	ਦੀਪ	ਲੋਅ
ਸ਼੍ਰਵਣ ਦੁਆਰਾ	ਟਾਪੂ (ਨੌਂ ਟਾਪੂ ਮੰਨੇ ਗਏ ਹਨ)	ਲੋਕ(ਚੌਦਾਂ ਲੋਕ ਮੰਨੇ ਗਏ ਹਨ)

ਪਾਤਾਲ ॥
ਧਰਤੀ ਹੇਠਲੇ ਲੋਕ (ਧਰਤੀ ਹੇਠ ਸੱਤ ਲੋਕ ਮੰਨੇ ਗਏ ਹਨ)

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ ਨੂੰ) ਦੀਪਾਂ, ਲੋਆਂ ਅਤੇ ਪਾਤਾਲਾਂ ਦੇ ਰਹੱਸ ਦਾ ਵੀ ਗਿਆਨ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	**ਪੋਹਿ** *(ਪੋਹ)*	**ਨ** *(ਨਾਂ)*	**ਸਕੈ**	**ਕਾਲੁ** ॥ *(ਕਾਲ)*
ਸ਼੍ਰਵਣ ਦੁਆਰਾ	ਪ੍ਰਭਾਵਿਤ ਕਰਨਾ	ਨਹੀਂ	ਸਕਦਾ	ਮੌਤ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ ਨੂੰ) ਮੌਤ ਦਾ ਡਰ ਪ੍ਰਭਾਵਿਤ ਨਹੀਂ ਕਰ ਸਦਾ।...

ਨਾਨਕ,	**ਭਗਤਾ** *(ਭਗਤਾਂ)*	**ਸਦਾ**	**ਵਿਗਾਸੁ** ॥ *(ਵਿਗਾਸ)*
ਹੇ! ਨਾਨਕ	ਭਗਤਾਂ ਨੂੰ, ਧਰਮ ਸਾਧਕਾਂ ਨੂੰ	ਹਮੇਸ਼ਾਂ	ਖੇੜਾ, ਪ੍ਰਸੰਨਤਾ

...ਹੇ! ਨਾਨਕ! (ਪਰਮਾਤਮ-ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ, ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।

ਸੁਣਿਐ, *(ਸੁਣਿਐਂ)*	**ਦੂਖ**	**ਪਾਪ**	**ਕਾ**	**ਨਾਸੁ** ॥੮॥ *(ਨਾਸ਼)*
ਸ਼੍ਰਵਣ ਦੁਆਰਾ	ਕਸ਼ਟ	ਦੁਸ਼ਕਰਮ, ਭੈੜੇ ਕਰਮ	ਦਾ	ਖ਼ਤਮ, ਨਿਰਵਿਰਤ

ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੇ) ਭੈੜੇ ਕਰਮਾਂ ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	**ਈਸਰੁ** *(ਈਸ਼ਰ)*	**ਬਰਮਾ**	**ਇੰਦੁ** ॥ *(ਇੰਦ)*
ਸ਼੍ਰਵਣ ਦੁਆਰਾ	ਸ਼ਿਵ(ਮੌਤ ਦਾ ਦੇਵਤਾ)	ਬ੍ਰਹੱਮਾ(ਉਤਪੱਤੀ ਦਾ ਦੇਵਤਾ)	ਇੰਦਰ, ਦੇਵਰਾਜ(ਮੀਂਹ ਦਾ ਦੇਵਤਾ)

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ) ਸ਼ਿਵ, ਬ੍ਰਹਮਾ ਅਤੇ ਇੰਦਰ ਦੇਵਤੇ ਵਰਗਾ ਮਹੱਤਵ ਪ੍ਰਾਪਤ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	**ਮੁਖਿ** *(ਮੁਖ)*	**ਸਾਲਾਹਣ**	**ਮੰਦੁ** ॥ *(ਮੰਦ)*
ਸ਼੍ਰਵਣ ਦੁਆਰਾ	ਮੁਖੋਂ, ਮੁੱਖ ਰਾਹੀਂ	ਸਿਫ਼ਤਾਂ ਕਰਨਾ	ਮੰਦੇ(ਮਨੁੱਖ)

...ਸ਼੍ਰਵਣ (ਦੇ ਅਨੁਭਵ) ਦੁਆਰਾ ਮਾੜੇ ਇਨਸਾਨ, ਆਪਣੇ ਮੁੱਖ ਰਾਹੀਂ (ਪਰਮਾਤਮਾ ਦੀ) ਸਿਫ਼ਤ ਸਲਾਹ ਕਰਨ ਲਗ ਪੈਂਦੇ ਹਨ।...

ਅੰਕ ੩

ਸੁਣਿਐ, *(ਸੁਣਿਐਂ)*	ਜੋਗ	ਜੁਗਤਿ *(ਜੁਗਤ)*	ਤਨਿ *(ਤਨ)*	ਭੇਦ ॥
ਸ਼੍ਰਵਣ ਦੁਆਰਾ	ਸੰਜੋਗ, ਜੁੜਨ	ਜੁਗਤੀ	ਸਰੀਰ ਦੇ	ਰਹੱਸ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ ਸਤਿ-ਮਾਰਗ ਨਾਲ) ਜੁੜਨ ਦੀ ਜੁਗਤੀ ਅਤੇ ਸਰੀਰ ਦੇ ਸੂਖਮ ਰਹੱਸਾਂ ਦਾ ਗਿਆਨ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	ਸਾਸਤ *(ਸ਼ਾਸਤ)*	ਸਿਮ੍ਰਿਤਿ *(ਸਿਮਰਤ)*	ਵੇਦ ॥
ਸ਼੍ਰਵਣ ਦੁਆਰਾ	ਸ਼ਾਸਤਰ(ਭਾਰਤ ਦੇ ਛੇ ਪ੍ਰਾਚੀਨ ਧਰਮ-ਗ੍ਰੰਥ)	ਸਿਮਰਤੀਆਂ	(ਚਾਰ) ਵੇਦ

....ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ) ਸ਼ਾਸਤਰਾਂ, ਸਿਮਰਤੀਆਂ ਅਤੇ ਵੇਦਾਂ ਵਿਚਲੇ ਗਿਆਨ ਦੀ ਸੋਝੀ ਹੋ ਜਾਂਦੀ ਹੈ।...

ਨਾਨਕ,	ਭਗਤਾ *(ਭਗਤਾਂ)*	ਸਦਾ	ਵਿਗਾਸੁ ॥ *(ਵਿਗਾਸ)*
ਹੇ ! ਨਾਨਕ	ਭਗਤਾਂ ਨੂੰ, ਧਰਮ-ਸਾਧਕਾਂ ਨੂੰ	ਹਮੇਸ਼ਾਂ	ਖੇੜਾ, ਪ੍ਰਸੰਨਤਾ

...ਹੇ! ਨਾਨਕ! (ਪਰਮਾਤਮ ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।...

ਸੁਣਿਐ, *(ਸੁਣਿਐਂ)*	ਦੂਖ	ਪਾਪ	ਕਾ	ਨਾਸੁ ॥੯॥ *(ਨਾਸ਼)*
ਸ਼੍ਰਵਣ ਦੁਆਰਾ	ਕਸ਼ਟ	ਦੁਸ਼ਕਰਮ, ਭੈੜੇ ਕਰਮ	ਦਾ	ਖ਼ਤਮ, ਨਿਰਵਿਰਤ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ ਦੇ) ਭੈੜੇ ਕਰਮਾਂ ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।

ਸੁਣਿਐ, *(ਸੁਣਿਐਂ)*	ਸਤੁ *(ਸੱਤ)*	ਸੰਤੋਖ, *(ਸੰਤੋਖ)*	ਗਿਆਨੁ ॥ *(ਗਿਆਨ)*
ਸ਼੍ਰਵਣ ਦੁਆਰਾ	ਸਤਿਵਾਦੀ	ਸੰਤੋਖੀ, ਸਬਰ ਵਾਲਾ	ਗਿਆਨਵਾਨ

ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ) ਸਤਿਵਾਦੀ, ਸੰਤੋਖੀ ਅਤੇ ਗਿਆਨਵਾਨ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	ਅਠਸਠਿ *(ਅਠਸਠ)*	ਕਾ	ਇਸਨਾਨੁ ॥ *(ਇਸ਼ਨਾਨ)*
ਸ਼੍ਰਵਣ ਦੁਆਰਾ	ਅੱਠ+ਸੱਠ=ਅਠਾਹਠ	ਦਾ	ਇਸ਼ਨਾਨ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ) ਨੂੰ ਸੋਝੀ ਹੋ ਜਾਂਦੀ ਹੈ ਕਿ ਨਾਮ ਸਿਮਰਨ ਵਿਚ ਜੁੜੇ ਰਹਿਣਾ ਹੀ) ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।...

ਸੁਣਿਐ, *(ਸੁਣਿਐਂ)*	ਪੜਿ *(ਪੜ੍ਹ)*	ਪੜਿ *(ਪੜ੍ਹ)*	ਪਾਵਹਿ *(ਪਾਵਹਿਂ)*	ਮਾਨੁ ॥ *(ਮਾਨ)*
ਸ਼੍ਰਵਣ ਦੁਆਰਾ	ਪੜ੍ਹ ਕੇ	ਪੜ੍ਹ ਕੇ	ਪਾਉਂਦੇ ਹਨ	ਆਦਰ, ਇੱਜ਼ਤ

ਅੰਕ ੩

...(ਵੇਦ, ਸ਼ਾਸਤ੍ਰ, ਸਿਮ੍ਰਤੀਆਂ ਅਤੇ ਹੋਰ ਧਰਮ ਗ੍ਰੰਥਾਂ ਆਦਿਕ ਨੂੰ) ਪੜ੍ਹ ਪੜ੍ਹ ਕੇ ਜੋ ਮਾਣ ਇੱਜ਼ਤ ਮਿਲਦੀ ਹੈ, ਉਹ (ਭਗਤ-ਜਨਾਂ ਨੂੰ) ਸ਼੍ਰਵਣ (ਦੇ ਅਨੁਭਵ) ਦੁਆਰਾ ਹੀ ਪ੍ਰਾਪਤ ਹੋ ਜਾਂਦਾ ਹੈ।

ਸੁਣਿਐ, *(ਸੁਣਿਐਂ)*	**ਲਾਗੈ**	**ਸਹਜਿ** *(ਸਹਿਜ)*	**ਧਿਆਨੁ** ॥ *(ਧਿਆਨ)*
ਸ਼੍ਰਵਣ ਦੁਆਰਾ	ਲਗ ਜਾਂਦਾ ਹੈ	ਅਡੋਲ ਅਵਸਥਾ	ਸੁਰਤ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੀ) ਸੁਰਤੀ, ਆਤਮਿਕ-ਅਡੋਲਤਾ ਵਾਲੀ ਅਵਸਥਾ ਵਿਚ ਜੁੜ ਜਾਂਦੀ ਹੈ।

ਨਾਨਕ,	**ਭਗਤਾ** *(ਭਗਤਾਂ)*	**ਸਦਾ**	**ਵਿਗਾਸੁ** ॥ *(ਵਿਗਾਸ)*
ਹੇ ! ਨਾਨਕ !	ਭਗਤਾਂ ਨੂੰ, ਧਰਮ-ਸਾਧਕਾਂ ਨੂੰ	ਹਮੇਸ਼ਾਂ	ਖੇੜਾ, ਪ੍ਰਸੰਨਤਾ

...ਹੇ! ਨਾਨਕ! (ਪਰਮਾਤਮ-ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।...

ਸੁਣਿਐ, *(ਸੁਣਿਐਂ)*	**ਦੂਖ**	**ਪਾਪ**	**ਕਾ**	**ਨਾਸੁ** ॥੧੦॥ *(ਨਾਸ਼)*
ਸ਼੍ਰਵਣ ਦੁਆਰਾ	ਕਸ਼ਟ	ਦੁਸ਼ਕਰਮ, ਭੈੜੇ ਕਰਮ	ਦਾ	ਖ਼ਤਮ, ਨਿਰਵਿਰਤ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੇ) ਭੈੜੇ ਕਰਮਾਂ ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।...

ਸੁਣਿਐ, *(ਸੁਣਿਐਂ)*	**ਸਰਾ** *(ਸਰਾਂ)*	**ਗੁਣਾ** *(ਗੁਣਾਂ)*	**ਕੇ**	**ਗਾਹ** ॥
ਸ਼੍ਰਵਣ ਦੁਆਰਾ	ਸਮੁੰਦਰਾਂ	ਗੁਣਾਂ	ਦੇ,ਵਾਲੇ	ਗਾਹ ਲਈਦਾ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ) ਬੇਅੰਤ ਗੁਣਾਂ ਵਾਲੇ ਸਮੁੰਦਰਾਂ ਨੂੰ ਗਾਹ ਲੈਂਦਾ ਹੈ, ਉਨ੍ਹਾਂ ਵਿਚ ਡੂੰਘੀ ਚੁੱਭੀ ਲਾ ਲੈਂਦਾ ਹੈ, ਭਾਵ ਉਨ੍ਹਾਂ ਦੀ ਅਸਲੀਅਤ ਪਤਾ ਲਗ ਜਾਂਦੀ ਹੈ।...

ਸੁਣਿਐ, *(ਸੁਣਿਐਂ)*	**ਸੇਖ** *(ਸ਼ੇਖ)*
ਸ਼੍ਰਵਣ ਦੁਆਰਾ	ਸ਼ੇਖ (ਇਸਲਾਮ ਧਰਮ ਵਿਚ ਧਾਰਮਿਕ ਵਿਦਵਾਨ ਨੂੰ ਸ਼ੇਖ ਵੀ ਕਹਿੰਦੇ ਹਨ)

ਪੀਰ	**ਪਾਤਿਸਾਹ** ॥ *(ਪਾਤਸ਼ਾਹ)*
ਇਸਲਾਮ ਦੇ ਧਾਰਮਿਕ ਆਚਾਰੀਆ	ਬਾਦਸ਼ਾਹ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ ਨੂੰ) ਸ਼ੇਖ, ਪੀਰ ਅਤੇ ਬਾਦਸ਼ਾਹਾਂ ਵਰਗਾ ਗੌਰਵਮਈ ਮਹੱਤਵ ਪ੍ਰਾਪਤ ਹੁੰਦਾ ਹੈ।...

ਅੰਕ ੩

ਸੁਣਿਐ, *(ਸੁਣਿਐਂ)*	**ਅੰਧੇ**	**ਪਾਵਹਿ** *(ਪਾਵਹਿਂ)*	**ਰਾਹੁ ॥** *(ਰਾਹ)*
ਸ਼੍ਰਵਣ ਦੁਆਰਾ	ਅੰਨ੍ਹੇ, ਭਾਵ ਅਗਿਆਨੀ	ਪਾ ਲੈਂਦੇ ਹਨ	ਰਸਤਾ, ਮਾਰਗ

...ਸ਼੍ਰਵਣ (ਦੇ ਅਨੁਭਵ) ਦੁਆਰਾ ਅੰਨ੍ਹੇ, ਭਾਵ ਅਗਿਆਨੀ-ਪੁਰਸ਼ (ਪਰਮਾਤਮ) ਮਾਰਗ ਦੀ ਸੋਝੀ ਪ੍ਰਾਪਤ ਕਰ ਲੈਂਦੇ ਹਨ।...

ਸੁਣਿਐ, *(ਸੁਣਿਐਂ)*	**ਹਾਥ**	**ਹੋਵੈ**	**ਅਸਗਾਹੁ ॥** *(ਅਸਗਾਹ)*
ਸ਼੍ਰਵਣ ਦੁਆਰਾ	ਥਾਹ, ਰਹੱਸ	ਹੋ ਜਾਂਦੇ	ਅਥਾਹ, ਅਗਾਧ

...ਸ਼੍ਰਵਣ (ਦੇ ਅਨੁਭਵ) ਦੁਆਰਾ ਅਗਾਧ-ਬੋਧ ਬ੍ਰਹਿਮੰਡੀ ਰਹੱਸਾਂ ਦਾ ਗਿਆਨ ਹੋ ਜਾਂਦਾ ਹੈ।...

ਨਾਨਕ,	**ਭਗਤਾ** *(ਭਗਤਾਂ)*	**ਸਦਾ**	**ਵਿਗਾਸੁ ॥** *(ਵਿਗਾਸ)*
ਹੇ ! ਨਾਨਕ	ਭਗਤਾਂ ਨੂੰ, ਧਰਮ-ਸਾਧਕਾਂ ਨੂੰ	ਹਮੇਸ਼ਾਂ	ਖੇੜਾ, ਪ੍ਰਸੰਨਤਾ

...ਹੇ! ਨਾਨਕ! (ਪਰਮਾਤਮ-ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ, ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।

ਸੁਣਿਐ, *(ਸੁਣਿਐਂ)*	**ਦੂਖ**	**ਪਾਪ**	**ਕਾ**	**ਨਾਸੁ ॥੧੧॥** *(ਨਾਸ਼)*
ਸ਼੍ਰਵਣ ਦੁਆਰਾ	ਕਸ਼ਟ	ਦੁਸ਼ਕਰਮ, ਭੈੜੇ ਕਰਮ	ਦਾ	ਖ਼ਤਮ, ਨਿਰਵਿਰਤ

....ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੇ) ਭੈੜੇ ਕਰਮਾਂ ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।

ਮੰਨੇ	**ਕੀ**	**ਗਤਿ,** *(ਗਤ)*	**ਕਹੀ**	**ਨ** *(ਨਾਂ)*	**ਜਾਇ ॥**
ਮਨਨ, ਚਿੰਤਨ	ਦੀ	ਅਵਸਥਾ	ਆਖੀ,ਬਿਆਨ	ਨਹੀਂ	ਜਾ ਸਕਦੀ

ਮਨਨ ਭਾਵ ਚਿੰਤਨ ਕਰਨ ਵਾਲੇ (ਧਰਮ-ਸਾਧਕ) ਦੀ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ।...

ਜੇ	**ਕੋ**	**ਕਹੈ**	**ਪਿਛੈ**	**ਪਛੁਤਾਇ ॥**
ਜੇਕਰ	ਕੋਈ	ਬਿਆਨ ਕਰੇ	ਪਿਛੋਂ	ਪਛਤਾਉਂਦਾ ਹੈ।

...ਜੇਕਰ ਕੋਈ (ਮਨਨ ਕਰਨ ਵਾਲੇ ਧਰਮ-ਸਾਧਕ ਦੀ ਅਵਸਥਾ) ਬਿਆਨ ਕਰੇ ਤਾਂ ਪਿਛੋਂ ਪਛਤਾਉਂਦਾ ਹੈ।...

ਕਾਗਦਿ, *(ਕਾਗਦ)*	**ਕਲਮ**	**ਨ** *(ਨਾਂ)*	**ਲਿਖਣਹਾਰੁ ॥** *(ਲਿਖਣਹਾਰ)*
ਕਾਗਜ਼	ਲੇਖਣੀ, ਲਿਖਣ ਦਾ ਸੰਦ	ਨਹੀਂ	ਲਿਖਾਰੀ, ਲੇਖਕ

ਅੰਕ ੩

... (ਮਨਨ, ਭਾਵ ਚਿੰਤਨ ਕਰਨ ਵਾਲੇ ਧਰਮ-ਸਾਧਕ ਦੀ ਅਵਸਥਾ ਬਿਆਨ ਕਰਨ ਲਈ) ਨਾ ਕੋਈ ਕਾਗਜ਼ ਹੈ, ਨਾ ਕੋਈ ਕਲਮ ਅਤੇ ਨਾ ਹੀ ਕੋਈ ਲਿਖਾਰੀ।...

ਮੰਨੇ	ਕਾ,	ਬਹਿ	ਕਰਨਿ *(ਕਰਨ)*	ਵੀਚਾਰੁ ॥ *(ਵੀਚਾਰ)*
ਮਨਨ, ਚਿੰਤਨ	ਦਾ	ਬੈਠ ਕੇ	ਕਰਦੇ ਹਨ	ਚਰਚਾ,ਵਿਆਖਿਆ

...(ਸਿਆਣੇ ਲੋਕ) ਮਨਨ ਕਰਨ ਵਾਲਿਆਂ ਦੀ (ਅਵਸਥਾ ਦੀ) ਬੈਠ ਕੇ ਵੀਚਾਰ-ਚਰਚਾ ਕਰਦੇ ਹਨ (ਪ੍ਰੰਤੂ ਕੋਈ ਵੀ ਕਾਗਜ਼, ਕਲਮ ਜਾਂ ਲਿਖਾਰੀ ਉਨ੍ਹਾਂ ਧਰਮ-ਸਾਧਕਾਂ ਦੀ ਆਤਮਿਕ ਅਵਸਥਾ ਦਾ ਬਿਆਨ ਨਹੀਂ ਕਰ ਸਕਦਾ)...

ਐਸਾ	ਨਾਮੁ, *(ਨਾਮ)*	ਨਿਰੰਜਨੁ *(ਨਿਰੰਜਨ)*	ਹੋਇ ॥
ਇਹੋ ਜਿਹਾ	ਪਰਮਾਤਮ ਸਰੂਪ	ਮਾਇਆ ਤੋਂ ਰਹਿਤ	ਹੈ

...ਇਹੋ ਜਿਹਾ ਹੈ, ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।...

ਜੇ	ਕੋ	ਮੰਨਿ *(ਮੰਨ)*	ਜਾਣੈ	ਮਨਿ *(ਮਨ)*	ਕੋਇ ॥੧੨॥
ਜੇਕਰ	ਕੋਈ	ਮਨਨ ਕਰਕੇ	ਜਾਣ ਲਵੇ	ਮਨ ਵਿਚ	ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅਥਵਾ ਸਮਝੇ (ਤਾਂ ਹੀ ਪਤਾ ਲਗਦਾ ਹੈ, ਕਿ ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ)...

ਮੰਨੈ	ਸੁਰਤਿ *(ਸੁਰਤ)*	ਹੋਵੈ	ਮਨਿ *(ਮਨ)*	ਬੁਧਿ ॥ *(ਬੁੱਧ)*
ਮਨਨ, ਚਿੰਤਨ	ਉਚੇਰੀ ਚੇਤਨਾ (ਈਸ਼ਵੀਰੀ ਗਿਆਨ)	ਹੁੰਦੀ ਹੈ	ਮਨ ਵਿਚ	ਬੁੱਧੀ

ਮਨਨ ਕਰਨ ਦੁਆਰਾ (ਧਰਮ-ਸਾਧਕ) ਦੇ ਮਨ ਅਤੇ ਬੁੱਧੀ ਵਿਚ ਉਚੇਰੀ ਚੇਤਨਾ, ਭਾਵ ਈਸ਼ਵਰੀ-ਗਿਆਨ(ਦਾ ਪ੍ਰਕਾਸ਼ ਹੋ ਜਾਂਦਾ ਹੈ)...

ਮੰਨੈ,	ਸਗਲ	ਭਵਣ	ਕੀ	ਸੁਧਿ ॥ *(ਸੁਧ)*
ਮਨਨ, ਚਿੰਤਨ	ਸਾਰੇ	ਲੋਕਾਂ(ਭਵਣਾਂ)	ਦੀ	ਸੂਝ, ਗਿਆਨ

...ਮਨਨ ਕਰਨ ਵਾਲੇ (ਧਰਮ ਸਾਧਕ ਨੂੰ) ਸੰਮੂਹ ਭਵਨਾਂ ਦੀ ਸੂਝ ਹੋ ਜਾਂਦੀ ਹੈ।...

ਮੰਨੈ,	ਮੁਹਿ *(ਮੂੰਹ)*	ਚੋਟਾ *(ਚੋਟਾਂ)*	ਨਾ	ਖਾਇ ॥
ਮਨਨ, ਚਿੰਤਨ	ਮੂੰਹ ਉਤੇ	ਸੱਟਾਂ, ਚਪੇੜਾਂ	ਨਹੀਂ	ਖਾਂਦਾ

ਅੰਕ ੩

...ਮਨਨ ਕਰਨ ਦੁਆਰਾ (ਧਰਮ-ਸਾਧਕ ਨੂੰ) ਮੂੰਹ ਉੱਤੇ (ਮਾਇਆਵੀ ਵਿਕਾਰਾਂ ਦੀਆਂ) ਸੱਟਾਂ ਨਹੀਂ ਖਾਣੀਆਂ ਪੈਂਦੀਆਂ (ਭਾਵ ਉਹ ਹਰ ਪ੍ਰਕਾਰ ਦੀ ਵਿਕਾਰਾਂ ਦੀ ਸਜ਼ਾ ਤੋਂ ਬਚ ਜਾਂਦਾ ਹੈ ਕਿਉਂਕਿ ਧਰਮ-ਚਿੰਤਨ ਨਾਲ ਉਸਦੇ ਸਾਰੇ ਪਾਪ ਧੋਤੇ ਜਾਂਦੇ ਹਨ)...

ਮੰਨੈ	**ਜਮ**	**ਕੈ**	**ਸਾਥਿ** *(ਸਾਥ)*	**ਨ** *(ਨਾਂ)*	**ਜਾਇ ॥**
ਮਨਨ, ਚਿੰਤਨ	ਜਮਦੂਤ(ਮ੍ਰਿਤੂ ਦੂਤ)	ਦੇ	ਨਾਲ	ਨਹੀਂ	ਜਾਂਦਾ

...ਮਨਨ ਕਰਨ ਦੁਆਰਾ (ਧਰਮ-ਸਾਧਕ) ਜਮਦੂਤ ਦੇ ਨਾਲ (ਧਰਮ-ਰਾਜ ਕੋਲ) ਨਹੀਂ ਜਾਂਦਾ।...

ਐਸਾ	**ਨਾਮੁ** *(ਨਾਮ)*,	**ਨਿਰੰਜਨੁ** *(ਨਿਰੰਜਨ)*	**ਹੋਇ ॥**
ਇਹੋ ਜਿਹਾ	ਪਰਮਾਤਮ ਸਰੂਪ	ਮਾਇਆ ਤੋਂ ਰਹਿਤ	ਹੈ

...ਇਹੋ ਜਿਹਾ ਹੈ ਮਾਇਆ ਤੋਂ ਰਹਿਤ, ਪਰਮਾਤਮਾ ਦਾ ਸਰੂਪ।...

ਜੇ	**ਕੋ**,	**ਮੰਨਿ** *(ਮੰਨ)*	**ਜਾਣੈ**	**ਮਨਿ** *(ਮਨ)*	**ਕੋਇ ॥੧੩॥**
ਜੇਕਰ	ਕੋਈ	ਮਨਨ ਕਰਕੇ	ਜਾਣ ਲਵੇ	ਮਨ ਵਿਚ	ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅ[illegible] ਸਮਝੇ (ਤਾਂ ਹੀ ਪਤਾ ਲਗਦਾ ਹੈ, ਕਿ ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।)

ਮੰਨੈ ,	**ਮਾਰਗਿ** *(ਮਾਰਗ)*	**ਠਾਕ**	**ਨ** *(ਨਾਂ)*	**ਪਾਇ ॥**
ਮਨਨ, ਚਿੰਤਨ	ਮਾਰਗ ਵਿਚ,ਰਸਤੇ ਵਿਚ	ਰੋਕ	ਨਹੀਂ	ਪੈਂਦੀ

ਮਨਨ ਕਰਨ ਦੁਆਰਾ (ਧਰਮ-ਸਾਧਕ) ਨੂੰ ਪਰਮਾਤਮ-ਮਾਰਗ (ਵਲ ਜਾਂਦਿਆਂ) ਕੋਈ ਰੁਕਾਵਟ ਨਹੀਂ ਪੈਂਦੀ।...

ਮੰਨੈ	**ਪਤਿ** *(ਪਤ)*	**ਸਿਉ** *(ਸਿਉਂ)*	**ਪਰਗਟੁ** *(ਪਰਗਟ)*	**ਜਾਇ ॥**
ਮਨਨ, ਚਿੰਤਨ	ਆਦਰ, ਸਤਿਕਾਰ	ਨਾਲ	ਪ੍ਰਤੱਖ, ਸਨਮੁੱਖ	ਜਾਂਦਾ ਹੈ

...ਮਨਨ ਕਰਨ ਦੁਆਰਾ (ਧਰਮ-ਸਾਧਕ, ਪ੍ਰਭੂ ਦੀ ਹਜ਼ੂਰੀ ਵਿਚ) ਆਦਰ ਸਤਿਕਾਰ ਨਾਲ ਪ੍ਰਤੱਖ, ਭਾਵ ਸਨਮੁੱਖ ਹੋ ਕੇ ਜਾਂਦਾ ਹੈ।...

ਮੰਨੈ,	**ਮਗੁ** *(ਮਗ)*	**ਨ** *(ਨਾਂ)*	**ਚਲੈ**	**ਪੰਥੁ ॥** *(ਪੰਥ)*
ਮਨਨ, ਚਿੰਤਨ	ਮਾਰਗ,ਰਸਤਾ	ਨਹੀਂ	ਚਲਦਾ	(ਕਰਮਕਾਂਡੀ) ਪੰਧ, ਰਾਹ

ਅੰਕ ੩

...ਮਨਨ ਕਰਨ ਦੁਆਰਾ (ਧਰਮ-ਸਾਧਕ) ਕਰਮਕਾਂਡੀ ਅਥਵਾ ਪਖੰਡੀ ਰਸਤਿਆਂ ਤੇ ਨਹੀਂ ਚਲਦਾ।...

ਮੰਨੈ,	ਧਰਮ	ਸੇਤੀ	ਸਨਬੰਧੁ ॥ *(ਸਨਬੰਧ)*
ਮਨਨ, ਚਿੰਤਨ	ਨਿਰਮਲ ਕਰਮਾਂ ਵਾਲਾ ਪੰਧ	ਨਾਲ	ਰਿਸ਼ਤਾ

...ਮਨਨ ਕਰਨ ਦੁਆਰਾ (ਧਰਮ-ਸਾਧਕ) ਦਾ ਧਰਮ (ਭਾਵ ਨਿਰਮਲ ਪੰਥ) ਨਾਲ ਸਿੱਧਾ ਰਿਸ਼ਤਾ ਜੁੜ ਜਾਂਦਾ ਹੈ...

ਐਸਾ	ਨਾਮੁ,	ਨਿਰੰਜਨ *(ਨਿਰੰਜਨ)*	ਹੋਇ ॥
ਇਹੋ ਜਿਹਾ	ਪਰਮਾਤਮ ਸਰੂਪ	ਮਾਇਆ ਤੋਂ ਰਹਿਤ	ਹੈ

...ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।...

ਜੇ	ਕੋ,	ਮੰਨਿ *(ਮੰਨ)*	ਜਾਣੈ ,	ਮਨਿ *(ਮਨ)*	ਕੋਇ ॥੧੪॥
ਜੇਕਰ	ਕੋਈ	ਮਨਨ ਕਰਕੇ, ਮੰਨ ਕੇ	ਜਾਣ ਲਵੇ	ਮਨ ਵਿਚ	ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅਥਵਾ ਸਮਝੇ (ਤਾਂ ਹੀ ਪਤਾ ਲਗਦਾ ਹੈ ਕਿ ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।)

ਮੰਨੈ ,	ਪਾਵਹਿ *(ਪਾਵਹਿਂ)*	ਮੋਖੁ *(ਮੋਖ)*	ਦੁਆਰੁ ॥ *(ਦੁਆਰ)*
ਮਨਨ, ਚਿੰਤਨ	ਪਾ ਲੈਂਦੇ ਹਨ	ਮੁਕਤੀ	(ਪਰਮਾਤਮ) ਦਰ, ਦਰਵਾਜ਼ਾ

ਮਨਨ ਕਰਨ ਦੁਆਰਾ (ਧਰਮ ਸਾਧਕ) ਮੁਕਤ ਹੋ ਕੇ ਪਰਮਾਤਮ-ਦੁਆਰ ਪ੍ਰਾਪਤ ਕਰ ਲੈਂਦਾ ਹੈ।...

ਮੰਨੈ ,	ਪਰਵਾਰੈ	ਸਾਧਾਰੁ ॥ *(ਸਾਧਾਰ)*
ਮਨਨ, ਚਿੰਤਨ	ਪਰਿਵਾਰ ਨੂੰ, ਸੰਗੀਆਂ ਸਾਥੀਆਂ ਨੂੰ	ਆਧਾਰ ਸਹਿਤ ਕਰਨਾ, ਟੇਕ ਦ੍ਰਿੜਾਉਣੀ

...ਮਨਨ ਕਰਨ ਦੁਆਰਾ (ਧਰਮ-ਸਾਧਕ) ਆਪਣੇ ਸੰਗੀਆਂ ਸਾਥੀਆਂ ਨੂੰ ਵੀ (ਆਪਣੇ ਵਾਂਗ ਸਿਮਰਨ ਬੰਦਗੀ ਲਈ) ਆਧਾਰ ਬਖਸ਼ ਦਿੰਦਾ ਹੈ, ਭਾਵ ਟੇਕ ਦ੍ਰਿੜਾਉਂਦਾ ਹੈ।...

ਮੰਨੈ,	ਤਰੈ,	ਤਾਰੇ,	ਗੁਰੁ *(ਗੁਰ)*	ਸਿਖ ॥
ਮਨਨ, ਚਿੰਤਨ	ਤਰ ਜਾਂਦੇ	ਤਾਰ ਦਿੰਦੇ	ਉਪਦੇਸ਼ਕ,ਅਧਿਆਪਕ	ਸਿਖਿਆਰਥੀ

...ਮਨਨ ਕਰਨ ਦੁਆਰਾ (ਧਰਮ-ਸਾਧਕ) ਆਪ ਤਰਦਾ, ਹੋਰਨਾਂ ਨੂੰ ਤਾਰਦੈ ਅਤੇ ਫਿਰ ਮਨਨ-ਕਰਤਾ, ਉਪਦੇਸ਼ਕ ਬਣਕੇ ਭਾਵ ਸਮਰੱਥ ਹੋਕੇ ਹੋਰਨਾਂ ਸਿਖਾਂ ਨੂੰ ਵੀ ਤਾਰਦਾ ਹੈ।...

ਅੰਕ ੩

ਮੰਨੈ,	ਨਾਨਕ,	ਭਵਹਿ *(ਭਵਹਿੰ)*	ਨ *(ਨਾਂ)*	ਭਿਖ ॥
ਮਨਨ, ਚਿੰਤਨ	ਹੇ !ਨਾਨਕ	ਭਾਉਂਦੇ, ਫਿਰਦੇ	ਨਹੀਂ	ਭਿਖਿਆ

...ਹੇ! ਨਾਨਕ! ਮਨਨ ਕਰਨ ਦੁਆਰਾ (ਧਰਮ-ਸਾਧਕ) ਭਿਖਿਆ ਮੰਗਦੇ ਨਹੀਂ ਫਿਰਦੇ, ਭਾਵ ਉਨ੍ਹਾਂ ਦੀ ਭਟਕਣਾ ਅਤੇ ਮੁਥਾਜੀ ਸਮਾਪਤ ਹੋ ਜਾਂਦੀ ਹੈ।...

ਐਸਾ	ਨਾਮੁ, *(ਨਾਮ)*	ਨਿਰੰਜਨੁ *(ਨਿਰੰਜਨ)*	ਹੋਇ ॥
ਇਹੋ ਜਿਹਾ	ਪਰਮਾਤਮ-ਸਰੂਪ	ਮਾਇਆ ਤੋਂ ਰਹਿਤ	ਹੈ

...ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।

ਜੇ	ਕੋ,	ਮੰਨਿ *(ਮੰਨ)*	ਜਾਣੈ,	ਮਨਿ *(ਮਨ)*	ਕੋਇ ॥੧੫॥
ਜੇਕਰ	ਕੋਈ	ਮਨਨ ਕਰਕੇ	ਜਾਣ ਲਵੇ	ਮਨ ਵਿਚ	ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅਥਵਾ ਸਮਝੇ (ਤਾਂ ਹੀ ਪਤਾ ਲਗਦਾ ਹੈ ਕਿ ਇਹੋ ਜਿਹਾ ਹੈ, ਮਾਇਆ ਤੋਂ ਰਹਿਤ, ਪਰਮਾਤਮਾ ਦਾ ਸਰੂਪ।)

ਪੰਚ	*ਪਰਵਾਣ,*
ਪਹੁੰਚੇ ਹੋਏ, ਸੰਤ ਜਨ, ਸ਼੍ਰਵਣ ਅਤੇ ਮਨਨ ਕਰਨ ਵਾਲੇ ਧਰਮ-ਸਾਧਕ	ਕਬੂਲ, ਸਵੀਕਾਰ

ਪੰਚ	ਪਰਧਾਨੁ ॥ *(ਪਰਧਾਨ)*
ਪਹੁੰਚੇ ਹੋਏ, ਸੰਤ-ਜਨ	ਮੁਖੀ, ਸ੍ਰੇਸ਼ਟ ਪਦ ਵਾਲੇ

(ਸ਼੍ਰਵਣ ਅਤੇ ਮਨਨ ਕਰਨ ਵਾਲੇ ਧਰਮ-ਸਾਧਕ, ਸੰਤ-ਜਨ ਬਣ ਜਾਂਦੇ ਹਨ। (ਉਹ) ਪਹੁੰਚੇ ਹੋਏ ਸੰਤ-ਜਨ (ਰੱਬੀ ਦਰਗਾਹ ਵਿਚ) ਪਰਵਾਣ ਹੁੰਦੇ ਹਨ, ਅਤੇ ਅਜਿਹੇ ਪੰਚ-ਜਨ ਹੀ ਪਰਮੇਸ਼ਰ ਦੇ ਦਰਬਾਰ ਵਿਚ ਪਰਧਾਨ ਪੁਰਖ ਹੁੰਦੇ ਹਨ।...

ਪੰਚੇ	ਪਾਵਹਿ, *(ਪਾਵਹਿੰ)*	ਦਰਗਹਿ	ਮਾਨੁ ॥ *(ਮਾਨ)*
ਪੰਚ ਜਨ	ਪਾਉਂਦੇ ਹਨ	ਦਰਗਾਹ ਵਿਚ	ਆਦਰ, ਇੱਜ਼ਤ

...ਪੰਚ-ਜਨ, ਪਰਮਾਤਮ-ਦਰਗਾਹ ਵਿਚ ਆਦਰ ਸਤਿਕਾਰ ਪ੍ਰਾਪਤ ਕਰਦੇ ਹਨ।...

ਪੰਚੇ	ਸੋਹਹਿ, *(ਸੋਹਹਿੰ)*	ਦਰਿ *(ਦਰ)*	ਰਾਜਾਨੁ ॥ *(ਰਾਜਾਨ)*
ਪੰਚ ਜਨ	ਸ਼ੋਭਦੇ ਹਨ, ਸੁਹਣੇ ਲਗਦੇ ਹਨ	ਦੁਆਰ ਵਿਚ	ਰਾਜਿਆਂ ਦੇ

ਅੰਕ ੩

...ਪੰਚ-ਜਨ (ਆਪਣੀ ਅਧਿਆਤਮਕ ਉੱਚਤਾ ਕਰਕੇ) ਰਾਜ ਦਰਬਾਰਾਂ ਵਿਚ ਵੀ ਸ਼ੋਭਾ ਪਾਉਂਦੇ ਹਨ।...

ਪੰਚਾ *(ਪੰਚਾਂ)*	**ਕਾ,**	**ਗੁਰੁ** *(ਗੁਰ)*	**ਏਕੁ** *(ਏਕ)*	**ਧਿਆਨੁ ॥** *(ਧਿਆਨ)*
ਪੰਚ ਜਨਾਂ	ਦਾ	ਗੁਰੂ	ਇਕ	ਸੁਰਤੀ, ਬਿਰਤੀ

...ਪਰਵਾਣ ਹੋਏ ਸੰਤ-ਜਨਾਂ ਦਾ ਧਿਆਨ ਭਾਵ ਸੁਰਤ ਕੇਵਲ ਇਕ ਸਤਿਗੁਰੂ ਤੇ ਟਿਕੀ ਰਹਿੰਦੀ ਹੈ।...

ਜੇ	**ਕੋ**	**ਕਹੈ,**	**ਕਰੈ**	**ਵੀਚਾਰੁ ॥** *(ਵੀਚਾਰ)*
ਜੇਕਰ	ਕੋਈ	ਆਖੇ	ਕਰਕੇ	ਸੋਚ-ਵਿਚਾਰ, ਕਥਨ

...ਜੇਕਰ ਕੋਈ (ਵਿਚਾਰਵਾਨ) ਸੋਚ-ਵਿਚਾਰ ਕਰਕੇ (ਅਕਾਲ ਪੁਰਖ ਬਾਰੇ ਕੁਝ) ਆਖੇ...

ਕਰਤੇ	**ਕੈ**	**ਕਰਣੈ,**	**ਨਾਹੀ** *(ਨਾਹੀਂ)*	**ਸੁਮਾਰੁ ॥** *(ਸ਼ੁਮਾਰ)*
ਕਰਤਾ ਪੁਰਖ	ਦੇ	ਕੰਮ, ਕ੍ਰਿਤਾਂ	ਨਹੀਂ	ਗਿਣਤੀ, ਲੇਖਾ

...(ਤਾਂ ਵੀ) ਕਰਤਾ ਪੁਰਖ ਦੀਆਂ ਕਿਰਤਾਂ ਦਾ ਲੇਖਾ-ਜੋਖਾ ਨਹੀਂ ਕਰ ਸਕਦਾ।...

ਧੌਲੁ *(ਧੌਲ)*	**ਧਰਮੁ,** *(ਧਰਮ)*
(ਪੌਰਾਣਿਕ) ਬਲਦ ਜਿਸ ਬਾਰੇ ਮਿਥ ਹੈ ਕਿ ਧਰਤੀ ਉਸਦੇ ਸਿੰਗਾਂ ਤੇ ਟਿਕੀ ਹੈ।	ਈਸ਼ਵਰੀ-ਵਿਧਾਨ

ਦਇਆ	**ਕਾ**	**ਪੂਤੁ ॥** *(ਪੂਤ)*
ਕਰੁਣਾ,(ਅਕਾਲ ਪੁਰਖ ਮਿਹਰ)	ਦਾ	ਪੁੱਤਰ

...ਈਸ਼ਵਰੀ-ਵਿਧਾਨ ਹੀ ਦਰਅਸਲ ਪੌਰਾਣਿਕ ਬਲਦ ਹੈ।(ਭਾਵ ਧਰਤੀ ਈਸ਼ਵਰੀ-ਵਿਧਾਨ ਅਨੁਸਾਰ ਹੀ ਖੜੀ ਹੈ।) ਇਹ ਈਸ਼ਵਰੀ-ਵਿਧਾਨ, ਦਇਆ ਦਾ ਪੁੱਤਰ ਹੈ।(ਭਾਵ ਅਕਾਲ ਪੁਰਖ ਜੀ ਨੇ ਦਇਆ, ਮਿਹਰ ਕਰਕੇ ਇਹ ਈਸ਼ਵਰੀ-ਵਿਧਾਨ ਸਿਰਜਿਆ ਹੈ।)

ਸੰਤੋਖੁ, *(ਸੰਤੋਖ)*	**ਥਾਪਿ** *(ਥਾਪ)*	**ਰਖਿਆ**
ਸੰਤੋਖ ਨੂੰ, ਸਬਰ ਨੂੰ	ਥਾਪ ਕੇ, ਟਿਕਾ ਕੇ	ਰਖਿਆ ਹੈ

ਜਿਨਿ *(ਜਿਨ)*	**ਸੂਤਿ ॥** *(ਸੂਤ)*
ਜਿਸਨੇ	ਇਕ ਸੂਤਰ ਵਿਚ, ਸੰਜਮ ਵਿਚ

...(ਈਸ਼ਵਰੀ ਵਿਧਾਨ ਨੇ) ਸੰਤੋਖ ਨੂੰ ਪੈਦਾ ਕਰਕੇ ਅਥਵਾ ਸਥਾਪਤ ਕਰਕੇ (ਉਸ ਰਾਹੀਂ) ਇਕ ਸੰਜਮ, ਇਕ ਮਰਿਯਾਦਾ ਵਿਚ ਸ੍ਰਿਸ਼ਟੀ ਨੂੰ ਟਿਕਾ ਕੇ ਭਾਵ ਬੰਨ੍ਹ ਕੇ ਰਖਿਆ ਹੋਇਆ ਹੈ।...

ਅੰਕ ੩

ਜੇ	ਕੋ	ਬੁਝੈ,	ਹੋਵੈ	ਸਚਿਆਰੁ ॥ *(ਸਚਿਆਰ)*
ਜੇਕਰ	ਕੋਈ	ਬੁੱਝ ਲਵੇ, ਜਾਣ ਲਵੇ	ਹੋ ਜਾਂਦੈ	ਸੱਤ ਨੂੰ ਧਾਰਨ ਕਰਨ ਵਾਲਾ

...ਜੇਕਰ ਕੋਈ (ਇਸ ਈਸ਼ਵਰੀ ਨਿਯਮ ਨੂੰ) ਸਮਝ ਲਏ ਤਾਂ ਉਹ ਸਚਿਆਰ (ਜਿਸਦੇ ਹਿਰਦੇ ਵਿਚ ਸੱਚ ਦਾ ਪ੍ਰਕਾਸ਼ ਹੋ ਜਾਵੇ) ਹੋ ਜਾਂਦਾ ਹੈ।...

ਧਵਲੈ	ਉਪਰਿ, *(ਉਪਰ)*	ਕੇਤਾ	ਭਾਰੁ ॥ *(ਭਾਰ)*
ਪੌਰਾਣਿਕ ਬਲਦ	ਉੱਤੇ	ਕਿਤਨਾ	ਵਜ਼ਨ

...(ਜ਼ਰਾ ਸੋਚੋ ਕਿ) ਪੌਰਾਣਿਕ ਬਲਦ (ਜਿਸਨੇ ਆਪਣੇ ਸਿੰਗਾਂ ਉੱਤੇ ਧਰਤੀ ਨੂੰ ਚੁਕਿਆ ਹੋਇਆ ਹੈ) ਉਪਰ ਕਿਤਨਾ ਵਜ਼ਨ ਹੈ।(ਉਹ ਇਤਨੇ ਭਾਰ ਨੂੰ ਕਿਵੇਂ ਚੁੱਕ ਸਕਦਾ ਹੈ।)

ਧਰਤੀ,	ਹੋਰੁ *(ਹੋਰ)*	ਪਰੈ,
ਪ੍ਰਿਥਵੀ	ਇਸ ਤੋਂ ਵੀ ਵੱਧ	(ਉਸ ਤੋਂ) ਅਗਾਂਹ, (ਭਾਵ ਉਸ ਤੋਂ ਹੇਠਾਂ)

ਹੋਰੁ *(ਹੋਰ)*	ਹੋਰੁ ॥ *(ਹੋਰ)*
ਇਸ ਤੋਂ ਵੀ ਵੱਧ	ਇਸ ਤੋਂ ਵੀ ਵੱਧ

...(ਉਸ ਪੌਰਾਣਿਕ ਬਲਦ ਨੂੰ ਆਸਰਾ ਦੇਣ ਲਈ) ਉਸ ਦੇ ਹੇਠਾਂ ਫਿਰ ਹੋਰ ਕਿਹੜੀ ਧਰਤੀ ਹੈ, ਅਤੇ ਫਿਰ ਉਸਦੇ ਹੇਠਾਂ ਹੋਰ ਕਿਹੜੀ ਧਰਤੀ ਹੈ?(ਭਾਵ ਕੋਈ ਨਹੀਂ)...

ਤਿਸ	ਤੇ	ਭਾਰੁ, *(ਭਾਰ)*	ਤਲੈ	ਕਵਣੁ *(ਕਵਣ)*	ਜੋਰੁ ॥ *(ਜ਼ੋਰ)*
ਉਸ	ਉਤੇ	ਵਜ਼ਨ	ਥਲੇ, ਹੇਠਾਂ	ਕਿਹੜਾ	ਆਸਰਾ,ਸਹਾਰਾ

...(ਫਿਰ ਅਖੀਰ ਤੇ ਜਾਕੇ) ਇਸ ਸਾਰੇ ਵਜ਼ਨ ਦੇ ਹੇਠਾਂ ਕਿਹੜਾ ਆਸਰਾ ਹੈ, ਜਿਸ ਉੱਤੇ ਇਹ ਸਾਰਾ ਕੁਝ ਖੜਾ ਹੈ।(ਭਾਵ ਕੋਈ ਨਹੀਂ।ਇਹ ਨਿਰਾ ਭਰਮ ਹੈ।) ਸਾਰਾ ਬ੍ਰਹਿਮੰਡ ਪ੍ਰਭੂ ਦੇ ਈਸ਼ਵਰੀ-ਵਿਧਾਨ ਅਨੁਸਾਰ ਹੀ ਸਥਾਪਿਤ ਹੋਇਆ ਹੋਇਆ ਹੈ।)...

ਜੀਅ	ਜਾਤਿ, *(ਜਾਤ)*	ਰੰਗਾ *(ਰੰਗਾਂ)*	ਕੇ	ਨਾਵ ॥ *(ਨਾਂਵ)*
ਜੀਵ	ਜਾਤਾਂ, ਨਸਲਾਂ	ਰੰਗਾਂ ਵਾਲੇ	ਕਿਤਨੇ	ਨਾਂ

...(ਕਰਤਾ-ਪੁਰਖ ਦੇ ਸਾਜੇ ਬ੍ਰਹਿਮੰਡ ਵਿਚ) ਕਿਤਨੀਆਂ ਹੀ ਨਸਲਾਂ, ਰੰਗਾਂ ਅਤੇ ਨਾਵਾਂ ਵਾਲੇ ਜੀਵ ਹਨ।...

ਸਭਨਾ *(ਸਭਨਾਂ)*	ਲਿਖਿਆ,	ਵੁੜੀ	ਕਲਾਮ ॥
ਸਾਰਿਆਂ	ਅੰਕਿਤ ਕੀਤਾ	ਵਗਦੀ, ਚਲਦੀ	ਕਲਮ, ਕਾਨੀ

ਅੰਕ ੩

...ਸਾਰਿਆਂ (ਦਾ ਲੇਖਾ-ਜੋਖਾ ਕਰਤਾ-ਪੁਰਖ ਜੀ ਦੀ ਨਿਰੰਤਰ) ਚਲਦੀ ਕਲਮ ਨੇ ਲਿਖਿਆ ਹੈ।...

ਏਹੁ*(ਏਹ)*	**ਲੇਖਾ,**	**ਲਿਖਿ***(ਲਿਖ)*	**ਜਾਣੈ**	**ਕੋਇ ॥**
ਇਹ	ਲੇਖਾ ਜੋਖਾ, ਹਿਸਾਬ ਕਿਤਾਬ	ਲਿਖਣਾ	ਜਾਣਦਾ	ਕੋਈ

...(ਕੌਣ) ਕੋਈ (ਕਰਤਾ ਪੁਰਖ ਦੇ) ਇਸ ਲੇਖੇ ਜੋਖੇ ਨੂੰ ਲਿਖਣਾ ਜਾਣਦਾ ਹੈ? ਜਾਂ ਲਿਖ ਸਕਦਾ ਹੈ (ਭਾਵ ਕੋਈ ਨਹੀਂ)...

ਲੇਖਾ	**ਲਿਖਿਆ,**	**ਕੇਤਾ**	**ਹੋਇ ॥**
ਲੇਖਾ ਜੋਖਾ, ਹਿਸਾਬ ਕਿਤਾਬ	ਲਿਖਣ ਨਾਲ, ਅੰਕਿਤ ਕਰਨ ਨਾਲ	ਕਿਤਨਾ,ਕਿੰਨਾ ਵੱਡਾ	ਹੋਇਗਾ

...(ਜੇ ਕਿਤੇ ਸਚੀਂ ਮੁੱਚੀਂ ਕੋਈ ਇਹ) ਲੇਖਾ ਲਿਖ ਦੇਵੇ ਤਾਂ ਇਹ ਕਿਤਨਾ ਬੇਅੰਤ ਹੋਏਗਾ,(ਭਾਵ ਕਿਤਨਾ ਅਸਚਰਜ ਤੇ ਅਗਾਧ-ਬੋਧ ਹੋਏਗਾ।)...

ਕੇਤਾ	**ਤਾਣੁ,***(ਤਾਣ)*	**ਸੁਆਲਿਹੁ**	**ਰੂਪੁ ॥***(ਰੂਪ)*
ਕਿਤਨਾ	ਜ਼ੋਰ, ਸ਼ਕਤੀ	ਸੁੰਦਰ, ਸੋਹਣੀ, ਹੁਸੀਨ	ਸ਼ਕਲ, ਸੂਰਤ

...ਉਸ (ਓਅੰਕਾਰ ਦਾ) ਕਿਤਨਾ (ਅਮਿੱਤ) ਬਲ ਹੈ, ਉਸਦੀ ਸੂਰਤ ਕਿਤਨੀ ਸੋਹਣੀ ਹੈ।...

ਕੇਤੀ	**ਦਾਤਿ,***(ਦਾਤ)*	**ਜਾਣੈ**	**ਕੌਣ***(ਕੌਣ)*	**ਕੂਤੁ ॥***(ਕੂਤ)*
ਕਿਤਨੀ	ਦਾਤ,ਬਖਸ਼ਿਸ਼	ਜਾਣ ਸਕਦਾ	ਕੋਈ	ਅਨੁਮਾਨ, ਅੰਦਾਜ਼ਾ

...(ਅਕਾਲ-ਪੁਰਖ ਦੀ) ਦਾਤ ਕਿਤਨੀ ਬੇਅੰਤ ਹੈ, ਇਸਦਾ ਅੰਦਾਜ਼ਾ ਕੌਣ ਜਾਣ ਸਕਦਾ ਹੈ।(ਭਾਵ ਕੋਈ ਨਹੀਂ)...

ਕੀਤਾ	**ਪਸਾਉ,**	**ਏਕੋ**	**ਕਵਾਉ ॥**
ਕਰ ਦਿਤਾ	ਪਸਾਰਾ	ਇਕੋ ਹੀ	ਬਚਨ, ਕਥਨ

...(ਕਰਤਾ-ਪੁਰਖ ਜੀ ਨੇ) ਇਕ ਹੀ ਬਚਨ ਨਾਲ ਸਰਬ-ਬ੍ਰਹਿਮੰਡ ਦਾ ਪਸਾਰਾ (ਨਿਰਮਾਣ) ਕਰ ਦਿੱਤਾ।...

ਤਿਸ	**ਤੇ**	**ਹੋਏ,**	**ਲਖ**	**ਦਰੀਆਉ ॥**
ਇਸ	ਤੋਂ	ਹੋ ਗਏ	ਲੱਖਾਂ	ਦਰਿਆ (ਭਾਵ ਜੀਵਨ ਦਾ ਪ੍ਰਵਾਹ ਵਗ ਪਿਆ)

...ਇਸ ਬਚਨ ਤੋਂ ਲੱਖਾਂ ਦਰਿਆ ਹੋ ਗਏ, (ਭਾਵ ਜ਼ਿੰਦਗੀ ਦਾ ਵਹਿਣ, ਵਹਿ ਤੁਰਿਆ।)...

ਅੰਕ ੩

ਕੁਦਰਤਿ *(ਕੁਦਰਤ)*	ਕਵਣ	ਕਹਾ *(ਕਹਾਂ)*	ਵੀਚਾਰੁ ॥ *(ਵੀਚਾਰ)*
ਤਾਕਤ, ਸ਼ਕਤੀ	ਕੀ	ਆਖਾਂ	ਵਿਚਾਰ, ਵਿਵੇਚਨ

...(ਮੇਰੀ) ਕੀ ਤਾਕਤ ਹੈ, ਕਿ ਮੈਂ ਵਿਚਾਰ ਦੁਆਰਾ (ਕਰਤਾ ਪੁਰਖ ਦੀ ਬੇਅੰਤ ਰਚਨਾ ਬਾਰੇ ਕੁਝ) ਆਖ ਸਕਾਂ।...

ਵਾਰਿਆ	ਨ *(ਨਾਂ)*	ਜਾਵਾ, *(ਜਾਵਾਂ)*	ਏਕ	ਵਾਰ ॥
ਕੁਰਬਾਨ ਹੋਣਾ, ਸਦਕੇ ਜਾਣਾ	ਨਹੀਂ	ਹੋ ਜਾਵਾਂ	ਇਕ	ਵਾਰੀ

...(ਕਰਤਾ-ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ?)...

ਜੋ	ਤੁਧੁ *(ਤੁਧ)*	ਭਾਵੈ,	ਸਾਈ	ਭਲੀ	ਕਾਰ ॥
ਜਿਹੜਾ	ਤੈਨੂੰ	ਚੰਗਾ ਲਗਦੈ	ਉਹੋ ਹੀ	ਚੰਗੀ	ਕੰਮ

(ਹੇ! ਕਰਤਾ-ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ, ਉਹੋ ਹੀ ਭਲੀ ਹੈ।(ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ।)...

ਤੂ *(ਤੂੰ)*	ਸਦਾ	ਸਲਾਮਤਿ, *(ਸਲਾਮਤ)*	ਨਿਰੰਕਾਰ ॥੧੬॥
ਤੂੰ	ਹਮੇਸ਼ਾਂ	ਸਥਿਰ, ਅਟੱਲ	ਨਿਰਾਕਾਰ ਪ੍ਰਭੂ

...ਹੇ! ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਅਸੰਖ	ਜਪ,	ਅਸੰਖ	ਭਾਉ ॥
ਅਣਗਿਣਤ, ਅਨੰਤ	ਜਪਣ ਵਾਲੇ, ਜਪੀ	ਅਣਗਿਣਤ	ਪ੍ਰੇਮ ਕਰਨ ਵਾਲੇ

(ਸੰਸਾਰ ਵਿਚ) ਅਣਗਿਣਤ ਪ੍ਰਾਣੀ, ਭਗਤੀ ਸਿਮਰਨ ਕਰਨ ਵਾਲੇ ਹਨ, ਅਨੇਕਾਂ ਹੀ (ਪਰਮਾਤਮਾ ਨਾਲ) ਪਿਆਰ ਕਰਨ ਵਾਲੇ ਹਨ।...

ਅਸੰਖ	ਪੂਜਾ,	ਅਸੰਖ
ਅਣਗਿਣਤ, ਅਨੰਤ	ਪੁਜਾਰੀ, ਪੂਜਾ ਕਰਨ ਵਾਲੇ	ਅਣਗਿਣਤ, ਅਨੰਤ

ਤਪ	ਤਾਉ ॥
ਤਪਸਵੀ, ਤਪ ਕਰਨ ਵਾਲੇ	ਤਪਾਂ ਦਾ ਤਪਣਾ, ਤਪ ਸਾਧਣ ਦੀ ਕ੍ਰਿਆ

...ਅਣਗਿਣਤ ਹੀ ਪੂਜਾ ਕਰਨ ਵਾਲੇ (ਪੁਜਾਰੀ) ਹਨ, ਅਨੇਕਾਂ ਤਪੱਸਵੀ ਤਪ ਸਾਧ ਰਹੇ ਹਨ।...

ਅਸੰਖ	**ਗਰੰਥ,**
ਅਣਗਿਣਤ, ਅਨੰਤ	ਪਵਿੱਤਰ ਧਰਮ ਗਰੰਥ

ਮੁਖਿ *(ਮੁੱਖ)*	**ਵੇਦ**	**ਪਾਠ ॥**
ਮੁਖ ਦੁਆਰਾ	ਵੇਦ, ਸ਼ਾਸਤਰ	ਪਾਠੀ, ਪਾਠ ਕਰਨ ਵਾਲੇ

...ਅਣਗਿਣਤ ਹੀ ਪ੍ਰਾਣੀ ਆਪਣੇ ਮੁੱਖ ਰਾਹੀਂ, ਧਾਰਮਿਕ ਗ੍ਰੰਥਾਂ ਅਤੇ ਵੇਦ ਸਾਸ਼ਤਰਾਂ ਦਾ ਪਾਠ ਕਰ ਰਹੇ ਹਨ।...

ਅਸੰਖ	**ਜੋਗ,**
ਅਣਗਿਣਤ, ਅਨੰਤ	ਜੋਗ ਅਭਿਆਸੀ, ਯੋਗ ਸਾਧਨਾ ਕਰਨ ਵਾਲੇ

ਮਨਿ *(ਮਨ)*	**ਰਹਹਿ** *(ਰਹਹਿਂ)*	**ਉਦਾਸ ॥**
ਮਨ ਵਿਚ	ਰਹਿੰਦੇ ਹਨ	ਉਪਰਾਮ, ਵੈਰਾਗ ਵਿਚ

...ਅਣਗਿਣਤ ਹੀ ਜੋਗ ਅਭਿਆਸੀ (ਯੋਗ ਸਾਧਨਾ ਕਰਦੇ ਹੋਏ) ਆਪਣੇ ਮਨ ਵਿਚ (ਸੰਸਾਰ ਤੋਂ) ਉਦਾਸ ਰਹਿੰਦੇ ਹਨ।...

ਅਸੰਖ	**ਭਗਤ,**	**ਗੁਣ**	**ਗਿਆਨ**	**ਵੀਚਾਰ ॥**
ਅਣਗਿਣਤ, ਅਨੰਤ	ਭਗਤੀ ਕਰਨ ਵਾਲੇ	ਚੰਗਿਆਈਆਂ	ਰੱਬੀ ਬੋਧ	ਵਿਵੇਚਨ, ਚਿੰਤਨ

...ਅਣਗਿਣਤ ਹੀ ਭਗਤ ਜਨ (ਪਰਮਾਤਮਾ) ਦੀਆਂ ਚੰਗਿਆਈਆਂ ਦੀ ਗਿਆਨ-ਚਰਚਾ ਕਰਦੇ ਹਨ।...

ਅਸੰਖ	**ਸਤੀ,**	**ਅਸੰਖ**	**ਦਾਤਾਰ ॥**
ਅਣਗਿਣਤ, ਅਨੰਤ	ਸਤਿ-ਅਭਿਆਸੀ	ਅਣਗਿਣਤ, ਅਨੰਤ	ਦਾਨੀ ਪੁਰਸ਼

...ਅਣਗਿਣਤ ਹੀ ਸਤਿ-ਅਭਿਆਸੀ (ਸਚਿਆਰ) ਹਨ, ਅਤੇ ਅਨੰਤ ਹੀ ਦਾਨੀ ਪੁਰਸ਼ ਹਨ।...

ਅਸੰਖ	**ਸੂਰ,**	**ਮੁਹ** *(ਮੂੰਹ)*	**ਭਖ ਸਾਰ ॥**
ਅਣਗਿਣਤ, ਅਨੰਤ	ਸੂਰਬੀਰ, ਯੋਧੇ	ਮੂੰਹ	ਲੋਹਾ ਖਾਣ ਵਾਲੇ, ਭਾਵ ਸ਼ਸਤ੍ਰਾਂ ਦਾ ਵਾਰ ਸਹਿਣ ਵਾਲੇ

...ਅਣਗਿਣਤ ਸੂਰਬੀਰ ਯੋਧੇ (ਵੈਰੀਆਂ ਨਾਲ ਯੁੱਧ ਕਰਦੇ ਹੋਏ) ਮੂੰਹ ਉੱਤੇ ਸ਼ਸਤਰਾਂ ਦੇ ਵਾਰ ਸਹਿੰਦੇ ਹਨ।...

ਅਸੰਖ	**ਮੋਨਿ,** *(ਮੋਨ)*	**ਲਿਵ**
ਅਣਗਿਣਤ, ਅਨੰਤ	ਮੋਨੀ, ਚੁੱਪ-ਸਾਧਨਾ ਕਰਨ ਵਾਲੇ	ਧਿਆਨ, ਬਿਰਤੀ

ਅੰਕ ੪

ਲਾਇ *(ਲਾਇੰ)*	ਤਾਰ ॥
ਲਾਉਂਦੇ ਹਨ	ਇਕ ਰਸ, ਲਗਾਤਾਰ

...ਅਣਗਿਣਤ ਹੀ (ਸਾਧਕ) ਚੁੱਪ-ਸਾਧਨਾ ਰਾਹੀਂ, ਇਕ-ਰੱਸ (ਪਰਮਾਤਮਾ) ਨਾਲ ਬਿਰਤੀ ਲਾਈ ਰਖਦੇ ਹਨ।...

ਕੁਦਰਤਿ *(ਕੁਦਰਤ)*	ਕਵਣ,	ਕਹਾ *(ਕਹਾਂ)*	ਵੀਚਾਰੁ ॥ *(ਵੀਚਾਰ)*
ਤਾਕਤ, ਸ਼ਕਤੀ	ਕੀ	ਆਖਾਂ	ਵਿਚਾਰ, ਵਿਵੇਚਨ

...(ਮੇਰੀ) ਕੀ ਤਾਕਤ ਹੈ, ਕਿ ਮੈਂ ਵਿਚਾਰ ਦੁਆਰਾ (ਕਰਤਾ ਪੁਰਖ ਦੀ ਬੇਅੰਤ ਰਚਨਾ ਬਾਰੇ ਕੁਝ) ਆਖ ਸਕਾਂ।...

ਵਾਰਿਆ	ਨ *(ਨਾਂ)*	ਜਾਵਾ, *(ਜਾਵਾਂ)*	ਏਕ	ਵਾਰ ॥
ਕੁਰਬਾਨ ਹੋਣਾ, ਸਦਕੇ ਜਾਣਾ	ਨਹੀਂ	ਹੋ ਜਾਵਾਂ	ਇਕ	ਵਾਰੀ

...(ਕਰਤਾ ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ?)...

ਜੋ	ਤੁਧੁ *(ਤੁਧ)*	ਭਾਵੈ	ਸਾਈ	ਭਲੀ	ਕਾਰ ॥
ਜਿਹੜਾ	ਤੈਨੂੰ	ਚੰਗਾ ਲਗਦੈ	ਉਹੋ ਹੀ	ਚੰਗੀ	ਕੰਮ

...(ਹੇ! ਕਰਤਾ-ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ, ਉਹੋ ਹੀ ਭਲੀ ਹੈ। (ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ।)...

ਤੂ *(ਤੂੰ)*	ਸਦਾ	ਸਲਾਮਤਿ, *(ਸਲਾਮਤ)*	ਨਿਰੰਕਾਰ ॥੧੭॥
ਤੂੰ	ਹਮੇਸ਼ਾਂ	ਸਥਿਰ, ਅਟੱਲ	ਨਿਰਾਕਾਰ ਪ੍ਰਭੂ

...ਹੇ! ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਅਸੰਖ	ਮੂਰਖ,	ਅੰਧ	ਘੋਰ ॥
ਅਣਗਿਣਤ, ਅਨੰਤ	ਬੁੱਧੀ ਹੀਣ, ਮੂੜ੍ਹ	ਅੰਨ੍ਹੇ	ਮਹਾਂ, ਬਹੁਤ ਜ਼ਿਆਦਾ

(ਸੰਸਾਰ ਵਿਚ) ਅਣਗਿਣਤ ਹੀ ਵਿਅਕਤੀ, ਮਹਾਂ-ਮੂਰਖ ਅਤੇ ਮਹਾਂ-ਅਗਿਆਨੀ ਹਨ।...

ਅਸੰਖ	ਚੋਰ,	ਹਰਾਮਖੋਰ ॥
ਅਣਗਿਣਤ, ਅਨੰਤ	ਚੋਰੀਆਂ ਕਰਨ ਵਾਲੇ, ਤਸਕਰ	ਦੂਜਿਆਂ ਦਾ ਹੱਕ ਖੋਹ ਕੇ ਖਾਣ ਵਾਲੇ

ਅੰਕ ੪

ਅਣਗਿਣਤ ਹੀ (ਇਸ ਸੰਸਾਰ ਵਿਚ) ਚੋਰੀਆਂ ਕਰਨ ਵਾਲੇ ਅਤੇ ਦੂਸਰਿਆਂ ਦਾ ਹੱਕ ਖੋਹ ਕੇ ਖਾਣ ਵਾਲੇ ਹਨ।...

ਅਸੰਖ	**ਅਮਰ,**	**ਕਰਿ** *(ਕਰ)*	**ਜਾਹਿ** *(ਜਾਹਿਂ)*	**ਜੋਰ ॥** *(ਜ਼ੋਰ)*
ਅਣਗਿਣਤ, ਅਨੰਤ	ਹੁਕਮ,ਭਾਵ ਹਕੂਮਤ	ਕਰਕੇ	ਚਲੇ ਜਾਂਦੇ ਹਨ	ਜ਼ੋਰ ਨਾਲ

...ਅਣਗਿਣਤ ਹੀ (ਇਸ ਸੰਸਾਰ ਵਿਚ) ਜ਼ੋਰ-ਜਬਰ ਨਾਲ ਆਪਣਾ ਹੁਕਮ ਚਲਾ ਕੇ ਚਲੇ ਜਾਂਦੇ ਹਨ।...

ਅਸੰਖ	**ਗਲਵਢ,**
ਅਣਗਿਣਤ, ਅਨੰਤ	ਕਾਤਲ, ਦੂਸਰਿਆਂ ਦਾ ਗਲਾ ਵੱਢਣ ਵਾਲੇ
ਹਤਿਆ	**ਕਮਾਹਿ ॥** *(ਕਮਾਹਿਂ)*
ਮਾਰਨਾ, ਕਤਲ	ਕਮਾਉਂਦੇ ਹਨ।

...ਅਨੇਕਾਂ ਹੀ, ਕਾਤਿਲ-ਮਨੁੱਖ ਦੂਸਰਿਆਂ ਦੇ ਗਲੇ ਵੱਢ ਕੇ ਹੱਤਿਆ ਕਮਾ ਰਹੇ ਹਨ।...

ਅਸੰਖ	**ਪਾਪੀ,**	**ਪਾਪੁ** *(ਪਾਪ)*
ਅਣਗਿਣਤ, ਅਨੰਤ	ਪਾਪ ਕਰਨ ਵਾਲੇ	ਕੁਕਰਮ, ਭੈੜੇ ਕੰਮ, ਗੁਨਾਹ
ਕਰਿ *(ਕਰ)*	**ਜਾਹਿ ॥** *(ਜਾਹਿਂ)*	
ਕਰਕੇ	ਚਲੇ ਜਾਂਦੇ ਹਨ।	

...ਅਣਗਿਣਤ ਪਾਪੀ, ਕੁਕਰਮ ਕਰਕੇ (ਇਸ ਸੰਸਾਰ ਤੋਂ) ਚਲੇ ਜਾਂਦੇ ਹਨ।...

ਅਸੰਖ	**ਕੂੜਿਆਰ,**	**ਕੂੜੇ**	**ਫਿਰਾਹਿ ॥** *(ਫਿਰਾਹਿਂ)*
ਅਣਗਿਣਤ, ਅਨੰਤ	ਝੂਠੇ, ਝੂਠ ਬੋਲਣ ਵਾਲੇ	ਕੂੜ ਵਿਚ	ਫਿਰਦੇ ਰਹਿੰਦੇ ਹਨ

...ਅਣਗਿਣਤ ਹੀ ਝੂਠ ਬੋਲਣ ਵਾਲੇ ਲੋਕ, ਕੂੜ ਵਿਚ ਹੀ ਫਿਰਦੇ ਰਹਿੰਦੇ ਹਨ।...

ਅਸੰਖ	**ਮਲੇਛ,**	**ਮਲੁ** *(ਮਲ)*
ਅਣਗਿਣਤ, ਅਨੰਤ	ਮੰਦ-ਇਛਾਵਾਂ ਵਾਲੇ, ਵਿਭਚਾਰੀ, ਕੁਕਰਮੀ	ਮਲੀਨ, ਨਖਿੱਧ
ਭਖਿ *(ਭੱਖ)*	**ਖਾਹਿ ॥** *(ਖਾਹਿਂ)*	
ਆਹਾਰ, ਭੋਜਨ	ਖਾਂਦੇ ਹਨ	

...ਅਣਗਿਣਤ ਹੀ ਕੁਕਰਮੀ-ਪੁਰਸ਼, ਮਲੀਨ ਭੋਜਨ ਖਾਂਦੇ ਹਨ।...

ਅਸੰਖ	ਨਿੰਦਕ,	ਸਿਰਿ *(ਸਿਰ)*
ਅਣਗਿਣਤ, ਅਨੰਤ	ਨਿੰਦਾ ਕਰਨ ਵਾਲੇ, ਦੂਸਰਿਆਂ ਦੀ ਬੁਰਾਈ ਕਰਨ ਵਾਲੇ	ਸਿਰ ਉੱਤੇ

ਕਰਹਿ *(ਕਰਹਿਂ)*	ਭਾਰੁ ॥ *(ਭਾਰ)*
ਕਰ ਰਹੇ ਹਨ, ਭਾਵ ਚੁੱਕ ਰਹੇ ਹਨ	ਬੋਝ

...ਅਣਗਿਣਤ ਨਿੰਦਕ ਲੋਗ (ਦੂਸਰਿਆਂ ਦੀਆਂ ਬੁਰਿਆਈਆਂ ਕਰਕੇ ਆਪਣੇ) ਸਿਰ ਉੱਤੇ ਨਿੰਦਾ ਦਾ ਭਾਰ ਚੁੱਕੇ ਰਹੇ ਹਨ।...

ਨਾਨਕੁ *(ਨਾਨਕ)*	ਨੀਚੁ, *(ਨੀਚ)*	ਕਹੈ	ਵੀਚਾਰੁ ॥ *(ਵੀਚਾਰ)*
ਸਤਿਗੁਰੂ ਨਾਨਕ ਦੇਵ ਜੀ	ਨੀਵਾਂ, ਨਿਮਾਣਾ, ਨਾਚੀਜ਼	ਕਹਿੰਦਾ ਹੈ	ਵਿਚਾਰ, ਕਥਨ

...ਨਿਮਾਣਾ ਨਾਨਕ, ਇਹ ਵਿਚਾਰ ਕਹਿੰਦਾ ਹੈ ਕਿ...

ਵਾਰਿਆ	ਨ *(ਨਾਂ)*	ਜਾਵਾ, *(ਜਾਵਾਂ)*	ਏਕ	ਵਾਰ ॥
ਕੁਰਬਾਨ ਹੋਣਾ, ਸਦਕੇ ਜਾਣਾ	ਨਹੀਂ	ਹੋ ਜਾਵਾਂ	ਇਕ	ਵਾਰੀ

....(ਕਰਤਾ-ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ?)

ਜੋ	ਤੁਧੁ *(ਤੁਧ)*	ਭਾਵੈ,	ਸਾਈ	ਭਲੀ	ਕਾਰ ॥
ਜਿਹੜਾ	ਤੈਨੂੰ	ਚੰਗਾ ਲਗਦੈ	ਉਹੋ ਹੀ	ਚੰਗੀ	ਕੰਮ

(ਹੇ! ਕਰਤਾ-ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ ਉਹੋ ਹੀ ਭਲੀ ਹੈ।(ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ।)...

ਤੂ *(ਤੂੰ)*	ਸਦਾ	ਸਲਾਮਤਿ, *(ਸਲਾਮਤ)*	ਨਿਰੰਕਾਰ ॥੧੮॥
ਤੂੰ	ਹਮੇਸ਼ਾਂ	ਸਥਿਰ, ਅਟੱਲ	ਨਿਰਾਕਾਰ ਪ੍ਰਭੂ

...ਹੇ! ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਅਸੰਖ	ਨਾਵ, *(ਨਾਂਵ)*
ਅਣਗਿਣਤ, ਅਨੰਤ	ਨਾਮ,(ਬ੍ਰਹਿਮੰਡ ਵਿਚ ਪਰਮਾਤਮਾ ਦੀਆਂ ਪੈਦਾ ਕੀਤੀਆਂ ਵਸਤੂਆਂ ਦੇ ਨਾਉਂ)

ਅੰਕ ੪

ਅਸੰਖ	ਥਾਵ ॥ *(ਥਾਂਵ)*
ਅਣਗਿਣਤ, ਅਨੰਤ	ਥਾਵਾਂ, ਟਿਕਾਣੇ (ਧਰਤੀਆਂ, ਪਾਤਾਲ, ਆਕਾਸ਼, ਖੰਡ, ਮੰਡਲ, ਪਰਬਤ, ਜਲ ਥਲ ਆਦਿ)

(ਅਕਾਲ ਪੁਰਖ ਦੁਆਰਾ, ਬ੍ਰਹਿਮੰਡ ਵਿਚ ਪੈਦਾ ਕੀਤੀਆਂ ਵਸਤੂਆਂ ਦੇ) ਅਨੰਤ ਨਾਮ ਹਨ ਅਤੇ ਅਨੰਤ ਹੀ ਟਿਕਾਣੇ ਹਨ।...

ਅਗੰਮ	ਅਗੰਮ,	ਅਸੰਖ	ਲੋਅ ॥
ਗੰਮਤਾ ਤੋਂ ਪਰ੍ਹੇ, ਜਿਥੇ ਕਿਸੇ ਦੀ ਪਹੁੰਚ ਨਾ ਹੋ ਸਕੇ	ਅਪਹੁੰਚ	ਅਣਗਿਣਤ, ਅਨੰਤ	ਭਵਣ, ਭੂ-ਮੰਡਲ

(ਪ੍ਰਭੂ ਦੇ ਸਿਰਜੇ ਹੋਏ) ਅਣਗਿਣਤ ਭੂ-ਮੰਡਲ ਹਨ ਜੋ (ਮਨੁੱਖੀ) ਪਹੁੰਚ ਤੋਂ ਪਰ੍ਹੇ ਹਨ। (ਭਾਵ ਜਿਨ੍ਹਾਂ ਦਾ ਭੇਦ ਮਨੁੱਖ ਨਹੀਂ ਪਾ ਸਕਦਾ।....

ਅਸੰਖ	ਕਹਹਿ, *(ਕਹਹਿਂ)*	ਸਿਰਿ, *(ਸਿਰ)*	ਭਾਰੁ *(ਭਾਰ)*	ਹੋਇ ॥
ਅਣਗਿਣਤ, ਅਨੰਤ	ਕਹਿੰਦੇ ਹਨ	ਸਿਰ ਉੱਤੇ	ਬੋਝ	ਹੁੰਦਾ ਹੈ,(ਚੜ੍ਹਦਾ ਹੈ)

...ਅਣਗਿਣਤ ਲੋਕ (ਬ੍ਰਹਿਮੰਡ ਦਾ ਹਿਸਾਬ-ਕਿਤਾਬ ਕਰਕੇ) ਕਹਿੰਦੇ ਹਨ (ਪਰ ਕਿਉਂਕਿ ਉਨ੍ਹਾਂ ਕੋਲੋਂ ਗਿਣਤੀ-ਮਿਣਤੀ ਹੋ ਨਹੀਂ ਸਕਦੀ, ਇਸ ਕਰਕੇ ਉਨ੍ਹਾਂ ਦੇ) ਸਿਰ ਤੇ ਬੋਝ ਚੜ੍ਹਦਾ ਹੈ।

ਅਖਰੀ, *(ਅਖਰੀਂ)*	ਨਾਮੁ, *(ਨਾਮ)*	ਅਖਰੀ *(ਅਖਰੀਂ)*	ਸਾਲਾਹ ॥
ਅੱਖਰਾਂ ਦੁਆਰਾ, ਸ਼ਬਦਾਂ ਦੁਆਰਾ	ਨਾਮ *(ਲੈਂਦਾ)*	ਅੱਖਰਾਂ ਦੁਆਰਾ	ਸਿਫ਼ਤ, ਸ਼ਲਾਘਾ

...ਅੱਖਰਾਂ ਦੁਆਰਾ ਹੀ (ਪ੍ਰਾਣੀ ਪ੍ਰਭੂ ਦਾ) ਨਾਮ ਲੈਂਦਾ, (ਭਾਵ ਯਾਦ ਕਰਦਾ ਹੈ, ਸਿਮਰਨ ਕਰਦਾ ਹੈ) ਅਤੇ ਅੱਖਰਾਂ ਦੁਆਰਾ ਹੀ (ਪ੍ਰਭੂ ਦੀ) ਸਿਫ਼ਤ-ਸਲਾਹ ਕਰਦਾ ਹੈ।...

ਅਖਰੀ, *(ਅਖਰੀਂ)*	ਗਿਆਨੁ, *(ਗਿਆਨ)*	ਗੀਤ	ਗੁਣ	ਗਾਹ ॥
ਅੱਖਰਾਂ ਦੁਆਰਾ	ਜਾਣਕਾਰੀ, ਇਲਮ	ਗਉਣ	ਚੰਗਿਆਈਆਂ	ਗਹੁਣਾ, ਖੋਜ ਕਰਨੀ, ਮੰਥਨ ਕਰਨਾ

...ਅੱਖਰਾਂ ਰਾਹੀਂ ਹੀ (ਅਕਾਲ ਪੁਰਖ ਦਾ) ਗਿਆਨ ਹੁੰਦਾ ਹੈ, ਅੱਖਰਾਂ ਰਾਹੀਂ ਹੀ ਉਸਦੀ ਕੀਰਤੀ ਦੇ ਗੀਤ ਗਾਈਦੇ ਹਨ, ਅਤੇ ਅੱਖਰਾਂ ਰਾਹੀਂ ਹੀ (ਪਰਮਾਤਮਾ) ਦੀਆਂ ਚੰਗਿਆਈਆਂ ਸੰਬੰਧੀ ਖੋਜ-ਵਿਚਾਰ ਕਰੀਦੀ ਹੈ।...

ਅਖਰੀ, *(ਅਖਰੀਂ)*	ਲਿਖਣੁ *(ਲਿਖਣ)*	ਬੋਲਣੁ *(ਬੋਲਣ)*	ਬਾਣਿ ॥ *(ਬਾਣ)*
ਅੱਖਰਾਂ ਦੁਆਰਾ	ਲਿਖਣਾ	ਬੋਲਣਾ	ਬਾਣੀ,(ਭਾਵ ਆਪਣੇ ਵਿਚਾਰ)

...ਅੱਖਰਾਂ ਦੁਆਰਾ ਹੀ ਜੀਵ ਆਪਣੇ ਵਿਚਾਰਾਂ ਨੂੰ ਲਿਖ ਅਤੇ ਬੋਲ ਸਕਦਾ ਹੈ।...

ਅੰਕ ੪

ਅਖਰਾ, *(ਅੱਖਰਾਂ)*		ਸਿਰਿ, *(ਸਿਰ)*			
ਅੱਖਰਾਂ ਦੁਆਰਾ		ਆਧਾਰ ਉੱਤੇ, ਭਾਵ ਦੁਆਰਾ			

ਸੰਜੋਗੁ *(ਸੰਜੋਗ)*	ਵਖਾਣਿ ॥ *(ਵਖਾਣ)*
ਭਾਗਾਂ ਦੇ ਲੇਖ	ਵਖਾਣੇ ਜਾਂਦੇ ਹਨ, ਦੱਸੇ ਜਾਂਦੇ ਹਨ

...ਅੱਖਰਾਂ ਦੁਆਰਾ ਹੀ ਜੀਵ ਦੇ ਕਿਸਮਤ ਸੰਬੰਧੀ ਲੇਖਾਂ ਨੂੰ ਵਖਾਣਿਆ ਜਾਂਦਾ ਹੈ।...

ਜਿਨਿ *(ਜਿਨ)*	ਏਹਿ *(ਏਹ)*	ਲਿਖੇ,	ਤਿਸੁ *(ਤਿਸ)*	ਸਿਰਿ *(ਸਿਰ)*	ਨਾਹਿ ॥ *(ਨਾਹਿੰ)*
ਜਿਸਨੇ	ਇਹ	ਅੰਕਿਤ ਕੀਤੇ	ਤਿਸ ਦੇ	ਸਿਰ ਉੱਤੇ	ਨਹੀਂ

...(ਪ੍ਰੰਤੂ ਉਹ ਅਕਾਲ ਪੁਰਖ) ਜਿਸ ਨੇ (ਸਾਰੇ ਬ੍ਰਹਿਮੰਡ ਦੇ) ਇਹ (ਲੇਖ) ਲਿਖੇ ਹਨ, ਉਸਦੇ ਸਿਰ ਉੱਤੇ ਇਨ੍ਹਾਂ ਦਾ ਕੋਈ ਲੇਖਾ ਜੋਖਾ ਨਹੀਂ (ਭਾਵ ਉਹ ਕਿਸੇ ਵੀ ਲੇਖੇ-ਜੋਖੇ ਤੋਂ ਨਿਰਲੇਪ ਹੈ।)...

ਜਿਵ *(ਜਿੰਵ)*	ਫੁਰਮਾਏ,	ਤਿਵ *(ਤਿੰਵ)*	ਤਿਵ *(ਤਿੰਵ)*	ਪਾਹਿ ॥ *(ਪਾਹਿੰ)*
ਜਿਵੇਂ	ਫੁਰਮਾਉਂਦਾ ਹੈ, ਹੁਕਮ ਕਰਦਾ ਹੈ	ਤਿਵੇਂ	ਤਿਵੇਂ	ਪਾਉਂਦੇ ਹਨ, ਭੁਗਤਦੇ ਹਨ

...ਜਿਵੇਂ ਜਿਵੇਂ (ਅਕਾਲ ਪੁਰਖ) ਹੁਕਮ ਕਰਦਾ ਹੈ ਤਿਵੇਂ ਤਿਵੇਂ ਹੀ ਜੀਵ ਸੰਜੋਗਾਂ ਦਾ ਲੇਖਾ ਜੋਖਾ) ਭੁਗਤਦੇ ਹਨ।

ਜੇਤਾ	ਕੀਤਾ,	ਤੇਤਾ	ਨਾਉ ॥ *(ਨਾਉਂ)*
ਜਿਤਨਾ	ਸਿਰਜਿਆ ਹੈ	ਤਿਤਨਾ ਹੀ(ਭਾਵ ਉਹ ਸਾਰਾ)	ਨਾਮ, ਪਰਮਾਤਮ ਸਰੂਪ

...ਜਿਤਨੀ ਵੀ ਸਿਰਜਣਾ, ਵਾਹਿਗੁਰੂ ਨੇ ਸਿਰਜੀ ਹੈ, ਉਹ ਸਾਰੀ ਪਰਮਾਤਮ-ਸਰੂਪ ਹੈ।(ਭਾਵ ਉਸੇ ਦਾ ਪ੍ਰਗਟਾਵਾ ਹੈ।)...

ਵਿਣੁ *(ਵਿਣ)*	ਨਾਵੈ, *(ਨਾਵੈਂ)*	ਨਾਹੀ *(ਨਾਹੀਂ)*	ਕੋ	ਥਾਉ ॥ *(ਥਾਉਂ)*
ਬਿਨਾਂ	ਸਰੂਪ, ਹੋਂਦ	ਨਹੀਂ	ਕੋਈ	ਥਾਂ, ਸਥਾਨ

...(ਅਕਾਲ ਪੁਰਖ ਦੇ) ਨਾਮ ਭਾਵ ਉਸ ਦੀ ਹੋਂਦ ਤੋਂ ਬਿਨਾਂ (ਬ੍ਰਹਿਮੰਡ ਵਿਚ) ਕੋਈ ਥਾਂ ਨਹੀਂ ਹੈ।...

ਕੁਦਰਤਿ *(ਕੁਦਰਤ)*	ਕਵਣ,	ਕਹਾ *(ਕਹਾਂ)*	ਵੀਚਾਰੁ ॥ *(ਵੀਚਾਰ)*
ਤਾਕਤ, ਸ਼ਕਤੀ	ਕੀ	ਆਖਾਂ	ਵਿਚਾਰ, ਵਿਵੇਚਨ

...(ਮੇਰੀ) ਕੀ ਤਾਕਤ ਹੈ ਕਿ ਮੈਂ ਵਿਚਾਰ ਦੁਆਰਾ (ਕਰਤਾ-ਪੁਰਖ ਦੀ ਬੇਅੰਤ ਰਚਨਾ ਬਾਰੇ ਕੁਝ) ਆਖ ਸਕਾਂ...

ਅੰਕ ੪

ਵਾਰਿਆ	ਨ *(ਨਾਂ)*	ਜਾਵਾ, *(ਜਾਵਾਂ)*	ਏਕ	ਵਾਰ ॥
ਕੁਰਬਾਨ ਹੋਣਾ, ਸਦਕੇ ਜਾਣਾ	ਨਹੀਂ	ਹੋ ਜਾਵਾਂ	ਇਕ	ਵਾਰੀ

...(ਕਰਤਾ ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ?)...

ਜੋ	ਤੁਧੁ *(ਤੁਧ)*	ਭਾਵੈ,	ਸਾਈ	ਭਲੀ	ਕਾਰ ॥
ਜਿਹੜਾ	ਤੈਨੂੰ	ਚੰਗਾ ਲਗਦੈ	ਉਹੋ ਹੀ	ਚੰਗੀ	ਕੰਮ

...(ਹੇ! ਕਰਤਾ ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ ਉਹੋ ਹੀ ਭਲੀ ਹੈ।(ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ।)

ਤੂ *(ਤੂੰ)*	ਸਦਾ	ਸਲਾਮਤਿ, *(ਸਲਾਮਤ)*	ਨਿਰੰਕਾਰ ॥੧੯॥
ਤੂੰ	ਹਮੇਸ਼ਾਂ	ਸਥਿਰ, ਅਟੱਲ	ਨਿਰਾਕਾਰ ਪ੍ਰਭੂ

...ਹੇ! ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਭਰੀਐ,	ਹਥੁ *(ਹੱਥ)*	ਪੈਰੁ *(ਪੈਰ)*	ਤਨੁ *(ਤਨ)*	ਦੇਹ ॥
ਭਰ ਜਾਏ, ਲਿਬੜ ਜਾਏ	ਕਰ, ਹਸਤ	ਪੈਰ	ਸਰੀਰ	ਪਿੰਡਾ

(ਜੇਕਰ) ਹੱਥ, ਪੈਰ ਅਤੇ ਪਿੰਡਾ ਲਿਬੜ ਜਾਏ...

ਪਾਣੀ	ਧੋਤੈ,	ਉਤਰਸੁ *(ਉਤਰਸ)*	ਖੇਹ ॥
ਜਲ	ਧੋਣ ਨਾਲ	ਉੱਤਰ ਜਾਂਦੀ ਹੈ	ਮਿੱਟੀ, ਧੂੜ, ਗੰਦਗੀ

...(ਤਾਂ) ਪਾਣੀ ਦੁਆਰਾ ਧੋਣ ਨਾਲ ਗੰਦਗੀ ਉਤਰ ਜਾਂਦੀ ਹੈ।...

ਮੂਤ	ਪਲੀਤੀ	ਕਪੜੁ *(ਕਪੜ)*	ਹੋਇ ॥
ਪਿਸ਼ਾਬ	ਪਲੀਤ, ਗੰਦਾ	ਕਪੜਾ, ਲਿਬਾਸ, ਜਾਮਾ	ਹੋ ਜਾਏ

...(ਜੇਕਰ) ਕਪੜਾ ਮਲ-ਮੂਤਰ ਨਾਲ ਗੰਦਾ ਹੋ ਜਾਏ...

ਦੇ	ਸਾਬੂਣੁ, *(ਸਾਬੂਣ)*	ਲਈਐ	ਓਹੁ *(ਓਹ)*	ਧੋਇ ॥
ਵਰਤ ਕੇ	ਸਾਬਣ	ਲਈਦਾ	ਉਸਨੂੰ	ਧੋਈਦਾ

ਅੰਕ ੪

...(ਤਾਂ) ਸਾਬਣ ਲਾਕੇ ਉਸਨੂੰ ਧੋ ਲਈਦਾ ਹੈ।...

ਭਰੀਐ	ਮਤਿ *(ਮੱਤ)*	ਪਾਪਾ *(ਪਾਪਾਂ)*	ਕੈ	ਸੰਗਿ ॥ *(ਸੰਗ)*
ਭਰ ਜਾਏ	ਬੁੱਧੀ	ਕੁਕਰਮ	ਦੇ	ਨਾਲ

...(ਜੇਕਰ ਮਨੁੱਖੀ) ਬੁੱਧੀ ਕੁਕਰਮਾਂ ਦੇ ਨਾਲ ਭਰ ਜਾਏ...

ਓਹੁ *(ਓਹ)*	ਧੋਪੈ,	ਨਾਵੈ *(ਨਾਵੈਂ)*
ਉਹ	ਧੁਪਦੀ ਹੈ, ਭਾਵ ਪਵਿੱਤਰ ਹੁੰਦੀ ਹੈ	ਨਾਮ-ਅਭਿਆਸ, ਸਿਮਰਨ-ਭਗਤੀ
ਕੈ	ਰੰਗਿ ॥ *(ਰੰਗ)*	
ਦੇ	ਰੰਗ ਦੁਆਰਾ, ਪਿਆਰ ਰਾਹੀਂ	

...(ਤਾਂ) ਉਹ ਹਰੀ ਨਾਮ ਦੀ ਪ੍ਰੀਤ, ਭਾਵ ਨਾਮ-ਅਭਿਆਸ ਦੇ ਰੰਗ ਰਾਹੀਂ ਪਵਿੱਤਰ ਹੋ ਜਾਂਦੀ ਹੈ।...

ਪੁੰਨੀ	ਪਾਪੀ	ਆਖਣੁ *(ਆਖਣ)*	ਨਾਹਿ ॥ *(ਨਾਹਿਂ)*
ਪੁੰਨ ਕਰਨ ਵਾਲਾ	ਕੁਕਰਮੀ	ਕਹਿਣ ਮਾਤਰ, ਅਖੌਤ	ਨਹੀਂ

...ਪੁੰਨੀ ਜਾਂ ਪਾਪੀ (ਇਹ ਨਾਮ) ਕੇਵਲ ਕਹਿਣ ਮਾਤਰ ਨਹੀਂ ਹਨ।...

ਕਰਿ *(ਕਰ)*	ਕਰਿ *(ਕਰ)*	ਕਰਣਾ,	ਲਿਖਿ *(ਲਿਖ)*	ਲੈ	ਜਾਹੁ ॥
ਕਰਕੇ	ਕਰਕੇ	ਕਰਮ	ਲਿਖ ਕੇ	ਲੈ	ਜਾਹਿੰਗਾ

...(ਹੇ! ਪ੍ਰਾਣੀ! ਤੂੰ ਪੁੰਨ ਪਾਪ ਵਾਲੇ) ਕਰਮ ਕਰ ਕਰਕੇ ਲਿਖ ਕੇ (ਉਨ੍ਹਾਂ ਦਾ ਲੇਖਾ ਆਪਣੇ ਨਾਲ) ਲੈ ਜਾਏਂਗਾ।...

ਆਪੇ	ਬੀਜਿ, *(ਬੀਜ)*	ਆਪੇ	ਹੀ	ਖਾਹੁ ॥
ਆਪ	ਬੀਜਕੇ	ਆਪ	ਸਿਰਫ, ਕੇਵਲ	ਖਾਹਿੰਗਾ

...(ਹੇ! ਪ੍ਰਾਣੀ ਤੂੰ ਚੰਗਾ ਮੰਦਾ) ਆਪ ਬੀਜਕੇ (ਉਸਦਾ ਚੰਗਾ ਮੰਦਾ ਫ਼ਲ ਵੀ) ਸਿਰਫ਼ ਆਪ ਹੀ ਖਾਏਂਗਾ।

ਨਾਨਕ	ਹੁਕਮੀ,	ਆਵਹੁ	ਜਾਹੁ ॥੨੦॥
ਹੇ! ਨਾਨਕ	ਹੁਕਮ ਅਨੁਸਾਰ, ਈਸ਼ਵਰੀ ਵਿਧਾਨ ਅਨੁਸਾਰ	ਆਵਹਿੰਗਾ	ਜਾਹਿੰਗਾ

...ਹੇ! ਨਾਨਕ! (ਤੂੰ) ਈਸ਼ਵਰੀ-ਵਿਧਾਨ ਅਨੁਸਾਰ ਹੀ ਸੰਸਾਰ ਵਿਚ ਆਏਂਗਾ ਤੇ ਜਾਏਂਗਾ ਭਾਵ ਜੰਮੇਗਾ ਅਤੇ ਮਰੇਂਗਾ।

ਅੰਕ ੪

ਤੀਰਥੁ *(ਤੀਰਥ)*	ਤਪੁ, *(ਤਪ)*	ਦਇਆ	ਦਤੁ *(ਦਤ)*	ਦਾਨੁ ॥ *(ਦਾਨ)*
ਤੀਰਥ ਭ੍ਰਮਣ	ਤਪੱਸਿਆ	ਕਰੁਣਾ, ਰਹਿਮ	ਦਾਤ, ਬਖਸ਼ਿਸ਼	ਖ਼ੈਰਾਤ,

ਤੀਰਥਾਂ ਦੀ ਯਾਤਰਾ, ਤਪੱਸਿਆ, ਰਹਿਮ, ਦਿੱਤੀਆਂ ਹੋਈਆਂ ਦਾਤਾਂ ਅਤੇ ਦਾਨ ਆਦਿ (ਕਰਮ ਜੇ ਕੋਈ ਕਰਦਾ ਹੈ)...

ਜੇ	ਕੋ	ਪਾਵੈ,
ਜੇਕਰ	ਕੋਈ	ਪਾ ਲਵੇ

ਤਿਲ	ਕਾ	ਮਾਨੁ ॥ *(ਮਾਨ)*
ਇਕ ਨਿੱਕਾ ਜਿਹਾ ਬੀਜ ਜਿਸਦਾ ਤੇਲ ਕੱਢਿਆ ਜਾਂਦਾ ਹੈ	ਜਿਤਨਾ	ਇੱਜ਼ਤ, ਆਦਰ

...(ਕਰਕੇ) ਜੇਕਰ ਕਿਸੇ ਨੂੰ (ਇਸ ਸੰਸਾਰ ਵਿਚ) ਕੋਈ ਆਦਰ ਸਤਿਕਾਰ ਮਿਲੇਗਾ, ਤਾਂ ਉਹ ਤਿਲ-ਮਾਤਰ ਭਾਵ ਥੋੜ੍ਹਾ ਜਿਹਾ ਹੀ ਹੋਵੇਗਾ। (ਅਰਥਾਤ ਜੇ ਮਨੁੱਖੀ ਸਮਾਜ ਵਿਚ ਅਜਿਹੇ ਵਿਅਕਤੀਆਂ ਨੂੰ ਕੋਈ ਥੋੜ੍ਹਾ ਬਹੁਤ ਇੱਜ਼ਤ ਮਾਣ ਮਿਲ ਵੀ ਜਾਵੇ ਤਾਂ ਵੀ ਰੱਬੀ ਦਰਗਾਹ ਵਿਚ ਇਨ੍ਹਾਂ ਦਾ ਕੋਈ ਬਹੁਤਾ ਮੁੱਲ ਨਹੀਂ)।...

ਸੁਣਿਆ *(ਸੁਣਿਆਂ)*	ਮੰਨਿਆ, *(ਮੰਨਿਆਂ)*	ਮਨਿ *(ਮਨ)*	ਕੀਤਾ	ਭਾਉ ॥
ਸ਼੍ਰਵਣ ਕੀਤੇ	ਮਨਨ ਕੀਤੇ	ਮਨ ਵਿਚ, ਹਿਰਦੇ ਵਿਚ	ਕੀਤਾ ਹੈ	ਪਿਆਰ

...ਜੇ ਕਿਸੇ ਨੇ ਸ਼੍ਰਵਣ ਅਤੇ ਮਨਨ ਕਰਕੇ ਆਪਣੇ ਹਿਰਦੇ ਵਿਚੋਂ (ਵਾਹਿਗੁਰੂ ਜੀ ਨਾਲ) ਪਿਆਰ ਕੀਤਾ ਹੈ...

ਅੰਤਰਗਤਿ *(ਅੰਤਰਗਤ)*	ਤੀਰਥਿ, *(ਤੀਰਥ)*	ਮਲਿ *(ਮਲ)*	ਨਾਉ ॥ *(ਨ੍ਹਾਓ)*
ਅੰਤਹਕਰਣ ਵਿਚ	ਤੀਰਥਾਂ ਵਿਚ	ਮਲ ਮਲ ਕੇ	ਇਸ਼ਨਾਨ ਕੀਤਾ ਹੈ।

...(ਤਾਂ ਸਮਝ ਲਵੋ ਉਸਨੇ ਆਪਣੇ) ਅੰਤਹਕਰਣ ਦੇ ਤੀਰਥ ਵਿਚ ਮਲ ਮਲ ਕੇ ਇਸ਼ਨਾਨ ਕਰ ਲਿਆ ਹੈ।...

ਸਭਿ *(ਸਭ)*	ਗੁਣ	ਤੇਰੇ,	ਮੈ *(ਮੈਂ)*	ਨਾਹੀ *(ਨਾਹੀਂ)*	ਕੋਇ ॥
ਸਾਰੇ	ਚੰਗਿਆਈਆਂ	ਤੁਹਾਡੇ, ਆਪ ਜੀ ਦੇ	ਮੇਰੇ ਵਿਚ	ਨਹੀਂ	ਕੋਈ ਵੀ

...(ਸਾਹਿਬ ਜੀਓ!) ਸਭ ਚੰਗਿਆਈਆਂ ਤੁਹਾਡੀਆਂ (ਬਖਸ਼ੀਆਂ ਹੋਈਆਂ ਹਨ) ਮੇਰੇ ਵਿਚ ਤਾਂ ਕੋਈ (ਗੁਣ) ਨਹੀਂ।...

ਵਿਣੁ *(ਵਿਣ)*	ਗੁਣ	ਕੀਤੇ,	ਭਗਤਿ *(ਭਗਤ)*	ਨ *(ਨਾਂ)*	ਹੋਇ ॥
ਬਿਨਾਂ	ਚੰਗਿਆਈਆਂ	ਕਰਨ ਤੋਂ	ਭਗਤੀ	ਨਹੀਂ	ਹੋ ਸਕਦੀ

ਅੰਕ ੪

...(ਪਰਮਾਤਮ) ਗੁਣ (ਗ੍ਰਹਿਣ) ਕਰਨ ਤੋਂ ਬਿਨਾਂ (ਪ੍ਰਭੂ) ਭਗਤੀ ਨਹੀਂ ਹੋ ਸਕਦੀ।...

ਸੁਅਸਤਿ *(ਸੁਅਸਤ)*	ਆਥਿ, *(ਆਥ)*	ਬਾਣੀ	ਬਰਮਾਉ ॥
ਨਮਸ਼ਕਾਰ ਹੈ, ਜੈ ਜੈ ਕਾਰ ਹੈ	ਮਾਇਆ	ਬਚਨ,ਕਵਾਉ	ਬ੍ਰਹਮਾ ਦੀ ਰਚਨਾ, ਸ੍ਰਿਸ਼ਟੀ

...ਆਪਣੇ ਬਚਨ (ਕਵਾਉ) ਰਾਹੀਂ ਮਾਇਆ ਰੂਪੀ ਸ੍ਰਿਸ਼ਟੀ ਰਚਣ ਵਾਲੇ (ਅਕਾਲ ਪੁਰਖ ਜੀਓ! ਆਪ ਜੀ ਨੂੰ) ਨਮਸ਼ਕਾਰ ਹੈ, ਆਪ ਜੀ ਦੀ ਜੈ ਜੈ ਕਾਰ ਹੈ।...

ਸਤਿ *(ਸੱਤ)*	ਸੁਹਾਣੁ, *(ਸੁਹਾਣ)*	ਸਦਾ	ਮਨਿ *(ਮਨ)*	ਚਾਉ ॥
ਸੱਤ ਸਰੂਪ	ਸੁੰਦਰ,ਸੁਹਣਾ	ਹਮੇਸ਼ਾਂ	ਮਨ ਵਿਚ	ਖੁਸ਼ੀ, ਖੇੜਾ

...(ਹੇ! ਵਾਹਿਗੁਰੂ ਜੀਓ ਤੁਸੀਂ) ਸੱਤ ਸਰੂਪ ਹੋ, ਸੁੰਦਰ ਹੋ, (ਅਤੇ ਤੁਹਾਡੇ) ਮਨ ਵਿਚ ਹਮੇਸ਼ਾਂ ਖੁਸ਼ੀ ਅਤੇ ਖਿੜਾਉ ਬਣਿਆ ਰਹਿੰਦਾ ਹੈ।(ਭਾਵ ਤੁਸੀਂ ਸੱਤ, ਚਿੱਤ ਅਨੰਦ ਹੋ)...

ਕਵਣੁ *(ਕਵਣ)*	ਸੁ	ਵੇਲਾ,	ਵਖਤੁ *(ਵਖਤ)*	ਕਵਣੁ, *(ਕਵਣ)*
ਕਿਹੜਾ	ਉਹ	ਸਮਾਂ	ਵਕਤ	ਕਿਹੜਾ

ਕਵਣ	ਥਿਤਿ, *(ਥਿਤ)*	ਕਵਣੁ *(ਕਵਣ)*	ਵਾਰੁ ॥ *(ਵਾਰ)*
ਕਿਹੜਾ	ਤਿਥ, ਚੰਦ੍ਰਮਾ ਦੇ ਘਟਣ ਵਧਣ ਅਨੁਸਾਰ ਬਣਿਆ ਦਿਨ	ਕਿਹੜਾ	ਦਿਨ

...ਉਹ ਕਿਹੜਾ ਸਮਾਂ ਜਾਂ ਵਕਤ ਸੀ, ਕਿਹੜੀ ਤਿਥ ਸੀ, ਕਿਹੜਾ ਦਿਨ ਸੀ...

ਕਵਣਿ *(ਕਵਣ)*	ਜਿ	ਰੁਤੀ,	ਮਾਹੁ *(ਮਾਹ)*	ਕਵਣੁ, *(ਕਵਣ)*
ਕਿਹੜਾ	ਉਹ	ਰੁੱਤ	ਮਹੀਨਾ	ਕਿਹੜਾ

ਜਿਤੁ *(ਜਿਤ)*	ਹੋਆ	ਆਕਾਰੁ ॥ *(ਆਕਾਰ)*
ਜਦੋਂ	ਹੋਇਆ	ਸਰੂਪ, ਵਜੂਦ, ਰਚਨਾ

...ਉਹ ਕਿਹੜੀ ਰੁੱਤ ਅਤੇ ਕਿਹੜਾ ਮਹੀਨਾ ਸੀ ਜਦੋਂ (ਬ੍ਰਹਿਮੰਡ) ਦੀ ਰਚਨਾ ਹੋਈ ? ਭਾਵ ਜਦੋਂ ਸ੍ਰਿਸ਼ਟੀ ਹੋਂਦ ਵਿਚ ਆਈ?...

ਵੇਲ	ਨ *(ਨਾਂ)*	ਪਾਈਆ	ਪੰਡਤੀ, *(ਪੰਡਤੀਂ)*
ਸਮਾਂ	ਨਹੀਂ	ਪਾਇਆ, ਲਭਿਆ	ਪੰਡਤਾਂ ਨੇ, ਭਾਰਤ ਦੇ ਪੁਰਾਤਨ ਵਿਦਵਾਨਾਂ ਨੇ

ਜਿ	ਹੋਵੈ	ਲੇਖੁ *(ਲੇਖ)*	ਪੁਰਾਣੁ ॥ *(ਪੁਰਾਣ)*
ਜੇਕਰ	ਹੁੰਦਾ	ਲਿਖਤ, ਉਲੇਖ	ਪੁਰਾਣ, ਹਿੰਦੂਆਂ ਦੇ ਅਠਾਰਾਂ ਧਾਰਮਿਕ ਗ੍ਰੰਥ

ਅੰਕ ੪ -੫

...ਪੰਡਿਤ-ਜਨਾਂ ਨੂੰ ਵੀ ਬ੍ਰਹਿਮੰਡ ਦੇ ਨਿਰਮਾਣ ਦਾ ਸਮਾਂ ਪਤਾ ਨਹੀਂ ਲਗ ਸਕਿਆ, ਜੇਕਰ (ਪਤਾ ਲਗਿਆ) ਹੁੰਦਾ ਤਾਂ ਜ਼ਰੂਰ ਪੁਰਾਣਾਂ ਵਰਗੀ ਕੋਈ ਲਿਖਤ ਲਿਖ ਦਿੰਦੇ...

ਵਖਤੁ *(ਵਖ਼ਤ)*	**ਨ** *(ਨਾਂ)*	**ਪਾਇਓ**	**ਕਾਦੀਆ,** *(ਕਾਦੀਆਂ)*
ਵਕਤ, ਸਮਾਂ	ਨਹੀਂ	ਪਾਇਆ, ਲਭਿਆ	ਕਾਜ਼ੀਆਂ, ਇਸਲਾਮ ਧਰਮ ਦੇ ਵਿਦਵਾਨਾਂ ਨੇ

ਜਿ	**ਲਿਖਨਿ** *(ਲਿਖਨ)*	**ਲੇਖੁ** *(ਲੇਖ)*	**ਕੁਰਾਣੁ ॥** *(ਕੁਰਾਣ)*
ਜੇਕਰ	ਲਿਖਦੇ	ਲਿਖਤ, ਉਲੇਖ	ਕੁਰਾਣ, ਇਸਲਾਮ ਦੀ ਧਰਮ ਪੁਸਤਕ

...ਕਾਜ਼ੀਆਂ ਨੂੰ ਵੀ ਕੋਈ ਸਮਾਂ ਮਾਲੂਮ ਨਹੀਂ ਹੋਇਆ, ਜੇ (ਹੁੰਦਾ ਤਾਂ ਜ਼ਰੂਰ ਉਹ ਵੀ) ਕੁਰਾਨ ਵਰਗੀ ਕੋਈ ਲਿਖਤ ਲਿਖ ਦਿੰਦੇ।...

ਥਿਤਿ *(ਥਿਤ)*	**ਵਾਰੁ** *(ਵਾਰ)*	**ਨਾ**	**ਜੋਗੀ**
ਤਿਥ	ਦਿਨ	ਨਹੀਂ	ਯੋਗ ਅਭਿਆਸੀ, ਜੋਗ ਦੀ ਸਾਧਨਾ ਕਰਨ ਵਾਲੇ

ਜਾਣੈ,	**ਰੁਤਿ** *(ਰੁੱਤ)*	**ਮਾਹੁ** *(ਮਾਹ)*	**ਨਾ**	**ਕੋਈ ॥**
ਜਾਣਦੇ	ਰੁੱਤ, ਮੌਸਮ	ਮਹੀਨਾ	ਨਹੀਂ	ਕੋਈ ਵੀ

...ਜੋਗੀ ਵੀ (ਜਗਤ ਦੀ ਉਤਪੱਤੀ ਬਾਰੇ ਕੋਈ) ਤਿਥ ਅਤੇ ਦਿਨ ਆਦਿਕ ਨਹੀਂ ਜਾਣਦੇ, ਅਤੇ ਹੋਰ ਕੋਈ (ਸਿਆਣਾ) ਵੀ ਇਸ ਸ੍ਰਿਸ਼ਟੀ ਨਿਰਮਾਣ ਬਾਰੇ ਰੁੱਤ ਮਹੀਨਾ ਨਹੀਂ ਜਾਣਦਾ।...

ਜਾ	**ਕਰਤਾ,**	**ਸਿਰਠੀ**	**ਕਉ**	**ਸਾਜੇ,**
ਜੋ, ਜਿਹੜਾ	ਕਰਤਾਰ, ਬਣਾਉਣ ਵਾਲਾ	ਸ੍ਰਿਸ਼ਟੀ	ਨੂੰ	ਸਾਜਦਾ ਹੈ

ਆਪੇ	**ਜਾਣੈ**	**ਸੋਈ ॥**
ਆਪ ਹੀ	ਜਾਣਦਾ ਹੈ	ਉਹੋ ਹੀ

...ਜਿਹੜਾ ਕਰਤਾ ਪੁਰਖ ਸ੍ਰਿਸ਼ਟੀ ਨੂੰ ਸਾਜਦਾ ਹੈ (ਇਸਦੇ ਵਿਸਥਾਰ ਬਾਰੇ) ਉਹ ਆਪ ਹੀ ਜਾਣਦਾ ਹੈ।...

ਕਿਵ *(ਕਿੰਵ)*	**ਕਰਿ**	**ਆਖਾ,** *(ਆਖਾਂ)*	**ਕਿਵ** *(ਕਿੰਵ)*	**ਸਾਲਾਹੀ,** *(ਸਾਲਾਹੀਂ)*
ਕਿਵੇਂ	ਤਰ੍ਹਾਂ	ਕਹਾਂ	ਕਿਵੇਂ	ਸਲ੍ਹਾਵਾਂ, ਉਸਤਤੀ ਕਰਾਂ

ਕਿਉ *(ਕਿਉਂ)*	**ਵਰਨੀ**	**ਕਿਵ** *(ਕਿੰਵ)*	**ਜਾਣਾ ॥**
ਕਿਵੇਂ	ਵਰਣਨ ਕਰਾਂ	ਕਿਵੇਂ	ਜਾਣ ਲਵਾਂ, ਅਨੁਭਵ ਕਰ ਲਵਾਂ

ਅੰਕ ੫

...ਕਿਸ ਤਰ੍ਹਾਂ ਨਾਲ, ਕਿਹੜੀ ਜੁਗਤ ਨਾਲ (ਕਰਤਾ-ਪੁਰਖ ਦੀ) ਸਿਫ਼ਤ ਸਲਾਹ ਕਰਾਂ, ਕਿਵੇਂ (ਅਕਾਲ-ਪੁਰਖ ਦਾ) ਵਰਨਣ ਕਰਾਂ ਅਤੇ ਕਿਵੇਂ (ਵਾਹਿਗੁਰੂ ਜੀ ਬਾਰੇ) ਅਨੁਭਵ ਕਰਾਂ? (ਜਿਸਨੇ ਇਸ ਬ੍ਰਹਿਮੰਡ ਦਾ ਨਿਰਮਾਣ ਕੀਤਾ ਹੈ।)

ਨਾਨਕ,	ਆਖਣਿ *(ਆਖਣ)*	ਸਭੁ *(ਸਭ)*	ਕੋ	ਆਖੈ,
ਹੇ ! ਨਾਨਕ	ਕਹਿਣ ਨੂੰ ਤਾਂ	ਸਾਰੇ,	ਕੋਈ	ਆਖਦੇ ਹਨ, ਵਰਨਣ ਕਰਦੇ ਹਨ

ਇਕ ਦੂ *(ਇਕਦੂੰ)*	ਇਕੁ *(ਇਕ)*	ਸਿਆਣਾ ॥
ਇਕ ਤੋਂ ਵੀ	ਇਕ	ਸਿਆਣੇ, ਸੂਝਵਾਨ

...ਹੇ! ਨਾਨਕ ਕਹਿਣ ਨੂੰ ਤਾਂ ਹਰ ਕੋਈ (ਪਰਮਾਤਮਾ ਬਾਰੇ) ਵਰਨਣ ਕਰਦਾ ਹੈ, ਅਤੇ ਉਹ ਇਕ ਨਾਲੋਂ ਇਕ ਵੱਧ ਸਿਆਣਾ ਵੀ ਹੈ।

ਵਡਾ	ਸਾਹਿਬੁ, *(ਸਾਹਿਬ)*	ਵਡੀ	ਨਾਈ,
ਮਹਾਨ, ਸਰਵ-ਸ੍ਰੇਸ਼ਟ	ਓਅੰਕਾਰ, ਵਾਹਿਗੁਰੂ	ਮਹਾਨ	ਵਡਿਆਈ, ਸ਼ੋਭਾ

ਕੀਤਾ	ਜਾ ਕਾ *(ਜਾਂਕਾ)*	ਹੋਵੈ ॥
ਕਰਿਆ, ਬਣਾਇਆ	ਜਿਸਦਾ	ਹੁੰਦਾ ਹੈ

...ਉਹ ਸਾਹਿਬ ਮਹਾਨ ਹੈ, ਉਸਦੀ ਵਡਿਆਈ ਮਹਾਨ ਹੈ, ਜਿਸ ਦੇ ਕੀਤਿਆਂ ਸਭ ਕੁਝ ਹੁੰਦਾ ਹੈ।...

ਨਾਨਕ,	ਜੇ	ਕੋ	ਆਪੌ *(ਆਪੌਂ)*	ਜਾਣੈ,
ਹੇ ! ਨਾਨਕ	ਜੇਕਰ	ਕੋਈ	ਆਪਣੇ ਆਪ ਨੂੰ	ਸਮਝੇ (ਹੰਕਾਰ ਕਰਕੇ ਵੱਡਾ)

ਅਗੈ,	ਗਇਆ	ਨ *(ਨਾਂ)*	ਸੋਹੈ ॥੨੧॥
ਅੱਗੇ,(ਪ੍ਰਭੂ ਦਰਬਾਰ ਤੇ)	ਗਿਆ ਹੋਇਆ	ਨਹੀਂ	ਸ਼ੋਭਦਾ ਹੈ

...ਹੇ! ਨਾਨਕ! ਜੇਕਰ ਕੋਈ ਆਪਣੇ ਆਪ ਨੂੰ (ਹੰਕਾਰ ਕਰਕੇ ਵੱਡਾ) ਸਮਝੇ ਤਾਂ ਪ੍ਰਭੂ ਦਰਬਾਰ ਵਿਚ ਗਿਆ ਹੋਇਆ, ਸ਼ੋਭਦਾ ਨਹੀਂ।(ਭਾਵ ਉਥੇ ਉਸਨੂੰ ਕੋਈ ਆਦਰ ਸਤਿਕਾਰ ਨਹੀਂ ਮਿਲਦਾ)।

ਪਾਤਾਲਾ *(ਪਾਤਾਲਾਂ)*	ਪਾਤਾਲ	ਲਖ
ਪ੍ਰਿਥਵੀ ਹੇਠਲੇ ਭਵਣਾਂ ਤੋਂ(ਹੇਠਾਂ)	ਪ੍ਰਿਥਵੀ ਹੇਠਲੇ ਭਵਣ	ਲੱਖਾਂ ਹੀ(ਬੇਅੰਤ)

ਆਗਾਸਾ *(ਆਗਾਸਾਂ)*	ਆਗਾਸ ॥
ਅਕਾਸ਼ਾਂ ਤੋਂ(ਵੀ ਉੱਪਰ)	ਆਕਾਸ਼

ਅੰਕ ੫

...ਪ੍ਰਿਥਵੀ ਦੇ ਹੇਠਾਂ ਵੀ ਲੱਖਾਂ ਹੀ ਹੋਰ ਪਾਤਾਲ ਹਨ, ਅਤੇ ਆਕਾਸ਼ਾਂ ਤੋਂ ਉੱਪਰ ਲੱਖਾਂ ਹੀ ਹੋਰ ਆਕਾਸ਼ ਹਨ।...

ਓੜਕ	ਓੜਕ	ਭਾਲਿ *(ਭਾਲ)*	ਥਕੇ,
ਅੰਤ, ਹੱਦ, ਆਖਰ	ਅੰਤ, ਹੱਦ, ਆਖਰ	ਭਾਲਕੇ, ਲੱਭਕੇ	ਥੱਕ ਗਏ, ਅੱਕ ਗਏ

ਵੇਦ	ਕਹਨਿ *(ਕਹਿਨ)*	ਇਕ	ਵਾਤ ॥
ਵੇਦ ਆਦਿਕ ਧਰਮ ਪੁਸਤਕਾਂ	ਕਹਿੰਦੀਆਂ ਹਨ	ਇਕ	ਜ਼ਬਾਨ, ਗਲ

...ਵੇਦ ਆਦਿਕ ਧਰਮ ਪੁਸਤਕਾਂ ਇਕ ਜ਼ੁਬਾਨ ਹੋਕੇ ਕਹਿੰਦੀਆਂ ਹਨ ਕਿ (ਸਿਆਣੇ ਪੁਰਸ਼ ਕਰਤਾ-ਪੁਰਖ ਦੀ ਬੇਅੰਤਤਾ ਦਾ ਅੰਤ) ਲੱਭ ਲੱਭ ਕੇ ਆਖ਼ਰ ਥੱਕ ਗਏ ਹਨ।...

ਸਹਸ *(ਸਹਿਸ)*	ਅਠਾਰਹ, *(ਅਠਾਰਹਿੰ)*
ਹਜ਼ਾਰ	ਅਠਾਰਾਂ(ਸਾਮੀ ਧਰਮਾਂ ਅਨੁਸਾਰ ਅਠਾਰਾਂ ਹਜ਼ਾਰ ਆਲਮ(ਸੰਸਾਰ) ਮੰਨੇ ਗਏ ਹਨ)

ਕਹਨਿ *(ਕਹਿਨ)*	ਕਤੇਬਾ, *(ਕਤੇਬਾਂ)*
ਕਹਿੰਦੀਆਂ ਹਨ	ਸਾਮੀ ਧਰਮਾਂ ਦੇ ਚਾਰ ਪਵਿੱਤਰ ਗ੍ਰੰਥ (ਕੁਰਾਨ, ਅੰਜੀਲ, ਤੌਰੇਤ ਤੇ ਜ਼ੰਬੂਰ)

ਅਸੁਲੁ	ਇਕ *(ਇਕ)*	ਧਾਤੁ ॥ *(ਧਾਤ)*
ਅਸਲ ਵਿਚ,ਵਾਸਤਵ ਵਿਚ	ਇਕ	ਕਰਤਾ-ਪੁਰਖ

...ਸਾਮੀ ਧਰਮਾਂ ਦੇ ਪਵਿੱਤਰ ਗ੍ਰੰਥ ਕਹਿੰਦੇ ਹਨ ਕਿ ਬ੍ਰਹਿਮੰਡ ਵਿਚ ਅਠਾਰਾਂ ਹਜ਼ਾਰ ਆਲਮ (ਜਗਤ) ਹਨ, ਪਰ ਅਸਲ ਵਿਚ (ਤੱਤ ਵਸਤੂ ਭਾਵ ਇਨ੍ਹਾਂ ਦਾ ਪੈਦਾ ਕਰਨ ਵਾਲਾ ਤਾਂ) ਇਕ ਕਰਤਾ-ਪੁਰਖ ਹੀ ਹੈ।(ਅਤੇ ਉਸਦੀ ਸਿਰਜਨਾ, ਗਿਣਤੀਆਂ ਮਿਣਤੀਆਂ ਵਿਚ ਨਹੀਂ ਆਉਂਦੀ, ਉਸਦੀ ਰਚਨਾ ਤਾਂ ਬੇਅੰਤ ਹੈ।...

ਨਾਨਕ,	ਵਡਾ	ਆਖੀਐ,
ਹੇ! ਨਾਨਕ!	ਮਹਾਨ, ਬੇਅੰਤ	ਆਖੀਏ, ਕਹੀਏ

ਆਪੇ	ਜਾਣੈ	ਆਪੁ ॥੨੨॥ *(ਆਪ)*
ਆਪ ਹੀ	ਜਾਣਦਾ	ਆਪਣੇ ਆਪ ਨੂੰ

...ਹੇ! ਨਾਨਕ! (ਆਓ ਕਰਤਾ-ਪੁਰਖ ਜੀ ਨੂੰ) ਬੇਅੰਤ ਬੇਅੰਤ ਆਖੀਏ, ਉਹ ਆਪ ਹੀ ਆਪਣੇ ਆਪ ਨੂੰ (ਭਾਵ ਆਪਣੀ ਬੇਅੰਤਤਾ ਨੂੰ) ਜਾਣਦਾ ਹੈ।

ਸਾਲਾਹੀ	ਸਾਲਾਹਿ, *(ਸਾਲਾਹਿੰ)*
ਸਲਾਹੁਣ ਯੋਗ, ਉਸਤਤ ਯੋਗ	ਸਲਾਹੁੰਦੇ ਹਨ, ਸਿਫ਼ਤ ਕਰਦੇ ਹਨ

ਅੰਕ ੫

ਏਤੀ	ਸੁਰਤਿ *(ਸੁਰਤ)*	ਨ *(ਨਾਂ)*	ਪਾਈਆ ॥
ਇਤਨੀ	ਸਮਝ, ਸੂਝ ਬੂਝ	ਨਹੀਂ	ਪਾਈ

...ਸਲਾਹੁਣ ਯੋਗ (ਅਕਾਲ-ਪੁਰਖ ਦੀਆਂ) ਸਿਫ਼ਤਾਂ ਕਰ ਕਰ ਕੇ ਕਿਸੇ ਨੇ ਇਤਨੀ ਸੂਝ ਬੂਝ ਵੀ ਪ੍ਰਾਪਤ ਨਹੀਂ ਕੀਤੀ, (ਕਿ ਕਰਤਾ-ਪੁਰਖ ਕਿਤਨਾ ਬੇਅੰਤ ਹੈ)...

ਨਦੀਆ *(ਨਦੀਆਂ)*	ਅਤੈ	ਵਾਹ,
ਦਰਿਆ	ਅਤੇ, ਤੇ (ਪਾਣੀ ਦੇ)	ਵਹਿਣ, ਨਾਲੇ

ਪਵਹਿ *(ਪਵਹਿਂ)*	ਸਮੁੰਦਿ *(ਸਮੁੰਦ)*,	ਨ *(ਨਾਂ)*	ਜਾਣੀਅਹਿ ॥ *(ਜਾਣੀਅਹਿਂ)*
ਪੈਂਦੇ ਹਨ	ਸਮੁੰਦਰ ਵਿਚ	ਨਹੀਂ	ਜਾਣੇ ਜਾਂਦੇ

...ਨਦੀਆਂ ਨਾਲੇ ਜਦੋਂ ਸਾਗਰ ਵਿਚ ਪੈਂਦੇ ਹਨ (ਉਸ ਵਿਚ ਹੀ ਲੀਨ ਹੋ ਜਾਂਦੇ ਹਨ ਤਾਂ) ਫਿਰ (ਉਹ ਵੱਖਰੀ ਪਹਿਚਾਣ ਨਾਲ) ਨਹੀਂ ਜਾਣੇ ਜਾਂਦੇ।(ਇਹ ਨਦੀਆਂ ਨਾਲੇ ਸਾਗਰ ਵਿਚ ਲੀਨ ਤਾਂ ਹੋ ਸਕਦੇ ਹਨ, ਪਰ ਸਾਗਰ ਦੀਆਂ ਗਹਿਰਾਈਆਂ ਦੀ ਥਾਹ ਨਹੀਂ ਪਾ ਸਕਦੇ। ਇਸੇ ਤਰ੍ਹਾਂ ਅਸੀਂ ਪਰਮਾਤਮਾ ਵਿਚ ਡੁੱਬ ਤਾਂ ਸਕਦੇ ਹਾਂ, ਪਰ ਉਸਦੀਆਂ ਬੇਅੰਤਤਾ ਨੂੰ ਨਹੀਂ ਜਾਣ ਸਕਦੇ)।...

ਸਮੁੰਦ	ਸਾਹ *(ਸ਼ਾਹ)*	ਸੁਲਤਾਨ,
ਸਾਗਰ	ਰਾਜਾ, ਪਾਤਸ਼ਾਹ	ਸ਼ਹਿਨਸ਼ਾਹ, ਬਾਦਸ਼ਾਹ

ਗਿਰਹਾ *(ਗਿਰਹਾਂ)*	ਸੇਤੀ	ਮਾਲੁ *(ਮਾਲ)*	ਧਨੁ ॥ *(ਧਨ)*
ਪਹਾੜ, ਪਰਬਤ	ਜਿਤਨ, ਜਿੱਡਾ	ਪਦਾਰਥ	ਦੌਲਤ

...ਜੇਕਰ ਕੋਈ ਸਾਗਰਾਂ ਦਾ (ਮਾਲਕ) ਸ਼ਹਿਨਸ਼ਾਹ ਸੁਲਤਾਨ ਹੋਵੇ (ਭਾਵ ਸਾਗਰਾਂ ਤੇ ਉਸਦੀ ਹਕੂਮਤ ਚਲਦੀ ਹੋਵੇ), ਅਤੇ ਉਸ ਕੋਲ ਪਹਾੜ ਜਿਤਨੇ ਧਨ ਪਦਾਰਥ ਵੀ ਹੋਣ...

ਕੀੜੀ	ਤੁਲਿ *(ਤੁਲ)*	ਨ *(ਨਾਂ)*	ਹੋਵਨੀ,
ਚੀਂਟੀ, ਕੀਟ, ਇਕ ਬਹੁਤ ਛੋਟਾ ਜਿਹਾ ਜੀਵ	ਬਰਾਬਰ	ਨਹੀਂ	ਹੁੰਦੇ

ਜੇ	ਤਿਸੁ *(ਤਿਸ)*	ਮਨਹੁ *(ਮਨਹੁੰ)*	ਨ *(ਨਾਂ)*	ਵੀਸਰਹਿ ॥੨੩॥ *(ਵੀਸਰਹਿਂ)*
ਜੇਕਰ	ਤਿਸਦੇ	ਮਨ ਵਿਚੋਂ	ਨਾ	ਵਿਸਰ ਜਾਏ, ਭੁੱਲ ਜਾਏ

...(ਪਰ ਐਸੇ ਸ਼ਹਿਨਸ਼ਾਹਾਂ ਦੀ ਹਸਤੀ ਉਸ) ਛੋਟੀ ਜਿਹੀ ਕੀੜੀ ਬਰਾਬਰ ਵੀ ਨਹੀਂ ਹੁੰਦੀ, ਜੇਕਰ ਉਸ (ਕੀੜੀ) ਦੇ ਮਨ ਵਿਚੋਂ ਹੇ।ਪਰਮਾਤਮਾ। ਤੂੰ) ਨਾ ਵਿਸਰ ਜਾਏਂ।

ਅੰਕ ੫

ਅੰਤੁ *(ਅੰਤ)*	ਨ *(ਨਾਂ)*	ਸਿਫਤੀ, *(ਸਿਫਤੀਂ)*
ਹੱਦ ਬੰਨਾ, ਅਖ਼ੀਰ	ਨਹੀਂ	ਸਿਫਤਾਂ ਦਾ, ਗੁਣਾਂ ਦਾ

ਕਹਣਿ *(ਕਹਿਣ)*	ਨ *(ਨਾਂ)*	ਅੰਤੁ ॥ *(ਅੰਤ)*
ਕਹਿਣ ਦੁਆਰਾ, ਬਖਾਨਣ ਦੁਆਰਾ	ਨਹੀਂ	ਹੱਦ ਬੰਨਾ, ਅਖ਼ੀਰ

(ਕਰਤਾ-ਪੁਰਖ) ਦੇ ਗੁਣਾਂ ਵਡਿਆਈਆਂ ਦਾ ਕੋਈ ਅੰਤ ਨਹੀ, ਕਹਿਣ ਦੁਆਰਾ, ਅਥਵਾ ਅਕਲ ਦੁਆਰਾ (ਵੀ ਕੋਈ ਉਸ ਬੇਅੰਤਤਾ ਦਾ) ਅਖ਼ੀਰ ਨਹੀਂ (ਜਾਣ ਸਕਦਾ)...

ਅੰਤੁ *(ਅੰਤ)*	ਨ *(ਨਾਂ)*	ਕਰਣੈ,
ਹੱਦ ਬੰਨਾ, ਅਖ਼ੀਰ	ਨਹੀਂ	ਕਰਨੀ, ਭਾਵ ਕੀਤੀ ਹੋਈ ਰਚਨਾ

ਦੇਣਿ	ਨ *(ਨਾਂ)*	ਅੰਤੁ ॥ *(ਅੰਤ)*
ਦਾਤਾਂ ਦਾ	ਨਹੀਂ	ਹੱਦ ਬੰਨਾ, ਅਖ਼ੀਰ

...(ਅਕਾਲ ਪੁਰਖ ਦੀ) ਕਰਨੀ, ਭਾਵ ਕੀਤੀ ਹੋਈ ਰਚਨਾ ਦਾ ਕੋਈ ਅਖ਼ੀਰ ਨਹੀਂ, ਅਤੇ ਉਸ ਦੀਆਂ ਦਾਤਾਂ ਦਾ ਵੀ ਕੋਈ ਸ਼ੁਮਾਰ ਨਹੀਂ।...

ਅੰਤੁ	ਨ *(ਨਾਂ)*	ਵੇਖਣਿ, *(ਵੇਖਣ)*
ਹੱਦ ਬੰਨਾ, ਅਖ਼ੀਰ	ਨਹੀਂ	ਵੇਖਣ ਨਾਲ, ਦੇਖਣ ਦੁਆਰਾ

ਸੁਣਣਿ *(ਸੁਣਣ)*	ਨ *(ਨਾਂ)*	ਅੰਤੁ ॥ *(ਅੰਤ)*
ਸੁਨਣ ਦੁਆਰਾ	ਨਹੀਂ	ਹੱਦ ਬੰਨਾ, ਅਖ਼ੀਰ

...(ਕਰਤਾ-ਪੁਰਖ ਦੀ ਅਸਚਰਜ ਰਚਨਾ ਦਾ) ਵੇਖਣ ਨਾਲ ਕੋਈ ਅੰਤ ਨਹੀਂ (ਪਾਇਆ ਜਾ ਸਕਦਾ) ਅਤੇ ਨਾ ਹੀ (ਇਸ ਬੇਅੰਤ ਕੁਦਰਤ ਬਾਰੇ) ਸੁਨਣ ਦੁਆਰਾ ਕੋਈ ਹੱਦ ਬੰਨਾ (ਅਨੁਭਵ ਕੀਤਾ ਜਾ ਸਕਦਾ ਹੈ)...

ਅੰਤੁ *(ਅੰਤ)*	ਨ *(ਨਾਂ)*	ਜਾਪੈ,
ਹੱਦ ਬੰਨਾ, ਅਖ਼ੀਰ	ਨਹੀਂ	ਪਤਾ ਲਗਦਾ, ਸਮਝ ਆਉਂਦਾ,

ਕਿਆ	ਮਨਿ *(ਮਨ)*	ਮੰਤੁ ॥ *(ਮੰਤ)*
ਕੀ	ਮਨ ਵਿਚ	ਮੰਤਵ, ਮਨੋਰਥ

...ਇਸ ਗਲ ਦਾ ਵੀ ਕੋਈ ਹੱਦ ਬੰਨਾਂ ਸਮਝ ਆਉਣਾ (ਮੁਸ਼ਕਿਲ ਹੈ ਕਿ ਉਸ ਕਰਤਾ-ਪੁਰਖ ਦੇ) ਮਨ ਵਿਚ (ਇਸ ਬ੍ਰਹਿਮੰਡੀ ਰਚਨਾ ਨੂੰ ਰਚਣ ਦਾ ਕੀ) ਮਨੋਰਥ ਹੈ।

ਅੰਕ ੫

ਅੰਤੁ *(ਅੰਤ)*	**ਨ** *(ਨਾਂ)*	**ਜਾਪੈ,**	**ਕੀਤਾ**	**ਆਕਾਰੁ ॥** *(ਆਕਾਰ)*
ਹੱਦ ਬੰਨਾ, ਅਖ਼ੀਰ	ਨਹੀਂ	ਜਾਪਦਾ, ਪਤਾ ਲਗਦਾ	ਕੀਤੇ ਹੋਏ	ਸਰੂਪ, ਬ੍ਰਹਿਮੰਡੀ ਰਚਨਾ

...(ਕਰਤਾ-ਪੁਰਖ ਦੀ ਇਸ ਸਾਜੀ ਹੋਈ) ਬ੍ਰਹਿਮੰਡੀ ਰਚਨਾ ਦਾ ਵੀ ਕੋਈ ਅੰਤ ਬਹੁ ਨਹੀਂ ਪਤਾ ਲਗਦਾ।...

ਅੰਤੁ *(ਅੰਤ)*	**ਨ** *(ਨਾਂ)*	**ਜਾਪੈ,**	**ਪਾਰਾਵਾਰੁ ॥** *(ਪਾਰਾਵਾਰ)*
ਹੱਦ ਬੰਨਾ, ਅਖ਼ੀਰ	ਨਹੀਂ	ਜਾਪਦਾ, ਪਤਾ ਲਗਦਾ	ਉਰਾਰ-ਪਾਰ

...(ਅਕਾਲ-ਪੁਰਖ ਦੀ ਸ੍ਰਿਸ਼ਟੀ ਦਾ) ਉਰਾਰ-ਪਾਰ ਦਾ ਕੋਈ ਹੱਦ ਬੰਨਾ, ਵੀ ਪਤਾ ਨਹੀਂ ਲਗਦਾ।...

ਅੰਤ	**ਕਾਰਣਿ,** *(ਕਾਰਣ)*	**ਕੇਤੇ**	**ਬਿਲਲਾਹਿ ॥** *(ਬਿਲਲਾਹਿੰ)*
ਹੱਦ ਬੰਨਾ, ਅਖ਼ੀਰ	ਵਾਸਤੇ, ਲਈ	ਕਿਤਨੇ ਹੀ	ਵਿਲਕਦੇ ਰਹਿੰਦੇ ਹਨ, ਤਰਲੇ ਲੈ ਰਹੇ ਹਨ

...(ਕਰਤਾ-ਪੁਰਖ ਦੀ ਬੇਅੰਤ ਰਚਨਾ ਦਾ) ਅੰਤ (ਲੱਭਣ) ਵਾਸਤੇ ਕਿੰਨੇ ਹੀ (ਜੀਵ) ਤਰਲੇ ਲੈ ਰਹੇ ਹਨ...

ਤਾ *(ਤਾਂ)*	**ਕੇ**	**ਅੰਤ ,**	**ਨ** *(ਨਾਂ)*	**ਪਾਏ**	**ਜਾਹਿ ॥** *(ਜਾਹਿੰ)*
ਤਿਸ	ਦੇ	ਹੱਦ ਬੰਨਾ, ਅਖ਼ੀਰ	ਨਹੀਂ	ਲਭੇ	ਜਾ ਸਕਦੇ

...(ਪਰ) ਉਸਦੀ (ਬੇਅੰਤਤਾ) ਦਾ ਹੱਦ-ਬੰਨਾ ਨਹੀਂ ਲਭਿਆ ਜਾ ਸਕਦਾ।...

ਏਹੁ *(ਏਹ)*	**ਅੰਤ,** *(ਅੰਤ)*	**ਨ** *(ਨਾਂ)*	**ਜਾਣੈ**	**ਕੋਇ ॥**
ਇਹ	ਹੱਦ ਬੰਨਾ, ਅਖ਼ੀਰ	ਨਹੀਂ	ਜਾਣ ਸਕਦਾ	ਕੋਈ

...(ਉਸ ਦੀ ਅਨੰਤਤਾ ਦਾ) ਇਹ ਅਖ਼ੀਰ ਜਾਣਿਆ ਨਹੀਂ ਜਾ ਸਕਦਾ...

ਬਹੁਤਾ	**ਕਹੀਐ,**	**ਬਹੁਤਾ**	**ਹੋਇ ॥**
ਜ਼ਿਆਦਾ, ਵੱਡਾ	ਕਹਿਣ ਨਾਲ	(ਹੋਰ) ਜ਼ਿਆਦਾ, ਵੱਡਾ	ਹੁੰਦਾ ਹੈ

...(ਉਸਨੂੰ ਹੋਰ) ਵੱਡਾ ਕਹਿਣ ਨਾਲ (ਭਾਵ ਉਸਤਤੀ ਕਰਨ ਨਾਲ, ਉਸਦੇ ਦੈਵੀ ਗੁਣ ਮੁੱਕਦੇ ਨਹੀਂ ਸਗੋਂ ਉਸ ਦੀ ਵਡਿਆਈ) ਇਸ ਤੋਂ ਵੀ ਹੋਰ ਵਧੇਰੇ ਹੁੰਦੀ ਜਾਂਦੀ ਹੈ।...

ਵਡਾ	**ਸਾਹਿਬੁ,** *(ਸਾਹਿਬ)*	**ਊਚਾ**	**ਥਾਉ ॥** *(ਥਾਉਂ)*
ਮਹਾਨ, ਉੱਚਾ	ਅਕਾਲ ਪੁਰਖ	ਬਹੁਤ ਉੱਚਾ	ਥਾਂ, ਨਿਵਾਸ

...ਸਾਹਿਬ ਜੀ ਮਹਾਨ ਹਨ, ਸਾਹਿਬਾਂ ਦੀ ਥਾਂ ਵੀ ਬਹੁਤ ਉੱਚੀ ਹੈ।...

ਅੰਕ ੫

ਊਚੇ	ਉਪਰਿ, *(ਉਪਰ)*	ਊਚਾ	ਨਾਉ ॥ *(ਨਾਉਂ)*
ਉੱਚੇ ਤੋਂ	ਉਪਰ	ਉੱਚਾ	ਨਾਮ, ਵਡਿਆਈ, ਨਾਮਣਾ

...(ਸਾਹਿਬ ਦੀ) ਵਡਿਆਈ ਉੱਚੇ ਤੋਂ ਵੀ ਉੱਚੀ ਹੈ।...

ਏਵਡੁ *(ਏਵਡ)*	ਊਚਾ ,	ਹੋਵੈ	ਕੋਇ ॥
ਏਨਾ	ਉੱਚਾ	ਹੋਏ	ਕੋਈ

...ਕੋਈ (ਸਾਹਿਬ) ਜਿੱਡਾ ਉੱਚਾ ਹੋਵੇ...

ਤਿਸੁ *(ਤਿਸ)*	ਊਚੇ	ਕਉ	ਜਾਣੈ	ਸੋਇ ॥
ਤਿਸ	ਉੱਚੇ	ਨੂੰ	ਸਮਝੇ, ਅਨੁਭਵ ਕਰੇ	ਕੋਈ

...ਤਾਂ ਹੀ ਕੋਈ ਉਸ ਉੱਚੇ ਦੀ (ਉਚਿਆਈ ਨੂੰ) ਅਨੁਭਵ ਕਰ ਸਕੇਗਾ।...

ਜੇਵਡੁ *(ਜੇਵਡ)*	ਆਪਿ, *(ਆਪ)*	ਜਾਣੈ	ਆਪਿ *(ਆਪ)*	ਆਪਿ ॥ *(ਆਪ)*
ਜਿੱਡਾ ਵੱਡਾ	ਆਪ	ਜਾਣਦਾ ਹੈ	ਆਪ ਹੀ	ਆਪ ਹੀ

...ਜਿਤਨਾ ਵੱਡਾ ਉਹ ਆਪ ਹੈ, (ਉਸ ਵਡੱਤਣ ਬਾਰੇ ਉਹ) ਸਿਰਫ਼ ਆਪ ਹੀ ਜਾਣਦਾ ਹੈ।...

ਨਾਨਕ,	ਨਦਰੀ	ਕਰਮੀ	ਦਾਤਿ ॥੨੪॥ *(ਦਾਤ)*
ਹੇ ! ਨਾਨਕ !	ਕ੍ਰਿਪਾ ਦੀ ਨਜ਼ਰ ਵਾਲਾ ਸਾਹਿਬ	ਮਿਹਰ ਦੁਆਰਾ	ਬਖਸ਼ਿਸ਼

...ਹੇ! ਨਾਨਕ! ਕ੍ਰਿਪਾ-ਕਟਾਖ਼ ਵਾਲੇ ਸਾਹਿਬ ਦੀ ਮਿਹਰ ਰਾਹੀਂ (ਹੀ ਉਸ ਦੀ) ਦਾਤ ਪ੍ਰਾਪਤ ਹੁੰਦੀ ਹੈ।

ਬਹੁਤਾ	ਕਰਮੁ, *(ਕਰਮ)*	ਲਿਖਿਆ	ਨਾ	ਜਾਇ ॥
ਅਧਿਕ, ਜ਼ਿਆਦਾ	ਬਖਸ਼ਿਸ਼	ਵਰਨਣ, ਅੰਕਿਤ	ਨਹੀਂ	ਜਾ ਸਕਦੀ

(ਸਾਹਿਬ) ਦੀ ਬਖਸ਼ਿਸ਼ ਇਤਨੀ ਜ਼ਿਆਦਾ ਹੈ ਕਿ (ਅੱਖਰਾਂ ਵਿਚ) ਅੰਕਿਤ ਨਹੀਂ ਕੀਤੀ ਜਾ ਸਕਦੀ।...

ਵਡਾ	ਦਾਤਾ,	ਤਿਲੁ *(ਤਿਲ)*	ਨ *(ਨਾਂ)*	ਤਮਾਇ ॥
ਮਹਾਨ	ਦਾਤਾਂ ਦੇਣ ਵਾਲਾ	ਤਿਲ ਜਿਤਨੀ ਵੀ, ਭਾਵ ਥੋੜ੍ਹੀ ਜਿਹੀ ਵੀ	ਨਹੀਂ	ਤਮ੍ਹਾਂ, ਲਾਲਚ

...(ਕਰਤਾ-ਪੁਰਖ) ਮਹਾਨ ਦਾਤਾ ਹੈ। (ਉਸਨੂੰ ਦਿੱਤੀਆਂ ਹੋਈਆਂ ਦਾਤਾਂ ਬਦਲੇ ਲੈਣ ਦਾ) ਤਿਲ-ਮਾਤਰ ਵੀ ਲਾਲਚ ਨਹੀਂ ਹੈ।(ਕਿਉਂਕਿ ਦਾਤਾਂ ਦੇਣਾ ਤਾਂ ਉਸਦਾ ਸੁਭਾ ਹੈ)...

ਅੰਕ ੫

ਕੇਤੇ,	ਮੰਗਹਿ, *(ਮੰਗਹਿਂ)*	ਜੋਧ	ਅਪਾਰ ॥
ਕਿਤਨੇ	ਮੰਗ ਰਹੇ ਹਨ	ਸੂਰਬੀਰ, ਜੋਧੇ	ਬੇਅੰਤ, ਅਣਗਿਣਤ

...ਅਣਗਿਣਤ ਸੂਰਬੀਰ ਜੋਧੇ (ਸਾਹਿਬ ਦੇ ਦਰ ਤੋਂ ਦਾਤਾਂ) ਮੰਗ ਰਹੇ ਹਨ।...

ਕੇਤਿਆ, *(ਕੇਤਿਆਂ)*	ਗਣਤ	ਨਹੀ	ਵੀਚਾਰੁ ॥ *(ਵੀਚਾਰ)*
ਕਿਤਨੀ	ਗਿਣਤੀ	ਨਹੀਂ	ਵਰਨਣ, ਕਥਨ

...(ਉਨ੍ਹਾਂ ਦੀ) ਗਿਣਤੀ ਕਿਤਨੀ ਹੈ, (ਇਸ ਬਾਰੇ) ਵਰਨਣ ਨਹੀਂ ਕੀਤਾ ਜਾ ਸਕਦਾ (ਭਾਵ ਉਹ ਅਣਗਿਣਤ ਹਨ)...

ਕੇਤੇ,	ਖਪਿ *(ਖਪ)*	ਤੁਟਹਿ *(ਤੁਟਹਿਂ)*	ਵੇਕਾਰ ॥
ਕਿਤਨੇ ਹੀ ਖਪ ਕੇ,	ਗਰਕ ਹੋਕੇ	ਟੁੱਟ ਜਾਂਦੇ ਹਨ, ਨਾਸ਼ ਹੋ ਜਾਂਦੇ ਹਨ	ਵਿਕਾਰਾਂ ਵਿਚ

...ਕਿਤਨੇ ਹੀ (ਅਕਾਲ-ਪੁਰਖ ਤੋਂ ਦਾਤਾਂ ਤਾਂ ਪ੍ਰਾਪਤ ਕਰਦੇ ਹਨ, ਪਰ ਸ਼ੁਕਰ ਕਰਨ ਦੀ ਬਜਾਏ) ਵਿਕਾਰਾਂ ਵਿਚ ਗਰਕ ਹੋਕੇ ਨਾਸ ਹੋ ਜਾਂਦੇ ਹਨ।...

ਕੇਤੇ,	ਲੈ	ਲੈ	ਮੁਕਰੁ *(ਮੁਕਰ)*	ਪਾਹਿ ॥ *(ਪਾਹਿਂ)*
ਕਿਤਨੇ ਹੀ	ਲੈ ਕੇ	ਲੈ ਕੇ	ਇਨਕਾਰੀ	ਪੈਂਦੇ ਹਨ, ਜਾਂਦੇ ਹਨ

...ਕਿਤਨੇ ਹੀ (ਅਕਾਲ ਪੁਰਖ ਕੋਲੋਂ ਦਾਤਾਂ) ਲੈ ਲੈ ਕੇ (ਵਰਤਦੇ ਹਨ, ਪਰ ਫਿਰ ਵੀ ਇਨ੍ਹਾਂ ਤੋਂ) ਮਨੁਕਰ ਹੋ ਜਾਂਦੇ ਹਨ।...

ਕੇਤੇ	ਮੂਰਖ	ਖਾਹੀ	ਖਾਹਿ ॥ *(ਖਾਹਿਂ)*
ਕਿਤਨੇ ਹੀ	ਮੂੜ੍ਹ	ਖਾਂਦੇ	ਖਾਈ ਜਾਂਦੇ

...ਕਿਤਨੇ ਹੀ ਮੂੜ੍ਹ ਲੋਕ (ਸਾਹਿਬ ਕੋਲੋਂ ਦਾਤਾਂ ਲੈਕੇ) ਖਾਈ ਹੀ ਜਾਂਦੇ ਹਨ, ਖਾਈ ਹੀ ਜਾਂਦੇ ਹਨ (ਪਰ ਕਦੀ ਵੀ ਉਸਦੇ ਸ਼ੁਕਰ-ਗੁਜ਼ਾਰ ਨਹੀਂ ਹੁੰਦੇ)...

ਕੇਤਿਆ, *(ਕੇਤਿਆਂ)*	ਦੂਖ	ਭੂਖ	ਸਦ	ਮਾਰ ॥
ਕਿੰਨਿਆਂ ਨੂੰ	ਦੁੱਖ, ਕਲੇਸ਼	ਭੁੱਖ	ਸਦਾ	ਸਜ਼ਾ

...(ਸਾਹਿਬ ਦੀ ਰਜ਼ਾ ਵਿਚ) ਕਿਤਨਿਆਂ ਨੂੰ ਹਮੇਸ਼ਾਂ ਦੁੱਖਾਂ ਕਲੇਸ਼ਾਂ ਅਤੇ ਭੁੱਖੇ ਰਹਿਣ ਦੀ ਮਾਰ ਪਈ ਰਹਿੰਦੀ ਹੈ।...

ਅੰਕ ੫

ਏਹਿ *(ਏਹ)*	ਭਿ,	ਦਾਤਿ *(ਦਾਤ)*	ਤੇਰੀ	ਦਾਤਾਰ ॥
ਇਹ	ਵੀ	ਬਖਸ਼ਿਸ਼	ਤੁਹਾਡੀ	ਦਾਤਾਂ ਦੇਣ ਵਾਲਾ

...(ਪਰ ਦੁੱਖ ਭੁੱਖ ਸਹਿ ਕੇ ਵੀ ਉਹ ਕਹਿੰਦੇ ਹਨ ਕਿ) ਹੇ! ਦਾਤਾਰ ਜੀਓ! ਇਹ ਵੀ ਆਪ ਜੀ ਦੀ ਬਖਸ਼ਿਸ਼ ਤੇ ਰਜ਼ਾ ਹੈ।...

ਬੰਦਿ *(ਬੰਦ)*	ਖਲਾਸੀ,	ਭਾਣੈ	ਹੋਇ ॥
ਬੰਦੀ ਤੋਂ, ਬੰਧਨਾਂ ਤੋਂ	ਛੁਟਕਾਰਾ	ਹੁਕਮ, ਰਜ਼ਾ	ਹੁੰਦੀ ਹੈ

....(ਸੰਸਾਰ ਦੇ) ਬੰਧਨਾ ਤੋਂ ਛੁਟਕਾਰਾ(ਸਾਹਿਬ ਜੀਓ! ਆਪਦੇ) ਹੁਕਮ ਅਨੁਸਾਰ ਹੀ ਹੁੰਦਾ ਹੈ।...

ਹੋਰੁ, *(ਹੋਰ)*	ਆਖਿ *(ਆਖ)*	ਨ *(ਨਾਂ)*	ਸਕੈ	ਕੋਇ ॥
ਹੋਰ ਕੋਈ, ਦੂਸਰਾ	ਕਹਿ	ਨਹੀਂ	ਸਕਦਾ	ਕੋਈ

...(ਇਸ ਤੋਂ ਇਲਾਵਾ ਬੰਧਨਾਂ ਤੋਂ ਛੁਟਕਾਰੇ ਦਾ) ਹੋਰ ਕੋਈ ਤਰੀਕਾ, ਕੋਈ ਵਿਅਕਤੀ ਦਸ ਵੀ ਨਹੀਂ ਸਕਦਾ।...

ਜੇ	ਕੋ	ਖਾਇਕੁ *(ਖਾਇਕ)*	ਆਖਣਿ *(ਆਖਣ)*	ਪਾਇ ॥
ਜੇਕਰ	ਕੋਈ	ਵਧਾ ਕੇ ਗਲਾਂ ਕਰਨ ਵਾਲਾ, ਗਪੌੜੀ	ਆਖਣ ਦਾ ਯਤਨ	ਕਰੇ

...ਜੇਕਰ ਕੋਈ ਗਪੌੜੀ (ਕੋਈ ਹੋਰ ਤਰੀਕਾ) ਦੱਸਣ ਦਾ ਯਤਨ ਕਰੇ।...

ਓਹੁ	ਜਾਣੈ,	ਜੇਤੀਆ *(ਜੇਤੀਆਂ)*	ਮੁਹਿ *(ਮੂੰਹ)*	ਖਾਇ ॥
ਉਹ ਹੀ	ਜਾਣਦਾ ਹੈ	ਜਿਤਨੀਆਂ	ਮੂੰਹ ਉੱਤੇ	ਖਾਂਦਾ ਹੈ

...(ਤਾਂ ਉਹ) ਗਪੌੜੀ ਹੀ ਜਾਣਦਾ ਹੈ, ਕਿ ਕਿਤਨੀਆਂ ਚੋਟਾਂ ਉਹ ਮੂੰਹ ਉੱਤੇ ਖਾਂਦਾ ਹੈ।...

ਆਪੇ	ਜਾਣੈ,	ਆਪੇ	ਦੇਇ ॥
ਆਪ ਹੀ	ਜਾਣਦਾ ਹੈ	ਆਪ ਹੀ	ਦਿੰਦਾ ਹੈ

...(ਅਕਾਲ ਪੁਰਖ) ਆਪ ਹੀ (ਜੀਵਾਂ ਦੀਆਂ ਲੋੜਾਂ ਨੂੰ) ਜਾਣਦਾ ਹੈ ਤੇ ਆਪ ਹੀ (ਸਭ ਕੁਝ) ਦਿੰਦਾ ਹੈ।...

ਆਖਹਿ, *(ਆਖਹਿਂ)*	ਸਿ	ਭਿ	ਕੇਈ	ਕੇਇ॥ *(ਕੇ)*
ਆਖ ਰਹੇ ਹਨ	ਇਹ	ਵੀ	ਕਈ	ਜੀਵ

ਅੰਕ ੫

...ਕਈ (ਸ਼ੁਕਰ ਗੁਜ਼ਾਰ ਕਰਨ ਵਾਲੇ) ਜੀਵ ਇਹ ਵੀ ਆਖ ਰਹੇ ਹਨ, (ਅਕਾਲ ਪੁਰਖ) ਆਪ ਹੀ (ਜੀਵਾਂ ਦੀਆਂ ਲੋੜਾਂ ਨੂੰ) ਜਾਣਦਾ ਹੈ ਤੇ ਆਪ ਹੀ (ਸਭ ਕੁਝ) ਦਿੰਦਾ ਹੈ...

ਜਿਸ	ਨੋ	ਬਖਸੇ, *(ਬਖਸ਼ੇ)*	ਸਿਫਤਿ *(ਸਿਫ਼ਤ)*	ਸਾਲਾਹ ॥
ਜਿਸ ਕਿਸੇ	ਨੂੰ	ਬਖ਼ਸ਼ ਦੇਵੇ	ਵਡਿਆਈ	ਸ਼ਲਾਘਾ

...(ਸਾਹਿਬ) ਜਿਸ ਕਿਸੇ ਨੂੰ ਆਪਣੀ ਸਿਫ਼ਤ ਸਲਾਹ ਕਰਨ ਦੀ ਦਾਤ ਬਖਸ਼ ਦੇਵੇ।...

ਨਾਨਕ	ਪਾਤਿਸਾਹੀ *(ਪਾਤਸ਼ਾਹੀਂ)*	ਪਾਤਿਸਾਹੁ ॥੨੫॥ *(ਪਾਤਸ਼ਾਹ)*
ਹੇ !ਨਾਨਕ !	ਪਾਤਸ਼ਾਹਾਂ ਦਾ ਵੀ	ਪਾਤਸ਼ਾਹ, ਬਾਦਸ਼ਾਹ

...ਹੇ! ਨਾਨਕ! ਉਹ ਰਾਜਿਆਂ ਦਾ ਵੀ ਮਹਾਰਾਜਾ ਹੈ।

ਅਮੁਲ	ਗੁਣ,	ਅਮੁਲ	ਵਾਪਾਰ ॥
ਅਨਮੋਲ	ਚੰਗਿਆਈਆਂ	ਅਨਮੋਲ	ਵਣਜ

(ਸਾਹਿਬ) ਦੀਆਂ ਚੰਗਿਆਈਆਂ ਵੀ ਅਨਮੋਲ ਹਨ, ਅਤੇ ਚੰਗਿਆਈਆਂ ਦਾ ਵਾਪਾਰ ਵੀ ਅਨਮੋਲ ਹੈ।...

ਅਮੁਲ	ਵਾਪਾਰੀਏ,	ਅਮੁਲ	ਭੰਡਾਰ ॥
ਅਨਮੋਲ	ਵਾਪਾਰੀ	ਅਨਮੋਲ	ਖਜ਼ਾਨਾ

...(ਅਕਾਲ-ਪੁਰਖੀ ਗੁਣਾਂ ਦੇ) ਵਾਪਾਰੀ ਵੀ ਅਨਮੋਲ ਹਨ, ਅਤੇ ਗੁਣਾਂ ਦਾ ਖਜ਼ਾਨਾ ਵੀ ਅਨਮੋਲ ਹੈ।...

ਅਮੁਲ	ਆਵਹਿ, *(ਆਵਹਿਂ)*	ਅਮੁਲ	ਲੈ	ਜਾਹਿ ॥ *(ਜਾਹਿਂ)*
ਅਨਮੋਲ	ਆਉਂਦੇ ਹਨ	ਅਨਮੋਲ	ਲੈ ਕੇ	ਜਾਂਦੇ ਹਨ

...ਅਨਮੋਲ ਹਨ (ਜੋ ਪ੍ਰਭੂ ਦੇ ਦਰ ਤੇ ਇਸ ਵਪਾਰ ਲਈ) ਆਉਂਦੇਂ ਹਨ ਅਤੇ ਅਨਮੋਲ (ਨਾਮ ਦਾ ਸੌਦਾ ਖਰੀਦ ਕੇ) ਜਾਂਦੇ ਹਨ।

ਅਮੁਲ	ਭਾਇ,	ਅਮੁਲਾ	ਸਮਾਹਿ ॥ *(ਸਮਾਹਿਂ)*
ਅਨਮੋਲ	ਪ੍ਰੇਮ, ਪਿਆਰ	ਅਨਮੋਲ	ਸਮਾ ਜਾਂਦੇ ਹਨ

...ਅਨਮੋਲ ਹਨ (ਉਹ ਧਰਮ-ਸਾਧਕ ਜੋ ਸਾਹਿਬ ਦੇ) ਪ੍ਰੇਮ ਪਿਆਰ ਵਿਚ (ਜਿਉਂਦੇ ਹਨ, ਅਤੇ ਇਸੇ ਪ੍ਰੇਮ ਦੇ ਰੰਗ ਵਿਚ) ਅਭੇਦ ਹੋ ਜਾਂਦੇ ਹਨ।...

ਅੰਕ ੫ -੬

ਅਮੁਲੁ *(ਅਮੁੱਲ)*	ਧਰਮੁ, *(ਧਰਮ)*	ਅਮੁਲੁ *(ਅਮੁੱਲ)*	ਦੀਬਾਣੁ ॥ *(ਦੀਬਾਣ)*
ਅਣਮੋਲ	ਈਸ਼ਵਰੀ ਵਿਧਾਨ	ਅਣਮੋਲ	ਕਚਹਿਰੀ, ਦਰਬਾਰ

...(ਅਕਾਲ-ਪੁਰਖ ਜੀ ਦਾ) ਈਸ਼ਵਰੀ-ਵਿਧਾਨ ਵੀ ਅਣਮੋਲ ਹੈ ਅਤੇ (ਉਸਦੀ ਇਨਸਾਫ਼ ਕਰਨ ਵਾਲੀ) ਕਚਹਿਰੀ ਵੀ ਅਣਮੋਲ ਹੈ।...

ਅਮੁਲੁ *(ਅਮੁੱਲ)*	ਤੁਲੁ, *(ਤੁਲ)*	ਅਮੁਲੁ *(ਅਮੁੱਲ)*	ਪਰਵਾਣੁ ॥ *(ਪਰਵਾਣ)*
ਅਣਮੋਲ	ਤਕੜੀ,ਧਰਮ ਤੁਲਾ	ਅਣਮੋਲ	ਪ੍ਰਮਾਣ, ਪੈਮਾਨਾ, ਵੱਟੇ

...(ਹੇ! ਅਕਾਲ ਪੁਰਖ ਜੀਓ! ਆਪ ਜੀ ਦੀ) ਧਰਮ-ਤੁਲਾ ਅਤੇ (ਜੀਵਾਂ ਦੇ ਕਰਮਾਂ ਨੂੰ ਮਾਪਣ ਵਾਲੇ) ਵੱਟੇ ਵੀ ਅਣਮੋਲ ਹਨ।...

ਅਮੁਲੁ *(ਅਮੁੱਲ)*	ਬਖਸੀਸ, *(ਬਖਸ਼ੀਸ਼)*	ਅਮੁਲੁ *(ਅਮੁੱਲ)*	ਨੀਸਾਣੁ ॥ *(ਨੀਸ਼ਾਣ)*
ਅਣਮੋਲ	ਬਖਸ਼ਿਸ਼ਾਂ	ਅਣਮੋਲ	ਚਿਨ੍ਹ, ਪ੍ਰਭੂ ਕਿਰਪਾ ਦਾ ਨਿਸ਼ਾਨ

...(ਸਾਹਿਬ ਜੀ!) ਤੇਰੀਆਂ ਬਖਸ਼ਿਸ਼ਾਂ ਵੀ ਅਣਮੋਲ ਹਨ, ਅਤੇ (ਕਿਰਪਾਲਤਾ ਦੇ) ਚਿਨ੍ਹ ਵੀ ਅਣਮੋਲ ਹਨ।...

ਅਮੁਲੁ *(ਅਮੁਲ)*	ਕਰਮੁ, *(ਕਰਮ)*	ਅਮੁਲੁ *(ਅਮੁਲ)*	ਫੁਰਮਾਣੁ ॥ *(ਫੁਰਮਾਣ)*
ਅਣਮੋਲ	ਰਹਿਮਤ	ਅਣਮੋਲ	ਹੁਕਮ

...(ਅਕਾਲ ਪੁਰਖ) ਦੀ ਰਹਿਮਤ ਵੀ ਅਣਮੋਲ ਹੈ, ਅਤੇ ਉਸਦਾ ਇਲਾਹੀ ਹੁਕਮ ਵੀ ਅਣਮੋਲ ਹੈ।...

ਅਮੁਲੋ	ਅਮੁਲੁ, *(ਅਮੁੱਲ)*	ਆਖਿਆ	ਨ *(ਨਾਂ)*	ਜਾਇ ॥
ਅਣਮੋਲ ਤੋਂ ਵੀ	ਅਣਮੋਲ	ਕਹਿਆ	ਨਹੀਂ	ਜਾ ਸਕਦਾ

...(ਕਰਤਾ ਪੁਰਖ ਜੀ) ਅਣਮੋਲ ਤੋਂ ਵੀ ਅਣਮੋਲ ਹਨ ਅਤੇ (ਉਨ੍ਹਾਂ ਦੇ ਅਮੋਲਕ ਗੁਣਾਂ ਬਾਰੇ ਵਿਸਥਾਰ) ਭਾਵ ਵਰਨਣ ਨਹੀਂ ਕੀਤਾ ਜਾ ਸਕਦਾ)...

ਆਖਿ *(ਆਖ)*	ਆਖਿ, *(ਆਖ)*	ਰਹੇ	ਲਿਵ	ਲਾਇ ॥
ਕਹਿਣ ਰਾਹੀਂ	ਕਹਿਣ ਰਾਹੀਂ	ਹੋ ਗਏ	ਧਿਆਨ	ਲਾਕੇ

...(ਅਨੇਕ ਧਰਮ-ਸਾਧਕ ਪ੍ਰਭੂ ਦੇ ਗੁਣਾਂ ਨੂੰ) ਕਹਿ ਕਹਿ ਕੇ (ਪਰਮਾਤਮ) ਧਿਆਨ ਦੁਆਰਾ ਉਸ ਵਿਚ ਹੀ ਅਭੇਦ ਹੋ ਗਏ।...

ਅੰਕ ੫-੬

ਆਖਹਿ,(ਆਖਹਿਂ)	ਵੇਦ	ਪਾਠ	ਪੁਰਾਣ ॥
ਕਹਿੰਦੇ ਹਨ	(ਚਾਰੇ)ਵੇਦ	ਉਨ੍ਹਾਂ ਦਾ ਪਠਨ	ਹਿੰਦੂ ਧਰਮ ਦੀਆਂ ਧਰਮ-ਪੁਸਤਕਾਂ

...(ਹੇ! ਅਕਾਲ ਪੁਰਖ ਜੀ!) ਵੇਦ, ਪੁਰਾਣ ਅਤੇ ਉਨ੍ਹਾਂ ਦਾ ਪਠਨ-ਪਾਠਨ (ਤੇਰੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ,(ਆਖਹਿਂ)	ਪੜੇ(ਪੜ੍ਹੇ)	ਕਰਹਿ(ਕਰਹਿਂ)	ਵਖਿਆਣ ॥
ਵਰਨਣ ਕਰਦੇ ਹਨ	ਪੜ੍ਹੇ ਹੋਏ,ਵਿਦਵਾਨ	ਕਰਦੇ ਹਨ	ਕਥਾ, ਵਿਖਿਆਨ

...ਪੜ੍ਹੇ ਹੋਏ ਵਿਦਵਾਨ ਲੋਕ (ਪ੍ਰਭੂ ਦੀ ਅਮੋਲਕਤਾ) ਦਾ ਵਰਨਣ ਕਰਦੇ ਹਨ, ਅਤੇ ਕਥਾ ਵਿਖਿਆਨ ਰਾਹੀਂ (ਉਸਦੀ ਅਮੋਲਕਤਾ ਦੀ ਵਿਆਖਿਆ) ਕਰਦੇ ਹਨ।...

ਆਖਹਿ,(ਆਖਹਿਂ)	ਬਰਮੇ	ਆਖਹਿ,(ਆਖਹਿਂ)	ਇੰਦ ॥
ਵਰਨਣ ਕਰਦੇ ਹਨ	ਕਈ ਬ੍ਰਹਮਾ	ਵਰਨਣ ਕਰਦੇ ਹਨ	ਕਈ ਇੰਦਰ

...ਕਈ ਬ੍ਰਹਮੇ ਅਤੇ ਇੰਦਰ ਦੇਵਤੇ (ਉਸਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ,(ਆਖਹਿਂ)	ਗੋਪੀ	ਤੈ	ਗੋਵਿੰਦ ॥
ਵਰਨਣ ਕਰਦੇ ਹਨ	ਗੋਪੀਆਂ (ਕ੍ਰਿਸ਼ਨ ਦੀਆਂ ਸਹੇਲੀਆਂ)	ਅਤੇ	ਕਾਨ੍ਹ, ਕ੍ਰਿਸ਼ਨ

...ਕਈ ਕ੍ਰਿਸ਼ਨ ਅਤੇ ਉਸਦੀਆਂ ਗੋਪੀਆਂ (ਸਾਹਿਬ ਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ,(ਆਖਹਿਂ)	ਈਸਰ,(ਈਸ਼ਰ)	ਆਖਹਿ,(ਆਖਹਿਂ)	ਸਿਧ ॥
ਵਰਨਣ ਕਰਦੇ ਹਨ	ਸ਼ਿਵ	ਵਰਨਣ ਕਰਦੇ ਹਨ	ਸਿੱਧ ਪੁਰਸ਼, ਰਿਧੀਆਂ ਸਿੱਧੀਆਂ ਵਾਲੇ ਪੁਰਸ਼

...ਅਨੇਕਾਂ ਹੀ ਸ਼ਿਵ ਅਤੇ ਸਿੱਧ-ਪੁਰਸ਼ (ਅਕਾਲ ਪੁਰਖ ਦੇ ਅਮੋਲਕ ਗੁਣਾਂ) ਦਾ ਵਰਨਣ ਕਰਦੇ ਹਨ।...

ਆਖਹਿ,(ਆਖਹਿਂ)	ਕੇਤੇ	ਕੀਤੇ	ਬੁਧ ॥
ਵਰਨਣ ਕਰਦੇ ਹਨ	ਕਈ	ਕੀਤੇ ਹੋਏ	ਮਹਾਤਮਾ ਬੁੱਧ

...(ਪ੍ਰਭੂ ਜੀ ਨੇ ਜੋ) ਅਨੇਕਾਂ ਬੁੱਧ ਪੈਦਾ ਕੀਤੇ ਹਨ, ਉਹ ਵੀ (ਪ੍ਰਭੂ ਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ,(ਆਖਹਿਂ)	ਦਾਨਵ ,	ਆਖਹਿ,(ਆਖਹਿਂ)	ਦੇਵ ॥
ਵਰਨਣ ਕਰਦੇ ਹਨ	ਰਾਖਸ਼, ਦੈਂਤ	ਵਰਨਣ ਕਰਦੇ ਹਨ	ਦੇਵਤੇ

ਅੰਕ ੫-੬

...ਦੈਂਤ ਅਤੇ ਦੇਵਤੇ ਵੀ (ਅਕਾਲ ਪੁਰਖ ਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।

ਆਖਹਿ, *(ਆਖਹਿਂ)*	ਸੁਰਿ ਨਰ *(ਸੁਰਨਰ)*	ਮੁਨਿ ਜਨ *(ਮੁਨਜਨ)*	ਸੇਵ ॥
ਵਰਨਣ ਕਰਦੇ ਹਨ	ਦੇਵਤਿਆਂ ਵਰਗੇ ਮਨੁੱਖ	ਮੁਨੀ ਜਨ, ਰਿਸ਼ੀ ਲੋਕ	ਸੇਵਕ

...ਦੇਵਤੇ ਮਨੁੱਖ, ਰਿਸ਼ੀ-ਲੋਕ ਅਤੇ ਸੇਵਕ-ਜਨ ਸਭ (ਪ੍ਰਭੂ ਦੀ ਅਮੋਲਕਤਾ ਦਾ) ਵਰਨਣ ਕਰ ਰਹੇ ਹਨ।

ਕੇਤੇ	ਆਖਹਿ, *(ਆਖਹਿਂ)*	ਆਖਣਿ *(ਆਖਣ)*	ਪਾਹਿ ॥ *(ਪਾਹਿਂ)*
ਕਿਤਨੇ ਹੀ	ਵਰਨਣ ਕਰਦੇ ਹਨ	ਆਖਣ ਰਾਹੀਂ	ਲਗਣਾ, ਤਤਪਰ ਹੋਣਾ, ਯਤਨਸ਼ੀਲ ਹੋਣਾ

...ਕਿਤਨੇ ਹੀ (ਪ੍ਰਭੂ ਦੀ ਅਮੋਲਕਤਾ ਦਾ) ਵਰਨਣ ਕਰ ਰਹੇ ਹਨ ਅਤੇ ਕਿਤਨੇ ਹੀ ਵਰਨਣ ਕਰਨ ਲਈ ਯਤਨਸ਼ੀਲ ਹਨ।...

ਕੇਤੇ	ਕਹਿ	ਕਹਿ,	ਉਠਿ *(ਉਠ)*	ਉਠਿ *(ਉਠ)*	ਜਾਹਿ ॥ *(ਜਾਹਿਂ)*
ਕਿਤਨੇ ਹੀ	ਆਖ ਕੇ	ਆਖ ਕੇ	ਸੰਸਾਰ ਤੋਂ ਉਠਕੇ	ਸੰਸਾਰ ਤੋਂ ਉਠਕੇ	ਜਾ ਰਹੇ ਹਨ

...ਕਿਤਨੇ ਹੀ (ਪ੍ਰਭੂ ਦੀ ਅਮੋਲਕਤਾ) ਕਹਿ ਕਹਿ ਕੇ ਇਸ ਸੰਸਾਰ ਤੋਂ ਉਠ ਉਠ ਕੇ ਚਲੇ ਜਾ ਰਹੇ ਹਨ।

ਏਤੇ	ਕੀਤੇ,	ਹੋਰਿ *(ਹੋਰ)*	ਕਰੇਹਿ ॥ *(ਕਰੇਹਿਂ)*
ਇਤਨੇ	ਬਣਾਏ, ਪੈਦਾ ਕੀਤੇ	(ਇਤਨੇ ਹੀ)ਹੋਰ	ਤੂੰ ਪੈਦਾ ਕਰ ਦੇਵੇਂ

...(ਹੇ! ਅਕਾਲ ਪੁਰਖ ਜੀ) ਇਹ ਜਿਤਨੇ (ਜੀਵ ਤੂੰ) ਪੈਦਾ ਕੀਤੇ ਹੋਏ ਹਨ (ਜੇ) ਇਤਨੇ ਹੀ ਹੋਰ ਪੈਦਾ ਕਰ ਦੇਵੇਂ...

ਤਾ *(ਤਾਂ)*	ਆਖਿ *(ਆਖ)*	ਨ *(ਨਾਂ)*	ਸਕਹਿ, *(ਸਕਹਿਂ)*	ਕੇਈ	ਕੇਇ ॥
ਤਾਂ ਵੀ	ਕਹਿ	ਨਹੀਂ	ਸਕਦੇ	ਕੋਈ	ਕੋਈ (ਮਨੁੱਖ ਵੀ)

...ਤਾਂ ਵੀ ਕੋਈ ਜੀਵ (ਤੇਰੀ ਅਮੋਲਕਤਾ ਦੇ ਅੰਦਾਜ਼ੇ ਬਾਰੇ) ਆਖ ਨਹੀਂ ਸਕਦੇ।...

ਜੇਵਡੁ *(ਜੇਵਡ)*	ਭਾਵੈ,	ਤੇਵਡੁ *(ਤੇਵਡ)*	ਹੋਇ ॥
ਜਿੱਡਾ ਵੱਡਾ	ਚਾਹਵੇ,ਚੰਗਾ ਲਗੇ	ਉਤਨਾ ਵੱਡਾ	ਹੋ ਜਾਂਦਾ ਹੈ

...(ਉਹ ਅਕਾਲ ਪੁਰਖ ਵਾਹਿਗੁਰੂ) ਜਿਤਨਾ ਵੱਡਾ ਹੋਣਾ ਚਾਹੇ (ਭਾਵ ਆਪਣੀ ਰਚਨਾ ਦਾ ਵਿਸਥਾਰ ਕਰਨਾ ਚਾਹੇ) ਉਤਨਾ ਵੱਡਾ ਹੋ ਜਾਂਦਾ ਹੈ।

ਅੰਕ ੬

ਨਾਨਕ,	ਜਾਣੈ	ਸਾਚਾ	ਸੋਇ ॥
ਹੇ! ਨਾਨਕ	ਜਾਣਦਾ ਹੈ	ਸੱਚਾ, ਸਦਾ ਸਥਿਰ	ਉਹ(ਅਕਾਲ ਪੁਰਖ)

...ਹੇ! ਨਾਨਕ! ਉਹ ਸਦੀਵ-ਸੱਤ ਪਰਮਾਤਮਾ (ਆਪਣੀ ਮਹਾਨਤਾ ਨੂੰ) ਆਪ ਹੀ ਜਾਣਦਾ ਹੈ...

ਜੇ	ਕੋ	ਆਖੈ	ਬੋਲੁ *(ਬੋਲ)*	ਵਿਗਾੜੁ ॥ *(ਵਿਗਾੜ)*
ਜੇਕਰ	ਕੋਈ	ਕਹੇ	ਮੂੰਹ ਫੱਟ, ਬੜਬੋਲਾ,	ਵਿਗੜੇ ਹੋਏ ਬੋਲ ਕਹਿਣ ਵਾਲਾ

...ਜੇਕਰ ਕੋਈ ਬੜਬੋਲਾ (ਪਰਮਾਤਮਾ ਦੀ ਅਮੋਲਕਤਾ ਨੂੰ ਜਾਣ ਲੈਣ ਬਾਰੇ ਆਪਣਾ ਦਾਅਵਾ) ਕਹੇ...

ਤਾ *(ਤਾਂ)*	ਲਿਖੀਐ,	ਸਿਰਿ *(ਸਿਰ)*	ਗਾਵਾਰਾ *(ਗਾਵਾਰਾਂ)*	ਗਾਵਾਰੁ ॥੨੬॥ *(ਗਾਵਾਰ)*
ਤਾਂ	ਲਿਖਿਆ ਜਾਂਦਾ ਹੈ	ਸਿਰ ਉੱਤੇ	ਅਗਿਆਨੀਆਂ ਤੋਂ ਵੀ	ਅਗਿਆਨੀ

...ਤਾਂ ਉਸਨੂੰ ਅਗਿਆਨੀਆਂ ਸਿਰ ਅਗਿਆਨੀ ਭਾਵ ਮੂਰਖਾਂ ਤੋਂ ਵੀ ਮੂਰਖ ਲਿਖਿਆ ਜਾਂਦਾ ਹੈ।

ਸੋ	ਦਰੁ *(ਦਰ)*	ਕੇਹਾ,	ਸੋ	ਘਰੁ *(ਘਰ)*	ਕੇਹਾ,
ਉਹ	ਦੁਆਰ,ਦਰਬਾਰ	ਕਿਹੋ ਜਿਹਾ	ਉਹ	ਘਰ,ਨਿਵਾਸ	ਕਿਹੋ ਜਿਹਾ

ਜਿਤੁ *(ਜਿਤ)*	ਬਹਿ	ਸਰਬ	ਸਮਾਲੇ ॥ *(ਸਮ੍ਹਾਲੇ)*
ਜਿਥੇ	ਬੈਠ ਕੇ	ਸਾਰਿਆਂ	ਸੰਭਾਲਦਾ ਹੈ

ਉਹ ਦੁਆਰ ਅਤੇ ਘਰ ਕਿਹੋ ਜਿਹਾ (ਸੁੰਦਰ) ਹੈ ਜਿਥੇ ਬੈਠ ਕੇ (ਸਾਹਿਬ ਜੀ ਤੁਸੀਂ) ਸਾਰਿਆਂ ਨੂੰ ਸੰਭਾਲਦੇ ਹੋ...

ਵਾਜੇ	ਨਾਦ	ਅਨੇਕ	ਅਸੰਖਾ, *(ਅਸੰਖਾਂ)*	ਕੇਤੇ	ਵਾਵਣਹਾਰੇ ॥
ਸੰਗੀਤਕ ਸਾਜ਼	ਧੁਨੀਆਂ	ਅਨੇਕਾਂ ਹੀ	ਅਸੰਖਾਂ ਹੀ	ਕਿਤਨੇ ਹੀ	ਵਜਾਉਣ ਵਾਲੇ

...(ਸੋ ਦਰ ਤੇ) ਅਨੇਕਾਂ ਸੰਗੀਤਕ ਸਾਜ਼ਾਂ ਰਾਹੀਂ ਬੇਅੰਤ ਹੀ ਧੁਨੀਆਂ ਵੱਜ ਰਹੀਆਂ ਹਨ, ਅਤੇ ਉਨ੍ਹਾਂ ਧੁਨੀਆਂ ਨੂੰ ਵਜਾਉਣ ਵਾਲੇ ਅਨੇਕਾਂ ਹੀ ਸੰਗੀਤਕਾਰ ਹਨ।...

ਕੇਤੇ	ਰਾਗ	ਪਰੀ	ਸਿਉ *(ਸਿਊ)*	ਕਹੀਅਨਿ, *(ਕਹੀਅਨ)*
ਕਿਤਨੇ ਹੀ	ਸੁਰ-ਪ੍ਰਬੰਧ	ਪਰੀਆਂ, ਰਾਗਣੀਆਂ	ਸਮੇਤ	ਕਹਿੰਦੇ ਹਨ, ਗਾਂਦੇ ਹਨ

ਕੇਤੇ	ਗਾਵਣਹਾਰੇ ॥
ਕਿਤਨੇ ਹੀ ਗਾਉਣ ਵਾਲੇ,	ਸੰਗੀਤਕਾਰ

...(ਸੋਦਰ ਤੇ) ਕਿਤਨੇ ਹੀ ਸੰਗੀਤਕਾਰ ਰਾਗਾਂ ਨੂੰ ਰਾਗਣੀਆਂ ਸਮੇਤ ਗਾ ਰਹੇ ਹਨ।...

ਅੰਕ ੬

ਗਾਵਹਿ *(ਗਾਵਹਿਂ)*	ਤੁਹਨੋ	ਪਉਣੁ *(ਪਉਣ)*	ਪਾਣੀ	ਬੈਸੰਤਰੁ, *(ਬੈਸੰਤਰ)*
ਗਾ ਰਹੇ ਹਨ	ਤੈਨੂੰ	ਹਵਾ	ਜਲ	ਅਗਨੀ

ਗਾਵੈ	ਰਾਜਾ ਧਰਮੁ, *(ਧਰਮ)*	ਦੁਆਰੇ ॥
ਗਾ ਰਿਹੈ	ਯਮਰਾਜ, ਮੌਤ ਦਾ ਲੇਖਾ ਰੱਖਣ ਵਾਲਾ	ਦੁਆਰ ਉਤੇ

...ਸੋ ਦਰ ਭਾਵ (ਸਾਹਿਬ) ਦੇ ਦੁਆਰ ਤੇ ਹਵਾ ਪਾਣੀ, ਅਗਨੀ ਸਭ (ਸਾਹਿਬ ਦਾ) ਗਾਇਨ ਕਰ ਰਹੇ ਹਨ। ਧਰਮ ਰਾਜ ਵੀ ਸੋ ਦਰੁ ਤੇ (ਸਾਹਿਬ ਨੂੰ) ਗਾ ਰਿਹਾ ਹੈ।

ਗਾਵਹਿ *(ਗਾਵਹਿਂ)*	ਚਿਤੁ ਗੁਪਤੁ, *(ਚਿਤ ਗੁਪਤ)*
ਗਾ ਰਹੇ ਹਨ	ਚਿੱਤਰ ਗੁਪਤ, ਜੀਵਾਂ ਦੇ ਕਰਮਾਂ ਦਾ ਲੇਖਾ ਜੋਖਾ ਰਖਣ ਵਾਲੇ ਧਰਮ ਰਾਜ ਦੇ ਗੁਪਤ ਦੂਤ

ਲਿਖਿ *(ਲਿਖ)*	ਜਾਣਹਿ, *(ਜਾਣਹਿਂ)*	ਲਿਖਿ *(ਲਿਖ)*	ਲਿਖਿ *(ਲਿਖ)*
ਲਿਖਣਾ	ਜਾਣਦੇ ਹਨ	ਲਿਖਿਆ ਹੋਇਆ	ਲਿਖਆ ਹੋਇਆ

ਧਰਮੁ, *(ਧਰਮ)*	ਵੀਚਾਰੇ ॥
ਧਰਮ ਰਾਜ	ਵੀਚਾਰਦਾ ਹੈ

...ਧਰਮ ਰਾਜ ਦੇ ਦੂਤ ਚਿੱਤਰ ਗੁਪਤ, ਜੋ ਜੀਵਾਂ ਦੇ ਕਰਮਾਂ ਦਾ ਲੇਖਾ ਲਿਖਣਾ ਜਾਣਦੇ ਹਨ, ਅਤੇ ਉਨ੍ਹਾਂ ਦਾ ਲਿਖਿਆ ਲੇਖਾ ਧਰਮ ਰਾਜ ਵਿਚਾਰਦਾ ਹੈ, ਉਹ ਚਿੱਤਰ ਗੁਪਤ ਵੀ (ਸੋ ਦਰ ਤੇ) ਤੇਰਾ ਜਸ ਗਾਇਨ ਕਰ ਰਹੇ ਹਨ।...

ਗਾਵਹਿ *(ਗਾਵਹਿਂ)*	ਈਸਰੁ *(ਈਸ਼ਰ)*	ਬਰਮਾ	ਦੇਵੀ,
ਗਾ ਰਹੇ ਹਨ	ਸ਼ਿਵ	ਬ੍ਰਹਮਾ	ਦੇਵੀ ਦੇਵਤੇ

ਸੋਹਨਿ *(ਸੋਹਨ)*	ਸਦਾ	ਸਵਾਰੇ ॥
ਸੁਹਣੇ ਲਗਦੇ ਹਨ	ਹਮੇਸ਼ਾਂ	ਤੇਰੇ ਸਾਜੇ ਸਵਾਰੇ ਹੋਏ

...(ਸੋ ਦਰ ਤੇ) ਤੇਰੇ ਸਾਜੇ ਸਵਾਰੇ ਸ਼ਿਵ, ਬ੍ਰਹੱਮਾ ਅਤੇ ਦੇਵੀ ਦੇਵਤੇ, ਤੇਰਾ ਜਸ ਗਾਇਨ ਕਰਦੇ ਹੋਏ ਸੁੰਦਰ ਲਗ ਰਹੇ ਹਨ।...

ਗਾਵਹਿ *(ਗਾਵਹਿਂ)*	ਇੰਦ,	ਇਦਾਸਣਿ *(ਇੰਦਾਸਣ)*	ਬੈਠੇ ,
ਗਾ ਰਹੇ ਹਨ	ਇੰਦਰ ਦੇਵਤੇ	ਇੰਦਰ ਦੇ ਆਸਣ ਤੇ	ਬੈਠਕੇ

ਦੇਵਤਿਆ *(ਦੇਵਤਿਆਂ)*	ਦਰਿ *(ਦਰ)*	ਨਾਲੇ ॥
ਦੇਵਤਿਆਂ	ਦਰ ਉਤੇ	ਨਾਲ

ਅੰਕ ੬

...ਇੰਦ੍ਰਾਸਣ ਉਤੇ ਬੈਠੇ ਅਨੇਕਾਂ ਇੰਦਰ ਦੇਵਤੇ, ਦੇਵਤਿਆਂ ਸਮੇਤ (ਅਕਾਲ-ਪੁਰਖ ਦੇ) ਦਰ ਉਤੇ ਉਸਦਾ ਜਸ ਗਾਇਨ ਕਰ ਰਹੇ ਹਨ।...

ਗਾਵਹਿ *(ਗਾਵਹਿਂ)*	**ਸਿਧ**	**ਸਮਾਧੀ**	**ਅੰਦਰਿ,** *(ਅੰਦਰ)*
ਗਾ ਰਹੇ ਹਨ	(ਰਿਧੀਆਂ ਸਿੱਧੀਆਂ ਪ੍ਰਾਪਤ) ਸੰਤ	ਧਿਆਨ	ਵਿਚ

ਗਾਵਨਿ *(ਗਾਵਨ)*	**ਸਾਧ**	**ਵਿਚਾਰੇ ॥**
ਗਾ ਰਹੇ ਹਨ	ਸਾਧੂ	ਵਿਚਾਰ ਕੇ

...ਅਨੇਕਾਂ ਹੀ (ਰਿਧੀਆਂ ਸਿਧੀਆਂ ਪ੍ਰਾਪਤ) ਸਿੱਧ-ਪੁਰਸ਼ ਸਮਾਧੀ ਅੰਦਰ ਲਿਵਲੀਨ, ਅਤੇ ਅਨੇਕਾਂ ਹੀ ਸਾਧੂ (ਸੋਦਰੁ ਤੇ) ਵਿਚਾਰ ਵਿਚਾਰ ਕੇ ਤੇਰਾ ਜਸ ਗਾਇਨ ਕਰ ਕਰਹੇ ਹਨ।...

ਗਾਵਨਿ *(ਗਾਵਨ)*	**ਜਤੀ**	**ਸਤੀ**	**ਸੰਤੋਖੀ,**
ਗਾਉਂਦੇ ਹਨ	ਇੰਦ੍ਰੀਆਂ ਨੂੰ ਕਾਬੂ ਵਿਚ ਰਖਣ ਵਾਲਾ	ਦਾਨੀ	ਸਬਰ ਵਾਲਾ

ਗਾਵਹਿ *(ਗਾਵਹਿਂ)*	**ਵੀਰ**	**ਕਰਾਰੇ ॥**
ਗਾ ਰਹੇ ਹਨ	ਯੋਧੇ	ਤਕੜੇ

...ਜਤੀ, ਦਾਨੀ ਅਤੇ ਸਬਰ ਸੰਤੋਖ ਵਾਲੇ ਸਭ (ਸੋਦਰ ਤੇ ਅਕਾਲ ਪੁਰਖ ਨੂੰ) ਗਾ ਰਹੇ ਹਨ। ਮਹਾਂ ਸੂਰਬੀਰ ਯੋਧੇ ਵੀ ਤੇਰਾ ਜਸ ਗਾਇਨ ਕਰ ਰਹੇ ਹਨ।...

ਗਾਵਨਿ *(ਗਾਵਨ)*	**ਪੰਡਿਤ,**	**ਪੜਨਿ** *(ਪੜ੍ਹਨ)*	**ਰਖੀਸਰ,** *(ਰਖੀਸ਼ਰ)*
ਗਾਉਂਦੇ ਹਨ	ਵਿਦਵਾਨ	ਪੜ੍ਹਦੇ ਹਨ	ਰਿਖੀ-ਈਸ਼ਰ(ਮਹਾਂ-ਰਿਸ਼ੀ)

ਜੁਗੁ ਜੁਗੁ *(ਜੁਗ ਜੁਗ)*	**ਵੇਦਾ** *(ਵੇਦਾਂ)*	**ਨਾਲੇ ॥**
ਜੁਗਾਂ ਜੁਗਾਂ ਤੋਂ, ਸਦਾ ਤੋਂ	ਵੇਦਾਂ ਨੂੰ, ਧਰਮ ਪੁਸਤਕਾਂ ਨੂੰ	ਸਣੇ, ਨਾਲ

...ਵਿਦਵਾਨ ਪੁਰਸ਼ ਅਤੇ ਮਹਾਂ-ਰਿਸ਼ੀ, ਜੁਗਾਂ ਜੁਗਾਂ ਤੋਂ ਵੇਦਾਂ ਦਾ ਪਠਨ-ਪਾਠ ਕਰਦੇ ਹੋਏ ਤੇਰਾ ਜਸ ਗਾਇਨ ਕਰਦੇ ਹਨ।...

ਗਾਵਹਿ *(ਗਾਵਹਿਂ)*	**ਮੋਹਣੀਆ** *(ਮੋਹਣੀਆਂ)*	**ਮਨੁ** *(ਮਨ)*	**ਮੋਹਨਿ** *(ਮੋਹਨ)*
ਗਾ ਰਹੇ ਹਨ	ਸੁੰਦਰ ਇਸਤ੍ਰੀਆਂ	ਮਨ, ਹਰਦਾ	ਮੋਹਣ ਵਾਲੀਆਂ

ਸੁਰਗਾ *(ਸੁਰਗਾਂ)*	**ਮਛ**	**ਪਇਆਲੇ ॥**
ਸੁਰਗਾਂ ਵਿਚ	ਮਾਤ ਲੋਕ ਵਿਚ	ਪਾਤਾਲ ਲੋਕ ਵਿਚ

ਅੰਕ ੬

...ਸੁੰਦਰ ਇਸਤ੍ਰੀਆਂ ਜੋ ਸਵਰਗਾਂ ਵਿਚ, ਮਾਤ ਲੋਕ ਵਿਚ ਅਤੇ ਪਤਾਲ ਲੋਕ ਵਿਚ ਮਨ ਨੂੰ ਮੋਹ ਲੈਂਦੀਆਂ ਹਨ ਸਭ (ਸੋ ਦਰ ਤੇ) ਤੇਰਾ ਹੀ ਜੱਸ ਗਾਇਨ ਕਰ ਰਹੀਆਂ ਹਨ।...

ਗਾਵਨਿ *(ਗਾਵਨ)*	ਰਤਨ
ਗਾਉਂਦੇ ਹਨ	ਚੌਦਾਂ ਰਤਨ ਜੋ ਸਮੁੰਦਰ ਨੂੰ ਰਿੜਕਣ ਤੋਂ ਪੈਦਾ ਹੋਏ ਸਨ

ਉਪਾਏ	ਤੇਰੇ,	ਅਠਸਠਿ *(ਅਠਸਠ)*	ਤੀਰਥ	ਨਾਲੇ ॥
ਪੈਦਾ ਕੀਤੇ ਹੋਏ	ਤੁਹਾਡੇ	ਅਠ+ਸੱਠ=ਅਠਾਹਠ	ਧਰਮ ਅਸਥਾਨ	ਸਣੇ ਨਾਲ

...ਤੇਰੇ ਪੈਦਾ ਕੀਤੇ ਹੋਏ ਚੌਦਾਂ ਰਤਨ, ਅਠਾਹਠ ਤੀਰਥਾਂ ਸਮੇਤ, ਸਭ ਲੋਕ (ਸੋਦਰ ਤੇ) ਤੈਨੂੰ ਗਾਉਂਦੇ ਹਨ।...

ਗਾਵਹਿ *(ਗਾਵਹਿਂ)*	ਜੋਧ	ਮਹਾਬਲ *(ਮਹਾਂਬਲ)*	ਸੂਰਾ,
ਗਾ ਰਹੇ ਹਨ	ਯੋਧੇ	ਵੱਡੀ ਤਾਕਤ ਵਾਲੇ	ਬਹਾਦਰ

ਗਾਵਹਿ *(ਗਾਵਹਿਂ)*	ਖਾਣੀ	ਚਾਰੇ ॥
ਗਾ ਰਹੀਆਂ ਹਨ	ਖਾਣੀਆਂ(ਅੰਡਜ, ਜੇਰਜ, ਸੇਤਜ, ਉਤਭੁਜ)	ਚਾਰ ਹੀ

...ਮਹਾਂਬਲੀ ਯੋਧੇ, ਸੁਰਬੀਰ, ਬਹਾਦਰ ਅਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਸਭ (ਤੇਰੇ ਦਰ ਤੇ ਤੇਰਾ ਜਸ) ਗਾਇਨ ਕਰ ਰਹੇ ਹਨ।...

ਗਾਵਹਿ *(ਗਾਵਹਿਂ)*	ਖੰਡ	ਮੰਡਲ	ਵਰਭੰਡਾ,
ਗਾ ਰਹੇ ਹਨ	ਨੌਂ ਖੰਡ, ਧਰਤੀ ਦੇ ਨੌਂ ਖਿੱਤੇ	ਇਕ ਭੂਗੋਲਿਕ ਇਕਾਈ	ਸਾਰੀ ਸ੍ਰਿਸ਼ਟੀ, ਬ੍ਰਹਿਮੰਡ

ਕਰਿ *(ਕਰ)*	ਕਰਿ *(ਕਰ)*	ਰਖੇ	ਧਾਰੇ ॥
ਬਣਾ ਕੇ	ਬਣਾ ਕੇ	ਰੱਖਿਆ	ਟਿਕਾ ਕੇ, ਸੁਤ੍ਰਿਤ ਕਰਕੇ

...(ਕਰਤਾ-ਪੁਰਖ ਦੇ) ਸਿਰਜੇ ਹੋਏ ਸਾਰੇ ਖੰਡ, ਮੰਡਲ ਅਤੇ ਬ੍ਰਹਿਮੰਡ ਜਿਨ੍ਹਾਂ ਨੂੰ ਉਸ ਨੇ ਟਿਕਾ ਕੇ ਰੱਖਿਆ ਹੋਇਆ ਹੈ, (ਸਭ ਪ੍ਰਭੂ ਜਸ) ਗਾਇਨ ਕਰ ਰਹੇ ਹਨ।...

ਸੇਈ	ਤੁਧੁਨੋ *(ਤੁਧਨੋਂ)*	ਗਾਵਹਿ, *(ਗਾਵਹਿਂ)*	ਜੋ	ਤੁਧੁ *(ਤੁਧ)*	ਭਾਵਨਿ, *(ਭਾਵਨ)*
ਉਹੋ ਹੀ	ਤੈਨੂੰ	ਗਾਉਂਦੇ ਹਨ	ਜਿਹੜੇ	ਤੈਨੂੰ	ਚੰਗੇ ਲਗਦੇ ਹਨ

ਰਤੇ	ਤੇਰੇ	ਭਗਤ	ਰਸਾਲੇ ॥
ਰੰਗੇ ਹੋਏ	ਤੁਹਾਡੇ	ਭਜਨ ਕਰਨ ਵਾਲੇ	ਰਸੀਏ, ਰਸ ਭਰਪੂਰ

ਅੰਕ ੬

...ਜੋ ਤੈਨੂੰ ਭਾਉਂਦੇ ਹਨ, ਉਹੀ ਭਗਤ ਜਨ ਰਸੀਏ, ਤੇਰੇ ਪਿਆਰ ਰੰਗ ਵਿਚ ਰੰਗੇ ਹੋਏ (ਸੋਦਰੁ ਤੇ ਤੇਰਾ ਜਸ) ਗਾਇਨ ਕਰ ਰਹੇ ਹਨ।...

ਹੋਰਿ *(ਹੋਰ)*	ਕੇਤੇ	ਗਾਵਨਿ, *(ਗਾਵਨ)*	ਸੇ	ਮੈ	ਚਿਤਿ, *(ਚਿਤ)*
ਹੋਰ	ਕਿਤਨੇ	ਗਾਉਂਦੇ ਹਨ	ਉਹ	ਮੈਨੂੰ	ਚੇਤ ਵਿਚ, ਯਾਦ ਵਿਚ

ਨ *(ਨਾਂ)*	ਆਵਨਿ, *(ਆਵਨ)*	ਨਾਨਕੁ *(ਨਾਨਕ)*	ਕਿਆ	ਵੀਚਾਰੇ ॥
ਨਹੀਂ	ਆਉਂਦੇ	(ਸਤਿਗੁਰੂ)ਨਾਨਕ	ਕੀ	ਵੀਚਾਰ ਕਰੇ

...ਹੋਰ ਕਿਤਨੇ ਹੀ ਜੀਵ ਤੇਰਾ ਜਸ ਗਾਇਨ ਕਰ ਰਹੇ ਹਨ, ਜੋ ਮੇਰੇ ਚੇਤੇ ਵਿਚ ਨਹੀਂ ਆ ਰਹੇ, ਨਾਨਕ ਇਨ੍ਹਾਂ (ਗਿਣਤੀਆਂ ਆਦਿ) ਬਾਰੇ ਕੀ ਵਿਚਾਰ ਕਰ ਸਕਦਾ ਹੈ।...

ਸੋਈ	ਸੋਈ,	ਸਦਾ	ਸਚੁ, *(ਸੱਚ)*
ਉਹ	ਉਹ	ਹਮੇਸ਼ਾਂ	ਸੱਚ, ਸਦਾ ਸਥਿਰ,

ਸਾਹਿਬੁ *(ਸਾਹਿਬ)*	ਸਾਚਾ	ਸਾਚੀ	ਨਾਈ ॥
ਅਕਾਲ ਪੁਰਖ	ਸੱਚਾ, ਸੱਤ ਸਰੂਪ	ਸੱਚੀ	ਵਡਿਆਈ

...ਉਹ ਸੱਤ ਸਰੂਪ ਸਾਹਿਬ ਹੀ, ਸਦੀਵ ਕਾਲ ਸਥਿਰ ਰਹਿਣ ਵਾਲਾ ਹੈ, ਅਤੇ ਉਸਦੀ ਵਡਿਆਈ ਵੀ ਸੱਤ ਹੈ।...

ਹੈ	ਭੀ	ਹੋਸੀ,
ਵਰਤਮਾਨ ਵਿਚ ਹੈ, ਹੁਣ ਹੈ	ਭਵਿੱਖ ਵਿਚ ਵੀ	ਹੋਵੇਗਾ

ਜਾਇ	ਨ *(ਨਾਂ)*	ਜਾਸੀ,	ਰਚਨਾ	ਜਿਨਿ *(ਜਿਨ)*	ਰਚਾਈ ॥
ਜੰਮਦਾ	ਨਹੀਂ	ਮਰੇਗਾ	ਸ੍ਰਿਸ਼ਟੀ, ਬ੍ਰਹਿਮੰਡ	ਜਿਸਨੇ	ਰਚਿਆ ਹੈ

...ਜਿਸ ਕਰਤਾ ਪੁਰਖ ਨੇ ਬ੍ਰਹਿਮੰਡੀ ਰਚਨਾ ਰਚੀ ਹੈ, ਉਸਦੀ ਹੋਂਦ ਹੁਣ ਵੀ ਹੈ ਅਤੇ ਭਵਿੱਖ ਵਿਚ ਵੀ ਹੋਵੇਗੀ। ਉਹ ਨਾ ਕਦੀ ਪੈਦਾ ਹੋਇਆ ਹੈ ਅਤੇ ਨਾ ਹੀ ਕਦੀ ਮਰੇਗਾ।...

ਰੰਗੀ *(ਰੰਗੀਂ)*	ਰੰਗੀ *(ਰੰਗੀਂ)*	ਭਾਤੀ, *(ਭਾਂਤੀਂ)*	ਕਰਿ *(ਕਰ)*	ਕਰਿ, *(ਕਰ)*
ਰੰਗਾਂ ਦੀ	ਰੰਗਾ ਦੀ, (ਰੰਗ ਬਰੰਗੀ)	ਕਿਸਮਾਂ ਦੀ	ਬਣਾ ਕੇ	ਬਣਾ ਕੇ

ਜਿਨਸੀ,	ਮਾਇਆ	ਜਿਨਿ *(ਜਿਨ)*	ਉਪਾਈ ॥
ਕਈ ਜਿਣਸ, ਜਾਤੀਆਂ, ਸ਼੍ਰੇਣੀਆਂ	ਸ੍ਰਿਸ਼ਟੀ, ਸੰਸਾਰ ਦੀ ਖੇਡ	ਜਿਸਨੇ	ਪੈਦਾ ਕੀਤੀ

ਅੰਕ ੬

...ਜਿਸ ਕਰਤਾ ਪੁਰਖ ਨੇ ਕਈ ਕਿਸਮਾਂ, ਕਈ ਨਸਲਾਂ ਅਤੇ ਸ਼੍ਰੇਣੀਆਂ ਦੀ ਰੰਗ-ਬਰੰਗੀ ਸੰਸਾਰ ਦੀ ਖੇਡ ਬਣਾਕੇ, ਉਤਪੰਨ ਕੀਤੀ ਹੈ।...

ਕਰਿ *(ਕਰ)*	ਕਰਿ *(ਕਰ)*	ਵੇਖੈ,	ਕੀਤਾ	ਆਪਣਾ,
ਬਣਾ ਕੇ	ਬਣਾ ਕੇ(ਭਾਵ ਰਚਕੇ)	ਵੇਖਦਾ ਹੈ, ਸੰਭਾਲਦਾ ਹੈ	ਕੀਤੇ ਹੋਏ ਨੂੰ	ਆਪਣੇ

ਜਿਵ *(ਜਿੰਵ)*	ਤਿਸਦੀ	ਵਡਿਆਈ ॥
ਜਿਵੇਂ	ਉਸਦੀ	ਬਿਰਦ, ਵਡੱਪਣ

...(ਕਰਤਾ-ਪੁਰਖ ਜੀ ਆਪਣੀ ਰਚਨਾ ਨੂੰ) ਰਚਕੇ ਆਪਣੇ ਵੱਡੇ ਹੋਣ ਦੇ ਬਿਰਦ ਅਨੁਸਾਰ, ਉਸ ਸਾਜੀ ਹੋਈ ਰਚਨਾ ਦੀ ਸਾਂਭ ਸੰਭਾਲ ਕਰਦੇ ਹਨ।...

ਜੋ	ਤਿਸੁ *(ਤਿਸ)*	ਭਾਵੈ,	ਸੋਈ	ਕਰਸੀ,
ਜਿਹੜੀ ਗਲ ਵੀ	ਉਸਨੂੰ	ਚੰਗੀ ਲਗਦੀ ਹੈ	ਉਹੋ ਹੀ	ਕਰੇਗਾ

ਹੁਕਮੁ *(ਹੁਕਮ)*	ਨ *(ਨਾਂ)*	ਕਰਣਾ	ਜਾਈ ॥
ਆਦੇਸ਼	ਨਹੀਂ	ਕੀਤਾ	ਜਾ ਸਕਦਾ

...ਉਸ ਨੂੰ ਜੋ ਚੰਗਾ ਲਗੇਗਾ ਉਹ ਉਹੋ ਹੀ ਕਰੇਗਾ, (ਸਾਹਿਬ ਨੂੰ) ਹੁਕਮ ਨਹੀਂ ਕੀਤਾ ਜਾ ਸਕਦਾ।...

ਸੋ	ਪਾਤਿਸਾਹ, *(ਪਾਤਸ਼ਾਹ)*	ਸਾਹਾ *(ਸ਼ਾਹਾਂ)*	ਪਾਤਿਸਾਹਿਬ, *(ਪਾਤਸਾਹਿਬ)*
ਉਹ	ਬਾਦਸ਼ਾਹ	ਬਾਦਸ਼ਾਹਾਂ ਦਾ ਵੀ	ਬਾਦਸ਼ਾਹ

ਨਾਨਕ	ਰਹਣੁ *(ਰਹਣ)*	ਰਜਾਈ ॥੨੭॥ *(ਰਜ਼ਾਈ)*
ਹੇ! ਨਾਨਕ	ਰਹਿਣਾ	ਰਜ਼ਾ ਵਿਚ, ਹੁਕਮ ਅਨੁਸਾਰ

...ਉਹ (ਸਾਹਿਬ ਜੀ), ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ (ਇਸ ਲਈ) ਹੇ! ਨਾਨਕ! (ਉਸਦੀ) ਰਜ਼ਾ ਵਿਚ ਰਹਿਣਾ ਹੀ (ਠੀਕ ਹੈ।)

ਮੁੰਦਾ *(ਮੁੰਦਾਂ)*	ਸੰਤੋਖੁ, *(ਸੰਤੋਖ)*
ਮੁੰਦਰਾਂ, ਕੁੰਡਲ ਜੋ ਜੋਗ ਮੱਤ ਵਾਲੇ ਆਪਣੇ ਕੰਨਾਂ ਵਿਚ ਪਾਉਂਦੇ ਹਨ	ਸਬਰ, ਇੱਛਾਵਾਂ ਉੱਤੇ ਅੰਕੁਸ਼

ਸਰਮੁ *(ਸ਼ਰਮ)*	ਪਤੁ *(ਪਤ)*	ਝੋਲੀ
ਸ਼੍ਰਮ, ਉਦਮ, ਮਿਹਨਤ	ਪਾਤ੍ਰ, ਚਿੱਪੀ, ਠੂਠਾ	ਜੋਗੀਆਂ ਦੀ ਭਿਖਿਆ ਪਾਉਣ ਵਾਲੀ ਗੋਦੜੀ

ਅੰਕ ੬

ਧਿਆਨ	ਕੀ	ਕਰਹਿ *(ਕਰਹਿੰ)*	ਬਿਭੂਤਿ ॥ *(ਬਿਭੂਤ)*
ਚਿੰਤਨ	ਦੀ	ਕਰ ਲਵੇਂ	ਵਿਭੂਤੀ, ਭਸਮ, ਰਾਖ

(ਹੇ! ਜੋਗੀ! ਜੇ ਤੂੰ) ਸਬਰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇਂ, (ਬੰਦਗੀ ਦੀ) ਘਾਲ ਕਮਾਈ ਨੂੰ ਠੂਠਾ ਤੇ ਗੋਦੜੀ ਬਣਾ ਲਵੇਂ, ਅਤੇ ਪਰਮਾਤਮ ਚਿੰਤਨ ਦੀ ਵਿਭੂਤੀ ਕਰ ਲਵੇਂ...

ਖਿੰਥਾ	ਕਾਲੁ, *(ਕਾਲ)*	ਕੁਆਰੀ	ਕਾਇਆ *(ਕਾਇਆਂ)*	ਜੁਗਤਿ, *(ਜੁਗਤ)*
ਗੋਦੜੀ, ਖ਼ਫਣੀ	ਮੌਤ, ਮ੍ਰਿਤੂ	ਪਵਿੱਤਰ	ਸਰੀਰ	ਜੁਗਤੀ ਵਿਚ, ਰਹਿਤ ਵਿਚ

ਡੰਡਾ	ਪਰਤੀਤਿ ॥ *(ਪਰਤੀਤ)*
ਸੋਟਾ (ਜੋ ਜੋਗੀ ਆਪਣੇ ਹੱਥ ਵਿਚ ਰੱਖਦੇ ਹਨ।	ਨਿਸ਼ਚਾ, ਸਿਦਕ

...(ਹੇ! ਜੋਗੀ ਜੇ ਤੂੰ) ਮ੍ਰਿਤੂ ਦੇ ਭੈ ਨੂੰ ਗੋਦੜੀ, ਸਰੀਰ ਨੂੰ ਵਿਕਾਰਾਂ ਦੀ ਮੈਲ ਤੋਂ ਪਵਿੱਤਰ ਰਖਣ ਨੂੰ ਜੀਵਨ-ਜੁਗਤਿ ਅਥਵਾ ਜੀਵਨ ਦੀ ਮਰਿਯਾਦਾ, ਅਤੇ (ਅਕਾਲ-ਪੁਰਖ ਦੇ ਭਰੋਸੇ ਨੂੰ) ਆਪਣਾ ਡੰਡਾ ਬਣਾ ਲਵੇਂ (ਤਾਂ ਹੀ ਸਚਿਆਰ-ਪੁਰਖ ਬਣਿਆ ਜਾ ਸਕਦਾ ਹੈ। ਇਨ੍ਹਾਂ ਬਾਹਰ ਮੁੱਖੀ ਪਾਖੰਡਮਈ ਭੇਖਾਂ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ)...

ਆਈ	*ਪੰਥੀ,*	*ਸਗਲ*
ਆਈ	ਪੰਥ ਦਾ ਅਨੁਯਾਈ (ਜੋਗੀਆਂ ਦੇ ਬਾਰਾਂ ਫਿਰਕਿਆਂ ਵਿਚੋਂ ਸ਼੍ਰੋਮਣੀ ਫਿਰਕਾ)	ਸਾਰਿਆਂ ਨੂੰ

ਜਮਾਤੀ	ਮਨਿ *(ਮਨ)*	ਜੀਤੈ	ਜਗੁ *(ਜਗ)*	ਜੀਤੁ ॥ *(ਜੀਤ)*
ਇਕੋ ਜਮਾਤ ਦੇ, ਇਕੋ ਵਰਗ ਦੇ	ਮਨ ਨੂੰ	ਜਿੱਤਿਆਂ	ਸੰਸਾਰ	ਜਿੱਤਣਾ

...(ਸਹੀ ਅਰਥਾਂ ਵਿਚ) ਆਈ ਪੰਥ ਦਾ ਅਨੁਯਾਈ ਉਹ ਹੈ ਜੋ ਸਾਰਿਆਂ ਪ੍ਰਾਣੀਆਂ ਨੂੰ ਇਕੋ ਜਮਾਤ ਦੇ, ਆਪਣੇ ਵਰਗੇ, ਭਾਵ ਇਕੋ ਜਿਹੇ, ਸਮਦ੍ਰਿਸ਼ਟ ਜਾਣੇ। ਜਿਸਨੇ ਆਪਣੇ ਮਨ ਨੂੰ, ਭਾਵ ਆਪਣੀਆਂ ਮਨ ਦੀਆਂ ਇੱਛਾਵਾਂ ਤੇ ਕਾਬੂ ਪਾ ਲਿਆ, ਸਮਝੋ ਉਸਨੇ ਸਾਰੇ ਸੰਸਾਰ ਨੂੰ ਫਤਹਿ ਕਰ ਲਿਆ ਹੈ।...

ਆਦੇਸੁ *(ਆਦੇਸ)*	ਤਿਸੈ	ਆਦੇਸੁ ॥ *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਦਾ ਸ੍ਰਿਸ਼ਟਾਚਾਰਕ ਸ਼ਬਦ, ਨਮਸਕਾਰ	ਤਿਸ ਨੂੰ	ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ...

ਆਦਿ *(ਆਦ)*	ਅਨੀਲੁ *(ਅਨੀਲ)*
ਮੁੱਢ, ਮੂਲ	ਅਰੰਗ, ਨੀਲ-ਵਰਤਣ ਰਹਿਤ, ਆਮ ਕਰਕੇ ਪ੍ਰਭੂ ਨੂੰ ਨੀਲ-ਵਰਤਣ, ਘਨ-ਸ਼ਿਆਮ ਮੰਨਿਆ ਜਾਂਦਾ ਹੈ।

ਅੰਕ ੬ -੭

ਅਨਾਦਿ *(ਅਨਾਦ)*	ਅਨਾਹਤਿ, *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ	ਨਾਸ਼ ਰਹਿਤ, ਅਬਿਨਾਸ਼ੀ

ਜੁਗੁ *(ਜੁਗ)*	ਜੁਗੁ *(ਜੁਗ)*	ਏਕੋ	ਵੇਸੁ ॥੨੯॥ *(ਵੇਸ)*
ਜੁਗ	ਜੁਗ	ਇਕੋ ਹੀ	ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ, ਭਾਵ ਉਜੂਲ ਸਰੂਪ ਹੈ। ਜਿਸ ਦਾ ਆਪਣਾ ਕੋਈ ਮੁੱਢ ਨਹੀਂ ਅਤੇ ਉਸਦਾ ਜੁੱਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।...

ਭੁਗਤਿ *(ਭੁਗਤ)*	ਗਿਆਨੁ *(ਗਿਆਨ)*	ਦਇਆ
ਚੂਰਮਾ, ਜੋਗੀਆਂ ਦੇ ਭੰਡਾਰਿਆਂ ਤੇ ਵੰਡਿਆਂ ਜਾਂਦਾ ਪ੍ਰਸ਼ਾਦ	(ਪਰਮਾਤਮ) ਗਿਆਨ	ਕਰੁਣਾ

ਭੰਡਾਰਣਿ, *(ਭੰਡਾਰਣ)*	ਘਟਿ *(ਘਟ)*	ਘਟਿ *(ਘਟ)*	ਵਾਜਹਿ *(ਵਾਜਹਿਂ)*	ਨਾਦ ॥
ਭੰਡਾਰਾ ਵਰਤਾਣ ਵਾਲੀ	ਹਿਰਦੇ ਵਿਚ	ਹਿਰਦੇ ਵਿਚ	ਵੱਜ ਰਹੇ ਹਨ	ਸੰਖ, ਰਣ-ਸਿੰਗੇ

...(ਹੇ! ਜੋਗੀ) ਪਰਮਾਤਮ-ਗਿਆਨ ਨੂੰ ਚੂਰਮਾ ਬਣਾ, ਦਇਆ ਨੂੰ ਭੰਡਾਰਣ ਬਣਾ ਅਤੇ ਅੰਤਰ ਆਤਮਾ ਵਿਚ ਪਰਮਾਤਮ-ਸ਼ਬਦ ਰੂਪੀ ਸੰਖ ਜਾਂ ਨਾਦੀ ਆਦਿ ਵਜਦੇ ਹੋਣੇ ਚਾਹੀਦੇ ਹਨ।...

ਆਪਿ *(ਆਪ)*	ਨਾਥੁ, *(ਨਾਥ)*	ਨਾਥੀ
ਆਪ ਹੀ	ਯੋਗੀ ਮਹੰਤ, ਮੱਠ ਦਾ ਮੁੱਖੀ ਅਧਿਅਕਸ਼	ਨੱਥੀ ਹੋਈ, ਸੂਤਰ ਬੱਧ ਕੀਤੀ ਹੋਈ

ਸਭ	ਜਾ ਕੀ, *(ਜਾਂਕੀ)*	ਰਿਧਿ *(ਰਿਧ)*
ਸਾਰੀ	ਜਿਸਦੀ	ਰਿਧੀਆਂ, ਧਨ ਸੰਪਦਾ ਪੈਦਾ ਕਰਨ ਵਾਲੀਆਂ ਕਰਾਮਾਤੀ ਸ਼ਕਤੀਆਂ

ਸਿਧਿ *(ਸਿਧ)*	ਅਵਰਾ	ਸਾਦ ॥
ਸਿਧੀਆਂ, ਕਰਾਮਾਤਾਂ, ਜੋਗੀਆਂ ਵਿਚ ਅੱਠ ਵੱਡੀਆਂ ਸਿੱਧੀਆਂ ਮੰਨੀਆਂ ਗਈਆਂ ਹਨ।	ਹੋਰ	ਸੁਆਦ

...(ਕਰਤਾ ਪੁਰਖ) ਆਪ ਹੀ ਮੁੱਖੀ ਨਾਥ ਹੈ, ਜਿਸਨੇ ਸਾਰੀ ਸ੍ਰਿਸ਼ਟੀ ਨੂੰ ਨੱਥਿਆ ਹੋਇਆ ਹੈ, ਭਾਵ ਨਿਯਮ-ਬੱਧ ਕੀਤਾ ਹੋਇਆ ਹੈ। ਇਹ ਰਿੱਧੀਆਂ ਸਿੱਧੀਆਂ ਦਾ ਸੁਆਦ ਹੋਰ ਪਾਸੇ ਭਾਵ ਪਰਮਾਤਮਾ ਦੇ ਰਸਤੇ ਤੋਂ ਪਰ੍ਹੇ ਲਿਜਾਣ ਵਾਲਾ ਚਸਕਾ ਹੈ।

ਸੰਜੋਗ *(ਸੰਜੋਗ)*	ਵਿਜੋਗੁ *(ਵਿਜੋਗ)*	ਦੁਇ, *(ਦੁਇ)*	ਕਾਰ	ਚਲਾਵਹਿ, *(ਚਲਾਵਹਿਂ)*
ਪ੍ਰਭੂ ਨਾਲ ਮਿਲਣਾ	ਪ੍ਰਭੂ ਤੋਂ ਵਿਛੜਨਾ	ਦੋਵੇਂ	ਸੰਸਾਰ ਦਾ ਪ੍ਰਬੰਧ	ਚਲਾ ਰਹੇ ਹਨ

ਲੇਖੇ	ਆਵਹਿ *(ਆਵਹਿਂ)*	ਭਾਗ ॥
ਹਿਸਾਬ ਨਾਲ, ਲੇਖੇ ਅਨੁਸਾਰ	ਆਉਂਦੇ ਹਨ	ਹਿੱਸਾ, ਕਰਮਾਂ ਦੇ ਫਲ

ਅੰਕ ੭

...ਸੰਜੋਗ ਅਤੇ ਵਿਜੋਗ ਦੋਵੇਂ ਤਾਕਤਾਂ ਸੰਸਾਰ ਦਾ ਪ੍ਰਬੰਧ ਚਲਾ ਰਹੀਆਂ ਹਨ, ਅਤੇ ਜੀਵਾਂ ਨੂੰ ਕੀਤੇ ਹੋਏ ਕਰਮਾਂ ਦੇ ਲੇਖੇ ਅਨੁਸਾਰ ਫਲ ਪ੍ਰਾਪਤ ਹੁੰਦੇ ਹਨ।

ਆਦੇਸੁ, *(ਆਦੇਸ)*	**ਤਿਸੈ**	**ਆਦੇਸੁ ॥** *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਦਾ ਸ਼ਿਸ਼ਟਾਚਾਰਕ ਸ਼ਬਦ, ਨਮਸਕਾਰ	ਤਿਸ ਨੂੰ	ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ....

ਆਦਿ *(ਆਦ)*	**ਅਨੀਲੁ** *(ਅਨੀਲ)*
ਮੁੱਢ, ਮੂਲ	ਅਰੰਗ,ਨੀਲ ਵਰਣ ਰਹਿਤ, ਆਮ ਕਰਕੇ ਪ੍ਰਭੂ ਨੂੰ ਨੀਲ ਵਰਣ, ਘਨ ਸ਼ਿਆਮ ਮੰਨਿਆ ਜਾਂਦਾ ਹੈ।

ਅਨਾਦਿ *(ਅਨਾਦ)*	**ਅਨਾਹਤਿ,** *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ	ਨਾਸ਼ ਰਹਿਤ, ਅਬਿਨਾਸ਼ੀ

ਜੁਗੁ *(ਜੁਗ)*	**ਜੁਗੁ** *(ਜੁਗ)*	**ਏਕੋ**	**ਵੇਸੁ ॥੨੯॥** *(ਵੇਸ)*
ਜੁਗ	ਜੁਗ	ਇਕੋ ਹੀ	ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ ਭਾਵ ਉਜ਼ਲ ਸਰੂਪ ਹੈ, ਜਿਸ ਦਾ ਆਪਣਾ ਕੋਈ ਮੁੱਢ ਨਹੀ ਅਤੇ ਉਸਦਾ ਜੁੱਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।...

ਏਕਾ	**ਮਾਈ,**	**ਜੁਗਤਿ** *(ਜੁਗਤ)*	**ਵਿਆਈ,**
ਇਕ ਕਰਤਾ ਪੁਰਖ	ਮਾਇਆ	ਜੁਗਤੀ ਨਾਲ, ਸੰਜੋਗ ਨਾਲ	ਸੂਈ, ਬੱਚੇ ਜਨਮੇ

ਤਿਨਿ *(ਤਿਨ)*	**ਚੇਲੇ**	**ਪਰਵਾਣੁ ॥** *(ਪਰਵਾਣ)*
ਤਿੰਨ	ਪੁੱਤਰ, ਤ੍ਰੈ ਮੂਰਤੀ	ਵਿਖਿਆਤ, ਪਰਤੱਖ

...ਇਕ ਅਕਾਲ ਪੁਰਖ ਦੀ ਮਾਇਆ, ਸੰਜੋਗ ਨਾਲ ਸੂ ਪਈ, ਅਤੇ ਉਸਨੇ ਤਿੰਨ ਪੁੱਤਰ ਜਨਮੇ...

ਇਕੁ *(ਇਕ)*	**ਸੰਸਾਰੀ,**	**ਇਕੁ** *(ਇਕ)*	**ਭੰਡਾਰੀ,**
ਇਕ	ਇਕ ਸੰਸਾਰ ਨੂੰ ਰਚਣ ਵਾਲਾ (ਬ੍ਰਹੱਮਾ)	ਇਕ	ਜੀਵਾਂ ਦੀ ਪਾਲਣਾ ਕਰਨਵਾਲਾ (ਵਿਸ਼ਨੂੰ)

ਇਕੁ *(ਇਕ)*	**ਲਾਏ**	**ਦੀਬਾਣੁ ॥** *(ਦੀਬਾਣ)*
ਇਕ	ਲਾਉਂਦਾ ਹੈ	ਕਚਿਹਰੀ (ਸ਼ਿਵ ਜੀ ਭਾਵ ਜਿਸ ਦੇ ਦਰਬਾਰ ਵਿਚੋਂ ਜੀਵਾਂ ਦੀ ਮੌਤ ਦਾ ਆਦੇਸ਼ ਹੁੰਦਾ ਹੈ।)

ਅੰਕ ੭

...ਇਨ੍ਹਾਂ ਵਿਚੋਂ ਇਕ ਬ੍ਰਹਮਾ, ਜਿਸਨੇ ਸੰਸਾਰ ਦੀ ਰਚਨਾ ਕੀਤੀ ਹੈ, ਦੂਸਰਾ ਵਿਸ਼ਨੂੰ, ਜੋ ਭੰਡਾਰੇ ਲਾਕੇ ਸੰਸਾਰ ਦੇ ਜੀਵਾਂ ਦੀ ਪਾਲਨਾ ਕਰ ਰਿਹਾ ਹੈ, ਅਤੇ ਤੀਸਰਾ ਸ਼ਿਵ ਜੀ, ਜੋ ਆਪਣੀ ਕਚਿਹਰੀ ਲਾਕੇ ਜੀਵਾਂ ਦੀ ਮੌਤ ਦੇ ਹੁਕਮ ਕਰਦਾ ਹੈ।...

ਜਿਵ *(ਜਿਂਵ)*	**ਤਿਸੁ** *(ਤਿਸ)*	**ਭਾਵੈ**	**ਤਿਵੈ** *(ਤਿਵੈਂ)*	**ਚਲਾਵੈ,**
ਜਿਵੇਂ	ਤਿਸ ਨੂੰ	ਭਾਉਂਦਾ ਹੈ	ਉਵੇਂ ਹੀ	ਚਲਾਉਂਦਾ ਹੈ

ਜਿਵ *(ਜਿਂਵ)*	**ਹੋਵੈ**	**ਫੁਰਮਾਣੁ** ॥ *(ਫੁਰਮਾਣ)*
ਜਿਵੇਂ	ਹੁੰਦਾ ਹੈ	ਫੁਰਮਾਨ

...(ਪਰ ਅਸਲ ਗਲ ਇਹ ਹੈ ਕਿ ਇਨ੍ਹਾਂ ਦੇਵਤਿਆਂ ਦੇ ਹੱਥ ਕੁਝ ਨਹੀਂ) ਜਿਵੇਂ ਕਰਤਾ-ਪੁਰਖ ਜੀ ਨੂੰ ਭਾਉਂਦਾ ਹੈ, ਅਤੇ ਜੋ ਉਨ੍ਹਾਂ ਨੂੰ ਫੁਰਦਾ ਹੈ ਤਿਵੇਂ ਹੀ ਉਹ (ਇਸ ਬ੍ਰਹਿਮੰਡ ਨੂੰ ਆਪਣੇ ਨਿਯਮਾਂ ਅਨੁਸਾਰ) ਚਲਾ ਰਿਹਾ ਹੈ।...

ਓਹੁ *(ਓਹ)*	**ਵੇਖੈ,**	**ਓਨਾ** *(ਓਨ੍ਹਾਂ)*	**ਨਦਰਿ** *(ਨਦਰ)*	**ਨ** *(ਨਾਂ)*
ਉਹ	ਵੇਖਦਾ ਹੈ	ਉਨ੍ਹਾਂ ਨੂੰ (ਸ੍ਰਿਸ਼ਟੀ ਦੇ ਜੀਵਾਂ ਨੂੰ)	ਨਜ਼ਰ	ਨਹੀਂ

ਆਵੈ,	**ਬਹੁਤਾ**	**ਏਹੁ** *(ਏਹ)*	**ਵਿਡਾਣੁ** ॥ *(ਵਿਡਾਣ)*
ਆਉਂਦਾ	ਬਹੁਤ ਹੀ	ਇਹ	ਅਸਚਰਜਤਾ

...ਪਰ ਬਹੁਤ ਹੀ ਅਸਚਰਜ ਕੌਤਕ ਤਾਂ ਇਹ ਹੈ ਕਿ ਉਹ (ਅਕਾਲ ਪੁਰਖ) ਸਭ ਨੂੰ ਵੇਖਦਾ ਹੈ, ਪਰ ਉਨ੍ਹਾਂ ਨੂੰ (ਭਾਵ ਸ੍ਰਿਸ਼ਟੀ ਦੇ ਜੀਵਾਂ ਨੂੰ) ਨਜ਼ਰ ਨਹੀਂ ਆਉਂਦਾ।...

ਆਦੇਸੁ, *(ਆਦੇਸ)*	**ਤਿਸੈ**	**ਆਦੇਸੁ** ॥ *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਦਾ ਸ੍ਰਿਸ਼ਟਾਚਾਰਕ ਸ਼ਬਦ, ਨਮਸਕਾਰ	ਤਿਸ ਨੂੰ	ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ...

ਆਦਿ *(ਆਦ)*	**ਅਨੀਲੁ** *(ਅਨੀਲ)*
ਮੁੱਢ, ਮੂਲ	ਅਰੰਗ, ਨੀਲ-ਵਰਣ ਰਹਿਤ, ਆਮ ਕਰਕੇ ਪ੍ਰਭੂ ਨੂੰ ਨੀਲ-ਵਰਣ, ਘਨ ਸ਼ਿਆਮ ਮੰਨਿਆ ਜਾਂਦਾ ਹੈ।

ਅਨਾਦਿ *(ਅਨਾਦ)*	**ਅਨਾਹਤਿ** *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ	ਨਾਸ਼ ਰਹਿਤ, ਅਬਿਨਾਸ਼ੀ

ਅੰਕ ੭

ਜੁਗੁ *(ਜੁਗ)*	ਜੁਗੁ *(ਜੁਗ)*	ਏਕੋ	ਵੇਸੁ ॥੩੦॥ *(ਵੇਸ)*
ਜੁਗ	ਜੁਗ	ਇਕੋ ਹੀ	ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ ਭਾਵ ਉਜੂਲ ਸਰੂਪ ਹੈ, ਜਿਸ ਦਾ ਆਪਣਾ ਕੋਈ ਮੁੱਢ ਨਹੀ ਅਤੇ ਉਸ ਦਾ ਜੁੱਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।...

ਆਸਣੁ *(ਆਸਣ)*	ਲੋਇ	ਲੋਇ	ਭੰਡਾਰ ॥
ਪ੍ਰਭੂ ਦਾ ਆਸਣ, ਰਹਿਣ ਦੀ ਥਾਂ	ਭਵਣ ਵਿਚ	ਭਵਣ ਵਿਚ	ਖਜ਼ਾਨੇ, ਭੰਡਾਰੇ

(ਕਰਤਾ-ਪੁਰਖ ਦਾ) ਆਸਣ, ਉਸਦਾ ਵਾਸਾ ਹਰ ਭਵਣ ਵਿਚ ਭਾਵ ਸਾਰੇ ਬ੍ਰਹਿਮੰਡ ਵਿਚ ਹੈ,ਉਸ ਦੀਆਂ ਦਾਤਾਂ ਦੇ ਭੰਡਾਰੇ ਵੀ ਸਾਰੇ ਬ੍ਰਹਿਮੰਡ ਵਿਚ ਹਨ।...

ਜੋ	ਕਿਛੁ *(ਕਿਛ)*	ਪਾਇਆ,	ਸੁ	ਏਕਾ	ਵਾਰ ॥
ਜਿਹੜਾ	ਕੁਛ ਵੀ	ਪ੍ਰਦਾਨ ਕੀਤੇ	ਉਹ	ਇਕੋ	ਵਾਰੀ ਹੀ

...ਇਨ੍ਹਾਂ ਖਜ਼ਾਨਿਆਂ ਨੂੰ ਵੀ ਕਰਤਾ ਪੁਰਖ ਜੀ ਨੇ ਇਕੋ ਵਾਰੀ (ਆਪਣੀਆਂ ਦਾਤਾਂ) ਨਾਲ ਭਰਪੂਰ ਕਰ ਦਿੱਤਾ ਹੈ।...

ਕਰਿ *(ਕਰ)*	ਕਰਿ *(ਕਰ)*	ਵੇਖੈ	ਸਿਰਜਣਹਾਰੁ ॥ *(ਸਿਰਜਣਹਾਰ)*
ਬਣਾ ਕੇ	ਬਣਾ ਕੇ	ਵੇਖ ਰਿਹਾ	ਰਚਨਹਾਰ

...ਸਿਰਜਣਹਾਰ (ਕਰਤਾਰ) ਆਪਣੀ ਰਚਨਾ ਨੂੰ ਰਚਕੇ, ਨਿਹਾਰਦਾ ਹੋਇਆ ਉਸਦੀ ਸਾਂਭ-ਸੰਭਾਲ ਕਰ ਰਿਹਾ ਹੈ।...

ਨਾਨਕ,	ਸਚੇ	ਕੀ	ਸਾਚੀ	ਕਾਰ ॥
ਹੇ ! ਨਾਨਕ !	ਸਦਾ ਥਿਰ ਰਹਿਣ ਵਾਲੇ	ਦੀ	ਅਟੱਲ	ਪ੍ਰਬੰਧ

...ਹੇ! ਨਾਨਕ! ਸਦਾ ਸਥਿਰ ਰਹਿਣ ਵਾਲੇ ਪਰਮਾਤਮਾ ਦਾ, ਇਹ ਕਾਰ ਵਿਹਾਰ ਸਦਾ ਅਟੱਲ ਹੈ।...

ਆਦੇਸੁ, *(ਆਦੇਸ)*	ਤਿਸੈ	ਆਦੇਸੁ ॥ *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਦਾ ਸ਼੍ਰਿਸ਼ਟਾਚਾਰਕ ਸ਼ਬਦ, ਨਮਸਕਾਰ	ਤਿਸ ਨੂੰ	ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ...

ਆਦਿ *(ਆਦ)*	ਅਨੀਲੁ *(ਅਨੀਲ)*
ਮੁੱਢ, ਮੂਲ ਅਰੰਗ,	ਨੀਲ-ਵਰਣ ਰਹਿਤ, ਆਮ ਕਰਕੇ ਪ੍ਰਭੂ ਨੂੰ ਨੀਲ-ਵਰਣ, ਘਨ ਸ਼ਿਆਮ ਮੰਨਿਆ ਜਾਂਦਾ ਹੈ।

ਅੰਕ ੭

ਅਨਾਦਿ *(ਅਨਾਦ)*	ਅਨਾਹਤਿ *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ	ਨਾਸ਼ ਰਹਿਤ, ਅਬਿਨਾਸ਼ੀ

ਜੁਗੁ *(ਜੁਗ)*	ਜੁਗੁ *(ਜੁਗ)*	ਏਕੋ	ਵੇਸੁ ॥੩੧॥ *(ਵੇਸ)*
ਜੁਗ	ਜੁਗ	ਇਕੋ ਹੀ	ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ ਭਾਵ ਉਜੂਲ ਸਰੂਪ ਹੈ, ਜਿਸ ਦਾ ਆਪਣਾ ਕੋਈ ਮੁੱਢ ਨਹੀ ਅਤੇ ਉਸ ਦਾ ਜੁੱਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।

ਇਕ	ਦੂ	ਜੀਭੌ *(ਜੀਭੌਂ)*	ਲਖ	ਹੋਹਿ, *(ਹੋਹਿਂ)*
ਇਕ	ਤੋਂ	ਜੀਭ ਕੋਲੋਂ	ਇਕ ਲੱਖ	ਹੋ ਜਾਣ

ਲਖ	ਹੋਵਹਿ *(ਹੋਵਹਿਂ)*	ਲਖ ਵੀਸ ॥
ਇਕ ਲੱਖ	ਹੋ ਜਾਣ	ਵੀਹ ਲੱਖ

(ਜੇਕਰ) ਇਕ ਜੀਭ ਤੋਂ ਇਕ ਲੱਖ ਜੀਭਾਂ ਹੋ ਜਾਣ, ਤੇ ਲੱਖ ਤੋਂ ਵੀਹ ਲੱਖ (ਭਾਵ ਅਣਗਿਣਤ) ਹੋ ਜਾਣ...

ਲਖੁ *(ਲੱਖ)*	ਲਖੁ *(ਲੱਖ)*	ਗੇੜਾ	ਆਖੀਅਹਿ, *(ਆਖੀਅਹਿਂ)*
ਲੱਖ	ਲੱਖ	ਫੇਰਾ, ਚੱਕਰ	ਆਖੀਏ, ਕਹੀਏ

ਏਕੁ *(ਏਕ)*	ਨਾਮੁ *(ਨਾਮ)*	ਜਗਦੀਸ ॥ *(ਜਗਦੀਸ਼)*
ਇਕ	ਨਾਂ	ਜਗਤੇਸ਼ੁਰ, ਜਗਤਪਿਤਾ

...ਅਤੇ ਫਿਰ ਉਨ੍ਹਾਂ ਵੀਹ ਲੱਖ ਜੀਭਾਂ ਤੋਂ ਇਕ ਇਕ ਲੱਖ ਵਾਰ ਜਗਤ ਪਿਤਾ ਪਰਮਾਤਮਾ ਦਾ ਨਾਂ ਜਪਿਆ ਜਾਏ (ਪ੍ਰੰਤੂ ਅਜਿਹਾ ਕਰਨ ਨਾਲ ਕੋਈ ਹਉਮੈ ਨਾਲ ਆਖੇ, ਕਿ ਮੈਂ ਇਤਨੀ ਵਾਰੀ ਗਿਣਤੀਆਂ ਮਿਣਤੀਆਂ ਨਾਲ ਨਾਮ ਜਪਿਆ ਹੈ ਤਾਂ (ਇਹ ਕੂੜ ਭਰੇ ਮਨੁੱਖ ਦੀਆਂ ਐਵੇਂ ਝੂਠੀਆਂ ਅਤੇ ਹੰਕਾਰੀ ਗੱਪਾਂ ਹੀ ਹੋਣਗੀਆਂ)...

ਏਤੁ *(ਏਤ)*	ਰਾਹਿ, *(ਰਾਹ)*	ਪਤਿ *(ਪਤ)*	ਪਵੜੀਆ, *(ਪਵੜੀਆਂ)*
ਇਸ	ਰਾਹ ਦੁਆਰਾ	ਪਤੀ, ਪਰਮਾਤਮਾ	ਪਉੜੀਆਂ, ਆਤਮ ਮੰਜ਼ਿਲ ਦੀ ਚੜ੍ਹਾਈ

ਚੜੀਐ *(ਚੜ੍ਹੀਐ)*	ਹੋਇ	ਇਕੀਸ ॥
ਚੜ੍ਹੀਏ	ਹਈਏ	ਈਸ਼ਵਰ ਰੂਪ, ਕਰਤਾ ਪੁਰਖ ਨਾਲ ਇਕ-ਮਿਕ

...ਇਸ ਰਸਤੇ ਰਾਹੀਂ ਹੀ ਆਤਮਿਕ ਮੰਜ਼ਿਲ ਦੀਆਂ ਪਉੜੀਆਂ ਚੜ੍ਹਕੇ (ਕਰਤਾ-ਪੁਰਖ ਨਾਲ) ਇਕਮਿਕ ਹੋਈਦਾ ਹੈ।...

ਅੰਕ ੭

ਸੁਣਿ *(ਸੁਣ)*	ਗਲਾ *(ਗਲਾਂ)*	ਆਕਾਸ *(ਆਕਾਸ਼)*	ਕੀ,
ਸੁਣਕੇ	ਬਾਤਾਂ, ਗਲਾਂ	ਅਕਾਸ਼	ਦੀਆਂ

ਕੀਟਾ *(ਕੀਟਾਂ)*	ਆਈ	ਰੀਸ ॥
ਕੀੜਿਆਂ	ਗਈ	ਬਰਾਬਰੀ ਦਾ ਚਾਅ

...(ਕਈ ਵਾਰੀ ਇਹੋ ਜਿਹੀਆਂ) ਅਕਾਸ਼ਮਈ ਗਲਾਂ-ਬਾਤਾਂ ਸੁਣਕੇ ਕੀੜਿਆਂ ਮਕੌੜਿਆਂ ਭਾਵ ਆਮ ਮਨੁੱਖਾਂ ਨੂੰ ਵੀ ਇਹੋ ਜਿਹੀ ਬਰਾਬਰੀ ਕਰਨ ਦਾ ਚਾਅ ਆ ਜਾਂਦਾ ਹੈ।...

ਨਾਨਕ,	ਨਦਰੀ	ਪਾਈਐ,
ਹੇ! ਨਾਨਕ!	ਮਿਹਰ ਰਾਹੀਂ, ਬਖਸ਼ਿਸ਼ ਦੁਆਰਾ	ਪਾਈਦਾ ਹੈ।

ਕੂੜੀ	ਕੂੜੈ	ਠੀਸ ॥੩੨॥
ਝੂਠੀਆਂ	ਝੂਠੇ	ਗੱਪਾਂ

...ਹੇ! ਨਾਨਕ! (ਕੇਵਲ ਸਾਹਿਬ ਦੀ) ਬਖਸ਼ਿਸ਼ ਦੁਆਰਾ ਹੀ (ਕਰਤਾ-ਪੁਰਖ ਜੀ ਨੂੰ) ਪਾਈਦਾ ਹੈ, ਐਵੇਂ ਕੂੜੇ ਮਨੁੱਖ ਦੀਆਂ ਝੂਠੀਆਂ (ਹਉਮੈ ਭਰੀਆਂ) ਗੱਪਾਂ (ਦੁਆਰਾ ਸਾਹਿਬ ਦੀ ਪ੍ਰਾਪਤੀ ਨਹੀਂ ਹੋ ਸਕਦੀ।)

ਆਖਣਿ *(ਆਖਣ)*	ਜੋਰੁ, *(ਜ਼ੋਰ)*
ਆਖਣ ਵਿਚ, ਪਰਮਾਤਮ ਉਸਤਤ ਕਰਨ ਵਿਚ	ਸ਼ਕਤੀ, ਸਮਰੱਥਾ

ਚੁਪੈ	ਨਹ *(ਨਹਿ)*	ਜੋਰੁ ॥ *(ਜ਼ੋਰ)*
ਚੁੱਪ ਸਮਾਧੀ ਵਿਚ, ਚੁੱਪ ਰਹਿਣ ਵਿਚ	ਨਹੀਂ	ਸ਼ਕਤੀ, ਸਮਰੱਥਾ

ਪਰਮਾਤਮ-ਉਸਤਤ ਕਰਨ ਵਿਚ, ਅਤੇ ਚੁੱਪ-ਸਮਾਧੀ ਵਿਚ ਵੀ ਸਾਡੀ ਆਪਣੀ ਕੋਈ ਸਮਰੱਥਾ (ਕੰਮ ਨਹੀਂ ਆਉਂਦੀ, ਸਗੋਂ ਪ੍ਰਭੂ ਅਗੇ ਪੂਰਨ ਰੂਪ ਵਿਚ ਸਮਰਪਿਤ ਹੋਣਾ ਹੀ ਪਰਮਾਤਮ ਮਿਲਣ ਦੇ ਰਾਹ ਵਿਚ ਸਹਾਈ ਹੁੰਦਾ ਹੈ।)...

ਜੋਰੁ *(ਜ਼ੋਰ)*	ਨ *(ਨਾ)*	ਮੰਗਣਿ, *(ਮੰਗਣ)*	ਦੇਣਿ *(ਦੇਣ)*	ਨ *(ਨਾਂ)*	ਜੋਰੁ ॥ *(ਜ਼ੋਰ)*
ਸ਼ਕਤੀ, ਸਮਰੱਥਾ	ਨਹੀਂ	ਮੰਗਣ ਵਿਚ	ਦੇਣ ਵਿਚ	ਨਹੀਂ	ਸ਼ਕਤੀ, ਸਮਰੱਥਾ

...ਕਿਸੇ ਕੋਲੋਂ ਕੁਝ ਮੰਗਣ, ਅਤੇ ਕਿਸੇ ਨੂੰ ਕੁਝ ਦੇਣ ਵਿਚ ਵੀ, ਸਾਡੀ ਕੋਈ ਸਮਰੱਥਾ ਕੰਮ ਨਹੀਂ ਆਉਂਦੀ।...

ਜੋਰੁ *(ਜ਼ੋਰ)*	ਨ *(ਨਾਂ)*	ਜੀਵਣਿ, *(ਜੀਵਣ)*	ਮਰਣਿ *(ਮਰਣ)*	ਨਹ *(ਨਹਿ)*	ਜੋਰੁ ॥ *(ਜ਼ੋਰ)*
ਸ਼ਕਤੀ, ਸਮਰੱਥਾ	ਨਹੀਂ	ਜਿਉਣ ਵਿਚ	ਮਰਣ ਵਿਚ ਨਹੀਂ	ਸ਼ਕਤੀ,	ਸਮਰੱਥਾ

...ਜਿਊਣ ਅਤੇ ਮਰਣ ਵਿਚ ਵੀ, ਸਾਡਾ ਆਪਣਾ ਕੋਈ ਜ਼ੋਰ ਕੰਮ ਨਹੀਂ ਆਉਂਦਾ।...

ਜੋਰੁ *(ਜ਼ੋਰ)*	ਨ *(ਨਾ)*	ਰਾਜਿ *(ਰਾਜ)*	ਮਾਲਿ *(ਮਾਲ)*
ਸ਼ਕਤੀ, ਸਮਰੱਥਾ	ਨਹੀਂ	ਰਾਜ ਪ੍ਰਾਪਤੀ ਵਿਚ	ਧਨ-ਮਾਲ ਦੀ ਪ੍ਰਾਪਤੀ ਵਿਚ

ਮਨਿ *(ਮਨ)*	ਸੋਰੁ ॥ *(ਸ਼ੋਰ)*
ਮਨ ਵਿਚ	ਸ਼ੋਰ, (ਹਉਮੈ ਦਾ) ਰੌਲਾ ਰੱਪਾ

...ਰਾਜ ਭਾਗ ਅਤੇ ਧਨ ਮਾਲ ਆਦਿ ਦੀ ਪ੍ਰਾਪਤੀ ਵਿਚ, ਜਿਸ ਨਾਲ ਮਨ ਅੰਦਰ (ਹਉਮੈ ਦਾ) ਸ਼ੋਰ (ਗੂੰਜਣਾ ਸ਼ੁਰੂ ਕਰ ਦਿੰਦਾ ਹੈ) ਵਿਚ ਵੀ ਸਾਡੀ ਆਪਣੀ ਕੋਈ ਸਮਰੱਥਾ ਕੰਮ ਨਹੀਂ ਕਰਦੀ।...

ਜੋਰੁ *(ਜ਼ੋਰ)*	ਨ *(ਨਾਂ)*	ਸੁਰਤੀ,
ਸ਼ਕਤੀ, ਸਮਰੱਥਾ	ਨਹੀਂ	(ਪਰਮਾਤਮਾ ਅੰਦਰ) ਸੁਰਤ ਜੋੜਨ ਵਿਚ

ਗਿਆਨਿ *(ਗਿਆਨ)*	ਵੀਚਾਰਿ ॥ *(ਵੀਚਾਰ)*
(ਆਤਮਿਕ) ਗਿਆਨ ਦੀ ਪ੍ਰਾਪਤੀ ਵਿਚ	(ਪਰਮਾਤਮ) ਵੀਚਾਰ ਵਿਚ

...ਪਰਮਾਤਮਾ ਵਿਚ ਸੁਰਤ ਜੋੜਨ, ਆਤਮਿਕ ਗਿਆਨ ਦੀ ਪ੍ਰਾਪਤੀ, ਅਤੇ ਪਰਮਾਤਮ ਵੀਚਾਰ ਕਰਨਵਿਚ, ਸਾਡੀ ਆਪਣੀ ਕੋਈ ਸਮਰੱਥਾ ਕੰਮ ਨਹੀਂ ਆਉਂਦੀ।...

ਜੋਰੁ *(ਜ਼ੋਰ)*	ਨ *(ਨਾਂ)*	ਜੁਗਤੀ,	ਛੁਟੈ	ਸੰਸਾਰੁ ॥ *(ਸੰਸਾਰ)*
ਸ਼ਕਤੀ, ਸਮਰੱਥਾ	ਨਹੀਂ	ਜੁਗਤ ਦੁਆਰਾ, ਤਰੀਕੇ ਰਾਹੀਂ	ਛੁੱਟੀਦਾ	ਸੰਸਾਰ(ਤੋਂ)

...(ਇਥੋਂ ਤਕ ਕਿ ਇਸ) ਸੰਸਾਰ ਤੋਂ ਮੁਕਤੀ ਲਈ ਵੀ (ਸਾਡੀ) ਆਪਣੀ ਕੋਈ ਸਮਰੱਥਾ ਜਾਂ ਜੁਗਤੀ ਨਹੀਂ ਚਲਦੀ।...

ਜਿਸੁ *(ਜਿਸ)*	ਹਥਿ *(ਹੱਥ)*	ਜੋਰੁ, *(ਜ਼ੋਰ)*	ਕਰਿ *(ਕਰ)*	ਵੇਖੈ	ਸੋਇ ॥
ਜਿਸਦੇ	ਹੱਥ ਵਿਚ,ਕੋਲ	ਜ਼ੋਰ, ਸਮਰੱਥਾ	ਕਰਕੇ,ਸ੍ਰਿਸ਼ਟੀ ਰਚਕੇ	ਵੇਖਦੈ,	ਸੰਭਾਲ ਦੈ ਉਸਨੂੰ

...ਜਿਸ (ਪਰਮਾਤਮਾ) ਕੋਲ (ਇਹ) ਸਮਰੱਥਾ ਹੈ, ਉਹੋ ਹੀ ਸ੍ਰਿਸ਼ਟੀ ਨੂੰ ਰਚਕੇ ਉਸਦੀ ਸਾਂਭ ਸੰਭਾਲ ਕਰਦਾ ਹੈ।...

ਨਾਨਕ,	ਉਤਮੁ *(ਉਤਮ)*	ਨੀਚੁ, *(ਨੀਚ)*	ਨ *(ਨਾਂ)*	ਕੋਇ ॥੩੩॥
ਹੇ! ਨਾਨਕ!	ਸ੍ਰੇਸ਼ਟ	ਨੀਵਾਂ	ਨਹੀਂ	ਕੋਈ

ਅੰਕ ੭

...ਹੇ! ਨਾਨਕ! (ਕਰਤਾ-ਪੁਰਖ ਦੀ ਰਚੀ ਇਸ ਸ੍ਰਿਸ਼ਟੀ ਵਿਚ) ਕੋਈ ਵੀ ਉੱਚਾ ਜਾਂ ਨੀਵਾਂ ਨਹੀਂ।(ਸਭ ਪਰਮਾਤਮ-ਲੀਲ੍ਹਾ ਹੈ, ਉਸਦਾ ਹੁਕਮ ਵਰਤ ਰਿਹਾ ਹੈ।)

ਰਾਤੀ *(ਰਾਤੀਂ)*	ਰੁਤੀ, *(ਰੁਤੀਂ)*	ਥਿਤੀ *(ਥਿਤੀਂ)*	ਵਾਰ ॥
ਰਾਤਾਂ	ਰੁੱਤਾਂ, ਮੌਸਮ	ਥਿਤਾਂ	ਦਿਨ ਵਾਰ

ਰਾਤਾਂ (ਅਤੇ ਦਿਨ) ਰੁਤਾਂ, ਥਿਤਾਂ (ਚੰਦ੍ਰਮਾ ਅਤੇ ਸੂਰਜ ਆਦਿ ਦੇ ਚੱਕਰਾਂ ਦੀਆਂ ਇਕਾਈਆਂ) ਹਫ਼ਤੇ ਦੇ ਦਿਨ ਵਾਰ...

ਪਵਣ	ਪਾਣੀ	ਅਗਨੀ	ਪਾਤਾਲ ॥
ਪਉਣ, ਹਵਾ	ਜਲ	ਅੱਗ	ਧਰਤੀ ਹੇਠਲੇ ਲੋਕ/ਸ੍ਰਿਸ਼ਟੀਆਂ

...ਹਵਾ, ਪਾਣੀ, ਅਗਨੀ ਅਤੇ ਧਰਤੀ ਹੇਠਲੀਆਂ ਸ੍ਰਿਸ਼ਟੀਆਂ...

ਤਿਸੁ *(ਤਿਸ)*	ਵਿਚਿ, *(ਵਿਚ)*	ਧਰਤੀ
ਉਸ	ਅੰਦਰ	ਧਰਤੀ

ਥਾਪਿ *(ਥਾਪ)*	ਰਖੀ	ਧਰਮ ਸਾਲ ॥ *(ਧਰਮਸ਼ਾਲ)*
ਥਾਪ ਕੇ	ਰੱਖਿਆ	ਧਰਮਸ਼ਾਲਾ, ਧਰਮ ਕਮਾਣ ਦੀ ਥਾਂ

...ਇਨ੍ਹਾਂ ਸਭਨਾਂ ਵਿਚ ਧਰਮ ਕਮਾਉਣ ਲਈ, ਧਰਤੀ ਨੂੰ ਸਥਾਪਤ ਕਰਕੇ ਟਿਕਾਇਆ ਹੋਇਆ ਹੈ।

ਤਿਸੁ *(ਤਿਸ)*	ਵਿਚਿ, *(ਵਿਚ)*	ਜੀਅ	ਜੁਗਤਿ, *(ਜੁਗਤ)*	ਕੇ	ਰੰਗ ॥
ਉਸ	ਵਿਚ	ਜੀਵ	ਜੁਗਤ, ਤਰੀਕਾ	ਦੇ	ਰੰਗਾਂ ਢੰਗਾਂ ਦੇ

...ਉਸ (ਧਰਮਸ਼ਾਲ) ਵਿਚ ਕਈ ਰੰਗਾਂ ਢੰਗਾਂ ਦੇ ਜੀਵਾਂ (ਦੀ ਸਾਜਨਾ ਕਰਕੇ ਉਨ੍ਹਾਂ ਦੇ ਰਹਿਣ ਸਹਿਣ ਦੀ) ਜੁਗਤੀ (ਵੀ ਬਣਾ ਦਿੱਤੀ ਹੈ।)

ਤਿਨ	ਕੇ	ਨਾਮ,	ਅਨੇਕ	ਅਨੰਤ ॥
ਉਨ੍ਹਾਂ	ਦੇ	ਨਾਂ	ਅਨੇਕਾਂ	ਬੇਅੰਤ

...ਉਨ੍ਹਾਂ (ਸਾਜੇ ਹੋਏ) ਜੀਵਾਂ ਦੇ ਅਣਗਿਣਤ ਅਤੇ ਅਨੰਤ ਨਾਮ ਹਨ।...

ਕਰਮੀ	ਕਰਮੀ ,	ਹੋਇ	ਵੀਚਾਰੁ ॥ *(ਵੀਚਾਰ)*
ਕਰਮਾਂ ਅਨੁਸਾਰ	ਕਰਮਾਂ ਅਨੁਸਾਰ	ਹੁੰਦਾ ਹੈ	ਪਰਖ, ਵਿਚਾਰ ਵਟਾਂਦਰਾ

ਅੰਕ ੭

...(ਇਸ ਧਰਮਸ਼ਾਲ ਵਿਚ ਜੀਵਾਂ ਦੇ ਕੀਤੇ ਹੋਏ) ਕਰਮਾਂ ਅਨੁਸਾਰ ਹੀ (ਪਰਮਾਤਮ ਦੁਆਰ ਉੱਤੇ) ਉਨ੍ਹਾਂ ਦੀ ਪਰਖ ਜਾਂ ਉਨ੍ਹਾਂ ਬਾਰੇ ਵਿਚਾਰ ਵਟਾਂਦਰਾ ਹੁੰਦਾ ਹੈ।

ਸਚਾ	**ਆਪਿ,** *(ਆਪ)*	**ਸਚਾ**	**ਦਰਬਾਰੁ** ॥ *(ਦਰਬਾਰ)*
ਸੱਚ, ਸਦਾ-ਸਥਿਰ	ਆਪ	ਸੱਚਾ, ਅਟੱਲ	ਦਰਬਾਰ, ਕਚਿਹਰੀ

...(ਕਰਤਾ-ਪੁਰਖ ਜੀ) ਆਪ ਸਦਾ ਸੱਚ ਹਨ, ਭਾਵ ਸਦਾ ਅਟੱਲ ਹਨ ਅਤੇ ਉਨ੍ਹਾਂ ਦਾ ਦਰਬਾਰ ਵੀ ਸਦਾ ਅਟੱਲ ਹੈ।

ਤਿਥੈ	**ਸੋਹਨਿ,** *(ਸੋਹਨ)*	**ਪੰਚ**	**ਪਰਵਾਣੁ** ॥ *(ਪਰਵਾਣ)*
ਉੱਥੇ	ਸੋਂਹਦੇ, ਸ਼ੋਭਨੀਕ ਹੁੰਦੇ	ਪੰਚ ਜਨ, ਪੁੱਗੇ ਹੋਏ	ਪਰਵਾਨਿਤ, ਪਰਵਾਨ ਹੋਏ ਹੋਏ

...ਉਥੇ (ਪਰਮਤਾਮ-ਦਰ ਤੇ) ਪਰਵਾਨਿਤ ਪੰਚ-ਜਨ, ਭਾਵ ਗੁਰਮੁਖ, ਬ੍ਰਹੱਮ ਗਿਆਨੀ ਸੁਸ਼ੋਭਿਤ ਹੁੰਦੇ ਹਨ।...

ਨਦਰੀ	**ਕਰਮਿ,** *(ਕਰਮ)*	**ਪਵੈ**	**ਨੀਸਾਣੁ** ॥ *(ਨੀਸ਼ਾਣ)*
ਨਦਰ ਕਰਨ ਵਾਲੇ	ਬਖਸ਼ਿਸ਼ ਦੁਆਰਾ	ਪੈਂਦਾ ਹੈ, ਲਗਦਾ ਹੈ	(ਪਰਮਾਤਮ ਮਿਹਰ ਦਾ) ਚਿਨ੍ਹ

...(ਉਨ੍ਹਾਂ ਪੰਚ-ਜਨਾਂ ਦੇ ਮਸਤਕ ਤੇ) ਨਦਰ ਕਰਨ ਵਾਲੇ, ਵਾਹਿਗੁਰੂ ਦੀ ਬਖਸ਼ਿਸ਼ ਦੁਆਰਾ (ਪਰਮਾਤਮ-ਮਿਹਰ) ਦਾ ਚਿਨ੍ਹ ਲਗਦਾ ਹੈ।...

ਕਚ	**ਪਕਾਈ,**	**ਓਥੈ**	**ਪਾਇ** ॥
ਕਚਿਆਈ	ਪਕਿਆਈ	ਉਥੇ (ਪਰਮਾਤਮ ਦਰ ਦੇ)	ਪਾਈ ਜਾਂਦੀ ਹੈ।

...(ਕਰਮਾਂ ਦਾ ਸਰੂਪ ਇਥੇ ਮਲੂਮ ਨਹੀਂ ਹੁੰਦਾ, ਕੂੜਿਆਂ ਦੀ) ਕਚਿਆਈ ਅਤੇ (ਭਗਤ ਜਨਾਂ ਦੀ) ਪਕਿਆਈ ਦਾ ਨਿਰਣਾ ਪ੍ਰਭੂ ਦਰ ਤੇ ਜਾਕੇ ਹੁੰਦਾ ਹੈ।...

ਨਾਨਕ,	**ਗਇਆ** *(ਗਇਆਂ)*	**ਜਾਪੈ**	**ਜਾਇ** ॥੩੪॥
ਹੇ ! ਨਾਨਕ	ਗਿਆਂ ਹੀ	ਜਾਣਿਆ	ਜਾਇਗਾ, ਲਗੇਗਾ

...ਹੇ! ਨਾਨਕ! (ਪ੍ਰਭੂ-ਦਰ ਤੇ) ਪੁੱਜ ਕੇ ਹੀ ਜਾਣਿਆਂ ਜਾਏਗਾ, ਪਰਖਿਆ ਜਾਇਗਾ ਕਿ (ਕੌਣ ਖੋਟਾ ਅਤੇ ਕੌਣ ਖਰਾ ਹੈ।)

ਧਰਮ	**ਖੰਡ**	**ਕਾ,**	**ਏਹੋ**	**ਧਰਮੁ** ॥ *(ਧਰਮ)*
ਸਤਿ-ਸਾਧਨਾ	ਭਾਗ, ਪੜਾ, ਮੰਜ਼ਿਲ	ਦਾ	ਇਹੀ	ਨਿਯਮ, ਵਿਧੀ-ਵਿਧਾਨ

ਧਰਮ ਦੀ ਕਮਾਈ, ਭਾਵ ਸਤਿ-ਸਾਧਨਾ ਕਰਨ ਵਾਲੇ ਖੰਡ (ਜਿਸਨੂੰ ਉਪਰਲੀ ਪਉੜੀ ਵਿਚ ਧਰਮਸ਼ਾਲ ਕਹਿ ਕੇ ਉਸਦਾ ਵਿਸਥਾਰ ਕੀਤਾ ਹੈ) ਦਾ ਇਹੋ ਹੀ ਵਿਧੀ-ਵਿਧਾਨ, ਭਾਵ ਮਰਿਯਾਦਾ ਹੈ।...

ਅੰਕ ੭

ਗਿਆਨ	ਖੰਡ	ਕਾ,	ਆਖਹੁ	ਕਰਮੁ ॥*(ਕਰਮ)*
ਜਾਣਕਾਰੀ, ਬੋਧ	ਭਾਗ, ਪੜਾ, ਮੰਜ਼ਿਲ	ਦਾ	ਆਖਦਾ ਹਾਂ	ਕੰਮ, ਵਰਤਾਰਾ, ਲੱਛਣ

...(ਹੁਣ ਮੈਂ ਪਰਮਾਤਮ) ਗਿਆਨ ਦੀ ਮੰਜ਼ਿਲ ਦੇ ਵਰਤਾਰੇ ਬਾਰੇ ਦਸਦਾ ਹਾਂ।...

ਕੇਤੇ,	ਪਵਣ	ਪਾਣੀ	ਵੈਸੰਤਰ,	ਕੇਤੇ	ਕਾਨ*(ਕਾਨ੍ਹ)*	ਮਹੇਸ ॥*(ਮਹੇਸ਼)*
ਕਿਤਨੇ	ਪਉਣ, ਹਵਾ	ਜਲ(ਸਰੋਤ)	ਅਗਨੀ	ਕਿਤਨੇ ਹੀ	ਕਾਨ੍ਹ, ਕ੍ਰਿਸ਼ਨ	ਸ਼ਿਵ

...ਕਿਤਨੇ ਹੀ ਪ੍ਰਕਾਰ ਦੀਆਂ ਪਉਣ, ਪਾਣੀ ਅਤੇ ਅਗਨੀਆਂ ਹਨ। ਅਣਗਿਣਤ ਹੀ ਕ੍ਰਿਸ਼ਨ ਅਤੇ ਸ਼ਿਵ ਹਨ।...

ਕੇਤੇ	ਬਰਮੇ,	ਘਾੜਤਿ	ਘੜੀਅਹਿ, *(ਘੜੀਅਹਿਂ)*
ਕਿਤਨੇ ਹੀ ਬ੍ਰਹਮੇ	ਘਾੜਤਾਂ, ਸ਼ਕਲਾਂ	ਘੜੇ ਜਾ ਰਹੇ ਹਨ,	ਬਣਾਏ ਜਾ ਰਹੇ ਹਨ

ਰੂਪ	ਰੰਗ	ਕੇ	ਵੇਸ ॥
ਸੁੰਦਰਤਾ	ਰੰਗ	ਦੇ	ਸਰੂਪ, ਸ਼ਕਲ

...ਅਣਗਿਣਤ ਹੀ ਬ੍ਰਹਮੇ ਹਨ, ਜਿਨ੍ਹਾਂ ਦੀਆਂ ਘਾੜਤਾਂ ਘੜੀਆਂ ਜਾ ਰਹੀਆਂ ਹਨ। ਜੋ ਵੰਨ ਸੁਵੰਨੇ ਰੂਪਾਂ, ਰੰਗਾਂ ਅਤੇ ਸਰੂਪਾਂ ਵਾਲੇ ਹਨ।...

ਕੇਤੀਆ*(ਕੇਤੀਆਂ)*	ਕਰਮ ਭੂਮੀ ,	ਮੇਰ	ਕੇਤੇ,
ਕਿਤਨੀਆਂ	ਸ਼ੁਭ ਕਰਮ ਕਰਨ ਵਾਲੀਆਂ ਧਰਤੀਆਂ	ਸੁਮੇਰ ਪਰਬਤ, ਪਹਾੜ	ਕਿਤਨੇ ਹੀ

ਕੇਤੇ	ਧੂ	ਉਪਦੇਸ ॥*(ਉਪਦੇਸ਼)*
ਕਿਤਨੇ ਹੀ	ਧਰੂ ਭਗਤ	ਸਿਖਿਆ

...ਅਣਗਿਣਤ ਹੀ ਕਰਮ-ਭੂਮੀਆਂ ਹਨ, ਅਨੇਕਾਂ ਹੀ ਸੁਮੇਰ ਪਰਬਤ ਹਨ, ਅਤੇ ਅਣਗਿਣਤ ਹੀ ਧਰੂ (ਵਰਗੇ ਬ੍ਰਹਮ-ਗਿਆਨੀ) ਹਨ ਅਤੇ ਅਣਗਿਣਤ ਹੀ (ਉਨ੍ਹਾਂ ਭਗਤ ਜਨਾਂ ਦੀਆਂ) ਸਿਖਿਆਵਾਂ ਹਨ।...

ਕੇਤੇ	ਇੰਦ,	ਚੰਦ	ਸੂਰ	ਕੇਤੇ,
ਕਿਤਨੇ ਹੀ	ਇੰਦਰ	ਚੰਦਰਮਾ	ਸੂਰਜ	ਕਿਤਨੇ ਹੀ

ਕੇਤੇ	ਮੰਡਲ	ਦੇਸ ॥*(ਦੇਸ਼)*
ਕਿਤਨੇ	ਮੰਡਲ, ਇਕ ਭੂਗੋਲਿਕ ਇਕਾਈ	ਦੇਸ਼, ਲੋਕ, ਖੰਡ

ਅੰਕ ੭

...ਅਣਗਿਣਤ ਹੀ ਮੀਂਹ ਦੇ ਇੰਦਰ ਦੇਵਤੇ, ਚੰਦਰਮਾ ਅਤੇ ਸੂਰਜ ਹਨ। ਕਿਤਨੇ ਹੀ ਮੰਡਲ ਅਤੇ ਹੋਰ ਦੇਸ਼ ਹਨ।...

ਕੇਤੇ	**ਸਿਧ**	**ਬੁਧ ,**	**ਨਾਥ**
ਕਿਤਨੇ ਹੀ	ਸਿੱਧੀਆਂ ਪ੍ਰਾਪਤ ਸਿੱਧ	ਮਹਾਤਮਾ ਬੁੱਧ	ਜੋਗ ਧਰਮ ਦੇ ਆਚਾਰੀਆ

ਕੇਤੇ,	**ਕੇਤੇ**	**ਦੇਵੀ** *(ਦੇਵੀਂ)*	**ਵੇਸ ॥**
ਕਿਤਨੇ ਹੀ	ਕਿਤਨੇ ਹੀ	ਦੇਵੀਆਂ ਦੇ	ਸਰੂਪ, ਮੂਰਤਾਂ

...ਅਣਗਿਣਤ ਹੀ ਸਿੱਧ, ਮਹਾਤਮਾ ਬੁੱਧ, ਜੋਗ ਧਰਮ ਦੇ ਨਾਥ ਹਨ। ਦੇਵੀਆਂ ਦੇ ਅਣਗਿਣਤ ਹੀ ਸਰੂਪ ਹਨ।...

ਕੇਤੇ	**ਦੇਵ**	**ਦਾਨਵ ,**	**ਮੁਨਿ** *(ਮੁਨ)*	**ਕੇਤੇ,**
ਕਿਤਨੇ ਹੀ	ਦੇਵਤੇ	ਦੈਂਤ, ਰਾਖਸ਼	ਰਿਸ਼ੀ ਮੁਨੀ	ਕਿਤਨੇ ਹੀ

ਕੇਤੇ	**ਰਤਨ**	**ਸਮੁੰਦ ॥**
ਕਿਤਨੇ ਹੀ	ਚੌਦਾਂ ਰਤਨ	ਸਾਗਰ, ਸਮੁੰਦਰ

...ਅਣਗਿਣਤ ਹੀ ਦੇਵਤੇ, ਰਾਖਸ਼ ਅਤੇ ਰਿਸ਼ੀ-ਮੁਨੀ ਹਨ। ਅਣਗਿਣਤ ਹੀ ਸਾਗਰ ਹਨ ਅਤੇ ਉਨ੍ਹਾਂ ਵਿਚ ਪਏ ਹੋਏ, ਅਣਗਿਣਤ ਹੀ ਰਤਨ (ਭਾਵ ਕੀਮਤੀ ਵਸਤੂਆਂ) ਹਨ।...

ਕੇਤੀਆ *(ਕੇਤੀਆਂ)*	**ਖਾਣੀ**	**ਕੇਤੀਆ** *(ਕੇਤੀਆਂ)*	**ਬਾਣੀ,**
ਕਿਤਨੀਆਂ	ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ)	ਕਿਤਨੀਆਂ	ਬਾਣੀਆਂ, ਬੋਲੀਆਂ, ਅਵਾਜ਼ਾਂ

ਕੇਤੇ	**ਪਾਤ**	**ਨਰਿੰਦ ॥**
ਕਿਤਨੇ ਹੀ	ਪਾਤਸ਼ਾਹ	ਰਾਜੇ

...ਅਣਗਿਣਤ ਹੀ ਖਾਣੀਆਂ ਹਨ, ਜੀਵਾਂ ਦੀਆਂ ਅਣਗਿਣਤ ਹੀ ਬੋਲੀਆਂ ਅਤੇ ਅਵਾਜ਼ਾਂ ਹਨ। ਬੇਅੰਤ ਹੀ ਰਾਜੇ ਅਤੇ ਪਾਤਸ਼ਾਹ ਹਨ।...

ਕੇਤੀਆ *(ਕੇਤੀਆਂ)*	**ਸੁਰਤੀ,**	**ਸੇਵਕ**	**ਕੇਤੇ,**
ਕਿਤਨੀਆਂ ਹੀ	ਧਿਆਨ,ਸਮਾਧੀ	ਸੇਵਾ ਕਰਨ ਵਾਲੇ	ਕਤਨੇ ਹੀ

ਅੰਕ ੮

ਨਾਨਕ,	ਅੰਤੁ *(ਅੰਤ)*	ਨ *(ਨਾਂ)*	ਅੰਤੁ ॥੩੫॥ *(ਅੰਤ)*
ਹੇ ! ਨਾਨਕ	ਅਖੀਰ	ਨਹੀਂ	ਅਖੀਰ

...ਅਣਗਿਣਤ ਹੀ ਪ੍ਰਕਾਰ ਦੇ ਧਿਆਨ ਅਥਵਾ ਸਮਾਧੀਆਂ ਹਨ ਅਤੇ ਸੇਵਕ ਹਨ। ਹੇ! ਨਾਨਕ! ਇਸ ਅਨੰਤ ਵਿਸਥਾਰ ਦਾ ਕੋਈ ਅੰਤ ਨਹੀਂ।

ਗਿਆਨ ਖੰਡ	ਮਹਿ, *(ਮਹਿਂ)*	ਗਿਆਨੁ *(ਗਿਆਨ)*	ਪਰਚੰਡੁ ॥ *(ਪਰਚੰਡ)*
ਪਰਮਤਾਮ-ਬੋਧ ਦੀ ਮੰਜ਼ਿਲ	ਵਿਚ	(ਪਰਮਾਤਮ) ਬੋਧ	ਪ੍ਰਬਲ, ਤੇਜਵਾਨ, ਤੀਬਰ

(ਜਦੋਂ ਧਰਮ-ਸਾਧਕ) ਪਰਮਾਤਮ-ਬੋਧ (ਗਿਆਨ-ਖੰਡ) ਦੀ ਮੰਜ਼ਿਲ ਵਿਚ ਪਰਵੇਸ਼ ਕਰਦਾ ਹੈ, ਤਾਂ ਉਸਦਾ ਪਰਮਾਤਮ-ਗਿਆਨ ਬਹੁਤ ਪ੍ਰਚੰਡ ਅਥਵਾ ਤੇਜਸ੍ਵੀ ਹੋ ਜਾਂਦਾ ਹੈ, (ਅਤੇ ਸਾਧਨਾ ਦੇ ਪ੍ਰਕਾਸ਼ ਵਿਚ ਧਰਮ-ਸਾਧਕ ਨੂੰ ਉਪਰੋਕਤ ਸਾਰੇ ਵਿਸਥਾਰ ਦੀ ਸੋਝੀ ਹੋ ਜਾਂਦੀ ਹੈ।...

ਤਿਥੈ	ਨਾਦ	ਬਿਨੋਦ	ਕੋਡ	ਅਨੰਦੁ ॥ *(ਅਨੰਦ)*
ਉਥੇ	ਇਲਾਹੀ ਧੁਨੀਆਂ	(ਪਰਮਾਤਮ)	ਕੌਤਕ	ਕਰੋੜਾਂ ਹੀ ਖ਼ੁਸ਼ੀਆਂ

...(ਪਰਮਾਤਮ) ਗਿਆਨ ਦੇ ਖੰਡ ਵਿਚ ਅਣਗਿਣਤ ਹੀ ਇਲਾਹੀ ਧੁਨੀਆਂ, ਪਰਮਾਤਮ-ਕੌਤਕ ਅਤੇ ਕਰੋੜਾਂ ਹੀ ਖ਼ੁਸ਼ੀਆਂ (ਦਾ ਅਨੁਭਵ, ਧਰਮ-ਸਾਧਕ ਨੂੰ ਹੁੰਦਾ ਹੈ।)...

ਸਰਮ *(ਸ਼ਰਮ)*	ਖੰਡ	ਕੀ ,
(ਰੂਹਾਨੀ) ਉੱਦਮ, ਧਰਮ ਸਾਧਨਾ	ਭਾਗ, ਪੜਾ, ਮੰਜ਼ਿਲ	ਦੀ

ਬਾਣੀ	ਰੂਪੁ ॥ *(ਰੂਪ)*
ਬਣਾਵਟ, ਬਣਤਰ	ਰੂਹਾਨੀ ਸੁੰਦਰਤਾ, ਆਤਮਿਕ ਸੁਹਜ

...ਰੂਹਾਨੀ ਧਰਮ-ਸਾਧਨਾ ਦੀ ਮੰਜ਼ਿਲ ਤੇ (ਧਰਮ-ਸਾਧਕ ਦੀ ਜੀਵਨ ਜਾਚ ਦੀ) ਬਣਤਰ, ਸੁੰਦਰ ਅਥਵਾ ਆਤਮਿਕ-ਸੁਹਜ (ਵਾਲੀ ਹੋ ਜਾਂਦੀ ਹੈ।)

ਤਿਥੈ	ਘਾੜਤਿ *(ਘਾੜਤ)*	ਘੜੀਐ,	ਬਹੁਤੁ *(ਬਹੁਤ)*	ਅਨੂਪੁ ॥ *(ਅਨੂਪ)*
ਉਥੇ	ਬਨਾਵਟ, ਸ਼ਕਲ	ਘੜੀ ਜਾਂਦੀ ਹੈ	ਅਤਿਅੰਤ	ਅਨੂਪਮ, ਬੇਮਿਸਾਲ

...ਉਥੇ (ਸਰਮ ਖੰਡ ਵਿਚ) ਧਰਮ-ਸਾਧਕ ਦੀ (ਧਰਮ-ਸਾਧਨਾ ਰਾਹੀਂ) ਅਤਿਅੰਤ ਹੀ ਅਲੌਕਿਕ ਤੇ ਬੇਮਿਸਾਲ ਘਾੜਤ ਘੜੀ ਜਾਂਦੀ ਹੈ।...

ਤਾ	ਕੀਆ *(ਕੀਆਂ)*	ਗਲਾ, *(ਗਲਾਂ)*	ਕਥੀਆ *(ਕਥੀਆਂ)*	ਨਾ	ਜਾਹਿ ॥ *(ਜਾਹਿਂ)*
ਉਥੋਂ	ਦੀਆਂ	ਗਲਾਂ, ਵੇਰਵਾ	ਵਿਚਾਰੀਆਂ, ਕਹੀਆਂ	ਨਹੀਂ	ਜਾਂਦੀਆਂ

ਅੰਕ ੮

...ਉਥੋਂ ਦੀਆਂ (ਸਰਮ ਖੰਡ ਵਾਲੀ ਅਨੂਪਮ ਅਵਸਥਾ ਦੀ ਮਹਿਮਾ ਵਾਲੀਆਂ) ਗਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ।...

ਜੇ	ਕੋ	ਕਹੈ	ਪਿਛੈ	ਪਛੁਤਾਇ ॥ *(ਪਛਤਾਏ)*
ਜੇਕਰ	ਕੋਈ	ਆਖਦਾ ਹੈ, ਕਰਦਾ ਹੈ	ਪਿਛੋਂ	ਪਛਤਾਉਂਦਾ ਹੈ।

...ਜੇਕਰ ਕੋਈ (ਸਰਮ ਖੰਡ ਦੀ ਇਸ ਅਤਿਅੰਤ ਅਲੌਕਿਕ ਅਵਸਥਾ ਦਾ ਬਿਆਨ) ਕਰਦਾ ਹੈ ਤਾਂ (ਪੂਰੀ ਤਰ੍ਹਾਂ ਬਿਆਨ ਨਾ ਕਰਨ ਕਰਕੇ) ਪਿਛੋਂ ਪਛਤਾਉਂਦਾ ਹੈ।...

ਤਿਥੈ	ਘੜੀਐ,	ਸੁਰਤਿ *(ਸੁਰਤ)*	ਮਤਿ *(ਮਤ)*	ਮਨਿ *(ਮਨ)*	ਬੁਧਿ ॥ *(ਬੁੱਧ)*
ਉਥੇ	ਘੜੀ ਜਾਂਦੀ ਹੈ	ਸੁਰਤੀ-ਬਿਰਤੀ	ਸਮਝ	ਮਨ,ਚਿੱਤ	ਬੁੱਧੀ

...ਉਥੇ (ਸਰਮ ਖੰਡ ਦੀ ਅਵਸਥਾ ਵਿਚ ਧਰਮ-ਸਾਧਕ ਦੀ) ਸੁਰਤੀ ਬਿਰਤੀ, ਸਮਝ, ਚਿੱਤ ਅਤੇ ਬੁੱਧੀ ਨੂੰ (ਨਵੇਂ ਸਿਰਿਉਂ) ਘੜਿਆ ਜਾਂਦਾ ਹੈ।(ਭਾਵ ਧਰਮ ਸਾਧਕ ਦੀਆਂ ਇਨ੍ਹਾਂ ਗਿਆਨ-ਇੰਦਰੀਆਂ ਦਾ ਨਵ-ਨਿਰਮਾਣ ਹੋ ਜਾਂਦਾ ਹੈ। ਇਨ੍ਹਾਂ ਨੂੰ ਨਵੇਂ ਸਿਰਿਉਂ ਢਾਲਿਆਂ ਜਾਂਦਾ ਹੈ।)...

ਤਿਥੈ	ਘੜੀਐ,	ਸੁਰਾ *(ਸੁਰਾਂ)*	ਸਿਧਾ *(ਸਿਧਾਂ)*	ਕੀ	ਸੁਧਿ ॥੩੬॥ *(ਸੁੱਧ)*
ਉਥੇ	ਘੜੀ ਜਾਂਦੀ ਹੈ	ਦੇਵਤਿਆਂ	ਸਿੱਧਾਂ, ਸਿੱਧੀਵਾਨਾਂ	ਵਾਲੀ	ਅਕਲ

...ਉਥੇ (ਧਰਮ ਸਾਧਕ ਦੀ) ਸੁਧ ਭਾਵ ਸੂਝ ਬੂਝ ਦੇਵਤਿਆਂ ਅਤੇ ਸਿਧੀਵਾਨ ਪੁਰਸ਼ਾਂ ਵਰਗੀ ਘੜੀ ਜਾਂਦੀ ਹੈ।(ਭਾਵ ਉਨ੍ਹਾਂ ਦੀ ਆਤਮਿਕ ਅਵਸਥਾ ਬਹੁਤ ਉਚੇਰੇ ਵਿਵੇਕਵਾਨ-ਪੁਰਸ਼ਾਂ ਵਰਗੀ ਹੋ ਜਾਂਦੀ ਹੈ।...

ਕਰਮ	ਖੰਡ	ਕੀ,	ਬਾਣੀ	ਜੋਰੁ ॥ *(ਜ਼ੋਰ)*
ਬਖਸ਼ਿਸ਼, ਮਿਹਰ	ਭਾਗ, ਪੜਾ, ਮੰਜ਼ਿਲ	ਦੀ	ਬਣਾਵਟ	ਬਲ, ਅਧਿਆਤਕ ਸ਼ਕਤੀ

...(ਪਰਮਾਤਮ) ਬਖਸ਼ਿਸ਼ ਦੇ ਖੰਡ ਵਿਚਲੇ (ਧਰਮ-ਸਾਧਕ ਦੀ) ਬਣਾਵਟ ਅਥਵਾ ਸਰੂਪ, ਬਹੁਤ ਬਲ ਵਾਲਾ ਭਾਵ ਅਧਿਆਤਮਕ ਸ਼ਕਤੀ ਵਾਲਾ ਹੁੰਦਾ ਹੈ।...

ਤਿਥੈ,	ਹੋਰੁ *(ਹੋਰ)*	ਨ *(ਨਾਂ)*	ਕੋਈ	ਹੋਰੁ ॥ *(ਹੋਰ)*
ਉਥੇ	ਕੋਈ ਦੂਜਾ	ਨਹੀਂ	ਕੋਈ	ਦੂਸਰਾ

...ਉਥੇ (ਇਸ ਬਖਸ਼ਿਸ਼ ਦੀ ਅਵਸਥਾ ਵਿਚ ਧਰਮ-ਸਾਧਕ ਦੇ ਹਿਰਦੇ ਅੰਦਰ ਪਰਮਾਤਮਾ ਤੋਂ ਸਿਵਾਇ) ਹੋਰ ਕੋਈ ਦੂਸਰਾ ਨਹੀਂ ਹੁੰਦਾ।...

ਤਿਥੈ	ਜੋਧ	ਮਹਾਬਲ *(ਮਹਾਂਬਲ)*	ਸੂਰ ॥
ਉਥੇ	ਜੋਧੇ	ਅਤਿਅੰਤ ਬਲੀ	ਸੂਰਬੀਰ

ਅੰਕ ੮

...ਉਥੇ (ਇਸ ਬਖਸ਼ਿਸ਼ ਵਾਲੀ ਮੰਜ਼ਿਲ ਤੇ ਅਧਿਆਤਮਕ-ਅਵਸਥਾ ਦੀਆਂ ਸਿਖਰਾਂ ਨੂੰ ਛੂਹਣ ਵਾਲੇ ਮਹਾਂ-ਸਾਧਕ) ਅਤਿਅੰਤ ਬਲੀ ਜੋਧੇ ਅਤੇ ਸੂਰਬੀਰ ਹੁੰਦੇ ਹਨ।...

ਤਿਨ *(ਤਿਨੑ)*	ਮਹਿ, *(ਮਹਿੰ)*	ਰਾਮੁ *(ਰਾਮ)*	ਰਹਿਆ	ਭਰਪੂਰ ॥
ਤਿਨ੍ਹਾਂ	ਵਿਚ	ਰਮਿਆ ਹੋਇਆ, ਪ੍ਰਭੂ	ਵਸਿਆ	ਪੂਰਨ ਰੂਪ ਵਿਚ, ਪਰਿਪੂਰਨ

...ਤਿਨ੍ਹਾਂ (ਮਹਾਂ ਧਰਮ-ਸਾਧਕਾਂ ਦੇ ਹਿਰਦਿਆਂ) ਵਿਚ ਪਰਮਾਤਮਾ ਪੂਰਨ ਰੂਪ ਵਿਚ ਵਸਿਆ ਹੁੰਦਾ ਹੈ।...

ਤਿਥੈ,	ਸੀਤੋ	ਸੀਤਾ,
ਉਥੇ	ਪਰੋਇਆ	ਸੀਤਾ ਹੋਇਆ, ਜੁੜਿਆ ਹੋਇਆ, ਲੀਨ

ਮਹਿਮਾ	ਮਾਹਿ ॥ *(ਮਾਹਿੰ)*
ਉਸਤਤ, ਸਿਫ਼ਤ ਸਲਾਹ	ਵਿਚ

...ਉਥੇ (ਵਾਹਿਗੁਰੂ ਦੀ ਬਖਸ਼ਿਸ਼ ਵਾਲੇ ਧਰਮ-ਸਾਧਕ) ਪਰਮਾਤਮਾ ਦੀ ਸਿਫ਼ਤ ਸਲਾਹ ਅੰਦਰ ਪੂਰਨ ਰੂਪ ਵਿਚ, ਪਰੋਤੇ ਹੋਏ ਭਾਵ ਅਭੇਦ ਹੁੰਦੇ ਹਨ।...

ਤਾ *(ਤਾਂ)*	ਕੇ	ਰੂਪ,	ਨ *(ਨਾਂ)*	ਕਥਨੇ	ਜਾਹਿ ॥ *(ਜਾਹਿੰ)*
ਉਨ੍ਹਾਂ	ਦੇ	(ਤੇਜਸ੍ਵੀ) ਸਰੂਪ	ਨਹੀਂ	ਕਥੇ, ਆਖੇ	ਜਾ ਸਕਦੇ

...ਉਨ੍ਹਾਂ (ਅਧਿਆਤਮਿਕ ਬਖਸ਼ਿਸ਼ਾਂ ਵਾਲੇ ਮਹਾਂ-ਸਾਧਕਾਂ ਦੇ) ਤੇਜਸ੍ਵੀ ਸਰੂਪ ਨੂੰ ਕਥਿਆ ਨਹੀਂ ਜਾ ਸਕਦਾ।

ਨਾ	ਓਹਿ *(ਓਹ)*	ਮਰਹਿ, *(ਮਰਹਿੰ)*	ਨ *(ਨਾਂ)*	ਠਾਗੇ	ਜਾਹਿ ॥ *(ਜਾਹਿੰ)*
ਨਹੀਂ	ਉਹ	ਮਰਦੇ	ਨਾ ਹੀ	ਠੱਗੇ	ਜਾਂਦੇ

ਜਿਨ ਕੈ,	ਰਾਮੁ *(ਰਾਮ)*	ਵਸੈ	ਮਨ	ਮਾਹਿ ॥ *(ਮਾਹਿੰ)*
ਜਿਨ੍ਹਾਂ ਦੇ	ਰਮਿਆ ਹੋਇਆ,ਪਰਮਾਤਮਾ	ਵਸਦਾ ਹੈ	ਚਿੱਤ	ਵਿਚ

...(ਪਰਮਾਤਮ ਬਖਸ਼ਿਸ਼ ਵਾਲੇ ਮਹਾਂ-ਸਾਧਕ) ਜਿਨ੍ਹਾਂ ਦੇ ਚਿੱਤ ਵਿਚ ਪਰਮਾਤਮਾ ਵਸਦਾ ਹੈ, ਨਾਂ ਹੀ ਉਹ (ਆਤਮਿਕ ਮੌਤ) ਮਰਦੇ ਹਨ ਅਤੇ ਨਾ ਹੀ (ਮਾਇਆ ਹੱਥੋਂ) ਠੱਗੇ ਭਾਵ ਛਲੇ ਜਾਂਦੇ ਹਨ।...

ਤਿਥੈ	ਭਗਤ	ਵਸਹਿ *(ਵਸਹਿੰ)*	ਕੇ	ਲੋਅ ॥
ਉਥੇ	ਭਗਤ ਜਨ(ਮਹਾਂ ਸਾਧਕ)	ਵਸਦੇ ਹਨ	ਕਿੰਨੇ ਹੀ	ਭਵਣ, ਲੋਕ

...(ਅਕਾਲ ਪੁਰਖ ਦੀ ਇਸ ਮਿਹਰ ਵਾਲੀ ਅਵਸਥਾ ਵਿਚ) ਅਣਗਿਣਤ ਹੀ ਭਵਣਾਂ ਦੇ (ਮਹਾਂ-ਸਾਧਕ) ਭਗਤ-ਜਨ ਵਸਦੇ ਹਨ।...

ਕਰਹਿ *(ਕਰਹਿਂ)*	**ਅਨੰਦੁ,** *(ਅਨੰਦ)*	**ਸਚਾ**	**ਮਨਿ** *(ਮਨ)*	**ਸੋਇ ॥**
ਕਰਦੇ ਹਨ	ਅਧਿਆਤਮਕ ਖੁਸ਼ੀਆਂ, ਖੇੜੇ	ਸੱਤ ਸਰੂਪ ਪਰਮਾਤਮਾ	ਚਿੱਤ ਵਿਚ	ਸੋਈ, ਉਹ

...(ਅਜਿਹੇ ਭਗਤ-ਜਨ) ਸਦਾ ਅਧਿਆਤਮਕ ਖਿੜਾਓ (ਨਦਰੀ ਨਦਰਿ ਨਿਹਾਲ) ਵਾਲੀ ਅਵਸਥਾ ਵਿਚ ਰਹਿੰਦੇ ਹਨ (ਕਿਉਂਕਿ) ਉਨ੍ਹਾਂ ਦੇ ਚਿੱਤ ਵਿਚ ਸਦਾ ਸੱਤ-ਸਰੂਪ ਪਰਮਾਤਮਾ (ਨਿਵਾਸ) ਕਰਦਾ ਹੈ।...

ਸਚ *(ਸੱਚ)*	**ਖੰਡਿ,** *(ਖੰਡ)*	**ਵਸੈ**	**ਨਿਰੰਕਾਰੁ ॥** *(ਨਿਰੰਕਾਰ)*
ਸੱਤ,(ਮਹਾਂ ਵਿਗਾਸ)	ਭਾਗ, ਪੜਾ, ਮੰਜ਼ਿਲ	ਵਸਦਾ ਹੈ	ਅਕਾਰ ਰਹਿਤ ਪ੍ਰਭੂ

...(ਸਚਿਆਰ ਹੋਣ ਦੀ ਯਾਤਰਾ ਦੇ ਮਹਾਂ-ਵਿਗਾਸ ਵਾਲੀ ਇਸ ਅੰਤਿਮ) ਸੱਤ-ਅਵਸਥਾ ਵਿਚ (ਮਹਾਂ-ਸਾਧਕ ਦੇ ਸਾਧਨਾ ਦੇ ਪ੍ਰਕਾਸ਼ ਨਾਲ ਸ਼ੁੱਧ ਹੋਏ ਹਿਰਦੇ ਅੰਦਰ ਉਹ) ਨਿਰੰਕਾਰ ਆਪ ਆਪਣਾ ਵਾਸਾ ਕਰ ਲੈਂਦਾ ਹੈ,...

ਕਰਿ *(ਕਰ)*	**ਕਰਿ** *(ਕਰ)*	**ਵੇਖੈ,**	**ਨਦਰਿ** *(ਨਦਰ)*	**ਨਿਹਾਲ ॥**
ਬਣਾਕੇ	ਵੇਖਦਾ ਹੈ,	ਸੰਭਾਲ	ਨਜ਼ਰ ਨਾਲ	ਪ੍ਰਸੰਨ, ਅਨੰਦਿਤ

...(ਜਿਹੜਾ ਨਿਰੰਕਾਰ ਸ੍ਰਿਸ਼ਟੀ ਨੂੰ) ਰਚਕੇ ਆਪਣੀ ਨਿਹਾਲ ਕਰਨ ਵਾਲੀ ਨਜ਼ਰ ਰਾਹੀਂ ਸਾਂਭ-ਸੰਭਾਲ ਕਰ ਰਿਹਾ ਹੈ...

ਤਿਥੈ	**ਖੰਡ**	**ਮੰਡਲ**	**ਵਰਭੰਡ ॥**
ਉਥੇ	ਭਵਣ	ਭੂਗੋਲਿਕ ਇਕਾਈ	ਬ੍ਰਹਿਮੰਡ

...(ਉਸ ਦੀ ਮਿਹਰ ਰਾਹੀਂ) ਉਥੇ (ਭਾਵ ਧਰਮ-ਸਾਧਕ ਨੂੰ ਸਚਿਆਰ ਹੋਣ ਦੀ ਉਸ ਅਵਸਥਾ ਵਿਚ) ਸਮੂਹ ਖੰਡ, ਮੰਡਲ ਅਤੇ (ਕਰਤਾ-ਪੁਰਖ ਦੀ) ਬ੍ਰਹਿਮੰਡੀ ਰਚਨਾ ਦੀ (ਅਨੰਤਤਾ ਦਾ ਅਨੁਭਵ, ਅੰਤਰ-ਗਿਆਨ ਹੋ ਜਾਂਦਾ ਹੈ।)...

ਜੇ	**ਕੋ**	**ਕਥੈ,**	**ਤ** *(ਤਾਂ)*	**ਅੰਤ**	**ਨ** *(ਨਾਂ)*	**ਅੰਤ ॥**
ਜੇਕਰ	ਕੋਈ	ਕਥਦਾ ਹੈ	ਤਾਂ	ਅਖੀਰ	ਨਹੀਂ	ਅਖੀਰ

...ਜੇਕਰ ਕੋਈ (ਸਚਿਆਰ ਪੁਰਸ਼, ਅਭੇਦਤਾ ਦੀ ਅਵਸਥਾ ਵਿਚ ਉਸ ਅਨੰਤ ਪ੍ਰਭੂ ਦੀ ਅਨੰਤਤਾ) ਦਾ ਵਰਨਣ ਕਰਨਾ ਚਾਹੇ ਤਾਂ ਉਸ ਕੋਲੋਂ ਕੋਈ ਅੰਤ ਨਹੀਂ ਹੋ ਸਕੇਗਾ।...

ਤਿਥੈ	**ਲੋਅ**	**ਲੋਅ**	**ਆਕਾਰ ॥**
ਉਥੇ	ਭਵਣ	ਭਵਣ	ਸ਼ਕਲਾਂ, ਉਨ੍ਹਾਂ ਵਿਚ ਬਣੀਆਂ ਹੋਈਆਂ ਵਸਤੂਆਂ

...(ਸਚਿਆਰ ਪੁਰਸ਼ ਨੂੰ) ਉਸ ਅਵਸਥਾ ਵਿਚ ਵੱਖੋ ਵੱਖਰੇ ਭਵਨਾਂ ਵਿਚ ਬਣੀਆਂ ਹੋਈਆਂ ਵਸਤੂਆਂ ਦੇ ਸੱਚ ਦਾ ਅਹਿਸਾਸ ਹੋ ਜਾਂਦਾ ਹੈ।)...

ਅੰਕ ੮

ਜਿਵ *(ਜਿੰਵ)*	ਜਿਵ *(ਜਿੰਵ)*	ਹੁਕਮੁ, *(ਹੁਕਮ)*	ਤਿਵੈ *(ਤਿਵੈਂ)*	ਤਿਵ *(ਤਿੰਵ)*	ਕਾਰ ॥
ਜਿਵੇਂ	ਜਿਵੇਂ	ਹੁਕਮ, ਰਜ਼ਾ	ਤਿਵੇਂ	ਤਿਵੇਂ	ਪ੍ਰਬੰਧ, ਕਾਰਵਾਈ

...(ਮਹਾਂ-ਸਾਧਕ ਨੂੰ ਇਸ ਅਵਸਥਾ ਵਿਚ ਇਹ ਵੀ ਅਨੁਭਵ ਹੋ ਜਾਂਦਾ ਹੈ ਕਿ ਪਰਮਾਤਮਾ ਆਪਣੇ) ਹੁਕਮ ਅਨੁਸਾਰ ਜਿਵੇਂ ਜਿਵੇਂ ਵੀ (ਇਸ ਬ੍ਰਹਿਮੰਡ ਦਾ ਕਾਰ-ਵਿਹਾਰ ਚਲਾ ਰਿਹੈ) ਤਿਵੇਂ ਤਿਵੇਂ ਹੀ (ਈਸ਼ਵਰੀ-ਵਿਧਾਨ ਰਾਹੀਂ) ਇਹ ਸਾਰਾ ਨਿਜ਼ਾਮ ਚਲ ਰਿਹਾ ਹੈ।...

ਵੇਖੈ	ਵਿਗਸੈ ,	ਕਰਿ *(ਕਰ)*	ਵੀਚਾਰ *(ਵੀਚਾਰ)*
ਵੇਖਦਾ ਹੈ, ਨਿਹਾਰਦਾ ਹੈ	ਵਿਗਸਦਾ ਹੈ, ਅਨੰਦਿਤ ਹੁੰਦਾ ਹੈ	ਕਰਕੇ	ਵਿਚਾਰ ਕਰਕੇ

...(ਇਸ ਅਵਸਥਾ ਵਿਚ ਜਾਕੇ ਸਚਿਆਰ-ਪੁਰਸ਼ਾਂ ਨੂੰ ਇਹ ਵੀ ਅੰਤਰ ਗਿਆਨ ਹੋ ਜਾਂਦਾ ਹੈ ਕਿ ਪਰਮ ਪਿਤਾ ਪਰਮਾਤਮਾ, ਸਭ ਸ੍ਰਿਸ਼ਟੀ ਨੂੰ) ਵਿਚਾਰ ਪੂਰਵਕ ਵੇਖਦਾ ਹੋਇਆ ਭਾਵ ਸੰਭਾਲ ਕਰਦਾ ਹੋਇਆ ਅਨੰਦਿਤ ਹੁੰਦਾ ਹੈ।...

ਨਾਨਕ,	ਕਥਨਾ	ਕਰੜਾ	ਸਾਰੁ ॥੩੭॥ *(ਸਾਰ)*
ਹੇ ! ਨਾਨਕ	ਕਥਨ ਕਰਨਾ	ਔਖਾ	ਲੋਹੇ

...ਹੇ! ਨਾਨਕ! (ਇਸ ਸੱਚ-ਖੰਡੀ ਅਵਸਥਾ) ਦਾ ਬਿਆਨ ਕਰਨਾ ਲੋਹੇ ਵਰਗਾ ਕਠਨ ਹੈ, ਭਾਵ ਅਤਿ ਬਿਖਮ ਕਾਰਜ ਹੈ।

ਜਤੁ *(ਜਤ)*	ਪਾਹਾਰਾ,
ਸਰੀਰਕ ਇੰਦ੍ਰਿਆਂ ਸੰਜਮ ਵਿਚ ਲਿਆਣ ਦਾ ਗੁਣ	ਸੁਨਿਆਰ ਦੀ ਭੱਠੀ, ਜਿਥੇ ਸੁਨਿਆਰਾ ਬਹਿ ਕੇ ਕੰਮ ਕਰਦਾ ਹੈ

ਧੀਰਜੁ *(ਧੀਰਜ)*	ਸੁਨਿਆਰੁ ॥ *(ਸੁਨਿਆਰ)*
ਸਬਰ, ਸਹਿਜ	ਸੁਨਿਆਰਾ

(ਜੇ ਧਰਮ-ਸਾਧਕ ਦੀ) ਜਤ ਰੂਪੀ ਭੱਠੀ ਹੋਵੇ, ਸਬਰ ਅਤੇ ਸਹਿਜ ਸੁਨਿਆਰਾ ਹੋਵੇ...

ਅਹਰਣਿ *(ਅਹਿਰਣ)*
ਅਹਿਰਣ, ਲੋਹੇ ਦਾ ਪਿੰਡ ਜਿਸ ਉਤੇ ਸੁਨਿਆਰ ਠੰਡਾ ਜਾਂ ਤੱਤਾ ਸੋਨਾ ਰੱਖਕੇ ਹਥੌੜੇ ਨਾਲ ਉਸ ਨੂੰ ਕੁੱਟਦਾ ਹੈ।

ਮਤਿ, *(ਮਤ)*	ਵੇਦੁ *(ਵੇਦ)*	ਹਥੀਆਰੁ ॥ *(ਹਥੀਆਰ)*
ਬੁੱਧੀ, ਅਕਲ	ਗਿਆਨ	ਹਥੌੜਾ

...ਬੁੱਧੀ ਅਹਿਰਣ ਹੋਵੇ ਅਤੇ ਗਿਆਨ ਦਾ ਹਥੌੜਾ (ਚਲੇ)...

ਅੰਕ ੮

ਭਉ	**ਖਲਾ,**
ਪਰਮਾਤਮਾ ਦਾ ਨਿਰਮਲ ਭੈ	ਧੌਂਕਣੀ, ਫੂਕ ਮਾਰਕੇ ਅੱਗ ਜਗਾਉਣ ਵਾਲਾ ਔਜ਼ਾਰ

ਅਗਨਿ *(ਅਗਨ)*	**ਤਪ**	**ਤਾਉ** ॥ *(ਤਾਓ)*
ਅਗਨੀ	ਸਾਧਨਾ, ਤਪੱਸਿਆ	ਤਪ ਕਰਨ ਦੀ ਕ੍ਰਿਆ

...ਪਰਮਾਤਮਾ ਦੇ ਨਿਰਮਲ ਭੈ ਦੀ ਧੌਂਕਣੀ ਹੋਵੇ, ਅਤੇ ਤਪ-ਸਾਧਨਾ ਕਰਨ ਦੀ ਕ੍ਰਿਆ ਅਗਨੀ ਹੋਵੇ।...

ਭਾਂਡਾ	**ਭਾਉ** *(ਭਾਓ)*	**ਅੰਮ੍ਰਿਤੁ** *(ਅੰਮ੍ਰਿਤ)*	**ਤਿਤੁ** *(ਤਿਤ)*	**ਢਾਲਿ** ॥ *(ਢਾਲ)*
ਬਰਤਨ, ਕੁਠਾਲੀ	ਪ੍ਰੇਮ, ਪਿਆਰ	ਸੁਧਾ, (ਹਰਿ-ਨਾਮ ਰੂਪੀ ਅੰਮ੍ਰਿਤ)	ਉਸ ਵਿਚ	ਪਿਘਲਾ ਕੇ

...(ਪਰਮਾਤਮ) ਪਿਆਰ ਰੂਪੀ ਕੁਠਾਲੀ ਵਿਚ, (ਹਰਿ-ਨਾਮ ਰੂਪੀ) ਅੰਮ੍ਰਿਤ ਢਾਲ ਕੇ...

ਘੜੀਐ	**ਸਬਦੁ,** *(ਸ਼ਬਦ)*	**ਸਚੀ**	**ਟਕਸਾਲ** ॥
ਘੜੀਦਾ ਹੈ	ਗੁਰ-ਸ਼ਬਦ	ਸੱਚ ਦੀ	ਸਿੱਕੇ/ਟਕੇ ਬਣਾਉਣ ਦਾ ਘਰ

...(ਇਹੋ ਜਿਹੀ) ਸੱਚੀ ਟਕਸਾਲ ਵਿਚ ਗੁਰ-ਸ਼ਬਦ ਰੂਪੀ (ਸਿੱਕਾ) ਘੜੀਦਾ ਹੈ।...

ਜਿਨ	**ਕਉ,**	**ਨਦਰਿ** *(ਨਦਰ)*	**ਕਰਮੁ,** *(ਕਰਮ)*	**ਤਿਨ**	**ਕਾਰ** ॥
ਜਿਨ੍ਹਾਂ	ਨੂੰ	ਨਜ਼ਰ	ਬਖਸ਼ਿਸ਼	ਤਿਨ੍ਹਾਂ ਨੂੰ	ਕਰਮ

...ਇਹ (ਸੱਚੀ ਟਕਸਾਲ ਵਿਚ, ਗੁਰ-ਸ਼ਬਦ ਨੂੰ ਘੜਨ ਦੀ) ਕਾਰ, ਉਨ੍ਹਾਂ (ਧਰਮ-ਸਾਧਕਾਂ ਦੀ ਹੁੰਦੀ ਹੈ) ਜਿਨ੍ਹਾਂ ਉੱਤੇ (ਪਰਮਾਤਮ) ਬਖਸ਼ਿਸ਼ ਦੀ ਕ੍ਰਿਪਾ-ਦ੍ਰਿਸ਼ਟੀ ਹੋਵੇ।...

ਨਾਨਕ,	**ਨਦਰੀ**	**ਨਦਰਿ** *(ਨਦਰ)*	**ਨਿਹਾਲ** ॥੩੮॥
ਹੇ! ਨਾਨਕ!	ਮਿਹਰ ਦੀ ਨਜ਼ਰ ਵਾਲਾ ਪ੍ਰਭੂ	ਨਜ਼ਰ, ਦ੍ਰਿਸ਼ਟੀ	ਅਨੰਦਿਤ, ਪ੍ਰਸੰਨ

...ਹੇ! ਨਾਨਕ! ਮਿਹਰ ਦੀ ਨਜ਼ਰ ਕਰਨ ਵਾਲੇ, ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਦੁਆਰਾ (ਸਚਿਆਰ-ਪੁਰਸ਼) ਨਿਹਾਲ ਨਿਹਾਲ ਹੋ ਜਾਂਦੇ ਹਨ।

ਸਲੋਕੁ ॥(ਸਲੋਕ)

ਪਵਣੁ *(ਪਵਣ)*	**ਗੁਰੂ,**	**ਪਾਣੀ**	**ਪਿਤਾ,**
ਪਉਣ	ਜੀਵਨ ਆਧਾਰ	ਜਲ	ਬਾਪ

ਅੰਕ ੮

ਮਾਤਾ	ਧਰਤਿ *(ਧਰਤ)*	ਮਹਤੁ ॥ *(ਮਹੱਤ)*
ਮਾਂ	ਧਰਤੀ, ਭੂਮੀ	ਵੱਡੀ, ਮਹਾਨ

...(ਜੀਵਾਂ ਲਈ) ਪਉਣ ਗੁਰੂ ਸਮਾਨ (ਜੀਵਨ-ਆਧਾਰ) ਹੈ, ਜਲ ਪਿਤਾ ਸਮਾਨ ਹੈ, ਅਤੇ ਧਰਤੀ ਸਭਨਾਂ ਦੀ (ਪਾਲਣਹਾਰ) ਵੱਡੀ ਮਾਂ ਹੈ।...

ਦਿਵਸੁ *(ਦਿਵਸ)*	ਰਾਤਿ *(ਰਾਤ)*	ਦੁਇ,	ਦਾਈ	ਦਾਇਆ
ਦਿਨ	ਰਾਤ	ਦੋਵੇਂ	ਖਿਡਾਵੀ	ਖਿਡਾਵਾ

ਖੇਲੈ	ਸਗਲ	ਜਗਤੁ ॥ *(ਜਗਤ)*
ਖੇਡ ਰਿਹੈ	ਸਾਰਾ	ਸੰਸਾਰ

...ਦਿਨ ਅਤੇ ਰਾਤ ਦੋਵੇਂ ਖਿਡਾਵੀ ਅਤੇ ਖਿਡਾਵਾ ਹਨ (ਜਿਨ੍ਹਾਂ ਦੇ ਹੱਥਾਂ ਵਿਚ) ਸਗਲ ਸੰਸਾਰ ਖੇਡ ਰਿਹਾ ਹੈ।(ਭਾਵ ਇਸ ਸੰਸਾਰ ਲੀਲ੍ਹਾ ਵਿਚ ਹਰ ਕੋਈ ਪਰਚਿਆ ਹੋਇਆ ਹੈ, ਅਤੇ ਆਪੋ ਆਪਣੀ ਪਾਤਰਤਾ ਨਿਭਾ ਰਿਹਾ ਹੈ।)...

ਚੰਗਿਆਈਆ *(ਚੰਗਿਆਈਆਂ)*	ਬੁਰਿਆਈਆ, *(ਬੁਰਿਆਈਆਂ)*
ਚੰਗੇ ਕਰਮ	ਬੁਰੇ ਕਰਮ

ਵਾਚੈ	ਧਰਮੁ, *(ਧਰਮ)*	ਹਦੂਰਿ ॥ *(ਹਦੂਰ)*
ਵਾਚਦਾ ਹੈ	ਧਰਮ ਰਾਜ	ਹਜ਼ੂਰੀ ਵਿਚ

...(ਜੀਵਾਂ ਦੇ) ਚੰਗੇ ਅਤੇ ਮਾੜੇ ਕਰਮਾਂ ਨੂੰ ਧਰਮ-ਰਾਜ (ਅਕਾਲ ਪੁਰਖ) ਦੀ ਹਜ਼ੂਰੀ ਵਿਚ ਵਾਚਦਾ ਹੈ, ਭਾਵ ਪਰਖ਼ਦਾ ਹੈ।

ਕਰਮੀ	ਆਪੋ	ਆਪਣੀ	ਕੇ	ਨੇੜੈ	ਕੇ	ਦੂਰਿ ॥ *(ਦੂਰ)*
ਕਰਮਾਂ ਅਨੁਸਾਰ	ਆਪਣੇ	ਆਪ ਦੀ	ਕਈ	ਨਜ਼ਦੀਕ	ਕਈ	ਦੂਰ, ਦੂਰੀ ਤੇ, ਵਿੱਥ

...ਆਪੋ ਆਪਣੇ ਕਰਮਾਂ ਅਨੁਸਾਰ ਕਈ (ਜੀਵ, ਕਰਤਾ-ਪੁਰਖ ਦੇ) ਨਜ਼ਦੀਕ ਹਨ ਅਤੇ ਕਈ ਦੂਰ ਹਨ।...

ਜਿਨੀ *(ਜਿਨ੍ਹੀਂ)*	ਨਾਮੁ *(ਨਾਮ)*	ਧਿਆਇਆ,
ਜਿਨ੍ਹਾਂ ਨੇ	ਹਰਿ-ਨਾਮ	ਸਿਮਰਿਆ

ਗਏ	ਮਸਕਤਿ *(ਮਸ਼ੱਕਤ)*	ਘਾਲਿ ॥ *(ਘਾਲ)*
ਰਵਾਨਾ ਹੋਏ, ਚਲੇ ਗਏ	ਮਿਹਨਤ, ਸੇਵਾ ਸਾਧਨਾ	ਘਾਲਣਾ, ਕਮਾਈ

ਅੰਕ ੮

...ਜਿਨ੍ਹਾਂ (ਧਰਮ-ਸਾਧਕਾਂ ਨੇ) ਹਰਿ-ਨਾਮ ਸਿਮਰਨ ਕੀਤਾ, ਅਤੇ ਸੇਵਾ-ਸਾਧਨਾ ਦੀ ਘਾਲ ਕਮਾਈ ਕਰਕੇ (ਇਸ ਸੰਸਾਰ ਤੋਂ) ਗਏ...

ਨਾਨਕ,	**ਤੇ**	**ਮੁਖ**	**ਉਜਲੇ,**
ਹੇ! ਨਾਨਕ	ਉਨ੍ਹਾਂ ਦੇ	ਮੂੰਹ	ਉਜ੍ਹਲ,

ਕੇਤੀ	**ਛੁਟੀ**	**ਨਾਲਿ ॥੧॥** *(ਨਾਲ)*
ਕਿਤਨੇ ਹੀ	ਛੁੱਟ ਗਏ, ਮੁਕਤ ਹੋ ਗਏ	ਸਾਥ, ਸੰਗਤ ਵਿਚ

...ਹੇ! ਨਾਨਕ! ਉਨ੍ਹਾਂ (ਸਚਿਆਰ-ਪਰਸ਼ਾਂ ਦੇ) ਮੁੱਖ (ਸਦਾ, ਪ੍ਰਭੂ ਦਰ ਤੇ) ਉਜ੍ਹਲ ਹੁੰਦੇ ਹਨ।(ਅਜਿਹੇ ਸੱਤ-ਪੁਰਸ਼ਾਂ ਨਾਲ ਹੋਰ ਵੀ) ਕਿਤਨੇ ਹੀ (ਜੀਵ) ਉਨ੍ਹਾਂ ਦੀ ਸੰਗਤ ਵਿਚ (ਸੰਸਾਰ ਦੇ ਮਾਇਆਵੀ ਬੰਧਨਾਂ ਤੋਂ) ਮੁਕਤ ਹੋ ਜਾਂਦੇ ਹਨ।

ਸੋ	**ਦਰੁ,** *(ਦਰ)*
ਉਹ	ਦੁਆਰ,ਦਰਬਾਰ

ਨੋਟ: (ਸੰਧਿਆ ਵੇਲੇ ਦੇ ਨਿਤਨੇਮ ਦੀ ਬਾਣੀ ਦਾ ਨਾਮ)
(ਅਗੇ ਆਉਣ ਵਾਲੇ ਪੰਜ ਸ਼ਬਦਾਂ ਦੇ ਸੰਗ੍ਰਹਿ ਦਾ ਸਿਰਲੇਖ ਸੋ ਦਰੁ ਹੈ)

ਰਾਗੁ *(ਰਾਗ)*
ਸੁਰ-ਪ੍ਰਬੰਧ

ਆਸਾ
ਰਾਗ ਦਾ ਨਾਮ ਜੋ ਸਿੱਖ ਜਗਤ ਵਿਚ ਆਸਾ ਦੀ ਵਾਰ ਦੇ ਕੀਰਤਨ ਕਾਰਨ ਅੰਮ੍ਰਿਤ ਵੇਲੇ ਗਾਇਨ ਕੀਤਾ ਜਾਂਦਾ ਹੈ।

ਮਹਲਾ ੧ *(ਪਹਿਲਾ)*
ਪਾਤਸ਼ਾਹੀ ਪਹਿਲੀ

ੴ *(ਇਕ ਓਅੰਕਾਰ)*	**ਸਤਿ,** *(ਸੱਤ)*
ਇਕ ਪਰਮ-ਆਤਮਾ(ਓਅੰਕਾਰ) ਨਿਰੰਤਰ ਸਰਬ-ਵਿਆਪਕ ਹੈ।	(ਪਰਮਾਤਮ ਹੋਂਦ) ਸਦਾ ਸੱਚ ਹੈ

ਗੁਰ	**ਪ੍ਰਸਾਦਿ ॥** *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀਂ) ਕਿਰਪਾ ਕਰਦਾ

ਅੰਕ ੮

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ-ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਸੋ	ਦਰੁ *(ਦਰ)*	ਤੇਰਾ	ਕੇਹਾ,	ਸੋ	ਘਰੁ *(ਘਰ)*	ਕੇਹਾ,
ਉਹ	ਦੁਆਰ,ਦਰਬਾਰ	ਤੁਹਾਡਾ	ਕਿਹੋ ਜਿਹਾ	ਉਹ	ਘਰ, ਨਿਵਾਸ	ਕਿਹੋ ਜਿਹਾ

ਜਿਤੁ *(ਜਿਤ)*	ਬਹਿ *(ਬਹਿ)*	ਸਰਬ	ਸਮਾਲੇ ॥ *(ਸਮਾਲ੍ਹੇ)*
ਜਿਥੇ	ਬੈਠ ਕੇ	ਸਾਰਿਆਂ	ਸੰਭਾਲਦਾ ਹੈ

ਉਹ ਦੁਆਰ ਅਤੇ ਘਰ ਕਿਹੋ ਜਿਹਾ (ਸੁੰਦਰ) ਹੈ ਜਿਥੇ ਬੈਠ ਕੇ (ਸਾਹਿਬ ਜੀ! ਤੁਸੀਂ) ਸਾਰਿਆਂ ਨੂੰ ਸੰਭਾਲਦੇ ਹੋ।...

ਵਾਜੇ	ਤੇਰੇ	ਨਾਦ	ਅਨੇਕ	ਅਸੰਖਾ, *(ਅਸੰਖਾਂ)*
ਸੰਗੀਤਕ ਸਾਜ਼	ਤੁਹਾਡੇ	ਧੁਨੀਆਂ	ਅਨੇਕਾਂ ਹੀ	ਅਸੰਖਾਂ ਹੀ

ਕੇਤੇ	ਤੇਰੇ	ਵਾਵਣਹਾਰੇ ॥
ਕਿਤਨੇ ਹੀ	ਤੁਹਾਡੇ	ਵਜਾਉਣ ਵਾਲੇ

...(ਸੋ ਦਰ ਤੇ) ਤੇਰੇ ਅਨੇਕਾਂ ਸੰਗੀਤਕ ਸਾਜ਼ਾਂ ਰਾਹੀਂ ਬੇਅੰਤ ਹੀ ਧੁਨੀਆਂ ਵੱਜ ਰਹੀਆਂ ਹਨ ਅਤੇ ਉਨ੍ਹਾਂ ਧੁਨੀਆਂ ਨੂੰ ਵਜਾਉਣ ਵਾਲੇ ਤੇਰੇ ਅਨੇਕਾਂ ਹੀ ਸੰਗੀਤਕਾਰ ਹਨ।...

ਕੇਤੇ	ਤੇਰੇ	ਰਾਗ	ਪਰੀ	ਸਿਉ *(ਸਿਉਂ)*	ਕਹੀਅਹਿ, *(ਕਹਿਅਹਿਂ)*
ਕਿਤਨੇ ਹੀ	ਤੁਹਾਡੇ	ਸੁਰ ਪ੍ਰਬੰਧ	ਪਰੀਆਂ, ਰਾਗਣੀਆਂ	ਸਮੇਤ	ਕਹਿੰਦੇ ਹਨ, ਗਾਂਦੇ ਹਨ

ਕੇਤੇ	ਤੇਰੇ	ਗਾਵਣਹਾਰੇ ॥
ਕਿਤਨੇ ਹੀ	ਤੁਹਾਡੇ	ਗਾਉਣ ਵਾਲੇ, ਸੰਗੀਤਕਾਰ

...(ਸੋਦਰ ਤੇ) ਕਿਤਨੇ ਹੀ ਸੰਗੀਤਕਾਰ ਰਾਗਾਂ ਨੂੰ ਰਾਗਣੀਆਂ ਸਮੇਤ ਗਾ ਰਹੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਪਵਣੁ *(ਪਵਣ)*	ਪਾਣੀ	ਬੈਸੰਤਰੁ, *(ਬੈਸੰਤਰ)*
ਗਾ ਰਹੇ ਹਨ	ਤੈਨੂੰ	ਹਵਾ	ਜਲ	ਅਗਨੀ

ਗਾਵੈ	ਰਾਜਾ	ਧਰਮੁ, *(ਧਰਮ)*	ਦੁਆਰੇ ॥
ਗਾ ਰਿਹੈ	ਯਮਰਾਜ,	ਮੌਤ ਦਾ ਲੇਖਾ ਰੱਖਣ ਵਾਲਾ	ਦੁਆਰ ਉਤੇ

ਅੰਕ ੮ -੯

...ਸੋ ਦਰ ਭਾਵ (ਸਾਹਿਬ) ਦੇ ਦੁਆਰ ਤੇ ਹਵਾ ਪਾਣੀ, ਅਗਨੀ ਸਭ (ਸਾਹਿਬ ਦਾ) ਗਾਇਨ ਕਰ ਰਹੇ ਹਨ। ਧਰਮ ਰਾਜ ਵੀ ਸੋਦਰੁ ਤੇ (ਸਾਹਿਬ ਨੂੰ) ਗਾ ਰਿਹਾ ਹੈ।...

ਗਾਵਨਿ *(ਗਾਵਨ)*	ਤੁਧਨੋ,
ਗਾ ਰਹੇ ਹਨ	ਤੈਨੂੰ

ਚਿਤੁ ਗੁਪਤੁ *(ਚਿਤ ਗੁਪਤ)*
ਚਿੱਤਰ ਗੁਪਤ, ਜੀਵਾਂ ਦੇ ਕਰਮਾਂ ਦਾ ਲੇਖਾ ਜੋਖਾ ਰਖਣ ਵਾਲੇ ਧਰਮ ਰਾਜ ਦੇ ਗੁਪਤ ਦੂਤ

ਲਿਖਿ *(ਲਿਖ)*	ਜਾਣਨਿ, *(ਜਾਣਨ)*	ਲਿਖਿ ਲਿਖਿ *(ਲਿਖ ਲਿਖ)*	ਧਰਮੁ, *(ਧਰਮ)*	ਬੀਚਾਰੇ ॥
ਲਿਖਣਾ	ਜਾਣਦੇ ਹਨ	ਲਿਖਿਆ ਹੋਇਆ ਲਿਖਆ ਹੋਇਆ	ਧਰਮ ਰਾਜ	ਵੀਚਾਰਦਾ ਹੈ

...ਧਰਮ ਰਾਜ ਦੇ ਦੂਤ ਚਿੱਤਰ ਗੁਪਤ ਜੋ ਜੀਵਾਂ ਦੇ ਕਰਮਾਂ ਦਾ ਲੇਖਾ ਲਿਖਣਾ ਜਾਣਦੇ ਹਨ ਅਤੇ ਉਨ੍ਹਾਂ ਦਾ ਲਿਖਿਆ ਲੇਖਾ ਧਰਮ ਰਾਜ ਵਿਚਾਰਦਾ ਹੈ, ਉਹ ਚਿੱਤਰ ਗੁਪਤ ਵੀ (ਸੋ ਦਰ ਤੇ) ਤੇਰਾ ਜਸ ਗਾਇਨ ਕਰ ਰਹੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਈਸਰੁ *(ਈਸ਼ਰ)*	ਬ੍ਰਹਮਾ	ਦੇਵੀ
ਗਾ ਰਹੇ ਹਨ	ਤੈਨੂੰ	ਸ਼ਿਵ	ਬ੍ਰਹਮਾ	ਦੇਵੀ ਦੇਵਤੇ

ਸੋਹਨਿ *(ਸੋਹਨ)*	ਤੇਰੇ	ਸਦਾ	ਸਵਾਰੇ ॥
ਸੁਹਣੇ ਲਗਦੇ ਹਨ	ਤੁਹਾਡੇ	ਹਮੇਸ਼ਾਂ	ਤੇਰੇ ਸਾਜੇ ਸਵਾਰੇ ਹੋਏ

...(ਸੋ ਦਰ ਤੇ) ਤੇਰੇ ਸਾਜੇ ਸਵਾਰੇ ਸ਼ਿਵ, ਬ੍ਰਹੱਮਾ ਅਤੇ ਦੇਵੀ ਦੇਵਤੇ ਤੇਰਾ ਜਸ ਗਾਇਨ ਕਰਦੇ ਹੋਏ ਸੁੰਦਰ ਲਗ ਰਹੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਇੰਦ੍ਰ	ਇੰਦ੍ਰਾਸਣਿ *(ਇੰਦ੍ਰਸਾਣ)*	ਬੈਠੇ,
ਗਾ ਰਹੇ ਹਨ	ਤੈਨੂੰ	ਇੰਦਰ ਦੇਵਤੇ	ਇੰਦਰ ਦੇ ਆਸਣ ਤੇ	ਬੈਠਕੇ

ਦੇਵਤਿਆ *(ਦੇਵ੍ਤਿਆਂ)*	ਦਰਿ *(ਦਰ)*	ਨਾਲੇ ॥
ਦੇਵਤਿਆਂ	ਦਰ ਉਤੇ	ਨਾਲ

...ਇੰਦ੍ਰਾਸਣੰ ਉਤੇ ਬੈਠੇ ਅਨੇਕਾਂ ਇੰਦਰ ਦੇਵਤੇ, ਹੋਰਨਾਂ ਦੇਵਤਿਆਂ ਸਮੇਤ (ਅਕਾਲ ਪੁਰਖ ਦੇ) ਦਰ ਉਤੇ ਉਸਦਾ ਜਸ ਗਾਇਨ ਕਰ ਰਹੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਸਿਧ	ਸਮਾਧੀ	ਅੰਦਰਿ, *(ਅੰਦਰ)*
ਗਾ ਰਹੇ ਹਨ	ਤੈਨੂੰ	(ਰਿਧੀਆਂ ਸਿੱਧੀਆਂ ਪ੍ਰਾਪਤ) ਪੁਰਸ਼	ਧਿਆਨ	ਵਿਚ

ਅੰਕ ੮ -੯

ਗਾਵਨਿ *(ਗਾਵਨ)*	ਤੁਧਨੋ	ਸਾਧ	ਬੀਚਾਰੇ ॥
ਗਾ ਰਹੇ ਹਨ	ਤੈਨੂੰ	ਸਾਧੂ	ਵਿਚਾਰ ਕੇ

...ਅਨੇਕਾਂ ਹੀ (ਰਿੱਧੀਆਂ ਸਿੱਧੀਆਂ ਪ੍ਰਾਪਤ) ਸਿੱਧ-ਪੁਰਸ਼ ਸਮਾਧੀ ਅੰਦਰ ਲਿਵਲੀਨ ਅਤੇ ਅਨੇਕਾਂ ਹੀ ਸਾਧੂ (ਸੋ ਦਰੁ ਤੇ) ਵਿਚਾਰ ਵਿਚਾਰ ਕੇ ਤੇਰਾ ਜਸ ਗਾਇਨ ਕਰ ਕਰਹੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਜਤੀ	ਸਤੀ	ਸੰਤੋਖੀ
ਗਾਉਂਦੇ ਹਨ	ਤੈਨੂੰ	ਇੰਦ੍ਰੀਆਂ ਨੂੰ ਕਾਬੂ ਵਿਚ ਰਖਣ ਵਾਲਾ	ਦਾਨੀ	ਸਬਰ ਵਾਲਾ

ਗਾਵਨਿ *(ਗਾਵਨ)*	ਤੁਧਨੋ	ਵੀਰ	ਕਰਾਰੇ ॥
ਗਾ ਰਹੇ ਹਨ	ਤੈਨੂੰ	ਯੋਧੇ	ਤਕੜੇ

...ਜਤੀ, ਦਾਨੀ ਅਤੇ ਸਬਰ ਸੰਤੋਖ ਵਾਲੇ ਸਭ (ਸੋਦਰ ਤੇ ਅਕਾਲ-ਪੁਰਖ ਨੂੰ) ਗਾ ਰਹੇ ਹਨ।ਮਹਾਂ ਸੂਰਬੀਰ ਯੋਧੇ ਵੀ ਤੇਰਾ ਜਸ ਗਾਇਨ ਕਰ ਰਹੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਪੰਡਿਤ	ਪੜਨਿ *(ਪੜ੍ਹਨ)*	ਰਖੀਸੁਰ, *(ਰਖੀਸ਼ਰ)*
ਗਾਉਂਦੇ ਹਨ	ਤੈਨੂੰ	ਵਿਦਵਾਨ	ਪੜ੍ਹਦੇ ਹਨ	ਰਿਖੀ-ਈਸ਼ਰ (ਮਹਾਂ-ਰਿਸ਼ੀ)

ਜੁਗੁ *(ਜੁਗ)*	ਜੁਗੁ *(ਜੁਗ)*	ਵੇਦਾ *(ਵੇਦਾਂ)*	ਨਾਲੇ ॥
ਜੁਗਾਂ	ਜੁਗਾਂ ਤੋਂ, ਸਦਾ ਤੋਂ	ਵੇਦਾਂ ਨੂੰ, ਧਰਮ ਪੁਸਤਕਾਂ ਨੂੰ	ਸਣੇ, ਨਾਲ

...ਵਿਦਵਾਨ-ਪੁਰਸ਼ ਅਤੇ ਮਹਾਂ-ਰਿਸ਼ੀ ਜੁਗਾਂ ਜੁਗਾਂ ਤੋਂ ਵੇਦਾਂ ਦਾ ਪਠਨ ਪਾਠ ਕਰਦੇ ਹੋਏ ਤੇਰਾ ਜਸ ਗਾਇਨ ਕਰਦੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਮੋਹਣੀਆ *(ਮੋਹਣੀਆਂ)*	ਮਨੁ *(ਮਨ)*	ਮੋਹਨਿ, *(ਮੋਹਨ)*
ਗਾ ਰਹੇ ਹਨ	ਤੈਨੂੰ	ਸੁੰਦਰ ਇਸਤ੍ਰੀਆਂ	ਮਨ, ਹਿਰਦਾ	ਮੋਹਣ ਵਾਲੀਆਂ

ਸੁਰਗੁ *(ਸੁਰਗ)*	ਮਛੁ *(ਮੱਛ)*	ਪਇਆਲੇ ॥
ਸੁਰਗਾਂ ਵਿਚ	ਮਾਤ ਲੋਕ ਵਿਚ	ਪਾਤਾਲ ਲੋਕ ਵਿਚ

...ਸੁੰਦਰ ਇਸਤ੍ਰੀਆਂ ਜੋ ਸਵਰਗਾਂ ਵਿਚ, ਮਾਤ ਲੋਕ ਵਿਚ ਅਤੇ ਪਤਾਲ ਲੋਕ ਵਿਚ ਮਨ ਨੂੰ ਮੋਹ ਲੈਂਦੀਆਂ ਹਨ ਸਭ (ਸੋ ਦਰ ਤੇ) ਤੇਰਾ ਹੀ ਜੱਸ ਗਾਇਨ ਕਰ ਰਹੀਆਂ ਹਨ।...

ਗਾਵਨਿ *(ਗਾਵਨ)*	ਤੁਧਨੋ,	ਰਤਨ
ਗਾਉਂਦੇ ਹਨ	ਤੈਨੂੰ	ਚੌਦਾਂ ਰਤਨ ਜੋ ਸਮੁੰਦਰ ਨੂੰ ਰਿੜਕਣ ਤੋਂ ਪੈਦਾ ਹੋਏ ਸਨ

ਅੰਕ ੯

ਉਪਾਏ	ਤੇਰੇ,	ਅਠਸਠਿ *(ਅਠਸਠ)*	ਤੀਰਥ	ਨਾਲੇ ॥
ਪੈਦਾ ਕੀਤੇ ਹੋਏ	ਤੁਹਾਡੇ	ਅਠ+ਸੱਠ=ਅਠਾਹਠ	ਧਰਮ ਅਸਥਾਨ	ਸਣੇ ਨਾਲ

...ਤੇਰੇ ਪੈਦਾ ਕੀਤੇ ਹੋਏ ਚੌਦਾਂ ਰਤਨ, ਅਠਾਹਠ ਤੀਰਥਾਂ ਸਮੇਤ, ਸਭ ਲੋਕ (ਸੋਦਰ ਤੇ) ਤੈਨੂੰ ਗਾਉਂਦੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਜੋਧ	ਮਹਾਬਲ *(ਮਹਾਂਬਲ)*	ਸੂਰਾ ,
ਗਾ ਰਹੇ ਹਨ	ਤੈਨੂੰ	ਯੋਧੇ	ਵੱਡੀ ਤਾਕਤ ਵਾਲੇ	ਬਹਾਦਰ

ਗਾਵਨਿ *(ਗਾਵਨ)*	ਤੁਧਨੋ,	ਖਾਣੀ	ਚਾਰੇ ॥
ਗਾ ਰਹੀਆਂ ਹਨ	ਤੈਨੂੰ	ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ)	ਚਾਰ ਹੀ

...ਮਹਾਂਬਲੀ ਯੋਧੇ, ਸੂਰਬੀਰ ਬਹਾਦਰ ਅਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਸਭ (ਤੇਰੇ ਦਰ ਤੇ ਤੇਰਾ ਜਸ) ਗਾਇਨ ਕਰ ਰਹੇ ਹਨ।...

ਗਾਵਨਿ *(ਗਾਵਨ)*	ਤੁਧਨੋ,	ਖੰਡ	ਮੰਡਲ
ਗਾ ਰਹੇ ਹਨ	ਤੈਨੂੰ	ਨੌ ਖੰਡ, ਧਰਤੀ ਦੇ ਨੌਂ ਖਿੱਤੇ	ਇਕ ਭੂਗੋਲਿਕ ਇਕਾਈ

ਬ੍ਰਹਮੰਡਾ,	ਕਰਿ *(ਕਰ)*	ਕਰਿ *(ਕਰ)*	ਰਖੇ	ਤੇਰੇ	ਧਾਰੇ ॥
ਸਾਰੀ ਸ੍ਰਿਸ਼ਟੀ, ਬ੍ਰਹਿਮੰਡ	ਬਣਾ ਕੇ	ਬਣਾ ਕੇ	ਰੱਖਿਆ	ਤੁਹਾਡੇ	ਟਿਕਾਕੇ, ਸੁਤ੍ਰਿਤ ਕਰਕੇ

...(ਕਰਤਾ-ਪੁਰਖ ਦੇ) ਸਿਰਜੇ ਹੋਏ ਸਾਰੇ ਖੰਡ, ਮੰਡਲ ਅਤੇ ਬ੍ਰਹਿਮੰਡ, ਜਿਨ੍ਹਾਂ ਨੂੰ ਉਸ ਨੇ ਟਿਕਾ ਕੇ ਰੱਖਿਆ ਹੋਇਆ ਹੈ, ਸਭ ਪ੍ਰਭੂ-ਜਸ ਗਾਇਨ ਕਰ ਰਹੇ ਹਨ।...

ਸੇਈ	ਤੁਧਨੋ	ਗਾਵਨਿ, *(ਗਾਵਨ)*	ਜੋ	ਤੁਧੁ *(ਤੁਧ)*	ਭਾਵਨਿ, *(ਭਾਵਨ)*
ਉਹੋ ਹੀ	ਤੈਨੂੰ	ਗਾਉਂਦੇ ਹਨ	ਜਿਹੜੇ	ਤੈਨੂੰ	ਚੰਗੇ ਲਗਦੇ ਹਨ

ਰਤੇ	ਤੇਰੇ	ਭਗਤ	ਰਸਾਲੇ ॥
ਰੰਗੇ ਹੋਏ	ਤੁਹਾਡੇ	ਭਜਨ ਕਰਨ ਵਾਲੇ	ਰਸੀਏ, ਰਸ ਭਰਪੂਰ

...ਜੋ ਤੈਨੂੰ ਭਾਉਂਦੇ ਹਨ, ਉਹੀ ਭਗਤ-ਜਨ ਰਸੀਏ, ਤੇਰੇ ਪਿਆਰ ਰੰਗ ਵਿਚ, ਰੰਗੇ ਹੋਏ (ਸੋਦਰੁ ਤੇ, ਤੇਰਾ ਜਸ) ਗਾਇਨ ਕਰ ਰਹੇ ਹਨ।...

ਹੋਰਿ *(ਹੋਰ)*	ਕੇਤੇ	ਤੁਧਨੋ	ਗਾਵਨਿ, *(ਗਾਵਨ)*	ਸੇ	ਮੈ *(ਮੈਂ)*	ਚਿਤਿ *(ਚਿਤ)*
ਹੋਰ	ਕਿਤਨੇ	ਤੈਨੂੰ	ਗਾਉਂਦੇ ਹਨ	ਉਹ	ਮੈਨੂੰ	ਚੇਤ ਵਿਚ, ਯਾਦ ਵਿਚ

ਅੰਕ ੯

ਨ*(ਨਾਂ)*	ਆਵਨਿ, *(ਆਵਨ)*	ਨਾਨਕੁ *(ਨਾਨਕ)*	ਕਿਆ	ਬੀਚਾਰੇ ॥
ਨਹੀਂ	ਆਉਂਦੇ	(ਸਤਿਗੁਰੂ) ਨਾਨਕ	ਕੀ	ਵੀਚਾਰ ਕਰੇ

...ਹੋਰ ਕਿਤਨੇ ਹੀ ਜੀਵ ਤੇਰਾ ਜਸ ਗਾਇਨ ਕਰ ਰਹੇ ਹਨ, ਜੋ ਮੇਰੇ ਚੇਤੇ ਵਿਚ ਨਹੀਂ ਆ ਰਹੇ, ਨਾਨਕ ਇਨ੍ਹਾਂ (ਗਿਣਤੀਆਂ ਆਦਿ) ਬਾਰੇ ਕੀ ਵਿਚਾਰ ਕਰ ਸਕਦਾ ਹੈ।

ਸੋਈ	ਸੋਈ ,	ਸਦਾ	ਸਚੁ, *(ਸੱਚ)*
ਉਹ	ਉਹ	ਹਮੇਸ਼ਾਂ	ਸੱਚ, ਸਦਾ ਸਥਿਰ,

ਸਾਹਿਬੁ *(ਸਾਹਿਬ)*	ਸਾਚਾ,	ਸਾਚੀ	ਨਾਈ ॥
ਅਕਾਲ ਪੁਰਖ	ਸੱਚਾ, ਸੱਤ ਸਰੂਪ	ਸੱਚੀ	ਵਡਿਆਈ

...ਉਹ ਸੱਤ ਸਰੂਪ ਸਾਹਿਬ ਹੀ, ਸਦੀਵ-ਕਾਲ ਸਥਿਰ ਰਹਿਣ ਵਾਲਾ ਹੈ, ਅਤੇ ਉਸਦੀ ਵਡਿਆਈ ਵੀ ਸੱਤ ਹੈ।...

ਹੈ	ਭੀ	ਹੋਸੀ,
ਵਰਤਮਾਨ ਵਿਚ ਹੈ, ਹੁਣ ਹੈ	ਭਵਿੱਖ ਵਿਚ ਵੀ	ਹੋਵੇਗਾ

ਜਾਇ	ਨ *(ਨਾਂ)*	ਜਾਸੀ,	ਰਚਨਾ	ਜਿਨਿ *(ਜਿਨ)*	ਰਚਾਈ ॥
ਜੰਮਦਾ	ਨਹੀਂ	ਮਰੇਗਾ	ਸ੍ਰਿਸ਼ਟੀ, ਬ੍ਰਹਿਮੰਡ	ਜਿਸਨੇ	ਰਚਿਆ ਹੈ

...ਜਿਸ ਕਰਤਾ-ਪੁਰਖ ਨੇ ਬ੍ਰਹਿਮੰਡੀ ਰਚਨਾ ਰਚੀ ਹੈ, ਉਸਦੀ ਹੋਂਦ ਹੁਣ ਵੀ ਹੈ, ਅਤੇ ਭਵਿੱਖ ਵਿਚ ਵੀ ਹੋਵੇਗੀ। ਉਹ ਨਾ ਕਦੀ ਪੈਦਾ ਹੋਇਆ ਹੈ, ਅਤੇ ਨਾ ਹੀ ਕਦੀ ਮਰੇਗਾ।...

ਰੰਗੀ *(ਰੰਗੀਂ)*	ਰੰਗੀ *(ਰੰਗੀਂ)*	ਭਾਤੀ, *(ਭਾਂਤੀਂ)*	ਕਰਿ *(ਕਰ)*	ਕਰਿ *(ਕਰ)*
ਰੰਗਾਂ ਦੀ	ਰੰਗਾ ਦੀ, (ਰੰਗ ਬਰੰਗੀ)	ਕਿਸਮਾਂ ਦੀ	ਬਣਾ ਕੇ	ਬਣਾ ਕੇ

ਜਿਨਸੀ,	ਮਾਇਆ	ਜਿਨਿ *(ਜਿਨ)*	ਉਪਾਈ ॥
ਕਈ ਜਿਣਸ, ਜਾਤੀਆਂ, ਸ਼੍ਰੇਣੀਆਂ	ਸ੍ਰਿਸ਼ਟੀ, ਸੰਸਾਰ ਦੀ ਖੇਡ	ਜਿਸਨੇ	ਪੈਦਾ ਕੀਤੀ

...ਜਿਸ ਕਰਤਾ-ਪੁਰਖ ਨੇ ਕਈ ਕਿਸਮਾਂ, ਕਈ ਨਸਲਾਂ ਅਤੇ ਸ਼੍ਰੇਣੀਆਂ ਦੀ ਰੰਗ ਬਰੰਗੀ ਸੰਸਾਰ ਦੀ ਖੇਡ ਬਣਾਕੇ ਉਤਪੰਨ ਕੀਤੀ ਹੈ।...

ਕਰਿ *(ਕਰ)*	ਕਰਿ *(ਕਰ)*	ਦੇਖੈ,	ਕੀਤਾ	ਆਪਣਾ,
ਬਣਾ ਕੇ	ਬਣਾ ਕੇ (ਭਾਵ ਰਚਕੇ)	ਵੇਖਦਾ ਹੈ, ਸੰਭਾਲਦਾ ਹੈ	ਕੀਤੇ ਹੋਏ ਨੂੰ	ਆਪਣੇ

ਅੰਕ ੯

ਜਿਉ *(ਜਿਉਂ)*	ਤਿਸ	ਦੀ	ਵਡਿਆਈ ॥
ਜਿਵੇਂ	ਉਸ	ਦੀ	ਬਿਰਦ, ਵਡੱਪਣ

...(ਕਰਤਾ-ਪੁਰਖ ਜੀ, ਆਪਣੀ ਰਚਨਾ ਨੂੰ) ਰਚਕੇ, ਆਪਣੇ ਵੱਡੇ ਹੋਣ ਦੇ ਬਿਰਦ ਅਨੁਸਾਰ, ਉਸ ਸਾਜੀ ਹੋਈ ਰਚਨਾ ਦੀ ਸਾਂਭ ਸੰਭਾਲ ਕਰਦੇ ਹਨ।...

ਜੋ	ਤਿਸੁ *(ਤਿਸ)*	ਭਾਵੈ,	ਸੋਈ	ਕਰਸੀ,
ਜਿਹੜੀ ਗਲ ਵੀ	ਉਸਨੂੰ	ਚੰਗੀ ਲਗਦੀ ਹੈ	ਉਹੋ ਹੀ	ਕਰੇਗਾ

ਫਿਰਿ, *(ਫਿਰ)*	ਹੁਕਮੁ *(ਹੁਕਮ)*	ਨ *(ਨਾਂ)*	ਕਰਣਾ	ਜਾਈ ॥
ਫਿਰ, ਉਲਟਕੇ	ਆਦੇਸ਼	ਨਹੀਂ	ਕੀਤਾ	ਜਾ ਸਕਦਾ

...ਉਸ ਨੂੰ ਜੋ ਚੰਗਾ ਲਗੇਗਾ, ਵਾਹਿਗੁਰੂ ਉਹੋ ਹੀ ਕਰੇਗਾ, (ਸਾਹਿਬ ਨੂੰ) ਉਲਟਕੇ ਹੁਕਮ ਨਹੀਂ ਕੀਤਾ ਜਾ ਸਕਦਾ।...

ਸੋ	ਪਾਤਿਸਾਹੁ *(ਪਾਤਸ਼ਾਹ)*	ਸਾਹਾ *(ਸ਼ਾਹਾਂ)*	ਪਤਿਸਾਹਿਬੁ *(ਪਤਸਾਹਿਬ)*
ਉਹ	ਬਾਦਸ਼ਾਹ	ਬਾਦਸ਼ਾਹਾਂ ਦਾ ਵੀ	ਬਾਦਸ਼ਾਹ

ਨਾਨਕ,	ਰਹਣੁ *(ਰਹਿਣ)*	ਰਜਾਈ ॥੧॥ *(ਰਜ਼ਾਈ)*
ਹੇ ! ਨਾਨਕ !	ਰਹਿਣਾ	ਰਜ਼ਾ ਵਿਚ, ਹੁਕਮ ਅਨੁਸਾਰ

...(ਸਾਹਿਬ ਜੀ), ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ (ਇਸ ਲਈ) ਹੇ! ਨਾਨਕ! (ਉਸਦੀ) ਰਜ਼ਾ ਵਿਚ ਰਹਿਣਾ ਹੀ (ਠੀਕ ਹੈ।)

ਆਸਾ	ਮਹਲਾ	੧ ॥ *(ਪਹਿਲਾ)*
ਆਸਾ ਰਾਗ	ਪਾਤਸ਼ਾਹੀ	ਪਹਿਲੀ

ਸੁਣਿ, *(ਸੁਣ)*	ਵਡਾ	ਆਖੈ	ਸਭੁ *(ਸਭ)*	ਕੋਇ ॥
ਸੁਣਕੇ	ਮਹਾਨ	ਕਹਿ ਦਿੰਦਾ	ਹਰ	ਕੋਈ

(ਅਕਾਲ-ਪੁਰਖ) ਨੂੰ ਹਰ ਕੋਈ ਸੁਣ ਸੁਣਾਕੇ ਹੀ ਵੱਡਾ ਕਹਿ ਦਿੰਦਾ ਹੈ।...

ਕੇਵਡੁ *(ਕੇਵਡ)*	ਵਡਾ	ਡੀਠਾ	ਹੋਇ ॥
ਕਿਤਨਾ ਵੱਡਾ	ਮਹਾਨ	ਡਿਠਿਆ, ਤੱਕਿਆ	ਹੋਵੇ

ਅੰਕ ੯

...(ਪਰ ਜੇ ਕਿਸੇ ਨੇ ਅਕਾਲ ਪੁਰਖ ਜੀ ਨੂੰ) ਵੇਖਿਆ ਹੋਵੇ, ਭਾਵ ਅਨੁਭਵ ਕੀਤਾ ਹੋਵੇ (ਤਾਂ ਹੀਂ ਦੱਸਿਆ ਜਾ ਸਕਦਾ ਹੈ ਕਿ ਅਕਾਲ ਪੁਰਖ) ਕਿਤਨਾ ਮਹਾਨ ਹੈ।...

ਕੀਮਤਿ *(ਕੀਮਤ)*	**ਪਾਇ,**	**ਨ** *(ਨਾਂ)*	**ਕਹਿਆ**	**ਜਾਇ ॥**
ਕੀਮਤ, ਮੁਲ	ਪਾਇਆ, ਦੱਸਿਆ	ਨਹੀਂ	ਆਖਿਆ	ਜਾ ਸਕਦਾ

...(ਅਕਾਲ ਪੁਰਖ ਦਾ) ਮੁੱਲ ਨਹੀਂ ਪਾਇਆ ਜਾ ਸਕਦਾ, ਨਾ ਹੀ (ਉਸਦੇ ਸਰੂਪ ਬਾਰੇ) ਵਰਨਣ ਕੀਤਾ ਜਾ ਸਕਦਾ ਹੈ।...

ਕਹਣੈ	**ਵਾਲੇ,**	**ਤੇਰੇ**	**ਰਹੇ**	**ਸਮਾਇ ॥੧॥**
ਆਖਣੇ	ਕਾਰਜ ਕਰਤਾ	ਤੁਹਾਡੇ	ਰਹਿ ਜਾਂਦੇ ਹਨ	ਲੀਨ, ਅਭੇਦ

...(ਕਰਤਾ-ਪੁਰਖ ਜੀਓ!) ਜੋ ਵੀ ਤੁਹਾਡੇ ਬਾਰੇ ਆਖਦਾ ਹੈ ਭਾਵ ਵਰਨਣ ਕਰਦਾ ਹੈ, ਉਹ ਤੁਹਾਡੇ ਵਿਚ ਹੀ ਅਭੇਦ ਹੋਕੇ ਰਹਿ ਜਾਂਦਾ ਹੈ।...

ਵਡੇ	**ਮੇਰੇ**	**ਸਾਹਿਬਾ,**	**ਗਹਿਰ**	**ਗੰਭੀਰਾ,**	**ਗੁਣੀ**	**ਗਹੀਰਾ॥**
ਮਹਾਨ	ਆਪਣੇ, ਨਿੱਜੀ	ਮਾਲਿਕਾ	ਡੂੰਘਾ	ਅਥਾਹ	ਗੁਣਾਂ	ਡੂੰਘਾ

...ਹੇ! ਮੇਰੇ ਮਾਲਿਕ! ਤੂੰ (ਸੁਮੰਦਰ ਵਾਂਗ) ਅਥਾਹ ਡੂੰਘਾ ਹੈਂ।(ਸਾਹਿਬ ਜੀ! ਤੇਰੇ) ਗੁਣ ਵੀ (ਸਾਗਰ ਵਾਂਗ ਬੇਅੰਤ) ਡੂੰਘੇ ਹਨ।...

ਕੋਇ *(ਕੋਏ)*	**ਨ** *(ਨਾਂ)*	**ਜਾਣੈ,**	**ਤੇਰਾ**
ਕੋਈ ਵੀ	ਨਹੀਂ	ਜਾਣਦਾ	ਤੁਹਾਡਾ

ਕੇਤਾ	**ਕੇਵਡੁ** *(ਕੇਵਡ)*	**ਚੀਰਾ ॥੧॥**	**ਰਹਾਉ ॥**
ਕਿਤਨਾ	ਕਿੱਡਾ ਵੱਡਾ	ਚੌੜਾਈ, ਵਿਸਥਾਰ	ਠਹਿਰਾਉ

...(ਸਾਹਿਬ ਜੀ) ਕੋਈ ਵੀ ਨਹੀਂ ਜਾਣ ਸਕਦਾ, ਕਿ ਤੁਹਾਡਾ ਵਿਸਥਾਰ ਕਿਤਨਾ ਵਿਆਪਕ ਹੈ।...

ਸਭਿ *(ਸਭ)*	**ਸੁਰਤੀ** *(ਸੁਰਤੀਂ)*	**ਮਿਲਿ,** *(ਮਿਲ)*	**ਸੁਰਤਿ** *(ਸੁਰਤ)*	**ਕਮਾਈ ॥**
ਸਾਰਿਆਂ	ਉੱਚੀ ਸੁਰਤ ਵਾਲੇ	ਮਿਲਕੇ	ਸੁਰਤੀ,ਬਿਰਤੀ	(ਸੁਰਤ ਨੂੰ) ਸਾਧਿਆ

...ਸਭ ਉੱਚੀ ਸੁਰਤ ਵਾਲਿਆਂ ਨੇ ਮਿਲਕੇ, ਸੁਰਤ ਦੀ ਕਮਾਈ ਕੀਤੀ, ਭਾਵ ਸੁਰਤ ਨੂੰ ਸਾਧਿਆ।...

ਸਭ	**ਕੀਮਤਿ** *(ਕੀਮਤ)*	**ਮਿਲਿ,** *(ਮਿਲ)*	**ਕੀਮਤਿ** *(ਕੀਮਤ)*	**ਪਾਈ ॥**
ਸਾਰੇ	ਕੀਮਤ ਪਾਉਣ ਵਾਲਿਆਂ	ਮਿਲਕੇ	ਕੀਮਤ, ਮੁੱਲ	ਪਾਇਆ

ਅੰਕ ੯

...(ਹੇ! ਸਾਹਿਬ ਜੀਓ!) ਸਾਰੇ ਮੁੱਲ ਪਾਉਣ ਵਾਲਿਆਂ ਨੇ ਮਿਲਕੇ ਤੁਹਾਡਾ ਮੁੱਲ ਪਾਇਆ।...

ਗਿਆਨੀ	**ਧਿਆਨੀ**	**ਗੁਰ**	**ਗੁਰਹਾਈ ॥**
ਗਿਆਨਵਾਨ	ਸੁਰਤ ਜੋੜਨ ਵਾਲੇ	ਵੱਡੇ	ਵੱਡਿਆਂ ਦਾ ਵੱਡਾ

...ਵੱਡੇ ਵੱਡੇ ਗਿਆਨਵਾਨ ਅਤੇ ਧਿਆਨਵਾਨ ਪੁਰਸ਼ਾਂ ਨੇ ਵੀ ਤੁਹਾਨੂੰ ਵੱਡਿਆਂ ਤੋਂ ਵੱਡਾ ਬਿਆਨਿਆਂ।...

ਕਹਣੁ *(ਕਹਿਣ)*	**ਨ** *(ਨਾਂ)*	**ਜਾਈ**	**ਤੇਰੀ**	**ਤਿਲੁ** *(ਤਿਲ)*	**ਵਡਿਆਈ ॥੨॥**
ਕਥੀ, ਬਿਆਨੀ	ਨਹੀਂ	ਜਾ ਸਕੀ	ਤੁਹਾਡੀ	ਤਿਲ ਮਾਤਰ, ਭੋਰਾ ਮਾਤਰ	ਮਹਾਨਤਾ

...(ਪਰ ਇਨ੍ਹਾਂ ਸਭਨਾਂ ਕੋਲੋਂ) ਤੁਹਾਡੀ ਤਿਲ ਮਾਤਰ ਵੀ, ਵਡਿਆਈ ਵਰਨਣ ਨਹੀਂ ਕੀਤੀ ਜਾ ਸਕੀ।...

ਸਭਿ *(ਸਭ)*	**ਸਤ,**	**ਸਭਿ** *(ਸਭ)*	**ਤਪ,**
ਸਾਰੇ	ਪੁੰਨ ਦਾਨ	ਸਾਰੇ	ਤਪ ਸਾਧਨਾ

ਸਭਿ *(ਸਭ)*	**ਚੰਗਿਆਈਆ ॥** *(ਚੰਗਿਆਈਆਂ)*
ਸਾਰੀਆਂ	ਚੰਗੇ ਗੁਣ

...ਸਾਰੇ ਪੁੰਨ-ਦਾਨ, ਸਾਰੇ ਤਪ-ਸਾਧਨ ਅਤੇ ਸਾਰੀਆਂ ਚੰਗਿਆਈਆਂ...

ਸਿਧਾ *(ਸਿਧਾਂ)*	**ਪੁਰਖਾ** *(ਪੁਰਖਾਂ)*	**ਕੀਆ** *(ਕੀਆਂ)*	**ਵਡਿਆਈਆ ॥** *(ਵਡਿਆਈਆਂ)*
ਰਿਧੀਆਂ ਸਿੱਧੀਆਂ ਪ੍ਰਾਪਤ	ਪੁਰਸ਼ਾਂ	ਦੀਆਂ	ਮਹਾਨਤਾਵਾਂ

...(ਅਤੇ) ਕਰਾਮਾਤੀ ਸਿੱਧ ਪੁਰਸ਼ਾਂ ਦੀਆਂ ਵਡਿਆਈਆਂ...

ਤੁਧੁ *(ਤੁਧ)*	**ਵਿਣੁ** *(ਵਿਣ)*	**ਸਿਧੀ**	**ਕਿਨੈ**	**ਨ** *(ਨਾਂ)*	**ਪਾਈਆ ॥**
ਤੇਰੇ	ਬਿਨਾਂ	ਪ੍ਰਾਪਤੀਆਂ, ਸਫਲਤਾਵਾਂ	ਕਿਸੇ	ਨੇ	ਪਾਇਆ, ਪ੍ਰਾਪਤ ਕੀਤੀਆਂ

...(ਭਾਵੇਂ ਇਹ ਸਾਰੇ ਗੁਣ, ਚੰਗਿਆਈਆਂ ਅਤੇ ਮਹਾਨਤਾਵਾਂ ਦੀ ਹੋਂਦ ਸੰਸਾਰ ਵਿਚ ਹੈ, ਪਰ ਸਾਹਿਬ ਜੀ!) ਤੇਰੀ (ਬਖਸ਼ਿਸ਼) ਬਿਨਾਂ ਕਿਸੇ ਨੇ ਵੀ ਕੋਈ ਸਫਲਤਾ ਪ੍ਰਾਪਤ ਨਹੀਂ ਕੀਤੀ।...

ਕਰਮਿ *(ਕਰਮ)*	**ਮਿਲੈ**	**ਨਾਹੀ** *(ਨਾਹੀਂ)*	**ਠਾਕਿ** *(ਠਾਕ)*	**ਰਹਾਈਆ ॥੩॥**
ਬਖਸ਼ਿਸ਼ ਦੁਆਰਾ	ਮਿਲਦੀ ਹੈ	ਨਹੀਂ	ਰੋਕਕੇ, ਵਰਜਕੇ	ਰੱਖੀ

ਅੰਕ ੯

...ਤੇਰੀ ਬਖਸ਼ਿਸ਼ ਦੁਆਰਾ (ਹੀ ਇਹ ਸਭ ਸਫਤਲਾਵਾਂ) ਮਿਲਦੀਆਂ ਹਨ। ਤੇਰੀ ਕਿਰਪਾ ਦੁਆਰਾ ਮਿਲੀਆਂ, ਇਨ੍ਹਾਂ ਪ੍ਰਾਪਤੀਆਂ ਨੂੰ ਫਿਰ ਕੋਈ ਰੋਕਕੇ ਨਹੀਂ ਰੱਖ ਸਕਦਾ। ਭਾਵ ਇਨ੍ਹਾਂ ਵਿਚ ਕੋਈ ਅਟਕਾ ਨਹੀਂ ਪਾ ਸਕਦਾ।...

ਆਖਣ	ਵਾਲਾ,	ਕਿਆ	ਵੇਚਾਰਾ ॥
ਕਹਿਣ	ਕਾਰਜ ਕਰਤਾ	ਕੀ, ਕੌਣ	ਦੀਨ, ਨਿਤਾਣਾ

...(ਹੇ! ਕਰਤਾ-ਪੁਰਖ ਜੀ! ਤੇਰੀਆਂ ਵਡਿਆਈਆਂ ਨੂੰ) ਕਹਿਣ ਵਾਲਾ (ਇਹ ਮਨੁੱਖ) ਵਿਚਾਰਾ ਕੌਣ ਹੈ? ਭਾਵ ਜੀਵ ਦੀ ਕੀ ਤਾਕਤ ਹੈ, ਜੋ ਤੇਰੇ ਗੁਣਾਂ ਦਾ ਵਖਿਆਨ ਕਰ ਸਕੇ।...

ਸਿਫਤੀ *(ਸਿਫਤੀਂ)*	ਭਰੇ	ਤੇਰੇ	ਭੰਡਾਰਾ ॥
ਸਿਫਤਾਂ ਦੇ	ਭਰਪੂਰ ਹੋਏ ਹੋਏ	ਤੁਹਾਡੇ	ਖਜ਼ਾਨੇ

...(ਕਿਉਂਕਿ) ਤੇਰੀਆਂ ਸਿਫਤਾਂ ਦੇ ਖਜ਼ਾਨੇ ਤਾਂ (ਨੱਕੋ ਨੱਕ) ਭਰੇ ਪਏ ਹਨ।...

ਜਿਸੁ *(ਜਿਸ)*	ਤੂ *(ਤੂੰ)*	ਦੇਹਿ *(ਦੇਂਹ)*	ਤਿਸੈ	ਕਿਆ	ਚਾਰਾ ॥
ਜਿਸ ਨੂੰ	ਤੁਸੀਂ	ਦਿੰਦੇ ਹੋ	ਤਿਸ ਨੂੰ	ਕੀ	ਉਪਾਉ, ਯਤਨ

...(ਹੇ! ਕਰਤਾ-ਪੁਰਖ ਜੀ!) ਜਿਸ ਨੂੰ ਤੂੰ (ਵਡਿਆਈਆਂ ਬਖਸ਼) ਦਿੰਦਾ ਹੈ, ਉਸਨੂੰ ਕੋਈ ਹੋਰ ਉਪਾਉ ਕਰਨ ਦੀ ਕੀ (ਲੋੜ ਹੈ?)...

ਨਾਨਕ,	ਸਚੁ *(ਸੱਚ)*	ਸਵਾਰਣਹਾਰਾ ॥੪॥੨॥
ਹੇ! ਨਾਨਕ	ਸਦਾ ਸਥਿਰ ਪ੍ਰਭੂ	ਸੰਵਾਰਨ ਵਾਲਾ

...ਹੇ! ਨਾਨਕ! (ਕਿਉਂਕਿ ਅਜਿਹੇ ਸੱਤ ਪੁਰਸ਼ਾਂ ਨੂੰ) ਸੰਵਾਰਨਾ ਵਾਲੇ ਤਾਂ ਸਦਾ-ਸਥਿਰ ਪ੍ਰਭੂ ਜੀ ਤੁਸੀਂ ਆਪ ਹੀ ਹੋ।

ਆਸਾ	ਮਹਲਾ	੧ ॥ *(ਪਹਿਲਾ)*
ਆਸਾ ਰਾਗ	ਪਾਤਸ਼ਾਹੀ	ਪਹਿਲੀ

ਆਖਾ *(ਆਖਾਂ)*	ਜੀਵਾ, *(ਜੀਵਾਂ)*	ਵਿਸਰੈ	ਮਰਿ *(ਮਰ)*	ਜਾਉ ॥ *(ਜਾਉਂ)*
ਆਖਦਾ ਹਾਂ, ਸਿਮਰਦਾ ਹਾਂ	ਜਿਉਂਦਾ ਹਾਂ	ਵਿਸਰ ਜਾਵੇ	ਪ੍ਰਾਣ-ਹੀਨ	ਜਾਂਦਾ ਹਾਂ

(ਜੇ ਮੈਂ) ਪ੍ਰਭੂ ਸਿਮਰਨ ਕਰਦਾ ਹਾਂ ਤਾਂ (ਸਚਮੁੱਚ) ਜਿਊਂਦਾ ਰਹਿੰਦਾ ਹਾਂ, (ਜੇ ਮੇਰੇ ਹਿਰਦੇ ਵਿਚੋਂ ਪ੍ਰਭੂ ਸਿਮਰਨ) ਵਿਸਰ ਜਾਵੇ ਤਾਂ ਮੈਂ (ਆਤਮਿਕ ਤੌਰ ਤੇ) ਪ੍ਰਾਣਹੀਨ ਹੋ ਜਾਂਦਾ ਹਾਂ।...

ਅੰਕ ੯

ਆਖਣਿ *(ਆਖਣ)*	ਅਉਖਾ,	ਸਾਚਾ	ਨਾਉ ॥ *(ਨਾਉਂ)*
ਕਹਿਣਾ, ਸਿਮਰਨਾ	ਮੁਸ਼ਕਿਲ	ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ	ਨਾਮ

...ਸਦਾ-ਸਥਿਰ ਪ੍ਰਭੂ ਦਾ ਨਾਮ ਸਿਮਰਨਾ ਬਹੁਤ ਔਖਾ ਹੈ।...

ਸਾਚੇ	ਨਾਮ	ਕੀ	ਲਾਗੈ	ਭੂਖ ॥
ਸਦਾ ਸਥਿਰ ਰਹਿਣ ਵਾਲੇ	ਨਾਉਂ	ਦੀ	ਲਗ ਜਾਵੇ	ਭੁੱਖ

...(ਜਿਸ ਧਰਮ-ਸਾਧਕ ਨੂੰ) ਸਦਾ ਸਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਸਿਮਰਨ ਦੀ ਭੁੱਖ ਲਗ ਜਾਵੇ...

ਉਤੁ *(ਉਤ)*	ਭੂਖੈ	ਖਾਇ	ਚਲੀਅਹਿ *(ਚਲੀਅਹਿਂ)*	ਦੂਖ ॥੧॥
ਉਸ	ਭੁੱਖ ਨੂੰ	ਖਾਣ ਨਾਲ	ਚਲੇ ਜਾਂਦੇ ਹਨ	ਕਲੇਸ਼

...ਉਸ ਭੁਖ ਨੂੰ (ਹਰਿਨਾਮ ਸਿਮਰਨ ਦਾ ਭੋਜਨ ਛਕ ਕੇ ਮਿਟਾਈਦਾ ਹੈ, ਹਰਿ-ਨਾਮ ਭੋਜਨ ਛਕਣ ਨਾਲ ਜੀਵ ਦੇ) ਦੁੱਖ ਕਲੇਸ਼ ਚਲੇ ਜਾਂਦੇ ਹਨ, ਭਾਵ ਮਿਟ ਜਾਂਦੇ ਹਨ।...

ਸੋ	ਕਿਉ *(ਕਿਉਂ)*	ਵਿਸਰੈ,	ਮੇਰੀ	ਮਾਇ ॥
ਉਹ(ਪਰਮਾਤਮਾ)	ਕਾਹਤੇ	ਭੁਲੇ	ਆਪਣੀ	ਹੇ! ਮਾਂ

ਹੇ! ਮੇਰੀ ਮਾਂ! ਉਹ ਪਰਮਾਤਮਾ (ਮੈਨੂੰ) ਕਿਉਂ ਵਿਸਰ ਜਾਵੇ? (ਉਹ ਤਾਂ ਮੈਨੂੰ ਕਦੇ ਨਹੀਂ ਭੁਲਣਾ ਚਾਹੀਦਾ।)...

ਸਾਚਾ	ਸਾਹਿਬੁ, *(ਸਾਹਿਬ)*
ਸੱਚਾ, ਸਦਾ ਕਾਇਮ ਰਹਿਣ ਵਾਲਾ	ਮਾਲਕ(ਪ੍ਰਭੂ)

ਸਾਚੈ	ਨਾਇ ॥੧॥ *(ਨਾਇਂ)*	ਰਹਾਉ ॥
ਸੱਚੇ ਪ੍ਰਭੂ ਦੇ	ਹਰਿ-ਨਾਮ ਕਰਕੇ	ਠਹਿਰਾਉ

...ਸਦਾ-ਸਥਿਰ ਰਹਿਣ ਵਾਲੇ ਪ੍ਰਭੂ ਦੇ ਹਰਿ-ਨਾਮ ਸਿਮਰਨ ਕਰਕੇ ਉਹ ਸੱਚਾ ਮਾਲਕ (ਜੀਵ ਦੇ ਹਿਰਦੇ ਵਿਚ ਵਸ ਜਾਂਦਾ ਹੈ।)...

ਸਾਚੇ	ਨਾਮ	ਕੀ	ਤਿਲੁ *(ਤਿਲ)*	ਵਡਿਆਈ ॥
ਸੱਚੇ, ਸਦਾ ਕਾਇਮ ਰਹਿਣ ਵਾਲੇ	ਨਾਉਂ	ਦੀ	ਤਿਲ ਮਾਤਰ	ਸਿਫਤ ਸਲਾਹ

ਅੰਕ ੯

...ਸਦੀਵ-ਸਥਿਰ ਪ੍ਰਭੂ ਨਾਮ ਦੀ (ਆਪਣੀ ਸਮਰੱਥਾ ਅਨੁਸਾਰ) ਤਿਲ ਮਾਤਰ ਵਡਿਆਈ, ਸਿਫ਼ਤ-ਸਲਾਹ...

ਆਖਿ *(ਆਖ)*	ਥਕੇ,	ਕੀਮਤਿ *(ਕੀਮਤ)*	ਨਹੀ *(ਨਹੀਂ)*	ਪਾਈ ॥
ਆਖ ਕੇ	ਥੱਕ ਗਏ	ਮੁੱਲ	ਨਹੀਂ	ਪਾ ਸਕੇ

...(ਦਾ) ਵਰਨਣ ਕਰ ਕਰ ਕੇ (ਜੀਵ) ਥੱਕ ਗਏ ਹਨ, ਪਰ ਉਸਦੀ ਕੀਮਤ ਨਹੀਂ ਪਾ ਸਕੇ।...

ਜੇ	ਸਭਿ *(ਸਭ)*	ਮਿਲਿ *(ਮਿਲ)*	ਕੈ,	ਆਖਣ	ਪਾਹਿ ॥ *(ਪਾਹਿਂ)*
ਜੇਕਰ	ਸਾਰੇ	ਰਲ	ਕੇ	ਬਿਆਨ	ਕਰਨ

...ਜੇਕਰ (ਪ੍ਰਭੂ ਦਾ ਵਰਨਣ ਕਰਨ ਵਾਲੇ) ਸਾਰੇ ਰਲ ਕੇ (ਵੀ ਉਸਦੀ ਸਿਫ਼ਤ-ਸਲਾਹ ਨੂੰ) ਬਿਆਨਣ ਦਾ (ਯਤਨ) ਕਰਨ...

ਵਡਾ	ਨ *(ਨਾਂ)*	ਹੋਵੈ,	ਘਾਟਿ *(ਘਾਟ)*	ਨ *(ਨਾਂ)*	ਜਾਇ ॥੨॥
ਮਹਾਨ	ਨਹੀਂ	ਹੁੰਦਾ	ਘਟਦਾ	ਨਹੀਂ	ਜਾਂਦਾ

(ਤਾਂ ਵੀ ਉਹ ਆਪਣੀ ਹੋਂਦ ਨਾਲੋਂ) ਨਾ ਵੱਡਾ ਹੁੰਦਾ ਹੈ ਅਤੇ ਨਾ ਹੀਂ ਛੋਟਾ ਹੋ ਜਾਂਦਾ ਹੈ।

ਨਾ	ਓਹੁ *(ਓਹ)*	ਮਰੈ,	ਨ *(ਨਾਂ)*	ਹੋਵੈ	ਸੋਗੁ ॥ *(ਸੋਗ)*
ਨਾ ਹੀਂ	ਉਹ	ਮਰਦਾ	ਨਾ ਹੀਂ	ਹੁੰਦਾ	ਗ਼ਮ, ਉਦਾਸੀ

...ਨਾ ਹੀ ਉਹ (ਪ੍ਰਭੂ) ਮਰਦਾ ਹੈ ਅਤੇ ਨਾ ਹੀਂ ਉਸ ਨੂੰ (ਕੋਈ) ਗ਼ਮ ਹੁੰਦਾ ਹੈ।...

ਦੇਦਾ *(ਦੇਂਦਾ)*	ਰਹੈ ,	ਨ *(ਨਾਂ)*	ਚੂਕੈ	ਭੋਗੁ ॥ *(ਭੋਗ)*
ਦਿੰਦਾ	ਰਹਿੰਦਾ	ਨਹੀਂ	ਮੁਕਦਾ	ਭੋਗ, ਖਾਦ ਪਦਾਰਥ

...(ਕਰਤਾ-ਪੁਰਖ ਜੀਵਾਂ ਨੂੰ ਬੇਅੰਤ ਪਦਾਰਥ) ਦਿੰਦਾ ਰਹਿੰਦਾ ਹੈ (ਪਰ ਵਰਤਾਉਂਦਿਆਂ ਵਰਤਾਉਂਦਿਆਂ ਵੀ ਇਹ) ਪਦਾਰਥ ਕਦੇ ਮੁਕਦੇ ਨਹੀਂ।...

ਗੁਣੁ *(ਗੁਣ)*	ਏਹੋ,	ਹੋਰੁ *(ਹੋਰ)*	ਨਾਹੀ *(ਨਾਹੀਂ)*	ਕੋਇ ॥
ਚੰਗਿਆਈ	ਇਹੀ	ਹੋਰ	ਨਹੀਂ	ਕੋਈ

...ਇਹੀ (ਉਸ ਪਰਮਾਤਮਾ ਦਾ ਮਹਾਨ) ਗੁਣ ਹੈ (ਕਿ ਉਸ ਪ੍ਰਭੂ ਸਮਾਨ) ਹੋਰ ਕੋਈ ਨਹੀਂ ਹੈ।...

ਨਾ	ਕੋ	ਹੋਆ,	ਨਾ	ਕੋ	ਹੋਇ ॥੩॥
ਨਹੀਂ	ਕੋਈ	ਹੋਇਆ	ਨਾ ਹੀ	ਕੋਈ	ਹੋਏਗਾ

ਅੰਕ ੯ -੧੦

...(ਉਸ ਕਰਤਾ-ਪੁਰਖ ਵਰਗਾ) ਨਾ ਕੋਈ (ਅਜੇ ਤਕ) ਹੋਇਆ ਹੈ ਅਤੇ ਨਾ ਹੀ ਹੋਏਗਾ।...

ਜੇਵਡੁ *(ਜੇਵਡ)*	ਆਪਿ, *(ਆਪ)*	ਤੇਵਡ	ਤੇਰੀ	ਦਾਤਿ ॥ *(ਦਾਤ)*
ਜਿਤਨਾ	ਆਪ (ਪ੍ਰਭੂ)	ਉਨੀ ਵੱਡੀ	ਤੁਹਾਡੀ	ਬਖਸ਼ਿਸ਼

...(ਹੇ! ਪਰਮਾਤਮਾ) ਜਿਤਨਾ ਵੱਡਾ ਤੂੰ ਆਪ ਹੈਂ ਉਤਨੀ ਵੱਡੀ ਹੀ ਤੇਰੀ ਬਖਸ਼ਿਸ਼ ਹੈ।...

ਜਿਨਿ, *(ਜਿਨ)*	ਦਿਨੁ *(ਦਿਨ)*	ਕਰਿ *(ਕਰ)*	ਕੈ	ਕੀਤੀ	ਰਾਤਿ ॥ *(ਰਾਤ)*
ਜਿਸਨੇ	ਦਿਨ	ਬਣਾ	ਕੇ	ਬਣਾਈ	ਰਾਤ

...ਜਿਸ (ਕਰਤਾ-ਪੁਰਖ) ਨੇ ਦਿਨ ਅਤੇ ਰਾਤ ਬਣਾਏ ਹਨ...

ਖਸਮੁ *(ਖਸਮ)*	ਵਿਸਾਰਹਿ, *(ਵਿਸਾਰਹਿਂ)*	ਤੇ	ਕਮਜਾਤਿ ॥ *(ਕਮਜ਼ਾਤ)*
ਮਾਲਕ	ਵਿਸਾਰ ਦੇਵੇ	ਉਹ	ਕਮੀਣਾ, ਨੀਚ

...(ਐਸੇ) ਮਾਲਕ ਨੂੰ (ਜੋ) ਭੁਲ ਜਾਂਦੇ ਹਨ, ਉਹ ਕਮੀਣੇ ਅਤੇ ਨੀਚ (ਪੁਰਸ਼ ਹੁੰਦੇ ਹਨ)...

ਨਾਨਕ,	ਨਾਵੈ *(ਨਾਵੈਂ)*	ਬਾਝੁ, *(ਬਾਝ)*	ਸਨਾਤਿ ॥੪॥੩॥ *(ਸਨਾਤ)*
ਹੇ! ਨਾਨਕ!	ਨਾਮ ਸਿਮਰਨ	ਤੋਂ ਬਿਨਾਂ	ਨੀਚ ਜਾਤ

...ਹੇ! ਨਾਨਕ! ਨਾਮ ਸਿਮਰਨ ਤੋਂ ਬਿਨਾਂ, (ਜੀਵ) ਨੀਚ ਜਾਤ ਦਾ ਹੁੰਦਾ ਹੈ।

ਰਾਗੁ *(ਰਾਗ)*	ਗੂਜਰੀ	ਮਹਲਾ *(ਮਹਿਲਾ)*	੪ ॥ *(ਚੌਥਾ)*
ਸੁਰ-ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਹਰਿ *(ਹਰ)*	ਕੇ	ਜਨ	ਸਤਿਗੁਰ *(ਸਤਗੁਰ)*	ਸਤਪੁਰਖਾ,
ਹਰੀ, ਪ੍ਰਭੂ	ਦੇ	ਸੰਤ, ਭਗਤ	ਸਤਿਗੁਰੂ	ਸੱਤਪੁਰਖ, ਮਹਾਂ ਪੁਰਖ

ਬਿਨਉ *(ਬਿਨਉਂ)*	ਕਰਉ *(ਕਰਉਂ)*	ਗੁਰ	ਪਾਸਿ ॥ *(ਪਾਸ)*
ਬੇਨਤੀ	ਕਰਦਾ ਹਾਂ	ਗੁਰੂ	ਕੋਲ

(ਹੇ!) ਪ੍ਰਭੂ ਦੇ ਸੰਤ ਸਰੂਪ ਸੱਤਪੁਰਖ ਸਤਿਗੁਰੂ ਜੀਓ! ਮੈਂ ਗੁਰੂ ਕੋਲ ਜੋਦੜੀ ਕਰਦਾ ਹਾਂ...

ਹਮ	ਕੀਰੇ	ਕਿਰਮ,	ਸਤਿਗੁਰ *(ਸਤਗੁਰ)*	ਸਰਣਾਈ, *(ਸ਼ਰਣਾਈ)*
ਅਸੀਂ	ਕੀੜੇ	ਕੀਟ	ਸਤਿਗੁਰੂ ਦੀ	ਸ਼ਰਣ ਵਿਚ

ਅੰਕ ੧੦

ਕਰਿ *(ਕਰ)*	ਦਇਆ,	ਨਾਮੁ *(ਨਾਮ)*	ਪਰਗਾਸਿ ॥੧॥ *(ਪਰਗਾਸ)*
ਕਰੋ	ਕਿਰਪਾ	ਨਾਮ, ਸਿਮਰਨ	ਪਰਕਾਸ਼, ਚਾਨਣ

...ਅਸੀਂ ਕੀੜੇ ਮਕੌੜੇ (ਆਪ) ਸਤਿਗੁਰੂ ਜੀ ਦੀ ਸ਼ਰਣ ਵਿਚ ਆਏ ਹਾਂ, (ਸਾਡੇ ਤੇ) ਦਇਆ ਕਰੋ (ਅਤੇ ਸਾਡੇ ਅੰਤਹਕਰਣ), ਨਾਮ ਸਿਮਰਨ ਦੀ ਰੌਸ਼ਨੀ ਨਾਲ ਪ੍ਰਕਾਸ਼ਿਤ ਕਰੋ।...

ਮੇਰੇ	ਮੀਤ	ਗੁਰਦੇਵ,
ਆਪਣੇ	ਮਿੱਤਰ	ਸਤਿਗੁਰੂ

ਮੋ	ਕਉ	ਰਾਮ	ਨਾਮੁ *(ਨਾਮ)*	ਪਰਗਾਸਿ ॥ *(ਪਰਗਾਸ)*
ਮੈਂ	ਨੂੰ	ਪ੍ਰਭੂ	ਬੰਦਗੀ	ਰੌਸ਼ਨੀ, ਚਾਨਣ

...(ਹੇ!) ਮੇਰੇ ਮਿੱਤਰ ਸਤਿਗੁਰੂ ਜੀਓ! ਮੈਨੂੰ ਪ੍ਰਭੂ ਬੰਦਗੀ ਦਾ ਚਾਨਣ ਬਖਸ਼ੋ।...

ਗੁਰਮਤਿ, *(ਗੁਰਮਤ)*	ਨਾਮੁ *(ਨਾਮ)*	ਮੇਰਾ	ਪ੍ਰਾਨ	ਸਖਾਈ ,
ਗੁਰੂ ਦੇ ਬਿਬੇਕ ਰਾਹੀਂ	ਨਾਮ,ਬੰਦਗੀ	ਮੇਰੇ	ਪ੍ਰਾਣਾਂ ਦਾ, ਜੀਵਨ ਦਾ	ਸੱਖਾ, ਸਾਥੀ

...ਗੁਰ-ਸ਼ਬਦ ਦੇ ਬਿਬੇਕ ਰਾਹੀਂ (ਪ੍ਰਾਪਤ ਹੋਈ) ਬੰਦਗੀ ਮੇਰੇ ਪ੍ਰਾਣਾਂ ਦੀ ਸਾਥੀ ਰਹੇ...

ਹਰਿ *(ਹਰ)*	ਕੀਰਤਿ, *(ਕੀਰਤ)*	ਹਮਰੀ	ਰਹਰਾਸਿ ॥੧॥	ਰਹਾਉ ॥
ਹਰੀ ਦੀ	ਕੀਰਤੀ, ਉਸਤਤ	ਸਾਡੀ	ਰੀਤੀ, ਮਰਿਯਾਦਾ	ਠਹਿਰਾਉ

...ਪ੍ਰਭੂ ਦੀ ਸਿਫ਼ਤ-ਸਲਾਹ ਮੇਰੇ ਜੀਵਨ ਦੀ ਮਰਿਯਾਦਾ ਹੋਵੇ।...

ਹਰਿ *(ਹਰ)*	ਜਨ	ਕੇ	ਵਡ	ਭਾਗ	ਵਡੇਰੇ
ਪ੍ਰਭੂ	ਭਗਤਾਂ, ਸੰਤਾਂ	ਦੇ	ਵੱਡੇ, ਉੱਚੇ	ਲੇਖ	ਬਹੁਤ ਵੱਡੇ

...ਹਰੀ ਦੇ ਸੰਤ ਜਨਾਂ ਦੇ ਭਾਗ ਉੱਚੇ, ਬਹੁਤ ਉੱਚੇ ਹੁੰਦੇ ਹਨ।...

ਜਿਨ *(ਜਿਨ੍ਹ)*	ਹਰਿ *(ਹਰ)*	ਹਰਿ *(ਹਰ)*	ਸਰਧਾ, *(ਸ਼ਰਧਾ)*	ਹਰਿ *(ਹਰ)*	ਪਿਆਸ ॥
ਜਿਨ੍ਹਾਂ	ਪ੍ਰਭੂ ਦੀ	ਪ੍ਰਭੂ ਦੀ	ਭਰੋਸਾ, ਵਿਸ਼ਵਾਸ਼	ਪ੍ਰਭੂ ਦੀ	ਤ੍ਰਿਖਾ, ਲੋਚਾ

...ਜਿਨ੍ਹਾਂ ਨੂੰ ਪ੍ਰਭੂ ਤੇ ਭਰੋਸਾ ਅਤੇ ਵਿਸ਼ਵਾਸ਼ (ਹੁੰਦਾ ਹੈ ਅਤੇ ਉਨ੍ਹਾਂ ਦੇ ਹਿਰਦੇ ਅੰਦਰ) ਹਰਿ (ਮਿਲਣ ਦੀ) ਪਿਆਸ (ਪ੍ਰਬਲ ਹੁੰਦੀ ਹੈ।)...

ਅੰਕ ੧੦

ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਮਿਲੈ	ਤ੍ਰਿਪਤਾਸਹਿ, *(ਤ੍ਰਿਪਤਾਸਹਿਂ)*
ਹਰੀ ਦਾ	ਹਰੀ ਦਾ	ਨਾਮ ਸਿਮਰਨ	ਮਿਲ ਜਾਏ	ਤ੍ਰਿਪਤ ਹੋ ਜਾਂਦੇ, ਸ਼ਾਂਤ ਹੋ ਜਾਂਦੇ ਹਨ

...(ਉਨ੍ਹਾਂ ਸੰਤ ਜਨਾਂ ਨੂੰ ਜੇ) ਹਰਿ-ਨਾਮ ਸਿਮਰਨ ਦਾ (ਜਲ) ਪ੍ਰਾਪਤ ਹੋ ਜਾਏ (ਤਾਂ ਉਨ੍ਹਾਂ ਦੇ ਹਿਰਦੇ) ਤ੍ਰਿਪਤ, ਭਾਵ ਸ਼ਾਂਤ ਹੋ ਜਾਂਦੇ ਹਨ।...

ਮਿਲਿ *(ਮਿਲ)*	ਸੰਗਤਿ *(ਸੰਗਤ)*	ਗੁਣ	ਪਰਗਾਸਿ ॥੨॥ *(ਪਰਗਾਸ)*
ਮਿਲ ਕੇ	ਸਾਧਸੰਗਤ	ਗੁਣਾਂ ਦਾ	ਪਰਕਾਸ਼, ਚਾਨਣ

...(ਐਸੇ ਸੰਤ ਜਨਾਂ ਦੇ ਅੰਤਹਕਰਨ) ਸਾਧ-ਸੰਗਤ ਦੇ ਮਿਲਾਪ ਰਾਹੀਂ ਪਰਮਾਤਮ ਗੁਣਾਂ ਨਾਲ, ਪਰਕਾਸ਼ਮਾਨ(ਹੋ ਜਾਂਦੇ ਹਨ।)...

ਜਿਨ *(ਜਿਨ੍ਹ)*	ਹਰਿ *(ਹਰ)*	ਹਰਿ, *(ਹਰ)*	ਹਰਿ *(ਹਰ)*	ਰਸੁ *(ਰਸ)*	ਨਾਮੁ *(ਨਾਮ)*
ਜਿਨ੍ਹਾਂ ਨੇ	ਪ੍ਰਭੂ ਦੇ	ਪ੍ਰਭੂ ਦੇ	ਪ੍ਰਭੂ ਦੇ	ਸੁਆਦ	ਨਾਮ ਸਿਮਰਨ, ਬੰਦਗੀ

ਨ *(ਨਾਂ)*	ਪਾਇਆ	ਤੇ	ਭਾਗਹੀਣ	ਜਮ	ਪਾਸਿ ॥ *(ਪਾਸ)*
ਨਹੀਂ	ਪ੍ਰਾਪਤ ਕੀਤਾ	ਉਹ	ਮੰਦਭਾਗੇ, ਅਭਾਗੇ	ਜਮਦੂਤਾਂ	ਕੋਲ, ਵਸ ਵਿਚ

...ਜਿਨ੍ਹਾਂ ਨੇ ਪ੍ਰਭੂ ਦੀ ਬੰਦਗੀ ਦਾ ਸੁਆਦ ਪ੍ਰਾਪਤ ਨਹੀਂ ਕੀਤਾ (ਉਹ ਜੀਵ) ਅਭਾਗੇ ਹੁੰਦੇ ਹਨ, ਅਤੇ ਜਮਦੂਤਾਂ ਦੇ ਵਸ ਪਏ ਰਹਿੰਦੇ ਹਨ।...

ਜੋ,	ਸਤਿਗੁਰ *(ਸਤਗੁਰ)*	ਸਰਣਿ *(ਸ਼ਰਣ)*	ਸੰਗਤਿ *(ਸੰਗਤ)*	ਨਹੀ *(ਨਹੀਂ)*	ਆਏ ,
ਜਿਹੜੇ	ਸਤਿਗੁਰੂ ਦੀ	ਓਟ	ਸਤਸੰਗਤ ਵਿਚ	ਨਹੀਂ	ਆਏ

ਧ੍ਰਿਗੁ *(ਧ੍ਰਿਗ)*.	ਜੀਵੇ	ਧ੍ਰਿਗੁ *(ਧ੍ਰਿਗ)*	ਜੀਵਾਸਿ ॥੩॥ *(ਜੀਵਾਸ)*
ਧਿਰਕਾਰ	ਜਿਊਣਾ	ਧਿਰਕਾਰ	ਜਿਊਣ ਦੀ ਆਸ, ਜਿਊਣ ਦੀ ਇੱਛਾ

...ਜੋ ਸਤਿਗੁਰੂ ਦੀ ਓਟ ਅਤੇ ਸਤਿਸੰਗਤ ਵਿਚ ਨਹੀਂ ਆਉਂਦੇ, ਉਨ੍ਹਾਂ ਦਾ ਜਿਊਣਾ ਧਿਰਕਾਰ ਹੈ, ਲਾਹਨਤ ਹੈ ਉਨ੍ਹਾਂ ਦੀ ਜਿਊਣ ਦੀ ਇੱਛਾ (ਦੇ ਵੀ)...

ਜਿਨ *(ਜਿਨ੍ਹ)*	ਹਰਿ *(ਹਰ)*	ਜਨ,	ਸਤਿਗੁਰ *(ਸਤਗੁਰ)*	ਸੰਗਤਿ *(ਸੰਗਤ)*	ਪਾਈ
ਜਿਨ੍ਹਾਂ	ਪ੍ਰਭੂ ਦੇ	ਭਗਤਾਂ, ਸੰਤਾਂ	ਸਤਿਗੁਰੂ ਦੀ	ਸੰਗਤ	ਪ੍ਰਾਪਤ ਕੀਤੀ

ਤਿਨ *(ਤਿਨ੍ਹ)*	ਧੁਰਿ *(ਧੁਰ)*	ਮਸਤਕਿ *(ਮਸਤਕ)*	ਲਿਖਿਆ	ਲਿਖਾਸਿ ॥ *(ਲਿਖਾਸ)*
ਤਿਨ੍ਹਾਂ	ਧੁਰੋਂ, ਦਰਗਾਹੋਂ	ਮੱਥੇ ਤੇ	ਅੰਕਿਤ ਕੀਤਾ	ਲੇਖ

ਅੰਕ ੧੦

...ਜਿਨ੍ਹਾਂ ਪ੍ਰਭੂ ਭਗਤਾਂ ਨੇ ਸਤਿਗੁਰੂ ਦੀ ਸੰਗਤ ਪ੍ਰਾਪਤ ਕੀਤੀ ਹੈ, ਉਨ੍ਹਾਂ ਦੇ ਮਸਤਕ ਤੇ ਧੁਰ ਦਰਗਾਹੋਂ ਹੀ ਇਹ (ਸੁਭਾਗਾ) ਲੇਖ ਲਿਖਿਆ ਹੋਇਆ ਸੀ।...

ਧਨੁ *(ਧਨ)*	**ਧੰਨੁ** *(ਧਨ)*		**ਸਤਸੰਗਤਿ,** *(ਸਤਸੰਗਤ)*
ਸਲਾਹੁਣ ਯੋਗ	ਸਲਾਹੁਣ ਯੋਗ		ਸੰਤ ਜਨਾਂ ਦੀ ਸੰਗਤ

ਜਿਤੁ *(ਜਿਤ)*	**ਹਰਿ** *(ਹਰ)*	**ਰਸੁ** *(ਰਸ)*	**ਪਾਇਆ,**
ਜਿਸ ਰਾਹੀਂ	ਪ੍ਰਭੂ	ਅਨੰਦ	ਪ੍ਰਾਪਤ ਕੀਤਾ

ਮਿਲਿ *(ਮਿਲ)*	**ਜਨ**	**ਨਾਨਕ,**	**ਨਾਮੁ** *(ਨਾਮ)*	**ਪਰਗਾਸਿ ॥੪॥੪॥** *(ਪਰਗਾਸ)*
ਮਿਲਕੇ	ਭਗਤ, ਸੰਤ	ਹੇ !ਨਾਨਕ !	ਪ੍ਰਭੂ ਸਿਮਰਨ	ਪਰਕਾਸ਼, ਚਾਨਣ

...ਧੰਨਤਾ ਯੋਗ ਹੈ, ਸੰਤ-ਜਨਾਂ ਦੀ ਸੰਗਤ ਜਿਸ ਰਾਹੀਂ ਪਰਮਾਤਮ ਆਨੰਦ ਪ੍ਰਾਪਤ ਕੀਤਾ ਹੈ, ਅਤੇ ਹੇ!ਨਾਨਕ! ਭਗਤ ਜਨਾਂ ਨੂੰ ਮਿਲਕੇ (ਹਿਰਦੇ ਵਿਚ) ਬੰਦਗੀ ਦਾ ਚਾਨਣ ਹੋ ਗਿਆ ਹੈ।

ਰਾਗੁ *(ਰਾਗ)*	**ਗੂਜਰੀ**	**ਮਹਲਾ** *(ਮਹਿਲਾ)*	**੫ ॥** *(ਪੰਜਵਾਂ)*
ਸੁਰ ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਕਾਹੇ	**ਰੇ**	**ਮਨ**	**ਚਿਤਵਹਿ** *(ਚਿਤਵਹਿਂ)*	**ਉਦਮੁ,** *(ਉਦਮ)*
ਕਿਉਂ	ਹੇ!	ਚਿਤ	ਚਿਤਵਦਾ ਹੈ	ਕੋਸ਼ਿਸ਼, ਯਤਨ

ਜਾ *(ਜਾਂ)*	**ਆਹਰਿ** *(ਆਹਰ)*	**ਹਰਿ** *(ਹਰ)*	**ਜੀਉ**	**ਪਰਿਆ ॥**
ਜਿਹੜੇ	ਉਦਮ, ਯਤਨ	ਪ੍ਰਭੂ	ਜੀ	ਪਿਆ ਹੈ, ਲਗਿਆ ਹੈ

ਹੇ!(ਮੇਰੇ) ਮਨ! ਤੂੰ ਉਨ੍ਹਾਂ ਕੋਸ਼ਿਸ਼ਾਂ ਬਾਰੇ ਕਿਉਂ ਸੋਚਦਾ ਰਹਿੰਦਾ ਹੈਂ, ਜਿਹੜੇ ਯਤਨਾਂ ਵਿਚ ਪਰਮਾਤਮਾ ਆਪ ਲਗਿਆ ਹੋਇਆ ਹੈ।...

ਸੈਲ	**ਪਥਰ**	**ਮਹਿ,** *(ਮਹਿਂ)*	**ਜੰਤ**	**ਉਪਾਏ,**
ਚਟਾਨ	ਪਾਹਨ, ਪਖਾਣ	ਵਿਚ	ਜੀਵ	ਪੈਦਾ ਕੀਤੇ

ਤਾ *(ਤਾਂ)*	**ਕਾ**	**ਰਿਜਕੁ,** *(ਰਿਜ਼ਕ)*	**ਆਗੈ**	**ਕਰਿ** *(ਕਰ)*	**ਧਰਿਆ ॥੧॥**
ਉਨ੍ਹਾਂ	ਦਾ	ਰੋਜ਼ੀ, ਉਪਜੀਵਕਾ	ਪਹਿਲਾਂ ਹੀ	ਬਣਾ	ਧਰ ਦਿਤੈ

...(ਪਰਮਾਤਮਾ ਨੇ) ਪੱਥਰਾਂ ਅਤੇ ਚਟਾਨਾਂ ਵਿਚ ਜੀਵ-ਜੰਤ ਪੈਦਾ ਕੀਤੇ ਹਨ, ਅਤੇ ਉਨ੍ਹਾਂ ਦਾ ਰਿਜ਼ਕ (ਉਨ੍ਹਾਂ ਦੇ ਪੈਦਾ ਹੋਣ ਤੋਂ) ਪਹਿਲਾਂ ਹੀ ਪੈਦਾ ਕਰਕੇ ਧਰ ਦਿਤਾ ਹੈ।...

ਅੰਕ ੧੦

ਮੇਰੇ	ਮਾਧਉ		ਜੀ,
ਆਪਣੇ	ਮਾਧਵ, ਮਾਇਆ ਦੇ ਮਾਲਕ, ਪ੍ਰਭੂ		ਜੀਓ!

ਸਤਸੰਗਤਿ *(ਸਤਸੰਗਤ)*	ਮਿਲੇ	ਸੁ	ਤਰਿਆ ॥
ਸਾਧੂ ਜਨਾਂ ਦੀ ਸੰਗਤ	ਮਿਲਿਆ	ਉਹ	ਪਾਰ ਹੋ ਗਿਐ (ਸੰਸਾਰ ਸਾਗਰ ਤੋਂ)

ਹੇ! ਮੇਰੇ ਪ੍ਰਭੂ ਜੀਓ! (ਜਿਹੜਾ ਵੀ) ਸਾਧੂ ਜਨਾਂ ਦੀ ਸੰਗਤ ਵਿਚ ਮਿਲਿਆ ਭਾਵ ਸੰਪਰਕ ਵਿਚ ਆਇਆ ਉਹ (ਸੰਸਾਰ ਸਾਗਰ ਤੋਂ) ਪਾਰ ਹੋ ਗਿਐ।...

ਗੁਰ	ਪਰਸਾਦਿ, *(ਪਰਸਾਦ)*	ਪਰਮ	ਪਦੁ, *(ਪਦ)*	ਪਾਇਆ,
ਸਤਿਗੁਰੂ ਦੀ	ਕਿਰਪਾ ਦੁਆਰਾ	ਸਭ ਤੋਂ ਉੱਚੀ	ਪਦਵੀ, ਅਵਸਥਾ	ਪਾ ਲਿਆ

ਸੂਕੇ	ਕਾਸਟ *(ਕਾਸ਼ਟ)*	ਹਰਿਆ ॥੧॥	ਰਹਾਉ ॥
ਸੁੱਕੀ ਹੋਈ	ਕਾਠ, ਲੱਕੜ	ਹਰੀ ਹੋ ਗਈ	ਠਹਿਰਾਉ

...(ਐਸਾ ਧਰਮ-ਸਾਧਕ) ਸਤਿਗੁਰੂ ਦੀ ਕਿਰਪਾ ਦੁਆਰਾ (ਅਧਿਆਤਮਕ ਦੁਨੀਆਂ ਦੀ) ਸਭ ਤੋਂ ਉੱਚੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਭਾਵ ਉਸ ਨੇ ਪਰਮ ਪਦ ਪਾ ਲਿਆ। (ਮਾਨੋਂ) ਸੁੱਕੀ ਲੱਕੜ ਹਰੀ ਹੋ ਗਈ ਹੋਵੇ।...

ਜਨਨਿ *(ਜਨਨ)*	ਪਿਤਾ,	ਲੋਕ	ਸੁਤ	ਬਨਿਤਾ
ਜਨਨੀ, ਮਾਂ	ਪਿਓ	ਲੋਗ	ਪੁੱਤਰ	ਪਤਨੀ

ਕੋਇ	ਨ *(ਨਾਂ)*	ਕਿਸ	ਕੀ	ਧਰਿਆ ॥
ਕੋਈ ਵੀ	ਨਹੀਂ	ਕਿਸੇ	ਦੀ	ਆਸਰਾ, ਸਹਾਰਾ

...ਮਾਤਾ, ਪਿਤਾ, ਲੋਗ, ਪੁੱਤਰ ਅਤੇ ਪਤਨੀ ਇਨ੍ਹਾਂ ਵਿਚੋਂ ਕੋਈ ਵੀ ਕਿਸੇ ਦਾ ਆਸਰਾ ਨਹੀਂ ਹੈ।...

ਸਿਰਿ *(ਸਿਰ)*	ਸਿਰਿ *(ਸਿਰ)*	ਰਿਜਕੁ *(ਰਿਜ਼ਕ)*	ਸੰਬਾਹੇ	ਠਾਕੁਰੁ, *(ਠਾਕੁਰ)*
ਸਿਰ ਤੇ	ਸਿਰ ਤੇ	ਰੋਜ਼ੀ	ਪਹੁੰਚਾਂਦਾ ਹੈ, ਦਿੰਦਾ ਹੈ	ਮਾਲਕ, ਸੁਆਮੀ

ਕਾਹੇ	ਮਨ	ਭਉ	ਕਰਿਆ ॥੨॥
ਕਿਉਂ	ਚਿਤ ਵਿਚ	ਡਰ, ਫਿਕਰ	ਕਰਦਾ ਹੈਂ

...ਹੇ! ਮਨ! (ਤੂੰ) ਕਿਉਂ ਫਿਕਰ ਕਰਦਾ ਹੈਂ, ਜਗਤ ਦਾ ਮਾਲਕ ਹਰ ਸਿਰ ਲਈ, ਭਾਵ ਹਰ ਇਕ ਜੀਵ ਵਾਸਤੇ ਰਿਜ਼ਕ ਪਹੁੰਚਾਉਂਦਾ ਹੈ।...

ਅੰਕ ੧੦

ਊਡੇ	ਊਡਿ *(ਊਡ)*	ਆਵੈ	ਸੈ	ਕੋਸਾ, *(ਕੋਸਾਂ)*
ਉਡ	ਉਡਕੇ	ਆਉਂਦੀਆਂ	ਸੈਂਕੜੇ	ਕੋਹਾਂ

ਤਿਸੁ *(ਤਿਸ)*	ਪਾਛੈ	ਬਚਰੇ	ਛਰਿਆ ॥
ਤਿਨ੍ਹਾਂ	ਪਿੱਛੇ	ਬੱਚੇ	ਛੱਡੇ ਹੋਏ

...(ਕੂੰਜ) ਸੈਂਕੜੇ ਕੋਹਾਂ ਤੋਂ ਉਡ ਕੇ ਆਉਂਦੀ ਹੈ, ਉਸਨੇ ਪਿੱਛੇ ਨਿੱਕੇ ਨਿੱਕੇ ਬੱਚੇ ਛੱਡੇ ਹੁੰਦੇ ਹਨ...

ਤਿਨ *(ਤਿਨ੍ਹ)*	ਕਵਣੁ *(ਕਵਣ)*	ਖਲਾਵੈ	ਕਵਣੁ *(ਕਵਣ)*	ਚੁਗਾਵੈ,
ਤਿਨ੍ਹਾਂ	ਕੌਣ	ਖਲਾਉਂਦੇ	ਕੌਣ	ਚੋਗਾ ਦਿੰਦੇ

ਮਨ	ਮਹਿ *(ਮਹਿੰ)*	ਸਿਮਰਨੁ *(ਸਿਮਰਨ)*	ਕਰਿਆ ॥੩॥
ਚਿੱਤ	ਵਿਚ	ਧਿਆਨ	ਕਰਦੀ ਹੈ

...ਉਨ੍ਹਾਂ ਨੂੰ ਕੌਣ ਖਲਾਉਂਦਾ ਹੈ, ਕੌਣ ਚੋਗਾ ਦਿੰਦਾ ਹੈ? (ਭਾਵ ਕੋਈ ਨਹੀਂ, ਉਹ ਕੂੰਜ) ਆਪਣੇ ਚਿੱਤ ਵਿਚ ਉਨ੍ਹਾਂ ਬੱਚਿਆਂ ਦਾ ਧਿਆਨ ਧਾਰੀ ਰਖਦੀ ਹੈ।(ਇਸ ਸਿਮਰਨ ਰਾਹੀਂ ਹੀ ਉਨ੍ਹਾਂ ਬੱਚੜਿਆਂ ਦੀ ਪਾਲਣਾ ਹੁੰਦੀ ਰਹਿੰਦੀ ਹੈ।)...

ਸਭਿ *(ਸਭ)*	ਨਿਧਾਨ	ਦਸ	ਅਸਟ *(ਅਸ਼ਟ)*	ਸਿਧਾਨ
ਸਾਰੇ	ਖਜ਼ਾਨੇ	ਦਸ(ਗਿਣਤੀ ਦੇ)	ਅੱਠ	ਸਿੱਧੀਆਂ

ਠਾਕੁਰ	ਕਰ	ਤਲ	ਧਰਿਆ ॥
ਮਾਲਕ, ਸੁਆਮੀ	ਹੱਥ	ਤਲੀਆਂ	ਧਰੀਆਂ

...ਮਾਲਕ ਨੇ ਸਰਬੱਤ ਖਜ਼ਾਨੇ ਅਤੇ (ਦਸ+ਅੱਠ) ਅਠਾਰਾਂ ਸਿੱਧੀਆਂ (ਪ੍ਰਭੂ ਦੀ ਯਾਦ ਵਿਚ ਜਿਉਣ ਵਾਲਿਆਂ ਦੇ) ਹੱਥਾਂ ਦੀਆਂ ਤਲੀਆਂ ਤੇ ਧਰੇ ਹੋਏ ਹਨ।...

ਜਨ	ਨਾਨਕ,	ਬਲਿ *(ਬਲ)*	ਬਲਿ *(ਬਲ)*	ਸਦ
ਸੇਵਕ, ਦਾਸ	ਹੇ !ਨਾਨਕ !	ਬਲਿਹਾਰ, ਸਦਕੇ	ਬਲਿਹਾਰ, ਸਦਕੇ	ਸਦਾ

ਬਲਿ *(ਬਲ)*	ਜਾਈਐ,
ਬਲਿਹਾਰ, ਸਦਕੇ	ਹੋਈਏ

ਤੇਰਾ	ਅੰਤੁ *(ਅੰਤ)*	ਨ *(ਨਾਂ)*	ਪਾਰਾਵਰਿਆ ॥੪॥੫॥
ਤੁਹਾਡਾ	ਪਾਰ,ਹੱਦ	ਨਹੀਂ	ਪਾਰਾਵਾਰ, ਵਿਸਥਾਰ

ਅੰਕ ੧੦

...ਹੇ! ਦਾਸ ਨਾਨਕ! ਸਦਾ (ਉਸ ਪਰਵਦਗਾਰ) ਤੋਂ ਕੁਰਬਾਨ ਕੁਰਬਾਨ ਕੁਰਬਾਨ ਜਾਈਏ, (ਮਾਲਕ ਜੀ) ਤੇਰੇ ਵਿਸਥਾਰ ਭਾਵ ਤੇਰੀ ਬੇਅੰਤਤਾ ਦਾ ਅੰਤ ਨਹੀਂ ਪਾਇਆ ਜਾ ਸਕਦਾ।

ਰਾਗੁ *(ਰਾਗ)*	ਆਸਾ,	ਮਹਲਾ *(ਮਹਿਲਾ)*	੪, *(ਚੌਥਾ)*	ਸੋ	ਪੁਰਖੁ *(ਪੁਰਖ)*
ਸੁਰ ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਚੌਥੀ	ਉਹ	ਪੁਰਖ

(ਸੋ ਪੁਰਖ, ਅਗਲੇ ਆਉਣ ਵਾਲੇ ਚਾਰ ਸ਼ਬਦਾਂ ਦੇ ਸੰਗ੍ਰਹਿ ਦਾ ਸਿਰਲੇਖ ਹੈ।)

੧ੴ *(ਇਕ ਓਅੰਕਾਰ)*	ਸਤਿ *(ਸੱਤ)*
ਇਕ ਪਰਮ-ਆਤਮਾ(ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	(ਪਰਮਾਤਮ ਹੋਂਦ)ਸਦਾ ਸੱਚ ਹੈ

ਗੁਰ	ਪ੍ਰਸਾਦਿ ॥ *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀਂ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ-ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਸੋ	ਪੁਰਖੁ *(ਪੁਰਖ)*	ਨਿਰੰਜਨੁ, *(ਨਿਰੰਜਨ)*
ਉਹ	ਪੁਰਖ,ਪ੍ਰਭੂ	ਨਿਰ=ਬਿਨਾਂ ਅੰਜਨ=ਕਾਲਖ਼, ਮਾਇਆ ਦੇ ਪ੍ਰਭਾਵ ਤੋਂ ਬਿਨਾਂ

ਹਰਿ *(ਹਰ)*	ਪੁਰਖੁ *(ਪੁਰਖ)*	ਨਿਰੰਜਨੁ, *(ਨਿਰੰਜਨ)*
ਹਰੀ, ਪ੍ਰਭੂ	ਪੁਰਖ	ਮਾਇਆ ਤੋਂ ਪਰ੍ਹੇ

ਹਰਿ *(ਹਰ)*	ਅਗਮਾ	ਅਗਮ	ਅਪਾਰਾ ॥
ਹਰੀ, ਪ੍ਰਭੂ	ਅਪਹੁੰਚ	ਅਪਹੁੰਚ	ਅਪਾਰ, ਜਿਸਦੀ ਪਾਰਲੀ ਹੱਦ ਨਾ ਲੱਭ ਸਕੇ, ਬੇਅੰਤ

...ਉਹ ਪ੍ਰਭੂ, ਮਾਇਆ ਦੇ ਪ੍ਰਭਾਵ ਤੋਂ ਉਪਰ ਹੈ। ਉਹ ਪਰਮਾਤਮਾ ਮਾਇਆਵੀ ਪ੍ਰਭਾਵ ਤੋਂ ਪਵਿੱਤਰ ਹੈ। ਅਕਾਲ-ਪੁਰਖ ਅਪਹੁੰਚ ਅਤੇ ਬੇਅੰਤ ਹੈ।..

ਸਭਿ *(ਸਭ)*	ਧਿਆਵਹਿ, *(ਧਿਆਵਹਿਂ)*	ਸਭਿ *(ਸਭ)*	ਧਿਆਵਹਿ, *(ਧਿਆਵਹਿਂ)*
ਸਾਰੇ	ਧਿਆਉਂਦੇ	ਸਾਰੇ	ਸਿਮਰਦੇ

ਤੁਧੁ *(ਤੁਧ)*	ਜੀ ,	ਹਰਿ *(ਹਰ)*	ਸਚੇ	ਸਿਰਜਣਹਾਰਾ ॥
ਤੈਨੂੰ	ਜੀਓ	ਹਰੀ, ਪ੍ਰਭੂ	ਸਦਾ-ਸਥਿਰ ਰਹਿਣ ਵਾਲੇ	ਸਿਰਜਨਾ ਕਰਨ ਵਾਲਾ

ਅੰਕ ੧੦-੧੧

...ਹੇ! (ਬ੍ਰਹਿਮੰਡ ਦੀ ਸਿਰਜਨਾ) ਕਰਨ ਵਾਲੇ ਸਦਾ-ਸਥਿਰ ਪ੍ਰਭੂ! ਤੈਨੂੰ ਸਾਰੇ ਸਿਮਰਦੇ ਹਨ।...

ਸਭਿ *(ਸਭ)*	ਜੀਅ	ਤੁਮਾਰੇ *(ਤੁਮ੍ਾਰੇ)*	ਜੀ,
ਸਾਰੇ	ਜੀਵ	ਤੁਹਾਡੇ	ਜੀਓ

ਤੂੰ	ਜੀਆ *(ਜੀਆਂ)*	ਕਾ	ਦਾਤਾਰਾ ॥
ਤੁਸੀਂ	ਜੀਵਾਂ	ਦਾ	ਦਾਤਾਂ ਦੇਣ ਵਾਲਾ, ਰਿਜ਼ਕ ਦਾਤਾ

...(ਹੇ! ਕਰਤਾ ਪੁਰਖ ਜੀਓ! ਸ੍ਰਿਸ਼ਟੀ ਦੇ) ਸਾਰੇ ਜੀਵ ਤੁਹਾਡੇ ਹਨ, ਤੁਸੀਂ ਸਾਰੇ ਜੀਵਾਂ ਦੇ ਰਿਜ਼ਕ ਦਾਤਾ ਹੋ।...

ਹਰਿ *(ਹਰ)*	ਧਿਆਵਹੁ	ਸੰਤਹੁ	ਜੀ,	ਸਭਿ *(ਸਭ)*	ਦੂਖ	ਵਿਸਾਰਣ ਹਾਰਾ ॥
ਹਰੀ, ਪ੍ਰਭੂ	ਸਿਮਰੋ	ਸੰਤ ਜਨੋ	ਜੀਓ	ਸਾਰੇ	ਦੁੱਖਾਂ ਨੂੰ	ਦੂਰ ਕਰਨ ਵਾਲਾ

...ਹੇ! ਸੰਤ ਜਨੋ! ਪ੍ਰਭੂ ਪਿਆਰਿਓ! ਹਰੀ ਪ੍ਰਭੂ ਨੂੰ ਸਿਮਰੋ, ਉਹ ਸਭ ਦੁਖ ਕਲੇਸ਼ਾਂ ਦਾ ਨਿਵਾਰਣ ਹਾਰ ਹੈ।...

ਹਰਿ *(ਹਰ)*	ਆਪੇ	ਠਾਕੁਰੁ, *(ਠਾਕੁਰ)*	ਹਰਿ *(ਹਰ)*	ਆਪੇ
ਹਰੀ, ਪ੍ਰਭੂ	ਆਪ ਹੀ	ਮਾਲਕ, ਸੁਆਮੀ	ਹਰੀ, ਪ੍ਰਭੂ	ਆਪ ਹੀ

ਸੇਵਕੁ *(ਸੇਵਕ)*	ਜੀ,	ਕਿਆ	ਨਾਨਕ,	ਜੰਤ	ਵਿਚਾਰਾ ॥੧॥
ਸੇਵਾ ਕਰਨ ਵਾਲਾ	ਜੀਓ	ਕੀ	ਹੇ! ਨਾਨਕ!	ਜੀਵ ਜੰਤੂ	ਵਿਚਾਰੇ, ਨਿਤਾਣੇ

...ਹਰੀ ਪ੍ਰਭੂ ਆਪ ਹੀ (ਸ੍ਰਿਸ਼ਟੀ ਦੇ) ਜੀਵਾਂ ਦਾ ਮਾਲਕ ਹੈ, ਅਤੇ ਆਪ ਹੀ ਉਨ੍ਹਾਂ ਦਾ ਸੇਵਕ (ਵੀ) ਹੈ, ਹੇ! ਨਾਨਕ! ਉਸ (ਪ੍ਰਭੂ ਤੋਂ ਬਗੈਰ ਸ੍ਰਿਸ਼ਟੀ ਦੇ) ਜੀਵ ਵਿਚਾਰੇ ਕੀ ਹਨ? (ਭਾਵ ਕੁਝ ਵੀ ਨਹੀਂ)...

ਤੂੰ	ਘਟ	ਘਟ	ਅੰਤਰਿ, *(ਅੰਤਰ)*	ਸਰਬ	ਨਿਰੰਤਰਿ *(ਨਿਰੰਤਰ)*	ਜੀ
ਤੁਸੀਂ	ਸਰੀਰ	ਸਰੀਰ	ਵਿਚ	ਸਾਰਿਆਂ	ਇਕ ਰਸ, ਲਗਾਤਾਰ	ਜੀਓ

ਹਰਿ *(ਹਰ)*	ਏਕੋ	ਪੁਰਖੁ *(ਪੁਰਖ)*	ਸਮਾਣਾ ॥
ਹਰੀ ਪ੍ਰਭੂ	ਇਕੋ	ਪੁਰਖ	ਸਮਾਇਆ ਹੋਇਆ

...(ਹੇ! ਕਰਤਾ ਪੁਰਖ ਜੀਓ!) ਤੁਸੀਂ (ਸ੍ਰਿਸ਼ਟੀ ਦੇ) ਸਾਰੇ (ਜੀਵਾਂ ਦੇ) ਘਟ ਘਟ ਵਿਚ ਨਿਰੰਤਰ ਵਿਆਪਕ ਹੋ। ਇੱਕੋ ਹਰੀ ਪੁਰਖ ਹੀ (ਸਭ ਜੀਵਾਂ ਵਿਚ) ਸਮਾਇਆ ਹੋਇਆ ਹੈ।...

ਇਕਿ *(ਇਕ)*	ਦਾਤੇ,	ਇਕਿ *(ਇਕ)*	ਭੇਖਾਰੀ	ਜੀ,
ਕਈ ਇਕ	ਦਾਤਾਂ ਦੇਣ ਵਾਲੇ	ਕਈ ਇਕ	ਮੰਗਤੇ	ਜੀਓ

ਅੰਕ ੧੧

ਸਭਿ *(ਸਭ)*	ਤੇਰੇ	ਚੋਜ	ਵਿਡਾਣਾ ॥
ਸਾਰੇ	ਤੁਹਾਡੇ	ਕੌਤਕ	ਅਸਚਰਜ

...(ਤੇਰੀ ਇਸ ਸਾਜੀ ਹੋਈ ਸ੍ਰਿਸ਼ਟੀ ਵਿਚ, ਜਿਸ ਵਿਚ ਤੂੰ ਵਿਆਪਕ ਹੈਂ) ਕਈ ਦਾਤਾਂ ਦੇਣ ਵਾਲੇ ਹਨ, ਅਤੇ ਕਈ ਮੰਗਤੇ ਹਨ। (ਹੇ! ਪ੍ਰਭੂ!) ਇਹ ਤੇਰਾ ਹੀ ਅਸਚਰਜ ਕੌਤਕ ਹੈ।...

ਤੂੰ	ਆਪੇ	ਦਾਤਾ,	ਆਪੇ	ਭੁਗਤਾ	ਜੀ,
ਤੁਸੀਂ	ਆਪ ਹੀ	ਦਾਤਾਂ ਦੇਣ ਵਾਲਾ	ਆਪ ਹੀ	ਵਰਤਣ ਵਾਲਾ	ਜੀਓ

ਹਉ *(ਹਉਂ)*	ਤੁਧੁ *(ਤੁਧ)*	ਬਿਨੁ, *(ਬਿਨ)*	ਅਵਰੁ *(ਅਵਰ)*	ਨ *(ਨਾਂ)*	ਜਾਣਾ ॥
ਮੈਂ	ਤੇਰੇ	ਬਿਨਾਂ	ਕੋਈ ਹੋਰ	ਨਹੀਂ	ਜਾਣਦਾ

...(ਹੇ! ਪ੍ਰਭੂ) ਤੂੰ ਆਪ ਹੀ ਦਾਤਾਂ ਦੇਣ ਵਾਲਾ ਹੈਂ ਅਤੇ ਆਪ ਹੀ ਉਨ੍ਹਾਂ ਨੂੰ ਵਰਤਣ ਵਾਲਾ ਹੈਂ। ਮੈਂ ਤੇਰੇ ਬਿਨਾਂ ਕਿਸੇ ਹੋਰ (ਸ਼ਕਤੀ) ਨੂੰ ਨਹੀਂ ਜਾਣਦਾ।...

ਤੂੰ	ਪਾਰਬ੍ਰਹਮੁ *(ਪਾਰਬ੍ਰਹਮ)*	ਬੇਅੰਤੁ *(ਬੇਅੰਤ)*	ਬੇਅੰਤੁ *(ਬੇਅੰਤ)*	ਜੀ ,
ਤੁਸੀਂ	ਅਕਾਲ ਪੁਰਖ	ਅੰਤ ਤੋਂ ਬਿਨਾਂ	ਅੰਤ ਤੋਂ ਬਿਨਾਂ	ਜੀਓ

ਤੇਰੇ	ਕਿਆ	ਗੁਣ	ਆਖਿ *(ਆਖ)*	ਵਖਾਣਾ ॥
ਤੁਹਾਡੇ	ਕਿਹੜੇ	ਚੰਗਿਆਈਆਂ	ਕਹਿਕੇ	ਦਸਾਂ

...(ਹੇ!) ਆਕਲ-ਪੁਰਖ ਜੀ! ਤੂੰ ਬੇਅੰਤ ਬੇਅੰਤ ਹੈ, (ਮੈਂ) ਤੇਰੇ ਕਿਹੜੇ ਕਿਹੜੇ ਗੁਣ ਕਹਿਕੇ ਵਰਨਣ ਕਰਾਂ।...

ਜੋ	ਸੇਵਹਿ, *(ਸੇਵਹਿਂ)*	ਜੋ	ਸੇਵਹਿ *(ਸੇਵਹਿਂ)*	ਤੁਧੁ *(ਤੁਧ)*	ਜੀ ,
ਜਿਹੜੇ	ਸਿਮਰਦੇ	ਜਿਹੜੇ	ਸਿਮਰਦੇ	ਤੈਨੂੰ	ਜੀ

ਜਨੁ *(ਜਨ)*	ਨਾਨਕੁ *(ਨਾਨਕ)*	ਤਿਨ *(ਤਿਨ੍ਹ)*	ਕੁਰਬਾਣਾ ॥੨॥
ਦਾਸ, ਸੇਵਕ	ਨਾਨਕ	ਤਿਨ੍ਹਾਂ ਤੋਂ	ਕੁਰਬਾਨ, ਬਲਿਹਾਰ, ਸਦਕੇ

...(ਹੇ! ਅਕਾਲ ਪੁਰਖ) ਜੀ, ਜਿਹੜੇ (ਜੀਵ) ਤੈਨੂੰ ਸਿਮਰਦੇ ਹਨ, ਤੇਰਾ ਚਿੰਤਨ ਕਰਦੇ ਹਨ, ਦਾਸ ਨਾਨਕ! ਉਨ੍ਹਾਂ ਤੋਂ ਬਲਿਹਾਰ ਬਲਿਹਾਰ ਜਾਂਦਾ ਹੈ।...

ਹਰਿ *(ਹਰ)*	ਧਿਆਵਹਿ, *(ਧਿਆਵਹਿਂ)*	ਹਰਿ *(ਹਰ)*	ਧਿਆਵਹਿ *(ਧਿਆਵਹਿਂ)*	ਤੁਧੁ *(ਤੁਧ)*	ਜੀ,
ਹਰੀ ਪ੍ਰਭੂ	ਧਿਆਉਂਦੇ	ਹਰੀ ਪ੍ਰਭੂ	ਧਿਆਉਂਦੇ	ਤੈਨੂੰ	ਜੀਓ

ਅੰਕ ੧੧

ਸੇ	ਜਨ	ਜੁਗ	ਮਹਿ(ਮਹਿਂ)	ਸੁਖਵਾਸੀ ॥
ਉਹ	ਜੀਵ, ਲੋਕ	ਯੁਗ, ਸਮਾਂ	ਵਿਚ	ਸੁਖੀ ਵਸਣ ਵਾਲੇ

...(ਹੇ!) ਹਰੀ ਪ੍ਰਭੂ ਜੀ! (ਜੋ ਜੀਵ) ਤੈਨੂੰ ਧਿਆਉਂਦੇ ਅਤੇ ਸਿਮਰਦੇ ਹਨ ਉਹ ਜੀਵ (ਜ਼ਿੰਦਗੀ ਦੇ) ਸਮੇਂ ਵਿਚ ਸੁੱਖੀ ਵਸਦੇ ਹਨ।...

ਸੇ	ਮੁਕਤੁ,(ਮੁਕਤ)	ਸੇ	ਮੁਕਤੁ(ਮੁਕਤ)	ਭਏ,	ਜਿੰਨ(ਜਿਨ੍ਹ)	ਹਰਿ(ਹਰ)
ਉਹ	ਨਿਰਬੰਧਨ, ਅਜ਼ਾਦ	ਉਹ	ਨਿਰਬੰਧਨ	ਹੋਏ	ਜਿਨ੍ਹਾਂ ਨੇ	ਹਰੀ ਪ੍ਰਭੂ

ਧਿਆਇਆ ਜੀ	ਤਿਨ	ਤੂਟੀ	ਜਮ	ਕੀ	ਫਾਸੀ ॥
ਸਿਮਰਿਆ ਜੀਓ	ਤਿਨ੍ਹਾਂ ਦੀ	ਟੁੱਟ ਗਈ	ਜਮਾਂ	ਦੀ	ਫਾਹੀ

...(ਜਿਨ੍ਹਾਂ ਧਰਮ-ਸਾਧਕਾਂ ਨੇ) ਹਰੀ ਪ੍ਰਭੂ ਦਾ ਨਾਮ ਸਿਮਰਿਆ ਹੈ ਜੀ, (ਉਹ ਸੰਸਾਰ ਦੇ ਮਾਇਕ) ਬੰਧਨਾਂ ਤੋਂ ਮੁਕਤ ਹੋ ਗਏ ਅਤੇ ਉਨ੍ਹਾਂ ਦੀ ਜਮ-ਫਾਸੀ (ਆਤਮਿਕ ਮੌਤ ਦੀ ਫਾਹੀ) ਟੁੱਟ ਗਈ ਹੈ।...

ਜਿਨ(ਜਿਨ੍ਹ)	ਨਿਰਭਉ,	ਜਿਨ(ਜਿਨ੍ਹ)	ਹਰਿ(ਹਰ)	ਨਿਰਭਉ	ਧਿਆਇਆ	ਜੀ ,
ਜਿਸਨੇ	ਨਿਡਰ, ਬੇਖੌਫ਼	ਜਿਸਨੇ	ਹਰੀ, ਪ੍ਰਭੂ	ਨਿਡਰ, ਬੇਖੌਫ਼	ਸਿਮਰਿਆ	ਜੀਓ

ਤਿਨ(ਤਿਨ੍ਹ)	ਕਾ	ਭਉ	ਸਭੁ(ਸਭ)	ਗਵਾਸੀ ॥
ਤਿਨ੍ਹਾਂ	ਦਾ	ਡਰ, ਭੈ	ਸਾਰਾ	ਦੂਰ ਕਰ ਦਿੰਦਾ ਹੈ

...ਜਿਸਨੇ (ਵੀ) ਨਿਰਭਉ ਹਰੀ ਪ੍ਰਭੂ ਨੂੰ ਸਿਮਰਿਆ ਹੈ ਜੀ, ਉਸਦੇ ਸਾਰੇ ਡਰ ਭੈਅ (ਪ੍ਰਭੂ) ਦੂਰ ਕਰ ਦਿੰਦਾ ਹੈ।...

ਜਿਨ(ਜਿਨ੍ਹ)	ਸੇਵਿਆ	ਜਿਨ(ਜਿਨ੍ਹ)	ਸੇਵਿਆ	ਮੇਰਾ	ਹਰਿ(ਹਰ)
ਜਿਸਨੇ	ਪੂਜਿਆ, ਅਰਾਧਿਆ	ਜਿਸਨੇ	ਪੂਜਿਆ, ਅਰਾਧਿਆ	ਆਪਣਾ	ਹਰੀ,ਪ੍ਰਭੂ

ਜੀ,	ਤੇ	ਹਰਿ(ਹਰ)	ਹਰਿ(ਹਰ)	ਰੂਪਿ(ਰੂਪ)	ਸਮਾਸੀ ॥
ਜੀਓ	ਉਹ	ਹਰੀ, ਪ੍ਰਭੂ	ਹਰੀ,ਪ੍ਰਭੂ	ਸਰੂਪ ਵਿਚ,	ਸਮਾ ਜਾਂਦਾ, ਲੀਨ ਹੋ ਜਾਂਦਾ

...ਜਿਸਨੇ (ਵੀ) ਮੇਰੇ ਹਰੀ ਪ੍ਰਭੂ ਨੂੰ ਅਰਾਧਿਆ ਹੈ, ਉਹ ਹਰੀ ਪ੍ਰਭੂ ਦੇ ਸਰੂਪ ਵਿਚ ਹੀ ਅਭੇਦ ਹੋ ਜਾਂਦਾ ਹੈ।...

ਸੇ	ਧੰਨੁ,(ਧੰਨ)	ਸੇ	ਧੰਨੁ,(ਧੰਨ)	ਜਿਨ	ਹਰਿ(ਹਰ)	ਧਿਆਇਆ	ਜੀ,
ਉਹ	ਸਲਾਹੁਣਯੋਗ	ਉਹ	ਸਲਾਹੁਣਯੋਗ	ਜਿਨ੍ਹਾਂ ਨੇ	ਹਰੀ ਪ੍ਰਭੂ	ਸਿਮਰਿਐ	ਜੀਓ

ਅੰਕ ੧੧

ਜਨੁ *(ਜਨ)*	ਨਾਨਕੁ *(ਨਾਨਕ)*	ਤਿਨ	ਬਲਿ *(ਬਲ)*	ਜਾਸੀ ॥੩॥
ਦਾਸ	(ਸਤਿਗੁਰੂ) ਨਾਨਕ	ਤਿਨ੍ਹਾਂ ਤੋਂ	ਕੁਰਬਾਨ, ਬਲਿਹਾਰ	ਜਾਂਦਾ ਹੈ।

...ਉਹ ਧੰਨਤਾ-ਯੋਗ ਹਨ ਜੀ, ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਸਿਮਰਿਆ ਹੈ। ਦਾਸ ਨਾਨਕ, ਉਨ੍ਹਾਂ ਤੋਂ ਬਲਿਹਾਰ ਬਲਿਹਾਰ ਜਾਂਦਾ ਹੈ।...

ਤੇਰੀ	ਭਗਤਿ *(ਭਗਤ)*,	ਤੇਰੀ	ਭਗਤਿ *(ਭਗਤ)*	ਭੰਡਾਰ	ਜੀ,
ਤੁਹਾਡੀ	ਭਗਤੀ, ਉਪਾਸ਼ਨਾ	ਤੁਹਾਡੀ	ਭਗਤੀ, ਉਪਾਸ਼ਨਾ	ਖਜ਼ਾਨੇ	ਜੀਓ

ਭਰੇ	ਬਿਅੰਤ *(ਬੇਅੰਤ)*	ਬੇਅੰਤਾ ॥
ਭਰਪੂਰ	ਅਣਗਿਣਤ	ਬੇਅੰਤ(ਪ੍ਰਭੂ)

...ਹੇ! ਬੇਅੰਤ ਪ੍ਰਭੂ ਜੀ! ਤੇਰੀ ਭਗਤੀ ਦੇ ਅਣਗਿਣਤ ਖਜ਼ਾਨੇ ਭਰੇ ਪਏ ਹਨ।...

ਤੇਰੇ	ਭਗਤ,	ਤੇਰੇ	ਭਗਤ,	ਸਲਾਹਨਿ *(ਸਲਾਹਨ)*
ਤੁਹਾਡੇ	ਭਗਤੀ ਕਰਨ ਵਾਲੇ	ਤੁਹਾਡੇ	ਭਗਤੀ ਕਰਨ ਵਾਲੇ	ਸਰਾਹਨਾ, ਸਿਫ਼ਤ ਸਲਾਹ

ਤੁਧੁ *(ਤੁਧ)*	ਜੀ,	ਹਰਿ *(ਹਰ)*	ਅਨਿਕ	ਅਨੇਕ	ਅਨੰਤਾ ॥
ਤੈਨੂੰ	ਜੀਓ	ਹਰੀ, ਪ੍ਰਭੂ	ਅਨੇਕਾਂ	ਬੇਅੰਤ	ਅਨੰਤ

...ਹੇ! ਹਰੀ ਪ੍ਰਭੂ ਜੀਓ! ਅਨੰਤ ਭਗਤ, ਅਨੇਕਾਂ ਅਨੇਕਾਂ ਵਾਰ ਤੇਰੀ ਸਿਫ਼ਤ ਸਲਾਹ ਕਰ ਰਹੇ ਹਨ।...

ਤੇਰੀ	ਅਨਿਕ,	ਤੇਰੀ	ਅਨਿਕ,
ਤੁਹਾਡੀ	ਅਨੇਕਾਂ, ਬੇਅੰਤ	ਤੁਹਾਡੀ	ਅਨੇਕਾਂ, ਬੇਅੰਤ

ਕਰਹਿ *(ਕਰਹਿਂ)*	ਹਰਿ *(ਹਰ)*	ਪੂਜਾ	ਜੀ,
ਕਰਦੇ ਹਨ	ਹਰੀ, ਪ੍ਰਭੂ	ਅਰਾਧਨਾ	ਜੀਓ ਵਾਰ

ਤਪੁ *(ਤਪ)*	ਤਾਪਹਿ, *(ਤਾਪਹਿਂ)*	ਜਪਹਿ *(ਜਪਹਿਂ)*	ਬੇਅੰਤਾ ॥
ਤਪੱਸਿਆ	ਤਪਾਉਂਦੇ, ਸਾਧਦੇ	ਜਪਦੇ ਹਨ	ਬੇਅੰਤ

...(ਹੇ! ਪ੍ਰਭੂ ਜੀ! ਅਣਗਿਣਤ ਧਰਮ-ਸਾਧਕ) ਬੇਅੰਤ ਬੇਅੰਤ ਵਾਰ ਤੇਰੀ ਅਰਾਧਨਾ ਕਰਦੇ ਹਨ, ਤਪ ਸਾਧਦੇ ਹਨ, ਤੇਰਾ ਬੇਅੰਤ ਨਾਮ ਜਪਦੇ ਹਨ।

ਤੇਰੇ	ਅਨੇਕ,	ਤੇਰੇ	ਅਨੇਕ,	ਪੜਹਿ *(ਪੜਹਿਂ)*
ਤੁਹਾਡੇ	ਅਣਗਿਣਤ	ਤੁਹਾਡੇ	ਅਣਗਿਣਤ	ਪੜ੍ਹਦੇ ਹਨ

ਬਹੁ	ਸਿਮ੍ਰਿਤਿ *(ਸਿਮ੍ਰਿਤ)*	ਸਾਸਤ *(ਸ਼ਾਸਤ)*
ਬਹੁਤ	ਸਿਮਰਤੀਆਂ	ਸ਼ਾਸਤਰ (ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ, ਵੇਦਾਂਤ)

ਜੀ ,	ਕਰਿ *(ਕਰ)*	ਕਿਰਿਆ	ਖਟੁ *(ਖਟ)*
ਜੀਓ	ਕਰਕੇ	ਧਾਰਮਿਕ ਸੰਸਕਾਰ	ਛੇ

ਕਰਮ
ਕੰਮ (ਮੰਨੂ ਸਿਮਰਤੀ ਅਨੁਸਾਰ ਛੇ ਕਰਮ ਹਨ ਵਿਦਿਆ ਪੜ੍ਹਨੀ ਤੇ ਪੜ੍ਹਾਉਣੀ, ਜਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ

ਕਰੰਤਾ ॥
ਕਰਦੇ ਹਨ

...(ਹੇ! ਪ੍ਰਭੂ) ਜੀ ਤੇਰੇ ਅਣਗਿਣਤ (ਧਰਮ-ਸਾਧਕ) ਸਿਮਰਤੀਆਂ ਅਤੇ ਧਰਮ ਸ਼ਾਸਤਰ ਆਦਿਕ, ਅਨੇਕਾਂ ਧਰਮ ਪੁਸਤਕਾਂ ਪੜ੍ਹਦੇ ਹਨ।(ਹਿੰਦੂ ਧਰਮ ਪੁਸਤਕਾਂ ਅਨੁਸਾਰ) ਧਾਰਮਿਕ ਕ੍ਰਿਆਵਾਂ ਕਰਦੇ ਹਨ ਅਤੇ ਖਟ ਕਰਮ, ਭਾਵ ਛੇ ਕਰਮ ਆਦਿਕ ਵੀ ਕਰਦੇ ਹਨ।...

ਸੇ	ਭਗਤ,	ਸੇ	ਭਗਤ	ਭਲੇ,	ਜਨ	ਨਾਨਕ ਜੀ ,
ਉਹੀ	ਭਗਤੀ ਕਰਨ ਵਾਲੇ	ਉਹੀ	ਭਗਤੀ ਕਰਨ ਵਾਲੇ	ਚੰਗੇ	ਦਾਸ	ਹੇ! ਨਾਨਕ ਜੀਓ!

ਜੋ	ਭਾਵਹਿ *(ਭਾਵਹਿਂ)*	ਮੇਰੇ	ਹਰਿ *(ਹਰ)*	ਭਗਵੰਤਾ ॥੪॥
ਜਿਹੜੇ	ਭਾਉਂਦੇ ਹਨ	ਆਪਣੇ	ਹਰੀ	ਪਰਤਾਪ ਵਾਲਾ ਪ੍ਰਭੂ

...(ਇਹ ਠੀਕ ਹੈ, ਅਣਗਿਣਤ ਧਰਮ-ਸਾਧਕ ਅਨੇਕਾਂ ਤਰ੍ਹਾਂ ਨਾਲ ਤੇਰੀ ਪੂਜਾ ਅਰਾਧਨਾ ਅਤੇ ਭਗਤੀ ਕਰਦੇ ਹਨ, ਪ੍ਰੰਤੂ) ਹੇ! ਨਾਨਕ! ਉਹੀ ਭਗਤ ਤੇ ਸੰਤ-ਜਨ ਭਲੇ ਹਨ, ਜੋ ਮੇਰੇ ਹਰਿ-ਭਗਵੰਤ ਨੂੰ ਭਾਉਂਦੇ ਹਨ।(ਭਾਵ ਜੋ ਉਹਦੀ ਪਿਆਰ-ਨਜ਼ਰ ਵਿਚ ਪਰਵਾਨ ਹਨ)

ਤੂੰ	ਆਦਿ *(ਆਦ)*	ਪੁਰਖੁ *(ਪੁਰਖ)*	ਅਪਰੰਪਰੁ *(ਅਪਰੰਪਰ)*	ਕਰਤਾ ਜੀ,
ਤੁਸੀ	ਮੁੱਢ, ਮੂਲ	ਪੁਰਖ	ਜਿਸਦਾ ਪਾਰ ਨਾ ਪਾਇਆ ਜਾ ਸਕੇ,	ਬੇਅੰਤ ਸਾਜਨਹਾਰ ਜੀਓ

ਤੁਧੁ *(ਤੁਧ)*	ਜੇਵਡੁ *(ਜੇਵਡ)*	ਅਵਰੁ *(ਅਵਰ)*	ਨ *(ਨਾਂ)*	ਕੋਈ ॥
ਤੇਰੇ	ਜਿੱਡਾ	ਹੋਰ	ਨਹੀ	ਕੋਈ ਇਕ, ਕੋਈ ਜਣਾ

...ਹੇ! ਅਪਰੰਪਰ ਕਰਤਾ ਪੁਰਖ ਜੀ! ਤੂੰ (ਸ੍ਰਿਸ਼ਟੀ ਦਾ) ਮੂਲ ਹੈਂ, ਤੇਰੇ ਜਿਡਾ ਮਹਾਨ ਹੋਰ ਕੋਈ ਨਹੀਂ ।...

ਅੰਕ ੧੧

ਤੂੰ	ਜੁਗੁ *(ਜੁਗ)*	ਜੁਗੁ *(ਜੁਗ)*	ਏਕੋ,	ਸਦਾ	ਸਦਾ	ਤੂੰ	ਏਕੋ	ਜੀ,
ਤੁਸੀ	ਜੁਗਾਂ ਤੋਂ	ਜੁਗਾਂ ਤੋਂ	ਇਕੋ ਹੀ	ਹਮੇਸ਼ਾਂ	ਹਮੇਸ਼ਾਂ	ਤੁਸੀਂ	ਇਕੋ ਹੀ	ਜੀਓ

ਤੂੰ	ਨਿਹਚਲੁ *(ਨਿਹਚਲ)*	ਕਰਤਾ	ਸੋਈ ॥
ਤੁਸੀਂ	ਸਥਿਰ, ਅਹਿਲ, ਅਡੋਲ	ਸਿਰਜਣਹਾਰ	ਉਹੀ

...(ਹੇ! ਅਕਾਲ ਪੁਰਖ!) ਜੀ ਤੂੰ ਸਦੀਵ ਕਾਲ (ਸਦਾ ਸਦਾ) ਅਤੇ ਜੁਗਾਂ ਜੁਗਾਂਤਰਾਂ ਤੋਂ ਇਕ ਤੇ ਕੇਵਲ ਇਕ (ਏਕੋ ਏਕੋ) ਹੀ ਹੈਂ। ਤੂੰ ਹੀ ਸਿਰਜਣਹਾਰ ਹੈਂ, ਤੇ ਤੂੰ ਸਦਾ ਸਥਿਰ ਰਹਿਣ ਵਾਲਾ ਹੈ।...

ਤੁਧੁ *(ਤੁਧ)*	ਆਪੇ	ਭਾਵੈ,	ਸੋਈ	ਵਰਤੈ	ਜੀ ,
ਤੈਨੂੰ	ਆਪ ਨੂੰ	ਭਾਉਂਦਾ ਹੈ	ਉਹੋ ਹੀ	ਵਰਤਦੈ, ਹੁੰਦੈ	ਜੀਓ

ਤੂੰ	ਆਪੇ	ਕਰਹਿ *(ਕਰਹਿਂ)*	ਸੁ	ਹੋਈ ॥
ਤੁਸੀਂ	ਆਪ ਹੀ	ਕਰਦਾ ਹੈਂ	ਉਹੀ	ਹੁੰਦਾ ਹੈ

...(ਹੇ! ਸਾਹਿਬ!) ਜੀ ਜੋ ਤੈਨੂੰ ਚੰਗਾ ਲਗਦਾ ਹੈ, ਉਹੀ ਹੁੰਦਾ ਹੈ, ਅਤੇ ਜੋ ਤੂੰ ਕਰਦਾ ਹੈਂ, ਉਹੀ ਕੁਝ ਹੁੰਦਾ ਹੈ।...

ਤੁਧੁ *(ਤੁਧ)*	ਆਪੇ	ਸ੍ਰਿਸਟਿ *(ਸ੍ਰਿਸ਼ਟ)*	ਸਭ	ਉਪਾਈ	ਜੀ,
ਤੂੰ	ਆਪ ਹੀ	ਸ੍ਰਿਸ਼ਟੀ, ਬ੍ਰਹਿਮੰਡ	ਸਾਰੀ	ਪੈਦਾ ਕੀਤੀ	ਜੀਓ

ਤੁਧੁ *(ਤੁਧ)*	ਆਪੇ	ਸਿਰਜਿ *(ਸਿਰਜ)*	ਸਭ	ਗੋਈ ॥
ਤੂੰ	ਆਪ ਹੀ	ਸਿਰਜ ਕੇ, ਬਣਾਕੇ	ਸਾਰੀ	ਨਾਸ਼ ਕਰ ਦਿੰਦਾ

...(ਹੇ! ਅਕਾਲ ਪੁਰਖ ਜੀ!) ਤੂੰ ਆਪ ਹੀ ਸਾਰੀ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ, ਅਤੇ ਫਿਰ ਤੂੰ ਆਪ ਹੀ ਬਣਾਕੇ ਨਾਸ਼ ਕਰ ਦਿੰਦਾ ਹੈਂ।...

ਜਨੁ *(ਜਨ)*	ਨਾਨਕੁ, *(ਨਾਨਕ)*	ਗੁਣ	ਗਾਵੈ	ਕਰਤੇ	ਕੇ	ਜੀ,
ਦਾਸ	ਨਾਨਕ	ਚੰਗਿਆਈਆਂ	ਗਾਉਂਦਾ ਹੈ	ਸਿਰਜਣਹਾਰ	ਦੇ	ਜੀਓ

ਜੋ	ਸਭਸੈ	ਕਾ	ਜਾਣੋਈ ॥੫॥੧॥
ਜਿਹੜਾ	ਸਾਰਿਆਂ	ਦਾ	ਜਾਣਨ ਵਾਲਾ

...ਦਾਸ ਨਾਨਕ! ਸਿਰਜਣਹਾਰ ਜੀ ਦੇ ਗੁਣ ਗਾਉਂਦਾ ਹੈ, ਜੋ ਸਾਰਿਆਂ ਦੇ (ਦਿਲਾਂ ਦਾ) ਜਾਣਨਹਾਰ ਹੈ।

ਅੰਕ ੧੧

ਆਸਾ	ਮਹਲਾ *(ਮਹਿਲਾ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਤੂੰ	ਕਰਤਾ	ਸਚਿਆਰੁ, *(ਸਚਿਆਰ)*	ਮੈਡਾ *(ਮੈਂਡਾ)*	ਸਾਈ ॥
ਤੁਸੀਂ	ਸਿਰਜਣਹਾਰ	ਸੱਚ ਦਾ ਸੋਮਾ, ਪ੍ਰਭੂ	ਮੇਰਾ	ਖਸਮ

ਹੇ! ਸਿਰਜਣਹਾਰ ਸਚਿਆਰ ਪ੍ਰਭੂ, ਤੂੰ ਮੇਰਾ ਖਸਮ, ਮਾਲਕ ਹੈਂ।...

ਜੋ	ਤਉ	ਭਾਵੈ,	ਸੋਈ	ਥੀਸੀ,
ਜਿਹੜਾ ਕੁਝ	ਤੈਨੂੰ	ਭਾਉਂਦਾ ਹੈ	ਉਹੀ	ਹੋਵੇਗਾ

ਜੋ	ਤੂੰ	ਦੇਹਿ, *(ਦੇਹਿਂ)*	ਸੋਈ	ਹਉ *(ਹਉਂ)*	ਪਾਈ ॥੧॥ *(ਪਾਈਂ)*	ਰਹਾਉ ॥
ਜਿਹੜਾ ਕੁਝ	ਤੁਸੀਂ	ਦਿੰਦਾ ਹੈਂ	ਉਹੀ	ਮੈਂ	ਪ੍ਰਾਪਤ ਕਰਦਾ ਹਾਂ	ਠਹਿਰਾਉ

...(ਹੇ! ਪ੍ਰਭੂ!) ਜੋ ਕੁਝ ਤੈਨੂੰ ਚੰਗਾ ਲਗਦਾ ਹੈ, ਉਹੀ ਕੁਝ (ਸੰਸਾਰ ਵਿਚ) ਹੁੰਦਾ ਹੈ, ਜੋ ਕੁਝ ਤੂੰ ਮੈਨੂੰ ਦਿੰਦਾ ਹੈਂ, ਮੈਂ ਉਹੀ ਕੁਝ ਪਾਉਂਦਾ ਹਾਂ।...

ਸਭ	*ਤੇਰੀ*	ਤੂੰ	*ਸਭਨੀ*	*ਧਿਆਇਆ* ॥
ਸਾਰੀ(ਸ੍ਰਿਸ਼ਟੀ)	ਤੁਹਾਡੀ	ਤੈਨੂੰ	ਸਾਰਿਆਂ ਨੇ	ਸਿਮਰਿਆ

ਜਿਸ	ਨੋ	ਕ੍ਰਿਪਾ	ਕਰਹਿ, *(ਕਰਹਿਂ)*
ਜਿਹੜੇ	ਨੂੰ	ਮਿਹਰ, ਬਖਸ਼ਿਸ਼	ਕਰਦਾ ਹੈ

ਤਿਨਿ *(ਤਿਨ੍ਹ)*	ਨਾਮ	ਰਤਨੁ *(ਰਤਨ)*	ਪਾਇਆ ॥
ਤਿਸ ਨੇ	(ਪਰਮਾਤਮ)ਨਾਮ	ਕੀਮਤੀ ਪੱਥਰ	ਪਾ ਲਿਆ

...(ਹੇ! ਮੇਰੇ ਸਾਹਿਬ ਜੀ!) ਸਾਰੀ ਸ੍ਰਿਸ਼ਟੀ ਤੁਹਾਡੀ ਸਿਰਜੀ ਹੋਈ ਹੈ, (ਅਤੇ ਇਸ ਸ੍ਰਿਸ਼ਟੀ ਦੇ ਸਾਰੇ ਜੀਵ) ਤੈਨੂੰ ਸਿਮਰ ਰਹੇ ਹਨ। ਜਿਸ ਤੇ ਤੂੰ ਬਖਸ਼ਿਸ਼ ਕਰਦਾ ਹੈਂ, ਉਸਨੇ ਹੀ ਪਰਮਾਤਮ-ਨਾਮ ਰੂਪੀ ਅਮੋਲ ਰਤਨ ਪਾ ਲਿਆ ਹੈ।...

ਗੁਰਮੁਖਿ *(ਗੁਰਮੁਖ)*	ਲਾਧਾ,	ਮਨਮੁਖਿ *(ਮਨਮੁਖ)*	ਗਵਾਇਆ ॥
ਗੁਰੂ ਸਨਮੁਖ	ਲਭ ਲਿਆ	ਮਨ ਦੇ ਸਨਮੁਖ, ਮਨਮੱਤੀਆ	ਗਵਾ ਲਿਆ

...ਜੋ ਗੁਰੂ ਦੇ ਸਨਮੁਖ ਹੋਇਆ (ਗੁਰਮੁਖ) ਉਸਨੇ (ਕੀਮਤੀ ਪਦਾਰਥ) ਲਭ ਲਿਆ ਹੈ ਅਤੇ ਮਨਮੁਖ ਨੇ (ਇਹ ਕੀਮਤੀ ਪਦਾਰਥ) ਗੁਆ ਲਿਆ ਹੈ।...

ਅੰਕ ੧੧

ਤੁਧੁ (ਤੁਧ)	ਆਪਿ (ਆਪ)	ਵਿਛੋੜਿਆ,	ਆਪਿ (ਆਪ)	ਮਿਲਾਇਆ ॥੧॥
ਤੂੰ	ਆਪ ਹੀ	ਨਿਖੇੜਦਾ ਹੈ	ਆਪ ਹੀ	ਮਿਲਾਉਂਦਾ ਹੈਂ

...(ਪਰ ਜੀਵ ਵਿਚਾਰੇ ਦੇ ਹੱਥ ਵੱਸ ਕੁਝ ਨਹੀਂ ਕਿਉਂਕਿ) ਤੂੰ ਆਪ ਹੀ ਆਪਣੇ ਨਾਲੋਂ ਨਿਖੇੜਦਾ ਹੈਂ ਅਤੇ ਆਪ ਹੀ ਆਪਣੇ ਨਾਲ ਮਿਲਾਉਂਦਾ ਹੈਂ।...

ਤੂੰ	ਦਰੀਆਉ,	ਸਭ	ਤੁਝ	ਹੀ	ਮਾਹਿ ॥ (ਮਾਹਿੰ)
ਤੁਸੀਂ	ਦਰਿਆ	ਸਾਰੇ	ਤੇਰੇ	ਸਿਰਫ਼, ਕੇਵਲ	ਵਿਚ

ਤੁਝ	ਬਿਨੁ (ਬਿਨ)	ਦੂਜਾ,	ਕੋਈ	ਨਾਹਿ ॥ (ਨਾਹਿੰ)
ਤੇਰੇ	ਬਿਨਾਂ	ਦੂਸਰਾ	ਹੋਰ	ਨਹੀਂ

...(ਹੇ! ਸਾਹਿਬ ਜੀ!) ਤੂੰ ਦਰਿਆ ਦੇ ਸਮਾਨ ਹੈ (ਲਹਿਰਾਂ ਵਾਂਗ) ਸਭ ਤੇਰੇ ਵਿਚ ਹੀ (ਸਮਾਏ ਹੋਏ ਹਨ।) ਤੇਰੇ ਬਿਨਾਂ (ਤੇਰੇ ਵਰਗੀ ਸ਼ਕਤੀ ਵਾਲਾ) ਹੋਰ ਕੋਈ ਨਹੀਂ।...

ਜੀਅ	ਜੰਤ	ਸਭਿ, (ਸਭ)	ਤੇਰਾ	ਖੇਲੁ ॥ (ਖੇਲ੍ਹ)
ਜੀਵ	ਜੰਤੂ	ਸਾਰੇ	ਤੁਹਾਡਾ	ਲੀਲ੍ਹਾ, ਤਮਾਸ਼ਾ

...(ਸ੍ਰਿਸ਼ਟੀ ਦੇ ਸਾਰੇ) ਜੀਵ-ਜੰਤੂਆਂ (ਦਾ ਪਸਾਰਾ) ਸਭ ਤੁਹਾਡੀ ਖੇਡ ਹੈ।...

ਵਿਜੋਗਿ (ਵਿਜੋਗ)	ਮਿਲਿ (ਮਿਲ)	ਵਿਛੁੜਿਆ	ਸੰਜੋਗੀ	ਮੇਲੁ ॥੨॥ (ਮੇਲ)
ਵਿਛੋੜੇ	ਮਿਲਕੇ	ਨਿਖੜ ਜਾਂਦੇ	ਮੇਲ ਮਿਲਾਪ	ਮਿਲਾਪ

...ਵਿਜੋਗਮਈ (ਕਰਮਾਂ) ਨੂੰ ਮਿਲਕੇ ਭਾਵ ਉਨ੍ਹਾਂ ਦੇ ਮੇਲ ਕਰਕੇ (ਜੀਵ) ਪ੍ਰਭੂ ਤੋਂ ਵਿਛੜ ਜਾਂਦਾ ਹੈ ਅਤੇ ਸੰਜੋਗਮਈ (ਕਰਮਾਂ ਕਰਕੇ ਪ੍ਰਭੂ ਨਾਲ) ਮਿਲਾਪ ਹੋ ਜਾਂਦਾ ਹੈ।...

ਜਿਸ	ਨੋ	ਤੂ (ਤੂੰ)	ਜਾਣਾਇਹਿ, (ਜਾਣਾਇੰਹ)	ਸੋਈ	ਜਨੁ (ਜਨ)	ਜਾਣੈ ॥
ਜਿਹੜੇ	ਨੂੰ	ਤੂੰ	ਜਣਾਉਂਦਾ ਹੈ, ਸੂਝ ਬਖਸ਼ਦਾ ਹੈਂ	ਉਹੀ	ਜੀਵ	ਜਾਣਦਾ ਹੈ

...(ਹੇ! ਕਰਤਾ ਪੁਰਖ!) ਜਿਸ ਜੀਵ ਨੂੰ, ਤੂੰ ਸੂਝ ਬੂਝ ਬਖਸ਼ਦਾ ਹੈਂ, ਉਹੋ ਹੀ ਜੀਵਨ-ਜਾਚ ਨੂੰ ਸਮਝਦਾ ਹੈ।...

ਹਰਿ (ਹਰ)	ਗੁਣ,	ਸਦ	ਹੀ	ਆਖਿ (ਆਖ)	ਵਖਾਣੈ ॥
ਹਰੀ ਪ੍ਰਭੂ	ਚੰਗਿਆਈਆਂ	ਸਦਾ	ਸਿਰਫ਼, ਕੇਵਲ	ਕਹਿਕੇ	ਬਿਆਨ ਕਰਦਾ

...(ਉਹੀ ਜੀਵ) ਹਰੀ ਪ੍ਰਭੂ ਦੀਆਂ ਚੰਗਿਆਈਆਂ ਸਦਾ ਹੀ ਆਖ ਕੇ ਬਿਆਨ ਕਰਦਾ ਹੈ।...

ਅੰਕ ੧੧-੧੨

ਜਿਨਿ *(ਜਿਨ੍)*	ਹਰਿ *(ਹਰ)*	ਸੇਵਿਆ,	ਤਿਨਿ *(ਤਿਨ੍)*	ਸੁਖੁ *(ਸੁਖ)*	ਪਾਇਆ ॥
ਜਿਸਨੇ	ਹਰੀ, ਪ੍ਰਭੂ	ਅਰਾਧਿਆ	ਤਿਸ ਨੇ	ਅਨੰਦ, ਖ਼ੁਸ਼ੀ	ਪ੍ਰਾਪਤ ਕੀਤਾ

...ਜਿਸ ਕਿਸੇ ਨੇ ਵੀ ਹਰੀ ਪ੍ਰਭੂ ਦੀ ਅਰਾਧਨਾ ਕੀਤੀ ਹੈ ਉਸ ਨੇ ਹੀ (ਆਤਮਿਕ) ਅਨੰਦ ਪ੍ਰਾਪਤ ਕੀਤਾ ਹੈ।...

ਸਹਜੇ *(ਸਹਿਜੇ)*	ਹੀ	ਹਰਿ *(ਹਰ)*	ਨਾਮਿ *(ਨਾਮ)*	ਸਮਾਇਆ ॥੩॥
ਨਿਰਯਤਨ,ਸੁਭਾਵਿਕ	ਸਿਰਫ਼	ਹਰੀ, ਪ੍ਰਭੂ	ਨਾਮ ਵਿਚ	ਲੀਨ ਹੋ ਜਾਂਦਾ

...(ਅਜਿਹਾ ਧਰਮ-ਸਾਧਕ) ਸੁਭਾਵਿਕ ਹੀ ਹਰੀ ਪ੍ਰਭੂ ਦੀ ਨਾਮ ਸ਼ਕਤੀ ਵਿਚ ਅਭੇਦ ਹੋ ਜਾਂਦਾ ਹੈ।...

ਤੂ *(ਤੂੰ)*	ਆਪੇ	ਕਰਤਾ,	ਤੇਰਾ	ਕੀਆ	ਸਭੁ *(ਸਭ)*	ਹੋਇ ॥
ਤੁਸੀਂ	ਆਪ ਹੀ	ਸਿਰਜਣਹਾਰ	ਤੁਹਾਡਾ	ਕੀਤਾ ਹੋਇਆ	ਸਾਰਾ ਕੁਝ	ਹੁੰਦਾ ਹੈ

...(ਹੇ! ਪਰਮਾਤਮਾ!) ਤੂੰ ਆਪ ਹੀ (ਸ੍ਰਿਸ਼ਟੀ ਦਾ) ਸਿਰਜਣਹਾਰ ਹੈਂ, ਤੇਰਾ ਕੀਤਾ ਹੋਇਆ ਹੀ ਸਭ ਕੁਝ ਹੁੰਦਾ ਹੈ।...

ਤੁਧੁ	ਬਿਨੁ *(ਬਿਨ)*	ਦੂਜਾ	ਅਵਰੁ *(ਅਵਰ)*	ਨ *(ਨਾਂ)*	ਕੋਇ ॥
ਤੇਰੇ	ਬਿਨਾਂ	ਦੂਸਰਾ	ਹੋਰ	ਨਹੀਂ	ਕੋਈ

...(ਹੇ! ਪ੍ਰਭੂ!) ਤੇਰੇ ਬਿਨਾਂ ਕੋਈ ਹੋਰ ਦੂਸਰਾ (ਤੇਰੇ ਵਰਗੀ ਸ਼ਕਤੀ ਵਾਲਾ) ਨਹੀਂ ਹੈ।...

ਤੂ *(ਤੂੰ)*	ਕਰਿ *(ਕਰ)*	ਕਰਿ *(ਕਰ)*	ਵੇਖਹਿ *(ਵੇਖਹਿੰ)*	ਜਾਣਹਿ *(ਜਾਣਹਿੰ)*	ਸੋਇ ॥
ਤੂੰ	ਸਿਰਜ ਕੇ	ਸਿਰਜਕੇ	ਵੇਖਦਾ, ਸੰਭਾਲਦਾ	ਜਾਣਦਾ	ਉਨ੍ਹਾਂ

...(ਸਾਹਿਬ ਜੀ) ਤੂੰ (ਸ੍ਰਿਸ਼ਟੀ ਦੇ ਜੀਵ) ਸਿਰਜ ਸਿਰਜ ਕੇ (ਉਨ੍ਹਾਂ ਦੀ) ਸਾਂਭ ਸੰਭਾਲ ਕਰਦਾ ਹੈਂ (ਅਤੇ ਉਨ੍ਹਾਂ ਦੇ ਅੰਤਹਕਰਨ ਦੀਆਂ) ਜਾਣਦਾ ਹੈਂ।...

ਜਨ	ਨਾਨਕ	ਗੁਰਮੁਖਿ *(ਗੁਰਮੁਖ)*	ਪਰਗਟੁ *(ਪਰਗਟ)*	ਹੋਇ ॥੪॥੨॥
ਦਾਸ	ਨਾਨਕ	ਗੁਰੂ ਸਨਮੁਖ	ਪ੍ਰਤੱਖ	ਹੋ ਜਾਂਦਾ ਹੈ

...(ਹੇ!) ਦਾਸ ਨਾਨਕ! ਜੋ ਸਤਿਗੁਰੂ ਦੇ ਸਨਮੁੱਖ ਹੁੰਦਾ ਹੈ, (ਅਕਾਲ ਪੁਰਖ ਉਨ੍ਹਾਂ ਦੇ ਹਿਰਦੇ ਅੰਦਰ) ਪਰਗਟ ਹੋ ਜਾਂਦਾ ਹੈ।

ਆਸਾ,	ਮਹਲਾ *(ਮਹਿਲਾ)*	੧ ॥ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਅੰਕ ੧੨

ਤਿਤੁ *(ਤਿਤ)*	ਸਰਵਰੜੈ,	ਭਈਲੇ	ਨਿਵਾਸਾ,
ਉਸ ਵਿਚ	ਸਰੋਵਰ ਵਿਚ	ਭਇਆ, ਜਿਸ ਵਿਚ ਹੋਇਆ	ਨਿਵਾਸ, ਵਾਸਾ

ਪਾਣੀ	ਪਾਵਕੁ, *(ਪਾਵਕ)*	ਤਿਨਹਿ *(ਤਿਨਹਿਂ)*	ਕੀਆ ॥
ਜਲ	ਅੱਗ	ਉਸ(ਪ੍ਰਭੂ) ਨੇ	ਕੀਤਾ

...(ਪ੍ਰਭੂ ਨੇ ਸੰਸਾਰ ਰੂਪੀ) ਸਰੋਵਰ ਬਣਾਇਆ, ਉਸ ਵਿਚ (ਜੀਵ ਦਾ) ਵਾਸਾ ਹੋਇਆ। ਉਸ ਸਰੀਰ ਵਿਚ ਪਾਣੀ ਦੀ ਥਾਂ (ਤ੍ਰਿਸ਼ਨਾ ਦੀ) ਅਗਨੀ ਪੈਦਾ ਕੀਤੀ ਹੋਈ ਹੈ।...

ਪੰਕਜੁ *(ਪੰਕਜ)*	ਮੋਹ	ਪਗੁ *(ਪਗ)*	ਨਹੀ *(ਨਹੀਂ)*	ਚਾਲੈ,
ਚਿੱਕੜ	ਜੋ, ਜਿਹੜਾ ਲਗਾਓ	ਪੈਰ	ਨਹੀਂ	ਚਲਦਾ

ਹਮ	ਦੇਖਾ,	ਤਹ	ਡੂਬੀਅਲੇ ॥੧॥
ਅਸੀਂ	ਵੇਖਿਆ	ਉਸ ਵਿਚ	ਗਰਕ ਹੁੰਦਿਆਂ, ਡੁਬਦਿਆਂ

...(ਮਨੁੱਖੀ ਸਰੀਰ ਵਿਚ) ਮੋਹ ਦਾ ਜੋ ਚਿੱਕੜ ਹੈ ਉਸ ਵਿਚ (ਮਨੁੱਖ ਦੇ) ਪੈਰ ਨਹੀਂ ਚਲ ਰਹੇ (ਭਾਵ ਉਹ ਫਸਿਆ ਪਿਆ ਹੈ।) ਅਸੀਂ (ਮਨੁੱਖੀ ਸਰੀਰਾਂ ਨੂੰ) ਉਸ ਵਿਚ ਗਰਕ ਹੁੰਦੇ ਵੇਖਿਆ ਹੈ।...

ਮਨ	ਏਕੁ *(ਏਕ)*	ਨ *(ਨਾਂ)*	ਚੇਤਸਿ, *(ਚੇਤਸ)*	ਮੂੜ	ਮਨਾ ॥
ਚਿੱਤ	ਇਕ(ਪ੍ਰਭੂ)	ਨਹੀਂ	ਚਿਤਵਦਾ, ਸਿਮਰਦਾ	ਮੁਗਧ, ਮੂਰਖ	ਹੇ! ਮਨ

...ਹੇ! ਮੂਰਖ ਮਨਾ! (ਤੂੰ ਕਿਉਂ) ਇਕ (ਕਰਤਾ-ਪੁਰਖ ਨੂੰ) ਚਿੱਤ ਵਿਚ ਨਹੀਂ ਧਿਆਉਂਦਾ...

ਹਰਿ *(ਹਰ)*	ਬਿਸਰਤ	ਤੇਰੇ	ਗੁਣ	ਗਲਿਆ ॥੧॥	ਰਹਾਉ ॥
ਹਰੀ, ਪ੍ਰਭੂ	ਵਿਸਰਨ ਨਾਲ	ਤੁਹਾਡੇ	ਚੰਗਿਆਈਆਂ	ਗਲ ਰਹੇ ਹਨ, ਨਾਸ਼ ਹੋ ਰਹੇ ਹਨ	ਠਹਿਰਾਉ

...(ਇਸੇ ਕਰਕੇ) ਹਰੀ ਪ੍ਰਭੂ ਦੇ ਵਿਸਰਨ ਨਾਲ ਤੇਰੀਆਂ ਚੰਗਿਆਈਆਂ ਨਾਸ਼ ਹੋ ਰਹੀਆਂ ਹਨ।...

ਨਾ	ਹਉ *(ਹਉਂ)*	ਜਤੀ,	ਸਤੀ	ਨਹੀ *(ਨਹੀਂ)*
ਨਾ	ਹੀਂ	ਮੈਂ	ਇੰਦ੍ਰੀਆਂ ਨੂੰ ਕਾਬੂ ਰਖਣ ਵਾਲਾ ਸੰਜਮੀ	ਨਾ ਹੀਂ

ਪੜਿਆ, *(ਪੜ੍ਹਿਆ)*	ਮੂਰਖ	ਮੁਗਧਾ	ਜਨਮੁ *(ਜਨਮ)*	ਭਇਆ ॥
ਪੜ੍ਹਿਆ ਹੋਇਆ	ਬੇਸਮਝ	ਮੂੜ੍ਹ	ਜ਼ਿੰਦਗੀ	ਹੋਇਆ

...(ਹੇ! ਕਰਤਾ ਪੁਰਖ ਜੀ) ਨਾ ਹੀ ਮੈਂ ਜਤੀ ਸਤੀ ਹਾਂ, ਨਾ ਹੀਂ ਪੜ੍ਹਿਆ ਹੋਇਆ ਹਾਂ, (ਸਗੋਂ ਮੇਰਾ ਜੀਵਨ ਤਾਂ) ਬੇਸਮਝ ਗਵਾਰਾਂ ਵਰਗਾ ਹੋਇਆ ਹੋਇਆ ਹੈ।...

ਅੰਕ ੧੨

ਪ੍ਰਣਵਤਿ *(ਪ੍ਰਣਵਤ)*	ਨਾਨਕ,	ਤਿਨ *(ਤਿਨ੍ਹ)*	ਕੀ	ਸਰਣਾ, *(ਸ਼ਰਣਾ)*
ਬੇਨਤੀ ਕਰਦਾ ਹਾਂ	ਹੇ! ਨਾਨਕ!	ਤਿਨ੍ਹਾਂ	ਦੀ	ਸ਼ਰਨ ਵਿਚ

ਜਿਨ *(ਜਿਨ੍ਹ)*	ਤੂ *(ਤੂੰ)*	ਨਾਹੀ *(ਨਾਹੀਂ)*	ਵੀਸਰਿਆ ॥੨॥੩॥
ਜਿਨ੍ਹਾਂ ਨੂੰ	ਤੂੰ	ਨਹੀਂ	ਵਿਸਰਿਆ, ਭੁਲਿਆ

...ਨਾਨਕ, ਸਤਿਕਾਰ ਸਹਿਤ ਜੋਦੜੀ ਕਰਦਾ ਹੈ ਕਿ (ਹੇ! ਸਾਹਿਬ ਜੀਓ! ਤੂੰ ਮੈਨੂੰ) ਉਨ੍ਹਾਂ ਦੀ ਸ਼ਰਣ ਵਿਚ ਰੱਖ ਜਿਨ੍ਹਾਂ ਦੇ ਹਿਰਦੇ ਵਿਚੋਂ ਤੂੰ ਨਹੀਂ ਵਿਸਰਿਆ ਹੈਂ। (ਭਾਵ ਜਿਨ੍ਹਾਂ ਨੂੰ ਤੇਰੀ ਬੰਦਗੀ ਨਹੀਂ ਭੁੱਲੀ।)

ਆਸਾ,	ਮਹਲਾ *(ਮਹਿਲਾ)*	੫ ॥ *(ਪੰਜਵਾਂ)*
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਭਈ	ਪਰਾਪਤਿ, *(ਪਰਾਪਤ)*	ਮਾਨੁਖ	ਦੇਹੁਰੀਆ ॥
ਹੋਈ ਹੈ	ਮਿਲੀ	ਮਨੁੱਖ ਵਾਲੀ	ਦੇਹ, ਸਰੀਰ

(ਹੇ! ਜੀਵ ਤੈਨੂੰ) ਮਨੁੱਖੀ ਸਰੀਰ ਪ੍ਰਾਪਤ ਹੋਇਆ ਹੈ।...

ਗੋਬਿੰਦ	ਮਿਲਣ	ਕੀ	ਇਹ	ਤੇਰੀ	ਬਰੀਆ ॥
ਗਿਆਨ ਰਾਹੀਂ ਪ੍ਰਾਪਤ ਹੋਣ ਵਾਲਾ, ਪ੍ਰਭੂ	ਮਿਲਾਪ	ਦੀ	ਇਹੋ ਹੀ	ਤੁਹਾਡੀ	ਮੌਕਾ

...(ਇਸ ਕਰਕੇ) ਪ੍ਰਭੂ ਮਿਲਾਪ ਦਾ ਇਹੋ ਹੀ ਅਵਸਰ ਹੈ।...

ਅਵਰਿ *(ਅਵਰ)*	ਕਾਜ,	ਤੇਰੈ	ਕਿਤੈ	ਨ *(ਨਾਂ)*	ਕਾਮ ॥
ਹੋਰ	ਕੰਮ	ਤੇਰੇ	ਕਿਧਰੇ	ਨਹੀਂ	ਅਰਥ, ਲਾਭ ਵਿਚ

...(ਪ੍ਰਭੂ ਦੀ ਬੰਦਗੀ ਤੋਂ ਬਿਨਾਂ ਇਸ ਸਰੀਰ ਰਾਹੀਂ ਕੀਤੇ ਹੋਏ) ਹੋਰ ਕੰਮ ਤੇਰੇ ਕਿਸੇ ਅਰਥ ਨਹੀਂ ਆਉਣੇ।...

ਮਿਲੁ *(ਮਿਲ)*	ਸਾਧਸੰਗਤਿ, *(ਸਾਧਸੰਗਤ)*	ਭਜੁ *(ਭਜ)*	ਕੇਵਲ	ਨਾਮ ॥੧॥
ਮਿਲਕੇ, ਰਲਕੇ	ਸੰਤ ਜਨਾਂ ਦੀ ਸੰਗਤ ਨਾਲ	ਜਪ, ਅਰਾਧ	ਸਿਰਫ਼ (ਪ੍ਰਭੂ)	ਨਾਮ, ਪ੍ਰਮਾਤਮ ਸਿਮਰਨ

...(ਇਸ ਲਈ) ਸੰਤ-ਜਨਾਂ ਦੀ ਸੰਗਤ ਨਾਲ ਮਿਲਕੇ ਸਿਰਫ਼ ਪਰਮਾਤਮ-ਨਾਮ ਦੀ ਅਰਾਧਨਾ ਕਰ।...

ਸਰੰਜਾਮਿ *(ਸਰੰਜਾਮ)*	ਲਾਗੁ, *(ਲਾਗ)*	ਭਵਜਲ	ਤਰਨ	ਕੈ ॥
ਪ੍ਰਬੰਧ ਵਿਚ, ਇੰਤਜ਼ਾਮ ਵਿਚ	ਲਗ	ਸੰਸਾਰ ਸਾਗਰ	ਪਾਰ ਕਰਨ	ਦੇ

ਅੰਕ ੧੨

...(ਹੇ! ਭਾਈ!) ਸੰਸਾਰ ਸਾਗਰ ਤੋਂ ਪਾਰ ਹੋਣ ਦੇ ਇੰਤਜ਼ਾਮਾਂ ਵਿਚ ਲਗ।...

ਜਨਮੁ *(ਜਨਮ)*	ਬ੍ਰਿਥਾ,	ਜਾਤ
ਜੀਵਨ	ਵਿਅਰਥ	ਜਾ ਰਿਹੈ

ਰੰਗਿ *(ਰੰਗ)*	ਮਾਇਆ	ਕੈ ॥੧॥	ਰਹਾਉ ॥
ਰੰਗ ਵਿਚ, ਪ੍ਰੇਮ ਵਿਚ	ਦੁਨਿਆਵੀ ਛਲ	ਦੇ	ਠਹਿਰਾਉ

...(ਕਿਉਂਕਿ) ਮਾਇਆ ਦੇ ਰੰਗਾਂ ਵਿਚ ਜੀਵਨ ਵਿਅਰਥ ਬਤੀਤ ਹੋ ਰਿਹਾ ਹੈ...

ਜਪੁ *(ਜਪ)*	ਤਪੁ *(ਤਪ)*	ਸੰਜਮੁ, *(ਸੰਜਮ)*
ਸਿਮਰਨ	ਤਪੱਸਿਆ	ਮਨ ਨੂੰ ਵਿਕਾਰਾਂ ਵਲੋਂ ਰੋਕਣ ਦਾ ਯਤਨ

ਧਰਮੁ *(ਧਰਮ)*	ਨ *(ਨਾਂ)*	ਕਮਾਇਆ ॥
ਨਿਰਮਲ ਕਰਮ	ਨਹੀਂ	ਕੀਤੇ

...(ਹੇ! ਜੀਵ) ਨਾ ਤੂੰ ਕੋਈ ਸਿਮਰਨ ਕੀਤਾ ਹੈ, ਨਾ ਕੋਈ ਤਪੱਸਿਆ ਕੀਤੀ, ਨਾ ਮਨ ਨੂੰ ਵਿਕਾਰਾਂ ਵਲੋਂ ਰੋਕਣ ਦਾ ਯਤਨ ਕੀਤਾ ਅਤੇ ਨਾ ਹੀ ਧਰਮ ਦੇ ਕੋਈ ਨਿਰਮਲ ਕਰਮ ਕੀਤੇ ਹਨ।...

ਸੇਵਾ	ਸਾਧ	ਨ *(ਨਾਂ)*	ਜਾਨਿਆ	ਹਰਿ *(ਹਰ)*	ਰਾਇਆ ॥
ਟਹਿਲ	ਸਾਧੂਆਂ ਦੀ	ਨਾ ਹੀ	ਜਾਣਿਆ, ਸਮਝਿਆ	ਹਰੀ, ਪ੍ਰਭੂ	ਰਾਜਾ,ਪਾਤਸ਼ਾਹ

...(ਹੇ! ਭਾਈ) ਨਾਹੀਂ ਤੂੰ ਸਾਧ-ਜਨਾਂ ਦੀ ਸੇਵਾ ਟਹਿਲ ਕੀਤੀ, ਅਤੇ ਨਾ ਹੀਂ ਪ੍ਰਭੂ-ਪਾਤਸ਼ਾਹ ਨੂੰ ਸਮਝਿਆ ਹੈ।...

ਕਹੁ	ਨਾਨਕ,	ਹਮ	ਨੀਚ	ਕਰੰਮਾ ॥
ਕਹਿ	ਹੇ! ਨਾਨਕ	ਅਸੀਂ	ਨੀਵੇਂ	ਕਰਮਾਂ ਵਾਲੇ

ਸਰਣਿ *(ਸ਼ਰਣ)*	ਪਰੇ	ਕੀ,	ਰਾਖਹੁ	ਸਰਮਾ ॥੨॥੪॥ *(ਸ਼ਰਮਾ)*
ਸ਼ਰਣ ਵਿਚ	ਪਿਆਂ	ਦੀ	ਰੱਖ ਲਵੋ	ਲਾਜ, ਪੱਤ

...ਹੇ! ਨਾਨਕ! (ਪ੍ਰਭੂ ਦਰ ਤੇ ਡਿਗ ਕੇ) ਆਖ ਕਿ ਅਸੀਂ ਨੀਵੇਂ ਕਰਮਾਂ ਵਾਲੇ ਹਾਂ, (ਸਾਹਿਬ ਜੀ! ਸਾਡੀ) ਸ਼ਰਣ ਪਿਆਂ ਦੀ ਲਾਜ ਰੱਖ ਲਵੋ।

ਅੰਕ ੧੨

ਸੋਹਿਲਾ,
ਅਨੰਦ ਅਤੇ ਖੁਸ਼ੀ ਦੇ ਗੀਤ

ਨੋਟ: (ਰਾਤ ਦੇ ਬਿਸਰਾਮ ਕਰਨ ਵੇਲੇ ਨਿਤਨੇਮ ਦੀ ਬਾਣੀ ਨਾਮ। ਇਸ ਬਾਣੀ ਦਾ ਨਾਮ ਸੋਹਿਲਾ ਹੈ, ਕੀਰਤਨ ਸੋਹਿਲਾ ਨਹੀਂ। ਜਿਵੇਂ ਕਿ ਆਮ ਪ੍ਰੇਮੀ ਉਚਾਰਣ ਕਰਦੇ ਹਨ)

ਰਾਗੁ *(ਰਾਗ)*	**ਗਉੜੀ ਦੀਪਕੀ**	**ਮਹਲਾ** *(ਮਹਿਲਾ)*	**੧** *(ਪਹਿਲਾ)*
ਸੁਰ ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

੧ੴ *(ਇਕ ਓਅੰਕਾਰ)*	**ਸਤਿ** *(ਸੱਤ)*
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ	**ਪ੍ਰਸਾਦਿ ॥** *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਜੈ *(ਜੈਂ)*	**ਘਰਿ** *(ਘਰ)*	**ਕੀਰਤਿ** *(ਕੀਰਤ)*	**ਆਖੀਐ,**
ਜਿਸ	ਘਰ ਵਿਚ	ਸਿਫ਼ਤ ਸਲਾਹ	ਆਖੀ ਜਾਂਦੀ ਹੈ

ਕਰਤੇ	**ਕਾ**	**ਹੋਇ**	**ਬੀਚਾਰੋ ॥**
ਸਿਰਜਣਹਾਰ	ਦਾ	ਹੁੰਦਾ ਹੈ	ਵੀਚਾਰ

...ਜਿਸ (ਸਤ-ਸੰਗਤ ਰੂਪ) ਘਰ ਵਿਚ (ਸਿਰਜਣਹਾਰ ਦੀ) ਸਿਫ਼ਤ-ਸਲਾਹ ਕਹੀ ਜਾਂਦੀ ਹੈ, ਅਤੇ (ਕਰਤੇ) ਦੀਆਂ (ਵਡਿਆਈਆਂ ਦਾ) ਵਿਚਾਰ ਹੁੰਦਾ ਹੈ।...

ਤਿਤੁ *(ਤਿਤ)*	**ਘਰਿ** *(ਘਰ)*	**ਗਾਵਹੁ**	**ਸੋਹਿਲਾ,**	**ਸਿਵਰਿਹੁ**	**ਸਿਰਜਣਹਾਰੋ ॥੧॥**
ਉਸ	ਘਰ ਵਿਚ	ਗਾਇਨ ਕਰੋ	ਅਨੰਦ ਦੇ ਗੀਤ	ਸਿਮਰੋ	ਸਿਰਜਣਹਾਰ ਨੂੰ

...ਉਸ (ਸਤ-ਸੰਗਤ ਰੂਪੀ) ਘਰ ਵਿਚ ਜਾਕੇ ਅਨੰਦ ਅਤੇ ਖੁਸ਼ੀਆਂ ਦੇ ਗੀਤ ਗਾਇਨ ਕਰਿਆ ਕਰੋ, ਅਤੇ ਸਿਰਜਣਹਾਰ ਪ੍ਰਭੂ ਨੂੰ ਸਿਮਰਿਆ ਕਰੋ।...

ਤੁਮ	**ਗਾਵਹੁ**	**ਮੇਰੇ**	**ਨਿਰਭਉ**	**ਕਾ**	**ਸੋਹਿਲਾ ॥**
ਤੁਸੀਂ	ਗਾਇਨ ਕਰੋ	ਆਪਣੇ	ਨਿਡਰ	ਦਾ	ਅਨੰਦ ਦੇ ਗੀਤ

ਅੰਕ ੧੨

...ਤੁਸੀਂ ਮੇਰੇ ਨਿਰਭਉ (ਪ੍ਰਭੂ) ਦੇ ਅਨੰਦਮਈ ਗੀਤਾਂ ਦਾ ਗਾਇਨ ਕਰੋ।...

ਹਉ*(ਹਉਂ)*	ਵਾਰੀ	ਜਿਤੁ*(ਜਿਤ)*	ਸੋਹਿਲੈ,
ਮੈਂ	ਕੁਰਬਾਨ, ਬਲਿਹਾਰ	ਜਿਹੜੇ	ਖੁਸ਼ੀਆਂ ਦੇ ਗੀਤਾਂ ਨਾਲ

ਸਦਾ	ਸੁਖੁ*(ਸੁਖ)*	ਹੋਇ ॥੧॥	ਰਹਾਉ ॥
ਹਮੇਸ਼ਾਂ	ਪ੍ਰਸੰਨਤਾ, ਅਨੰਦ	ਹੁੰਦਾ ਹੈ, ਮਿਲਦਾ ਹੈ।	ਠਹਿਰਾਉ

...ਮੈਂ ਬਲਿਹਾਰ ਹਾਂ, ਉਨ੍ਹਾਂ ਅਨੰਦਮਈ ਗੀਤਾਂ ਤੋਂ, ਜਿਸ ਨਾਲ ਹਮੇਸ਼ਾਂ (ਪਰਮਾਤਮ) ਅਨੰਦ ਪ੍ਰਾਪਤ ਹੁੰਦਾ ਹੈ।...

ਨਿਤ	ਨਿਤ	ਜੀਅੜੇ	ਸਮਾਲੀਅਨਿ,*(ਸਮ੍ਹਾਲੀਅਨ)*
ਹਰ ਰੋਜ਼	ਹਰ ਰੋਜ਼	ਜੀਵਾਂ ਦੀ	ਸੰਭਾਲੇ ਜਾਂਦੇ ਹਨ

ਦੇਖੈਗਾ	ਦੇਵਣਹਾਰੁ ॥*(ਦੇਵਣਹਾਰ)*
ਸੰਭਾਲ ਕਰੇਗਾ	ਦਾਤਾਰ, ਦਾਤਾਂ ਦੇਣ ਵਾਲਾ

...(ਹੇ! ਮਨਾਂ! ਜਿਹੜਾ ਪਰਮਾਤਮਾ) ਹਰ ਰੋਜ਼ ਭਾਵ ਸਦਾ ਹੀ (ਸਾਰੀ ਸ੍ਰਿਸ਼ਟੀ ਦੇ) ਜੀਵਾਂ ਦੀ ਸਾਂਭ ਸੰਭਾਲ ਕਰ ਰਿਹਾ ਹੈ (ਉਹੀ) ਦਾਤਾਂ ਦੇਣ ਵਾਲਾ ਪ੍ਰਭੂ ਤੇਰੀ ਵੀ ਦੇਖ-ਭਾਲ ਕਰੇਗਾ।...

ਤੇਰੇ	ਦਾਨੈ	ਕੀਮਤਿ*(ਕੀਮਤ)*	ਨਾ	ਪਵੈ,
ਤੁਹਾਡੇ	ਦਾਨ, ਦਾਤਾਂ	ਮੁੱਲ	ਨਹੀਂ	ਪੈ ਸਕਦੀ

ਤਿਸੁ*(ਤਿਸ)*	ਦਾਤੇ	ਕਵਣੁ*(ਕਵਣ)*	ਸੁਮਾਰੁ ॥੨॥*(ਸ਼ੁਮਾਰ)*
ਉਸ	ਦਾਤਾਂ ਦੇਣ ਵਾਲੇ	ਕੌਣ	ਗਿਣਤੀ, ਅੰਦਾਜ਼ਾ

...(ਹੇ! ਮਨਾਂ!) ਜਿਸ (ਦਾਤੇ) ਦੀਆਂ (ਸਿਰਫ਼) ਦਾਤਾਂ ਦੀ ਕੀਮਤ ਹੀ ਨਹੀਂ ਪੈ ਸਕਦੀ, ਉਸ ਦਾਤਾਂ ਦੇਣ ਵਾਲੇ ਦੀ (ਹੋਰ ਬੇਅੰਤਤਾ ਦਾ) ਅੰਦਾਜ਼ਾ ਕੌਣ ਲਾ ਸਕਦਾ ਹੈ।(ਭਾਵ ਕੋਈ ਨਹੀਂ ਲਾ ਸਕਦਾ)...

ਸੰਬਤਿ*(ਸੰਬਤ)*	ਸਾਹਾ	ਲਿਖਿਆ,
ਸੰਮਤ	ਸਾਹੇ(ਵਿਆਹ) ਦੀ ਚਿੱਠੀ	(ਪਹਿਲਾਂ ਹੀ) ਲਿਖਿਆ ਹੋਇਆ ਹੈ

ਮਿਲਿ*(ਮਿਲ)*	ਕਰਿ*(ਕਰ)*	ਪਾਵਹੁ	ਤੇਲੁ ॥*(ਤੇਲ)*
ਮਿਲ,ਰਲ	ਕੇ	ਪਾਓ	ਪਿਆਰ ਦਾ ਤੇਲ, ਮਾਈਏਂ ਦੀ ਰਸਮ

ਅੰਕ ੧੨

...ਸਾਹੇ ਦੀ ਚਿੱਠੀ ਦਾ ਸਮਾਂ-ਸੰਮਤ ਪਹਿਲਾਂ ਹੀ ਲਿਖਿਆ ਹੋਇਆ ਹੈ, (ਇਸ ਲਈ ਹੇ! ਮੇਰੀਓ! ਸਤ-ਸੰਗੀ ਸਹੇਲੀਓ) ਰਲ ਮਿਲਕੇ ਮੈਨੂੰ ਮਾਈਏਂ ਪਾਉਣ ਦੀ ਰਸਮ ਅਦਾ ਕਰੋ।...

ਦੇਹੁ	ਸਜਣ	ਅਸੀਸੜੀਆ(ਅਸੀਸੜੀਆਂ)
ਦੇਵੋ	ਮਿੱਤਰੋ	ਅਸੀਸਾਂ

ਜਿਉ(ਜਿਉਂ)	ਹੋਵੈ	ਸਾਹਿਬ	ਸਿਉ(ਸਿਉਂ)	ਮੇਲੁ ॥੩॥(ਮੇਲ)
ਜਿਸ ਨਾਲ	ਹੋ ਜਾਏ	ਪ੍ਰੀਤਮ	ਨਾਲ	ਮਿਲਾਪ

...(ਹੇ! ਮੇਰੇ ਸਤ-ਸੰਗੀ!) ਮਿੱਤਰੋ ਮੈਨੂੰ (ਇਹੋ ਜਿਹੀਆਂ) ਅਸੀਸਾਂ ਬਖਸ਼ੋ ਜਿਸ ਨਾਲ (ਮੇਰਾ, ਮੇਰੇ) ਪ੍ਰੀਤਮ ਨਾਲ ਮਿਲਾਪ ਹੋ ਜਾਏ।..

ਘਰਿ(ਘਰ)	ਘਰਿ(ਘਰ)	ਏਹੋ	ਪਾਹੁਚਾ,	ਸਦੜੇ	ਨਿਤ	ਪਵੰਨਿ ॥(ਪਵੰਨ)
ਘਰ ਵਿਚ	ਘਰ ਵਿਚ	ਇਹ	ਸਾਹੇ ਦੀ ਚਿੱਠੀ	ਸੁਨੇਹੇ	ਹਰ ਰੋਜ਼	ਪੈਂਦੇ ਹਨ

...(ਮੌਤ ਦੇ) ਸਾਹੇ ਦੀ ਇਹ ਚਿੱਠੀ ਘਰ ਘਰ ਵਿਚ ਆ ਰਹੀ ਹੈ। ਹਰ ਰੋਜ਼ ਸੁਨੇਹੇ ਪੈਂਦੇ ਹਨ, ਭਾਵ ਮਿਲਦੇ ਹਨ।...

ਸਦਣਹਾਰਾ	ਸਿਮਰੀਐ,
ਸੱਦਾ ਭੇਜਣ ਵਾਲੇ (ਪ੍ਰਭੂ)	ਯਾਦ ਰਖੀਏ

ਨਾਨਕ,	ਸੇ	ਦਿਹ(ਦਿਂਹ)	ਆਵੰਨਿ ॥੪॥੧॥(ਆਵੰਨ)
ਹੇ! ਨਾਨਕ!	ਉਹ	ਦਿਨ	(ਨਜ਼ਦੀਕ) ਆ ਰਹੇ ਹਨ

...(ਹੇ! ਭਾਈ!) ਸੱਦਾ ਭੇਜਣ ਵਾਲੇ (ਪ੍ਰਭੂ ਪਿਤਾ ਨੂੰ, ਸਦਾ) ਯਾਦ ਰਖੀਏ। ਹੇ! ਨਾਨਕ! (ਸਾਡੇ ਵੀ) ਉਹ ਦਿਨ ਨਜ਼ਦੀਕ ਆ ਰਹੇ ਹਨ।

ਰਾਗੁ(ਰਾਗ)	ਆਸਾ,	ਮਹਲਾ(ਮਹਿਲਾ)	੧ ॥(ਪਹਿਲਾ)
ਸੁਰ ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਛਿਅ	ਘਰ,
ਛੇ	ਸ਼ਾਸਤਰ (ਸਾਂਖ, ਨਿਆਇ, ਵੈਸ਼ੇਸ਼ਿਕ, ਯੋਗ, ਮੀਮਾਂਸਾ, ਵੇਦਾਂਤ)

ਛਿਅ	ਗੁਰ,	ਛਿਅ	ਉਪਦੇਸ ॥(ਉਪਦੇਸ਼)
ਛੇ	ਸ਼ਾਸਤ੍ਰਕਾਰ (ਕਪਲ, ਗੌਤਮ, ਕਣਾਦ, ਪਤੰਜਲੀ, ਜੈਮਿਨੀ, ਵਿਆਸ)	ਛੇ	ਸਿਖਿਆਵਾਂ, ਸਿਧਾਂਤ

ਅੰਕ ੧੨-੧੩

ਗੁਰੁ *(ਗੁਰ)*	ਗੁਰੁ *(ਗੁਰ)*	ਏਕੋ	ਵੇਸ	ਅਨੇਕ ॥੧॥
ਗੁਰੂ	ਗੁਰੂ	ਇਕੋ ਹੀ	ਰੂਪ	ਅਣਗਿਣਤ

(ਹੇ! ਭਾਈ!) ਛੇ ਸ਼ਾਸਤਰ ਹਨ, ਛੇ ਸ਼ਾਸਤ੍ਰਕਾਰ (ਉਨ੍ਹਾਂ ਦੇ ਰਚੈਤਾ) ਹਨ ਅਤੇ ਇਨ੍ਹਾਂ ਸ਼ਾਸਤਰਾਂ ਦੇ, ਛੇ ਹੀ ਸਿਧਾਂਤ ਹਨ। ਪਰ ਇਨ੍ਹਾਂ ਸਭਨਾਂ ਧਰਮ ਪੁਸਤਕਾਂ ਦਾ ਮੂਲ ਗੁਰੂ ਇਕੋ ਹੀ(ਪਰਮਾਤਮਾ ਹੈ।ਇਹ ਵੇਦ ਸ਼ਾਸਤਰ ਅਤੇ ਸਿਧਾਂਤ ਆਦਿਕ ਸਭ) ਉਸਦੇ ਹੀ ਅੱਗੇ ਅਨੇਕਾਂ ਰੂਪ ਰੰਗ ਹਨ।

ਬਾਬਾ,	ਜੈ *(ਜੈ)*	ਘਰਿ, *(ਘਰ)*	ਕਰਤੇ	ਕੀਰਤਿ *(ਕੀਰਤ)*	ਹੋਇ ॥
ਹੇ! ਭਾਈ	ਜਿਹੜੇ	ਘਰ ਵਿਚ	ਸਿਰਜਣਹਾਰ ਦੀ	ਮਹਿਮਾ,ਜਸ ਹੋਏ	

...ਹੇ! ਬਾਬਾ! ਜਿਹੜੇ (ਸਤ-ਸੰਗਤ ਰੂਪੀ) ਘਰ ਵਿਚ ਸਿਰਜਣਹਾਰ ਦੀ ਸਿਫ਼ਤ ਸਲਾਹ ਗਾਇਨ ਹੁੰਦੀ ਹੋਵੇ...

ਸੋ	ਘਰੁ *(ਘਰ)*	ਰਾਖੁ, *(ਰਾਖ)*	ਵਡਾਈ	ਤੋਇ ॥੧॥	ਰਹਾਉ ॥
ਉਸ	ਘਰ(ਨੂੰ)	ਰੱਖ	ਸ਼ੋਭਾ	ਤੇਰੀ	ਠਹਿਰਾਉ

...ਉਸ (ਸਤਿ-ਸੰਗਤ ਰੂਪੀ) ਘਰ ਨੂੰ (ਹਿਰਦੇ ਵਿਚ) ਵਸਾ, ਇਸੇ ਵਿਚ ਤੇਰੀ ਸ਼ੋਭਾ ਹੈ।...

ਵਿਸੁਏ	ਚਸਿਆ, *(ਚਸਿਆਂ)*	ਘੜੀਆ *(ਘੜੀਆਂ)*
ਅੱਖ ਦੇ ਪੰਦ੍ਹਾਂ ਫੋਰਾਂ ਜਿਨਾਂ ਸਮਾਂ	ਪੰਦ੍ਹਾਂ ਵਿਸੁਏ ਜਿਨਾਂ ਸਮਾਂ	ਸੱਠ ਪਲਾਂ ਜਿਨਾਂ ਸਮਾਂ

ਪਹਰਾ, *(ਪਹਿਰਾਂ)*	ਥਿਤੀ *(ਥਿਤੀਂ)*	ਵਾਰੀ, *(ਵਾਰੀਂ)*	ਮਾਹੁ *(ਮਾਹ)*	ਹੋਆ ॥
ਸਾਢੇ ਸੱਤ ਘੜੀਆਂ ਜਿਨਾਂ ਸਮਾਂ	ਪੰਦਰਾਂ ਥਿਤਾਂ	ਸੱਤ ਵਾਰ	ਬਾਰਾਂ ਮਹੀਨੇ	ਹੁੰਦੇ ਹਨ

(ਅੱਖ ਦੇ ੧੫ ਫੋਰ=੧ ਵਿਸਾ, ੧੫ ਵਿਸੁਏ=੧ ਚਸਾ, ੩੦ ਚਸੇ=੧ ਪਲ, ੬੦ ਪਲ=੧ਘੜੀ, ੭੧੨ ਘੜੀਆਂ=੧ ਪਹਿਰ, ੮ ਪਹਿਰ= ੧ ਦਿਨ ਰਾਤ ੧੫ ਥਿਤਾਂ, ੭ ਵਾਰ, ੬ ਰੁੱਤਾਂ)

...(ਜਿਸ ਤਰ੍ਹਾਂ) ਵਿਸੁਏ, ਚਸੁਏ, ਘੜੀਆਂ, ਪਹਿਰ, ਥਿਤਾਂ, ਵਾਰ ਅਤੇ ਮਹੀਨੇ ਆਦਿਕ ਹੁੰਦੇ ਹਨ...

ਸੂਰਜੁ *(ਸੂਰਜ)*	ਏਕੋ ,	ਰੁਤਿ *(ਰੁੱਤ)*	ਅਨੇਕ ॥
ਰੋਸ਼ਨੀ ਦਾ ਸੋਮਾਂ, ਦਿਵਾਕਰ	ਇਕੋ ਹੀ	ਰੁੱਤਾਂ	ਬਹੁਤ

...ਸੂਰਜ ਕੇਵਲ ਇਕ ਹੀ ਹੁੰਦਾ (ਪਰ) ਰੁੱਤਾਂ ਬਹੁਤ ਹੁੰਦੀਆਂ ਹਨ।...

ਨਾਨਕ,	ਕਰਤੇ	ਕੇ,	ਕੇਤੇ	ਵੇਸ ॥੨॥੨॥
ਹੇ! ਨਾਨਕ!	ਸਿਰਜਣਹਾਰ	ਦੇ	ਕਿਤਨੇ	ਰੂਪ

ਅੰਕ ੧੩

...ਹੇ! ਨਾਨਕ! (ਇਸੇ ਤਰ੍ਹਾਂ) ਇਕ ਸਿਰਜਣਹਾਰ ਦੇ ਵੀ ਅਨੇਕਾਂ ਹੀ ਰੂਪ-ਰੰਗ ਹਨ।

ਰਾਗੁ *(ਰਾਗ)*	**ਧਨਾਸਰੀ,**	**ਮਹਲਾ** *(ਮਹਿਲਾ)*	**੧ ॥** *(ਪਹਿਲਾ)*
ਸੁਰ ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਗਗਨ	**ਮੈ** *(ਮੈਅ)*	**ਥਾਲੁ,** *(ਥਾਲ)*	**ਰਵਿ** *(ਰਵ)*	**ਚੰਦੁ** *(ਚੰਦ)*	**ਦੀਪਕ**	**ਬਨੇ,**
ਅਸਮਾਨ	ਮਈ,	ਰੂਪੀ	ਇਕ ਬਰਤਨ ਸੂਰਜ	ਚੰਦਰਮਾ	ਦੀਵੇ	ਬਣੇ

ਤਾਰਿਕਾ	**ਮੰਡਲ,**	**ਜਨਕ**	**ਮੋਤੀ ॥**
ਤਾਰੇ	ਸਮੂਹ	ਜਿਵੇਂ, ਜਾਣੋਂ	ਸਿਪ ਅੰਦਰ ਪੈਦਾ ਹੋਇਆ ਇਕ ਰਤਨ

(ਵਿਸ਼ੇਸ਼ ਨੋਟ: ਮੈ ਦਾ ਉਚਾਰਣ ਬਿੰਦੀ ਰਹਿਤ ਕਰਨਾ ਹੈ)

ਅਕਾਸ਼ ਰੂਪੀ ਥਾਲ ਵਿਚ ਸੂਰਜ ਅਤੇ ਚੰਦਰਮਾ ਦੋ ਦੀਵੇ ਬਣੇ ਹੋਏ ਹਨ। ਸਾਰਾ ਤਾਰਾ ਮੰਡਲ ਜਾਣੋਂ (ਅਕਾਸ਼ ਰੂਪੀ ਥਾਲ ਵਿਚ) ਮੋਤੀ ਰੱਖੇ ਹੋਏ ਹਨ।...

ਧੂਪੁ *(ਧੂਪ)*	**ਮਲਆਨਲੋ,**
ਸੁਗੰਧੀ ਵਾਲਾ ਧੂਆਂ ਪੈਦਾ ਕਰਨ ਵਾਲੇ ਪਦਾਰਥ	ਭਾਰਤ ਦੇ ਦੱਖਣ ਵਿਚ ਚੰਦਨ ਦੇ ਵਣਾਂ ਵਾਲੇ, ਮਲਯ ਪਹਾੜ ਤੋਂ ਆਉਣ ਵਾਲੀ ਸੁਗੰਧਿਤ ਹਵਾ

ਪਵਣੁ *(ਪਵਣ)*	**ਚਵਰੋ**	**ਕਰੇ,**
ਪਉਣ	ਚੌਰ	ਕਰਦੀ

ਸਗਲ	**ਬਨਰਾਇ,** *(ਬਨਰਾਏ)*	**ਫੂਲੰਤ**	**ਜੋਤੀ ॥੧॥**
ਸਾਰੀ	ਬਨਸਪਤੀ ਦੇ	ਪ੍ਰਫੁੱਲ, ਖਿੜੇ ਹੋਏ	ਪਰਮਾਤਮਾ ਰੂਪੀ ਜੋਤ

...(ਤੇਰੀ ਆਰਤੀ ਲਈ)ਮਲਯ ਪਰਬਤ ਦੀ ਸੁਗੰਧਿਤ ਪੌਣ, ਸਮਝੋ ਧੂਪ ਹੈ,ਹਵਾ ਚੌਰ ਕਰ ਰਹੀ ਹੈ, ਸਾਰੀ ਮੌਲ ਰਹੀ ਬਨਸਪਤੀ ਦੇਖਿੜੇ ਹੋਏ ਫੁੱਲ (ਮਾਨੋਂ ਫੁੱਲਾਂ ਦੀ ਵਰਖਾ ਕਰ ਰਹੇ ਹਨ, ਅਤੇ ਬ੍ਰਹਿਮੰਡ ਵਿਚ ਵਿਆਪਕ) ਪਰਮਾਤਮ-ਜੋਤ, (ਸਮਝੋ ਗਗਨਮਈ-ਥਾਲ ਵਿਚ ਜੋਤੀ ਬਲ ਰਹੀ ਹੈ)...???

ਕੈਸੀ	**ਆਰਤੀ**	**ਹੋਇ ॥**
ਕਿਹੋ ਜਿਹੀ	ਰਾਤਰੀ ਸਮੇਂ ਪੂਜਨੀਕ ਇਸ਼ਟ ਅੱਗੇ ਦੀਵੇ ਫੇਰਨੇ	ਹੋ ਰਹੀ ਹੈ।

...(ਹੇ! ਪਰਮਾਤਮਾ! ਇਹ) ਤੇਰੀ ਕਿਹੋ ਜਿਹੀ ਆਰਤੀ ਹੋ ਰਹੀ ਹੈ।...

ਅੰਕ ੧੩

ਭਵ	ਖੰਡਨਾ,	ਤੇਰੀ	ਆਰਤੀ ॥
ਜਨਮ ਮਰਨ	ਖੰਡਨ ਵਾਲਾ(ਪ੍ਰਭੂ)	ਤੁਹਾਡੀ	ਰਾਤਰੀ ਸਮੇਂ ਪੂਜਨੀਕ ਇਸ਼ਟ ਅੱਗੇ ਦੀਵੇ ਫੇਰਨੇ

...ਜਨਮ ਮਰਨ ਨਿਵਾਰਨ ਵਾਲੇ (ਪ੍ਰਭੂ! ਇਹ) ਤੇਰੀ (ਕੈਸੀ ਅਸਚਰਜ) ਆਰਤੀ ਹੋ ਰਹੀ ਹੈ।...

ਅਨਹਤਾ	ਸਬਦ, *(ਸ਼ਬਦ)*
ਅਨ-ਹੱਤ, ਅਘਾਤ ਰਹਿਤ, ਜੋ ਬਿਨਾਂ ਵਜਾਏ ਵੱਜੇ, ਇਕ ਰਸ	ਅਵਾਜ਼

ਵਾਜੰਤ	ਭੇਰੀ ॥੧॥	ਰਹਾਉ॥
ਵੱਜ ਰਹੀ	ਵੱਡਾ ਨਗਾਰਾ	ਠਹਿਰਾਉ

...(ਬ੍ਰਹਿਮੰਡ ਵਿਚ) ਇਕ ਰਸ ਚਲ ਰਿਹਾ ਅਨਹਦ ਸ਼ਬਦ ਦਾ ਨਾਦ, ਮਾਨੋਂ (ਧਰਮ ਅਸਥਾਨਾਂ) ਵਿਚ ਵੱਜ ਰਹੇ ਨਗਾਰੇ ਹਨ।...

ਸਹਸ *(ਸਹਿਸ)*		ਤਵ	ਨੈਨ,	ਨਨ	ਨੈਨ	ਹਹਿ *(ਹਹਿਂ)*
ਹਜ਼ਾਰਾਂ		ਤੇਰੇ	ਅੱਖਾਂ	ਕੋਈ ਨਹੀਂ	ਅੱਖਾਂ	ਹਨ
ਤੋਹਿ	ਕਉ	ਸਹਸ	ਮੂਰਤਿ *(ਮੂਰਤ)*	ਨਨਾ	ਏਕ	ਤੁੋਹੀ ॥ *(ਤੋਂਹੀ)*
ਤੇਰੇ	ਨੂੰ	ਹਜ਼ਾਰਾਂ	ਸ਼ਕਲਾਂ	ਕੋਈ ਨਹੀਂ	ਇਕ ਵੀ	ਤੇਰੀ

...(ਹੇ! ਪ੍ਰਭੂ ਸਰਗੁਣ ਸਰੂਪ ਵਿਚ) ਤੇਰੀਆਂ ਹਜ਼ਾਰਾਂ ਅੱਖਾਂ ਹਨ, ਪਰ (ਨਿਰਗੁਣ ਸਰੂਪ ਵਿਚ) ਤੇਰੀ ਕੋਈ ਵੀ ਅੱਖ ਨਹੀਂ, (ਸਾਹਿਬ ਜੀ! ਸਰਗੁਣ ਸਰੂਪ ਵਿਚ) ਤੇਰੀਆਂ ਹਜ਼ਾਰਾਂ ਸ਼ਕਲਾਂ ਹਨ, ਪਰ (ਨਿਰਗੁਣ ਸਰੂਪ ਵਿਚ) ਤੇਰੀ ਕੋਈ ਵੀ ਸ਼ਕਲ ਨਹੀਂ ਹੈ।...

ਸਹਸ *(ਸਹਿਸ)*	ਪਦ	ਬਿਮਲ,	ਨਨ	ਏਕ	ਪਦ,	ਗੰਧ	ਬਿਨੁ *(ਬਿਨ)*
ਹਜ਼ਾਰਾਂ	ਪੈਰ	ਨਿਰਮਲ	ਕੋਈ ਨਹੀਂ	ਇਕ ਵੀ	ਪੈਰ	ਨੱਕ	ਬਿਨਾਂ

ਸਹਸ *(ਸਹਿਸ)*	ਤਵ	ਗੰਧ	ਇਵ	ਚਲਤ	ਮੋਹੀ ॥੨॥
ਹਜ਼ਾਰਾਂ	ਤੇਰੇ	ਨੱਕ	ਇਸ ਤਰ੍ਹਾਂ ਦੇ	ਚਰਿਤ੍ਰ	ਭਰਮਾਈ ਗਈ

...(ਸਰਗੁਣ ਸਰੂਪ ਵਿਚ ਪ੍ਰਭੂ ਜੀ!) ਤੇਰੇ ਹਜ਼ਾਰਾਂ ਪਵਿੱਤਰ ਪੈਰ ਹਨ, (ਪਰ ਨਿਰਗੁਣ ਸਰੂਪ ਵਿਚ ਤੇਰਾ) ਇਕ ਵੀ ਪੈਰ ਨਹੀਂ। (ਸਰਗੁਣ ਸਰੂਪ ਵਿਚ ਤੇਰੇ ਹਜ਼ਾਰਾਂ ਨੱਕ ਹਨ ਪਰ ਨਿਰਗੁਣ ਸਰੂਪ ਵਿਚ ਤੂੰ ਬਿਨਾਂ ਨੱਕ ਤੋਂ ਹੈ। (ਹੇ! ਕਰਤਾ ਪੁਰਖ ਜੀ!) ਤੇਰੇ ਇਸ ਤਰ੍ਹਾਂ ਦੇ ਚਰਿਤ੍ਰ ਨਾਲ, ਮੈਂ ਮੋਹੀ ਗਈ ਹਾਂ।...

ਸਭ	ਮਹਿ *(ਮਹਿਂ)*	ਜੋਤਿ, *(ਜੋਤ)*	ਜੋਤਿ *(ਜੋਤ)*
ਸਾਰਿਆਂ	ਵਿਚ	ਪ੍ਰਕਾਸ਼	ਚਾਨਣ

ਅੰਕ ੧੩

ਹੈ		ਸੋਇ ॥	
ਹੋਣ ਦੀ ਵਰਤਮਾਨ ਕ੍ਰਿਆ		ਉਸ (ਪਰਮਾਤਮਾ ਦਾ)	

...(ਸ੍ਰਿਸ਼ਟੀ ਦੇ) ਸਾਰੇ (ਜੀਵਾਂ) ਵਿਚ ਉਸ (ਪ੍ਰਭੂ) ਦੀ ਜੋਤ ਪ੍ਰਕਾਸ਼ਮਾਨ ਹੈ।...

ਤਿਸ	ਦੈ	ਚਾਨਣਿ, *(ਚਾਨਣ)*	ਸਭ	ਮਹਿ *(ਮਹਿੰ)*	ਚਾਨਣੁ *(ਚਾਨਣ)*	ਹੋਇ ॥
ਉਸ	ਦੇ	ਪ੍ਰਕਾਸ਼ ਨਾਲ	ਸਾਰਿਆਂ	ਵਿਚ	ਪ੍ਰਕਾਸ਼	ਹੁੰਦਾ ਹੈ

...ਉਸ (ਪ੍ਰਭੂ) ਦੇ ਇਲਾਹੀ ਪ੍ਰਕਾਸ਼ ਨਾਲ (ਜਗਤ ਦੇ) ਸਭ ਜੀਵ ਪ੍ਰਕਾਸ਼ਮਾਨ ਹੁੰਦੇ ਹਨ।...

ਗੁਰ	ਸਾਖੀ,	ਜੋਤਿ *(ਜੋਤ)*	ਪਰਗਟੁ *(ਪਰਗਟ)*	ਹੋਇ ॥
ਗੁਰੂ ਦੀ	ਸਿਖਿਆ	ਪ੍ਰਕਾਸ਼	ਪਰਤੱਖ	ਹੁੰਦਾ ਹੈ

...(ਪਰ ਇਹ ਪਰਮਾਤਮ) ਪ੍ਰਕਾਸ਼ ਗੁਰੂ ਦੀ ਸਿੱਖਿਆ ਨਾਲ ਹੀ ਪਰਗਟ ਹੁੰਦਾ ਹੈ।...

ਜੋ	ਤਿਸੁ *(ਤਿਸ)*	ਭਾਵੈ,
ਜਿਹੜਾ	ਉਸ ਨੂੰ	ਚੰਗਾ ਲਗਦੈ

ਸੁ	ਆਰਤੀ	ਹੋਇ ॥੩॥
ਉਹੀ	ਰਾਤਰੀ ਸਮੇਂ ਪੂਜਨੀਕ ਇਸ਼ਟ ਅੱਗੇ ਦੀਵੇ ਫੇਰਨੇ	ਹੁੰਦੀ ਹੈ

...ਜਿਹੜੀ (ਆਰਤੀ) ਉਸ (ਪ੍ਰਭੂ) ਨੂੰ ਚੰਗੀ ਲਗਦੀ ਹੈ, (ਅਸਲ ਅਰਥਾਂ ਵਿਚ) ਉਹੀ ਆਰਤੀ ਹੁੰਦੀ ਹੈ।...

ਹਰਿ *(ਹਰ)*	ਚਰਣ	ਕਵਲ	ਮਕਰੰਦ,	ਲੋਭਿਤ	ਮਨੋ,
ਹਰੀ ਪ੍ਰਭੂ	ਪੈਰ	ਕੰਵਲ	ਫੁੱਲ ਫੁੱਲਾਂ ਵਿਚਲੀ ਧੂੜ,	ਫੁੱਲ-ਰਸ	ਲਲਚਾਉਂਦੇ ਮਨ

ਅਨਦਿਨੋ, *(ਅਨਦਿਨੋ)*	ਮੋਹਿ	ਆਹੀ	ਪਿਆਸਾ ॥
ਹਰਰੋਜ਼	ਮੈਨੂੰ	ਹੈ	ਤ੍ਰਿਖਾਵੰਤ, ਲੋਚਾਵਾਨ

...ਹਰੀ ਪ੍ਰਭੂ ਦੇ ਚਰਣ ਕੰਵਲ ਦੇ ਰਸ ਲਈ, ਮੇਰਾ ਮਨ ਲੁਭਾਇਮਾਨ ਹੋ ਗਿਆ ਹੈ। ਹਰ ਰੋਜ਼ ਇਸ ਰਸ (ਨੂੰ ਪੀਣ ਦੀ) ਲੋਚਾ ਮੈਨੂੰ ਲੱਗੀ ਰਹਿੰਦੀ ਹੈ।...

ਕ੍ਰਿਪਾ	ਜਲੁ *(ਜਲ)*	ਦੇਹਿ, *(ਦੇਹ)*	ਨਾਨਕ	ਸਾਰਿੰਗ	ਕਉ,
ਮਿਹਰ	ਪਾਣੀ	ਦਿਓ	ਨਾਨਕ ਦੇਵ ਜੀ	ਪਪੀਹੇ	ਨੂੰ

ਅੰਕ ੧੩

ਹੋਇ	ਜਾ *(ਜਾਂ)*	ਤੇ	ਤੇਰੈ	ਨਾਇ *(ਨਾਇੰ)*	ਵਾਸਾ ॥੪॥੩॥
ਹੋ ਜਾਵੇ	ਜਿਸ	ਕਰਕੇ	ਤੇਰੇ	ਨਾਮ ਵਿਚ	ਵਸੇਬਾ

...(ਹੇ! ਸਾਹਿਬ ਜੀਓ!) ਨਾਨਕ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਬਖਸ਼ ਦਿਓ, ਜਿਸ ਨਾਲ (ਮੇਰਾ), ਤੇਰੇ ਨਾਮ ਵਿਚ ਵਾਸਾ ਹੋ ਜਾਵੇ।

ਰਾਗੁ *(ਰਾਗ)*	ਗਉੜੀ ਪੂਰਬੀ,	ਮਹਲਾ *(ਮਹਿਲਾ)*	੪ ॥ *(ਚੌਥਾ)*
ਸੁਰ ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਕਾਮਿ *(ਕਾਮ)*	ਕਰੋਧਿ, *(ਕਰੋਧ)*	ਨਗਰੁ *(ਨਗਰ)*	ਬਹੁ	ਭਰਿਆ,
ਭੋਗ ਵਾਸ਼ਨਾ ਨਾਲ	ਗੁੱਸੇ ਨਾਲ	ਸਰੀਰ	ਬਹੁਤ	ਭਰਪੂਰ

ਮਿਲਿ *(ਮਿਲ)*	ਸਾਧੂ	ਖੰਡਲ	ਖੰਡਾ	ਹੇ ॥
ਮਿਲਕੇ	ਗੁਰੂ, ਸੰਤ	ਖੰਡ, ਟੁਕੜੇ	ਟੁਕੜਿਆਂ ਵਿਚ	ਹੈ

ਇਹ ਸਰੀਰ ਕਾਮ-ਵਾਸ਼ਨਾ ਅਤੇ ਕ੍ਰੋਧ ਨਾਲ ਭਰਿਆ ਪਿਆ ਹੈ, ਪਰ ਗੁਰੂ ਦੇ ਮਿਲਾਪ ਰਾਹੀਂ (ਮੈਂ) ਉਨ੍ਹਾਂ ਸਭ ਦੇ ਟੁਕੜੇ ਟੁਕੜੇ ਕਰ ਦਿਤੇ ਹਨ।...

ਪੂਰਬਿ *(ਪੂਰਬ)*	ਲਿਖਤ	ਲਿਖੇ	ਗੁਰੁ *(ਗੁਰ)*	ਪਾਇਆ,
ਪਿਛਲੇ, ਪੂਰਬਲੇ	ਲੇਖ, ਕਰਮ	ਲਿਖੇ ਹੋਏ	ਗੁਰੂ ਨੂੰ	ਪ੍ਰਾਪਤ ਕੀਤਾ ਹੈ।

ਮਨਿ *(ਮਨ)*	ਹਰਿ *(ਹਰ)*	ਲਿਵ	ਮੰਡਲ	ਮੰਡਾ	ਹੇ ॥੧॥
ਮਨ ਦਾ	ਹਰੀ ਪ੍ਰਭੂ	ਧਿਆਨ	ਸਭਾ, ਦਾਇਰਾ,ਸੰਗ	ਜੁੜਿਆ	ਹੈ

...ਪੁਰਬਲੇ ਲਿਖੇ ਹੋਏ ਲੇਖਾਂ, ਭਾਵ ਕਰਮਾਂ ਕਰਕੇ ਗੁਰੂ ਪ੍ਰਾਪਤ ਹੋਇਆ ਹੈ, ਅਤੇ (ਹੁਣ) ਮਨ ਦਾ ਧਿਆਨ, ਵਾਹਿਗੁਰੂ ਦੇ ਮੰਡਲ ਵਿਚ ਜੁੜ ਗਿਆ ਹੈ।...

ਕਰਿ *(ਕਰ)*	ਸਾਧੂ	ਅੰਜੁਲੀ	ਪੁਨੁ *(ਪੁਨ)*	ਵਡਾ	ਹੇ ॥
ਕਰੋ	ਗੁਰੂ	ਹੱਥ ਜੋੜ ਕੇ ਨਮਸਕਾਰ ਕਰਨਾ	ਭਲਾ ਕੰਮ	ਜ਼ਿਆਦਾ	ਹੈ

(ਹੇ! ਭਾਈ! ਸਤਿਗੁਰੂ ਅੱਗੇ ਹੱਥ ਜੋੜ ਕੇ ਨਮਸਕਾਰ ਕਰੋ (ਭਾਵ ਗੁਰੂ ਅੱਗੇ ਸਮਰਪਿਤ ਹੋ ਜਾਓ) ਇਹ ਬਹੁਤ ਵੱਡਾ ਪੁੰਨ ਕਰਮ ਹੈ।...

ਕਰਿ *(ਕਰ)*	ਡੰਡਉਤ,	ਪੁਨੁ *(ਪੁਨ)*	ਵਡਾ	ਹੇ ॥੧॥	ਰਹਾਉ ॥
ਕਰੋ	ਲੰਮੇ ਪੈ ਕੇ ਨਮਸਕਾਰ	ਉੱਤਮ ਕੰਮ	ਜ਼ਿਆਦਾ	ਹੈ	ਠਹਿਰਾਉ

ਅੰਕ ੧੩

...(ਹੇ! ਭਾਈ!) ਡੰਡਉਤ ਕਰਕੇ (ਸਤਿਗੁਰੂ ਨੂੰ) ਨਮਸ਼ਕਾਰ ਕਰੋ, ਇਹ ਬਹੁਤ ਉੱਤਮ ਕਰਮ ਹੈ।(ਭਾਵ ਗੁਰੂ ਚਰਨਾਂ ਵਿਚ ਆਪਾ ਸਮਰਪਿਤ ਕਰਕੇ ਢਹਿ ਪਓ)...

ਸਾਕਤ	ਹਰਿ *(ਹਰ)*	ਰਸ	ਸਾਦੁ *(ਸਾਦ)*	ਨ *(ਨਾਂ)*	ਜਾਣਿਆ,
ਰੱਬ ਤੋਂ ਟੁੱਟਿਆ, ਪਤਿਤ	ਹਰੀ ਪ੍ਰਭੂ	ਅਨੰਦ	ਸੁਆਦ	ਨਹੀਂ	ਸਮਝਿਆ

ਤਿਨ *(ਤਿਨ੍ਹ)*	ਅੰਤਰਿ *(ਅੰਤਰ)*	ਹਉਮੈ	ਕੰਡਾ	ਹੇ ॥
ਤਿਨ੍ਹਾਂ	ਅੰਦਰ	ਹੰਕਾਰ	ਕਾਂਟਾ	ਹੈ

...ਰੱਬ ਤੋਂ ਬੇਮੁੱਖ ਹਰ-ਰਸ ਦੇ ਸੁਆਦ ਨੂੰ ਨਹੀਂ ਸਮਝਦੇ, (ਕਿਉਂਕਿ) ਉਨ੍ਹਾਂ ਦੇ ਅੰਤਹਕਰਨ ਵਿਚ ਹੰਕਾਰ ਦਾ ਕੰਡਾ ਚੁੱਭਿਆ ਹੁੰਦਾ ਹੈ।...

ਜਿਉ *(ਜਿਉਂ)*	ਜਿਉ *(ਜਿਉਂ)*	ਚਲਹਿ, *(ਚਲਹਿੰ)*	ਚੁਭੈ,	ਦੁਖੁ *(ਦੁੱਖ)*	ਪਾਵਹਿ, *(ਪਾਵਹਿੰ)*
ਜਿਵੇਂ	ਜਿਵੇਂ	ਚਲਦੇ ਹਨ	ਚੁਭਦੈ	ਕਸ਼ਟ	ਪਾਉਂਦੇ ਹਨ

ਜਮਕਾਲੁ *(ਜਮਕਾਲ)*	ਸਹਹਿ *(ਸਹਹਿੰ)*	ਸਿਰਿ *(ਸਿਰ)*	ਡੰਡਾ	ਹੇ ॥੨॥
ਕਾਲ ਦਾ ਕਰਤਾ ਜਮ	ਸਹਿੰਦੇ ਹਨ	ਸਿਰ ਉਤੇ	ਸੋਟਾ	ਹਨ

...(ਇਹ ਸਾਕਤ) ਜਿਉਂ ਜਿਉਂ (ਜ਼ਿੰਦਗੀ ਦੀ ਤੋਰ) ਤੁਰਦੇ ਹਨ, (ਹਉਮੈ ਦਾ ਕੰਡਾ ਹੋਰ ਡੂੰਘਾ) ਚੁੱਭਦਾ ਹੈ, ਉਹ ਹੋਰ ਦੁੱਖ ਪਾਉਂਦੇ ਹਨ। ਜਮਕਾਲ ਦਾ ਡੰਡਾ ਸਿਰ ਉਤੇ ਸਹਿੰਦੇ ਹਨ।...

ਹਰਿ *(ਹਰ)*	ਜਨ,	ਹਰਿ *(ਹਰ)*	ਹਰਿ *(ਹਰ)*	ਨਾਮਿ *(ਨਾਮ)*	ਸਮਾਣੇ,
ਹਰੀ ਪ੍ਰਭੂ	ਸੇਵਕ	ਹਰੀ ਪ੍ਰਭੂ	ਹਰੀ ਪ੍ਰਭੂ	ਨਾਮ ਵਿਚ	ਲੀਨ, ਇਕ ਮਿਕ

ਦੁਖੁ *(ਦੁੱਖ)*	ਜਨਮ	ਮਰਣ	ਭਵ	ਖੰਡਾ	ਹੇ ॥
ਕਸ਼ਟ	ਜੰਮਣ ਦਾ	ਮੌਤ ਦਾ	ਸੰਸਾਰ	ਖ਼ਤਮ	ਹੈ

...(ਸਾਕਤਾਂ ਤੋਂ ਉਲਟ) ਪ੍ਰਭੂ-ਸੇਵਕ, ਭਾਵ ਭਗਤ-ਜਨ, ਹਰੀ ਪ੍ਰਭੂ ਦੇ ਨਾਮ ਭਾਵ ਪਰਮਾਤਮ ਹੋਂਦ ਵਿਚ ਸਮਾਏ ਰਹਿੰਦੇ ਹਨ। ਉਨ੍ਹਾਂ ਦਾ ਸੰਸਾਰਿਕ ਜਨਮ ਮਰਣ ਦਾ ਦੁੱਖ ਕੱਟਿਆ ਜਾਂਦਾ ਹੈ।...

ਅਬਿਨਾਸੀ *(ਅਬਿਨਾਸ਼ੀ)*	ਪੁਰਖੁ *(ਪੁਰਖ)*	ਪਾਇਆ	ਪਰਮੇਸਰੁ, *(ਪਰਮੇਸ਼ਰ)*
ਨਾਸ਼ ਰਹਿਤ, ਅਟੱਲ	ਸਰਬ ਵਿਆਪਕ ਪੁਰਸ਼	ਪ੍ਰਾਪਤ ਕਰ ਲਿਆ	ਪਰਮਾਤਮਾ

ਬਹੁ	ਸੋਭ	ਖੰਡ	ਬ੍ਰਹਮੰਡਾ	ਹੇ ॥੩॥
ਬਹੁਤ	ਸ਼ੋਭਾ	ਖੰਡਾਂ	ਬ੍ਰਹਿਮੰਡਾਂ	ਹੈ

ਅੰਕ ੧੩

...(ਉਨ੍ਹਾਂ ਗੁਰਮੁਖਾਂ ਨੇ) ਅਬਿਨਾਸ਼ੀ, ਸਰਬ ਵਿਆਪਕ ਪਰਮੇਸ਼ਰ ਨੂੰ ਪਾ ਲਿਆ ਹੈ। ਖੰਡਾਂ ਬ੍ਰਹਿਮੰਡਾਂ ਵਿਚ ਉਨ੍ਹਾਂ ਦੀ ਬੇਅੰਤ ਸ਼ੋਭਾ ਹੁੰਦੀ ਹੈ।...

ਹਮ,	ਗਰੀਬ	ਮਸਕੀਨ,	ਪ੍ਰਭ	ਤੇਰੇ,
ਅਸੀਂ	ਨਿਰਧਨ	ਨਿਮਾਣੇ	ਪਰਮਾਤਮਾ	ਤੁਹਾਡੇ

ਹਰਿ *(ਹਰ)*	ਰਾਖੁ *(ਰਾਖ)*	ਰਾਖੁ *(ਰਾਖ)*	ਵਡ *(ਵਡਾ)*	ਹੇ ॥
ਹਰੀ ਪ੍ਰਭੂ ਬਚਾਓ	ਬਚਾਓ	ਮਹਾਨ	ਮਹਾਨ	ਹੈ

...(ਹੇ! ਸਾਹਿਬ ਜੀ!) ਅਸੀਂ ਤੇਰੇ ਗਰੀਬ, ਨਿਮਾਣੇ, ਅਦਨੇ ਜਿਹੇ (ਸੇਵਕ) ਹਾਂ। ਪ੍ਰਭੂ ਜੀ ਤੁਸੀਂ ਤਾਂ ਵੱਡਿਆਂ ਦੇ ਵੀ ਵੱਡੇ ਹੋ, (ਸਾਡੀ ਦਰ ਆਇਆਂ ਦੀ ਲਾਜ) ਰੱਖ ਲਓ ਜੀ! ਰੱਖ ਲਓ ਜੀ।...

ਜਨ	ਨਾਨਕ,	ਨਾਮੁ *(ਨਾਮ)*	ਅਧਾਰੁ *(ਅਧਾਰ)*	ਟੇਕ	ਹੈ,
ਦਾਸ	ਨਾਨਕ (ਨੂੰ)	ਸਿਮਰਨ	ਭਰੋਸਾ	ਸਹਾਰਾ	ਹੈ

ਹਰਿ	ਨਾਮੇ	ਹੀ	ਸੁਖੁ *(ਸੁਖ)*	ਮੰਡਾ	ਹੇ ॥੪॥੪॥
ਹਰੀ ਪ੍ਰਭੂ	ਨਾਮ ਵਿਚ ਸਿਰਫ਼	ਅਨੰਦ, ਖੁਸ਼ੀ	ਭੋਗਿਆ,	ਮਾਣਿਆ	ਹੈ

...ਦਾਸ ਨਾਨਕ ਨੂੰ, ਸਿਰਫ਼ ਨਾਮ-ਸਿਮਰਨ ਦਾ ਹੀ ਭਰੋਸਾ ਤੇ ਆਸਰਾ ਹੈ, ਅਤੇ ਹਰੀ ਪ੍ਰਭੂ ਦੇ ਨਾਮ ਰਾਹੀਂ ਹੀ (ਉਸਨੇ) ਪਰਮਾਤਮ ਅਨੰਦ ਮਾਣਿਆਂ ਹੈ।

ਰਾਗੁ *(ਰਾਗ)*	ਗਉੜੀ ਪੂਰਬੀ,	ਮਹਲਾ *(ਮਹਿਲਾ)*	੫ ॥ *(ਪੰਜਵਾਂ)*
ਸੁਰ ਪ੍ਰਬੰਧ	ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਕਰਉ *(ਕਰਉਂ)*	ਬੇਨੰਤੀ,	ਸੁਣਹੁ *(ਸੁਣਹੁਂ)*	ਮੇਰੇ	ਮੀਤਾ,
ਮੈਂ ਕਰਦਾ ਹਾਂ	ਬੇਨਤੀ, ਜੋਦੜੀ	ਸਰਵਣ ਕਰੋ	ਆਪਣੇ	ਮਿੱਤਰੋ, ਸੱਜਣੋ

ਸੰਤ	ਟਹਲ *(ਟਹਿਲ)*	ਕੀ	ਬੇਲਾ ॥
ਸਾਧੂ	ਸੇਵਾ	ਦੀ	ਵੇਲਾ, ਵਕਤ, ਮੌਕਾ

ਹੇ! ਮੇਰੇ! (ਸਤਸੰਗੀ ਗੁਰਮੁਖ) ਮਿੱਤਰੋ, ਸਰਵਣ ਕਰੋ, ਮੈਂ ਬੇਨਤੀ ਕਰਦਾ ਹਾਂ, (ਹੁਣ ਮਿਲੀ ਇਸ ਅਮੋਲਕ ਮਨੁੱਖਾ ਦੇਹੀ ਰਾਹੀਂ) ਸਾਧੂ ਸੰਤਾਂ ਦੀ ਸੇਵਾ ਟਹਿਲ ਕਰਨ ਦਾ ਵੇਲਾ ਹੈ।...

ਈਹਾ, *(ਈਹਾਂ)*	ਖਾਟਿ *(ਖਾਟ)*	ਚਲਹੁ	ਹਰਿ *(ਹਰ)*	ਲਾਹਾ
ਇਥੇ, ਇਸ ਜਨਮ ਵਿਚ	ਖੱਟ ਕੇ, ਕਮਾ ਕੇ	ਜਾਵੋ	ਹਰੀ ਪ੍ਰਭੂ	ਲਾਭ, ਖੱਟੀ

ਅੰਕ ੧੩

ਆਗੈ	ਬਸਨੁ *(ਬਸਨ)*	ਸੁਹੇਲਾ ॥੧॥
ਅੱਗੇ, ਪ੍ਰਭੂ ਦਰਗਾਹ ਤੇ	ਵੱਸਣਾ	ਸੌਖਾ

...ਇੱਥੇ ਭਾਵ ਇਸੇ ਜਨਮ ਵਿਚ ਹੀ ਪਰਮਾਤਮ ਨਾਮ ਸਿਮਰਨ ਦਾ ਲਾਭ ਕਮਾ ਕੇ ਜਾਵੇਂ, ਇਸ ਨਾਲ ਅੱਗੇ ਭਾਵ ਪ੍ਰਭੂ ਦਰਗਾਹ ਤੇ ਜਾ ਕੇ ਵਸਣਾ ਸੌਖਾ ਹੋ ਜਾਏਗਾ।...

ਅਉਧ	ਘਟੈ	ਦਿਨਸੁ *(ਦਿਨਸ)*	ਰੈਣਾਰੇ ॥
ਉਮਰ	ਘੱਟਦੀ ਹੈ	ਦਿਨ	ਰਾਤ

...ਰਾਤ ਦਿਨਸ ਦੇ (ਬੀਤਣ ਨਾਲ ਜੀਵ ਦੀ) ਉਮਰ ਘੱਟਦੀ ਜਾ ਰਹੀ ਹੈ।...

ਮਨ	ਗੁਰ	ਮਿਲਿ *(ਮਿਲ)*	ਕਾਜ	ਸਵਾਰੇ ॥੧॥	ਰਹਾਉ ॥
ਚਿੱਤ	ਗੁਰੂ	ਮਿਲਕੇ	ਕੰਮ,ਮਨੋਰਥ	ਸਵਾਰ ਲੈ, ਪੂਰਾ ਕਰ ਲੈ	ਠਹਿਰਾਉ

...(ਇਸ ਲਈ) ਹੇ! ਮੇਰੇ ਮਨ! ਗੁਰੂ ਨੂੰ ਮਿਲਕੇ (ਗੋਬਿੰਦ ਮਿਲਣ ਦਾ ਜੋ ਮਨੋਰਥ ਹੈ) ਉਸਨੂੰ ਪੂਰਾ ਕਰ ਲੈ।...

ਇਹੁ *(ਇਹ)*	ਸੰਸਾਰੁ, *(ਸੰਸਾਰ)*
ਸਮੇਂ ਸਥਾਨ ਸਥਿਤੀ ਆਦਿ ਦਾ ਸੰਕੇਤਕ ਸ਼ਬਦ	ਜਗਤ

ਬਿਕਾਰੁ *(ਬਿਕਾਰ)*	ਸੰਸੇ	ਮਹਿ, *(ਮਹਿਂ)*	ਤਰਿਓ	ਬ੍ਰਹਮ	ਗਿਆਨੀ ॥
ਮਾੜੇ ਵਿਚਾਰ	ਭਰਮਾਂ	ਵਿਚ	ਪਾਰ ਹੋਏ	ਪਰਮਾਤਮਾ ਦੇ	ਗਿਆਨ ਵਾਲੇ

...ਇਹ ਜਗਤ (ਦੇ ਜੀਵ) ਵਿਕਾਰਾਂ (ਦੇ ਚਿਕੜ ਨਾਲ) ਭਰੇ ਪਏ ਹਨ। (ਸੰਸਾਰ) ਭਰਮਾਂ (ਦੇ ਸਾਗਰ ਵਿਚ ਡੁੱਬਿਆ ਪਿਆ ਹੈ। ਇਸ ਵਿਚੋਂ ਕੋਈ) ਬ੍ਰਹੱਮ ਗਿਆਨੀ ਹੀ ਤਰਦਾ ਹੈ।

ਜਿਸਹਿ *(ਜਿਸਹਿਂ)*	ਜਗਾਇ,	ਪੀਆਵੈ	ਇਹੁ *(ਇਹ)*	ਰਸੁ, *(ਰਸ)*
ਜਿਸ ਨੂੰ	ਜਗਾ ਕੇ	ਪਿਆਉਂਦਾ	ਇਹ	ਨਾਮ ਪਦਾਰਥ

ਅਕਥ *(ਅਕੱਥ)*	ਕਥਾ	ਤਿਨਿ *(ਤਿਨ੍ਹ)*	ਜਾਨੀ ॥੨॥
ਕਥਨ ਤੋਂ ਬਾਹਰ	ਕਥਨ	ਤਿਸ ਨੇ	ਜਾਣ ਲਈ, ਸਮਝ ਲਈ

...ਜਿਸਨੂੰ (ਕਰਤਾ-ਪੁਰਖ ਆਪਣੀ ਮਿਹਰ ਨਾਲ) ਵਿਕਾਰਾਂ ਦੀ ਨੀਂਦ ਤੋਂ ਜਗਾ ਕੇ, ਨਾਮ-ਅੰਮ੍ਰਿਤ ਦਾ ਰਸ ਪਿਆਉਂਦਾ ਹੈ, ਉਸ ਨੇ (ਪਰਮਾਤਮਾ ਦੀ) ਅਕੱਥ ਕਥਾ ਨੂੰ ਸਮਝ ਲਿਆ ਹੈ।...

ਜਾ	ਕਉ	ਆਏ,	ਸੋਈ	ਬਿਹਾਝਹੁ,
ਜਿਸ	ਵਾਸਤੇ	ਆਏ ਹੋ	ਉਹੀ	ਵਣਜੋ, ਉਸੇ ਦਾ ਵਪਾਰ ਕਰੋ

ਅੰਕ ੧੩-੧੪

ਹਰਿ *(ਹਰ)*	ਗੁਰ	ਤੇ	ਮਨਹਿ *(ਮਨਹਿਂ)*	ਬਸੇਰਾ ॥
ਹਰੀ ਪ੍ਰਭੂ	ਗੁਰੂ	ਰਾਹੀਂ	ਮਨ ਵਿਚ	ਵਾਸਾ

...(ਹੇ! ਭਾਈ!) ਜਿਹੜਾ (ਵਪਾਰ ਕਰਨ) ਵਾਸਤੇ (ਇਸ ਸੰਸਾਰ ਵਿਚ) ਆਏ ਹੋ, ਉਸੇ ਦਾ ਹੀ ਵਪਾਰ ਕਰੋ, (ਇੰਜ ਕਰਨ ਨਾਲ) ਗੁਰੂ (ਦੀ ਬਖਸ਼ਿਸ਼ ਰਾਹੀਂ) ਹਿਰਦੇ ਵਿਚ ਹਰੀ ਪ੍ਰਭੂ ਦਾ ਵਾਸਾ ਹੋ ਜਾਏਗਾ।...

ਨਿਜ	ਘਰਿ, *(ਘਰ)*	ਮਹਲੁ *(ਮਹਿਲ)*	ਪਾਵਹੁ	ਸੁਖ
ਆਪਣੇ	ਘਰ ਵਿਚ	ਪਰਮਾਤਮਾ ਦਾ ਟਿਕਾਣਾ	ਪਾ ਲਵੇਂਗਾ	ਅਨੰਦ

ਸਹਜੇ,	ਬਹੁਰਿ *(ਬਹੁਰ)*	ਨ *(ਨਾਂ)*	ਹੋਇਗੋ	ਫੇਰਾ ॥੩॥
ਸਹਿਜ ਨਾਲ, ਅਡੋਲਤਾ ਨਾਲ	ਫਿਰ	ਨਹੀਂ	ਹੋਵੇਗਾ	ਚੱਕਰ

...(ਇਸ ਪਰਮਾਤਮ-ਵਣਜ ਰਾਹੀਂ ਤੁਸੀਂ) ਅਡੋਲ ਹੀ ਆਪਣੇ ਹਿਰਦੇ ਘਰ ਵਿਚ, ਪਰਮਾਤਮ-ਨਿਵਾਸ ਅਤੇ ਅਨੰਦ ਪ੍ਰਾਪਤ ਕਰ ਲਵੋਗੇ। ਫਿਰ ਦੁਬਾਰਾ ਜਨਮ ਮਰਨ ਦਾ ਗੇੜ ਨਹੀਂ ਹੋਏਗਾ।...

ਅੰਤਰਜਾਮੀ,	ਪੁਰਖ	ਬਿਧਾਤੇ,
ਅੰਦਰ ਦੀਆਂ ਜਾਨਣ ਵਾਲਾ	ਸਰਬ ਵਿਆਪਕ	ਰਚਨਹਾਰ ਪ੍ਰਭੂ

ਸਰਧਾ *(ਸ਼ਰਧਾ)*	ਮਨ	ਕੀ	ਪੂਰੇ ॥
ਇੱਛਾ, ਲੋਚਾ	ਚਿੱਤ	ਦੀ	ਪੂਰੀ ਕਰ ਦੇ

...ਹੇ! ਦਿਲਾਂ ਦੀਆਂ ਜਾਨਣ ਵਾਲੇ ਸਰਬ ਵਿਆਪਕ ਪ੍ਰਭੂ ਜੀ! (ਮੇਰੇ) ਚਿੱਤ ਦੀ ਇੱਛਾ ਪੂਰੀ ਕਰ ਦਿਓ (ਕਿ)...

ਨਾਨਕ,	ਦਾਸੁ *(ਦਾਸ)*	ਇਹੈ	ਸੁਖੁ *(ਸੁਖ)*	ਮਾਗੈ, *(ਮਾਂਗੈ)*
ਗੁਰੂ ਨਾਨਕ ਦੇਵ ਜੀ	ਗੋਲਾ	ਇਹੀ	ਅਨੰਦ	ਮੰਗਦਾ ਹੈ (ਕਿ)

ਮੋ	ਕਉ	ਕਰਿ *(ਕਰ)*	ਸੰਤਨ	ਕੀ	ਧੂਰੇ ॥੪॥੫॥
ਮੈਂ	ਨੂੰ	ਕਰ ਦਿਓ	ਸਾਧੂਆਂ	ਦੀ	ਧੂੜੀ

...(ਹੇ! ਸਾਹਿਬ ਜੀ!) ਦਾਸ ਨਾਨਕ! (ਤੁਹਾਡੇ ਤੋਂ) ਇਹੀ ਸੁੱਖ ਮੰਗਦਾ ਹੈ, ਕਿ ਮੈਨੂੰ ਸਾਧੂਆਂ (ਦੇ ਚਰਨਾਂ ਦੀ) ਧੂੜੀ ਬਣਾ ਦਿਓ।

(ਇਸ ਸ਼ਬਦ ਦੇ ਅਖ਼ੀਰ ਵਿਚ ਅੰਕ ੫ ਦਾ ਭਾਵ ਇਹ ਹੈ, ਕਿ ਇਸ ਸੋਹਿਲੇ ਦੀ ਬਾਣੀ ਵਾਲੇ ਸੰਗ੍ਰਹਿ ਦਾ ਇਹ ਪੰਜਵਾਂ ਸ਼ਬਦ ਹੈ।)

ਅੰਕ ੧੪

ੴ *(ਇਕ ਓਅੰਕਾਰ)* — ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।

ਸਤਿ *(ਸੱਤ)* — ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ — ਗਿਆਨਮਈ ਗੁਰੂ ਸਰੂਪ (ਓਅੰਕਾਰ)

ਪ੍ਰਸਾਦਿ॥ *(ਪ੍ਰਸਾਦ)* — ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀਂ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਰਾਗੁ *(ਰਾਗ)* — ਸੁਰ ਪ੍ਰਬੰਧ

ਸਿਰੀ ਰਾਗੁ, *(ਸਿਰੀ ਰਾਗ)* — ਰਾਗ ਦਾ ਨਾਮ

ਮਹਲਾ *(ਮਹਿਲਾ)* — ਪਾਤਸ਼ਾਹੀ

ਪਹਿਲਾ,੧ — ਪਹਿਲੀ ਪਾਤਸ਼ਾਹੀ

ਇਥੇ ਅੰਕ ੧ ਦੇ ਨਾਲ ਸ਼ਬਦ ਪਹਿਲਾ ਇਸ ਸੰਕੇਤ ਲਈ ਲਿਖਿਆ ਗਿਆ ਹੈ ਕਿ ਅੰਕ ੧ ਦਾ ਉਚਾਰਣ ਇਕ ਨਹੀਂ ਸਗੋਂ ਪਹਿਲਾ ਕਰਨਾ ਹੈ।

ਘਰੁ *(ਘਰ)*

੧॥ *(ਪਹਿਲਾ)*

ਤਾਲ ਜਾਂ ਟਿਕਾਣੇ ਦਾ ਨੰਬਰ। ਸੰਗੀਤਕਾਰਾਂ ਲਈ ਇਹ ਸੰਕੇਤ ਹੈ ਕਿ ਉਨ੍ਹਾਂ ਨੇ ਰਾਗ ਨੂੰ ਕਿਸ ਘਰ ਵਿਚ ਗਾਉਣਾ ਹੈ, ਜਾਂ ਰਾਗ ਦੀ ਪ੍ਰਧਾਨ ਸੁਰ ਕਿਹੜੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧ ਤੋਂ ੧੭ ਤਕ ਘਰ ਦਾ ਸੰਕੇਤ ਦਿੱਤਾ ਗਿਆ ਹੈ।

ਮੋਤੀ — ਸਿੱਪੀ ਅੰਦਰ ਪੈਦਾ ਹੋਇਆ ਇਕ ਰਤਨ

ਤ *(ਤਾਂ)* — ਜੇ

ਮੰਦਰ — ਨਿਵਾਸ ਸਥਾਨ,ਘਰ

ਊਸਰਹਿ, *(ਊਸਰਹਿਂ)* — ਉਸਰ ਜਾਣ, ਬਣ ਜਾਣ

ਰਤਨੀ — ਰਤਨਾਂ ਨਾਲ

ਤ *(ਤਾਂ)* — ਜੇ

ਹੋਹਿ *(ਹੋਹਿਂ)* — ਹੋ ਜਾਵੇ

ਜੜਾਉ॥ — ਜੜਿਆ ਹੋਇਆ

ਜੇ (ਮੇਰੇ) ਘਰ ਮੋਤੀਆਂ ਨਾਲ ਉਸਰ ਜਾਣ, ਅਤੇ ਉਨ੍ਹਾਂ ਤੇ ਰਤਨਾਂ ਭਾਵ ਕੀਮਤੀ ਪੱਥਰਾਂ ਦੀ ਜੜਤਕਾਰੀ ਹੋ ਜਾਵੇ...

ਕਸਤੂਰਿ *(ਕਸਤੂਰ)* — ਇਕ ਖ਼ਾਸ ਜਾਤੀ ਦੇ ਹਿਰਨ ਦੀ ਨਾਭੀ ਵਿਚੋਂ ਪ੍ਰਾਪਤ ਹੋਣ ਵਾਲਾ ਸੁਗੰਧਿਤ ਪਦਾਰਥ

ਕੁੰਗੂ, — ਘੋਲਿਆ ਹੋਇਆ ਕੇਸਰ

ਅਗਰਿ *(ਅਗਰ)* — ਅਗਰ ਨਾਲ (ਇਕ ਪ੍ਰਕਾਰ ਦੀ ਸੁਗੰਧਤ ਲਕੜ ਦਾ ਦਰਖਤ,ਜਿਸਨੂੰ ਫਾਰਸੀ ਵਿਚ ਊਦ ਕਹਿੰਦੇ ਹਨ ਵਿਚੋਂ ਕੱਢੀ ਹੋਈ ਸੁਗੰਧੀ)

ਅੰਕ ੧੪

ਚੰਦਨਿ,*(ਚੰਦਨ)*	ਲੀਪਿ*(ਲੀਪ)*
ਚੰਦਨ ਨਾਲ (ਸੰਦਲ ਦਾ ਖੁਸ਼ਬੂਦਾਰ ਦਰਖ਼ਤ ਜਿਸ ਵਿਚੋਂ ਸੁਗੰਧਿਤ ਤੇਲ ਕਢਦੇ ਹਨ।	ਲਿਪਾਈ ਕਰਕੇ

ਆਵੈ	ਚਾਉ॥
ਆ ਜਾਏ	ਹੁਲਾਸ, ਖੁਸ਼ੀ ਦੀ ਲਹਿਰ

...(ਉਨ੍ਹਾਂ ਘਰਾਂ ਉਤੇ) ਕਸਤੂਰੀ, ਕੇਸਰ, ਅਗਰ ਅਤੇ ਚੰਦਨ (ਆਦਿਕ ਕੀਮਤੀਆਂ ਸੁਗੰਧੀਆਂ ਦੀ) ਲਿਪਾਈ ਹੋਕੇ (ਮੇਰੇ ਚਿੱਤ ਅੰਦਰ) ਖੁਸ਼ੀਆਂ ਦੀਆਂ ਲਹਿਰਾਂ ਉੱਠਣ (ਭਾਵ ਮੈਂ ਖੁਸ਼ੀਆਂ ਨਾਲ ਝੂਮਦਾ ਫਿਰਾਂ)...

ਮਤੁ*(ਮਤ)*	ਦੇਖਿ*(ਦੇਖ)*	ਭੂਲਾ,*(ਭੁਲਾਂ)*	ਵੀਸਰੈ,
ਮਤੇ, ਕਿਤੇ, ਕਦਾਚਿਤ	ਦੇਖਕੇ	ਭੁੱਲ ਜਾਵਾਂ	ਵਿਸਰ ਜਾਏ

ਤੇਰਾ	ਚਿਤਿ*(ਚਿਤ)*	ਨ*(ਨਾਂ)*	ਆਵੈ	ਨਾਉ*(ਨਾਉਂ)* ॥੧॥
ਤੁਹਾਡਾ	ਚਿਤ ਵਿਚ	ਨਹੀਂ	ਆਏ	ਪਰਮਾਤਮ ਨਾਮ

...(ਪਰ ਇਹੋ ਜਿਹੇ ਸੁੰਦਰ ਖੁਸ਼ਬੂਦਾਰ ਘਰ ਨੂੰ ਵੇਖਕੇ, ਖੁਸ਼ੀ ਵਿਚ ਝੂਮਦਾ ਹੋਇਆ ਹੇ। ਸਾਹਿਬ ਜੀ!) ਮਤਾਂ ਕਿਤੇ ਮੈ ਭੁਲ ਹੀ ਨਾ ਜਾਵਾਂ (ਭਾਵ ਮੈਥੋਂ ਸਚਿਆਰ ਬਣਨ ਦਾ ਮਾਰਗ ਹੀ ਨਾ ਗੁਆਚ ਜਾਏ ਅਤੇ ਫਿਰ) ਮੇਰੇ ਹਿਰਦੇ ਵਿਚ ਤੁਹਾਡੇ ਨਾਮ (ਦੀ ਯਾਦ) ਹੀ ਨਾ ਆਵੇ।...

ਹਰਿ*(ਹਰ)*	ਬਿਨੁ,*(ਬਿਨ)*	ਜੀਉ	ਜਲਿ*(ਜਲ)*	ਬਲਿ*(ਬਲ)*	ਜਾਉ॥
ਹਰੀ ਪ੍ਰਭੂ	ਬਿਨਾਂ,ਬਗੈਰ	ਹਿਰਦਾ, ਚਿੱਤ	ਸੜਕੇ	ਬਲਕੇ	ਜਾਂਦਾ ਹੈ

ਮੈ	ਆਪਣਾ	ਗੁਰੁ*(ਗੁਰ)*	ਪੂਛਿ*(ਪੁਛ)*	ਦੇਖਿਆ,
ਮੈਂ	ਆਪਦਾ, ਸ੍ਵੈ ਦਾ	ਸਤਿਗੁਰੂ ਨੂੰ	ਪੁੱਛ ਕੇ	ਦੇਖ ਲਿਆ ਹੈ

ਅਵਰੁ*(ਅਵਰ)*	ਨਾਹੀ*(ਨਾਹੀਂ)*	ਥਾਉ*(ਥਾਉਂ)* ॥੧॥	ਰਹਾਉ॥
ਹੋਰ	ਨਹੀਂ	ਥਾਂ, ਸਥਾਨ	ਠਹਿਰਾਉ

...ਮੈਂ ਆਪਣੇ ਸਤਿਗੁਰੂ ਨੂੰ ਪੁੱਛ ਕੇ ਦੇਖ ਲਿਆ ਹੈ ਕਿ (ਪਦਾਰਥਾਂ ਦੀ ਜਿੰਨੀ ਮਰਜ਼ੀ ਖੁਸ਼ੀ ਹੋਵੇ, ਪਰ ਮੇਰਾ) ਹਿਰਦਾ, ਹਰੀ (ਯਾਦ) ਬਿਨਾਂ ਸੜ ਬਲਕੇ (ਸੁਆਹ) ਹੋ ਜਾਂਦਾ ਹੈ।(ਹੇ। ਸਾਹਿਬ ਜੀਓ। ਮੇਰੇ ਲਈ ਤਾਂ ਤੇਰੇ ਦਰ ਤੋਂ) ਬਗੈਰ ਹੋਰ ਕੋਈ ਥਾਂ ਹੀ ਨਹੀਂ ਹੈ।...

ਧਰਤੀ	ਤ*(ਤ)*	ਹੀਰੇ	ਲਾਲ
ਜ਼ਮੀਨ	ਜੇਕਰ	ਹੀਰਿਆਂ	ਨੌਂ ਰਤਨਾਂ ਵਿਚੋਂ ਇਕ ਰਤਨ ਜੋ ਲਾਲ ਰੰਗ ਦਾ ਹੁੰਦਾ ਹੈ

ਅੰਕ ੧੪

ਜੜਤੀ, *(ਜੜ੍ਹਤੀ)*	**ਪਲਘਿ** *(ਪਲੰਘ)*	**ਲਾਲ**	**ਜੜਾਉ ॥**
ਜੜੀ ਹੋਵੇ	ਪਲੰਘ, ਮੰਜਾ	ਰਤਨ	ਜੜੀ ਹੋਵੇ

...(ਮੇਰੇ ਘਰ ਦੀ) ਜ਼ਮੀਨ ਜੇਕਰ ਹੀਰੇ ਲਾਲਾਂ ਨਾਲ ਜੜੀ ਹੋਵੇ, ਇਸ (ਘਰ ਵਿਚ ਮੇਰੇ ਸੌਣ ਵਾਸਤੇ ਡੱਠੇ ਹੋਏ) ਪਲੰਘ ਦੀ ਜੜਤਕਾਰੀ ਲਾਲਾਂ ਨਾਲ ਹੋਈ ਹੋਵੇ...

ਮੋਹਣੀ	**ਮੁਖਿ** *(ਮੁਖ)*	**ਮਣੀ**	**ਸੋਹੈ,**
ਮੋਹ ਲੈਣ ਵਾਲੀ	ਚਿਹਰੇ ਉਪਰ	ਜਵਾਹਰ (ਕੀਮਤੀ ਪੱਥਰ)	ਸੁੰਦਰ ਲਗੇ

ਕਰੇ	**ਰੰਗਿ** *(ਰੰਗ)*	**ਪਸਾਉ ॥**
ਕਰਦੀ	ਪਿਆਰ ਨਾਲ	ਪਸਾਰਾ

...(ਉਸ ਪਲੰਘ ਉਤੇ) ਚਿੱਤ ਨੂੰ ਮੋਹ ਲੈਣ ਵਾਲੀ (ਅਤਿਅੰਤ ਸੁੰਦਰ ਇਸਤ੍ਰੀ) ਜਿਸਦਾ ਮੁੱਖ ਭਾਵ ਮੱਥਾ ਕੀਮਤੀ ਰਤਨਾਂ (ਦੇ ਗਹਿਣਿਆਂ ਨਾਲ ਹੋਰ) ਸੁੰਦਰ ਲਗਦਾ ਹੋਵੇ ਅਤੇ ਉਹ ਪਿਆਰ ਦੇ ਹਾਵ ਭਾਵ ਕਰਦੀ ਹੋਵੇ...

ਮਤੁ *(ਮਤ)*	**ਦੇਖਿ** *(ਦੇਖ)*	**ਭੂਲਾ,** *(ਭੂਲਾਂ)*	**ਵੀਸਰੈ,**
ਮਤੇ, ਕਿਤੇ, ਕਦਾਚਿਤ	ਦੇਖਕੇ	ਭੁੱਲ ਜਾਵਾਂ	ਵਿਸਰ ਜਾਏ

ਤੇਰਾ	**ਚਿਤਿ** *(ਚਿਤ)*	**ਨ** *(ਨਾਂ)*	**ਆਵੈ**	**ਨਾਉ** *(ਨਾਉਂ)* **॥੨॥**
ਤੁਹਾਡਾ	ਚਿਤ ਵਿਚ	ਨਹੀਂ	ਆਏ	ਪਰਮਾਤਮ ਨਾਮ

...(ਪਰ ਹੇ! ਸਾਹਿਬ ਜੀ!) ਮਤਾਂ ਕਿਤੇ ਮੈ ਭੁਲ ਹੀ ਨਾ ਜਾਵਾਂ (ਭਾਵ ਮੈਥੋਂ ਸਚਿਆਰ ਬਣਨ ਦਾ ਮਾਰਗ ਹੀ ਨਾ ਗੁਆਚ ਜਾਏ ਅਤੇ ਫਿਰ) ਮੇਰੇ ਹਿਰਦੇ ਵਿਚ ਤੁਹਾਡੇ ਨਾਮ (ਦੀ ਯਾਦ) ਹੀ ਨਾ ਆਵੇ।...

ਸਿਧੁ *(ਸਿਧ)*
ਯੋਗ ਸਾਧਨਾ ਵਿਚ ਪੂਰਨ ਪ੍ਰਬੀਨ, ਹਠ-ਯੋਗ ਦੀਆਂ ਕਰਾਮਾਤੀ ਸ਼ਕਤੀਆਂ ਵਿਚ ਪੁੱਗਿਆ ਹੋਇਆ ਸਾਧੂ

ਹੋਵਾ, *(ਹੋਵਾਂ)*	**ਸਿਧਿ** *(ਸਿਧ)*	**ਲਾਈ,** *(ਲਾਈਂ)*
ਮੈਂ ਹੋਵਾਂ	ਜੋਗ ਸਮਾਧੀ	ਲਗਾਕੇ

ਰਿਧਿ *(ਰਿਧ)*	**ਆਖਾ** *(ਆਖਾਂ)*	**ਆਉ ॥**
ਰਿਧੀਆਂ, (ਯੋਗ ਸਾਧਨਾ ਨਾਲ ਪ੍ਰਾਪਤ ਹੋਈਆਂ ਕਰਾਮਾਤੀ ਸ਼ਕਤੀਆਂ	ਕਹਾਂ	ਆ ਜਾਵੋ

...(ਜੇ ਮੈਂ) ਸਿਧ-ਪੁਰਸ਼ ਹੋ ਜਾਵਾਂ, ਅਤੇ ਯੋਗ ਸਮਾਧੀ ਲਗਾਕੇ ਕਰਾਮਾਤੀ ਸ਼ਕਤੀਆਂ ਨੂੰ (ਹੁਕਮ ਦੇਕੇ) ਆਖਾਂ ਕਿ (ਮੇਰੇ ਕੋਲ) ਆ ਜਾਓ...

ਅੰਕ ੧੪

ਗੁਪਤੁ *(ਗੁਪਤ)*	**ਪਰਗਟੁ** *(ਪਰਗਟ)*	**ਹੋਇ**	**ਬੈਸਾ,** *(ਬੈਸਾਂ)*
ਅਲੋਪ, ਲੁਕ ਜਾਣਾ	ਪਰਤੱਖ	ਹੋਕੇ	(ਮੈਂ) ਬੈਠਾਂ

ਲੋਕੁ *(ਲੋਕ)*	**ਰਾਖੈ**	**ਭਾਉ ॥**
ਲੋਕੀਂ, ਜਗਤ ਦੇ ਜੀਵ ਰਖਣ	ਕਰਨ	ਸਤਿਕਾਰ, ਆਦਰ

...(ਫਿਰ ਇਨ੍ਹਾਂ ਰਿੱਧੀਆਂ ਦੁਆਰਾ ਮੈਂ ਕਦੇ) ਅਲੋਪ ਅਤੇ (ਪਰਤੱਖ) ਹੋਕੇ ਬੈਠਾਂ ਤੇ ਲੋਕੀਂ (ਇਨ੍ਹਾਂ ਕਰਾਮਾਤਾਂ ਕਰਕੇ ਮੇਰਾ) ਆਦਰ ਮਾਣ ਕਰਨ (ਲਗ ਜਾਣ)...

ਮਤੁ *(ਮਤ)*	**ਦੇਖਿ** *(ਦੇਖ)*	**ਭੂਲਾ,** *(ਭੂਲਾਂ)*	**ਵੀਸਰੈ,**
ਮਤੇ, ਕਿਤੇ, ਕਦਾਚਿਤ	ਦੇਖਕੇ	ਭੁੱਲ ਜਾਵਾਂ	ਵਿਸਰ ਜਾਏ

ਤੇਰਾ	**ਚਿਤਿ** *(ਚਿਤ)*	**ਨ** *(ਨਾਂ)*	**ਆਵੈ**	**ਨਾਉ** *(ਨਾਉਂ)* **॥੩॥**
ਤੁਹਾਡਾ	ਚਿਤ ਵਿਚ	ਨਹੀਂ	ਆਏ	ਪਰਮਾਤਮ ਨਾਮ

...(ਪਰ ਹੇ! ਸਾਹਿਬ ਜੀ!) ਮਤਾਂ ਕਿਤੇ ਮੈ ਭੁੱਲ ਹੀ ਨਾ ਜਾਵਾਂ (ਭਾਵ ਮੈਥੋਂ ਸਚਿਆਰ ਬਣਨ ਦਾ ਮਾਰਗ ਹੀ ਨਾ ਗੁਆਚ ਜਾਏ ਅਤੇ ਫਿਰ) ਮੇਰੇ ਹਿਰਦੇ ਵਿਚ ਤੁਹਾਡੇ ਨਾਮ (ਦੀ ਯਾਦ) ਹੀ ਨਾ ਆਵੇ।

ਸੁਲਤਾਨੁ *(ਸੁਲਤਾਨ)*	**ਹੋਵਾ,** *(ਹੋਵਾਂ)*	**ਮੇਲਿ** *(ਮੇਲ)*	**ਲਸਕਰ,** *(ਲਸ਼ਕਰ)*
ਵੱਡਾ ਪਾਤਸ਼ਾਹ	ਹੋ ਜਾਵਾਂ	ਇਕੱਠਾ ਕਰਕੇ	ਫੌਜਾਂ, ਸੈਨਾ

ਤਖਤਿ *(ਤਖਤ)*	**ਰਾਖਾ** *(ਰਾਖਾਂ)*	**ਪਾਉ ॥** *(ਪਾਉਂ)*
ਰਾਜ ਸਿੰਘਾਸਨ	ਰੱਖਾਂ	ਪੈਰ

...(ਜੇ ਮੈਂ) ਵੱਡਾ ਬਾਦਸ਼ਾਹ ਹੋਕੇ ਰਾਜ ਸਿੰਘਾਸਣ ਤੇ ਬੈਠਕੇ, (ਬਹੁਤ ਸਾਰੀਆਂ) ਫੌਜਾਂ ਇਕੱਠੀਆਂ ਕਰ ਲਵਾਂ...

ਹੁਕਮੁ *(ਹੁਕਮ)*	**ਹਾਸਲੁ** *(ਹਾਸਲ)*	**ਕਰੀ** *(ਕਰੀਂ)*	**ਬੈਠਾ,**
ਆਗਿਆ	ਮਾਮਲਾ ਉਗਰਾਹੁਣ ਦੀ ਸਮਰੱਥਾ (ਇਹ ਅਰਬੀ ਦਾ ਲਫਜ਼ ਹਾਸੁਲ ਹੈ)	ਕਰਾਂ	ਬੈਠਕੇ

ਨਾਨਕਾ,	**ਸਭ**	**ਵਾਉ ॥**
ਹੇ! ਨਾਨਕ	ਸਭ ਕੁਝ	ਹਵਾ, ਪੌਣ

...ਅਤੇ ਮੈਂ ਬਾਦਸ਼ਾਹੀ ਹੁਕਮ ਨਾਲ (ਬੇਅੰਤ) ਮਾਮਲਾ ਉਗਰਾਹੁਣ ਦੀ ਤਾਕਤ ਪ੍ਰਾਪਤ ਕਰ ਲਵਾਂ, ਪਰ ਤਾਂ ਵੀ ਹੇ! ਨਾਨਕ! ਇਹ ਸਭ ਕੁਝ ਹਵਾ (ਦੇ ਆਉਣ ਜਾਣ ਵਾਂਗ ਅਸਥਿਰ) ਹੈ...

ਅੰਕ ੧੪

ਮਤੁ *(ਮਤ)*	ਦੇਖਿ *(ਦੇਖ)*	ਭੂਲਾ, *(ਭੁਲਾਂ)*	ਵੀਸਰੈ,
ਮਤੇ, ਕਿਤੇ, ਕਦਾਚਿਤ	ਦੇਖਕੇ	ਭੁੱਲ ਜਾਵਾਂ	ਵਿਸਰ ਜਾਏ

ਤੇਰਾ	ਚਿਤਿ *(ਚਿਤ)*	ਨ *(ਨਾਂ)*	ਆਵੈ	ਨਾਉ *(ਨਾਉਂ)* ॥੪॥੧॥
ਤੁਹਾਡਾ	ਚਿੱਤ ਵਿਚ	ਨਹੀਂ	ਆਏ	ਪਰਮਾਤਮ ਨਾਮ

...(ਪਰ ਹੇ! ਸਾਹਿਬ ਜੀ!) ਮਤਾਂ ਕਿਤੇ ਮੈ ਭੁੱਲ ਹੀ ਨਾ ਜਾਵਾਂ (ਭਾਵ ਮੈਥੋਂ ਸਚਿਆਰ ਬਣਨ ਦਾ ਮਾਰਗ ਹੀ ਨਾ ਗੁਆਚ ਜਾਏ ਅਤੇ ਫਿਰ) ਮੇਰੇ ਹਿਰਦੇ ਵਿਚ ਤੁਹਾਡੇ ਨਾਮ (ਦੀ ਯਾਦ) ਹੀ ਨਾ ਆਵੇ।

ਸਿਰੀਰਾਗੁ *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਕੋਟਿ *(ਕੋਟ)*	ਕੋਟਿ *(ਕੋਟ)*	ਮੇਰੀ	ਆਰਜਾ,
ਕਰੋੜਾਂ ਹੀ	ਕਰੋੜਾਂ	ਆਪਣੀ	ਉਮਰ

ਪਵਣੁ *(ਪਵਣ)*	ਪੀਅਣੁ *(ਪੀਅਣ)*	ਅਪਿਆਉ ॥
ਪੌਣ, ਹਵਾ	ਪੀਣਾ	ਭੋਜਨ, ਖਾਣਾ

(ਜੇ) ਕਰੋੜਾਂ ਹੀ ਕਰੋੜਾਂ ਸਾਲ ਮੇਰੀ ਉਮਰ ਹੋ ਜਾਵੇ, ਹਵਾ ਹੀ ਮੇਰਾ ਖਾਣਾ ਪੀਣਾ ਹੋ ਜਾਵੇ...

ਚੰਦੁ *(ਚੰਦ)*	ਸੂਰਜੁ *(ਸੂਰਜ)*	ਦੁਇ	ਗੁਫੈ
ਚੰਦਰਮਾ	ਦਿਵਾਕਰ, ਇਕ ਅਗਨ ਦੇ ਗੋਲੇ ਵਰਗਾ ਸਿਆਰਾ	ਦੋਵੇਂ	ਗੁਫਾ ਵਿਚ, ਕੰਦਰਾ ਵਿਚ

ਨ *(ਨਾਂ)*	ਦੇਖਾ, *(ਦੇਖਾਂ)*	ਸੁਪਨੈ	ਸਉਣ	ਨ *(ਨਾਂ)*	ਥਾਉ *(ਥਾਉਂ)*॥
ਨਹੀਂ	ਵੇਖਾਂ	ਸੁਪਨੇ ਵਿਚ	ਸੌਣਾ, ਨੀਂਦ ਲੈਣੀ	ਨਹੀਂ	ਥਾਂ, ਜਗ੍ਹਾ

...ਫਿਰ ਕਿਸੇ ਐਸੀ ਗੁਫ਼ਾ ਵਿਚ ਬੈਠ (ਕੇ ਡੂੰਘੀ ਸਮਾਧੀ ਵਿਚ ਲੀਨ ਹੋ) ਜਾਵਾਂ, ਜਿਥੋਂ ਚੰਦਰਮਾਂ ਅਤੇ ਸੂਰਜ ਦੋਨਾਂ ਨੂੰ ਹੀ ਵੇਖ ਨਾ ਸਕਾਂ। ਉਸ ਸਮਾਧੀ ਸਥਾਨ ਤੇ ਮੈਨੂੰ ਸੁਪਨੇ ਵਿਚ ਵੀ ਸੌਣ ਜੋਗੀ ਥਾਂ ਨਾ ਮਿਲੇ, ਭਾਵ ਮੈਨੂੰ (ਉਸ ਸਮਾਧੀ ਵਿਚ ਕਦੇ) ਸੁਪਨੇ ਵਿਚ ਵੀ ਨੀਂਦ ਨਾ ਆਵੇ....

ਭੀ	ਤੇਰੀ	ਕੀਮਤਿ *(ਕੀਮਤ)*	ਨਾ *(ਨਾਂ)*	ਪਵੈ,
ਵੀ	ਤੁਹਾਡੀ	ਕੀਮਤ	ਨਹੀਂ	ਪੈ ਸਕਦੀ

ਹਉ *(ਹਉਂ)*	ਕੇਵਡੁ *(ਕੇਵਡ)*	ਆਖਾ *(ਆਖਾਂ)*	ਨਾਉ *(ਨਾਉਂ)*॥੧॥
ਮੈਂ	ਕਿਨਾਂ ਵੱਡਾ	ਕਹਾਂ	ਨਾਮ

ਅੰਕ ੧੪

...(ਸਾਹਿਬ ਜੀਓ! ਇਤਨੀ ਕਠਿਨ ਤਪੱਸਿਆ ਦੇ ਬਾਵਜੂਦ) ਵੀ ਮੈਥੋਂ ਤੇਰੀ ਕੀਮਤ ਨਹੀਂ ਪੈ ਸਕਦੀ (ਭਾਵ ਮੈਂ ਤੇਰੀਆਂ ਵਡਿਆਈਆਂ ਦਾ ਮੁਲਾਂਕਣ ਨਹੀਂ ਕਰ ਸਕਦਾ, ਹੇ! ਪ੍ਰਭੂ! ਮੈਂ ਤੇਰੇ ਨਾਮ ਦੀ ਕਿਤਨੀ ਕੁ ਵਡਿਆਈ ਆਖਾਂ?)...

ਸਾਚਾ	ਨਿਰੰਕਾਰੁ *(ਨਿਰੰਕਾਰ)*	ਨਿਜ	ਥਾਇ *(ਥਾਇੰ)*॥
ਸਦਾ ਸਥਿਰ	ਨਿਰਅਕਾਰ ਪ੍ਰਭੂ	ਆਪਣੇ	ਥਾਂ ਵਿਚ, ਸਰੂਪ ਵਿਚ

ਸੁਣਿ *(ਸੁਣ)*	ਸੁਣਿ, *(ਸੁਣ)*	ਆਖਣੁ *(ਆਖਣ)*	ਆਖਣਾ,
ਸੁਣ ਕੇ	ਸੁਣ ਕੇ	ਕਥਨ, ਬਿਆਨ	ਆਖ ਦੇਂਦੇ, ਕਹਿ ਦੇਂਦੇ

ਜੇ	ਭਾਵੈ	ਕਰੇ	ਤਮਾਇ॥੧॥	ਰਹਾਉ॥
ਜੇਕਰ	ਚੰਗਾ ਲਗੇ	ਕਰਦਾ	ਤਾਂਘ, ਇੱਛਾ	ਠਹਿਰਾਉ

...ਸਦਾ ਸਥਿਰ ਪਰਮਾਤਮਾ (ਦਾ ਵਾਸਾ ਜੀਵ ਦੇ) ਨਿਜ ਸਰੂਪ ਵਿਚ ਹੀ ਹੈ। ਲੋਕੀਂ ਸੁਣ ਸੁਣ ਕੇ (ਹੀ ਪਰਮਾਤਮਾ ਬਾਰੇ) ਬਿਆਨ ਕਰੀ ਜਾਂਦੇ ਹਨ।(ਪਰ ਅਸਲ ਸੱਚ ਬਾਰੇ ਕਿਸੇ ਨੂੰ ਸੋਝੀ ਨਹੀਂ ਹੁੰਦੀ। ਜੇ (ਸਾਹਿਬ ਨੂੰ) ਭਾਅ ਜਾਵੇ ਤਾਂ (ਪ੍ਰਭੂ, ਉਸ ਸੱਚ ਨੂੰ ਸਮਝਣ ਦੀ) ਤਾਂਘ (ਜੀਵ ਅੰਦਰ ਪੈਦਾ) ਕਰ ਦਿੰਦਾ ਹੈ।...

ਕੁਸਾ *(ਕੁਸਾਂ)*	ਕਟੀਆ *(ਕਟੀਆਂ)*	ਵਾਰ	ਵਾਰ
ਕੁੱਠਿਆ ਜਾਵਾਂ	ਕੱਟਿਆ ਜਾਵਾਂ	ਮੁੜ	ਮੁੜ

ਪੀਸਣਿ *(ਪੀਸਣ)*	ਪੀਸਾ *(ਪੀਸਾਂ)*	ਪਾਇ॥
ਚੱਕੀ ਵਿਚ	ਪੀਹਾਂ	ਪਾ ਕੇ

...(ਜੇ ਮੈਂ) ਮੁੜ ਮੁੜ ਕੇ ਕੁੱਠਿਆ ਜਾਵਾਂ ਤੇ (ਖਿਨ ਖਿਨ ਕਰਕੇ) ਕੱਟਿਆ ਜਾਵਾਂ, ਫਿਰ ਚੱਕੀ ਵਿਚ ਪਾਕੇ ਪੀਸਿਆ ਜਾਵਾਂ...

ਅਗੀ *(ਅਗੀਂ)*	ਸੇਤੀ	ਜਾਲੀਆ, *(ਜਾਲੀਆਂ)*
ਅਗਨੀ	ਨਾਲ	ਜਲ ਜਾਵਾਂ

ਭਸਮ	ਸੇਤੀ	ਰਲਿ *(ਰਲ)*	ਜਾਉ *(ਜਾਉਂ)*॥
ਸੁਆਹ	ਨਾਲ	ਮਿਲ	ਜਾਵਾਂ

...ਅੱਗ ਨਾਲ ਸੜਕੇ, ਸੁਆਹ ਵਿਚ ਰਲ ਜਾਵਾਂ...

ਅੰਕ ੧੪-੧੫

ਭੀ	ਤੇਰੀ	ਕੀਮਤਿ *(ਕੀਮਤ)*	ਨਾ *(ਨਾਂ)*	ਪਵੈ,
ਵੀ	ਤੁਹਾਡੀ	ਕੀਮਤ	ਨਹੀਂ	ਪੈ ਸਕਦੀ

ਹਉ *(ਹਉਂ)*	ਕੇਵਡੁ *(ਕੇਵਡ)*	ਆਖਾ *(ਆਖਾਂ)*	ਨਾਉ *(ਨਾਉਂ)*॥੨॥
ਮੈਂ	ਕਿਨਾਂ ਵੱਡਾ	ਕਹਾਂ	ਨਾਮ

...(ਸਾਹਿਬ ਜੀਓ! ਇਤਨੀ ਕਠਿਨ ਤਪੱਸਿਆ ਦੇ ਬਾਵਜੂਦ) ਵੀ ਮੈਥੋਂ ਤੇਰੀ ਕੀਮਤ ਨਹੀਂ ਪੈ ਸਕਦੀ (ਭਾਵ ਮੈਂ ਤੇਰੀਆਂ ਵਡਿਆਈਆਂ ਦਾ ਮੁਲਾਂਕਣ ਨਹੀਂ ਕਰ ਸਕਦਾ, ਹੇ! ਪ੍ਰਭੂ! ਮੈਂ ਤੇਰੇ ਨਾਮ ਦੀ ਕਿਤਨੀ ਕੁ ਵਡਿਆਈ ਆਖਾਂ?)

ਪੰਖੀ	ਹੋਇ	ਕੈ	ਜੇ	ਭਵਾ, *(ਭਵਾਂ)*
ਪੰਛੀ	ਹੋ	ਕੇ	ਜੇਕਰ	ਫਿਰਾਂ

ਸੈ	ਅਸਮਾਨੀ *(ਅਸਮਾਨੀਂ)*	ਜਾਉ *(ਜਾਉਂ)*॥
ਸੈਂਕੜੇ	ਅਸਮਾਨਾਂ ਵਿਚ	ਜਾਵਾਂ

...(ਜੇ ਮੈਂ) ਪੰਛੀ ਬਣ ਕੇ ਫਿਰਦਾ ਹੋਇਆ ਸੈਂਕੜੇ ਅਸਮਾਨਾਂ ਵਿਚ ਚਲੇ ਜਾਵਾਂ...

ਨਦਰੀ	ਕਿਸੈ	ਨ *(ਨਾਂ)*	ਆਵਉ *(ਆਵਉਂ)*
ਨਿਗਾਹ ਵਿਚ	ਕਿਸੇ ਦੀ	ਨਾ	ਆਵਾਂ

ਨਾ *(ਨਾਂ)*	ਕਿਛੁ *(ਕਿਛ)*	ਪੀਆ *(ਪੀਆਂ)*	ਨ *(ਨਾਂ)*	ਖਾਉ *(ਖਾਉਂ)*॥
ਨਹੀਂ	ਕੁਝ	ਪੀਵਾਂ	ਨਾ ਹੀ	ਖਾਵਾਂ

...(ਉੱਚਿਆਂ ਅਸਮਾਨਾਂ ਵਿਚ ਇਤਨਾ ਦੂਰ ਚਲਾ ਜਾਵਾਂ ਕਿ) ਕਿਸੇ ਨੂੰ ਨਜ਼ਰ ਹੀ ਨਾ ਆਵਾਂ, ਤੇ ਫਿਰ ਖਾਵਾਂ ਪੀਵਾਂ ਵੀ ਕੁਝ ਨਾ...

ਭੀ	ਤੇਰੀ	ਕੀਮਤਿ *(ਕੀਮਤ)*	ਨਾ *(ਨਾਂ)*	ਪਵੈ,
ਵੀ	ਤੁਹਾਡੀ	ਕੀਮਤ	ਨਹੀਂ	ਪੈ ਸਕਦੀ

ਹਉ *(ਹਉਂ)*	ਕੇਵਡੁ *(ਕੇਵਡ)*	ਆਖਾ *(ਆਖਾਂ)*	ਨਾਉ *(ਨਾਉਂ)*॥੩॥
ਮੈਂ	ਕਿਨਾ ਵੱਡਾ	ਕਹਾਂ	ਨਾਮ

...(ਸਾਹਿਬ ਜੀਓ! ਇਤਨੀ ਵੱਡੀ ਸਮਰੱਥਾ ਦੇ ਬਾਵਜੂਦ) ਵੀ ਮੈਥੋਂ ਤੇਰੀ ਕੀਮਤ ਨਹੀਂ ਪੈ ਸਕਦੀ (ਭਾਵ ਮੈਂ ਤੇਰੀਆਂ ਵਡਿਆਈਆਂ ਦਾ ਮੁਲਾਂਕਣ ਨਹੀਂ ਕਰ ਸਕਦਾ, ਹੇ! ਪ੍ਰਭੂ! ਮੈਂ ਤੇਰੇ ਨਾਮ ਦੀ ਕਿਤਨੀ ਕੁ ਵਡਿਆਈ ਆਖਾਂ?)

ਅੰਕ ੧੫

ਨਾਨਕ,	ਕਾਗਦ	ਲਖ	ਮਣਾ,
ਹੇ ! ਨਾਨਕ	ਕਾਗਜ਼	ਲਖਾਂ	ਤੋਲ ਦੀ ਇਕ ਇਕਾਈ, ੪੦ ਸੇਰ

ਪੜਿ *(ਪੜ੍ਹ)*	ਪੜਿ *(ਪੜ੍ਹ)*	ਕੀਚੈ	ਭਾਉ ॥
ਪੜ੍ਹ ਕੇ	ਪੜ੍ਹ ਕੇ	ਕੀਤੇ ਜਾਣ	ਮਤਲਬ, ਅਰਥ

...ਹੇ ! ਨਾਨਕ (ਜੇ) ਲਖਾਂ ਮਣ ਕਾਗਜ਼ਾਂ (ਤੇ ਲਿਖੇ ਹੋਏ ਪਰਮਾਤਮ-ਸਿਧਾਂਤਾਂ ਨੂੰ) ਪੜ੍ਹ ਪੜ੍ਹ ਕੇ ਉਨ੍ਹਾਂ ਦੇ ਅਰਥ ਕੀਤੇ ਜਾਣ...

ਮਸੁ	ਤੋਟਿ *(ਤੋਟ)*	ਨ *(ਨਾਂ)*	ਆਵਈ,
ਸਿਆਹੀ	ਕਮੀ	ਨਾ	ਆਵੇ

ਲੇਖਣਿ *(ਲੇਖਣ)*	ਪਉਣੁ *(ਪਉਣ)*	ਚਲਾਉ *(ਚਲਾਉਂ)* ॥
ਲੇਖਣੀ, ਕਲਮ	ਹਵਾ	ਚਲਾਵਾਂ

...ਅਤੇ (ਹੇ ! ਸਾਹਿਬ ਜੀ, ਤੇਰੀ ਵਡਿਆਈ ਲਿਖਣ ਵਾਸਤੇ) ਸਿਆਹੀ ਦੀ ਕਦੀ ਕਮੀ ਹੀ ਨਾ ਆਵੇ ਤੇ (ਇਸ ਨੂੰ) ਲਿਖਣ ਲਈ ਮੈਂ ਆਪਣੀ ਕਲਮ, ਹਵਾ ਵਾਂਗ ਤੇਜ਼ ਚਲਾਵਾਂ...

ਭੀ	ਤੇਰੀ	ਕੀਮਤਿ *(ਕੀਮਤ)*	ਨਾ *(ਨਾਂ)*	ਪਵੈ,
ਵੀ	ਤੁਹਾਡੀ	ਕੀਮਤ	ਨਹੀਂ	ਪੈ ਸਕਦੀ

ਹਉ *(ਹਉਂ)*	ਕੇਵਡੁ *(ਕੇਵਡ)*	ਆਖਾ *(ਆਖਾਂ)*	ਨਾਉ *(ਨਾਉਂ)* ॥੪॥੨॥
ਮੈਂ	ਕਿਨਾਂ ਵੱਡਾ	ਕਹਾਂ	ਨਾਮ

...(ਸਾਹਿਬ ਜੀਓ ! ਤਾਂ) ਵੀ ਮੈਥੋਂ ਤੇਰੀ ਕੀਮਤ ਨਹੀਂ ਪੈ ਸਕਦੀ (ਭਾਵ ਮੈਂ ਤੇਰੀਆਂ ਵਡਿਆਈਆਂ ਦਾ ਮੁਲਾਂਕਣ ਨਹੀਂ ਕਰ ਸਕਦਾ, ਹੇ ! ਪ੍ਰਭੂ ! ਮੈਂ ਤੇਰੇ ਨਾਮ ਦੀ ਕਿਤਨੀ ਕੁ ਵਡਿਆਈ ਆਖਾਂ?)

ਸਿਰੀਰਾਗੁ *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਲੇਖੈ	ਬੋਲਣੁ *(ਬੋਲਣ)*	ਬੋਲਣਾ,
ਹਿਸਾਬ ਕਿਤਾਬ ਵਿਚ	ਬੋਲ	ਕਹਿਣਾ,ਕਥਨ ਕਰਨਾ

ਲੇਖੈ	ਖਾਣਾ	ਖਾਉ ॥
ਹਿਸਾਬ ਕਿਤਾਬ ਵਿਚ	ਭੋਜਨ	ਖਾਂਦੇ ਹਾਂ

ਅੰਕ ੧੫

ਹੇ! ਭਾਈ! (ਪਰਮਾਤਮਾ ਦੇ) ਹਿਸਾਬ ਕਿਤਾਬ ਅਨੁਸਾਰ ਹੀ (ਅਸੀਂ) ਬੋਲ ਬੋਲਦੇ ਹਾਂ, ਅਤੇ (ਉਸਦੇ) ਹਿਸਾਬ ਕਿਤਾਬ ਅਨੁਸਾਰ ਹੀ ਭੋਜਨ ਆਦਿ ਛਕਦੇ ਹਾਂ।...

ਲੇਖੈ	**ਵਾਟ**	**ਚਲਾਈਆ,**
ਹਿਸਾਬ ਕਿਤਾਬ ਵਿਚ	ਰਾਹ, ਰਸਤਾ	ਤੁਰਦੇ ਹਾਂ, ਚਲਦੇ ਹਾਂ

ਲੇਖੈ	**ਸੁਣਿ***(ਸੁਣ)*	**ਵੇਖਾਉ॥**
ਹਿਸਾਬ ਕਿਤਾਬ ਵਿਚ	ਸੁਣਦੇ	ਵੇਖਦੇ

...(ਰੱਬੀ) ਹਿਸਾਬ ਕਿਤਾਬ ਅਨੁਸਾਰ ਹੀ (ਜ਼ਿੰਦਗੀ ਦੇ) ਰਾਹਾਂ ਤੇ ਤੁਰਦੇ ਹਾਂ ਅਤੇ (ਉਸਦੇ) ਹਿਸਾਬ ਕਿਤਾਬ ਅਨੁਸਾਰ ਹੀ ਸੁਣਦੇ ਅਤੇ ਵੇਖਦੇ ਹਾਂ।...

ਲੇਖੈ	**ਸਾਹ**	**ਲਵਾਈਅਹਿ,***(ਲਵਾਈਅਹਿੰ)*
ਹਿਸਾਬ ਕਿਤਾਬ ਵਿਚ	ਸੁਆਸ	ਲਈਦੇ ਹਨ

ਪੜ*(ਪੜ੍ਹੇ)*	**ਕਿ**	**ਪੁਛਣ**	**ਜਾਉ॥੧॥**
ਪੜ੍ਹੇ ਹੋਏ ਨੂੰ	ਕੀ	ਜਾਣਕਾਰੀ ਹਾਸਲ ਕਰਨ ਲਈ	ਜਾਵਾਂ

...(ਰੱਬੀ) ਹਿਸਾਬ ਕਿਤਾਬ ਅਨੁਸਾਰ ਹੀ ਸੁਆਸ ਲਈਦੇ ਹਨ। ਜਦ ਇਹ ਸਭ ਕੁਝ ਇਤਨਾ ਸਾਫ਼ ਤੇ ਪ੍ਰਤੱਖ ਹੈ, ਤਾਂ ਫਿਰ ਇਸ ਬਾਰੇ ਪੜ੍ਹਿਆਂ ਹੋਇਆਂ ਕੋਲ ਜਾਣਕਾਰੀ ਹਾਸਲ ਕਰਨ ਲਈ ਜਾਣ ਦੀ ਕੀ ਲੋੜ ਹੈ?...

ਬਾਬਾ,	**ਮਾਇਆ**	**ਰਚਨਾ**	**ਧੋਹੁ***(ਧੋਹ)***॥**
ਹੇ! ਬਾਬਾ!	ਦੁਨਿਆਵੀ	ਕਿਰਤ, ਖੇਡ	ਛਲ, ਫਰੇਬ, ਧੋਖਾ

...ਹੇ! ਬਾਬਾ! ਇਹ ਮਾਇਆ ਦੀ ਖੇਡ ਛਲ ਅਤੇ ਫਰੇਬ ਹੈ। (ਭਾਵ ਜਿਵੇਂ ਮਹਿਸੂਸ ਹੁੰਦੀ ਹੈ, ਉਵੇਂ ਨਹੀਂ ਟਿਕਦੀ)...

ਅੰਧੈ	**ਨਾਮੁ***(ਨਾਮ)*	**ਵਿਸਾਰਿਆ,**
ਅੰਨ੍ਹੇ ਨੇ	ਪ੍ਰਭੂ ਨਾਮ	ਵਿਸਾਰ ਦਿਤੈ

ਨਾ*(ਨਾਂ)*	**ਤਿਸੁ***(ਤਿਸ)*	**ਏਹ**	**ਨ***(ਨਾਂ)*	**ਓਹੁ***(ਓਹ)* **॥੧॥**	**ਰਹਾਉ॥**
ਨਾ ਹੀਂ	ਤਿਸ ਨੂੰ	ਇਹ(ਮਾਇਆ)	ਨਾ ਹੀਂ	ਪ੍ਰਭੂ ਨਾਮ	ਠਹਿਰਾਉ

...ਮਾਇਆ ਦੀ ਖੇਡ ਵਿਚ ਅਨ੍ਹੇ ਹੋਏ ਹੋਏ (ਜੀਵ) ਨੇ (ਪ੍ਰਭ ਨਾਮ ਨੂੰ) ਭੁਲਾ ਦਿੱਤਾ ਹੈ (ਜਿਸ ਕਰਕੇ) ਨਾ ਉਸ ਦੀ ਮਾਇਆ ਨਾਲ ਨਿਭੀ ਅਤੇ ਨਾ ਹੀਂ (ਪਰਮਾਤਮ-ਨਾਮ ਦੀ) ਪ੍ਰਾਪਤੀ ਹੋਈ।...

ਅੰਕ ੧੫

ਜੀਵਣ	ਮਰਣਾ	ਜਾਇ	ਕੈ,	ਏਥੈ	ਖਾਜੈ	ਕਾਲਿ(ਕਾਲ)॥
ਜਿਊਣ ਤੋਂ	ਮਰਨ ਤਕ	ਜਨਮ	ਲੈਕੇ	ਇਥੇ	ਖਾਂਦਾ ਹੈ	ਉਮਰ ਦੇ ਸਮੇਂ ਵਿਚ

...(ਜੀਵ ਸੰਸਾਰ ਵਿਚ) ਜਨਮ ਲੈਕੇ ਜਿਊਣ ਤੋਂ ਮਰਨ ਤਕ ਆਪਣੀ ਆਯੂ ਵਿਚ ਧਨ ਪਦਾਰਥ ਹੀ ਛਕਦਾ ਰਹਿੰਦਾ ਹੈ...

ਜਿਥੈ	ਬਹਿ	ਸਮਝਾਈਐ,
ਜਿਹੜੀ ਥਾਂ (ਰੱਬ ਦੀ ਹਜ਼ੂਰੀ)	ਬਹਿਕੇ	ਸਮਝਾਇਆ ਜਾਂਦਾ ਹੈ

ਤਿਥੈ	ਕੋਇ	ਨ(ਨਾਂ)	ਚਲਿਓ	ਨਾਲਿ(ਨਾਲ)॥
ਉਸ ਥਾਂ	ਕੋਈ ਵੀ	ਨਹੀਂ	ਚਲਦਾ, ਜਾਂਦਾ	ਨਾਲ, ਸਾਥ

...(ਪਰ) ਜਿਥੇ (ਭਾਵ ਰੱਬ ਦੀ ਹਜ਼ੂਰੀ ਵਿਚ) ਬੈਠਕੇ (ਜੀਵ ਦੇ ਕਰਮਾਂ ਦਾ ਲੇਖਾ-ਜੋਖਾ) ਸਮਝਾਇਆ ਜਾਂਦਾ ਹੈ, ਉਥੇ ਕੋਈ ਵੀ ਸਾਕ ਸੰਬੰਧੀ ਨਾਲ ਨਹੀਂ ਜਾਂਦਾ।...

ਰੋਵਣ	ਵਾਲੇ	ਜੇਤੜੇ,
ਰੋਣ	ਕਾਰਜ ਕਰਤਾ, ਵੰਤ	ਜਿੰਨੇ ਵੀ

ਸਭਿ(ਸਭ)	ਬੰਨਹਿ(ਬੰਨਹਿਂ)	ਪੰਡ	ਪਰਾਲਿ(ਪਰਾਲ)॥੨॥
ਸਾਰੇ	ਬੰਨ੍ਹਦੇ ਹਨ	ਪੰਡਾਂ	ਪਰਾਲੀ ਦੀਆਂ (ਭਾਵ ਬਿਰਥਾ ਵਿਰਲਾਪ)

...(ਜੀਵ ਦੇ ਮਰਨ ਮਗਰੋਂ) ਜਿੰਨੇ ਵੀ ਰੋਣ ਵਾਲੇ (ਰਿਸ਼ਤੇਦਾਰ ਅਤੇ ਸੱਜਣ ਮਿੱਤਰ ਰੋਂਦੇ ਹਨ ਉਹ ਸਮਝੋ) ਸਾਰੇ ਹੀ ਨਿਸਫਲ (ਬਿਨਾਂ ਦਾਣਿਆਂ ਤੋਂ ਸਿਰਫ਼) ਪਰਾਲੀ ਦੀਆਂ ਪੰਡਾਂ ਹੀ ਬੰਨ੍ਹਦੇ ਹਨ, ਭਾਵ ਫਜ਼ੂਲ ਦੀ ਕਾਵਾਂ ਰੌਲੀ ਪਾਉਂਦੇ ਹਨ...

ਸਭੁ(ਸਭ)	ਕੋ	ਆਖੈ	ਬਹੁਤੁ(ਬਹੁਤ)	ਬਹੁਤੁ(ਬਹੁਤ)
ਸਾਰੇ	ਕੋਈ	ਆਖਦੇ	ਬਹੁਤ	ਬਹੁਤ

ਘਟਿ(ਘਟ)	ਨ(ਨਾਂ)	ਆਖੈ	ਕੋਇ॥
ਛੋਟਾ	ਨਹੀਂ	ਆਖਦਾ	ਕੋਈ

...(ਰੱਬ ਦੀ ਖ਼ੋਜ ਕਰਨ ਵਾਲਿਆਂ ਵਿਚ) ਹਰ ਕੋਈ (ਉਸ ਵਾਹਿਗੁਰੂ ਨੂੰ) ਵੱਡੇ ਤੋਂ ਵੱਡਾ ਕਹਿੰਦਾ ਹੈ, ਆਖਣ ਵਿਚ ਕੋਈ ਵੀ ਘੱਟ ਨਹੀਂ ਕਰਦਾ...

ਅੰਕ ੧੫

ਕੀਮਤਿ *(ਕੀਮਤ)*	**ਕਿਨੈ**	**ਨ** *(ਨਾਂ)*	**ਪਾਈਆ,**
ਮੁੱਲ	ਕਿਸੇ ਨੇ	ਨਹੀਂ	ਪਾਇਆ
ਕਹਣਿ *(ਕਹਿਣ)*	**ਨ** *(ਨਾਂ)*	**ਵਡਾ**	**ਹੋਇ॥**
ਆਖਣ ਨਾਲ	ਨਹੀਂ	ਮਹਾਨ	ਹੁੰਦਾ ਹੈ

...(ਪ੍ਰੰਤੂ ਕੇਵਲ) ਕਹਿਣ ਮਾਤਰ ਨਾਲ ਹੀ (ਉਸ ਪ੍ਰਭੂ ਦੀ) ਕੀਮਤ ਨਹੀਂ ਪਾਈ ਜਾ ਸਕਦੀ, ਤੇ ਨਾ ਹੀ ਉਹ ਮਹਾਨ ਹੋ ਜਾਂਦਾ ਹੈ। (...ਵਡਾ ਨਾ ਹੋਵੈ ਘਾਟ ਨਾ ਜਾਇ...)

ਸਾਚਾ	**ਸਾਹਬੁ** *(ਸਾਹਿਬ)*	**ਏਕੁ** *(ਏਕ)*	**ਤੂ,** *(ਤੂੰ)*
ਸੱਚਾ, ਸਦਾ ਸਥਿਰ	ਪ੍ਰਭੂ	ਇਕ	ਤੂੰ, ਤੁਸੀਂ
ਹੋਰਿ *(ਹੋਰ)*	**ਜੀਆ** *(ਜੀਆਂ)*	**ਕੇਤੇ**	**ਲੋਅ॥੩॥**
ਹੋਰ, ਉਸ ਤੋਂ ਇਲਾਵਾ	ਜੀਵਾਂ	ਬੇਅੰਤ	ਲੋਕ,ਭਵਣ

...ਹੇ! ਸਾਹਿਬ ਜੀ! ਇਕ ਤੂੰ ਹੀ ਸਦਾ ਸਥਿਰ ਹੈਂ, ਹੋਰ ਬੇਅੰਤ ਲੋਕਾਂ, ਭਾਵ ਖੰਡਾਂ-ਬ੍ਰਹਿਮੰਡਾਂ ਦੇ ਜੀਵ ਜੰਤ (ਸਭ ਬਿਨਸਣਹਾਰ ਹਨ)...

ਨੀਚਾ *(ਨੀਚਾਂ)*	**ਅੰਦਰਿ** *(ਅੰਦਰ)*	**ਨੀਚ**	**ਜਾਤਿ,** *(ਜਾਤ)*
ਨੀਵਿਆਂ	ਵਿਚ	ਨੀਵੀਂ	ਕੁਲ, ਵੰਸ਼
ਨੀਚੀ *(ਨੀਚੀਂ)*	**ਹੂ** *(ਹੂੰ)*	**ਅਤਿ** *(ਅਤ)*	**ਨੀਚੁ** *(ਨੀਚ)॥*
ਨੀਵਾਂ	ਤੋਂ	ਅਤਿਅੰਤ	ਨੀਵਾਂ

...(ਹੇ! ਪ੍ਰਭੂ!) ਨੀਵੀਂ ਕੁਲ ਵਾਲਿਆਂ ਵਿਚ ਵੀ, ਜੋ ਨੀਵੇਂ ਹਨ, ਅਤੇ ਉਨ੍ਹਾਂ ਵਿਚ ਵੀ ਜੋ ਅਤਿ ਨੀਚ ਹਨ...

ਨਾਨਕੁ *(ਨਾਨਕ)*	**ਤਿਨ** *(ਤਿਨ੍ਹ)*	**ਕੈ**	**ਸੰਗਿ** *(ਸੰਗ)*	**ਸਾਥਿ,** *(ਸਾਥ)*
ਗੁਰੂ ਨਾਨਕ ਦੇਵ ਜੀ	ਤਿਨ੍ਹਾਂ	ਦੇ	ਸੰਗਤ	ਸਾਥ, ਸੰਗ
ਵਡਿਆ *(ਵਡਿਆਂ)*	**ਸਿਉ** *(ਸਿਉਂ)*	**ਕਿਆ**	**ਰੀਸ॥**	
ਅਮੀਰਾਂ, ਵੱਡਿਆਂ	ਨਾਲ,ਸੰਗ	ਕੀ	ਬਰਾਬਰੀ ਦੀ ਇੱਛਾ	

...ਨਾਨਕ (ਦੇ ਮਨ ਦੀ ਇੱਛਾ ਹੈ ਕਿ) ਉਨ੍ਹਾਂ (ਨੀਚਾਂ) ਦਾ ਸੰਗ ਸਾਥ ਬਣਿਆ ਰਹੇ, ਮੇਰੀ ਵਡਿਆਂ ਨਾਲ ਕੀ ਰੀਸ ਹੈ? (ਭਾਵ ਵੱਡੇ ਅਮੀਰਾਂ ਨਾਲ ਮੈਨੂੰ ਬਰਾਬਰੀ ਕਰਨ ਦੀ ਕੋਈ ਖਾਹਸ਼ ਨਹੀਂ।)...

ਅੰਕ ੧੫

ਜਿਥੈ	**ਨੀਚ**	**ਸਮਾਲੀਅਨਿ,** *(ਸਮ੍ਹਾਲੀਅਨ)*	
ਜਿਹੜੀ ਜਗ੍ਹਾ	ਨੀਵੇਂ	ਸੰਭਾਲੇ ਜਾਂਦੇ ਹਨ	
ਤਿਥੈ	**ਨਦਰਿ** *(ਨਦਰ)*	**ਤੇਰੀ**	**ਬਖਸੀਸ** *(ਬਖਸ਼ੀਸ਼)* ॥੪॥੩॥
ਉਥੇ	ਦ੍ਰਿਸ਼ਟੀ	ਤੁਹਾਡੀ	ਬਖਸ਼ਿਸ਼, ਕ੍ਰਿਪਾ

...(ਹੇ! ਸਾਹਿਬ ਜੀ!) ਜਿਥੇ ਨੀਵਿਆਂ ਦੀ ਸਾਰ ਲਈ ਜਾਂਦੀ ਹੈ, ਉਥੇ (ਹੀ ਆਪ ਜੀ ਦੀ) ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** ॥ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਲਬੁ *(ਲਬ)*	**ਕੁਤਾ**	**ਕੂੜੁ** *(ਕੂੜ)*	**ਚੂਹੜਾ,**
ਲੋਭ, ਲਾਲਚ	ਕੂਕਰ	ਝੂਠ	ਮਲ/ਕੂੜਾ ਹੂੰਝਣ ਵਾਲਾ

ਠਗਿ *(ਠੱਗ)*	**ਖਾਧਾ**	**ਮੁਰਦਾਰੁ** *(ਮੁਰਦਾਰ)*॥
ਠੱਗ ਕੇ	ਖਾਣਾ	ਲਾਸ਼ ਤੁਲ ਅਪਵਿੱਤਰ ਵਸਤ, ਹਰਾਮ

(ਹੇ! ਪ੍ਰਭੂ! ਮੇਰੇ ਚਿੱਤ ਵਿਚ) ਲੋਭ ਰੂਪੀ ਕੁੱਤਾ ਅਤੇ ਝੂਠ ਰੂਪੀ ਚੂਹੜਾ ਬੈਠੇ ਹਨ। ਦੂਜਿਆਂ ਨੂੰ ਠੱਗ ਕੇ ਖਾਣ ਦੀ ਆਦਤ ਰੂਪੀ ਮੁਰਦਾਰ ਨਾਲ ਮੇਰਾ ਅੰਦਰ ਭਰਿਆ ਪਿਆ ਹੈ...

ਪਰ	**ਨਿੰਦਾ,**	**ਪਰ**	**ਮਲੁ,** *(ਮਲ)*	**ਮੁਖ**	**ਸੁਧੀ,**	**ਪਰਾਈ**
ਔਗਣ	ਕਢਣ ਦੀ ਕ੍ਰਿਆ	ਪਰਾਈ	ਮੈਲ	ਮੂੰਹ	ਕੇਵਲ, ਨਿਰੀ	ਦੂਸਰਿਆਂ ਦੀ

ਅਗਨਿ *(ਅਗਨ)*	**ਕ੍ਰੋਧੁ** *(ਕ੍ਰੋਧ)*	**ਚੰਡਾਲੁ** *(ਚੰਡਾਲ)*॥
ਅਗਨੀ, ਅੱਗ	ਗੁੱਸਾ	ਤਾਮਸੀ ਬ੍ਰਿਤੀ ਵਾਲਾ ਦੁਸ਼ਟ

...(ਮੇਰੇ ਮੂੰਹ ਵਿਚ) ਪਰਾਈ ਨਿੰਦਾ ਰੂਪੀ ਦੂਸਰਿਆਂ ਦੀ ਨਿਰੀ ਮੈਲ (ਹੀ ਭਰੀ ਪਈ) ਹੈ, ਹਿਰਦੇ ਵਿਚ ਕ੍ਰੋਧ ਦੀ ਅਗਨੀ ਚੰਡਾਲ ਬਣੀ ਬੈਠੀ ਹੈ।...

ਰਸ	**ਕਸ**
ਅਨੰਦ ਦੇਣ ਵਾਲੇ ਪਦਾਰਥ	ਕਸੈਲੇ ਰਸ (ਇਹ ਦੋਨੋਂ ਸ਼ਬਦ ਇਥੇ ਮੁਹਾਵਰੇ ਦੇ ਤੌਰ ਤੇ ਵਰਤੇ ਗਏ ਹਨ। ਭਾਵ ਰਸਾਂ ਕਸਾਂ ਦੇ ਚਸਕੇ)

ਅੰਕ ੧੫

ਆਪੁ *(ਆਪ)*	ਸਲਾਹਣਾ,	ਏ	ਕਰਮ	ਮੇਰੇ,	ਕਰਤਾਰ ॥੧॥
ਆਪਣੇ ਆਪ ਦੀ	ਸਿਫ਼ਤ ਕਰਨੀ	ਇਹ	ਕੰਮ	ਆਪਣੇ	ਪ੍ਰਭੂ

...ਰਸਾਂ ਕਸਾਂ ਦੇ ਚਸਕੇ ਭਾਵ ਭੋਗ ਬਿਲਾਸਾਂ ਦੇ ਸੁਆਦ, ਅਤੇ ਹਮੇਸ਼ਾਂ ਆਪਣੇ ਆਪ ਦੀ ਸਿਫ਼ਤ ਸਲਾਹ ਕਰਨੀ (ਹੇ! ਪ੍ਰਭੂ) ਇਹ (ਸਭ) ਮੇਰੇ (ਦੁਸ਼ਟ) ਕਰਮ ਹਨ।...

ਬਾਬਾ,	ਬੋਲੀਐ	ਪਤਿ *(ਪਤ)*	ਹੋਇ ॥
ਹੇ ! ਭਾਈ !	ਬੋਲੀਏ, ਕਹੀਏ	ਇੱਜ਼ਤ, ਆਦਰ	ਹੁੰਦਾ ਹੋਵੇ

...ਹੇ! ਭਾਈ! (ਇਹੋ ਜਿਹੇ) ਬੋਲ ਬੋਲਣੇ ਚਾਹੀਦੇ ਹਨ ਜਿਸ ਨਾਲ (ਪ੍ਰਭੂ ਦਰ ਤੇ) ਇੱਜ਼ਤ ਮਾਣ ਹੁੰਦਾ ਹੋਵੇ।...

ਊਤਮ	ਸੇ,	ਦਰਿ *(ਦਰ)*	ਊਤਮ	ਕਹੀਅਹਿ, *(ਕਹਿਅਹਿੰ)*
ਸ੍ਰੇਸ਼ਟ, ਚੰਗੇ	ਉਹ	(ਪ੍ਰਭੂ) ਦਰ ਤੇ	ਸ੍ਰੇਸ਼ਟ, ਚੰਗੇ	ਕਿਹਾ ਜਾਵੇ
ਨੀਚ	ਕਰਮ	ਬਹਿ	ਰੋਇ॥੧॥	ਰਹਾਉ ॥
ਨੀਵੇਂ	ਕੰਮ	ਬੈਠਕੇ	ਰੋਂਦੇ ਹਨ	ਠਹਿਰਾਉ

...ਉਹੋ ਮਨੁੱਖ ਚੰਗੇ ਹੁੰਦੇ ਹਨ, ਜਿਨ੍ਹਾ ਨੂੰ (ਪ੍ਰਭੂ) ਦਰ ਤੇ ਚੰਗਾ ਕਿਹਾ ਜਾਵੇ, ਨੀਵੇਂ ਕੰਮ ਕਰਨ ਵਾਲੇ ਤਾਂ ਬੈਠ ਕੇ ਰੋਂਦੇ ਰਹਿੰਦੇ ਹਨ।...

ਰਸੁ *(ਰਸ)*	ਸੁਇਨਾ,	ਰਸੁ *(ਰਸ)*	ਰੁਪਾ	ਕਾਮਣਿ, *(ਕਾਮਣ)*
ਚਸਕਾ	ਸੋਨਾ	ਚਸਕਾ	ਚਾਂਦੀ	ਇਸਤਰੀ ਦਾ

ਰਸੁ *(ਰਸ)*	ਪਰਮਲ	ਕੀ	ਵਾਸੁ *(ਵਾਸ)*॥
ਅਨੰਦ	ਸੁਗੰਧਤ ਪਦਾਰਥਾਂ ਨੂੰ ਮਿਲਾ (ਕੁੱਟ) ਕੇ ਬਣਾਈ ਸੁਗੰਧ	ਦੀ	ਖੁਸ਼ਬੋ

...ਸੋਨੇ, ਚਾਂਦੀ ਅਤੇ ਇਸਤਰੀਆਂ ਦੇ ਚਸਕੇ, ਸੁਗੰਧੀਆਂ ਦੀ ਖੁਸ਼ਬੂ ਦਾ ਅਨੰਦ...

ਰਸੁ *(ਰਸ)*	ਘੋੜੇ,	ਰਸੁ *(ਰਸ)*	ਸੇਜਾ	ਮੰਦਰ,
ਚਸਕਾ	ਘੋੜਿਆਂ	ਚਸਕਾ	ਸੇਜ ਦਾ, ਨਰਮ ਬਿਸਤਰੇ	(ਸੁੰਦਰ) ਨਿਵਾਸ

ਰਸੁ *(ਰਸ)*	ਮੀਠਾ	ਰਸੁ *(ਰਸ)*	ਮਾਸੁ *(ਮਾਸ)* ॥
ਚਸਕਾ	ਮਿੱਠੇ ਪਦਾਰਥ	ਚਸਕਾ	ਗੋਸ਼ਤ

ਅੰਕ ੧੫

...ਘੋੜਿਆਂ (ਦੀ ਸਵਾਰੀ), ਮਖਮਲੀ ਬਿਸਤਰੇ, ਸੁੰਦਰ ਨਿਵਾਸ, ਮਿਠੇ ਪਦਾਰਥ ਅਤੇ ਮਾਸ ਆਦਿਕ ਦੇ ਚਸਕੇ...

ਏਤੇ	ਰਸ	ਸਰੀਰ	ਕੇ,
ਇਤਨੇ	ਚਸਕੇ	ਕਾਇਆਂ,ਦੇਹ	ਦੇ

ਕੈ	ਘਟਿ *(ਘਟ)*	ਨਾਮ	ਨਿਵਾਸੁ *(ਨਿਵਾਸ)* ॥੨॥
ਕਿਹੜੇ	ਸਰੀਰ ਵਿਚ ਪ੍ਰਭੂ	ਨਾਮ	ਟਿਕਾਣਾ

...(ਜਦੋਂ ਪਹਿਲਾਂ ਹੀ) ਸਰੀਰ ਦੇ (ਵਿਚ) ਇਤਨੇ ਰਸ ਚਸਕੇ ਹੋਣ, ਭਾਵ ਦੇਹ ਇਨ੍ਹਾਂ ਰਸਾਂ-ਕਸਾਂ ਨਾਲ ਭਰੀ ਪਈ ਹੋਵੇ (ਫਿਰ) ਕਿਹੜੇ ਸਰੀਰ ਵਿਚ ਪ੍ਰਭੂ-ਨਾਮ ਦਾ ਟਿਕਾਣਾ ਹੋਵੇ?...

ਜਿਤੁ *(ਜਿਤ)*	ਬੋਲਿਐ,	ਪਤਿ *(ਪਤ)*	ਪਾਈਐ,
ਜਿਸ	ਬੋਲਣ ਨਾਲ	ਆਦਰ,ਮਾਣ	ਪ੍ਰਾਪਤ ਹੋਵੇ

ਸੋ	ਬੋਲਿਆ	ਪਰਵਾਣੁ *(ਪਰਵਾਣ)*॥
ਉਹ	ਬੋਲਿਆ ਹੋਇਆ ਹੀ	ਕਬੂਲ, ਪ੍ਰਵਾਨਿਤ

...ਜਿਹੜੇ (ਬੋਲਾਂ ਦੇ) ਬੋਲਣ ਨਾਲ (ਪ੍ਰਭੂ ਦਰ ਤੇ) ਆਦਰ ਮਾਣ ਪ੍ਰਾਪਤ ਹੋਵੇ, ਉਹੋ ਬੋਲਿਆ ਹੋਇਆ ਹੀ ਪ੍ਰਵਾਨਿਤ ਹੁੰਦਾ ਹੈ।...

ਫਿਕਾ	ਬੋਲਿ *(ਬੋਲ)*	ਵਿਗੁਚਣਾ,
ਬੇ-ਰਸ, ਰੁੱਖਾ	ਬੋਲਾਂ ਨਾਲ, ਕਹਿਣ ਨਾਲ	ਵਿਗੋਚੇ ਵਿਚ ਆਉਣਾ, ਖੁਆਰ ਹੋਣਾ

ਸੁਣਿ *(ਸੁਣ)*	ਮੂਰਖ	ਮਨ	ਅਜਾਣ ॥
ਸਰਵਣ ਕਰ	ਬੇਸਮਝ	ਚਿੱਤ	ਅਗਿਆਨੀ

...(ਹੇ! ਮੇਰੇ!) ਬੇਸਮਝ ਅਗਿਆਨੀ ਮਨ! ਸਰਵਣ ਕਰ, ਕਿ ਰੁੱਖਾ ਬੋਲਣ ਨਾਲ ਖੱਜਲ ਖੁਆਰ ਹੋਈਦਾ ਹੈ।...

ਜੋ	ਤਿਸੁ *(ਤਿਸ)*	ਭਾਵਹਿ *(ਭਾਵਹਿੰ)*	ਸੇ	ਭਲੇ,
ਜਿਹੜੇ	ਤਿਸ ਨੂੰ (ਪ੍ਰਭੂ ਨੂੰ)	ਭਾਉਂਦੇ ਹਨ	ਉਹ	ਚੰਗੇ

ਹੋਰਿ *(ਹੋਰ)*	ਕਿ	ਕਹਣ *(ਕਹਿਣ)*	ਵਖਾਣ ॥੩॥
ਹੋਰ	ਕੀ	ਕਹਿਣੇ	ਬਿਆਨ

ਅੰਕ ੧੫

...(ਜੋ) ਪ੍ਰਭੂ ਨੂੰ ਭਾਉਂਦੇ ਹਨ, ਉਹੀ (ਜੀਵ) ਭਲੇ ਹਨ, ਹੋਰ ਵਿਆਖਿਆ ਕਹਿਣ ਕਹਾਣ (ਦੀ ਕੀ ਲੋੜ ਹੈ?) (ਭਾਵ ਹੋਰ ਸਭ ਕੁਝ ਕਹਿਣਾ ਆਖਣਾ ਵਿਅਰਥ ਹੈ।)...

ਤਿਨ *(ਤਿਨ੍)*	ਮਤਿ, *(ਮਤ)*	ਤਿਨ *(ਤਿਨ੍)*	ਪਤਿ, *(ਪਤ)*
ਤਿਨ੍ਹਾਂ ਦੇ	ਅਕਲ, ਸੋਝੀ	ਤਿਨ੍ਹਾਂ ਦੇ	ਪ੍ਰਤਿਸ਼ਠਾ, ਇੱਜ਼ਤ

ਤਿਨ *(ਤਿਨ੍)*	ਧਨੁ *(ਧਨ)*	ਪਲੈ,
ਤਿਨ੍ਹਾਂ ਦੇ	(ਪਰਮਾਤਮ) ਦੌਲਤ	ਲੜ ਵਿਚ

ਜਿਨ *(ਜਿਨ੍)*	ਹਿਰਦੈ	ਰਹਿਆ	ਸਮਾਇ॥
ਜਿਨ੍ਹਾਂ ਦੇ	ਚਿੱਤ ਵਿਚ	ਰਿਹਾ (ਭਾਵ ਟਿਕਿਆ)	ਸਮਾ ਕੇ, ਲੀਨ ਹੋਕੇ

...ਜਿਨ੍ਹਾਂ ਦੇ ਹਿਰਦੇ ਵਿਚ (ਪ੍ਰਭੂ ਆਪ) ਸਮਾ ਰਿਹਾ ਹੈ, (ਅਸਲ ਵਿਚ) ਉਨ੍ਹਾਂ ਦੇ ਪੱਲੇ ਹੀ ਪਰਮਾਤਮ-ਸੋਝੀ, ਪਰਮਾਤਮ-ਪ੍ਰਤਿਸ਼ਠਾ ਅਤੇ ਪਰਮਾਤਮ-ਦੌਲਤ ਹੁੰਦੀ ਹੈ।...

ਤਿਨ	ਕਾ	ਕਿਆ	ਸਾਲਾਹਣਾ,
ਤਿਨ੍ਹਾਂ ਦਾ	ਦਾ	ਕੀ	ਸ਼ਲਾਘਾ ਕਰਨੀ

ਅਵਰ	ਸੁਆਲਿਉ	ਕਾਇ॥
ਹੋਰ	ਸਲਾਹੁਣੇ ਯੋਗ, ਸੁੰਦਰ, ਸੁਹਣਾ	ਕੌਣ

...ਇਹੋ ਜਿਹੇ (ਪ੍ਰਭੂ-ਜਨਾਂ) ਦੀ ਕੀ ਸਿਫਤ ਸਲਾਹ ਕਰਨੀ (ਹੋਈ? ਇਨ੍ਹਾਂ ਤੋਂ) ਸੁੰਦਰ ਹੋਰ ਕੌਣ (ਹੋ ਸਕਦਾ ਹੈ?)...

ਨਾਨਕ,	ਨਦਰੀ	ਬਾਹਰੇ,
ਹੇ! ਨਾਨਕ	ਕ੍ਰਿਪਾ ਦ੍ਰਿਸ਼ਟੀ	ਬਾਹਰ, ਵਾਂਝੇ

ਰਾਚਹਿ *(ਰਾਚਹਿਂ)*	ਦਾਨਿ, *(ਦਾਨ)*	ਨ *(ਨਾਂ)*	ਨਾਇ *(ਨਾਇਂ)* ॥੪॥੪॥
ਰਚੇ ਰਹਿੰਦੇ, ਮਸਤ	ਦਿੱਤੇ ਹੋਏ ਧਨ ਪਦਾਰਥ	ਨਹੀਂ	ਪ੍ਰਭੂ ਨਾਮ

...ਹੇ! ਨਾਨਕ (ਪ੍ਰਭੂ ਦੀ) ਕ੍ਰਿਪਾ ਦ੍ਰਿਸ਼ਟੀ ਤੋਂ ਵਾਂਝੇ (ਜੀਵ) ਉਸਦੇ ਦਿੱਤੇ ਹੋਏ ਦਾਨ, ਭਾਵ ਉਸ ਵਲੋਂ ਪ੍ਰਦਾਨ ਕੀਤੇ ਹੋਏ ਧਨ ਪਦਾਰਥਾਂ ਵਿਚ ਹੀ ਮਸਤ ਰਹਿੰਦੇ ਹਨ (ਪਰ) ਉਸਦੇ ਨਾਮ ਵਿਚ ਨਹੀਂ (ਜੁੜਦੇ)।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ ॥ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਅੰਕ ੧੫

ਅਮਲੁ *(ਅਮਲ)*	**ਗਲੋਲਾ**	**ਕੂੜ**	**ਕਾ,**
ਨਸ਼ਾ	ਮਾਵਾ/ਅਫੀਮ ਦਾ ਗੋਲਾ	ਝੂਠ (ਭਾਵ ਮਾਇਆ)	ਦਾ

ਦਿਤਾ	**ਦੇਵਣਹਾਰਿ** *(ਦੇਵਣਹਾਰ)* ॥
ਪ੍ਰਦਾਨ ਕੀਤਾ	ਦੇਣ ਵਾਲੇ (ਪ੍ਰਭੂ)

...ਦੇਣਹਾਰ ਪ੍ਰਭੂ ਨੇ (ਜਿਨ੍ਹਾਂ ਕਰਮਾਂ ਮਾਰੇ ਜੀਵਾਂ ਨੂੰ ਮਾਇਆਵੀ ਮੋਹ ਰੂਪੀ) ਝੂਠ ਦਾ ਅਫ਼ੀਮੀ ਗੋਲਾ ਦਿੱਤਾ ਹੋਇਆ ਹੈ...

ਮਤੀ	**ਮਰਣੁ** *(ਮਰਣ)*	**ਵਿਸਾਰਿਆ,**
ਮਸਤੀ ਵਿਚ	ਮਰਨ ਨੂੰ, ਮੌਤ ਨੂੰ	ਵਿਸਾਰ ਦਿੱਤਾ ਹੈ, ਭੁਲਾ ਦਿੱਤਾ ਹੈ

ਖੁਸੀ *(ਖੁਸ਼ੀ)*	**ਕੀਤੀ**	**ਦਿਨ**	**ਚਾਰਿ** *(ਚਾਰ)*॥
ਖੁਸ਼ੀ, ਮੌਜ ਮੇਲਾ	ਕਰਨ ਦੀ ਕ੍ਰਿਆ	ਦਿਹਾੜੇ	ਚਾਰ ਕੁ (ਮੁਹਾਵਰਾ, ਭਾਵ ਥੋੜ੍ਹੇ ਸਮੇਂ ਲਈ)

...ਉਨ੍ਹਾਂ ਨੇ (ਮਾਇਆ ਦੀ) ਮਸਤੀ (ਦੇ ਨਸ਼ੇ ਵਿਚ) ਮੌਤ ਨੂੰ ਭੁਲਾ ਦਿੱਤਾ ਹੈ ਅਤੇ ਚਾਰ ਦਿਨ ਦਾ ਮੌਜ ਮੇਲਾ ਕਰ ਲਿਆ ਹੈ।...

ਸਚੁ *(ਸਚ)*	**ਮਿਲਿਆ**	**ਤਿਨ** *(ਤਿਨ੍ਹ)*	**ਸੋਫੀਆ** *(ਸੋਫੀਆਂ)*
ਸਦਾ ਸਥਿਰ ਪ੍ਰਭੂ	ਪ੍ਰਾਪਤ ਹੋਇਆ	ਤਿਨ੍ਹਾਂ ਨੂੰ	ਨਸ਼ੇ ਦੇ ਤਿਆਗੀਆਂ, ਪਰਹੇਜ਼ਗਾਰਾਂ

ਰਾਖਣ	**ਕਉ**	**ਦਰਵਾਰੁ** *(ਦਰਵਾਰ)*॥੧॥
ਰਖਣ, ਸੰਭਾਲਣ	ਲਈ	(ਪ੍ਰਭੂ) ਦਰਬਾਰ

...(ਪ੍ਰੰਤੂ) ਸਦੀਵ-ਸਥਿਰ ਪ੍ਰਭੂ ਦੀ ਪ੍ਰਾਪਤੀ, ਸਾਹਿਬ ਦੇ ਦਰਬਾਰ ਵਿਚ ਸੰਭਾਲੀ ਰਖਣ ਲਈ, ਉਨ੍ਹਾਂ ਸੋਫ਼ੀਆਂ, (ਭਾਵ ਮਾਇਆਵੀ-ਨਸ਼ੇ ਦੇ ਤਿਆਗੀਆਂ) ਨੂੰ ਹੋਈ (ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਸਮਾਇਆ ਹੋਇਆ ਸੀ।) ...

ਨਾਨਕ,	**ਸਾਚੇ**	**ਕਉ**	**ਸਚੁ** *(ਸਚ)*	**ਜਾਣੁ** *(ਜਾਣ)*॥
ਹੇ ! ਨਾਨਕ !	ਸਦਾ-ਸਥਿਰ ਪ੍ਰਭੂ	ਨੂੰ	ਸਦਾ ਸਦੀਵੀ	ਸਮਝ

ਜਿਤੁ *(ਜਿਤ)*	**ਸੇਵਿਐ**	**ਸੁਖੁ** *(ਸੁਖ)*	**ਪਾਈਐ,**
ਜਿਸਨੂੰ	ਸੇਵਨ ਨਾਲ, ਸਿਮਰਨ ਨਾਲ	ਪਰਮਾਤਮ ਅਨੰਦ	ਪ੍ਰਾਪਤ ਕਰੀਦਾ ਹੈ

ਤੇਰੀ	**ਦਰਗਹ** *(ਦਰਗਹਿ)*	**ਚਲੈ**	**ਮਾਣੁ** *(ਮਾਣ)*॥੧॥	**ਰਹਾਉ** ॥
ਤੁਹਾਡੀ	ਦਰਗਾਹ ਵਿਚ	ਨਿਭਦਾ, ਮਿਲਦਾ(ਭਾਵ)	ਆਦਰ, ਇੱਜ਼ਤ	ਠਹਿਰਾਉ

ਅੰਕ ੧੫-੧੬

...ਹੇ! ਨਾਨਕ! ਸਦਾ-ਸਥਿਰ ਪ੍ਰਭੂ ਨੂੰ, ਸਦਾ ਸਦੀਵੀ ਜਾਣ, ਜਿਸ ਨੂੰ ਸਿਮਰਨ ਨਾਲ ਪਰਮਾਤਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਅਤੇ (ਵਾਹਿਗੁਰੂ ਜੀ!) ਤੇਰੇ ਦਰ ਤੇ ਆਦਰ ਮਾਣ ਪ੍ਰਾਪਤ ਹੁੰਦਾ ਹੈ।

ਸਚੁ *(ਸੱਚ)*	ਸਰਾ	ਗੁੜ	ਬਾਹਰਾ,
ਸੱਚ ਦੀ	ਸ਼ਰਾਬ,ਮਦ	ਗੰਨੇ ਦੇ ਰਸ ਨੂੰ ਕਾੜ੍ਹ ਕੇ ਬਣਾਇਆ ਮਿੱਠਾ ਪਦਾਰਥ	ਬਿਨਾਂ,ਬਗੈਰ
ਜਿਸੁ *(ਜਿਸ)*	ਵਿਚਿ *(ਵਿਚ)*	ਸਚਾ	ਨਾਉ *(ਨਾਉਂ)*॥
ਜਿਸਦੇ	ਅੰਦਰ	ਸਤਿ	(ਪ੍ਰਭੂ) ਨਾਮ

...(ਪ੍ਰਭੂ ਦੀ ਮਸਤੀ ਦੇਣ ਵਾਲੀ) ਸੱਚ ਦੀ ਸ਼ਰਾਬ ਗੁੜ ਤੋਂ ਬਗੈਰ ਹੀ (ਤਿਆਰ ਹੁੰਦੀ ਹੈ) ਜਿਸਦੇ ਵਿਚ ਸਤਿ-ਨਾਮ (ਦਾ ਮਿੱਠਾ ਪੈਂਦਾ ਹੈ।)...

ਸੁਣਹਿ *(ਸੁਣਹਿਂ)*	ਵਖਾਣਹਿ *(ਵਖਾਣਹਿਂ)*		ਜੇਤੜੇ,
ਸੁਣਦੇ	ਵਖਾਨਦੇ, ਜਪਦੇ		ਜਿਤਨੇ ਵੀ
ਹਉ *(ਹਉਂ)*	ਤਿਨ *(ਤਿਨ੍ਹ)*	ਬਲਿਹਾਰੈ	ਜਾਉ *(ਜਾਉਂ)*॥
ਮੈਂ	ਤਿਨ੍ਹਾਂ ਦੇ	ਸਦਕੇ,ਕੁਰਬਾਨ	ਜਾਂਦਾ ਹਾਂ

...ਮੈਂ ਉਨ੍ਹਾਂ ਤੋਂ ਸਦਕੇ ਕੁਰਬਾਨ ਜਾਂਦਾ ਹਾਂ, ਜਿਹੜੇ ਵੀ (ਸਤਿ-ਨਾਮ ਨੂੰ) ਨੂੰ ਸੁਣਦੇ ਅਤੇ ਜਪਦੇ ਹਨ।...

ਤਾ *(ਤਾਂ)*	ਮਨੁ *(ਮਨ)*	ਖੀਵਾ	ਜਾਣੀਐ,
ਤਾਂ,ਤਦੋਂ	ਚਿਤ	ਮਸਤ	ਜਾਣੀਦਾ ਹੈ
ਜਾ *(ਜਾਂ)*	ਮਹਲੀ *(ਮਹਲੀਂ)*	ਪਾਏ	ਥਾਉ *(ਥਾਉਂ)*॥੨॥
ਜਦੋਂ	(ਪ੍ਰਭੂ ਦੇ)ਮਹਿਲਾਂ ਵਿਚ	ਪਾ ਲਵੇ	ਨਿਵਾਸ, ਟਿਕਾਣਾ

...ਮਨ ਨੂੰ ਉਦੋਂ ਹੀ (ਸਤਿ-ਨਾਮ ਦੀ ਸ਼ਰਾਬ ਵਿਚ) ਮਸਤ ਹੋਇਆ ਸਮਝੋ ਜਦੋਂ (ਇਸ ਨੂੰ) ਪਰਮਾਤਮ-ਮਹਿਲਾਂ ਵਿਚ, ਭਾਵ ਪ੍ਰਭੂ ਹਜ਼ੂਰੀ ਵਿਚ ਥਾਂ ਮਿਲ ਜਾਏ।...

ਨਾਉ *(ਨਾਉਂ)*	ਨੀਰੁ *(ਨੀਰ)*	ਚੰਗਿਆਈਆ, *(ਚੰਗਿਆਈਆਂ)*	
(ਪ੍ਰਭੂ) ਨਾਮ	ਪਾਣੀ,ਜਲ	(ਪ੍ਰਭੂ) ਨੇਕੀਆਂ ਦੀ ਸਿਫ਼ਤ ਸਲਾਹ	
ਸਤੁ *(ਸੱਤ)*	ਪਰਮਲੁ, *(ਪਰਮਲ)*	ਤਨਿ *(ਤਨ)*	ਵਾਸੁ *(ਵਾਸ)*॥
ਉੱਚ ਆਚਰਣ	ਸੁਗੰਧੀ	ਸਰੀਰ ਤੇ	ਖ਼ੁਸ਼ਬੋ

ਅੰਕ ੧੬

...(ਜੇ) ਇਸ਼ਨਾਨ ਲਈ ਪ੍ਰਭੂ ਸਿਮਰਨ ਦਾ ਜਲ, ਸਾਹਿਬ ਦੀਆਂ ਚੰਗਿਆਈਆਂ ਦੀ ਸਿਫ਼ਤ ਸਲਾਹ, ਸਰੀਰ ਤੇ ਉੱਚ ਆਚਰਣ ਦੀ ਸੁਗੰਧੀ ਦੀ ਖੁਸ਼ਬੋ (ਹੋਵੇ)...

ਤਾ *(ਤਾਂ)*	ਮੁਖੁ *(ਮੁੱਖ)*	ਹੋਵੈ	ਉਜਲਾ,
ਤਾਂ, ਤਦੋਂ	ਮੂੰਹ	ਹੁੰਦਾ ਹੈ	ਉਜੂਲ, ਨਿਰਮਲ

ਲਖ	ਦਾਤੀ *(ਦਾਤੀਂ)*	ਇਕ	ਦਾਤਿ *(ਦਾਤ)* ॥
ਲੱਖਾਂ ਹੀ	ਬਖਸ਼ਿਸ਼ਾਂ	ਇਕ(ਗਿਣਤੀ ਵਾਲਾ)	ਬਖਸ਼ਿਸ਼, ਦਿੱਤੀ ਹੋਈ ਵਸਤੂ

...ਤਾਂ (ਅਜਿਹੇ ਸਦਾਚਾਰੀ ਧਰਮ-ਸਾਧਕ) ਦਾ ਮੁੱਖ (ਪ੍ਰਭੂ ਦਰਗਾਹ) ਤੇ ਉਜੂਲ ਹੁੰਦਾ ਹੈ। (ਪ੍ਰਭੂ ਦੀ ਐਸੀ) ਬਖਸ਼ਿਸ਼, ਲੱਖਾਂ ਬਖਸ਼ਿਸ਼ਾਂ ਦੇ ਬਰਾਬਰ ਇਕ ਬਖਸ਼ਿਸ਼ ਹੈ।...

ਦੂਖ	ਤਿਸੈ	ਪਹਿ	ਆਖੀਅਹਿ, *(ਆਖੀਅਹਿਂ)*
ਕਸ਼ਟ	ਤਿਸ	ਕੋਲ	ਆਖੀਦਾ ਹੈ

ਸੂਖ	ਜਿਸੈ	ਹੀ	ਪਾਸਿ *(ਪਾਸ)* ॥੩॥
ਸੁੱਖ, ਅਨੰਦ	ਜਿਸ	ਵੀ	ਕੋਲ

...ਹੇ! ਭਾਈ (ਆਪਣਾ) ਦੁੱਖ ਉਸ ਕੋਲ ਹੀ ਆਖੀਦਾ ਹੈ, ਜਿਸ ਕੋਲ ਸੁੱਖ ਅਨੰਦ ਵੀ ਹੋਵੇ।...

ਸੋ	ਕਿਉ *(ਕਿਉਂ)*	ਮਨਹੁ *(ਮਨਹੁਂ)*	ਵਿਸਾਰੀਐ,
ਉਸਨੂੰ	ਕਿਉਂ, ਕਾਹਤੇ	ਚਿੱਤ ਵਿਚੋਂ	ਭੁਲਾਈਏ

ਜਾ *(ਜਾਂ)*	ਕੇ	ਜੀਅ	ਪਰਾਣ ॥
ਜਿਸ	ਦੇ	ਜ਼ਿੰਦਗੀ	ਸੁਆਸ, ਦਮ

...ਜਿਸ (ਸਾਹਿਬ) ਦੀ ਦਿੱਤੀ ਹੋਈ ਜ਼ਿੰਦਗੀ ਅਤੇ ਸੁਆਸ ਹਨ, ਉਸਨੂੰ ਮਨ ਵਿਚੋਂ ਕਿਉਂ ਭੁਲਾਈਏ? (ਭਾਵ ਸਾਹਿਬ ਨੂੰ ਕਦੀ ਵੀ ਭੁੱਲਾਉਣਾ ਨਹੀਂ ਚਾਹੀਦਾ)...

ਤਿਸੁ *(ਤਿਸ)*	ਵਿਣੁ, *(ਵਿਣ)*	ਸਭੁ *(ਸਭ)*	ਅਪਵਿਤ੍ਰੁ ਹੈ,
ਉਸ (ਪ੍ਰਭੂ)	ਬਿਨਾਂ	ਸਾਰਾ ਕੁਝ ਮਲੀਨ	ਹੋਣ ਦੀ ਵਰਤਮਾਨ ਕ੍ਰਿਆ

ਜੇਤਾ	ਪੈਨਣੁ *(ਪੈਨ੍ਹਣ)*	ਖਾਣੁ *(ਖਾਣ)*॥
ਜਿਤਨਾ	ਪਹਿਨਣਾ	ਖਾਣਾ, ਛਕਣਾ

...ਉਸ (ਪ੍ਰਭੂ ਦੀ ਯਾਦ ਤੋਂ) ਬਿਨਾਂ ਜਿਤਨਾਂ ਵੀ ਖਾਣ-ਪੀਣ ਹੈ, ਸਭ ਅਪਵਿੱਤਰ ਹੈ।...

ਅੰਕ ੧੬

ਹੋਰਿ *(ਹੋਰ)*	ਗਲਾਂ,	ਸਭਿ *(ਸਭ)*	ਕੂੜੀਆ, *(ਕੂੜੀਆਂ)*
ਹੋਰ,	ਇਸ ਤੋਂ ਇਲਾਵਾ	ਬਚਨ, ਬੋਲ ਸਾਰੇ	ਕੂੜ, ਝੂਠ

ਤੁਧੁ *(ਤੁਧ)*	ਭਾਵੈ	ਪਰਵਾਣੁ *(ਪਰਵਾਣ)* ॥੪॥੫॥
ਤੈਨੂੰ	ਚੰਗਾ ਲਗੇ	ਪ੍ਰਵਾਨਿਤ, ਪ੍ਰਮਾਣੀਕ, ਮਾਨਨੀਯ

(ਹੇ! ਸਾਹਿਬ ਜੀ! ਬਸ) ਉਹੋ ਕੁਝ ਪ੍ਰਵਾਨਿਤ ਹੈ, ਜੋ ਤੈਨੂੰ ਚੰਗਾ ਲਗੇ, ਇਸ ਤੋਂ ਇਲਾਵਾ ਹੋਰ ਸਭ ਗਲਾਂ ਬਾਤਾਂ ਕੂੜ-ਕੁਸੱਤ ਹਨ।

ਸਿਰੀਰਾਗੁ *(ਸਿਰੀਰਾਗ)*	ਮਹਲੁ *(ਮਹਿਲ)*	੧ ॥ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

(ਨੋਟ:ਇਥੇ ਸਤਿਗੁਰੂ ਜੀ ਨੇ ਲਫਜ਼ ਮਹਲਾ ਦੀ ਥਾਂ ਮਹਲੁ ਵਰਤਿਆ ਹੈ ਜਿਸ ਦਾ ਉਚਾਰਣ, ਮਹਿਲ ਕਰਨਾ ਹੈ।)

ਜਾਲਿ *(ਜਾਲ)*	ਮੋਹੁ, *(ਮੋਹ)*	ਘਸਿ *(ਘਸ)*	ਮਸੁ *(ਮਸ)*	ਕਰਿ, *(ਕਰ)*
ਜਾਲ ਕੇ, ਸਾੜਕੇ	ਸਨੇਹ,ਲਗਾਓ	ਰਗੜ ਕੇ	ਸਿਆਹੀ	ਬਣਾ

ਮਤਿ *(ਮਤ)*	ਕਾਗਦੁ *(ਕਾਗਦ)*	ਕਰਿ *(ਕਰ)*	ਸਾਰੁ *(ਸਾਰ)* ॥
ਬੁੱਧੀ	ਕਾਗਜ਼	ਬਣਾ ਕੇ	ਸੁੰਦਰ, ਸ੍ਰੇਸ਼ਟ

(ਹੇ! ਭਾਈ।ਮਾਇਆ ਦੇ) ਮੋਹ ਨੂੰ ਸਾੜ ਰਗੜ ਕੇ ਸਿਆਹੀ ਬਣਾ, ਅਤੇ ਬੁੱਧੀ ਨੂੰ ਸੁੰਦਰ ਕਾਗਜ਼ ਦਾ ਰੂਪ ਦੇਹ...

ਭਾਉ	ਕਲਮ	ਕਰਿ *(ਕਰ)*,	ਚਿਤੁ *(ਚਿਤ)*	ਲੇਖਾਰੀ,
ਪ੍ਰੇਮ	ਕਾਨੀ, ਲੇਖਣੀ	ਕਰ,	ਬਣਾ ਹਿਰਦੇ	ਲਿਖਾਰੀ, ਲਿਖਣ ਵਾਲਾ

ਗੁਰ	ਪੁਛਿ, *(ਪੁੱਛ)*	ਲਿਖੁ *(ਲਿਖ)*	ਬੀਚਾਰੁ (ਬੀਚਾਰ)॥
ਗੁਰੂ	ਪੁੱਛਕੇ, ਸਮਝਕੇ	ਲਿਖੋ,ਅੰਕਿਤ ਕਰੋ	ਵੀਚਾਰ

...ਪ੍ਰੇਮ ਨੂੰ ਕਲਮ ਅਤੇ ਹਿਰਦੇ ਨੂੰ ਲਿਖਾਰੀ ਬਣਾਕੇ, ਸਤਿਗੁਰੂ ਕੋਲੋਂ (ਪਰਮਾਤਮ-ਸੱਚ ਨੂੰ) ਸਮਝਕੇ (ਉਸਦੀ) ਵਿਚਾਰ ਲਿਖ...

ਲਿਖੁ *(ਲਿਖ)*	ਨਾਮੁ, *(ਨਾਮ)*	ਸਾਲਾਹ	ਲਿਖੁ, *(ਲਿਖ)*
ਲਿਖੋ, ਅੰਕਿਤ ਕਰੋ	ਪ੍ਰਭੂ (ਹੋਂਦ)	ਸਿਫ਼ਤ ਸਲਾਹ, ਕੀਰਤੀ	ਲਿਖੋ, ਅੰਕਿਤ ਕਰੋ

ਅੰਕ ੧੬

ਲਿਖੁ *(ਲਿਖ)*	ਅੰਤੁ *(ਅੰਤ)*	ਨ *(ਨਾਂ)*	ਪਾਰਾਵਾਰੁ *(ਪਾਰਾਵਾਰ)*॥੧॥
ਲਿਖੋ,ਅੰਕਿਤ ਕਰੋ	ਅਖ਼ੀਰ	ਨਹੀਂ	ਉਰਵਾਰ-ਪਾਰ

...(ਸਾਹਿਬ ਜੀ ਦਾ) ਨਾਮ ਲਿਖ, ਉਸਦੀ ਮਹਿਮਾ ਲਿਖ, ਅਤੇ (ਫਿਰ) ਲਿਖ, ਕਿ (ਬੇਅੰਤ ਪ੍ਰਭੂ) ਦਾ ਕੋਈ ਅੰਤ ਨਹੀਂ, ਅਤੇ ਨਾ ਹੀ ਉਸਦਾ ਉਰਵਾਰ-ਪਾਰ ਭਾਵ ਕੋਈ ਹੱਦ ਬੰਨਾਂ ਹੈ।...

ਬਾਬਾ,	ਏਹੁ *(ਏਹ)*	ਲੇਖਾ	ਲਿਖਿ *(ਲਿਖ)*	ਜਾਣੁ *(ਜਾਣ)*॥
ਹੇ ! ਬਾਬਾ !	ਇਹ	ਹਿਸਾਬ ਕਿਤਾਬ	ਲਿਖਣਾ	ਜਾਣ, ਸਮਝ, ਸਿੱਖ

...ਹੇ! ਭਾਈ! ਇਹੋ ਜਿਹਾ ਲੇਖਾ ਲਿਖਣ ਦੀ ਜਾਚ ਸਿੱਖ...

ਜਿਥੈ	ਲੇਖਾ	ਮੰਗੀਐ,
ਜਿਥੇ, ਜਿਹੜੀ ਜਗ੍ਹਾ	ਹਿਸਾਬ ਕਿਤਾਬ	ਮੰਗਿਆ ਜਾਵੇ, ਪੜਤਾਲਿਆ ਜਾਵੇ

ਤਿਥੈ	ਹੋਇ	ਸਚਾ	ਨੀਸਾਣੁ *(ਨੀਸ਼ਾਣ)* ॥੧॥	ਰਹਾਉ ॥
ਉਥੇ	ਹੋਵੇ	ਵਾਸਤਵ,ਅਸਲੀ	ਚਿਨ੍ਹ, ਨਿਸ਼ਾਨ, ਪਛਾਣ	ਠਹਿਰਾਉ

...ਕਿ ਜਿਹੜੀ ਜਗ੍ਹਾ ਇਸ ਲੇਖੇ ਦਾ ਹਿਸਾਬ ਕਿਤਾਬ ਮੰਗਿਆ ਜਾਵੇ, ਉਥੇ ਇਸ ਲੇਖੇ ਨੂੰ ਸੱਚ ਵਾਲੀ ਪਹਿਚਾਣ ਪ੍ਰਾਪਤ ਹੋਵੇ, ਭਾਵ ਉਥੇ ਇਹ (ਕਰਮਾਂ ਦਾ) ਲੇਖਾ ਠੀਕ ਠਾਕ ਨਿਕਲੇ।...

ਜਿਥੈ	ਮਿਲਹਿ *(ਮਿਲਹਿਂ)*	ਵਡਿਆਈਆ, *(ਵਡਿਆਈਆਂ)*
ਜਿਥੇ, ਜਿਹੜੀ ਜਗ੍ਹਾ	ਮਿਲਦੀਆਂ ਹਨ	ਮਾਣ, ਇੱਜ਼ਤ

ਸਦ	ਖੁਸੀਆ *(ਖੁਸ਼ੀਆਂ)*	ਸਦ	ਚਾਉ ॥
ਹਮੇਸ਼ਾਂ	ਅਨੰਦ, ਖੇੜਾ	ਸਦਾ	ਹੁਲਾਸ,ਖੁਸ਼ੀ

...(ਪ੍ਰਭੂ ਦਰ ਤੇ) ਜਿਥੇ ਮਾਣ ਵਡਿਆਈਆਂ ਮਿਲਦੀਆਂ ਹਨ, ਅਤੇ ਹਮੇਸ਼ਾਂ ਅਨੰਦ ਤੇ ਖੁਸ਼ੀਆਂ ਖੇੜੇ (ਪ੍ਰਾਪਤ ਹੁੰਦੇ) ਹਨ...

ਤਿਨ *(ਤਿਨ੍ਹ)*	ਮੁਖਿ *(ਮੁਖ)*	ਟਿਕੇ	ਨਿਕਲਹਿ, *(ਨਿਕਲਹਿਂ)*
ਤਿਨ੍ਹਾਂ ਦੇ	ਮੂੰਹ ਤੇ	ਟਿੱਕੇ	ਨਿਕਲਦੇ ਹਨ ਭਾਵ ਲਗਦੇ ਹਨ

ਜਿਨ *(ਜਿਨ੍ਹ)*	ਮਨਿ *(ਮਨ)*	ਸਚਾ	ਨਾਉ *(ਨਾਉਂ)*॥
ਜਿਨ੍ਹਾਂ ਦੇ	ਮਨ ਵਿਚ	ਸਦਾ ਸਥਿਰ	(ਪ੍ਰਭੂ) ਦਾ ਨਾਮ

ਅੰਕ ੧੬

...ਜਿਨ੍ਹਾ ਦੇ ਹਿਰਦੇ ਵਿਚ ਸਦਾ ਸਥਿਰ ਪ੍ਰਭੂ ਦਾ ਨਾਮ (ਵਸਦਾ ਹੈ, ਪ੍ਰਭੂ ਦੇ ਮਾਣ ਵਡਿਆਈਆਂ ਵਾਲੇ ਦਰ ਤੇ) ਉਨ੍ਹਾਂ ਧਰਮ-ਸਾਧਕਾਂ ਦੇ ਮੂੰਹ ਤੇ (ਸੱਚ-ਪ੍ਰਾਪਤੀ ਦੇ) ਟਿੱਕੇ ਲਗਦੇ ਹਨ।...

ਕਰਮਿ *(ਕਰਮ)*	ਮਿਲੈ	ਤਾ *(ਤਾਂ)*	ਪਾਈਐ,
ਬਖਸ਼ਿਸ਼, ਕਿਰਪਾ	ਪ੍ਰਾਪਤ ਹੋਵੇ	ਤਦ	ਪਾਈਦਾ ਹੈ

ਨਾਹੀ *(ਨਾਹੀਂ)*	ਗਲੀ *(ਗਲੀਂ)*	ਵਾਉ	ਦੁਆਉ ॥੨॥
ਨਹੀਂ	ਗਲਾਂ ਬਾਤਾਂ ਨਾਲ	ਹਵਾ, ਫਜ਼ੂਲ(ਅਖੌਤੀ)	ਅਸੀਸ/ਅਸ਼ੀਰਵਾਦ

...(ਇਹ ਨਾਮ ਦੀ ਦਾਤ) ਤਦ ਪਾਈਦੀ ਹੈ ਜੇ (ਪ੍ਰਭੂ ਦੀ) ਬਖਸ਼ਿਸ਼ ਪ੍ਰਾਪਤ ਹੋਵੇ, ਐਵੇਂ ਹਵਾਈ, ਭਾਵ ਫਜ਼ੂਲ ਦੀਆਂ ਗਲਾਂਬਾਤਾਂ ਤੇ ਅਖੌਤੀ ਅਸ਼ੀਰਵਾਦਾਂ ਨਾਲ ਨਹੀਂ।...

ਇਕਿ *(ਇਕ)*	ਆਵਹਿ, *(ਆਵਹਿਂ)*	ਇਕਿ *(ਇਕ)*	ਜਾਹਿ *(ਜਾਹਿਂ)*	ਉਠਿ, *(ਉਠ)*
ਕੋਈ, ਕੁਝ	ਆਉਂਦੇ ਹਨ	ਕੋਈ, ਕੁਝ	ਜਾਂਦੇ	ਤੁਰ, ਚਲੇ

ਰਖੀਅਹਿ *(ਰਖੀਅਹਿਂ)*	ਨਾਵ *(ਨਾਂਵ)*	ਸਲਾਰ ॥
ਰਖਦੇ	ਨਾਮ	ਸਰਦਾਰ, ਆਗੂ

...ਕਈ (ਜੀਵ ਇਸ ਸੰਸਾਰ ਤੇ) ਆਉਂਦੇ (ਭਾਵ ਜੰਮਦੇ) ਹਨ ਤੇ ਕਈ (ਆਪਣੀ ਉਮਰ ਪੂਰੀ ਕਰਕੇ) ਚਲੇ ਜਾਂਦੇ ਹਨ। ਕਈ (ਆਪਣੇ ਆਪ ਨੂੰ ਉੱਚੇ ਦਰਸਾਉਣ ਲਈ ਆਪਣੇ) ਨਾਮ ਸਰਦਾਰ ਆਦਿਕ ਰੱਖਦੇ ਹਨ।...

ਇਕਿ *(ਇਕ)*	ਉਪਾਏ	ਮੰਗਤੇ ,
ਕੋਈ, ਕੁਝ	ਪੈਦਾ ਕੀਤੇ	ਭੀਖ ਮੰਗਣ ਵਾਲੇ

ਇਕਨਾ *(ਇਕਨਾਂ)*	ਵਡੇ	ਦਰਵਾਰ ॥
ਕਈਆਂ ਦੇ	ਉੱਚੇ, ਮਹਾਨ	ਬਾਦਸ਼ਾਹ ਦੀ ਸਭਾ

...ਕਈ (ਇਸ ਸੰਸਾਰ ਵਿਚ) ਮੰਗਤੇ ਹੀ ਪੈਦਾ ਕੀਤੇ ਗਏ ਹਨ ਅਤੇ ਕਈਆਂ ਦੇ (ਬਾਦਸ਼ਾਹਾਂ ਵਰਗੇ) ਵੱਡੇ ਵੱਡੇ ਦਰਬਾਰ ਲਗਦੇ ਹਨ।...

ਅਗੈ	ਗਇਆ *(ਗਇਆਂ)*	ਜਾਣੀਐ,
ਅਗੇ,(ਪ੍ਰਭੂ ਦਰ ਤੇ)	ਗਿਆਂ, ਜਾਕੇ	ਜਾਣਿਆਂ ਜਾਂਦਾ, ਪਤਾ ਲਗਦਾ ਹੈ

ਵਿਣੁ *(ਵਿਣ)*	ਨਾਵੈ *(ਨਾਵੈਂ)*	ਵੇਕਾਰ ॥੩॥
ਬਗੈਰ	(ਪ੍ਰਭੂ) ਨਾਮ	ਵਿਅਰਥ, ਬੇਕਾਰ

...(ਪ੍ਰੰਤੂ) ਅਗੇ (ਪ੍ਰਭੂ ਦਰ ਤੇ) ਗਿਆਂ ਹੀ (ਵੱਡੇ ਛੋਟੇ ਦੇ ਨਿਰਣੇ ਦਾ) ਪਤਾ ਲਗਦਾ ਹੈ (ਕਿਉਂਕਿ ਅਸਲ ਵਿਚ) ਪ੍ਰਭੂ ਨਾਮ ਤੋਂ ਬਿਨਾਂ (ਸਭ ਕੁਝ) ਵਿਅਰਥ ਹੈ।...

ਛੇ	**ਤੇਰੈ,**	**ਡਰੁ***(ਡਰ)*	**ਅਗਲਾ,**
ਰੱਬੀ-ਨਿਆਂ	ਤੇਰੇ, (ਪ੍ਰਭੂ ਦੇ)	ਘਬਰਾਹਟ	ਬਹੁਤਾ
ਖਪਿ*(ਖਪ)*	**ਖਪਿ***(ਖਪ)*	**ਛਿਜੈ**	**ਦੇਹ ॥**
ਖਪ ਕੇ, ਕਰਿਝ ਕੇ	ਖਪ ਕੇ, ਕਰਿਝ ਕੇ	ਨਾਸ਼ ਹੋ ਰਿਹੈ, ਟੁੱਟ ਰਿਹੈ	ਸਰੀਰ

...(ਨਾਮ ਵਿਹੂਣੇ ਹੋਣ ਕਰਕੇ ਮੈਨੂੰ) ਪਰਮਾਤਮ-ਨਿਆਂ ਤੋਂ ਬਹੁਤ ਘਬਰਾਹਟ ਹੋ ਰਹੀ ਹੈ, ਅਤੇ ਇਸੇ ਘਬਰਾਹਟ ਕਾਰਨ ਸਰੀਰ ਖੱਪ ਖੱਪ ਕੇ ਨਾਸ਼ ਹੋ ਰਿਹਾ ਹੈ।...

ਨਾਵ*(ਨਾਂਵ)*	**ਜਿਨਾ***(ਜਿਨ੍ਹਾਂ)*	**ਸੁਲਤਾਨ**	**ਖਾਨ,**
ਨਾਮ	ਜਿਨ੍ਹਾਂ ਦੇ	ਬਾਦਸ਼ਾਹ	ਅਮੀਰ, ਸਰਦਾਰ
ਹੋਦੇ(ਹੋਂਦੇ)	**ਡਿਠੇ**	**ਖੇਹ ॥**	
ਹੁੰਦੇ	ਵੇਖੇ	ਸੁਆਹ	

...(ਸੰਸਾਰ ਵਿਚ) ਜਿਨ੍ਹਾਂ ਦੇ (ਵੱਡੇ ਵੱਡੇ) ਨਾਉਂ ਪਾਤਸ਼ਾਹ ਅਤੇ ਅਮੀਰ ਸਰਦਾਰ ਆਦਿਕ ਸਨ, (ਮੈਂ) ਉਹ (ਮਿੱਟੀ ਵਿਚ) ਸੁਆਹ ਹੁੰਦੇ ਵੇਖੇ ਹਨ।...

ਨਾਨਕ,	**ਉਠੀ**	**ਚਲਿਆ,**	
ਹੇ! ਨਾਨਕ	ਉਠ ਕੇ	ਚਲਣ ਲਗਿਆਂ, ਤੁਰਨ ਲਗਿਆਂ	
ਸਭਿ*(ਸਭ)*	**ਕੂੜੇ**	**ਤੁਟੇ**	**ਨੇਹ***(ਨੇਂਹ)* **॥੪॥੬॥**
ਸਾਰੇ	ਝੂਠੇ	ਟੁੱਟ ਜਾਂਦੇ	ਪਿਆਰ,ਮੋਹ

...ਹੇ! ਨਾਨਕ (ਸੰਸਾਰ ਤੋਂ) ਉਠ ਕੇ ਤੁਰਨ ਲਗਿਆਂ, ਝੂਠੇ ਮੋਹ ਪਿਆਰ ਵਾਲੇ ਸਾਰੇ (ਰਿਸ਼ਤੇ) ਟੁੱਟ ਜਾਂਦੇ ਹਨ।...

ਸਿਰੀਰਾਗੁ,*(ਸਿਰੀ ਰਾਗ)*	**ਮਹਲਾ***(ਮਹਿਲਾ)*	**੧ ॥(ਪਹਿਲਾ)**
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਸਭਿ*(ਸਭ)*	**ਰਸ**	**ਮਿਠੇ,**	**ਮੰਨਿਐ,***(ਮੰਨਿਐਂ)*
ਸਾਰੇ	ਸੁਆਦ	ਮਿਸ਼ਠ, ਸਵਾਦਿਸ਼ਟ	ਮੰਨਣ ਨਾਲ, ਮਨਨ ਦੁਆਰਾ

ਅੰਕ ੧੬

ਸੁਣਿਐ *(ਸੁਣਿਐਂ)*	ਸਾਲੋਣੇ ॥
ਸੁਣਨ ਦੁਆਰਾ	ਲੂਣ ਵਾਲੇ

...(ਪ੍ਰਭੂ ਨਾਮ ਦੇ) ਮਨਨ ਦੁਆਰਾ ਸਭ ਰਸ ਮਿੱਠੇ ਹੋ ਜਾਂਦੇ ਹਨ, ਅਤੇ ਸੁਣਨ ਦੁਆਰਾ ਲੂਣ ਵਾਲੇ...

ਖਟ	ਤੁਰਸੀ, *(ਤੁਰਸ਼ੀ)*	ਮੁਖਿ *(ਮੁਖ)*	ਬੋਲਣਾ,
ਖੱਟੇ	ਖਟਾਸ	ਮੂੰਹ ਤੋਂ	ਉਚਾਰਨਾ

ਮਾਰਣ	ਨਾਦ	ਕੀਏ ॥
ਮਸਾਲੇ	(ਪ੍ਰਭੂ) ਕੀਰਤਨ	ਕਰਨ ਨਾਲ

...ਮੂੰਹ ਤੋਂ (ਪ੍ਰਭੂ ਨਾਮ) ਉਚਾਰਨ ਨਾਲ ਖੱਟੇ ਅਤੇ ਤੁਰਸ਼ ਰਸ ਵਾਲੇ ਹੋ ਜਾਂਦੇ ਹਨ, ਅਤੇ (ਪ੍ਰਭੂ) ਕੀਰਤਨ ਕਰਨ ਨਾਲ (ਉਨ੍ਹਾਂ ਵਿਚ) ਮਸਾਲੇ ਪੈ ਜਾਂਦੇ ਹਨ...

ਛਤੀਹ	ਅੰਮ੍ਰਿਤ,	ਭਾਉ	ਏਕੁ, *(ਏਕ)*
ਛੱਤੀ (੩੬)	ਅੰਮ੍ਰਿਤਮਈ, ਅਤਿ ਸੁਆਦਿਸ਼ਟ	ਪ੍ਰੇਮ	ਇਕ ਰਸ, ਨਿਰੰਤਰ

ਜਾ *(ਜਾਂ)*	ਕਉ	ਨਦਰਿ *(ਨਦਰ)*	ਕਰੇਇ ॥੧॥
ਜਿਸ	ਨੂੰ	ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ

...(ਪ੍ਰਭੂ ਨਾਲ) ਇਕ-ਰਸ ਪ੍ਰੇਮ ਕਰਨ ਨਾਲ ਛੱਤੀ ਪ੍ਰਕਾਰ ਦੇ ਅੰਮ੍ਰਿਤਮਈ (ਭੋਜਨ) ਪ੍ਰਾਪਤ ਹੋ ਜਾਂਦੇ ਹਨ। (ਭਾਵ ਪਰਮਾਤਮ-ਨਾਮ ਦੇ ਅੰਮ੍ਰਿਤਮਈ ਭੋਜਨ ਨੂੰ ਭੁੰਚਣ ਨਾਲ ਧਰਮ-ਸਾਧਕ ਦਾ ਅੰਤਹਕਰਨ ਤ੍ਰਿਪਤ ਹੋਕੇ ਨਿਹਾਲ ਨਿਹਾਲ ਹੋ ਜਾਂਦਾ ਹੈ।)...

ਬਾਬਾ,	ਹੋਰੁ *(ਹੋਰ)*	ਖਾਣਾ	ਖੁਸੀ *(ਖੁਸ਼ੀ)*	ਖੁਆਰੁ *(ਖੁਆਰ)*॥
ਹੇ ! ਬਾਬਾ	ਹੋਰ, ਇਲਾਵਾ	ਛਕਣਾ	ਖੁਸ਼ੀ, ਪ੍ਰਸੰਨਤਾ	ਖੱਜਲ, ਪ੍ਰੇਸ਼ਾਨ

...ਹੇ! ਭਾਈ! (ਪ੍ਰਭੂ-ਨਾਮ ਦੇ ਭੋਜਨ ਤੋਂ) ਬਿਨਾਂ ਹੋਰ ਖਾਣ-ਪੀਣ ਦੀ ਖੁਸ਼ੀ (ਜੀਵ ਨੂੰ) ਖੱਜਲ ਖੁਆਰ ਕਰਨ ਵਾਲੀ ਹੈ...

ਜਿਤੁ *(ਜਿਤ)*	ਖਾਧੈ,	ਤਨੁ *(ਤਨ)*	ਪੀੜੀਐ,
ਜਿਨ੍ਹਾਂ ਨੂੰ	ਖਾਣ ਨਾਲ	ਸਰੀਰ	ਪੀੜਤ ਹੋ ਜਾਂਦਾ ਹੈ, ਰੋਗੀ ਹੋ ਜਾਂਦਾ ਹੈ

ਮਨ	ਮਹਿ *(ਮਹਿਂ)*	ਚਲਹਿ *(ਚਲਹਿਂ)*	ਵਿਕਾਰ ॥੧॥	ਰਹਾਉ ॥
ਚਿੱਤ	ਵਿਚ	ਚਲ ਪੈਂਦੇ ਹਨ	ਮਾੜੇ ਵਿਚਾਰ, ਮੰਦ ਭਾਵਨਾ	ਠਹਿਰਾਉ

ਅੰਕ ੧੬

...(ਕਿਉਂਕਿ ਨਾਮ-ਭੋਜਨ ਤੋਂ ਬਿਨਾਂ ਸੰਸਾਰਕਿ ਖੁਸ਼ੀਆਂ ਦੇਣ ਵਾਲੇ ਭੋਜਨ), ਜਿਨ੍ਹਾਂ ਨੂੰ ਖਾਣ ਨਾਲ (ਮਨੁੱਖੀ) ਸਰੀਰ ਵੀ ਰੋਗੀ ਹੋ ਜਾਂਦਾ ਹੈ, ਅਤੇ ਮਨ ਵਿਚ ਵਿਕਾਰ ਚਲਣ ਲਗ ਪੈਂਦੇ ਹਨ। (ਭਾਵ ਮਨ ਤੇ ਸਰੀਰ ਦੋਨੋਂ ਹੀ ਮਲੀਨ ਹੋ ਜਾਂਦੇ ਹਨ।)...

ਰਤਾ	**ਪੈਨਣੁ,** *(ਪੈਨ੍ਹਣ)*	**ਮਨੁ** *(ਮਨ)*	**ਰਤਾ,**
ਗੂੜ੍ਹਾ ਲਾਲ	ਪੁਸ਼ਾਕ	ਚਿੱਤ	ਰੰਗਿਆ ਹੋਇਆ

ਸੁਪੇਦੀ	**ਸਤੁ** *(ਸਤ)*	**ਦਾਨੁ** *(ਦਾਨ)* ॥
ਚਿੱਟੀ(ਪੁਸ਼ਾਕ)	ਸ੍ਰੇਸ਼ਟ	ਖ਼ੈਰਾਤ, ਤਰਸ ਕਰਕੇ ਦਿੱਤੀ ਵਸਤੂ

...(ਪ੍ਰਭੂ-ਨਾਮ ਵਿਚ) ਰੰਗਿਆ ਹੋਇਆ ਮਨ (ਸਮਝੋ) ਲਾਲ ਰੰਗ ਦੀ ਪੁਸ਼ਾਕ (ਪਹਿਨੀ ਹੋਈ ਹੈ, ਅਤੇ ਕੀਤਾ ਹੋਇਆ) ਸ੍ਰੇਸ਼ਟ ਦਾਨ ਪੁੰਨ (ਮਾਨੋਂ) ਸਫ਼ੈਦ ਪੁਸ਼ਾਕ (ਪਹਿਨੀ ਹੋਈ ਹੈ।)...

ਨੀਲੀ,	**ਸਿਆਹੀ**	**ਕਦਾ**	**ਕਰਣੀ,**
ਨੀਲੇ ਰੰਗ ਦੀ	ਕਾਲਖ਼	ਕੱਟਣੀ, ਹਟਾਉਣੀ	ਦੇਣੀ

ਪਹਿਰਣੁ *(ਪਹਿਰਣ)*	**ਪੈਰ**	**ਧਿਆਨੁ** *(ਧਿਆਨ)* ॥
ਜਾਮਾ, ਚੋਲਾ	ਚਰਨਾਂ ਦਾ	ਖਿਆਲ

....(ਮਨ ਦੇ ਵਿਕਾਰਾਂ ਦੀ) ਕਾਲਖ਼ ਕੱਟ ਦੇਣੀ (ਇਹ ਸਮਝੋ) ਨੀਲੇ ਰੰਗ ਦੀ ਪੁਸ਼ਾਕ (ਪਹਿਨੀ ਹੈ), ਅਤੇ (ਪ੍ਰਭੂ) ਚਰਨਾਂ ਦਾ ਧਿਆਨ (ਧਰਨਾ, ਮਾਨੋਂ ਸੁੰਦਰ) ਚੋਲਾ (ਪਹਿਨਿਆ ਹੋਇਆ ਹੈ)...

ਕਮਰਬੰਦੁ *(ਕਮਰਬੰਦ)*	**ਸੰਤੋਖ**	**ਕਾ,**
ਕਮਰਕੱਸਾ, ਲੱਕ ਨੂੰ ਬੰਨ੍ਹਣ ਵਾਲਾ ਪੇਟੀ ਵਰਗਾ ਪਟਕਾ	ਸਬਰ, ਲੋਭ ਦਾ ਤਿਆਗ	ਦਾ

ਧਨੁ *(ਧਨ)*	**ਜੋਬਨੁ** *(ਜੋਬਨ)*	**ਤੇਰਾ**	**ਨਾਮੁ** *(ਨਾਮ)* ॥੨॥
ਦੌਲਤ	ਜੁਆਨੀ	ਤੁਹਾਡਾ	ਨਾਮ ਸਿਮਰਨ, ਬੰਦਗੀ

...ਸੰਤੋਖ ਨੂੰ ਕਮਰਕੱਸਾ ਬਣਾਇਆ ਹੈ, ਅਤੇ (ਪ੍ਰਭੂ ਜੀ!) ਤੇਰੀ ਬੰਦਗੀ ਨੂੰ ਦੌਲਤ ਅਤੇ ਜੁਆਨੀ (ਸਮਝਿਆ ਹੈ।)...

ਬਾਬਾ,	**ਹੋਰੁ** *(ਹੋਰ)*	**ਪੈਨਣੁ** *(ਪੈਨ੍ਹਣ)*	**ਖੁਸੀ** *(ਖੁਸ਼ੀ)*	**ਖੁਆਰੁ** *(ਖੁਆਰ)* ॥
ਹੇ! ਭਾਈ	ਹੋਰ, ਇਲਾਵਾ	ਪਹਿਨਣ	ਖੁਸ਼ੀ, ਪ੍ਰਸੰਨਤਾ	ਖੱਜਲ, ਪ੍ਰੇਸ਼ਾਨ

...(ਹੇ! ਭਾਈ ਉਪਰੋਕਤ ਬਿਆਨ ਕੀਤੇ ਹੋਏ ਪਹਿਰਾਵੇ) ਪਹਿਨਣ ਤੋਂ ਇਲਾਵਾ ਹੋਰ ਪਹਿਨਣ ਦੀ ਖੁਸ਼ੀ (ਜੀਵ ਨੂੰ) ਖੱਜਲ ਖੁਆਰ ਕਰਨ ਵਾਲੀ ਹੈ।...

ਅੰਕ ੧੯

ਜਿਤੁ *(ਜਿਤ)*	ਪੈਧੈ,	ਤਨੁ *(ਤਨ)*	ਪੀੜੀਐ,	
ਜਿਨ੍ਹਾਂ ਨੂੰ	ਪਹਿਨਣ ਨਾਲ	ਸਰੀਰ	ਪੀੜਤ ਹੋ ਜਾਂਦਾ ਹੈ, ਰੋਗੀ ਹੋ ਜਾਂਦਾ ਹੈ	

ਮਨ	ਮਹਿ *(ਮਹਿਂ)*	ਚਲਹਿ *(ਚਲਹਿਂ)*	ਵਿਕਾਰ ॥੧॥	ਰਹਾਉ ॥
ਚਿੱਤ	ਵਿਚ	ਚਲ ਪੈਂਦੇ ਹਨ	ਮਾੜੇ ਵਿਚਾਰ, ਮੰਦ ਭਾਵਨਾ	ਠਹਿਰਾਉ

...(ਕਿਉਂਕਿ ਪ੍ਰਭੂ-ਬੰਦਗੀ ਤੋਂ ਬਿਨਾਂ ਸੰਸਾਰਿਕ ਖੁਸ਼ੀਆਂ ਦੇਣ ਵਾਲੇ ਪਹਿਨਣ, ਜਿਨ੍ਹਾ ਨੂੰ ਪਾਣ ਨਾਲ (ਮਨੁੱਖੀ) ਸਰੀਰ ਵੀ ਰੋਗੀ ਹੋ ਜਾਂਦਾ ਹੈ ਅਤੇ ਮਨ ਵਿਚ ਵਿਕਾਰ ਚਲਣ ਲਗ ਪੈਂਦੇ ਹਨ।(ਭਾਵ ਮਨ ਤੇ ਸਰੀਰ ਦੋਨੋਂ ਹੀ ਮਲੀਨ ਹੋ ਜਾਂਦੇ ਹਨ।)...

ਘੋੜੇ	ਪਾਖਰ,
ਇਕ ਚੌਪਾਇਆ ਜਾਨਵਰ ਜੋ ਸਵਾਰੀ ਲਈ ਵਰਤਿਆ ਜਾਂਦਾ ਹੈ	ਘੋੜੇ ਦੇ ਸਰੀਰ ਨੂੰ ਬਚਾਉਣ ਲਈ ਲੋਹੇ ਦਾ ਝੋਲ, ਕਾਠੀ

ਸੁਇਨੇ	ਸਾਖਤਿ, *(ਸਾਖਤ)*
ਸੋਨੇ ਦੀ	ਦੁਮਚੀ, ਘੋੜੇ ਦੀ ਸਜਾਵਟ ਦਾ ਇਕ ਸਮਾਨ ਜੋ ਪਿਛੇ ਦੁਮ (ਪੂੰਛ) ਤਕ ਜਾਂਦਾ ਹੈ।

ਬੂਝਣੁ *(ਬੂਝਣ)*	ਤੇਰੀ	ਵਾਟ ॥
ਬੁਝਣਾ, ਸਮਝ ਲੈਣਾ	ਤੁਹਾਡੀ	ਰਸਤਾ, ਰਾਹ

...ਤੈਨੂੰ ਸਮਝਣ ਦੀ ਜੀਵਨ-ਜਾਚ ਵਾਲਾ ਰਸਤਾ ਹੀ ਮੇਰੇ ਲਈ ਕਾਠੀ, ਦੁਮਚੀ ਆਦਿ ਸਾਜਾਂ ਨਾਲ ਸਜੇ ਸੰਵਾਰੇ ਸੁੰਦਰ ਘੋੜੇ ਦੀ ਸਵਾਰੀ ਬਰਾਬਰ ਹੈ।...

ਤਰਕਸ *(ਤਰਕਸ਼)*	ਤੀਰ
ਤੀਰ-ਕੋਸ਼, ਤੀਰਾਂ ਦਾ ਭੱਥਾ	ਬਾਣ, ਕਮਾਣ ਵਿਚ ਰੱਖਕੇ ਚਲਾਣ ਵਾਲਾ ਨੋਕਦਾਰ ਹਥਿਆਰ

ਕਮਾਣ	ਸਾਂਗ,
ਧਨੁਸ਼	ਬਰਛੀ

ਤੇਗਬੰਦ	ਗੁਣ	ਧਾਤੁ *(ਧਾਤ)* ॥
ਤਲਵਾਰ ਦਾ ਗਾਤਰਾ ਮੁਰਾਦ ਹੈ ਤੇਗ਼ ਸਮੇਤ ਗਾਤਰਾ	ਚੰਗਿਆਈਆਂ	ਦੌੜਨਾ, ਧਾਈ

...ਸ਼ੁਭ ਗੁਣਾਂ ਵਲ ਨੂੰ ਧਾਉਣਾ ਹੀ ਮੇਰੇ ਤੇਗਬੰਦ, ਤਰਕਸ਼, ਤੀਰ, ਕਮਾਣ ਅਤੇ ਬਰਛੀ ਆਦਿ ਹਨ। (ਭਾਵ ਪਰਮਾਤਮ-ਗੁਣਾਂ ਦੀ ਕਮਾਈ ਅਥਵਾ ਹਰੀ-ਗੁਣਾਂ ਵਿਚ ਪ੍ਰਵਿਰਤ ਹੋਣਾ ਹੀ ਮੇਰੇ ਅਸਤਰ-ਸ਼ਸਤਰ ਹਨ)...

ਅੰਕ ੧੬-੧੭

ਵਾਜਾ	ਨੇਜਾ, *(ਨੇਜ਼ਾ)*
ਧੌਂਸਾ, ਵੱਡਾ ਨਗਾਰਾ	ਇਕ ਲੰਮਾ ਨੋਕਦਾਰ ਸ਼ਸਤਰ ਜਿਸ ਨਾਲ ਘੋੜੇ ਤੇ ਸਵਾਰ ਹੋ ਕੇ ਯੁੱਧ ਕਰੀਦਾ ਹੈ।

ਪਤਿ *(ਪਤ)*	ਸਿਉ *(ਸਿਉਂ)*	ਪਰਗਟੁ, *(ਪਰਗਟ)*
ਇੱਜ਼ਤ, ਪ੍ਰਤਿਸ਼ਠਾ	ਨਾਲ	ਪਰਤੱਖ, ਸਨਮੁੱਖ

ਕਰਮੁ *(ਕਰਮ)*	ਤੇਰਾ,	ਮੇਰੀ	ਜਾਤਿ *(ਜਾਤ)*॥੩॥
ਮਿਹਰ, ਨਦਰ	ਤੇਰੀ	ਆਪਣੀ	ਕੁਲ, ਵੰਸ਼

...(ਪ੍ਰਭੂ ਦਰ ਤੇ) ਇੱਜ਼ਤ ਮਾਣ ਨਾਲ (ਪ੍ਰਭੂ ਦੇ) ਸਨਮੁਖ ਹੋਣਾ ਹੀ ਮੇਰੇ ਧੌਂਸੇ ਅਤੇ ਨੇਜੇ ਹਨ। (ਹੇ! ਪ੍ਰਭੂ!) ਤੇਰੀ ਬਖਸ਼ਿਸ਼ ਹੀ ਮੇਰੀ (ਵੱਡੀ) ਕੁਲ ਹੈ।...

ਬਾਬਾ,	ਹੋਰੁ *(ਹੋਰ)*	ਚੜਣਾ *(ਚੜ੍ਹਣਾ)*	ਖੁਸੀ *(ਖੁਸ਼ੀ)*	ਖੁਆਰੁ *(ਖੁਆਰ)* ॥
ਹੇ! ਬਾਬਾ!	ਹੋਰ, ਇਲਾਵਾ	ਸਵਾਰੀ ਕਰਨੀ	ਖੁਸ਼ੀ, ਪ੍ਰਸੰਨਤਾ	ਖੱਜਲ, ਪ੍ਰੇਸ਼ਾਨ

...ਹੇ! ਭਾਈ! (ਪ੍ਰਭੂ ਨਾਮ ਤੋਂ) ਬਿਨਾਂ ਹੋਰ ਸਵਾਰੀ ਆਦਿਕ ਦੀ ਖੁਸ਼ੀ (ਜੀਵ ਨੂੰ) ਖੱਜਲ ਖੁਆਰ ਕਰਨ ਵਾਲੀ ਹੈ...

ਜਿਤੁ *(ਜਿਤ)*	ਚੜਿਐ, *(ਚੜ੍ਹਿਐ)*	ਤਨੁ *(ਤਨ)*	ਪੀੜੀਐ,
ਜਿਨ੍ਹਾਂ ਤੇ	ਚੜ੍ਹਨ ਨਾਲ	ਸਰੀਰ	ਪੀੜਤ ਹੋ ਜਾਂਦਾ ਹੈ, ਰੋਗੀ ਹੋ ਜਾਂਦਾ ਹੈ

ਮਨ	ਮਹਿ *(ਮਹਿਂ)*	ਚਲਹਿ *(ਚਲਹਿਂ)*	ਵਿਕਾਰ ॥੧॥	ਰਹਾਉ ॥
ਚਿੱਤ	ਵਿਚ	ਚਲ ਪੈਂਦੇ ਹਨ	ਮਾੜੇ ਵਿਚਾਰ, ਮੰਦ ਭਾਵਨਾ	ਠਹਿਰਾਉ

...(ਕਿਉਂਕਿ ਪ੍ਰਭੂ ਦੀ ਸਨਮੁੱਖਤਾ ਅਤੇ ਉਸਦੀ ਬਖਸ਼ਿਸ਼ ਤੋਂ ਬਿਨਾਂ ਸੰਸਾਰਿਕ ਖੁਸ਼ੀਆਂ ਦੇਣ ਵਾਲੀਆਂ) ਸਵਾਰੀਆਂ ਦੇ ਕਰਨ ਨਾਲ (ਮਨੁੱਖੀ) ਸਰੀਰ ਵੀ ਰੋਗੀ ਹੋ ਜਾਂਦਾ ਹੈ, ਅਤੇ ਮਨ ਵਿਚ ਵਿਕਾਰ ਚਲਣ ਲਗ ਪੈਂਦੇ ਹਨ।(ਭਾਵ ਮਨ ਤੇ ਸਰੀਰ ਦੋਨੋਂ ਹੀ ਮਲੀਨ ਹੋ ਜਾਂਦੇ ਹਨ।)...

ਘਰ	ਮੰਦਰ	ਖੁਸੀ *(ਖੁਸ਼ੀ)*	ਨਾਮ	ਕੀ,
ਗ੍ਰਹਿ, ਨਿਵਾਸ ਅਸਥਾਨ	ਸੁੰਦਰ ਘਰ ਖੁਸ਼ੀ	ਬੰਦਗੀ,	ਨਾਮ ਸਿਮਰਨ	ਦੀ

ਨਦਰਿ *(ਨਦਰ)*	ਤੇਰੀ	ਪਰਵਾਰੁ *(ਪਰਵਾਰ)* ॥
ਕ੍ਰਿਪਾ ਦ੍ਰਿਸ਼ਟੀ	ਤੁਹਾਡੀ	ਪਰਿਵਾਰ, ਟੱਬਰ

...(ਪ੍ਰਭੂ) ਬੰਦਗੀ ਦੀ ਪ੍ਰਸੰਨਤਾ ਹੀ ਮੇਰੇ ਮਹਿਲ-ਮਾੜੀਆਂ ਹਨ ਅਤੇ (ਸਾਹਿਬ ਜੀ) ਤੇਰੀ ਕ੍ਰਿਪਾ ਦ੍ਰਿਸ਼ਟੀ ਹੀ ਮੇਰਾ ਪਰਿਵਾਰ ਹੈ।...

ਅੰਕ ੧੭

ਹੁਕਮੁ *(ਹੁਕਮ)*	**ਸੋਈ,**	**ਤੁਧੁ** *(ਤੁਧ)*	**ਭਾਵਸੀ,**
ਫੁਰਮਾਨ	ਉਹੀ	ਤੈਨੂੰ	ਚੰਗਾ ਲਗਦਾ ਹੈ

ਹੋਰੁ *(ਹੋਰ)*	**ਆਖਣੁ,** *(ਆਖਣ)*	**ਬਹੁਤੁ** *(ਬਹੁਤ)*	**ਅਪਾਰੁ** *(ਅਪਾਰ)* ॥
ਹੋਰ, ਇਲਾਵਾ	ਕਥਨ	ਜ਼ਿਆਦਾ	ਬੇਅੰਤ

...(ਹੇ! ਪ੍ਰਭੂ! ਜੋ) ਤੈਨੂੰ ਚੰਗਾ ਲਗਦਾ ਹੈ, ਉਹੀ ਮੇਰੇ ਲਈ (ਇਲਾਹੀ) ਫੁਰਮਾਨ ਹੈ। (ਸੋ ਇਤਨੀ) ਵਿਆਖਿਆ ਤੋਂ ਇਲਾਵਾ ਵੀ ਕਹਿਣ ਲਈ ਹੋਰ) ਬਹੁਤ ਅਤੇ ਬੇਅੰਤ ਹੈ।...

ਨਾਨਕ,	**ਸਚਾ**	**ਪਾਤਿਸਾਹੁ,** *(ਪਾਤਸ਼ਾਹ)*
ਹੇ! ਨਾਨਕ!	ਸਦਾ ਸਥਿਰ	ਤਖ਼ਤ ਦਾ ਮਾਲਕ, ਬਾਦਸ਼ਾਹ

ਪੁਛਿ *(ਪੁਛ)*	**ਨ** *(ਨਾਂ)*	**ਕਰੇ**	**ਬੀਚਾਰੁ** *(ਬੀਚਾਰ)*॥੪॥
ਪੁੱਛਕੇ	ਨਹੀਂ	ਕਰਦਾ	ਵਿਚਾਰ, ਫੈਸਲਾ

...ਹੇ! ਨਾਨਕ! ਉਹ ਸਦਾ-ਸਥਿਰ ਪਾਤਸ਼ਾਹ ਹੈ, ਅਤੇ (ਕਿਸੇ ਹੋਰ ਨੂੰ) ਪੁੱਛਕੇ, ਵਿਚਾਰ ਭਾਵ ਫੈਸਲੇ ਨਹੀਂ ਕਰਦਾ।...

ਬਾਬਾ,	**ਹੋਰੁ** *(ਹੋਰ)*	**ਸਉਣਾ**	**ਖੁਸੀ** *(ਖੁਸ਼ੀ)*	**ਖੁਆਰੁ** *(ਖੁਆਰ)*॥
ਹੇ! ਬਾਬਾ!	ਹੋਰ, ਇਲਾਵਾ	ਨੀਂਦ ਲੈਣੀ	ਖੁਸ਼ੀ, ਪ੍ਰਸੰਨਤਾ	ਖੱਜਲ, ਪ੍ਰੇਸ਼ਾਨ

...ਹੇ! ਭਾਈ! (ਪ੍ਰਭੂ ਬੰਦਗੀ ਦੀ ਖੁਸ਼ੀ ਤੋਂ) ਬਿਨਾਂ ਹੋਰ (ਵਿਕਾਰਾਂ ਵਾਲੇ) ਸੌਣ ਆਦਿਕ ਦੀ ਖੁਸ਼ੀ (ਜੀਵ ਨੂੰ) ਖੱਜਲ ਖੁਆਰ ਕਰਨ ਵਾਲੀ ਹੈ...

ਜਿਤੁ *(ਜਿਤ)*	**ਸੁਤੈ,**	**ਤਨੁ** *(ਤਨ)*	**ਪੀੜੀਐ,**
ਜਿਹੜੇ	ਸੌਣ ਨਾਲ, ਨੀਂਦਰ ਲੈਣ ਨਾਲ	ਸਰੀਰ	ਪੀੜਤ ਹੋ ਜਾਂਦਾ ਹੈ, ਰੋਗੀ ਹੋ ਜਾਂਦਾ ਹੈ

ਮਨ	**ਮਹਿ** *(ਮਹਿਂ)*	**ਚਲਹਿ** *(ਚਲਹਿਂ)*	**ਵਿਕਾਰ** ॥੧॥	**ਰਹਾਉ** ॥੪॥੭॥
ਚਿੱਤ	ਵਿਚ	ਚਲ ਪੈਂਦੇ ਹਨ	ਮਾੜੇ ਵਿਚਾਰ, ਮੰਦ ਭਾਵਨਾ	ਠਹਿਰਾਉ

...(ਕਿਉਂਕਿ ਪ੍ਰਭੂ-ਬੰਦਗੀ ਦੀ ਖੁਸ਼ੀ ਤੋਂ ਬਿਨਾਂ, ਸੰਸਾਰਿਕ ਐਸ਼ੋ ਇਸ਼ਰਤ ਦੀਆਂ ਖੁਸ਼ੀਆਂ ਦੇਣ ਵਾਲੀਆਂ) ਨੀਂਦਰਾਂ ਦੇ ਲੈਣ ਨਾਲ (ਮਨੁੱਖੀ) ਸਰੀਰ ਵੀ ਰੋਗੀ ਹੋ ਜਾਂਦਾ ਹੈ, ਅਤੇ ਮਨ ਵਿਚ ਵਿਕਾਰ ਚਲਣ ਲਗ ਪੈਂਦੇ ਹਨ। (ਭਾਵ ਮਨ ਤੇ ਸਰੀਰ ਦੋਨੋਂ ਹੀ ਮਲੀਨ ਹੋ ਜਾਂਦੇ ਹਨ।)

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)*॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਅੰਕ ੧੭

ਕੁੰਗੂ	ਕੀ	ਕਾਂਇਆ, *(ਕਾਇਆਂ)*	
ਘੋਲਿਆ ਹੋਇਆ ਕੇਸਰ	ਦੀ	ਕਾਇਆਂ, ਦੇਹ	
ਰਤਨਾ	ਕੀ	ਲਲਿਤਾ,	
ਕੀਮਤੀ ਪੱਥਰ	ਦੀ	ਸੁੰਦਰਤਾ, ਖੂਬਸੂਰਤੀ	
ਅਗਰਿ *(ਅਗਰ)*	ਵਾਸੁ *(ਵਾਸ)*	ਤਨਿ *(ਤਨ)*	ਸਾਸੁ *(ਸਾਸ)* ॥
ਖੁਸ਼ਬੂਦਾਰ ਪਦਾਰਥ	ਖੁਸ਼ਬੂ	ਸਰੀਰ ਵਿਚੋਂ	ਸੁਆਸ

...(ਮਨੁੱਖ) ਦੀ ਦੇਹ ਕੇਸਰ ਦੀ, ਭਾਵ ਕੇਸਰ ਵਰਗੀ ਮਹਿਕਦਾਰ ਹੋ ਜਾਵੇ, ਰਤਨਾਂ ਦੀ ਸੁੰਦਰਤਾ ਵਰਗੀ ਉਸਦੀ ਖੂਬਸੂਰਤੀ ਹੋ ਜਾਵੇ, ਤਨ ਵਿਚੋਂ ਜੋ ਸੁਆਸ ਆਉਂਦੇ ਹਨ, ਉਹ ਅਗਰ ਦੀ ਸੁਗੰਧੀ ਵਰਗੇ ਖੁਸ਼ਬੂਦਾਰ ਹੋ ਜਾਣ...

ਅਠਸਠਿ *(ਅਠਸਠ)*	ਤੀਰਥ	ਕਾ	ਮੁਖਿ *(ਮੁਖ)*	ਟਿਕਾ, *(ਟਿੱਕਾ)*
੮+੬੦=ਅਠਾਹਠ	ਧਰਮ ਨਾਲ ਸੰਬੰਧਿਤ ਪਵਿੱਤਰ ਸਥਾਨ	ਦਾ	ਮੁੱਖ ਤੇ	ਤਿਲਕ

ਤਿਤੁ *(ਤਿਤ)*	ਘਟਿ *(ਘਟ)*	ਮਤਿ *(ਮਤ)*	ਵਿਗਾਸੁ *(ਵਿਗਾਸ)* ॥
ਉਸ	ਸਰੀਰ	ਬੁੱਧੀ	ਖੇੜਾ, ਪ੍ਰਕਾਸ਼

...(ਉਸਦੇ) ਮਸਤਕ ਤੇ ਅਠਾਹਠ ਤੀਰਥਾਂ ਦੀ ਯਾਤਰਾ ਦਾ ਤਿਲਕ ਹੋਵੇ, (ਭਾਵ ਉਸਦਾ ਹਿਰਦਾ ਧਰਮ ਅਸਥਾਨਾਂ ਦੀ ਅਧਿਆਤਮਕਤਾ ਨਾਲ ਪਵਿੱਤਰ ਹੋਇਆ ਹੋਵੇ)। ਇਹੋ ਜਿਹੇ ਸਰੀਰ ਵਿਚ (ਪਰਮਾਤਮ ਚਾਨਣ ਨਾਲ) ਬੁੱਧ ਪ੍ਰਕਾਸ਼ਮਾਨ ਹੁੰਦੀ ਹੈ।...

ਓਤੁ *(ਓਤ)*	ਮਤੀ	ਸਾਲਾਹਣਾ,
ਉਸ	(ਪ੍ਰਕਾਸ਼ਵਾਨ) ਮੱਤ ਦੁਆਰਾ	ਸਿਫ਼ਤ ਸਲਾਹ ਕਰਨੀ

ਸਚੁ *(ਸੱਚ)*	ਨਾਮੁ *(ਨਾਮ)*	ਗੁਣਤਾਸੁ *(ਗੁਣਤਾਸ)* ॥੧॥
ਸਦਾ ਸੱਤ	ਪ੍ਰਭੂ	ਗੁਣਨਿਧ, ਗੁਣਾਂ ਦੇ ਭੰਡਾਰ

...(ਐਸੀ ਪ੍ਰਕਾਸ਼ਵਾਨ) ਬੁੱਧੀ ਦੁਆਰਾ ਹੀ, ਗੁਣਾਂ ਦੇ ਭੰਡਾਰ, ਸਦਾ-ਸੱਤ ਪ੍ਰਭੂ ਦੀ ਸਿਫ਼ਤ ਸਲਾਹ ਕੀਤੀ ਜਾ ਸਕਦੀ ਹੈ।...

ਬਾਬਾ,	ਹੋਰ	ਮਤਿ *(ਮਤ)*	ਹੋਰ ਹੋਰ ॥
ਹੇ ! ਬਾਬਾ !	ਬਿਨਾਂ,ਇਲਾਵਾ	ਬੁੱਧੀ	ਕੋਈ ਦੂਸਰੀ/ਵੱਖਰੀ ਤਰ੍ਹਾਂ ਦੀ

...ਹੇ! ਭਾਈ (ਸਚੁ ਨਾਮੁ ਸਲਾਹਣਾ ਤੋਂ) ਬਿਨਾਂ ਬੁੱਧੀ ਹੋਰ ਹੋਰ ਤਰ੍ਹਾਂ ਦੀ (ਭਾਵ ਵਿਕਾਰਾਂ ਆਦਿ ਵਾਲੀ ਹੋ ਜਾਂਦੀ ਹੈ।)...

ਅੰਕ ੧੭

ਜੇ	ਸਉ	ਵੇਰ	ਕਮਾਈਐ,
ਜੇਕਰ	ਸੌ	ਵਾਰੀ	ਕਮਾਈ ਕਰੀਏ, ਉੱਦਮ ਕਰੀਏ

ਕੂੜੈ	ਕੂੜਾ	ਜੋਰੁ *(ਜ਼ੋਰ)*॥੧॥	ਰਹਾਉ ॥
ਝੂਠੇ, ਜੁਠ ਵਿਚ ਰੁਝੇ	ਝੂਠਾ, ਜੋ ਸਥਿਰ ਨਹੀਂ	ਬਲ	ਠਹਿਰਾਉ

...(ਇਹੋ ਜਿਹੀ ਵਿਕਾਰਾਂ ਵਾਲੀ ਬੁੱਧੀ ਨਾਲ ਭਾਵੇਂ) ਸੌ ਵਾਰ ਵੀ ਕੋਈ ਉੱਦਮ ਕਰੇ, ਤਾਂ ਵੀ ਉਸ ਕੂੜੇ ਦਾ ਜ਼ੋਰ ਵਾਲਾ (ਉੱਦਮ) ਕੂੜਾ, ਭਾਵ ਝੂਠਾ ਹੀ ਹੋਵੇਗਾ।...

ਪੂਜ	ਲਗੈ,	ਪੀਰੁ *(ਪੀਰ)*	ਆਖੀਐ,
ਪੂਜਾ	ਲਗੇ ਹੋਣ	ਧਾਰਮਿਕ ਆਗੂ	ਆਖਣ ਲਗ ਜਾਣ, ਮੰਨਣ ਲਗ ਜਾਣ

ਸਭੁ *(ਸਭ)*	ਮਿਲੈ	ਸੰਸਾਰੁ *(ਸੰਸਾਰ)* ॥
ਸਾਰਾ	ਰਲਕੇ	ਜਗਤ

...(ਜੇ ਕਿਸੇ ਮਨੁੱਖ ਨੂੰ) ਸਾਰਾ ਸੰਸਾਰ ਰਲਕੇ ਪੀਰ ਮੰਨਣ ਲਗ ਪਵੇ, ਅਤੇ (ਉਸਦੀ) ਪੂਜਾ ਹੋਣ ਲਗ ਪਵੇ...

ਨਾਉ *(ਨਾਉਂ)*	ਸਦਾਏ	ਆਪਣਾ,
ਨਾਮ	ਅਖਵਾਏ	ਆਪਣੇ ਆਪ ਦਾ

ਹੋਵੈ	ਸਿਧੁ *(ਸਿਧ)*	ਸੁਮਾਰੁ *(ਸ਼ੁਮਾਰ)*॥
ਹੁੰਦੀ ਹੈ	ਕਰਾਮਾਤੀ ਸ਼ਕਤੀਆਂ ਦਾ ਮਾਲਕ ਵੱਡਾ ਜੋਗੀ	ਸ਼ੁਮਾਰ, ਗਿਣਤੀ

...(ਉਹ) ਵੱਡਾ ਕਰਾਮਾਤੀ ਜੋਗੀ ਹੋ ਜਾਵੇ, ਅਤੇ ਆਪਣਾ ਨਾਮ ਵੀ ਸਦਵਾਉਣ ਲਗ ਪਵੇ (ਭਾਵ ਉਸਦਾ ਨਾਮਣਾ ਹੋ ਜਾਵੇ)...

ਜਾ *(ਜਾਂ)*	ਪਤਿ *(ਪਤ)*	ਲੇਖੈ	ਨਾ *(ਨਾਂ)*	ਪਵੈ,
ਜੇਕਰ	ਇੱਜ਼ਤ, ਪ੍ਰਤਿਸ਼ਠਾ	ਹਿਸਾਬ ਕਿਤਾਬ ਵੇਲੇ	ਨਹੀਂ	ਪ੍ਰਾਪਤ ਹੁੰਦੀ, ਮਿਲਦੀ

ਸਭਾ	ਪੂਜ	ਖੁਆਰੁ *(ਖੁਆਰ)* ॥੨॥
ਸਾਰੀ	ਪੂਜਾ ਮਾਨਤਾ	ਖੁਅਰ/ਲੱਜਿਤ ਕਰਦੀ ਹੈ

...(ਪ੍ਰੰਤੂ) ਜੇਕਰ (ਪ੍ਰਭੂ ਦਰਗਾਹ ਤੇ) ਹਿਸਾਬ ਕਿਤਾਬ (ਕਰਨ) ਵੇਲੇ ਇੱਜ਼ਤ/ਪ੍ਰਤਿਸ਼ਠਾ ਨਹੀਂ ਮਿਲਦੀ, ਤਾਂ (ਜਗਤ ਦੀ) ਸਾਰੀ ਪੂਜਾ ਮਾਨਤਾ ਖੁਆਰ/ਲੱਜਿਤ ਕਰਦੀ ਹੈ।...

ਅੰਕ ੧੭

ਜਿਨ *(ਜਿਨ੍ਹ)*	ਕਉ,	ਸਤਿਗੁਰਿ *(ਸਤਿਗੁਰ)*		ਥਾਪਿਆ,
ਜਿਨ੍ਹਾਂ	ਨੂੰ	ਸਤਿਗੁਰ ਨੇ,ਅਕਾਲ ਪਰਖ ਨੇ		ਸਥਾਪਿਤ ਕੀਤਾ
ਤਿਨ *(ਤਿਨ੍ਹ)*	ਮੇਟਿ *(ਮੇਟ)*	ਨ *(ਨਾਂ)*	ਸਕੈ	ਕੋਇ ॥
ਤਿਨ੍ਹਾਂ ਨੂੰ	ਮਿਟਾ	ਨਹੀਂ	ਸਕਦਾ	ਕੋਈ (ਵੀ)

...ਜਿਨ੍ਹਾਂ ਨੂੰ ਸਤਿਗੁਰੂ (ਅਕਾਲ-ਪੁਰਖ) ਨੇ (ਸੰਸਾਰ ਵਿਚ ਨਾਮ ਦਾਨ ਬਖਸ਼ ਕੇ) ਸਥਾਪਿਤ ਕੀਤਾ ਹੈ ਤਿਨ੍ਹਾਂ ਦੀ (ਮਾਣ ਵਡਿਆਈ ਨੂੰ) ਕੋਈ ਵੀ ਮਿਟਾ ਨਹੀਂ ਸਕਦਾ...

ਓਨਾ *(ਓਨ੍ਹਾਂ)*	ਅੰਦਰਿ, *(ਅੰਦਰ)*	ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਹੈ,
ਉਨ੍ਹਾਂ ਦੇ	(ਹਿਰਦੇ) ਵਿਚ	ਨਾਮ/ਬੰਦਗੀ	ਖ਼ਜ਼ਾਨਾ	ਹੋਣ ਦੀ ਕ੍ਰਿਆ

ਨਾਮੋ	ਪਰਗਟੁ *(ਪਰਗਟ)*	ਹੋਇ॥
ਨਾਮ/ਬੰਦਗੀ ਰਾਹੀਂ	ਉੱਘੇ ਪ੍ਰਸਿੱਧ	ਹੁੰਦੇ

...(ਅਜਿਹੇ ਸਥਾਪਤ) ਪੁਰਖ-ਜਨਾਂ ਦੇ ਹਿਰਦੇ ਅੰਦਰ, ਨਾਮ-ਬੰਦਗੀ ਦਾ ਖ਼ਜ਼ਾਨਾ ਹੁੰਦਾ ਹੈ, ਅਤੇ ਇਸ ਨਾਮ ਬੰਦਗੀ (ਦੇ ਵਾਸੇ) ਕਰਕੇ ਹੀ ਉਹ (ਸੰਸਾਰ ਵਿਚ) ਪਰਗਟ ਹੁੰਦੇ ਹਨ।...

ਨਾਉ *(ਨਾਉਂ)*	ਪੂਜੀਐ,	ਨਾਉ *(ਨਾਉਂ)*	ਮੰਨੀਐ,
ਨਾਮ *(ਪ੍ਰਭੂ)*	ਪੂਜਨ ਕਰੀਏ	ਨਾਮ(ਪ੍ਰਭੂ)	ਮਨਨ/ਚਿੰਤਨ ਕਰੀਏ
ਅਖੰਡੁ *(ਅਖੰਡ)*	ਸਦਾ	ਸਚੁ *(ਸਚ)*	ਸੋਇ॥੩॥
ਇਕ ਰਸ	ਹਮੇਸ਼ਾਂ	ਸਦਾ ਸਥਿਰ	ਉਹ

...(ਇਸ ਕਰਕੇ ਹੇ ਭਾਈ! ਉਸ) ਪ੍ਰਭੂ ਦਾ ਹੀ ਪੂਜਨ ਕਰੀਏ, ਅਤੇ ਉਸਦਾ ਹੀ ਚਿੰਤਨ ਕਰੀਏ (ਕਿਉਂਕਿ ਉਹ) ਇਕ-ਰਸ ਅਤੇ ਸਦਾ-ਸਥਿਰ (ਪਰਮਾਤਮਾ ਹੈ।)

ਖੇਹੂ	ਖੇਹ	ਰਲਾਈਐ,
ਮਿੱਟੀ (ਦੇ ਬਣੇ ਸਰੀਰ ਨੂੰ)	ਮਿੱਟੀ ਵਿਚ	ਮਿਲਾ ਦੇਈਦਾ ਹੈ

ਤਾ *(ਤਾਂ)*	ਜੀਉ	ਕੇਹਾ	ਹੋਇ ॥
ਤਾਂ (ਫਿਰ)	ਜੀਵ (ਆਤਮਾ)	ਕਿਵੇਂ ਦਾ	ਹੁੰਦਾ ਹੈ

...(ਨਾਮ ਵਿਹੂਣੇ ਸਰੀਰ ਦੀ) ਮਿੱਟੀ ਨੂੰ ਜਦੋਂ ਮਿੱਟੀ ਵਿਚ ਮਿਲਾ ਦੇਈਦਾ ਹੈ ਤਾਂ (ਉਸ ਵੇਲੇ) ਜੀਵ (ਆਤਮਾ) ਦਾ ਕਿਵੇਂ ਦਾ ਹਾਲ ਹੁੰਦਾ ਹੈ? (ਭਾਵ ਬਹੁਤ ਮਾੜਾ)...

ਅੰਕ ੧੭

ਜਲੀਆ *(ਜਲੀਆਂ)*	**ਸਭਿ** *(ਸਭ)*	**ਸਿਆਣਪਾ,** *(ਸਿਆਣਪਾਂ)*	**ਉਠੀ ਚਲਿਆ**	**ਰੋਇ॥**
ਸੜ ਗਈਆਂ	ਸਾਰੀਆਂ	ਚਤੁਰਾਈਆਂ	ਉੱਠਕੇ ਤੁਰਦਾ, ਜਾਂਦਾ	ਰੋਂਦਾ ਹੋਇਆ

...(ਉਸਦੀਆਂ) ਸਾਰੀਆਂ ਚਤੁਰਾਈਆਂ ਸੜ ਜਾਂਦੀਆਂ ਹਨ ਅਤੇ (ਜਗਤ ਤੋਂ) ਰੋਂਦਾ ਹੋਇਆ ਉਠਕੇ ਜਾਂਦਾ ਹੈ।...

ਨਾਨਕ,	**ਨਾਮਿ** *(ਨਾਮ)*	**ਵਿਸਾਰਿਐ,**
ਹੇ! ਨਾਨਕ	ਨਾਮ/ਪ੍ਰਭੂ ਨੂੰ	ਵਿਸਾਰ ਕੇ, ਭੁਲਾ ਕੇ

ਦਰਿ *(ਦਰ)*	**ਗਇਆ** *(ਗਇਆਂ)*	**ਕਿਆ**	**ਹੋਇ॥੪॥੮॥**
(ਪ੍ਰਭੂ) ਦਰ ਤੇ	ਪਹੁੰਚਿਆਂ, ਪੁੱਜਿਆਂ	ਕੀ	ਹੋਏਗਾ (ਹੁੰਦਾ ਹੈ)

...ਹੇ! ਨਾਨਕ! ਪ੍ਰਭੂ ਨਾਮ ਨੂੰ ਵਿਸਾਰ ਕੇ (ਪਰਮਾਤਮ) ਦਰ ਤੇ ਪੁੱਜਿਆਂ ਕੀ ਹਾਲ ਹੁੰਦਾ ਹੈ? (ਭਾਵ ਨਾਮ ਵਿਹੂਣਿਆਂ ਦਾ ਬਹੁਤ ਮਾੜਾ ਹਾਲ ਹੁੰਦਾ ਹੈ)

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਗੁਣਵੰਤੀ,	**ਗੁਣ**	**ਵੀਥਰੈ,**
ਗੁਣਾਂ ਵਾਲੀ, ਖੂਬੀਆਂ ਵਾਲੀ	ਚੰਗਿਆਈਆਂ ਦਾ	ਵਿਸਥਾਰ ਕਰਦੀ

ਅਉਗੁਣਵੰਤੀ	**ਝੂਰਿ** *(ਝੂਰ)* **॥**
ਔਗਣਾਂ ਵਾਲੀ, ਗੁਣ ਵਿਹੂਣ	ਝੂਰਦੀ, ਪਛਤਾਉਂਦੀ

(ਪਰਮਾਤਮ) ਗੁਣਾਂ ਵਾਲੀ (ਜੀਵ ਇਸਤ੍ਰੀ, ਪਰਮਾਤਮ) ਚੰਗਿਆਈਆਂ ਦਾ ਵਿਸਥਾਰ ਕਰਦੀ ਹੈ, ਅਤੇ ਗੁਣ ਵਿਹੂਣ ਇਸਤ੍ਰੀ ਝੂਰਦੀ ਰਹਿੰਦੀ ਹੈ।...

ਜੇ	**ਲੋੜਹਿ** *(ਲੋੜਹਿਂ)*	**ਵਰੁ** *(ਵਰ)*	**ਕਾਮਣੀ,**
ਜੇਕਰ	ਲੋੜਦੀ, ਚਾਹੁੰਦੀ	ਪਤੀ	ਇਸਤ੍ਰੀ

ਨਹ *(ਨਹਿਂ)*	**ਮਿਲੀਐ**	**ਪਿਰ,**	**ਕੂਰਿ** *(ਕੂਰ)* **॥**
ਹੀਂ	ਮਿਲੀਦਾ	ਖਸਮ	ਕੂੜ ਨਾਲ, ਝੂਠ ਨਾਲ

...(ਹੇ! ਜੀਵ ਇਸਤ੍ਰੀ) ਜੇ ਤੂੰ ਪਤੀ (ਪਰਮੇਸ਼ਰ) ਨੂੰ (ਪਾਉਣਾ) ਚਾਹੁੰਦੀ ਹੈਂ, ਤਾਂ ਝੂਠ ਰਾਹੀਂ (ਪ੍ਰਭੂ) ਖ਼ਸਮ ਨੂੰ ਨਹੀਂ ਮਿਲ ਸਕੀਦਾ।...

ਅੰਕ ੧੭

ਨਾ *(ਨਾਂ)*	ਬੇੜੀ,	ਨਾ *(ਨਾਂ)*	ਤੁਲਹੜਾ,
ਨਾ ਹੀਂ	ਕਿਸ਼ਤੀ, ਨਾਵ	ਨਾ ਹੀਂ	ਨਦੀ ਪਾਰ ਕਰਨ ਲਈ ਰੱਸੀ ਨਾਲ ਬੰਨ੍ਹਿਆ ਇਕ ਪ੍ਰਕਾਰ ਦਾ ਕਾਠ ਦਾ ਬੇੜਾ

ਨਾ *(ਨਾਂ)*	ਪਾਈਐ	ਪਿਰੁ, *(ਪਿਰ)*	ਦੂਰਿ *(ਦੂਰ)* ॥੧॥
ਨਹੀਂ	ਪਾ ਸਕੀਦਾ	(ਪ੍ਰਭੂ)ਖਸਮ	ਦੂਰ

...(ਪ੍ਰਭੂ) ਖ਼ਸਮ (ਦਾ ਡੇਰਾ ਬਹੁਤ) ਦੂਰ ਹੈ, (ਭਵਜਲ ਪਾਰ ਕਰਨ ਲਈ ਕੋਲ) ਨਾ ਬੇੜੀ ਹੈ ਨਾ ਤੁਲਹਾ ਹੈ, (ਇਨ੍ਹਾਂ ਤੋਂ ਬਗੈਰ), ਪਿਰ ਨੂੰ ਨਹੀਂ ਪਾ ਸਕੀਦਾ।...

ਮੇਰੇ	ਠਾਕੁਰ	ਪੂਰੈ,	ਤਖਤਿ *(ਤਖ਼ਤ)*	ਅਡੋਲੁ *(ਅਡੋਲ)* ॥
ਆਪਣੇ	ਮਾਲਕ,ਸਵਾਮੀ	ਕਾਮਲ,ਪੂਰਨ	ਰਾਜ ਸਿੰਘਾਸਣ ਉਪਰ	ਜੋ ਨਾ ਡੋਲੇ, ਸਥਿਰ

...ਮੇਰਾ ਕਾਮਲ ਸਵਾਮੀ, ਆਪਣੇ ਅਡੋਲ ਤਖ਼ਤ ਉਪਰ (ਬਿਰਾਜਮਾਨ ਹੈ)...

ਗੁਰਮੁਖਿ *(ਗੁਰਮੁਖ)*	ਪੂਰਾ	ਜੇ	ਕਰੇ,
ਮੁੱਖੀ ਗੁਰੂ, ਵਾਹਿਗੁਰੂ, ਪ੍ਰਭੂ	ਸੰਪੂਰਨ	ਜੇਕਰ	ਕਰ ਦੇਵੇ

ਪਾਈਐ	ਸਾਚੁ *(ਸਾਚ)*	ਅਤੋਲੁ *(ਅਤੋਲ)*	॥੧॥ਰਹਾਉ ॥
ਪ੍ਰਾਪਤ ਕਰੀਦਾ ਹੈ	ਸੱਚਾ, ਸਦਾ ਸਥਿਰ	ਅਤੁੱਲ, ਨਾ ਤੋਲਿਆ ਜਾ ਸਕਣ ਵਾਲਾ	ਠਹਿਰਾਉ

...ਜੇਕਰ ਸੰਪੂਰਨ ਵਾਹਿਗੁਰੂ (ਕਿਰਪਾ) ਕਰ ਦੇਵੇ ਤਾਂ ਸਦਾ-ਸਥਿਰ, ਅਤੁੱਲ (ਪਰਮਾਤਮਾ ਨੂੰ) ਪ੍ਰਾਪਤ ਕਰ ਲਈਦਾ ਹੈ।...

ਪ੍ਰਭੁ *(ਪ੍ਰਭ)*	ਹਰਿਮੰਦਰੁ *(ਹਰਿਮੰਦਰ)*	ਸੋਹਣਾ,
ਪਰਮਾਤਮਾ	ਹਰੀ ਦਾ ਮੰਦਰ, ਹਰੀ ਦਾ ਮਹਿਲ	ਸੁੰਦਰ

ਤਿਸੁ *(ਤਿਸ)*	ਮਹਿ *(ਮਹਿਂ)*	ਮਾਣਕ ਲਾਲ ॥
ਉਸ	ਵਿਚ	ਕੀਮਤੀ ਪੱਥਰ

...(ਹੇ! ਭਾਈ! ਜਾਣੋ ਕਿ) ਪ੍ਰਭੂ ਇਕ ਸੁੰਦਰ ਹਰਿਮੰਦਰ ਹੈ, ਤੇ ਉਸ ਵਿਚ ਕੀਮਤੀ ਮਾਣਕ ਲਾਲ (ਭਰੇ ਪਏ ਹਨ)...

ਮੋਤੀ	ਹੀਰਾ	ਨਿਰਮਲਾ,
ਸਿੱਪੀ ਚੋਂ ਨਿਕਲਿਆ ਕੀਮਤੀ ਪਦਾਰਥ	ਕੀਮਤੀ ਪੱਥਰ	ਨਿਰਮਲ, ਚਮਕਦੇ

ਅੰਕ ੧੭

ਕੰਚਨ	ਕੋਟ	ਰੀਸਾਲ ॥
ਸੋਨੇ ਦਾ	ਕਿਲ੍ਹਾ, ਗੜ੍ਹ	ਰਸ ਵਾਲੇ, ਭਾਵ ਸੁੰਦਰ

...(ਉਸ ਹਰਿਮੰਦਰ ਦੁਆਲੇ) ਚਮਕਦੇ ਮੋਤੀ, ਹੀਰੇ ਅਤੇ ਸੋਨੇ ਦਾ ਸੁੰਦਰ ਕਿਲ੍ਹਾ (ਉਸਰਿਆ ਹੋਇਆ ਹੈ।)...

ਬਿਨੁ *(ਬਿਨ)*	ਪਉੜੀ,	ਗੜਿ *(ਗੜ੍ਹ)*	ਕਿਉ *(ਕਿਉਂ)*	ਚੜਉ, *(ਚੜ੍ਹਉਂ)*
ਬਗੈਰ	ਪੌੜੀ, ਸੀੜ੍ਹੀ	ਕਿਲ੍ਹੇ ਉੱਤੇ	ਕਿਵੇਂ	ਚੜ੍ਹਾਂ

ਗੁਰ	ਹਰਿ *(ਹਰ)*	ਧਿਆਨ	ਨਿਹਾਲ ॥੨॥
ਗੁਰੂ	ਪਰਮੇਸ਼ਰ	ਚਿੰਤਨ, ਸਿਮਰਨ	ਨਿਹਾਰ, ਦੇਖ ਲਏਂਗਾ

...ਪਉੜੀ ਤੋਂ ਬਗੈਰ (ਉਸ) ਕਿਲੇ ਵਿਚ ਕਿਵੇਂ ਚੜ੍ਹਾਂ? ਗੁਰ-ਪਰਮੇਸ਼ਰ ਦਾ ਧਿਆਨ (ਕਰ, ਇਸ ਚਿੰਤਨ ਰਾਹੀਂ ਸੁੰਦਰ ਹਰਿਮੰਦਰ ਦੇ) ਦਰਸ਼ਨ ਕਰ ਸਕੇਂਗਾ।...

ਗੁਰੁ *(ਗੁਰ)*	ਪਉੜੀ,	ਬੇੜੀ	ਗੁਰੂ,
ਪਰਮਾਤਮ ਗਿਆਨ ਦਾਤਾ	ਪੌੜੀ	ਕਿਸ਼ਤੀ	ਪਰਮਾਤਮ ਗਿਆਨ ਦਾਤਾ

ਗੁਰੁ *(ਗੁਰ)*	ਤੁਲਹਾ,	ਹਰਿ *(ਹਰ)*	ਨਾਉ *(ਨਾਉਂ)* ॥
ਪਰਮਾਤਮ ਗਿਆਨ ਦਾਤਾ	ਤੁਲ੍ਹਾ, ਕਾਠ ਦੀ ਬੇੜੀ	ਹਰੀ ਦਾ	ਨਾਮ, ਸਿਮਰਨ

...ਸਤਿਗੁਰੂ ਹੀ (ਹਰਿ ਕਿਲ੍ਹੇ ਤੇ ਚੜ੍ਹਣ ਲਈ) ਪੌੜੀ ਹੈ, ਸਤਿਗੁਰੂ ਹੀ (ਭਵਸਾਗਰ ਪਾਰਨ ਕਰਨ ਲਈ) ਬੇੜੀ ਹੈ, ਅਤੇ ਹਰਿ ਨਾਮ ਸਿਮਰਨ ਦੀ ਬਖਸ਼ਿਸ਼ ਕਰਨ ਵਾਲਾ ਸਤਿਗੁਰੂ ਹੀ, ਤੁਲ੍ਹਾ ਹੈ।...

ਗੁਰੁ *(ਗੁਰ)*	ਸਰੁ *(ਸਰ)*	ਸਾਗਰੁ *(ਸਾਗਰ)*	ਬੋਹਿਥੋ,
ਪਰਮਾਤਮ ਗਿਆਨ ਦਾਤਾ	ਸਰੋਵਰ	ਸਮੁੰਦਰ	ਜਹਾਜ਼

ਗੁਰੁ *(ਗੁਰ)*	ਤੀਰਥੁ *(ਤੀਰਥ)*	ਦਰੀਆਉ ॥
ਪਰਮਾਤਮ ਗਿਆਨ ਦਾਤਾ	ਧਾਰਮਿਕ ਅਸਥਾਨ	ਦਰਿਆ

...ਸਤਿਗੁਰੂ ਹੀ ਸਰੋਵਰ, ਸਮੁੰਦਰ ਅਤੇ (ਭਵਸਾਗਰ ਪਾਰ ਹੋਣ ਲਈ) ਜਹਾਜ਼ ਹੈ। ਸਤਿਗੁਰੂ ਹੀ ਧਾਰਮਿਕ ਅਸਥਾਨ ਅਤੇ ਦਰਿਆ ਹੈ।...

ਜੇ	ਤਿਸੁ *(ਤਿਸ)*	ਭਾਵੈ	ਊਜਲੀ,
ਜੇਕਰ	ਤਿਸ ਨੂੰ	ਚੰਗਾ ਲਗੇ ਉੱਜੁਲ,	ਪਵਿੱਤਰ

ਸਤ	ਸਰਿ *(ਸਰ)*	ਨਾਵਣ *(ਨ੍ਹਾਵਣ)*	ਜਾਉ ॥੩॥
ਸੱਚ ਰੂਪੀ	ਸਰੋਵਰ	ਇਸ਼ਨਾਨ	ਜਾਵਾਂ

...ਜੇਕਰ ਸਾਹਿਬ ਨੂੰ ਭਾਅ ਜਾਵੇ ਤਾਂ (ਜੀਵ ਆਤਮਾ) ਪਵਿੱਤਰ ਹੋ ਜਾਂਦੀ ਹੈ, (ਕਿਉਂਕਿ ਉਹ) ਸੱਤ-ਸਰ, ਭਾਵ ਸਾਧ ਸੰਗਤ ਰੂਪੀ ਸਰੋਵਰ ਵਿਚ ਇਸ਼ਨਾਨ ਕਰਨ ਜਾਣ ਲਗ ਜਾਂਦੀ ਹੈ।...

ਪੂਰੋ	ਪੂਰੋ	ਆਖੀਐ,	ਪੂਰੈ	ਤਖਤਿ *(ਤਖ਼ਤ)*	ਨਿਵਾਸ ॥
ਪੂਰਾ	ਪੂਰਾ	ਆਖਦਾ ਹੈ	ਸੰਪੂਰਨ	ਤਖ਼ਤ ਉੱਤੇ	ਟਿਕਾਣਾ

...(ਸਭ ਜਗਤ, ਵਾਹਿਗੁਰੂ ਨੂੰ) ਪੂਰਾ ਪੂਰਾ ਆਖਦਾ ਹੈ ਤੇ (ਵਾਹਿਗੁਰੂ ਦਾ) ਨਿਵਾਸ ਵੀ ਸੰਪੂਰਨ ਤਖ਼ਤ ਉਤੇ ਹੀ ਹੈ।...

ਪੂਰੈ	ਥਾਨਿ *(ਥਾਨ)*	ਸੁਹਾਵਣੈ,	ਪੂਰੈ	ਆਸ	ਨਿਰਾਸ ॥
ਸੰਪੂਰਨ	ਸਥਾਨ ਉੱਤੇ	ਸੁੰਦਰ	ਸੰਪੂਰਨ	ਆਸਾਂ, ਇਛਾਵਾਂ	ਨਿਰਾਸ਼ਵਾਨ

...(ਉਹ ਪ੍ਰਭੂ) ਸੰਪੂਰਨ ਅਤੇ ਸੁੰਦਰ ਸਥਾਨ ਉੱਤੇ ਬਿਰਾਜਮਾਨ ਹੈ, ਅਤੇ ਨਿਰਾਸ਼ਵਾਨਾਂ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ।...

ਨਾਨਕ,	ਪੂਰਾ	ਜੇ	ਮਿਲੈ,
ਹੇ! ਨਾਨਕ!	ਸੰਪੂਰਨ	ਜੇਕਰ	ਮਿਲ ਜਾਵੇ, ਪ੍ਰਾਪਤ ਹੋ ਜਾਵੇ

ਕਿਉ *(ਕਿਉਂ)*	ਘਾਟੈ	ਗੁਣ	ਤਾਸ ॥੪॥੯॥
ਕਿਉਂ, ਕਾਹਤੇ	ਘਟਣਗੇ, ਤੋਟ ਆਵੇਗੀ	ਚੰਗਿਆਈਆਂ	ਤਿਸ ਦੇ, ਉਸਦੇ

...ਹੇ! ਨਾਨਕ! ਜੇ (ਕਿਸੇ ਜੀਵ ਨੂੰ) ਸੰਪੂਰਨ ਸਤਿਗੁਰੂ ਮਿਲ ਜਾਵੇ, ਤਾਂ ਉਸਦੀਆਂ ਚੰਗਿਆਈਆਂ ਕਿਉਂ ਘਟਣਗੀਆਂ, (ਉਹ ਤਾਂ ਸੰਪੂਰਨ ਵਾਂਗ ਹੀ ਸੰਪੂਰਨ ਹੁੰਦਾ ਜਾਏਗਾ)

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਆਵਹੁ	ਭੈਣੇ	ਗਲਿ *(ਗਲ)*	ਮਿਲਹ, *(ਮਿਲਹਿਂ)*
ਆਓ	ਭੈਣੋਂ	ਗਲ ਲਗਕੇ	ਮਿਲੀਏ

ਅੰਕਿ *(ਅੰਕ)*	ਸਹੇਲੜੀਆਹ *(ਸਹੇਲੜੀਆਂਹ)*॥
(ਇਕ ਗੋਦ ਵਿਚ ਖੇਡੀਆਂ ਭਾਵ ਨਿਕਟਵਰਤੀ) ਪਿਆਰੀਆਂ	ਸਖ਼ੀਆਂ

ਅੰਕ ੧੭

ਆਓ ਮੇਰੀਓ (ਸੱਤਸੰਗੀ) ਭੈਣੋ! ਅਤੇ ਪਿਆਰੀਓ ਸਹੇਲੀਓ! ਗਲ ਲਗ ਕੇ ਮਿਲੀਏ, ਭਾਵ ਇਕੱਤ੍ਰ ਹੋਕੇ ਬੈਠੀਏ...

ਮਿਲਿ *(ਮਿਲ)*	**ਕੈ**	**ਕਰਹ** *(ਕਰਹਿੰ)*	**ਕਹਾਣੀਆ,** *(ਕਹਾਣੀਆਂ)*
ਮਿਲ ਕਰ	ਕੇ	ਕਰੀਏ	ਕਥਾ ਵਾਰਤਾ, ਗਲਾਂ ਬਾਤਾਂ

ਸੰਮ੍ਰਥ	**ਕੰਤ**	**ਕੀਆਹ** *(ਕੀਆਂਹ)* ॥
ਸਮਰੱਥ, ਸਰਬ ਸ਼ਕਤੀਮਾਨ	ਪਤੀ, ਖ਼ਸਮ	ਦੀਆਂ

...ਅਤੇ ਮਿਲ ਬੈਠ ਕੇ (ਪ੍ਰਭੂ) ਖ਼ਸਮ ਦੀਆਂ ਕਥਾ ਵਾਰਤਾਵਾਂ ਕਰੀਏ।...

ਸਾਚੇ	**ਸਾਹਿਬ**	**ਸਭਿ** *(ਸਭ)*	**ਗੁਣ,**
ਸੱਚੇ, ਸਦਾ ਸਥਿਰ	ਪ੍ਰਭੂ	ਸਾਰੇ	ਚੰਗਿਆਈਆਂ

ਅਉਗਣ	**ਸਭਿ** *(ਸਭ)*	**ਅਸਾਹ** *(ਅਸਾਂਹ)*॥੧॥
ਬੁਰਿਆਈਆਂ	ਸਾਰੀਆਂ	ਅਸਾਂ ਵਿਚ, ਸਾਡੇ ਵਿਚ

...ਸਦਾ-ਸਥਿਰ ਸਾਹਿਬ ਵਿਚ ਸਭ ਚੰਗਿਆਈਆਂ (ਹੀ ਚੰਗਿਆਈਆਂ) ਹਨ, (ਅਤੇ) ਸਭ ਬੁਰਿਆਈਆਂ ਸਾਡੇ (ਨਾਮ ਵਿਹੂਣਿਆਂ) ਵਿਚ ਹਨ।...

ਕਰਤਾ	**ਸਭੁ** *(ਸਭ)*	**ਕੋ**	**ਤੇਰੈ**	**ਜੋਰਿ** *(ਜ਼ੋਰ)* ॥
ਹੇ! ਕਰਤਾਰ!	ਸਾਰਾ	ਕੁਝ	ਤੁਹਾਡੇ	ਜ਼ੋਰ ਨਾਲ, ਬਲ ਨਾਲ

...ਹੇ! ਕਰਨਹਾਰ (ਪ੍ਰਭੂ ਜੀਓ!) ਸਭ ਕੁਝ ਤੁਹਾਡੇ ਬਲ ਰਾਹੀਂ, (ਭਾਵ ਸਭ ਵਰਤਾਰਾ ਤੁਹਾਡੇ ਹੁਕਮ ਰਾਹੀਂ ਵਰਤ ਰਿਹਾ ਹੈ।)...

ਏਕੁ *(ਏਕ)*	**ਸਬਦੁ** *(ਸ਼ਬਦ)*	**ਬੀਚਾਰੀਐ,**
ਇਕ	ਗਲ, ਭਾਵ ਹੁਕਮ	ਵਿਚਾਰ ਲਈਏ

ਜਾ *(ਜਾਂ)*	**ਤੂ,** *(ਤੂੰ)*	**ਤਾ** *(ਤਾਂ)*	**ਕਿਆ**	**ਹੋਰਿ** *(ਹੋਰ)* ॥੧॥	**ਰਹਾਉ** ॥
ਜੇਕਰ	ਤੂੰ	ਤਾਂ	ਕੀ	ਹੋਰ ਕੋਈ	ਠਹਿਰਾਉ

...(ਜੇ) ਇਕ ਗਲ ਭਾਵ (ਇਕ ਪਰਮਾਤਮ-ਹੁਕਮ) ਵਿਚਾਰ ਲਈਏ ਕਿ (ਹੇ! ਸਾਹਿਬ!) ਜੇਕਰ ਤੂੰ (ਸਾਡੇ ਤੇ ਮਿਹਰਵਾਨ ਹੈ) ਤਾਂ ਹੋਰ ਕਿਸੇ ਦਾ ਕੀ (ਜ਼ੋਰ ਹੋ ਸਕਦਾ ਹੈ।)...

ਅੰਕ ੧੭-੧੮

ਜਾਇ	**ਪੁਛਹੁ**	**ਸੋਹਾਗਣੀ,**		
ਜਾਕੇ	ਪਤਾ ਕਰੋ	ਸੁਹਾਗਣਾਂ ਨੂੰ, ਪਤੀ (ਪਰਮੇਸ਼ਰ) ਵਾਲੀਆਂ ਨੂੰ		
ਤੁਸੀ *(ਤੁਸੀਂ)*	**ਰਾਵਿਆ**	**ਕਿਨੀ** *(ਕਿਨ੍ਹੀਂ)*	**ਗੁਣੀ ॥**	
ਤੁਸਾਂ ਨੇ	ਮਾਣਿਆਂ	ਕਿਨ੍ਹਾਂ	ਚੰਗਿਆਈਆਂ ਕਰਕੇ	

...(ਪ੍ਰਭੂ ਦਰ ਤੇ ਪ੍ਰਵਾਨਿਤ) ਸੁਹਾਗਵੰਤੀਆਂ ਤੋਂ ਜਾਕੇ ਪਤਾ ਕਰੋ, ਕਿ ਉਨ੍ਹਾਂ ਨੇ (ਪਤੀ ਪਰਮੇਸ਼ਰ ਨੂੰ) ਕਿਨ੍ਹਾਂ ਗੁਣਾਂ ਕਰਕੇ ਮਾਣਿਆਂ ਹੈ?...

ਸਹਜਿ *(ਸਹਿਜ)*	**ਸੰਤੋਖਿ** *(ਸੰਤੋਖ)*	**ਸੀਗਾਰੀਆ,** *(ਸ਼ੀਂਗਾਰੀਆਂ)*
ਆਤਮਕ ਅਡੋਲਤਾ/ਧੀਰਜ ਨਾਲ	ਸਬਰ ਨਾਲ	ਸ਼ਿੰਗਾਰੀਆਂ
ਮਿਠਾ	**ਬੋਲਣੀ ॥**	
ਮਿਠਾਸ ਵਾਲੀ	ਬੋਲੀ	

...(ਸੁਹਾਗਵੰਤੀਆਂ ਨੇ ਪੁੱਛਣ ਤੇ ਦੱਸਿਆ ਕਿ ਅਸੀਂ) ਆਤਮਿਕ ਅਡੋਲਤਾ, ਸੰਤੋਖ ਅਤੇ ਮਿੱਠੇ ਬੋਲਾਂ ਨਾਲ ਸ਼ਿੰਗਾਰੀਆਂ ਹੋਈਆਂ ਹਾਂ।...

ਪਿਰੁ *(ਪਿਰ)*	**ਰੀਸਾਲੂ**	**ਤਾ** *(ਤਾਂ)*	**ਮਿਲੈ,**	**ਜਾ** *(ਜਾਂ)*
ਪਤੀ(ਪਰਮੇਸ਼ਰ)	ਰਸਦਾਇਕ, ਅਨੰਦ ਭਰਪੂਰ	ਤਾਂ	ਪ੍ਰਾਪਤ ਹੁੰਦਾ ਹੈ	ਜੇਕਰ
ਗੁਰ	**ਕਾ**	**ਸਬਦੁ** *(ਸ਼ਬਦ)*	**ਸੁਣੀ ॥੨॥**	
ਸਤਿਗੁਰੂ	ਦਾ	ਸ਼ਬਦ,ਉਪਦੇਸ਼	ਸੁਣਿਆਂ ਜਾਵੇ	

...(ਹੇ! ਸਖੀਓ!) ਅਨੰਦ-ਦਾਇਕ ਪਤੀ (ਪਰਮੇਸ਼ਰ) ਤਾਂ ਹੀ ਪ੍ਰਾਪਤ ਹੁੰਦਾ ਹੈ, ਜੇਕਰ ਸਤਿਗੁਰੂ ਦਾ ਉਪਦੇਸ਼ ਸੁਣਿਆ (ਭਾਵ ਹਿਰਦੇ ਅੰਦਰ ਧਾਰਨ ਕੀਤਾ) ਜਾਵੇ।...

ਕੇਤੀਆ *(ਕੇਤੀਆਂ)*	**ਤੇਰੀਆ** *(ਤੇਰੀਆਂ)*	**ਕੁਦਰਤੀ,** *(ਕੁਦਰਤੀਂ)*
ਕਿਤਨੀਆਂ	ਤੁਹਾਡੀਆਂ	ਤਾਕਤਾਂ
ਕੇਵਡ	**ਤੇਰੀ**	**ਦਾਤਿ** *(ਦਾਤ)* **॥**
ਕਿਡੀਆਂ	ਤੁਹਾਡੀਆਂ	ਦਾਤਾਂ, ਬਖਸ਼ਿਸ਼ਾਂ

...ਹੇ! ਵਾਹਿਗੁਰੂ! ਤੇਰੀਆਂ ਬੇਸ਼ੁਮਾਰ ਸ਼ਕਤੀਆਂ ਹਨ, ਅਤੇ ਤੇਰੀਆਂ ਬੇਅੰਤ ਹੀ ਬਖਸ਼ਿਸ਼ਾਂ ਹਨ।...

ਅੰਕ ੧੮

ਕੇਤੇ	ਤੇਰੇ	ਜੀਅ	ਜੰਤ,
ਕਿਤਨੇ	ਤੁਹਾਡੇ	ਜੀਵ	ਜੰਤੂ

ਸਿਫਤਿ *(ਸਿਫਤ)*	ਕਰਹਿ *(ਕਰਹਿੰ)*	ਦਿਨੁ *(ਦਿਨ)*	ਰਾਤਿ *(ਰਾਤ)* ॥
ਸ਼ਲਾਘਾ	ਕਰਦੇ	ਦਿਵਸ	ਰੈਣ

...ਅਨੇਕਾਂ ਹੀ ਤੇਰੇ (ਸਾਜੇ ਹੋਏ) ਜੀਵ ਜੰਤ ਹਨ, ਜੋ ਦਿਨ ਰਾਤ ਤੇਰੀ ਸਿਫ਼ਤ ਸਲਾਹ ਕਰ ਰਹੇ ਹਨ।...

ਕੇਤੇ	ਤੇਰੇ	ਰੂਪ	ਰੰਗ,
ਕਿਤਨੇ	ਤੁਹਾਡੇ	ਸ਼ਕਲ, ਸੁਰਤ	ਪ੍ਰਕਾਰ, ਤਰ੍ਹਾ ਦੇ

ਕੇਤੇ	ਜਾਤਿ *(ਜਾਤ)*	ਅਜਾਤਿ *(ਅਜਾਤ)* ॥੩॥
ਕਿਤਨੇ	ਜਾਤਾਂ, ਨਸਲਾਂ	ਨੀਵੀਆਂ ਜਾਤਾਂ, ਨੀਚ ਲੋਕ

...ਤੇਰੇ (ਸਾਜੇ ਹੋਏ) ਬੇਅੰਤ ਹੀ ਸ਼ਕਲਾਂ ਸੁਰਤਾਂ ਵਾਲੇ ਅਤੇ ਬੇਅੰਤ ਹੀ ਤਰ੍ਹਾਂ (ਦੇ ਜੀਅ ਜੰਤ ਹਨ।) ਬੇਅੰਤ ਹੀ ਤਰ੍ਹਾਂ ਦੇ ਉੱਚੀਆਂ ਨੀਵੀਆਂ ਜਾਤਾਂ ਵਾਲੇ, ਭਾਵ ਉਚ ਨੀਚ ਤਰ੍ਹਾਂ ਦੇ ਲੋਕ ਹਨ।...

ਸਚੁ *(ਸੱਚ)*	ਮਿਲੈ,	ਸਚੁ *(ਸੱਚ)*	ਊਪਜੈ,
ਸਦਾ ਸਥਿਰ ਪ੍ਰਭੂ	ਮਿਲਣ ਨਾਲ	ਪ੍ਰਭੂ ਵਿਸ਼ਵਾਸ਼/ਸਿਮਰਨ	ਉੱਪਜਦਾ ਹੈ, ਪੈਦਾ ਹੁੰਦਾ ਹੈ

ਸਚ	ਮਹਿ *(ਮਹਿੰ)*	ਸਾਚਿ *(ਸਾਚ)*	ਸਮਾਇ॥
ਸਦਾ ਸਥਿਰ ਪ੍ਰਭੂ	ਵਿਚ	ਪ੍ਰਭੂ ਵਿਸ਼ਵਾਸ਼ ਰਾਹੀਂ	ਅਭੇਦ, ਇੱਕ ਮਿੱਕ

...ਸਦਾ-ਸਥਿਰ ਪ੍ਰਭੂ ਦੀ ਪ੍ਰਾਪਤੀ ਨਾਲ, (ਭਾਵ ਪਰਮਾਤਮ-ਬੰਦਗੀ ਰਾਹੀਂ ਜੀਵ ਦੇ ਹਿਰਦੇ ਵਿਚ) ਪ੍ਰਭੂ ਵਿਸ਼ਵਾਸ਼ ਦਾ ਚਾਨਣ ਪੈਦਾ ਹੁੰਦਾ ਹੈ, ਅਤੇ ਇਸ ਸੱਚ ਵਿਸ਼ਵਾਸ਼ ਰਾਹੀਂ, ਉਹ ਸੱਚ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ।...

ਸੁਰਤਿ *(ਸੁਰਤ)*	ਹੋਵੈ,	ਪਤਿ *(ਪਤ)*	ਊਗਵੈ,
(ਪ੍ਰਭੂ) ਧਿਆਨ	ਹੋਏ	ਇੱਜ਼ਤ, ਪ੍ਰਤਿਸ਼ਠਾ	ਉੱਪਜਦੀ ਹੈ

ਗੁਰਬਚਨੀ	ਭਉ	ਖਾਇ ॥
ਗੁਰਸ਼ਬਦ ਦੇ ਉਪਦੇਸ਼	ਡਰ	ਖਾ ਲੈਂਦਾ ਹੈ, ਭਾਵ ਸਮਾਪਤ ਕਰ ਲੈਂਦਾ ਹੈ।

...(ਜੇ ਜੀਵ) ਪਰਮਾਤਮ-ਧਿਆਨ ਵਿਚ ਜੁੜਿਆ ਹੋਵੇ, ਤਾਂ ਪ੍ਰਭੂ ਦਰ ਤੇ ਆਦਰ ਸਤਿਕਾਰ ਪੈਦਾ ਹੁੰਦਾ ਹੈ, ਭਾਵ ਮਾਣ-ਤਾਣ ਮਿਲਦਾ ਹੈ। ਗੁਰੂ ਦੇ ਬਚਨਾਂ ਨਾਲ (ਇਹੋ ਜਿਹਾ ਜੀਵ) ਸੰਸਾਰਿਕ ਭੈਅ ਸਮਾਪਤ ਕਰ ਲੈਂਦਾ ਹੈ।...

ਅੰਕ ੧੮

ਨਾਨਕ,	ਸਚਾ	ਪਾਤਿਸਾਹੁ *(ਪਾਤਸ਼ਾਹ),*
ਹੇ ! ਨਾਨਕ !	ਸਦਾ ਸਥਿਰ	ਪਾਤਸ਼ਾਹ, ਅਕਾਲ ਪੁਰਖ

ਆਪੇ	ਲਏ	ਮਿਲਾਇ॥੪॥੧੦॥
ਆਪ ਹੀ	ਲੈਂਦਾ ਹੈ	ਮਿਲਾ, ਮਿਲਾਪ

...ਹੇ! ਨਾਨਕ! ਸਦਾ-ਸਥਿਰ ਵਾਹਿਗੁਰੂ, ਆਪ ਹੀ (ਪਰਮਾਤਮ-ਧਿਆਨ ਵਿਚ ਜੁੜੇ ਧਰਮ-ਸਾਧਕਾਂ ਨੂੰ ਆਪਣੇ ਨਾਲ) ਮਿਲਾ ਲੈਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਭਲੀ	ਸਰੀ,	ਜਿ	ਉਬਰੀ,
ਚੰਗੀ ਗਲ	ਹੋ ਆਈ, ਹੋ ਗਈ	ਕਿ	ਉਭਰ ਗਈ, ਬੱਚ ਗਈ

ਹਉਮੈ	ਮੁਈ	ਘਰਾਹੁ *(ਘਰਾਹੰ)* ॥
ਹੰਕਾਰ	ਮਰ ਗਈ	(ਹਿਰਦੇ) ਘਰ ਵਿਚੋਂ, ਮਨ ਵਿਚੋਂ, ਦਿਲ ਵਿਚੋਂ

...ਭਲਾ ਹੋਇਆ ਕਿ ਮੇਰੇ ਹਿਰਦੇ ਵਿਚੋਂ ਹਉਮੈ ਮਰ ਗਈ, ਅਤੇ (ਮੈਂ ਮਾਇਆ ਦੇ ਵਿਕਾਰੀ ਪ੍ਰਭਾਵਾਂ ਤੋਂ) ਬਚ ਗਈ।...

ਦੂਤ	ਲਗੇ	ਫਿਰਿ *(ਫਿਰ)*	ਚਾਕਰੀ,
ਵੈਰੀ	ਲਗ ਗਏ	ਫੇਰ, ਤਾਂ	ਸੇਵਾ ਵਿਚ

ਸਤਿਗੁਰ *(ਸਤਗੁਰ)*	ਕਾ	ਵੇਸਾਹੁ *(ਵੇਸਾਹ)*॥
ਸੱਚਾ ਗੁਰੂ	ਦਾ	ਵਿਸ਼ਵਾਸ਼, ਭਰੋਸਾ

...(ਹਉਮੈ ਮਰਨ ਨਾਲ) ਸਤਿਗੁਰੂ ਦਾ ਭਰੋਸਾ (ਪ੍ਰਾਪਤ ਹੋਇਆ, ਤੇ ਇਸ ਨਾਲ ਵਾਸ਼ਨਾਵਾਂ ਦੇ) ਦੂਤ ਫਿਰ ਸੇਵਾ ਵਿਚ ਲਗ ਗਏ...

ਕਲਪ	ਤਿਆਗੀ	ਬਾਦਿ *(ਬਾਦ)*	ਹੈ,
ਕਲਪਣਾ, ਮਨ ਦੀ ਖਿਝ	ਤਿਆਗ ਦਿੱਤੀ	ਵਾਦ ਵਿਵਾਦ,ਬਹਿਸਾਂ	ਹੋਣ ਦੀ ਕ੍ਰਿਆ

ਸਚਾ	ਵੇਪਰਵਾਹੁ *(ਵੇਪਰਵਾਹ)*॥੧॥
ਸਦਾ ਸਥਿਰ	ਬੇਫਿਕਰ, ਨਿਡਰ

ਅੰਕ ੧੮

...ਸਦਾ-ਸਥਿਰ ਬੇਪਰਵਾਹ (ਪ੍ਰਭੂ ਮਿਲਣ ਨਾਲ, ਮੈਂ ਮਨ ਦੀ) ਕਲਪਣਾ ਅਤੇ (ਫਜ਼ੂਲ ਦਾ) ਵਾਦ-ਵਿਵਾਦ ਛੱਡ ਦਿੱਤਾ ਹੈ।...

ਮਨ	ਰੇ,	ਸਚੁ *(ਸੱਚ)*	ਮਿਲੈ
ਚਿੱਤ	ਸੰਬੋਧਕ ਸ਼ਬਦ ਹੇ	ਸਦਾ-ਸਥਿਰ(ਪ੍ਰਭੂ)	ਮਿਲਣ ਨਾਲ

ਭਉ	ਜਾਇ ॥
ਡਰ, ਖੌਫ਼	ਜਾਂਦਾ ਹੈ

...ਹੇ! (ਮੇਰੇ) ਮਨ! ਸਦਾ-ਸਥਿਰ (ਵਾਹਿਗੁਰੂ ਦੇ) ਮਿਲਣ ਨਾਲ (ਸੰਸਾਰਿਕ ਭਵ-ਸਾਗਰ ਦਾ) ਖੌਫ਼ ਦੂਰ ਹੋ ਜਾਂਦਾ ਹੈ।...

ਭੈ	ਬਿਨੁ, *(ਬਿਨ)*	ਨਿਰਭਉ	ਕਿਉ *(ਕਿਉਂ)*	ਥੀਐ,
(ਪਰਮਾਤਮ ਦਾ ਨਿਰਮਲ) ਭੈ	ਬਿਨਾਂ,ਬਗੈਰ	ਭੈ-ਮੁਕਤ	ਕਿਵੇਂ	ਹੋਵੇ, ਹੋਣ ਦਾ ਭਾਵ

ਗੁਰਮੁਖਿ *(ਗੁਰਮੁਖ)*	ਸਬਦਿ *(ਸ਼ਬਦ)*	ਸਮਾਇ॥੧॥	ਰਹਾਉ ॥
ਗੁਰੂ ਵਲ ਮੂੰਹ ਕੀਤਿਆਂ	(ਗੁਰ) ਸ਼ਬਦ ਵਿਚ	ਅਭੇਦਤਾ ਹੁੰਦੀ ਹੈ	ਠਹਿਰਾਉ

...(ਪਰਮਾਤਮਾ ਦੇ ਨਿਰਮਲ) ਭੈ ਤੋਂ ਬਿਨਾਂ, (ਸੰਸਾਰਿਕ) ਭੈ ਤੋਂ ਮੁਕਤ (ਨਿਰਭਉ) ਕਿਵੇਂ ਹੋਈਏ? (ਸਾਹਿਬ ਦਸਦੇ ਹਨ ਕਿ) ਗੁਰਮੁਖ ਬਣਿਆਂ ਗੁਰ ਸ਼ਬਦ ਵਿਚ ਅਭੇਦਤਾ ਹੁੰਦੀ ਹੈ (ਇਸ ਜੁਗਤ ਨਾਲ ਨਿਰਭਉ ਹੋ ਜਾਈਦਾ ਹੈ।)...

ਕੇਤਾ	ਆਖਣੁ *(ਆਖਣ)*	ਆਖੀਐ,
ਕਿੰਨਾ	ਬਿਆਨ, ਕਥਨ	ਕਹੀਏ

ਆਖਣਿ *(ਆਖਣ)*	ਤੋਟਿ *(ਤੋਟ)*	ਨ *(ਨਾਂ)*	ਹੋਇ॥
ਕਹਿਣ ਨਾਲ	ਤੋਟ, ਕਮੀ,ਘਾਟਾ	ਨਹੀਂ	ਹੁੰਦਾ

...(ਬੇਅੰਤ ਪ੍ਰਭੂ ਬਾਰੇ) ਕਿਤਨਾ ਵੀ ਕਥਨ ਕਰੀ ਜਾਈਏ, ਕਹਿਣ ਨਾਲ (ਉਸਦੀ ਬੇਅੰਤਤਾ ਵਿਚ) ਘਾਟਾ (ਵਾਧਾ) ਨਹੀਂ ਹੁੰਦਾ...

ਮੰਗਣ	ਵਾਲੇ	ਕੇਤੜੇ,	ਦਾਤਾ	ਏਕੋ	ਸੋਇ॥
ਯਾਚਨਾ	ਕਾਰਜ ਦੇ ਕਰਤਾ	ਕਿੰਨੇ ਹੀ	ਦੇਣ ਵਾਲਾ	ਇਕੋ ਹੀ	ਉਹ

...(ਉਸਦੀ ਸਾਜੀ ਹੋਈ ਬੇਅੰਤਤਾ ਵਿਚ, ਉਸ ਕੋਲੋਂ ਬਖਸ਼ਿਸ਼ਾਂ) ਮੰਗਣ ਵਾਲੇ ਵੀ ਕਿੰਨੇ ਹੀ, ਭਾਵ ਬੇਅੰਤ ਹਨ, ਪਰ ਬਖਸ਼ਿਸ਼ਾਂ ਕਰਨ ਵਾਲਾ ਉਹ ਇੱਕੋ ਹੀ ਹੈ।...

ਅੰਕ ੧੮

ਜਿਸ	ਕੇ	ਜੀਅ	ਪਰਾਣ	ਹੈ,(ਹੈਂ)
ਜਿਹੜੇ	ਦੇ	ਜਿੰਦ	ਸੁਆਸ	ਹਨ

ਮਨਿ(ਮਨ)	ਵਸਿਐ	ਸੁਖੁ(ਸੁੱਖ)	ਹੋਇ ॥੨॥
ਚਿੱਤ ਵਿਚ	ਵਸਣ ਨਾਲ	ਪਰਮਾਤਮ ਅਨੰਦ	ਹੁੰਦਾ ਹੈ

...(ਹੇ! ਭਾਈ) ਜਿਸਦੇ (ਦਿੱਤੇ ਹੋਏ ਇਹ) ਜੀਵਨ ਤੇ ਸੁਆਸ ਹਨ, (ਉਸਦੇ) ਹਿਰਦੇ ਵਿਚ ਵਸਣ ਨਾਲ ਹੀ ਉਸਦੀ (ਭਾਵ ਪਰਮਾਤਮਾ ਦੇ ਮਿਲਾਪ ਵਾਲੇ) ਸੁੱਖ ਦੀ ਪ੍ਰਾਪਤੀ ਹੁੰਦੀ ਹੈ।...

ਜਗੁ(ਜਗ)	ਸੁਪਨਾ	ਬਾਜੀ	ਬਨੀ,
ਜਗਤ	ਝੂਠਾ ਭਰਮਈ ਪਸਾਰ	ਖੇਲ੍ਹ	ਬਣੀ ਹੋਈ

ਖਿਨ	ਮਹਿ(ਮਹਿਂ)	ਖੇਲੁ(ਖੇਲ)	ਖੇਲਾਇ ॥
ਛਿਨ,ਪਲ	ਵਿਚ	ਖੇਡ	ਖਿਡਾ ਦਿੰਦਾ

...(ਇਹ ਸੰਸਾਰ) ਸੁਪਨੇ ਵਾਂਗ (ਭਾਵ ਝੂਠੇ ਭਰਮਈ ਪਸਾਰ ਵਾਲੀ) ਇਕ ਖੇਡ ਬਣੀ ਹੋਈ ਹੈ।(ਕਰਤਾ) ਖਿਨ ਪਲ ਵਿਚ ਹੀ (ਜੀਵ) ਨੂੰ (ਜੀਵਨ ਦੀ ਇਹ) ਖੇਡ ਖਿਡਾ ਦਿੰਦਾ ਹੈ।(ਭਾਵ ਜ਼ਿੰਦਗੀ ਦੀ ਬਾਜੀ ਖਿਡਾ ਕੇ, ਖੇਡ ਸਮਾਪਤ ਕਰ ਦਿੰਦਾ ਹੈ।)...

ਸੰਜੋਗੀ	ਮਿਲਿ (ਮਿਲ)	ਏਕਸੇ,
ਮਿਲਾਪ ਦੇ ਪ੍ਰਭੂ ਨੇਮ ਰਾਹੀਂ	ਮਿਲਕੇ	ਇਕੱਠੇ, ਇਕੱਤ੍ਰ

ਵਿਜੋਗੀ	ਉਠਿ(ਉੱਠ)	ਜਾਇ ॥
ਵਿਛੜਣ ਦੇ ਪ੍ਰਭੂ ਨੇਮ ਰਾਹੀਂ	ਉੱਠ ਕੇ	ਜਾਂਦੇ

...ਮਿਲਾਪ ਦੇ ਪ੍ਰਭੂ ਹੁਕਮ ਅਨੁਸਾਰ (ਜੀਵ) ਮਿਲਕੇ ਇਕੱਤ੍ਰ ਹੁੰਦੇ ਹਨ, ਅਤੇ ਵਿਛੜਣ ਦੇ ਪ੍ਰਭੂ ਹੁਕਮ ਅਨੁਸਾਰ, (ਸੰਸਾਰ ਤੋਂ) ਉੱਠ ਕੇ ਚਲੇ ਜਾਂਦੇ ਹਨ।...

ਜੋ	ਤਿਸੁ (ਤਿਸ)	ਭਾਣਾ,	ਸੋ	ਥੀਐ,
ਜਿਹੜਾ ਕੁਝ	ਤਿਸ ਨੂੰ	ਭਾਉਂਦਾ ਹੈ	ਉਹੀ ਕੁਝ	ਹੁੰਦਾ ਹੈ

ਅਵਰੁ(ਅਵਰ)	ਨ(ਨਾਂ)	ਕਰਣਾ	ਜਾਇ ॥੩॥
ਹੋਰ ਕੁਝ	ਨਹੀਂ	ਕੀਤਾ	ਜਾ ਸਕਦਾ

...ਜੋ ਕੁਝ ਪਰਮਾਤਮਾ ਨੂੰ ਚੰਗਾ ਲਗਦਾ ਹੈ, ਉਹੀ ਕੁਝ ਹੁੰਦਾ ਹੈ (ਉਸਦੇ ਬ੍ਰਹਿਮੰਡੀ-ਨਿਯਮਾਂ ਤੋਂ ਬਾਹਰ) ਹੋਰ ਕੁਝ ਵੀ ਨਹੀਂ ਕੀਤਾ ਜਾ ਸਕਦਾ।...

ਅੰਕ ੧੮

ਗੁਰਮੁਖਿ, *(ਗੁਰਮੁੱਖ)* ਗੁਰੂ ਵਲ ਮੂੰਹ ਕੀਤਿਆਂ
ਵਸਤੁ *(ਵਸਤ)* (ਬੰਦਗੀ ਦਾ)ਸੌਦਾ
ਵੇਸਾਹੀਐ, ਵਿਹਾਜੀਏ, ਖਰੀਦੀਏ

ਸਚੁ *(ਸੱਚ)* ਸੱਚਾ,ਅਸਲ
ਵਖਰੁ, *(ਵਖਰ)* ਸੌਦਾ
ਸਚੁ *(ਸੱਚ)* ਸੱਚ ਅਸਲ
ਰਾਸਿ *(ਰਾਸ)* ॥ ਪੂੰਜੀ

...(ਸਦਾ-ਸਥਿਰ ਪ੍ਰਭੂ ਦੀ ਬੰਦਗੀ ਹੀ) ਅਸਲ ਸੌਦਾ ਅਤੇ ਅਸਲ ਪੂੰਜੀ ਹੈ। ਪ੍ਰਭੂ ਸਨਮੁੱਖ ਹੋਇਆਂ ਹੀ (ਇਹ ਬੰਦਗੀ ਦਾ) ਸੌਦਾ ਖਰੀਦ ਸਕੀਦਾ ਹੈ।...

ਜਿਨੀ *(ਜਿਨ੍ਹੀਂ)* ਜਿਨ੍ਹਾਂ ਨੇ
ਸਚੁ *(ਸੱਚ)* ਸੱਚਾ, ਅਸਲ
ਵਣੰਜਿਆ, ਵਣਜ ਕੀਤਾ, ਖਰੀਦਿਆ

ਗੁਰ ਸਤਿਗੁਰੂ
ਪੂਰੇ ਸੰਪੂਰਨ
ਸਾਬਾਸਿ *(ਸ਼ਾਬਾਸ਼)* ॥ ਸ਼ਾਬਾਸ਼, ਥਾਪੜਾ, ਅਸੀਸ

...ਜਿਨ੍ਹਾਂ (ਧਰਮ-ਸਾਧਕਾਂ) ਨੇ (ਬੰਦਗੀ ਦਾ) ਇਹ ਅਸਲ (ਸੌਦਾ) ਖਰੀਦਿਆ ਹੈ, ਉਨ੍ਹਾਂ ਨੂੰ ਪੂਰੇ ਸਤਿਗੁਰੂ ਦਾ ਥਾਪੜਾ ਪ੍ਰਾਪਤ ਹੁੰਦਾ ਹੈ।...

ਨਾਨਕ, ਹੇ ! ਨਾਨਕ !
ਵਸਤੁ *(ਵਸਤ)* (ਬੰਦਗੀ ਦਾ) ਸੌਦਾ
ਪਛਾਣਸੀ, ਪਹਿਚਾਣ ਕਰੇਗਾ, ਪਛਾਣ ਸਕੇਗਾ

ਸਚੁ *(ਸਚ)* ਸੱਚਾ, ਅਸਲ
ਸਉਦਾ ਸੌਦਾ
ਜਿਸੁ *(ਜਿਸ)* ਜਿਸ ਦੇ
ਪਾਸਿ *(ਪਾਸ)* ॥੪॥੧੧॥ ਕੋਲ

...ਹੇ! ਨਾਨਕ! (ਪ੍ਰਭੂ ਬੰਦਗੀ ਦਾ ਇਹ) ਸੱਚਾ ਸੌਦਾ ਜਿਸ ਕੋਲ ਹੋਏਗਾ, ਉਹੀ ਇਸ ਸੌਦੇ ਦੀ ਪਹਿਚਾਣ ਕਰ ਸਕੇਗਾ।

ਸਿਰੀਰਾਗੁ, *(ਸਿਰੀਰਾਗ)* ਰਾਗ ਦਾ ਨਾਮ
ਮਹਲੁ *(ਮਹਿਲ)* ਪਾਤਸ਼ਾਹੀ
੧ *(ਪਹਿਲਾ)* ॥ ਪਹਿਲਾ

ਧਾਤੁ *(ਧਾਤ)* ਧਰਤੀ ਵਿਚੋਂ ਨਿਕਲਣ ਵਾਲੇ ਸੋਨਾ ਚਾਂਦੀ ਆਦਿ ਖਣਿਜ ਪਦਾਰਥ
ਮਿਲੈ, ਮਿਲ ਜਾਂਦੀ ਹੈ

ਫੁਨਿ *(ਫੁਨ)* ਦੁਬਾਰਾ
ਧਾਤੁ *(ਧਾਤ)* ਧਾਤੂ
ਕਉ, ਵਿਚ

ਅੰਕ ੧੮

ਸਿਫਤੀ	ਸਿਫਤਿ *(ਸਿਫ਼ਤ)*	ਸਮਾਇ ॥
ਸਿਫ਼ਤਾਂ ਵਾਲੇ ਵਿਚ	ਸਿਫ਼ਤਾਂ ਕਰਨ ਵਾਲਾ	ਲੀਨ ਹੋ ਜਾਂਦਾ ਹੈ

(ਜਿਵੇਂ ਧਾਤਾਂ ਨੂੰ ਪਿਘਲਾਉਣ ਨਾਲ) ਇਕ ਧਾਤ ਦੁਬਾਰਾ ਦੂਸਰੀ ਧਾਤ ਵਿਚ ਮਿਲ ਜਾਂਦੀ ਹੈ (ਅਤੇ ਉਹ ਇਕ ਰੂਪ ਹੋ ਜਾਂਦੇ ਹਨ, ਇਸੇ ਤਰ੍ਹਾਂ ਪ੍ਰਭੂ ਦੀਆਂ) ਸਿਫਤਾਂ ਕਰਨ ਵਾਲਾ (ਧਰਮ-ਸਾਧਕ) ਸਿਫ਼ਤਾਂ ਵਾਲੇ (ਵਾਹਿਗੁਰੂ ਵਿਚ ਹੀ) ਲੀਨ ਹੋ ਜਾਂਦਾ ਹੈ...

ਲਾਲੁ *(ਲਾਲ)*	ਗੁਲਾਲੁ *(ਗੁਲਾਲ)*	ਗਹਬਰਾ, *(ਗਹਿਬਰਾ)*
ਸੂਹਾ, ਸੁਰਖ	ਗੁਲੇ ਲਾਲਾ, ਲਾਲ ਫੁੱਲ	ਗੂੜ੍ਹੀ ਤਰ੍ਹਾਂ

ਸਚਾ	ਰੰਗੁ *(ਰੰਗ)*	ਚੜਾਉ *(ਚੜ੍ਹਾਉ)* ॥
ਪ੍ਰਭੂ ਸੱਚ	ਵਰਣ,ਰੰਗ ਪੀਲਾ, ਨੀਲਾ ਆਦਿ	ਚੜ੍ਹ ਜਾਂਦਾ ਹੈ

...(ਪਰਮਾਤਮ-ਸਿਫਤਾਂ ਕਰਨ ਵਾਲੇ ਤੇ,) ਪ੍ਰਭੂ-ਸੱਚ ਦਾ ਲਾਲ ਫੁੱਲ ਵਰਗਾ ਸੂਹਾ ਰੰਗ, ਗੂੜ੍ਹੀ ਤਰ੍ਹਾਂ ਚੜ੍ਹ ਜਾਂਦਾ ਹੈ।...

ਸਚੁ *(ਸਚ)*	ਮਿਲੈ	ਸੰਤੋਖੀਆ, *(ਸੰਤੋਖੀਆਂ)*
ਸਦਾ ਸਥਿਰ ਪ੍ਰਭੂ	ਮਿਲਦਾ ਹੈ	ਸਬਰ ਵਾਲਿਆਂ ਨੂੰ

ਹਰਿ *(ਹਰ)*	ਜਪਿ *(ਜਪ)*	ਏਕੈ	ਭਾਇ॥੧॥
ਹਰੀ	ਜਾਪ, ਸਿਮਰਨ	ਇਕ ਹੀ	ਰਸ, ਹਾਲਤ, ਦਸ਼ਾ

...ਸਦਾ-ਸਥਿਰ ਪ੍ਰਭੂ (ਉਨ੍ਹਾਂ) ਸੰਤੋਖੀ ਜਨਾਂ ਨੂੰ ਮਿਲਦਾ ਹੈ, (ਜੋ) ਇਕ ਰਸ ਹਰੀ ਦਾ ਸਿਮਰਨ ਕਰਦੇ ਹਨ।...

ਭਾਈ	ਰੇ,	ਸੰਤ	ਜਨਾ *(ਜਨਾਂ)*	ਕੀ	ਰੇਣੁ *(ਰੇਣ)*॥
ਭਰਾ	ਹੇ!	ਸਾਧੂ	ਵਿਅਕਤੀਆਂ	ਦੀ	ਖ਼ਾਕ, ਧੂੜ

...ਹੇ! ਭਾਈ! ਸਾਧੂ ਜਨਾਂ ਦੀ (ਚਰਨ) ਧੂੜ (ਬਣ ਜਾ, ਭਾਵ ਪ੍ਰਭੂ ਪਿਆਰਿਆਂ ਅਗੇ ਅਤਿ ਨਿਮਰਤਾ ਸਹਿਤ ਆਪਣਾ ਆਪ ਸਮਰਪਿਤ ਕਰ)...

ਸੰਤ	ਸਭਾ	ਗੁਰੁ *(ਗੁਰ)*	ਪਾਈਐ,
ਸਾਧੂ	ਇਕੱਠ	ਗੁਰੂ	ਪ੍ਰਾਪਤ ਹੁੰਦਾ ਹੈ

ਮੁਕਤਿ *(ਮੁਕਤ)*	ਪਦਾਰਥੁ *(ਪਦਾਰਥ)*
ਮੁਕਤੀ ਦੇਣ ਵਾਲਾ	(ਪ੍ਰਮਾਤਮ ਸੱਚ ਰੂਪੀ) ਵਸਤੂ

ਅੰਕ ੧੮

ਧੇਨੁ *(ਧੇਨ)*॥੧॥
ਕਾਮਧੇਨ ਗਊ, ਮਨ ਇੱਛਤ ਪਦਾਰਣ ਦੇਣ ਵਾਲੀ ਸਵਰਗਾਂ ਦੀ ਗਊ, ਜੋ ਸਮੁੰਦਰ ਰਿੜਕਣ ਤੇ ਦੇਵਤਿਆਂ ਨੂੰ ਪ੍ਰਾਪਤ ਹੋਈ ਸੀ।

ਰਹਾਉ ॥
ਠਹਿਰਾਉ

...ਸੰਤ ਜਨਾਂ ਦੀ ਸੰਗਤ ਵਿਚ, ਭਾਵ ਸਤ-ਸੰਗਤ ਅੰਦਰ, ਗੁਰੂ (ਸ਼ਬਦ) ਦੀ ਪ੍ਰਾਪਤੀ ਹੁੰਦੀ ਹੈ। ਇਹ ਗੁਰ (ਸ਼ਬਦ), ਕਾਮਧੇਨ ਗਊ ਵਾਂਗ ਹੈ, ਜਿਸ ਤੋਂ ਮੁਕਤੀ ਦੇਣ ਵਾਲੀ (ਨਾਮ ਸਿਮਰਨ ਦੀ) ਵਸਤੂ ਮਿਲਦੀ ਹੈ।...

ਊਚਉ	ਥਾਨੁ *(ਥਾਨ)*	ਸੁਹਾਵਣਾ,
ਉੱਚਾ	ਸਥਾਨ, ਜਗ੍ਹਾ	ਸੁੰਦਰ, ਸ਼ੋਭਨੀਕ

ਊਪਰਿ *(ਊਪਰ)*	ਮਹਲੁ *(ਮਹਿਲ)*	ਮੁਰਾਰਿ *(ਮੁਰਾਰ)* ॥
ਉਸ ਉੱਤੇ	ਨਿਵਾਸ, ਟਿਕਾਣਾ	ਮੁਰ ਰਾਕਸ਼ ਦਾ ਵੈਰੀ ਕ੍ਰਿਸ਼ਨ, ਇਥੇ ਭਾਵ ਪ੍ਰਭੂ

...(ਉਹ ਸੱਤ-ਸੰਗਤ ਰੂਪੀ) ਉੱਚਾ ਸਥਾਨ ਅਤਿ ਸੁੰਦਰ ਅਤੇ ਸ਼ੋਭਨੀਕ ਹੈ, ਅਤੇ ਇਥੇ ਹੀ ਪ੍ਰਭੂ ਦਾ ਵਾਸਾ ਹੈ।...

ਸਚੁ, *(ਸੱਚ)*	ਕਰਣੀ	ਦੇ	ਪਾਈਐ,
ਸੱਚੇ(ਪ੍ਰਮਾਤਮ ਗੁਣਾਂ ਵਾਲੇ)	ਕਰਮ	ਦੇ ਨਾਲ	ਪਾਈਦਾ ਹੈ

ਦਰੁ *(ਦਰ)*	ਘਰੁ *(ਘਰ)*	ਮਹਲੁ *(ਮਹਿਲ)*	ਪਿਆਰਿ *(ਪਿਆਰ)* ॥
ਦੁਆਰ,ਦਰਵਾਜ਼ਾ	ਘਰ ਦਾ	ਨਿਵਾਸ,ਟਿਕਾਣਾ	ਪ੍ਰੇਮ ਰਾਹੀਂ

...ਪਰਮਾਤਮ-ਗੁਣਾਂ ਵਾਲੇ ਕਰਮਾਂ ਅਤੇ ਪ੍ਰਭੂ (ਪ੍ਰੇਮ) ਰਾਹੀਂ, ਰੱਬ ਦਾ ਦਰ ਘਰ, ਅਤੇ ਮਹਿਲ ਮਿਲਦਾ ਹੈ।...

ਗੁਰਮੁਖਿ, *(ਗੁਰਮੁਖ)*	ਮਨੁ *(ਮਨ)*	ਸਮਝਾਈਐ,
ਗੁਰਮੁੱਖਤਾ ਰਾਹੀਂ	ਮਨ ਨੂੰ	ਸਮਝਾਈਦਾ ਹੈ

ਆਤਮਰਾਮੁ *(ਆਤਮਰਾਮ)*	ਬੀਚਾਰਿ *(ਬੀਚਾਰ)* ॥੨॥
ਸਭ ਆਤਮਾਵਾਂ ਵਿਚ ਰਮਿਆ, ਪ੍ਰਭੂ, ਈਸ਼ਵਰ	ਵੀਚਾਰ

...ਗੁਰੂ ਦੀ ਸਨਮੁੱਖਤਾ ਅਤੇ ਈਸ਼ਵਰੀ ਵੀਚਾਰ ਰਾਹੀਂ, ਮਨ ਨੂੰ ਸਮਝਾਈਦਾ ਹੈ।...

ਅੰਕ ੧੮

ਤ੍ਰਿਬਿਧਿ *(ਤ੍ਰਿਬਿਧ)*	**ਕਰਮ**	**ਕਮਾਈਅਹਿ,** *(ਕਮਾਈਅਹਿਂ)*
ਤ੍ਰਿਵਿਧ, ਤਿੰਨ ਪ੍ਰਕਾਰ ਦੇ (ਸਤੋ,ਰਜੋ,ਤਮੋ)	ਕੰਮ	ਕਮਾਉਂਦੇ ਹਾਂ, ਕਰਦੇ ਹਾਂ

ਆਸ	**ਅੰਦੇਸਾ** *(ਅੰਦੇਸ਼ਾ)*	**ਹੋਇ॥**
ਇੱਛਾਵਾਂ	ਫਿਕਰ, ਚਿੰਤਾ	ਹੁੰਦੇ ਹਨ

...(ਜਦੋਂ ਤਕ ਸੰਸਾਰਿਕ ਜ਼ਿੰਦਗੀ ਜਿਊਂਦਿਆਂ ਜੀਵ) ਸਤੋ, ਰਜੋ ਅਤੇ ਤਮੋ ਅਧੀਨ ਕਰਮ ਕਰਦਾ ਹੈ, ਉਦੋਂ ਤਕ ਜੀਵਨ ਵਿਚ ਆਸ਼ਾਵਾਂ ਅਤੇ ਚਿੰਤਾਵਾਂ ਹੁੰਦੇ ਰਹਿੰਦੇ ਹਨ।...

ਕਿਉ *(ਕਿਉਂ)*	**ਗੁਰ**	**ਬਿਨੁ** *(ਬਿਨ)*	**ਤ੍ਰਿਕੁਟੀ**	**ਛੁਟਸੀ,**
ਕਿਵੇਂ	ਸਤਿਗੁਰੂ	ਬਿਨਾਂ	ਤਿੰਨਾਂ ਗੁਣਾਂ ਦੀ ਗੁੰਝਲ	ਛੁੱਟੇਗੀ, ਦੂਰ ਹੋਏਗੀ

ਸਹਜਿ *(ਸਹਿਜ)*	**ਮਿਲਿਐ**	**ਸੁਖੁ** *(ਸੁੱਖ)*	**ਹੋਇ ॥**
ਤੁਰੀਆ ਅਵਸਥਾ,ਆਤਮਕ ਅਡੋਲਤਾ	ਮਿਲਣ ਨਾਲ	(ਪਰਮਾਤਮ) ਸੁਖ	ਹੁੰਦਾ ਹੈ

...ਸਤਿਗੁਰੂ ਤੋਂ ਬਿਨਾਂ ਤਿੰਨਾਂ ਗੁਣਾਂ ਦੀ ਗੁੰਝਲ ਕਿਵੇਂ ਦੂਰ ਹੋ ਸਕਦੀ ਹੈ? (ਸਾਹਿਬ ਜੀ ਦਸਦੇ ਹਨ, ਕਿ ਗੁਰ-ਸ਼ਬਦ ਦੀ ਅਰਾਧਨਾ ਰਾਹੀਂ) ਆਤਮਿਕ ਅਡੋਲਤਾ ਆਉਣ ਨਾਲ ਪ੍ਰਮਾਤਮ-ਸੁਖ ਮਿਲਦਾ ਹੈ (ਇਵੇਂ ਤ੍ਰਿਕੁਟੀ ਤੋਂ ਛੁਟਕਾਰਾ ਹੋ ਜਾਂਦਾ ਹੈ।)...

ਨਿਜ	**ਘਰਿ** *(ਘਰ)*	**ਮਹਲੁ** *(ਮਹਿਲ)*	**ਪਛਾਣੀਐ,**
ਆਤਮ ਸਰੂਪ ਵਿਚ,	ਆਪਣੇ ਹਿਰਦੇ ਅੰਦਰ	ਟਿਕਾਣਾ	ਪਛਾਣ ਲਈਦਾ ਹੈ

ਨਦਰਿ *(ਨਦਰ)*	**ਕਰੇ**	**ਮਲੁ** *(ਮਲ)*	**ਧੋਇ ॥੩॥**
ਕ੍ਰਿਪਾ ਦ੍ਰਿਸ਼ਟੀ	ਕਰਕੇ	ਮੈਲ	ਧੋ ਦੇਵੇ, ਸਾਫ਼ ਕਰ ਦੇਵੇ

...(ਜਦੋਂ ਵਾਹਿਗੁਰੂ ਆਪਣੀ) ਕ੍ਰਿਪਾ ਦ੍ਰਿਸ਼ਟੀ ਕਰਕੇ (ਹਉਮੈ ਦੀ) ਮੈਲ ਧੋ ਦੇਵੇ ਤਾਂ (ਜੀਵ) ਨਿਜ ਘਰ ਵਿਚ ਹੀ (ਪ੍ਰਭੂ ਦਾ) ਮਹਲ ਪਛਾਣ ਲੈਂਦਾ ਹੈ।...

ਬਿਨ *(ਬਿਨ)*	**ਗੁਰ,**	**ਮੈਲੁ** *(ਮੈਲ)*	**ਨ** *(ਨਾਂ)*	**ਉਤਰੈ,**
ਬਿਨਾਂ	ਗੁਰੂ	(ਹਉਮੈ ਦੀ) ਮੈਲ	ਨਹੀਂ	ਉੱਤਰਦੀ, ਸਾਫ਼ ਹੁੰਦੀ

ਬਿਨੁ *(ਬਿਨ)*	**ਹਰਿ,** *(ਹਰ)*	**ਕਿਉ** *(ਕਿਉਂ)*	**ਘਰ**	**ਵਾਸੁ** *(ਵਾਸ)* **॥**
ਬਗੈਰ	ਹਰੀ, ਪ੍ਰਭੂ	ਕਿਵੇਂ	(ਨਿਜ)ਘਰ	ਵਾਸਾ, ਨਿਵਾਸ

...ਗੁਰੂ (ਸ਼ਬਦ ਦੀ ਅਰਾਧਨਾ ਤੋਂ) ਬਿਨਾਂ (ਹਉਮੈ) ਦੀ ਮੈਲ ਨਹੀਂ ਉਤਰਦੀ, ਅਤੇ ਬਿਨਾਂ (ਮੈਲ ਉਤਾਰਿਆਂ) ਨਿਜ ਘਰ ਵਿਚ ਹਰੀ ਦਾ ਵਾਸਾ ਕਿਵੇਂ ਹੋ ਸਕਦਾ ਹੈ? (ਭਾਵ ਨਹੀਂ ਹੋ ਸਕਦਾ)...

ਅੰਕ ੧੮-੧੯

ਏਕੋ	ਸਬਦੁ *(ਸ਼ਬਦ)*	ਵੀਚਾਰੀਐ,
ਇਕੋ	ਸ਼ਬਦ	ਵਿਚਾਰ ਕਰੀਏ, ਧਿਆਨ ਲਾਈਏ

ਅਵਰ	ਤਿਆਗੈ	ਆਸ ॥
ਹੋਰ	ਤਿਆਗ ਦੇਵੇ, ਛੱਡ ਦੇਵੇ	ਉਮੀਦਾਂ, ਆਸਾਂ

...(ਹੇ! ਭਾਈ!) ਹੋਰ ਉਮੀਦਾਂ ਤਿਆਗ ਦੇਈਏ, ਅਤੇ ਇਕ (ਗੁਰ) ਸ਼ਬਦ ਦੀ ਵਿਚਾਰ ਕਰੀਏ (ਭਾਵ ਅਰਾਧਨਾ ਕਰੀਏ)...

ਨਾਨਕ,	ਦੇਖਿ *(ਦੇਖ)*	ਦਿਖਾਈਐ,
ਹੇ! ਨਾਨਕ!	ਦੇਖਕੇ	ਦਿਖਾਉਂਦਾ ਹੈ

ਹਉ *(ਹਉਂ)*	ਸਦ	ਬਲਿਹਾਰੈ	ਜਾਸੁ *(ਜਾਸ)* ॥੪॥੧੨॥
ਮੈਂ	ਸੈਂਕੜੇ	ਕੁਰਬਾਨ	ਜਾਂਦਾ ਹਾਂ

...ਹੇ! ਨਾਨਕ! ਮੈਂ (ਉਸ ਗੁਰੂ ਤੋਂ) ਸੈਂਕੜੇ ਵਾਰੀ ਬਲਿਹਾਰ ਜਾਂਦਾ ਹਾਂ, ਜੋ (ਆਪ ਪ੍ਰਭੂ ਸਰੂਪ ਦੇ) ਦਰਸ਼ਨ ਕਰਕੇ ਫਿਰ ਹੋਰਨਾਂ ਨੂੰ ਦਰਸ਼ਨ ਕਰਵਾਉਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਧ੍ਰਿਗੁ *(ਧ੍ਰਿਗ)*	ਜੀਵਣੁ *(ਜੀਵਣ)*	ਦੋਹਾਗਣੀ,
ਫਿੱਟੇ ਮੂੰਹ, ਲਾਹਨਤ	ਜ਼ਿੰਦਗੀ	ਬੁਰੇ ਆਚਾਰ ਵਾਲੀ, ਛੁੱਟੜ

ਮੁਠੀ	ਦੂਜੈ	ਭਾਇ ॥
ਠੱਗੀ ਹੋਈ	ਦੂਸਰੇ	ਭਾਵ, ਵਿਚਾਰ, ਖ਼ਿਆਲ, ਪਾਸੇ

...ਦੋਹਾਗਣ ਇਸਤ੍ਰੀ (ਭਾਵ ਮਨਮੁੱਖ), ਦ੍ਵੈਤ-ਭਾਵ (ਭਾਵ ਮਾਇਆ ਦੇ ਪਿਆਰ) ਕਾਰਨ ਠੱਗੀ ਹੋਈ ਹੈ, ਲਾਹਨਤ ਹੈ ਐਸੇ ਜੀਵਨ ਵਾਲੀ (ਇਸਤ੍ਰੀ ਦੇ)।...

ਕਲਰ	ਕੇਰੀ	ਕੰਧ	ਜਿਉ, *(ਜਿਉਂ)*
ਸ਼ੋਰੇ ਵਾਲੀ ਮਿੱਟੀ, ਸ਼ੋਰਾ	ਵਾਲੀ	ਦੀਵਾਰ	ਜਿਵੇਂ

ਅਹਿਨਿਸਿ *(ਅਹਿਨਿਸ)*	ਕਿਰਿ *(ਕਿਰ)*	ਢਹਿ	ਪਾਇ ॥
ਦਿਨ ਰਾਤ	ਕਿਰਕ, ਝੜਕੇ	ਗਿਰ	ਪੈਂਦੀ ਹੈ

ਅੰਕ ੧੯

...ਜਿਵੇਂ ਸ਼ੋਰੇ ਦੀ ਮਿੱਟੀ ਵਾਲੀ ਕੰਧ, ਦਿਨ ਰਾਤ ਝੜ ਝੜ ਕੇ ਗਿਰ ਜਾਂਦੀ ਹੈ, (ਤਿਵੇਂ ਹੀ ਦੋਹਾਗਣ ਇਸਤ੍ਰੀ ਦਾ ਜੀਵਨ, ਮਾਇਆ ਦੇ ਵਿਕਾਰਾਂ ਕਰਕੇ ਹੌਲੀ ਹੌਲੀ ਖ਼ੁਰ ਜਾਂਦਾ ਹੈ।)...

ਬਿਨੁ *(ਬਿਨ)*	ਸਬਦੈ, *(ਸ਼ਬਦੈ)*	ਸੁਖੁ *(ਸੁੱਖ)*	ਨਾ	ਥੀਐ,
ਬਗ਼ੈਰ	(ਗੁਰ) ਸ਼ਬਦ ਤੋਂ	(ਪਰਮਾਤਮ)ਅਨੰਦ	ਨਹੀਂ	ਪ੍ਰਾਪਤ ਹੁੰਦਾ

ਪਿਰ	ਬਿਨੁ *(ਬਿਨ)*	ਦੂਖੁ *(ਦੁਖ)*	ਨ *(ਨਾਂ)*	ਜਾਇ ॥੧॥
ਪਤੀ (ਪਰਮੇਸ਼ਰ)	ਬਗੈਰ	ਕਸ਼ਟ	ਨਹੀਂ	ਜਾਂਦਾ

...(ਪ੍ਰਭੂ) ਪਤੀ ਬਿਨਾਂ, (ਜੀਵਨ ਦੇ) ਦੁੱਖ ਨਹੀਂ ਜਾ ਸਕਦੇ, ਅਤੇ (ਗੁਰ) ਸ਼ਬਦ ਤੋਂ ਬਿਨਾਂ (ਪਰਮਾਤਮ) ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ।...

ਮੁੰਧੇ,	ਪਿਰ	ਬਿਨੁ *(ਬਿਨ)*	ਕਿਆ	ਸੀਗਾਰੁ *(ਸ਼ੀਂਗਾਰ)* ॥
ਹੇ! ਮੁਗਧ, ਇਸਤ੍ਰੀ, ਨਾਰੀ	ਪਤੀ	ਬਿਨਾਂ	ਕੀ	ਸ਼ਿੰਗਾਰ, ਸੱਜ ਧੱਜ

...ਹੇ! ਮੁਗਧ ਇਸਤ੍ਰੀ! ਪਤੀ ਬਿਨਾਂ ਸ਼ਿੰਗਾਰ ਦਾ ਕੀ (ਅਰਥ ਹੈ)?...

ਦਰਿ *(ਦਰ)*	ਘਰਿ *(ਘਰ)*	ਢੋਈ	ਨ *(ਨਾਂ)*	ਲਹੈ,
ਦਰ	ਘਰ ਵਿਚ (ਭਾਵ ਇਸ ਜਹਾਨ ਅੰਦਰ)	ਆਸਰਾ	ਨਹੀਂ	ਲਭਦਾ

ਦਰਗਹ *(ਦਰਗਹਿ)*	ਝੂਠੁ *(ਝੂਠ)*	ਖੁਆਰੁ *(ਖ਼ੁਆਰ)* ॥੧॥	ਰਹਾਉ ॥
ਰੱਬੀ ਦਰਗਾਹ	ਮਿਥਿਆ,ਕੂੜ	ਖੱਜਲ, ਪਰੇਸ਼ਾਨ	ਠਹਿਰਾਉ

...(ਵਿਸ਼ੇ ਵਿਕਾਰਾਂ ਵਾਲੇ) ਕੂੜ (ਦੇ ਮੋਹ) ਕਰਕੇ (ਪਤੀ ਪਰਮੇਸ਼ਰ ਦੇ) ਦਰ-ਘਰ ਅੰਦਰ ਆਸਰਾ ਨਹੀਂ ਲਭਦਾ। (ਅਜਿਹੀਆਂ ਦੁਹਾਗਣਾਂ ਨੇ ਫਿਰ) ਰੱਬੀ ਦਰਗਾਹ ਤੇ ਵੀ ਖੱਜਲ ਖ਼ੁਆਰ (ਹੀ ਹੋਣਾ ਹੁੰਦਾ ਹੈ)...

ਆਪਿ *(ਆਪ)*	ਸੁਜਾਣੁ, *(ਸੁਜਾਣ)*	ਨ *(ਨਾਂ)*	ਭੂਲਈ,
ਖੁਦ (ਪਰਮੇਸ਼ਰ)	ਸਿਆਣਾ	ਨਹੀਂ	ਭੁਲਦਾ

ਸਚਾ	ਵਡ	ਕਿਰਸਾਣੁ *(ਕਿਰਸਾਣ)* ॥
ਸਦਾ ਸਥਿਰ	ਵੱਡਾ	ਕਿਸਾਨ

...ਸਦਾ-ਸਥਿਰ (ਪਰਮੇਸ਼ਰ) ਮਹਾਨ ਕਿਰਸਾਨ ਹੈ, (ਉਹ) ਖੁਦ ਬਹੁਤ ਸਿਆਣਾ ਹੈ, ਅਤੇ ਕਦੀ (ਠੀਕ ਤਰ੍ਹਾਂ ਫਸਲ ਬੀਜਣੀ) ਨਹੀਂ ਭੁਲਦਾ...

ਅੰਕ ੧੯

ਪਹਿਲਾ *(ਪਹਿਲਾਂ)*	ਧਰਤੀ	ਸਾਧਿ *(ਸਾਧ)*	ਕੈ,
ਪਹਿਲੇ, ਅਰੰਭ ਵਿਚ	ਜ਼ਮੀਨ	ਸੁਆਰ, ਤਿਆਰ	ਕੇ
ਸਚੁ *(ਸਚ)*	ਨਾਮੁ *(ਨਾਮ)*	ਦੇ	ਦਾਣੁ *(ਦਾਣ)* ॥
ਸੱਚੇ	ਨਾਮ, ਬੰਦਗੀ	ਵਾਲੇ	ਦਾਣੇ, ਬੀਜ

...(ਸਾਹਿਬ ਨੇ ਜਿਸ ਹਿਰਦੇ ਵਿਚ ਪਰਮਾਤਮ ਸੱਚ ਦੀ ਬੰਦਗੀ ਦੀ ਫਸਲ ਬੀਜਣੀ ਹੁੰਦੀ ਹੈ) ਪਹਿਲਾਂ (ਉਸ ਜੀਵ ਦੇ ਹਿਰਦੇ ਰੂਪੀ) ਧਰਤੀ ਨੂੰ ਤਿਆਰ ਕਰਕੇ ਫਿਰ ਸੱਚ-ਨਾਮ (ਭਾਵ ਬੰਦਗੀ) ਦੇ ਬੀਜ ਬੀਜਦਾ ਹੈ।...

ਨਉ *(ਨਉਂ)*	ਨਿਧਿ *(ਨਿਧ)*	ਉਪਜੈ	ਨਾਮੁ *(ਨਾਮ)*	ਏਕੁ, *(ਏਕ)*
ਨੌਂ	(ਕੁਬੇਰ ਦੇ ਨੌਂ ਪ੍ਰਕਾਰ ਦੇ ਮੰਨੇ) ਖਜ਼ਾਨੇ	ਉਗਦੇ	(ਪ੍ਰਭੂ)ਬੰਦਗੀ	ਇਕ
ਕਰਮਿ *(ਕਰਮ)*	ਪਵੈ	ਨੀਸਾਣੁ *(ਨੀਸ਼ਾਣ)*॥੨॥		
ਬਖਸ਼ਿਸ਼ ਨਾਲ	ਪੈਂਦਾ,ਲਗ ਜਾਂਦਾ ਹੈ	ਚਿੰਨ੍ਹ, ਨਿਸ਼ਾਨੀ		

...(ਉਸ ਹਿਰਦੇ ਵਿਚ ਫਿਰ ਕੇਵਲ) ਇਕ (ਪ੍ਰਭੂ ਦੇ) ਨਾਮ ਦੀ (ਪੈਦਾਵਾਰ) ਉਗਦੀ ਹੈ, ਮਾਨੋਂ ਨੌਂ ਨਿਧੀਆਂ ਉੱਗ ਪਈਆਂ। (ਉਸ ਜੀਵ ਦੀ ਘਾਲ ਥਾਇੰ ਪੈ ਜਾਂਦੀ ਹੈ ਤੇ ਪ੍ਰਭੂ ਦੀ) ਬਖਸ਼ਿਸ਼ ਦਾ ਨੀਸ਼ਾਣ (ਮਸਤਕ ਤੇ) ਲਗ ਜਾਂਦਾ ਹੈ।...

ਗੁਰ	ਕਉ,	ਜਾਣਿ *(ਜਾਣ)*	ਨ *(ਨਾਂ)*	ਜਾਣਈ,
ਸਤਿਗੁਰੂ	ਨੂੰ	ਜਾਣ ਬੁੱਝ ਕੇ,ਜਾਣਦਾ ਹੋਇਆ ਵੀ	ਨਹੀਂ	ਸਮਝਦਾ, ਜਾਣਦਾ
ਕਿਆ	ਤਿਸੁ *(ਤਿਸ)*	ਚਜੁ *(ਚਜ)*	ਅਚਾਰੁ *(ਅਚਾਰ)*॥	
ਕਿਸ	ਤਿਸਦਾ, ਉਸਦਾ	ਕੰਮ ਕਰਨ ਦਾ ਸਲੀਕਾ/ਵਲ	ਰਵਈਆ,ਰਹਿਣੀ ਬਹਿਣੀ	

...(ਜਿਸ ਜੀਵ ਨੇ) ਸਤਿਗੁਰੂ ਨੂੰ ਜਾਣਦਿਆਂ ਹੋਇਆਂ ਵੀ ਨਹੀਂ ਸਮਝਿਆ, ਉਸਦਾ ਚੱਜ-ਅਚਾਰ ਕਿਸ (ਕੰਮ)?...

ਅੰਧੁਲੈ,	ਨਾਮੁ *(ਨਾਮ)*	ਵਿਸਾਰਿਆ,
ਅੰਨ੍ਹੇ(ਆਤਮਿਕ ਅਗਿਆਨੀ) ਨੇ	(ਪ੍ਰਭੂ) ਬੰਦਗੀ	ਭੁਲਾ ਦਿੱਤਾ
ਮਨਮੁਖਿ, *(ਮਨਮੁਖ)*	ਅੰਧ	ਗੁਬਾਰੁ *(ਗੁਬਾਰ)* ॥
(ਗੁਰੂ ਤੋਂ) ਬੇਮੁੱਖ ਕਰਕੇ	ਘੁੱਪ ਹਨ੍ਹੇਰਾ	ਹਨ੍ਹੇਰੀ ਦੀ ਧੂੜ ਕਾਰਨ ਹੋਇਆ ਹਨ੍ਹੇਰਾ

ਅੰਕ ੧੯

...ਅੰਨ੍ਹੇ (ਅਗਿਆਨੀ) ਨੇ (ਪ੍ਰਭੂ) ਨਾਮ ਨੂੰ ਵਿਸਾਰ ਦਿਤਾ ਹੈ, ਮੁਨਮੁਖਤਾ ਭਾਵ ਗੁਰੂ ਤੋਂ ਬੇਮੁਖ ਹੋਕੇ ਆਪਣੇ ਮਨ ਦੇ ਮਗਰ ਲਗ ਗਿਆ ਹੈ, (ਇਸ ਕਾਰਨ ਉਸਦੇ ਜੀਵਨ ਵਿਚ ਅਗਿਆਨ ਦੀ ਰਾਤ ਦਾ) ਘੁੱਪ ਹਨ੍ਹੇਰਾ ਤੇ ਝੱਖੜ ਚੜ੍ਹ ਗਿਆ ਹੈ...

ਆਵਣੁ *(ਆਵਣ)*	ਜਾਣੁ *(ਜਾਣ)*	ਨ *(ਨਾਂ)*	ਚੁਕਈ,
ਆਉਣਾ(ਜੰਮਣਾ)	ਜਾਣਾ(ਮਰਨਾ)	ਨਹੀਂ	ਚੁਕਦਾ, ਮੁਕਦਾ

ਮਰਿ *(ਮਰ)*	ਜਨਮੈ	ਹੋਇ	ਖੁਆਰੁ *(ਖੁਆਰ)* ॥੩॥
ਮਰ ਕੇ	ਜੰਮਦਾ	ਹੁੰਦਾ	ਖੱਜਲ, ਪ੍ਰੇਸ਼ਾਨ

...(ਅਜਿਹੇ ਨਾਮ ਵਿਹੂਣੇ ਮਨਮੁੱਖ ਦਾ ਸੰਸਾਰ ਤੇ) ਆਉਣਾ ਜਾਣਾ ਮੁੱਕਦਾ ਨਹੀਂ, ਅਤੇ ਉਹ ਮਰ (ਮਰ) ਕੇ ਫਿਰ ਜੰਮਦਾ ਹੈ, (ਅਤੇ ਇਸ ਆਵਾਗਉਣ ਅਤੇ ਜੰਮਣ ਮਰਣ ਦੇ ਚੱਕਰ ਕਰਕੇ) ਖੱਜਲ ਖੁਆਰ ਹੁੰਦਾ ਰਹਿੰਦਾ ਹੈ।...

ਚੰਦਨੁ *(ਚੰਦਨ)*	ਮੋਲਿ *(ਮੋਲ)*	ਅਣਾਇਆ,
ਇਕ ਸੁਗੰਧਿਤ ਬ੍ਰਿਛ ਦੀ ਲਕੜੀ	ਮੁੱਲ ਨਾਲ	ਮੰਗਵਾਇਆ

ਕੁੰਗੂ	ਮਾਂਗ	ਸੰਧੂਰੁ *(ਸੰਧੂਰ)* ॥
ਕੇਸਰ	ਕੇਸਾਂ ਦਾ ਚੀਰ	ਲਾਲ ਰੰਗ, ਜੋ ਸੁਹਾਗਣਾ, ਸੁਹਾਗ ਦੀ ਨਿਸ਼ਾਨੀ ਵਜੋਂ ਆਪਣੇ ਚੀਰ ਵਿਚ ਪਾਂਦੀਆਂ ਹਨ

...(ਜਿਹੜੀ ਇਸਤਰੀ ਨੇ ਲੇਪ ਕਰਨ ਲਈ) ਚੰਦਨ, (ਟਿੱਕਾ ਲਾਉਣ ਲਈ) ਕੇਸਰ, ਅਤੇ (ਕੇਸਾਂ ਦਾ ਚੀਰ ਭਰਨ ਲਈ) ਸੰਧੂਰ ਮੁੱਲ ਮੰਗਵਾਇਆ...

ਚੋਆ	ਚੰਦਨੁ *(ਚੰਦਨ)*	ਬਹੁ	ਘਣਾ,
ਅਤਰ	ਚੰਦਨ ਦਾ	ਬਹੁਤ	ਗੂੜ੍ਹਾ, ਸੰਘਣਾ

ਪਾਨਾ *(ਪਾਨਾਂ)*	ਨਾਲਿ *(ਨਾਲ)*
ਤਾਂਬੋਲ (ਨਾਗਰ ਵੇਲ ਦਾ ਪੱਤਾ ਜਿਸ ਵਿਚ ਕਥਾ, ਚੂਨਾ, ਸੁਪਾਰੀ, ਇਲਾਚੀ ਆਦਿ ਪਾਕੇ ਖਾਂਦੇ ਹਨ	ਸਮੇਤ

ਕਪੂਰੁ *(ਕਪੂਰ)*॥
ਇਕ ਬ੍ਰਿਛ ਦੇ ਰਸ ਤੋਂ ਤਿਆਰ ਕੀਤਾ ਜਾਂਦਾ ਸੁਫੈਦ ਸੁਗੰਧਤ ਪਦਾਰਥ ਜੋ ਹਵਾ ਵਿਚ ਉਡ ਜਾਂਦਾ ਹੈ।

...(ਸੁਗੰਧੀ ਲਈ) ਚੰਦਨ ਦਾ ਅਤਰ, (ਮੂੰਹ ਦੀ ਖੁਸ਼ਬੂ ਲਈ) ਪਾਨ, ਅਤੇ (ਬਿਸਤਰ ਆਦਿ ਸੁਗੰਧਿਤ ਕਰਨ ਲਈ) ਕਪੂਰ ਆਦਿਕ ਪਦਾਰਥ ਵੀ ਨਾਲ ਮੰਗਵਾ ਲਏ...

ਅੰਕ ੧੯

ਜੇ	ਧਨ	ਕੰਤਿ *(ਕੰਤ)*	ਨ *(ਨਾਂ)*	ਭਾਵਈ,
ਪ੍ਰੰਤੂ	ਇਸਤ੍ਰੀ	ਕੰਤ ਨੂੰ	ਨਹੀਂ	ਭਾਉਂਦੀ, ਚੰਗੀ ਲਗਦੀ

ਤ *(ਤਾਂ)*	ਸਭਿ *(ਸਭ)*	ਅਡੰਬਰ	ਕੂੜੁ *(ਕੂੜ)* ॥੪॥
ਤਾਂ	ਸਾਰੇ	ਸ਼ਿੰਗਾਰ, ਸਜ-ਧਜ	ਝੂਠੇ, ਵਿਅਰਥ

...(ਇਨ੍ਹਾਂ ਸਭ ਯਤਨਾਂ ਦੇ ਬਾਵਜੂਦ ਜੇਕਰ ਉਹ) ਇਸਤ੍ਰੀ (ਆਪਣੇ ਪਰਮੇਸ਼ਰ) ਪਤੀ ਨੂੰ ਹੀ ਨਹੀਂ ਚੰਗੀ ਲਗਦੀ, ਤਾਂ ਸਾਰੀ (ਹਾਰ ਸ਼ਿੰਗਾਰ ਵਾਲੀ) ਸਜ-ਧਜ ਵਿਅਰਥ ਹੈ।...

ਸਭਿ *(ਸਭ)*	ਰਸ ਭੋਗਣ	ਬਾਦਿ *(ਬਾਦ)*	ਹਹਿ, *(ਹਹਿਂ)*
ਸਾਰੇ	ਭੋਗਣ ਯਗ ਪਦਾਰਥ	ਮਾਨਣ,ਵਰਤਣੇ	ਫਜ਼ੂਲ,ਵਿਅਰਥ ਹਨ

ਸਭਿ *(ਸਭ)*	ਸੀਗਾਰ *(ਸ਼ੀਂਗਾਰ)*	ਵਿਕਾਰ ॥
ਸਾਰਾ	ਸ਼ਿੰਗਾਰ, ਸਜ-ਧਜ	ਵਿਕਾਰ ਪੈਦਾ ਕਰਨ ਵਾਲੇ, ਮਾੜੇ, ਖ਼ਰਾਬ

...(ਪਤੀ-ਪਰਮੇਸ਼ਰ ਦੇ ਪਿਆਰ ਤੋਂ ਬਿਨਾਂ ਜੀਵ ਇਸਤ੍ਰੀ ਦਾ) ਸਾਰੇ ਪਦਾਰਥਾਂ ਨੂੰ ਭੋਗਣਾ ਫਜ਼ੂਲ ਹੈ, ਅਤੇ ਸਾਰੀ ਸਜ-ਧਜ ਵਿਕਾਰ ਪੈਦਾ ਕਰਨ ਵਾਲੀ ਹੈ।...

ਜਬ	ਲਗੁ, *(ਲਗ)*	ਸਬਦਿ *(ਸ਼ਬਦ)*	ਨ *(ਨਾਂ)*	ਭੇਦੀਐ,
ਜਦੋਂ	ਤਕ	(ਗੁਰ) ਸ਼ਬਦ ਨਾਲ	ਨਹੀਂ	ਵਿਨ੍ਹੀ ਜਾਏ

ਕਿਉ *(ਕਿਉਂ)*	ਸੋਹੈ	ਗੁਰਦੁਆਰਿ *(ਗੁਰਦੁਆਰ)*॥
ਕਿਵੇਂ	ਸੁਹਣੀ ਲੱਗੇ, ਸੋਭਾ ਪਾਏ	ਗੁਰ (ਪਰਮੇਸ਼ਰ ਦੇ) ਦੁਆਰ ਤੇ

...ਜਦ ਤਕ (ਜੀਵ ਇਸਤਰੀ ਦਾ ਹਿਰਦਾ, ਗੁਰ) ਸ਼ਬਦ (ਦੇ ਬਾਣ) ਨਾਲ ਵਿਨ੍ਹਿਆਂ ਨਹੀਂ ਜਾਂਦਾ (ਉਦੋਂ ਤਕ), ਉਹ ਗੁਰ (ਪਰਮੇਸ਼ਰ) ਦੇ ਦਰ ਤੇ ਕਿਵੇਂ ਸੁਹਣੀ ਲਗ ਸਕਦੀ ਹੈ? (ਭਾਵ ਕਦਾਚਿਤ ਨਹੀਂ)...

ਨਾਨਕ,	ਧੰਨੁ *(ਧੰਨ)*	ਸੁਹਾਗਣੀ,
ਹੇ ! ਨਾਨਕ	ਧੰਨਤਾ ਯੋਗ	ਸੁਹਾਗਵੰਤੀ

ਜਿਨ *(ਜਿਨ੍ਹ)*	ਸਹ *(ਸ਼ਹਿ)*	ਨਾਲਿ *(ਨਾਲ)*	ਪਿਆਰੁ *(ਪਿਆਰ)* ॥੫॥੧੩॥
ਜਿਨ੍ਹਾਂ ਦਾ	ਪਤੀ	ਨਾਲ,ਸੰਗ	ਪ੍ਰੇਮ

...ਹੇ! ਨਾਨਕ! ਉਹ ਸੁਹਾਗਵੰਤੀਆਂ ਧੰਨਤਾ ਯੋਗ ਹਨ, ਜਿਨ੍ਹਾ ਦਾ ਆਪਣੇ (ਪ੍ਰਭੂ) ਕੰਤ ਨਾਲ ਪਰੇਮ (ਬਣਿਆ ਹੋਇਆ) ਹੈ।

ਅੰਕ ੧੯

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)*॥		
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ		

ਸੁੰਞੀ	**ਦੇਹ**	**ਡਰਾਵਣੀ,**	
ਸੱਖਣੀ	ਸਰੀਰ	ਡਰਾਉਣੀ, ਭੈਦਾਇਕ	
ਜਾ *(ਜਾਂ)*	**ਜੀਉ**	**ਵਿਚਹੁ** *(ਵਿਚਹੁ)*	**ਜਾਇ॥**
ਜਦੋਂ	ਜਿੰਦ,ਜਾਨ	ਵਿਚੋਂ, ਅੰਦਰੋਂ	ਜਾਂਦੇ ਹਨ

...ਜਦੋਂ (ਜੀਵ ਦੇ) ਸਰੀਰ ਵਿਚੋਂ ਜਾਨ ਨਿਕਲ ਜਾਂਦੀ ਹੈ, ਤਾਂ (ਪ੍ਰਾਣਾਂ ਤੋਂ ਬਗੈਰ) ਸੱਖਣੀ ਦੇਹ ਡਰਾਉਣੀ (ਲਗਣ ਲਗ ਜਾਂਦੀ ਹੈ।)...

ਭਾਹਿ	**ਬਲੰਦੀ**	**ਵਿਝਵੀ,**
ਭਾਹ, ਅਗਨੀ	ਬਲਦੀ ਹੋਈ	ਬੁਝ ਗਈ, ਸਮਾਪਤ ਹੋ ਗਈ

ਧੂਉ *(ਧੂੰ)*	**ਨ** *(ਨਾਂ)*	**ਨਿਕਸਿਓ**	**ਕਾਇ॥**
ਧੂਆਂ	ਨਹੀਂ	ਨਿਕਲਦਾ	ਕੋਈ

...(ਸਰੀਰ ਦੀ) ਬਲਦੀ ਹੋਈ ਅਗਨੀ (ਜੀਵਨ ਜੋਤ) ਬੁਝ ਗਈ ਕੋਈ ਧੂੰਆ ਨਹੀਂ ਨਿਕਲਦਾ (ਭਾਵ ਕੋਈ ਸੁਆਸ ਨਹੀਂ ਚਲਦਾ)...

ਪੰਚੇ	**ਰੁੰਨੇ**	**ਦੁਖਿ** *(ਦੁੱਖ)*	**ਭਰੇ,**
ਪੰਜੇ	ਰੋਏ	ਦੁੱਖ ਨਾਲ	ਭਰੇ ਹੋਏ
ਬਿਨਸੇ	**ਦੂਜੈ**	**ਭਾਇ॥੧॥**	
ਮੁੱਕ ਗਏ	ਦੂਸਰੇ, ਦ੍ਵੈਤ	ਭਾਵ ਵਿਚ, ਖਿਆਲ ਵਿਚ	

...ਪੰਜ ਗਿਆਨ ਇੰਦ੍ਰੀਆਂ (ਨੱਕ, ਕੰਨ, ਅੱਖਾਂ, ਮੂੰਹ ਅਤੇ ਚਮੜੀ) ਵੀ ਦੁੱਖ ਨਾਲ ਭਰੀਆਂ ਹੋਈਆਂ ਰੋਂਦੀਆਂ ਰਹੀਆਂ, ਕਿਉਂਕਿ ਉਹ ਦ੍ਵੈਤ-ਭਾਵ ਵਿਚ ਹੀ ਲਗੀਆਂ ਰਹਿਣ ਕਰਕੇ ਬਿਨਸ ਗਈਆਂ।...

ਮੂੜੇ, *(ਮੂੜ੍ਹੇ)*	**ਰਾਮੁ** *(ਰਾਮ)*	**ਜਪਹੁ**	**ਗੁਣ**	**ਸਾਰਿ** *(ਸਾਰ)* ॥
ਹੇ! ਮੂਰਖ!	ਪਰਮਾਤਮਾ	ਚਿੰਤਨ ਕਰੋ, ਸਿਮਰੋ	ਚੰਗਿਆਈਆਂ	ਸੰਭਾਲ ਕੇ

...ਹੇ! ਮੂਰਖ (ਜੀਵ! ਪਰਮਾਤਮ) ਗੁਣਾਂ ਦੀ ਸੰਭਾਲ ਕਰਕੇ ਵਾਹਿਗੁਰੂ ਦਾ ਚਿੰਤਨ ਕਰ।...

ਅੰਕ ੧੯

ਹਉਮੈ	ਮਮਤਾ	ਮੋਹਣੀ,	
ਅਹੰਕਾਰ	(ਮਾਇਆ ਦਾ) ਮੋਹ	ਮੋਹ ਲੈਣ ਵਾਲੀ	
ਸਭ	ਮੁਠੀ	ਅਹੰਕਾਰਿ *(ਅਹੰਕਾਰ)*॥੧॥	ਰਹਾਉ॥
ਸਾਰੀ	ਠੱਗੀ	ਅਹੰਕਾਰ	ਠਹਿਰਾਉ

...ਸਾਰੀ (ਸ੍ਰਿਸ਼ਟੀ) ਹਉਮੈ, ਅਹੰਕਾਰ ਅਤੇ ਮੋਹਣੀ (ਮਾਇਆ ਦੇ) ਮੋਹ ਵਿਚ ਠੱਗੀ ਜਾ ਰਹੀ ਹੈ। (ਭਾਵ ਇਨ੍ਹਾਂ ਵਿਕਾਰਾਂ ਵਿਚ ਗਲਤਾਨ ਹੋਕੇ ਸਭ ਸ੍ਰਿਸ਼ਟੀ ਦੇ ਜੀਵ, ਵਿਅਰਥ ਹੀ ਜੀਵਨ ਬਤੀਤ ਕਰ ਰਹੇ ਹਨ।)...

ਜਿਨੀ, *(ਜਿਨ੍ਹੀਂ)*	ਨਾਮੁ *(ਨਾਮ)*	ਵਿਸਾਰਿਆ,
ਜਿਨ੍ਹਾਂ ਨੇ	(ਪ੍ਰਭੂ) ਬੰਦਗੀ	ਭੁਲਾ ਦਿੱਤਾ ਹੈ, ਵਿਸਾਰ ਦਿੱਤਾ ਹੈ
ਦੂਜੀ	ਕਾਰੈ	ਲਗਿ *(ਲਗ)*॥
ਦੂਸਰੀ (ਦੁਨਿਆਵੀ)	ਕਾਰ ਵਿਚ, ਕੰਮਾਂ ਵਿਚ	ਲਗ ਕੇ

...(ਜਿਨ੍ਹਾ ਨੇ) ਦੂਸਰੀ (ਭਾਵ ਦ੍ਵੈਤ-ਭਾਵ ਵਾਲੀ ਅਥਵਾ ਸੰਸਾਰਿਕ ਕਾਰ ਵਿਹਾਰ ਵਾਲੀ) ਕਾਰ ਵਿਚ ਲਗ ਕੇ (ਪ੍ਰਭੂ) ਸਿਮਰਨ ਨੂੰ ਭੁਲਾ ਦਿੱਤਾ ਹੈ...

ਦੁਬਿਧਾ	ਲਾਗੇ,	ਪਚਿ *(ਪਚ)*	ਮੁਏ,
ਦੁਚਿੱਤੀ, ਮਨ ਦੀ ਡਾਵਾਂ ਡੋਲ ਹਾਲਤ	ਲੱਗੇ ਹੋਏ	ਖੱਪ ਕੇ, ਉਲਝ ਕੇ	ਮਰ ਗਏ

ਅੰਤਰਿ *(ਅੰਤਰ)*	ਤ੍ਰਿਸਨਾ *(ਤ੍ਰਿਸ਼ਨਾ)*	ਅਗਿ *(ਅੱਗ)*॥
ਅੰਦਰ ਦੀ	ਤ੍ਰਿਸ਼ਨਾ, ਲਾਲਸਾ, ਖਾਹਿਸ਼	ਅਗਨੀ

...(ਅਜਿਹੇ ਨਾਮ ਵਿਹੂਣੇ ਜੀਵ) ਦੁਚਿਤੀ ਵਿਚ ਪਏ ਹੋਏ, ਅੰਦਰ ਦੀ ਤ੍ਰਿਸ਼ਨਾ ਰੂਪੀ ਅਗਨੀ (ਦੇ ਸੇਕ ਨਾਲ ਹੀ) ਖੱਪ ਖੱਪ ਕੇ ਮਰ ਜਾਂਦੇ ਹਨ।...

ਗੁਰਿ *(ਗੁਰ)*	ਰਾਖੇ,	ਸੇ	ਉਬਰੇ,
ਸਤਿਗੁਰੂ	ਰੱਖਿਆ ਕਰੇ, ਬਚਾ ਲਏ	ਉਹ	ਉਭਰਦੇ ਹਨ, ਬਚਦੇ ਹਨ
ਹੋਰਿ *(ਹੋਰ)*	ਮੁਠੀ	ਧੰਧੈ	ਠਗਿ *(ਠਗ)* ॥੨॥
ਹੋਰ, ਇਲਾਵਾ	ਠੱਗ ਲਈ	ਧੰਧਿਆਂ ਰੂਪੀ	ਠੱਗਾਂ ਦੁਆਰਾ, ਲੁਟੇਰਿਆਂ ਰਾਹੀਂ

...(ਇਸ ਅਗਨੀ ਦੇ ਸੇਕ ਤੋਂ) ਉਹੀ ਬਚਦੇ ਹਨ (ਜਿਨ੍ਹਾਂ ਦੀ) ਸਤਿਗੁਰੂ ਰਖਿਆ ਕਰਦਾ ਹੈ। ਹੋਰ ਸਭ (ਦੁਨੀਆਂ) ਧੰਧਿਆਂ ਰੂਪੀ ਠੱਗਾਂ ਨੇ ਠੱਗ ਲਈ...

ਅੰਕ ੧੯

ਮੁਈ	ਪਰੀਤਿ *(ਪਰੀਤ)*	ਪਿਆਰੁ *(ਪਿਆਰ)*	ਗਇਆ,
ਮਰ ਗਈ	ਪਿਆਰ	ਮੋਹ	(ਮੁੱਕ) ਗਿਆ

ਮੁਆ	ਵੈਰੁ *(ਵੈਰ)*	ਵਿਰੋਧੁ *(ਵਿਰੋਧ)*॥
ਮਰ ਗਿਆ	ਦੁਸ਼ਮਣੀ	ਵਿਰੋਧਤਾ, ਮੁਖਾਲਫ਼ਤ

...(ਇਸ ਅਗਨੀ ਦੇ ਸੇਕ ਤੋਂ ਬਚਾ ਕੇ ਰੱਖੇ ਗੁਰੂ ਪਿਆਰਿਆਂ ਦੀ ਜ਼ਿੰਦਗੀ ਵਿਚੋਂ) ਸੰਸਾਰਿਕ ਮੋਹ ਮਾਇਆ ਖ਼ਤਮ ਹੋ ਜਾਂਦੀ ਹੈ, ਮਾਇਕ ਪਦਾਰਥਾਂ ਦਾ ਪਿਆਰ ਵੀ ਮੁੱਕ ਜਾਂਦਾ ਹੈ, ਅਤੇ (ਦੁਨਿਆਵੀ) ਵੈਰ ਵਿਰੋਧ ਵੀ ਸਮਾਪਤ ਹੋ ਜਾਂਦਾ ਹੈ।....

ਧੰਧਾ	ਥਕਾ,	ਹਉ *(ਹਉਂ)*	ਮੁਈ,
ਸੰਸਾਰ ਦੇ ਝਮੇਲੇ, ਦੌੜ ਭੱਜ	ਥਕ ਗਏ	ਹਉਮੈ	ਮਰ ਗਈ

ਮਮਤਾ	ਮਾਇਆ	ਕ੍ਰੋਧੁ *(ਕ੍ਰੋਧ)* ॥
ਮੋਹ	ਮਾਇਆ ਦਾ	ਗੁੱਸਾ

...ਸੰਸਾਰਿਕ ਧੰਧਿਆਂ ਦੀ ਦੌੜ-ਭੱਜ ਵੀ ਸਮਾਪਤ ਹੋ ਜਾਂਦੀ ਹੈ, ਅਹੰਕਾਰ ਮਰ ਜਾਂਦਾ ਹੈ, ਮੋਹ ਮਾਇਆ ਤੇ ਕ੍ਰੋਧ ਵੀ ਮੁੱਕ ਜਾਂਦੇ ਹਨ।...

ਕਰਮਿ *(ਕਰਮ)*	ਮਿਲੈ,	ਸਚੁ *(ਸਚ)*	ਪਾਈਐ,
ਬਖਸ਼ਿਸ਼ ਦੁਆਰਾ	(ਸਿਮਰਨ ਦੀ ਦਾਤ) ਮਿਲਦੀ ਹੈ	ਸਦਾ ਸਥਿਰ (ਪ੍ਰਭੂ)	ਪ੍ਰਾਪਤ ਹੁੰਦਾ ਹੈ

ਗੁਰਮੁਖਿ *(ਗੁਰਮੁਖ)*	ਸਦਾ	ਨਿਰੋਧੁ *(ਨਿਰੋਧ)* ॥੩॥
ਗੁਰੂ ਦੇ ਸਨਮੁੱਖ ਹੋਕੇ	ਹਮੇਸ਼ਾਂ	ਮਨ ਦੀ ਰੋਕ

...(ਇਹੋ ਜਿਹੇ ਗੁਰੂ ਪਿਆਰੇ) ਗੁਰੂ ਦੇ ਸਨਮੁੱਖ ਹੋਕੇ ਹਮੇਸ਼ਾਂ (ਮਨ ਦੇ ਵਿਕਾਰਾਂ ਨੂੰ) ਰੋਕ ਕੇ ਰਖਦੇ ਹਨ, (ਉਨ੍ਹਾਂ ਨੂੰ ਰੱਬੀ) ਬਖਸ਼ਿਸ਼ ਰਾਹੀਂ (ਬੰਦਗੀ ਦੀ ਦਾਤ) ਮਿਲਦੀ ਹੈ, ਜਿਸ ਨਾਲ ਸਦਾ-ਸਥਿਰ (ਪ੍ਰਭੂ) ਪ੍ਰਾਪਤ ਹੁੰਦਾ ਹੈ।...

ਸਚੀ	ਕਾਰੈ,	ਸਚੁ *(ਸੱਚ)*	ਮਿਲੈ,
ਸੱਚ ਵਾਲੀ(ਬੰਦਗੀ ਵਾਲੀ)	ਕਾਰ ਵਿਚ	ਸਦਾ-ਸਥਿਰ(ਪ੍ਰਭੂ)	ਮਿਲਦਾ ਹੈ

ਗੁਰਮਤਿ *(ਗੁਰਮਤ)*	ਪਲੈ	ਪਾਇ॥
ਗੁਰੂ ਦੀ ਮੱਤ	ਪੱਲੇ ਵਿਚ	ਪੈ ਜਾਂਦੀ ਹੈ

ਅੰਕ ੧੯

...(ਹੇ! ਭਾਈ! ਜਿਹੜਾ ਮਨੁੱਖ ਪ੍ਰਭੂ ਦੀ ਬੰਦਗੀ ਵਾਲੀ) ਸੱਚੀ ਕਾਰ ਵਿਚ (ਲਗਿਆ ਰਹਿੰਦਾ ਹੈ, ਉਸਨੂੰ) ਸਦਾ-ਸਥਿਰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ, ਅਤੇ ਸਤਿਗੁਰੂ ਦੀ ਮੱਤ ਭਾਵ ਉਪਦੇਸ਼ ਵੀ ਪੱਲੇ ਪੈ ਜਾਂਦਾ ਹੈ।...

ਸੋ	**ਨਰੁ** *(ਨਰ)*	**ਜੰਮੈ,**	**ਨਾ** *(ਨਾਂ)*	**ਮਰੈ,**
(ਉਹ)	ਮਨੁੱਖ	ਜੰਮਦੇ	ਨਹੀਂ	ਮਰਦੇ
ਨਾ *(ਨਾਂ)*	**ਆਵੈ,**	**ਨਾ** *(ਨਾਂ)*	**ਜਾਇ॥**	
ਨਾਂ ਹੀ	ਆਉਂਦੇ	ਨਾ ਹੀ	ਜਾਂਦੇ	

...(ਇਹੋ ਜਿਹੇ ਬੰਦਗੀ ਵਾਲੇ ਮਨੁੱਖ) ਨਾ ਜੰਮਦੇ ਹਨ ਅਤੇ ਨਾ ਮਰਦੇ ਹਨ। ਨਾਂ ਹੀ (ਸੰਸਾਰ ਤੇ) ਆਉਂਦੇ ਹਨ ਤੇ ਨਾ ਹੀ ਜਾਂਦੇ ਹਨ, (ਭਾਵ ਉਹ ਜੰਮਣ ਮਰਣ ਅਤੇ ਆਵਾਗਉਣ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ।)...

ਨਾਨਕ,	**ਦਰਿ** *(ਦਰ)*	**ਪਰਧਾਨੁ** *(ਪਰਧਾਨ)*	**ਸੋ,**
ਹੇ! ਨਾਨਕ	(ਪ੍ਰਭੂ) ਦਰ ਤੇ	ਮੁੱਖੀ, ਸ੍ਰੇਸ਼ਟ, ਵਡਿਆਈ ਵਾਲਾ	ਉਹੀ
ਦਰਗਹਿ	**ਪੈਧਾ**	**ਜਾਇ॥੪॥੧੪॥**	
(ਰੱਬੀ)	ਦਰਗਾਹ ਵਿਚ	ਪਹਿਰਿਆ, ਪਹਿਨਕੇ ਜਾਂਦਾ ਹੈ	

...ਹੇ! ਨਾਨਕ! (ਇਹੋ ਜਿਹੇ ਸਿਮਰਨ ਬੰਦਗੀ ਵਾਲੇ ਗੁਰਮੁਖ ਜਨ ਹੀ ਪ੍ਰਭੂ) ਦਰ ਤੇ ਪਰਧਾਨ ਹੁੰਦੇ ਹਨ। ਰੱਬੀ ਦਰਗਾਹ ਵਿਚ (ਪ੍ਰਭੂ ਬੰਦਗੀ ਦੀ ਇੱਜ਼ਤ ਮਾਣ ਵਾਲਾ ਪਹਿਰਾਵਾ) ਪਹਿਨਕੇ ਜਾਂਦੇ ਹਨ।

ਸਿਰੀਰਾਗੁ, *(ਸਿਰੀਰਾਗ)*	**ਮਹਲ** *(ਮਹਿਲ)*	**੧** *(ਪਹਿਲਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਤਨੁ *(ਤਨ)*	**ਜਲਿ** *(ਜਲ)*	**ਬਲਿ** *(ਬਲ)*	**ਮਾਟੀ**	**ਭਇਆ,**
ਸਰੀਰ	ਜਲਕੇ	ਬਲਕੇ	ਮਿੱਟੀ, ਸੁਆਹ	ਹੋ ਗਿਆ
ਮਨੁ *(ਮਨ)*	**ਮਾਇਆ**	**ਮੋਹਿ** *(ਮੋਹ)*	**ਮਨੂਰੁ** *(ਮਨੂਰ)***॥**	
ਚਿੱਤ	ਮਾਇਆ ਦੇ	ਮੋਹ ਵਿਚ	ਲੋਹੇ ਦੀ ਮੈਲ	

(ਪ੍ਰਭੂ ਸਿਮਰਨ ਤੋਂ ਵਿਹੂਣੇ ਮਨੁੱਖ ਦਾ) ਸਰੀਰ (ਵਿਕਾਰਾਂ ਦੀ ਅਗਨੀ ਵਿਚ) ਸੜ ਬਲਕੇ ਸੁਆਹ ਹੋ ਗਿਆ ਅਤੇ ਮਨ, ਮਾਇਆਵੀ (ਪਦਾਰਥਾਂ ਦੇ) ਮੋਹ ਵਿਚ ਲੋਹੇ ਦੀ ਮੈਲ ਵਰਗਾ...

ਅਉਗਣ	**ਫਿਰਿ** *(ਫਿਰ)*	**ਲਾਗੂ**	**ਭਏ,**
ਬੁਰਿਆਈਆਂ	ਫਿਰ ਵੀ	ਪਿਛੇ,	ਖਹਿੜੇ ਪਏ ਰਹਿੰਦੇ ਹਨ

ਕੂਰਿ(ਕੂਰ)	ਵਜਾਵੈ	ਤੂਰੁ(ਤੂਰ) ॥
ਕੂੜੀ, ਝੂਠ ਵਾਲੀ	ਵਜਾਉਂਦਾ ਹੈ	ਤੁਰਮ, ਨਰਸਿੰਘਾ

...ਅਉਗਣ ਫਿਰ ਵੀ (ਉਸਦੇ) ਖਹਿੜੇ ਪਏ ਰਹਿੰਦੇ ਹਨ, (ਤੇ ਉਹ ਮਾਇਆ ਦੇ ਇਸ) ਕੂੜ ਵਿਚ (ਗਲਤਾਨ ਹੋਇਆ) ਨਰਸਿੰਘੇ ਵਜਾਉਂਦਾ ਰਹਿੰਦਾ ਹੈ।(ਭਾਵ ਮਾਇਆਵੀ ਮੌਜਾਂ ਮਾਣਦਾ ਰਹਿੰਦਾ ਹੈ।)...

ਬਿਨੁ(ਬਿਨ)	ਸਬਦੈ(ਸ਼ਬਦੈ)	ਭਰਮਾਈਐ,
ਬਗੈਰ, ਬਿਨਾਂ	(ਗੁਰ) ਸ਼ਬਦ ਤੋਂ	ਭਰਮਦੇ ਰਹੀਦਾ, ਭਟਕਦੇ ਰਹੀਦਾ

ਦੁਬਿਧਾ	ਡੋਬੇ	ਪੂਰੁ(ਪੂਰ) ॥੧॥
ਦ੍ਵੈਤ, ਦੁਚਿੱਤੀ	ਡੋਬ ਦਿੰਦੀ ਹੈ	ਬੇੜੀ ਵਿਚ ਇਕ ਵਾਰੀ ਬੈਠੇ ਇਨਸਾਨਾਂ ਦਾ ਸਮੂਹ

...(ਗੁਰ) ਸ਼ਬਦ ਤੋਂ ਬਿਨਾਂ (ਜੀਵ ਇੱਧਰ ਉੱਧਰ) ਭਟਕਦਾ ਰਹਿੰਦਾ ਹੈ, ਅਤੇ ਉਸਦੀ ਦੁਬਿਧਾ (ਮਾਇਆਵੀ ਮੋਹ ਵਿਚ ਉਸਦੇ) ਪੂਰਾਂ ਦੇ ਪੂਰ ਡੋਬ ਦਿੰਦੀ ਹੈ।(ਭਾਵ ਉਸਦਾ ਸਭ ਕੁਝ ਗਰਕ ਹੋ ਜਾਂਦਾ ਹੈ।)...

ਮਨ	ਰੇ,	ਸਬਦਿ(ਸ਼ਬਦ)	ਤਰਹੁ	ਚਿਤੁ(ਚਿਤ)	ਲਾਇ॥
ਚਿੱਤ	ਹੇ	(ਗੁਰ) ਸ਼ਬਦ ਵਿਚ	ਤਰੀਦਾ, ਪਾਰ ਹੋਈਦਾ	ਮਨ	ਲਾਕੇ

...ਹੇ! (ਮੇਰੇ) ਮਨ! (ਗੁਰੂ ਦੇ) ਸ਼ਬਦ ਵਿਚ ਚਿੱਤ ਨੂੰ ਟਿਕਾ, (ਤੇ ਇਸ ਜੁਗਤ ਨਾਲ ਸੰਸਾਰ ਸਾਗਰ ਤੋਂ) ਪਾਰ ਹੋ ਜਾ।...

ਜਿਨਿ,(ਜਿਨ੍ਹ)	ਗੁਰਮੁਖਿ(ਗੁਰਮੁਖ)	ਨਾਮੁ(ਨਾਮ)	ਨ(ਨਾਂ)	ਬੂਝਿਆ,
ਜਿਨ੍ਹਾਂ	ਗੁਰੂ ਦੀ ਸਨਮੁਖਤਾ	(ਪ੍ਰਭੂ) ਸਿਮਰਨ	ਨਹੀਂ	ਬੁਝਿਆ, ਸਮਝਿਆ

ਮਰਿ(ਮਰ)	ਜਨਮੈ	ਆਵੈ	ਜਾਇ॥੧॥	ਰਹਾਉ॥
ਮਰਕੇ	ਜੰਮਦਾ	ਆਉਂਦਾ	ਚਲੇ ਜਾਂਦਾ ਹੈ	ਠਹਿਰਾਉ

...ਜਿਨ੍ਹਾਂ ਨੇ ਗੁਰੂ ਦੇ ਸਨਮੁੱਖ ਹੋਕੇ ਪ੍ਰਭੂ ਨਾਮ ਨਹੀਂ ਬੁਝਿਆ, ਭਾਵ ਸਿਮਰਿਆ, ਉਹ ਆਵਾਗਉਣ ਦੇ ਚੱਕਰ ਵਿਚ ਪੈਕੇ ਮਰਦੇ ਤੇ ਜੰਮਦੇ ਰਹਿੰਦੇ ਹਨ।...

ਤਨੁ(ਤਨ)	ਸੂਚਾ,	ਸੋ	ਆਖੀਐ,
ਸਰੀਰ	ਸੁੱਚਾ, ਪਵਿੱਤਰ	ਉਹ	ਆਖੀਏ, ਕਹੀਏ, ਮੰਨੀਏ

ਜਿਸੁ(ਜਿਸ)	ਮਹਿ(ਮਹਿਂ)	ਸਾਚਾ	ਨਾਉ(ਨਾਉਂ)॥
ਜੀਹਦੇ	ਵਿਚ	ਸਦਾ ਸਥਿਰ (ਪ੍ਰਭੂ)	ਨਾਮ (ਸਿਮਰਨ)

ਅੰਕ ੧੯

...ਉਸੇ ਸਰੀਰ ਨੂੰ ਪਵਿੱਤਰ ਆਖੀਦਾ ਹੈ, ਜਿਸ ਵਿਚ ਸਦਾ-ਸਥਿਰ (ਪ੍ਰਭੂ) ਦਾ ਨਾਮ (ਸਿਮਰਨ) ਹੁੰਦਾ ਹੈ।...

ਭੈ	**ਸਚਿ** *(ਸਚ)*	**ਰਾਤੀ**	**ਦੇਹੁਰੀ,**
(ਪ੍ਰਭੂ ਦਾ ਨਿਰਮਲ) ਭਉ	ਸੱਚ ਵਿਚ	ਰੱਤੀ,ਲੀਨ	ਸਰੀਰ, ਦੇਹ

ਜਿਹਵਾ	**ਸਚੁ** *(ਸੱਚ)*	**ਸੁਆਉ**	॥
ਜੀਭ	(ਪ੍ਰਭੂ) ਸੱਤ	ਸੁਆਦ	

...(ਜੇਕਰ) ਸਰੀਰ (ਪਰਮਾਤਮ ਪਿਆਰ ਦੇ) ਸੱਚ ਵਿਚ ਲੀਨ ਰਹੇ, ਅਤੇ ਜੀਭ ਨੂੰ (ਪ੍ਰਭੂ ਸਿਮਰਨ ਦੇ) ਸੱਚ ਦਾ ਅਨੰਦ ਪ੍ਰਾਪਤ ਹੋਵੇ...

ਸਚੀ	**ਨਦਰਿ** *(ਨਦਰ)*	**ਨਿਹਾਲੀਐ,**
ਸਦਾ ਸਥਿਰ (ਪ੍ਰਭੂ ਦੀ)	ਕ੍ਰਿਪਾ ਦ੍ਰਿਸ਼ਟੀ ਨਾਲ	ਵੇਖਿਆ ਜਾਂਦਾ ਹੈ

ਬਹੁੜਿ *(ਬਹੁੜ)*	**ਨ** *(ਨਾਂ)*	**ਪਾਵੈ**	**ਤਾਉ॥੨॥**
ਫਿਰ ਦੁਬਾਰਾ	ਨਹੀਂ	ਪਾਉਂਦਾ	ਤਪਸ਼, ਸੇਕ,ਸਾੜ

...ਸਦਾ-ਸਥਿਰ (ਪ੍ਰਭੂ ਦੀ ਦਰਗਾਹ ਵਿਚ ਐਸੇ ਨਾਮ ਸਿਮਰਨ ਵਾਲੇ ਜੀਵ ਨੂੰ) ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ, ਅਤੇ (ਉਹ) ਫਿਰ ਦੁਬਾਰਾ (ਸੰਸਾਰਿਕ ਦੁੱਖਾਂ ਦੀ) ਤਪਸ਼ ਨੂੰ ਨਹੀਂ ਪਾਉਂਦਾ।...

ਸਾਚੇ	**ਤੇ**	**ਪਵਨਾ**	**ਭਇਆ,**
ਸਦਾ ਸਥਿਰ (ਪ੍ਰਭੂ)	ਤੋਂ	ਹਵਾ, ਵਾਯੂ	ਭਈ, ਹੋਂਦ ਵਿਚ ਆਈ

ਪਵਨੈ	**ਤੇ**	**ਜਲੁ** *(ਜਲ)*	**ਹੋਇ॥**
ਹਵਾ	ਤੋਂ	ਪਾਣੀ	ਹੋਇਆ, ਹੋਂਦ ਵਿਚ ਆਇਆ

...ਸਦਾ-ਸਥਿਰ (ਪਰਮਾਤਮਾ) ਤੋਂ ਹਵਾ ਹੋਂਦ ਵਿਚ ਆਈ, ਅਤੇ ਹਵਾ ਤੋਂ ਪਾਣੀ ਬਣਿਆ...

ਜਲ	**ਤੇ**	**ਤ੍ਰਿਭਵਣੁ** *(ਤ੍ਰਿਭਵਣ)*	**ਸਾਜਿਆ,**
ਪਾਣੀ	ਤੋਂ	ਤ੍ਰਿਲੋਕੀ, ਤਿੰਨੇ ਲੋਕ	ਸਾਜੇ, ਬਣਾਏ

ਘਟਿ *(ਘਟ)*	**ਘਟਿ** *(ਘਟ)*	**ਜੋਤਿ** *(ਜੋਤ)*	**ਸਮੋਇ ॥**
ਜ਼ਿੰਦਗੀ ਵਿਚ	ਜ਼ਿੰਦਗੀ ਵਿਚ	ਪਰਮਾਤਮ (ਜੋਤ)	ਇਸਥਿਤ, ਸਮਾਈ ਹੋਈ

...ਜਲ ਤੋਂ ਤਿੰਨੇ ਲੋਕ ਭਾਵ ਸਾਰੀ ਸ੍ਰਿਸ਼ਟੀ ਸਾਜੀ। (ਸਿਰਜਣਹਾਰ ਦੇ ਰਚੇ ਜਗਤ ਦੀ ਹਰ) ਜ਼ਿੰਦਗੀ ਵਿਚ (ਪਰਮਾਤਮ) ਜੋਤ ਸਮੋਈ ਹੋਈ ਹੈ (ਭਾਵ ਹਰ ਪ੍ਰਾਣੀ ਵਿਚ ਰੱਬੀ ਜੋਤ ਧੜਕ ਰਹੀ ਹੈ।)...

ਅੰਕ ੧੯-੨੦

ਨਿਰਮਲੁ *(ਨਿਰਮਲ)*	ਮੈਲਾ	ਨਾ *(ਨਾਂ)*	ਥੀਐ,
ਪਵਿੱਤਰ, ਮੈਲ ਰਹਿਤ	ਅਪਵਿੱਤਰ	ਨਹੀਂ	ਹੁੰਦਾ
ਸਬਦਿ *(ਸ਼ਬਦ)*	ਰਤੇ	ਪਤਿ *(ਪਤ)*	ਹੋਇ॥੩॥
(ਗੁਰ) ਸ਼ਬਦ ਵਿਚ	ਰੰਗੇ ਹੋਣ ਨਾਲ	ਇੱਜ਼ਤ ਆਦਰ	ਹੁੰਦੀ ਹੈ

...(ਗੁਰ) ਸ਼ਬਦ ਵਿਚ ਰੰਗੇ ਹੋਣ ਨਾਲ (ਜੀਵ) ਨਿਰਮਲ ਹੋ ਜਾਂਦਾ ਹੈ, ਅਤੇ (ਫਿਰ ਵਿਕਾਰਾਂ ਦੀ ਮੈਲ ਨਾਲ) ਮੈਲਾ ਨਹੀਂ ਹੁੰਦਾ। (ਰੱਬੀ ਦਰਗਾਹ ਵਿਚ ਉਸਦੀ) ਇੱਜ਼ਤ ਹੁੰਦੀ ਹੈ।...

ਇਹੁ *(ਏਹ)*	ਮਨੁ *(ਮਨ)*	ਸਾਚਿ *(ਸਾਚ)*	ਸੰਤੋਖਿਆ,
ਵਸਤੂ ਸੰਕੇਤਕ ਸ਼ਬਦ	ਚਿੱਤ	ਸੱਚ ਵਿਚ	ਤ੍ਰਿਪਤ ਕੀਤਾ
ਨਦਰਿ *(ਨਦਰ)*	ਕਰੇ	ਤਿਸੁ *(ਤਿਸ)*	ਮਾਹਿ *(ਮਾਹਿਂ)*॥
ਕ੍ਰਿਪਾ ਦ੍ਰਿਸ਼ਟੀ	ਕਰਦਾ	ਉਸ	ਅੰਦਰ

...(ਅਜਿਹੇ ਗੁਰੂ ਪਿਆਰਿਆਂ ਨੇ) ਆਪਣਾ ਚਿੱਤ, (ਪਰਮਾਤਮ) ਸੱਚ ਨਾਲ ਤ੍ਰਿਪਤ ਕੀਤਾ ਹੁੰਦਾ ਹੈ। (ਸਾਹਿਬ ਜੀ) ਅਜਿਹੇ ਗੁਰਮੁੱਖਾਂ ਦੇ ਹਿਰਦੇ ਅੰਦਰ ਕ੍ਰਿਪਾ-ਦ੍ਰਿਸ਼ਟੀ ਕਰੀ ਰਖਦੇ ਹਨ।...

ਪੰਚ	ਭੂਤ	ਸਚਿ *(ਸੱਚ)*	ਭੈ	ਰਤੇ,
ਪੰਜ	ਤੱਤ	(ਪ੍ਰਭੂ) ਸੱਚ ਵਿਚ	ਡਰ	ਰੰਗੇ
ਜੋਤਿ *(ਜੋਤ)*		ਸਚੀ	ਮਨ	ਮਾਹਿ *(ਮਾਹਿਂ)*॥
(ਪ੍ਰਭੂ) ਜੋਤ		ਸਦਾ-ਸਥਿਰ (ਪ੍ਰਭੂ) ਦੀ	ਚਿੱਤ	ਵਿਚ

...(ਅਜਿਹੇ ਗੁਰਮੁਖਾਂ ਦੇ) ਪੰਜੇ ਭੂਤ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਪ੍ਰਭੂ ਸੱਚ ਦੇ ਭੈ ਵਿਚ ਰੰਗੇ ਰਹਿੰਦੇ ਹਨ, (ਭਾਵ ਸਾਰਾ ਸਰੀਰ ਹੀ ਪ੍ਰਭੂ ਸਿਮਰਨ ਨਾਲ ਰੱਤਿਆ ਰਹਿੰਦਾ ਹੈ।) ਉਨ੍ਹਾਂ ਦੇ ਚਿੱਤ ਅੰਦਰ, ਹਮੇਸ਼ਾਂ ਸਦਾ-ਸਥਿਰ ਪ੍ਰਭੂ (ਪ੍ਰਕਾਸ਼ ਦੀ) ਜੋਤ (ਜਗਦੀ ਰਹਿੰਦੀ ਹੈ।)...

ਨਾਨਕ,	ਅਉਗਣ	ਵੀਸਰੇ,
ਹੇ! ਨਾਨਕ!	ਬੁਰਿਆਈਆਂ	ਵਿਸਰ ਜਾਂਦੀਆਂ ਹਨ

ਗੁਰਿ *(ਗੁਰ)*	ਰਾਖੇ	ਪਤਿ *(ਪਤ)*	ਤਾਹਿ *(ਤਾਹਿਂ)* ॥੪॥੧੫॥
ਸਤਿਗੁਰੂ	ਰੱਖਦਾ ਹੈ	ਪ੍ਰਤਿਸ਼ਠਾ	ਉਨ੍ਹਾਂ ਦੀ

ਅੰਕ ੨੦

...ਹੇ! ਨਾਨਕ! ਸਤਿਗੁਰੂ ਉਨ੍ਹਾਂ ਦੀ ਪਤਿ ਰੱਖਦਾ ਹੈ, ਅਤੇ ਉਨ੍ਹਾਂ ਦੀਆਂ (ਸਭ) ਬੁਰਿਆਈਆਂ ਦੂਰ ਹੋ ਜਾਂਦੀਆਂ ਹਨ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)*॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਨਾਨਕ,	**ਬੇੜੀ**	**ਸਚ** *(ਸੱਚ)*	**ਕੀ,**
ਹੇ! ਨਾਨਕ!	ਕਿਸ਼ਤੀ	ਸੱਚ (ਬੰਦਗੀ)	ਦੀ

ਤਰੀਐ	**ਗੁਰ**	**ਵੀਚਾਰਿ** *(ਵੀਚਾਰ)*॥
ਤਰ ਜਾਈਦਾ, ਪਾਰ ਹੋਈਦਾ	ਗੁਰੂ ਦੀ	ਵਿਚਾਰ, ਸਿੱਖਿਆ

ਹੇ! ਨਾਨਕ! ਸੱਚ (ਪ੍ਰਭੂ ਦੀ ਬੰਦਗੀ) ਦੀ ਬੇੜੀ ਬਣਾ ਕੇ, ਗੁਰੂ ਉਪਦੇਸ਼ ਰਾਹੀਂ (ਸੰਸਾਰ ਭਵ ਸਾਗਰ ਤੋਂ) ਪਾਰ ਹੋ ਜਾਈਦਾ ਹੈ।...

ਇਕਿ *(ਇਕ)*	**ਆਵਹਿ,** *(ਆਵਹਿਂ)*	**ਇਕਿ** *(ਇਕ)*	**ਜਾਵਹੀ,** *(ਜਾਵਹੀਂ)*
ਅਨੇਕਾਂ	ਆਉਂਦੇ	ਅਨੇਕਾਂ	ਜਾਂਦੇ ਹਨ

ਪੂਰਿ *(ਪੂਰ)*	**ਭਰੇ**	**ਅਹੰਕਾਰਿ** *(ਅਹੰਕਾਰ)*॥
ਬੇੜੀ ਵਿਚ ਇਕ ਵਾਰੀ ਬੈਠੇ ਇਨਸਾਨਾਂ ਦਾ ਸਮੂਹ	ਭਰਪੂਰ	ਹਉਮੈ ਨਾਲ

...(ਜੀਵਾਂ ਦੇ) ਪੂਰਾਂ ਦੇ ਪੂਰ ਅਹੰਕਾਰ ਵਿਚ ਭਰੇ (ਇਸ ਸੰਸਾਰ ਵਿਚ) ਆਉਂਦੇ ਅਤੇ ਅਨੇਕਾਂ ਹੀ ਚਲੇ ਜਾਂਦੇ ਹਨ।...

ਮਨਹਠਿ *(ਮਨਹਠ)*	**ਮਤੀ** *(ਮਤੀਂ)*	**ਬੂਡੀਐ,**
ਮਨ ਦੀ ਜ਼ਿੱਦ ਵਾਲੀ, ਆਪ ਹੁਦਰੀ	ਬੁੱਧੀ ਨਾਲ	ਡੁੱਬ ਜਾਈਦਾ ਹੈ

ਗੁਰਮੁਖਿ *(ਗੁਰਮੁਖ)*	**ਸਚੁ** *(ਸੱਚ)*	**ਸੁ**	**ਤਾਰਿ** *(ਤਾਰ)*॥੧॥
ਗੁਰੂ ਦੀ ਸਨਮੁੱਖਤਾ ਵਾਲੇ ਨੂੰ	ਸਦਾ-ਸਥਿਰ(ਪ੍ਰਭੂ)	ਨੂੰ	ਤਾਰ ਦਿੰਦਾ ਹੈ

...ਆਪ ਹੁਦਰੀ ਬੁੱਧੀ ਨਾਲ ਡੁੱਬ ਜਾਈਦਾ ਹੈ, ਅਤੇ ਗੁਰੂ ਦੀ ਸਨਮੁੱਖਤਾ ਵਾਲੇ ਨੂੰ ਸਦਾ-ਸਥਿਰ (ਪਰਮਾਤਮਾ) ਤਾਰ ਦਿੰਦਾ ਹੈ।...

ਗੁਰ	**ਬਿਨੁ,** *(ਬਿਨ)*	**ਕਿਉ** *(ਕਿਉਂ)*	**ਤਰੀਐ**	**ਸੁਖੁ** *(ਸੁੱਖ)*	**ਹੋਇ**॥
ਸਤਿਗੁਰੂ	ਬਿਨਾਂ	ਕਿਵੇਂ	ਤਰਿਆ	(ਪ੍ਰਭੂ) ਅਨੰਦ	ਪ੍ਰਾਪਤ ਹੋਏ

ਅੰਕ ੨੦

...ਗੁਰੂ (ਸ਼ਬਦ ਤੋਂ) ਬਿਨਾਂ ਕਿਵੇਂ (ਸੰਸਾਰ ਸਾਗਰ ਨੂੰ) ਤਰਿਆ ਜਾ ਸਕਦਾ ਹੈ? ਅਤੇ ਪ੍ਰਭੂ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ?...

ਜਿਉ *(ਜਿਉਂ)*	ਭਾਵੈ,	ਤਿਉ *(ਤਿਉਂ)*	ਰਾਖੁ *(ਰਾਖ)*	ਤੂ, *(ਤੂੰ)*
ਜਿਵੇਂ	ਚੰਗਾ ਲਗੇ	ਤਿਵੇਂ	ਰੱਖ ਲੈ, ਬਚਾ ਲੈ	ਤੂੰ (ਪ੍ਰਭੂ)

ਮੈ *(ਮੈਂ)*	ਅਵਰੁ *(ਅਵਰ)*	ਨ *(ਨਾਂ)*	ਦੂਜਾ	ਕੋਇ॥੧॥	ਰਹਾਉ॥
ਮੈਨੂੰ	ਹੋਰ	ਨਹੀਂ	ਦੂਸਰਾ	ਕੋਈ	ਠਹਿਰਾਉ

...(ਹੇ! ਵਾਹਿਗੁਰੂ ਜੀ) ਤੈਨੂੰ ਜਿਵੇਂ ਵੀ ਭਾਉਂਦਾ ਹੈ ਉਸੇ ਤਰ੍ਹਾਂ ਮੈਨੂੰ ਬਚਾ ਲੈ, ਮੇਰਾ ਹੋਰ ਕੋਈ ਦੂਸਰਾ (ਆਸਰਾ) ਨਹੀਂ ਹੈ।...

ਆਗੈ	ਦੇਖਉ, *(ਦੇਖਉਂ)*	ਡਉ *(ਡਉਂ)*	ਜਲੈ,
ਅੱਗੇ	ਦੇਖਦਾ ਹਾਂ	ਦਾਵਾਨਲ, ਜੰਗਲ ਦੀ ਅੱਗ	ਜਲਦੀ ਹੈ

ਪਾਛੈ	ਹਰਿਓ	ਅੰਗੂਰੁ *(ਅੰਗੂਰ)*॥
ਪਿਛੇ	ਹਰਿਆਵਲ, ਬਨਸਪਤੀ	ਅੰਕੁਰ, ਨਿੱਕੀ ਨਿੱਕੀ ਉੱਗੀ ਹਰਿਆਵਲ

...ਅੱਗੇ ਦੇਖਦਾ ਹਾਂ ਤਾਂ ਜੰਗਲ ਦੀ ਅੱਗ ਬਲ ਰਹੀ ਹੈ (ਭਾਵ ਪੁਰਾਣੇ ਦਰਖ਼ਤ ਸੜ ਰਹੇ ਹਨ, ਅਰਥਾਤ ਮਨੁੱਖ ਬਜ਼ੁਰਗ ਹੋ ਹੋ ਕੇ ਮਰ ਰਹੇ ਹਨ), ਅਤੇ ਪਿੱਛੇ ਬਨਸਪਤੀ ਦੇ ਨਿੱਕੇ ਨਿੱਕੇ ਅੰਕੁਰਾਂ ਦੀ ਤਰ੍ਹਾਂ (ਨਵੇਂ ਬੱਚੇ ਜਨਮ ਲੈ ਰਹੇ ਹਨ, ਇਵੇਂ ਪਰਮਾਤਮਾ ਆਪਣੇ ਸੰਸਾਰ ਨੂੰ ਚਲਾ ਰਿਹਾ ਹੈ।)...

ਜਿਸ	ਤੇ	ਉਪਜੈ,	ਤਿਸ	ਤੇ	ਬਿਨਸੈ,
ਜਿਹੜੇ	ਤੋਂ	ਉਪਜਦਾ, ਪੈਦਾ ਹੁੰਦਾ ਹੈ	ਉਸੇ	ਦੁਆਰਾ	ਵਿਨਾਸ਼ ਹੁੰਦਾ

ਘਟਿ *(ਘਟ)*	ਘਟਿ *(ਘਟ)*	ਸਚੁ *(ਸੱਚ)*	ਭਰਪੂਰਿ *(ਭਰਪੂਰ)*॥
ਸਰੀਰ ਵਿਚ	ਸਰੀਰ ਵਿਚ	ਸਦਾ-ਸਥਿਰ (ਪ੍ਰਭੂ)	ਭਰਿਆ ਹੋਇਆ, ਇਸਥਿਤ

...ਜਿਸ (ਵਾਹਿਗੁਰੂ) ਰਾਹੀਂ (ਇਸ ਸੰਸਾਰ ਦੇ ਜੀਵ) ਪੈਦਾ ਹੁੰਦੇ ਹਨ, ਉਸੇ ਰਾਹੀਂ ਹੀ ਬਿਨਸ ਜਾਂਦੇ ਹਨ। ਉਹ ਸਦਾ-ਸਥਿਰ (ਪਰਮਾਤਮਾ) ਘੱਟ ਘੱਟ ਵਿਚ ਰਮਿਆ ਹੋਇਆ ਹੈ।...

ਆਪੇ	ਮੇਲਿ *(ਮੇਲ)*	ਮਿਲਾਵਹੀ, *(ਮਿਲਾਵਹੀਂ)*
(ਪ੍ਰਭੂ) ਆਪ ਹੀ	ਮਿਲਾਪ	ਮਿਲਾਉਂਦਾ ਹੈ, ਕਰਵਾਉਂਦਾ ਹੈ

ਅੰਕ ੨੦

ਸਾਚੇ	ਮਹਲਿ *(ਮਹਿਲ)*	ਹਦੂਰਿ *(ਹਦੂਰ)*॥੨॥
ਸਦਾ-ਸਥਿਰ	(ਪ੍ਰਭੂ) ਨਿਵਾਸ	ਹਜ਼ੂਰੀ ਵਿਚ

...ਸਦਾ-ਸਥਿਰ (ਵਾਹਿਗੁਰੂ) ਆਪ ਹੀ, ਆਪਣੇ ਮਹਿਲ ਅੰਦਰ, ਹਜ਼ੂਰੀ ਵਿਚ ਰਖਕੇ, ਆਪਣੇ ਨਾਲ ਮਿਲਾਪ ਕਰਵਾਉਂਦਾ ਹੈ।...

ਸਾਹਿ *(ਸਾਹ)*	ਸਾਹਿ *(ਸਾਹ)*	ਤੁਝੁ *(ਤੁਝ)*	ਸੰਮਲਾ, *(ਸੰਮ੍ਹਲਾਂ)*
(ਹਰ) ਸਵਾਸ ਨਾਲ	(ਹਰ) ਸਵਾਸ ਨਾਲ	ਤੈਨੂੰ	ਸੰਭਾਲਾਂ, ਯਾਦ ਰੱਖਾਂ

ਕਦੇ	ਨ *(ਨਾਂ)*	ਵਿਸਾਰੇਉ *(ਵਿਸਾਰੇਉਂ)*॥
ਕਦੀ	ਨਾਂਹ	ਵਿਸਾਰਾਂ

...(ਹੇ! ਸਾਹਿਬ ਜੀ! ਮੈਂ) ਤੈਨੂੰ ਸੁਆਸ ਸੁਆਸ ਯਾਦ ਰੱਖਾਂ ਅਤੇ ਕਦੀ ਵੀ (ਹਿਰਦੇ ਵਿਚੋਂ) ਵਿਸਾਰਾਂ ਨਾ।...

ਜਿਉ *(ਜਿਉਂ)*	ਜਿਉ *(ਜਿਉਂ)*	ਸਾਹਬੁ *(ਸਾਹਬ)*	ਮਨਿ *(ਮਨ)*	ਵਸੈ,
ਜਿਵੇਂ	ਜਿਵੇਂ	ਸਾਹਿਬ, ਪਰਮਾਤਮਾ	ਹਿਰਦੇ ਅੰਦਰ	ਵਸਦਾ ਜਾਏ

ਗੁਰਮੁਖਿ *(ਗੁਰਮੁਖ)*	ਅੰਮ੍ਰਿਤੁ *(ਅੰਮ੍ਰਿਤ)*	ਪੇਉ *(ਪੇਉਂ)*॥
ਗੁਰੂ ਦੀ ਸਨਮੁੱਖਤਾ ਪ੍ਰਾਪਤ ਕਰਕੇ	ਅਮਰ ਕਰ ਦੇਣ ਵਾਲਾ ਜਲ	ਪੀਂਦਾ ਰਹਾਂ

...ਜਿਵੇਂ ਜਿਵੇਂ ਸਾਹਿਬ (ਮੇਰੇ) ਹਿਰਦੇ ਅੰਦਰ ਵਸਦਾ ਜਾਵੇ, (ਤਿਉਂ ਤਿਉਂ ਮੈਂ) ਮੈਂ ਗੁਰੂ ਦੀ ਸਨਮੁੱਖਤਾ ਪ੍ਰਾਪਤ ਕਰਕੇ ਅੰਮ੍ਰਿਤ ਪੀਂਦਾ ਰਹਾਂ।...

ਮਨੁ *(ਮਨ)*	ਤਨੁ *(ਤਨ)*	ਤੇਰਾ	ਤੂ *(ਤੂੰ)*	ਧਣੀ,
ਚਿੱਤ	ਸਰੀਰ	ਤੁਹਾਡਾ	ਤੁਸੀਂ	ਮਾਲਕ

ਗਰਬੁ *(ਗਰਬ)*	ਨਿਵਾਰਿ *(ਨਿਵਾਰ)*	ਸਮੇਉ *(ਸਮੇਉਂ)* ॥੩॥
ਹਉਮੈ	ਨਿਵਾਰ ਕੇ, ਦੂਰ ਕਰਕੇ	ਸਮਾਇਆ ਰਹਾਂ

...(ਹੇ! ਸਾਹਿਬ ਜੀ!) ਮੇਰਾ ਮਨ ਅਤੇ ਤਨ ਤੇਰਾ ਹੈ, ਅਤੇ ਤੂੰ ਹੀ ਇਸਦਾ ਮਾਲਕ ਹੈਂ, (ਕਿਰਪਾ ਕਰੋ ਮੈਂ ਆਪਣੀ) ਹਉਮੈ ਦੂਰ ਕਰਕੇ (ਤੇਰੇ ਵਿਚ) ਸਮਾਇਆ ਰਹਾਂ।

ਜਿਨਿ, *(ਜਿਨ੍ਹ)*	ਏਹੁ *(ਏਹ)*	ਜਗਤੁ *(ਜਗਤ)*	ਉਪਾਇਆ,
ਜਿਸਨੇ	ਇਸ	ਸੰਸਾਰ ਨੂੰ	ਪੈਦਾ ਕੀਤਾ ਹੈ

ਅੰਕ ੨੦

ਤ੍ਰਿਭਵਣੁ *(ਤ੍ਰਿਭਵਣ)*	**ਕਰਿ** *(ਕਰ)*	**ਆਕਾਰੁ** *(ਆਕਾਰ)*॥
ਤ੍ਰਿਲੋਕੀ, ਤਿੰਨੇ ਲੋਕ	ਬਣਾਕੇ	ਸਰੂਪ

...ਜਿਸ (ਪ੍ਰਭੂ) ਨੇ ਤਿੰਨੇ ਲੋਕਾਂ ਦੇ ਸਰੂਪ ਦੀ ਸਿਰਜਣਾ ਕੀਤੀ ਹੈ, ਇਸ ਜਗਤ ਨੂੰ ਪੈਦਾ ਕੀਤਾ ਹੈ...

ਗੁਰਮੁਖਿ, *(ਗੁਰਮੁਖ)*	**ਚਾਨਣੁ** *(ਚਾਨਣ)*	**ਜਾਣੀਐ,**
ਗੁਰੂ ਦੀ ਸਨਮੁੱਖਤਾ ਰਾਹੀਂ	ਪ੍ਰਕਾਸ਼	ਜਾਣੀਦਾ ਹੈ, ਸਮਝੀਦਾ ਹੈ

ਮਨਮੁਖਿ, *(ਮਨਮੁਖ)*	**ਮੁਗਧੁ** *(ਮੁਗਧ)*	**ਗੁਬਾਰੁ** *(ਗੁਬਾਰ)*॥
ਮਨ ਦੇ ਪਿਛੇ ਲਗਣ ਵਾਲੇ	ਮੂਰਖ, ਮੂੜ੍ਹ	ਹਨ੍ਹੇਰੀ ਨਾਲ ਪੈਦਾ ਹੋਇਆ ਅੰਧਕਾਰ

...(ਇਸ ਰਹੱਸ ਦੇ) ਚਾਨਣ ਨੂੰ ਗੁਰੂ ਦੀ ਸਨਮੁੱਖਤਾ ਰਾਹੀਂ ਸਮਝੀਦਾ ਹੈ, ਮਨ ਦੇ ਪਿਛੇ ਲਗਣ ਕਰਕੇ ਮੂਰਖ ਦੇ (ਅੰਦਰ ਤਾਂ) ਗੁਬਾਰ (ਹੀ ਪਸਰਿਆ ਰਹਿੰਦਾ ਹੈ।)...

ਘਟਿ *(ਘਟ)*	**ਘਟਿ** *(ਘਟ)*	**ਜੋਤਿ** *(ਜੋਤ)*	**ਨਿਰੰਤਰੀ,**
ਸਰੀਰ ਅੰਦਰ	ਸਰੀਰ ਅੰਦਰ	(ਪ੍ਰਭੂ) ਪ੍ਰਕਾਸ਼	ਲਗਾਤਾਰ ਰਹਿਣ ਵਾਲੀ, ਇਕ ਰਸ ਰਹਿਣ ਵਾਲੀ

ਬੂਝੈ	**ਗੁਰਮਤਿ** *(ਗੁਰਮਤ)*	**ਸਾਰੁ** *(ਸਾਰ)*	॥੪॥
ਸਮਝੀਦਾ	ਗੁਰੂ ਉਪਦੇਸ਼	ਤੱਤ	

...ਹਰ ਹਿਰਦੇ ਅੰਦਰ ਇਕ-ਰਸ ਰਹਿਣ ਵਾਲੀ (ਪਰਮਾਤਮ) ਜੋਤ (ਜਗ ਰਹੀ ਹੈ, ਪਰ ਇਸ) ਤੱਤ ਨੂੰ ਗੁਰੂ (ਸ਼ਬਦ ਦੇ) ਉਪਦੇਸ਼ ਨਾਲ ਹੀ ਸਮਝੀਦਾ ਹੈ।...

ਗੁਰਮੁਖਿ, *(ਗੁਰਮੁਖ)*	**ਜਿਨੀ** *(ਜਿਨ੍ਹੀਂ)*	**ਜਾਣਿਆ,**
ਗੁਰੂ ਦੀ ਸਨਮੁੱਖਤਾ ਰਾਹੀਂ	ਜਿਨ੍ਹਾਂ ਨੇ	ਜਾਣ ਲਿਆ, ਸਮਝ ਲਿਆ

ਤਿਨ *(ਤਿਨ੍ਹ)*	**ਕੀਚੈ**	**ਸਾਬਾਸਿ** *(ਸ਼ਾਬਾਸ਼)*॥
ਤਿਨ੍ਹਾਂ	ਕਰੀਏ, ਕਹੀਏ	ਸ਼ਾਬਾਸ਼, ਪ੍ਰਸੰਸਾ

...ਗੁਰੂ ਦੀ ਸਨਮੁੱਖਤਾ ਰਾਹੀਂ ਜਿਨ੍ਹਾਂ ਨੇ (ਪਰਮਾਤਮਾ ਨੂੰ) ਸਮਝ ਲਿਆ ਹੈ, ਤਿਨ੍ਹਾਂ ਨੂੰ ਸ਼ਾਬਾਸ਼ ਕਹੀਏ, ਭਾਵ ਉਨ੍ਹਾਂ ਨੂੰ ਧੰਨ ਧੰਨ ਆਖੀਏ।...

ਸਚੇ	**ਸੇਤੀ**	**ਰਲਿ** *(ਰਲ)*	**ਮਿਲੇ,**
ਸਦਾ-ਸਥਿਰ(ਪ੍ਰਭੂ)	ਨਾਲ, ਸੰਗ	ਰਲ ਕੇ	ਮਿਲ ਨਾਲ

ਸਚੇ	ਗੁਣ	ਪਰਗਾਸਿ *(ਪਰਗਾਸ)*॥
ਸਦਾ ਸਥਿਰ (ਪ੍ਰਭੂ) ਦੇ	ਚੰਗਿਆਈਆਂ	ਪ੍ਰਗਟ ਹੋ ਜਾਂਦੇ

...ਸਦਾ-ਸਥਿਰ (ਪ੍ਰਭੂ) ਨਾਲ ਇਕ ਮਿਕ ਹੋਣ ਦੁਆਰਾ, ਸਦਾ-ਸਥਿਰ (ਪਰਮਾਤਮਾ) ਦੇ ਗੁਣ (ਉਸ ਜੀਵ ਦੇ ਹਿਰਦੇ ਅੰਦਰ) ਪ੍ਰਗਟ ਹੋ ਜਾਂਦੇ ਹਨ।...

ਨਾਨਕ,	ਨਾਮਿ *(ਨਾਮ)*	ਸੰਤੋਖੀਆ,
ਹੇ ! ਨਾਨਕ !	(ਪ੍ਰਭੂ) ਨਾਮ	ਤ੍ਰਿਪਤ ਹੋ ਜਾਂਦੇ ਹਨ

ਜੀਉ	ਪਿੰਡੁ *(ਪਿੰਡ)*	ਪ੍ਰਭ	ਪਾਸਿ *(ਪਾਸ)*॥੫॥੧੬॥
ਜਿੰਦ	ਸਰੀਰ	ਪਰਮਾਤਮਾ	ਕੋਲ

...ਹੇ! ਨਾਨਕ! (ਅਜਿਹੇ ਜੀਵ) ਪ੍ਰਭੂ ਨਾਮ (ਦੇ ਸਿਮਰਨ ਨਾਲ) ਤ੍ਰਿਪਤ ਹੋ ਜਾਂਦੇ ਹਨ, ਅਤੇ ਉਨ੍ਹਾਂ ਦਾ ਸਰੀਰ ਤੇ ਜਿੰਦ (ਸਦਾ) ਪਰਮਾਤਮਾ ਦੀ ਹਜ਼ੂਰੀ ਵਿਚ (ਰਹਿੰਦੀ ਹੈ।)

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)*॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਸੁਣਿ *(ਸੁਣ)*	ਮਨ,	ਮਿਤ੍ਰ	ਪਿਆਰਿਆ,
ਸ੍ਰਵਣ ਕਰ	ਚਿੱਤ	ਦੋਸਤ, ਸਜਣ	ਮੇਰੇ ਪਿਆਰੇ

ਮਿਲੁ, *(ਮਿਲ)*	ਵੇਲਾ	ਹੈ	ਏਹ ॥
ਮਿਲਣ ਦਾ, ਮਿਲਾਪ ਦਾ	ਵਕਤ	ਹੋਣ ਦੀ ਕ੍ਰਿਆ	ਇਹ

(ਹੇ!) ਮੇਰੇ ਪਿਆਰੇ ਮਿਤ੍ਰ ਮਨਾ! (ਧਿਆਨ ਨਾਲ) ਸੁਣ, ਇਹ (ਜ਼ਿੰਦਗੀ ਹੀ ਵਾਹਿਗੁਰੂ) ਮਿਲਾਪ ਦਾ (ਠੀਕ) ਸਮਾਂ ਹੈ।...

ਜਬ	ਲਗੁ, *(ਲਗ)*	ਜੋਬਨਿ *(ਜੋਬਨ)*	ਸਾਸੁ *(ਸਾਸ)*	ਹੈ,
ਜਦੋਂ	ਤਕ	ਜੁਆਨੀ ਦੇ	ਸੁਆਸ	ਹਨ

ਤਬ	ਲਗੁ, *(ਲਗ)*	ਇਹੁ *(ਇਹ)*	ਤਨੁ *(ਤਨ)*	ਦੇਹ ॥
ਉਦੋਂ	ਤਕ	ਇਹ	ਦੇਹੀ	ਸਰੀਰ

...ਜਦੋਂ ਤਕ ਜੁਆਨੀ ਦੇ ਸੁਆਸ (ਚਲ ਰਹੇ ਹਨ) ਉਦੋਂ ਤਕ ਹੀ ਇਹ ਸਰੀਰ ਤੇ ਦੇਹੀ (ਕਾਇਮ) ਹਨ।...

ਅੰਕ ੨੦

ਬਿਨੁ *(ਬਿਨ)*	ਗੁਣ,	ਕਾਮਿ *(ਕਾਮ)*	ਨ *(ਨਾਂ)*	ਆਵਈ,
ਬਿਨਾਂ	ਚੰਗਿਆਈਆਂ	ਕੰਮ ਵਿਚ, ਵਰਤੋਂ ਵਿਚ	ਨਹੀਂ	ਆਉਂਣਾ

ਢਹਿ	ਢੇਰੀ	ਤਨੁ *(ਤਨ)*	ਖੇਹ ॥੧॥
ਢਹਿ ਕੇ	ਛੋਟਾ ਢੇਰ	ਸਰੀਰ	ਸੁਆਹ

...ਬਿਨਾਂ ਚੰਗਿਆਈਆਂ ਦੇ (ਇਸ ਸਰੀਰ ਨੇ ਕਿਸੇ) ਕੰਮ ਨਹੀ ਆਉਣਾ, ਤੇ ਆਖ਼ਰ ਨੂੰ ਤਨ ਨੇ ਢਹਿ ਕੇ ਸੁਆਹ ਦੀ ਢੇਰੀ (ਹੋ ਜਾਣਾ ਹੈ।)...

ਮੇਰੇ	ਮਨ,	ਲੈ	ਲਾਹਾ	ਘਰਿ *(ਘਰ)*	ਜਾਹਿ *(ਜਾਹ)*॥
ਆਪਣੇ	ਚਿੱਤ	ਲੈਕੇ	ਲਾਭ	ਘਰ ਨੂੰ	ਜਾਹ

...(ਹੇ!) ਮੇਰੇ ਮਨ! (ਪ੍ਰਭੂ ਬੰਦਗੀ ਦਾ) ਲਾਹਾ ਲੈਕੇ (ਆਪਣੇ ਪਰਮਾਤਮ) ਘਰ ਨੂੰ ਜਾਹ।...

ਗੁਰਮੁਖਿ, *(ਗੁਰਮੁਖ)*	ਨਾਮੁ *(ਨਾਮ)*	ਸਲਾਹੀਐ,
ਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ) ਨਾਮ	ਸਲਾਹੀਏ, ਸਿਫ਼ਤ ਕਰੀਏ

ਹਉਮੈ	ਨਿਵਰੀ	ਭਾਹਿ *(ਭਾਹ)*॥੧॥	ਰਹਾਉ॥
ਹੰਕਾਰ	ਦੂਰ ਹੋਈ	ਅੱਗ	ਠਹਿਰਾਉ

...(ਮਨਾ! ਆ ਪ੍ਰਭੂ) ਨਾਮ ਦੀ ਸਿਫ਼ਤ ਸਲਾਹ ਕਰੀਏ, (ਇਸ ਨਾਲ) ਹਉਮੈ ਦੀ ਅੱਗ ਦੂਰ ਹੋ ਜਾਂਦੀ ਹੈ।...

ਸੁਣਿ *(ਸੁਣ)*	ਸੁਣਿ *(ਸੁਣ)*	ਗੰਢਣੁ *(ਗੰਢਣ)*	ਗੰਢੀਐ,
ਸੁਣ ਕੇ	ਸੁਣ ਕੇ	ਸੰਬੰਧ	ਗੰਢ ਲਈਏ

ਲਿਖਿ *(ਲਿਖ)*	ਪੜਿ *(ਪੜ੍ਹ)*	ਬੁਝਹਿ *(ਬੁਝਹਿਂ)*	ਭਾਰੁ *(ਭਾਰ)*॥
ਲਿਖ ਕੇ	ਪੜ੍ਹਕੇ	ਬੁਝਦੇ	ਬੋਝ

...(ਧਰਮ ਦੀਆਂ ਗਲਾਂ) ਸੁਣ ਸੁਣ ਕੇ (ਅਖੌਤੀ ਵਿਦਵਾਨ) ਸੰਬੰਧ ਗੰਢ ਲੈਂਦੇ ਹਨ, (ਭਾਵ ਸ਼ਬਦਾਂ ਦੀ ਗੰਢ ਤੁੱਪ ਅਥਵਾ ਜੋੜ ਤੋੜ ਕਰ ਲੈਂਦੇ ਹਨ) ਅਤੇ ਲਿਖ ਪੜ੍ਹ ਕੇ (ਗ੍ਰੰਥਾਂ ਦੇ) ਬੋਝ/ਭਾਰ ਤੋਂ ਬੁਝਣ (ਦਾ ਯਤਨ ਕਰਦੇ) ਹਨ...

ਤ੍ਰਿਸਨਾ *(ਤ੍ਰਿਸ਼ਨਾ)*	ਅਹਿਨਿਸਿ *(ਅਹਿਨਿਸ)*	ਅਗਲੀ,
ਲਾਲਸਾ	ਦਿਨ ਰਾਤ	ਬਹੁਤੀ

ਹਉਮੈ	ਰੋਗੁ *(ਰੋਗ)*	ਵਿਕਾਰੁ *(ਵਿਕਾਰ)* ॥
ਹੰਕਾਰ	ਬਿਮਾਰੀ	ਬੁਰਾ, ਭੈੜਾ

ਅੰਕ ੨੦

...(ਪਰ ਹਿਰਦੇ ਵਿਚ) ਦਿਨ ਰਾਤ ਬਹੁਤ ਤ੍ਰਿਸ਼ਨਾ (ਲਗੀ ਰਹਿੰਦੀ ਹੈ। ਅਤੇ ਅਖੌਤੀ ਵਿਦਵਤਾ ਦਾ) ਭੈੜਾ, ਹਉਮੈ ਰੋਗ (ਵਿਆਪਿਆ ਰਹਿੰਦਾ ਹੈ)...

ਓਹੁ *(ਓਹ)*	ਵੇਪਰਵਾਹੁ *(ਵੇਪਰਵਾਹ)*	ਅਤੋਲਵਾ, *(ਅਤੋਲਵਾਂ)*
ਉਹ (ਪ੍ਰਭੂ)	ਬੇਫ਼ਿਕਰ, ਨਿਡਰ	ਤੋਲ ਰਹਿਤ, ਅਤੁੱਲ
ਗੁਰਮਤਿ *(ਗੁਰਮਤ)*	ਕੀਮਤਿ *(ਕੀਮਤ)*	ਸਾਰੁ *(ਸਾਰ)*॥੨॥
ਗੁਰੂ ਦੀ ਮੱਤ ਰਾਹੀਂ	ਮੁੱਲ	ਸੋਝੀ, ਕਦਰ

...ਉਹ (ਪ੍ਰਭੂ) ਬੇਪਰਵਾਹ ਅਤੇ ਅਤੁੱਲ ਹੈ (ਭਾਵ ਉਸਨੂੰ ਦੁਨਿਆਵੀ ਸਮਝਾਂ ਅਤੇ ਅਖੌਤੀ ਵਿਦਵਤਾ ਨਾਲ ਤੋਲਿਆ/ਜਾਚਿਆ ਨਹੀਂ ਜਾ ਸਕਦਾ, ਕੇਵਲ) ਗੁਰ(ਸ਼ਬਦ ਦੀ) ਮੱਤ ਰਾਹੀਂ ਹੀ ਉਸਦੇ ਮੁੱਲ ਦੀ ਸਹੀ ਸੋਝੀ ਜਾਂ ਕਦਰ ਪਾਈ ਜਾ ਸਕਦੀ ਹੈ।...

ਲਖ	ਸਿਆਣਪ	ਜੇ	ਕਰੀ, *(ਕਰੀਂ)*
ਲੱਖਾਂ ਹੀ	ਸਿਆਣਪਾਂ, ਚਤਰਾਈਆਂ	ਜੇਕਰ	ਕਰ ਲਵਾਂ
ਲਖ	ਸਿਉ *(ਸਿਉਂ)*	ਪ੍ਰੀਤਿ *(ਪ੍ਰੀਤ)*	ਮਿਲਾਪੁ *(ਮਿਲਾਪ)* ॥
ਲੱਖਾਂ	ਨਾਲ	ਪਿਆਰ	ਮੇਲ

...(ਜੇਕਰ) ਮੈਂ ਲੱਖਾਂ ਹੀ ਚਤੁਰਾਈਆਂ ਕਰ ਲਵਾਂ, ਅਤੇ ਲੱਖਾਂ ਨਾਲ ਹੀ ਪ੍ਰੇਮ ਤੇ ਮੇਲ-ਮਿਲਾਪ ਵੀ ਕਰ ਲਵਾਂ...

ਬਿਨੁ *(ਬਿਨ)*	ਸੰਗਤਿ *(ਸੰਗਤ)*	ਸਾਧ,	ਨ *(ਨਾਂ)*	ਧ੍ਰਾਪੀਆ,
ਬਿਨਾਂ	ਸੰਗਤ, ਸੰਗ	ਸਾਧੂ ਦੇ	ਨਹੀਂ	ਤ੍ਰਿਪਤੀ, ਸੰਤੁਸ਼ਟੀ
ਬਿਨੁ *(ਬਿਨ)*	ਨਾਵੈ *(ਨਾਵੈਂ)*	ਦੂਖ	ਸੰਤਾਪੁ *(ਸੰਤਾਪ)*॥	
ਬਿਨਾਂ	(ਪ੍ਰਭੂ) ਨਾਮ ਤੋਂ	ਕਸ਼ਟ	ਕਲੇਸ਼, ਜਲਣ	

...(ਪਰ) ਸਾਧ ਸੰਗਤ ਬਿਨਾ ਤ੍ਰਿਪਤੀ ਨਹੀਂ ਹੁੰਦੀ, ਅਤੇ (ਪ੍ਰਭੂ) ਨਾਮ ਸਿਮਰਨ ਬਿਨਾਂ ਦੁਖ ਕਲੇਸ਼ (ਉਪਜਦੇ ਹਨ।)...

ਹਰਿ *(ਹਰ)*	ਜਪਿ *(ਜਪ)*	ਜੀਅਰੇ	ਛੁਟੀਐ,
ਹਰ ਦੇ	ਜਪਣ ਨਾਲ	ਹੇ! ਜਿੰਦ!	ਛੁੱਟ ਜਾਈਦਾ ਹੈ, ਮੁਕਤ ਹੋ ਜਾਈਦਾ ਹੈ

ਗੁਰਮੁਖਿ *(ਗੁਰਮੁਖ)*	ਚੀਨੈ	ਆਪੁ *(ਆਪ)*॥੩॥
ਗੁਰੂ ਦੀ ਸਨਮੁੱਖਤਾ ਰਾਹੀਂ	ਸਮਝਦਾ, ਪਛਾਣਦਾ	ਆਪਣੇ ਆਪ ਨੂੰ

ਅੰਕ ੨੦

...ਹੇ! ਮੇਰੀਏ ਜਿੰਦੇ! ਹਰੀ ਦੇ (ਨਾਮ) ਜਪਣ ਨਾਲ ਹੀ (ਸੰਸਾਰ ਤੋਂ) ਛੁਟਕਾਰਾ ਹੁੰਦਾ ਹੈ। ਗੁਰੂ ਦੀ ਸਨਮੁੱਖਤਾ ਰਾਹੀਂ (ਹਰੀ ਨਾਮ ਜਪਣ ਵਾਲਾ) ਆਪਣੇ ਆਪ ਨੂੰ ਪਛਾਣ ਲੈਂਦਾ ਹੈ ਭਾਵ ਸਮਝ ਲੈਂਦਾ ਹੈ।...

ਤਨੁ *(ਤਨ)*	ਮਨੁ *(ਮਨ)*	ਗੁਰ	ਪਹਿ	ਵੇਚਿਆ,
ਸਰੀਰ	ਚਿੱਤ	ਸਤਿਗੁਰੂ	ਕੋਲ, ਅੱਗੇ	ਵੇਚ ਦਿੱਤਾ ਹੈ

ਮਨੁ *(ਮਨ)*	ਦੀਆ,	ਸਿਰੁ, *(ਸਿਰ)*	ਨਾਲਿ *(ਨਾਲ)* ॥
ਚਿੱਤ	ਦੇ ਦਿੱਤਾ	ਸੀਸ	ਨਾਲ, ਸਮੇਤ

...(ਜਿਸ ਧਰਮ-ਸਾਧਕ ਨੇ ਆਪਣਾ) ਤਨ ਅਤੇ ਮਨ ਸਤਿਗੁਰੂ ਕੋਲ ਵੇਚ ਦਿੱਤਾ ਹੈ, ਅਤੇ ਮਨ ਦੇ ਨਾਲ ਸੀਸ ਵੀ ਦੇ ਦਿੱਤਾ ਹੈ, (ਭਾਵ ਤਨ ਮਨ ਅਤੇ ਆਪਣੀ ਸੋਚ ਨੂੰ ਪੂਰੀ ਤਰ੍ਹਾਂ ਸਤਿਗੁਰੂ ਅੱਗੇ ਸਮਰਪਿਤ ਕਰ ਦਿੱਤਾ ਹੈ)...

ਤ੍ਰਿਭਵਣੁ *(ਤ੍ਰਿਭਵਣ)*	ਖੋਜਿ *(ਖੋਜ)*	ਢੰਢੋਲਿਆ,
ਤਿੰਨਾਂ ਲੋਕਾਂ	ਖੋਜ ਕੇ	ਲਭਿਆ (ਭਾਵ ਲੱਭਣ ਦਾ ਯਤਨ ਕੀਤਾ)

ਗੁਰਮੁਖਿ *(ਗੁਰਮੁਖ)*	ਖੋਜਿ *(ਖੋਜ)*	ਨਿਹਾਲਿ *(ਨਿਹਾਲ)* ॥
ਗੁਰੂ ਦੀ ਸਨਮੁੱਖਤਾ ਰਾਹੀਂ	ਖੋਜ ਕੇ	ਦੇਖ ਲਿਆ, ਨਿਹਾਰ ਲਿਆ

...(ਸਤਿਗੁਰੂ ਨੂੰ ਸਮਰਪਿਤ ਹੋਣ ਵਾਲੇ ਧਰਮ-ਸਾਧਕ ਨੇ ਜਿਸ ਪ੍ਰਭੂ ਨੂੰ) ਤਿੰਨਾਂ ਲੋਕਾਂ ਵਿਚ ਖੋਜ ਕੇ ਲੱਭਣ ਦਾ ਯਤਨ ਕੀਤਾ ਸੀ, ਗੁਰੂ ਦੀ ਸਨਮੁੱਖਤਾ ਰਾਹੀਂ (ਉਸਨੂੰ ਨੂੰ ਆਪਣੇ ਹਿਰਦੇ ਅੰਦਰ ਹੀ) ਖੋਜ ਕੇ ਦੇਖ ਲਿਆ ਹੈ।...

ਸਤਗੁਰਿ, *(ਸਤਿਗੁਰ)*	ਮੇਲਿ *(ਮੇਲ)*	ਮਿਲਾਇਆ,
ਸੱਚੇ ਗੁਰੂ ਨੇ	ਮਿਲਾਪ ਰਾਹੀਂ	ਮਿਲਾ ਦਿੱਤਾ, ਭਾਵ ਕਰਵਾ ਦਿੱਤਾ

ਨਾਨਕ,	ਸੋ	ਪ੍ਰਭੁ *(ਪ੍ਰਭ)*	ਨਾਲਿ *(ਨਾਲ)* ॥੪॥੧੭॥
ਹੇ! ਨਾਨਕ!	ਉਸ	ਪਰਮਾਤਮਾ	ਨਾਲ, ਸੰਗ

...ਹੇ! ਨਾਨਕ! ਸੱਚੇ ਸਤਿਗੁਰੂ ਨੇ (ਸੰਪੂਰਨ ਤੌਰ ਤੇ ਸਮਰਪਿਤ ਹੋਏ ਹੋਏ ਦਾ, ਸ਼ਬਦ) ਦੇ ਮਿਲਾਪ ਰਾਹੀਂ, ਉਸ ਪ੍ਰਭੂ ਨਾਲ ਮੇਲ ਕਰਵਾ ਦਿੱਤਾ ਹੈ।(ਭਾਵ ਹੁਣ ਉਸ ਧਰਮ-ਸਾਧਕ ਨੂੰ ਸਾਹਿਬ, ਹਾਜ਼ਰ ਨਾਜ਼ਰ ਲਗਣ ਲਗ ਪਿਆ ਹੈ)

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਮਰਣੈ	ਕੀ	ਚਿੰਤਾ	ਨਹੀ, *(ਨਹੀਂ)*
ਮਰਨ, ਮੌਤ	ਦੀ	ਫ਼ਿਕਰ	ਨਹੀਂ

ਅੰਕ ੨੦-੨੧

ਜੀਵਣ	**ਕੀ**	**ਨਹੀ** *(ਨਹੀਂ)*	**ਆਸ ॥**
ਜਿਊਣ	ਦੀ	ਨਹੀਂ	ਇੱਛਾ, ਖਾਹਿਸ਼

...(ਸਤਿਗੁਰੂ ਦੀ ਸਨਮੁੱਖਤਾ ਨਾਲ) ਮੌਤ ਦਾ ਭੈ ਨਹੀਂ (ਰਹਿੰਦਾ) ਅਤੇ (ਮਾਇਆਵੀ) ਜੀਵਣ ਦੀ ਇੱਛਾ ਵੀ ਨਹੀਂ ਰਹਿੰਦੀ।...

ਤੂ *(ਤੂੰ)*	**ਸਰਬ**	**ਜੀਆ** *(ਜੀਆਂ)*	**ਪ੍ਰਤਿਪਾਲਹੀ,** *(ਪ੍ਰਤਿਪਾਲਹੀਂ)*
ਤੁਸੀਂ	ਸਾਰੇ	ਜੀਵਾਂ ਦੀ	ਪਾਲਣਾ ਕਰਦਾ ਹੈਂ

ਲੇਖੈ	**ਸਾਸ**	**ਗਿਰਾਸ ॥**
ਲੇਖੇ ਵਿਚ	ਸੁਆਸ	ਗਿਰਾਹੀ, ਖਾਣ ਪੀਣ

...(ਹੇ! ਪਰਮਾਤਮਾ!) ਤੂੰ ਸਭ ਜੀਵਾਂ ਦੀ ਪਾਲਣਾ ਕਰਦਾ ਹੈਂ, ਅਤੇ (ਜੀਵਾਂ ਦੇ) ਸੁਆਸ ਅਤੇ ਖਾਣ ਪੀਣ (ਤੇਰੇ) ਹਿਸਾਬ ਕਿਤਾਬ ਵਿਚ ਹਨ।...

ਅੰਤਰਿ *(ਅੰਤਰ)*	**ਗੁਰਮੁਖਿ** *(ਗਰਮੁਖ)*	**ਤ** *(ਤੂੰ)*	**ਵਸਹਿ,** *(ਵਸਹਿਂ)*
ਅੰਤਹਕਰਣ ਵਿਚ	ਗੁਰੂ ਦੀ ਸਨਮੁੱਖਤਾ ਰਾਹੀਂ	ਤੂੰ	ਵਸ ਜਾਂਦਾ ਹੈਂ

ਜਿਉ *(ਜਿਉਂ)*	**ਭਾਵੈ**	**ਤਿਉ** *(ਤਿਉਂ)*	**ਨਿਰਜਾਸਿ** *(ਨਿਰਜਾਸ)* **॥੧॥**
ਜਿਵੇਂ	ਚੰਗਾ ਲਗੇ	ਤਿਵੇਂ	ਨਿਰਣੈ, ਨਿਬੇੜਾ

...ਗੁਰੂ ਦੀ ਸਨਮੁੱਖਤਾ ਰਾਹੀਂ ਤੂੰ (ਜੀਵ ਦੇ) ਅੰਤਹਕਰਣ ਵਿਚ ਵਸ ਜਾਂਦਾ ਹੈਂ, ਅਤੇ ਫਿਰ ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਹੀ (ਸਮਰਪਿਤ ਹੋਏ ਹੋਏ ਧਰਮ-ਸਾਧਕ ਦੇ ਸੱਤ ਅਸੱਤ ਦਾ) ਨਿਰਣਾ ਕਰਦਾ ਹੈਂ।...

ਜੀਅਰੇ,	**ਰਾਮ**	**ਜਪਤ**	**ਮਨੁ** *(ਮਨ)*	**ਮਾਨੁ** *(ਮਾਨ)* **॥**
ਹੇ! ਜਿਉੜੇ!	ਪਰਮਾਤਮਾ	ਜਪਣ ਨਾਲ	ਚਿੱਤ ਮੰਨਣਾ,	ਨਿਸ਼ਾ ਹੋਣੀ

...ਹੇ! ਜਿਉੜੇ! ਪ੍ਰਭੂ ਦੇ ਨਾਮ ਸਿਮਰਨ ਨਾਲ ਹੀ ਮਨ ਦੀ ਨਿਸ਼ਾ ਹੁੰਦੀ ਹੈ।(ਭਾਵ ਮਨ ਟਿਕਾਉ ਵਿਚ ਆਉਂਦਾ ਹੈ)...

ਅੰਤਰਿ *(ਅੰਤਰ)*	**ਲਾਗੀ**	**ਜਲਿ** *(ਜਲ)*	**ਬੁਝੀ,**
ਹਿਰਦੇ ਵਿਚ	ਲੱਗੀ ਹੋਈ	ਜਲਣ, ਸੜਣ	ਬੁਝ ਗਈ

ਪਾਇਆ	**ਗੁਰਮੁਖਿ** *(ਗੁਰਮੁਖ)*	**ਗਿਆਨੁ** *(ਗਿਆਨ)* **॥੧॥**	**ਰਹਾਉ ॥**
ਪ੍ਰਾਪਤ ਕਰ ਲਿਆ	ਗੁਰੂ ਦੀ ਸਨਮੁੱਖਤਾ ਰਾਹੀਂ	ਸੋਝੀ	ਠਹਿਰਾਉ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਰਮਾਤਮ) ਗਿਆਨ ਪ੍ਰਾਪਤ ਕਰ ਲਿਆ ਹੈ, ਜਿਸ ਨਾਲ ਹਿਰਦੇ ਵਿਚਲੀ (ਤ੍ਰਿਸ਼ਨਾ ਰੂਪੀ) ਜਲਣ ਬੁਝ ਗਈ ਹੈ।...

ਅੰਤਰ	ਕੀ	ਗਤਿ *(ਗਤ)*	ਜਾਣੀਐ,
ਅੰਦਰ	ਦੀ	ਹਾਲਤ,ਅਵਸਥਾ	ਸਮਝੀਏ

ਗੁਰ	ਮਿਲੀਐ	ਸੰਕ *(ਸ਼ੰਕ)*	ਉਤਾਰਿ *(ਉਤਾਰ)* ॥
ਸਤਿਗੁਰੂ	ਭੇਟੀਏ, ਮਿਲ ਲਈਏ	ਸੰਸਾ,ਭਰਮ	ਉਤਾਰ ਕੇ, ਹਟਾ ਕੇ

...(ਹਿਰਦੇ ਵਿਚੋਂ) ਸੰਸੇ ਭਰਮ ਮਿਟਾ ਕੇ ਸਤਿਗੁਰੂ ਨੂੰ ਮਿਲਣਾ ਚਾਹੀਦਾ ਹੈ, (ਇਵੇਂ ਆਪਣੇ ਮਨ ਦੀ) ਅੰਦਰਲੀ ਅਵਸਥਾ ਦੀ ਸਮਝ ਪੈ ਜਾਂਦੀ ਹੈ।...

ਮੁਇਆ *(ਮੋਇਆਂ)*	ਜਿਤੁ *(ਜਿਤ)*	ਘਰਿ *(ਘਰ)*	ਜਾਈਐ,
ਮਰਨ ਪਿਛੋਂ	ਜਿਹੜੇ	ਘਰ ਵਿਚ	ਜਾਈਦਾ ਹੈ

ਤਿਤੁ *(ਤਿਤ)*	ਜੀਵਦਿਆ *(ਜੀਵਦਿਆਂ)*	ਮਰੁ *(ਮਰ)*	ਮਾਰਿ *(ਮਾਰ)* ॥
ਉਸ	ਜਿਊਂਦਿਆਂ	ਮਰ ਕੇ	ਮਾਰਨ ਦੁਆਰਾ

...ਜਿਹੜੇ ਘਰ ਵਿਚ ਮਰ ਕੇ ਜਾਈਦਾ ਹੈ, ਉਥੇ (ਇਸੇ ਜੀਵਨ ਵਿਚ ਹੀ ਵਿਕਾਰਾਂ ਨੂੰ ਖ਼ਤਮ ਕਰਕੇ) ਮਰਨ ਨਾਲ (ਭਾਵ ਸੰਸਾਰ ਦੇ ਮੋਹ ਮਾਇਆ ਤੋਂ ਮਰਕੇ ਅਥਵਾ ਜੀਵਨ ਮੁਕਤ ਹੋਕੇ) ਪਹੁੰਚ ਜਾਈਦਾ ਹੈ।...

ਅਨਹਦ	ਸਬਦਿ *(ਸ਼ਬਦ)*	ਸੁਹਾਵਣੇ,
ਆਤਮਿਕ ਮੰਡਲ ਦਾ ਸੰਗੀਤ	ਸ਼ਬਦ ਰਾਹੀਂ	ਸੁੰਦਰ

ਪਾਈਐ	ਗੁਰ	ਵੀਚਾਰਿ *(ਵੀਚਾਰ)* ॥੨॥
ਪ੍ਰਾਪਤ ਕਰੀਦਾ ਹੈ	ਸਤਿਗੁਰੂ	ਵੀਚਾਰ ਰਾਹੀਂ, ਉਪਦੇਸ਼ ਰਾਹੀਂ

...(ਇਵੇਂ) ਸਤਿਗੁਰੂ ਦੀ ਸਿਖਿਆ ਰਾਹੀਂ ਸੁੰਦਰ ਅਨਹਦ-ਸ਼ਬਦ ਨੂੰ ਪ੍ਰਾਪਤ ਕਰ ਲਈਦਾ ਹੈ।...

ਅਨਹਦ	ਬਾਣੀ	ਪਾਈਐ,
ਆਤਮਿਕ ਮੰਡਲ ਦਾ ਸੰਗੀਤ	ਸ਼ਬਦ	ਪਾ ਲਈਦਾ

ਤਹ *(ਤਹਿ)*	ਹਉਮੈ	ਹੋਇ	ਬਿਨਾਸੁ *(ਬਿਨਾਸ)* ॥
ਉਥੋਂ	ਹੰਕਾਰ	ਹੋ ਜਾਂਦਾ ਹੈ	ਵਿਨਾਸ਼,ਸਮਾਪਤ

ਅੰਕ ੨੧

...ਤੇ ਜਦੋਂ ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ (ਹਿਰਦੇ) ਵਿਚੋਂ ਹੰਕਾਰ ਵਿਨਾਸ਼ ਹੋ ਜਾਂਦਾ ਹੈ।...

ਸਤਗੁਰੁ *(ਸਤਗੁਰ)*	**ਸੇਵੇ**	**ਆਪਣਾ,**
ਸਤਿਗੁਰੂ	ਸੇਂਵਦਾ ਹੈ, ਸਿਮਰਦਾ ਹੈ	ਆਪ ਦਾ

ਹਉ *(ਹਉਂ)*	**ਸਦ**	**ਕੁਰਬਾਣੈ**	**ਤਾਸੁ** *(ਤਾਸ)* ॥
ਮੈਂ	ਸਦਾ, ਹਮੇਸ਼ਾਂ	ਕੁਰਬਾਨ, ਬਲਿਹਾਰ	ਤਿਨ੍ਹਾਂ ਤੋਂ

(ਜੋ) ਆਪਣੇ ਸਤਿਗੁਰੂ ਨੂੰ ਸਿਮਰਦਾ ਹੈ, ਮੈਂ ਹਮੇਸ਼ਾਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।

ਖੜਿ *(ਖੜ)*	**ਦਰਗਹ**	**ਪੈਨਾਈਐ,**
ਖੜਕੇ, ਲਿਜਾ ਕੇ	(ਪ੍ਰਭੂ) ਦਰਗਾਹ	ਪਹਿਨਾਇਆ ਜਾਂਦਾ ਹੈ

ਮੁਖਿ *(ਮੁੱਖ)*	**ਹਰਿ** *(ਹਰ)*	**ਨਾਮ**	**ਨਿਵਾਸੁ** *(ਨਿਵਾਸ)* ॥੩॥
ਮੂੰਹ ਵਿਚ	ਹਰੀ,ਪ੍ਰਭੂ	ਨਾਮ,ਸਿਮਰਨ	ਵਾਸਾ,ਟਿਕਾਣਾ

...(ਜਿਸਦੇ) ਮੁੱਖ ਵਿਚ ਪ੍ਰਭੂ-ਨਾਮ ਦਾ ਨਿਵਾਸ (ਰਹਿੰਦਾ ਹੈ), ਉਨ੍ਹਾਂ ਨੂੰ ਰੱਬੀ ਦਰਗਾਹ ਵਿਚ ਲਿਜਾਕੇ (ਆਦਰ ਸਤਿਕਾਰ ਦਾ ਸਿਰੋਪਾ) ਪਹਿਨਾਇਆ ਜਾਂਦਾ ਹੈ।...

ਜਹ *(ਜਹਿਂ)*	**ਦੇਖਾ** *(ਦੇਖਾਂ)*	**ਤਹ** *(ਤਹਿਂ)*	**ਰਵਿ** *(ਰਵ)*	**ਰਹੇ,**
ਜਿਥੇ	ਦੇਖਦਾ ਹਾਂ	ਉਥੇ	ਰਵਿਆ,ਸਮਾਇਆ	ਰਹਿੰਦਾ

ਸਿਵ *(ਸ਼ਿਵ)*	**ਸਕਤੀ** *(ਸ਼ਕਤੀ)*	**ਕਾ**	**ਮੇਲੁ** *(ਮੇਲ)* ॥
ਚੇਤਨ ਬ੍ਰਹਮ	ਅਚੇਤਨ, ਚੇਤਨ ਦੀ ਸ਼ਕਤੀ ਜੋ ਸੰਸਾਰ ਰਚਦੀ ਹੈ	ਦਾ	ਮਿਲਾਪ

...ਚੇਤਨ ਅਤੇ ਅਚੇਤਨ ਭਾਵ ਜੜ੍ਹ ਅਤੇ ਸ਼ਕਤੀ ਤੋਂ ਜੋ (ਕਰਤਾ ਪੁਰਖ ਨੇ ਸੰਸਾਰ ਦੀ ਉਤਪਤੀ ਕੀਤੀ ਹੈ, ਮੈਂ ਜਿੱਧਰ ਵੀ ਨਜ਼ਰ ਮਾਰਦਾ ਹਾਂ, ਉਧਰ ਹੀ ਪ੍ਰਭੂ ਉਸ ਉਤਪਤੀ ਵਿਚ) ਵਿਆਪਕ ਰਹਿੰਦਾ ਹੈ।...

ਤ੍ਰਿਹੁ *(ਤ੍ਰਿਹੁੰ)*	**ਗੁਣ**	**ਬੰਧੀ**	**ਦੇਹੁਰੀ,**
ਤਿੰਨਾਂ	ਗੁਣਾਂ, ਤੱਤਾਂ	ਬੱਝੀ	ਸਰੀਰ

ਜੋ	**ਆਇਆ**	**ਜਗਿ,** *(ਜਗ)*	**ਸੋ**	**ਖੇਲੁ** *(ਖੇਲ)* ॥
ਜਿਹੜਾ	ਆਉਣਾ ਕੀਤਾ ਹੈ	ਸੰਸਾਰ ਵਿਚ	ਉਹ	ਖੇਡ

...(ਮਨੁੱਖੀ) ਸਰੀਰ ਤਿੰਨਾਂ ਗੁਣਾਂ (ਰਜੋ, ਤਮੋ ਅਤੇ ਸਤੋ ਵਿਚ) ਬੱਝਾ ਹੋਇਆ ਹੈ। ਜਿਹੜਾ (ਜੀਵ ਵੀ, ਇਸ) ਸੰਸਾਰ ਵਿਚ ਆਇਆ ਹੈ, (ਤਿੰਨਾਂ ਗੁਣਾਂ ਵਿਚ ਬੱਝਾ ਹੋਇਆ) ਉਹ (ਜੀਵਨ ਦੀ) ਖੇਡ (ਖੇਡਦਾ ਰਿਹਾ)...

ਅੰਕ ੨੧

ਵਿਜੋਗੀ,	**ਦੁਖਿ**(ਦੁੱਖ)	**ਵਿਛੁੜੇ,**	
ਵਿਛੜੇ ਹੋਏ	ਦੁੱਖਾਂ ਕਰਕੇ	ਵਿਛੜੇ	
ਮਨਮੁਖਿ,(ਮਨਮੁੱਖ)	**ਲਹਹਿ**(ਲਹਹਿੰ)	**ਨ**(ਨਾਂ)	**ਮੇਲੁ**(ਮੇਲ) ॥੪॥
ਮਨ ਦੇ ਮਗਰ ਲਗਣ ਵਾਲੇ	ਲੈਂਦੇ,ਪ੍ਰਾਪਤ	ਨਹੀਂ	ਮਿਲਾਪ,ਅਭੇਦਤਾ

...(ਆਪਣੇ) ਮਨ ਦੇ ਮਗਰ ਲਗਣ ਵਾਲੇ, ਕਦੇ ਵੀ ਪ੍ਰਭੂ-ਅਭੇਦਤਾ ਪ੍ਰਾਪਤ ਨਹੀਂ ਕਰ ਸਕਦੇ। (ਉਹ ਵਿਕਾਰਾਂ ਦੀ ਮੈਲ ਕਰਕੇ, ਪ੍ਰਭੂ ਤੋਂ) ਵਿੱਛੜੇ ਹੁੰਦੇ ਹਨ (ਅਤੇ ਇਸ ਵਿਜੋਗ ਦੇ ਦੁੱਖ ਕਰਕੇ ਫਿਰ ਵਿਛੜੇ ਹੀ ਰਹਿੰਦੇ ਹਨ।)...

ਮਨੁ(ਮਨ)	**ਬੈਰਾਗੀ,**	**ਘਰਿ**(ਘਰ)		**ਵਸੈ,**
ਚਿੱਤ	ਵੈਰਾਗਵਾਨ	ਘਰ ਵਿਚ		ਵਸਦਾ ਹੈ
ਸਚ(ਸੱਚ)	**ਭੈ**		**ਰਾਤਾ**	**ਹੋਇ** ॥
ਸਦਾ-ਸਥਿਰ ਪ੍ਰਭੂ	(ਨਿਰਮਲ) ਭੈ,ਅਦਬ		ਰੰਗਿਆ	ਹੋਇਆ

...(ਪਰਮਾਤਮ ਮਿਲਾਪ ਲਈ) ਵੈਰਾਗਵਾਨ ਚਿੱਤ, ਸਦਾ-ਸਥਿਰ ਪ੍ਰਭੂ ਦੇ ਨਿਰਮਲ ਭੈ ਵਿਚ ਰੰਗਿਆ ਹੋਇਆ, (ਆਪਣੇ) ਘਰ ਵਿਚ, ਭਾਵ ਆਪਣੇ ਨਿੱਜ ਸਰੂਪ ਵਿਚ ਟਿਕਿਆ ਰਹਿੰਦਾ ਹੈ।...

ਗਿਆਨ	**ਮਹਾਰਸੁ**(ਮਹਾਂਰਸ)	**ਭੋਗਵੈ,**	
(ਪ੍ਰਭੂ) ਗਿਆਨ	ਅਲੌਕਿਕ ਅਨੰਦ	ਮਾਣਦਾ ਹੈ	
ਬਾਹੁੜਿ(ਬਾਹੁੜ)	**ਭੂਖ**	**ਨ**(ਨਾਂ)	**ਹੋਇ** ॥
ਦੁਬਾਰਾ	ਭੁੱਖਾ,ਅਤ੍ਰਿਪਤ	ਨਹੀਂ	ਹੁੰਦਾ

...(ਜੋ) ਪਰਮਾਤਮ ਗਿਆਨ ਦੇ ਅਲੌਕਿਕ ਅਨੰਦ ਨੂੰ ਮਾਣਦਾ ਹੈ, (ਉਸਨੂੰ ਫਿਰ) ਦੁਬਾਰਾ (ਮਾਇਆਵੀ ਪਦਾਰਥਾਂ ਦੀ) ਭੁੱਖ ਨਹੀਂ ਲਗਦੀ।...

ਨਾਨਕ,	**ਇਹੁ**(ਇਹ)	**ਮਨੁ** (ਮਨ)	**ਮਾਰਿ**(ਮਾਰ)	**ਮਿਲੁ,**(ਮਿਲ)
ਹੇ! ਨਾਨਕ!	ਇਸ	ਚਿੱਤ	ਮਾਰਕੇ	ਜੁੜ,ਮਿਲਾਪ ਕਰ
ਭੀ	**ਫਿਰਿ**(ਫਿਰ)	**ਦੁਖੁ**(ਦੁੱਖ)	**ਨ**(ਨਾਂ)	**ਹੋਇ**॥੫॥੧੮॥
ਦੁਬਾਰਾ	ਫਿਰ	ਤਕਲੀਫ਼, ਕਸ਼ਟ	ਨਹੀਂ	ਹੋਏਗਾ।

ਅੰਕ ੨੧

...ਹੇ! ਨਾਨਕ! ਇਸ ਚਿੱਤ ਨੂੰ (ਮਾਇਆਵੀ ਵਿਕਾਰਾਂ ਵਲੋਂ) ਮਾਰਕੇ, (ਪ੍ਰਭੂ ਨਾਲ) ਮਿਲਾਪ ਕਰ, ਫਿਰ ਦੁਬਾਰਾ (ਕਦੀ ਵਿਛੋੜੇ ਦਾ) ਦੁੱਖ ਨਹੀਂ ਹੋਏਗਾ।

ਸਿਰੀਰਾਗੁ, *(ਸ੍ਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਏਹੁ *(ਏਹ)*	**ਮਨੋ**	**ਮੂਰਖੁ** *(ਮੂਰਖ)*	**ਲੋਭੀਆ,**
ਇਹ	ਮਨ	ਬੇਸਮਝ	ਲਾਲਚੀ

ਲੋਭੇ	**ਲਗਾ**	**ਲੋੁਭਾਨੁ** *(ਲੋਭਾਨ)* ॥
ਲਾਲਚ ਵਿਚ	ਲਗਿਆ ਹੋਇਆ	ਲੁਭਾਇਮਾਨ

ਇਹ ਮਨ ਬੇਸਮਝ ਅਤੇ ਲਾਲਚੀ ਹੈ, (ਜੋ ਮਾਇਆਵੀ ਪਦਾਰਥਾਂ ਦੇ) ਲਾਲਚ ਵਿਚ ਲੁਭਾਇਮਾਨ ਹੋਕੇ ਲਗਿਆ ਪਿਆ ਹੈ।...

ਸਬਦਿ *(ਸ਼ਬਦ)*	**ਨ** *(ਨਾਂ)*	**ਭੀਜੈ**	**ਸਾਕਤਾ,**
ਸਤਿਗੁਰੂ ਦੇ ਸ਼ਬਦ ਵਿਚ	ਨਹੀਂ	ਭਿੱਜਦਾ	ਮਾਇਆਧਾਰੀ, ਮਾਇਆ ਦਾ ਪੂਜਕ

ਦੁਰਮਤਿ *(ਦੁਰਮੱਤ)*	**ਆਵਨੁ** *(ਆਵਨ)*	**ਜਾਨੁ** *(ਜਾਨ)* ॥
ਭੈੜੀ ਮੱਤ ਕਰਕੇ, ਖੋਟੀ ਬੁੱਧੀ ਰਾਹੀਂ	ਆਉਣਾ	ਜਾਣਾ

...ਮਾਇਆ ਦਾ ਪੂਜਕ ਸਤਿਗੁਰੂ ਦੇ ਸ਼ਬਦ ਵਿਚ ਨਹੀਂ ਭਿੱਜਦਾ, ਅਤੇ ਆਪਣੀ ਇਸ (ਮਾਇਆਵੀ) ਖੋਟੀ ਬਿਰਤੀ ਕਰਕੇ (ਉਸਦਾ ਇਸ ਸੰਸਾਰ ਵਿਚ) ਆਉਣਾ ਜਾਣਾ ਬਣਿਆ ਰਹਿੰਦਾ ਹੈ (ਭਾਵ ਉਹ ਜੰਮਣ ਮਰਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ।)...

ਸਾਧੂ	**ਸਤਗੁਰੁ** *(ਸਤਗੁਰ)*	**ਜੇ**	**ਮਿਲੈ,**
ਸਾਧਨਾ ਕਰਨ ਵਾਲਾ, ਸ੍ਰੇਸ਼ਟ	ਸਤਿਗੁਰੂ	ਜੇਕਰ	ਮਿਲ ਜਾਏ

ਤਾ *(ਤਾਂ)*	**ਪਾਈਐ**	**ਗੁਣੀ**	**ਨਿਧਾਨੁ** *(ਨਿਧਾਨ)* ॥੧॥
ਤਾਂ,ਫਿਰ	ਪਾ ਲਈਦਾ ਹੈ	ਚੰਗਿਆਈਆਂ ਦਾ	ਖਜ਼ਾਨਾ

...ਜੇਕਰ ਸ੍ਰੇਸ਼ਟ ਭਾਵ ਪੂਰਨ ਸਤਿਗੁਰੂ ਦਾ ਮਿਲਾਪ ਹੋ ਜਾਏ, ਤਾਂ ਚੰਗਿਆਈਆਂ ਦੇ ਖਜ਼ਾਨੇ (ਪਰਮਾਤਮਾ) ਨੂੰ ਪਾ ਲਈਦਾ ਹੈ।...

ਮਨ	**ਰੇ,**	**ਹਉਮੈ**	**ਛੋਡਿ** *(ਛੋਡ)*	**ਗੁਮਾਨੁ** *(ਗੁਮਾਨ)* ॥
ਚਿੱਤ	ਹੇ!	ਹੰਕਾਰ	ਛੱਡ ਦੇਹ	ਹੈਂਕੜ,ਹਉਮੈ

ਅੰਕ ੨੧

...ਹੇ! ਮੇਰੇ ਮਨਾ! ਹੰਕਾਰ ਤੇ ਹੈਂਕੜ ਛੱਡ ਦੇਹ।...

ਹਰਿ *(ਹਰ)*	**ਗੁਰ** *(ਗੁਰ)*	**ਸਰਵਰੁ** *(ਸਰਵਰ)*	**ਸੇਵਿ** *(ਸੇਵ)*	**ਤੂ,** *(ਤੂੰ)*
ਹਰੀ,ਪ੍ਰਭੂ	ਸਤਿਗਰੂ	ਸਰੋਵਰ	ਸੇਵ,ਸਿਮਰ	ਤੂੰ

ਪਾਵਹਿ *(ਪਾਵਹਿਂ)*	**ਦਰਗਹ** *(ਦਰਗਹਿ)*	**ਮਾਨੁ** *(ਮਾਨ)* **॥੧॥**	**ਰਹਾਉ ॥**
ਪਾਉਂਦੇ	(ਰੱਬੀ) ਦਰਗਾਹ	ਇੱਜ਼ਤ,ਵਡਿਆਈ	ਠਹਿਰਾਉ

...(ਅਤੇ) ਤੂੰ ਹਰੀ ਸਰੂਪ ਗੁਰੂ-ਸਰੋਵਰ ਦੀ ਸੇਵਾ ਕਰ (ਭਾਵ ਸਤਿਗੁਰੂ ਦੇ ਉਪਦੇਸ਼ ਰੂਪੀ ਸਰੋਵਰ ਵਿਚ ਚੁਭੀਆਂ ਮਾਰ, ਇਸ ਨਾਲ ਨਿਰਮਲ ਹੋਕੇ ਰੱਬੀ ਦਰਗਾਹ ਵਿਚ ਇੱਜ਼ਤ ਵਡਿਆਈ ਪ੍ਰਾਪਤ ਕਰ ਲਵੇਂਗਾ।...

ਰਾਮ	**ਨਾਮੁ** *(ਨਾਮ)*	**ਜਪਿ** *(ਜਪ)*	**ਦਿਨਸੁ** *(ਦਿਨਸ)*	**ਰਾਤਿ,** *(ਰਾਤ)*
ਪਰਮਾਤਮਾ	ਨਾਮ	ਜਪ	ਦਿਨ	ਰਾਤ

ਗੁਰਮੁਖਿ *(ਗੁਰਮੁਖ)*	**ਹਰਿ** *(ਹਰ)*	**ਧਨੁ** *(ਧਨ)*	**ਜਾਨੁ** *(ਜਾਨ)* **॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹਰੀ,ਪ੍ਰਭੂ	ਦੌਲਤ	ਜਾਣ,ਸਮਝ

...(ਹੇ! ਮੇਰੇ ਮਨਾਂ!) ਦਿਨ ਰਾਤ ਪ੍ਰਭੂ ਨਾਮ ਦਾ ਜਾਪ ਕਰ, ਸਤਿਗੁਰੂ ਦੀ ਸਨਮੁੱਖਤਾ ਰਾਹੀਂ ਪਰਮਾਤਮ (ਸਿਮਰਨ ਦੀ) ਦੌਲਤ ਨੂੰ ਸਮਝ (ਕਿ ਇਸ ਨਾਲ ਕੀ ਕੀ ਬਖਸ਼ਿਸ਼ਾਂ ਮਿਲਦੀਆਂ ਹਨ।)...

ਸਭਿ *(ਸਭ)*	**ਸੁਖ** *(ਸੁੱਖ)*	**ਹਰਿ** *(ਹਰ)*	**ਰਸ**	**ਭੋਗਣੇ,**
ਸਾਰ	ਖੁਸ਼ੀ	ਪ੍ਰਭੂ	ਸੁਆਦ,ਅਨੰਦ	ਮਾਨਣੇ

ਸੰਤ	**ਸਭਾ**	**ਮਿਲਿ** *(ਮਿਲ)*	**ਗਿਆਨੁ** *(ਗਿਆਨ)* **॥**
ਸਾਧੂ	ਇਕੱਤ੍ਰਤਾ	ਮਿਲਕੇ	ਬੋਧ

...ਸਾਧੂਆਂ ਦੀ ਸੰਗਤ ਵਿਚ ਮਿਲਕੇ (ਪ੍ਰਭੂ) ਗਿਆਨ (ਪ੍ਰਾਪਤ ਕਰਨ ਨਾਲ), ਸਰਬੱਤ ਖੁਸ਼ੀਆਂ ਅਤੇ ਪਰਮਾਤਮ ਅਨੰਦ, ਮਾਨਣ ਨੂੰ ਮਿਲ ਜਾਂਦੇ ਹਨ।...

ਨਿਤਿ *(ਨਿਤ)*	**ਅਹਿਨਿਸਿ,** *(ਅਹਿਨਿਸ)*	**ਹਰਿ** *(ਹਰ)*	**ਪ੍ਰਭੁ** *(ਪ੍ਰਭ)*	**ਸੇਵਿਆ,**
ਹਰ ਰੋਜ਼	ਦਿਨ ਰਾਤ	ਹਰੀ	ਪ੍ਰਭੂ	ਅਰਾਧਿਆ

ਸਤਗੁਰਿ *(ਸਤਗੁਰ)*	**ਦੀਆ**	**ਨਾਮੁ** *(ਨਾਮ)* **॥੨॥**
ਸਤਿਗੁਰੂ ਨੇ	ਦੇ ਦਿੱਤਾ	(ਪ੍ਰਭੂ) ਨਾਮ

ਅੰਕ ੨੧

...(ਜਿਨ੍ਹਾਂ ਨੂੰ) ਸਤਿਗੁਰੂ, (ਪ੍ਰਭੂ ਦਾ) ਨਾਮ ਬਖਸ਼ ਦਿੰਦਾ ਹੈ, (ਉਹ) ਦਿਨ-ਰਾਤ ਹਰ ਵੇਲੇ ਹਰੀ-ਪ੍ਰਭੂ ਨੂੰ ਸਿਮਰਦੇ ਹਨ।...

ਕੂਕਰ	**ਕੂੜੁ** *(ਕੂੜ)*	**ਕਮਾਈਐ,**
ਕੁੱਤੇ	ਝੂਠ	ਕਮਾਉਣ ਨਾਲ

ਗੁਰ	**ਨਿੰਦਾ**	**ਪਚੈ**	**ਪਚਾਨੁ** *(ਪਚਾਨ)* ॥
ਸਤਿਗੁਰੂ	ਔਗਣ ਕਢਣ ਦੀ ਕ੍ਰਿਆ	ਸੜਦਾ ਹੈ	ਸੜ੍ਹਾਂਦ

...ਕੂੜ ਕਮਾਉਣ ਨਾਲ (ਮਨਮੁੱਖ) ਕੁੱਤੇ ਵਾਂਗ ਹੋ ਜਾਂਦੇ ਹਨ (ਜੋ ਦਰ ਦਰ ਦੇ ਟੁਕੜਿਆਂ ਤੇ ਪਲਦੇ ਹਨ), ਉਹ ਸਤਿਗੁਰੂ ਦੀ ਨਿੰਦਾ ਰੂਪੀ ਸੜ੍ਹਾਂਦ ਵਿਚ ਸੜਦੇ ਰਹਿੰਦੇ ਹਨ।(ਭਾਵ ਉਹ ਗੁਰ-ਨਿੰਦਾ ਵਿਚ ਹੀ ਖ਼ੁਆਰ ਹੋਏ ਰਹਿੰਦੇ ਹਨ)...

ਭਰਮੇ	**ਭੂਲਾ**	**ਦੁਖੁ** *(ਦੁੱਖ)*	**ਘਣੋ,**
(ਮਾਇਆ ਦੇ)ਭੁਲੇਖੇ ਵਿਚ	ਭੁਲਿਆ	ਤਕਲੀਫ਼,ਕਸ਼ਟ	ਬਹੁਤ,ਅਤਿਅੰਤ

ਜਮੁ *(ਜਮ)*	**ਮਾਰਿ** *(ਮਾਰ)*	**ਕਰੈ**	**ਖੁਲਹਾਨੁ** *(ਖੁਲਹਾਨ)* ॥
ਮੌਤ ਦਾ ਫਰਿਸ਼ਤਾ	ਮਾਰ ਕੇ	ਕਰਦਾ ਹੈ	ਖਲਵਾੜਾ, ਭੋਹ, ਭੂਸਾ (ਦਾਣੇ ਕਢਣ ਬਾਅਦ ਲਿਤਾੜ ਲਿਤਾੜ ਕੇ ਬਚੀ ਹੋਈ ਤੂੜੀ)

...(ਮਾਇਆਵੀ ਵਿਕਾਰਾਂ ਦੇ) ਭੁਲੇਖੇ ਵਿਚ ਭੁਲਿਆਂ ਬਹੁਤ ਦੁੱਖ ਤਕਲੀਫ਼ਾਂ ਹੁੰਦੀਆਂ ਹਨ, ਜਮ (ਉਨ੍ਹਾਂ ਨੂੰ) ਮਾਰ ਮਾਰ ਕੇ (ਕਿਸਾਨ ਦੇ ਖਲਵਾੜੇ ਵਿਚ ਪਈ ਤੂੜੀ) ਭੋਹ ਬਣਾ ਦਿੰਦਾ ਹੈ।...

ਮਨਮੁਖਿ *(ਮਨਮੁਖ)*	**ਸੁਖੁ** *(ਸੁੱਖ)*	**ਨ** *(ਨਾਂ)*	**ਪਾਈਐ,**
ਮਨਮੁੱਖਤਾ ਦੁਆਰਾ	ਖ਼ੁਸ਼ੀ	ਨਹੀਂ	ਪ੍ਰਾਪਤ ਕਰੀਦੀ

ਗੁਰਮੁਖਿ *(ਗੁਰਮੁਖ)*	**ਸੁਖੁ** *(ਸੁੱਖ)*	**ਸੁਭਾਨੁ** *(ਸੁਭਾਨ)* ॥੩॥
ਸਤਿਗੁਰ ਦੀ ਸਨਮੁੱਖਤਾ ਨਾਲ	ਅਨੰਦ	ਪ੍ਰਕਾਸ਼ਮਈ, ਉੱਚ ਆਤਮਿਕ

...ਮਨਮੁੱਖਤਾ ਰਾਹੀਂ ਕਦੇ ਵੀ (ਆਤਮਿਕ) ਅਨੰਦ ਪ੍ਰਾਪਤ ਨਹੀਂ ਹੋ ਸਕਦਾ। (ਕੇਵਲ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਹੀ ਪ੍ਰਕਾਸ਼ਮਈ ਆਤਮਿਕ ਅਨੰਦ (ਦੀ ਪ੍ਰਾਪਤੀ ਹੁੰਦੀ ਹੈ।)...

ਐਥੈ	**ਧੰਧੁ** *(ਧੰਧ)*	**ਪਿਟਾਈਐ,**
ਇਥੇ	(ਮਾਇਕ) ਧੰਦੇ	ਪਿੱਟਦੇ ਰਹਿੰਦੇ ਹਨ

ਅੰਕ ੨੧

ਸਚੁ *(ਸੱਚ)*	**ਲਿਖਤੁ** *(ਲਿਖਤ)*	**ਪਰਵਾਣੁ** *(ਪਰਵਾਨ)* ॥
ਸਦਾ-ਸਥਿਰ(ਬੰਦਗੀ)	ਲੇਖਾ, ਹਿਸਾਬ ਕਿਤਾਬ	ਕਬੂਲ

...(ਮਨਮੁੱਖ ਇਸ ਜਗਤ ਵਿਚ) ਮਾਇਕ ਧੰਦੇ ਪਿੱਟਦੇ ਰਹਿੰਦੇ ਹਨ।(ਭਾਵ ਜਗਤ ਦੇ ਕੂੜ ਕਾਰ-ਵਿਹਾਰਾਂ ਵਿਚ ਖੱਜਲ ਖ਼ੁਆਰ ਹੁੰਦੇ ਰਹਿੰਦੇ ਹਨ, ਪਰ ਰੱਬੀ ਦਰਗਾਹੇ ਤਾਂ) ਸੱਚਾ ਲੇਖਾ, (ਭਾਵ ਵਾਹਿਗੁਰੂ ਦੀ ਬੰਦਗੀ ਵਾਲਾ ਹਿਸਾਬ ਕਿਤਾਬ ਹੀ) ਪਰਵਾਨ ਹੁੰਦਾ ਹੈ।...

ਹਰਿ *(ਹਰ)*	**ਸਜਣੁ** *(ਸੱਜਣ)*	**ਗੁਰੁ** *(ਗੁਰ)*	**ਸੇਵਦਾ,** *(ਸੇਂਵਦਾ)*
ਹਰੀ	ਮਿੱਤਰ	ਸਤਿਗੁਰੂ	ਅਰਾਧਦਾ,ਸਿਮਰਦਾ

ਗੁਰ	**ਕਰਣੀ**	**ਪਰਧਾਨੁ** *(ਪਰਧਾਨ)* ॥
ਸਤਿਗੁਰੂ	ਕਰਮ,ਕੰਮ	ਸ੍ਰੇਸ਼ਟ,ਉੱਤਮ

...ਹਰੀ ਦਾ ਮਿੱਤਰ (ਗੁਰਮੁੱਖ), ਸਤਿਗੁਰੂ ਨੂੰ ਅਰਾਧਦਾ ਹੈ। ਸਤਿਗੁਰੂ ਦੁਆਰਾ (ਦੱਸੀ ਹੋਈ ਇਹ) ਕਰਣੀ ਹੀ ਸਭ ਤੋਂ ਉੱਤਮ ਹੈ।...

ਨਾਨਕ,	**ਨਾਮੁ** *(ਨਾਮ)*	**ਨ** *(ਨਾਂ)*	**ਵੀਸਰੈ,**
ਹੇ ! ਨਾਨਕ !	(ਪ੍ਰਭੂ) ਨਾਮ	ਨਾਂ	ਭੁਲ ਜਾਏ, ਵਿਸਰ ਜਾਏ

ਕਰਮਿ *(ਕਰਮ)*	**ਸਚੈ**	**ਨੀਸਾਣੁ** *(ਨੀਸ਼ਾਣ)* ॥੪॥੧੯॥
ਮਿਹਰ ਦੁਆਰਾ	ਸਦਾ ਸਥਿਰ(ਪ੍ਰਭੂ) ਦਾ	ਨਿਸ਼ਾਨ, ਮੁਹਰ, ਪਹਿਚਾਣ ਚਿਨ੍ਹ

...ਹੇ! ਨਾਨਕ! ਜਿਸਦੇ (ਮਸਤਕ ਉੱਤੇ) ਸਦਾ-ਸਥਿਰ ਪਰਮਾਤਮਾ ਦੀ ਕਿਰਪਾ ਰਾਹੀਂ (ਰੱਬੀ) ਨਿਸ਼ਾਨ ਲੱਗ ਜਾਂਦਾ ਹੈ, (ਉਸਨੂੰ) ਕਦੇ ਵੀ ਪਰਮਾਤਮਾ ਦਾ ਨਾਮ ਨਹੀਂ ਭੁਲਦਾ।(ਭਾਵ ਉਹ ਅੱਠੇ ਪਹਿਰ ਸਿਮਰਨ ਵਿਚ ਲੀਨ ਰਹਿੰਦਾ ਹੈ।)

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਇਕੁ *(ਇੱਕ)*	**ਤਿਲੁ** *(ਤਿਲ)*	**ਪਿਆਰਾ**	**ਵੀਸਰੈ,**
ਇੱਕ	ਤਿਲ ਮਾਤਰ, ਭੋਰਾ ਕੁ	ਪ੍ਰਭੂ ਪ੍ਰੀਤਮ	ਵਿਸਰ ਜਾਵੇ, ਭੁੱਲ ਜਾਏ

ਰੋਗੁ *(ਰੋਗ)*	**ਵਡਾ**	**ਮਨ**	**ਮਾਹਿ** *(ਮਾਹਿ)* ॥
ਬਿਮਾਰੀ	ਦੀਰਘ	ਚਿੱਤ	ਵਿਚ

ਅੰਕ ੨੧

(ਜੇਕਰ) ਇਕ ਪਲ ਲਈ ਵੀ ਪ੍ਰਭੂ ਪ੍ਰੀਤਮ ਵਿਸਰ ਜਾਵੇ ਤਾਂ (ਸਮਝੋ) ਹਿਰਦੇ ਵਿਚ ਦੀਰਘ ਰੋਗ (ਲਗ ਗਿਆ ਹੈ।)...

ਕਿਉ *(ਕਿਉਂ)*	ਦਰਗਹ	ਪਤਿ *(ਪੱਤ)*	ਪਾਈਐ,
ਕਿਵੇਂ,ਕਿਸ ਤਰ੍ਹਾਂ	(ਰੱਬੀ) ਦਰਗਾਹ	ਇੱਜ਼ਤ,ਆਦਰ	ਪ੍ਰਾਪਤ ਕਰੀਏ

ਜਾ *(ਜਾਂ)*	ਹਰਿ *(ਹਰ)*	ਨ *(ਨਾਂ)*	ਵਸੈ	ਮਨ	ਮਾਹਿ *(ਮਾਹਿਂ)* ॥
ਜੇਕਰ	ਪਰਮਾਤਮਾ	ਨਹੀਂ	ਵਸਦਾ	ਚਿੱਤ	ਵਿਚ

...ਜੇਕਰ ਪਰਮਾਤਮਾ ਹਿਰਦੇ ਵਿਚ ਨਹੀਂ ਵਸਦਾ ਤਾਂ (ਰੱਬੀ) ਦਰਗਾਹ ਵਿਚ ਇੱਜ਼ਤ, ਮਾਣ ਕਿਵੇਂ ਪ੍ਰਾਪਤ ਹੋ ਸਕਦੀ ਹੈ? (ਭਾਵ ਨਹੀਂ ਹੋ ਸਕਦੀ।)...

ਗੁਰਿ *(ਗੁਰ)*	ਮਿਲਿਐ	ਸੁਖੁ *(ਸੁੱਖ)*	ਪਾਈਐ,
ਸਤਿਗੁਰੂ	ਮਿਲਾਪ ਨਾਲ	(ਆਤਮਿਕ) ਅਨੰਦ	ਪ੍ਰਾਪਤ ਕਰੀਦਾ ਹੈ

ਅਗਨਿ *(ਅਗਨ)*	ਮਰੈ	ਗੁਣ	ਮਾਹਿ *(ਮਾਹਿਂ)* ॥੧॥
(ਤ੍ਰਿਸ਼ਨਾ ਦੀ) ਅੱਗ	ਮਰ/ਬੁਝ ਜਾਂਦੀ ਹੈ	ਚੰਗਿਆਈਆਂ	ਵਿਚ

...ਸਤਿਗੁਰੂ ਦੇ ਮਿਲਾਪ ਨਾਲ (ਆਤਮਿਕ) ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ (ਪ੍ਰਭੂ ਬੰਦਗੀ ਦੀਆਂ) ਚੰਗਿਆਈਆਂ ਵਿਚ (ਤ੍ਰਿਸ਼ਨਾ) ਦੀ ਅੱਗ ਬੁਝ ਜਾਂਦੀ ਹੈ।...

ਮਨ	ਰੇ,	ਅਹਿਨਿਸਿ *(ਅਹਿਨਿਸ)*	ਹਰਿ *(ਹਰ)*	ਗੁਣ	ਸਾਰਿ *(ਸਾਰ)* ॥
ਮਨਾ	ਹੇ!	ਦਿਨ ਰਾਤ	ਪ੍ਰਭੂ	ਚੰਗਿਆਈਆਂ	ਸਾਰ-ਸੰਭਾਲ,ਚਿੰਤਨ

...ਹੇ! ਮਨਾਂ! ਦਿਨ ਰਾਤ (ਭਾਵ ਅੱਠੋ ਪਹਿਰ) ਪ੍ਰਭੂ ਗੁਣਾਂ ਦੀ ਸੰਭਾਲ, ਭਾਵ ਚਿੰਤਨ ਕਰ।...

ਜਿਨ *(ਜਿਨ੍ਹ)*	ਖਿਨੁ *(ਖਿਨ)*	ਪਲੁ *(ਪਲ)*	ਨਾਮੁ *(ਨਾਮ)*	ਨ *(ਨਾਂ)*	ਵੀਸਰੈ,
ਜਿਨ੍ਹਾਂ ਨੂੰ	ਛਿਨ	ਅੱਖ ਦੇ ਝਪਕਣ ਜਿਨਾਂ ਸਮਾਂ	(ਪ੍ਰਭੂ)ਨਾਮ	ਨਹੀਂ	ਵਿਸਰਦਾ

ਤੇ	ਜਨ	ਵਿਰਲੇ	ਸੰਸਾਰਿ *(ਸੰਸਾਰ)*॥੧॥	ਰਹਾਉ ॥
ਉਹ	ਮਨੁੱਖ,ਪ੍ਰਾਣੀ	ਬਹੁਤ ਘੱਟ	ਸੰਸਾਰ ਵਿਚ	ਠਹਿਰਾਉ

...ਇਹੋ ਜਿਹੇ ਪ੍ਰਾਣੀ ਸੰਸਾਰ ਵਿਚ ਬਹੁਤ ਵਿਰਲੇ ਹੁੰਦੇ ਹਨ, ਜਿਨ੍ਹਾਂ ਨੂੰ ਖਿਨ ਪਲ ਲਈ ਵੀ ਪ੍ਰਭੂ ਨਾਮ ਨਹੀਂ ਭੁਲਦਾ।...

ਅੰਕ ੨੧

ਜੋਤੀ	ਜੋਤਿ *(ਜੋਤ)*	ਮਿਲਾਈਐ,
ਜੋਤ ਨੂੰ	(ਪ੍ਰਭੂ) ਜੋਤ ਵਿਚ	ਅਭੇਦ ਕਰੀਏ
ਸੁਰਤੀ	ਸੁਰਤਿ *(ਸੁਰਤ)*	ਸੰਜੋਗੁ *(ਸੰਜੋਗ)* ॥
ਸੁਰਤ ਨੂੰ	(ਪ੍ਰਭੂ) ਸੁਰਤ ਵਿਚ	ਮਿਲਾਪ

...(ਜੇਕਰ ਬੰਦਗੀ ਰਾਹੀਂ ਆਪਣੀ ਆਤਮਿਕ) ਜੋਤ ਨੂੰ (ਪ੍ਰਭੂ) ਜੋਤ ਵਿਚ ਅਭੇਦ ਕਰ ਦੇਈਏ, ਅਤੇ ਆਪਣੀ ਸੁਰਤ ਦਾ (ਸ਼ਬਦ ਰਾਹੀਂ, ਪਰਮਾਤਮਾ ਦੀ ਉੱਚ) ਸੁਰਤ ਨਾਲ ਮਿਲਾਪ ਕਰਵਾ ਦੇਈਏ...

ਹਿੰਸਾ	ਹਉਮੈ	ਗਤੁ *(ਗਤ)*	ਗਏ,
ਨਿਰਦੈਤਾ	ਹੰਕਾਰ	ਨਾਸ਼, ਨਸ਼ਟ	ਹੋ ਗਏ

ਨਾਹੀ *(ਨਾਹੀਂ)*	ਸਹਸਾ *(ਸਹਿੰਸਾ)*	ਸੋਗੁ *(ਸੋਗ)* ॥
ਨਹੀਂ	ਸੰਸਾ, ਭਰਮ	ਉਦਾਸੀ

...(ਤਾਂ) ਹਿਰਦੇ ਵਿਚੋਂ ਹੰਕਾਰ ਤੇ ਹਿੰਸਾ (ਭਾਵ ਈਰਖਾ, ਵੈਰ, ਹੱਤਿਆ ਤੇ ਦੁੱਖ ਦੇਣ ਆਦਿਕ ਦੀ ਬਿਰਤੀ) ਨਸ਼ਟ ਹੋ ਜਾਂਦੀ ਹੈ ਅਤੇ ਕਿਸੇ ਤਰ੍ਹਾਂ ਦੇ ਵੀ ਸੰਸੇ, ਭਰਮ ਤੇ ਸੋਗ ਨਹੀਂ ਰਹਿੰਦੇ।...

ਗੁਰਮੁਖਿ, *(ਗੁਰਮੁਖ)*	ਜਿਸੁ *(ਜਿਸ)*	ਹਰਿ *(ਹਰ)*	ਮਨਿ *(ਮਨ)*	ਵਸੈ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਜਿਸ ਦੇ	ਪ੍ਰਭੂ	ਹਿਰਦੇ ਵਿਚ	ਵਸ ਜਾਵੇ
ਤਿਸੁ *(ਤਿਸ)*	ਮੇਲੇ	ਗੁਰੁ *(ਗੁਰ)*	ਸੰਜੋਗੁ *(ਸੰਜੋਗ)* ॥੨॥	
ਉਸ ਨੂੰ	ਮਿਲਾਉਂਦਾ ਹੈ	ਸਤਿਗੁਰੂ	(ਪਰਮਾਤਮ)ਮੇਲ	

...ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਪਰਮਾਤਮਾ ਜਿਸ ਦੇ ਹਿਰਦੇ ਵਿਚ ਵਸ ਜਾਵੇ, ਉਸਨੂੰ ਸਤਿਗੁਰੂ, (ਵਾਹਿਗੁਰੂ ਦਾ) ਮਿਲਾਪ ਕਰਾਉਂਦਾ ਹੈ।...

ਕਾਇਆ *(ਕਾਇਆਂ)*	ਕਾਮਣਿ *(ਕਾਮਣ)*	ਜੇ	ਕਰੀ, *(ਕਰੀਂ)*
ਸਰੀਰ	ਇਸਤ੍ਰੀ	ਜੇਕਰ	ਬਣਾ ਲਈਏ
ਭੋਗੇ	ਭੋਗਣਹਾਰੁ *(ਭੋਗਣਹਾਰ)* ॥		
ਭੋਗੇਗਾ, ਮਾਣੇਗਾ	ਮਾਣਨਵਾਲਾ(ਪਰਮਾਤਮਾ)		

ਅੰਕ ੨੧-੨੨

...ਜੇਕਰ (ਆਪਣੇ) ਸਰੀਰ ਨੂੰ ਇਸਤ੍ਰੀ ਬਣਾ ਲਈਏ, ਤਾਂ ਭੋਗਣਹਾਰ (ਪਰਮਾਤਮਾ, ਜੀਵ ਰੂਪੀ) ਇਸਤ੍ਰੀ ਨੂੰ (ਜ਼ਰੂਰ) ਮਾਣੇਗਾ।(ਭਾਵ ਜੇ ਮਾਇਆ ਦੇ ਵਿਕਾਰਾਂ ਨੂੰ ਛੱਡਣ ਰਾਹੀਂ ਨਿਰਮਲ ਹੋਕੇ, ਪੂਰਨ ਰੂਪ ਵਿਚ ਆਪਣੇ ਆਪ ਨੂੰ ਪ੍ਰਭੂ ਦੇ ਸਮਰਪਿਤ ਕਰ ਦੇਈਏ, ਤਾਂ ਪਰਮਾਤਮਾ ਕ੍ਰਿਪਾ ਕਰਕੇ, ਜੀਵ ਇਸਤ੍ਰੀ ਦੀ ਹਿਰਦੇ ਸੇਜ ਉੱਤੇ ਜ਼ਰੂਰ ਆਵੇਗਾ)...

ਤਿਸੁ *(ਤਿਸ)*	**ਸਿਉ** *(ਸਿਉਂ)*	**ਨੇਹੁ** *(ਨੇਂਹ)*	**ਨ** *(ਨਾਂ)*	**ਕੀਜਈ,**
ਉਸ	ਨਾਲ	ਸਨੇਹ,ਲਗਾਓ	ਨਾਂ	ਕਰੀਏ

ਜੋ	**ਦੀਸੈ**	**ਚਲਣਹਾਰੁ** *(ਚਲਣਹਾਰ)* ॥
ਜਿਹੜਾ	ਨਜ਼ਰ ਆਉਂਦਾ ਹੈ	ਚਲਾਇਮਾਨ, ਖ਼ਤਮ ਹੋਣ ਵਾਲਾ

...ਜੋ (ਮਾਇਆਵੀ ਪਦਾਰਥ) ਚਲਾਇਮਾਨ ਨਜ਼ਰ ਆ ਰਹੇ ਹਨ, ਉਨ੍ਹਾਂ (ਨਾਸ਼ਵਾਨ ਪਦਾਰਥਾਂ) ਨਾਲ ਸਨੇਹ ਨਹੀਂ ਕਰਨਾ ਚਾਹੀਦਾ।...

ਗੁਰਮੁਖਿ, *(ਗੁਰਮੁਖ)*	**ਰਵਹਿ** *(ਰਵਹਿੰ)*	**ਸੋਹਾਗਣੀ,** *(ਸੋਹਾਗਣੀਂ)*
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਮਾਣਦੀਆਂ ਹਨ	ਸੋਹਾਗਵੰਤੀਆਂ

ਸੋ	**ਪ੍ਰਭੁ** *(ਪ੍ਰਭ)*	**ਸੇਜ**	**ਭਤਾਰੁ** *(ਭਤਾਰ)* ॥੩॥
ਉਸ	ਪਰਮਾਤਮਾ	ਸੇਜਾ ਨੂੰ	ਪਤੀ, ਖਸਮ

...ਸਤਿਗੁਰੂ ਦੀ ਸਨਮੁਖਤਾ ਰਾਹੀਂ, ਭਾਵ ਗੁਰ-ਉਪਦੇਸ਼ ਦੁਆਰਾ ਸੋਹਾਗਵੰਤੀਆਂ ਉਸ ਪ੍ਰਭੂ ਪ੍ਰੀਤਮ ਦੀ ਸੇਜਾ ਨੂੰ ਮਾਣਦੀਆਂ ਹਨ।...

ਚਾਰੇ	**ਅਗਨਿ** *(ਅਗਨ)*	**ਨਿਵਾਰਿ** *(ਨਿਵਾਰ)*	**ਮਰੁ,** *(ਮਰ)*
ਚਾਰਾਂ ਹੀ	ਅਗਨੀਆਂ ਨੂੰ	ਨਿਵਾਰ ਕੇ, ਮਿਟਾ ਕੇ	ਮਰ ਜਾਹ, ਖ਼ਤਮ ਹੋ ਜਾਹ

ਗੁਰਮੁਖਿ *(ਗੁਰਮੁਖ)*	**ਹਰਿ** *(ਹਰ)*	**ਜਲੁ** *(ਜਲ)*	**ਪਾਇ॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪ੍ਰਭੂ	(ਨਾਮ) ਜਲ	ਪਾਕੇ

...(ਹਿਰਦੇ ਵਿਚ ਬਲਦੀਆਂ) ਚਾਰੇ ਅਗਨੀਆਂ (ਹਿੰਸਾ, ਮੋਹ, ਕ੍ਰੋਧ ਅਤੇ ਲੋਭ: ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥) ਨੂੰ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਪ੍ਰਭੂ (ਨਾਮ ਦਾ) ਜਲ ਪਾਕੇ ਬੁਝਾ ਦੇ, ਅਤੇ (ਆਪਣੇ ਆਪ ਨੂੰ ਮਾਇਆ ਦੇ ਵਿਕਾਰਾਂ ਵਲੋਂ) ਮਾਰ ਲੈ।...

ਅੰਤਰਿ *(ਅੰਤਰ)*	**ਕਮਲੁ** *(ਕਮਲ)*	**ਪ੍ਰਗਾਸਿਆ,**
ਅੰਦਰ	(ਹਿਰਦੇ ਰੂਪੀ) ਕਮਲ ਫੁੱਲ	ਖਿੜ ਪਿਆ ਹੈ

ਅੰਕ ੨੨

ਅੰਮ੍ਰਿਤੁ *(ਅੰਮ੍ਰਿਤ)*	ਭਰਿਆ	ਅਘਾਇ॥
ਅਮਰ ਕਰਨ ਵਾਲਾ(ਨਾਮ)	ਭਰਪੂਰ	ਤ੍ਰਿਪਤ, ਰੱਜਵਾਂ

...(ਇਸ ਤਰ੍ਹਾਂ ਕਰਨ ਨਾਲ ਮੈਨੂੰ ਅਨੁਭਵ ਹੋ ਰਿਹਾ ਹੈ ਕਿ ਮੇਰੇ) ਅੰਦਰ (ਹਿਰਦੇ ਰੂਪੀ) ਕੰਵਲ ਖਿੜ ਪਿਆ ਹੈ, ਅਤੇ ਅੰਮ੍ਰਿਤ (ਨਾਮ ਨਾਲ) ਭਰਿਆ ਹੋਣ ਕਰਕੇ ਤ੍ਰਿਪਤੀ ਹੋ ਰਹੀ ਹੈ।...

ਨਾਨਕ,	ਸਤਗੁਰੁ *(ਸਤਗੁਰ)*	ਮੀਤੁ *(ਮੀਤ)*	ਕਰਿ, *(ਕਰ)*
ਹੇ ! ਨਾਨਕ !	ਸਤਿਗੁਰੂ	ਮਿੱਤਰ	ਬਣਾ

ਸਚੁ *(ਸਚ)*	ਪਾਵਹਿ *(ਪਾਵਹਿਂ)*	ਦਰਗਹ *(ਦਰਗਹਿ)*	ਜਾਇ॥੪॥੨੦॥
ਸਦਾ-ਸਥਿਰ(ਪ੍ਰਭੂ)	ਪਾ ਲਵੇਂਗਾ, ਮਿਲਾਪ ਹੋ ਜਾਏਗਾ	(ਰੱਬੀ) ਦਰਗਾਹ	ਜਾਕੇ

...ਹੇ! ਨਾਨਕ! ਸਤਿਗੁਰੂ ਨੂੰ ਮਿੱਤਰ ਬਣਾ ਲੈ, (ਇਸ ਨਾਲ ਰੱਬੀ) ਦਰਗਾਹ ਤੇ ਜਾਕੇ ਸਦਾ-ਸਥਿਰ (ਪਰਮਤਮਾ ਨਾਲ) ਮਿਲਾਪ ਹੋ ਜਾਏਗਾ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਹਰਿ *(ਹਰ)*	ਹਰਿ *(ਹਰ)*	ਜਪਹੁ	ਪਿਆਰਿਆ,
ਹਰੀ	ਹਰੀ	ਅਰਾਧੋ, ਸਿਮਰੋ	ਪ੍ਰੀਤਵਾਨਾਂ

ਗੁਰਮਤਿ *(ਗੁਰਮਤ)*	ਲੇ	ਹਰਿ *(ਹਰ)*	ਬੋਲਿ *(ਬੋਲ)* ॥
ਗੁਰ ਉਪਦੇਸ਼ ਦੁਆਰਾ	ਲੈਕੇ, ਧਾਰਨ ਕਰਕੇ	ਹਰੀ	ਉਚਾਰ

ਹੇ! ਪਿਆਰਿਆ! ਵਾਹਿਗੁਰੂ ਵਾਹਿਗੁਰੂ ਸਿਮਰੋ, ਸਤਿਗੁਰੂ ਦੀ ਮੱਤ (ਹਿਰਦੇ ਵਿਚ) ਵਸਾਕੇ ਵਾਹਿਗੁਰੂ (ਸਿਮਰਨ ਦੀਆਂ ਧੁਨੀਆਂ) ਉਚਾਰ।...

ਮਨੁ, *(ਮਨ)*	ਸਚ	ਕਸਵਟੀ	ਲਾਈਐ,
ਚਿੱਤ	ਸਦਾ-ਸਥਿਰ(ਸਿਮਰਨ)	ਸੋਨਾ ਪਰਖਣ ਵਾਲੀ ਵੱਟੀ	ਛੁਹਾਈਏ

ਤੁਲੀਐ	ਪੂਰੈ	ਤੋਲਿ *(ਤੋਲ)* ॥
ਤੁਲ ਕੇ	ਪੂਰਨ	ਤੋਲ ਤੇ

...ਚਿੱਤ ਨੂੰ (ਜੇ) ਸੱਚ (ਸਿਮਰਨ ਦੀ) ਕਸਵੱਟੀ ਤੇ ਲਾਈਏ, ਤਾਂ (ਇਹ ਰੱਬੀ) ਤੋਲ ਤੇ ਤੁਲਕੇ ਪੂਰਾ (ਉੱਤਰਦਾ ਹੈ।)...

ਅੰਕ ੨੨

ਕੀਮਤਿ *(ਕੀਮਤ)*	**ਕਿਨੈ** *(ਕਿਨ੍ਹੈ)*	**ਨ** *(ਨਾਂ)*	**ਪਾਈਐ,**
ਮੁੱਲ	ਕਿਸੇ ਨੇ	ਨਹੀਂ	ਪਾਈ

ਰਿਦ	**ਮਾਣਕ**	**ਮੋਲਿ** *(ਮੋਲ)*	**ਅਮੋਲਿ** *(ਅਮੋਲ)* ॥੧॥
ਹਿਰਦੇ	ਕੀਮਤੀ ਪੱਥਰ	ਮੁੱਲ	ਅਮੁੱਲ

...(ਸਿਮਰਨ ਨਾਲ ਭਰਪੂਰ) ਮਾਣਕ ਰੂਪੀ ਹਿਰਦੇ ਦਾ ਮੁੱਲ ਅਮੁੱਲ ਹੋ ਜਾਂਦਾ ਹੈ, ਕਿਸੇ ਤੋਂ ਇਸਦੀ ਕੀਮਤ ਨਹੀਂ ਪਾਈ ਜਾ ਸਕਦੀ।...

ਭਾਈ	**ਰੇ,**	**ਹਰਿ** *(ਹਰ)*	**ਹੀਰਾ**	**ਗੁਰ**	**ਮਾਹਿ** *(ਮਾਹਿਂ)* ॥
ਭਰਾ	ਹੇ!	ਹਰੀ	ਕੀਮਤੀ ਪੱਥਰ	ਸਤਿਗੁਰੂ	ਵਿਚ

...ਹੇ! ਮੇਰੇ ਭਰਾ! ਹਰੀ ਰੂਪ ਹੀਰਾ, ਸਤਿਗੁਰੂ (ਦੇ ਹਿਰਦੇ) ਵਿਚ ਹੈ।...

ਸਤਸੰਗਤਿ *(ਸਤਸੰਗਤ)*	**ਸਤਗੁਰੁ** *(ਸਤਗੁਰ)*	**ਪਾਈਐ,**
ਸੱਤ ਪੁਰਖਾਂ ਦੀ ਸੰਗਤ ਰਾਹੀਂ	ਸਤਿਗੁਰੂ	ਪਾਈਦਾ ਹੈ

ਅਹਿਨਿਸਿ *(ਅਹਿਨਿਸ)*	**ਸਬਦਿ** *(ਸ਼ਬਦ)*	**ਸਲਾਹਿ** ॥੧॥ *(ਸਲਾਹ)*	**ਰਹਾਉ** ॥
ਦਿਨ ਰਾਤ	ਗੁਰ-ਸ਼ਬਦ ਰਾਹੀਂ	ਸਿਫ਼ਤ-ਸਲਾਹ	ਠਹਿਰਾਉ

...(ਸੋ) ਦਿਨ ਰਾਤ ਅੱਠੇ ਪਹਿਰ (ਸਤਸੰਗਤ ਵਿਚ ਜਾਕੇ) ਗੁਰ-ਸ਼ਬਦ (ਦੇ ਸਿਮਰਨ) ਰਾਹੀਂ (ਪ੍ਰਭੂ) ਦੀ ਸਿਫ਼ਤ-ਸਲਾਹ ਕਰ, (ਕਿਉਂਕਿ) ਸਤਸੰਗਤ ਰਾਹੀਂ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ।...

ਸਚੁ *(ਸੱਚ)*	**ਵਖਰੁ** *(ਵਖਰ)*	**ਧਨੁ** *(ਧਨ)*	**ਰਾਸਿ** *(ਰਾਸ)*	**ਲੈ,**
ਸਦਾ ਸਥਿਰ(ਨਾਮ)	ਸੌਦਾ	ਦੌਲਤ	ਮੂੜੀ	ਲੈਕੇ

ਪਾਈਐ	**ਗੁਰ**	**ਪਰਗਾਸਿ** *(ਪਰਗਾਸ)* ॥
ਪਾਈਦਾ ਹੈ	ਸਤਿਗੁਰੂ	ਪਰਕਾਸ਼, ਚਾਨਣ

...ਸਦਾ-ਸਥਿਰ (ਪ੍ਰਭੂ-ਨਾਮ ਦੀ) ਦੌਲਤ, ਮੂੜੀ ਅਤੇ ਸੌਦਾ ਲੈ, (ਪਰ ਇਹ ਸਭ ਕੁਝ) ਸਤਿਗੁਰੂ ਦੇ ਉਪਦੇਸ਼ ਰੂਪੀ ਪਰਕਾਸ਼ ਰਾਹੀਂ ਹੀ, ਪਾਈਦਾ ਹੈ।...

ਜਿਉ *(ਜਿਉਂ)*	**ਅਗਨਿ** *(ਅਗਨ)*	**ਮਰੈ,**	**ਜਲਿ** *(ਜਲ)*	**ਪਾਇਐ,**
ਜਿਵੇਂ	ਅੱਗ ਰਾਹੀਂ	ਮਰ ਜਾਂਦੀ, ਬੁਝ ਜਾਂਦੀ	ਪਾਣੀ	ਪਾਣ ਨਾਲ

ਅੰਕ ੨੨

ਤਿਉ *(ਤਿਉਂ)*	ਤ੍ਰਿਸਨਾ *(ਤ੍ਰਿਸ਼ਨਾ)*	ਦਾਸਨਿ *(ਦਾਸਨ)*	ਦਾਸਿ *(ਦਾਸ)* ॥
ਤਿਵੇਂ	ਲਾਲਸਾ	ਸੇਵਕਾਂ ਦੀ	ਸੇਵਕ

...ਜਿਵੇਂ ਅਗਨੀ, ਪਾਣੀ ਪਾਉਣ ਨਾਲ ਬੁਝ ਜਾਂਦੀ ਹੈ, ਤਿਵੇਂ ਹੀ ਦਾਸਾਂ ਦੇ ਦਾਸ ਬਣਨ ਨਾਲ (ਭਾਵ ਨਾਮ ਜਪਣ ਵਾਲੇ ਗੁਰਮੁਖ-ਜਨਾਂ ਦੇ ਸੇਵਕ ਬਣਨ ਨਾਲ, ਮਾਇਆਵੀ ਪਦਾਰਥਾਂ ਦੀ) ਤ੍ਰਿਸ਼ਨਾ (ਮਿਟ ਜਾਂਦੀ ਹੈ।)...

ਜਮ	ਜੰਦਾਰੁ *(ਜੰਦਾਰ)*	ਨ *(ਨਾਂ)*	ਲਗਈ,
ਮੌਤ ਦਾ ਫਰਿਸ਼ਤਾ	ਜਿੰਦ ਦਾ ਵੈਰੀ, ਜ਼ਾਲਮ	ਨਹੀਂ	(ਮਗਰ) ਲਗਦਾ
ਇਉ *(ਇਉਂ)*	ਭਉਜਲੁ *(ਭਉਜਲ)*	ਤਰੈ	ਤਰਾਸਿ *(ਤਰਾਸ)* ॥੨॥
ਇਵੇਂ	ਸੰਸਾਰ ਸਾਗਰ	ਤਰਦਾ ਹੈ	ਤਾਰਦਾ ਹੈ

...(ਤ੍ਰਿਸ਼ਨਾ ਮਿਟਣ ਨਾਲ) ਜ਼ਾਲਮ ਮੌਤ ਦਾ ਫਰਿਸ਼ਤਾ (ਫਿਰ ਉਸਦੇ ਮਗਰ) ਨਹੀਂ ਲਗਦਾ। ਇਵੇਂ (ਉਹ) ਸੰਸਾਰ ਸਾਗਰ ਤੋਂ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਦਿੰਦਾ ਹੈ।...

ਗੁਰਮੁਖਿ *(ਗੁਰਮੁਖ)*	ਕੂੜੁ *(ਕੂੜ)*	ਨ *(ਨਾਂ)*	ਭਾਵਈ,
ਗੁਰਮੁਖਾਂ ਨੂੰ	(ਮਾਇਆਵੀ)ਝੂਠ	ਨਹੀਂ	ਭਾਉਂਦਾ,ਚੰਗਾ ਲਗਦਾ
ਸਚਿ *(ਸਚ)*	ਰਤੇ	ਸਚ	ਭਾਇ ॥
ਸਦਾ ਸਥਿਰ ਪ੍ਰਭੂ ਨਾਲ	ਰੱਤਿਆਂ, ਰੰਗਿਆਂ	ਸਦਾ-ਸਥਿਰ(ਪ੍ਰਭੂ)	ਪਿਆਰ ਵਿਚ, ਪ੍ਰੀਤ ਵਿਚ

...ਗੁਰਮੁਖਾਂ ਨੂੰ (ਮਾਇਆਵੀ) ਕੂੜ ਚੰਗਾ ਨਹੀਂ ਲਗਦਾ। ਸਦਾ-ਸਥਿਰ ਪ੍ਰਭੂ ਦੇ ਨਾਮ ਵਿਚ ਰੰਗਿਆਂ, (ਉਹ) ਸਦੀਵ-ਸੱਤ (ਪ੍ਰਭੂ) ਪ੍ਰੀਤ ਵਿਚ (ਲੀਨ ਰਹਿੰਦੇ ਹਨ।)...

ਸਾਕਤ,	ਸਚੁ *(ਸੱਚ)*	ਨ *(ਨਾਂ)*	ਭਾਵਈ,
ਮਾਇਆ ਪੂਜਕ	ਸਦਾ-ਸਥਿਰ(ਨਾਮ)	ਨਹੀਂ	ਭਾਉਂਦਾ,ਚੰਗਾ ਲਗਦਾ
ਕੂੜੈ	ਕੂੜੀ	ਪਾਂਇ *(ਪਾਇਂ)*॥	
ਕੂੜਿਆਂ	ਝੂਠੀ	ਨੀਂਹ, ਬੁਨਿਆਦ	

...ਸਾਕਤਾਂ ਨੂੰ ਸਦਾ-ਸਥਿਰ (ਪ੍ਰਭੂ-ਨਾਮ) ਚੰਗਾ ਨਹੀਂ ਲਗਦਾ, ਕਿਉਂਕਿ (ਮਾਇਆ ਵਿਚ ਖੁੱਭਿਆਂ ਉਨ੍ਹਾਂ) ਕੂੜਿਆਂ ਦੀ ਬੁਨਿਆਦ ਵੀ ਕੂੜੀ ਹੀ ਹੁੰਦੀ ਹੈ।...

ਸਚਿ *(ਸੱਚ)*	ਰਤੇ	ਗੁਰਿ *(ਗੁਰ)*	ਮੇਲਿਐ,
ਸਦਾ ਸਥਿਰ(ਪ੍ਰਭੂ)	ਰੱਤਿਆਂ,ਰੰਗਿਆਂ	ਸਤਿਗੁਰੂ ਰਾਹੀਂ	ਮਿਲਾਏ ਹੋਏ

ਅੰਕ ੨੨

ਸਚੇ *(ਸੱਚੇ)*	**ਸਚਿ** *(ਸੱਚ)*	**ਸਮਾਇ॥੩॥**
ਸਦਾ-ਸਥਿਰ (ਪ੍ਰਭੂ) ਦੇ	ਸਦਾ-ਸਥਿਰ (ਸਿਮਰਨ) ਵਿਚ	ਲੀਨ, ਅਭੇਦ

...ਸਤਿਗੁਰੂ ਦੁਆਰਾ, ਗੁਰ-ਸ਼ਬਦ ਨਾਲ ਮਿਲਾਏ ਜਾਣ ਕਰਕੇ (ਉਹ) ਸਦਾ ਸਥਿਰ ਪ੍ਰਭੂ ਦੇ (ਪਿਆਰ ਰੰਗ ਵਿਚ) ਰੰਗੇ ਰਹਿੰਦੇ ਹਨ, ਅਤੇ ਸੱਤ ਸਰੂਪ ਪਰਮਾਤਮਾ ਦੇ ਸੱਚ-ਸਿਮਰਨ ਵਿਚ ਅਭੇਦ ਰਹਿੰਦੇ ਹਨ।...

ਮਨ	**ਮਹਿ** *(ਮਹਿਂ)*	**ਮਾਣਕੁ** *(ਮਾਣਕ)*	**ਲਾਲੁ** *(ਲਾਲ)*	**ਨਾਮੁ,** *(ਨਾਮ)*
ਚਿੱਤ	ਵਿਚ	ਰਤਨ, ਕੀਮਤੀ ਪੱਥਰ	ਕੀਮਤੀ ਪੱਥਰ	(ਪ੍ਰਭੂ) ਬੰਦਗੀ

ਰਤਨੁ *(ਰਤਨ)*	**ਪਦਾਰਥੁ** *(ਪਦਾਰਥ)*	**ਹੀਰੁ** *(ਹੀਰ)* ॥
ਕੀਮਤੀ ਪੱਥਰ	ਵਸਤੂ	ਹੀਰਾ

...(ਹਰ ਇਕ ਜੀਵ ਦੇ) ਹਿਰਦੇ ਵਿਚ ਮਾਣਕ, ਲਾਲ, ਰਤਨ ਅਤੇ ਹੀਰੇ ਆਦਿਕ (ਅਮੋਲਕ) ਪਦਾਰਥ ਰੂਪੀ, (ਵਾਹਿਗੁਰੂ ਦਾ) ਨਾਮ (ਵਸਦਾ ਹੈ)...

ਸਚੁ *(ਸਚ)*	**ਵਖਰੁ** *(ਵਖਰ)*	**ਧਨੁ** *(ਧਨ)*	**ਨਾਮੁ** *(ਨਾਮ)*	**ਹੈ,**
ਸਦ ਸਥਿਰ (ਪ੍ਰਭੂ)	ਸੌਦਾ	ਦੌਲਤ	(ਪ੍ਰਭੂ)ਨਾਮ	ਹੋਣ ਦੀ ਕ੍ਰਿਆ

ਘਟਿ *(ਘਟ)*	**ਘਟਿ** *(ਘਟ)*	**ਗਹਿਰ**	**ਗੰਭੀਰੁ** *(ਗੰਭੀਰ)* ॥
ਹਿਰਦੇ ਵਿਚ	ਹਿਰਦੇ ਵਿਚ	ਡੂੰਘਾ	ਸਿਆਣਾ

...ਸਦਾ-ਸਥਿਰ (ਪਰਮਾਤਮਾ) ਦਾ ਨਾਮ ਹੀ (ਅਸਲ) ਦੌਲਤ ਅਤੇ ਸੌਦਾ ਹੈ। (ਉਹ) ਗਹਿਰ-ਗੰਭੀਰ (ਵਾਹਿਗੁਰੂ ਹਰ ਜੀਵ ਦੇ) ਹਿਰਦੇ ਵਿਚ ਨਿਵਾਸ ਕਰਦਾ ਹੈ।...

ਨਾਨਕ,	**ਗੁਰਮੁਖਿ** *(ਗੁਰਮੱਖ)*	**ਪਾਈਐ,**
ਹੇ! ਨਾਨਕ!	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪਾਈਦਾ ਹੈ

ਦਇਆ	**ਕਰੇ**	**ਹਰਿ** *(ਹਰ)*	**ਹੀਰੁ** *(ਹੀਰ)* ॥੪॥੨੧॥
ਕਿਰਪਾ,ਨਦਰ	ਕਰ ਦੇਵੇ	ਹਰੀ	ਹੀਰਾ(ਕੀਮਤੀ ਪੱਥਰ)

ਹੇ! ਨਾਨਕ! (ਜੇ) ਹੀਰਾ-ਰੂਪ ਪਰਮਾਤਮਾ ਮਿਹਰ ਕਰ ਦੇਵੇ, ਤਾਂ ਸਤਿਗੁਰੂ ਦੇ ਉਪਦੇਸ਼ ਰਾਹੀਂ (ਬੰਦਗੀ ਦੀ ਦਾਤ) ਪਾ ਲਈਦੀ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਅੰਕ ੨੨

ਭਰਮੇ,	**ਭਾਹਿ** *(ਭਾਹ)*	**ਨ** *(ਨਾਂ)*	**ਵਿਝਵੈ,**
ਭਰਮਣ ਨਾਲ,ਫਿਰਨ ਨਾਲ	ਅਗਨੀ	ਨਹੀਂ	ਬੁਝਦੀ

ਜੇ	**ਭਵੈ** *(ਭਵੈਂ)*	**ਦਿਸੰਤਰ**	**ਦੇਸੁ** *(ਦੇਸ਼)* ॥
ਜੇਕਰ	ਫਿਰੇ	ਦੇਸ਼ਾਂ ਅੰਦਰ	ਮੁਲਕ

...(ਗ੍ਰਿਹਸਤ ਮਾਰਗ ਛੱਡ ਕੇ ਵੈਰਾਗੀ ਸਾਧੂਆਂ ਵਾਂਗ) ਜੇਕਰ ਕੋਈ ਦੇਸ਼-ਦਿਸ਼ਾਂਤਰਾਂ ਅੰਦਰ ਘੁੰਮਦਾ ਰਹੇ, (ਤਾਂ) ਇਸ ਭਟਕਣਾ ਨਾਲ (ਇੱਛਾਵਾਂ ਦੀ) ਅਗਨੀ ਨਹੀਂ ਬੁੱਝਦੀ...

ਅੰਤਰਿ *(ਅੰਤਰ)*	**ਮੈਲੁ** *(ਮੈਲ)*	**ਨ** *(ਨਾਂ)*	**ਉਤਰੈ,**
ਅੰਤਹਕਰਣ ਦੀ	ਮਲ, ਗੰਦਗੀ	ਨਹੀਂ	ਉਤਰਦੀ, ਲੱਥਦੀ

ਧ੍ਰਿਗੁ *(ਧ੍ਰਿਗ)*	**ਜੀਵਣੁ** *(ਜੀਵਣ)*	**ਧ੍ਰਿਗੁ** *(ਧ੍ਰਿਗ)*	**ਵੇਸੁ** *(ਵੇਸ)* ॥
ਧ੍ਰਿਕਾਰ	ਜ਼ਿੰਦਗੀ.	ਧ੍ਰਿਕਾਰ	ਭੇਖ

...(ਸੋ ਜੇਕਰ ਸੰਨਿਆਸ ਰਾਹੀਂ) ਹਿਰਦੇ ਦੀ (ਵਿਕਰਾਂ ਰੂਪੀ) ਮੈਲ ਨਹੀਂ ਉਤਰਦੀ, (ਤਾਂ ਅਜਿਹੀ ਸੰਨਿਆਸੀਆਂ ਵਾਲੀ) ਜ਼ਿੰਦਗੀ ਅਤੇ (ਧਾਰਨ ਕੀਤੇ ਹੋਏ) ਭੇਖ ਨੂੰ ਧਿਰਕਾਰ ਹੈ।...

ਹੋਰੁ *(ਹੋਰ)*	**ਕਿਤੈ**	**ਭਗਤਿ** *(ਭਗਤ)*	**ਨ** *(ਨਾਂ)*	**ਹੋਵਈ,**
ਹੋਰ,ਇਸ ਤੋਂ ਸਿਵਾਏ	ਕਿਸੇ ਤਰੀਕੇ	ਭਗਤੀ, ਬੰਦਗੀ	ਨਹੀਂ	ਹੋ ਸਕਦੀ

ਬਿਨੁ *(ਬਿਨ)*	**ਸਤਿਗੁਰ**	**ਕੇ**	**ਉਪਦੇਸ** *(ਉਪਦੇਸ਼)* ॥੧॥
ਬਗੈਰ	ਸਤਿਗੁਰੂ	ਦੇ	ਸਿੱਖਿਆ

...ਸਤਿਗੁਰੂ ਦੀ ਸਿੱਖਿਆ ਤੋਂ ਬਿਨਾਂ, ਹੋਰ ਕਿਸੇ ਤਰੀਕੇ ਰਾਹੀਂ ਵੀ (ਸੰਨਿਆਸ ਆਦਿਕ ਨਾਲ, ਪ੍ਰਭੂ) ਭਗਤੀ ਨਹੀਂ ਹੋ ਸਕਦੀ।...

ਮਨ	**ਰੇ,**	**ਗੁਰਮੁਖਿ** *(ਗੁਰਮੁਖ)*	**ਅਗਨਿ** *(ਅਗਨ)*	**ਨਿਵਾਰਿ** *(ਨਿਵਾਰ)* ॥
ਚਿੱਤ	ਹੇ!	ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਤ੍ਰਿਸ਼ਨਾਂ ਦੀ)	ਅਗਨੀ	ਦੂਰ ਕਰ

...ਹੇ! ਮਨਾ! ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਹਿਰਦੇ ਵਿਚਲੀ ਤ੍ਰਿਸ਼ਨਾ ਦੀ) ਅਗਨੀ ਨੂੰ ਬੁਝਾ।....

ਗੁਰ	**ਕਾ**	**ਕਹਿਆ**	**ਮਨਿ** *(ਮਨ)*	**ਵਸੈ,**
ਸਤਿਗੁਰੂ	ਦਾ	ਆਖਾ, ਉਪਦੇਸ਼	ਹਿਰਦੇ ਵਿਚ	ਵਸ ਜਾਵੇ

ਅੰਕ ੨੨

ਹਉਮੈ	**ਤ੍ਰਿਸਨਾ** *(ਤ੍ਰਿਸ਼ਨਾ)*	**ਮਾਰਿ** *(ਮਾਰ)* **॥੧॥**	**ਰਹਾਉ ॥**
ਹੰਕਾਰ	(ਵਿਕਾਰਾਂ ਦੀ) ਲਾਲਸਾ	ਮਾਰ ਲਈਦੀ, ਮਿਟਾ ਲਈਦੀ	ਠਹਿਰਾਉ

...(ਜੇਕਰ) ਸਤਿਗੁਰੂ ਦਾ ਕਿਹਾ (ਉਪਦੇਸ਼), ਹਿਰਦੇ ਵਿਚ ਵਸ ਜਾਵੇ ਤਾਂ ਹਉਮੈ ਅਤੇ (ਵਿਕਾਰਾਂ ਦੀ) ਲਾਲਸਾ ਮਾਰ ਲਈਦੀ ਹੈ।...

ਮਨੁਥ	**ਮਾਣਕੁ** *(ਮਾਣਕ)*	**ਨਿਰਮੋਲੁ** *(ਨਿਰਮੋਲ)*	**ਹੈ,**
ਚਿੱਤ	ਰਤਨ,ਕੀਮਤੀ ਪਥੱਰ	ਅਮੁੱਲ	ਹੋਣ ਦੀ ਕ੍ਰਿਆ

ਰਾਮ	**ਨਾਮਿ** *(ਨਾਮ)*	**ਪਤਿ** *(ਪਤ)*	**ਪਾਇ॥**
ਪ੍ਰਭੂ	ਬੰਦਗੀ ਰਾਹੀਂ	ਪ੍ਰਤਿਸ਼ਠਾ,ਆਦਰ	ਪਾਉਂਦਾ ਹੈ

...ਹਿਰਦਾ ਅਮੋਲਕ ਪਦਾਰਥ ਹੈ, ਪ੍ਰਭੂ ਬੰਦਗੀ ਰਾਹੀਂ (ਇਹ ਰੱਬੀ ਦਰਗਾਹ ਵਿਚ) ਸਤਿਕਾਰ ਪ੍ਰਾਪਤ ਕਰਦਾ ਹੈ।...

ਮਿਲਿ *(ਮਿਲ)*	**ਸਤਸੰਗਤਿ** *(ਸਤਸੰਗਤ)*	**ਹਰਿ** *(ਹਰ)*	**ਪਾਈਐ,**
ਮਿਲਣ ਦੁਆਰਾ	ਸੱਤ ਪੁਰਸ਼ਾਂ ਦੀ ਸੰਗਤ ਰਾਹੀਂ	ਪ੍ਰਭੂ	ਪਾਈਦਾ ਹੈ

ਗੁਰਮੁਖਿ *(ਗੁਰਮੁਖ)*	**ਹਰਿ** *(ਹਰ)*	**ਲਿਵ**	**ਲਾਇ॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹਰੀ ,ਪ੍ਰਭੂ	ਧਿਆਨ	ਲਗਾ ਕੇ, ਜੋੜ ਕੇ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਹਰੀ ਵਿਚ ਧਿਆਨ ਜੋੜਿਆਂ, ਸਤਸੰਗਤ ਦੇ ਮਿਲਾਪ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।....

ਆਪੁ *(ਆਪ)*	**ਗਇਆ,**	**ਸੁਖੁ** *(ਸੁੱਖ)*	**ਪਾਇਆ,**
ਆਪਾ ਭਾਵ, ਹਉਮੈ	ਚਲੇ ਜਾਂਦਾ	ਆਤਮਿਕ(ਅਨੰਦ)	ਪਾ ਲਈਦਾ

ਮਿਲਿ *(ਮਿਲ)*	**ਸਲਲੈ**	**ਸਲਲ**	**ਸਮਾਇ ॥੨॥**
ਮਿਲਕੇ	ਜਲ ਵਿਚ	ਜਲ	ਸਮਾ ਜਾਂਦਾ ਹੈ

....(ਇਵੇਂ ਪ੍ਰਭੂ ਮਿਲਾਪ ਰਾਹੀਂ ਚਿੱਤ ਵਿਚੋਂ) ਹਉਮੈ ਦੂਰ ਹੋ ਜਾਂਦੀ ਹੈ, ਅਤੇ ਆਤਮਿਕ-ਅਨੰਦ ਪ੍ਰਾਪਤ ਕਰ ਲਈਦਾ ਹੈ, ਜਿਵੇਂ ਪਾਣੀ ਵਿਚ ਪਾਣੀ ਮਿਲਕੇ ਅਭੇਦ ਹੋ ਜਾਂਦਾ ਹੈ।...

ਜਿਨਿ *(ਜਿਨ੍ਹ)*	**ਹਰਿ** *(ਹਰ)*	**ਹਰਿ** *(ਹਰ)*	**ਨਾਮੁ** *(ਨਾਮ)*	**ਨ** *(ਨਾਂ)*
ਜਿਨ੍ਹਾ ਨੇ	ਪ੍ਰਭੂ	ਪ੍ਰਭੂ	ਸਿਮਰਨ	ਨਹੀਂ

ਅੰਕ ੨੨

ਚੇਤਿਓ,	**ਸੁ**	**ਅਉਗੁਣਿ** *(ਅਉਗੁਣ)*	**ਆਵੈ**	**ਜਾਇ**	॥
ਚਿਤਵਿਆ, ਯਾਦ ਕੀਤਾ	ਉਹ	ਬੁਰਿਆਈਆਂ	ਆਉਂਦੇ	ਚਲੇ ਜਾਂਦੇ	

...ਜਿਨ੍ਹਾਂ ਨੇ ਪ੍ਰਭੂ ਨਾਮ ਨੂੰ ਨਹੀਂ ਚਿਤਵਿਆ, ਉਹ (ਵਿਕਾਰਾਂ ਦੀਆਂ) ਬੁਰਿਆਈਆਂ ਕਰਕੇ ਆਵਾਗਉਣ (ਭਾਵ ਸੰਸਾਰ ਦੇ ਜੰਮਣ ਮਰਨ) ਦੇ (ਚੱਕਰ ਵਿਚ ਹੀ ਉਲਝੇ ਰਹਿੰਦੇ ਹਨ।)...

ਜਿਸੁ *(ਜਿਸ)*	**ਸਤਗੁਰੁ** *(ਸਤਗੁਰ)*	**ਪੁਰਖੁ** *(ਪੁਰਖ)*	**ਨ** *(ਨਾਂ)*	**ਭੇਟਿਓ,**
ਜਿਸਨੇ	ਸਤਿਗੁਰੂ	(ਪ੍ਰਭੂ)ਪੁਰਸ਼	ਨਹੀਂ	ਮਿਲਿਆ

ਸੁ	**ਭਉਜਲਿ** *(ਭਉਜਲ)*	**ਪਚੈ**	**ਪਚਾਇ॥**
ਉਹ	ਭਵਸਾਗਰ ਵਿਚ	ਖ਼ਪਦਾ/ਖ਼ੁਆਰ ਹੁੰਦਾ ਰਹਿੰਦਾ ਹੈ	ਫੱਸ ਕੇ, ਖ਼ਜਲ ਹੋਕੇ

...ਜਿਹੜਾ ਪਰਮਾਤਮਾ ਰੂਪੀ ਸਤਿਗੁਰੂ ਨਾਲ ਨਹੀਂ ਮਿਲਿਆ, ਭਾਵ ਸਤਿਗੁਰੂ ਦੀ ਸੰਗਤ ਨਹੀਂ ਕੀਤੀ, ਉਹ ਸੰਸਾਰ ਸਾਗਰ (ਦੇ ਵਿਕਾਰੀ ਜੀਵਨ ਵਿਚ) ਖ਼ਜਲ ਖ਼ੁਆਰ ਹੁੰਦਾ ਰਹਿੰਦਾ ਹੈ।...

ਇਹੁ *(ਇਹ)*	**ਮਾਣਕੁ** *(ਮਾਣਕ)*	**ਜੀਉ**	**ਨਿਰਮੋਲੁ** *(ਨਿਰਮੋਲ)*	**ਹੈ,**
ਵਸਤੂ ਸੰਕੇਤਕ ਸ਼ਬਦ	ਕੀਮਤੀ ਪੱਥਰ	ਜਿੰਦ,ਜੀਵਨ	ਅਮੋਲਕ	ਹੋਣ ਦੀ ਕ੍ਰਿਆ

ਇਉ *(ਇਉਂ)*	**ਕਉਡੀ**	**ਬਦਲੈ**	**ਜਾਇ॥੩॥**
ਇਵੇਂ	ਪੁਰਾਣੇ ਜ਼ਮਾਨੇ ਦਾ ਸਭ ਤੋਂ ਘੱਟ ਮੁੱਲ ਕਦਾ ਸਿੱਕਾ/ਨਿਗੁਣਾ ਹੀ	ਭਾਅ	ਜਾਂਦਾ

...ਇਹ ਜਿੰਦ ਭਾਵ ਜੀਵਨ, ਮਾਣਕ ਵਾਂਗ ਅਮੋਲਕ ਹੈ, (ਪਰ ਸਤਿਗੁਰੂ ਮਿਲਾਪ ਤੋਂ ਬਿਨਾਂ, ਵਿਕਾਰਾਂ ਵਿਚ ਪਚਿਆ) ਕਉਡੀਆਂ ਦੇ ਭਾਅ ਚਲੇ ਜਾਂਦਾ ਹੈ।...

ਜਿੰਨਾ *(ਜਿਨ੍ਹਾਂ)*	**ਸਤਗੁਰੁ** *(ਸਤਗੁਰ)*	**ਰਸਿ** *(ਰਸ)*	**ਮਿਲੈ,**
ਜਿਨ੍ਹਾਂ ਨੂੰ	ਸਤਿਗੁਰੂ	(ਆਤਮਿਕ)ਅਨੰਦ ਦੁਆਰਾ	ਮਿਲਦਾ ਹੈ, ਪ੍ਰਾਪਤ ਹੁੰਦਾ ਹੈ

ਸੇ	**ਪੂਰੇ**	**ਪੁਰਖ**	**ਸੁਜਾਣ** ॥
ਉਹ	ਪੂਰਨ	ਪੁਰਸ਼	ਸਿਆਣੇ

...ਜਿਨ੍ਹਾਂ (ਧਰਮ-ਸਾਧਕਾਂ ਨੂੰ) ਸਤਿਗੁਰੂ (ਆਤਮਿਕ) ਅਨੰਦ ਰਾਹੀਂ (ਭਾਵ ਪ੍ਰੇਮਾ-ਭਗਤੀ ਦੁਆਰਾ) ਪ੍ਰਾਪਤ ਹੋ ਜਾਂਦਾ ਹੈ, ਉਹੀ ਪੂਰਨ ਅਤੇ ਸਿਆਣੇ ਪੁਰਸ਼ ਹਨ।...

ਗੁਰ	**ਮਿਲਿ** *(ਮਿਲ)*	**ਭਉਜਲੁ** *(ਭਉਜਲ)*	**ਲੰਘੀਐ,**
ਸਤਿਗੁਰੂ	ਮਿਲਕੇ	ਭਵਸਾਗਰ	ਲੰਘ ਜਾਈਦਾ, ਪਾਰ ਹੋ ਜਾਈਦਾ

ਅੰਕ ੨੨-੨੩

ਦਰਗਹ *(ਦਰਗਹਿ)*	**ਪਤਿ** *(ਪਤ)*	**ਪਰਵਾਣੁ** *(ਪਰਵਾਣ)* ॥
(ਰੱਬੀ) ਦਰਗਾਹ	ਆਦਰ/ਸਤਿਕਾਰ ਨਾਲ	ਪਰਵਾਨ,ਕਬੂਲ

...ਸਤਿਗੁਰੂ ਦੇ ਮਿਲਾਪ ਰਾਹੀਂ, ਸੰਸਾਰ ਦੇ ਭਵਸਾਗਰ ਨੂੰ (ਪਾਰ) ਲੰਘ ਜਾਈਦਾ ਹੈ, ਅਤੇ ਰੱਬੀ-ਦਰਗਾਹ ਵਿਚ ਆਦਰ ਸਤਿਕਾਰ ਨਾਲ ਕਬੂਲ ਹੋਈਦਾ ਹੈ।...

ਨਾਨਕ,	**ਤੇ**	**ਮੁਖ** *(ਮੁੱਖ)*	**ਉਜਲੇ,**
ਹੇ ! ਨਾਨਕ	ਉਨ੍ਹਾਂ ਦੇ	ਮੂੰਹ	ਨਿਰਮਲ

ਧੁਨਿ *(ਧੁਨ)*	**ਉਪਜੈ**	**ਸਬਦੁ** *(ਸ਼ਬਦ)*	**ਨੀਸਾਣੁ** *(ਨੀਸ਼ਾਣ)* ॥੪॥੨੨॥
ਅਨਹਦ ਧੁਨ	ਪੈਦਾ ਹੁੰਦੀ ਹੈ	(ਗੁਰ) ਸ਼ਬਦ	ਧੌਂਸਾ, ਨਗਾਰਾ

...ਹੇ! ਨਾਨਕ! ਜਿਨ੍ਹਾਂ ਦੇ ਹਿਰਦੇ ਅੰਦਰ ਸ਼ਬਦ ਨੀਸ਼ਾਣ (ਰਾਹੀਂ), ਆਤਮਿਕ ਮੰਡਲ ਦਾ ਸੰਗੀਤ ਪੈਦਾ ਹੁੰਦਾ ਹੈ, ਉਨ੍ਹਾਂ ਦੇ ਮੁੱਖ (ਰੱਬੀ ਦਰਗਾਹੇ) ਉੱਜਲ ਹੁੰਦੇ ਹਨ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਵਣਜੁ *(ਵਣਜ)*	**ਕਰਹੁ**	**ਵਣਜਾਰਿਹੋ,**	**ਵਖਰੁ** *(ਵਖਰ)*	**ਲੇਹੁ**	**ਸਮਾਲਿ** *(ਸੰਮ੍ਹਾਲ)* ॥
ਵਪਾਰ	ਕਰੋ	ਵਪਾਰੀਓ	ਸੌਦਾ	ਲਵੋ	ਸੰਭਾਲ

(ਨਾਮ ਦੇ) ਵਣਜਾਰਿਓ! (ਪਰਮਾਤਮ ਨਾਮ ਦਾ) ਵਪਾਰ ਕਰੋ, ਅਤੇ (ਵਾਹਿਗੁਰੂ ਦੇ ਨਾਮ ਰੂਪੀ) ਸੌਦੇ ਦੀ ਸੰਭਾਲ ਕਰੋ।...

ਤੈਸੀ	**ਵਸਤੁ** *(ਵਸਤ)*	**ਵਿਸਾਹੀਐ,**	**ਜੈਸੀ**	**ਨਿਬਹੈ**	**ਨਾਲਿ** *(ਨਾਲ)* ॥
ਉਸ ਤਰ੍ਹਾਂ ਦੀ	ਪਦਾਰਥ	ਖਰੀਦੀਏ	ਜਿਸ ਤਰ੍ਹਾਂ ਦੀ	ਤੋੜ ਚੜ੍ਹੇ, ਸਾਥ ਦੇਵੇ	ਸੰਗ, ਸਾਥ

...(ਵਪਾਰ ਕਰਨ ਲਗਿਆਂ) ਉਸ ਤਰ੍ਹਾਂ ਦੀ ਵਸਤੂ ਖਰੀਦਣੀ ਚਾਹੀਦੀ ਹੈ ਜਿਹੜੀ (ਰੱਬੀ ਦਰਗਾਹ ਤਕ ਤੁਹਾਡੇ) ਨਾਲ ਨਿਭੇ।...

ਅਗੈ	**ਸਾਹੁ** *(ਸ਼ਾਹ)*	**ਸੁਜਾਣੁ** *(ਸੁਜਾਣ)*	**ਹੈ,**
ਮੂਹਰੇ, ਜਿਥੇ ਜਾਣਾ ਹੈ	ਧਨ ਦਾ ਲੈਣ ਦੇਣ ਕਰਨ ਵਾਲਾ	ਸੂਝਵਾਨ	ਹੋਣ ਦੀ ਕ੍ਰਿਆ

ਲੈਸੀ	**ਵਸਤੁ** *(ਵਸਤ)*	**ਸਮਾਲਿ** *(ਸੰਮ੍ਹਾਲ)* ॥੧॥
ਲਵੇਗਾ	ਪਦਾਰਥ	ਸੰਭਾਲ

ਅੰਕ ੨੩

...ਅੱਗੇ (ਜਿਥੇ ਰੱਬੀ ਦਰਗਾਹ ਵਿਚ ਜਾਣਾ ਹੈ, ਉਥੇ ਦਾ) ਸ਼ਾਹ ਬਹੁਤ ਸੁਝਵਾਨ ਹੈ, (ਉਹ ਸੌਦੇ ਦੀ ਨਿਰਖ ਪਰਖ ਕਰਕੇ), ਸੌਦੇ ਨੂੰ ਸੰਭਾਲ ਕੇ ਲੈ ਲਵੇਗਾ।...

ਭਾਈ	**ਰੇ,**	**ਰਾਮੁ** *(ਰਾਮ)*	**ਕਹਹੁ,**	**ਚਿਤੁ** *(ਚਿੱਤ)*	**ਲਾਇ ॥**
ਭਰਾ	ਹੇ!	ਵਾਹਿਗੁਰੂ	ਬੋਲ, ਸਿਮਰ	ਮਨ	ਲਗਾਕੇ, ਜੋੜ ਕੇ

...ਹੇ! ਭਾਈ! (ਪਰਮਾਤਮਾ ਨਾਲ) ਚਿੱਤ ਜੋੜਕੇ ਰੱਬ ਦਾ ਨਾਮ ਸਿਮਰ।...

ਹਰਿ *(ਹਰ)*	**ਜਸੁ** *(ਜਸ)*	**ਵਖਰੁ** *(ਵਖਰ)*	**ਲੈ**	**ਚਲਹੁ,**
ਹਰੀ, ਪ੍ਰਭੂ	ਸੋਭਾ, ਵਡਿਆਈ	ਸੌਦਾ	ਲੈਕੇ	ਟੁਰੋ, ਚਲੋ

ਸਹੁ *(ਸ਼ਹੁ)*	**ਦੇਖੈ**	**ਪਤੀਆਇ ॥੧॥**	**ਰਹਾਉ ॥**
ਖ਼ਸਮ,ਪਤੀ	ਦੇਖਕੇ	ਪਤੀਜਕੇ, ਪ੍ਰਸੰਨ ਹੋਕੇ	ਠਹਿਰਾਉ

...ਪਰਮਾਤਮਾ ਦੀ ਸਿਫ਼ਤ-ਸਲਾਹ ਦਾ ਸੌਦਾ ਲੈਕੇ (ਪ੍ਰਭੂ ਦਰ ਤੇ) ਜਾਵੇਂ, ਖ਼ਸਮ (ਪ੍ਰਭੂ) ਪ੍ਰਸੰਨ ਹੋਕੇ (ਕ੍ਰਿਪਾ ਦ੍ਰਿਸ਼ਟੀ ਨਾਲ) ਵੇਖੇਗਾ।...

ਜਿਨਾ *(ਜਿਨ੍ਹਾਂ)*	**ਰਾਸਿ** *(ਰਾਸ)*	**ਨ** *(ਨਾਂ)*	**ਸਚੁ** *(ਸੱਚ)*	**ਹੈ,**
ਜਿਹੜਿਆਂ	ਪੂੰਜੀ	ਨਹੀਂ	ਸਦਾ-ਸਥਿਰ(ਪ੍ਰਭੂ ਸਿਮਰਨ)	ਹੋਣ ਦੀ ਕ੍ਰਿਆ

ਕਿਉ *(ਕਿਉਂ)*	**ਤਿਨਾ** *(ਤਿਨ੍ਹਾਂ)*	**ਸੁਖੁ** *(ਸੁੱਖ)*	**ਹੋਇ ॥**
ਕਿਵੇਂ	ਉਨ੍ਹਾਂ ਨੂੰ	(ਰੱਬੀ) ਅਨੰਦ	ਹੋਏਗਾ

...ਜਿਨ੍ਹਾਂ ਕੋਲ ਸਦਾ-ਸਥਿਰ ਪਰਮਾਤਮਾ ਦੇ ਨਾਮ ਸਿਮਰਨ ਦੀ ਪੂੰਜੀ ਨਹੀਂ ਹੈ ਉਨ੍ਹਾਂ ਨੂੰ (ਰੱਬੀ) ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ? (ਭਾਵ ਨਹੀਂ ਹੋ ਸਕਦਾ।)...

ਖੋਟੈ	**ਵਣਜਿ** *(ਵਣਜ)*	**ਵਣੰਜਿਐ,**
ਨਕਲੀ/ਝੂਠੀ ਰਾਹੀਂ	ਸੌਦਾ	ਵਪਾਰ ਕਰਨ ਨਾਲ

ਮਨੁ *(ਮਨ)*	**ਤਨੁ** *(ਤਨ)*	**ਖੋਟਾ**	**ਹੋਇ ॥**
ਚਿੱਤ	ਸਰੀਰ	ਝੂਠਾ	ਹੋ ਜਾਂਦਾ ਹੈ

...ਝੂਠ ਦੀ (ਪੂੰਜੀ ਰਾਹੀਂ) ਝੂਠ ਦਾ ਵਪਾਰ ਕਰਨ ਨਾਲ, (ਵਪਾਰੀ ਦਾ) ਮਨ ਤੇ ਤਨ ਵੀ ਝੂਠਾ ਹੋ ਜਾਂਦਾ ਹੈ।

ਅੰਕ ੨੩

ਫਾਹੀ	**ਫਾਥੇ**	**ਮਿਰਗ**	**ਜਿਉ,** *(ਜਿਉਂ)*
ਫੰਧਾ,ਬੰਧਨ	ਫ਼ਸੇ ਹੋਏ	ਹਿਰਨ	ਜਿਵੇਂ

ਦੂਖੁ *(ਦੁਖ)*	**ਘਣੋ**	**ਨਿਤ**	**ਰੋਇ॥੨॥**
ਤਕਲੀਫ਼,ਕਸ਼ਟ	ਬਹੁਤ	ਰੋਜ਼	ਰੋਂਦਾ ਹੈ

...ਜਿਵੇਂ (ਸ਼ਿਕਾਰੀ ਦੇ) ਫੰਧੇ ਵਿਚ ਫਸਿਆ ਹੋਇਆ ਹਿਰਨ (ਦੁੱਖੀ ਹੁੰਦਾ ਹੈ, ਤਿਵੇਂ ਹੀ ਮਾਇਆ ਦੇ ਵਿਕਾਰਾਂ ਰੂਪੀ ਝੂਠੇ ਵਪਾਰ ਵਿਚ ਫਸਿਆ ਜੀਵ) ਤਕਲੀਫ਼ ਕਰਕੇ ਰੋਜ਼ ਹੀ ਬਹੁਤ ਰੋਂਦਾ ਹੈ।...

ਖੋਟੇ,	**ਪੋਤੈ**	**ਨਾ** *(ਨਾਂ)*	**ਪਵਹਿ,** *(ਪਵਹਿਂ)*
ਨਕਲੀ ਸਿੱਕੇ	ਖ਼ਜ਼ਾਨੇ ਵਿਚ	ਨਹੀਂ	ਪੈਂਦੇ

ਤਿਨ, *(ਤਿਨ੍ਹ)*	**ਹਰਿ** *(ਹਰ)*	**ਗੁਰ**	**ਦਰਸੁ** *(ਦਰਸ਼)*	**ਨ** *(ਨਾਂ)*	**ਹੋਇ**	**॥**
ਉਨ੍ਹਾਂ ਨੂੰ	ਹਰ, ਪ੍ਰਭੂ	ਸਤਿਗੁਰੂ	ਦਰਸ਼ਨ	ਨਹੀਂ	ਹੁੰਦਾ	

...(ਜਿਵੇਂ) ਨਕਲੀ ਸਿੱਕੇ, ਖ਼ਜ਼ਾਨੇ ਵਿਚ ਨਹੀਂ ਪੈਂਦੇ, (ਤਿਵੇਂ ਹੀ ਝੂਠ ਦੇ ਵਪਾਰੀਆਂ) ਨੂੰ ਰੱਬ ਰੂਪ ਸਤਿਗੁਰੂ ਦੇ ਦੀਦਾਰ ਨਹੀਂ ਹੁੰਦੇ।...

ਖੋਟੇ,	**ਜਾਤਿ** *(ਜ਼ਾਤ)*	**ਨ** *(ਨਾਂ)*	**ਪਤਿ** *(ਪਤ)*	**ਹੈ,**
ਝੂਠਿਆਂ	ਜ਼ਾਤ,ਨਸਲ ਨਹੀਂ	ਇੱਜ਼ਤ	ਹੋਣ ਦੀ	ਕ੍ਰਿਆ

ਖੋਟਿ *(ਖੋਟ)*	**ਨ** *(ਨਾਂ)*	**ਸੀਝਸਿ** *(ਸੀਝਸ)*	**ਕੋਇ॥**
ਝੂਠਿਆਂ ਨਾਲ	ਨਹੀਂ	ਕਾਮਯਾਬ	ਕੋਈ

...ਝੂਠਿਆਂ ਦੀ ਕੋਈ ਨਸਲ ਅਤੇ ਇੱਜ਼ਤ-ਪੱਤ ਨਹੀਂ ਹੁੰਦੀ, ਅਤੇ ਨਾਂ ਹੀ ਝੂਠਿਆਂ ਨਾਲ (ਰਲਕੇ) ਕੋਈ (ਅਧਿਆਤਮਕ ਜੀਵਨ ਵਿਚ) ਕਾਮਯਾਬ ਹੁੰਦਾ ਹੈ।...

ਖੋਟੇ	**ਖੋਟੁ** *(ਖੋਟ)*	**ਕਮਾਵਣਾ,**
ਝੂਠਿਆਂ ਨੇ	ਝੂਠ	ਕਮਾਉਣਾ

ਆਇ	**ਗਇਆ**	**ਪਤਿ** *(ਪਤ)*	**ਖੋਇ॥੩॥**
ਆਉਂਦਿਆਂ (ਜੰਮਦਿਆਂ)	ਜਾਂਦਿਆਂ (ਮਰਦਿਆਂ)	ਇੱਜ਼ਤ	ਗੁਆਉਂਦਾ ਹੈ

...ਝੂਠੇ ਨੇ ਝੂਠ ਹੀ ਕਮਾਉਣਾ (ਹੁੰਦਾ ਹੈ, ਜਿਸ ਕਰਕੇ ਉਹ) ਜੰਮਣ ਮਰਣ (ਦੇ ਚੱਕਰ) ਵਿਚ ਹੀ ਆਪਣੀ ਇੱਜ਼ਤ-ਪੱਤ ਗੁਆਉਂਦਾ ਹੈ।...

ਅੰਕ ੨੩

ਨਾਨਕ,	ਮਨੁ *(ਮਨ)*	ਸਮਝਾਈਐ,
ਹੇ! ਨਾਨਕ	ਚਿੱਤ	ਸੂਝਵਾਨ ਕਰੀਏ, ਗਿਆਨਵਾਨ ਕਰੀਏ

ਗੁਰ	ਕੈ	ਸਬਦਿ *(ਸ਼ਬਦ)*	ਸਾਲਾਹ ॥
ਸਤਿਗੁਰੂ	ਦੇ	ਸ਼ਬਦ ਦੁਆਰਾ	ਸ਼ਲਾਘਾ,ਸਿਫ਼ਤ-ਸਲਾਹ

...ਹੇ! ਨਾਨਕ! ਸਤਿਗੁਰੂ ਦੇ ਸਿਫ਼ਤ-ਸਲਾਹ ਵਾਲੇ ਸ਼ਬਦ ਦੁਆਰਾ ਚਿੱਤ ਨੂੰ ਗਿਆਨਵਾਨ ਕਰੀਏ।...

ਰਾਮ	ਨਾਮ	ਰੰਗਿ *(ਰੰਗ)*	ਰਤਿਆ, *(ਰਤਿਆਂ)*
ਪ੍ਰਭੂ	ਸਿਮਰਨ	ਰੰਗ ਵਿਚ	ਰੰਗਿਆਂ

ਭਾਰੁ *(ਭਾਰ)*	ਨ *(ਨਾਂ)*	ਭਰਮੁ *(ਭਰਮ)*	ਤਿਨਾਹ ॥
ਬੋਝ	ਨਹੀਂ	ਭੁਲੇਖਾ	ਤਿਨ੍ਹਾਂ ਨੂੰ

...(ਜਿਹੜੇ ਧਰਮ-ਸਾਧਕ) ਪ੍ਰਭੂ ਸਿਮਰਨ ਦੇ ਰੰਗ ਵਿਚ ਰੱਤੇ ਰਹਿੰਦੇ ਹਨ, ਉਨ੍ਹਾਂ ਤੇ (ਮਾਇਆਵੀ ਵਿਕਾਰਾਂ ਦੇ) ਭਰਮ ਦਾ ਬੋਝ ਨਹੀਂ (ਪੈਂਦਾ)...

ਹਰਿ *(ਹਰ)*	ਜਪਿ *(ਜਪ)*	ਲਾਹਾ	ਅਗਲਾ,
ਪ੍ਰਭੂ	ਜਪਣ ਨਾਲ	ਲਾਭ	ਬਹੁਤ

ਨਿਰਭਉ	ਹਰਿ *(ਹਰ)*	ਮਨ	ਮਾਹ *(ਮਾਂਹ)* ॥੪॥੨੩॥
ਆਪਣੇ ਬਣਾਏ ਭੈ ਵਾਲੇ ਵਿਧੀ ਵਿਧਾਨ ਤੋਂ ਉਪਰ	ਪ੍ਰਭੂ	ਚਿੱਤ	ਵਿਚ

...ਪ੍ਰਭੂ ਸਿਮਰਨ ਨਾਲ ਬਹੁਤ ਲਾਭ ਹੁੰਦਾ ਹੈ, ਨਿਰਭਉ ਪ੍ਰਭੂ ਚਿੱਤ ਵਿਚ (ਵਸ ਜਾਂਦਾ ਹੈ।)

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧, *(ਪਹਿਲਾ)*	ਘਰੁ *(ਘਰ)*	੨ *(ਦੂਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਦੂਸਰਾ

ਧਨੁ *(ਧਨ)*	ਜੋਬਨੁ *(ਜੋਬਨ)*	ਅਰੁ *(ਅਰ)*	ਫੁਲੜਾ,
ਦੌਲਤ	ਜੁਆਨੀ	ਅਤੇ	ਸੁੰਦਰ ਫੁੱਲ

ਨਾਠੀਅੜੇ	ਦਿਨ	ਚਾਰਿ *(ਚਾਰ)* ॥
ਤੁਰ ਜਾਣ ਵਾਲਾ,ਪਰਾਹੁਣਾ	ਸੂਰਜ ਚੜ੍ਹਨ ਤੋਂ ਡੁੱਬਣ ਤਕ ਦਾ ਸਮਾਂ	(ਗਿਣਤੀ ਵਾਲੇ) ਚਾਰ

...ਦੌਲਤ, ਜੁਆਨੀ ਅਤੇ ਸੁੰਦਰ ਫੁੱਲ ਚਾਰ ਦਿਨਾਂ ਦੇ ਮਹਿਮਾਨ ਹੁੰਦੇ ਹਨ।...

ਅੰਕ ੨੩

ਪਬਣਿ *(ਪਬਣ)*	ਕੇਰੇ	ਪਤ *(ਪੱਤ)*	ਜਿਉ, *(ਜਿਉਂ)*
ਪਾਣੀ ਵਿਚ ਉੱਗਦੀ ਚੌਪੱਤੀ	ਦੇ	ਪੱਤਿਆਂ	ਜਿਵੇਂ

ਢਲਿ *(ਢਲ)*	ਢੁਲਿ *(ਢੁਲ)*	ਜੁੰਮਣਹਾਰ ॥੧॥
(ਪਾਣੀ ਦੇ) ਢਲਣ ਨਾਲ,ਉਤਰਨ ਨਾਲ	(ਪੱਤਿਆਂ ਦੇ) ਮੁਰਝਾਣ ਨਾਲ	ਨਾਸ਼ਵੰਤ

...(ਸੋ ਹੇ! ਭਾਈ! ਇਹ ਦੌਲਤ, ਜੁਆਨੀ ਅਤੇ ਫੁੱਲ, ਇਵੇਂ ਹਨ) ਜਿਵੇਂ ਚੌਪੱਤੀ ਦੇ ਪੱਤੇ, ਪਾਣੀ ਦੇ ਘੱਟਣ ਨਾਲ, ਮੁਰਝਾਣ ਕਰਕੇ ਨਸ਼ਟ ਹੋ ਜਾਂਦੇ ਹਨ।...

ਰੰਗੁ *(ਰੰਗ)*	ਮਾਣਿ *(ਮਾਣ)*	ਲੈ	ਪਿਆਰਿਆ,
ਅਨੰਦ	ਭੋਗ	ਲਵੋ	ਪ੍ਰੀਤਵਾਨਾ

ਜਾ	ਜੋਬਨੁ *(ਜੋਬਨ)*	ਨਉ	ਹੁਲਾ ॥
ਜਦੋਂ ਤਕ	ਜੁਆਨੀ	ਨਵੇਂ	ਹੁਲਾਰੇ ਵਾਲਾ

...ਹੇ! ਪਿਆਰਿਆ! ਜਦੋਂ ਤਕ ਤੇਰੀ (ਚੜ੍ਹਦੀ) ਜੁਆਨੀ, ਨਵੇਂ ਹੁਲਾਰੇ ਵਿਚ ਹੈ, ਨਵੇਂ ਜੋਸ਼ ਵਿਚ ਹੈ, (ਪ੍ਰੀਤਮ ਦੇ ਪਿਆਰ ਦਾ ਆਤਮਿਕ) ਅਨੰਦ ਮਾਣ ਲੈ।...

ਦਿਨ	ਥੋੜੜੇ	ਥਕੇ,
ਦਿਵਸ	ਥੋੜੇ, ਘੱਟ	ਰਹਿ ਗਏ

ਭਇਆ	ਪੁਰਾਣਾ	ਚੋਲਾ ॥੧॥	ਰਹਾਉ ॥
ਹੋ ਗਿਆ	ਬੁੱਢਾ,ਖ਼ਸਤਾ	ਝੱਗਾ, ਸਰੀਰ, ਤਨ	ਠਹਿਰਾਉ

...(ਇਸ ਗਲ ਨੂੰ ਹੁਣ ਸਮਝ ਲੈ ਕਿ ਜਦੋਂ ਜੀਵਨ ਦੇ) ਦਿਨ ਬਹੁਤ ਘੱਟ ਰਹਿ ਗਏ, ਅਤੇ (ਸਰੀਰ ਰੂਪੀ) ਚੋਲਾ ਬੁੱਢਾ ਹੋ ਗਿਆ, (ਤਾਂ ਸਿਮਰਨ ਰੂਪੀ ਆਤਮਿਕ-ਅਨੰਦ ਨਹੀਂ ਮਾਣਿਆ ਜਾ ਸਕੇਗਾ)...

ਸਜਣ	ਮੇਰੇ	ਰੰਗੁਲੇ,	ਜਾਇ	ਸੁਤੇ	ਜੀਰਾਣਿ *(ਜੀਰਾਣ)* ॥
ਮਿੱਤਰ	ਆਪਣੇ	ਪਿਆਰ ਵਾਲੇ	ਜਾਕੇ	ਸੌਂ ਗਏ	ਮਸਾਣਾਂ/ਕਬਰਿਸਤਾਨ ਅੰਦਰ

...(ਸਰੀਰ ਰੂਪੀ ਚੋਲਾ ਪੁਰਾਣਾ ਹੋਣ ਕਰਕੇ), ਮੇਰੇ (ਸਭ) ਰੰਗਲੇ ਸੱਜਣ ਮਿੱਤਰ ਕਬਰਿਸਤਾਨ ਵਿਚ ਜਾ ਸੁੱਤੇ ਹਨ।...

ਹੰ	ਭੀ	ਵੰਞਾ *(ਵੰਞਾਂ)*	ਡੁਮਣੀ, *(ਡੁੰਮਣੀ)*
ਮੈਂ	ਵੀ	ਜਾਵਾਂ	ਦੁਚਿੱਤੀ

ਅੰਕ ੨੩

ਰੋਵਾ*(ਰੋਵਾਂ)*	ਝੀਣੀ	ਬਾਣਿ*(ਬਾਣ)* ॥੨॥
ਰੁਦਨ ਕਰ ਰਹੀ ਹਾਂ	ਧੀਮੀ	ਅਵਾਜ਼ ਰਾਹੀਂ

...(ਮੈਂ ਉਨ੍ਹਾਂ ਦੇ ਵਿਛੋੜੇ ਵਿਚ) ਧੀਮੀ (ਧੀਮੀ) ਅਵਾਜ਼ ਵਿਚ ਰੋ ਰਹੀ ਹਾਂ, ਅਤੇ (ਮੈਨੂੰ) ਦੁਚਿੱਤੀ (ਨੂੰ ਇਹ ਸਮਝ ਨਹੀਂ ਲਗ ਰਹੀ ਕਿ) ਮੈਂ ਵੀ (ਉਥੇ ਹੀ ਚਲੀ) ਜਾਵਾਂਗੀ?...

ਕੀ	ਨ*(ਨਾਂ)*	ਸੁਣੇਹੀ*(ਸੁਣੇਹੀਂ)*	ਗੋਰੀਏ,
ਕਿਉਂ	ਨਹੀਂ	ਸੁਣਦੀ	ਸੁੰਦਰ(ਇਸਤ੍ਰੀਏ)
ਆਪਣ	ਕੰਨੀ	ਸੋਇ ॥	
ਆਪਣੇ	ਕੰਨਾਂ ਨਾਲ	ਸੁਨੇਹਾ, ਖ਼ਬਰ	

...(ਹੇ!) ਸੁੰਦਰ (ਜੀਵ ਇਸਤ੍ਰੀਏ! ਤੂੰ ਪਰਮਾਤਮਾ ਦਾ ਇਹ) ਸੁਨੇਹਾ ਆਪਣੇ ਕੰਨਾਂ ਨਾਲ ਕਿਉਂ ਨਹੀਂ ਸੁਣਦੀ ਕਿ...

ਲਗੀ	ਆਵਹਿ*(ਆਵਹਿਂ)*		ਸਾਹੁਰੈ,
ਚਲੀ	ਆ ਰਹੀ ਹੈ		ਸਹੁਰੇ ਘਰ
ਨਿਤ	ਨ*(ਨਾਂ)*	ਪੇਈਆ	ਹੋਇ ॥੩॥
ਰੋਜ਼,ਸਦਾ	ਨਹੀਂ	ਪੇਕੇ (ਘਰ)	(ਵਸੇਬਾ) ਹੁੰਦਾ

...(ਤੂੰ ਦਿਨ ਪ੍ਰਤੀ ਦਿਨ) ਸਹੁਰੇ ਘਰ (ਵਲ ਨੂੰ) ਚਲੀ ਆ ਰਹੀਂ ਹੈਂ, ਪੇਕੇ ਘਰ ਵਿਚ ਸਦਾ (ਵਸੇਬਾ) ਨਹੀਂ ਹੋਇਆ ਰਹਿੰਦਾ। (ਭਾਵ ਜੀਵ ਇਸਤ੍ਰੀ ਨੂੰ ਇਹ ਪੇਕੇ ਰੂਪੀ ਸੰਸਾਰ ਨੂੰ ਛੱਡ ਕੇ, ਇਕ ਦਿਨ ਸਹੁਰੇ ਰੂਪੀ ਪਰਲੋਕ ਨੂੰ ਗ਼ਮਨ ਕਰਨਾ ਹੀ ਪੈਂਦਾ ਹੈ।...

ਨਾਨਕ,	ਸੁਤੀ	ਪੇਈਐ,
ਹੇ! ਨਾਨਕ!	ਨੀਂਦਰ ਵਿਚ	ਪੇਕੇ ਘਰ ਵਿਚ
ਜਾਣੁ*(ਜਾਣ)*	ਵਿਰਤੀ	ਸੰਨਿ*(ਸੰਨ੍ਹ)* ॥
ਸਮਝ ਲੈ	ਲੱਗੀ ਹੋਈ	ਪਾੜ, ਮੋਰੀ (ਜਿਥੋ ਚੋਰ ਚੋਰੀ ਕਰਕੇ ਲੈ ਜਾਂਦੇ ਹਨ।)

...ਹੇ! ਨਾਨਕ! (ਜੋ ਜੀਵ ਇਸਤ੍ਰੀ) ਪੇਕੇ ਘਰ ਵਿਚ (ਗ਼ਫਲਤ ਦੀ ਨੀਂਦ ਵਿਚ) ਸੁੱਤੀ ਰਹੀ ਹੈ, ਸਮਝ ਲਵੋ ਕਿ (ਉਸਦੀ ਜ਼ਿੰਦਗੀ ਦੀਆਂ ਚੰਗਿਆਈਆਂ ਨੂੰ) ਸੰਨ੍ਹ ਲਗੀ ਹੋਈ ਹੈ, (ਮਾਇਆਵੀ ਵਿਕਾਰਾਂ ਰੂਪੀ ਚੋਰ, ਦਿਨ ਰਾਤ ਲੁੱਟਣ ਤੇ ਲੱਗੇ ਹੋਏ ਹਨ) ...

ਅੰਕ ੨੩

ਗੁਣਾ *(ਗੁਣਾਂ)*	ਗਵਾਈ	ਗੰਠੜੀ,
ਚੰਗਿਆਈਆਂ	ਗੁਆ ਲਈ	ਗੰਢ, ਪੰਡ
ਅਵਗਣ	ਚਲੀ	ਬੰਨਿ *(ਬੰਨ੍ਹ)* ॥੪॥੨੪॥
ਔਗੁਣ, ਬੁਰਿਆਈਆਂ	ਚਲ ਪਈ, ਤੁਰ ਪਈ	ਬੰਨ੍ਹ ਕੇ

...(ਉਸਨੇ ਪ੍ਰਭੂ ਬੰਦਗੀ ਬਗੈਰ, ਜੀਵਨ ਦੀਆਂ) ਚੰਗਿਆਈਆਂ ਦੀ ਪੋਟਲੀ ਗੁਆ ਲਈ ਹੈ, ਅਤੇ ਔਗਣਾਂ ਦੀ (ਪੰਡ, ਨਾਲ ਬੰਨ੍ਹ ਕੇ) ਤੁਰ ਪਈ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧, *(ਪਹਿਲਾ)*	ਘਰੁ *(ਘਰ)*	ਦੂਜਾ ੨ ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਦੂਸਰਾ

ਨੋਟ: (ਇਥੇ ਸਤਿਗੁਰੂ ਨੇ ਦੂਜਾ ਅੱਖਰ, ਸ਼ਬਦਾਂ ਵਿਚ ਲਿਖਕੇ ਸੰਕੇਤ ਦਿੱਤਾ ਹੈ ਇਸ ਨੂੰ ਦੋ ਨਹੀਂ ਦੂਜਾ ਉਚਾਰਨਾ ਹੈ।

ਆਪੇ	ਰਸੀਆ,	ਆਪਿ *(ਆਪ)*	ਰਸੁ, *(ਰਸ)*
ਆਪ ਹੀ	ਰਸੀਲਾ, ਰਸ ਵਾਲਾ	ਆਪ ਹੀ	ਅਨੰਦ, ਪਿਆਰ
ਆਪੇ	ਰਾਵਣਹਾਰੁ *(ਰਾਵਣਹਾਰ)* ॥		
ਆਪ ਹੀ	ਭੋਗਣ ਵਾਲਾ, ਮਾਣਨ ਵਾਲਾ		

(ਵਾਹਿਗੁਰੂ) ਆਪ ਹੀ ਰਸ-ਭਰਪੂਰ (ਪਰੇਮੀ) ਹੈ, ਆਪ ਹੀ ਰਸ (ਪਿਆਰ) ਹੈ ਅਤੇ ਆਪ ਹੀ (ਉਸ ਪਿਆਰ) ਨੂੰ ਮਾਣਨ ਵਾਲਾ ਵੀ ਹੈ।...

ਆਪੇ	ਹੋਵੈ	ਚੋਲੜਾ,
ਆਪ ਹੀ	ਹੁੰਦਾ ਹੈ	ਚੋਲਾ, ਸਰੀਰ ਰੂਪੀ ਇਸਤ੍ਰੀ
ਆਪੇ	ਸੇਜ	ਭਤਾਰੁ *(ਭਤਾਰ)* ॥੧॥
ਆਪ ਹੀ	(ਪਿਆਰ ਮਾਣਨ ਲਈ) ਸੇਜਾ	ਪਤੀ

...(ਪਰਮਾਤਮਾ) ਆਪ ਹੀ ਇਸਤ੍ਰੀ ਬਣ ਜਾਂਦਾ ਹੈ, ਆਪ ਹੀ ਸੇਜਾ, ਅਤੇ ਆਪ ਹੀ (ਇਸਤ੍ਰੀਆਂ ਨੂੰ ਭੋਗਣ ਵਾਲਾ) ਪਤੀ ਹੋ ਜਾਂਦਾ ਹੈ।...

ਰੰਗਿ *(ਰੰਗ)*	ਰਤਾ	ਮੇਰਾ	ਸਾਹਿਬੁ, *(ਸਾਹਿਬ)*
ਰੰਗ ਵਿਚ	ਰੱਤਿਆ ਹੋਇਆ	ਆਪਣਾ	ਪ੍ਰੀਤਮ

ਅੰਕ ੨੩

ਰਵਿ *(ਰਵ)*	ਰਹਿਆ *(ਰਿਹਾ)*	ਭਰਪੁਰਿ *(ਭਰਪੁਰ)* ॥੧॥	ਰਹਾਉ ॥
ਰਮਿਆ, ਵਿਆਪਕ	ਹੋਇਆ	ਪੂਰੀ ਤਰ੍ਹਾਂ	ਠਹਿਰਾਉ

...ਮੇਰਾ ਪ੍ਰੀਤਮ, (ਪਿਆਰ) ਰੰਗ ਵਿਚ ਰੰਗਿਆ ਹੋਇਆ ਹੈ, ਅਤੇ ਪੂਰੀ ਤਰ੍ਹਾਂ (ਸ੍ਰਿਸ਼ਟੀ ਵਿਚ) ਵਿਆਪਕ ਹੈ।...

ਆਪੇ	ਮਾਛੀ	ਮਛੁਲੀ, *(ਮਛਲੀ)*
ਆਪ ਹੀ	ਮੱਛੀਆਂ ਫੜਨ ਵਾਲਾ	ਮੱਛੀ

ਆਪੇ	ਪਾਣੀ	ਜਾਲੁ *(ਜਾਲ)* ॥
ਆਪ ਹੀ	ਜਲ	ਮੱਛੀਆਂ ਫੜਨ ਲਈ ਧਾਗੇ ਆਦਿ ਨਾਲ ਬਣਾਈ ਹੋਈ ਫਾਹੀ

...(ਵਾਹਿਗੁਰੂ) ਆਪ ਹੀ ਮੱਛੀਆਂ ਫੜਨ ਵਾਲਾ ਹੈ, ਆਪ ਹੀ ਮੱਛਲੀ ਹੈ, ਆਪ ਹੀ ਜਲ ਹੈ, ਅਤੇ ਆਪ ਹੀ ਮੱਛੀਆਂ ਫਸਾਉਣ ਵਾਲਾ ਜਾਲ ਵੀ ਹੈ।...

ਆਪੇ	ਜਾਲ	ਮਣਕੜਾ,
ਆਪ ਹੀ	ਜਾਲ ਦਾ	ਮਣਕਾ (ਜਾਲ ਨੂੰ ਭਾਰਾ ਬਣਾਉਣ ਲਈ ਲੋਹੇ ਦੇ ਮਣਕੇ)

ਆਪੇ	ਅੰਦਰਿ *(ਅੰਦਰ)*	ਲਾਲੁ *(ਲਾਲ)* ॥੨॥
ਆਪ ਹੀ	ਵਿਚ	ਲੱਲ, ਜੀਵਾਂ ਦੇ ਫਸਾਉਣ ਲਈ ਫੈਲਾਇਆ ਹੋਇਆ ਚੋਗਾ

...(ਪਰਮੇਸ਼ਰ) ਆਪ ਹੀ (ਮੱਛੀਆਂ ਫੜਨ ਵਾਲੇ) ਜਾਲ ਦਾ ਮਣਕਾ ਹੈ, ਆਪ ਹੀ ਉਸ ਅੰਦਰ (ਮੱਛੀਆਂ ਫੜਨ ਲਈ ਰੱਖਿਆ ਹੋਇਆ) ਚੋਗਾ ਹੈ।...

ਆਪੇ	ਬਹੁ	ਬਿਧਿ *(ਬਿਧ)*	ਰੰਗੁਲਾ,
ਆਪ ਹੀ	ਅਨੇਕਾਂ	ਵਿਧੀਆਂ, ਤਰੀਕਿਆਂ	ਰੰਗ ਮਾਣਨ ਵਾ

ਸਖੀਏ	ਮੇਰਾ	ਲਾਲੁ *(ਲਾਲ)* ॥
ਸਹੇਲੀਏ	ਆਪਣਾ	ਪ੍ਰੀਤਮ(ਪ੍ਰਭੂ)

...ਹੇ! (ਮੇਰੀਏ) ਸਹੇਲੀਏ, ਮੇਰਾ (ਪ੍ਰਭੂ) ਪ੍ਰੀਤਮ, ਆਪ ਹੀ ਅਨੇਕਾਂ ਤਰੀਕਿਆਂ ਨਾਲ ਅਨੰਦ ਮਾਣਨ ਵਾਲਾ ਹੈ।...

ਨਿਤ	ਰਵੈ	ਸੋਹਾਗਣੀ,
ਹਰ ਰੋਜ਼	ਭੋਗਦਾ ਹੈ	(ਨਾਮ ਜਪਣ ਵਾਲੀਆਂ) ਸੋਹਾਗਣਾਂ ਨੂੰ

ਅੰਕ ੨੩

ਦੇਖੁ,*(ਦੇਖ)*	ਹਮਾਰਾ	ਹਾਲੁ*(ਹਾਲ)* ॥੩॥
ਵੇਖ, ਤਕ	ਸਾਡਾ	ਹਾਲਤ, ਦਸ਼ਾ

...(ਵਾਹਿਗੁਰੂ) ਹਰ ਰੋਜ਼ (ਸਿਮਰਨ ਵਿਚ ਜੁੜੀਆਂ) ਸੋਹਾਗਵੰਤੀਆਂ ਨੂੰ ਮਾਣਦਾ ਹੈ, ਸਾਡਾ(ਦੁਹਾਗਣਾ) ਦਾ ਹਾਲ ਵੇਖ (ਜਿਨ੍ਹਾਂ ਦੇ ਉਹ ਕਦੀ ਨੇੜੇ ਵੀ ਨਹੀਂ ਢੁਕਦਾ)...

ਪ੍ਰਣਵੈ	ਨਾਨਕੁ*(ਨਾਨਕ)*	ਬੇਨਤੀ,
ਨਿਮਰਤਾ ਸਹਿਤ	ਸਤਿਗੁਰੂ ਨਾਨਕ ਦੇਵ	ਜੋਦੜੀ,ਅਰਦਾਸ

ਤੂ *(ਤੂੰ)*	ਸਰਵਰੁ*(ਸਰਵਰ)*	ਤੂ*(ਤੂੰ)*	ਹੰਸੁ*(ਹੰਸ)* ॥
ਤੂੰ	ਸਰੋਵਰ	ਤੂੰ	ਬਤਖ਼ ਜਾਤੀ ਦਾ ਜੀਵ ਜੋ ਨਿਰਮਲਤਾ ਦਾ ਪ੍ਰਤੀਕ ਹੈ

...(ਹੇ! ਵਾਹਿਗੁਰੂ ਜੀ!) ਨਾਨਕ, ਤੇਰੇ ਦਰ ਤੇ ਅਰਜ਼ੋਈ ਕਰਦਾ ਹੈ ਕਿ ਤੂੰ (ਆਪ ਹੀ) ਸਰੋਵਰ ਹੈਂ ਤੂੰ ਹੀ ਹੰਸ ਹੈਂ...

ਕਉਲੁ*(ਕਉਲ)*	ਤੂ*(ਤੂੰ)*	ਹੈ,*(ਹੈ)*	ਕਵੀਆ	ਤੂ*(ਤੂੰ)*	ਹੈ,*(ਹੈ)*
ਕੰਵਲ	ਤੂੰ	ਹੋਣ ਦੀ ਕ੍ਰਿਆ	ਕਮੀਆ/ਕੁਮੁਦ	ਤੂੰ	ਹੋਣ ਦੀ ਕ੍ਰਿਆ

ਆਪੇ	ਵੇਖਿ*(ਵੇਖ)*	ਵਿਗਸੁ*(ਵਿਗਸ)* ॥੪॥੨੫॥
ਆਪ ਹੀ	ਵੇਖ ਕੇ	ਖ਼ੁਸ਼ ਹੋਣ ਵਾਲਾ, ਪ੍ਰਸੰਨ ਹੋਣ ਵਾਲਾ

...ਤੂੰ ਹੀ ਕੰਵਲ ਫੁੱਲ ਹੈਂ, ਤੂੰ ਹੀ ਚੰਨ ਦੀ ਚਾਨਣੀ ਵਿਚ ਖਿੜਣ ਵਾਲਾ ਕੁਮੁਦ ਹੈਂ, ਜਿਨ੍ਹਾਂ ਨੂੰ ਵੇਖਕੇ ਤੂੰ ਆਪ ਹੀ ਪ੍ਰਸੰਨ ਹੋਣ ਵਾਲਾ ਵੀ ਹੈਂ।

ਸਿਰੀਰਾਗੁ,*(ਸਿਰੀਰਾਗ)*	ਮਹਲਾ*(ਮਹਿਲਾ)*	੧*(ਪਹਿਲਾ)*	ਘਰ*(ਘਰ)*	੩*(ਤੀਜਾ)*॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਤੀਸਰਾ

ਇਹੁ*(ਇਹ)*	ਤਨੁ*(ਤਨ)*	ਧਰਤੀ,	ਬੀਜੁ*(ਬੀਜ)*	ਕਰਮਾ	ਕਰੋ,
ਇਸ	ਸਰੀਰ	ਜ਼ਮੀਨ	ਬੀ, ਤੁਖ਼ਮ	ਕਰਮਾਂ ਨੂੰ	ਕਰ

ਸਲਿਲ	ਆਪਾਉ,	ਸਾਰਿੰਗਪਾਣੀ ॥
ਪਾਣੀ	ਪਾਵੋ	ਪ੍ਰਿਥਵੀ ਜਿਸ ਦੇ ਹੱਥ ਵਿਚ ਹੈ, ਵਾਹਿਗੁਰੂ

(ਹੇ ਭਾਈ!) ਇਸ ਸਰੀਰ ਨੂੰ ਜ਼ਮੀਨ ਬਣਾ ਕੇ (ਚੰਗੇ) ਕਰਮਾਂ ਦਾ ਬੀਜ ਪਾਓ, (ਅਤੇ ਇਸ ਫਸਲ ਨੂੰ) ਪਰਮਾਤਮਾ ਦੇ (ਸਿਮਰਨ ਰੂਪੀ) ਜਲ ਨਾਲ ਸਿੰਜੋ।...

ਅੰਕ ੨੩

ਮਨੁ(ਮਨ)	ਕਿਰਸਾਣੁ,(ਕਿਰਸਾਣ)	ਹਰਿ(ਹਰ)	ਰਿਦੈ	ਜੰਮਾਇ	ਲੈ,
ਚਿੱਤ	ਕਿਸਾਨ	ਹਰੀ,ਪ੍ਰਭੂ	ਚਿੱਤ ਵਿਚ	ਉਗਾ,ਪੈਦਾ	ਲਵੋ

ਇਉ(ਇਉਂ)	ਪਾਵਸਿ(ਪਾਵਸ)	ਪਦੁ(ਪਦ)	ਨਿਰਬਾਣੀ ॥੧॥
ਇਵੇਂ	ਪਾ ਲਏਂਗਾ ਪਦਵੀ	ਪ੍ਰਭੂ ਮਿਲਾਪ ਵਾਲੀ,	ਮਾਇਆ ਤੋਂ ਨਿਰਲੇਪਤਾ ਵਾਲੀ

...ਮਨ ਨੂੰ ਕਿਸਾਨ ਬਣਾ ਕੇ, ਹਿਰਦੇ ਵਿਚ ਪ੍ਰਭੂ (ਦੇ ਸਿਮਰਨ ਰੂਪੀ ਖੇਤੀ ਨੂੰ) ਪੈਦਾ ਕਰ ਲੈ। ਇਵੇਂ (ਤੂੰ) ਨਿਰਬਾਣ ਪਦਵੀ, ਭਾਵ ਪ੍ਰਭੂ ਮਿਲਾਪ ਵਾਲੀ ਅਵਸਥਾ ਨੂੰ ਪਾ ਲਵੇਂਗਾ।...

ਕਾਹੇ	ਗਰਬਸਿ,(ਗਰਬਸ)	ਮੂੜੇ,(ਮੂੜ੍ਹੇ)	ਮਾਇਆ ॥
ਕਿਉਂ,ਕਾਹਤੇ	ਹੰਕਾਰ ਕਰਦਾ ਹੈ	ਮੂਰਖ	ਦੌਲਤ, ਸੰਸਾਰਿਕ ਪਦਾਰਥ

...ਹੇ! ਮੂਰਖ! (ਤੂੰ) ਮਾਇਆ ਦਾ ਹੰਕਾਰ ਕਿਉਂ ਕਰਦਾ ਹੈਂ?...

ਪਿਤ	ਸੁਤੋ	ਸਗਲ	ਕਾਲਤ੍ਰ	ਮਾਤਾ,
ਪਿਤਾ	ਪੁੱਤਰ	ਸਾਰੇ	ਇਸਤ੍ਰੀ	ਮਾਂ

ਤੇਰੇ	ਹੋਹਿ(ਹੋਹਿਂ)	ਨ(ਨਾਂ)	ਅੰਤਿ(ਅੰਤ)	ਸਖਾਇਆ ॥	ਰਹਾਉ ॥
ਤੁਹਾਡੇ	ਹੋਣਗੇ	ਨਹੀਂ	ਅਖ਼ੀਰ	ਸਹਾਈ, ਸੱਜਣ	ਠਹਿਰਾਉ

...ਪਿਤਾ, ਪੁੱਤਰ, ਇਸਤ੍ਰੀ ਅਤੇ ਮਾਤਾ ਸਾਰੇ ਅਖ਼ੀਰ ਨੂੰ ਤੇਰੇ ਸਹਾਈ ਨਹੀਂ ਹੋਣਗੇ।...

ਬਿਖੈ	ਬਿਕਾਰ	ਦੁਸਟ(ਦੁਸ਼ਟ)	ਕਿਰਖਾ	ਕਰੇ,
ਵਿਸ਼ੇ, ਇੰਦ੍ਰਿਆਂ ਦੇ ਭੋਗ	ਵਿਕਾਰ	ਭੈੜੇ	ਗੁਡਾਈ, ਪੁਟਾਈ	ਕਰੋ

ਇਨ(ਇਨ੍ਹ)	ਤਜਿ,(ਤਜ)	ਆਤਮੈ	ਹੋਇ	ਧਿਆਈ ॥
ਇਨ੍ਹਾਂ	ਤਿਆਗ ਕੇ	ਆਤਮਾ ਦਾ	ਹੋ	ਧਿਆਨ ਕਰਨ ਵਾਲਾ

...ਦੁਸ਼ਟ ਵਿਸ਼ੇ ਵਿਕਾਰਾਂ ਨੂੰ (ਹਿਰਦੇ ਵਿਚੋਂ) ਪੁੱਟ ਦੇਹ, ਇਨ੍ਹਾਂ (ਨੂੰ) ਤਿਆਗ ਕੇ ਆਤਮ ਚਿੰਤਨ ਕਰਨ ਵਾਲਾ (ਧਿਆਨੀ) ਹੋ ਜਾਹ।...

ਜਪੁ(ਜਪ)	ਤਪੁ(ਤਪ)	ਸੰਜਮੁ(ਸੰਜਮ)	ਹੋਹਿ(ਹੋਹਿਂ)	ਜਬ	ਰਾਖੇ,
ਸਿਮਰਨ	ਤਪੱਸਿਆ	ਜ਼ਬਤ, ਮਰਿਯਾਦਾ	ਹੋ ਜਾਣ	ਜਦੋਂ	ਰਖਵਾਲੇ

ਕਮਲੁ(ਕਮਲ)	ਬਿਗਸੈ	ਮਧੁ(ਮੱਧ)	ਆਸ੍ਰਮਾਈ(ਆਸ਼੍ਰਮਾਈ) ॥੨॥
ਕੰਵਲ	ਖਿੜ ਪੈਂਦਾ ਸ਼ਹਿਦ	ਚੋਣ ਲਗ ਜਾਂਦਾ,	ਟਪਕਣ ਲਗ ਜਾਂਦਾ

ਅੰਕ ੨੩-੨੪

...(ਜਦੋਂ) ਜਪ, ਤਪ ਅਤੇ ਸੰਜਮ (ਤੇਰੀ ਸਿਮਰਨ ਰੂਪੀ ਖ਼ੇਤੀ ਦੇ) ਰਖ਼ਵਾਲੇ ਹੋ ਜਾਣਗੇ, ਤਾਂ ਤੇਰਾ ਹਿਰਦੇ ਰੂਪੀ ਕੰਵਲ ਫੁੱਲ ਖਿੜ ਜਾਂਦਾ ਹੈ, ਅਤੇ ਅੰਤਹਕਰਣ ਵਿਚ (ਨਾਮ ਅੰਮ੍ਰਿਤ ਦਾ) ਸ਼ਹਿਦ ਟਪਕਣ ਲਗ ਜਾਂਦਾ ਹੈ।...

ਬੀਸ	**ਸਪਤਾਹਰੋ**	**ਬਾਸਰੋ**	**ਸੰਗ੍ਰਹੈ,**
ਵੀਹ+	ਸੱਤ=੨੭(ਨਛੱਤ੍ਰ)	ਦਿਨ	ਇਕੱਠਾ ਕਰੇ

ਤੀਨਿ *(ਤੀਨ)*	**ਖੋੜਾ**	**ਨਿਤ**	**ਕਾਲੁ** *(ਕਾਲ)*	**ਸਾਰੈ ॥**
ਤਿੰਨ	ਖੁੱਡਾਂ, ਅਵਸਥਾਵਾਂ	ਰੋਜ਼	ਮੌਤ	ਯਾਦ ਰੱਖੇ

...(ਧਰਮ-ਸਾਧਕ) ਮਹੀਨੇ ਦੇ ੨੭ ਨਛੱਤ੍ਰ ਭਾਵ ੨੭ ਦਿਨ ਹੀ (ਪ੍ਰਭੂ ਬੰਦਗੀ ਦੀ ਦੌਲਤ ਨੂੰ) ਇਕੱਠਾ ਕਰੇ। ਜੀਵਨ ਦੀਆਂ ਤਿੰਨੇ ਅਵਸਥਾਵਾਂ (ਬਾਲ, ਜੁਆਨੀ ਅਤੇ ਬਿਰਧ ਭਾਵ ਸਾਰੀ ਜ਼ਿੰਦਗੀ ਹੀ) ਵਿਚ ਨਿੱਤ ਹੀ ਮੌਤ ਨੂੰ ਯਾਦ ਰੱਖੇ....

ਦਸ	**ਅਠਾਰ**	**ਮੈ,** *(ਮੈਂ)*	**ਅਪਰੰਪਰੋ**	**ਚੀਨੈ,** *(ਚੀਨ੍ਹੈ)*
੪ ਵੇਦ+੬ਸ਼ਾਸਤਰ=੧੦	ਅਠਾਰਾਂ ਪੁਰਾਣ	ਵਿਚ	ਬੇਅੰਤ(ਵਾਹਿਗੁਰੂ)	ਪਛਾਣੇ

ਕਹੈ	**ਨਾਨਕੁ,** *(ਨਾਨਕ)*	**ਇਵ** *(ਇੰਵ)*	**ਏਕੁ** *(ਏਕ)*	**ਤਾਰੈ ॥੩॥੨੬॥**
ਕਹਿੰਦਾ ਹੈ	ਸਤਿਗੁਰੂ ਨਾਨਕ	ਇੰਜ	ਇਕ (ਵਾਹਿਗੁਰੂ)	ਤਾਰ ਦਿੰਦਾ ਹੈ

...(ਉਹ) ਚਾਰ ਵੇਦਾਂ, ਛੇ ਸ਼ਾਸਤਰਾਂ, ਅਠਾਰਾਂ ਪੁਰਾਣਾਂ (ਭਾਵ ਸਰਬੱਤ ਧਰਮ ਪੁਸਤਕਾਂ) ਵਿਚ ਬੇਅੰਤ ਪ੍ਰਭੂ ਦੀ ਪਹਿਚਾਣ (ਲੱਭੇ ਭਾਵ ਖੋਜੇ)। ਨਾਨਕ (ਦਾ) ਕਥਨ ਹੈ, ਕਿ ਇੰਜ ਇਕ ਵਾਹਿਗੁਰੂ (ਜੀਵ ਨੂੰ ਸੰਸਾਰ ਦੇ ਭਵ ਸਾਗਰ ਤੋਂ) ਤਾਰ ਦਿੰਦਾ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)*	**ਘਰੁ** *(ਘਰ)*	**੩** *(ਤੀਜਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਤੀਜਾ

ਅਮਲੁ *(ਅਮਲ)*	**ਕਰਿ** *(ਕਰ)*	**ਧਰਤੀ,**	**ਬੀਜੁ** *(ਬੀਜ)*
(ਚੰਗੇ) ਕਰਮ	ਕਰ	ਜ਼ਮੀਨ	ਬੀ, ਤੁਖ਼ਮ

ਸਬਦੋ *(ਸ਼ਬਦੋ)*	**ਕਰਿ,** *(ਕਰ)*
(ਗੁਰ) ਸ਼ਬਦ	ਕਰ

ਸਚ	**ਕੀ**	**ਆਬ,**	**ਨਿਤ**	**ਦੇਹਿ** *(ਦੇਹ)*	**ਪਾਣੀ ॥**
ਸਦਾ ਪਵਿਰ(ਪ੍ਰਭੂ ਬੰਦਗੀ)	ਦੀ	ਸ਼ੋਭਾ,ਸੁੰਦਰਤਾ	ਰੋਜ਼	ਦੇਹ	ਜਲ

ਅੰਕ ੨੪

(ਹੇ! ਭਾਈ! ਸ਼ੁਭ) ਅਮਲਾਂ ਦੀ ਜ਼ਮੀਨ ਬਣਾ, (ਉਸ ਵਿਚ) ਸਤਿਗੁਰੂ ਦੇ ਸ਼ਬਦ ਦਾ ਬੀਜ ਬੋ, ਅਤੇ ਸਦਾ-ਸਥਿਰ ਪਰਮਾਤਮਾ ਦੀ ਬੰਦਗੀ ਵਾਲੀ ਸੁੰਦਰਤਾ ਦਾ (ਹਰ) ਰੋਜ਼ ਪਾਣੀ ਦੇਹ...

ਹੋਇ	ਕਿਰਸਾਣੁ, *(ਕਿਰਸਾਣ)*	ਈਮਾਨੁ *(ਈਮਾਨ)*
ਹੋਕੇ	ਕਿਸਾਨ, ਜ਼ਿੰਮੀਦਾਰ	ਈਮਾਨਦਾਰੀ

ਜੰਮਾਇ	ਲੈ,
ਪੈਦਾ	ਕਰ ਲੈ

ਭਿਸਤੁ *(ਭਿਸ਼ਤ)*	ਦੋਜਕੁ, *(ਦੋਜ਼ਕ)*	ਮੂੜੇ, *(ਮੂੜ੍ਹੇ)*	ਏਵ	ਜਾਣੀ ॥੧॥
ਬਹਿਸ਼ਤ,ਸਵਰਗ	ਨਰਕ	ਮੂਰਖ	ਇਵੇਂ	ਸਮਝੀਂ

...(ਇਵੇਂ ਦਾ) ਕਿਸਾਨ ਬਣਕੇ ਇਮਾਨਦਾਰੀ (ਦੀ ਫ਼ਸਲ) ਪੈਦਾ ਕਰ ਲੈ, ਹੇ! ਮੂਰਖ! (ਇਸ ਤਰ੍ਹਾਂ ਦੀ ਖ਼ੇਤੀ ਨਾਲ) ਸਵਰਗ ਅਤੇ ਨਰਕ ਦਾ (ਫ਼ਰਕ) ਸਮਝ ਲਵੀਂ।...

ਮਤੁ *(ਮਤ)*	ਜਾਣਸਹਿ, *(ਜਾਣਸਹਿਂ)*	ਗਲੀ *(ਗੱਲੀਂ)*	ਪਾਇਆ ॥
ਮਤਾਂ	ਜਾਣੇਂ, ਸਮਝੇਂ	ਗਲਾਂ ਨਾਲ	ਪਾ ਲਿਆ

...(ਹੇ! ਭਾਈ!) ਮਤਾਂ (ਤੂੰ) ਸਮਝੇਂ ਕਿ ਗਲਾਂ ਨਾਲ (ਪਰਮਾਤਮਾ) ਪਾ ਲਿਆ ਹੈ।(ਭਾਵ ਪ੍ਰਭੂ ਗਲਾਂ ਨਾਲ ਨਹੀਂ ਪਾਈਦਾ)...

ਮਾਲ	ਕੈ	ਮਾਣੈ,	ਰੂਪ	ਕੀ	ਸੋਭਾ, *(ਸ਼ੋਭਾ)*
ਧਨ,ਦੌਲਤ	ਦੇ	ਮਾਣ/ਹੰਕਾਰ ਵਿਚ	ਸੁੰਦਰਤਾ	ਦੀ	ਵਡਿਆਈ

ਇਤੁ *(ਇਤ)*	ਬਿਧੀ	ਜਨਮੁ *(ਜਨਮ)*	ਗਵਾਇਆ ॥੧॥	ਰਹਾਉ ॥
ਇਸ	ਤਰੀਕੇ	ਜੀਵਨ	ਗੁਆ ਲਿਆ	ਠਹਿਰਾਉ

...ਦੌਲਤ ਤੇ ਸੁੰਦਰਤਾ ਦੇ ਮਾਣ ਦੀ (ਝੂਠੀ) ਉਸਤਤੀ (ਕਰਦਿਆਂ), ਇਸ ਤਰੀਕੇ ਨਾਲ ਜੀਵਨ ਨੂੰ ਤੂੰ (ਬਿਰਥਾ) ਗੁਆ ਲਿਆ ਹੈ।...

ਐਬ	ਤਨਿ *(ਤਨ)*	ਚਿਕੜੋ,	ਇਹੁ *(ਇਹ)*	ਮਨੁ *(ਮਨ)*	ਮੀਡਕੋ, *(ਮੀਂਡਕੋ)*
ਅਵਗੁਣ, ਬਦੀ	ਸਰੀਰ	ਚਿੱਕੜ,ਦਲਦਲ	ਇਹ	ਚਿੱਤ	ਡੱਡੂ

ਕਮਲ	ਕੀ	ਸਾਰ,	ਨਹੀ *(ਨਹੀਂ)*	ਮੂਲਿ *(ਮੂਲ)*	ਪਾਈ ॥
ਕੰਵਲ	ਦੀ	ਸੋਝੀ	ਨਹੀਂ	ਮੂਲੋਂ ਹੀ	ਪ੍ਰਾਪਤ ਕੀਤੀ

ਅੰਕ ੨੪

...(ਜਦੋਂ ਤਕ ਇਹ) ਸਰੀਰ ਵਿਕਾਰਾਂ ਰੂਪੀ ਚਿੱਕੜ (ਬਣਿਆ ਹੋਇਆ ਹੈ, ਅਤੇ) ਮਨ ਡੱਡੂ ਬਣਕੇ ਇਸ ਚਿੱਕੜ ਵਿਚ ਫਸਿਆ ਪਿਆ ਹੈ, (ਉਦੋਂ ਤਕ ਉਹਦੇ ਹਿਰਦੇ ਵਿਚਲੇ ਪਰਮਾਤਮ ਗਿਆਨ ਰੂਪੀ) ਕੰਵਲ ਦੀ, ਉਸਨੂੰ ਮੂਲੋਂ ਹੀ ਸੋਝੀ ਨਹੀਂ ਪੈ ਸਕਦੀ...

ਭਉਰੁ *(ਭਉਰ)*	**ਉਸਤਾਦੁ,** *(ਉਸਤਾਦ)*	**ਨਿਤ**	**ਭਾਖਿਆ**
ਭੌਰਾ	ਅਧਿਆਪਕ, ਗੁਰੂ	ਰੋਜ਼	ਬਾਣੀ, ਸਿੱਖਿਆ

ਬੋਲੇ,	**ਕਿਉ** *(ਕਿਉਂ)*	**ਬੂਝੈ,**	**ਜਾ** *(ਜਾਂ)*	**ਨਹ** *(ਨਹਿਂ)*	**ਬੁਝਾਈ ॥੨॥**
ਬੋਲਦਾ ਹੈ	ਕਾਹਤੇ	ਬੁੱਝਦਾ, ਸਮਝਦਾ	ਜੇਕਰ	ਨਹੀਂ	ਬੁਝਾਉਂਦਾ

...ਅਧਿਆਪਕ (ਰੂਪ) ਭੌਰਾ, ਹਰ ਰੋਜ਼ ਹੀ (ਕੰਵਲ ਫੁੱਲ ਤੇ ਬਹਿਕੇ ਆਪਣੀ ਗੁੰਜਾਰ ਰਾਹੀਂ) ਸਿੱਖਿਆ ਕਹਿੰਦਾ ਹੈ, (ਪਰ ਛੱਪੜ ਵਿਚ ਕੋਲ ਹੀ ਰਹਿੰਦਾ ਡੱਡੂ-ਰੂਪ ਮਨ) ਕਾਹਤੇ ਨਹੀਂ ਸਮਝਦਾ? (ਪਰ ਸੱਚ ਇਹ ਹੈ, ਕਿ ਉਹ ਸਮਝ ਹੀ ਨਹੀਂ ਸਕਦਾ) ਜਦੋਂ ਤਕ (ਵਾਹਿਗੁਰੂ ਆਪਣੀ ਕ੍ਰਿਪਾ ਰਾਹੀਂ ਉਸਨੂੰ) ਸੋਝੀ ਨਹੀਂ ਬਖ਼ਸ਼ਦਾ। (ਮਨੁੱਖੀ ਮਨ ਦੀ ਹਾਲਤ ਵੀ ਇਵੇਂ ਹੀ ਹੈ, ਕਿ ਹਿਰਦੇ ਵਿਚ ਵਸਦੇ ਹੋਏ ਪ੍ਰਭੂ ਦੀ ਸੋਝੀ ਨਹੀਂ ਆਉਂਦੀ, ਕਿਉਂਕਿ ਮਨ ਵਿਕਾਰਾਂ ਦੇ ਚਿੱਕੜ ਵਿਚ ਫਸਿਆ, ਪਰਮਾਤਮ ਸਿੱਖਿਆ ਨੂੰ ਨਹੀਂ ਗੌਲਦਾ।)...

ਆਖਣੁ *(ਆਖਣ)*	**ਸੁਨਣਾ,**	**ਪਉਣ**	**ਕੀ**	**ਬਾਣੀ,**
ਬੋਲਣ	ਸਰਵਣ ਕਰਨਾ	ਹਵਾ	ਦੀ	ਅਵਾਜ਼

ਇਹੁ *(ਇਹ)*	**ਮਨੁ** *(ਮਨ)*	**ਰਤਾ** *(ਰੱਤਾ)*	**ਮਾਇਆ ॥**
ਇਹ	ਚਿੱਤ	ਰੰਗਿਆ	ਧਨ,ਦੌਲਤ

...ਇਹ ਚਿੱਤ ਮਾਇਆਵੀ ਪਦਾਰਥਾਂ ਦੇ ਰੰਗ ਵਿਚ ਰੰਗਿਆ ਹੋਇਆ ਹੈ, (ਇਸਨੂੰ ਕੁਝ ਵੀ) ਕਹਿਣਾ ਅਤੇ ਇਸਦਾ ਸੁਣਨਾ, ਪਉਣ (ਦੇ ਬੁਲਿਆਂ) ਦੀ ਅਵਾਜ਼ (ਵਾਂਗ ਅਜਾਈਂ ਹੈ)...

ਖਸਮ	**ਕੀ**	**ਨਦਰਿ,** *(ਨਦਰ)*	**ਦਿਲਹਿ** *(ਦਿਲਹਿਂ)*	**ਪਸਿੰਦੇ,**
ਪਤੀ	ਦੀ	ਕ੍ਰਿਪਾ ਦ੍ਰਿਸ਼ਟੀ ਵਿਚ	ਦਿਲ ਨੂੰ	ਭਾਉਂਦੇ ਹਨ

ਜਿਨੀ *(ਜਿਨ੍ਹੀ)*	**ਕਰਿ** *(ਕਰ)*	**ਏਕੁ** *(ਏਕ)*	**ਧਿਆਇਆ ॥੩॥**
ਜਿਨ੍ਹਾਂ ਨੇ	ਕਰਕੇ	ਇਕ(ਪ੍ਰਭੂ)	ਅਰਾਧਿਆ

...ਜਿਨ੍ਹਾਂ ਨੇ ਵਾਹਿਗੁਰੂ ਨੂੰ (ਕੇਵਲ) ਇਕ ਸਮਝਕੇ ਅਰਾਧਿਆ ਹੈ, (ਉਹੀ) ਪ੍ਰਭੂ ਖ਼ਸਮ ਦੀ ਕ੍ਰਿਪਾ ਦ੍ਰਿਸ਼ਟੀ ਵਿਚ ਹਨ, ਅਤੇ (ਉਹੀ ਉਸਦੇ) ਦਿਲ ਨੂੰ ਪਿਆਰੇ ਲਗਦੇ ਹਨ।...

ਅੰਕ ੨੪

ਤੀਹ	ਕਰਿ *(ਕਰ)*	ਰਖੇ,	ਪੰਜ	ਕਰਿ *(ਕਰ)*	ਸਾਥੀ,
੩੦ (ਰੋਜ਼ੇ)	ਕਰਕੇ	ਧਰੇ	੫ (ਨਿਮਾਜ਼ਾਂ)	ਕਰਕੇ	ਸੰਗੀ

ਨਾਉ *(ਨਾਉਂ)*	ਸੈਤਾਨੁ, *(ਸੈਤਾਨ)*	ਮਤੁ *(ਮਤ)*	ਕਟਿ *(ਕਟ)*	ਜਾਈ ॥
ਨਾਮ	ਸ਼ੈਤਾਨ (ਬਦੀ ਦਾ ਫਰਿਸ਼ਤਾ)	ਮਤਾਂ	ਕੱਟ,ਨਸ਼ਟ	ਜਾਵੇ

...(ਹੇ! ਕਾਜ਼ੀ ਤੂੰ) ਤੀਹ ਰੋਜ਼ੇ ਕਰ ਰਖੇ ਹਨ, ਪੰਜ ਨਿਮਾਜ਼ਾਂ ਸਾਥੀ ਬਣਾ ਰੱਖੀਆਂ ਹਨ, (ਪਰ ਖ਼ਬਰਦਾਰ) ਮਤਾਂ (ਬਦੀ ਦਾ ਫ਼ਰਿਸ਼ਤਾ) ਸ਼ੈਤਾਨ (ਆਪਣੀ ਸ਼ੈਤਾਨੀ ਨਾਲ ਇਨ੍ਹਾਂ ਨੂੰ) ਕੱਟ ਦੇਵੇ, ਭਾਵ ਪ੍ਰਭਾਵਹੀਣ ਕਰ ਦੇਵੇ, (ਕਿਉਂਕਿ ਤੂੰ ਇਹ ਸਭ ਕੁਝ ਦਿਲੋਂ ਨਹੀਂ, ਸਗੋਂ ਲੋਕ ਦਿਖਾਵੇ ਲਈ ਕਰਮ-ਕਾਂਡ ਦੇ ਰੂਪ ਵਿਚ ਕਰਦਾ ਹੈਂ।)...

ਨਾਨਕੁ *(ਨਾਨਕ)*	ਆਖੈ,	ਰਾਹਿ *(ਰਾਹ)*	ਪੈ	ਚਲਣਾ,
ਨਾਨਕ (ਸਤਿਗੁਰੂ ਜੀ)	ਆਖਦਾ ਹੈ	(ਮੌਤ ਦੇ) ਰਸਤੇ	ਉੱਤੇ	ਤੁਰਨਾ

ਮਾਲੁ *(ਮਾਲ)*	ਧਨੁ *(ਧਨ)*	ਕਿਤ	ਕੂ	ਸੰਜਿਆਹੀ ॥੪॥੨੭॥
ਪਦਾਰਥ	ਦੌਲਤ	ਕਿਸ	ਲਈ	ਸੰਚਨ ਕੀਤਾ ਹੈ, ਇੱਕਤ੍ਰ ਕੀਤਾ ਹੈ

...(ਸਤਿਗੁਰੂ) ਨਾਨਕ ਆਖਦਾ ਹੈ ਕਿ (ਹੇ! ਕਾਜ਼ੀ! ਇਕ ਦਿਨ ਤੂੰ ਵੀ ਮੌਤ ਦੇ) ਰਾਹ ਉਪਰ ਟੁਰ ਜਾਣਾ ਹੈ, (ਫਿਰ ਇਹ) ਧਨ ਪਦਾਰਥ ਕਿਸ ਲਈ ਇੱਕਤ੍ਰ ਕੀਤਾ ਹੈ?

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧, *(ਪਹਿਲਾ)*	ਘਰੁ *(ਘਰ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਚੌਥਾ

ਸੋਈ	ਮਉਲਾ,	ਜਿਨਿ *(ਜਿਨ੍ਹ)*	ਜਗੁ *(ਜਗ)*	ਮਉਲਿਆ,
ਉਹੀ	ਮਾਲਕ	ਜਿਸ ਨੇ	ਸੰਸਾਰ	ਪ੍ਰਫੁਲਿਤ ਕੀਤਾ ਹੈ

ਹਰਿਆ	ਕੀਆ	ਸੰਸਾਰੋ ॥
ਹਰਿਆ-ਭਰਿਆ	ਕੀਤਾ ਹੈ	ਸੰਸਾਰ ਨੂੰ

ਉਹੀ ਮਾਲਕ ਹੈ, ਜਿਸ ਨੇ ਸੰਸਾਰ ਨੂੰ ਪ੍ਰਫੁਲਿਤ ਕੀਤਾ ਹੈ, ਭਾਵ ਉਪਜਾਇਆ ਹੈ, ਅਤੇ ਜਗਤ ਨੂੰ (ਪੈਦਾ ਕਰਕੇ) ਹਰਿਆ-ਭਰਿਆ ਕੀਤਾ ਹੈ (ਭਾਵ ਸ੍ਰਿਸ਼ਟੀ ਨੂੰ ਕ੍ਰਿਆਸ਼ੀਲ/ਸਜੀਵ ਬਣਾਇਆ ਹੋਇਆ ਹੈ।)...

ਆਬ	ਖਾਕੁ *(ਖਾਕ)*	ਜਿਨਿ *(ਜਿਨ੍ਹ)*	ਬੰਧਿ *(ਬੰਧ)*	ਰਹਾਈ,
ਪਾਣੀ	ਮਿੱਟੀ	ਜਿਸਨੇ	ਬੰਧਨ ਵਿਚ,ਨਿਯਮ ਵਿਚ	ਰੱਖੀ ਹੋਈ ਹੈ

ਧੰਨੁ *(ਧੰਨ)*	ਸਿਰਜਣਹਾਰੋ ॥੧॥
ਧੰਨਤਾ ਯੋਗ	ਕਰਤਾ ਪੁਰਖ

ਅੰਕ ੨੪

...ਕਰਤਾ ਪੁਰਖ ਧੰਨ ਹੈ, ਜਿਸਨੇ ਪਾਣੀ, ਮਿੱਟੀ (ਆਦਿਕ ਤੱਤਾਂ ਨੂੰ ਰਚਕੇ) ਨਿਯਮਬੱਧ ਕੀਤਾ ਹੋਇਆ ਹੈ।...

ਮਰਣਾ,	ਮੁਲਾ *(ਮੁੱਲਾਂ)*	ਮਰਣਾ ॥
ਮਰ ਜਾਣਾ	ਹੇ! ਕਾਜ਼ੀ	ਮਰ ਜਾਣਾ

..ਹੇ! ਕਾਜ਼ੀ! (ਇਸ ਚਲਣਹਾਰ ਸੰਸਾਰ ਵਿਚ) ਮਰਣਾ ਹੈ, (ਅਵੱਸ਼) ਮਰਣਾ ਹੈ...

ਭੀ,	ਕਰਤਾਰਹੁ *(ਕਰਤਾਰਹੁੰ)*	ਡਰਣਾ ॥੧॥	ਰਹਾਉ ॥
ਤਾਂ ਤੇ,ਇਸ ਲਈ	ਕਰਤਾ ਪੁਰਖ ਕੋਲੋ	ਭੈ ਖਾਣਾ	ਠਹਿਰਾਉ

...ਇਸ ਲਈ ਕਰਤਾ-ਪੁਰਖ ਕੋਲੋਂ, ਨਿਰਮਲ ਭੈ ਵਿਚ ਰਹਿਣਾ ਚਾਹੀਦਾ ਹੈ।...

ਤਾ *(ਤਾਂ)*	ਤੂ *(ਤੂੰ)*	ਮੁਲਾ, *(ਮੁੱਲਾਂ)*	ਤਾ *(ਤਾਂ)*	ਤੂ *(ਤੂੰ)*	ਕਾਜੀ, *(ਕਾਜ਼ੀ)*
ਤਾਂ ਹੀ	ਤੁਸੀਂ	ਮਸੀਤ ਦਾ ਪੁਜਾਰੀ,ਮੌਲਵੀ	ਤਾਂ ਹੀ	ਤੁਸੀਂ	ਜੱਜ,ਫੈਸਲਾ ਕਰਨ ਵਾਲਾ

ਜਾਣਹਿ *(ਜਾਣਹਿਂ)*	ਨਾਮੁ *(ਨਾਮ)*	ਖੁਦਾਈ ॥
ਜਾਣ ਲਵੇਂ	ਬੰਦਗੀ	ਖ਼ੁਦਾ ਦਾ

...ਤੂੰ ਤਾਂ ਹੀਂ (ਸਹੀ ਅਰਥਾਂ ਵਿਚ) ਮੌਲਵੀ ਅਤੇ ਕਾਜ਼ੀ ਹੈਂ, (ਜੇਕਰ) ਖ਼ੁਦਾ ਦੀ ਬੰਦਗੀ ਨੂੰ ਸਮਝ ਲਵੇਂ....

ਜੇ	ਬਹੁਤੇਰਾ	ਪੜਿਆ *(ਪੜ੍ਹਿਆ)*	ਹੋਵਹਿ, *(ਹੋਵਹਿਂ)*
ਜੇਕਰ	ਬਹੁਤਾ	ਪੜ੍ਹਿਆ ਹੋਇਆ,ਵਿਦਵਾਨ	ਹੋਵੇਂ

ਕੋ	ਰਹੈ	ਨ, *(ਨਾਂ)*	ਭਰੀਐ	ਪਾਈ ॥੨॥
ਕੋਈ	ਰਹਿੰਦਾ	ਨਹੀਂ	ਭਰਨ ਨਾਲ	ਬੇਲੀ,ਪਨਘੜੀ ਦੀ ਪਿਆਲੀ ਜਿਸ ਦੇ ਥੱਲੇ ਛੇਕ ਹੁੰਦਾ ਹੈ ਜਿਸ ਰਾਹੀਂ ਪਾਣੀ ਪਿਆਲੀ ਵਿਚ ਭਰਦਾ ਰਹਿੰਦਾ ਹੈ ਤੇ ਜਦ ਪਿਆਲੀ ਭਰ ਜਾਂਦੀ ਹੈ ਤਾਂ ਡੁੱਬ ਜਾਂਦੀ ਹੈ ਤੇ ਵਕਤ ਪਤਾ ਲਗ ਜਾਂਦਾ ਹੈ।

...ਜੇਕਰ (ਤੂੰ) ਬਹੁਤ ਪੜ੍ਹਿਆ ਹੋਇਆ ਹੋਵੇਂ, (ਤਾਂ ਵੀ ਮੌਤ ਦੇ ਮੂੰਹੋਂ ਨਹੀਂ ਬਚ ਸਕੇਂਗਾ, ਕਿਉਂਕਿ ਜਦੋਂ ਸੁਆਸਾਂ ਦੀ) ਪਿਆਲੀ ਭਰ ਜਾਏ, ਤਾਂ ਕੋਈ ਵੀ (ਇਸ ਸੰਸਾਰ ਵਿਚ) ਨਹੀਂ ਬਚਦਾ।...

ਸੋਈ	ਕਾਜੀ, *(ਕਾਜ਼ੀ)*	ਜਿਨਿ *(ਜਿਨ੍ਹ)*	ਆਪੁ *(ਆਪ)*	ਤਜਿਆ,
ਉਹੀ	ਕਾਜ਼ੀ, ਜੱਜ	ਜਿਸ ਨੇ	(ਆਪਣਾ) ਆਪ	ਤਿਆਗ ਦਿੱਤਾ

ਅੰਕ ੨੪

ਇਕੁ *(ਇਕ)*	ਨਾਮੁ *(ਨਾਮ)*	ਕੀਆ	ਆਧਾਰੋ ॥
ਇਕ(ਪਰਮੇਸ਼ਰ)	ਨਾਮ,ਬੰਦਗੀ	ਕੀਤਾ ਹੈ	ਆਧਾਰ,ਆਸਰਾ

...ਉਹੀ (ਸਹੀ) ਕਾਜ਼ੀ ਹੈ, ਜਿਸ ਨੇ ਆਪਣਾ ਆਪਾ (ਭਾਵ ਹਉਮੈ) ਤਿਆਗ ਦਿੱਤੀ ਹੈ, ਅਤੇ ਇਕ ਪਰਮੇਸ਼ਰ ਦੀ ਬੰਦਗੀ ਨੂੰ ਆਪਣੇ (ਜੀਵਨ ਦਾ) ਆਸਰਾ ਬਣਾ ਲਿਆ ਹੈ...

ਹੈ	ਭੀ	ਹੋਸੀ,	ਜਾਇ	ਨ *(ਨਾਂ)*	ਜਾਸੀ,
ਹੁਣ ਹੈ,	ਸੀ,	ਹੋਵੇਗਾ	ਜੰਮਦਾ ਹੈ	ਨਾਂ ਹੀ	ਮਰਦਾ ਹੈ

ਸਚਾ *(ਸੱਚਾ)*	ਸਿਰਜਣਹਾਰੋ ॥੩॥
ਸਦਾ ਸਥਿਰ(ਪ੍ਰਭੂ)	ਸਿਰਜਨਾ ਕਰਨ ਵਾਲਾ, ਕਰਤਾ ਪੁਰਖ

...(ਹੇ! ਕਾਜ਼ੀ! ਉਹ) ਸਦਾ-ਸਥਿਰ ਕਰਤਾ ਪੁਰਖ ਹੁਣ ਵੀ ਹੈ, ਪਹਿਲਾਂ ਵੀ ਸੀ ਅਤੇ ਅੱਗੋਂ ਵੀ ਹੋਏਗਾ, (ਉਹ ਨਾ ਕਦੀ) ਜੰਮਦਾ ਹੈ ਅਤੇ ਨਾ ਹੀ ਮਰਦਾ ਹੈ।...

ਪੰਜ	ਵਖਤ,	ਨਿਵਾਜ *(ਨਿਵਾਜ਼)*	ਗੁਜਾਰਹਿ, *(ਗੁਜ਼ਾਰਹਿਂ)*
ਗਿਣਤੀ ਵਾਲੇ ੫	ਵੇਲੇ, ਸਮੇਂ	ਮੁਸਲਮਾਨਾਂ ਦੀ ਇਬਾਦਤ	ਗੁਜ਼ਾਰਦਾ ਹੈਂ, ਪੜ੍ਹਦਾ ਹੈਂ

ਪੜਹਿ *(ਪੜ੍ਹਹਿਂ)*	ਕਤੇਬ	ਕੁਰਾਣਾ ॥
ਪੜ੍ਹਦਾ ਹੈਂ	(ਧਰਮ)ਪੁਸਤਕਾਂ	ਕੁਰਾਨ ਆਦਿਕ

...(ਹੇ! ਕਾਜ਼ੀ! ਤੂੰ) ਪੰਜ ਵੇਲੇ ਨਿਮਾਜ਼ ਪੜ੍ਹਦਾ ਹੈਂ, ਅਤੇ ਕੁਰਾਨ ਆਦਿਕ (ਆਪਣੇ ਧਰਮ ਦੀਆਂ ਹੋਰ) ਪੁਸਤਕਾਂ ਵੀ ਪੜ੍ਹਦਾ ਹੈਂ...

ਨਾਨਕੁ *(ਨਾਨਕ)*	ਆਖੈ,	ਗੋਰ	ਸਦੇਈ,
ਨਾਨਕ (ਸਤਿਗੁਰੂ)	ਆਖਦਾ ਹੈ	ਕਬਰ	ਸੱਦਦੀ ਹੈ

ਰਹਿਓ	ਪੀਣਾ	ਖਾਣਾ ॥੪॥੨੮॥
ਰਹਿ ਗਿਆ, ਮੁੱਕ ਗਿਆ	ਪਾਨ ਕਰਨਾ	ਛਕਣਾ

...(ਪਰ ਫਿਰ ਵੀ ਹਉਮੈ ਕਰਕੇ ਮੌਤ ਤੋਂ ਭੈ-ਮੁਕਤ ਨਹੀਂ ਹੋਇਆ, ਇਸ ਲਈ) ਨਾਨਕ (ਸਤਿਗੁਰੂ) ਆਖਦਾ ਹੈ, ਕਿ (ਹੇ! ਕਾਜ਼ੀ! ਤੈਨੂੰ) ਕਬਰ ਵਾਜਾਂ ਮਾਰ ਰਹੀ ਹੈ, ਅਤੇ (ਸਮਝ ਲੈ ਕਿ ਹੁਣ ਇਸ ਸੰਸਾਰ ਤੋਂ ਤੇਰਾ) ਖਾਣਾ ਪੀਣਾ (ਮੁੱਕ ਗਿਆ ਹੈ।)

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧, *(ਪਹਿਲਾ)*	ਘਰੁ *(ਘਰ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਚੌਥਾ

ਅੰਕ ੨੪

ਏਕੁ *(ਏਕ)*	**ਸੁਆਨੁ,** *(ਸੁਆਨ)*	**ਦੁਇ**	**ਸੁਆਨੀ**	**ਨਾਲਿ** *(ਨਾਲ)* ॥
ਇੱਕ	(ਲੋਭ ਰੂਪੀ)ਕੁੱਤਾ	ਦੋ	(ਆਸਾ ਤੇ ਤ੍ਰਿਸ਼ਨਾ ਰੂਪੀ) ਕੁੱਤੀਆਂ	ਨਾਲ,ਸੰਗ

(ਸਾਂਹਸੀਆਂ ਵਾਲੇ ਰੂਪ ਚਿਤ੍ਰਣ ਰਾਹੀਂ ਸਤਿਗੁਰੂ ਜੀਵਨ ਦੇ ਸੱਚ ਨੂੰ ਸਮਝਾਉਂਦਿਆਂ ਦਸ ਰਹੇ ਹਨ, ਕਿ ਹੇ! ਵਾਹਿਗੁਰੂ! ਮੇਰੇ) ਨਾਲ ਇਕ (ਲੋਭ ਰੂਪੀ) ਕੁੱਤਾ, ਅਤੇ ਦੋ (ਆਸਾ ਤੇ ਤ੍ਰਿਸ਼ਨਾ ਰੂਪੀ) ਕੁੱਤੀਆਂ ਹਨ।...

ਭਲਕੇ	**ਭਉਕਹਿ,** *(ਭਉਕਹਿੰ)*	**ਸਦਾ**	**ਬਇਆਲਿ** *(ਬਇਆਲ)* ॥
ਸਵੇਰੇ ਹੀ	ਭਉਂਕਦੇ ਹਨ	ਹਮੇਸ਼ਾਂ	ਸ਼ਾਮ ਨੂੰ (ਇਹ ਬਾਂਗਰੀ ਦਾ ਸ਼ਬਦ)

...(ਇਹ ਤਿੰਨੇ) ਹਮੇਸ਼ਾਂ ਹੀਂ ਸਵੇਰੇ ਸ਼ਾਮ ਭਉਂਕਦੇ ਰਹਿੰਦੇ ਹਨ।...

ਕੂੜੁ *(ਕੂੜ)*	**ਛੁਰਾ,**	**ਮੁਠਾ**	**ਮੁਰਦਾਰੁ** *(ਮੁਰਦਾਰ)* ॥
ਝੂਠ	ਵੱਡਾ ਚਾਕੂ	ਠੱਗੀ ਨਾਲ ਲਿਆ	ਮੁਰਦਾਰ

...(ਹੱਥ ਵਿਚ) ਝੂਠ ਦਾ ਛੁਰਾ ਹੈ, ਅਤੇ ਠੱਗੀ ਠੋਰੀ ਮਾਰ ਕੇ ਲਿਆਂਦਾ (ਮਾਇਆਵੀ ਧਨ-ਪਦਾਰਥ ਰੂਪੀ) ਮੁਰਦਾਰ ਵੀ ਖਾ ਰਿਹਾ ਹਾਂ।...

ਧਾਣਕ

(ਧਨੁੱਖ-ਧਾਰੀ ਸਾਂਹਸੀ) ਜੋ ਬਹੁਤ ਮਲੀਨ ਅਤੇ ਡਰਾਉਣੇ ਹੁੰਦੇ ਹਨ। ਆਪਣੇ ਨਾਲ ਕੁੱਤੇ ਛੁੱਰੇ ਆਦਿ ਰੱਖਦੇ ਹਨ ਅਤੇ ਗੋਹਾਂ ਆਦਿ ਦਾ ਸ਼ਿਕਾਰ ਕਰਦੇ ਹਨ। ਚੋਰੀਆਂ ਠੱਗੀਆਂ ਵੀ ਬਹੁਤ ਕਰਦੇ ਹਨ।

ਰੂਪਿ, *(ਰੂਪ)*	**ਰਹਾ** *(ਰਹਾਂ)*	**ਕਰਤਾਰ** ॥੧॥
ਸ਼ਕਲ ਵਿਚ	ਰਹਿੰਦਾ ਹਾਂ	ਕਰਤਾ ਪੁਰਖ

...(ਹੇ!) ਕਰਤਾ ਪੁਰਖ ਜੀ! (ਇਵੇਂ ਮੈਂ) ਸਾਂਹਸੀਆਂ ਵਾਲੀ (ਡਰਾਉਣੀ) ਸ਼ਕਲ ਵਿਚ (ਜੀਵਨ ਬਤੀਤ ਕਰ) ਰਿਹਾ ਹਾਂ।...

ਮੈ *(ਮੈਂ)*	**ਪਤਿ** *(ਪਤ)*	**ਕੀ**	**ਪੰਦਿ,** *(ਪੰਦ)*	**ਨ,** *(ਨਾਂ)*	**ਕਰਣੀ**	**ਕੀ**	**ਕਾਰ** ॥
ਮੈਂ	ਆਦਰ	ਦੀ	ਸਿਖਿਆ, ਨਸੀਹਤ	ਨਹੀਂ	ਕਰਮ	ਦੀ	ਕਰਨ ਯੋਗ ਕੰਮ

...ਮੈਂ ਨਾ ਹੀਂ ਆਦਰ ਸਤਿਕਾਰ ਵਾਲੀ ਕੋਈ ਸਿੱਖਿਆ (ਲਈ ਹੈ, ਅਤੇ) ਨਾ ਹੀਂ ਕਰਨ ਯੋਗ, (ਚੰਗਿਆਈਆਂ ਵਾਲੇ ਕੋਈ) ਕੰਮ ਕੀਤੇ ਹਨ।...

ਹਉ *(ਹਉਂ)*	**ਬਿਗੜੈ**	**ਰੂਪਿ,** *(ਰੂਪ)*	**ਰਹਾ** *(ਰਹਾਂ)*	**ਬਿਕਰਾਲ** ॥
ਮੈਂ	ਵਿਗੜੇ ਹੋਏ	ਸ਼ਕਲ ਵਿਚ	ਰਹਿੰਦਾ ਹਾਂ	ਭੈਦਾਇਕ, ਬਹੁਤ ਡਰਾਉਣੇ

ਅੰਕ ੨੪

...ਮੈਂ ਵਿਗੜੇ ਹੋਏ ਬਹੁਤ ਡਰਾਉਣੇ ਰੂਪ ਵਿਚ (ਜ਼ਿੰਦਗੀ ਬਿਤਾ) ਰਿਹਾ ਹਾਂ।...

ਤੇਰਾ	ਏਕੁ *(ਏਕ)*	ਨਾਮੁ, *(ਨਾਮ)*	ਤਾਰੇ	ਸੰਸਾਰੁ *(ਸੰਸਾਰ)* ॥
ਤੁਹਾਡਾ	ਇਕ	ਸਿਮਰਨ, ਬੰਦਗੀ	ਤਾਰ ਦਿੰਦਾ ਹੈ	ਜਗਤ

...(ਹੇ! ਵਾਹਿਗੁਰੂ ਜੀ! ਇਹੋ ਜਿਹੀ ਅਵਸਥਾ ਵਿਚ ਜਿਉਂਦਿਆਂ ਨੂੰ ਫਿਰ ਵੀ) ਤੇਰਾ ਇਕ ਸਿਮਰਨ, ਸੰਸਾਰ (ਦੇ ਭਵਸਾਗਰ ਤੋਂ) (ਪਾਰ) ਉਤਾਰ ਦਿੰਦਾ ਹੈ...

ਮੈ	ਏਹਾ	ਆਸ,	ਏਹੋ	ਆਧਾਰੁ *(ਆਧਾਰ)* ॥੧॥	ਰਹਾਉ ॥
ਮੇਰੀ	ਇਹੋ	ਉਮੀਦ	ਇਹੀ	ਆਸਰਾ	ਠਹਿਰਾਉ

...ਮੇਰੀ (ਵਿਕਾਰਾਂ ਨਾਲ ਭਰੀ ਭਿਆਨਕ ਜ਼ਿੰਦਗੀ ਦੀ) ਇਹੋ ਉਮੀਦ ਤੇ ਇਹੀ ਆਸਰਾ ਹੈ।...

ਮੁਖਿ, *(ਮੁੱਖ)*	ਨਿੰਦਾ,	ਆਖਾ, *(ਆਖਾਂ)*	ਦਿਨੁ *(ਦਿਨ)*	ਰਾਤਿ *(ਰਾਤ)* ॥
ਮੂੰਹ ਵਿਚੋਂ	ਨਿੰਦਿਆ	ਕਹਿੰਦਾ ਹਾਂ	ਦਿਵਸ	ਰਾਤ

...(ਮੇਰੇ ਜੀਵਨ ਦੀ ਹਾਲਤ ਇਹ ਹੈ ਕਿ ਮੈਂ) ਮੂੰਹ ਵਿਚੋਂ ਦਿਨ ਰਾਤ, ਭਾਵ ਹਰ ਵੇਲੇ ਨਿੰਦਿਆ ਕਰਦਾ ਰਹਿੰਦਾ ਹਾਂ।...

ਪਰ	ਘਰੁ *(ਘਰ)*	ਜੋਹੀ, *(ਜੋਹੀਂ)*	ਨੀਚ	ਸਨਾਤਿ *(ਸਨਾਤ)* ॥
ਪਰਾਇਆ	ਘਰ	(ਭੈੜੀ ਨੀਤ ਨਾਲ) ਤਾੜਦਾ ਹਾਂ	ਨੀਵਾਂ	ਛੋਟੀ ਜ਼ਾਤ

...(ਮੈਂ ਚੋਰੀ ਠੱਗੀ ਕਰਨ ਲਈ) ਨੀਚ ਜ਼ਾਤ (ਦੇ ਸਾਂਹਸੀਆਂ ਵਾਂਗ) ਪਰਾਏ ਘਰਾਂ ਨੂੰ ਤਾੜਦਾ ਰਹਿੰਦਾ ਹਾਂ।...

ਕਾਮੁ *(ਕਾਮ)*	ਕ੍ਰੋਧੁ, *(ਕ੍ਰੋਧ)*	ਤਨਿ *(ਤਨ)*	ਵਸਹਿ *(ਵਸਹਿਂ)*	ਚੰਡਾਲ ॥
ਭੋਗ ਇੱਛਾ	ਗੁੱਸਾ	ਸਰੀਰ ਵਿਚ	ਵਸਦੇ ਹਨ	ਦੁਸ਼ਟ

...ਦੁਸ਼ਟ ਕਾਮ ਅਤੇ ਕ੍ਰੋਧ (ਦੋਵੇਂ) ਚੰਡਾਲ, (ਮੇਰੇ) ਸਰੀਰ ਵਿਚ ਵਸਦੇ ਹਨ।...

ਧਾਣਕ	ਰੂਪਿ, *(ਰੂਪ)*	ਰਹਾ *(ਰਹਾਂ)*	ਕਰਤਾਰ ॥੨॥
ਸਾਂਹਸੀਆਂ	ਸ਼ਕਲ ਵਿਚ	ਰਹਿੰਦਾ ਹਾਂ	ਕਰਤਾ ਪੁਰਖ

...(ਹੇ!) ਕਰਤਾ ਪੁਰਖ ਜੀ! (ਇਵੇਂ ਮੈਂ) ਸਾਂਹਸੀਆਂ ਵਾਲੀ (ਡਰਾਉਣੀ) ਸ਼ਕਲ ਵਿਚ (ਜੀਵਨ ਬਤੀਤ ਕਰ) ਰਿਹਾ ਹਾਂ।...

ਅੰਕ ੨੪

ਫਾਹੀ	ਸੁਰਤਿ,*(ਸੁਰਤ)*	ਮਲੂਕੀ	ਵੇਸੁ*(ਵੇਸ)* ॥
ਫਸੀ ਹੋਈ	ਬਿਰਤੀ,ਸੋਚ	ਸ਼ਰੀਫਾਂ ਵਾਲਾ	ਪਹਿਰਾਵਾ

...(ਉਪਰੋਂ ਉਪਰੋਂ ਮੇਰਾ) ਪਹਿਰਾਵਾ ਤਾਂ ਸਾਊਆਂ ਵਾਲਾ ਹੈ, (ਪਰ ਮੇਰੀ) ਸੁਰਤੀ, (ਹਮੇਸ਼ਾਂ) ਲੋਕਾਂ ਨੂੰ ਠੱਗਣ ਵਿਚ ਉਲਝੀ ਰਹਿੰਦੀ ਹੈ।...

ਹਉ *(ਹਉਂ)*	ਠਗਵਾੜਾ,	ਠਗੀ,*(ਠਗੀਂ)*	ਦੇਸੁ,*(ਦੇਸ)* ॥
ਮੈਂ	ਠਗਣ ਵਾਲਾ	ਠਗਦਾ ਹਾਂ	ਦੇਸ਼, ਮੁਲਕ

...ਮੈਂ ਠੱਗਣ ਵਾਲਾ (ਠੱਗ ਹਾਂ ਅਤੇ ਸਾਰੇ) ਦੇਸ਼ ਨੂੰ ਠੱਗੀ ਜਾ ਰਿਹਾ ਹਾਂ।...

ਖਰਾ	ਸਿਆਣਾ,	ਬਹੁਤਾ	ਭਾਰੁ,*(ਭਾਰ)* ॥
ਬਹੁਤ	ਸਮਝਦਾਰ	ਜ਼ਿਆਦਾ	ਬੋਝ

...(ਜਿਉਂ ਜਿਉਂ ਮੈਂ ਚਤੁਰਾਈਆਂ ਨਾਲ) ਸਿਆਣਾ (ਬਣਨ ਦੀ ਕੋਸ਼ਿਸ਼ ਕਰਦਾ ਹਾਂ ਤਿਉਂ ਤਿਉਂ ਮੇਰੇ ਸਿਰ ਉਪਰ ਠੱਗੀਆਂ ਦਾ) ਜ਼ਿਆਦਾ ਬੋਝ (ਹੁੰਦਾ ਜਾਂਦਾ ਹੈ।)...

ਧਾਣਕ	ਰੂਪਿ*(ਰੂਪ)*	ਰਹਾ*(ਰਹਾਂ)*	ਕਰਤਾਰ ॥੩॥
ਸਾਂਹਸੀਆਂ	ਸ਼ਕਲ ਵਿਚ	ਰਹਿੰਦਾ ਹਾਂ	ਕਰਤਾ ਪੁਰਖ

...(ਹੇ!) ਕਰਤਾ ਪੁਰਖ ਜੀ! (ਇਵੇਂ ਮੈਂ) ਸਾਂਹਸੀਆਂ ਵਾਲੀ (ਡਰਾਉਣੀ) ਸ਼ਕਲ ਵਿਚ (ਜੀਵਨ ਬਤੀਤ ਕਰ) ਰਿਹਾ ਹਾਂ।...

ਮੈ*(ਮੈਂ)*	ਕੀਤਾ	ਨ*(ਨਾਂ)*	ਜਾਤਾ,	ਹਰਾਮਖੋਰੁ,*(ਹਰਾਮਖੋਰ)* ॥
ਆਪਣਾ ਆਪ	ਕਰਿਆ ਹੋਇਆ	ਨਹੀਂ	ਜਾਣਿਆਂ	ਨਮਕ ਹਰਾਮ,ਅਕ੍ਰਿਤਘਣ

...(ਹੇ! ਵਾਹਿਗੁਰੂ!) ਮੈਂ ਹਰਾਮਖ਼ੋਰ ਨੇ (ਤੇਰੇ) ਕੀਤੇ ਹੋਏ (ਉਪਕਾਰਾਂ ਨੂੰ) ਨਹੀਂ ਜਾਣਿਆਂ...

ਹਉ*(ਹਉਂ)*	ਕਿਆ	ਮੁਹੁ*(ਮੂੰਹ)*	ਦੇਸਾ,*(ਦੇਸਾਂ)*	ਦੁਸਟੁ*(ਦੁਸ਼ਟ)*	ਚੋਰੁ*(ਚੋਰ)* ॥
ਮੈਂ	ਕੀ	ਮੂੰਹ	ਦਵਾਂਗਾ	ਚੰਡਾਲ	ਤਸਕਰ

...ਮੈਂ ਚੰਡਾਲ ਅਤੇ ਚੋਰੀਆਂ ਕਰਨ ਵਾਲਾ (ਰੱਬੀ ਦਰਗਾਹੇ ਜਾਕੇ) ਕੀ ਮੂੰਹ ਦਿਖਾਵਾਂਗਾ?...

ਨਾਨਕੁ*(ਨਾਨਕ)*	ਨੀਚੁ,*(ਨੀਚ)*	ਕਹੈ	ਬੀਚਾਰੁ*(ਬੀਚਾਰ)* ॥
ਨਾਨਕ (ਸਤਿਗੁਰੂ)	ਨੀਵਾਂ	ਆਖਦਾ ਹੈ	ਵਿਚਾਰ

ਅੰਕ ੨੪-੨੫

...(ਹੇ! ਸਾਹਿਬ ਜੀਓ! ਮੈਂ) ਨੀਚ ਨਾਨਕ ਇਹ ਵਿਚਾਰ (ਪ੍ਰਗਟ ਕਰਦਾ ਹਾਂ ਕਿ)...

ਧਾਣਕ	**ਰੂਪਿ***(ਰੂਪ)*	**ਰਹਾ***(ਰਹਾਂ)*	**ਕਰਤਾਰ ॥੪॥੨੯॥**
ਸਾਂਹਸੀਆਂ	ਸ਼ਕਲ ਵਿਚ	ਰਹਿੰਦਾ ਹਾਂ	ਕਰਤਾ ਪੁਰਖ

...(ਮੈਂ) ਸਾਂਹਸੀਆਂ ਵਾਲੀ (ਡਰਾਉਣੀ) ਸ਼ਕਲ ਵਿਚ (ਜੀਵਨ ਬਤੀਤ ਕਰ) ਰਿਹਾ ਹਾਂ। (ਪਰ ਮੇਰੀ ਵਿਕਾਰਾਂ ਨਾਲ ਭਰੀ ਭਿਆਨਕ ਜ਼ਿੰਦਗੀ ਦੀ ਇਹੋ ਉਮੀਦ ਤੇ ਇਹੀ ਆਸਰਾ ਹੈ, ਕਿ ਇਹੋ ਜਿਹੀ ਅਵਸਥਾ ਵਿਚ ਜਿਊਂਦਿਆਂ ਨੂੰ, ਫਿਰ ਵੀ ਤੇਰਾ ਇਕ ਸਿਮਰਨ ਸੰਸਾਰ ਦੇ ਭਵਸਾਗਰ ਤੋਂ ਪਾਰ-ਉਤਾਰ ਦਿੰਦਾ ਹੈ)।

ਸਿਰੀਰਾਗੁ,*(ਸਿਰੀਰਾਗ)*	**ਮਹਲਾ***(ਮਹਿਲਾ)*	**੧,***(ਪਹਿਲਾ)*	**ਘਰੁ** *(ਘਰ)*	**੪***(ਚੌਥਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਚੌਥਾ

ਏਕਾ	**ਸੁਰਤਿ,***(ਸੁਰਤ)*	**ਜੇਤੇ**	**ਹੈ***(ਹੈਂ)*	**ਜੀਅ ॥**
ਇਕੋ	ਸੂਝ,ਸਮਝ	ਜਿਤਨੇ ਵੀ	ਹਨ	ਜੀਵ

(ਪਰਮਾਤਮਾ ਦੇ ਪੈਦਾ ਕੀਤੇ ਹੋਏ) ਜਿਤਨੇ ਵੀ ਜੀਵ (ਇਸ ਸੰਸਾਰ ਵਿਚ ਹਨ, ਸਭਨਾਂ ਵਿਚ) ਇਕੋ ਹੀ ਸੂਝ-ਬੂਝ ਕੰਮ ਕਰ ਰਹੀ ਹੈ।...

ਸੁਰਤਿ*(ਸੁਰਤ)*	**ਵਿਹੂਣਾ,**	**ਕੋਇ**	**ਨ***(ਨਾਂ)*	**ਕੀਅ ॥**
ਸਮਝ	ਬਿਨਾਂ	ਕੋਈ	ਨਹੀਂ	(ਪੈਦਾ) ਕੀਤਾ

...(ਵਾਹਿਗੁਰੂ ਨੇ) ਸੂਝ-ਬੂਝ ਤੋਂ ਬਿਨਾਂ ਕੋਈ ਵੀ (ਜੀਵ, ਜਗਤ ਵਿਚ) ਪੈਦਾ ਨਹੀਂ ਕੀਤਾ।...

ਜੇਹੀ	**ਸੁਰਤਿ,***(ਸੁਰਤ)*	**ਤੇਹਾ**	**ਤਿਨ**	**ਰਾਹੁ***(ਰਾਹ)* **॥**
ਜਿਹੋ ਜਿਹੀ	ਸਮਝ	ਤਿਵੇਂ ਦਾ	ਉਨ੍ਹਾਂ ਨੂੰ	ਰਸਤਾ,ਮਾਰਗ

...ਜਿਹੋ ਜਿਹੀ ਸਮਝ (ਪਰਮਾਤਮਾ ਬਖਸ਼ਦਾ ਹੈ), ਉਸੇ ਤਰ੍ਹਾਂ ਦਾ ਉਨ੍ਹਾਂ (ਜੀਵਾਂ) ਨੂੰ (ਜੀਵਨ) ਮਾਰਗ ਮਿਲ ਜਾਂਦਾ ਹੈ।...

ਲੇਖਾ	**ਇਕੋ,**	**ਆਵਹੁ**	**ਜਾਹੁ ॥੧॥**
ਹਿਸਾਬ ਕਿਤਾਬ	ਇਕ ਹੀ	ਆਉਂਦੇ ਹਨ	ਚਲੇ ਜਾਂਦੇ ਹਨ

...(ਪਰਮਾਤਮਾ ਦੀ ਬਣਾਈ ਮਰਿਯਾਦਾ ਅਨੁਸਾਰ, ਜੀਵ ਇਸ ਸੰਸਾਰ ਵਿਚ) ਆਉਂਦੇ ਹਨ, ਅਤੇ ਚਲੇ ਜਾਂਦੇ ਹਨ, (ਇਸ ਮਰਿਯਾਦਾ ਦਾ) ਹਿਸਾਬ ਕਿਤਾਬ, ਇਕ (ਪਰਮਾਤਮਾ ਹੀ ਰਖਦਾ ਹੈ।)...

ਅੰਕ ੨੫

ਕਾਹੇ	ਜੀਅ,	ਕਰਹਿ *(ਕਰਹਿਂ)*	ਚਤੁਰਾਈ ॥
ਕਿਉਂ, ਕਾਹਤੇ	ਜੀਵ	ਕਰਦੇ ਹਨ	ਚਲਾਕੀਆਂ

...(ਜਦ ਸਭ ਕੁਝ ਰੱਬੀ ਮਰਿਯਾਦਾ ਵਿਚ ਹੀ ਹੋਣਾ ਹੈ, ਫਿਰ) ਜੀਵ ਚੁਸਤੀਆਂ-ਚਲਾਕੀਆਂ ਕਿਉਂ ਕਰਦੇ ਹਨ?...

ਲੇਵੈ	ਦੇਵੈ,	ਢਿਲ	ਨ *(ਨਾਂ)*	ਪਾਈ ॥੧॥	ਰਹਾਉ ॥
ਲੈਂਦਾ ਹੈ	ਦੇਂਦਾ ਹੈ	ਦੇਰੀ	ਨਹੀਂ	ਪਾਉਂਦਾ	ਠਹਿਰਾਉ

...(ਵਾਹਿਗੁਰੂ ਜ਼ਿੰਦਗੀ ਅਤੇ ਸੋਝੀ) ਦੇਂਦਾ ਵੀ ਹੈ, ਤੇ ਲੈ ਵੀ ਲੈਂਦਾ ਹੈ, (ਇਸ ਵਿਚ ਰਤਾ ਮਾਤਰ ਵੀ ਉਹ) ਦੇਰੀ ਨਹੀਂ ਕਰਦਾ।...

ਤੇਰੇ	ਜੀਅ,	ਜੀਆ *(ਜੀਆਂ)*	ਕਾ	ਤੋਹਿ *(ਤੋਹ)* ॥
ਤੁਹਾਡੇ	ਜੀਵ	ਜੀਵਾਂ	ਦਾ	ਤੂੰ(ਪਰਮਾਤਮਾ)

...(ਹੇ! ਪਰਮਾਤਮਾ!) ਤੂੰ (ਸੰਸਾਰ ਦੇ ਸਭਨਾਂ) ਜੀਵਾਂ ਦਾ (ਪ੍ਰਤਿਪਾਲਕ) ਹੈਂ ਅਤੇ (ਸਾਰੇ) ਜੀਵ ਤੇਰੇ (ਹੀ ਉਪਾਏ ਹੋਏ) ਹਨ...

ਕਿਤ	ਕਉ	ਸਾਹਿਬ,	ਆਵਹਿ *(ਆਵਹਿਂ)*	ਰੋਹਿ *(ਰੋਹ)*॥
ਕਿਸ	ਕਰਕੇ	ਵਾਹਿਗੁਰੂ ਜੀ	ਆਉਂਦਾ ਹੈ	ਗੁੱਸੇ ਵਿਚ

...(ਫਿਰ) ਸਾਹਿਬਾ! (ਤੂੰ) ਗੁੱਸੇ ਵਿਚ ਕਿਸ ਕਰਕੇ ਆ ਜਾਂਦਾ ਹੈਂ?...

ਜੇ	ਤੂ, *(ਤੂੰ)*	ਸਾਹਿਬ,	ਆਵਹਿ *(ਆਵਹਿਂ)*	ਰੋਹਿ *(ਰੋਹ)* ॥
ਜੇਕਰ	ਤੂੰ	ਵਾਹਿਗੁਰੂ ਜੀ	ਆਵੇਂਗਾ	ਗੁੱਸੇ ਵਿਚ

...(ਹੇ! ਮੇਰੇ) ਸਾਹਿਬ ਜੀ, ਜੇਕਰ ਤੂੰ ਗੁੱਸੇ ਵਿਚ ਆ ਵੀ ਜਾਵੇਂਗਾ...

ਤੂ *(ਤੂੰ)*	ਓਨਾ *(ਓਨ੍ਹਾਂ)*	ਕਾ,	ਤੇਰੇ	ਓਹਿ *(ਓਹ)* ॥੨॥
ਤੂੰ	ਉਨ੍ਹਾਂ	ਦਾ	ਤੁਹਾਡੇ	ਉਹ

...(ਫਿਰ ਵੀ) ਤੂੰ ਉਨ੍ਹਾਂ (ਜੀਵਾਂ) ਦਾ (ਪ੍ਰਤਿਪਾਲਕ ਰੂਪ ਪਿਤਾ ਹੀ ਰਹਿਣਾ ਹੈ ਅਤੇ) ਉਨ੍ਹਾਂ ਨੇ ਤੇਰੇ (ਬਾਲਕ ਰਹਿਣਾ ਹੈ)...

ਅਸੀ *(ਅਸੀਂ)*	ਬੋਲ ਵਿਗਾੜ,	ਵਿਗਾੜਹ *(ਵਿਗਾੜਹਿਂ)*	ਬੋਲ ॥
ਮੈਂ ਦਾ ਬਹੁਵਚਨ	ਬੜਬੋਲੇ	ਵਿਗਾੜਦੇ ਹਾਂ	ਬੋਲਕੇ

ਅੰਕ ੨੫

...(ਹੇ! ਵਾਹਿਗੁਰੂ!) ਅਸੀਂ ਬੜਬੋਲੇ (ਹੰਕਾਰ ਭਰੇ ਕੁਬੋਲ) ਬੋਲਕੇ, ਵਿਗਾੜ/ਖ਼ਰਾਬੀ ਪੈਦਾ ਕਰ ਲੈਂਦੇ ਹਾਂ...

ਤੂ*(ਤੂੰ)*	ਨਦਰੀ	ਅੰਦਰਿ, *(ਅੰਦਰ)*	ਤੋਲਹਿ *(ਤੋਲਹਿੰ)*	ਤੋਲ ॥
ਤੂੰ(ਪ੍ਰਭੂ)	ਕ੍ਰਿਪਾ ਦ੍ਰਿਸ਼ਟੀ	ਵਿਚ	ਤੋਲਦਾ ਹੈ	ਵਜ਼ਨ

...(ਪਰ ਫਿਰ ਵੀ ਪਿਤਾ ਸਮਾਨ) ਤੂੰ (ਸਾਡੇ ਬੋਲਵਿਗਾੜ ਬੱਚਿਆਂ ਦੇ ਕੁਬੋਲਾਂ ਦੇ) ਤੋਲ (ਨੂੰ ਆਪਣੀ) ਕ੍ਰਿਪਾ-ਦ੍ਰਿਸ਼ਟੀ ਅੰਦਰ ਹੀ ਤੋਲਦਾ ਹੈਂ। (ਭਾਵ ਉਨ੍ਹਾਂ ਦਾ ਹਿਸਾਬ-ਕਿਤਾਬ ਕਰਦਾ ਹੈਂ)...

ਜਹ *(ਜਹਿੰ)*	ਕਰਣੀ,	ਤਹ *(ਤਹਿੰ)*	ਪੂਰੀ	ਮਤਿ *(ਮਤ)* ॥
ਜਿਥੇ	(ਚੰਗੇ ਅਮਲਾਂ ਦਾ) ਆਚਰਣ	ਉੱਥੇ	ਪੂਰਨ	ਸੋਝੀ,ਸਿਆਣਪ

...ਜਿਥੇ ਚੰਗੇ ਅਮਲਾਂ ਵਾਲਾ ਆਚਰਣ ਹੈ, ਉਥੇ (ਸਮਝੋ ਕਿ) ਪੂਰਨ ਸਿਆਣਪ ਹੈ।...

ਕਰਣੀ	ਬਾਝਹੁ, *(ਬਾਝਹੁੰ)*	ਘਟੇ	ਘਟਿ *(ਘੱਟ)* ॥੩॥
(ਚੰਗੇ ਅਮਲਾਂ ਵਾਲੇ)	ਆਚਰਣ ਬਗੈਰ	ਘਟਦੀ	ਘਟਦਾ

...ਚੰਗੇ ਅਮਲਾਂ ਵਾਲੀ ਕਰਣੀ ਬਗੈਰ, (ਮਨੁੱਖੀ ਬੁੱਧੀ) ਘੱਟਦੀ ਹੈ, (ਅਤੇ ਇਹ ਦਿਨ ਪ੍ਰਤੀ ਦਿਨ ਹੋਰ) ਘੱਟਦੀ (ਜਾਂਦੀ ਹੈ)...

ਪ੍ਰਣਵਤਿ *(ਪ੍ਰਣਵਤ)*	ਨਾਨਕ,	ਗਿਆਨੀ	ਕੈਸਾ	ਹੋਇ॥
ਬੇਨਤੀ ਕਰਦਾ ਹੈ	(ਸਤਿਗੁਰੂ)ਨਾਨਕ	ਸੂਝਵਾਨ	ਕਿਵੇਂ ਦਾ	ਹੋਵੇ

...ਨਾਨਕ (ਸਤਿਕਾਰ ਸਹਿਤ) ਬੇਨਤੀ ਕਰਦਾ ਹੈ, ਕਿ ਗਿਆਨੀ ਕਿਸ ਤਰ੍ਹਾਂ ਦਾ ਹੋਵੇ?

ਆਪੁ *(ਆਪ)*	ਪਛਾਣੈ,	ਬੂਝੈ	ਸੋਇ॥
ਆਪਣੇ(ਨਿੱਜ ਸਰੂਪ ਨੂੰ)	ਪਹਿਚਾਣ ਲਵੇ	ਬੁੱਝ ਲਏਗਾ	ਉਸ(ਪ੍ਰਭੂ) ਨੂੰ

...(ਜਿਹੜਾ ਧਰਮ-ਸਾਧਕ) ਆਪ ਨੂੰ ਭਾਵ ਆਪਣੇ (ਨਿੱਜ ਸਰੂਪ ਨੂੰ) ਪਹਿਚਾਣ ਲਵੇਗਾ, ਉਹ ਹੀ ਉਸ ਪਰਮਾਤਮਾ ਨੂੰ ਵੀ ਸਮਝ ਲਏਗਾ।...

ਗੁਰ	ਪਰਸਾਦਿ, *(ਪਰਸਾਦ)*	ਕਰੇ	ਬੀਚਾਰੁ *(ਬੀਚਾਰ)* ॥
ਸਤਿਗੁਰੂ	ਕਿਰਪਾ ਦੁਆਰਾ	ਕਰਦਾ	ਵਿਚਾਰ

...(ਜੋ) ਸਤਿਗੁਰੂ ਦੀ ਕਿਰਪਾ ਦੁਆਰਾ (ਰੱਬੀ) ਵਿਚਾਰ ਕਰਦਾ ਹੈ...

ਅੰਕ ੨੫

ਸੋ	ਗਿਆਨੀ,	ਦਰਗਹ *(ਦਰਗਹਿ)*	ਪਰਵਾਣੁ *(ਪਰਵਾਣ)* ॥੪॥੩੦॥
ਉਹ	ਗਿਆਨਵਾਨ	(ਰੱਬੀ) ਦਰਗਾਹ ਵਿਚ	ਕਬੂਲ

...ਉਹ ਗਿਆਨਵਾਨ (ਵਾਹਿਗੁਰੂ ਦੀ) ਦਰਗਾਹ ਤੇ ਕਬੂਲ ਹੋ ਜਾਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧,** *(ਪਹਿਲਾ)*	**ਘਰੁ** *(ਘਰ)*	**੪** *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਚੌਥਾ

ਤੂ *(ਤੂੰ)*	ਦਰੀਆਉ,	ਦਾਨਾ	ਬੀਨਾ,
ਤੂੰ	ਦਰਿਆ	ਜਾਨਣ ਵਾਲਾ	ਦੇਖਣ ਵਾਲਾ

ਮੈ *(ਮੈਂ)*	ਮਛੁਲੀ,	ਕੈਸੇ	ਅੰਤੁ *(ਅੰਤ)*	ਲਹਾ *(ਲਹਾਂ)* ॥
ਮੈਂ	ਮੱਛੀ	ਕਿਵੇਂ	ਅਖ਼ੀਰ	ਲਭਾਂ

(ਹੇ! ਕਰਤਾ ਪੁਰਖ!) ਤੂੰ (ਮਹਾਨ) ਦਰਿਆ ਦੇ ਸਮਾਨ ਹੈਂ, ਅਤੇ ਮੈਂ (ਉਸ ਵਿਚ ਇਕ ਨਿੱਕੀ ਜਿਹੀ) ਮੱਛੀ ਵਾਂਗ ਹਾਂ,(ਦਰਿਆ ਵਿਚ) ਦੇਖਣ, ਜਾਨਣ ਵਾਲਾ (ਭਾਵ ਸਾਂਭ ਸੰਭਾਲ ਕਰਨ) ਵਾਲਾ ਤਾਂ ਤੂੰ (ਆਪ) ਹੀ ਹੈਂ। ਮੈਂ (ਇਸ ਡੂੰਘੇ) ਦਰਿਆ ਦਾ ਅੰਤ ਕਿਵੇਂ ਲੱਭ ਸਕਦੀ ਹਾਂ।...

ਜਹ *(ਜਹਿਂ)*	ਜਹ *(ਜਹਿਂ)*	ਦੇਖਾ, *(ਦੇਖਾਂ)*	ਤਹ *(ਤਹਿਂ)*	ਤਹ *(ਤਹਿਂ)*	ਤੂ *(ਤੂੰ)*	ਹੈ, *(ਹੈਂ)*
ਜਿਥੇ	ਜਿਥੇ	ਵੇਖਦੀ ਹਾਂ	ਉਥੇ	ਉਥੇ	ਤੂੰ	ਹੈਂ

ਤੁਝ	ਤੇ	ਨਿਕਸੀ,	ਫੂਟਿ *(ਫੂਟ)*	ਮਰਾ *(ਮਰਾਂ)* ॥੧॥
ਤੇਰੇ	ਵਿਚੋਂ	ਨਿਕਲ ਕੇ	ਫੁੱਟ ਕੇ, ਤੜਫ਼ ਕੇ	ਮਰ ਜਾਂਦੀ ਹਾਂ

...ਮੈਂ ਜਿਥੇ ਜਿਥੇ ਵੀ ਵੇਖਦੀ ਹਾਂ, ਉੱਥੇ ਉੱਥੇ (ਦਰਿਆ ਦੀ ਵਿਸ਼ਾਲਤਾ ਵਾਂਗ) ਤੂੰ ਹੀਂ ਤੂੰ ਨਜ਼ਰ ਆਉਂਦਾ ਹੈ, ਤੇਰੇ ਵਿਚੋਂ ਨਿਕਲਕੇ, ਭਾਵ ਵਿਛੜ ਕੇ ਮੈਂ ਫੁੱਟ ਮਰਦੀ ਹਾਂ।...

ਨ *(ਨਾਂ)*	ਜਾਣਾ	ਮੇਉ,	ਨ *(ਨਾਂ)*	ਜਾਣਾ	ਜਾਲੀ ॥
ਨਹੀਂ	ਜਾਣਦੀ	ਮਲਾਹ, ਝੀਵਰ	ਨਾ ਹੀਂ	ਜਾਣਦੀ	(ਛੋਟਾ) ਜਾਲ

...(ਮੈਂ) ਨਾ ਮੱਛੀਆਂ ਫੜਨ ਵਾਲੇ ਨੂੰ ਜਾਣਦੀ ਹਾਂ ਅਤੇ ਨਾ ਹੀ ਮੈਨੂੰ (ਉਸਦੇ) ਜਾਲ ਆਦਿਕ ਦੀ ਕੋਈ ਜਾਣਕਾਰੀ ਹੈ...

ਜਾ *(ਜਾਂ)*	ਦੁਖੁ *(ਦੁੱਖ)*	ਲਾਗੈ,	ਤਾ *(ਤਾਂ)*	ਤੁਝੈ	ਸਮਾਲੀ *(ਸੰਮ੍ਹਾਲੀਂ)* ॥੧॥	ਰਹਾਉ॥
ਜਦੋਂ	ਤਕਲੀਫ਼, ਕਸ਼ਟ	ਲਗਦਾ ਹੈ	ਤਾਂ	ਤੈਨੂੰ	ਯਾਦ ਕਰਦੀ ਹਾਂ	ਠਹਿਰਾਉ

ਅੰਕ ੨੫

...(ਬਸ) ਜਦੋਂ ਕੋਈ ਦੁੱਖ ਆਉਂਦਾ ਹੈ ਤਾਂ (ਸਿਰਫ਼) ਤੈਨੂੰ ਹੀ ਯਾਦ ਕਰਦੀ ਹਾਂ।...

ਤੂ *(ਤੂੰ)*	ਭਰਪੂਰਿ, *(ਭਰਪੂਰ)*	ਜਾਨਿਆ *(ਜਾਨਿਆਂ)*	ਮੈ *(ਮੈਂ)*	ਦੂਰਿ *(ਦੂਰ)* ॥
ਤੁਸੀਂ	ਵਿਆਪਕ, ਮੌਜੂਦ	ਜਾਣਿਆਂ, ਸਮਝਿਆ	ਮੈਂ	ਦੂਰ, ਫ਼ਾਸਲੇ ਤੇ

...(ਹੇ! ਵਾਹਿਗੁਰੂ! ਤੂੰ ਤਾਂ ਸਭ ਜਗਤ ਵਿਚ ਹਰ ਥਾਂ) ਵਿਆਪਕ ਹੈਂ, (ਪਰ) ਮੈਂ (ਆਪਣੀ ਬੇਸਮਝੀ ਦੇ ਪਰਦੇ ਕਰਕੇ ਤੈਨੂੰ) ਦੂਰੀ ਤੇ ਸਮਝਿਆ ਹੋਇਆ ਹੈ...

ਜੋ	ਕਛੁ *(ਕਛ)*	ਕਰੀ, *(ਕਰੀਂ)*	ਸੁ	ਤੇਰੈ	ਹਦੂਰਿ *(ਹਦੂਰ)* ॥
ਜਿਹੜਾ	ਕੁਝ	ਕਰਦੀ ਹਾਂ	ਉਹ	ਤੇਰੀ	ਹਜ਼ੂਰੀ ਵਿਚ

...(ਭਾਵੇਂ ਨਾਸਮਝੀ ਕਰਕੇ, ਮੈਂ ਤੈਨੂੰ ਦੂਰ ਹੀ ਸਮਝਿਆ ਹੋਇਆ ਹੈ, ਪਰ ਅਸਲ ਵਿਚ ਤਾਂ ਮੈਂ) ਜੋ ਕੁਝ ਵੀ ਕਰਦੀ ਹਾਂ, ਉਹ ਤੇਰੀ ਹਜ਼ੂਰੀ ਵਿਚ ਹੀ ਹੁੰਦਾ ਹੈ।...

ਤੂ *(ਤੂੰ)*	ਦੇਖਹਿ *(ਦੇਖਹਿਂ)*	ਹਉ *(ਹਉਂ)*	ਮੁਕਰਿ *(ਮੁਕਰ)*	ਪਾਉ *(ਪਾਉਂ)* ॥
ਤੂੰ	ਵੇਖਦਾ ਹੈ	ਮੈਂ	ਮੁਨਕਰ,ਇਨਕਾਰੀ	ਪੈਂਦੀ ਹਾਂ

...(ਮੈਂ ਜੋ ਕੁਝ ਵੀ ਮਾੜੇ ਕਰਮ ਕਰਦੀ ਹਾਂ) ਤੂੰ ਤਾਂ ਵੇਖਦਾ ਹੀ ਹੈਂ, (ਪਰ) ਮੈਂ ਫੇਰ ਵੀ ਮੁਕਰ ਹੀ ਜਾਂਦੀ ਹਾਂ।...

ਤੇਰੈ	ਕੰਮਿ, *(ਕੰਮ)*	ਨ *(ਨਾਂ)*	ਤੇਰੈ	ਨਾਇ *(ਨਾਇਂ)* ॥੨॥
ਤੁਹਾਡੇ	ਕਰਮਾਂ ਵਿਚ	ਨਾ ਹੀਂ	ਤੁਹਾਡੇ	ਨਾਮ ਵਿਚ

...(ਅਸਲ ਵਿਚ) ਨਾ ਮੈਂ ਤੇਰੇ (ਵਲੋਂ ਪਰਵਾਨਿਤ) ਕਰਮਾਂ ਨੂੰ ਕਰਦੀ ਹਾਂ, ਅਤੇ ਨਾ ਹੀਂ ਤੇਰੇ ਨਾਮ-ਸਿਮਰਨ ਵਿਚ ਹੀ ਜੁੜਦੀ ਹਾਂ।...

ਜੇਤਾ	ਦੇਹਿ, *(ਦੇਂਹ)*	ਤੇਤਾ	ਹਉ *(ਹਉਂ)*	ਖਾਉ *(ਖਾਉਂ)* ॥
ਜਿਤਨਾ	ਦਿੰਦਾ ਹੈਂ	ਉਤਨਾ ਹੀ	ਮੈਂ	ਖਾਂਦਾ ਹਾਂ

...(ਫਿਰ ਵੀ ਹੇ! ਪ੍ਰਭੂ!) ਜਿਤਨਾ (ਕੁਝ ਤੂੰ ਮੈਨੂੰ) ਦਿੰਦਾ ਹੈਂ, ਉਤਨਾ ਹੀ ਮੈਂ ਖਾ ਲੈਂਦੀ ਹਾਂ।...

ਬਿਆ	ਦਰੁ *(ਦਰ)*	ਨਾਹੀ, *(ਨਾਹੀਂ)*	ਕੈ *(ਕੈਂ)*	ਦਰਿ *(ਦਰ)*	ਜਾਉ *(ਜਾਉਂ)* ॥
ਦੂਸਰਾ	ਦਰਵਾਜ਼ਾ	ਨਹੀਂ	ਜਿਹੜੇ	ਦਰਵਾਜ਼ੇ ਤੇ	ਜਾਵਾਂ

ਅੰਕ ੨੫

...(ਭਾਵੇਂ ਮੈਂ ਪਰਵਾਨਿਤ ਕਰਮ ਨਹੀਂ ਕਰਦੀ, ਅਤੇ ਨਾਮ ਸਿਮਰਨ ਵਿਚ ਵੀ ਨਹੀਂ ਜੁੜਦੀ, ਪਰ ਮੈਂ ਕੀ ਕਰਾਂ ਵਾਹਿਗੁਰੂ ਜੀ! ਸਿਵਾਇ ਤੁਹਾਡੇ ਮੇਰੇ ਲਈ ਹੋਰ ਕੋਈ) ਦੂਸਰਾ ਟਿਕਾਣਾ ਵੀ ਤਾਂ ਨਹੀਂ ਹੈ, ਜਿਹੜੇ ਟਿਕਾਣੇ ਤੇ ਮੈਂ ਜਾਵਾਂ।...

ਨਾਨਕੁ, *(ਨਾਨਕ)*	**ਏਕ**	**ਕਹੈ**	**ਅਰਦਾਸਿ** *(ਅਰਦਾਸ)* ॥
ਨਾਨਕ (ਸਤਿਗੁਰੂ)	ਇਕ	ਕਹਿੰਦਾ ਹੈ	ਬੇਨਤੀ, ਜੋਦੜੀ

...(ਹੇ! ਪ੍ਰਭੂ!) ਨਾਨਕ ਇਕ ਹੀ ਅਰਦਾਸ ਬੇਨਤੀ ਕਰਦਾ ਹੈ ਕਿ...

ਜੀਉ	**ਪਿੰਡੁ** *(ਪਿੰਡ)*	**ਸਭੁ,** *(ਸਭ)*	**ਤੇਰੈ**	**ਪਾਸਿ** *(ਪਾਸ)* ॥੩॥
ਜ਼ਿੰਦਗੀ, ਪ੍ਰਾਣ	ਸਰੀਰ	ਸਾਰਾ ਕੁਝ	ਤੁਹਾਡੇ	ਹਵਾਲੇ, ਸਮਰਪਿਤ

...ਮੇਰੀ ਜ਼ਿੰਦਗੀ ਤੇ ਸਰੀਰ ਸਭ ਕੁਝ ਤੁਹਾਡੇ ਹਵਾਲੇ ਹੈ।...

ਆਪੇ	**ਨੇੜੈ,**	**ਦੂਰਿ** *(ਦੂਰ)*	**ਆਪੇ**	**ਹੀ,**
ਆਪ ਹੀ	ਨਜ਼ਦੀਕ	ਫ਼ਾਸਲੇ ਤੇ	ਆਪ	ਕੇਵਲ

ਆਪੇ	**ਮੰਝਿ** *(ਮੰਝ)*	**ਮਿਆਨੋੁ** *(ਮਿਆਨੋ)* ॥
ਆਪ ਹੀ	ਵਿਚ	ਵਿਚਕਾਰ, ਦਰਮਿਆਨ

...(ਪ੍ਰਭੂ! ਤੂੰ) ਆਪ ਹੀ ਸਭ ਦੇ ਨਜ਼ਦੀਕ ਹੈਂ, ਆਪ ਹੀ ਸਭ ਤੋਂ ਦੂਰ ਹੈਂ, ਆਪ ਹੀ ਸਭ ਦੇ ਅੰਦਰ ਹੈਂ, ਅਤੇ ਆਪ ਹੀ ਵਿਚਕਾਰ ਵੀ ਹੈਂ।...

ਆਪੇ	**ਵੇਖੈ,**	**ਸੁਣੇ**	**ਆਪੇ**	**ਹੀ,**
ਆਪ ਹੀ	ਵੇਖਦਾ ਹੈਂ	ਸੁਣਦਾ	ਆਪ	ਸਿਰਫ਼

ਕੁਦਰਤਿ *(ਕੁਦਰਤ)*	**ਕਰੇ**	**ਜਹਾਨੋੁ** *(ਜਹਾਨੋ)* ॥
ਸ਼ਕਤੀ ਰਾਹੀਂ	ਕਰਦਾ	ਜਹਾਨ ਨੂੰ, ਜਗਤ ਨੂੰ

...(ਪ੍ਰਭੂ ਆਪ ਹੀ ਆਪਣੀ) ਸ਼ਕਤੀ ਦੁਆਰਾ ਜਹਾਨ ਨੂੰ ਬਣਾਉਂਦਾ ਹੈ, ਅਤੇ ਫਿਰ ਆਪ ਹੀ (ਉਨ੍ਹਾਂ ਨੂੰ) ਵੇਖਦਾ, ਭਾਵ ਸਾਂਭ ਸੰਭਾਲ ਕਰਦਾ ਹੈ, ਅਤੇ ਆਪ ਹੀ (ਉਨ੍ਹਾਂ ਦੇ ਦੁੱਖਾਂ ਸੁੱਖਾਂ ਨੂੰ ਵੀ) ਸੁਣਦਾ ਹੈ।...

ਜੋ	**ਤਿਸੁ** *(ਤਿਸ)*	**ਭਾਵੈ**	**ਨਾਨਕਾ,**
ਜਿਹੜਾ	ਉਸਨੂੰ	ਭਾਉਂਦਾ,ਚੰਗਾ ਲਗਦਾ	ਹੇ! ਨਾਨਕ!

ਅੰਕ ੨੫

ਹੁਕਮੁ *(ਹੁਕਮ)*	ਸੋਈ	ਪਰਵਾਨੁ *(ਪਰਵਾਨੋ)* ॥੪॥੩੧॥
ਆਗਿਆ	ਉਹੋ ਹੀ	ਕਬੂਲ, ਮੰਨਣਾ

...ਹੇ! ਨਾਨਕ! ਜੋ ਕੁਝ ਪਰਮਾਤਮਾ ਨੂੰ ਚੰਗਾ ਲਗਦਾ ਹੈ, ਉਹੋ ਹੀ, ਹੁਕਮ (ਜਾਣਕੇ ਸਭ ਨੂੰ) ਪਰਵਾਨ ਕਰਨਾ ਪੈਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧, *(ਪਹਿਲਾ)*	ਘਰੁ *(ਘਰ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਚੌਥਾ

ਕੀਤਾ,	ਕਹਾ *(ਕਹਾਂ)*	ਕਰੇ,	ਮਨਿ *(ਮਨ)*	ਮਾਨੁ *(ਮਾਨ)* ॥
ਕਰਿਆ ਹੋਇਆ	ਕਿਥੇ, ਕੀ	ਕਰ ਲਵੇ	ਚਿੱਤ ਵਿਚ	ਮਾਣ, ਮੇਰ

(ਸਭ ਕੁਝ ਤਾਂ ਪਰਮਾਤਮਾ ਦਾ) ਕੀਤਾ ਹੋਇਆ ਹੈ, (ਜੀਵ) ਚਿੱਤ ਵਿਚ (ਕਾਹਦਾ, ਭਾਵ ਕਿਸ ਚੀਜ਼ ਦਾ) ਮਾਣ ਕਰੇ।...

ਦੇਵਣਹਾਰੇ	ਕੈ	ਹਥਿ *(ਹੱਥ)*	ਦਾਨੁ *(ਦਾਨ)* ॥
ਦੇਣ ਵਾਲੇ, ਦਾਤੇ	ਦੇ	ਹੱਥ ਵਿਚ	ਖ਼ੈਰਾਤ, ਪੁੰਨ ਰੂਪ ਵਿਚ ਦੇਣ ਯੋਗ ਵਸਤੂ

...ਦੇਣ ਵਾਲੇ (ਪ੍ਰਭੂ) ਦੇ ਹੱਥ ਵਿਚ (ਸਭ ਦਾਤਾਂ ਹਨ, ਉਸਦੀ ਮਰਜ਼ੀ ਹੈ, ਉਹ ਕੋਈ) ਦਾਨ (ਦੇਵੇ ਯਾ ਨਾ ਦੇਵੇ)।...

ਭਾਵੈ	ਦੇਇ, *(ਦੇ)*	ਨ *(ਨਾਂ)*	ਦੇਈ	ਸੋਇ॥
ਚਾਹੇ, ਮਰਜ਼ੀ ਹੋਵੇ	ਦੇਵੇ	ਨਹੀਂ	ਦੇਵੇ	ਉਸਦੀ, ਪ੍ਰਭੂ ਦੀ

...(ਦਾਤਾਂ ਵਾਲੇ) ਪ੍ਰਭੂ ਮਾਲਕ ਦੀ ਜੇ ਮਰਜ਼ੀ ਹੋਵੇ, ਤਾਂ ਦਿੰਦਾ ਹੈ, (ਜੇ ਮਰਜ਼ੀ) ਨਾ ਹੋਵੇ ਤਾਂ ਨਹੀਂ ਦੇਂਦਾ।...

ਕੀਤੇ	ਕੈ	ਕਹਿਐ,	ਕਿਆ	ਹੋਇ॥੧॥
ਸਿਰਜੇ ਹੋਏ	ਦੇ	ਕਹਿਣ ਨਾਲ	ਕੀ	ਹੁੰਦਾ ਹੈ

...(ਵਾਹਿਗੁਰੂ ਦੁਆਰਾ) ਸਿਰਜੇ ਹੋਏ (ਜੀਵ) ਦੇ ਆਖਣ ਨਾਲ ਕੀ ਹੋ ਸਕਦਾ ਹੈ? (ਭਾਵ ਕੁਝ ਨਹੀਂ ਹੋ ਸਕਦਾ)...

ਆਪੇ	ਸਚੁ, *(ਸੱਚ)*	ਭਾਵੈ	ਤਿਸੁ *(ਤਿਸ)*	ਸਚੁ *(ਸੱਚ)* ॥
(ਪ੍ਰਭੂ) ਆਪ ਹੀ	ਸਦਾ-ਸਥਿਰ	ਚੰਗਾ ਲਗਦਾ ਹੈ	ਉਸ ਨੂੰ	ਸਦਾ-ਸਥਿਰ (ਨਾਮ)

...(ਪਰਮਾਤਮਾ) ਆਪ ਸੱਚ-ਸਰੂਪ ਹੈ, ਅਤੇ ਉਸਨੂੰ ਸਦੀਵ-ਸੱਚ, ਸਿਮਰਨ ਹੀ ਚੰਗਾ ਲਗਦਾ ਹੈ।...

ਅੰਕ ੨੫

ਅੰਧਾ	ਕਚਾ,	ਕਚੁ *(ਕੱਚ)*	ਨਿਕਚੁ *(ਨਿਕੱਚ)* ॥੧॥	ਰਹਾਉ ॥
ਅੰਨ੍ਹਾ, ਅਗਿਆਨੀ	ਅਸਥਿਰ	ਕੱਚਾ	ਬਿਲਕੁਲ/ਨਿਪਟ ਕੱਚਾ	ਠਹਿਰਾਉ

...(ਮਾਇਆ ਦੇ ਕੱਚੇ ਪਦਾਰਥਾਂ ਦੇ ਭਰਮ ਭੁਲੇਖਿਆਂ ਵਿਚ ਖ਼ਚਿਤ) ਅਗਿਆਨੀ (ਮਨੁੱਖ), ਕੱਚਾ ਭਾਵ ਅਸਥਿਰ ਹੈ, ਉਹ ਤਾਂ ਕੱਚਿਆਂ ਵਿਚੋਂ ਵੀ ਬਿਲਕੁਲ ਕੱਚਾ ਹੈ।...

ਜਾ *(ਜਾਂ)*	ਕੇ,	ਰੁਖ *(ਰੁੱਖ)*	ਬਿਰਖ	ਆਰਾਉ ॥
ਜਿਸ	ਦੇ	ਬੂਟੇ	ਬ੍ਰਿਛ	ਸੰਵਾਰਨਾ

...ਜਿਸ (ਪ੍ਰਭੂ) ਦੇ ਰੁੱਖ, ਬ੍ਰਿਛ (ਆਦਿਕ ਪੈਦਾ ਕੀਤੇ ਹੋਏ ਹਨ, ਬਾਗ਼ਵਾਨ ਵਾਂਗ ਉਹ ਉਨ੍ਹਾਂ ਨੂੰ) ਸੰਵਾਰਦਾ (ਸੰਭਾਲਦਾ) ਵੀ ਹੈ।...

ਜੇਹੀ	ਧਾਤੁ, *(ਧਾਤ)*	ਤੇਹਾ	ਤਿਨ *(ਤਿਨ੍ਹ)*	ਨਾਉ *(ਨਾਉਂ)* ॥
ਜਿਵੇਂ ਦੀ	ਅਸਲੀਅਤ	ਉਹੋ ਜਿਹਾ	ਉਨ੍ਹਾਂ ਦਾ	ਨਾਮ

...(ਜਿਹੜੇ ਬੂਟੇ ਦੀ) ਜਿਵੇਂ ਦੀ ਅਸਲੀਅਤ ਹੁੰਦੀ ਹੈ, ਉਹੋ ਜਿਹਾ ਹੀ ਉਨ੍ਹਾਂ ਦਾ ਨਾਮ ਪੈ ਜਾਂਦਾ ਹੈ।...

ਫੁਲੁ *(ਫੁੱਲ)*	ਭਾਉ,	ਫਲੁ *(ਫਲ)*	ਲਿਖਿਆ	ਪਾਇ ॥
ਫੁੱਲ	ਭਾਵਨਾ	ਦਰਖ਼ਤ ਦਾ ਫ਼ਲ	ਲਿਖੇ ਅਨੁਸਾਰ	ਪਾਉਂਦਾ ਹੈ

...ਜਿਵੇਂ ਦਾ ਕਿਸੇ ਬ੍ਰਿਖ਼ ਨੂੰ ਭਾਵਨਾ ਰੂਪੀ ਫੁੱਲ ਪੈਂਦਾ ਹੈ, ਉਸੇ ਤਰ੍ਹਾਂ ਲਿਖੇ ਅਨੁਸਾਰ ਫ਼ਲ ਦੀ ਪ੍ਰਾਪਤੀ ਹੁੰਦੀ ਹੈ।(ਭਾਵ ਕੀਤੇ ਹੋਏ ਕਰਮਾਂ ਅਨੁਸਾਰ ਹੀ ਮਨੁੱਖ ਨੂੰ ਫਲ ਮਿਲਦਾ ਹੈ।)...

ਆਪਿ *(ਆਪ)*	ਬੀਜਿ, *(ਬੀਜ)*	ਆਪੇ	ਹੀ	ਖਾਇ॥੨॥
ਆਪ ਹੀ	ਬੀਜਦਾ ਹੈ	ਆਪ	ਹੀ	ਖਾਂਦਾ ਹੈ

...ਬਾਗ਼ਵਾਨ (ਪ੍ਰਭੂ), ਖ਼ੁਦ ਹੀ (ਰੁੱਖ ਬ੍ਰਿਖ) ਬੀਜਦਾ ਹੈ, ਅਤੇ ਆਪ ਹੀ (ਉਨ੍ਹਾਂ ਦੇ ਫਲ ਆਦਿਕ) ਖਾਂਦਾ ਹੈ।...

ਕਚੀ	ਕੰਧ,	ਕਚਾ	ਵਿਚਿ *(ਵਿਚ)*	ਰਾਜੁ *(ਰਾਜ)* ॥
ਅਸਥਿਰ	ਦੀਵਾਰ,ਮਕਾਨ	ਅਗਿਆਨੀ	ਅੰਦਰ	ਮਿਸਤਰੀ

...(ਸਰੀਰ ਰੂਪੀ) ਕੱਚੇ ਭਾਵ ਅਸਥਿਰ ਘਰ ਵਿਚ ਕੱਚੀ (ਬੁੱਧੀ ਵਾਲਾ, ਭਾਵ ਮਨ-ਰੂਪ, ਅਗਿਆਨੀ) ਮਿਸਤਰੀ ਬੈਠਾ ਹੈ (ਜੋ ਅਸਥਿਰ ਜੀਵਨ ਦੀ ਉਸਾਰੀ ਕਰੀ ਜਾ ਰਿਹਾ ਹੈ)...

ਅੰਕ ੨੫

ਮਤਿ *(ਮੱਤ)*	**ਅਲੂਣੀ,**	**ਫਿਕਾ**	**ਸਾਦੁ** *(ਸਾਦ)* ॥
ਬੁੱਧੀ	ਫਿੱਕੀ, ਰਸਹੀਨ	ਰਸਹੀਨ	ਸੁਆਦ

...(ਅਜਿਹੇ ਅਸਥਿਰ ਜੀਵਨ ਵਾਲੇ ਦੀ) ਮੱਤ ਵੀ ਫਿੱਕੀ ਹੁੰਦੀ ਹੈ ਅਤੇ ਸਾਰਾ ਜੀਵਨ ਵੀ ਬੇ-ਸੁਆਦਾ ਹੀ ਹੁੰਦਾ ਹੈ।...

ਨਾਨਕ,	**ਆਣੇ**	**ਆਵੈ**	**ਰਾਸਿ** *(ਰਾਸ)* ॥
ਹੇ ! ਨਾਨਕ !	ਕਰੇ, ਲਿਆਵੇ	ਆਉਂਦਾ ਹੈ	ਠੀਕ, ਦਰੁਸਤ

...ਹੇ! ਨਾਨਕ! (ਜੇ ਪਰਮਾਤਮਾ ਆਪ ਹੀ, ਜੀਵ ਦੀ ਜ਼ਿੰਦਗੀ ਨੂੰ ਠੀਕ ਰਾਹ ਤੇ) ਲਿਆਵੇ, ਤਾਂ ਹੀ ਜੀਵਨ ਦਰੁਸਤ (ਰਸਤੇ ਤੇ) ਆਉਂਦਾ ਹੈ।...

ਵਿਣੁ *(ਵਿਣ)*	**ਨਾਵੈ,** *(ਨਾਵੈਂ)*	**ਨਾਹੀ** *(ਨਾਹੀਂ)*	**ਸਾਬਾਸਿ** *(ਸ਼ਾਬਾਸ਼)* ॥੩॥੩੨॥
ਬਗੈਰ	(ਪ੍ਰਭੂ) ਨਾਮ ਤੋਂ	ਨਹੀਂ	ਸ਼ਲਾਘਾ, ਵਡਿਆਈ

...(ਨਹੀਂ ਤਾਂ ਹੇ! ਭਾਈ! ਪ੍ਰਭੂ ਦੀ) ਬੰਦਗੀ ਤੋਂ ਬਗੈਰ (ਕਿਸੇ ਨੂੰ ਕੋਈ) ਮਾਣ ਵਡਿਆਈ ਨਹੀਂ ਮਿਲਦੀ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧,** *(ਪਹਿਲਾ)*	**ਘਰੁ** *(ਘਰ)*	**੫** *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਪੰਜਵਾਂ

ਅਛਲ,	**ਛਲਾਈ**	**ਨਹ** *(ਨਹਿਂ)*	**ਛਲੈ,**
ਨਾ ਛਲੀ ਜਾਣ ਵਾਲੀ	ਛਲ ਲੈਣ ਵਾਲੀ	ਨਹੀਂ	ਛਲੀ ਜਾਂਦੀ

ਨਹ *(ਨਹਿਂ)*	**ਘਾਉ**	**ਕਟਾਰਾ**	**ਕਰਿ** *(ਕਰ)*	**ਸਕੈ** ॥
ਨਹੀਂ	ਜ਼ਖਮ	ਕਟਾਰ, ਦੁਧਾਰਾ ਛੋਟਾ ਹਥਿਆਰ	ਕਰਨ ਤੋਂ ਭਾਵ	ਸਕਦੀ

ਛਲ ਲੈਣ ਵਾਲੀ, ਭਾਵ ਭਰਮਾ ਲੈਣ ਵਾਲੀ ਅਛੱਲ ਮਾਇਆ, ਕਿਸੇ ਤੋਂ ਵੀ ਛਲੀ ਨਹੀਂ ਜਾਂਦੀ, ਕਟਾਰ ਆਦਿਕ (ਕੋਈ ਵੀ ਹਥਿਆਰ ਉਸਨੂੰ) ਜ਼ਖਮੀ ਨਹੀਂ ਕਰ ਸਕਦਾ।...

ਜਿਉ *(ਜਿਉਂ)*	**ਸਾਹਿਬੁ** *(ਸਾਹਿਬ)*	**ਰਾਖੈ,**	**ਤਿਉ** *(ਤਿਉਂ)*	**ਰਹੈ,**
ਜਿਵੇਂ	ਪਰਮਾਤਮਾ	ਰੱਖੇ	ਤਿਵੇਂ	ਰਹਿੰਦਾ ਹੈ

ਇਸੁ *(ਇਸ)*	**ਲੋਭੀ**	**ਕਾ**	**ਜੀਉ,**	**ਟਲ**	**ਪਲੈ** ॥੧॥
ਇਹ	ਲਾਲਚੀ	ਦਾ	ਮਨ	ਖ਼ਿਸਕ	ਪੈਣਾ

ਅੰਕ ੨੫ -੨੬

...(ਐਸੀ ਬਲਵਾਨ ਅਛੱਲ ਮਾਇਆ ਅੱਗੇ) ਇਸ (ਜੀਵ) ਦਾ ਲਾਲਚੀ ਮਨ (ਆਪਣੇ ਟਿਕਾਣੇ ਤੋਂ) ਖ਼ਿਸਕ ਜਾਂਦਾ ਹੈ ਭਾਵ ਚਲਾਇਮਾਨ ਹੋ ਜਾਂਦਾ ਹੈ, (ਪਰ) ਸਾਹਿਬ ਦੀ (ਰਜ਼ਾ ਹੈ) ਜਿਵੇਂ ਉਹ ਰੱਖੇ ਤਿਵੇਂ ਜੀਵ ਨੂੰ ਰਹਿਣਾ ਪੈਂਦਾ ਹੈ।...

ਬਿਨੁ *(ਬਿਨ)*	ਤੇਲ,	ਦੀਵਾ	ਕਿਉ *(ਕਿਉਂ)*	ਜਲੈ ॥੧॥ ਰਹਾਉ ॥
ਬਗੈਰ	ਚਿਕਨਾਈ ਦੀਪਕ	ਕਿਵੇਂ	ਬਲੇ	ਠਹਿਰਾਉ

...ਬਿਨਾਂ (ਨਾਮ ਸਿਮਰਨ ਦੇ) ਤੇਲ ਤੋਂ (ਜੀਵਨ ਦਾ) ਦੀਵਾ ਕਿਵੇਂ ਬਲ ਸਕਦਾ ਹੈ? (ਮਾਇਆ ਦੀ ਹਨ੍ਹੇਰੀ ਤਾਂ ਹਮੇਸ਼ਾਂ ਇਸ ਨੂੰ ਬੁਝਾਉਣ ਦੇ ਯਤਨ ਵਿਚ ਹੀ ਰਹਿੰਦੀ ਹੈ।)...

ਪੋਥੀ	ਪੁਰਾਣ	ਕਮਾਈਐ ॥
(ਧਾਰਮਿਕ) ਪੁਸਤਕਾਂ	(ਧਾਰਮਿਕ) ਗ੍ਰੰਥ	ਕਮਾਈ ਕਰੀਏ, ਬਣਾਈਏ

...ਧਾਰਮਿਕ-ਪੁਸਤਕਾਂ (ਦੇ ਉਪਦੇਸ਼ਾਂ ਅਨੁਸਾਰ ਜੀਵਨ ਨੂੰ) ਬਣਾਈਏ, ਉਸਾਰੀਏ।...

ਭਉ	ਵਟੀ,	ਇਤੁ *(ਇਤ)*	ਤਨਿ *(ਤਨ)*	ਪਾਈਐ ॥
ਪ੍ਰਭੂ ਦੇ	ਬੱਤੀ	ਇਸ	ਸਰੀਰ ਵਿਚ	ਪਾ ਲਈਏ

...(ਫਿਰ ਧਾਰਮਿਕ ਗ੍ਰੰਥਾਂ ਦੇ ਉਪਦੇਸ਼ ਅਨੁਸਾਰ ਬਣੇ) ਇਸ (ਗਿਆਨਮਈ) ਜੀਵਨ ਵਿਚ, ਪ੍ਰਭੂ ਦੇ ਨਿਰਮਲ ਭੈ ਦੀ ਵੱਟੀ ਪਾਈਏ।...

ਸਚੁ *(ਸੱਚ)*	ਬੂਝਣੁ, *(ਬੂਝਣ)*	ਆਣਿ *(ਆਣ)*	ਜਲਾਈਐ ॥੨॥
ਸਦਾ ਸਥਿਰ ਪ੍ਰਭੂ	ਗਿਆਨ, ਬੋਧ	ਲਿਆਕੇ	ਬਾਲੀਏ

...(ਫਿਰ) ਸਦੀਵ-ਸੱਚ (ਪ੍ਰਭੂ ਦੇ ਤੇਜ) ਵਾਲੀ ਗਿਆਨਮਈ ਅਗਨੀ ਲਿਆਕੇ ਇਸ ਦੀਵੇ ਨੂੰ ਬਾਲੀਏ।...

ਏਹੁ *(ਇਹ)*	ਤੇਲੁ, *(ਤੇਲ)*	ਦੀਵਾ	ਇਉ *(ਇਉਂ)*	ਜਲੈ ॥
ਏਹ ਵਾਲਾ	ਚਿਕਨਾਈ	ਦੀਪਕ	ਇਵੇਂ	ਜਲਦਾ ਹੈ

...ਇਹ (ਸਿਮਰਨ ਵਾਲੇ) ਤੇਲ ਨਾਲ, (ਗਿਆਨਮਈ ਜੀਵਨ) ਦਾ ਦੀਪਕ ਇਵੇਂ ਜਲਦਾ ਹੈ।...

ਕਰਿ *(ਕਰ)*	ਚਾਨਣੁ, *(ਚਾਨਣ)*	ਸਾਹਿਬ	ਤਉ	ਮਿਲੈ ॥੧॥	ਰਹਾਉ ॥
ਕਰਨ ਨਾਲ	ਰੌਸ਼ਨੀ	ਪਰਮਾਤਮਾ	ਤਦ	ਮਿਲਦਾ ਹੈ	ਠਹਿਰਾਉ

...ਤਦ (ਬੰਦਗੀ ਰਾਹੀਂ ਪ੍ਰਭੂ ਸੋਝੀ ਦੀ) ਰੌਸ਼ਨੀ ਪ੍ਰਚੰਡ ਕਰਨ ਨਾਲ, ਸਾਹਿਬ ਦੀ ਪ੍ਰਾਪਤੀ ਹੋ ਜਾਂਦੀ ਹੈ।...

ਅੰਕ ੨੬

ਇਤੁ *(ਇਤ)*	ਤਨਿ *(ਤਨ)*	ਲਾਗੈ	ਬਾਣੀਆ ॥
ਇਸ	ਸਰੀਰ ਨੂੰ	ਲਗਦੀ,ਧਸਦੀ	ਬਾਣੀ, ਸਿੱਖਿਆ, ਉਪਦੇਸ਼

...(ਜਦੋਂ) ਇਸ ਸਰੀਰ ਨੂੰ (ਸਤਿਗੁਰੂ ਦੀ) ਬਾਣੀ ਲਗਦੀ, ਭਾਵ ਅੰਤਹਕਰਣ ਵਿਚ ਅਸਰ ਕਰਦੀ ਹੈ...

ਸੁਖੁ *(ਸੁੱਖ)*	ਹੋਵੈ	ਸੇਵ	ਕਮਾਣੀਆ ॥
ਅਨੰਦ, ਪ੍ਰਸੰਨਤਾ	ਹੁੰਦਾ ਹੈ	ਸੇਵਾ	ਕਮਾਉਣ ਨਾਲ

...(ਤਾਂ ਇਸ ਅਸਰ ਨਾਲ ਫਿਰ) ਸੇਵਾ-ਸਿਮਰਨ ਦੀ ਕਮਾਈ ਰਾਹੀਂ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ।...

ਸਭ	ਦੁਨੀਆ, *(ਦੁਨੀਆਂ)*	ਆਵਣ	ਜਾਣੀਆ ॥੩॥
ਸਾਰਾ	ਸੰਸਾਰ	ਆਉਣ	ਜਾਣ ਵਾਲੀ

...(ਫਿਰ ਉਸ ਧਰਮ-ਸਾਧਕ ਨੂੰ) ਸਾਰੀ ਦੁਨੀਆਂ ਆਉਣ ਜਾਣ ਵਾਲੀ, (ਭਾਵ ਜੰਮਣ ਮਰਨ ਦੇ ਚੱਕਰ ਵਾਲੀ ਪ੍ਰਤੀਤ ਹੁੰਦੀ ਹੈ।)

ਵਿਚਿ *(ਵਿਚ)*	ਦੁਨੀਆ *(ਦੁਨੀਆਂ)*	ਸੇਵ	ਕਮਾਈਐ ॥
ਅੰਦਰ	ਸੰਸਾਰ	ਸੇਵਾ	ਕਰੀਏ

...ਦੁਨੀਆਂ ਵਿਚ ਆਕੇ ਸੇਵਾ-ਸਿਮਰਨ ਦੀ ਕਮਾਈ ਕਰਨੀ ਚਾਹੀਦੀ ਹੈ...

ਤਾ *(ਤਾਂ)*	ਦਰਗਹ *(ਦਰਗਹਿ)*	ਬੈਸਣੁ *(ਬੈਸਣ)*	ਪਾਈਐ ॥
ਤਾਂ, ਤਦੋਂ,ਫਿਰ	(ਰੱਬੀ) ਦਰਗਾਹੇ	ਬੈਠਣ ਦੀ ਥਾਂ	ਪ੍ਰਾਪਤ ਕਰੀਦੀ ਹੈ

...ਤਾਂ ਫਿਰ ਰੱਬੀ ਦਰਗਾਹ ਵਿਚ (ਮਾਣ ਸਤਿਕਾਰ ਵਾਲੀ) ਬੈਠਣ ਦੀ ਥਾਂ ਪ੍ਰਾਪਤ ਹੁੰਦੀ ਹੈ।...

ਕਹੁ	ਨਾਨਕ,	ਬਾਹ *(ਬਾਂਹ)*	ਲੁਡਾਈਐ ॥੪॥੩੩॥
ਆਖ	ਹੇ ! ਨਾਨਕ !	ਬਾਜੂ, ਬਾਹਵਾਂ	(ਅਨੰਦ ਵਿਚ) ਹੁਲਾਰੀਏ

...ਹੇ! ਨਾਨਕ! ਆਖ ਕਿ (ਪ੍ਰਭੂ-ਸਿਮਰਨ ਦੇ ਖੁਸ਼ੀਆਂ ਖੇੜਿਆਂ ਨਾਲ ਰੱਬੀ ਦਰਗਾਹ ਅੰਦਰ) ਬਾਹਾਂ ਲੁਡਾਉਂਦੇ ਜਾਈਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩, *(ਤੀਜਾ)*	ਘਰੁ *(ਘਰ)*	੧ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਤੀਜਾ	ਤਾਲ ਦਾ ਸੰਕੇਤ	ਪਹਿਲਾ

ਅੰਕ ੨੬

ੴ *(ਇਕ ਓਅੰਕਾਰ)*			ਸਤਿ, *(ਸੱਤ)*	
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।			ਪਰਮਾਤਮ ਹੋਂਦ (ਸਦਾ ਸੱਚ) ਹੈ	
ਗੁਰ		ਪ੍ਰਸਾਦਿ॥ *(ਪ੍ਰਸਾਦ)*		
ਗਿਆਨਮਈ ਗੁਰੂ ਸਰੂਪ(ਓਅੰਕਾਰ)		ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀਂ) ਕਿਰਪਾ ਕਰਦਾ		

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਹਉ *(ਹਉਂ)*	ਸਤਿਗੁਰੁ *(ਸਤਗੁਰ)*	ਸੇਵੀ *(ਸੇਵੀਂ)*	ਆਪਣਾ,
ਮੈਂ	ਸਤਿਗੁਰੂ (ਸ਼ਬਦ)	ਸੇਵਾਂ (ਅਰਾਧਨਾ ਕਰਦਾ)	ਆਪਣੇ

ਇਕ	ਮਨਿ *(ਮਨ)*	ਇਕ	ਚਿਤਿ *(ਚਿਤ)*	ਭਾਇ॥
ਇਕਾਗ੍ਰ	ਮਨ ਰਾਹੀਂ	ਇਕਾਗ੍ਰ	ਚਿਤ ਦੁਆਰਾ	ਪ੍ਰੇਮ ਨਾਲ

ਮੈਂ ਇਕਾਗਰ ਮਨ ਅਤੇ ਇਕਾਗਰ ਚਿੱਤ ਨਾਲ ਪਰੇਮ ਭਾਵਨ ਦੁਆਰਾ ਆਪਣੇ ਸਤਿਗੁਰੂ (ਸ਼ਬਦ ਦੀ) ਅਰਾਧਨਾ ਕਰਦਾ ਹਾਂ।...

ਸਤਿਗੁਰੁ *(ਸਤਗੁਰ)*	ਮਨ	ਕਾਮਨਾ	ਤੀਰਥੁ *(ਤੀਰਥ)*	ਹੈ,
ਸਤਿਗੁਰੂ (ਸ਼ਬਦ)	ਚਿੱਤ (ਦੀਆਂ)	ਇੱਛਾਵਾਂ	ਧਰਮ ਅਸਥਾਨ	ਹੋਣ ਦੀ ਕ੍ਰਿਆ

ਜਿਸ	ਨੋ	ਦੇਇ *(ਦੇ)*	ਬੁਝਾਇ॥
ਜਿਹੜੇ	ਨੂੰ	ਦੇਵੇ	ਬੁਝਾ,ਸਮਝਾ

...(ਕਿਉਂਕਿ) ਸਤਿਗੁਰੁ(ਸ਼ਬਦ) ਹੀ ਚਿੱਤ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਤੀਰਥ ਹੈ, (ਪਰ ਇਹ ਗਲ ਸਿਰਫ਼ ਉਸਨੂੰ ਹੀ ਸਮਝ ਆਉਂਦੀ ਹੈ ਜਿਸ ਨੂੰ) ਵਾਹਿਗੁਰੂ (ਆਪ) ਸਮਝਾ ਦੇਵੇ।...

ਮਨ	ਚਿੰਦਿਆ	ਵਰੁ *(ਵਰ)*	ਪਾਵਣਾ,
ਚਿੱਤ	ਚਿੰਤਨ ਕੀਤਾ ਹੋਇਆ, ਚਿਤਵਿਆ	ਬਖਸ਼ਿਸ਼, ਅਸ਼ੀਰਵਾਦ	ਪ੍ਰਾਪਤ ਕਰਨਾ

ਜੋ	ਇਛੈ	ਸੋ	ਫਲੁ *(ਫਲ)*	ਪਾਇ ॥
ਜਿਹੜਾ	ਚਾਹੀਏ	ਉਹੀ	ਪ੍ਰਾਪਤੀ	ਪਾ ਲਈਦਾ ਹੈ

...(ਗੁਰ-ਸ਼ਬਦ ਦੀ ਅਰਾਧਨਾ ਤੋਂ) ਮਨ-ਇੱਛਤ ਬਖਸ਼ਿਸ਼ ਹੋ ਜਾਂਦੀ ਹੈ, ਜਿਹੜੀ ਪ੍ਰਾਪਤੀ ਵੀ ਚਿਤਵੀਏ, ਉਹੀ ਪਾ ਲਈਦੀ ਹੈ।...

ਅੰਕ ੨੬

ਨਾਉ *(ਨਾਉਂ)*	ਧਿਆਈਐ,	ਨਾਉ *(ਨਾਉਂ)*	ਮੰਗੀਐ,
(ਪ੍ਰਭੂ) ਨਾਮ	ਸਿਮਰੀਏ	(ਪ੍ਰਭੂ) ਨਾਮ	ਇੱਛਾ ਕਰੀਏ
ਨਾਮੇ		ਸਹਜਿ *(ਸਹਿਜ)*	ਸਮਾਇ ॥੧॥
ਨਾਮ-ਸਿਮਰਨ ਰਾਹੀਂ		ਸਹਿਜ ਵਿਚ	ਅਭੇਦ ਹੋ ਜਾਈਦਾ ਹੈ

...(ਧਰਮ-ਸਾਧਕ ਨੂੰ ਪ੍ਰਭੂ ਦਾ) ਨਾਮ ਹੀ ਸਿਮਰਨਾ ਚਾਹੀਦਾ ਹੈ, ਅਤੇ ਇਸੇ ਦੀ ਹੀ ਮੰਗ ਕਰਨੀ ਚਾਹੀਦੀ ਹੈ। ਨਾਮ ਸਿਮਰਨ ਨਾਲ ਆਤਮਿਕ ਟਿਕਾਉ ਵਿਚ ਲੀਨ ਹੋ ਜਾਈਦਾ ਹੈ।...

ਮਨ	ਮੇਰੇ,			
ਚਿੱਤ	ਆਪਣੇ			
ਹਰਿ *(ਹਰ)*	ਰਸੁ *(ਰਸ)*	ਚਾਖੁ, *(ਚਾਖ)*	ਤਿਖ	ਜਾਇ ॥
ਪ੍ਰਭੂ	ਅਨੰਦ	ਚੱਖ	ਪਿਆਸ	(ਤ੍ਰਿਪਤ ਹੋ) ਜਾਏਗੀ

...ਹੇ! ਮੇਰੇ ਮਨਾ! ਪ੍ਰਭੂ (ਸਿਮਰਨ ਦੇ) ਰਸ ਨੂੰ ਚੱਖ, (ਤੇਰੀ ਪ੍ਰਭੂ ਮਿਲਾਪ ਦੀ ਪਿਆਸ ਤ੍ਰਿਪਤ) ਹੋ ਜਾਏ ਗੀ।...

ਜਿਨੀ *(ਜਿਨ੍ਹੀ)*	ਗੁਰਮੁਖਿ *(ਗੁਰਮੁਖ)*		ਚਾਖਿਆ,
ਜਿਨ੍ਹਾਂ	ਸਤਿਗੁਰੂ ਦੀ ਸਨਮੁੱਖਤਾ ਰਾਹੀਂ		ਚੱਖਿਆ, ਸੁਆਦ ਮਾਣਿਆਂ
ਸਹਜੇ *(ਸਹਿਜੇ)*	ਰਹੇ	ਸਮਾਇ ॥੧॥	ਰਹਾਉ ॥
(ਆਤਮਿਕ) ਟਿਕਾਉ ਵਿਚ	ਰਹਿੰਦੇ	ਅਭੇਦ, ਲੀਨ	ਠਹਿਰਾਉ

...ਜਿਨ੍ਹਾਂ ਨੇ ਸਤਿਗੁਰੂ ਦੀ ਸਨਮੁਖਤਾ ਰਾਹੀਂ (ਪ੍ਰਭੂ ਸਿਮਰਨ ਦੇ ਅਨੰਦ ਨੂੰ) ਚੱਖਿਆ ਭਾਵ ਮਾਣਿਆਂ ਹੈ, (ਉਹ ਸਦਾ) ਆਤਮਿਕ ਟਿਕਾਉ ਵਿਚ ਲੀਨ ਰਹਿੰਦੇ ਹਨ।...

ਜਿਨੀ *(ਜਿਨ੍ਹੀ)*	ਸਤਿਗੁਰੁ *(ਸਤਗੁਰ)*		ਸੇਵਿਆ,
ਜਿਨ੍ਹਾਂ ਨੇ	ਸਤਿਗੁਰੂ		ਅਰਾਧਿਆ
ਤਿਨੀ *(ਤਿਨ੍ਹੀ)*	ਪਾਇਆ	ਨਾਮੁ *(ਨਾਮ)*	ਨਿਧਾਨੁ *(ਨਿਧਾਨ)* ॥
ਤਿਨ੍ਹਾਂ ਨੇ	ਪ੍ਰਾਪਤ ਕਰ ਲਿਆ	(ਪ੍ਰਭੂ) ਨਾਮ ਦਾ	ਖਜ਼ਾਨਾ

...ਜਿਨ੍ਹਾਂ ਨੇ ਸਤਿਗੁਰੂ ਦੀ ਅਰਾਧਨਾ ਕੀਤੀ ਹੈ, ਉਨ੍ਹਾਂ ਨੇ ਪ੍ਰਭੂ ਨਾਮ ਦਾ ਖਜ਼ਾਨਾ ਪ੍ਰਾਪਤ ਕਰ ਲਿਆ ਹੈ।...

ਅੰਕ ੨੬

ਅੰਤਰਿ *(ਅੰਤਰ)* **ਹਰਿ** *(ਹਰ)* **ਰਸੁ** *(ਰਸ)* **ਰਵਿ** *(ਰਵ)* **ਰਹਿਆ,**
(ਹਿਰਦੇ) ਵਿਚ ਪ੍ਰਭੂ ਰਸ, ਅਨੰਦ ਵਿਆਪ ਰਿਹਾ ਹੈ

ਚੂਕਾ **ਮਨਿ** *(ਮਨ)* **ਅਭਿਮਾਨੁ** *(ਅਭਿਮਾਨ)* ॥
ਦੂਰ ਹੋ ਗਿਆ ਚਿੱਤ ਵਿਚੋਂ ਹੰਕਾਰ

...(ਜਿਨ੍ਹਾਂ ਦੇ ਹਿਰਦੇ) ਅੰਦਰ ਪ੍ਰਭੂ ਅਨੰਦ ਵਿਆਪ ਰਿਹਾ ਹੈ, (ਉਨ੍ਹਾਂ ਦੇ) ਮਨ ਵਿਚੋਂ ਹੰਕਾਰ ਦੂਰ ਹੋ ਗਿਆ ਹੈ।...

ਹਿਰਦੈ **ਕਮਲੁ** *(ਕਮਲ)* **ਪ੍ਰਗਾਸਿਆ,**
ਚਿੱਤ ਵਿਚ ਕੰਵਲ ਖਿੜ ਪਿਆ ਹੈ

ਲਾਗਾ **ਸਹਜਿ** *(ਸਹਿਜ)* **ਧਿਆਨੁ** *(ਧਿਆਨ)* ॥
ਲੱਗ ਗਿਆ ਆਤਮਿਕ ਟਿਕਾਉ ਵਿਚ ਧਿਆਨ,ਬਿਰਤੀ

....(ਉਨ੍ਹਾਂ ਦੇ) ਹਿਰਦੇ ਅੰਦਰ (ਸਿਮਰਨ ਦਾ) ਕੰਵਲ ਫੁੱਲ ਖਿੜ ਪਿਆ ਹੈ, ਅਤੇ ਧਿਆਨ, ਆਤਮਿਕ-ਅਡੋਲਤਾ ਵਿਚ ਟਿਕ ਗਿਆ ਹੈ।...

ਮਨੁ *(ਮਨ)* **ਨਿਰਮਲੁ** *(ਨਿਰਮਲ)* **ਹਰਿ** *(ਹਰ)* **ਰਵਿ** *(ਰਵ)* **ਰਹਿਆ,**
ਚਿੱਤ ਪਵਿੱਤਰ ਪ੍ਰਭੂ ਵਿਆਪ ਰਿਹਾ ਹੈ

ਪਾਇਆ **ਦਰਗਹਿ** **ਮਾਨੁ** *(ਮਾਨ)* ॥੨॥
ਪ੍ਰਾਪਤ ਕਰ ਲਿਆ (ਰੱਬੀ) ਦਰਗਾਹ ਵਿਚ ਆਦਰ, ਸਤਿਕਾਰ

...(ਆਤਮਿਕ-ਟਿਕਾਉ ਵਾਲੇ) ਨਿਰਮਲ ਚਿੱਤ ਵਿਚ ਪ੍ਰਭੂ ਵਸ ਰਿਹਾ ਹੈ, ਅਤੇ ਇਵੇਂ (ਰੱਬੀ) ਦਰਗਾਹ ਵਿਚ ਆਦਰ ਸਤਿਕਾਰ ਪਾ ਲਿਆ ਹੈ।...

ਸਤਿਗੁਰੁ *(ਸਤਗੁਰ)* **ਸੇਵਨਿ** *(ਸੇਵਨ)* **ਆਪਣਾ,**
ਸਤਿਗੁਰੂ ਸੇਂਵਦੇ, ਅਰਾਧਦੇ ਆਪਣੇ

ਤੇ **ਵਿਰਲੇ** **ਸੰਸਾਰਿ** *(ਸੰਸਾਰ)* ॥
ਉਹ ਬਹੁਤ ਘੱਟ ਸੰਸਾਰ ਵਿਚ

...(ਜੋ) ਆਪਣੇ ਸਤਿਗੁਰੂ ਦੀ ਅਰਾਧਨਾ ਕਰਦੇ ਹਨ, ਉਹ (ਧਰਮ-ਸਾਧਕ) ਸੰਸਾਰ ਵਿਚ ਬਹੁਤ ਵਿਰਲੇ ਹਨ।...

ਅੰਕ ੨੬

ਹਉਮੈ	ਮਮਤਾ	ਮਾਰਿ *(ਮਾਰ)*	ਕੈ,
ਹੰਕਾਰ	ਮੇਰਾ-ਪਣ,	ਅਪਣੱਤ ਮੁਕਾ	ਕੇ

ਹਰਿ *(ਹਰ)*	ਰਾਖਿਆ	ਉਰ	ਧਾਰਿ *(ਧਾਰ)* ॥
ਹਰੀ,ਪ੍ਰਭੂ	ਟਿਕਾਇਆ	ਹਿਰਦੇ	ਧਾਰਨ ਕਰਕੇ

...(ਜਿਨ੍ਹਾਂ ਨੇ) ਹੰਕਾਰ ਅਤੇ ਅਪਣੱਤ ਨੂੰ ਮੁਕਾ ਕੇ, ਹਰੀ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਕੇ ਟਿਕਾਇਆ ਹੋਇਆ ਹੈ।...

ਹਉ *(ਹਉਂ)*	ਤਿਨ *(ਤਿਨ੍ਹ)*	ਕੈ	ਬਲਿਹਾਰਣੈ,
ਮੈਂ	ਉਨ੍ਹਾਂ	ਦੇ	ਕੁਰਬਾਨ ਜਾਂਦਾ ਹਾਂ

ਜਿਨਾ *(ਜਿਨ੍ਹਾਂ)*	ਨਾਮੇ	ਲਗਾ	ਪਿਆਰੁ *(ਪਿਆਰ)* ॥
ਜਿਨ੍ਹਾਂ ਨੂੰ	(ਪ੍ਰਭੂ) ਨਾਮ ਨਾਲ	ਲਗ ਗਿਆ	ਪ੍ਰੀਤ, ਸਨੇਹ

...ਮੈਂ ਉਨ੍ਹਾਂ ਦੇ ਸਦਕੇ ਜਾਂਦਾ ਹਾਂ, ਜਿਨ੍ਹਾਂ ਨੂੰ (ਪ੍ਰਭੂ) ਸਿਮਰਨ ਨਾਲ ਪਿਆਰ ਲਗ ਗਿਆ ਹੈ।...

ਸੇਈ	ਸੁਖੀਏ	ਚਹੁ *(ਚਹੁੰ)*	ਜੁਗੀ, *(ਜੁਗੀਂ)*
ਉਹੀ	ਸੁਖੀ	ਚਾਰੇ	ਜੁਗਾਂ ਵਿਚ

ਜਿਨਾ *(ਜਿਨ੍ਹਾਂ)*	ਨਾਮੁ *(ਨਾਮ)*	ਅਖੁਟੁ *(ਅਖੁੱਟ)*	ਅਪਾਰੁ *(ਅਪਾਰ)* ॥੩॥
ਜਿਨ੍ਹਾਂ	(ਪ੍ਰਭੂ) ਸਿਮਰਨ	ਅਮੁੱਕ, ਅਤੁੱਟ	ਪਾਰ ਰਹਿਤ, ਅਨੰਤ

...ਜਿਨ੍ਹਾਂ ਕੋਲ (ਪ੍ਰਭੂ) ਸਿਮਰਨ ਦਾ ਅਤੁੱਟ, ਅਪਾਰ ਖ਼ਜ਼ਾਨਾ ਹੈ, ਉਹੀ ਚਾਰੇ ਜੁੱਗਾਂ ਵਿਚ, ਭਾਵ ਸਦੀਵ ਕਾਲ (ਆਤਮਿਕ) ਅਨੰਦ ਵਿਚ ਰਹਿੰਦੇ ਹਨ।...

ਗੁਰ	ਮਿਲਿਐ,	ਨਾਮੁ *(ਨਾਮ)*	ਪਾਈਐ,
ਸਤਗੁਰੂ	ਮਿਲਣ ਦੁਆਰਾ	(ਪ੍ਰਭੂ) ਨਾਮ	ਪ੍ਰਾਪਤ ਕਰੀਦਾ ਹੈ

ਚੂਕੈ	ਮੋਹ	ਪਿਆਸ ॥
ਮੁੱਕ ਜਾਂਦਾ ਹੈ	(ਮਾਇਕ ਪਦਾਰਥਾਂ ਦਾ) ਲਗਾਓ, ਸਨੇਹ	ਤ੍ਰਿਖਾ

...ਸਤਿਗੁਰੂ ਦੇ ਮਿਲਾਪ ਦੁਆਰਾ (ਪ੍ਰਭੂ) ਨਾਮ ਦੀ ਪ੍ਰਾਪਤੀ ਹੁੰਦੀ ਹੈ, ਅਤੇ (ਮਾਇਆਵੀ ਪਦਾਰਥਾਂ ਦਾ) ਲਗਾਓ ਖ਼ਤਮ ਹੋ ਜਾਂਦਾ ਹੈ।...

ਅੰਕ ੨੬

ਹਰਿ*(ਹਰ)*	ਸੇਤੀ,	ਮਨੁ*(ਮਨ)*	ਰਵਿ*(ਰਵ)*	ਰਹਿਆ,
ਪ੍ਰਭੂ	ਨਾਲ	ਚਿੱਤ	ਵਿਆਪ	ਰਿਹਾ ਹੈ

ਘਰ	ਹੀ	ਮਾਹਿ*(ਮਾਹਿੰ)*	ਉਦਾਸੁ*(ਉਦਾਸ)* ॥
ਗ੍ਰਿਹਸਤ	ਕੇਵਲ	ਵਿਚ	ਉਪਰਾਮ

...(ਫਿਰ) ਚਿੱਤ ਪ੍ਰਭੂ ਨਾਲ ਵਿਆਪਤ, ਭਾਵ ਮਿਲਿਆ ਰਹਿੰਦਾ ਹੈ, ਤੇ (ਜਗਤ ਵਿਚ) ਗ੍ਰਿਹਸਤ ਜੀਵਨ ਦੇ ਕਾਰ ਵਿਹਾਰ ਕਰਦਿਆਂ ਵੀ ਇਹ (ਮਾਇਆਵੀ ਪਦਾਰਥਾਂ ਵਲੋਂ) ਉਪਰਾਮ ਹੁੰਦਾ ਹੈ।...

ਜਿਨਾ,*(ਜਿਨ੍ਹਾਂ)*	ਹਰਿ*(ਹਰ)*	ਕਾ	ਸਾਦੁ*(ਸਾਦ)*	ਆਇਆ,
ਜਿਨ੍ਹਾਂ	ਹਰੀ,ਪ੍ਰਭੂ	ਦੀ	(ਬੰਦਗੀ ਦਾ) ਸੁਆਦ	ਆ ਗਿਆ ਹੈ

ਹਉ*(ਹਉਂ)*	ਤਿਨ*(ਤਿਨ੍ਹ)*	ਬਲਿਹਾਰੈ	ਜਾਸੁ*(ਜਾਸ)* ॥
ਮੈਂ	ਉਨ੍ਹਾਂ	ਕੁਰਬਾਨ	ਜਾਂਦਾ ਹਾਂ

...ਜਿਨ੍ਹਾਂ ਨੂੰ ਪ੍ਰਭੂ (ਬੰਦਗੀ) ਦਾ ਸੁਆਦ ਆ ਗਿਆ ਹੈ, ਮੈਂ ਉਨ੍ਹਾਂ ਦੇ ਕੁਰਬਾਨ ਜਾਂਦਾ ਹਾਂ।...

ਨਾਨਕ,	ਨਦਰੀ	ਪਾਈਐ,
ਹੇ ! ਨਾਨਕ !	ਕ੍ਰਿਪਾ-ਦ੍ਰਿਸ਼ਟੀ	ਪ੍ਰਾਪਤ ਕਰੀਦਾ ਹੈ

ਸਚੁ*(ਸੱਚ)*	ਨਾਮੁ *(ਨਾਮ)*	ਗੁਣਤਾਸੁ*(ਗੁਣਤਾਸ)* ॥੪॥੧॥੩੪॥
ਸਦਾ ਸਥਿਰ	(ਪ੍ਰਭੂ) ਸਿਮਰਨ	ਗੁਣਾਂ ਦੇ ਖ਼ਜ਼ਾਨੇ

...ਹੇ! ਨਾਨਕ! (ਪਰਮਾਤਮਾ ਦੀ) ਕ੍ਰਿਪਾ-ਦ੍ਰਿਸ਼ਟੀ ਨਾਲ ਹੀ, ਸਦਾ-ਸਥਿਰ, ਗੁਣਾਂ ਦੇ ਖ਼ਜ਼ਾਨੇ (ਪ੍ਰਭੂ) ਨਾਮ ਨੂੰ ਪ੍ਰਾਪਤ ਕਰੀਦਾ ਹੈ।

ਸਿਰੀਰਾਗੁ *(ਸਿਰੀਰਾਗ)*	ਮਹਲਾ*(ਮਹਿਲਾ)*	੩*(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਬਹੁ	ਭੇਖ	ਕਰਿ*(ਕਰ)*	ਭਰਮਾਈਐ,
ਬਹੁਤੇ	ਪਹਿਰਾਵੇ	ਕਰਕੇ	ਭੁਲੇਖੇ/ਭਟਕਣਾ ਵਿਚ ਪਏ ਰਹੀਦਾ ਹੈ

ਮਨਿ*(ਮਨ)*	ਹਿਰਦੈ	ਕਪਟੁ*(ਕਪਟ)*	ਕਮਾਇ॥
ਚਿੱਤ ਵਿਚ	ਹਿਰਦੇ ਅੰਦਰ	ਧੋਖਾ,ਛਲ	ਕਮਾਕੇ

ਅੰਕ ੨੬

(ਲੋਕਾਂ ਨੂੰ ਭਰਮਾਉਣ ਲਈ) ਮਨ ਅਤੇ ਹਿਰਦੇ ਅੰਦਰ ਕਪਟ ਕਮਾਕੇ, ਅਤੇ ਬਹੁਤ ਸਾਰੇ (ਕਰਮ-ਕਾਂਡੀ ਧਾਰਮਿਕ) ਭੇਖ ਕਰਕੇ, ਭਟਕਣਾ, ਭਾਵ ਭਰਮ-ਭੁਲੇਖਿਆਂ ਵਿਚ ਪਏ ਰਹੀਦਾ ਹੈ।....

ਹਰਿ *(ਹਰ)*	**ਕਾ**	**ਮਹਲੁ** *(ਮਹਿਲ)*	**ਨ** *(ਨਾਂ)*	**ਪਾਵਈ,**
ਹਰੀ, ਪ੍ਰਭੂ	ਦਾ	ਨਿਵਾਸ	ਨਹੀਂ	ਪ੍ਰਾਪਤ ਕਰੀਦਾ

ਮਰਿ *(ਮਰ)*	**ਵਿਸਟਾ** *(ਵਿਸ਼ਟਾ)*	**ਮਾਹਿ** *(ਮਾਹਿਂ)*	**ਸਮਾਇ ॥੧॥**
ਮਰ ਕੇ	ਗੰਦਗੀ	ਵਿਚ	ਮਿਲ ਜਾਂਦਾ ਹੈ

...(ਕਪਟ ਅਤੇ ਭੇਖਾਂ ਨਾਲ) ਪ੍ਰਭੂ ਨਿਵਾਸ ਨਹੀਂ ਪਾ ਸਕੀਦਾ, ਸਗੋਂ ਮਰ ਕੇ (ਆਵਾਗਉਣ ਰੂਪੀ) ਵਿਸ਼ਟਾ ਵਿਚ ਮਿਲੇ ਰਹੀਦਾ ਹੈ।...

ਮਨ	**ਰੇ,**	**ਗ੍ਰਿਹ**	**ਹੀ**	**ਮਾਹਿ** *(ਮਾਹਿਂ)*	**ਉਦਾਸੁ** *(ਉਦਾਸ)* **॥**
ਚਿੱਤ	ਹੇ!	ਘਰ, ਗ੍ਰਿਹਸਥ	ਸਿਰਫ਼	ਵਿਚ	ਉਪਰਾਮ

...ਹੇ! ਮਨਾ! (ਬਹੁਤੇ ਭੇਖ ਭਰਮ ਕਰਨ ਦੀ ਬਜਾਏ) ਗ੍ਰਿਹਸਥ ਜੀਵਨ ਵਿਚ ਹੀ (ਮਾਇਆਵੀ ਪਦਾਰਥਾਂ ਵਲੋਂ) ਨਿਰਲੇਪ ਰਹੁ।...

ਸਚੁ *(ਸੱਚ)*	**ਸੰਜਮੁ** *(ਸੰਜਮ)*	**ਕਰਣੀ**	**ਸੋ**	**ਕਰੇ,**
ਸਦਾ ਸਥਿਰ (ਪ੍ਰਭੂ)	ਵਿਕਾਰਾਂ ਵਲੋਂ ਸੰਕੋਚ	ਕਮਾਈ, ਕੰਮ	ਉਹੀ	ਕਰ ਸਕਦਾ ਹੈ

ਗੁਰਮੁਖਿ *(ਗੁਰਮੁਖ)*	**ਹੋਇ**	**ਪਰਗਾਸੁ** *(ਪਰਗਾਸ)* **॥੧॥**	**ਰਹਾਉ ॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹੋਇਆ ਹੋਵੇ	ਪ੍ਰਕਾਸ਼ਮਾਨ	ਠਹਿਰਾਉ

...ਸਦਾ-ਸਥਿਰ (ਪਰਮਾਤਮਾ ਦੀ ਬੰਦਗੀ), ਅਤੇ ਵਿਕਾਰਾਂ ਵਲੋਂ, ਸੰਜਮ ਵਾਲੀ ਕਰਣੀ ਉਹੋ ਹੀ ਕਰ ਸਕਦਾ ਹੈ, ਜੋ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਪ੍ਰਕਾਸ਼ਮਾਨ ਹੋਇਆ ਹੋਵੇ।...

ਗੁਰ	**ਕੈ**	**ਸਬਦਿ,** *(ਸ਼ਬਦ)*	**ਮਨੁ** *(ਮਨ)*	**ਜੀਤਿਆ,**
ਸਤਿਗੁਰੂ	ਦੇ	ਸ਼ਬਦ ਰਾਹੀਂ	ਚਿੱਤ	ਜਿੱਤ ਲਿਆ ਹੈ

ਗਤਿ *(ਗਤ)*	**ਮੁਕਤਿ** *(ਮੁਕਤ)*	**ਘਰੈ**	**ਮਹਿ** *(ਮਹਿਂ)*	**ਪਾਇ ॥**
ਗਤੀ	ਮੁਕਤੀ,ਖ਼ਲਾਸੀ	ਘਰ	ਵਿਚ	ਪਾ ਲੈਂਦਾ ਹੈ

...(ਜਿਸ ਧਰਮ-ਸਾਧਕ ਨੇ) ਸਤਿਗੁਰੂ ਦੇ ਸ਼ਬਦ ਰਾਹੀਂ ਮਨ ਨੂੰ ਜਿੱਤ ਲਿਆ ਹੈ, (ਉਹ ਮਾਇਆਵੀ ਪਦਾਰਥਾਂ ਦੇ ਮੋਹ ਤੋਂ), ਘਰ ਬੈਠਾ ਹੀ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ, ਗਤੀ ਅਤੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।...

ਅੰਕ ੨੬

ਹਰਿ *(ਹਰ)*	**ਕਾ**	**ਨਾਮੁ** *(ਨਾਮ)*	**ਧਿਆਈਐ,**
ਹਰੀ, ਪ੍ਰਭੂ	ਦਾ	ਨਾਮ, ਸਿਮਰਨ	ਅਰਾਧੀਏ, ਜਪੀਏ

ਸਤਸੰਗਤਿ *(ਸਤਸੰਗਤ)*	**ਮੇਲਿ** *(ਮੇਲ)*	**ਮਿਲਾਇ॥੨॥**
ਸੱਤ ਪੁਰਸ਼ਾਂ ਦੀ ਸੰਗਤ	ਜੋੜ, ਇਕੱਠ	ਮਿਲਕੇ

...ਸੱਤ-ਪੁਰਸ਼ਾਂ ਦੀ ਸੰਗਤ ਦੇ ਇਕੱਠ ਵਿਚ ਮਿਲਕੇ, ਪ੍ਰਭੂ-ਨਾਮ ਦੇ ਸਿਮਰਨ ਦਾ ਚਿੰਤਨ ਕਰਨਾ ਚਾਹੀਦਾ ਹੈ।...

ਜੇ	**ਲਖ**	**ਇਸਤਰੀਆ** *(ਇਸਤਰੀਆਂ)*	**ਭੋਗ**	**ਕਰਹਿ,** *(ਕਰਹਿਂ)*
ਜੇਕਰ	ਲੱਖਾਂ ਹੀ	ਜ਼ਨਾਨੀਆਂ	ਮੈਥੁਨ	ਕਰ ਲਵੇਂ

ਨਵ	**ਖੰਡ**	**ਰਾਜੁ** *(ਰਾਜ)*	**ਕਮਾਹਿ** *(ਕਮਾਹਿਂ)* ॥
ਨੌਂ	(ਪ੍ਰਿਥਵੀ ਦੇ) ਹਿੱਸੇ	ਹਕੂਮਤ	ਕਮਾਵੇਂ, ਕਰੇਂ

...(ਹੇ! ਮਨਾ!) ਜੇ (ਤੂੰ ਕਾਮ ਤ੍ਰਿਪਤੀ ਲਈ) ਲੱਖਾਂ ਹੀ, ਭਾਵ ਬੇਸ਼ੁਮਾਰ ਜ਼ਨਾਨੀਆਂ ਨਾਲ ਭੋਗ ਕਰ ਲਵੇਂ, ਅਤੇ ਪ੍ਰਿਥਵੀ ਦੇ ਨੌਂ ਖੰਡਾਂ, ਭਾਵ ਸਾਰੀ ਦੁਨੀਆਂ ਤੇ ਰਾਜ ਕਰ ਲਵੇਂ (ਤਾਂ ਵੀ)...

ਬਿਨੁ *(ਬਿਨ)*	**ਸਤਿਗੁਰ,** *(ਸਤਗੁਰ)*	**ਸੁਖੁ** *(ਸੁੱਖ)*	**ਨ** *(ਨਾਂ)*	**ਪਾਵਈ,**
ਬਿਨਾਂ	ਸਤਿਗੁਰੂ	ਸੁੱਖ,(ਆਤਮਿਕ)ਅਨੰਦ	ਨਹੀਂ	ਪਾ ਸਕੇਂਗਾ

ਫਿਰਿ *(ਫਿਰ)*	**ਫਿਰਿ** *(ਫਿਰ)*	**ਜੋਨੀ**	**ਪਾਹਿ** *(ਪਾਹਿਂ)* ॥੩॥
ਦੁਬਾਰਾ	ਦੁਬਾਰਾ	ਜੂਨਾਂ	ਵਿਚ

...ਸਤਿਗੁਰੂ (ਸ਼ਬਦ ਦੇ ਸਿਮਰਨ ਤੋਂ) ਬਿਨਾ, ਆਤਮਿਕ-ਅਨੰਦ ਪ੍ਰਾਪਤ ਨਹੀਂ ਕਰ ਸਕੇਂਗਾ, ਅਤੇ (ਸੁਰਤੀ ਵਿਕਾਰਾਂ ਵਿਚ ਹੋਣ ਕਰਕੇ), ਬਾਰੰਬਾਰ ਜੂਨਾਂ ਵਿਚ ਹੀ ਪਿਆ ਰਹੇਂਗਾ।...

ਹਰਿ *(ਹਰ)*	**ਹਾਰੁ,** *(ਹਾਰ)*	**ਕੰਠਿ** *(ਕੰਠ)*	**ਜਿਨੀ** *(ਜਿਨ੍ਹੀ)*	**ਪਹਿਰਿਆ,**
ਹਰੀ, ਪ੍ਰਭੂ	ਮਾਲਾ	ਗਲੇ ਵਿਚ	ਜਿਨ੍ਹਾਂ ਨੇ	ਪਹਿਨ ਲਿਆ ਹੈ

ਗੁਰ	**ਚਰਣੀ**	**ਚਿਤੁ** *(ਚਿਤ)*	**ਲਾਇ** ॥
ਸਤਿਗੁਰੂ	ਚਰਨਾਂ ਵਿਚ	ਮਨ	ਲਾਕੇ

...ਜਿਨ੍ਹਾਂ (ਧਰਮ-ਸਾਧਕਾਂ ਨੇ) ਸਤਿਗੁਰੂ ਦੇ ਚਰਨਾਂ ਨਾਲ ਧਿਆਨ ਜੋੜਕੇ (ਭਾਵ ਗੁਰ-ਸ਼ਬਦ ਚਿੰਤਨ ਦੀ) ਮਾਲਾ ਆਪਣੇ ਗਲ ਵਿਚ ਪਹਿਨ ਲਈ ਹੈ...

ਅੰਕ ੨੬-੨੭

ਤਿਨਾ *(ਤਿਨ੍ਹਾਂ)*	**ਪਿਛੈ**	**ਰਿਧਿ** *(ਰਿਧ)*
ਉਨ੍ਹਾਂ	ਮਗਰ	ਧਨ ਦੌਲਤ ਪੈਦਾ ਕਰਨ ਵਾਲੀਆਂ ਸ਼ਕਤੀਆਂ

ਸਿਧਿ *(ਸਿਧ)*	**ਫਿਰੈ,**
੧੮ ਸਿਧੀਆਂ, ਯੌਗਿਕ ਸ਼ਕਤੀਆਂ	ਫਿਰਦੀਆਂ

ਓਨਾ *(ਓਨ੍ਹਾਂ)*	**ਤਿਲੁ** *(ਤਿਲ)*	**ਨ** *(ਨਾਂ)*	**ਤਮਾਇ॥੪॥**
ਉਨ੍ਹਾਂ ਨੂੰ	ਤਿਲ ਜਿਨਾਂ,ਭੋਰਾ ਮਾਤਰ	ਨਹੀਂ	ਤਮ੍ਹਾਂ, ਲਾਲਚ

...ਰਿਧੀਆਂ ਸਿੱਧੀਆਂ ਉਨ੍ਹਾਂ ਮਗਰ (ਦੌੜੀਆਂ) ਫਿਰਦੀਆਂ ਹਨ, ਅਤੇ ਉਨ੍ਹਾਂ ਨੂੰ ਤਿਲ ਮਾਤਰ ਵੀ (ਸੰਸਾਰਕ ਪਦਾਰਥਾਂ ਦੀ ਕੋਈ) ਲਾਲਸਾ ਨਹੀਂ ਹੁੰਦੀ।...

ਜੋ	**ਪ੍ਰਭ**	**ਭਾਵੈ**	**ਸੋ**	**ਥੀਐ,**
ਜਿਹੜਾ ਕੁਝ	ਪਰਮਾਤਮਾ	ਚੰਗਾ ਲਗਦਾ	ਉਹੋ ਹੀ	ਹੁੰਦਾ ਹੈ

ਅਵਰੁ *(ਅਵਰ)*	**ਨ** *(ਨਾਂ)*	**ਕਰਣਾ**	**ਜਾਇ ॥**
ਹੋਰ	ਨਹੀਂ	ਕਾਰਜ, ਕੰਮ	ਜਾ ਸਕਦਾ

...ਜਿਹੜਾ ਕੁਝ ਵੀ ਪਰਮਾਤਮਾ ਨੂੰ ਚੰਗਾ ਲਗਦਾ ਹੈ, ਉਹੋ ਕੁਝ ਹੀ ਹੁੰਦਾ ਹੈ, ਹੋਰ ਕੁਝ ਵੀ ਕਾਰਜ ਨਹੀਂ ਕੀਤਾ ਜਾ ਸਕਦਾ।...

ਜਨੁ *(ਜਨ)*	**ਨਾਨਕੁ** *(ਨਾਨਕ)*	**ਜੀਵੈ**	**ਨਾਮੁ** *(ਨਾਮ)*	**ਲੈ,**
ਦਾਸ, ਸੇਵਕ	ਨਾਨਕ (ਸਤਿਗੁਰੂ)	ਜਿਉਂਦਾ ਹੈ	(ਪ੍ਰਭੂ) ਨਾਮ	ਲੈਕੇ

ਹਰਿ *(ਹਰ)*	**ਦੇਵਹੁ**	**ਸਹਜਿ** *(ਸਹਿਜ)*	**ਸੁਭਾਇ॥੫॥੨॥੩੫॥**
ਹਰੀ, ਪ੍ਰਭੂ	ਦਿਓ	ਨਿਰਯਤਨ, ਸੁਤੇ	ਸੁਭਾਵਕ

...(ਹੇ! ਪ੍ਰਭੂ!) ਦਾਸ ਨਾਨਕ, ਨੂੰ ਸਹਿਜ-ਸੁਭਾ ਆਪਣੇ ਨਾਮ ਦੀ ਬਖਸ਼ਿਸ਼ ਕਰ ਦਿਓ (ਕਿਉਂਕਿ ਮੈਂ ਤੇਰਾ) ਨਾਮ ਸਿਮਰ ਕੇ ਹੀ ਜਿਊਂਦਾ ਹਾਂ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩,** *(ਤੀਜਾ)*	**ਘਰੁ** *(ਘਰ)* **੧** *(ਪਹਿਲਾ)* **॥**
ਰਾਗ ਦਾ ਨਾਮ	ਪਾਤਸ਼ਾਹੀ ਤੀਸਰੀ	ਤਾਲ ਦਾ ਸੰਕੇਤ	ਪਹਿਲਾ

ਜਿਸ	**ਹੀ**	**ਕੀ**	**ਸਿਰਕਾਰ**	**ਹੈ,**
ਜਿਹੜੇ	ਵੀ	ਦੀ	ਬਾਦਸ਼ਾਹੀ, ਹਕੂਮਤ	ਹੋਣ ਦੀ ਕ੍ਰਿਆ

ਅੰਕ ੨੨

ਤਿਸ	ਹੀ	ਕਾ	ਸਭੁ *(ਸਭ)*	ਕੋਇ ॥
ਉਸ	ਕੇਵਲ, ਸਿਰਫ਼	ਦਾ	ਸਾਰੇ	ਕੋਈ, ਜਾਣੇ

ਜਿਸ ਕਿਸੇ ਦੀ ਵੀ ਹਕੂਮਤ ਹੁੰਦੀ ਹੈ, ਉਸ ਕਿਸੇ ਦੇ ਹੀ ਸਾਰੇ ਕੋਈ (ਆਗਿਆਕਾਰ) ਹੁੰਦੇ ਹਨ। (ਭਾਵ ਜੇ ਹਿਰਦੇ ਵਿਚ ਪ੍ਰਭੂ ਦਾ ਰਾਜ ਹੋਵੇਗਾ ਤਾਂ ਸਭ ਕੁਝ ਉਸ ਦੀ ਆਗਿਆ ਅਨੁਸਾਰ ਹੀ ਹੋਏਗਾ।)...

ਗੁਰਮੁਖਿ *(ਗੁਰਮੁਖ)*	ਕਾਰ	ਕਮਾਵਣੀ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਕੰਮ, ਕਰਮ	ਕਮਾਉਣੇ, ਕਰਨੇ

ਸਚੁ, *(ਸਚ)*	ਘਟਿ *(ਘਟ)*	ਪਰਗਟੁ *(ਪਰਗਟ)*	ਹੋਇ ॥
ਸਦਾ ਸਥਿਰ(ਪ੍ਰਭੂ)	ਹਿਰਦੇ ਅੰਦਰ	ਪਰਤੱਖ	ਹੋ ਜਾਂਦਾ ਹੈ।

...ਸਤਿਗੁਰੂ ਦੀ ਸਨਮੁੱਖਤਾ ਰਾਹੀਂ ਕਰਮ ਕਰਨ ਨਾਲ, ਸਦਾ-ਸਥਿਰ ਪਰਮਾਤਮਾ ਹਿਰਦੇ ਅੰਦਰ ਪਰਗਟ ਹੋ ਜਾਂਦਾ ਹੈ।...

ਅੰਤਰਿ *(ਅੰਤਰ)*	ਜਿਸ	ਕੈ	ਸਚੁ *(ਸੱਚ)*	ਵਸੈ,
(ਹਿਰਦੇ) ਅੰਦਰ	ਜਿਹੜੇ	ਦੇ	ਸਦਾ-ਸਥਿਰ (ਪਰਮਾਤਮਾ)	ਵਸਦਾ ਹੈ

ਸਚੇ	ਸਚੀ *(ਸੱਚੀ)*	ਸੋਇ ॥
ਸੱਤ ਸਰੂਪ	ਸਦਾ-ਸਥਿਰ, ਸਦੀਵੀ	ਸ਼ੋਭਾ, ਵਡਿਆਈ

...ਜਿਸ ਦੇ ਹਿਰਦੇ ਅੰਦਰ ਸਦਾ-ਸਥਿਰ ਪਰਮਾਤਮਾ ਵਸਦਾ ਹੈ, ਉਸ (ਪਰਮਾਤਮ ਸਰੂਪ) ਸੱਚੇ ਦੀ ਵਡਿਆਈ ਵੀ ਸੱਚੀ, ਭਾਵ ਸਦੀਵੀ ਹੁੰਦੀ ਹੈ।...

ਸਚਿ *(ਸੱਚ)*	ਮਿਲੇ	ਸੇ	ਨ *(ਨਾਂ)*	ਵਿਛੁੜਹਿ, *(ਵਿਛੜਹਿਂ)*
ਸਦਾ-ਸਥਿਰ(ਪ੍ਰਭੂ ਨਾਮ) ਰਾਹੀਂ	ਮਿਲ ਜਾਣ	ਉਹ	ਨਹੀਂ	ਵਿਛੜਦੇ

ਤਿਨ *(ਤਿਨ੍ਹ)*	ਨਿਜ	ਘਰਿ *(ਘਰ)*	ਵਾਸਾ	ਹੋਇ ॥੧॥
ਉਨ੍ਹਾਂ ਦਾ	ਸਵੈ,ਆਪਣੇ	ਘਰ ਵਿਚ, ਸਰੂਪ ਵਿਚ	ਨਿਵਾਸ	ਹੋ ਜਾਂਦਾ ਹੈ

...(ਜੋ) ਸਦੀਵ-ਸੱਚ ਪਰਮਾਤਮਾ ਨਾਲ ਮਿਲ ਜਾਂਦੇ ਹਨ, ਉਹ (ਫ਼ਿਰ) ਕਦੇ ਵੀ (ਪ੍ਰਭੂ) ਤੋਂ ਵਿਛੜਦੇ ਨਹੀਂ।...

ਮੇਰੇ	ਰਾਮ,
ਆਪਣੇ	ਪਰਮਾਤਮਾ

ਅੰਕ ੨੭

ਮੈ *(ਮੈਂ)*	ਹਰਿ *(ਹਰ)*	ਬਿਨੁ *(ਬਿਨ)*	ਅਵਰੁ *(ਅਵਰ)*	ਨ *(ਨਾਂ)*	ਕੋਇ	॥
ਮੈਨੂੰ, ਮੇਰਾ	ਹਰੀ, ਪ੍ਰਭੂ	ਬਿਨਾਂ	ਹੋਰ	ਨਹੀਂ	ਕੋਈ	

...ਹੇ! ਮੇਰੇ ਰਾਮ! ਮੇਰਾ ਵਾਹਿਗੁਰੂ ਬਿਨਾਂ ਹੋਰ ਕੋਈ (ਆਸਰਾ) ਨਹੀਂ ਹੈ।...

ਸਤਗੁਰੁ *(ਸਤਗੁਰ)*	ਸਚੁ *(ਸੱਚ)*	ਪ੍ਰਭੁ *(ਪ੍ਰਭ)*	ਨਿਰਮਲਾ,
ਸਤਿਗੁਰੂ	ਸਦਾ ਸਥਿਰ	ਪਰਮਾਤਮਾ	ਪਵਿੱਤਰ

ਸਬਦਿ *(ਸ਼ਬਦ)*	ਮਿਲਾਵਾ	ਹੋਇ ॥੧॥	ਰਹਾਉ ॥
ਗੁਰ-ਸ਼ਬਦ ਰਾਹੀਂ	ਮਿਲਾਪ	ਹੁੰਦਾ ਹੈ	ਠਹਿਰਾਉ

...ਸਦਾ-ਸਥਿਰ, ਪਰਮਾਤਮ-ਸਰੂਪ ਸਤਿਗੁਰੂ, ਪਵਿੱਤਰ ਹੈ, ਅਤੇ ਸਤਿਗੁਰੂ-ਸ਼ਬਦ ਰਾਹੀਂ ਹੀ (ਵਾਹਿਗੁਰੂ) ਮਿਲਾਪ ਹੁੰਦਾ ਹੈ।...

ਸਬਦਿ *(ਸ਼ਬਦ)*	ਮਿਲੈ,	ਸੋ	ਮਿਲਿ *(ਮਿਲ)*	ਰਹੈ,
(ਗੁਰ) ਸ਼ਬਦ ਰਾਹੀਂ	ਜੁੜ ਜਾਵੇ	ਉਹੀ	ਮਿਲਿਆ	ਰਹਿੰਦਾ ਹੈ

ਜਿਸ	ਨਉ, *(ਨਉਂ)*	ਆਪੇ	ਲਏ	ਮਿਲਾਇ ॥
ਜਿਹੜੇ	ਨੂੰ	ਆਪ ਹੀ	ਲਵੇ	ਮਿਲਾ, ਜੋੜ

...(ਗੁਰ)ਸ਼ਬਦ ਰਾਹੀਂ (ਜੋ ਪਰਮਾਤਮਾ ਨਾਲ) ਮਿਲ ਜਾਵੇ, ਉਹ (ਫਿਰ) ਮਿਲਿਆ ਹੀ ਰਹਿੰਦਾ ਹੈ, (ਪਰ ਮਿਲਦਾ ਉਹੀ ਹੈ) ਜਿਸ ਨੂੰ (ਵਾਹਿਗੁਰੂ) ਆਪ ਮਿਲਾ ਲਵੇ।...

ਦੂਜੈ	ਭਾਇ	ਕੋ	ਨਾ	ਮਿਲੈ,
ਦੂਸਰੇ	ਪ੍ਰੇਮ ਨਾਲ	ਕੋਈ	ਨਹੀਂ	ਮਿਲਦਾ

ਫਿਰਿ *(ਫਿਰ)*	ਫਿਰਿ *(ਫਿਰ)*	ਆਵੈ	ਜਾਇ ॥
ਦੁਬਾਰਾ	ਦੁਬਾਰਾ	ਆਉਂਦਾ	(ਚਲੇ) ਜਾਂਦਾ ਹੈ

...ਦ੍ਵੈਤ-ਭਾਵ (ਅਥਵਾ ਮਾਇਆਵੀ ਪਦਾਰਥਾਂ ਦੇ ਲਗਾਓ ਰਾਹੀਂ, ਕੋਈ (ਪਰਮਾਤਮਾ ਨੂੰ) ਨਹੀਂ ਮਿਲ ਸਕਦਾ, (ਸਗੋਂ ਮਾਇਆ ਦੇ ਲਗਾਓ ਨਾਲ ਤਾਂ) ਮੁੜ ਮੁੜ ਕੇ (ਸੰਸਾਰ ਤੇ) ਆਉਣਾ ਜਾਣਾ ਪੈਂਦਾ ਹੈ।...

ਸਭ	ਮਹਿ *(ਮਹਿੰ)*	ਇਕੁ *(ਇਕ)*	ਵਰਤਦਾ,
ਸਾਰਿਆਂ	ਵਿਚ	ਇੱਕੋ (ਪ੍ਰਭੂ)	ਵਸਦਾ

ਅੰਕ ੨੭

ਏਕੋ	ਰਹਿਆ	ਸਮਾਇ ॥
ਇਕੋ	ਰਿਹਾ ਹੈ	ਅਭੇਦ,ਲੀਨ

...ਸਾਰਿਆਂ (ਜੀਵਾਂ) ਵਿਚ ਇਕ ਪਰਮਾਤਮਾ ਹੀ ਵਸਦਾ ਹੈ, ਅਤੇ ਉਹੀ ਇਕੋ (ਹਰ ਜਗ੍ਹਾ) ਸਮਾਇਆ ਹੋਇਆ ਹੈ।...

ਜਿਸ	ਨਉ,*(ਨਉਂ)*	ਆਪਿ*(ਆਪ)*	ਦਇਆਲੁ *(ਦਇਆਲ)*	ਹੋਇ,
ਜਿਹੜੇ	ਨੂੰ	ਆਪ ਹੀ	ਦਇਆਵਾਨ	ਹੋਵੇ

ਸੋ	ਗੁਰਮੁਖਿ*(ਗੁਰਮੁਖ)*	ਨਾਮਿ*(ਨਾਮ)*	ਸਮਾਇ ॥੨॥
ਉਹ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਨਾਮ ਵਿਚ	ਅਭੇਦ ਹੋ ਜਾਂਦਾ ਹੈ

...(ਪਰਮਾਤਮਾ) ਜਿਸ ਤੇ ਆਪ ਮਿਹਰਵਾਨ ਹੋ ਜਾਵੇ, ਉਹ ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪ੍ਰਭੂ) ਨਾਮ ਵਿਚ ਅਭੇਦ ਹੋ ਜਾਂਦਾ ਹੈ।...

ਪੜਿ*(ਪੜ੍ਹ)*	ਪੜਿ*(ਪੜ੍ਹ)*	ਪੰਡਿਤ	ਜੋਤਕੀ,
ਪੜ੍ਹ ਕੇ	ਪੜ੍ਹ ਕੇ	ਵਿਦਵਾਨ	ਜੋਤਸ਼ੀ

ਵਾਦ	ਕਰਹਿ*(ਕਰਹਿਂ)*	ਬੀਚਾਰੁ*(ਬੀਚਾਰ)* ॥
ਵਾਦ ਵਿਵਾਦ, ਬਹਿਸ	ਕਰਦੇ ਹਨ	ਵੀਚਾਰ

...ਜੋਤਿਸ਼ ਵਿਦਿਆ ਵਾਲੇ ਅਤੇ ਪੰਡਿਤ, (ਸ਼ਾਸ਼ਤਰ ਆਦਿਕ ਕਿਤਾਬਾਂ) ਪੜ੍ਹ ਪੜ੍ਹ ਕੇ ਵਾਦ-ਵਿਵਾਦ ਵਾਲੀਆਂ ਵਿਚਾਰਾਂ ਕਰਦੇ ਰਹਿੰਦੇ ਹਨ।...

ਮਤਿ*(ਮੱਤ)*	ਬੁਧਿ*(ਬੁੱਧ)*	ਭਵੀ,*(ਭਵੀਂ)*	ਨ*(ਨਾਂ)*	ਬੁਝਈ,
ਸਿਮਰਤੀ	ਬੁੱਧੀ,ਅਕਲ	ਭਟਕਦੀ	ਨਹੀਂ	ਸਮਝਦੀ

ਅੰਤਰਿ*(ਅੰਤਰ)*	ਲੋਭ	ਵਿਕਾਰੁ*(ਵਿਕਾਰ)* ॥
ਅੰਤਹਕਰਣ ਵਿਚ	ਲਾਲਚ	ਮੰਦ ਭਾਵਨਾਵਾਂ

...(ਉਨ੍ਹਾਂ ਦੀ) ਮਤ ਤੇ ਬੁੱਧੀ (ਇਨ੍ਹਾਂ ਬਹਿਸਾਂ ਆਦਿ ਵਿਚ ਹੀ) ਭਟਕਦੀ ਰਹਿੰਦੀ ਹੈ ਤੇ (ਪਰਮਾਤਮ-ਸੱਚ ਨੂੰ) ਨਹੀਂ ਸਮਝਦੀ, ਕਿਉਂਕਿ ਉਨ੍ਹਾਂ ਦੇ ਅੰਤਹਕਰਣ ਵਿਚ (ਮਾਇਆਵੀ ਪਦਾਰਥਾਂ ਦਾ) ਲੋਭ ਅਤੇ ਵਿਕਾਰ ਟਿਕੇ ਹੁੰਦੇ ਹਨ।...

ਅੰਕ ੨੭

ਲਖ	ਚਉਰਾਸੀਹ	ਭਰਮਦੇ,	
ਲੱਖਾਂ, (ਭਾਵ ਬੇਅੰਤ)	੮੦+੪=੮੪	ਫ਼ਿਰਦੇ, ਭਟਕਦੇ	
ਭ੍ਰਮਿ *(ਭ੍ਰਮ)*	ਭ੍ਰਮਿ *(ਭ੍ਰਮ)*	ਹੋਇ	ਖੁਆਰੁ *(ਖੁਆਰ)* ॥
ਭਰਮਦੇ	ਭਰਮਦੇ	ਹੁੰਦੇ ਹਨ	ਖੱਜਲ

...ਉਹ ਚੌਰਾਸੀ ਲੱਖ ਜੂਨਾਂ, (ਭਾਵ ਸਦਾ ਹੀ ਆਵਾਗਉਣ ਦੇ ਚੱਕਰ) ਵਿਚ ਭਟਕਦੇ ਰਹਿੰਦੇ ਹਨ, ਅਤੇ ਭਟਕਦਿਆਂ ਭਟਕਦਿਆਂ ਹੀ ਖੱਜਲ ਖੁਆਰ ਹੁੰਦੇ ਰਹਿੰਦੇ ਹਨ।...

ਪੂਰਬਿ *(ਪੂਰਬ)*	ਲਿਖਿਆ	ਕਮਾਵਣਾ,
ਪੂਰਬਲਾ, ਪਿਛਲਾ	ਅੰਕਿਤ ਹੋਇਆ ਹੋਇਆ	ਕਮਾਉਣਾ, ਕਰਨਾ
ਕੋਇ	ਨ *(ਨਾਂ)*	ਮੇਟਣਹਾਰੁ *(ਮੇਟਣਹਾਰ)* ॥੩॥
ਕੋਈ	ਨਹੀਂ	ਮਿਟਾ ਸਕਣ ਵਾਲਾ

...(ਪਰ ਓਹ ਵੀ ਤਾਂ ਆਪਣੇ) ਪੂਰਬਲੇ ਲਿਖੇ ਹੋਏ (ਸੰਸਕਾਰਾਂ ਅਨੁਸਾਰ ਹੀ ਕਰਮ) ਕਮਾਉਂਦੇ ਹਨ, (ਜਿਨ੍ਹਾਂ ਨੂੰ ਆਪਣੇ ਆਪ) ਕੋਈ ਵੀ ਮਿਟਾ ਸਕਣ ਵਾਲਾ ਨਹੀਂ ਹੈ।...

ਸਤਗੁਰ	ਕੀ	ਸੇਵਾ	ਗਾਖੜੀ,
ਸਤਿਗੁਰੂ	ਦੀ	ਟਹਿਲ, ਅਰਾਧਨਾ	ਔਖੀ, ਮੁਸ਼ਕਲ
ਸਿਰੁ *(ਸਿਰ)*	ਦੀਜੈ,	ਆਪੁ *(ਆਪ)*	ਗਵਾਇ॥
ਸੀਸ	ਦਿਓ	ਆਪਾ ਭਾਵ	ਗਵਾਕੇ

...ਸਤਿਗੁਰੂ ਦੀ ਟਹਿਲ ਭਾਵ ਅਰਾਧਨਾ ਬਹੁਤ ਔਖੀ ਹੈ, ਕਿਉਂਕਿ ਆਪਣੀ ਹਉਮੈ ਨੂੰ ਮਾਰਕੇ, ਸਿਰ ਗੁਰੂ ਨੂੰ ਭੇਂਟ ਕਰਨਾ ਹੁੰਦਾ ਹੈ, (ਭਾਵ ਸਮੁੱਚੀ ਸੋਚ ਨੂੰ ਸਤਿਗੁਰੂ ਅੱਗੇ) ਸਮਰਪਿਤ ਕਰਨਾ ਪੈਂਦਾ ਹੈ।...

ਸਬਦਿ *(ਸ਼ਬਦ)*	ਮਿਲਹਿ, *(ਮਿਲਹਿਂ)*	ਤਾ *(ਤਾਂ)*	ਹਰਿ *(ਹਰ)*	ਮਿਲੈ,
ਗੁਰ-ਸ਼ਬਦ ਵਿਚ	ਮਿਲਦੇ ਹਨ	ਤਦ	ਹਰੀ, ਪ੍ਰਭੂ	ਮਿਲਦਾ ਹੈ

ਸੇਵਾ	ਪਵੈ	ਸਭ	ਥਾਇ *(ਥਾਇਂ)* ॥
ਟਹਿਲ, ਅਰਾਧਨਾ	ਪੈਂਦੀ ਹੈ	ਸਾਰੀ	ਥਾਂ ਸਿਰ

...(ਜਦੋਂ ਧਰਮ-ਸਾਧਕ) ਗੁਰ-ਸ਼ਬਦ ਰਾਹੀਂ (ਪਰਮਾਤਮਾ ਨਾਲ) ਜੁੜ ਜਾਂਦੇ ਹਨ, ਤਾਂ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ, ਅਤੇ ਟਹਿਲ-ਸਿਮਰਨ ਦੀ ਕਮਾਈ, ਸਭ ਥਾਂ ਪੈ ਜਾਂਦੀ ਹੈ ਭਾਵ (ਰੱਬੀ ਦਰਗਾਹੇ) ਪਰਵਾਨ ਹੋ ਜਾਂਦੀ ਹੈ।

ਅੰਕ ੨੭

ਪਾਰਸਿ *(ਪਾਰਸ)*	ਪਰਸਿਐ,	ਪਾਰਸੁ *(ਪਾਰਸ)*	ਹੋਇ,
ਸੋਨਾ ਬਨਾਉਣ ਵਾਲੇ ਪੱਥਰ ਨੂੰ	ਛੋਹਣ ਨਾਲ	ਸੋਨਾ ਬਨਾਉਣ ਵਾਲਾ ਪੱਥਰ	ਹੋ ਜਾਈਦਾ ਹੈ

ਜੋਤੀ	ਜੋਤਿ *(ਜੋਤ)*	ਸਮਾਇ ॥
ਆਤਮ ਜੋਤ	(ਪ੍ਰਭੂ) ਜੋਤ ਵਿਚ	ਅਭੇਦ/ਲੀਨ ਹੋ ਜਾਂਦੀ ਹੈ

...ਪਾਰਸ ਰੂਪ ਸਤਿਗੁਰੂ ਨੂੰ ਛੋਹਣ ਨਾਲ, ਪਾਰਸ ਹੀ ਹੋ ਜਾਈਦਾ ਹੈ, ਅਤੇ (ਉਸ ਧਰਮ-ਸਾਧਕ ਦੀ ਆਤਮ) ਜੋਤ (ਪਰਮਾਤਮ) ਜੋਤ ਵਿਚ ਅਭੇਦ ਹੋ ਜਾਂਦੀ ਹੈ।...

ਜਿਨ *(ਜਿਨ੍ਹ)*	ਕਉ	ਪੁਰਬਿ *(ਪੂਰਬ)*	ਲਿਖਿਆ,
ਜਿਨ੍ਹਾਂ	ਨੂੰ	ਪੁਰਬਲੇ (ਸੰਸਕਾਰਾਂ ਅਨੁਸਾਰ)	ਅੰਕਿਤ

ਤਿਨ *(ਤਿਨ੍ਹ)*	ਸਤਗੁਰੁ *(ਸਤਗੁਰ)*	ਮਿਲਿਆ	ਆਇ॥੪॥
ਉਨ੍ਹਾਂ	ਸਤਿਗੁਰੂ	ਪ੍ਰਾਪਤ	ਆਣ ਕੇ

...(ਪਰ) ਸਤਿਗੁਰੂ ਦਾ ਮਿਲਾਪ ਵੀ ਉਨ੍ਹਾਂ ਨੂੰ ਹੀ ਹੁੰਦਾ ਹੈ, ਜਿਨ੍ਹਾਂ ਦੀ ਕਿਸਮਤ ਵਿਚ ਪੁਰਬਲੇ ਸੰਸਕਾਰਾਂ ਅਨੁਸਾਰ ਲਿਖਿਆ ਹੁੰਦਾ ਹੈ।...

ਮਨ,	ਭੁਖਾ	ਭੁਖਾ	ਮਤ	ਕਰਹਿ, *(ਕਰਹਿਂ)*
ਚਿੱਤ	ਖਾਣ ਇੱਛਕ	ਖਾਣ ਦਾ ਇੱਛਕ	ਨਾਂ	ਕਰ

ਮਤ	ਤੂ *(ਤੂੰ)*	ਕਰਹਿ *(ਕਰਹਿਂ)*	ਪੂਕਾਰ ॥
ਨਾਂ ਹੀ	ਤੂੰ	ਕਰੇਂ	ਪੁਕਾਰ, ਕੂਕ

...ਹੇ! ਮਨਾ! ਹਰ ਵਕਤ (ਲਾਲਚੀ ਬਣਿਆਂ ਹੋਇਆ, ਮੈਂ) ਭੁੱਖਾ ਹਾਂ, ਭੁੱਖਾਂ ਹਾਂ, ਹੀ ਨਾ ਕਹਿੰਦਾ ਰਹਿ, ਤੇ ਨਾਂ ਹੀ ਤੂੰ (ਐਵੇਂ ਗਿਲਿਆਂ ਸ਼ਿਕਵਿਆਂ ਨਾਲ ਉੱਚੀ ਉੱਚੀ) ਕੂਕਾਂ ਮਾਰਦਾ ਰਿਹਾ ਕਰ...

ਲਖ	ਚਉਰਾਸੀਹ	ਜਿਨਿ *(ਜਿਨ੍ਹ)*	ਸਿਰੀ,
ਲੱਖਾਂ (ਬੇਅੰਤ)	੮੦+੪=੮੪	ਜਿਸਨੇ	ਸਿਰਜੀ, ਬਣਾਈ

ਸਭਸੈ *(ਸਭਸੈਂ)*	ਦੇਇ	ਅਧਾਰੁ *(ਅਧਾਰ)* ॥
ਸਾਰਿਆਂ ਨੂੰ	ਦਿੰਦਾ ਹੈ	ਆਸਰਾ, ਸਹਾਰਾ

...(ਸਬਰ ਸੰਤੋਖ ਰੱਖ) ਜਿਸਨੇ ਚੁਰਾਸੀ ਲੱਖ ਜੂਨ ਸਿਰਜੀ ਹੈ, ਉਹ ਉਨ੍ਹਾਂ ਸਾਰਿਆਂ ਨੂੰ ਓਟ ਆਸਰਾ ਵੀ ਦਿੰਦਾ ਹੈ।..ਅੰਕ ੨੭.

ਨਿਰਭਉ	ਸਦਾ	ਦਇਆਲੁ *(ਦਇਆਲ)*	ਹੈ,
ਨਿਡਰ (ਪ੍ਰਭੂ)	ਹਮੇਸ਼ਾਂ	ਦਇਆਵਾਨ	ਹੋਣ ਦੀ ਕ੍ਰਿਆ

ਸਭਨਾ	ਕਰਦਾ	ਸਾਰ ॥
ਸਾਰਿਆਂ ਦੀ	ਕਰਦਾ ਹੈ	ਸੰਭਾਲ, ਦੇਖਭਾਲ

...ਨਿਰਭਉ ਪਰਮਾਤਮਾ ਸਦਾ ਦਇਆਵਾਨ ਹੈ, ਅਤੇ (ਉਹ) ਸਭਨਾਂ ਦੀ ਸਾਂਭ-ਸੰਭਾਲ ਵੀ ਕਰਦਾ ਹੈ।...

ਨਾਨਕ,	ਗੁਰਮੁਖਿ *(ਗੁਰਮੁਖ)*	ਬੁਝੀਐ,
ਹੇ ! ਨਾਨਕ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਬੁੱਝੀਦਾ, ਸਮਝੀਦਾ ਹੈ

ਪਾਈਐ	ਮੋਖ	ਦੁਆਰੁ *(ਦੁਆਰ)* ॥੫॥੩॥੩੬॥
ਪ੍ਰਾਪਤ ਕਰੀਦਾ ਹੈ	ਮੁਕਤੀ	ਦਰਵਾਜ਼ਾ

...ਹੇ! ਨਾਨਕ! ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਵਾਹਿਗੁਰੂ ਨੂੰ) ਸਮਝ ਲਈਦਾ ਹੈ, ਅਤੇ (ਸੰਸਾਰ ਦੇ ਮਾਇਕ ਪਦਾਰਥਾਂ ਦੇ ਵਿਕਾਰਾਂ ਤੋਂ) ਮੁਕਤ ਹੋਣ ਦਾ ਦਰਵਾਜ਼ਾ ਪ੍ਰਾਪਤ ਕਰ ਲਈਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਜਿਨੀ, *(ਜਿਨ੍ਹੀਂ)*	ਸੁਣਿ *(ਸੁਣ)*	ਕੈ	ਮੰਨਿਆ, *(ਮੰਨਿਆਂ)*
ਜਿਨ੍ਹਾਂ ਨੇ	ਸਰਵਣ	ਕੇ	ਮੰਨ ਲਿਆ, ਚਿੰਤਨ ਕੀਤਾ

ਤਿਨਾ *(ਤਿਨ੍ਹਾਂ)*	ਨਿਜ	ਘਰਿ *(ਘਰ)*	ਵਾਸੁ *(ਵਾਸ)* ॥
ਉਨ੍ਹਾਂ	ਆਪਣੇ, ਸਵੈ	(ਹਿਰਦੇ) ਘਰ ਵਿਚ	ਨਿਵਾਸ

ਜਿਨ੍ਹਾਂ (ਧਰਮ-ਸਾਧਕ ਨੇ ਵਾਹਿਗੁਰੂ ਦਾ ਨਾਮ) ਸਰਵਣ ਕਰਕੇ ਉਸਦਾ ਚਿੰਤਨ ਕੀਤਾ ਹੈ, ਉਨ੍ਹਾਂ ਦਾ ਆਪਣੇ ਨਿਜ-ਸਰੂਪ ਵਿਚ ਵਾਸਾ ਹੋ ਜਾਂਦਾ ਹੈ।(ਭਾਵ ਚਿੱਤ, ਅੰਤਰ-ਆਤਮੇ, ਨਾਮ-ਸਿਮਰਨ ਵਾਲੀ ਅਵਸਥਾ ਵਿਚ ਟਿਕਿਆ ਰਹਿੰਦਾ ਹੈ।)...

ਗੁਰਮਤੀ	ਸਾਲਾਹਿ *(ਸਾਲਾਹ)*	ਸਚੁ, *(ਸੱਚ)*
ਸਤਿਗੁਰੂ ਦੀ ਮੱਤ ਦੁਆਰਾ	ਸਲਾਹੁਣ ਦੁਆਰਾ	ਸਦਾ-ਸਥਿਰ (ਪ੍ਰਭੂ)

ਹਰਿ *(ਹਰ)*	ਪਾਇਆ	ਗੁਣਤਾਸੁ *(ਗੁਣਤਾਸ)* ॥
ਹਰੀ, ਪ੍ਰਭੂ	ਪ੍ਰਾਪਤ ਕੀਤਾ	ਗੁਣਾਂ ਦੇ ਖ਼ਜ਼ਾਨੇ

...(ਉਨ੍ਹਾਂ ਨੇ) ਸਤਿਗੁਰੂ ਦੀ ਮੱਤ ਦੁਆਰਾ, ਸਦਾ-ਸਥਿਰ ਪਰਮਾਤਮਾ ਦੀ ਸਿਫ਼ਤ-ਸਲਾਹ ਕਰਕੇ, ਗੁਣਾਂ ਦੇ ਖ਼ਜ਼ਾਨੇ ਹਰੀ-ਪ੍ਰਭੂ ਨੂੰ ਪਾ ਲਿਆ।...

ਸਬਦਿ *(ਸ਼ਬਦ)*	**ਰਤੇ,**	**ਸੇ**	**ਨਿਰਮਲੇ,**
(ਸਤਿਗੁਰੂ ਦੇ) ਸ਼ਬਦ ਵਿਚ	ਰੰਗੇ ਹੋਏ	ਉਹ	ਪਵਿੱਤਰ, ਨਿਰਮਲ

ਹਉ *(ਹਉਂ)*	**ਸਦ**	**ਬਲਿਹਾਰੈ**	**ਜਾਸੁ** *(ਜਾਸ)* ॥
ਮੈਂ	ਹਮੇਸ਼ਾਂ	ਕੁਰਬਾਨ	ਜਾਂਦਾ ਹਾਂ

...(ਜੋ) ਸਤਿਗੁਰੂ ਦੇ ਸ਼ਬਦ ਵਿਚ ਰੰਗੇ ਜਾਂਦੇ ਹਨ, (ਉਹ) ਪਵਿੱਤਰ ਹੋ ਜਾਂਦੇ, ਮੈਂ (ਨਾਨਕ) ਉਨ੍ਹਾ ਤੋਂ ਸਦਕੇ, ਬਲਿਹਾਰ ਜਾਂਦਾ ਹਾਂ।...

ਹਿਰਦੈ	**ਜਿਨ** *(ਜਿਨ੍ਹ)*	**ਕੈ**	**ਹਰਿ** *(ਹਰ)*	**ਵਸੈ,**
ਚਿੱਤ ਵਿਚ	ਜਿਨ੍ਹਾਂ	ਦੇ	ਪ੍ਰਭੂ	ਵੱਸਦਾ ਹੈ

ਤਿਤੁ *(ਤਿਤ)*	**ਘਟਿ** *(ਘਟ)*	**ਹੈ**	**ਪਰਗਾਸੁ** *(ਪਰਗਾਸ)* ॥੧॥
ਉਸ	ਹਿਰਦੇ ਵਿਚ	ਹੋਣ ਦੀ ਕ੍ਰਿਆ	(ਨਾਮ) ਚਾਨਣ

...ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਵਸਦਾ ਹੈ, ਉਸ ਘਟ ਭਾਵ ਹਿਰਦੇ ਵਿਚ, (ਨਾਮ ਦਾ) ਚਾਨਣ ਹੋ ਜਾਂਦਾ ਹੈ।...

ਮਨ	**ਮੇਰੇ,**	**ਹਰਿ** *(ਹਰ)*	**ਹਰਿ** *(ਹਰ)*	**ਨਿਰਮਲੁ** *(ਨਿਰਮਲ)*	**ਧਿਆਇ** ॥
ਚਿੱਤ	ਆਪਣੇ	ਪ੍ਰਭੂ	ਪ੍ਰਭੂ	ਪਵਿੱਤਰ (ਨਾਮ)	ਅਰਾਧ, ਸਿਮਰ

...ਹੇ। ਮੇਰੇ ਮਨਾਂ। ਹਰੀ ਪ੍ਰਭੂ (ਦੇ) ਨਿਰਮਲ ਨਾਮ ਦਾ ਸਿਮਰਨ ਕਰ।....

ਧੁਰਿ *(ਧੁਰ)*	**ਮਸਤਕਿ,** *(ਮਸਤਕ)*	**ਜਿਨ** *(ਜਿਨ੍ਹ)*	**ਕਉ** *(ਕਓ)*	**ਲਿਖਿਆ,**
ਧੁਰੋਂ, ਰੱਬੀ ਦਰਗਾਹੋਂ	ਮੱਥੇ ਤੇ	ਜਿਨ੍ਹਾਂ	ਨੂੰ	ਅੰਕਿਤ

ਸੇ	**ਗੁਰਮੁਖਿ** *(ਗੁਰਮਖ)*	**ਰਹੇ**	**ਲਿਵ**	**ਲਾਇ**॥੧॥	**ਰਹਾਉ** ॥
ਉਹ	ਸਤਿਗੁਰੂ ਦੀ ਸਨਮੁੱਖਤਾ	ਰਹਿੰਦੇ	ਧਿਆਨ	ਲਗਾਕੇ	ਠਹਿਰਾਉ

...ਜਿਨ੍ਹਾਂ ਦੇ ਮਸਤਕ ਤੇ (ਵਾਹਿਗੁਰੂ ਨੇ) ਧੁਰ ਦਰਗਾਹੋਂ ਲਿਖਿਆ ਹੁੰਦਾ ਹੈ, ਉਹ ਸਤਿਗੁਰੂ ਦੀ ਸਨਮੁੱਖਤਾ ਰਾਹੀਂ, (ਪ੍ਰਭੂ) ਧਿਆਨ ਵਿਚ ਜੁੜੇ ਰਹਿੰਦੇ ਹਨ।...

ਅੰਕ ੨੭

ਹਰਿ *(ਹਰ)*	**ਸੰਤਹੁ,**	**ਦੇਖਹੁ**	**ਨਦਰਿ** *(ਨਦਰ)*	**ਕਰਿ,** *(ਕਰ)*
ਪ੍ਰਭੂ	ਸੰਤ ਜਨੋਂ,	ਵੇਖੋ	ਨਜ਼ਰ ਨਾਲ	ਕਰਕੇ

ਨਿਕਟਿ *(ਨਿਕਟ)*	**ਵਸੈ**	**ਭਰਪੂਰਿ** *(ਭਰਪੂਰ)* ॥
ਨੇੜੇ ਹੀ	ਵਸਦਾ ਹੈ	ਵਿਆਪਕ ਹੈ

...ਹੇ! ਪ੍ਰਭੂ ਦੇ ਸੰਤ-ਜਨੋਂ'! (ਡੂੰਘੀ) ਨਜ਼ਰ ਲਗਾ ਕੇ ਵੇਖੋ, ਪਰਮਾਤਮਾ ਹਰ ਥਾਂ ਵਿਆਪਕ ਹੈ, ਅਤੇ (ਤੁਹਾਡੇ) ਨੇੜੇ ਹੀ ਵਸਦਾ ਹੈ।...

ਗੁਰਮਤਿ *(ਗੁਰਮਤ)*	**ਜਿਨੀ** *(ਜਿਨ੍ਹੀਂ)*	**ਪਛਾਣਿਆ,** *(ਪਛਾਣਿਆਂ)*
ਸਤਿਗੁਰੂ ਦੀ ਮੱਤ ਰਾਹੀਂ	ਜਿਨ੍ਹਾਂ ਨੇ	ਪਹਿਚਾਣ ਲਿਆ ਹੈ

ਸੇ	**ਦੇਖਹਿ** *(ਦੇਖਹਿੰ)*	**ਸਦਾ**	**ਹਦੂਰਿ** *(ਹਦੂਰ)* ॥
ਉਹ	ਦੇਖਦੇ ਹਨ	ਹਮੇਸ਼ਾਂ	ਹਜ਼ੂਰੀ ਵਿਚ

...ਸਤਿਗੁਰੂ ਦੀ ਮੱਤ ਭਾਵ ਸਿੱਖਿਆ ਰਾਹੀਂ, ਜਿਨ੍ਹਾਂ ਨੇ (ਪਰਮਾਤਮਾ ਨੂੰ) ਪਹਿਚਾਣ ਲਿਆ ਹੈ, ਉਹ ਹਮੇਸ਼ਾਂ (ਉਸਨੂੰ) ਹਾਜ਼ਰ-ਹਜ਼ੂਰ ਵੇਖਦੇ ਹਨ।...

ਜਿਨ *(ਜਿਨ੍ਹ)*	**ਗੁਣ,**	**ਤਿਨ** *(ਤਿਨ੍ਹ)*	**ਸਦ**	**ਮਨਿ** *(ਮਨ)*	**ਵਸੈ,**
ਜਿਨ੍ਹਾਂ	ਚੰਗਿਆਈਆਂ	ਉਨ੍ਹਾਂ ਦੇ	ਸਦਾ	ਮਨ ਵਿਚ	ਵਸਦਾ ਹੈ

ਅਉਗੁਣਵੰਤਿਆ *(ਅਉਗੁਣਵੰਤਿਆਂ)*	**ਦੂਰਿ** *(ਦੂਰ)* ॥
ਔਗਣਾਂ ਵਾਲਿਆਂ ਤੋਂ	ਦੂਰ, ਪਰ੍ਹੇ

...ਜਿਨ੍ਹਾਂ ਕੋਲ (ਦੈਵੀ) ਗੁਣ ਹਨ, (ਵਾਹਿਗੁਰੂ) ਸਦਾ ਉਨ੍ਹਾਂ ਦੇ ਮਨ ਵਿਚ ਵਸਦਾ ਹੈ, (ਪਰ) ਔਗਣਾਂ ਵਾਲਿਆਂ ਨੂੰ ਦੂਰ ਹੀ ਜਾਪਦਾ ਹੈ।...

ਮਨਮੁਖ,	**ਗੁਣ**	**ਤੈ**	**ਬਾਹਰੇ,**
ਮਨ ਦੇ ਮਗਰ ਲਗਣ ਵਾਲੇ	ਚੰਗਿਆਈਆਂ	ਤੋਂ	ਸੱਖਣੇ

ਬਿਨੁ *(ਬਿਨ)*	**ਨਾਵੈ** *(ਨਾਵੈਂ)*	**ਮਰਦੇ**	**ਝੂਰਿ** *(ਝੂਰ)* ॥੨॥
ਬਿਨਾਂ	(ਪ੍ਰਭੂ) ਸਿਮਰਨ	ਮਰ ਜਾਂਦੇ	ਝੂਰ ਕੇ, ਪਛਤਾਵੇ ਵਿਚ

...(ਆਪਣੇ) ਮਨ ਦੇ ਪਿਛੇ ਲਗਣ ਵਾਲੇ (ਪ੍ਰਭੂ) ਗੁਣਾਂ ਤੋਂ ਸੱਖਣੇ (ਹੀ ਰਹਿੰਦੇ ਹਨ), ਅਤੇ ਪ੍ਰਭੂ ਸਿਮਰਨ ਤੋਂ ਬਗੈਰ ਝੂਰ (ਝੁਰ) ਕੇ ਮਰਦੇ ਹਨ।...

ਅੰਕ ੨੮

ਜਿਨ,*(ਜਿਨ੍ਹ)*	ਸਬਦਿ,*(ਸ਼ਬਦ)*	ਗੁਰੂ	ਸੁਣਿ*(ਸੁਣ)*	ਮੰਨਿਆ,*(ਮੰਨਿਆਂ)*
ਜਿਨ੍ਹਾਂ	ਸ਼ਬਦ ਨੂੰ	ਸਤਿਗੁਰੂ	ਸੁਣਕੇ	ਮੰਨ ਲਿਆ, ਚਿੰਤਨ ਕੀਤਾ ਹੈ

ਤਿਨ*(ਤਿਨ੍ਹ)*	ਮਨਿ*(ਮਨ)*	ਧਿਆਇਆ	ਹਰਿ*(ਹਰ)*	ਸੋਇ॥
ਉਨ੍ਹਾਂ	ਚਿੱਤ ਵਿਚ	ਸਿਮਰਿਆ	ਪ੍ਰਭੂ	ਉਸ

...ਜਿਨ੍ਹਾਂ ਨੇ ਸਤਿਗੁਰੂ ਸ਼ਬਦ ਨੂੰ ਸੁਣਕੇ, (ਉਸਦਾ) ਚਿੰਤਨ ਕੀਤਾ ਹੈ, ਉਨ੍ਹਾਂ ਨੇ ਮਨ ਵਿਚ ਪ੍ਰਭੂ ਦਾ ਧਿਆਨ ਲਗਾਇਆ ਹੈ।...

ਅਨਦਿਨੁ*(ਅਨਦਿਨ)*	ਭਗਤੀ	ਰਤਿਆ,*(ਰਤਿਆਂ)*
ਦਿਨ ਰਾਤ, ਅੱਠੇ ਪਹਿਰ	ਬੰਦਗੀ	ਲੀਨ ਹੋਇਆਂ

ਮਨੁ*(ਮਨ)*	ਤਨੁ*(ਤਨ)*	ਨਿਰਮਲੁ *(ਨਿਰਮਲ)*	ਹੋਇ॥
ਚਿੱਤ	ਸਰੀਰ	ਪਵਿੱਤਰ	ਹੋ ਜਾਂਦਾ ਹੈ

...ਅੱਠੇ ਪਹਿਰ (ਪ੍ਰਭੂ) ਬੰਦਗੀ ਵਿਚ ਲੀਨ ਹੋਇਆਂ, ਮਨ ਤੇ ਤਨ ਪਵਿੱਤਰ ਹੋ ਜਾਂਦਾ ਹੈ।...

ਕੂੜਾ	ਰੰਗੁ*(ਰੰਗ)*	ਕਸੁੰਭ	ਕਾ,
ਝੂਠਾ	ਰੰਗ,ਵਰਣ	ਗੂੜ੍ਹੇ ਸ਼ੋਖ ਲਾਲ ਰੰਗ ਦਾ ਇਕ ਫੁੱਲ	ਦਾ

ਬਿਨਸਿ*(ਬਿਨਸ)*	ਜਾਇ	ਦੁਖੁ*(ਦੁੱਖ)*	ਰੋਇ॥
ਨਸ਼ਟ	ਜਾਂਦਾ	ਤਕਲੀਫ਼,ਕਸ਼ਟ	ਰੋਂਦਾ ਹੈ

...ਝੂਠੀ (ਮਾਇਆ ਦਾ ਰੰਗ) ਕਸੁੰਭੇ (ਦੇ ਫੁੱਲ) ਵਾਂਗ (ਹੁੰਦਾ ਹੈ, ਜੋ ਦੇਖਣ ਨੂੰ ਤਾਂ ਬੜਾ ਸ਼ੋਖ ਲਗਦਾ ਹੈ, ਪਰ ਜਲਦੀ ਹੀ ਬਿਨਸ ਜਾਂਦਾ ਹੈ), ਇਵੇਂ ਹੀ ਜਦੋਂ (ਮਾਇਆ ਦਾ ਰੰਗ ਗੁਆਚਦਾ ਹੈ), ਤਾਂ (ਜੀਵ) ਦੁੱਖ ਵਿਚ ਰੋਂਦਾ ਹੈ।...

ਜਿਸੁ*(ਜਿਸ)*	ਅੰਦਰਿ,*(ਅੰਦਰ)*	ਨਾਮ	ਪ੍ਰਗਾਸੁ*(ਪ੍ਰਗਾਸ)*	ਹੈ,
ਜਿਸਦੇ	(ਹਿਰਦੇ) ਅੰਦਰ	(ਪ੍ਰਭੂ) ਸਿਮਰਨ	ਪਰਕਾਸ਼	ਹੋਣ ਦੀ ਕ੍ਰਿਆ

ਓਹੁ*(ਓਹ)*	ਸਦਾ	ਸਦਾ	ਥਿਰੁ*(ਥਿਰ)*	ਹੋਇ॥੩॥
ਓਹ	ਹਮੇਸ਼ਾਂ	ਹਮੇਸ਼ਾਂ	ਸਥਿਰ	ਹੁੰਦਾ ਹੈ

...ਜਿਸਦੇ ਹਿਰਦੇ ਅੰਦਰ, (ਵਾਹਿਗੁਰੂ ਦਾ) ਨਾਮ-ਚਾਨਣ ਹੈ, ਓਹ ਹਮੇਸ਼ਾਂ (ਆਤਮਿਕ) ਟਿਕਾਓ ਵਿਚ ਰਹਿੰਦਾ ਹੈ।...

ਅੰਕ ੨੮

ਇਹੁ *(ਇਹ)*	ਜਨਮੁ *(ਜਨਮ)*	ਪਦਾਰਥੁ *(ਪਦਾਰਥ)*	ਪਾਇ	ਕੈ,
ਵਸਤੂ ਸੰਬੋਧਕ	ਜੀਵਨ	ਵਸਤੂ	ਪ੍ਰਾਪਤ	ਕਰਕੇ

ਹਰਿ *(ਹਰ)*	ਨਾਮੁ *(ਨਾਮ)*	ਨ *(ਨਾਂ)*	ਚੇਤੈ	ਲਿਵ	ਲਾਇ॥
ਪ੍ਰਭੂ	ਸਿਮਰਨ	ਨਹੀਂ	ਚੇਤਦਾ, ਧਿਆਉਂਦਾ	ਸੁਰਤੀ	ਜੋੜਕੇ

...(ਜੋ) ਇਹ (ਅਮੋਲਕ) ਜਨਮ ਪਦਾਰਥ ਪਾਕੇ, ਸੁਰਤੀ ਰਾਹੀਂ, ਹਰੀ-ਨਾਮ ਨਹੀਂ ਚੇਤਦਾ.....

ਪਗਿ *(ਪਗ)*	ਖਿਸਿਐ,	ਰਹਣਾ *(ਰਹਿਣਾ)*	ਨਹੀ *(ਨਹੀਂ)*	ਆਗੈ
ਪੈਰ	ਖਿਸ਼ਕਿਆਂ	ਰਹਿਣਾ, ਟਿਕਣਾ	ਨਹੀਂ	ਅੱਗੇ

ਠਉਰੁ *(ਠਉਰ)*	ਨ *(ਨਾਂ)*	ਪਾਇ॥
ਟਿਕਾਣਾ	ਨਹੀਂ	ਪਾਉਂਦਾ

...ਪੈਰ ਖਿਸਕਿਆਂ (ਭਾਵ ਮਰ ਗਿਆਂ, ਸੰਸਾਰ ਵਿਚ ਤਾਂ ਮਨੁੱਖ ਨੇ) ਰਹਿ ਨਹੀਂ ਸਕਣਾ, (ਉਹ) ਅੱਗੇ ਵੀ ਟਿਕਾਣਾ ਨਹੀਂ ਪਾਉਂਦਾ।...

ਓਹ	ਵੇਲਾ,	ਹਥਿ *(ਹੱਥ)*	ਨ *(ਨਾਂ)*	ਆਵਈ,
ਉਹ,ਅਣਜ ਪੁਰਖ	ਸਮਾਂ,ਵਕਤ	ਹਥ ਵਿਚ	ਨਹੀਂ	ਆਉਂਦਾ

ਅੰਤਿ *(ਅੰਤ)*	ਗਇਆ *(ਗਿਆ)*	ਪਛੁਤਾਇ ॥
ਅਖ਼ੀਰ	ਗਿਆ	ਪਛਤਾਕੇ

...(ਉਸ ਨੂੰ ਫਿਰ) ਉਹ (ਲੰਘ ਗਿਆ) ਸਮਾਂ ਹੱਥ ਨਹੀਂ ਆਉਂਦਾ, (ਭਾਵ ਫਿਰ ਦੁਬਾਰਾ ਨਹੀਂ ਮਿਲਦਾ) ਅਤੇ ਅਖ਼ੀਰ ਨੂੰ (ਸੰਸਾਰ ਤੋਂ) ਪਛਤਾਉਂਦਾ ਹੋਇਆ ਹੀ ਚਲਾ ਜਾਂਦਾ ਹੈ।...

ਜਿਸੁ *(ਜਿਸ)*	ਨਦਰਿ *(ਨਦਰ)*	ਕਰੇ	ਸੋ	ਉਬਰੈ,
ਜਿਹੜੇ	ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ	ਉਹ	ਉਭਰ ਜਾਂਦਾ, ਪਾਰ ਹੋ ਜਾਂਦਾ

ਹਰਿ *(ਹਰ)*	ਸੇਤੀ	ਲਿਵ	ਲਾਇ ॥੪॥
ਪ੍ਰਭੂ	ਨਾਲ, ਸੰਗ	ਧਿਆਨ, ਸੁਰਤੀ	ਲਾਉਂਦਾ ਹੈ

...(ਵਾਹਿਗੁਰੂ) ਜਿਸ ਨੂੰ (ਆਪਣੀ) ਕ੍ਰਿਪਾ ਦ੍ਰਿਸ਼ਟੀ ਕਰ ਦੇਵੇ, ਉਹੀ (ਸੰਸਾਰ ਦੇ ਭਵਸਾਗਰ ਤੋਂ) ਪਾਰ ਹੋ ਜਾਂਦਾ ਹੈ, ਅਤੇ ਪਰਮਾਤਮਾ ਨਾਲ (ਆਪਣਾ) ਧਿਆਨ ਜੋੜ ਲੈਂਦਾ ਹੈ।...

ਅੰਕ ੨੮

ਦੇਖਾ	ਦੇਖੀ	ਸਭ ਕਰੇ,
ਵੇਖਣਾ,	ਵੇਖਣ ਰਾਹੀਂ, ਰੀਸੋ-ਰੀਸੀ	ਸਾਰਾ ਕੁਝ ਕਰਦਾ ਹੈ

ਮਨਮੁਖਿ *(ਮਨਮੁਖ)*	ਬੂਝ	ਨ *(ਨਾਂ)*	ਪਾਇ॥
ਮਨ ਦੇ ਪਿਛੇ ਲਗਣ ਕਰਕੇ	ਬੁੱਝ, ਸਮਝ	ਨਹੀਂ	ਪਾਉਂਦਾ

...ਰੀਸੋ ਰੀਸੀ (ਵਿਖਾਵੇ ਲਈ ਤਾਂ ਜੀਵ) ਸਾਰਾ ਕੁਝ ਹੀ ਕਰਦਾ ਹੈ, (ਪਰ) ਮਨ ਦੇ ਮਗਰ ਲਗਣ ਕਰਕੇ (ਉਸਨੂੰ ਪ੍ਰਭੂ ਗੁਣਾਂ ਦੀ) ਸਮਝ ਨਹੀਂ ਪੈਂਦੀ।...

ਜਿਨ, *(ਜਿਨ੍ਹ)*	ਗੁਰਮੁਖਿ *(ਗੁਰਮੁਖ)*	ਹਿਰਦਾ	ਸੁਧੁ *(ਸ਼ੁਧ)*	ਹੈ,
ਜਿਨ੍ਹਾਂ	ਗੁਰਮੁੱਖਾਂ ਦਾ	ਹਿਰਦਾ	ਪਵਿੱਤਰ	ਹੋਣ ਦੀ ਕ੍ਰਿਆ

ਸੇਵ	ਪਈ	ਤਿਨ *(ਤਿਨ੍ਹ)*	ਥਾਇ॥ *(ਥਾਇੰ)*
ਸੇਵਾ, ਟਹਿਲ	ਪੈ ਜਾਂਦੀ	ਤਿਨ੍ਹਾਂ ਦੀ	ਥਾਂ ਸਿਰ

...ਜਿਨ੍ਹਾਂ ਗਰਮੁਖਾਂ ਦਾ ਹਿਰਦਾ (ਗੁਰ-ਸ਼ਬਦ ਸਿਮਰਨ ਨਾਲ) ਪਵਿੱਤਰ ਹੈ, (ਉਨ੍ਹਾਂ ਦੀ) ਘਾਲ ਥਾਇੰ ਪੈ ਜਾਂਦੀ ਹੈ।(ਭਾਵ ਰੱਬੀ ਦਰਗਾਹੇ ਪਰਵਾਨ ਹੋ ਜਾਂਦੀ ਹੈ।)...

ਹਰਿ *(ਹਰ)*	ਗੁਣ	ਗਾਵਹਿ, *(ਗਾਵਹਿੰ)*	ਹਰਿ *(ਹਰ)*	ਨਿਤ	ਪੜਹਿ, *(ਪੜਹਿੰ)*
ਪ੍ਰਭੂ	ਚੰਗਿਆਈਆਂ	ਗਾਉਂਦੇ ਹਨ	ਪ੍ਰਭੂ	ਰੋਜ਼	ਪੜ੍ਹਦੇ ਹਨ

ਹਰਿ *(ਹਰ)*	ਗੁਣ	ਗਾਇ	ਸਮਾਇ ॥
ਪ੍ਰਭੂ	ਚੰਗਿਆਈਆਂ	ਗਾਕੇ	ਅਭੇਦ ਹੋ ਜਾਂਦੇ

...(ਉਹ ਗੁਰਮੁੱਖ) ਪਰਮਾਤਮ ਗੁਣਾਂ ਦਾ ਗਾਇਨ ਕਰਦੇ ਹਨ, ਰੋਜ਼ ਉਨ੍ਹਾਂ ਦਾ ਪਾਠ ਕਰਦੇ ਹਨ, ਅਤੇ (ਇਵੇਂ) ਪਰਮਾਤਮਾ ਦੇ ਗੁਣਾਂ ਦਾ ਗਾਇਨ (ਕਰਦਿਆਂ ਕਰਦਿਆਂ ਹੀ ਗੁਣੀ) ਵਿਚ ਅਭੇਦ ਹੋ ਜਾਂਦੇ ਹਨ।...

ਨਾਨਕ,	ਤਿਨ *(ਤਿਨ੍ਹ)*	ਕੀ	ਬਾਣੀ	ਸਦਾ	ਸਚੁ *(ਸੱਚ)*	ਹੈ,
ਹੇ! ਨਾਨਕ!	ਉਨ੍ਹਾਂ	ਦੀ	ਬਚਨ, ਕਥਨ	ਹਮੇਸ਼ਾਂ	ਸਦਾ-ਸਥਿਰ	ਹੋਣ ਦੀ ਕ੍ਰਿਆ

ਜਿ	ਨਾਮਿ *(ਨਾਮ)*	ਰਹੇ	ਲਿਵ	ਲਾਇ ॥੫॥੪॥੩੭॥
ਜੋ	ਨਾਮ ਵਿਚ	ਰਖਣ	ਧਿਆਨ, ਸੁਰਤ	ਲਗਾਕੇ

...ਹੇ! ਨਾਨਕ! ਉਨ੍ਹਾਂ (ਗੁਰਮੁੱਖਾਂ) ਦੇ ਬਚਨ ਹਮੇਸ਼ਾਂ ਹੀ ਸੱਚ ਹੁੰਦੇ ਹਨ, ਜੋ (ਪਰਮਾਤਮਾ ਵਿਚ) ਸੁਰਤ ਜੋੜੀ ਰਖਦੇ ਹਨ।

ਅੰਕ ੨੮

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਜਿਨੀ, *(ਜਿਨ੍ਹੀਂ)*	**ਇਕ**	**ਮਨਿ** *(ਮਨ)*	**ਨਾਮੁ** *(ਨਾਮ)*	**ਧਿਆਇਆ,**
ਜਿਨ੍ਹਾਂ ਨੇ	ਇਕਾਗਰ	ਚਿੱਤ ਰਾਹੀਂ (ਪ੍ਰਭੂ)	ਨਾਮ	ਸਿਮਰਿਆ

ਗੁਰਮਤੀ	**ਵੀਚਾਰਿ** *(ਵੀਚਾਰ)* ॥
ਸਤਿਗੁਰੂ ਦੀ ਮੱਤ ਦੁਆਰਾ	ਵਿਚਾਰ ਕੇ

ਜਿਨ੍ਹਾਂ ਨੇ ਸਤਿਗੁਰੂ ਦੀ ਸਿਖਿਆ ਵਿਚਾਰਕੇ, ਇਕਾਗਰ ਚਿੱਤ ਨਾਲ (ਪਰਮਾਤਮਾ ਦਾ) ਨਾਮ ਸਿਮਰਿਆ ਹੈ...

ਤਿਨ *(ਤਿਨ੍ਹ)*	**ਕੇ**	**ਮੁਖ,**	**ਸਦ**	**ਉਜਲੇ,**
ਉਨ੍ਹਾਂ	ਦੇ	ਮੂੰਹ	ਹਮੇਸ਼ਾਂ	ਉਜ੍ਵਲ, ਨਿਰਮਲ

ਤਿਤੁ *(ਤਿਤ)*	**ਸਚੈ**	**ਦਰਬਾਰਿ** *(ਦਰਬਾਰ)* ॥
ਉਸ	ਸਦਾ ਸਥਿਰ(ਪ੍ਰਭੂ)	ਦਰਬਾਰ ਵਿਚ

...(ਉਨ੍ਹਾਂ) ਦੇ ਮੂੰਹ ਉਸ ਸਦਾ-ਸਥਿਰ ਪਰਮਾਤਮਾ ਦੇ ਦਰਬਾਰ ਵਿਚ ਹਮੇਸ਼ਾਂ ਉਜ੍ਵਲ ਹੁੰਦੇ ਹਨ।...

ਓਇ	**ਅੰਮ੍ਰਿਤੁ** *(ਅੰਮ੍ਰਿਤ)*	**ਪੀਵਹਿ** *(ਪੀਵਹਿਂ)*	**ਸਦਾ**	**ਸਦਾ,**
ਉਹ	ਜੀਵਨ ਦਾਨ ਦੇਣਵਾਲਾ	ਪੀਂਦੇ	ਹਮੇਸ਼ਾਂ	ਹਮੇਸ਼ਾਂ

ਸਚੈ	**ਨਾਮਿ** *(ਨਾਮ)*	**ਪਿਆਰਿ** *(ਪਿਆਰ)* ॥੧॥
ਸਦਾ-ਸਥਿਰ(ਪ੍ਰਭੂ) ਦੇ	ਸਿਮਰਨ ਦੁਆਰਾ	ਪ੍ਰੇਮ ਰਾਹੀਂ

...ਉਹ ਸਦਾ-ਸਥਿਰ ਵਾਹਿਗੁਰੂ ਨਾਲ ਪ੍ਰੀਤ ਪਾਕੇ, ਉਸਦੇ ਸਿਮਰਨ ਦੁਆਰਾ, ਸਦਾ ਸਦਾ ਆਤਮਿਕ ਜੀਵਨ ਦੇਣ ਵਾਲਾ ਅੰਮ੍ਰਿਤ ਛਕਦੇ ਹਨ।...

ਭਾਈ	**ਰੇ,**	**ਗੁਰਮੁਖਿ** *(ਗੁਰਮੁਖ)*	**ਸਦਾ**	**ਪਤਿ** *(ਪਤ)*	**ਹੋਇ॥**
ਭਰਾ	ਹੇ!	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹਮੇਸ਼ਾਂ	ਆਦਰ, ਸਤਿਕਾਰ	ਹੁੰਦਾ ਹੈ

...ਹੇ! ਭਾਈ! ਸਤਿਗੁਰੂ ਦੇ ਸਨਮੁੱਖ ਹੋਇਆਂ, ਹਮੇਸ਼ਾਂ (ਰੱਬੀ ਦਰਗਾਹ ਵਿਚ) ਇੱਜ਼ਤ ਹੁੰਦੀ ਹੈ।...

ਹਰਿ *(ਹਰ)*	**ਹਰਿ** *(ਹਰ)*	**ਸਦਾ**	**ਧਿਆਈਐ,**
ਪ੍ਰਭੂ	ਪ੍ਰਭੂ	ਹਮੇਸ਼ਾਂ	ਅਰਾਧੀਏ

ਅੰਕ ੨੮

ਮਲੁ *(ਮਲ)*	ਹਉਮੈ,	ਕਢੈ	ਧੋਇ॥੧॥	ਰਹਾਉ ॥
ਗੰਦਗੀ	ਹੰਕਾਰ	ਕੱਢ ਕੇ	ਸਾਫ਼ ਕਰ ਲੈਂਦਾ ਹੈ	ਠਹਿਰਾਉ

...ਹਮੇਸ਼ਾਂ ਪਰਮਾਤਮਾ ਨੂੰ ਅਰਾਧਣਾ ਚਾਹੀਦਾ ਹੈ। (ਬੰਦਗੀ), ਹਉਮੈ ਦੀ ਗੰਦਗੀ ਨੂੰ ਧੋਕੇ ਕੱਢ ਦਿੰਦੀ ਹੈ।...

ਮਨਮੁਖ,	ਨਾਮੁ *(ਨਾਮ)*	ਨ *(ਨਾਂ)*	ਜਾਣਨੀ,
ਮਨ ਦੇ ਮਗਰ ਲਗਣ ਵਾਲੇ	(ਪ੍ਰਭੂ)ਸਿਮਰਨ	ਨਹੀਂ	ਜਾਣਦੇ, ਸਮਝਦੇ

ਵਿਣੁ *(ਵਿਣ)*	ਨਾਵੈ *(ਨਾਵੈਂ)*	ਪਤਿ *(ਪਤ)*	ਜਾਇ ॥
ਬਿਨਾਂ	ਨਾਮ ਤੋਂ	ਇੱਜ਼ਤ	ਮਿਟ ਜਾਂਦੀ ਹੈ

...ਨਾਮ ਵਿਹੂਣੇ ਮਨਮੁੱਖ, ਸਿਮਰਨ ਦੀਆਂ (ਬਰਕਤਾਂ ਨੂੰ) ਨਹੀਂ ਸਮਝਦੇ, (ਇਸ ਲਈ ਉਨ੍ਹਾਂ ਦਾ) ਮਾਣ ਸਤਿਕਾਰ ਮਿਟ ਜਾਂਦਾ ਹੈ।....

ਸਬਦੈ *(ਸ਼ਬਦੈ)*	ਸਾਦੁ *(ਸਾਦ)*	ਨ *(ਨਾਂ)*	ਆਇਓ,
(ਸਤਿਗੁਰੂ) ਸ਼ਬਦ ਦਾ	ਸੁਆਦ, ਅਨੰਦ	ਨਹੀਂ	ਆਇਆ

ਲਾਗੇ	ਦੂਜੈ	ਭਾਇ ॥
ਲਗੇ, ਖਚਿਤ	ਦੂਸਰੇ	ਲਗਾਓ, ਸਨੇਹ

...ਦ੍ਵੈਤ-ਭਾਵ ਵਿਚ ਖ਼ਚਿਤ ਹੋਣ ਕਰਕੇ, ਭਾਵ ਮਾਇਆ ਦੇ ਲਗਾਓ ਵਿਚ ਖੁਭੇ ਹੋਣ ਕਰਕੇ, (ਉਨ੍ਹਾਂ ਨੂੰ ਸਤਿਗੁਰੂ) ਸ਼ਬਦ ਦਾ ਅਨੰਦ ਨਹੀਂ ਆਉਂਦਾ।...

ਵਿਸਟਾ *(ਵਿਸ਼ਟਾ)*	ਕੇ	ਕੀੜੇ,	ਪਵਹਿ *(ਪਵਹਿਂ)*	ਵਿਚਿ *(ਵਿਚ)*	ਵਿਸਟਾ, *(ਵਿਸ਼ਟਾ)*
ਮਲ, ਗੰਦਗੀ	ਦੇ	ਕਿਰਮ	ਪੈਂਦੇ	ਵਿਚ	ਮਲ, ਗੰਦਗੀ

ਸੇ	ਵਿਸਟਾ *(ਵਿਸ਼ਟਾ)*	ਮਾਹਿ *(ਮਾਹਿਂ)*	ਸਮਾਇ ॥੨॥
ਉਹ	ਮਲ, ਗੰਦਗੀ	ਵਿਚ	ਮਿਲ ਜਾਂਦੇ ਹਨ

...ਉਹ (ਨਾਮ ਵਿਹੂਣੇ ਮਨਮੁੱਖ), ਗੰਦਗੀ ਦੇ ਕੀੜੇ, (ਵਿਕਾਰਾਂ ਦੀ) ਗੰਦਗੀ ਵਿਚ ਖ਼ਚਿਤ ਹੋਕੇ, (ਉਸ) ਗੰਦਗੀ ਵਿਚ ਹੀ ਮਿਲ ਜਾਂਦੇ ਹਨ।...

ਤਿਨ *(ਤਿਨ੍ਹ)*	ਕਾ	ਜਨਮੁ *(ਜਨਮ)*	ਸਫਲੁ *(ਸਫਲ)*	ਹੈ,
ਤਿਨ੍ਹਾਂ	ਦਾ	ਜੀਵਨ	ਸਾਰਥਿਕ, ਫਲਦਾਇਕ	ਹੋਣ ਦੀ ਕ੍ਰਿਆ

ਅੰਕ ੨੮

ਜੋ	ਚਲਹਿ *(ਚਲਹਿੰ)*	ਸਤਗੁਰ	ਭਾਇ ॥
ਜਿਹੜੇ	ਚਲਦੇ ਹਨ	ਸਤਿਗੁਰੂ	ਪਿਆਰ ਵਿਚ

...ਜੋ ਸਤਿਗੁਰੂ ਦੇ ਪਿਆਰ ਵਿਚ ਤੁਰਦੇ ਹਨ, ਭਾਵ ਜ਼ਿੰਦਗੀ ਬਤੀਤ ਕਰਦੇ ਹਨ, ਉਨ੍ਹਾਂ ਦਾ ਜੀਵਨ ਸਫਲ ਹੁੰਦਾ ਹੈ।...

ਕੁਲੁ *(ਕੁਲ)*	ਉਧਾਰਹਿ *(ਉਧਾਰਹਿੰ)*	ਆਪਣਾ,
ਖ਼ਾਨਦਾਨ	ਉਧਾਰ ਲੈਂਦੇ, ਤਾਰ ਲੈਂਦੇ	ਆਪਦਾ

ਧੰਨੁ(ਧੰਨ)	ਜਣੇਦੀ	ਮਾਇ॥
ਧੰਨਤਾ ਯੋਗ, ਸ਼ਲਾਘਾ ਯੋਗ	ਜਨਮ ਦੇਣ ਵਾਲੀ	ਮਾਤਾ, ਮਾਂ

...(ਉਹ ਤਾਂ) ਆਪਣੀ ਕੁਲ ਦਾ ਵੀ ਉਧਾਰ ਕਰ ਲੈਂਦੇ ਹਨ, ਤੇ ਉਨ੍ਹਾਂ ਨੂੰ ਜਨਮ ਦੇਣ ਵਾਲੀ ਮਾਤਾ ਵੀ ਧੰਨ ਹੈ।...

ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਧਿਆਈਐ,
ਪ੍ਰਭੂ	ਪ੍ਰਭੂ	ਨਾਮ (ਸਿਮਰਨ)	ਅਰਾਧੀਏ

ਜਿਸ	ਨਉ *(ਨਉਂ)*	ਕਿਰਪਾ	ਕਰੇ	ਰਜਾਇ *(ਰਜ਼ਾਇ)* ॥੩॥
ਜਿਹੜੇ	ਨੂੰ	ਮਿਹਰ	ਕਰ ਦੇਵੇ	ਰਜ਼ਾ ਵਿਚ

...ਪ੍ਰਭੂ ਨਾਮ ਦੀ ਅਰਾਧਨਾ ਕਰਨੀ ਚਾਹੀਦੀ ਹੈ, (ਪਰ ਬੰਦਗੀ ਉਹ ਕਰ ਸਕਦਾ ਹੈ), ਜਿਸ ਨੂੰ (ਪਰਮਾਤਮਾ ਆਪਣੀ) ਰਜ਼ਾ ਵਿਚ ਮਿਹਰ ਕਰ ਦਵੇ।...

ਜਿਨੀ *(ਜਿਨ੍ਹੀ)*	ਗੁਰਮੁਖਿ *(ਗੁਰਮੁਖ)*	ਨਾਮੁ *(ਨਾਮ)*	ਧਿਆਇਆ,
ਜਿਨ੍ਹਾਂ	ਸਤਿਗੁਰੂ ਦੇ ਸਨਮੁੱਖਤਾ ਰਾਹੀਂ	(ਪ੍ਰਭੂ) ਨਾਮ	ਅਰਾਧਿਆ ਹੈ

ਵਿਚਹੁ *(ਵਿਚਹੁੰ)*	ਆਪੁ *(ਆਪ)*	ਗਵਾਇ॥
ਅੰਦਰੋਂ	ਆਪਾ ਭਾਵ, ਹਉਮੈ	ਮਿਟਾ ਕੇ

...ਜਿਨ੍ਹਾਂ ਨੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ, (ਹਿਰਦੇ ਵਿਚੋਂ) ਆਪ ਭਾਵ ਮਿਟਾਕੇ, ਪਰਮਾਤਮਾ ਦਾ ਨਾਮ ਧਿਆਇਆ ਹੈ....

ਓਇ	ਅੰਦਰਹੁ *(ਅੰਦਰਹੁੰ)*	ਬਾਹਰਹੁ *(ਬਾਹਰਹੁੰ)*	ਨਿਰਮਲੇ,
ਉਹ	ਅੰਦਰੋਂ (ਮਨੋਂ)	ਬਾਹਰੋਂ (ਤਨੋਂ)	ਨਿਰਮਲ, ਪਵਿੱਤਰ

ਅੰਕ ੨੮

ਸਚੇ	ਸਚਿ*(ਸੱਚ)*	ਸਮਾਇ ॥
ਸੱਤ ਸਰੂਪ	ਸਦਾ-ਸਥਿਰ(ਪ੍ਰਭੂ ਵਿਚ)	ਸਮਾ ਜਾਂਦੇ ਹਨ

...ਉਹ ਅੰਦਰੋਂ ਤੇ ਬਾਹਰੋਂ ਪਵਿੱਤਰ ਹੋਕੇ ਸੱਤ ਸਰੂਪ ਹੋ ਜਾਂਦੇ ਹਨ, ਤੇ ਸਦੀਵ-ਸੱਤ ਪਰਮਾਤਮਾ ਵਿਚ ਹੀ ਅਭੇਦ ਹੋ ਜਾਂਦੇ ਹਨ।...

ਨਾਨਕ,	ਆਏ	ਸੇ	ਪਰਵਾਣੁ*(ਪਰਵਾਣ)*	ਹਹਿ,*(ਹਹਿਂ)*
ਹੇ! ਨਾਨਕ!	ਆਏ ਹੋਏ	ਉਹ	ਕਬੂਲ	ਹਨ

ਜਿਨ*(ਜਿਨ੍ਹ)*	ਗੁਰਮਤੀ	ਹਰਿ*(ਹਰ)*	ਧਿਆਇ॥੪॥੫॥੩੮॥
ਜਿਨ੍ਹਾਂ	ਸਤਿਗੁਰੂ ਦੀ ਮੱਤ ਰਾਹੀਂ	ਪ੍ਰਭੂ	ਅਰਾਧਿਆ

ਹੇ! ਨਾਨਕ! ਸੰਸਾਰ ਤੇ ਆਏ ਉਹੋ ਹੀ ਪਰਵਾਨ ਹੁੰਦੇ ਹਨ, ਜੋ ਸਤਿਗੁਰੂ ਦੀ ਸਿੱਖਿਆ ਰਾਹੀਂ, ਪਰਮਾਤਮਾ ਨੂੰ ਧਿਆਉਂਦੇ ਹਨ।

ਸਿਰੀਰਾਗੁ,*(ਸਿਰੀਰਾਗ)*	ਮਹਲਾ*(ਮਹਿਲਾ)*	੩*(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰਾ

ਹਰਿ*(ਹਰ)*	ਭਗਤਾ,*(ਭਗਤਾਂ)*	ਹਰਿ*(ਹਰ)*	ਧਨੁ*(ਧਨ)*	ਰਾਸਿ*(ਰਾਸ)*	ਹੈ
ਪ੍ਰਭੂ	ਭਗਤਾਂ ਦੀ	ਪ੍ਰਭੂ	ਦੌਲਤ	ਪੂੰਜੀ	ਹੋਣ ਦੀ ਕ੍ਰਿਆ

ਗੁਰ	ਪੂਛਿ*(ਪੁਛ)*	ਕਰਹਿ*(ਕਰਹਿਂ)*	ਵਾਪਾਰੁ*(ਵਾਪਾਰ)* ॥
ਸਤਿਗੁਰੂ	ਪੁੱਛ ਕੇ, ਸਲਾਹ ਨਾਲ	ਕਰਦੇ ਹਨ	ਵਪਾਰ

...ਪਰਮਾਤਮਾ ਦੇ ਭਗਤਾਂ ਦੀ ਪੂੰਜੀ, ਪ੍ਰਭੂ (ਸਿਮਰਨ) ਦੀ ਦੌਲਤ ਹੀ ਹੈ, ਤੇ ਸਤਿਗੁਰੂ ਨੂੰ ਪੁੱਛ ਕੇ ਉਹ (ਨਾਮ) ਦਾ ਹੀ ਵਪਾਰ ਕਰਦੇ ਹਨ।...

ਹਰਿ*(ਹਰ)*	ਨਾਮੁ*(ਨਾਮ)*	ਸਲਾਹਨਿ*(ਸਲਾਹਨ)*	ਸਦਾ	ਸਦਾ,
ਪ੍ਰਭੂ	ਨਾਮ (ਸਿਮਰਨ)	ਸਲਾਹੁੰਦੇ, ਸਿਫ਼ਤ ਸਲਾਹ ਕਰਦੇ	ਹਮੇਸ਼ਾਂ	ਹਮੇਸ਼ਾਂ

ਵਖਰੁ*(ਵਖਰ)*	ਹਰਿ*(ਹਰ)*	ਨਾਮੁ*(ਨਾਮ)*	ਅਧਾਰੁ*(ਅਧਾਰ)* ॥
ਸੌਦਾ	ਪ੍ਰਭੂ	ਸਿਮਰਨ	ਆਸਰਾ, ਓਟ

...(ਉਹ) ਹਮੇਸ਼ਾਂ ਵਾਹਿਗੁਰੂ-ਨਾਮ ਦੀ ਸਿਫ਼ਤ-ਸਲਾਹ ਕਰਦੇ ਹਨ। ਹਰੀ-ਸਿਮਰਨ ਹੀ ਉਨ੍ਹਾਂ ਦੇ (ਜੀਵਨ ਦਾ) ਓਟ ਆਸਰਾ ਹੁੰਦਾ ਹੈ।...

ਅੰਕ ੨੯

ਗੁਰਿ *(ਗੁਰ)*	ਪੂਰੈ,	ਹਰਿ *(ਹਰ)*	ਨਾਮੁ *(ਨਾਮ)*	ਦ੍ਰਿੜਾਇਆ,
ਸਤਿਗੁਰੂ	ਪੂਰਨ	ਪ੍ਰਭੂ	ਬੰਦਗੀ	ਨਿਸਚੇ ਕਰਾਇਆ

ਹਰਿ *(ਹਰ)*	ਭਗਤਾ *(ਭਗਤਾਂ)*	ਅਤੁਟੁ *(ਅਤੁੱਟ)*	ਭੰਡਾਰੁ *(ਭੰਡਾਰ)* ॥੧॥
ਪ੍ਰਭੂ	ਭਗਤੀ ਕਰਨ ਵਾਲਿਆਂ ਨੂੰ	ਅਖੁੱਟ	ਖਜ਼ਾਨਾ

...ਪੂਰਨ ਸਤਿਗੁਰੂ ਨੇ, ਹਰੀ ਦੀ ਬੰਦਗੀ, (ਉਨ੍ਹਾਂ ਦੇ ਹਿਰਦੇ ਵਿਚ) ਦ੍ਰਿੜ ਕਰਵਾ ਦਿੱਤੀ ਹੈ, ਪ੍ਰਭੂ ਭਗਤਾਂ ਲਈ ਇਹ ਕਦੀ ਨਾ ਮੁੱਕਣ ਵਾਲਾ ਖਜ਼ਾਨਾ ਹੈ।...

ਭਾਈ	ਰੇ	ਇਸੁ *(ਇਸ)*	ਮਨ	ਕਉ *(ਕੋ)*	ਸਮਝਾਇ॥
ਭਰਾ	ਹੇ!	ਇਹ	ਚਿੱਤ	ਨੂੰ	ਸਮਝਾਵੋ

...ਹੇ! ਭਾਈ! ਇਸ ਮਨ ਨੂੰ ਸਮਝਾਵੋ ਕਿ...

ਏ	ਮਨ,	ਆਲਸੁ *(ਆਲਸ)*	ਕਿਆ	ਕਰਹਿ, *(ਕਰਹਿਂ)*
ਹੇ	ਚਿੱਤ	ਦਲਿੱਦਰ	ਕਿਉਂ	ਕਰਦਾ ਹੈਂ

ਗੁਰਮੁਖਿ *(ਗੁਰਮੁਖ)*	ਨਾਮੁ *(ਨਾਮ)*	ਧਿਆਇ॥੧॥	ਰਹਾਉ ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ) ਨਾਮ	ਅਰਾਧ, ਸਿਮਰ	ਠਹਿਰਾਉ

...ਏ! ਮਨਾ! (ਤੂੰ) ਦਲਿੱਦਰ ਕਿਉਂ ਕਰਦਾ ਹੈਂ? ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਰਮਾਤਮਾ ਦੀ) ਬੰਦਗੀ ਕਰ।...

ਹਰਿ *(ਹਰ)*	ਭਗਤਿ, *(ਭਗਤ)*	ਹਰਿ *(ਹਰ)*	ਕਾ	ਪਿਆਰੁ *(ਪਿਆਰ)*	ਹੈ,
ਹਰੀ	ਭਗਤੀ, ਬੰਦਗੀ	ਪ੍ਰਭੂ	ਦਾ	ਪ੍ਰੀਤ ਹੋਣ ਦੀ ਕ੍ਰਿਆ	

ਜੇ	ਗੁਰਮੁਖਿ *(ਗੁਰਮੁਖ)*	ਕਰੇ	ਬੀਚਾਰੁ *(ਬੀਚਾਰ)* ॥
ਜੇਕਰ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਕਰ ਲਵੇ	ਵਿਚਾਰ

...ਜੇਕਰ ਸਤਿਗੁਰੂ ਦੀ ਸਨਮੁੱਖਤਾ ਦੁਆਰਾ (ਕੋਈ ਇਹ) ਵਿਚਾਰ ਕਰੇ (ਕਿ ਬੰਦਗੀ ਕੀ ਹੈ? ਤਾਂ ਸਮਝ ਆਵੇਗੀ ਕਿ) ਪਰਮਾਤਮਾ ਦੀ ਬੰਦਗੀ ਵਾਹਿਗੁਰੂ ਦਾ ਪਿਆਰ ਹੈ।...

ਪਾਖੰਡਿ, *(ਪਾਖੰਡ)*	ਭਗਤਿ *(ਭਗਤ)*	ਨ *(ਨਾਂ)*	ਹੋਵਈ,
ਦੰਭ	ਬੰਦਗੀ	ਨਹੀਂ	ਹੁੰਦੀ

ਅੰਕ ੨੮-੨੯

ਦੁਬਿਧਾ	ਬੋਲੁ *(ਬੋਲ)*	ਖੁਆਰੁ *(ਖੁਆਰ)* ॥
ਦੁਚਿੱਤੀ	ਸ਼ਬਦ	ਖੱਜਲ

...(ਲੋਕ ਦਿਖਾਵੇ ਲਈ) ਪਖੰਡ (ਕਰਮਾਂ ਰਾਹੀਂ) ਬੰਦਗੀ ਨਹੀਂ ਹੁੰਦੀ, ਅਤੇ ਦੁਚਿੱਤੀ ਵਿਚ ਕਹੇ ਹੋਏ ਸ਼ਬਦ, ਖੱਜਲ-ਖੁਆਰ ਹੀ ਕਰਦੇ ਹਨ।...

ਸੋ	ਜਨੁ, *(ਜਨ)*	ਰਲਾਇਆ	ਨਾ *(ਨਾਂ)*	ਰਲੈ,
ਉਹ	ਸੇਵਕ, ਦਾਸ	ਮਿਲਾਇਆਂ	ਨਹੀਂ	ਮਿਲਦਾ

ਜਿਸੁ *(ਜਿਸ)*	ਅੰਤਰਿ *(ਅੰਤਰ)*	ਬਿਬੇਕ	ਬੀਚਾਰੁ *(ਬੀਚਾਰ)* ॥੨॥
ਜਿਸ ਦੇ	ਅੰਦਰ	ਗਿਆਨਮਈ ਬੁੱਧ	ਵਿਚਾਰ

...ਜਿਸ ਧਰਮ-ਸਾਧਕ ਅੰਦਰ ਵਿਵੇਕ-ਬੁੱਧ ਵਾਲੇ ਵਿਚਾਰ ਹੁੰਦੇ ਹਨ, (ਉਹ) ਜਨ, (ਪਖੰਡੀ ਅਤੇ ਅਧਰਮੀਆਂ ਵਿਚ ਰਲਾਇਆਂ ਰਲਦਾ ਨਹੀਂ।...

ਸੋ	ਸੇਵਕੁ *(ਸੇਵਕ)*	ਹਰਿ *(ਹਰ)*	ਆਖੀਐ,
ਉਹ	ਟਹਿਲੂਆ	ਪ੍ਰਭੂ	ਕਹੀਏ

ਜੋ	ਹਰਿ *(ਹਰ)*	ਰਾਖੈ	ਉਰਿ *(ਉਰ)*	ਧਾਰਿ *(ਧਾਰ)* ॥
ਜਿਹੜਾ	ਪ੍ਰਭੂ	ਰਖਦਾ ਹੈ	ਹਿਰਦੇ ਵਿਚ	ਧਾਰਕੇ, ਟਿਕਾਕੇ

...ਜੋ ਪਰਮਾਤਮਾ ਨੂੰ ਹਿਰਦੇ ਵਿਚ ਟਿਕਾ ਕੇ ਰਖਦਾ ਹੈ, ਉਸਨੂੰ ਵਾਹਿਗੁਰੂ ਦਾ ਸੇਵਕ ਆਖੀਦਾ ਹੈ।...

ਮਨੁ *(ਮਨ)*	ਤਨੁ *(ਤਨ)*	ਸਉਪੇ, *(ਸਉਂਪੇ)*	ਆਗੈ	ਧਰੇ,
ਚਿੱਤ	ਸਰੀਰ	ਅਰਪਿਤ	ਅੱਗੇ	ਟਿਕਾ ਦੇਵੇ

ਹਉਮੈ	ਵਿਚਹੁ *(ਵਿਚਹੁੰ)*	ਮਾਰਿ *(ਮਾਰ)* ॥
ਹੰਕਾਰ	ਅੰਦਰੋਂ	ਖ਼ਤਮ ਕਰਕੇ

...(ਜੋ ਹਿਰਦੇ) ਅੰਦਰੋਂ ਹੰਕਾਰ ਨੂੰ ਮਾਰਕੇ, ਮਨ ਅਤੇ ਤਨ (ਸਤਿਗੁਰੂ) ਅੱਗੇ ਸਮਰਪਿਤ ਕਰ ਦਿੰਦਾ ਹੈ...

ਧਨੁ *(ਧੰਨ)*	ਗੁਰਮੁਖਿ *(ਗੁਰਮੁਖ)*	ਸੋ	ਪਰਵਾਣੁ *(ਪਰਵਾਣ)*	ਹੈ,
ਧੰਨ, ਸ਼ਲਾਘਾਯੋਗ	ਸਤਿਗੁਰੂ ਦੇ ਸਨਮੁੱਖ ਹੋਇਆ	ਉਹ	ਕਬੂਲ	ਹੋਣ ਦੀ ਕ੍ਰਿਆ

ਜਿ *(ਜੇ)*	ਕਦੇ	ਨ *(ਨਾਂ)*	ਆਵੈ	ਹਾਰਿ *(ਹਾਰ)* ॥੩॥
ਜਿਸਨੂੰ	ਕਦੀ ਵੀ	ਨਹੀਂ	ਆਉਂਦਾ	ਸ਼ਿਕਸਤ ਖਾਕੇ

ਅੰਕ ੨੯

...(ਅਤੇ) ਜੋ ਕਦੀ ਵੀ (ਮਾਇਆਵੀ ਵਿਕਾਰਾਂ ਕੋਲੋਂ) ਹਾਰ ਕੇ ਨਹੀਂ ਆਉਂਦਾ, ਸਤਿਗੁਰੂ ਦੇ ਸਨਮੁੱਖ ਹੋਇਆ, ਉਹ ਧੰਨ ਹੈ, ਅਤੇ (ਰੱਬੀ ਦਰਗਾਹ ਤੇ) ਪਰਵਾਨ ਹੈ।...

ਕਰਮਿ *(ਕਰਮ)*	**ਮਿਲੈ,**	**ਤਾ** *(ਤਾਂ)*	**ਪਾਈਐ,**
ਕਿਰਪਾ ਰਾਹੀਂ	ਪ੍ਰਾਪਤ ਹੋਵੇ	ਉਦੋਂ	ਪਾਈਦਾ ਹੈ

ਵਿਣੁ *(ਵਿਣ)*	**ਕਰਮੈ,**	**ਪਾਇਆ**	**ਨ** *(ਨਾਂ)*	**ਜਾਇ॥**
ਬਗੈਰ	ਮਿਹਰ ਤੋਂ	ਪ੍ਰਾਪਤ	ਨਹੀਂ	ਜਾ ਸਕਦਾ

...(ਉਸਦੀ) ਬਖਸ਼ਿਸ਼ ਹੋਵੇ ਤਾਂ (ਹੀਂ ਵਾਹਿਗੁਰੂ ਦੀ) ਪ੍ਰਾਪਤੀ ਹੁੰਦੀ ਹੈ, ਬਿਨਾ ਕਿਰਪਾ ਤੋਂ (ਉਸ ਨੂੰ) ਨਹੀਂ ਪਾਇਆ ਜਾ ਸਕਦਾ।...

ਲਖ *(ਲੱਖ)*	**ਚਉਰਾਸੀਹ**	**ਤਰਸਦੇ,**
ਗਿਣਤੀ ਦੀ ਇਕ ਇਕਾਈ	੮੦+੪=੮੪	ਲੋਚਦੇ, ਤਾਂਘਦੇ

ਜਿਸੁ *(ਜਿਸ)*	**ਮੇਲੇ,**	**ਸੋ**	**ਮਿਲੈ**	**ਹਰਿ** *(ਹਰ)*	**ਆਇ॥**
ਜਿਸ ਨੂੰ	ਮਿਲਾਏ	ਉਹੀ	ਮਿਲਦਾ ਹੈ	ਪ੍ਰਭੂ	ਆਣ ਕੇ

...ਚੌਰਾਸੀ ਲੱਖ ਜੂਨਾਂ (ਭਾਵ ਬੇਅੰਤ ਹੀ ਜੀਵ, ਪਰਮਾਤਮਾ ਨੂੰ ਮਿਲਣ ਲਈ) ਤਾਂਘਦੀਆਂ ਹਨ, (ਪਰ) ਜਿਸ ਨੂੰ (ਵਾਹਿਗੁਰੂ ਆਪ ਆਪਣੇ ਨਾਲ) ਮਿਲਾਉਂਦਾ ਹੈ, ਉਹੀ ਪ੍ਰਭੂ ਨੂੰ ਆਣਕੇ ਮਿਲਦਾ ਹੈ।...

ਨਾਨਕ,	**ਗੁਰਮੁਖਿ** *(ਗੁਰਮੁਖ)*	**ਹਰਿ** *(ਹਰ)*	**ਪਾਇਆ,**
ਹੇ! ਨਾਨਕ!	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪ੍ਰਭੂ	ਪ੍ਰਾਪਤ ਕੀਤਾ ਹੈ

ਸਦਾ	**ਹਰਿ** *(ਹਰ)*	**ਨਾਮਿ** *(ਨਾਮ)*	**ਸਮਾਇ ॥੪॥੬॥੩੯॥**
ਹਮੇਸ਼ਾਂ	ਪ੍ਰਭੂ	ਨਾਮ ਵਿਚ	ਅਭੇਦ ਹੋ ਜਾਂਦਾ ਹੈ

...ਹੇ! ਨਾਨਕ! (ਜਿਨ੍ਹਾਂ ਨੇ) ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਵਹਿਗੁਰੂ ਨੂੰ ਪਾ ਲਿਆ ਹੈ, (ਉਹ) ਹਮੇਸ਼ਾਂ ਹਰੀ ਨਾਮ ਵਿਚ ਲੀਨ ਰਹਿੰਦੇ ਹਨ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਸੁਖ	**ਸਾਗਰੁ** *(ਸਾਗਰ)*	**ਹਰਿ** *(ਹਰ)*	**ਨਾਮੁ** *(ਨਾਮ)*	**ਹੈ,**
ਅਨੰਦ, ਪ੍ਰਸੰਨਤਾ	ਸਮੁੰਦਰ	ਪ੍ਰਭੂ	ਸਿਮਰਨ, ਬੰਦਗੀ	ਹੋਣ ਦੀ ਕ੍ਰਿਆ

ਗੁਰਮੁਖਿ *(ਗੁਰਮਖ)*	ਪਾਇਆ	ਜਾਇ ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪ੍ਰਾਪਤ	ਜਾਂਦਾ ਹੈ

...ਪਰਮਾਤਮਾ ਦੀ ਬੰਦਗੀ ਹੀ ਸੁੱਖਾਂ ਦਾ ਸਮੁੰਦਰ ਹੈ, ਅਤੇ ਸਤਿਗੁਰੂ ਦੀ ਸਨਮੁੱਖਤਾ ਦੁਆਰਾ (ਇਹ) ਪ੍ਰਾਪਤ ਹੁੰਦੀ ਹੈ।...

ਅਨਦਿਨੁ, *(ਅਨਦਿਨ)*	ਨਾਮੁ *(ਨਾਮ)*	ਧਿਆਈਐ,
ਦਿਨ ਰਾਤ, ਅੱਠੇ ਪਹਿਰ	ਸਿਮਰਨ	ਅਰਾਧੀਏ
ਸਹਜੇ	ਨਾਮਿ *(ਨਾਮ)*	ਸਮਾਇ ॥
ਆਤਮਿਕ ਟਿਕਾਓ	(ਪ੍ਰਭੂ ਨਾਮ) ਵਿਚ	ਸਮਾ/ ਲੀਨ ਹੋ ਜਾਈਦਾ

...(ਜੇਕਰ) ਦਿਨ ਰਾਤ ਭਾਵ ਅੱਠੇ ਪਹਿਰ (ਵਾਹਿਗੁਰੂ ਦਾ) ਸਿਮਰਨ ਅਰਾਧੀਏ, ਤਾਂ ਆਤਮਿਕ ਟਿਕਾਓ ਰਾਹੀਂ (ਪ੍ਰਭੂ) ਨਾਮ ਵਿਚ ਅਭੇਦ ਹੋ ਜਾਈਦਾ ਹੈ।...

ਅੰਦਰੁ *(ਅੰਦਰ)*	ਰਚੈ,	ਹਰਿ *(ਹਰ)*	ਸਚ	ਸਿਉ, *(ਸਿਉਂ)*
ਹਿਰਦਾ, ਅੰਤਹਕਰਣ	ਲੀਨ, ਅਭੇਦ	ਪ੍ਰਭੂ	ਸਦਾ ਸਥਿਰ	ਨਾਲ, ਸੰਗ

ਰਸਨਾ	ਹਰਿ *(ਹਰ)*	ਗੁਣ	ਗਾਇ ॥੧॥
ਜੀਭਾ	ਪ੍ਰਭੂ	ਚੰਗਿਆਈਆਂ	ਗਾਉਂਦੀ ਹੈ

...(ਫਿਰ) ਰਸਨਾ ਪ੍ਰਭੂ-ਗੁਣਾਂ ਦਾ ਗਾਇਨ ਕਰਦੀ ਰਹਿੰਦੀ ਹੈ, ਅਤੇ ਹਿਰਦਾ ਸਦਾ-ਸਥਿਰ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ।...

ਭਾਈ	ਰੇ,	ਜਗੁ *(ਜਗ)*	ਦੁਖੀਆ	ਦੂਜੈ	ਭਾਇ ॥
ਭਰਾ	ਹੇ!	ਸੰਸਾਰ	ਦੁੱਖੀ, ਕਸ਼ਟ ਵਿਚ	ਦੂਸਰੇ	ਲਗਾਓ/ਸਨੇਹ ਵਿਚ

...ਹੇ! ਭਾਈ! ਸੰਸਾਰ, ਦ੍ਵੈਤ-ਭਾਵ (ਅਥਵਾ ਮਾਇਆ ਦੇ ਲਗਾਓ) ਵਿਚ (ਖੁਭਿਆ ਹੋਇਆ) ਦੁੱਖੀ ਹੈ...

ਗੁਰ	ਸਰਣਾਈ, *(ਸ਼ਰਣਾਈ)*	ਸੁਖੁ *(ਸੁੱਖ)*	ਲਹਹਿ, *(ਲਹਹਿਂ)*
ਸਤਿਗੁਰੂ	ਸ਼ਰਣ ਵਿਚ	ਅਨੰਦ, ਪ੍ਰਸੰਨਤਾ	ਲੈਂਦੇ ਹਨ
ਅਨਦਿਨੁ *(ਅਨਦਿਨ)*	ਨਾਮੁ *(ਨਾਮ)*	ਧਿਆਇ ॥੧॥	ਰਹਾਉ ॥
ਦਿਨ ਰਾਤ, ਅੱਠੇ ਪਹਿਰ	(ਪ੍ਰਭੂ) ਬੰਦਗੀ	ਧਿਆਉਂਦੇ, ਅਰਾਧਦੇ	ਠਹਿਰਾਉ

ਅੰਕ ੨੯

...(ਪਰ) ਸਤਿਗੁਰੂ ਦੀ ਸ਼ਰਣ ਵਿਚ ਜਾਕੇ, ਉਹ ਅੱਠੇ ਪਹਿਰ ਪਰਮਾਤਮਾ ਦਾ ਨਾਮ ਸਿਮਰਦੇ ਹਨ। ਇਸ ਨਾਲ (ਉਹ ਆਤਮਿਕ) ਅਨੰਦ ਪ੍ਰਾਪਤ ਕਰਦੇ ਹਨ।...

ਸਾਚੇ,	**ਮੈਲੁ** *(ਮੈਲ)*	**ਨ** *(ਨਾਂ)*	**ਲਾਗਈ,**
ਸਚਿਆਰ	ਮਲ, ਗੰਦਗੀ	ਨਹੀਂ	ਲਗਦੀ

ਮਨੁ *(ਮਨ)*	**ਨਿਰਮਲੁ** *(ਨਿਰਮਲ)*	**ਹਰਿ** *(ਹਰ)*	**ਧਿਆਇ ॥**
ਚਿੱਤ	ਪਵਿੱਤਰ	ਪ੍ਰਭੂ	ਧਿਆਣ ਨਾਲ, ਸਿਮਰਨ ਨਾਲ

...(ਪ੍ਰਭੂ ਅਨੰਦ ਵਿਚ ਲੀਨ) ਸਚਿਆਰ ਪੁਰਸ਼ਾਂ ਨੂੰ (ਵਿਕਾਰਾਂ ਦੀ) ਗੰਦਗੀ ਨਹੀਂ ਲਗਦੀ, (ਕਿਉਂਕਿ ਉਨ੍ਹਾਂ) ਦਾ ਹਿਰਦਾ ਪਰਮਾਤਮਾ ਦੀ ਬੰਦਗੀ ਨਾਲ ਪਵਿੱਤਰ ਹੋ ਚੁੱਕਿਆ ਹੁੰਦਾ ਹੈ।...

ਗੁਰਮੁਖਿ *(ਗੁਰਮੁਖ)*	**ਸਬਦੁ** *(ਸ਼ਬਦ)*	**ਪਛਾਣੀਐ,**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਗੁਰ)ਸ਼ਬਦ	ਪਹਿਚਾਣੀਦਾ ਹੈ

ਹਰਿ *(ਹਰ)*	**ਅੰਮ੍ਰਿਤ**	**ਨਾਮਿ** *(ਨਾਮ)*	**ਸਮਾਇ ॥**
ਪ੍ਰਭੂ	ਅਮਰ ਕਰ ਦੇਣ ਵਾਲੇ,	(ਪ੍ਰਭੂ) ਨਾਮ ਵਿਚ	ਅਭੇਦ/ਲੀਨ ਹੋ ਜਾਈਦਾ ਹੈ

...ਸਤਿਗੁਰੂ ਦੀ ਸਨਮੁੱਖਤਾ ਦੁਆਰਾ (ਗੁਰ) ਸ਼ਬਦ ਨੂੰ (ਭਾਵ ਗੁਰੂ ਦੀ ਸਿੱਖਿਆ ਨੂੰ) ਪਹਿਚਾਣੀਦਾ ਹੈ, ਅਤੇ (ਫਿਰ) ਅਮਰ ਕਰ ਦੇਣ ਵਾਲੇ (ਵਾਹਿਗੁਰੂ ਦੇ) ਨਾਮ ਵਿਚ ਅਭੇਦ ਹੋ ਜਾਈਦਾ ਹੈ।...

ਗੁਰ	**ਗਿਆਨੁ** *(ਗਿਆਨ)*	**ਪ੍ਰਚੰਡੁ** *(ਪ੍ਰਚੰਡ)*	**ਬਲਾਇਆ,**
ਸਤਿਗੁਰੂ	(ਸ਼ਬਦ) ਗਿਆਨ	ਬਹੁਤ ਤੇਜ਼	ਬਾਲ ਲਈ ਹੈ

ਅਗਿਆਨੁ *(ਅਗਿਆਨ)*	**ਅੰਧੇਰਾ**	**ਜਾਇ ॥੨॥**
(ਮਾਇਆ ਦਾ) ਭਰਮ	ਹਨ੍ਹੇਰਾ	ਚਲੇ ਜਾਂਦਾ ਹੈ

...(ਜਿਸ ਧਰਮ-ਸਾਧਕ ਨੇ ਆਪਣੇ ਹਿਰਦੇ ਅੰਦਰ) ਸਤਿਗੁਰੂ (ਦੇ ਸ਼ਬਦ) ਗਿਆਨ ਦੀ ਬਹੁਤ ਤੇਜ਼ (ਰੌਸ਼ਨੀ) ਪ੍ਰਜ੍ਵਲਤ ਕਰ ਲਈ ਹੈ, (ਉਸਦਾ ਮਾਇਅ ਰੂਪੀ) ਅਗਿਆਨ ਦਾ ਹਨ੍ਹੇਰਾ ਮਿਟ ਜਾਂਦਾ ਹੈ।...

ਮਨਮੁਖ *(ਮਨਮੁਖ)*	**ਮੈਲੇ,**	**ਮਲੁ** *(ਮਲ)*	**ਭਰੇ,**
ਮਨ ਦੇ ਪਿੱਛੇ ਲਗਣ ਵਾਲੇ	ਮਲੀਨ	ਗੰਦਗੀ	ਲਿਬੜੇ ਹੋਏ

ਹਉਮੈ	**ਤ੍ਰਿਸਨਾ** *(ਤ੍ਰਿਸ਼ਨਾ)*	**ਵਿਕਾਰੁ** *(ਵਿਕਾਰ)* **॥**
ਹੰਕਾਰ	ਲਾਲਸਾ, ਲਾਲਚ	ਬੁਰਿਆਈ

ਅੰਕ ੨੯

...(ਆਪਣੇ) ਮਨ ਦੇ ਮਗਰ ਲਗਣ ਵਾਲੇ (ਮਨੁੱਖ) ਹੰਕਾਰ ਅਤੇ ਤ੍ਰਿਸ਼ਨਾਂ (ਰੂਪੀ) ਵਿਕਾਰਾਂ ਦੀ ਗੰਦਗੀ ਨਾਲ ਲਿਬੜੇ, ਮਲੀਨ (ਹੋਏ ਪਏ) ਹਨ।...

ਬਿਨੁ *(ਬਿਨ)*	ਸਬਦੈ,	ਮੈਲੁ *(ਮੈਲ)*	ਨ *(ਨਾਂ)*	ਉਤਰੈ,
ਬਿਨਾਂ	(ਗੁਰ)ਸ਼ਬਦ ਤੋਂ	ਗੰਦਗੀ	ਨਹੀਂ	ਉਤਰਦੀ, ਸਾਫ਼ ਹੁੰਦੀ

ਮਰਿ *(ਮਰ)*	ਜੰਮਹਿ *(ਜੰਮਹਿਂ)*	ਹੋਇ	ਖੁਆਰੁ *(ਖੁਆਰ)* ॥
ਮਰ ਕੇ	ਜੰਮ ਕੇ	ਹੁੰਦੇ ਹਨ	ਖੱਜਲ

...(ਇਹ ਮੈਲ, ਸਤਿਗੁਰੂ ਦੇ) ਸ਼ਬਦ ਤੋਂ ਬਿਨਾਂ ਨਹੀਂ ਉਤਰਦੀ। (ਪਰ ਜੀਵ, ਗੁਰ-ਸ਼ਬਦ ਦੀ ਸੋਝੀ ਬਿਨਾਂ, ਇਸ ਮੈਲ ਵਿਚ ਲਿਬੜੇ ਹੋਏ) ਮਰਦੇ ਅਤੇ ਜੰਮਦੇ, ਖੱਜਲ ਖ਼ੁਆਰ ਹੁੰਦੇ ਰਹਿੰਦੇ ਹਨ।...

ਧਾਤੁਰ	ਬਾਜੀ	ਪਲਚਿ *(ਪਲਚ)*	ਰਹੇ,
ਛਿਨ-ਭੰਗਰ, ਨਾਸ਼ਵਾਨ	ਖੇਡ	ਖਚਿਤ, ਪਰਚੇ ਹੋਏ	ਰਹਿੰਦੇ ਹਨ

ਨਾ *(ਨਾਂ)*	ਉਰਵਾਰੁ *(ਉਰਵਾਰ)*	ਨ *(ਨਾਂ)*	ਪਾਰੁ *(ਪਾਰ)* ॥੩॥
ਨਾਂ ਹੀ	ਉਰਲਾ ਬੰਨਾਂ(ਲੋਕ)	ਨਾਂ ਹੀ	ਪਾਰਲਾ ਬੰਨਾਂ (ਪਰਲੋਕ)

...(ਉਹ ਸੰਸਾਰ ਦੀ) ਛਿਨ-ਭੰਗਰ ਖੇਡ ਵਿਚ ਪਰਚੇ ਰਹਿੰਦੇ ਹਨ, (ਇਸ ਕਰਕੇ) ਨਾਂ ਹੀ (ਉਹ) ਇਸ ਲੋਕ, ਅਤੇ ਨਾਂ ਹੀ ਪਰਲੋਕ ਵਿਚ (ਸਫ਼ਲ) ਹੁੰਦੇ ਹਨ।(ਇਵੇਂ ਉਹ ਆਪਣੀ ਜੀਵਨ ਰੂਪੀ ਬਾਜੀ ਹਾਰ ਜਾਂਦੇ ਹਨ।)...

ਗੁਰਮੁਖਿ *(ਗੁਰਮੁਖ)*	ਜਪ	ਤਪ	ਸੰਜਮੀ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਜਪੀ	ਤਪੀ	(ਇੰਦ੍ਰੀਆਂ ਦਾ) ਸੰਜਮ ਰਖਣ ਵਾਲਾ

ਹਰਿ *(ਹਰ)*	ਕੈ	ਨਾਮਿ *(ਨਾਮ)*	ਪਿਆਰੁ *(ਪਿਆਰ)* ॥
ਪ੍ਰਭੂ	ਦੇ	ਬੰਦਗੀ ਵਿਚ	ਪ੍ਰੀਤ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ, (ਧਰਮ-ਸਾਧਕ) ਜਪੀ, ਤਪੀ ਅਤੇ ਸੰਜਮੀ ਬਣ ਜਾਂਦਾ ਹੈ, ਅਤੇ ਉਸਦੀ ਪ੍ਰੀਤ, ਪ੍ਰਭੂ ਬੰਦਗੀ ਵਿਚ ਲੱਗੀ ਰਹਿੰਦੀ ਹੈ।...

ਗੁਰਮੁਖਿ, *(ਗੁਰਮੁਖ)*	ਸਦਾ	ਧਿਆਈਐ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹਮੇਸ਼ਾਂ	ਅਰਾਧੀਏ, ਸਿਮਰੀਏ

ਏਕੁ *(ਏਕ)*	ਨਾਮੁ *(ਨਾਮ)*	ਕਰਤਾਰੁ *(ਕਰਤਾਰ)* ॥
ਇਕ	ਨਾਉਂ, ਹੋਂਦ	ਕਰਤਾ ਪੁਰਖ

ਅੰਕ ੨੯

...ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਹਮੇਸ਼ਾਂ ਇਕ ਕਰਤਾ-ਪੁਰਖ ਦੇ ਨਾਮ ਨੂੰ ਹੀ ਸਿਮਰਨਾ ਚਾਹੀਦਾ ਹੈ।...

ਨਾਨਕ,	ਨਾਮੁ *(ਨਾਮ)*	ਧਿਆਈਐ,	
ਹੇ ! ਨਾਨਕ !	(ਪ੍ਰਭੂ) ਨਾਮ	ਅਰਾਧੀਏ	
ਸਭਨਾ *(ਸਭਨਾ)*	ਜੀਆ *(ਜੀਆਂ)*	ਕਾ	ਆਧਾਰੁ *(ਆਧਾਰ)* ॥੪॥੭॥੪੦॥
ਸਾਰਿਆਂ	ਜੀਵਾਂ	ਦਾ	ਓਟ, ਆਸਰਾ

...ਹੇ। ਨਾਨਕ। ਸਾਰਿਆਂ ਜੀਵਾਂ ਦਾ (ਉਹ ਪਰਮਾਤਮਾ ਹੀ) ਓਟ ਆਸਰਾ ਹੈ, ਅਤੇ ਉਸੇ ਦੀ ਬੰਦਗੀ ਕਰਨੀ ਚਾਹੀਦੀ ਹੈ।

ਸ੍ਰੀਰਾਗੁ *(ਸ੍ਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ
ਮਨਮੁਖੁ *(ਮਨਮੁਖ)*	ਮੋਹਿ *(ਮੋਹ)*	ਵਿਆਪਿਆ,
ਮਨ ਦੇ ਪਿੱਛੇ ਲਗਣ ਵਾਲਾ	ਸਨੇਹ/ ਲਗਾਓ ਵਿਚ	ਫਸਿਆ, ਚੰਬੜਿਆ

ਬੈਰਾਗੁ *(ਬੈਰਾਗ)*	ਉਦਾਸੀ	ਨ *(ਨਾਂ)*	ਹੋਇ॥
ਰਾਗ ਦਾ ਨਾ ਹੋਣਾ,ਉਪਰਾਮਤਾ	ਕਿਨਾਰਾਕਸ਼ੀ	ਨਹੀਂ	ਹੁੰਦੀ

...ਮਨਮੁੱਖ (ਮਾਇਆਵੀ ਪਦਾਰਥਾਂ ਦੇ) ਮੋਹ ਵਿਚ ਫਸਿਆ ਰਹਿੰਦਾ ਹੈ, (ਉਸਦੇ ਅੰਦਰ) ਨਾਂ ਤਾਂ ਪ੍ਰਭੂ-ਵੈਰਾਗ ਉਪਜਦਾ ਹੈ, ਅਤੇ ਨਾ ਹੀ (ਉਹ ਮਾਇਆ ਵਲੋਂ) ਉਦਾਸ ਹੁੰਦਾ ਹੈ।...

ਸਬਦੁ *(ਸ਼ਬਦ)*	ਨ *(ਨਾਂ)*	ਚੀਨੈ,	ਸਦਾ	ਦੁਖੁ, *(ਦੁੱਖ)*
(ਗੁਰ) ਸ਼ਬਦ	ਨਹੀਂ	ਪਛਾਣਦਾ	ਹਮੇਸ਼ਾਂ	ਤਕਲੀਫ਼,ਕਸ਼ਟ
ਹਰਿ *(ਹਰ)*	ਦਰਗਹਿ	ਪਤਿ *(ਪਤ)*		ਖੋਇ ॥
ਪ੍ਰਭੂ	ਦਰਗਾਹ ਵਿਚ	ਇੱਜ਼ਤ, ਆਦਰ		ਗੁਆ ਲੈਂਦਾ ਹੈ

...(ਮਨਮੁੱਖ, ਸਤਿਗੁਰੂ) ਸ਼ਬਦ ਨੂੰ ਨਹੀਂ ਪਛਾਣਦਾ, ਅਤੇ ਹਮੇਸ਼ਾਂ ਦੁੱਖ ਵਿਚ ਹੀ ਰਹਿੰਦਾ ਹੈ, (ਇਸ ਲਈ) ਰੱਬੀ ਦਰਗਾਹ ਵਿਚ ਆਪਣੀ ਇੱਜ਼ਤ, ਮਾਣ ਗੁਆ ਲੈਂਦਾ ਹੈ।...

ਹਉਮੈ,	ਗੁਰਮੁਖਿ *(ਗੁਰਮੁਖ)*	ਖੋਈਐ,
ਹੰਕਾਰ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਮਿਟਾਈਦੀ ਹੈ

ਅੰਕ ੨੯

ਨਾਮਿ *(ਨਾਮ)*	ਰਤੇ,	ਸੁਖੁ *(ਸੁੱਖ)*	ਹੋਇ॥੧॥
(ਪ੍ਰਭੂ) ਨਾਮ ਵਿਚ	ਰੰਗੇ ਹੋਏ, ਲੀਨ	ਅਨੰਦ, ਪ੍ਰਸੰਨਤਾ	ਹੁੰਦਾ ਹੈ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ ਹੰਕਾਰ ਮਿਟਾਈਦਾ ਹੈ, ਤੇ ਪਰਮਾਤਮਾ ਦੇ ਨਾਮ ਵਿਚ ਲੀਨ ਹੋਕੇ (ਆਤਮਿਕ) ਅਨੰਦ ਪ੍ਰਾਪਤ ਹੁੰਦਾ ਹੈ।...

ਮੇਰੇ	ਮਨ,
ਆਪਣੇ	ਚਿੱਤ

ਅਹਿਨਿਸਿ *(ਅਹਿਨਿਸ)*	ਪੂਰਿ *(ਪੂਰ)*	ਰਹੀ	ਨਿਤ	ਆਸਾ ॥
ਦਿਨ ਰਾਤ, ਹਰ ਵੇਲੇ	ਭਰੀ	ਰਹਿੰਦੀ	ਰੋਜ਼	(ਮਾਇਆ ਦੀ) ਇੱਛਾ

...ਹੇ! ਮੇਰੇ ਮਨਾ! ਨਿੱਤ, ਅੱਠੇ ਪਹਿਰ (ਤੇਰਾ ਅੰਤਹਕਰਣ ਮਾਇਆਵੀ ਪਦਾਰਥਾਂ ਦੀ) ਆਸ ਨਾਲ ਭਰਿਆ ਰਹਿੰਦਾ ਹੈ।...

ਸਤਗੁਰੁ *(ਸਤਗੁਰ)*	ਸੇਵਿ, *(ਸੇਵ)*	ਮੋਹੁ *(ਮੋਹ)*	ਪਰਜਲੈ,
ਸਤਿਗੁਰੂ	ਸੇਵਾ ਰਾਹੀਂ, ਅਰਾਧਨਾ ਦੁਆਰਾ	ਸਨੇਹ, ਲਗਾਓ	ਸੜ ਜਾਂਦਾ ਹੈ

ਘਰ	ਹੀ	ਮਾਹਿ *(ਮਾਹਿਂ)*	ਉਦਾਸਾ ॥੧॥	ਰਹਾਉ ॥
ਗ੍ਰਹਿਸਥ	ਹੈ	ਵਿਚ	ਉਪਰਾਮਤਾ	ਠਹਰਿਾਉ

...ਸਤਿਗੁਰੂ ਦੀ ਸੇਵਾ ਦੁਆਰਾ (ਮਾਇਆ ਦਾ) ਮੋਹ ਸੜ ਜਾਂਦਾ ਹੈ, ਅਤੇ (ਧਰਮ-ਸਾਧਕ) ਗ੍ਰਹਿਸਥ ਵਿਚ ਹੀ ਉਦਾਸੀ ਹੋ ਜਾਂਦਾ ਹੈ।...

ਗੁਰਮੁਖਿ, *(ਗੁਰਮੁਖ)*	ਕਰਮ	ਕਮਾਵੈ	ਬਿਗਸੈ,
ਸਤਿਗੁਰੂ ਦੀ ਸਨਮੁਖਤਾ ਰਾਹੀਂ	ਕੰਮ	ਕਰੇ	ਖਿੜ ਜਾਂਦਾ ਹੈ,

ਹਰਿ *(ਹਰ)*	ਬੈਰਾਗੁ *(ਬੈਰਾਗ)*	ਅਨੰਦੁ *(ਅਨੰਦ)* ॥
ਪ੍ਰਭੂ	ਵੈਰਾਗ	ਪ੍ਰਸੰਨਤਾ

...(ਜੋ ਧਰਮ-ਸਾਧਕ) ਸਤਿਗੁਰੂ ਦੀ ਸਨਮੁਖਤਾ ਭਾਵ ਸਿੱਖਿਆ ਅਨੁਸਾਰ ਕਰਮ ਕਰਦਾ ਹੈ, (ਉਸਦਾ ਹਿਰਦਾ ਆਤਮਿਕ-ਅਨੰਦ ਨਾਲ) ਖਿੜ ਜਾਂਦਾ ਹੈ, ਅਤੇ ਪ੍ਰਭੂ-ਵੈਰਾਗ ਤੇ ਪ੍ਰਭੂ-ਸੁੱਖ ਦੀ (ਪ੍ਰਾਪਤੀ ਹੋ ਜਾਂਦੀ ਹੈ)...

ਅਹਿਨਿਸਿ *(ਅਹਿਨਿਸ)*	ਭਗਤਿ *(ਭਗਤ)*	ਕਰੇ	ਦਿਨੁ *(ਦਿਨ)*	ਰਾਤੀ, *(ਰਾਤੀਂ)*
ਅੱਠ ਪਹਿਰ	ਭਗਤੀ, ਬੰਦਗੀ	ਕਮਾਵੇ	ਦਿਨਸ	ਰਾਤ

ਅੰਕ ੨੯

ਹਉਮੈ	**ਮਾਰਿ** *(ਮਾਰ)*	**ਨਿਚੰਦੁ** *(ਨਿਚੰਦ)* ॥	
ਹੰਕਾਰ	ਮਿਟਾਕੇ	ਨਿਸਚਿੰਤ, ਬੇਫ਼ਿਕਰ	

...ਦਿਨ ਰਾਤ, ਹਰ ਵੇਲੇ ਹਉਮੈ ਨੂੰ ਮਾਰ ਕੇ ਬੰਦਗੀ ਕਰਦਾ ਹੈ, (ਅਤੇ ਇਵੇਂ ਭਗਤੀ ਦੁਆਰਾ, ਮਾਇਆਵੀ ਪਦਾਰਥਾਂ ਦੇ ਮੋਹ ਵਲੋਂ) ਨਿਸਚਿੰਤ ਹੋ ਜਾਂਦਾ ਹੈ।...

ਵਡੈ	**ਭਾਗਿ,** *(ਭਾਗ)*	**ਸਤਸੰਗਤਿ** *(ਸਤਸੰਗਤ)*	**ਪਾਈ,**
ਮਹਾਨ	ਭਾਗਾਂ ਦੁਆਰਾ	ਸੱਤ ਪੁਰਸ਼ਾਂ ਦੀ ਸੰਗਤ	ਪ੍ਰਾਪਤ ਕੀਤੀ
ਹਰਿ *(ਹਰ)*	**ਪਾਇਆ**	**ਸਹਜਿ** *(ਸਹਿਜ)*	**ਅਨੰਦੁ** *(ਅਨੰਦ)* ॥੨॥
ਪ੍ਰਭੂ	ਪ੍ਰਾਪਤ ਕੀਤਾ	ਆਤਮਿਕ ਟਿਕਾਓ ਰਹੀਂ	ਅਨੰਦ, ਸੁੱਖ

...(ਇਵੇਂ ਉਸਨੂੰ) ਵਡੇ ਭਾਗਾਂ ਦੁਆਰਾ ਸਤਸੰਗਤ ਪ੍ਰਾਪਤ ਹੁੰਦੀ ਹੈ, ਅਤੇ ਆਤਮਿਕ ਟਿਕਾਓ ਰਾਹੀਂ ਪ੍ਰਭੂ-ਅਨੰਦ ਪਾ ਲੈਂਦਾ ਹੈ।...

ਸੋ	**ਸਾਧੁ,**	**ਬੈਰਾਗੀ**	**ਸੋਈ,**
ਉਹੀ	ਸੰਤ, ਸਾਧ	ਵੈਰਾਗੀ	ਉਹੀ
ਹਿਰਦੈ	**ਨਾਮੁ** *(ਨਾਮ)*	**ਵਸਾਏ** ॥	
ਚਿੱਤ ਵਿਚ	(ਪ੍ਰਭੂ) ਨਾਮ	ਵਸਾ ਲੈਂਦਾ	

...ਉਹੀ ਸਾਧੁ ਅਤੇ ਵੈਰਾਗੀ ਹੁੰਦਾ ਹੈ, (ਜੋ) ਹਿਰਦੇ ਵਿਚ ਵਾਹਿਗੁਰੂ-ਨਾਮ ਨੂੰ ਵਸਾ ਲੈਂਦਾ ਹੈ।...

ਅੰਤਰਿ *(ਅੰਤਰ)*	**ਲਾਗਿ** *(ਲਾਗ)*	**ਨ** *(ਨਾਂ)*	**ਤਾਮਸੁ** *(ਤਾਮਸ)*	**ਮੂਲੇ,**
ਹਿਰਦੇ ਵਿਚ	ਲਗਦੀ	ਨਹੀਂ	ਤਮੋ ਗੁਣੀ ਬਿਰਤੀ, ਕਰੋਧ	ਮੂਲੋਂ ਹੀ
ਵਿਚਹੁ *(ਵਿਚਹੁੰ)*	**ਆਪੁ** *(ਆਪ)*	**ਗਵਾਏ** ॥		
ਅੰਦਰੋਂ	ਆਪਾ ਭਾਵ, ਹਉਮੈ	ਗਵਾ ਲਵੇ, ਮਿਟਾ ਲਵੇ		

...(ਜੋ ਹਿਰਦੇ) ਵਿਚੋਂ ਹਉਮੈ ਮਾਰ ਲੈਂਦਾ ਹੈ, ਕਰੋਧ (ਦੀ ਅਗਨੀ) ਉਸਨੂੰ ਅੰਤਹਕਰਨ ਵਿਚ ਮੂਲੋਂ ਹੀ ਨਹੀਂ ਪੋਂਹਦੀ।...

ਨਾਮੁ *(ਨਾਮ)*	**ਨਿਧਾਨੁ** *(ਨਿਧਾਨ)*	**ਸਤਗੁਰੂ**	**ਦਿਖਾਲਿਆ,**
(ਪ੍ਰਭੂ) ਨਾਮ	ਖ਼ਜ਼ਾਨਾ	ਸਤਿਗੁਰੂ	ਵਿਖਾਇਆ

ਅੰਕ ੨੯

ਹਰਿ *(ਹਰ)*	ਰਸੁ *(ਰਸ)*	ਪੀਆ	ਅਘਾਏ ॥੩॥
ਪ੍ਰਭੂ	ਸਵਾਦਿਸ਼ਟ ਪਦਾਰਥ	ਪੀਤਾ	ਰੱਜਕੇ

...(ਉਸਨੂੰ) ਸਤਿਗੁਰੂ ਨੇ, ਨਾਮ-ਸਿਮਰਨ ਦਾ ਖ਼ਜ਼ਾਨਾ ਦਿਖਾਲ ਦਿੱਤਾ ਹੈ, ਅਤੇ ਉਸਨੇ ਰੱਜ ਰੱਜ ਕੇ ਹਰੀ-ਅੰਮ੍ਰਿਤ ਨੂੰ ਛਕਿਆ।...

ਜਿਨਿ *(ਜਿਨ੍ਹ)*	ਕਿਨੈ *(ਕਿਨ੍ਹੈ)*	ਪਾਇਆ ,	ਸਾਧਸੰਗਤੀ, *(ਸਾਧਸੰਗਤੀਂ)*
ਜਿਸ	ਕਿਸੇ ਨੇ	ਪ੍ਰਾਪਤ ਕੀਤਾ ਹੈ,	ਸੱਤ ਪੁਰਸ਼ਾਂ ਦੀ ਸੰਗਤ ਰਾਹੀਂ

ਪੂਰੈ	ਭਾਗਿ *(ਭਾਗ)*	ਬੈਰਾਗਿ *(ਬੈਰਾਗ)* ॥
ਪੂਰਨ	ਭਾਗਾਂ ਰਾਹੀਂ	(ਪ੍ਰਭੂ) ਵੈਰਾਗ ਰਾਹੀਂ

...ਜਿਸ ਕਿਸੇ ਨੇ ਵੀ ਵਾਹਿਗੁਰੂ ਦੀ ਪ੍ਰਾਪਤੀ ਕੀਤੀ ਹੈ, (ਉਸਨੇ) ਸਤਸੰਗਤ ਰਾਹੀਂ, ਪੂਰੇ ਨਸੀਬਾਂ ਕਰਕੇ, (ਪ੍ਰਭੂ) ਵੈਰਾਗ ਨਾਲ ਹੀ ਕੀਤੀ ਹੈ।

ਮਨਮੁਖ *(ਮਨਮੁਖ)*	ਫਿਰਹਿ, *(ਫਿਰਹਿਂ)*	ਨ *(ਨਾਂ)*	ਜਾਣਹਿ *(ਜਾਣਹਿਂ)*	ਸਤਗੁਰੁ, *(ਸਤਗੁਰ)*
ਮਨ ਦੇ ਮਗਰ ਲਗਣ ਵਾਲੇ	ਫਿਰਦੇ ਹਨ	ਨਹੀਂ	ਜਾਣਦੇ	ਸਤਿਗੁਰੂ ਨੂੰ

ਹਉਮੈ	ਅੰਦਰਿ *(ਅੰਦਰ)*	ਲਾਗਿ *(ਲਾਗ)* ॥
ਹੰਕਾਰ	ਵਿਚ	ਲਗਕੇ

...ਮਨ ਦੇ ਮਗਰ ਲਗਣ ਵਾਲੇ, ਹੰਕਾਰ ਅੰਦਰ ਖੁਭ ਕੇ, (ਵਿਕਾਰਾਂ ਦੇ ਹਨ੍ਹੇਰੇ ਵਿਚ ਭਟਕਦੇ) ਫਿਰਦੇ ਹਨ, ਅਤੇ ਸਤਿਗੁਰੂ (ਪ੍ਰਕਾਸ਼ ਨੂੰ) ਨਹੀਂ ਪਹਿਚਾਣਦੇ।...

ਨਾਨਕ,	ਸਬਦਿ *(ਸ਼ਬਦ)*	ਰਤੇ,	ਹਰਿ *(ਹਰ)*	ਨਾਮਿ *(ਨਾਮ)*	ਰੰਗਾਏ,
ਹੇ ! ਨਾਨਕ !	(ਗੁਰ) ਸ਼ਬਦ ਵਿਚ	ਰੰਗੇ ਹੋਏ,	ਪ੍ਰਭੂ	ਨਾਮ ਵਿਚ	ਰੰਗੇ ਜਾਂਦੇ ਹਨ

ਬਿਨੁ *(ਬਿਨ)*	ਭੈ	ਕੇਹੀ	ਲਾਗਿ *(ਲਾਗ)* ॥੪॥੮॥੪੧॥
ਬਿਨਾਂ (ਪ੍ਰਭੂ ਦੇ ਨਿਰਮਲ)	ਭੈ	ਦੇ ਕਿਵੇਂ	ਲਗ, ਪਾਹ

...ਹੇ! ਨਾਨਕ! (ਜੋ) ਸਤਿਗੁਰੂ ਦੇ ਸ਼ਬਦ (ਰੰਗ ਵਿਚ) ਰੰਗੇ ਹੋਏ ਹਨ, (ਉਹ ਸਮਝੋ) ਵਾਹਿਗੁਰੂ ਨਾਮ ਵਿਚ ਰੰਗੇ ਜਾਂਦੇ ਹਨ, ਪਰ (ਪ੍ਰਭੂ ਦੇ ਨਿਰਮਲ) ਭੈ ਤੋਂ ਬਿਨਾਂ, ਕਿਵੇਂ (ਪ੍ਰਭੂ ਪ੍ਰੀਤ ਦੀ) ਲਾਗ ਲਗ ਸਕਦੀ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਅੰਕ ੨੯-੩੦

ਘਰ	ਹੀ	ਸਉਦਾ	ਪਾਈਐ,
(ਹਿਰਦੇ) ਘਰ ਵਿਚ	ਜ਼ੋਰ ਦੇਣ ਲਈ ਵਰਿਆ ਜਾਂਦਾ ਅਗੇਤਰ	ਸੌਦਾ, ਵਖ਼ਰ	ਪਾਈਦਾ

ਅੰਤਰਿ *(ਅੰਤਰ)*	ਸਭ	ਵਥੁ *(ਵਥ)*	ਹੋਇ॥
ਅੰਤਹਕਰਣ ਵਿਚ	ਸਾਰੀਆਂ	ਵਸਤੂਆਂ	ਹੁੰਦੀਆਂ ਹਨ

...ਸਭ ਕੁਝ (ਵਾਹਿਗੁਰੂ ਦੀ ਮਿਹਰ ਨਾਲ) ਅੰਦਰ ਹੀ ਹੁੰਦਾ ਹੈ, (ਹਿਰਦੇ) ਘਰ ਵਿਚੋਂ ਹੀ (ਨਾਮ ਰੂਪੀ) ਸੌਦਾ ਪਾ ਲਈਦਾ ਹੈ।...

ਖਿਨੁ *(ਖਿਨ)*	ਖਿਨੁ *(ਖਿਨ)*	ਨਾਮੁ *(ਨਾਮ)*	ਸਮਾਲੀਐ, *(ਸੰਮ੍ਾਲੀਐ)*
ਛਿਨ	ਛਿਨ	(ਪ੍ਰਭੂ) ਬੰਦਗੀ	ਸੰਭਾਲ ਕਰੀਏ

ਗੁਰਮੁਖਿ *(ਗੁਰਮੁਖ)*	ਪਾਵੈ	ਕੋਇ ॥
ਸਤਿਗੁਰੂ ਸਨਮੁੱਖਤਾ ਰਾਹੀਂ	ਪਾਉਂਦਾ	ਕੋਈ (ਵਿਰਲਾ)

...ਛਿਨ ਛਿਨ (ਭਾਵ ਹਰ ਘੜੀ, ਵਾਹਿਗੁਰੂ) ਨਾਮ ਦੀ ਸੰਭਾਲ ਕਰਨੀ ਚਾਹੀਦੀ ਹੈ।(ਅਥਵਾ ਪ੍ਰਭੂ ਬੰਦਗੀ ਵਿਚ ਲੀਨ ਰਹਿਣਾ ਚਾਹੀਦਾ ਹੈ। ਪਰ) ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਕੋਈ (ਵਿਰਲਾ ਹੀ ਇਹ ਅਵਸਥਾ) ਪ੍ਰਾਪਤ ਕਰਦਾ ਹੈ।...

ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਅਖੁਟੁ *(ਅਖੁੱਟ)*	ਹੈ,
(ਪ੍ਰਭੂ) ਬੰਦਗੀ	ਖ਼ਜ਼ਾਨਾ	ਅਟੁੱਟ	ਹੋਣ ਦੀ ਕ੍ਰਿਆ

ਵਡਭਾਗਿ *(ਵਡਭਾਗ)*	ਪਰਾਪਤਿ *(ਪਰਾਪਤ)*	ਹੋਇ॥੧॥
ਵੱਡਿਆਂ ਭਾਗਾਂ ਰਾਹੀਂ	ਪ੍ਰਾਪਤ	ਹੁੰਦਾ ਹੈ

...(ਵਾਹਿਗੁਰੂ) ਬੰਦਗੀ ਦਾ ਖ਼ਜ਼ਾਨਾ ਅਮੁੱਕ ਹੈ, (ਪਰ) ਵੱਡਿਆਂ ਭਾਗਾਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ।...

ਮੇਰੇ	ਮਨ,	ਤਜਿ *(ਤਜ)*	ਨਿੰਦਾ	ਹਉਮੈ	ਅਹੰਕਾਰੁ *(ਅਹੰਕਾਰ)* ॥
ਆਪਣੇ	ਚਿੱਤ	ਤਿਆਗ	ਅਪਜੱਸ	ਹੰਕਾਰ	ਹੈਂਕੜ

ਹੇ! ਮੇਰੇ ਮਨਾ! ਹਉਮੈ, ਹੰਕਾਰ ਅਤੇ (ਦੂਸਰਿਆਂ ਦੀ) ਨਿੰਦਾ ਕਰਨੀ ਤਿਆਗ ਦੇਹ।...

ਹਰਿ *(ਹਰ)*	ਜੀਉ	ਸਦਾ	ਧਿਆਇ *(ਧਿਆਏ)*	ਤੂ, *(ਤੂੰ)*
ਹਰੀ, ਪ੍ਰਭੂ	ਜੀ	ਹਮੇਸ਼ਾਂ	ਸਿਮਰ	ਤੂੰ

ਅੰਕ ੩੦

ਗੁਰਮੁਖਿ *(ਗੁਰਮੁਖ)*	**ਏਕੰਕਾਰੁ** *(ਏਕੰਕਾਰ)* **॥੧॥**	**ਰਹਾਉ ॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਇਕ ਓਅੰਕਾਰ	ਠਹਿਰਾਉ

...ਤੂੰ ਹਮੇਸ਼ਾਂ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਏਕੰਕਾਰ ਵਾਹਿਗੁਰੂ ਜੀ ਨੂੰ ਸਿਮਰ।...

ਗੁਰਮੁਖਾ *(ਗੁਰਮੁਖਾਂ)*	**ਕੇ**	**ਮੁਖ** *(ਮੁੱਖ)*	**ਉਜਲੇ,**
(ਸਤਿਗੁਰੂ ਦੇ) ਸਨਮੁੱਖ ਹੋਣ ਵਾਲਿਆਂ	ਦੇ	ਮੂੰਹ	ਉਜ੍ਵਲ

ਗੁਰ	**ਸਬਦੀ** *(ਸ਼ਬਦੀ)*	**ਬੀਚਾਰਿ** *(ਬੀਚਾਰ)* **॥**
ਸਤਿਗੁਰੂ	ਸ਼ਬਦ ਦੁਆਰਾ	ਵਿਚਾਰ

...ਸਤਿਗੁਰੂ ਸ਼ਬਦ ਦੀ ਵਿਚਾਰ, ਭਾਵ ਸਿੱਖਿਆ ਦੁਆਰਾ ਗੁਰਮੁਖਾਂ ਦੇ ਮੁੱਖ, (ਰੱਬੀ ਦਰਗਾਹੇ ਸਦਾ) ਉਜਲੇ ਹੁੰਦੇ ਹਨ।...

ਹਲਤਿ *(ਹਲਤ)*	**ਪਲਤਿ** *(ਪਲਤ)*	**ਸੁਖੁ** *(ਸੁੱਖ)*	**ਪਾਇਦੇ,** *(ਪਾਇੰਦੇ)*
ਇਹ ਲੋਕ	ਪਰਲੋਕ	(ਆਤਮਿਕ) ਅਨੰਦ	ਪ੍ਰਾਪਤ ਕਰਦੇ ਹਨ

ਜਪਿ *(ਜਪ)*	**ਜਪਿ** *(ਜਪ)*	**ਰਿਦੈ**	**ਮੁਰਾਰਿ** *(ਮੁਰਾਰ)* **॥**
ਸਿਮਰ ਕੇ	ਸਿਮਰ ਕੇ	ਹਿਰਦੇ ਵਿਚ	ਮੁਰ ਦੈਂਤ ਦਾ ਵੈਰੀ, ਪਰਮਾਤਮਾ

...(ਉਹ) ਹਿਰਦੇ ਵਿਚ ਵਾਹਿਗੁਰੂ ਨੂੰ ਸਿਮਰ ਸਿਮਰ ਕੇ, ਲੋਕ ਪਰਲੋਕ ਵਿਚ (ਆਤਮਿਕ) ਅਨੰਦ ਪ੍ਰਾਪਤ ਕਰਦੇ ਹਨ।...

ਘਰ	**ਹੀ**	**ਵਿਚਿ** *(ਵਿਚ)*	**ਮਹਲੁ** *(ਮਹਿਲ)*	**ਪਾਇਆ,**
(ਹਿਰਦੇ) ਘਰ	ਜ਼ੋਰ ਦੇਣ ਲਈ ਵਰਤਿਆ ਪਿਛੇਤਰ	ਵਿਚ	(ਪ੍ਰਭੂ) ਨਿਵਾਸ	ਪ੍ਰਾਪਤ ਕਰ ਲਿਆ

ਗੁਰ	**ਸਬਦੀ** *(ਸ਼ਬਦੀ)*	**ਵੀਚਾਰਿ** *(ਵੀਚਾਰ)* **॥੨॥**
ਸਤਿਗੁਰੂ	ਸ਼ਬਦ ਦੀ	ਵਿਚਾਰ ਰਾਹੀਂ

...ਸਤਿਗੁਰੂ ਸ਼ਬਦ ਦੀ ਵਿਚਾਰ ਦੁਆਰਾ, (ਹਿਰਦੇ) ਘਰ ਵਿਚ ਹੀ (ਪ੍ਰਭੂ) ਨਿਵਾਸ ਦੀ ਪ੍ਰਾਪਤੀ ਕਰ ਲਈ ਹੈ।...

ਸਤਗੁਰ	**ਤੇ**	**ਜੋ**	**ਮੁਹ** *(ਮੂੰਹ)*	**ਫੇਰਹਿ,** *(ਫੇਰਹਿਂ)*
ਸਤਿਗੁਰੂ	ਤੋਂ	ਜਿਹੜੇ	ਮੂੰਹ	ਫੇਰ ਲੈਂਦੇ ਹਨ

ਮਥੇ	**ਤਿਨ**	**ਕਾਲੇ ॥**
ਮਸਤਕ	ਉਨ੍ਹਾਂ ਦੇ	ਸਿਆਹ

ਅੰਕ ੩੦

...(ਪਰ) ਸਤਿਗੁਰੂ (ਦੇ ਸ਼ਬਦ ਵਿਚਾਰ ਤੋਂ) ਜੋ ਮੂੰਹ ਫੇਰ ਲੈਂਦੇ ਹਨ, (ਵਿਕਾਰਾਂ ਕਰਕੇ) ਉਨ੍ਹਾਂ ਦੇ ਮੱਥੇ, (ਮਾਇਆ ਦੀ ਕਾਲਖ਼ ਨਾਲ) ਕਾਲੇ ਹੋ ਜਾਂਦੇ ਹਨ।...

ਅਨਦਿਨੁ *(ਅਨਦਿਨ)*	ਦੁਖ *(ਦੁੱਖ)*	ਕਮਾਵਦੇ, *(ਕਮਾਂਵਦੇ)*	
ਦਿਨ ਰਾਤ	ਤਕਲੀਫ਼,ਕਸ਼ਟ	ਕਮਾਉਂਦੇ	
ਨਿਤ	ਜੋਹੇ	ਜਮ	ਜਾਲੇ ॥
ਰੋਜ਼	ਤੱਕਦੀ, ਤਾੜਦੀ	ਮੌਤ ਦਾ ਫਰਿਸ਼ਤਾ	ਜਾਲ, ਫਾਹੀ

...(ਇਹੋ ਜਿਹੇ ਮਨਮੁੱਖ) ਦਿਨ ਰਾਤ, ਅੱਠੇ ਪਹਿਰ ਦੁੱਖ ਕਮਾਉਂਦੇ ਹਨ, ਤੇ ਮੌਤ ਦੀ ਫ਼ਾਹੀ ਰੋਜ਼ ਉਨ੍ਹਾਂ ਦੇ (ਗਲ ਵਿਚ ਪੈਣ ਲਈ ਮੌਕਾ) ਤਾੜਦੀ ਰਹਿੰਦੀ ਹੈ।...

ਸੁਪਨੈ	ਸੁਖੁ *(ਸੁੱਖ)*	ਨ *(ਨਾਂ)*	ਦੇਖਨੀ,
ਸੁਫਨੇ ਵਿਚ	ਖ਼ੁਸ਼ੀ	ਨਹੀਂ	ਵੇਖਦੇ
ਬਹੁ	ਚਿੰਤਾ	ਪਰਜਾਲੇ ॥੩॥	
ਬਹੁਤੀ	ਫ਼ਿਕਰ	ਸਾੜ ਸੁੱਟੇ ਹਨ	

...(ਉਹ) ਸੁਪਨੇ ਵਿਚ ਵੀ ਖੁਸ਼ੀ ਨਹੀਂ ਵੇਖ ਸਕਦੇ, ਅਤੇ ਅਨੇਕ ਚਿੰਤਾਵਾਂ ਉਨ੍ਹਾਂ ਨੂੰ ਸਾੜ ਸੁੱਟਦੀਆਂ ਹਨ।...

ਸਭਨਾ	ਕਾ	ਦਾਤਾ	ਏਕੁ *(ਏਕ)*	ਹੈ,
ਸਾਰਿਆਂ	ਦਾ	ਦੇਣਹਾਰ	ਇਕੋ (ਪਰਮਾਤਮਾ)	ਹੋਣ ਦੀ ਕ੍ਰਿਆ
ਆਪੇ		ਬਖਸ *(ਬਖਸ਼)*	ਕਰੇਇ *(ਕਰੇ)*॥	
(ਪ੍ਰਭੂ) ਆਪ ਹੀ		ਬਖਸ਼ਿਸ਼,ਕ੍ਰਿਪਾ	ਕਰਦਾ ਹੈ	

...ਸਾਰਿਆਂ ਦਾ ਦੇਣਹਾਰ ਇਕ ਪ੍ਰਮਾਤਮਾ ਹੀ ਹੈ, ਅਤੇ ਉਹ ਆਪ ਹੀ (ਸਾਰਿਆਂ ਤੇ) ਬਖਸ਼ਿਸ਼ ਕਰਦਾ ਹੈ।...

ਕਹਣਾ	ਕਿਛੂ	ਨ *(ਨਾਂ)*	ਜਾਵਈ,
ਕਿਹਾ	ਕੁਝ ਵੀ	ਨਹੀਂ	ਜਾ ਸਕਦਾ
ਜਿਸੁ *(ਜਿਸ)*	ਭਾਵੈ	ਤਿਸੁ *(ਤਿਸ)*	ਦੇਇ *(ਦੇ)* ॥
ਜਿਸ ਨੂੰ	ਚੰਗਾ ਲਗਦਾ ਹੈ	ਉਸਨੂੰ	ਦਿੰਦਾ ਹੈ

ਅੰਕ ੩੦

...(ਵਾਹਿਗੁਰੂ ਨੂੰ) ਕੁਝ ਵੀ ਕਿਹਾ ਨਹੀਂ ਜਾ ਸਕਦਾ, ਜਿਸਨੂੰ ਚੰਗਾ ਲਗਦਾ ਹੈ, ਉਸਨੂੰ (ਹੀ ਬਖਸ਼ਿਸ਼ਾਂ) ਬਖਸ਼ਦਾ ਹੈ।...

ਨਾਨਕ,	**ਗੁਰਮੁਖਿ***(ਗੁਰਮੁਖ)*	**ਪਾਈਐ,**
ਹੇ! ਨਾਨਕ	ਸਤਿਗੁਰੂ ਦੀ ਸਨਮੁੱਖਤਾ ਦੁਆਰਾ	(ਪ੍ਰਭੂ ਨੂੰ) ਪਾਈਦਾ ਹੈ
ਆਪੇ	**ਜਾਣੈ**	**ਸੋਇ॥੪॥੯॥੪੨॥**
ਆਪ ਹੀ	ਜਾਣਦਾ, ਸਮਝਦਾ	ਉਹ

...ਹੇ! ਨਾਨਕ! ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪ੍ਰਭੂ) ਮਿਲਾਪ ਹੁੰਦਾ ਹੈ, ਅਤੇ ਉਹ ਆਪ ਹੀ (ਸਭ ਕੁਝ) ਜਾਣਦਾ-ਬੁੱਝਦਾ ਹੈ।

ਸਿਰੀਰਾਗੁ,*(ਸਿਰੀਰਾਗ)*	**ਮਹਲਾ***(ਮਹਿਲਾ)*	**੩***(ਤੀਜਾ)* ॥	
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ	
ਸਚਾ	**ਸਾਹਿਬੁ***(ਸਾਹਿਬ)*	**ਸੇਵੀਐ,**	
ਸਦਾ-ਸਥਿਰ	ਪਰਮਾਤਮਾ	ਸੇਵਾ ਕਰੀਏ	
ਸਚੁ*(ਸੱਚ)*	**ਵਡਿਆਈ**	**ਦੇਇ***(ਦੇ)* ॥	
ਦਾ ਰਹਿਣ ਵਾਲੀ	ਸ਼ੋਭਾ, ਪ੍ਰਭਤਾ	ਦਿੰਦਾ ਹੈ	

ਸਦਾ-ਸਥਿਰ ਪਰਮਾਤਮਾ ਦੀ ਸੇਵਾ-ਸਿਮਰਨ ਕਰੀਏ, ਉਹ ਸਦਾ ਰਹਿਣ ਵਾਲੀ ਸ਼ੋਭਾ ਬਖਸ਼ਦਾ ਹੈ।...

ਗੁਰ	**ਪਰਸਾਦੀ**	**ਮਨਿ***(ਮਨ)*	**ਵਸੈ,**
ਸਤਿਗੁਰੂ	ਕਿਰਪਾ ਰਾਹੀਂ	ਚਿੱਤ ਵਿਚ	ਵਸ ਜਾਂਦਾ ਹੈ
ਹਉਮੈ	**ਦੂਰਿ***(ਦੂਰ)*	**ਕਰੇਇ***(ਕਰੇ)* ॥	
ਹੰਕਾਰ	ਪਰ੍ਹੇ	ਕਰ ਦਿੰਦਾ ਹੈ	

...ਸਤਿਗੁਰੂ ਦੀ ਕਿਰਪਾ ਰਾਹੀਂ, ਉਹ (ਜੀਵ ਦੇ) ਚਿੱਤ ਵਿਚ ਵਸ ਜਾਂਦਾ ਹੈ, ਅਤੇ ਹੰਕਾਰ ਨੂੰ ਦੂਰ ਕਰ ਦਿੰਦਾ ਹੈ।...

ਇਹੁ*(ਇਹ)*	**ਮਨੁ***(ਮਨ)*	**ਧਾਵਤੁ,***(ਧਾਵਤ)*	**ਤਾ***(ਤਾਂ)*	**ਰਹੈ,**
ਵਸਤੂ ਸੰਬੋਧਕ ਸ਼ਬਦ	ਚਿੱਤ	ਭਟਕਣ ਤੋਂ, ਦੌੜਦੇ ਫਿਰਨ ਤੋਂ	ਤਦੋਂ	ਰੁਕਦਾ/ਹਟਦਾ ਹੈ
ਜਾ*(ਜਾਂ)*	**ਆਪੇ**	**ਨਦਰਿ***(ਨਦਰ)*	**ਕਰੇਇ***(ਕਰੇ)* ॥੧॥	
ਜੇਕਰ	ਆਪ ਹੀ	ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ	

ਅੰਕ ੩੦

...ਇਹ ਚਿੱਤ ਭਟਕਣ ਤੋਂ ਤਾਂ ਹੀ ਹਟਦਾ ਹੈ, ਜੇਕਰ ਵਾਹਿਗੁਰੂ ਆਪ ਹੀ (ਆਪਣੀ) ਮਿਹਰ ਦੀ ਨਿਗ੍ਹਾ ਕਰ ਦੇਵੇ।...

ਭਾਈ	ਰੇ,
ਭਰਾ	ਹੇ!

ਗੁਰਮੁਖਿ *(ਗੁਰਮੁਖ)*	ਹਰਿ *(ਹਰ)*	ਨਾਮੁ *(ਨਾਮ)*	ਧਿਆਇ ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪ੍ਰਭ	ਨਾਮ, ਬੰਦਗੀ	ਧਿਆਈਦੀ ਹੈ

...ਹੇ! ਭਾਈ! ਸਤਿਗੁਰੂ ਦੀ ਸਨਮੁੱਖਤਾ ਦੁਆਰਾ ਪਰਮਾਤਮਾ ਦੀ ਬੰਦਗੀ ਕਰੀਦੀ ਹੈ।...

ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਸਦ	ਮਨਿ *(ਮਨ)*	ਵਸੈ,
(ਪ੍ਰਭੂ) ਸਿਮਰਨ	ਖ਼ਜ਼ਾਨਾ	ਹਮੇਸ਼ਾਂ	ਚਿੱਤ ਵਿਚ	ਵਸ ਜਾਂਦਾ ਹੈ

ਮਹਲੀ *(ਮਹਲੀਂ)*	ਪਾਵੈ	ਥਾਉ *(ਥਾਉਂ)* ॥੧॥	ਰਹਾਉ ॥
(ਪ੍ਰਭੂ) ਨਿਵਾਸ ਵਿਚ	ਪਾ ਲੈਂਦਾ ਹੈ	ਥਾਂ	ਠਹਿਰਾਉ

...(ਇਵੇਂ ਪ੍ਰਭੂ) ਸਿਮਰਨ (ਰੂਪੀ) ਖਜ਼ਾਨਾ ਮਨ ਵਿਚ ਵਸ ਜਾਂਦਾ ਹੈ, ਅਤੇ (ਉਹ ਧਰਮ-ਸਾਧਕ) ਪ੍ਰਭੂ ਮਹਿਲਾਂ ਵਿਚ ਥਾਂ ਪ੍ਰਾਪਤ ਕਰ ਲੈਂਦਾ ਹੈ।...

ਮਨਮੁਖ *(ਮਨਮੁਖ)*	ਮਨੁ *(ਮਨ)*	ਤਨੁ *(ਤਨ)*	ਅੰਧੁ *(ਅੰਧ)*	ਹੈ,
ਮਨ ਦੇ ਮਗਰ ਲਗਣ ਵਾਲਾ	ਚਿੱਤ	ਸਰੀਰ	ਅੰਨ੍ਹੇ, ਅਗਿਆਨੀ	ਹੋਣ ਦੀ ਕ੍ਰਿਆ

ਤਿਸ	ਨਉ *(ਨਉਂ)*	ਠਉਰ	ਨ *(ਨਾਂ)*	ਠਾਉ *(ਠਾਉਂ)* ॥
ਉਸ	ਨੂੰ	ਪਨਾਹ	ਨਹੀਂ	ਟਿਕਾਣਾ

...(ਮਾਇਆਵੀ ਭਰਮਾਂ ਦੀ ਅਗਿਆਨਤਾ ਕਰਕੇ) ਮਨਮੁੱਖ ਦਾ ਮਨ ਤੇ ਤਨ ਅੰਨ੍ਹਾ ਹੋਇਆ ਹੁੰਦਾ ਹੈ, ਉਸਨੂੰ (ਰੱਬੀ, ਸੁੱਖ-ਸ਼ਾਂਤੀ ਲਈ) ਕਿਤੇ ਵੀ ਥਾਂ-ਟਿਕਾਣਾ ਨਹੀਂ ਲਭਦਾ।...

ਬਹੁ	ਜੋਨੀ	ਭਉਦਾ *(ਭੌਂਦਾ)*	ਫਿਰੈ,
ਅਨੇਕਾਂ	ਜੂਨਾਂ ਵਿਚ	ਭਟਕਦਾ	ਫਿਰਦਾ ਹੈ

ਜਿਉ *(ਜਿਉਂ)*	ਸੁੰਞੈ	ਘਰਿ *(ਘਰ)*	ਕਾਉ *(ਕਾਉਂ)* ॥
ਜਿਵੇਂ	ਸੱਖਣੇ, ਸੁੰਨੇ	ਘਰ ਵਿਚ	ਕਾਂ

ਅੰਕ ੩੦

...(ਉਹ ਜਗਤ ਵਿਖੇ) ਅਨੇਕਾਂ ਜੂਨਾਂ ਵਿਚ ਭਟਕਦਾ ਫਿਰਦਾ ਹੈ, ਜਿਵੇਂ (ਪਰਿਵਾਰ ਤੋਂ) ਸੱਖਣੇ ਘਰ ਵਿਚ ਕਾਂ (ਭਉਂਦਾ ਹੈ।)...

ਗੁਰਮਤੀ	**ਘਟਿ** *(ਘਟ)*	**ਚਾਨਣਾ,**
ਸਤਿਗੁਰੂ ਦੀ ਮੱਤ ਦੁਆਰਾ	ਹਿਰਦੇ ਵਿਚ	(ਪ੍ਰਭੂ) ਪ੍ਰਕਾਸ਼

ਸਬਦਿ *(ਸ਼ਬਦ)*	**ਮਿਲੈ**	**ਹਰਿ** *(ਹਰ)*	**ਨਾਉ** *(ਨਾਉਂ)* ॥੨॥
(ਗੁਰ) ਸ਼ਬਦ ਦੇ	ਮੇਲ ਰਾਹੀਂ	ਪ੍ਰਭੂ	ਨਾਮ, ਬੰਦਗੀ

...ਸਤਿਗੁਰੂ ਦੀ ਮੱਤ ਦੁਆਰਾ (ਧਰਮ-ਸਾਧਕ ਦੇ) ਹਿਰਦੇ ਵਿਚ (ਪਰਮਾਤਮ) ਪ੍ਰਕਾਸ਼ ਹੋ ਜਾਂਦਾ ਹੈ, ਅਤੇ (ਗੁਰ) ਸ਼ਬਦ ਦੇ (ਸੁਰਤ ਵਿਚ) ਮਿਲਾਪ ਰਾਹੀਂ, ਵਾਹਿਗੁਰੂ ਦੀ ਬੰਦਗੀ ਪ੍ਰਾਪਤ ਹੁੰਦੀ ਹੈ।...

ਤ੍ਰੈ	**ਗੁਣ**	**ਬਿਖਿਆ**	**ਅੰਧੁ** *(ਅੰਧ)*	**ਹੈ,**
ਤਿੰਨ	ਤੱਤ (ਰਜੋ, ਤਮੋ ਤੇ ਸਤੋ)	ਜ਼ਹਿਰ	ਅਗਿਆਨਤਾ	ਹੋਣ ਦੀ ਕ੍ਰਿਆ

ਮਾਇਆ	**ਮੋਹ**	**ਗੁਬਾਰ** ॥
ਧਨ ਦੌਲਤ	ਲਗਾਓ, ਲਗਨ	ਹਨ੍ਹੇਰ

...(ਸਭ ਪਾਸੇ) ਤਿੰਨਾਂ ਗੁਣਾਂ, ਭਾਵ ਰਜੋ, ਤਮੋ ਅਤੇ ਸਤੋ ਦੇ ਜ਼ਹਿਰ ਦੀ ਅਗਿਆਨਤਾ ਹੈ, ਅਤੇ ਮਾਇਆ ਦੇ ਮੋਹ ਵਾਲਾ ਗੁਬਾਰ (ਫੈਲਿਆ ਪਿਆ) ਹੈ।...

ਲੋਭੀ,	**ਅਨ**	**ਕਉ**	**ਸੇਵਦੇ,** *(ਸੇਂਵਦੇ)*
ਲਾਲਚੀ	ਹੋਰਨਾਂ	ਨੂੰ	ਸੇਵਾ ਕਰਦੇ

ਪੜਿ *(ਪੜ੍ਹ)*	**ਵੇਦਾ** *(ਵੇਦਾਂ)*	**ਕਰੈ** *(ਕਰੈਂ)*	**ਪੂਕਾਰ** ॥
ਪੜ੍ਹਕੇ, ਪਾਠ ਕਰਕੇ	ਵੇਦਾਂ, ਧਰਮ ਪੁਸਤਕਾਂ	ਕਰਦੇ	ਪੁਕਾਰ, ਰੌਲਾ-ਰੱਪਾ

...(ਲੋਕ ਉਪਰੋਂ ਉਪਰੋਂ ਤਾਂ ਦੰਭ ਰਾਹੀਂ) ਵੇਦਾਂ, (ਭਾਵ ਧਰਮ-ਪੁਸਤਕਾਂ ਆਦਿ ਨੂੰ) ਪੜ੍ਹਕੇ (ਧਰਮੀ ਹੋਣ ਦਾ ਉੱਚੀ ਉੱਚੀ) ਰੌਲਾ ਪਾਉਂਦੇ ਹਨ, (ਪਰ ਅੰਦਰੋਂ) ਲਾਲਚੀ (ਹੋਣ ਕਰਕੇ, ਪਰਮਾਤਮਾ ਨੂੰ ਛੱਡਕੇ) ਹੋਰਨਾਂ ਦੀ ਪੂਜਾ-ਪ੍ਰਤਿਸ਼ਠਾ ਕਰਦੇ ਹਨ।...

ਬਿਖਿਆ	**ਅੰਦਰਿ** *(ਅੰਦਰ)*	**ਪਚਿ** *(ਪਚ)*	**ਮੁਏ,**
ਜ਼ਹਿਰ	ਵਿਚ	ਸੜ ਕੇ	ਮਰ ਗਏ

ਨਾ *(ਨਾਂ)*	**ਉਰਵਾਰੁ** *(ਉਰਵਾਰ)*	**ਨ** *(ਨਾਂ)*	**ਪਾਰੁ** *(ਪਾਰ)* ॥੩॥
ਨਾ ਹੀਂ	ਉਰਲੇ ਕਿਨਾਰੇ	ਨਾਂ ਹੀਂ	ਪਰਲੇ ਕਿਨਾਰੇ

ਅੰਕ ੩੦

...(ਅਜਿਹੇ ਲੋਕ ਮਾਇਆਵੀ ਵਿਕਾਰਾਂ ਦੀ) ਜ਼ਹਿਰ ਵਿਚ ਸੜ ਕੇ ਮਰ ਜਾਂਦੇ ਹਨ, (ਉਨ੍ਹਾਂ ਦਾ) ਨਾ ਹੀ ਇਹ ਲੋਕ ਸੌਰਦਾ ਹੈ, ਅਤੇ ਨਾ ਹੀਂ ਪਰਲੋਕ।...

ਮਾਇਆ	**ਮੋਹਿ** *(ਮੋਹ)*	**ਵਿਸਾਰਿਆ,**
ਧਨ ਦੌਲਤ	ਲਗਾਓ/ਸਨੇਹ ਨੇ	ਵਿਸਾਰ ਦਿੱਤਾ, ਭੁਲਾ ਦਿੱਤਾ

ਜਗਤ	**ਪਿਤਾ**	**ਪ੍ਰਤਿਪਾਲਿ** *(ਪ੍ਰਤਿਪਾਲ)* ॥
ਸੰਸਾਰ	ਬਾਪ,ਬਾਬਲ	ਪ੍ਰਤਿਪਾਲਣਾ ਕਰਨ ਵਾਲਾ

...(ਅਜਿਹੇ ਲੋਕਾਂ ਨੇ) ਧਨ ਦੌਲਤ ਭਾਵ ਮਾਇਆਵੀ ਪਦਾਰਥਾਂ ਦੇ ਸਨੇਹ ਵਿਚ, ਪ੍ਰਤਿਪਾਲਣਹਾਰ ਜਗਤ ਪਿਤਾ ਨੂੰ ਭੁਲਾ ਦਿੱਤਾ ਹੈ।...

ਬਾਝਹੁ *(ਬਾਝਹੁੰ)*	**ਗੁਰੂ,**	**ਅਚੇਤੁ** *(ਅਚੇਤ)*	**ਹੈ,**
ਬਗ਼ੈਰ	ਸਤਿਗੁਰੂ	ਗਾਫ਼ਲ, ਬੇਸੁੱਧ	ਹੋਣ ਦੀ ਕ੍ਰਿਆ

ਸਭ	**ਬਧੀ**	**ਜਮਕਾਲਿ** *(ਜਮਕਾਲ)* ॥
ਸਾਰੀ (ਲੋਕਾਈ)	ਬੱਝੀ ਹੋਈ	ਮੌਤ ਦੇ ਫਰਿਸ਼ਤੇ ਨੇ ਕਾਲ ਵਿਚ

...ਸਤਿਗੁਰੂ ਬਿਨਾਂ (ਸਾਰੀ) ਲੋਕਾਈ (ਮਾਇਆਵੀ ਵਿਕਾਰਾਂ ਦੀ ਨੀਂਦ ਵਿਚ) ਬੇਸੁੱਧ ਪਈ ਹੈ, ਅਤੇ ਸਭ ਨੂੰ ਜਮ ਨੇ ਮੌਤ (ਰੂਪੀ ਫ਼ਾਹੀ ਵਿਚ) ਬੰਨ੍ਹਿਆ ਹੋਇਆ ਹੈ...

ਨਾਨਕ,	**ਗੁਰਮਤਿ** *(ਗੁਰਮਤ)*	**ਉਬਰੇ,**
ਹੇ ! ਨਾਨਕ !	ਸਤਿਗੁਰੂ ਦੀ ਮੱਤ ਦੁਆਰਾ	ਉਭਰੀਦਾ ਹੈ, ਪਾਰ ਹੋ ਜਾਈਦਾ ਹੈ

ਸਚਾ	**ਨਾਮੁ** *(ਨਾਮ)*	**ਸਮਾਲਿ** *(ਸੰਮ੍ਹਾਲ)* ॥੪॥੧੦॥੪੩॥
ਸਦਾ ਸਥਿਰ	(ਪ੍ਰਭੂ) ਸਿਮਰਨ	ਸੰਭਾਲ ਕਰਕੇ

...ਹੇ! ਨਾਨਕ! ਸਤਿਗੁਰੂ ਦੇ ਉਪਦੇਸ਼ ਦੁਆਰਾ, ਸਦੀਵ-ਸੱਤ (ਪਰਮਾਤਮਾ) ਦੀ ਬੰਦਗੀ ਕਰਕੇ (ਸੰਸਾਰ ਦੇ ਭਵਸਾਗਰ ਤੋਂ) ਪਾਰ ਹੋ ਜਾਈਦਾ ਹੈ।

ਸਿਰੀਰਾਗੁ *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਤ੍ਰੈ	**ਗੁਣ**	**ਮਾਇਆ**	**ਮੋਹੁ** *(ਮੋਹ)*	**ਹੈ,**
ਤਿੰਨੇ	ਤੱਤ (ਰਜੋ, ਤਮੋ, ਸਤੋ)	ਭਰਮ	ਸਨੇਹ, ਲਗਾਓ	ਹੋਣ ਦੀ ਕ੍ਰਿਆ

ਅੰਕ ੩੦

ਗੁਰਮੁਖਿ *(ਗੁਰਮੁਖ)*	**ਚਉਥਾ** *(ਚੌਥਾ)*	**ਪਦੁ** *(ਪਦ)*	**ਪਾਇ ॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਚੌਥੀ	ਅਵਸਥਾ	ਪਾਈਦੀ ਹੈ

ਰਜੋ, ਤਮੋ ਅਤੇ ਸਤੋ ਤਿੰਨਾਂ ਹੀ ਗੁਣਾਂ ਵਾਲੀ ਅਵਸਥਾ ਮਾਇਆਵੀ ਭਰਮ ਵਾਲਾ ਸਨੇਹ ਹੈ, ਸਤਿਗੁਰੂ ਦੀ ਸਨਮੁੱਖਤਾ ਰਾਹੀਂ ਚੌਥੇ ਪਦ (ਭਾਵ ਪ੍ਰਭੂ ਮਿਲਾਪ ਵਾਲੀ ਅਵਸਥਾ) ਨੂੰ ਪ੍ਰਾਪਤ ਕਰੀਦਾ ਹੈ।...

ਕਰਿ *(ਕਰ)*	**ਕਿਰਪਾ**	**ਮੇਲਾਇਅਨੁ,** *(ਮੇਲਾਇਅਨ)*
ਕਰਕੇ	ਮਿਹਰ, ਬਖਸ਼ਿਸ਼	ਮੇਲ ਲਿਆ ਹੈ

ਹਰਿ *(ਹਰ)*	**ਨਾਮੁ** *(ਨਾਮ)*	**ਵਸਿਆ**	**ਮਨਿ** *(ਮਨ)*	**ਆਇ॥**
ਪ੍ਰਭੂ	ਨਾਮ,ਬੰਦਗੀ	ਵਸ ਗਿਆ	ਚਿੱਤ ਵਿਚ	ਆਣ ਕੇ

...(ਚੌਥੇ ਪਦ ਵਿਚ ਵਾਹਿਗੁਰੂ ਨੇ ਆਪਣੀ) ਮਿਹਰ ਕਰਕੇ (ਜਿਨ੍ਹਾਂ ਨੂੰ ਆਪਣੇ ਨਾਲ) ਮੇਲ ਲਿਆ ਹੈ, (ਉਨ੍ਹਾਂ ਦੇ ਚਿੱਤ ਵਿਚ ਪ੍ਰਭੂ-ਨਾਮ ਦਾ ਨਿਵਾਸ ਹੋ ਗਿਆ ਹੈ।...

ਪੋਤੈ	**ਜਿਨ** *(ਜਿਨ੍ਹ)*	**ਕੈ**	**ਪੁੰਨੁ** *(ਪੁੰਨ)*	**ਹੈ,**
ਖ਼ਜ਼ਾਨੇ ਵਿਚ	ਜਿਨ੍ਹਾਂ	ਦੇ	ਨੇਕੀ ਵਾਲੇ ਕਰਮ, ਸੁਕਰਮ	ਹੋਣ ਦੀ ਕ੍ਰਿਆ

ਤਿਨ *(ਤਿਨ੍ਹ)*	**ਸਤਸੰਗਤਿ** *(ਸਤਸੰਗਤ)*	**ਮੇਲਾਇ ॥੧॥**
ਤਿਨ੍ਹਾਂ	ਸੱਤ ਪੁਰਸ਼ਾਂ ਦਾ ਮੇਲ	ਮਿਲਾ ਦਿੰਦਾ

...ਜਿਨ੍ਹਾਂ ਦੇ (ਭਾਗਾਂ ਰੂਪੀ) ਖ਼ਜ਼ਾਨੇ ਵਿਚ ਪੁੰਨ ਕਰਮ ਹਨ, ਉਨ੍ਹਾਂ ਨੂੰ (ਵਾਹਿਗੁਰੂ) ਸੰਤਸੰਗਤ ਦਾ ਮਿਲਾਪ ਕਰਵਾ ਦਿੰਦਾ ਹੈ।...

ਭਾਈ	**ਰੇ,**
ਭਰਾ	ਹੇ

ਗੁਰਮਤਿ *(ਗੁਰਮਤ)*	**ਸਾਚਿ** *(ਸਾਚ)*	**ਰਹਾਉ ॥**
ਸਤਿਗੁਰੂ ਦੀ ਸਿੱਖਿਆ ਰਾਹੀਂ	ਸਦਾ-ਸਥਿਰ(ਪ੍ਰਭੂ ਵਿਚ)	(ਟਿਕਿਆ) ਰਹੁ

...ਹੇ! ਭਾਈ! ਸਤਿਗੁਰੂ ਦੀ ਸਿੱਖਿਆ ਰਾਹੀਂ ਸਦਾ ਸਥਿਰ (ਵਾਹਿਗੁਰੂ) ਵਿਚ (ਟਿਕੇ) ਰਹੋ।...

ਸਾਚੋ	**ਸਾਚੁ** *(ਸਾਚ)*	**ਕਮਾਵਣਾ,**
ਸਦਾ-ਸਥਿਰ(ਪ੍ਰਭੂ)	ਸਦਾ ਰਹਿਣ ਵਾਲੀ ਬੰਦਗੀ	ਕਮਾਈ ਕਰੋ

ਸਾਚੈ	ਸਬਦਿ *(ਸ਼ਬਦ)*	ਮਿਲਾਉ ॥੧॥	ਰਹਾਉ ॥
ਸਦਾ ਰਹਿਣ ਵਾਲੇ	(ਗੁਰ) ਸ਼ਬਦ ਵਿਚ	ਮਿਲਾ ਲਵੋ	ਠਹਿਰਾਉ

...ਸਦੀਵ ਕਾਲ ਰਹਿਣ ਵਾਲੇ ਪ੍ਰਭੂ ਦੀ, ਸੱਚ (ਰੂਪ) ਬੰਦਗੀ ਦੀ ਕਮਾਈ ਕਰੋ ਅਤੇ, ਸਦਾ-ਸਥਿਰ (ਗੁਰ) ਸ਼ਬਦ ਵਿਚ ਆਪਣੇ ਆਪ ਨੂੰ ਅਭੇਦ ਕਰ ਲਵੋ।...

ਜਿਨੀ *(ਜਿਨ੍ਹੀਂ)*	ਨਾਮੁ *(ਨਾਮ)*	ਪਛਾਣਿਆ, *(ਪਛਾਣਿਆਂ)*
ਜਿਨ੍ਹਾਂ ਨੇ	(ਵਾਹਿਗੁਰੂ) ਨਾਮ	ਪਹਿਚਾਣ ਕੀਤੀ ਹੈ

ਤਿਨ *(ਤਿਨ੍ਹ)*	ਵਿਟਹੁ *(ਵਿਟਹੁੰ)*	ਬਲਿ *(ਬਲ)*	ਜਾਉ *(ਜਾਉਂ)* ॥
ਉਨ੍ਹਾਂ	ਉਤੋਂ, ਤੋਂ	ਬਲਿਹਾਰ, ਕੁਰਬਾਨ	ਜਾਵਾਂ

...ਜਿਨ੍ਹਾਂ ਨੇ (ਵਾਹਿਗੁਰੂ ਦੇ) ਨਾਮ ਦੀ ਪਹਿਚਾਣ ਕੀਤੀ ਹੈ, (ਮੈਂ) ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।...

ਆਪੁ *(ਆਪ)*	ਛੋਡਿ, *(ਛੋਡ)*	ਚਰਣੀ	ਲਗਾ, *(ਲਗਾਂ)*
ਆਪਾ ਭਾਵ, ਹਉਮੈ	ਛੱਡ ਕੇ	ਚਰਨਾਂ/ਪੈਰਾਂ ਨੂੰ	ਲਗ ਜਾਵਾਂ

ਚਲਾ *(ਚਲਾਂ)*	ਤਿਨ *(ਤਿਨ੍ਹ)*	ਕੈ	ਭਾਇ॥
ਤੁਰਾਂ	ਉਨ੍ਹਾਂ	ਦੇ	ਅਨੁਸਾਰ, ਕਹਿਣੇ ਵਿਚ

...(ਆਪਣੀ) ਹਉਮੈ ਛੱਡ ਕੇ (ਮੈਂ ਉਨ੍ਹਾਂ ਦੇ) ਪੈਰੀਂ ਪੈਂਦਾ ਹਾਂ, ਅਤੇ ਉਨ੍ਹਾਂ ਦੀ (ਮਰਜ਼ੀ) ਅਨੁਸਾਰ ਚਲਦਾ ਹਾਂ।...

ਲਾਹਾ	ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਮਿਲੈ,
ਲਾਭ, ਨਫ਼ਾ	ਪ੍ਰਭੂ	ਪ੍ਰਭੂ	ਬੰਦਗੀ	ਮਿਲ ਜਾਵੇ

ਸਹਜੇ	ਨਾਮਿ *(ਨਾਮ)*	ਸਮਾਇ ॥੨॥
ਆਤਮਿਕ ਟਿਕਾਓ	ਨਾਮ ਵਿਚ	ਅਭੇਦ ਹੋ ਜਾਵਾਂ

...(ਤਾਂਕਿ ਮੈਨੂੰ) ਪ੍ਰਭੂ ਬੰਦਗੀ ਦਾ ਲਾਭ ਮਿਲ ਜਾਵੇ ਅਤੇ (ਮੈਂ) ਆਤਮਿਕ ਟਿਕਾਓ ਰਾਹੀਂ (ਪ੍ਰਭੂ) ਨਾਮ ਵਿਚ ਹੀ ਅਭੇਦ ਹੋ ਜਾਵਾਂ।...

ਬਿਨੁ *(ਬਿਨ)*	ਗੁਰ,	ਮਹਲੁ *(ਮਹਿਲ)*	ਨ *(ਨਾਂ)*	ਪਾਈਐ,
ਬਿਨਾਂ	ਸਤਿਗੁਰੂ	(ਪ੍ਰਭੂ) ਨਿਵਾਸ	ਨਹੀਂ	ਪ੍ਰਾਪਤ ਹੁੰਦਾ

ਨਾਮੁ *(ਨਾਮ)*	ਨ *(ਨਾਂ)*	ਪਰਾਪਤਿ *(ਪਰਾਪਤ)*	ਹੋਇ॥
(ਪ੍ਰਭੂ) ਸਿਮਰਨ	ਨਹੀਂ	ਪ੍ਰਾਪਤ	ਹੁੰਦਾ

ਅੰਕ ੩੦

...ਸਤਿਗੁਰੂ ਤੋਂ ਬਿਨਾਂ ਵਾਹਿਗੁਰੂ ਦਾ ਟਿਕਾਣਾ ਪ੍ਰਾਪਤ ਨਹੀਂ ਹੁੰਦਾ, ਅਤੇ ਨਾਂ ਹੀ (ਪ੍ਰਭੂ) ਸਿਮਰਨ ਦੀ ਪ੍ਰਾਪਤੀ ਹੁੰਦੀ ਹੈ।...

ਐਸਾ	**ਸਤਗੁਰੁ** *(ਸਤਗੁਰ)*	**ਲੋੜਿ** *(ਲੋੜ)*	**ਲਹੁ,** *(ਲਹੋ)*
ਇਵੇਂ ਦਾ	ਸਤਿਗੁਰੂ	ਲਭ	ਲਵੋ

ਜਿਦੂ *(ਜਿਦੂੰ)*	**ਪਾਈਐ**	**ਸਚੁ** *(ਸੱਚ)*	**ਸੋਇ॥**
ਜਿਸ ਨਾਲ	ਪ੍ਰਾਪਤ ਕਰ ਸਕੀਏ	ਸਦਾ ਸਥਿਰ (ਪ੍ਰਭੂ)	ਉਸ

...(ਹੇ! ਭਾਈ!) ਐਸਾ ਸਤਿਗੁਰੂ ਲਭ ਲਵੋ, ਜਿਸ ਤੋਂ ਉਸ ਸਦਾ-ਸਥਿਰ ਪਰਮਾਤਮਾ ਦਾ ਮਿਲਾਪ ਹੋ ਸਕੇ।...

ਅਸੁਰ	**ਸੰਘਾਰੈ,**	**ਸੁਖਿ** *(ਸੁੱਖ)*	**ਵਸੈ,**
ਦੈਂਤ	ਮਾਰਦਾ ਹੈ	(ਆਤਮਿਕ) ਅਨੰਦ ਵਿਚ	ਵਸਦਾ ਹੈ

ਜੋ	**ਤਿਸੁ** *(ਤਿਸ)*	**ਭਾਵੈ,**	**ਸੁ** *(ਸੋ)*	**ਹੋਇ॥੩॥**
ਜਿਹੜਾ	ਉਸ ਨੂੰ	ਚੰਗਾ ਲਗਦਾ ਹੈ	ਉਹੀ	ਹੁੰਦਾ ਹੈ

...(ਜਿਹੜਾ ਧਰਮ-ਸਾਧਕ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ) ਦੈਂਤਾਂ ਨੂੰ ਮਾਰਦਾ ਹੈ, (ਉਹ) ਆਤਮਿਕ ਅਨੰਦ ਵਿਚ ਵਸਦਾ ਹੈ, ਜਿਹੜਾ ਕੁਝ (ਵਾਹਿਗੁਰੂ ਨੂੰ) ਚੰਗਾ ਲਗਦਾ ਹੈ (ਉਸਦੀ ਰਜ਼ਾ ਵਿਚ) ਉਹੀ ਕੁਝ ਹੁੰਦਾ ਹੈ।...

ਜੇਹਾ	**ਸਤਗੁਰੁ** *(ਸਤਗੁਰ)*	**ਕਰਿ** *(ਕਰ)*	**ਜਾਣਿਆ,**
ਜਿਵੇਂ ਦਾ	ਸਤਿਗੁਰੂ	ਕਰਕੇ	ਅਨੁਭਵ ਕੀਤਾ, ਸਮਝਿਆ

ਤੇਹੋ	**ਜੇਹਾ**	**ਸੁਖੁ** *(ਸੁੱਖ)*	**ਹੋਇ॥**
ਉਹੋ	ਜਿਹਾ	ਅਨੰਦ	ਪ੍ਰਾਪਤ ਹੁੰਦਾ ਹੈ

...ਸਤਿਗੁਰੂ ਵਿਚ ਜਿਹੋ ਜਿਹਾ (ਭਰੋਸਾ ਕਿਸੇ ਨੇ) ਕੀਤਾ ਹੈ, ਉਹੋ ਜਿਹਾ ਹੀ ਅਨੰਦ (ਉਸਨੂੰ) ਪ੍ਰਾਪਤ ਹੁੰਦਾ ਹੈ।...

ਏਹੁ *(ਏਹ)*	**ਸਹਸਾ** *(ਸਹਿੰਸਾ)*	**ਮੂਲੇ**	**ਨਾਹੀ,** *(ਨਾਹੀਂ)*
ਇਹ	ਸੰਦੇਹ, ਸ਼ੰਕਾ	ਅਸਲੋਂ ਹੀ	ਨਹੀਂ

ਭਾਉ	**ਲਾਏ**	**ਜਨੁ** *(ਜਨ)*	**ਕੋਇ॥**
ਪ੍ਰੀਤ	ਲਾਉਂਦਾ	ਦਾਸ,ਸੇਵਕ	ਕੋਈ

ਅੰਕ ੩੦-੩੧

...(ਅਤੇ) ਇਸ ਗਲ ਵਿਚ ਅਸਲੋਂ ਹੀ ਕੋਈ ਸ਼ੰਕਾ ਨਹੀਂ ਹੈ, ਭਾਵੇਂ ਕੋਈ ਜਨ, (ਸਾਹਿਬ ਨਾਲ) ਪ੍ਰੀਤ ਲਗਾ ਕੇ ਵੇਖ ਲਵੇ।...

ਨਾਨਕ,	ਏਕ	ਜੋਤਿ, *(ਜੋਤ)*	ਦੁਇ *(ਦੋਏ)*	ਮੂਰਤੀ,
ਹੇ ! ਨਾਨਕ !	ਇਕ	ਨੂਰ,ਪ੍ਰਕਾਸ਼	ਦੋ	ਸਰੂਪ, ਸਰੀਰ

ਸਬਦਿ *(ਸ਼ਬਦ)*	ਮਿਲਾਵਾ	ਹੋਇ ॥੪॥੧੧॥੪੪॥
(ਗੁਰ) ਸ਼ਬਦ ਰਾਹੀਂ	ਮਿਲਾਪ	ਹੋ ਜਾਂਦਾ ਹੈ

...(ਕਿ) ਹੇ! ਨਾਨਕ! (ਗੁਰ) ਸ਼ਬਦ ਦੀ (ਪ੍ਰੀਤ ਰਾਹੀਂ ਸਿੱਖ ਦੀ ਜਦੋਂ ਸਤਿਗੁਰੂ ਨਾਲ) ਅਭੇਦਤਾ ਹੋ ਜਾਂਦੀ ਹੈ, (ਉਦੋਂ ਗੁਰੂ ਤੇ ਸਿੱਖ ਦੇ ਭਾਵੇਂ) ਸਰੀਰ ਤਾਂ ਦੋ ਹੁੰਦੇ ਹਨ, ਪਰ ਜੋਤ ਇਕ ਹੋ ਜਾਂਦੀ ਹੈ।

ਸਿਰੀਰਾਗੁ *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)*॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਅੰਮ੍ਰਿਤੁ *(ਅੰਮ੍ਰਿਤ)*	ਛੋਡਿ, *(ਛੋਡ)*	ਬਿਖਿਆ	ਲੋਭਾਣ
ਅਮਰ ਕਰ ਦੇਣ ਵਾਲਾ (ਪ੍ਰਭੂ ਸਿਮਰਨ)	ਛੱਡਕੇ	ਜ਼ਹਿਰ (ਮਾਇਆ)	ਲੁਭਾਇਮਾਨ

ਸੇਵਾ	ਕਰਹਿ *(ਕਰਹਿੰ)*	ਵਿਡਾਣੀ॥
ਚਾਕਰੀ	ਕਰਦੇ	ਬੇਗਾਨੀ, ਪਰਾਈ

(ਜਿਹੜੇ ਮਨਮੁੱਖ ਪ੍ਰਭੂ ਦੇ ਨਾਮ) ਅੰਮ੍ਰਿਤ ਨੂੰ ਛੱਡਕੇ (ਮਾਇਆਵੀ ਪਦਾਰਥਾਂ ਦੇ) ਜ਼ਹਿਰ ਵਿਚ ਲੁਭਾਇਮਾਨ ਹੁੰਦੇ ਹਨ, ਅਤੇ (ਸਤਿਗੁਰੂ ਨੂੰ ਛੱਡਕੇ) ਗ਼ੈਰਾਂ ਦੀ ਚਾਕਰੀ ਕਰਦੇ ਹਨ...

ਆਪਣਾ	ਧਰਮੁ *(ਧਰਮ)*	ਗਵਾਵਹਿ, *(ਗਵਾਵਹਿੰ)*
ਆਪਣੇ ਆਪਦਾ	ਫਰਜ਼, ਕਰਤਵ	ਗਵਾਉਂਦੇ, ਭੁਲਾਉਂਦੇ

ਬੁਝਹਿ *(ਬੁਝਹਿੰ)*	ਨਾਹੀ, *(ਨਾਹੀਂ)*
ਬੁੱਝਦੇ, ਸਮਝਦੇ	ਨਹੀਂ

ਅਨਦਿਨੁ *(ਅਨਦਿਨ)*	ਦੁਖਿ *(ਦੁੱਖ)*	ਵਿਹਾਣੀ ॥
ਦਿਨ ਰਾਤ	ਦੁੱਖਾਂ ਵਿਚ	ਬੀਤਦੀ, ਗੁਜ਼ਰਦੀ

...(ਅਜਿਹੇ ਮਨਮੁੱਖ) ਆਪਣਾ ਫਰਜ਼ ਭੁਲਾ ਦਿੰਦੇ ਹਨ,(ਅਤੇ ਪਰਮਾਤਮ-ਸੱਚ ਨੂੰ) ਸਮਝਦੇ ਨਹੀਂ, (ਉਨ੍ਹਾਂ ਦਾ ਜੀਵਨ) ਦਿਨ ਰਾਤ ਦੁੱਖਾਂ ਵਿਚ ਹੀ ਬਤੀਤ ਹੁੰਦਾ ਹੈ।...

ਅੰਕ ੩੧

ਮਨਮੁਖ	ਅੰਧ,	ਨ(ਨਾਂ)	ਚੇਤਹੀ,(ਚੇਤਹੀਂ)
(ਗੁਰੂ ਤੋਂ ਬੇਮੁੱਖ)	ਅੰਨ੍ਹੇ,ਅਗਿਆਨੀ	ਨਹੀਂ	ਚੇਤਦੇ, ਸਿਮਰਦੇ
ਡੂਬਿ(ਡੂਬ)	ਮੁਏ	ਬਿਨੁ(ਬਿਨ)	ਪਾਣੀ॥੧॥
ਡੁੱਬ ਕੇ	ਮਰ ਗਏ	ਬਗੈਰ	ਜਲ

...ਗੁਰੂ ਤੋਂ ਬੇਮੁੱਖ ਅਗਿਆਨੀ (ਜੀਵ, ਪਰਮਾਤਮ ਨਾਮ) ਨਹੀਂ ਸਿਮਰਦੇ, ਅਤੇ (ਨਾਮ ਸਿਮਰਨ ਦੇ ਜੀਵਨ ਦੇਣ ਵਾਲੇ) ਜਲ ਤੋਂ ਬਿਨਾਂ (ਮਾਇਆ ਦੇ ਸਾਗਰ ਵਿਚ) ਡੁੱਬ ਕੇ ਮਰ ਜਾਂਦੇ ਹਨ।...

ਮਨ	ਰੇ,		
ਚਿੱਤ	ਹੇ!		
ਸਦਾ	ਭਜਹੁ	ਹਰਿ(ਹਰ)	ਸਰਣਾਈ(ਸ਼ਰਣਾਈ)॥
ਹਮੇਸ਼ਾਂ	ਸਿਮਰੋ, ਜਪਹੁ	ਪ੍ਰਭੂ	ਓਟ ਵਿਚ

...ਹੇ! (ਮੇਰੇ) ਮਨ! ਹਮੇਸ਼ਾਂ ਪ੍ਰਭੂ ਦੀ ਸ਼ਰਣ ਵਿਚ (ਰਹਿਕੇ ਪਰਮਾਤਮਾ ਦਾ ਨਾਮ) ਜਪ।...

ਗੁਰ	ਕਾ	ਸਬਦੁ,(ਸ਼ਬਦ)		ਅੰਤਰਿ(ਅੰਤਰ)	ਵਸੈ,
ਸਤਿਗੁਰੂ	ਦਾ	ਸ਼ਬਦ, ਬਾਣੀ, ਉਪਦੇਸ਼		ਅੰਦਰ	ਨਿਵਾਸ ਕਰਦਾ ਹੈ
ਤਾ(ਤਾਂ)	ਹਰਿ(ਹਰ)	ਵਿਸਰਿ(ਵਿਸਰ)	ਨ(ਨਾਂ)	ਜਾਈ॥੧॥	ਰਹਾਉ॥
ਤਦੋਂ	ਪ੍ਰਭੂ	ਭੁਲ	ਨਹੀਂ	ਜਾਂਦਾ	ਠਹਿਰਾਉ

...(ਜੇਕਰ) ਸਤਿਗੁਰੂ ਦੀ ਬਾਣੀ (ਮਨੁੱਖ ਦੇ ਹਿਰਦੇ) ਅੰਦਰ ਵਸ ਜਾਵੇ, ਤਾਂ (ਮਨ ਵਿਚੋਂ) ਪ੍ਰਭੂ ਭੁੱਲਦਾ ਨਹੀਂ।...

ਇਹੁ(ਏਹ)	ਸਰੀਰੁ,(ਸਰੀਰ)	ਮਾਇਆ	ਕਾ	ਪੁਤਲਾ,
(ਇਹ)	ਦੇਹ	ਪਦਾਰਥਕ ਭਰਮ	ਦਾ	ਲਕੜੀ ਜਾਂ ਕਪੜੇ ਆਦਿ ਦਾ ਢਾਂਚਾ
ਵਿਚਿ(ਵਿਚ)	ਹਉਮੈ	ਦੁਸਟੀ(ਦੁਸ਼ਟੀ)		ਪਾਈ ॥
ਅੰਦਰ	ਹੰਕਾਰ	ਦੁਸ਼ਟਣੀ, ਨੀਚ		ਧਰੀ, ਸਥਿਤ ਕੀਤੀ

...ਇਹ (ਮਨੁੱਖੀ) ਸਰੀਰ ਮਾਇਆ ਦਾ ਪੁਤਲਾ ਹੈ, (ਜਿਸ) ਵਿਚ (ਪ੍ਰਭੂ ਨੇ ਆਪ ਹੀ) ਨੀਚ ਹਉਮੈ ਇਸਥਿਤ ਕੀਤੀ ਹੋਈ ਹੈ।...

ਅੰਕ ੩੧

ਆਵਣੁ *(ਆਵਣ)*	ਜਾਣਾ,	ਜੰਮਣੁ *(ਜੰਮਣ)*	ਮਰਣਾ,
ਆਉਣਾ	ਚਲੇ ਜਾਣਾ	ਜਨਮ ਲੈਣਾ	ਮਰ ਜਾਣਾ

ਮਨਮੁਖਿ *(ਮਨਮੁਖ)*	ਪਤਿ *(ਪਤ)*	ਗਵਾਈ ॥
ਪ੍ਰਭੂ ਤੋਂ ਬੇਮੁੱਖ ਨੇ	ਇੱਜ਼ਤ, ਆਦਰ	ਗਵਾ ਲਈ

...(ਕਰਮਗਤੀ ਕਾਰਨ ਹਉਮੈਂ ਦੇ ਵਿਕਾਰਾਂ ਵਿਚ ਖੁੱਭੇ ਰਹਿਣ ਕਰਕੇ, ਮਨਮੁੱਖ ਦਾ ਸੰਸਾਰ ਤੇ) ਆਉਣਾ ਜਾਣਾ ਅਤੇ ਜੰਮਣ ਮਰਣ ਬਣਿਆ ਰਹਿੰਦਾ ਹੈ, (ਅਤੇ ਇਹੋ ਜਿਹੇ) ਮਨਮੁੱਖ ਨੇ (ਹਉਮੈ ਕਰਕੇ ਲੋਕ ਪਰਲੋਕ ਵਿਚ ਆਪਣੀ) ਇੱਜ਼ਤ (ਵੀ) ਗੁਆ ਲਈ ਹੈ।...

ਸਤਗੁਰੁ *(ਸਤਗੁਰ)*	ਸੇਵਿ, *(ਸੇਵ)*	ਸਦਾ	ਸੁਖੁ *(ਸੁੱਖ)*	ਪਾਇਆ,
ਸਤਿਗੁਰੂ	ਸੇਵਾ ਰਾਹੀਂ	ਹਮੇਸ਼ਾਂ	(ਪ੍ਰਭੂ) ਅਨੰਦ	ਪ੍ਰਾਪਤ ਕੀਤਾ

ਜੋਤੀ	ਜੋਤਿ *(ਜੋਤ)*	ਮਿਲਾਈ ॥੨॥
ਆਤਮ ਰੂਪੀ ਜੋਤ	(ਪ੍ਰਭੂ) ਜੋਤ ਵਿਚ	ਮਿਲਾ ਲਈ, ਲੀਨ ਕਰ ਲਈ

...(ਗੁਰਮੁੱਖਾਂ ਨੇ) ਸਤਿਗੁਰੂ ਦੀ ਸੇਵਾ ਰਾਹੀਂ ਹਮੇਸ਼ਾਂ (ਪ੍ਰਭੂ) ਅਨੰਦ ਪ੍ਰਾਪਤ ਕੀਤਾ ਹੈ, ਅਤੇ (ਇਸ ਸਾਧਨਾ ਰਾਹੀਂ ਆਪਣੀ ਆਤਮਿਕ) ਜੋਤ ਨੂੰ (ਪ੍ਰਭੂ) ਜੋਤ ਵਿਚ ਲੀਨ ਕਰ ਲਿਆ ਹੈ।...

ਸਤਗੁਰ	ਕੀ	ਸੇਵਾ,	ਅਤਿ *(ਅੱਤ)*	ਸੁਖਾਲੀ,
ਸਤਿਗੁਰੂ	ਦੀ	ਚਾਕਰੀ	ਬਹੁਤ	ਸੁਖਦਾਇਕ, ਸੁੱਖ ਦੇਣ ਵਾਲੀ

ਜੋ	ਇਛੇ	ਸੋ	ਫਲੁ *(ਫਲ)*	ਪਾਏ॥
ਜਿਹੜਾ ਵੀ	ਚਾਹਵੇ	ਉਹੀ	ਫਲ, ਪ੍ਰਾਪਤੀ	ਪਾ ਲੈਂਦਾ ਹੈ

...ਸਤਿਗੁਰੂ ਦੀ ਚਾਕਰੀ ਅਤਿਅੰਤ ਸੁਖਦਾਇਕ (ਭਾਵ ਪ੍ਰਮਾਤਮ ਸੁੱਖ ਦੇਣ ਵਾਲੀ) ਹੈ, (ਸੇਵਕ, ਪਰਮਾਤਮ ਰਜ਼ਾ ਵਿਚ) ਜੋ ਵੀ ਚਾਹਵੇ, ਉਹੀ ਫਲ ਪ੍ਰਾਪਤ ਕਰ ਲੈਂਦਾ ਹੈ।...

ਜਤੁ *(ਜੱਤ)*	ਸਤੁ *(ਸੱਤ)*	ਤਪੁ *(ਤੱਪ)*	ਪਵਿਤੁ *(ਪਵਿਤ)*	ਸਰੀਰਾ,
ਵਿਕਾਰਾਂ ਵਲੋਂ ਰੋਕ	ਉੱਚ ਅਚਾਰ	ਤਪੱਸਿਆ	ਪਵਿੱਤਰ	ਸਰੀਰ, ਦੇਹ

ਹਰਿ *(ਹਰ)*	ਹਰਿ *(ਹਰ)*	ਮੰਨਿ *(ਮੰਨ)*	ਵਸਾਏ॥
ਪ੍ਰਭੂ	ਪ੍ਰਭੂ	ਹਿਰਦੇ ਅੰਦਰ	ਵਸਾ ਲੈਂਦਾ

...(ਧਰਮ-ਸਾਧਕ ਦੇ) ਸਰੀਰ ਨੂੰ (ਸਤਿਗੁਰੂ ਦੀ ਸੇਵਾ ਰਾਹੀਂ) ਜੱਤ, ਸੱਤ ਅਤੇ ਤੱਪ (ਵਾਲੀ ਅਵਸਥਾ) ਪ੍ਰਾਪਤ ਹੋ ਜਾਂਦੀ ਹੈ, ਅਤੇ ਉਹ ਪ੍ਰਭੂ (ਨਾਮ) ਨੂੰ ਹਿਰਦੇ ਅੰਦਰ ਵਸਾ ਲੈਂਦਾ ਹੈ।...

ਅੰਕ ੩੧

ਸਦਾ	**ਅਨੰਦਿ**(ਅਨੰਦ)	**ਰਹੈ**	**ਦਿਨੁ**(ਦਿਨ)	**ਰਾਤੀ**(ਰਾਤੀਂ),
ਹਮੇਸ਼ਾਂ	(ਆਤਮਿਕ) ਸੁਖ	ਰਹਿੰਦਾ ਹੈ	ਦਿਨ	ਰਾਤ

ਮਿਲਿ(ਮਿਲ)	**ਪ੍ਰੀਤਮ**	**ਸੁਖੁ**(ਸੁੱਖ)	**ਪਾਏ ॥੩॥**
ਮਿਲਾਪ ਰਾਹੀਂ	ਪਰਮਾਤਮਾ (ਪ੍ਰਭੂ)	ਅਨੰਦ	ਪਾ ਲੈਂਦਾ ਹੈ

...(ਉਹ) ਪਰਮਾਤਮ ਮਿਲਾਪ ਰਾਹੀਂ, ਪ੍ਰਭੂ ਸੁੱਖ ਦੀ ਪ੍ਰਾਪਤੀ ਕਰ ਲੈਂਦਾ ਹੈ, ਅਤੇ (ਉਸਦੇ ਹਿਰਦੇ ਅੰਦਰ) ਦਿਨ-ਰਾਤ ਹਮੇਸ਼ਾਂ ਹੀ (ਆਤਮਿਕ) ਅਨੰਦ (ਦੀ ਅਵਸਥਾ ਬਣੀ) ਰਹਿੰਦੀ ਹੈ।...

ਜੋ	**ਸਤਗੁਰ**	**ਕੀ**	**ਸਰਣਾਗਤੀ,**(ਸ਼ਰਣਾਗਤੀ)
ਜਿਹੜੇ	ਸਤਿਗੁਰੂ	ਦੀ	ਸ਼ਰਨਾਗਤ ਵਿਚ, ਓਟ ਵਿਚ

ਹਉ(ਹਉਂ)	**ਤਿਨ**(ਤਿਨ੍ਹ)	**ਕੈ**	**ਬਲਿ**(ਬਲ)	**ਜਾਉ**(ਜਾਉਂ)॥
ਮੈਂ	ਉਨ੍ਹਾਂ	ਦੇ	ਕੁਰਬਾਨ	ਜਾਂਦਾ ਹਾਂ

...ਜਿਹੜੇ ਸਤਿਗੁਰੂ ਦੇ ਓਟ ਆਸਰੇ ਵਿਚ ਰਹਿੰਦੇ ਹਨ, ਮੈਂ ਉਨ੍ਹਾਂ ਦੇ ਕੁਰਬਾਨ ਜਾਂਦਾ ਹਾਂ।...

ਦਰਿ(ਦਰ)	**ਸਚੈ,**	**ਸਚੀ**	**ਵਡਿਆਈ,**
ਪ੍ਰਭੂ (ਦੁਆਰ)	ਸਦਾ ਸਥਿਰ (ਪ੍ਰਭੂ) ਦੇ	ਸਦੀਵੀ	ਸ਼ੋਭਾ, ਮਾਣ, ਆਦਰ

ਸਹਜੇ(ਸਹਿਜੇ)	**ਸਚਿ**(ਸੱਚ)	**ਸਮਾਉ॥**
ਸੁਤੇ ਹੀ, ਸਹਿਜ ਸੁਭਾ	(ਪ੍ਰਭੂ) ਸੱਚ ਵਿਚ	ਸਮਾ ਜਾਂਦੇ ਹਨ, ਲੀਨ ਹੋ ਜਾਂਦੇ ਹਨ

...(ਸਤਿਗੁਰ ਦੇ ਓਟ ਆਸਰੇ ਵਾਲਿਆਂ ਨੂੰ) ਸਦਾ-ਸਥਿਰ ਪਰਮਾਤਮਾ ਦੇ ਦੁਆਰ ਤੇ ਸਦੀਵੀ ਸ਼ੋਭਾ (ਪ੍ਰਾਪਤ ਹੁੰਦੀ ਹੈ, ਅਤੇ ਉਹ) ਸਹਿਜ ਸੁਭਾ ਹੀ ਸਦਾ-ਸਥਿਰ ਪ੍ਰਭੂ ਵਿਚ ਇਕ ਮਿਕ ਹੋ ਜਾਂਦੇ ਹਨ।...

ਨਾਨਕ,	**ਨਦਰੀ**	**ਪਾਈਐ,**
ਹੇ! ਨਾਨਕ!	(ਪ੍ਰਭੂ ਦੀ) ਕ੍ਰਿਪਾ ਦ੍ਰਿਸ਼ਟੀ ਰਾਹੀਂ	ਪਾਈਦੀ ਹੈ

ਗੁਰਮੁਖਿ(ਗੁਰਮੁਖ)	**ਮੇਲਿ**(ਮੇਲ)	**ਮਿਲਾਉ॥੪॥੧੨॥੪੫॥**
ਗੁਰਮੁਖਾਂ ਦੇ	ਮਿਲਾਪ ਰਾਹੀਂ,ਸੰਗਤ ਰਾਹੀਂ	(ਪ੍ਰਭੂ) ਮਿਲਾਨ, ਮਿਲਾਪ

...ਹੇ! ਨਾਨਕ! (ਅਜਿਹੇ) ਗੁਰਮੁੱਖਾਂ ਦੇ ਮਿਲਾਪ ਰਾਹੀਂ, ਭਾਵ ਸੰਗਤ ਰਾਹੀਂ (ਪਰਮਾਤਮਾ ਦਾ) ਮਿਲਾਨ ਹੁੰਦਾ ਹੈ।

ਅੰਕ ੩੧

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਮਨਮੁਖ	ਕਰਮ	ਕਮਾਵਣੇ,
(ਪ੍ਰਭੂ) ਤੋਂ ਬੇਮੁੱਖ	ਕੰਮ	ਕਰਨੇ

ਜਿਉ *(ਜਿਉਂ)*	ਦੋਹਾਗਣਿ *(ਦੋਹਾਗਣ)*	ਤਨਿ *(ਤਨ)*	ਸੀਗਾਰੁ *(ਸ਼ੀਂਗਾਰ)*॥
ਜਿਵੇਂ	ਛੁੱਟੜ, ਪਤੀ ਪਿਆਰ ਤੋਂ ਵਾਂਝੀ	ਸਰੀਰ ਉਪਰ	ਸੱਜ-ਧੱਜ

(ਪ੍ਰਭੂ ਬੰਦਗੀ ਤੋਂ ਬਿਨਾਂ) ਮਨਮੁੱਖ ਦੇ ਕੀਤੇ ਹੋਏ ਕੰਮ (ਇਵੇਂ ਹਨ), ਜਿਵੇਂ ਦੋਹਾਗਣ ਇਸਤ੍ਰੀ ਦਾ ਤਨ ਤੇ ਕੀਤਾ ਹੋਇਆ ਸ਼ਿੰਗਾਰ। (ਪਤੀ ਪਿਆਰ ਤੋਂ ਬਿਨਾਂ ਕੀਤਾ ਹੋਇਆ ਸ਼ਿੰਗਾਰ ਕਿਸ ਕੰਮ?)...

ਸੇਜੈ	ਕੰਤੁ *(ਕੰਤ)*	ਨ *(ਨਾਂ)*	ਆਵਈ,
ਸੇਜ ਉੱਤੇ, ਵਿਛੌਣੇ ਉਤੇ	(ਪ੍ਰਭੂ)ਪਤੀ	ਨਹੀਂ	ਆਉਂਦਾ

ਨਿਤ	ਨਿਤ	ਹੋਇ	ਖੁਆਰੁ *(ਖੁਆਰ)*॥
ਰੋਜ਼	ਰੋਜ਼	ਹੁੰਦੀ ਹੈ	ਖੱਜਲ,ਪਰੇਸ਼ਾਨ

...(ਦੋਹਾਗਣ ਦੀ ਹਿਰਦੇ ਰੂਪੀ) ਸੇਜ ਉਪਰ, ਪ੍ਰਭੂ ਪਤੀ ਨਹੀਂ ਆਉਂਦਾ (ਤੇ ਪਤੀ ਪਿਆਰ ਤੋਂ ਵਾਂਝੀ ਉਹ) ਹਰ ਰੋਜ਼ ਖੱਜਲ ਖੁਆਰ ਹੁੰਦੀ ਹੈ।...

ਪਿਰ	ਕਾ	ਮਹਲੁ *(ਮਹਿਲ)*	ਨ *(ਨਾਂ)*	ਪਾਵਈ,
(ਪ੍ਰਭੂ)ਪਤੀ	ਦਾ	(ਸੁੰਦਰ) ਨਿਵਾਸ	ਨਹੀਂ	ਪ੍ਰਾਪਤ ਕਰਦੀ

ਨਾ *(ਨਾਂ)*	ਦੀਸੈ	ਘਰੁ *(ਘਰ)*	ਬਾਰੁ *(ਬਾਰ)*॥੧॥
ਨਹੀਂ	ਦਿਸਦਾ,ਨਜ਼ਰ ਆਉਂਦਾ	ਨਿਵਾਸ	ਦਰਵਾਜ਼ਾ

...(ਅਜਿਹੀਆਂ ਦੁਹਾਗਣਾਂ ਨੂੰ ਸਤਿਗੁਰੂ ਦਾ) ਦਰ-ਘਰ ਨਜ਼ਰ ਨਹੀਂ ਆਉਂਦਾ (ਭਾਵ ਉਹ ਸਤਿਗੁਰੂ ਦੀ ਸੰਗਤ ਨਹੀਂ ਮਾਣਦੀਆਂ, ਇਸ ਲਈ ਉਹ ਪ੍ਰਭੂ) ਪਤੀ ਦਾ ਮਹਿਲ ਪ੍ਰਾਪਤ ਨਹੀਂ ਕਰਦੀਆਂ।..

ਭਾਈ	ਰੇ,	ਇਕ ਮਨਿ *(ਮਨ)*	ਨਾਮੁ *(ਨਾਮ)*	ਧਿਆਇ॥
ਭਰਾ	ਹੇ!	ਇਕ ਚਿੱਤ ਹੋਕੇ, ਇਕਾਗਰ ਹੋਕੇ	(ਪ੍ਰਭੂ) ਬੰਦਗੀ	ਧਿਆ, ਜਪ

...ਹੇ! ਭਾਈ! ਇਕ ਮਨ ਹੋਕੇ, ਭਾਵ ਇਕਾਗਰ ਹੋਕੇ (ਪ੍ਰਭੂ) ਨਾਮ (ਦੀ ਅਰਾਧਨਾ) ਕਰ।...

ਅੰਕ ੩੧

ਸੰਤਾ *(ਸੰਤਾਂ)*	ਸੰਗਤਿ *(ਸੰਗਤ)*	ਮਿਲਿ *(ਮਿਲ)*	ਰਹੈ,
ਸਾਧੂਆਂ ਦੀ	ਮੇਲ ਵਿਚ, ਮਿਲਾਪ ਵਿਚ	ਮਿਲਿਆ, ਟਿਕਿਆ	ਰਹਿੰਦਾ ਹੈ

ਜਪਿ *(ਜਪ)*	ਰਾਮ	ਨਾਮੁ *(ਨਾਮ)*	ਸੁਖੁ *(ਸੁੱਖ)*	ਪਾਇ॥੧॥	ਰਹਾਉ॥
ਜਪ ਕੇ	ਪ੍ਰਭੂ	ਬੰਦਗੀ	(ਆਤਮਿਕ) ਅਨੰਦ	ਪਾ ਲੈਂਦਾ, ਪ੍ਰਾਪਤ ਕਰ ਲੈਂਦਾ	ਠਹਿਰਾਉ

...(ਜਿਹੜਾ ਧਰਮ-ਸਾਧਕ) ਸੱਤ-ਸੰਗਤ ਵਿਚ ਟਿਕਿਆ ਰਹਿੰਦਾ ਹੈ, (ਉਹ) ਪ੍ਰਭੂ ਨਾਮ ਜਪ ਕੇ (ਆਤਮਿਕ) ਅਨੰਦ ਪ੍ਰਾਪਤ ਕਰ ਲੈਂਦਾ ਹੈ।...

ਗੁਰਮੁਖਿ *(ਗੁਰਮੁਖ)*	ਸਦਾ	ਸੋਹਾਗਣੀ,
ਗੁਰੂ ਦੀ ਸਨਮੁੱਖਤਾ ਵਾਲੀ	ਹਮੇਸ਼ਾਂ	ਸੋਹਾਗਵੰਤੀ

ਪਿਰੁ *(ਪਿਰ)*	ਰਾਖਿਆ	ਉਰ	ਧਾਰਿ *(ਧਾਰ)* ॥
(ਪ੍ਰਭੂ)ਪਤੀ	ਰੱਖਿਆ, ਧਰਿਆ	ਹਿਰਦੇ	ਧਾਰ ਕੇ, ਟਿਕਾ ਕੇ

...ਗੁਰੂ ਦੀ ਸਨਮੁੱਖਤਾ ਵਾਲੀਆਂ (ਜੀਵ ਇਸਤ੍ਰੀਆਂ) ਹਮੇਸ਼ਾਂ ਸੋਹਾਗਵੰਤੀਆਂ ਹੁੰਦੀਆਂ ਹਨ, (ਕਿਉਂਕਿ ਉਨ੍ਹਾਂ ਨੇ ਆਪਣੇ ਪ੍ਰਭੂ) ਪਤੀ ਨੂੰ ਆਪਣੇ ਹਿਰਦੇ ਅੰਦਰ ਟਿਕਾ ਕੇ ਰੱਖਿਆ (ਹੁੰਦਾ ਹੈ।)...

ਮਿਠਾ	ਬੋਲਹਿ, *(ਬੋਲਹਿੰ)*	ਨਿਵਿ *(ਨਿਵ)*	ਚਲਹਿ, *(ਚਲਹਿੰ)*
ਮਧੁਰ, ਪਿਆਰਾ	ਬੋਲਦੀਆਂ	ਨਿਮਰਤਾ	ਚਲਦੀਆਂ,ਰਹਿੰਦੀਆਂ

ਸੇਜੈ	ਰਵੈ	ਭਤਾਰੁ *(ਭਤਾਰ)* ॥
ਸੇਜ ਉਤੇ	ਮਾਣਦਾ	(ਪ੍ਰਭੂ) ਪਤੀ

...(ਅਜਿਹੀਆਂ ਸੋਹਾਗਵੰਤੀ ਇਸਤ੍ਰੀਆਂ) ਮਧੁਰ ਤੇ ਪਿਆਰਾ ਬੋਲਦੀਆਂ ਹਨ, ਨਿਮਰਤਾ ਵਿਚ ਰਹਿੰਦੀਆਂ ਹਨ, (ਸੋ ਉਨ੍ਹਾਂ ਦੀ ਹਿਰਦੇ) ਸੇਜ ਨੂੰ (ਪ੍ਰਭੂ) ਪਤੀ ਮਾਣਦਾ ਹੈ।...

ਸੋਭਾਵੰਤੀ	ਸੋਹਾਗਣੀ,
ਸੋਭਾ ਵਾਲੀ,	ਸੋਹਾਗਵੰਤੀ

ਜਿਨ *(ਜਿਨ੍ਹ)*	ਗੁਰ	ਕਾ	ਹੇਤੁ *(ਹੇਤ)*	ਅਪਾਰੁ *(ਅਪਾਰ)*॥੨॥
ਜਿਨ੍ਹਾਂ ਨੂੰ	ਸਤਿਗੁਰੂ	ਦਾ	ਪਿਆਰ	ਬੇਹੱਦ

...ਜਿਨ੍ਹਾਂ (ਗੁਰਮੁੱਖ ਜਨਾਂ ਨੂੰ) ਸਤਿਗੁਰੂ ਦਾ ਬੇਹੱਦ ਪਿਆਰ (ਨਸੀਬ ਹੁੰਦਾ ਹੈ, ਉਹ) ਮਾਣ ਇੱਜ਼ਤ ਵਾਲੀਆਂ ਸੋਹਾਗਵੰਤੀਆਂ ਵਾਂਗ ਹੁੰਦੇ ਹਨ।...

ਅੰਕ ੩੧

ਪੂਰੈ	ਭਾਗਿ, *(ਭਾਗ)*	ਸਤਗੁਰੁ *(ਸਤਗੁਰ)*	ਮਿਲੈ,
ਪੂਰਨ	ਭਾਗਾਂ ਰਾਹੀਂ	ਸਤਿਗੁਰੂ	ਪ੍ਰਾਪਤ ਹੁੰਦਾ ਹੈ

ਜਾ *(ਜਾਂ)*	ਭਾਗੈ	ਕਾ	ਉਦਉ	ਹੋਇ॥
ਜਦੋਂ	ਭਾਗਾਂ	ਦਾ	ਉਦੈ, ਜਾਗਣਾ	ਹੁੰਦਾ ਹੈ

...ਜਦੋਂ ਕਿਸੇ ਦੇ (ਪੂਰਬਲੇ ਕਰਮਾਂ ਦੇ) ਭਾਗਾਂ ਦਾ (ਸੂਰਜ) ਉਦੈ ਹੁੰਦਾ ਹੈ ਤਾਂ ਪੂਰੇ ਭਾਗਾਂ ਰਾਹੀਂ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ।...

ਅੰਤਰਹੁ *(ਅੰਤਰਹੁੰ)*	ਦੁਖੁ *(ਦੁੱਖ)*	ਭ੍ਰਮੁ *(ਭ੍ਰਮ)*	ਕਟੀਐ,
ਅੰਦਰਹੋਂ	ਕਲੇਸ਼	(ਮਾਇਆ ਦਾ) ਭਰਮ	ਕਟਿਆ ਜਾਂਦੈ

ਸੁਖੁ *(ਸੁੱਖ)*	ਪਰਾਪਤਿ *(ਪਰਾਪਤ)*	ਹੋਇ॥
(ਪ੍ਰਭੂ) ਅਨੰਦ	ਪ੍ਰਾਪਤੀ	ਹੁੰਦੀ ਹੈ

...(ਸਤਿਗੁਰੂ ਦੀ ਪ੍ਰਾਪਤੀ ਰਾਹੀਂ ਜੀਵ ਦੇ ਹਿਰਦੇ) ਅੰਦਰੋਂ ਦੁੱਖ ਕਲੇਸ਼ ਅਤੇ (ਮਾਇਆ ਕਰਕੇ ਪੈਦਾ ਹੋਈ) ਭਟਕਣਾ ਆਦਿ ਕੱਟੇ ਜਾਂਦੇ ਹਨ, ਤੇ (ਪ੍ਰਭੂ) ਅਨੰਦ ਦੀ ਪ੍ਰਾਪਤੀ ਹੁੰਦੀ ਹੈ।...

ਗੁਰ	ਕੈ	ਭਾਣੈ	ਜੋ	ਚਲੈ,
ਸਤਿਗੁਰੂ	ਦੇ	ਭਾਣੇ ਵਿਚ, ਹੁਕਮ ਵਿਚ	ਜਿਹੜਾ	ਚਲਦਾ ਹੈ

ਦੁਖੁ *(ਦੁਖ)*	ਨ *(ਨਾਂ)*	ਪਾਵੈ	ਕੋਇ॥੩॥
ਕਲੇਸ਼	ਨਹੀਂ	ਪਾਉਂਦਾ, ਭਾਵ ਆਉਂਦਾ	ਕੋਈ ਵੀ

...ਸਤਿਗੁਰੂ ਦੇ ਹੁਕਮ ਵਿਚ ਜੋ ਵੀ ਚਲਦਾ, (ਭਾਵ ਆਪਣੀ ਜ਼ਿੰਦਗੀ ਬਤੀਤ ਕਰਦਾ ਹੈ, ਉਸਦੇ ਜੀਵਨ ਵਿਚ ਫਿਰ) ਕੋਈ ਵੀ ਦੁੱਖ ਨਹੀਂ ਆਉਂਦਾ।...

ਗੁਰ	ਕੇ	ਭਾਣੇ	ਵਿਚਿ *(ਵਿਚ)*	ਅੰਮ੍ਰਿਤੁ *(ਅੰਮ੍ਰਿਤ)*	ਹੈ,
ਸਤਿਗੁਰੂ	ਦੇ	ਹੁਕਮ	ਅੰਦਰ	(ਪ੍ਰਭੂ ਸਿਮਰਨ ਦਾ) ਅੰਮ੍ਰਿਤ	ਹੋਣ ਦੀ ਕ੍ਰਿਆ

ਸਹਜੇ *(ਸਹਿਜੇ)*	ਪਾਵੈ	ਕੋਇ॥
ਸਹਿਜ ਰਾਹੀਂ, ਆਤਮਿਕ ਅਡੋਲਤਾ ਰਾਹੀਂ	ਪਾਉਂਦਾ	ਕੋਈ, ਭਾਵ ਵਿਰਲਾ

...ਸਤਿਗੁਰੂ ਦੇ ਹੁਕਮ (ਅੰਦਰ ਜ਼ਿੰਦਗੀ ਬਤੀਤ ਕਰਨ) ਵਿਚ (ਪ੍ਰਭੂ ਨਾਮ ਦਾ) ਅੰਮ੍ਰਿਤ ਹੈ, (ਜਿਸਨੂੰ) ਕੋਈ (ਵਿਰਲਾ ਗੁਰਮੁੱਖ ਹੀ ਆਪਣੇ ਆਤਮਿਕ) ਸਹਿਜ ਰਾਹੀਂ ਪਾਉਂਦਾ ਹੈ।...

ਅੰਕ ੩੧

ਜਿਨਾ *(ਜਿਨ੍ਹਾਂ)*	ਪਰਾਪਤਿ *(ਪਰਾਪਤ)*	ਤਿਨ *(ਤਿਨ੍ਹ)*	ਪੀਆ,
ਜਿਨ੍ਹਾਂ ਨੂੰ	(ਪ੍ਰਭੂ ਨਾਮ) ਪ੍ਰਾਪਤ ਹੋ ਗਿਆ, ਲੱਭ ਪਿਆ	ਤਿਨ੍ਹਾਂ ਨੇ	ਪੀਤਾ ਹੈ

ਹਉਮੈ	ਵਿਚਹੁ *(ਵਿਚਹੁ)*	ਖੋਇ॥
ਹੰਕਾਰ	ਅੰਦਰਹੋਂ	ਦੂਰ ਕਰਕੇ, ਮਾਰ ਕੇ

...ਜਿਨ੍ਹਾਂ (ਗੁਰਮੁੱਖਾਂ) ਨੂੰ (ਪ੍ਰਭੂ ਨਾਮ ਦਾ ਅੰਮ੍ਰਿਤ) ਪ੍ਰਾਪਤ ਹੋ ਗਿਆ ਹੈ, ਉਨ੍ਹਾਂ ਨੇ (ਆਪਣੇ ਹਿਰਦੇ) ਅੰਦਰੋਂ ਹਉਮੈ ਨੂੰ ਮਾਰ ਕੇ (ਇਸ ਨੂੰ) ਪੀਤਾ ਹੈ।

ਨਾਨਕ,	ਗੁਰਮੁਖਿ *(ਗੁਰਮੁਖ)*	ਨਾਮੁ *(ਨਾਮ)*	ਧਿਆਈਐ,
ਹੇ! ਨਾਨਕ!	ਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ) ਸਿਮਰਨ	ਧਿਆਉਣਾ ਚਾਹੀਦਾ ਹੈ

ਸਚਿ *(ਸਚ)*	ਮਿਲਾਵਾ	ਹੋਇ ॥੪॥੧੩॥੪੬॥
ਸਦਾ–ਸਥਿਰ (ਪ੍ਰਭੂ)	ਮੇਲ, ਮਿਲਾਪ	ਹੁੰਦਾ ਹੈ

...ਹੇ! ਨਾਨਕ! ਗੁਰੂ ਦੀ ਸਨਮੁੱਖਤਾ ਰਾਹੀਂ (ਪਰਮਾਤਮਾ ਦਾ) ਨਾਮ ਸਿਮਰਨਾ ਚਾਹੀਦਾ ਹੈ, (ਇਸ ਰਾਹੀਂ ਹੀ) ਸਦਾ–ਸਥਿਰ (ਵਾਹਿਗੁਰੂ ਨਾਲ) ਮਿਲਾਪ ਹੁੰਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਜਾ *(ਜਾਂ)*	ਪਿਰੁ *(ਪਿਰ)*	ਜਾਣੈ	ਆਪਣਾ,
ਜਦੋਂ	(ਪ੍ਰਭੂ) ਪਤੀ	ਜਾਣ ਲਈਦਾ	ਆਪਣੇ

ਤਨੁ *(ਤਨ)*	ਮਨੁ *(ਮਨ)*	ਅਗੈ	ਧਰੇਇ॥
ਸਰੀਰ	ਚਿੱਤ	ਸਾਹਮਣੇ	ਧਰ ਦਿੰਦੀ

ਜਦੋਂ (ਕੋਈ ਜੀਵ ਇਸਤ੍ਰੀ) ਆਪਣੇ (ਪ੍ਰਭੂ) ਪਤੀ ਨੂੰ ਜਾਣ ਲੈਂਦੀ ਹੈ, ਤਾਂ (ਆਪਣਾ) ਤਨ ਅਤੇ ਮਨ (ਉਸ) ਦੇ ਸਾਹਮਣੇ ਅਰਪਣ ਕਰ ਦਿੰਦੀ ਹੈ।(ਭਾਵ ਪੂਰਨ ਰੂਪ ਵਿਚ ਉਸ ਨੂੰ ਸਮਰਪਿਤ ਹੋ ਜਾਂਦੀ ਹੈ।)...

ਸੋਹਾਗਣੀ	ਕਰਮ	ਕਮਾਵਦੀਆ, *(ਕਮਾਂਵਦੀਆਂ)*
ਸੋਹਾਗਵੰਤੀਆਂ	ਕੰਮ	ਕਰਦੀਆਂ

ਸੇਈ	ਕਰਮ	ਕਰੇਇ॥ *(ਕਰੇ)*
ਉਹੀ	ਕੰਮ	ਕਰਦੀ ਹੈ

ਅੰਕ ੩੧-੩੨

...(ਉਹ ਸਮਰਪਿਤ ਜੀਵ-ਇਸਤ੍ਰੀ ਫਿਰ) ਉਹੀ ਕਰਮ ਕਰਦੀ ਹੈ, ਜਿਹੜੇ ਕੰਮ (ਪ੍ਰਭੂ ਪਤੀ ਨਾਲ ਪਿਆਰ ਕਰਨ ਵਾਲੀਆਂ) ਸੁਹਾਗਣਾਂ ਕਰਦੀਆਂ ਹਨ।...

ਸਹਜੇ *(ਸਹਿਜੇ)*	**ਸਾਚਿ** *(ਸਾਚ)*	**ਮਿਲਾਵੜਾ,**
(ਆਤਮਿਕ ਸਥਿਰਤਾ)	ਸਦਾ ਸਥਿਰ (ਪ੍ਰਭੂ)	ਮੇਲ, ਸੰਜੋਗ

ਸਾਚੁ *(ਸਾਚ)*	**ਵਡਾਈ**	**ਦੇਇ॥੧॥** *(ਦੇ)*
ਸਦਾ ਸਥਿਰ(ਪ੍ਰਭੂ)	ਵਡਿਆਈ, ਆਦਰ-ਮਾਣ	ਦਿੰਦਾ ਹੈ

...(ਅਜਿਹੇ ਕਰਮ ਕਰਨ ਕਰਕੇ, ਉਸ ਜੀਵ ਇਸਤ੍ਰੀ ਨੂੰ ਆਤਮਿਕ ਸਥਿਰਤਾ ਰਾਹੀਂ), ਸਹਿਜ ਸੁਭਾ ਹੀ ਸਦਾ-ਸਥਿਰ ਪ੍ਰਭੂ ਦਾ ਮੇਲ (ਪ੍ਰਾਪਤ ਹੋ ਜਾਂਦਾ ਹੈ, ਅਤੇ) ਪ੍ਰਭੂ (ਆਪਣੇ ਦਰ ਤੇ) ਉਸਨੂੰ ਮਾਣ-ਵਡਿਆਈ ਦਿੰਦਾ ਹੈ।...

ਭਾਈ	**ਰੇ,**	**ਗੁਰ**	**ਬਿਨੁ** *(ਬਿਨ)*	**ਭਗਤਿ** *(ਭਗਤ)*	**ਨ** *(ਨਾਂ)*	**ਹੋਇ॥**
ਭਰਾ	ਹੇ!	ਸਤਿਗੁਰੂ	ਬਿਨਾਂ	ਭਗਤੀ,ਅਰਾਧਨਾ	ਨਹੀਂ	ਹੁੰਦੀ

...ਹੇ! ਭਾਈ! ਸਤਿਗੁਰੂ (ਦੀ ਪ੍ਰਾਪਤੀ ਤੋਂ) ਬਿਨਾਂ (ਸੋਹਾਗਣਾ ਵਰਗੀ) ਭਗਤੀ ਨਹੀਂ ਹੋ ਸਕਦੀ।...

ਬਿਨੁ *(ਬਿਨ)*	**ਗੁਰ,**	**ਭਗਤਿ** *(ਭਗਤ)*	**ਨ** *(ਨਾਂ)*	**ਪਾਈਐ,**
ਬਿਨਾਂ	ਸਤਿਗੁਰੂ ਤੋਂ	ਭਗਤੀ,ਅਰਾਧਨਾ	ਨਹੀਂ	ਪ੍ਰਾਪਤ ਕਰੀਦੀ

ਜੇ	**ਲੋਚੈ**	**ਸਭੁ** *(ਸਭ)*	**ਕੋਇ॥੧॥**	*ਰਹਾਉ* **॥**
ਜੇਕਰ	ਇੱਛਾ ਰੱਖਣ, ਲਾਲਸਾ ਰੱਖਣ	ਸਾਰਾ (ਜਗਤ)	ਕੋਈ	ਠਹਿਰਾਉ

...ਜੇਕਰ ਸਾਰੇ (ਸੰਸਾਰ ਦੇ ਲੋਗ ਵੀ) ਲਾਲਸਾ ਰੱਖਣ, (ਤਾਂ ਵੀ) ਸਤਿਗੁਰੂ (ਦੀ ਪ੍ਰਾਪਤੀ ਤੋਂ) ਬਿਨਾਂ, (ਪ੍ਰਭੂ) ਭਗਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ।...

ਲਖ ਚਉਰਾਸੀਹ	**ਫੇਰੁ** *(ਫੇਰ)*	**ਪਇਆ,**
ਚੌਰਾਸੀ ਲੱਖ(ਭਾਵ ਸਾਰੀਆਂ ਜੂਨੀਆਂ ਦੇ ਜੀਵ)	ਚੱਕਰ	ਪੈਂਦਾ ਹੈ

ਕਾਮਣਿ *(ਕਾਮਣ)*	**ਦੂਜੈ**	**ਭਾਇ॥**
(ਜੀਵ) ਇਸਤ੍ਰੀ ਨੂੰ	ਦੂਸਰੇ	ਪਿਆਰ

...(ਜੀਵ) ਇਸਤ੍ਰੀ ਨੂੰ (ਮਾਇਆਵੀ) ਪਿਆਰ, ਭਾਵ ਦ੍ਵੈਤ-ਭਾਵ ਕਰਕੇ ਚੌਰਾਸੀ ਲੱਖ (ਅਥਵਾ ਸਾਰੀਆਂ ਜੂਨਾਂ ਦੇ) ਫੇਰ ਵਿਚ ਪੈਣਾ ਪੈਂਦਾ ਹੈ। (ਭਾਵ ਸਾਰੀਆਂ ਜੂਨੀਆਂ ਹੰਢਾਉਣੀਆਂ ਪੈਂਦੀਆਂ ਹਨ)...

ਅੰਕ ੩੨

ਬਿਨੁ *(ਬਿਨ)*	**ਗੁਰ,**	**ਨੀਦ** *(ਨੀਂਦ)*	**ਨ** *(ਨਾਂ)*	**ਆਵਈ,**
ਬਿਨਾਂ	ਸਤਿਗੁਰੂ	ਨੀਂਦਰ	ਨਹੀਂ	ਆਉਂਦੀ

ਦੁਖੀ *(ਦੁੱਖੀਂ)*	**ਰੈਣਿ** *(ਰੈਣ)*	**ਵਿਹਾਇ ॥**
ਦੁੱਖਾਂ ਵਿਚ	ਰਾਤ	ਬਤੀਤ ਹੁੰਦੀ

...ਸਤਿਗੁਰੂ (ਦੇ ਮਿਲਾਪ ਤੋਂ) ਬਿਨਾਂ, (ਆਤਮਿਕ ਟਿਕਾਉ ਵਾਲੀ) ਨੀਂਦ ਨਹੀਂ ਆਉਂਦੀ, ਅਤੇ ਦੁੱਖਾਂ ਵਿਚ ਹੀ (ਉਮਰ ਦੀ) ਰਾਤ ਬਤੀਤ ਹੋ ਜਾਂਦੀ ਹੈ।...

ਬਿਨੁ *(ਬਿਨ)*	**ਸਬਦੈ,** *(ਸ਼ਬਦੈ)*	**ਪਿਰੁ** *(ਪਿਰ)*	**ਨ** *(ਨਾਂ)*	**ਪਾਈਐ,**
ਬਿਨਾਂ	(ਗੁਰ) ਸ਼ਬਦ ਤੋਂ	(ਪ੍ਰਭੂ) ਪ੍ਰੀਤਮ	ਨਹੀਂ	ਪ੍ਰਾਪਤ ਹੁੰਦਾ, ਮਿਲਦਾ

ਬਿਰਥਾ	**ਜਨਮੁ** *(ਜਨਮ)*	**ਗਵਾਇ ॥੨॥**
ਵਿਅਰਥ	ਜੀਵਨ	ਗਵਾ ਲੈਂਦਾ

...(ਗੁਰ) ਸ਼ਬਦ (ਦੀ ਅਰਾਧਨਾ ਤੋਂ) ਬਿਨਾਂ (ਪ੍ਰਭੂ) ਪ੍ਰੀਤਮ ਨਹੀਂ ਮਿਲਦਾ, (ਅਤੇ ਨਾਮ ਵਿਹੂਣੇ ਮਨਮੁੱਖ) ਵਿਅਰਥ ਹੀ (ਆਪਣਾ) ਜੀਵਨ ਗੁਆ ਲੈਂਦੇ ਹਨ।...

ਹਉ *(ਹਉਂ)*	**ਹਉ** *(ਹਉਂ)*	**ਕਰਤੀ,**	**ਜਗੁ** *(ਜੱਗ)*	**ਫਿਰੀ,**
ਮੈਂ	ਮੈਂ	ਕਰਦੀ ਹੋਈ	ਸੰਸਾਰ	ਨਿਕਲੀ, ਘੁੰਮੀ

ਨਾ *(ਨਾਂ)*	**ਧਨੁ** *(ਧਨ)*	**ਸੰਪੈ**	**ਨਾਲਿ** *(ਨਾਲ)* **॥**
ਨਹੀਂ	ਦੌਲਤ	ਸੰਪਦਾ	ਸੰਗ

...ਮੈਂ ਮੈਂ ਕਰਦੀ ਹੋਈ, (ਭਾਵ ਹੰਕਾਰ ਨਾਲ ਭਰੀ ਹੋਈ, ਸਾਰੇ) ਸੰਸਾਰ ਵਿਚ ਘੁੰਮਦੀ ਰਹੀ, (ਪਰ ਉਸਨੂੰ ਇਹ ਸਮਝ ਨਾ ਆਈ ਕਿ ਇਕੱਤ੍ਰ ਕੀਤੀ ਹੋਈ) ਦੌਲਤ ਅਤੇ ਸੰਪੱਤੀ ਨਾਲ ਨਹੀਂ ਜਾਂਦੀ।...

ਅੰਧੀ,	**ਨਾਮੁ** *(ਨਾਮ)*	**ਨ** *(ਨਾਂ)*	**ਚੇਤਈ,**
ਅੰਨ੍ਹੀ, ਬਿਬੇਕ ਹੀਣ	(ਪ੍ਰਭੂ)ਸਿਮਰਨ	ਨਹੀਂ	ਚੇਤਦੀ, ਅਰਾਧਦੀ

ਸਭ	**ਬਾਧੀ** *(ਬਾਂਧੀ)*	**ਜਮਕਾਲਿ** *(ਜਮਕਾਲ)* **॥**
ਸਾਰੀ	ਬੰਨ੍ਹੀ ਹੋਈ	ਮੌਤ ਦੇ ਦੂਤ ਨੇ

...(ਮਾਇਆ ਦੇ ਮੋਹ ਵਿਚ) ਬਿਬੇਕ ਹੀਣ ਹੋਈ (ਸ੍ਰਿਸ਼ਟੀ ਦੀ ਲੋਕਾਈ, ਪ੍ਰਭੂ) ਨਾਮ ਦਾ ਸਿਮਰਨ ਨਹੀਂ ਕਰਦੀ, (ਇਸ ਲਈ) ਸਾਰੀ (ਲੋਕਾਈ) ਜਮਕਾਲ ਨੇ (ਆਪਣੇ ਫੰਧੇ ਵਿਚ) ਬੰਨ੍ਹੀ ਹੋਈ ਹੈ।...

ਅੰਕ ੩੨

ਸਤਗੁਰਿ *(ਸਤਗੁਰ)*	ਮਿਲਿਐ,	ਧਨੁ *(ਧਨ)*	ਪਾਇਆ,	
ਸਤਿਗੁਰੂ ਦੇ	ਮਿਲਣ ਰਾਹੀਂ	(ਨਾਮ) ਧਨ	ਪ੍ਰਾਪਤ ਕੀਤਾ ਹੈ	

ਹਰਿ *(ਹਰ)*	ਨਾਮਾ	ਰਿਦੈ	ਸਮਾਲਿ *(ਸੰਮ੍ਹਾਲ)* ॥੩॥
ਪ੍ਰਭੂ	ਨਾਮ ਨੂੰ	ਹਿਰਦੇ ਅੰਦਰ	ਯਾਦ ਕਰਕੇ, ਸਿਮਰ ਕੇ

...ਸਤਿਗੁਰੂ ਦੇ ਮਿਲਾਪ ਰਾਹੀਂ, ਪ੍ਰਭੂ ਨਾਮ ਨੂੰ ਹਿਰਦੈ ਅੰਦਰ ਸਿਮਰ ਕੇ, (ਨਾਮ) ਧਨ ਪ੍ਰਾਪਤ ਕੀਤਾ ਹੈ।...

ਨਾਮਿ *(ਨਾਮ)*	ਰਤੇ,	ਸੇ	ਨਿਰਮਲੇ,
(ਪ੍ਰਭੂ) ਨਾਮ ਵਿਚ	ਰੰਗੇ	ਉਹ	ਨਿਰਮਲ, ਪਵਿੱਤਰ

ਗੁਰ	ਕੈ,	ਸਹਜਿ *(ਸਹਿਜ)*	ਸੁਭਾਇ ॥
ਸਤਿਗੁਰੂ	ਦੇ	ਗਿਆਨ ਦੁਆਰਾ	ਸੁਭਾਵਕ

...ਸਤਿਗੁਰੂ ਦੇ (ਅਸੀਸ ਰੂਪੀ ਸ਼ਬਦ) ਗਿਆਨ ਦੁਆਰਾ, ਸੁਭਾਵਕ ਹੀ (ਗੁਰਮੁੱਖ ਜਨ) ਪ੍ਰਭੂ ਨਾਮ ਵਿਚ ਰੰਗੇ ਹੋਏ ਨਿਰਮਲ ਹੋ ਜਾਂਦੇ ਹਨ।...

ਮਨੁ *(ਮਨ)*	ਤਨੁ *(ਤਨ)*	ਰਾਤਾ	ਰੰਗ	ਸਿਉ, *(ਸਿਉਂ)*
ਚਿੱਤ	ਸਰੀਰ	ਰੰਗਿਆ	ਪਿਆਰ, ਲਗਨ	ਨਾਲ

ਰਸਨਾ	ਰਸਨ	ਰਸਾਇ ॥
ਜੀਭਾ	(ਪ੍ਰਭੂ) ਸਿਮਰਨ	ਰਸ ਵਿਚ

...(ਅਜਿਹੇ ਗੁਰਮੁੱਖ ਜਨਾਂ ਦਾ) ਤਨ ਤੇ ਮਨ (ਸਤਿਗੁਰੂ ਦੇ) ਪਿਆ ਰੰਗ ਨਾਲ ਰੰਗਿਆ ਜਾਂਦਾ ਹੈ, ਅਤੇ ਜੀਭਾ (ਪ੍ਰਭੂ) ਸਿਮਰਨ ਦੇ ਰਸ ਵਿਚ ਰਸੀ ਰਹਿੰਦੀ ਹੈ।...

ਨਾਨਕ,	ਰੰਗੁ *(ਰੰਗ)*	ਨ *(ਨਾਂ)*	ਉਤਰੈ,
ਹੇ! ਨਾਨਕ!	(ਪ੍ਰਭੂ ਸਿਮਰਨ ਦਾ) ਰੰਗ	ਨਹੀਂ	ਉਤਰਦਾ

ਜੋ	ਹਰਿ *(ਹਰ)*	ਧੁਰਿ *(ਧੁਰ)*	ਛੋਡਿਆ	ਲਾਇ॥੪॥੧੪॥੪੭॥
ਜਿਨ੍ਹਾਂ ਨੂੰ	ਪ੍ਰਭੂ	ਧੁਰ ਦਰਗਾਹੋਂ	ਦਿੱਤਾ, ਛੱਡਿਆ	ਲਾ ਕੇ

...ਹੇ! ਨਾਨਕ! ਜਿਨ੍ਹਾਂ ਨੂੰ ਅਕਾਲ ਪੁਰਖ ਨੇ ਧੁਰ ਦਰਗਾਹੋਂ, ਭਾਵ ਆਪਣੀ ਹਜ਼ੂਰੀ ਵਿਚੋਂ (ਨਾਮ ਦਾ ਰੰਗ) ਲਾ ਛੱਡਿਆ ਹੈ (ਉਹ) ਪਰਮਾਤਮ-ਰੰਗ (ਵਿਰ ਮਜੀਠ ਰੰਗ ਵਾਂਗ ਕਦੇ) ਨਹੀਂ ਉਤਰਦਾ।

ਅੰਕ ੩੨

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਗੁਰਮੁਖਿ, *(ਗੁਰਮੁਖ)*	ਕ੍ਰਿਪਾ	ਕਰੇ,	ਭਗਤਿ *(ਭਗਤ)*	ਕੀਜੈ,
ਗੁਰੂ ਦੇ ਸਨਮੁੱਖ ਹੋਇਆਂ	ਬਖਸ਼ਿਸ਼	ਕਰ ਦੇਵੇ	ਅਰਾਧਨਾ	ਕੀਤੀ ਜਾ ਸਕਦੀ ਹੈ

ਬਿਨੁ *(ਬਿਨ)*	ਗੁਰ,	ਭਗਤਿ *(ਭਗਤ)*	ਨ *(ਨਾਂ)*	ਹੋਈ ॥
ਬਿਨਾਂ	ਸਤਿਗੁਰੂ	ਅਰਾਧਨਾ	ਨਹੀਂ	ਹੁੰਦੀ

...ਸਤਿਗੁਰੂ ਦੇ ਸਨਮੁੱਖ ਹੋਇਆਂ, (ਜੇ ਵਾਹਿਗੁਰੂ) ਬਖਸ਼ਿਸ਼ ਕਰ ਦੇਵੇ, ਤਾਂ ਭਗਤੀ ਕੀਤੀ ਜਾ ਸਕਦੀ ਹੈ, ਬਿਨਾਂ ਸਤਿਗੁਰੂ (ਦੀ ਸਨਮੁੱਖਤਾ ਤੋਂ) ਭਗਤੀ ਨਹੀਂ ਹੁੰਦੀ।

ਆਪੇ	ਆਪੁ *(ਆਪ)*	ਮਿਲਾਏ	ਬੂਝੈ,
ਆਪਣੇ ਨਾਲ	ਆਪ, ਖ਼ੁਦ	ਮਿਲਾ ਲਏ	ਬੁੱਝਦਾ ਹੈ

ਤਾ *(ਤਾਂ)*	ਨਿਰਮਲੁ *(ਨਿਰਮਲ)*	ਹੋਵੈ	ਸੋਈ ॥
ਤਦੋਂ	ਪਵਿੱਤਰ	ਹੁੰਦਾ ਹੈ	ਉਹ

...ਜਦ ਸਤਿਗੁਰੂ (ਕ੍ਰਿਪਾ ਕਰਕੇ ਧਰਮ-ਸਾਧਕ ਨੂੰ) ਆਪ ਆਪਣੇ ਨਾਲ ਮਿਲਾ ਲਏ, ਤਾਂ (ਉਹ ਪਰਮਾਤਮਾ ਨੂੰ) ਬੁੱਝਦਾ ਹੈ, ਅਤੇ ਉਦੋਂ ਹੀ (ਉਹ ਸੰਸਾਰਿਕ ਵਿਕਾਰਾਂ ਤੋਂ) ਨਿਰਮਲ ਹੁੰਦਾ ਹੈ।...

ਹਰਿ *(ਹਰ)*	ਜੀਉ	ਸਾਚਾ,	ਸਾਚੀ	ਬਾਣੀ,
ਪ੍ਰਭੂ	ਜੀ	ਸਦਾ ਸਥਿਰ	ਸਦਾ ਸਥਿਰ	ਹੁਕਮ, ਰੱਬੀ ਵਿਧਾਨ

ਸਬਦਿ *(ਸ਼ਬਦ)*	ਮਿਲਾਵਾ	ਹੋਈ ॥੧॥
(ਪਰਮਾਤਮ) ਸ਼ਬਦ ਰਾਹੀ	ਮੇਲ	ਹੁੰਦਾ ਹੈ

...ਅਕਾਲ ਪੁਰਖ ਜੀ ਸਦਾ-ਸਥਿਰ ਹਨ, ਅਤੇ ਉਨ੍ਹਾਂ ਦਾ ਹੁਕਮ ਵੀ ਸਦਾ ਸਥਿਰ ਹੈ, (ਵਾਹਿਗੁਰੂ ਜੀ ਦੇ) ਸ਼ਬਦ ਰਾਹੀਂ ਹੀ ਉਨ੍ਹਾਂ ਨਾਲ ਮਿਲਾਪ ਹੁੰਦਾ ਹੈ।...

ਭਾਈ	ਰੇ,	ਭਗਤਿਹੀਣੁ *(ਭਗਤਹੀਣ)*	ਕਾਹੇ	ਜਗਿ *(ਜੱਗ)*	ਆਇਆ॥
ਭਰਾ	ਹੇ!	(ਪ੍ਰਭੂ) ਭਗਤੀ ਤੋਂ ਬਗੈਰ	ਕਿਉਂ	ਸੰਸਾਰ ਵਿਚ	ਆਇਆ ਹੈਂ

...ਹੇ! ਭਾਈ! ਭਗਤੀ ਤੋਂ ਸੱਖਣਾ (ਮਨੁੱਖ) ਸੰਸਾਰ ਵਿਚ ਆਇਆ ਹੀ ਕਿਉਂ ਹੈ? (ਭਾਵ ਉਸਦੇ ਆਉਣ ਦਾ ਕੋਈ ਮਨੋਰਥ ਹੀ ਨਹੀਂ ਬਣਦਾ)...

ਅੰਕ ੩੨

ਪੂਰੇ	ਗੁਰ	ਕੀ	ਸੇਵ	ਨ *(ਨਾਂ)*	ਕੀਨੀ,
ਸੰਪੂਰਨ	ਸਤਿਗੁਰੂ	ਦੀ	ਸੇਵਾ	ਨਹੀਂ	ਕੀਤੀ

ਬਿਰਥਾ	ਜਨਮੁ *(ਜਨਮ)*	ਗਵਾਇਆ ॥੧॥	ਰਹਾਉ ॥
ਵਿਅਰਥ	ਜੀਵਨ	ਗਵਾ ਲਿਆ	ਠਹਿਰਾਉ

...(ਜਿਸ ਜੀਵ ਨੇ ਜਗਤ ਵਿਚ ਆਕੇ) ਪੂਰੇ ਸਤਿਗੁਰੂ ਦੀ ਸੇਵਾ ਨਹੀਂ ਕੀਤੀ, (ਭਾਵ ਸਤਿਗੁਰੂ ਦੀ ਦੱਸੀ ਜੀਵਨ ਜਾਚ ਅਨੁਸਾਰ ਜ਼ਿੰਦਗੀ ਨੂੰ ਨਹੀਂ ਜੀਵਿਆ, ਉਸਨੇ ਸਮਝੋ) ਵਿਅਰਥ ਵਿਚ ਹੀ ਇਸ ਜਨਮ ਨੂੰ ਗਵਾ ਲਿਆ।...

ਆਪੇ	ਜਗਜੀਵਨੁ *(ਜਗਜੀਵਨ)*	ਸੁਖਦਾਤਾ,
ਆਪ ਹੀ	ਜਗਤ ਨੂੰ ਜੀਵਨ ਦੇਣ ਵਾਲਾ(ਪ੍ਰਭੂ)	ਸੁੱਖ ਦੇਣ ਵਾਲਾ

ਆਪੇ	ਬਖਸਿ, *(ਬਖਸ਼)*	ਮਿਲਾਏ ॥
ਆਪ ਹੀ	ਬਖਸ਼ਿਸ਼ ਕਰਕੇ	ਮਿਲਾ ਲੈਂਦਾ ਹੈ,ਜੋੜ ਲੈਂਦਾ ਹੈ

...(ਪਰਮਾਤਮਾ) ਆਪ ਹੀ ਸ੍ਰਿਸ਼ਟੀ ਦੇ ਜੀਵਾਂ ਨੂੰ ਜੀਵਨ ਦੇਣ ਵਾਲਾ ਹੈ, ਅਤੇ ਸੁੱਖ ਪ੍ਰਦਾਨ ਕਰਨ ਵਾਲਾ ਹੈ, ਅਤੇ ਆਪ ਹੀ ਬਖਸ਼ਿਸ਼ ਕਰਕੇ (ਜੀਵਾਂ ਨੂੰ ਆਪਣੇ ਨਾਲ) ਮਿਲਾ ਲੈਂਦਾ ਹੈ।

ਜੀਅ	ਜੰਤ	ਏ	ਕਿਆ	ਵੇਚਾਰੇ,
ਜੀਵ	ਜੰਤੂ	ਇਹ	ਕੀ	ਦੀਨ, ਨਿਤਾਣੇ

ਕਿਆ	ਕੋ	ਆਖਿ *(ਆਖ)*	ਸੁਣਾਏ ॥
ਕੀ	ਕਿਸੇ ਨੂੰ	ਕਹਿਕੇ	ਦੱਸਣ

...(ਜੇ ਪ੍ਰਭੂ ਬਖਸ਼ਿਸ਼ ਨਾ ਕਰੇ ਤਾਂ) ਇਹ ਵਿਚਾਰੇ ਜੀਵ-ਜੰਤ ਕੀ ਹਨ? (ਭਾਵ ਕੁਝ ਵੀ ਨਹੀਂ, ਅਤੇ ਆਪਣੀ ਇਸ ਬੇਬੱਸੀ ਬਾਰੇ) ਕਿਸੇ ਨੂੰ ਕਹਿਕੇ ਕੀ ਸੁਣਾਉਣ?...

ਗੁਰਮੁਖਿ *(ਗੁਰਮੁਖ)*	ਆਪੇ	ਦੇਇ *(ਦੇ)*	ਵਡਾਈ,
ਗੁਰੂ ਦੇ ਸਨਮੁੱਖ ਹੋਣ ਵਾਲਿਆਂ ਨੂੰ	ਆਪ ਹੀ	ਦਿੰਦਾ ਹੈ	ਵਡਿਆਈ, ਮਾਣ

ਆਪੇ	ਸੇਵ	ਕਰਾਏ ॥੨॥
ਆਪ ਹੀ	ਸੇਵਾ	ਕਰਾਉਂਦਾ ਹੈ

...ਸਤਿਗੁਰੂ ਦੇ ਸਨਮੁੱਖ ਹੋਣ ਵਾਲਿਆਂ ਨੂੰ (ਪ੍ਰਭੂ) ਆਪ ਹੀ (ਪਰਮਾਤਮ-ਗੁਣਾਂ ਦੀ) ਵਡਿਆਈ ਬਖ਼ਸ਼ਦਾ ਹੈ, ਅਤੇ ਆਪ ਹੀ ਸੇਵਾ (ਭਾਵ ਸਿਮਰਨ ਭਗਤੀ) ਵੀ ਕਰਾਉਂਦਾ ਹੈ।...

ਅੰਕ ੩੨

ਦੇਖਿ *(ਦੇਖ)*	ਕੁਟੰਬੁ, *(ਕੁਟੰਬ)*	ਮੋਹਿ *(ਮੋਹ)*	ਲੋਭਾਣਾ,	
ਦੇਖਕੇ	ਪਰਿਵਾਰ	ਮੋਹ ਵਿਚ	ਲੁਭਾਇਮਾਨ, ਆਕਰਸ਼ਿਤ	
ਚਲਦਿਆ *(ਚਲਦਿਆਂ)*		ਨਾਲਿ *(ਨਾਲ)*	ਨ *(ਨਾਂ)*	ਜਾਈ॥
ਚਲਣ ਲੱਗਿਆਂ(ਸੰਸਾਰ ਤੋਂ) ਤੁਰਨ ਲੱਗਿਆਂ		ਸੰਗ,ਸਾਥ	ਨਹੀਂ	ਜਾਂਦਾ

...(ਜੀਵ ਆਪਣੇ) ਪਰਿਵਾਰ ਨੂੰ ਵੇਖ ਕੇ, (ਉਸਦੇ) ਮੋਹ ਵਿਚ ਖ਼ਚਿਤ ਹੋ ਜਾਂਦਾ ਹੈ, (ਪਰ ਉਸਨੂੰ ਇਹ ਸਮਝ ਨਹੀਂ ਲਗਦੀ ਕਿ) ਸੰਸਾਰ ਤੋਂ ਚਲਣ ਲਗਿਆਂ ਇਹ ਨਾਲ ਨਹੀਂ ਜਾਂਦਾ।...

ਸਤਗੁਰੁ *(ਸਤਗੁਰ)*	ਸੇਵਿ, *(ਸੇਵ)*	ਗੁਣ	ਨਿਧਾਨੁ *(ਨਿਧਾਨ)*	ਪਾਇਆ,
ਸਤਗੁਰੁ	ਸੇਵਾ ਰਾਹੀਂ	ਗੁਣਾਂ ਦੇ	ਖਜ਼ਾਨਾ	ਪ੍ਰਾਪਤ ਕੀਤਾ
ਤਿਸ	ਦੀ	ਕੀਮ	ਨ *(ਨਾਂ)*	ਪਾਈ ॥
ਉਸ	ਦੀ	ਕੀਮਤ	ਨਹੀਂ	ਜਾਣੀ,ਸਮਝੀ

...(ਜਿਸ ਧਰਮ-ਸਾਧਕ ਨੇ) ਸਤਿਗੁਰੂ ਦੀ ਸੇਵਾ, (ਭਾਵ ਭਗਤੀ ਸਿਮਰਨ ਰਾਹੀਂ) ਗੁਣਾਂ ਦੇ ਖਜ਼ਾਨੇ (ਪ੍ਰਭੂ ਨੂੰ) ਪ੍ਰਾਪਤ ਕਰ ਲਿਆ, ਉਸ (ਸੇਵਕ) ਦੀ ਕੀਮਤ ਨਹੀਂ ਪਾਈ ਜਾ ਸਕਦੀ, (ਭਾਵ ਉਸਦੀ ਵਡਿਆਈ ਨੂੰ ਨਹੀਂ ਜਾਣਿਆ ਜਾ ਸਕਦਾ।)...

ਹਰਿ *(ਹਰ)*	ਪ੍ਰਭੁ *(ਪ੍ਰਭ)*	ਸਖਾ,	ਮੀਤੁ *(ਮੀਤ)*	ਪ੍ਰਭੁ *(ਪ੍ਰਭ)*	ਮੇਰਾ,
ਹਰੀ	ਪਰਮਾਤਮਾ	ਦੋਸਤ	ਮਿੱਤਰ	ਪਰਮਾਤਮਾ	ਆਪਣਾ
ਅੰਤੇ	ਹੋਇ	ਸਖਾਈ ॥੩॥			
ਅੰਤ ਸਮੇਂ	ਹੁੰਦਾ ਹੈ	ਸਹਾਈ			

...ਦੋਸਤ ਹਰੀ ਪਰਮਾਤਮਾ, ਮੇਰਾ ਮਿੱਤਰ ਪਿਆਰਾ ਹੈ, ਅਤੇ ਅੰਤ ਸਮੇਂ (ਉਹ ਮੇਰਾ) ਸਹਾਈ ਹੁੰਦਾ ਹੈ।...

ਆਪਣੈ	ਮਨਿ *(ਮਨ)*	ਚਿਤਿ, *(ਚਿੱਤ)*	ਕਹੈ	ਕਹਾਏ,
ਆਪ ਦੇ	ਮਨ ਵਿਚ	ਚਿੱਤ ਵਿਚ	ਆਖੇ	ਅਖਵਾਏ
ਬਿਨੁ *(ਬਿਨ)*	ਗੁਰ,	ਆਪੁ *(ਆਪ)*	ਨ *(ਨਾਂ)*	ਜਾਈ ॥
ਬਿਨਾਂ	ਸਤਿਗੁਰੂ ਤੋਂ	ਆਪਾ ਭਾਵ (ਹਉਮੈ)	ਨਹੀਂ	ਜਾਂਦੀ, ਖ਼ਤਮ ਹੁੰਦੀ

...(ਜੀਵ ਬਥੇਰਾ) ਆਪਣੇ ਮਨ ਚਿੱਤ ਵਿਚ ਕਹਿੰਦਾ ਰਹੇ, ਅਤੇ ਹੋਰਨਾਂ ਪਾਸੋਂ ਵੀ ਅਖਵਾਉਂਦਾ ਰਹੇ, ਕਿ (ਮੇਰੇ ਵਿਚ ਹਉਮੈਂ ਨਹੀਂ ਹੈ ਪਰ) ਸਤਿਗੁਰੂ (ਦੀ ਕ੍ਰਿਪਾ ਦ੍ਰਿਸ਼ਟੀ ਤੋਂ) ਬਿਨਾਂ (ਜੀਵ ਦੀ) ਹਉਂ ਨਹੀਂ ਮਿਟਦੀ।...

ਅੰਕ ੩੨

ਹਰਿ *(ਹਰ)*	ਜੀਉ	ਦਾਤਾ,	ਭਗਤਿ *(ਭਗਤ)*	ਵਛਲੁ *(ਵਛਲ)*	ਹੈ,
ਪ੍ਰਭੂ	ਜੀ	ਦੇਣ ਵਾਲਾ	ਭਗਤ	ਪਿਆਰ ਕਰਨ ਵਾਲਾ	ਹੋਣ ਦੀ ਕ੍ਰਿਆ

ਕਰਿ *(ਕਰ)*	ਕਿਰਪਾ	ਮੰਨਿ *(ਮੰਨ)*	ਵਸਾਈ ॥
ਕਰਕੇ	ਮਿਹਰ	ਮਨ ਵਿਚ	ਵਸਾ ਦੇਂਦਾ ਹੈ

...ਪ੍ਰਭੂ ਜੀ ਦਾਤਾਰ ਹਨ, ਅਤੇ ਬੰਦਗੀ ਨੂੰ ਪਿਆਰ ਕਰਨ ਵਾਲੇ ਹਨ, ਉਹ ਆਪ ਹੀ (ਭਗਤਾਂ ਦੇ) ਹਿਰਦੇ ਅੰਦਰ ਆਪਣੀ ਮਿਹਰ ਕਰਕੇ (ਨਾਮ ਸਿਮਰਨ ਨੂੰ) ਵਸਾ ਦੇਂਦੇ ਹਨ।...

ਨਾਨਕ,	ਸੋਭਾ *(ਸ਼ੋਭਾ)*	ਸੁਰਤਿ *(ਸੁਰਤ)*	ਦੇਇ,
ਹੇ! ਨਾਨਕ!	ਵਡਿਆਈ	ਸੁਰਤੀ ਵਿਚ	ਦਿੰਦਾ ਹੈ

ਪ੍ਰਭੁ *(ਪ੍ਰਭ)*	ਆਪੇ,	ਗੁਰਮੁਖਿ *(ਗੁਰਮੁਖ)*	ਦੇ	ਵਡਿਆਈ॥੪॥੧੫॥੪੮॥
ਪਰਮਾਤਮਾ	ਆਪ ਹੀ	ਗੁਰਮੁੱਖਾਂ ਨੂੰ	ਦਿੰਦਾ ਹੈ	ਆਦਰ, ਮਾਣ

...ਹੇ! ਨਾਨਕ! ਪਰਮਾਤਮਾ (ਪਹਿਲਾਂ) ਆਪ ਗੁਰਮੁੱਖਾਂ ਦੀ ਸੁਰਤੀ ਵਿਚ (ਪਰਮਾਤਮ ਸ਼ਬਦ ਨੂੰ ਟਿਕਾ ਕੇ ਭਾਵ ਸ਼ਬਦ ਸੁਰਤ ਦਾ ਮੇਲ ਬਖਸ਼ਕੇ) ਸ਼ੋਭਾ ਦਿੰਦਾ ਹੈ, ਅਤੇ ਆਪ ਹੀ ਫਿਰ ਸਤਿਗੁਰੂ ਦੇ ਸਨਮੁੱਖ ਹੋਇਆਂ ਨੂੰ (ਆਪਣੇ ਦਰ ਤੇ) ਆਦਰ ਮਾਣ ਬਖਸ਼ਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)*॥
ਰਾਗ ਦਾ ਨਾਮ	ਪਾਤਸ਼ਾਹੀ	ਤੀਜਾ

ਧਨੁ *(ਧੰਨ)*	ਜਨਨੀ,	ਜਿਨਿ *(ਜਿਨ੍ਹ)*	ਜਾਇਆ,
ਧੰਨਤਾ ਯੋਗ,ਸਲਾਹੁਣ ਯੋਗ	ਜਨਮ ਦੇਣ ਵਾਲੀ	ਜਿਸਨੇ	ਜਨਮ ਦਿੱਤਾ

ਧੰਨੁ *(ਧੰਨ)*	ਪਿਤਾ	ਪਰਧਾਨੁ *(ਪਰਧਾਨ)* ॥
ਸਲਾਹੁਣ ਯੋਗ	ਬਾਪ	ਮੁੱਖੀਆ, ਪਰਮ ਸ੍ਰੇਸ਼ਟ

(ਸਤਿਗੁਰੂ) ਨੂੰ ਜਨਮ ਦੇਣ ਵਾਲੀ ਮਾਤਾ ਧੰਨ ਹੈ, ਅਤੇ (ਸਤਿਗੁਰੂ ਦਾ) ਪਰਧਾਨ ਪਿਤਾ ਵੀ ਧੰਨਤਾ ਯੋਗ ਹੈ।...

ਸਤਗੁਰੁ *(ਸਤਗੁਰ)*	ਸੇਵਿ *(ਸੇਵ)*	ਸੁਖੁ *(ਸੁੱਖ)*	ਪਾਇਆ,
ਸਤਿਗੁਰੂ	ਸੇਵਾ ਦੁਆਰਾ	(ਆਤਮਿਕ) ਅਨੰਦ	ਪਾ ਲਿਆ ਹੈ

ਵਿਚਹੁ *(ਵਿਚਹੁੰ)*	ਗਇਆ	ਗੁਮਾਨੁ *(ਗੁਮਾਨ)*॥
ਅੰਦਰਹੋਂ	ਚਲੇ ਗਿਆ	ਹੰਕਾਰ

ਅੰਕ ੩੨

...ਸਤਿਗੁਰੂ ਦੀ ਸੇਵਾ ਵਿਚ (ਪ੍ਰਭੂ ਸਿਮਰਨ ਰਾਹੀਂ) ਆਤਮਿਕ ਅਨੰਦ ਪ੍ਰਾਪਤ ਕਰ ਲਿਆ ਹੈ, ਜਿਸ ਨਾਲ ਹਿਰਦੇ ਵਿਚੋਂ ਹੰਕਾਰ ਮਿਟ ਗਿਆ ਹੈ।...

ਦਰਿ *(ਦਰ)*	ਸੇਵਨਿ, *(ਸੇਵਨ)*	ਸੰਤ	ਜਨ	ਖੜੇ,
ਦਰਵਾਜ਼ੇ ਤੇ	ਸੇਵਾ ਕਰਦੇ ਹਨ	ਸਾਧੂ	ਲੋਕ	ਖੜੇ ਰਹਿਕੇ, ਟਿਕ ਕੇ, ਸਾਵਧਾਨ ਹੋਕੇ

ਪਾਇਨਿ *(ਪਾਇਨ)*	ਗੁਣੀ	ਨਿਧਾਨੁ *(ਨਿਧਾਨ)* ॥੧॥
ਪਾਉਂਦੇ ਹਨ	ਗੁਣਾਂ ਦੇ	ਖਜ਼ਾਨੇ

...(ਜਿਹੜੇ) ਸਾਧੂ ਲੋਕ (ਸਤਿਗੁਰੂ ਦੇ) ਦਰ ਤੇ ਟਿਕ ਕੇ, ਸੇਵਾ (ਭਾਵ ਭਜਨ ਬੰਦਗੀ) ਕਰਦੇ ਹਨ, ਉਹ ਗੁਣਾਂ ਦੇ ਖਜ਼ਾਨੇ (ਪ੍ਰਭੂ) ਨੂੰ ਪ੍ਰਾਪਤ ਕਰ ਲੈਂਦੇ ਹਨ।...

ਮੇਰੇ	ਮਨ,	ਗੁਰਮੁਖਿ *(ਗੁਰਮੁਖ)*
ਆਪਣੇ	ਚਿੱਤ	ਗੁਰੂ ਦੀ ਸਨਮੁੱਖਤਾ ਰਾਹੀਂ

ਧਿਆਇ	ਹਰਿ *(ਹਰ)*	ਸੋਇ॥
ਧਿਆ, ਅਰਾਧ	ਪ੍ਰਭੂ	ਉਸ ਨੂੰ

...ਹੇ! ਮੇਰੇ ਮਨ! ਸਤਿਗੁਰੂ ਦੀ ਸਨਮੁੱਖਤਾ ਰਾਹੀਂ ਉਸ ਪ੍ਰਭੂ ਨੂੰ ਸਿਮਰ।...

ਗੁਰ	ਕਾ	ਸਬਦੁ, *(ਸ਼ਬਦ)*	ਮਨਿ *(ਮਨ)*	ਵਸੈ,
ਸਤਿਗੁਰੂ	ਦਾ	ਸ਼ਬਦ, ਸਿੱਖਿਆ	ਹਿਰਦੇ ਅੰਦਰ	ਵਸ ਜਾਵੇ

ਮਨੁ *(ਮਨ)*	ਤਨੁ *(ਤਨ)*	ਨਿਰਮਲੁ *(ਨਿਰਮਲ)*	ਹੋਇ॥੧॥	ਰਹਾਉ॥
ਚਿੱਤ	ਸਰੀਰ	ਪਵਿੱਤਰ	ਹੋ ਜਾਂਦਾ ਹੈ	ਠਹਿਰਾਉ

...(ਅਜਿਹਾ ਕਰਨ ਨਾਲ) ਸਤਿਗੁਰੂ ਦੀ ਸਿੱਖਿਆ (ਧਰਮ-ਸਾਧਕ ਦੇ) ਹਿਰਦੇ ਅੰਦਰ ਵਸ ਜਾਂਦੀ ਹੈ, ਅਤੇ ਮਨ ਤਨ (ਮਾਇਆ ਦੇ ਵਿਕਾਰਾਂ ਵਲੋਂ ਹਟਕੇ) ਪਵਿੱਤਰ ਹੋ ਜਾਂਦਾ ਹੈ।...

ਕਰਿ *(ਕਰ)*	ਕਿਰਪਾ	ਘਰਿ *(ਘਰ)*	ਆਇਆ,
ਕਰਕੇ	ਮਿਹਰ	(ਹਿਰਦੇ) ਘਰ ਵਿਚ	ਆ ਗਿਆ

ਆਪੇ	ਮਿਲਿਆ	ਆਇ॥
ਆਪ ਹੀ	ਮਿਲ ਪਿਆ	ਆਕੇ

ਅੰਕ ੩੨

...(ਸਤਿਗੁਰੂ ਦੀ ਸਿੱਖਿਆ ਚਿੱਤ ਵਿਚ ਵਸਣ ਨਾਲ ਉਸ ਨਿਰਮਲ) ਹਿਰਦੇ-ਘਰ ਵਿਚ ਸਾਹਿਬ ਜੀ ਆਪ ਹੀ ਕਿਰਪਾ ਕਰਕੇ ਆਏ, ਤੇ ਆਕੇ ਆਪੇ ਹੀ ਮਿਲ ਪਏ।...

ਗੁਰ	ਸਬਦੀ *(ਸ਼ਬਦੀਂ)*	ਸਾਲਾਹੀਐ,
ਸਤਿਗੁਰੂ	ਸ਼ਬਦ ਰਾਹੀਂ, ਸਿੱਖਿਆ ਰਾਹੀਂ	ਸਿਫ਼ਤ ਸਲਾਹ ਕਰੀਦੀ ਹੈ

ਰੰਗੇ	ਸਹਜਿ *(ਸਹਿਜ)*	ਸੁਭਾਇ॥
ਰੰਗ ਲੈਂਦਾ ਹੈ	ਸੁੱਤੇ ਸਿੱਧ, ਨਿਰਯਤਨ,	ਸੁਭਾਵਕ (ਇਹ ਮੁਹਾਵਰਾ ਹੈ)

...ਸਤਿਗੁਰੂ ਦੇ ਸ਼ਬਦ, ਭਾਵ ਸਿੱਖਿਆ ਰਾਹੀਂ (ਪ੍ਰਭੂ ਦੀ) ਸਿਫ਼ਤ ਸਲਾਹ ਕਰਨੀ ਚਾਹੀਦੀ ਹੈ, (ਇਸ ਨਾਲ ਵਾਹਿਗੁਰੂ) ਸਹਿਜ ਸੁਭਾ ਹੀ (ਆਪਣੇ ਨਾਮ ਦੇ ਰੰਗ ਵਿਚ) ਰੰਗ ਲੈਂਦਾ ਹੈ।...

ਸਚੈ	ਸਚਿ *(ਸੱਚ)*	ਸਮਾਇਆ,
ਸਦਾ ਸਥਿਰ ਪ੍ਰਭੂ ਵਿਚ	ਸੱਚ ਰਾਹੀਂ	ਸਮਾ ਜਾਈਦਾ ਹੈ

ਮਿਲਿ *(ਮਿਲ)*	ਰਹੈ,	ਨ *(ਨਾਂ)*	ਵਿਛੁੜਿ *(ਵਿੱਛੁੜ)*	ਜਾਇ॥੨॥
ਲਿਵਲੀਨ	ਰਹਿੰਦਾ ਹੈ	ਨਹੀਂ	ਵਿੱਛੜ	ਜਾਂਦਾ

...(ਪਰਮਾਤਮ-ਸੱਚ ਦੇ) ਸੱਚ (ਗੁਣਾਂ ਨੂੰ ਧਾਰਨ ਕਰਨ) ਰਾਹੀਂ (ਸੱਚ-ਸਰੂਪ ਹੋਕੇ ਸਦਾ-ਸਥਿਰ ਪ੍ਰਭੂ ਵਿਚ) ਸਮਾ ਜਾਈਦਾ ਹੈ, (ਫਿਰ ਧਰਮ-ਸਾਧਕ ਸਦਾ ਪਰਮਾਤਮਾ ਵਿਚ) ਲਿਵਲੀਨ ਰਹਿੰਦਾ ਹੈ, ਅਤੇ ਫਿਰ ਕਦੇ (ਪ੍ਰਭੂ) ਤੋਂ ਵੱਖ ਨਹੀਂ ਹੁੰਦਾ।

ਜੋ	ਕਿਛੁ *(ਕਿਛ)*	ਕਰਣਾ,	ਸੁ	ਕਰਿ *(ਕਰ)*	ਰਹਿਆ,
ਜਿਹੜਾ	ਕੁਝ	ਕਰਨਾ ਹੈ	ਉਹ	ਕਰ	ਰਿਹਾ ਹੈ

ਅਵਰੁ *(ਅਵਰ)*	ਨ *(ਨਾ)*	ਕਰਣਾ	ਜਾਇ॥
ਹੋਰ	ਨਹੀਂ	ਕੀਤਾ	ਜਾ ਸਕਦਾ

...(ਪ੍ਰਭੂ ਨੇ) ਜਿਹੜਾ ਕੁਝ ਵੀ ਕਰਨਾ ਹੈ, ਉਹ ਆਪ ਕਰ ਰਿਹਾ ਹੈ। (ਉਸਦੇ ਹੁਕਮ ਤੋਂ ਬਿਨਾਂ, ਕਿਸੇ ਕੋਲੋਂ) ਹੋਰ (ਕੁਝ) ਕੀਤਾ ਹੀ ਨਹੀਂ ਜਾ ਸਕਦਾ।...

ਚਿਰੀ *(ਚਿਰੀਂ)*	ਵਿਛੁੰਨੇ	ਮੇਲਿਅਨੁ, *(ਮੇਲਿਅਨ)*
ਚਿਰਾਂ ਤੋਂ	ਵਿਛੜਿਆਂ ਨੂੰ	ਮੇਲ ਲਿਆ ਹੈ

ਸਤਗੁਰ	ਪੰਨੈ	ਪਾਇ॥
ਸਤਿਗੁਰੂ	ਖਾਤੇ/ਲੇਖੇ ਵਿਚ	ਪਾ ਕੇ

ਅੰਕ ੩੨-੩੩

...(ਵਾਹਿਗੁਰੂ ਜੀ ਨੇ ਸਾਨੂੰ ਭਟਕਦਿਆਂ ਜੀਵਾਂ ਨੂੰ, ਆਪਣੀ ਕ੍ਰਿਪਾ-ਦ੍ਰਿਸ਼ਟੀ ਕਰਕੇ) ਸਤਿਗੁਰੂ ਦੇ ਖਾਤੇ ਵਿਚ ਪਾਕੇ, (ਭਾਵ ਸਤਿਗੁਰੂ ਦੇ ਲੜ ਲਾਕੇ, ਉਸ ਰਾਹੀਂ) ਚਿਰਾਂ ਤੋਂ ਵਿਛੜਿਆਂ ਨੂੰ (ਆਪਣੇ ਨਾਲ) ਮੇਲ ਲਿਆ ਹੈ।...

ਆਪੇ	ਕਾਰ	ਕਰਾਇਸੀ,	
ਆਪ ਹੀ	ਕੰਮ	ਕਰਾਵੇਗਾ	
ਅਵਰੁ *(ਅਵਰ)*	ਨ *(ਨਾਂ)*	ਕਰਣਾ	ਜਾਇ॥੩॥
ਹੋਰ	ਨਹੀਂ	ਕੀਤਾ	ਜਾ ਸਕਦਾ

...(ਉਸ ਪ੍ਰਭੂ ਨੇ ਸਾਥੋਂ ਜੋ ਕੁਝ ਵੀ ਕਰਾਉਣਾ ਹੈ, ਉਹ) ਕੰਮ ਆਪ ਹੀ ਕਰਵਾਏਗਾ, (ਉਸਦੇ ਹੁਕਮ ਤੋਂ ਬਿਨਾਂ) ਹੋਰ ਕੁਝ ਕੀਤਾ ਹੀ ਨਹੀਂ ਜਾ ਸਕਦਾ।

ਮਨੁ *(ਮਨ)*	ਤਨੁ *(ਤਨ)*	ਰਤਾ *(ਰੰਗ)*	ਸਿਉ, *(ਸਿਉਂ)*
ਚਿੱਤ	ਸਰੀਰ	ਰੰਗਿਆ	(ਨਾਮ)ਰੰਗ ਨਾਲ
ਹਉਮੈ	ਤਜਿ *(ਤਜ)*	ਵਿਕਾਰ ॥	
ਹੰਕਾਰ	ਤਿਆਗ ਕੇ	ਬੁਰਿਆਈ	

...(ਜਿਨ੍ਹਾਂ ਧਰਮ-ਸਾਧਕਾਂ ਦੇ) ਮਨ ਤੇ ਤਨ, ਹਉਮੈ ਨੂੰ ਤਿਆਗ ਕੇ (ਪਰਮਾਤਮ-ਨਾਮ ਦੇ) ਰੰਗ ਨਾਲ ਰੰਗੇ ਜਾਂਦੇ ਹਨ...

ਅਹਿਨਿਸਿ *(ਅਹਿਨਿਸ)*	ਹਿਰਦੈ	ਰਵਿ *(ਰਵ)*	ਰਹੈ,
ਦਿਨ ਰਾਤ	ਹਿਰਦੇ ਵਿਚ	ਰਮਿਆ, ਸਮਾਇਆ	ਰਹਿੰਦਾ ਹੈ
ਨਿਰਭਉ	ਨਾਮੁ *(ਨਾਮ)*	ਨਿਰੰਕਾਰ॥	
ਭੈ ਤੋਂ ਉਚੇਰੇ	(ਬੰਦਗੀ)	ਨਿਰਾਕਾਰ	

...(ਉਨ੍ਹਾਂ ਦੇ) ਹਿਰਦੇ ਅੰਦਰ ਨਿਰਭਉ ਤੇ ਨਿਰੰਕਾਰ (ਪ੍ਰਭੂ ਦਾ) ਨਾਮ, ਦਿਨ ਰਾਤ ਭਾਵ ਹਰ ਸਮੇਂ ਸਮਾਇਆ ਰਹਿੰਦਾ ਹੈ।...

ਨਾਨਕ,	ਆਪਿ *(ਆਪ)*	ਮਿਲਾਇਅਨੁ, *(ਮਿਲਾਇਨ)*
ਹੇ! ਨਾਨਕ!	ਆਪਣੇ ਵਿਚ	ਮਿਲਾ ਲਿਆ ਹੈ, ਲੀਨ ਕਰ ਲਿਆ ਹੈ।
ਪੂਰੈ	ਸਬਦਿ *(ਸ਼ਬਦ)*	ਅਪਾਰ ॥੪॥੧੬॥੪੯॥
ਪੂਰਨ	ਸ਼ਬਦ ਰਾਹੀਂ	ਪਾਰ ਰਹਿਤ (ਪ੍ਰਭੂ)

...ਹੇ! ਨਾਨਕ! (ਨਾਮ ਰੰਗ ਰਤੜੀਆਂ ਰੂਹਾਂ ਨੂੰ) ਅਪਾਰ ਪ੍ਰਭੂ ਨੇ ਪੂਰੇ ਸ਼ਬਦ ਰਾਹੀਂ, (ਭਾਵ ਸੰਪੂਰਨ ਗੁਰ ਉਪਦੇਸ਼ ਰਾਹੀਂ, ਆਪ ਹੀ) ਆਪਣੇ ਵਿਚ ਅਭੇਦ ਕਰ ਲਿਆ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)*॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਗੋਵਿਦੁ *(ਗੋਵਿੰਦ)*	**ਗੁਣੀ**	**ਨਿਧਾਨੁ** *(ਨਿਧਾਨ)*	**ਹੈ,**
ਪ੍ਰਿਥਵੀ ਦਾ ਮਾਲਕ	ਗੁਣਾਂ ਦਾ	ਖਜ਼ਾਨਾ	ਹੋਣ ਦੀ ਕ੍ਰਿਆ

ਅੰਤੁ *(ਅੰਤ)*	**ਨ** *(ਨਾਂ)*	**ਪਾਇਆ**	**ਜਾਇ॥**
ਸੀਮਾ	ਨਹੀਂ	ਪ੍ਰਾਪਤ ਕੀਤਾ	ਜਾ ਸਕਦਾ

ਪ੍ਰਿਥਵੀ ਦਾ ਮਾਲਕ (ਪ੍ਰਭੂ), ਚੰਗਿਆਈਆਂ ਦਾ ਖਜ਼ਾਨਾ ਹੈ, (ਉਸਦਾ) ਅੰਤ ਨਹੀਂ ਪਾਇਆ ਜਾ ਸਕਦਾ।

ਕਥਨੀ	**ਬਦਨੀ**	**ਨ** *(ਨਾਂ)*	**ਪਾਈਐ,**
ਕਥਨ ਨਾਲ	ਜ਼ਬਾਨੀ ਗਲਾਂ	ਨਹੀਂ	ਪਾਈਦਾ

ਹਉਮੈ	**ਵਿਚਹੁ** *(ਵਿਚਹੁੰ)*	**ਜਾਇ॥**
ਹੰਕਾਰ	ਅੰਦਰਹੋਂ	ਜਾਂਦਾ

...ਜ਼ਬਾਨੀ ਗਲਾਂ ਬਾਤਾਂ, ਭਾਵ ਫੋਕਟ ਕਥਨੀਆਂ ਦੁਆਰਾ, (ਪ੍ਰਭੂ) ਨੂੰ ਨਹੀਂ ਪਾਈਦਾ (ਜਦੋਂ ਤਕ ਕਿ) ਅੰਦਰੋਂ ਹੰਕਾਰ ਨਹੀਂ (ਮਿਟ) ਜਾਂਦਾ।...

ਸਤਗੁਰਿ *(ਸਤਗੁਰ)*	**ਮਿਲਿਐ,**	**ਸਦ**	**ਭੈ**	**ਰਚੈ,**
ਸਤਿਗੁਰੂ	ਮਿਲਣ ਨਾਲ	ਹਮੇਸ਼ਾਂ	ਅਦਬ	ਰਚਿਆ ਰਹਿੰਦਾ ਹੈ

ਆਪਿ *(ਆਪ)*	**ਵਸੈ**	**ਮਨਿ** *(ਮਨ)*	**ਆਇ॥੧॥**
ਆਪੇ ਹੀ	ਵਸ ਜਾਂਦਾ	ਮਨ ਵਿਚ	ਆਕੇ

...ਸਤਿਗੁਰੂ ਦੇ ਮਿਲਾਪ ਨਾਲ (ਧਰਮ-ਸਾਧਕ), ਹਮੇਸ਼ਾਂ (ਪਰਮਾਤਮਾ ਦੇ) ਨਿਰਮਲ ਭੈ-ਅਦਬ ਵਿਚ ਜੁੜਿਆ ਰਹਿੰਦਾ ਹੈ, ਅਤੇ ਇਸ ਤਰ੍ਹਾਂ (ਈਸ਼ਵਰ) ਆਪ ਆਕੇ, ਉਸਦੇ ਹਿਰਦੇ ਅੰਦਰ ਵਸ ਜਾਂਦਾ ਹੈ।...

ਭਾਈ	**ਰੇ,**	**ਗੁਰਮੁਖਿ** *(ਗੁਰਮੁਖ)*	**ਬੂਝੈ**	**ਕੋਇ॥**
ਭਰਾ	ਹੇ	ਗੁਰੂ ਦੀ ਸਨਮੁੱਖਤਾ ਰਾਹੀ	ਬੁਝਦਾ, ਸ਼ਮਝਦਾ	ਕੋਈ

ਅੰਕ ੩੩

...ਹੇ! ਭਾਈ! ਕੋਈ (ਵਿਰਲਾ ਹੀ) ਗੁਰੂ ਦੀ ਸਨਮੁੱਖਤਾ ਰਾਹੀਂ (ਇਸ ਰੱਬੀ ਭੇਦ ਨੂੰ) ਸਮਝਦਾ ਹੈ।...

ਬਿਨੁ *(ਬਿਨ)*	ਬੂਝੇ,	ਕਰਮ	ਕਮਾਵਣੇ,
ਬਿਨਾਂ	ਸਮਝਣ ਤੋਂ	ਕੰਮ	ਕਰਨੇ

ਜਨਮੁ *(ਜਨਮ)*	ਪਦਾਰਥੁ *(ਪਦਾਰਥ)*	ਖੋਇ॥੧॥	ਰਹਾਉ ॥
ਜੀਵਨ	(ਕੀਮਤੀ) ਵਸਤੂ	ਖੋ ਦੇਣਾ, ਗੁਆਉਣਾ	ਠਹਿਰਾਉ

...(ਬਿਨਾਂ ਇਸ ਰੱਬੀ ਭੇਦ ਨੂੰ ਸਮਝਣ ਤੋਂ) ਕਰਮ ਕਰਨੇ, ਸਮਝੋ ਜੀਵਨ ਰੂਪੀ ਕੀਮਤੀ ਵਸਤੂ ਨੂੰ ਗੁਆਉਣਾ ਹੈ।...

ਜਿਨੀ *(ਜਿਨ੍ਹੀਂ)*	ਚਾਖਿਆ,	ਤਿਨੀ *(ਤਿਨ੍ਹੀਂ)*	ਸਾਦੁ *(ਸਾਦ)*	ਪਾਇਆ,
ਜਿਨ੍ਹਾਂ ਨੇ	ਚਖਿਆ ਹੈ	ਤਿਨ੍ਹਾਂ ਨੇ	ਸੁਆਦ	ਪ੍ਰਾਪਤ ਕੀਤਾ

ਬਿਨੁ *(ਬਿਨ)*	ਚਾਖੇ	ਭਰਮਿ *(ਭਰਮ)*	ਭੁਲਾਇ ॥
ਬਿਨ੍ਹਾਂ	ਚੱਖਿਆਂ	ਭੁਲੇਖੇ ਵਿਚ	ਭੁਲੇ ਰਹਿੰਦੇ ਹਨ

...ਜਿਨ੍ਹਾਂ ਨੇ (ਨਾਮ ਰਸ ਨੂੰ) ਚੱਖਿਆ ਹੈ, ਤਿਨ੍ਹਾਂ ਨੇ (ਇਸਦਾ) ਸੁਆਦ ਪ੍ਰਾਪਤ ਕੀਤਾ ਹੈ, ਬਿਨਾਂ ਚੱਖਿਆਂ ਤਾਂ (ਜੀਵ ਮਾਇਆ ਦੇ) ਭਰਮ ਭੁਲੇਖਿਆਂ ਵਿਚ ਹੀ ਭਟਕਦਾ ਰਹਿੰਦਾ ਹੈ।...

ਅੰਮ੍ਰਿਤੁ *(ਅੰਮ੍ਰਿਤ)*	ਸਾਚਾ	ਨਾਮੁ *(ਨਾਮ)*	ਹੈ,
ਜੀਵਨ ਦਾਨ ਦੇਣ ਵਾਲਾ	ਸਦਾ ਸਥਿਰ	ਨਾਮ	ਹੋਣ ਦੀ ਕ੍ਰਿਆ

ਕਹਣਾ	ਕਛੂ	ਨ *(ਨਾਂ)*	ਜਾਇ॥
ਕਿਹਾ	ਕੁਝ	ਨਹੀਂ	ਜਾ ਸਕਦਾ

...ਸਦਾ-ਸਥਿਰ (ਪ੍ਰਭੂ ਦਾ) ਨਾਮ ਅੰਮ੍ਰਿਤ ਹੈ, (ਇਸ ਦੇ ਸੁਆਦ ਬਾਰੇ) ਕੁਝ ਦੱਸਿਆ-ਕਿਹਾ ਨਹੀਂ ਜਾ ਸਕਦਾ।...

ਪੀਵਤ	ਹੂ *(ਹੂੰ)*	ਪਰਵਾਣੁ *(ਪਰਵਾਣ)*	ਭਇਆ,
ਪੀਂਦਿਆਂ	ਹੀ	ਕਬੂਲ	ਹੋ ਗਿਆ

ਪੂਰੈ	ਸਬਦਿ *(ਸ਼ਬਦ)*	ਸਮਾਇ॥੨॥
ਪੂਰਨ	ਸ਼ਬਦ ਰਾਹੀਂ	ਲੀਨ ਹੋਕੇ

ਅੰਕ ੩੩

...ਪੂਰੇ (ਸਤਿਗੁਰੂ ਦੇ) ਸ਼ਬਦ ਵਿਚ ਲੀਨ ਹੋਕੇ, (ਜੋ ਇਸ ਨਾਮ-ਅੰਮ੍ਰਿਤ ਨੂੰ ਪੀਂਦਾ ਹੈ, ਉਹ) ਪੀਂਦਿਆਂ ਸਾਰ ਹੀ (ਸਮਝੋ ਰੱਬੀ ਦਰਗਾਹ ਵਿਚ ਕਬੂਲ ਹੋ ਗਿਆ।...

ਆਪੇ	ਦੇਇ,	ਤ *(ਤਾਂ)*	ਪਾਈਐ,
ਆਪ ਹੀ	ਦੇਵੇ	ਤਾਂ	ਪ੍ਰਾਪਤ ਕਰੀਦਾ ਹੈ

ਹੋਰੁ *(ਹੋਰ)*	ਕਰਣਾ	ਕਿਛੂ	ਨ *(ਨਾਂ)*	ਜਾਇ॥
ਹੋਰ	ਕਰਨਾ, ਕੀਤਾ	ਕੁਝ	ਨਹੀਂ	ਜਾਂਦਾ

...(ਇਹ ਨਾਮ ਰੂਪੀ ਅੰਮ੍ਰਿਤ ਦੀ ਦਾਤ ਪ੍ਰਭੂ) ਆਪ ਹੀ ਦੇਵੇ, ਤਾਂ ਪਾਈ ਜਾ ਸਕਦੀ ਹੈ, (ਨਹੀਂ ਤਾਂ ਇਸ ਤੋਂ ਸਿਵਾ) ਹੋਰ ਕੁਝ ਵੀ ਨਹੀਂ ਕੀਤਾ ਜਾ ਸਕਦਾ।...

ਦੇਵਣ	ਵਾਲੇ	ਕੈ	ਹਥਿ *(ਹੱਥ)*	ਦਾਤਿ *(ਦਾਤ)*	ਹੈ,
ਦੇਣ	ਕਾਰਜ ਕਰਤਾ, ਵੰਤ	ਦੇ	ਹੱਥ ਵਿਚ	ਬਖਸ਼ਿਸ਼	ਹੋਣ ਦੀ ਕ੍ਰਿਆ

ਗੁਰੂ	ਦੁਆਰੈ	ਪਾਇ॥
ਸਤਿਗੁਰੂ	ਦੁਆਰ ਤੇ	ਪਾਈਦੀ ਹੈ

...(ਇਹ ਨਾਮ ਅੰਮ੍ਰਿਤ ਰੂਪੀ) ਦਾਤ, ਦੇਵਣਹਾਰ (ਪ੍ਰਭੂ) ਦੇ ਹੱਥ ਵਿਚ ਹੈ, ਸਤਿਗੁਰੂ ਦੇ ਦਰ ਤੋਂ (ਇਹ ਬਖਸ਼ਿਸ਼) ਪ੍ਰਾਪਤ ਕਰੀਦੀ ਹੈ।...

ਜੇਹਾ	ਕੀਤੋਨੁ, *(ਕੀਤੋਨ)*	ਤੇਹਾ	ਹੋਆ,
ਜਿਸ ਤਰ੍ਹਾਂ ਦਾ	ਕੀਤਾ ਹੈ, ਬਣਾਇਆ ਹੈ	ਉਸੇ ਤਰ੍ਹਾਂ	ਹੋਇਆ, ਬਣਿਆ

ਜੇਹੇ	ਕਰਮ	ਕਮਾਇ ॥੩॥
ਜਿਸ ਤਰ੍ਹਾਂ ਦੇ	ਕੰਮ	ਕੀਤੇ

...(ਜੀਵ ਨੇ ਪੁਰਬਲੇ ਜਨਮਾਂ ਵਿਚ) ਜਿਹੋ ਜਿਹੇ ਕਰਮ ਕਮਾਏ ਹਨ, (ਉਸਦੇ ਫਲ ਅਨੁਸਾਰ, ਪਰਮਾਤਮਾ ਨੇ ਜੀਵ ਨੂੰ) ਜਿਹੋ ਜਿਹਾ ਬਣਾਇਆ ਹੈ, ਉਸੇ ਤਰ੍ਹਾਂ ਦਾ ਉਹ ਬਣਿਆ ਹੈ।...

ਜਤੁ *(ਜਤ)*	ਸਤੁ *(ਸਤ)*	ਸੰਜਮੁ *(ਸੰਜਮ)*	ਨਾਮੁ *(ਨਾਮ)*	ਹੈ,
ਇੰਦ੍ਰੀਆਂ ਦਾ ਸੰਜਮ	ਪਵਿੱਤਰਤਾ	ਪਰਹੇਜ਼, ਜ਼ਬਤ	(ਪ੍ਰਭੂ) ਸਿਮਰਨ	ਹੋਣ ਦੀ ਕ੍ਰਿਆ

ਵਿਣੁ *(ਵਿਣ)*	ਨਾਵੈ, *(ਨਾਵੈਂ)*	ਨਿਰਮਲੁ *(ਨਿਰਮਲ)*	ਨ *(ਨਾਂ)*	ਹੋਇ॥
ਬਿਨਾਂ	ਨਾਮ ਤੋਂ	ਪਵਿੱਤਰ	ਨਹੀਂ	ਹੋਈਦਾ

ਅੰਕ ੩੩

...(ਪਰਮਾਤਮ) ਸਿਮਰਨ ਹੀ ਜਤ, ਸਤ ਅਤੇ ਸੰਜਮ ਆਦਿਕ ਹੈ, ਨਾਮ ਸਿਮਰਨ ਤੋਂ ਬਿਨਾਂ (ਜੀਵ) ਆਤਮਿਕ ਤੌਰ ਤੇ ਨਿਰਮਲ ਨਹੀਂ ਹੋ ਸਕਦਾ।...

ਪੂਰੈ	ਭਾਗਿ, *(ਭਾਗ)*	ਨਾਮੁ *(ਨਾਮ)*	ਮਨਿ *(ਮਨ)*	ਵਸੈ,
ਪੂਰਨ	ਭਾਗਾਂ ਰਾਹੀਂ	(ਪਰਮਾਤਮ) ਨਾਮ	ਹਿਰਦੇ ਅੰਦਰ	ਵਸਦਾ ਹੈ

ਸਬਦਿ *(ਸ਼ਬਦ)*	ਮਿਲਾਵਾ	ਹੋਇ॥
ਸ਼ਬਦ ਦੁਆਰਾ	(ਪ੍ਰਭੂ) ਮਿਲਾਪ	ਹੁੰਦਾ ਹੈ

...(ਪੁਰਬਲੇ ਕੀਤੇ ਕਰਮਾਂ ਕਰਕੇ) ਪੂਰੀ ਕਿਸਮਤ ਨਾਲ, (ਪ੍ਰਭੂ ਦਾ) ਨਾਮ ਸਿਮਰਨ ਹਿਰਦੇ ਵਿਚ ਵਸਦਾ ਹੈ, ਅਤੇ (ਸਤਿਗੁਰੂ ਦੇ) ਸ਼ਬਦ ਦੁਆਰਾ ਭਾਵ ਸਤਿਗੁਰੂ ਦੀ ਸਿੱਖਿਆ ਰਾਹੀਂ (ਪ੍ਰਭੂ) ਮਿਲਾਪ ਹੁੰਦਾ ਹੈ।...

ਨਾਨਕ,	ਸਹਜੇ *(ਸਹਿਜੇ)*	ਹੀ	ਰੰਗਿ *(ਰੰਗ)*	ਵਰਤਦਾ,
ਹੇ ! ਨਾਨਕ !	(ਪਰਮਾਤਮ) ਸਹਿਜ, ਆਤਮਿਕ ਟਿਕਾਉ	ਸਿਰਫ਼	ਰੰਗ ਵਿਚ	ਚਲਦਾ ਹੈ,ਰਹਿੰਦਾ ਹੈ

ਹਰਿ *(ਹਰ)*	ਗੁਣ	ਪਾਵੈ	ਸੋਇ॥੪॥੧੭॥੫੦॥
ਪ੍ਰਭੂ	ਚੰਗਿਆਈਆਂ	ਪ੍ਰਾਪਤ ਕਰਦਾ	ਉਹ

...ਹੇ! ਨਾਨਕ! (ਜੋ ਧਰਮ-ਸਾਧਕ) ਆਤਮਿਕ ਟਿਕਾਉ ਨਾਲ, ਸਿਰਫ਼ (ਈਸ਼ਵਰ ਦੇ) ਪ੍ਰੇਮ-ਰੰਗ ਵਿਚ (ਜ਼ਿੰਦਗੀ) ਬਤੀਤ ਕਰਦਾ ਹੈ, ਉਹ ਪ੍ਰਭੂ ਗੁਣਾਂ ਨੂੰ ਪ੍ਰਾਪਤ ਕਰ ਲੈਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)*॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਕਾਂਇਆ *(ਕਾਂਇਆਂ)*	ਸਾਧੈ,	ਉਰਧ	ਤਪੁ *(ਤਪ)*	ਕਰੈ,
ਸਰੀਰ	ਯੋਗਿਕ ਕਰਮਾਂ ਨਾਲ ਸਾਧ ਲਵੇ	ਪੁੱਠਾ ਲਟਕ ਕੇ	ਤਪੱਸਿਆ	ਕਰੇ

ਵਿਚਹੁ *(ਵਿਚਹੁੰ)*	ਹਉਮੈ	ਨ *(ਨਾਂ)*	ਜਾਇ॥
ਅੰਦਰੋਂ	ਹੰਕਾਰ	ਨਹੀਂ	ਜਾਂਦੀ

(ਜੇਕਰ ਕੋਈ ਆਪਣੇ) ਸਰੀਰ ਨੂੰ ਯੋਗ ਦੀਆਂ ਕ੍ਰਿਆਵਾਂ ਆਦਿ ਨਾਲ, ਸਾਧ ਲਵੇ, ਪੁੱਠਾ ਲਟਕ ਕੇ (ਕਠਿਨ) ਤਪੱਸਿਆ ਕਰੇ, (ਪਰ ਜੇਕਰ) ਵਿਚੋਂ ਹਉਮੈ ਨਹੀਂ ਜਾਂਦੀ...

ਅਧਿਆਤਮ	ਕਰਮ	ਜੇ	ਕਰੇ,
ਅਧਿਆਤਮ ਸੰਬੰਧੀ, ਆਤਮ ਗਿਆਨ ਸੰਬੰਧੀ	ਕੰਮ	ਜੇਕਰ	ਕਰ ਲਏ

ਅੰਕ ੩੩

ਨਾਮੁ *(ਨਾਮ)*	ਨ *(ਨਾਂ)*	ਕਬ	ਹੀ	ਪਾਇ॥
(ਪ੍ਰਭੂ) ਨਾਮ	ਨਹੀਂ	ਕਦੀ	ਵੀ	ਪ੍ਰਾਪਤ ਹੁੰਦਾ

...(ਅਤੇ ਉਹ) ਜੇਕਰ ਅਧਿਆਤਮ ਸੰਬੰਧੀ (ਮਿੱਥ) ਕਰਮ (ਆਦਿਕ ਵੀ) ਕਰੇ, (ਤਾਂ ਵੀ ਪ੍ਰਭੂ) ਨਾਮ ਦੀ ਪ੍ਰਾਪਤੀ ਕਦੀ ਵੀ ਨਹੀਂ ਹੋ ਸਕਦੀ।

ਗੁਰ	ਕੈ	ਸਬਦਿ, *(ਸ਼ਬਦ)*	ਜੀਵਤੁ *(ਜੀਵਤ)*	ਮਰੈ,
ਸਤਿਗੁਰੂ	ਦੇ	ਸ਼ਬਦ ਰਾਹੀਂ, ਸਿੱਖਿਆ ਰਾਹੀਂ	ਜਿਊਂਦਾ	ਮਰ ਜਾਏ

ਹਰਿ *(ਹਰ)*	ਨਾਮੁ *(ਨਾਮ)*	ਵਸੈ	ਮਨਿ *(ਮਨ)*	ਆਇ॥੧॥
ਪ੍ਰਭੂ	ਸਿਮਰਨ, ਬੰਦਗੀ	ਵਸ ਜਾਂਦੀ ਹੈ	ਚਿੱਤ ਅੰਦਰ	ਆਕੇ

...(ਜੇ ਧਰਮ-ਸਾਧਕ) ਸਤਿਗੁਰੂ ਦੀ ਸਿੱਖਿਆ ਰਾਹੀਂ ਜਿਊਂਦਾ ਮਰ ਜਾਏ, (ਭਾਵ ਮਾਇਆ ਦੇ ਵਿਕਾਰੀ ਪ੍ਰਭਾਵਾਂ ਤੋਂ ਜੀਵਨ ਵਿਚ ਹੀ ਮੁਕਤ ਹੋ ਜਾਏ) ਤਾਂ ਉਸਦੇ ਹਿਰਦੇ ਅੰਦਰ ਪ੍ਰਭੂ ਨਾਮ ਆ ਵਸੇਗਾ।...

ਸੁਣਿ *(ਸੁਣ)*	ਮਨ	ਮੇਰੇ,	ਭਜੁ *(ਭਜ)*	ਸਤਗੁਰ	ਸਰਣਾ *(ਸ਼ਰਣਾ)*॥
ਸਰਵਣ ਕਰ	ਚਿੱਤ	ਆਪਣੇ	ਭੱਜ ਕੇ, ਦੌੜ ਕੇ	ਸਤਿਗੁਰੂ ਦੀ	ਸ਼ਰਣ ਵਿਚ, ਓਟ ਵਿਚ

...(ਹੇ!) ਮੇਰੇ ਮਨ! ਸੁਣ, ਤੂੰ ਦੌੜ ਕੇ ਸਤਿਗੁਰੂ ਦੀ ਓਟ ਵਿਚ ਚਲੇ ਜਾਹ।...

ਗੁਰ	ਪਰਸਾਦੀ	ਛੂਟੀਐ,
ਸਤਿਗੁਰੂ	ਕਿਰਪਾ ਦੁਆਰਾ, ਮਿਹਰ ਰਾਹੀਂ	ਛੁੱਟ ਜਾਈਦਾ, ਬੱਚ ਜਾਈਦਾ

ਬਿਖੁ *(ਬਿੱਖ)*	ਭਵਜਲੁ, *(ਭਵਜਲ)*
ਜ਼ਹਿਰ	ਸੰਸਾਰ ਸਮੁੰਦਰ

ਸਬਦਿ *(ਸ਼ਬਦ)*	ਗੁਰ,	ਤਰਣਾ॥੧॥	ਰਹਾਉ ॥
ਸ਼ਬਦ ਦੁਆਰਾ, ਸਿੱਖਿਆ ਰਾਹੀਂ	ਸਤਿਗੁਰੂ	ਤਰੀਦਾ ਹੈ	ਠਹਿਰਾਉ

...ਸਤਿਗੁਰੂ ਦੀ ਮਿਹਰ ਰਾਹੀਂ (ਮਾਇਆ ਦੇ ਪ੍ਰਭਾਵ ਅਤੇ ਹਉਮੈ ਤੋਂ) ਬੱਚ ਜਾਈਦਾ ਹੈ। ਬਿੱਖ ਰੂਪੀ ਸੰਸਾਰ ਭਵਜਲ ਤੋਂ ਸਤਿਗੁਰੂ ਦੇ ਸ਼ਬਦ ਰਾਹੀਂ ਤਰ ਜਾਈਦਾ ਹੈ।...

ਤ੍ਰੈ	ਗੁਣ	ਸਭਾ	ਧਾਤੁ *(ਧਾਤ)*	ਹੈ,
ਤਿੰਨ	(ਸੱਤੋ, ਰੱਜੋ ਤੇ ਤੱਮੋ) ਹਾਲਤ	ਸਾਰੇ	ਨਾਸ਼ਵੰਤ ਮਾਇਆ	ਹੋਣ ਦੀ ਕ੍ਰਿਆ

ਅੰਕ ੩੩

ਦੂਜਾ	**ਭਾਉ**	**ਵਿਕਾਰੁ** *(ਵਿਕਾਰ)*॥
ਦੂਸਰਾ, ਹੋਰ ਪਾਸੇ ਦਾ	ਮੋਹ	ਬੁਰਿਆਈ

...ਰੱਜੋ, ਤੱਮੋ ਅਤੇ ਸੱਤੋ ਤਿੰਨਾਂ ਗੁਣਾਂ ਵਾਲੇ ਹਾਲਾਤ ਸਭ ਨਾਸ਼ਵੰਤ ਮਾਇਆ ਦਾ ਪਸਾਰਾ ਹੈ, ਅਤੇ ਦ੍ਵੈਤ-ਭਾਵ (ਅਥਵਾ ਪਰਮਾਤਮਾ ਵਲੋਂ ਧਿਆਨ ਹਟਾ ਕੇ) ਦੂਸਰੇ (ਮਾਇਆ ਵਾਲੇ) ਪਾਸੇ ਮੋਹ (ਵੱਡੀ) ਬੁਰਿਆਈ ਹੈ।...

ਪੰਡਿਤੁ *(ਪੰਡਿਤ)*	**ਪੜੈ,** *(ਪੜ੍ਹੈ)*	**ਬੰਧਨ**	**ਮੋਹ**	**ਬਾਧਾ,** *(ਬਾਂਧਾ)*
ਵਿਦਵਾਨ	ਪੜ੍ਹਦਾ ਹੈ	ਫਾਹੀ,ਜਾਲ	ਸਨੇਹ, ਲਗਾਓ	ਬੰਨ੍ਹਿਆ ਹੋਇਆ

ਨਹ *(ਨਹਿਂ)*	**ਬੂਝੈ**	**ਬਿਖਿਆ**	**ਪਿਆਰਿ** *(ਪਿਆਰ)*॥
ਨਹੀਂ	ਸਮਝਦਾ	(ਮਾਇਆ ਰੂਪੀ) ਜ਼ਹਿਰ	ਸਨੇਹ ਵਿਚ, ਲਗਾਓ ਵਿਚ

...ਪੰਡਿਤ (ਭਾਵ ਵਿਦਵਾਨ, ਪੁਸਤਕਾਂ) ਪੜ੍ਹਦਾ ਹੈ, (ਪਰ ਮਾਇਆਵੀ) ਮੋਹ ਦੇ ਬੰਧਨ ਵਿਚ ਬੰਨ੍ਹਿਆ ਹੋਇਆ, (ਪਰਮਾਤਮ ਸੱਚ ਨੂੰ) ਨਹੀਂ ਸਮਝਦਾ, (ਕਿਉਂਕਿ ਅਜੇ ਉਸਦਾ ਵਿਕਾਰਾਂ ਦੇ) ਜ਼ਹਿਰ ਨਾਲ ਪਿਆਰ ਹੈ।...

ਸਤਗੁਰਿ *(ਸਤਗੁਰ)*	**ਮਿਲਿਐ,**	**ਤ੍ਰਿਕੁਟੀ**	**ਛੂਟੈ,**
ਸਤਿਗੁਰੂ ਨਾਲ	ਮਿਲਣ ਕਰਕੇ	ਤਿੰਨਾਂ ਗੁਣਾਂ ਦੀ ਗੁੰਝਲ	ਛੁੱਟਦੀ ਹੈ, ਖੁੱਲ੍ਹਦੀ ਹੈ

ਚਉਥੈ	**ਪਦਿ** *(ਪਦ)*
ਚੌਥੀ ਅਵਸਥਾ ਦੁਆਰਾ,	ਤੁਰੀਆ ਅਵਸਥਾ ਦੁਆਰਾ, ਆਤਮਿਕ ਸਹਿਜ ਦੀ ਅਵਸਥਾ ਰਾਹੀਂ

ਮੁਕਤਿ *(ਮੁਕਤ)*	**ਦੁਆਰੁ** *(ਦੁਆਰ)*॥੨॥
ਮੁਕਤੀ, ਛੁਟਕਾਰੇ	ਦੁਆਰ,ਦਰਵਾਜ਼ਾ

...ਸਤਿਗੁਰੂ ਦੀ ਪ੍ਰਾਪਤੀ ਰਾਹੀਂ (ਰੱਜੋ, ਤੱਮੋ ਅਤੇ ਸੱਤੋ) ਤਿੰਨਾਂ ਗੁਣਾਂ ਦੀ ਗੁੰਝਲ ਤੋਂ ਛੁਟਕਾਰਾ ਮਿਲ ਜਾਂਦਾ ਹੈ, ਅਤੇ (ਧਰਮ ਸਾਧਕ ਨੂੰ) ਉਚੇਰੀ ਆਤਮਿਕ ਸਹਿਜ ਅਵਸਥਾ ਰਾਹੀਂ (ਭਵਜਲ ਤੋਂ) ਮੁਕਤ ਹੋਣ ਦਾ ਦੁਆਰ (ਦਿਸ ਪੈਂਦਾ ਹੈ।)...

ਗੁਰ	**ਤੇ**	**ਮਾਰਗੁ** *(ਮਾਰਗ)*	**ਪਾਈਐ,**
ਸਤਿਗੁਰੂ	ਤੋਂ	(ਪ੍ਰਭੂ ਦਰ ਦਾ) ਰਸਤਾ	ਪਾਈਦਾ ਹੈ

ਚੂਕੈ	**ਮੋਹੁ** *(ਮੋਹ)*	**ਗੁਬਾਰੁ** *(ਗੁਬਾਰ)* ॥
ਦੂਰ ਹੁੰਦਾ ਹੈ	ਸਨੇਹ, ਲਗਾਓ	ਅੰਧਕਾਰ, ਹਨ੍ਹੇਰੀ ਦੇ ਗਰਦੇ ਕਰਕੇ ਹੋਇਆ ਹਨ੍ਹੇਰਾ

ਅੰਕ ੩੩

...ਸਤਿਗੁਰੂ (ਦੇ ਸ਼ਬਦ) ਤੋਂ (ਪ੍ਰਭੂ ਦਰ ਦਾ) ਰਸਤਾ ਪਾਈਦਾ ਹੈ, ਅਤੇ (ਮਾਇਆ ਦੇ) ਮੋਹ ਵਾਲਾ ਅੰਧਕਾਰ ਦੂਰ ਹੁੰਦਾ ਹੈ।...

ਸਬਦਿ(*ਸ਼ਬਦ*)	**ਮਰੈ**	**ਤਾ**(*ਤਾਂ*)	**ਉਧਰੈ,**
(ਗੁਰ) ਸ਼ਬਦ ਰਾਹੀਂ, ਸਿੱਖਿਆ ਰਾਹੀਂ	ਮਰ ਜਾਵੇ	ਤਾਂ	ਉੱਧਾਰ ਹੁੰਦਾ ਹੈ, ਨਿਸਤਾਰਾ ਹੁੰਦਾ

ਪਾਏ	**ਮੋਖ**	**ਦੁਆਰੁ**(*ਦੁਆਰ*)॥
ਪਾਉਂਦਾ ਹੈ	ਮੁਕਤੀ ਦਾ	ਦਰਵਾਜ਼ਾ

...(ਜੇ ਕੋਈ ਸਤਿਗੁਰੂ ਦੇ) ਸ਼ਬਦ ਰਾਹੀਂ, ਭਾਵ ਗੁਰ-ਉਪਦੇਸ਼ ਰਾਹੀਂ (ਮਾਇਆਵੀ ਮੋਹ ਤੋਂ) ਮਰ ਜਾਏ, ਤਾਂ (ਉਸਦਾ) ਉਧਾਰ ਹੁੰਦਾ ਹੈ, ਤੇ (ਉਸਨੂੰ ਸੰਸਾਰ ਸਾਗਰ ਤੋਂ) ਮੁਕਤੀ ਦਾ ਦਰਵਾਜ਼ਾ ਲਭਦਾ ਹੈ।...

ਗੁਰ	**ਪਰਸਾਦੀ**	**ਮਿਲਿ**(*ਮਿਲ*)	**ਰਹੈ,**
ਸਤਿਗੁਰੂ ਦੀ	ਕਿਰਪਾ ਰਾਹੀਂ	ਮਿਲਿਆ, ਜੁੜਿਆ	ਰਹਿ ਸਕਦਾ ਹੈ

ਸਚੁ(*ਸੱਚ*)	**ਨਾਮੁ**(*ਨਾਮ*)	**ਕਰਤਾਰੁ**(*ਕਰਤਾਰ*)॥੩॥
ਸਦਾ ਸਥਿਰ	(ਪ੍ਰਭੂ)ਸਿਮਰਨ	ਸਿਰਜਣਹਾਰ (ਪਰਮਾਤਮਾ)

...(ਉਹ) ਸਤਿਗੁਰੂ ਦੀ ਕਿਰਪਾ ਰਾਹੀਂ, ਸਦਾ-ਸਥਿਰ ਕਰਤਾਪੁਰਖ ਦੇ ਨਾਮ ਸਿਮਰਨ ਦੁਆਰਾ, ਉਸ ਨਾਲ ਜੁੜਿਆ ਰਹਿ ਸਕਦਾ ਹੈ।...

ਇਹੁ(*ਏਹ*)	**ਮਨੂਆ,**	**ਅਤਿ**(*ਅਤ*)	**ਸਬਲ**	**ਹੈ,**
ਇਹ	ਮਨ, ਚਿੱਤ	ਬਹੁਤ	ਬਲਵਾਨ, ਤਾਕਤਵਰ	ਹੋਣ ਦੀ ਕ੍ਰਿਆ

ਛਡੇ	**ਨ**(*ਨਾਂ*)	**ਕਿਤੈ**	**ਉਪਾਇ**॥
ਛਡਦਾ	ਨਹੀਂ	ਕਿਸੇ ਵੀ	ਉਪਾ ਨਾਲ,ਤਰੀਕੇ ਰਾਹੀਂ

...ਇਹ ਮਨ ਬਹੁਤ ਤਾਕਤਵਰ ਹੈ, (ਪ੍ਰਭੂ ਕਿਰਪਾ ਅਤੇ ਉਸਦੇ ਸਿਮਰਨ ਤੋਂ ਬਿਨਾਂ ਹੋਰ) ਕਿਸੇ ਵੀ ਤਰੀਕੇ ਨਾਲ ਇਹ (ਮਾਇਆਵੀ ਵਿਕਾਰਾਂ ਦਾ ਖਹਿੜਾ) ਨਹੀਂ ਛਡਦਾ।...

ਦੂਜੈ	**ਭਾਇ**	**ਦੁਖੁ**(*ਦੁੱਖ*)	**ਲਾਇਦਾ,**(*ਲਾਇੰਦਾ*)
ਦੂਸਰੇ	ਮੋਹ ਕਰਕੇ, ਲਗਾਓ ਕਾਰਣ	ਕਸ਼ਟ	ਲਾਉਂਦਾ ਹੈ,

ਬਹੁਤੀ	**ਦੇਇ**	**ਸਜਾਇ**(*ਸਜ਼ਾਇ*)॥
ਅਤਿਅੰਤ	ਦਿੰਦਾ ਹੈ	ਸਜ਼ਾ

ਅੰਕ ੩੩

...(ਇਹ ਬਲਵਾਨ ਮਨ, ਜੀਵ ਨੂੰ) ਦ੍ਵੈਤ-ਭਾਵ, ਭਾਵ ਮਾਇਆ ਦੇ ਮੋਹ ਵਿਚ ਫਸਾਈ ਰਖਕੇ ਦੁੱਖ ਕਲੇਸ਼ ਲਾਈ ਰਖਦਾ ਹੈ, ਅਤੇ ਬਹੁਤ ਸਜ਼ਾ ਦਿੰਦਾ ਹੈ।...

ਨਾਨਕ,	**ਨਾਮਿ** *(ਨਾਮ)*	**ਲਗੇ**	**ਸੇ**	**ਉਬਰੇ,**
ਹੇ! ਨਾਨਕ!	(ਪ੍ਰਭ) ਸਿਮਰਨ ਵਿਚ	ਲਗਦੇ, ਜੁੜਦੇ	ਉਹ	ਉਭਰ ਗਏ, ਤਰ ਗਏ

ਹਉਮੈ	**ਸਬਦਿ** *(ਸ਼ਬਦ)*	**ਗਵਾਇ ॥੪॥੧੮॥੫੧॥**
ਹੰਕਾਰ	(ਗੁਰ) ਸ਼ਬਦ ਦੁਆਰਾ	ਗੁਆ ਦਿੰਦੇ ਹਨ, ਦੂਰ ਕਰ ਦਿੰਦੇ ਹਨ

...ਹੇ! ਨਾਨਕ! (ਜੋ ਪ੍ਰਭੂ) ਸਿਮਰਨ ਵਿਚ ਜੁੜਦੇ ਹਨ, ਉਹ ਸਤਿਗੁਰੂ ਦੇ ਸ਼ਬਦ ਰਾਹੀਂ (ਆਪਣੀ) ਹਉਮੈ ਦੂਰ ਕਰਕੇ, (ਸੰਸਾਰ ਸਾਗਰ ਤੋਂ) ਤਰ ਗਏ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਕਿਰਪਾ	**ਕਰੇ,**	**ਗੁਰੁ** *(ਗੁਰ)*	**ਪਾਈਐ,**
ਮਿਹਰ	ਕਰ ਦੇਵੇ	ਸਤਿਗੁਰੂ	ਪਾਈਦਾ ਹੈ
ਹਰਿ *(ਹਰ)*	**ਨਾਮੋ**	**ਦੇਇ** *(ਦੇ)*	**ਦ੍ਰਿੜਾਇ** *(ਦ੍ਰਿੜ੍ਹਾਏ)* **॥**
ਪ੍ਰਭੂ	ਸਿਮਰਨ	ਦੇ ਦਿੰਦਾ	ਦਿੜ੍ਹ ਕਰਾਕੇ, ਚੰਗੀ ਤਰ੍ਹਾਂ ਸਮਝਾ ਕੇ

...(ਜੇ ਪਰਮਾਤਮਾ ਆਪਣੀ) ਮਿਹਰ ਕਰ ਦੇਵੇ, ਤਾਂ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਅਤੇ (ਸਤਿਗੁਰੂ ਸ਼ਬਦ ਰਾਹੀਂ) ਪ੍ਰਭੂ ਸਿਮਰਨ ਨੂੰ, (ਜੀਵ ਦੇ ਹਿਰਦੇ ਅੰਦਰ) ਦ੍ਰਿੜ੍ਹ ਕਰਕੇ ਟਿਕਾ ਦਿੰਦਾ ਹੈ।...

ਬਿਨੁ *(ਬਿਨ)*	**ਗੁਰ,**	**ਕਿਨੈ**	**ਨ** *(ਨਾਂ)*	**ਪਾਇਓ,**
ਬਿਨਾਂ	ਸਤਿਗੁਰੂ	ਕਿਸੇ ਨੇ	ਨਹੀਂ	ਪ੍ਰਾਪਤ ਕੀਤਾ

ਬਿਰਥਾ	**ਜਨਮੁ,** *(ਜਨਮ)*	**ਗਵਾਇ ॥**
ਵਿਅਰਥ	ਜੀਵਨ	ਗਵਾ ਲੈਂਦਾ ਹੈ।

...ਸਤਿਗੁਰੂ (ਦੇ ਸ਼ਬਦ ਤੋਂ) ਬਗੈਰ, ਕਿਸੇ ਨੇ ਵੀ (ਪਰਮਾਤਮਾ ਨੂੰ) ਨਹੀਂ ਪਾਇਆ, ਅਤੇ (ਗੁਰ ਉਪਦੇਸ਼ ਬਿਨਾਂ ਜੀਵ ਆਪਣੇ) ਜੀਵਨ ਨੂੰ ਵਿਅਰਥ ਗਵਾ ਲੈਂਦਾ ਹੈ।...

ਮਨਮੁਖ	**ਕਰਮ**	**ਕਮਾਵਣੇ,**
ਮਨਮਤੀ	ਕੰਮ	ਕਰਨੇ

ਅੰਕ ੩੩

ਦਰਗਹ *(ਦਰਗਹਿ)*	ਮਿਲੈ	ਸਜਾਇ *(ਸਜ਼ਾਇ)* ॥੧॥
ਦਰਗਾਹ,	ਪ੍ਰਭੂ ਦੁਆਰ ਮਿਲਦੀ ਹੈ	ਸਜ਼ਾ, ਦੰਡ

...(ਜੀਵ, ਸਤਿਗੁਰੂ ਤੋਂ ਬੇਮੁੱਖ ਹੋਕੇ) ਮਨ ਦੇ ਮਗਰ ਲਗਿਆਂ ਜੋ ਵੀ ਕੰਮ ਕਰਦਾ ਹੈ, (ਪ੍ਰਭੂ) ਦਰ ਤੇ (ਉਸਦੀ ਉਸਨੂੰ) ਸਜ਼ਾ ਮਿਲਦੀ ਹੈ।...

ਮਨ	ਰੇ,	ਦੂਜਾ	ਭਾਉ	ਚੁਕਾਇ॥
ਚਿੱਤ	ਹੇ!	ਦੂਸਰਾ	ਮੋਹ, ਲਗਾਓ	ਦੂਰ ਕਰ, ਹਟਾ ਦੇ

...ਹੇ! (ਮੇਰੇ) ਮਨ! (ਹਿਰਦੇ ਵਿਚੋਂ) ਦ੍ਵੈਤ-ਭਾਵ ਵਾਲਾ (ਭਾਵ ਮਾਇਆ ਵਾਲਾ) ਮੋਹ ਦੂਰ ਕਰ ਦੇਹ...

ਅੰਤਰਿ *(ਅੰਤਰ)*	ਤੇਰੈ	ਹਰਿ *(ਹਰ)*	ਵਸੈ,
ਅੰਦਰ, ਹਿਰਦੇ ਵਿਚ	ਤੇਰੇ	ਪ੍ਰਭੂ	ਵਸਦਾ ਹੈ, ਟਿਕਿਆ ਹੋਇਆ ਹੈ

ਗੁਰ	ਸੇਵਾ	ਸੁਖੁ *(ਸੁੱਖ)*	ਪਾਇ॥	ਰਹਾਉ ॥
ਸਤਿਗੁਰੂ	ਸੇਵਾ (ਸਿੱਖਿਆ)	ਆਤਮਿਕ ਅਨੰਦ	ਪਾਈਦਾ ਹੈ	ਠਹਿਰਾਉ

...(ਦੂਜਾ ਭਾਉ ਚੁਕਾਉਣ ਨਾਲ ਤੈਨੂੰ ਅਨੁਭਵ ਹੋ ਜਾਏਗਾ ਕਿ) ਤੇਰੇ ਅੰਦਰ ਤਾਂ ਹਰੀ ਵਸਦਾ ਹੈ। ਸਤਿਗੁਰੂ ਦੀ ਸੇਵਾ (ਭਾਵ ਸਿੱਖਿਆ ਰਾਹੀਂ ਅੰਦਰੋਂ ਹੀ) ਆਤਮਿਕ ਅਨੰਦ ਪਾਈਦਾ ਹੈ।...

ਸਚੁ *(ਸੱਚ)*	ਬਾਣੀ,	ਸਚੁ *(ਸੱਚ)*	ਸਬਦੁ *(ਸ਼ਬਦ)*	ਹੈ,
ਸਦਾ ਸਥਿਰ ਪ੍ਰਭੂ	ਹੁਕਮ	ਸਤਿ	(ਸਤਿਗੁਰੂ) ਸ਼ਬਦ	ਹੋਣ ਦੀ ਕ੍ਰਿਆ

ਜਾ *(ਜਾਂ)*	ਸਚਿ *(ਸੱਚ)*	ਧਰੇ	ਪਿਆਰੁ *(ਪਿਆਰ)*॥
ਜਦੋਂ	ਸਦਾ ਸਥਿਰ ਪ੍ਰਭੂ ਨਾਲ	ਧਰਦਾ ਹੈ,ਪਾਉਂਦਾ ਹੈ	ਪਿਆਰ

...ਜਦੋਂ (ਧਰਮ-ਸਾਧਕ) ਸਦੀਵ-ਸੱਚ ਪਰਮਾਤਮਾ ਨਾਲ ਪਿਆਰ ਪਾਉਂਦਾ ਹੈ, (ਤਾਂ ਉਸਨੂੰ ਸਮਝ ਲਗਦੀ ਹੈ ਕਿ) (ਸਤਿਗੁਰੂ ਦਾ) ਸੱਚਾ-ਸ਼ਬਦ ਹੀ, ਸੱਚ-ਪ੍ਰਭੂ ਦੀ ਬਾਣੀ ਹੈ (ਭਾਵ ਇਹ ਉਸਦਾ ਇਲਾਹੀ ਸੰਦੇਸ਼ ਅਥਵਾ ਹੁਕਮ ਹੈ) ...

ਹਰਿ *(ਹਰ)*	ਕਾ	ਨਾਮੁ *(ਨਾਮ)*	ਮਨਿ *(ਮਨ)*	ਵਸੈ,
ਪ੍ਰਭੂ	ਦਾ	ਸਿਮਰਨ	ਚਿੱਤ ਅੰਦਰ	ਵਸ ਜਾਵੇ

ਹਉਮੈ	ਕ੍ਰੋਧੁ *(ਕ੍ਰੋਧ)*	ਨਿਵਾਰਿ *(ਨਿਵਾਰ)*॥
ਹੰਕਰ	ਗੁੱਸਾ	ਨਵਿਰਤ ਕਰਕੇ, ਦੂਰ ਕਰਕੇ

ਅੰਕ ੩੩-੩੪

...(ਪ੍ਰਭੂ ਪਿਆਰ ਨਾਲ ਧਰਮ-ਸਾਧਕ ਦੇ ਹਿਰਦੇ ਵਿਚੋਂ) ਹਉਮੈ ਅਤੇ ਕ੍ਰੋਧ ਦੂਰ ਹੋਣ ਕਰਕੇ, ਚਿੱਤ ਅੰਦਰ ਪ੍ਰਭੂ ਦਾ ਨਾਮ ਵਸ ਜਾਂਦਾ ਹੈ।...

ਮਨਿ,(ਮਨ)	ਨਿਰਮਲ	ਨਾਮੁ(ਨਾਮ)	ਧਿਆਈਐ,
ਚਿੱਤ ਰਾਹੀਂ	ਪਵਿੱਤਰ	ਨਾਮ, ਸਿਮਰਨ	ਧਿਆਈਦਾ ਹੈ

ਤਾ(ਤਾਂ)	ਪਾਏ	ਮੋਖ	ਦੁਆਰੁ(ਦੁਆਰ)॥੨॥
ਉਦੋਂ	ਪ੍ਰਾਪਤ ਹੁੰਦਾ ਹੈ	ਮੁਕਤੀ ਦਾ	ਦਰਵਾਜ਼ਾ

...(ਫਿਰ) ਪ੍ਰਭੂ ਦਾ ਸਿਮਰਨ ਪਵਿੱਤਰ ਮਨ ਦੇ ਰਾਹੀਂ ਧਿਆਈਦਾ ਹੈ, ਤਾਂ (ਸੰਸਾਰ ਤੋਂ) ਮੁਕਤੀ ਦਾ ਦਰਵਾਜ਼ਾ ਲੱਭਦਾ ਹੈ।...

ਹਉਮੈ	ਵਿਚਿ(ਵਿਚ)	ਜਗੁ(ਜਗ)	ਬਿਨਸਦਾ,
ਹੰਕਾਰ	ਵਿਚ	ਸੰਸਾਰ	ਵਿਨਾਸ਼ ਹੁੰਦਾ

ਮਰਿ(ਮਰ)	ਜੰਮੈ	ਆਵੈ	ਜਾਇ॥
ਮਰ ਕੇ	ਜੰਮਦਾ ਹੈ	ਆਉਂਦਾ	ਜਾਂਦਾ ਹੈ

...(ਸਾਰਾ) ਸੰਸਾਰ ਹਉਮੈ (ਦੇ ਦੀਰਘ ਰੋਗ) ਅੰਦਰ ਵਿਨਾਸ਼ ਹੋ ਰਿਹਾ ਹੈ, ਮਰ ਮਰ ਕੇ ਜੰਮਦਾ ਹੈ, ਅਤੇ ਆਉਣ ਜਾਣ ਦੇ ਗੇੜ ਵਿਚ ਪਿਆ ਰਹਿੰਦਾ ਹੈ।...

ਮਨਮੁਖ	ਸਬਦੁ(ਸ਼ਬਦ)	ਨ(ਨਾਂ)	ਜਾਣਨੀ,
ਗੁਰੂ ਤੋਂ ਬੇਮੁੱਖ	(ਸਤਿਗੁਰੂ ਦੇ)ਸ਼ਬਦ	ਨਹੀਂ	ਜਾਣਦੇ, ਸਮਝਦੇ

ਜਾਸਨਿ(ਜਾਸਨ)	ਪਤਿ(ਪਤ)	ਗਵਾਇ॥
ਜਾਣਗੇ, (ਸੰਸਾਰ ਤੋਂ) ਤੁਰਨਗੇ	ਇੱਜ਼ਤ, ਮਾਣ	ਗਵਾਕੇ

...ਆਪਣੇ ਮਨ ਦੇ ਮਗਰ ਲਗਣ ਵਾਲੇ ਸਤਿਗੁਰੂ ਤੋਂ ਬੇਮੁੱਖ, ਗੁਰੂ ਦੇ ਉਪਦੇਸ਼ ਨੂੰ ਨਹੀਂ ਸਮਝਦੇ, (ਇਸ ਲਈ ਆਪਣੀ) ਇੱਜ਼ਤ ਮਾਣ ਗੁਆਕੇ ਸੰਸਾਰ ਤੋਂ ਜਾਣਗੇ।...

ਗੁਰ	ਸੇਵਾ,	ਨਾਉ(ਨਾਉਂ)	ਪਾਈਐ,
ਸਤਿਗੁਰੂ ਦੀ	ਸੇਵਾ/ਸਿੱਖਿਆ ਰਾਹੀਂ	(ਪ੍ਰਭੂ) ਨਾਮ	ਪ੍ਰਾਪਤ ਕਰੀਦਾ ਹੈ

ਸਚੈ (ਸੱਚੇ)	ਰਹੈ	ਸਮਾਇ॥੩॥
ਸਦਾ ਸਥਿਰ	ਰਹੀਦਾ ਹੈ	ਸਮਾਇਆ, ਲੀਨ ਹੋਏ

...ਸਤਿਗੁਰੂ ਦੀ ਸੇਵਾ, ਭਾਵ ਸਿੱਖਿਆ ਰਾਹੀਂ ਪ੍ਰਭੂ ਨਾਮ ਪ੍ਰਾਪਤ ਕਰੀਦਾ ਹੈ, (ਜਿਸ ਨਾਲ ਹਮੇਸ਼ਾਂ) ਸਦਾ-ਸਥਿਰ ਪਰਮਾਤਮਾ ਵਿਚ ਸਮਾਏ ਰਹੀਦਾ ਹੈ।...

ਸਬਦਿ *(ਸ਼ਬਦ)*	**ਮੰਨਿਐ,**	**ਗੁਰੁ** *(ਗੁਰ)*	**ਪਾਈਐ,**
ਸ਼ਬਦ ਰਾਹੀ	ਮਨਨ ਕਰਕੇ, ਚਿੰਤਨ ਕਰਕੇ	ਸਤਿਗੁਰੂ (ਪ੍ਰਭੂ)	ਪਾਈਦਾ ਹੈ, ਪ੍ਰਾਪਤ ਕਰੀਦਾ ਹੈ

ਵਿਚਹੁ *(ਵਿਚਹੁੰ)*	**ਆਪੁ** *(ਆਪ)*	**ਗਵਾਇ॥**
(ਹਿਰਦੇ) ਅੰਦਰੋਂ	ਆਪਾ ਭਾਵ, ਹਉਮੈ	ਗਵਾ ਕੇ

...ਹਿਰਦੇ ਵਿਚੋਂ ਹਉਮੈਂ ਦੂਰ ਕਰਕੇ, ਗੁਰ ਸ਼ਬਦ ਦੇ ਚਿੰਤਨ ਰਾਹੀਂ ਸਤਿਗੁਰੂ, ਭਾਵ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।...

ਅਨਦਿਨੁ *(ਅਨਦਿਨ)*	**ਭਗਤਿ** *(ਭਗਤ)*	**ਕਰੇ**	**ਸਦਾ,**
ਦਿਨ ਰਾਤ	ਭਗਤੀ, ਪ੍ਰਭੂ ਅਰਾਧਨਾ	ਕਰ ਲਵੇ	ਹਮੇਸ਼ਾਂ

ਸਾਚੇ	**ਕੀ**	**ਲਿਵ**	**ਲਾਇ॥**
ਸਦਾ ਸਥਿਰ ਪ੍ਰਭੂ	ਦੀ	ਧਿਆਨ	ਲਗਾ ਕੇ

...(ਅਜਿਹਾ ਧਰਮ-ਸਾਧਕ) ਹਮੇਸ਼ਾਂ ਦਿਨ ਰਾਤ, ਭਾਵ ਹਰ ਪਲ ਸਦਾ ਸਥਿਰ ਪਰਮਾਤਮਾ ਵਿਚ ਲਿਵ ਜੋੜਕੇ, ਉਸਦੀ ਅਰਾਧਨਾ ਕਰਦਾ ਹੈ।...

ਨਾਮੁ *(ਨਾਮ)*	**ਪਦਾਰਥੁ** *(ਪਦਾਰਥ)*	**ਮਨਿ** *(ਮਨ)*	**ਵਸਿਆ,**
(ਪ੍ਰਭੂ) ਸਿਮਰਨ	ਵਸਤੂ	ਮਨ ਵਿਚ	ਵਸ ਗਿਆ ਹੈ

ਨਾਨਕ,	**ਸਹਜਿ** *(ਸਹਿਜ)*	**ਸਮਾਇ॥੪॥੧੯॥੫੨॥**
ਹੇ! ਨਾਨਕ!	ਆਤਮਿਕ ਟਿਕਾਉ	ਸਮਾ ਕੇ, ਲੀਨ ਹੋਕੇ

...ਹੇ! ਨਾਨਕ! ਆਤਮਿਕ ਅਡੋਲਤਾ ਵਿਚ ਲੀਨ ਹੋਕੇ, (ਅਜਿਹੇ ਭਗਤ ਦੇ) ਚਿੱਤ ਵਿਚ ਪ੍ਰਭੂ ਸਿਮਰਨ (ਰੂਪੀ ਅਮੁੱਲ) ਵਸਤੂ ਵਸ ਜਾਂਦੀ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)***॥**
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਜਿਨੀ *(ਜਿਨ੍ਹੀਂ)*	**ਪੁਰਖੀ,** *(ਪੁਰਖੀਂ)*	**ਸਤਗੁਰੁ** *(ਸਤਗੁਰ)*	**ਨ** *(ਨਾਂ)*	**ਸੇਵਿਓ,**
ਜਿਨ੍ਹਾਂ	ਪੁਰਖਾਂ ਨੇ	ਸਤਿਗੁਰੂ ਨੂੰ	ਨਹੀਂ	ਅਰਾਧਿਆ

ਸੇ	ਦੁਖੀਏ	ਜੁਗ	ਚਾਰਿ *(ਚਾਰ)* ॥
ਉਹ	ਦੁੱਖੀ	ਜੁਗਾਂ	ਚੌਹਾਂ ਵਿਚ

...ਜਿਨ੍ਹਾਂ ਜੀਵਾਂ ਨੇ ਸਤਿਗੁਰੂ ਨੂੰ ਨਹੀਂ ਅਰਾਧਿਆ, ਉਹ ਚੌਹਾਂ ਜੁਗਾਂ ਵਿਚ ਹੀ ਭਾਵ ਸਦਾ ਦੁੱਖੀ ਰਹਿੰਦੇ ਹਨ।...

ਘਰਿ *(ਘਰ)*	ਹੋਂਦਾ *(ਹੋਂਦਾ)*	ਪੁਰਖੁ, *(ਪੁਰਖ)*	ਨ *(ਨਾਂ)*	ਪਛਾਣਿਆ,
ਅੰਤਹਕਰਨ ਵਿਚ	ਹੁੰਦਾ	ਪੁਰਖ (ਪਰਮਾਤਮਾ)	ਨਹੀਂ	ਪਹਿਚਾਣ ਸਕੇ

ਅਭਿਮਾਨਿ *(ਅਭਿਮਾਨ)*	ਮੁਠੇ	ਅਹੰਕਾਰਿ *(ਅਹੰਕਾਰ)* ॥
ਹਉਮੈ ਵਿਚ	ਠੱਗੇ	ਹੰਕਾਰ

...ਹਉਮੈ ਤੇ ਹੰਕਾਰ ਰਾਹੀਂ ਠੱਗੇ ਹੋਣ ਕਰਕੇ, ਉਹ ਆਪਣੇ ਹਿਰਦੇ ਵਿਚ ਪਰਮਾਤਮਾ ਨੂੰ ਹੁੰਦੇ ਹੋਏ ਵੀ ਪਹਿਚਾਣ ਨਹੀਂ ਸਕੇ।...

ਸਤਗੁਰੂ	ਕਿਆ *(ਕਿਆਂ)*	ਫਿਟਕਿਆ, *(ਫਿਟਕਿਆਂ)*
ਸਤਿਗੁਰੂ	ਦਿਆਂ	ਫਿਟਕਾਰੇ ਹੋਏ, ਦੁਰਕਾਰੇ ਹੋਏ

ਮੰਗਿ *(ਮੰਗ)*	ਥਕੇ	ਸੰਸਾਰਿ *(ਸੰਸਾਰ)* ॥
ਮੰਗ ਕੇ	ਥਕ ਗਏ	ਸੰਸਾਰ ਵਿਚ

...ਸਤਿਗੁਰੂ ਦੇ ਫਿਟਕਾਰੇ ਹੋਏ, (ਭਾਵ ਗੁਰੂ ਤੋਂ ਬੇਮੁੱਖ, ਸੰਸਾਰ ਵਿਚ ਮੰਗ ਮੰਗ ਕੇ ਥਕ ਗਏ, (ਪਰ ਉਨ੍ਹਾਂ ਨੂੰ ਕਿਤੋਂ ਵੀ ਖ਼ੈਰ ਨਹੀਂ ਪੈਂਦੀ)...

ਸਚਾ	ਸਬਦੁ *(ਸ਼ਬਦ)*	ਨ *(ਨਾ)*	ਸੇਵਿਓ,
ਅਟੱਲ, ਸਦਾ ਸਥਿਰ	ਸ਼ਬਦ	ਨਹੀਂ	ਅਰਾਧਿਆ

ਸਭਿ *(ਸਭ)*	ਕਾਜ	ਸਵਾਰਣਹਾਰੁ *(ਸਵਾਰਣਹਾਰ)* ॥੧॥
ਸਾਰੇ	ਕੰਮ	ਸੰਵਾਰਨ ਵਾਲਾ

...(ਇਨ੍ਹਾਂ ਬੇਮੁੱਖਾਂ ਨੇ) ਸਦਾ-ਸਥਿਰ (ਸਤਿਗੁਰੂ ਦੇ) ਸ਼ਬਦ ਦੀ ਅਰਾਧਨਾ ਨਹੀਂ ਕੀਤੀ, ਜੋ (ਜੀਵ ਦੇ) ਸਾਰੇ ਕਾਜ ਸੰਵਾਰਨ ਵਾਲਾ ਹੈ।...

ਮਨ	ਮੇਰੇ,	ਸਦਾ	ਹਰਿ *(ਹਰ)*	ਵੇਖੁ *(ਵੇਖ)*	ਹਦੂਰਿ *(ਹਦੂਰ)* ॥
ਚਿੱਤ	ਆਪਣੇ	ਹਮੇਸ਼ਾਂ	ਪ੍ਰਭੂ ਨੂੰ	ਤੱਕ	ਹਜ਼ੂਰੀ ਵਿਚ, ਹਾਜ਼ਰ ਨਾਜ਼ਰ

...ਹੇ! ਮੇਰੇ ਮਨ! ਪਰਮਾਤਮਾ ਨੂੰ ਹਮੇਸ਼ਾਂ ਹਾਜ਼ਰ ਨਾਜ਼ਰ ਵੇਖ, ਭਾਵ ਅਨੁਭਵ ਕਰ।...

ਅੰਕ ੩੪

ਜਨਮ	ਮਰਨ	ਦੁਖੁ *(ਦੁੱਖ)*	ਪਰਹਰੈ,
ਜੰਮਣ ਦਾ	ਮੌਤ ਦਾ	ਕਸ਼ਟ	ਦੂਰ ਕਰਦਾ ਹੈ

ਸਬਦਿ *(ਸ਼ਬਦ)*	ਰਹਿਆ	ਭਰਪੂਰਿ *(ਭਰਪੂਰ)*॥੧॥	ਰਹਾਉ ॥
(ਗੁਰ) ਸ਼ਬਦ ਵਿਚ	ਰਹਿੰਦਾ ਹੈ	ਪਰਿਪੂਰਣ, ਵਿਆਪਕ	ਠਹਿਰਾਉ

...(ਪਰਮਾਤਮਾ) ਜੰਮਣ ਮਰਣ ਦੇ ਦੁੱਖ ਨੂੰ ਦੂਰ ਕਰਦਾ ਹੈ, ਅਤੇ ਉਹ (ਗੁਰ) ਸ਼ਬਦ ਵਿਚ ਪਰਿਪੂਰਣ ਹੈ।...

ਸਚੁ *(ਸੱਚ)*	ਸਲਾਹਨਿ *(ਸਲਾਹਨ)*	ਸੇ	ਸਚੇ *(ਸੱਚੇ)*,
ਸਦਾ ਸਥਿਰ ਪ੍ਰਭੂ	ਸਲਾਹੁੰਦੇ	ਉਹ	ਸੱਚ ਸਰੂਪ

ਸਚਾ *(ਸੱਚਾ)*	ਨਾਮੁ *(ਨਾਮ)*	ਅਧਾਰੁ *(ਅਧਾਰ)*॥
ਅਟੱਲ, ਸਦਾ ਸਥਿਰ	(ਪ੍ਰਭੂ) ਸਿਮਰਨ	ਆਸਰਾ, ਸਹਾਰਾ

...ਜੋ ਸਦਾ-ਸਥਿਰ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਦੇ ਹਨ, ਉਹ ਸੱਚ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ, ਅਤੇ ਉਨ੍ਹਾਂ ਦੇ ਜੀਵਨ ਦਾ ਆਧਾਰ, (ਵਾਹਿਗੁਰੂ ਦਾ) ਸਦੀਵ-ਸੱਚ ਨਾਮ ਬਣ ਜਾਂਦਾ ਹੈ।...

ਸਚੀ *(ਸੱਚੀ)*	ਕਾਰ	ਕਮਾਵਣੀ,
ਸੱਚ ਵਾਲੀ, ਸਦਾ-ਸਥਿਰ ਰਹਿਣ ਵਾਲੀ	ਕਮਾਈ	ਕਮਾਉਣੀ

ਸਚੇ	ਨਾਲਿ *(ਨਾਲ)*	ਪਿਆਰੁ *(ਪਿਆਰ)*॥
ਸਦਾ-ਸਥਿਰ ਪ੍ਰਭੂ	ਨਾਲ, ਸੰਗ	ਪ੍ਰੀਤ, ਸਨੇਹ

...(ਉਨ੍ਹਾਂ ਧਰਮ-ਸਾਧਕਾਂ ਨੇ) ਸਦਾ ਸਥਿਰ ਰਹਿਣ ਵਾਲੀ ਕਮਾਈ ਕਮਾ ਕੇ, ਸਦਾ-ਸਥਿਰ ਪਰਮਾਤਮਾ ਨਾਲ ਪਿਆਰ ਪਾ ਲਿਆ ਹੈ।...

ਸਚਾ *(ਸੱਚਾ)*	ਸਾਹੁ *(ਸ਼ਾਹ)*	ਵਰਤਦਾ,
ਸਦਾ-ਸਥਿਰ	ਪਾਤਸ਼ਾਹ (ਅਕਾਲ ਪੁਰਖ)	ਵਰਤ ਰਿਹਾ ਹੈ, ਚਲ ਰਿਹਾ ਹੈ

ਕੋਇ	ਨ *(ਨਾਂ)*	ਮੇਟਣਹਾਰੁ *(ਮੇਟਣਹਾਰ)*॥
ਕੋਈ ਵੀ	ਨਹੀਂ	ਮਿਟਾਉਣ ਵਾਲਾ

...ਸੱਚੇ ਪਾਤਸ਼ਾਹ ਦਾ (ਹੁਕਮ ਸਭ ਥਾਈਂ) ਵਰਤ ਰਿਹਾ ਹੈ, ਕੋਈ ਵੀ (ਉਸ ਇਲਾਹੀ ਹੁਕਮ ਨੂੰ) ਮਿਟਾਉਣ ਵਾਲਾ ਨਹੀਂ ਹੈ।...

ਅੰਕ ੩੪

ਮਨਮੁਖ,	ਮਹਲੁ *(ਮਹਿਲ)*	ਨ *(ਨਾਂ)*	ਪਾਇਨੀ ,
(ਗੁਰੂ ਤੋਂ ਬੇਮੁੱਖ)	(ਪ੍ਰਭੂ ਦਾ) ਨਿਵਾਸ	ਨਹੀਂ	ਪਾਉਂਦੇ

ਕੂੜਿ *(ਕੂੜ)*	ਮੁਠੇ	ਕੂੜਿਆਰ ॥੨॥
ਕੂੜ ਵਿਚ	ਠੱਗੇ ਹੋਏ	ਝੂਠੇ

...ਕੂੜ ਦੁਆਰਾ ਠੱਗੇ ਹੋਏ ਕੂੜੇ ਮਨਮੁੱਖ, ਪਰਮਾਤਮ ਮਹਿਲ ਦੀ ਪ੍ਰਾਪਤੀ ਨਹੀਂ ਕਰ ਸਕਦੇ।...

ਹਉਮੈ	ਕਰਤਾ	ਜਗੁ *(ਜੱਗ)*	ਮੁਆ,
ਹੰਕਾਰ	ਕਰਦਾ ਹੋਇਆ	ਸੰਸਾਰ	ਮਰ ਰਿਹਾ ਹੈ

ਗੁਰ	ਬਿਨੁ *(ਬਿਨ)*	ਘੋਰ	ਅੰਧਾਰੁ *(ਅੰਧਾਰ)*॥
ਸਤਿਗੁਰੂ	ਬਿਨਾਂ	ਘੁੱਪ	ਅੰਧਕਾਰ

...ਹਉਂ ਹਉਂ ਕਰਦਾ ਹੋਇਆ ਸਾਰਾ ਸੰਸਾਰ ਮਰ ਰਿਹਾ ਹੈ, (ਹਉਮੈ ਦੇ ਪਸਾਰੇ ਕਰਕੇ ਸਭਨਾਂ ਦੇ ਹਿਰਦਿਆਂ ਵਿਚ) ਗੁਰੂ ਬਾਝੋਂ ਘੁੱਪ ਹਨ੍ਹੇਰਾ ਪਸਰਿਆ ਪਿਆ ਹੈ।...

ਮਾਇਆ	ਮੋਹਿ *(ਮੋਹ)*	ਵਿਸਾਰਿਆ,
ਮਾਇਆਵੀ ਪਦਾਰਥਾਂ	ਸਨੇਹ ਵਿਚ, ਲਗਾਓ ਵਿਚ	ਵਿਸਾਰ ਦਿੱਤਾ, ਭੁਲਾ ਦਿੱਤਾ

ਸੁਖਦਾਤਾ	ਦਾਤਾਰੁ *(ਦਾਤਾਰ)* ॥
ਸੁੱਖਾਂ ਨੂੰ ਪ੍ਰਦਾਨ ਕਰਨ ਵਾਲਾ	ਦਾਤਾ ਦੇਣ ਵਾਲਾ ਪ੍ਰਭੂ

...(ਜੀਵ ਨੇ) ਮਾਇਆਵੀ ਪਦਾਰਥਾਂ ਦੇ ਮੋਹ ਵਿਚ, ਦਾਤਾਂ ਨੂੰ ਦੇਣ ਵਾਲੇ ਸੁੱਖਦਾਤੇ (ਪਰਮਾਤਮਾ) ਨੂੰ ਭੁਲਾ ਦਿੱਤਾ ਹੈ।...

ਸਤਗੁਰੁ *(ਸਤਗੁਰ)*	ਸੇਵਹਿ *(ਸੇਵਹਿਂ)*	ਤਾ *(ਤਾਂ)*	ਉਬਰਹਿ, *(ਉਬਰਹਿਂ)*
ਸਤਿਗੁਰੂ	ਸੇਵਣ ਨਾਲ, ਅਰਾਧਣ ਨਾਲ	ਤਾਂ	ਉਭਰ ਜਾਂਦੇ ਹਨ, ਬਚ ਜਾਂਦੇ ਹਨ

ਸਚੁ *(ਸੱਚ)*	ਰਖਹਿ *(ਰਖਹਿਂ)*	ਉਰਧਾਰਿ *(ਉਰਧਾਰ)*॥
ਸਦਾ-ਸਥਿਰ	ਰਖਦੇ ਹਨ	ਹਿਰਦੇ ਵਿਚ ਧਾਰਨ ਕਰਕੇ

...(ਜੋ ਜੀਵ) ਸਦਾ-ਸਥਿਰ ਪਰਮਾਤਮਾ ਨੂੰ ਹਿਰਦੇ ਵਿਚ ਟਿਕਾ ਕੇ, ਸਤਿਗੁਰੂ (ਸ਼ਬਦ) ਦੀ ਅਰਾਧਨਾ ਕਰਦੇ ਹਨ, ਤਾਂ ਉਹ (ਸੰਸਾਰ-ਭਵਜਲ ਤੋਂ) ਪਾਰ ਹੋ ਜਾਂਦੇ ਹਨ।...

ਅੰਕ ੩੪

ਕਿਰਪਾ	ਤੇ	ਹਰਿ *(ਹਰ)*	ਪਾਈਐ,
ਮਿਹਰ	ਨਾਲ	ਪ੍ਰਭੂ ਨੂੰ	ਪ੍ਰਾਪਤ ਕਰੀਦਾ ਹੈ

ਸਚਿ *(ਸੱਚ)*	ਸਬਦਿ *(ਸ਼ਬਦ)*	ਵੀਚਾਰਿ *(ਵੀਚਾਰ)*॥ ੩॥
ਸਦਾ ਸਥਿਰ	ਸ਼ਬਦ ਦੁਆਰਾ	ਵੀਚਾਰ/ਵਿਵੇਚਨ/ ਚਿੰਤਨ ਵਿਚ

...(ਸਤਿਗੁਰੂ ਦੀ) ਕਿਰਪਾ ਰਾਹੀਂ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਅਤੇ (ਸਤਿਗੁਰੂ ਦੇ) ਸੱਚ ਸ਼ਬਦ ਰਾਹੀਂ, ਭਾਵ ਸਿੱਖਿਆ ਰਾਹੀਂ, (ਪਰਮਾਤਮ ਗੁਣਾਂ ਦੀ) ਵੀਚਾਰ ਵਿਚ ਲਗੀਦਾ ਹੈ।...

ਸਤਗੁਰੁ *(ਸਤਗੁਰ)*	ਸੇਵਿ, *(ਸੇਵ)*	ਮਨੁ *(ਮਨ)*	ਨਿਰਮਲਾ,
ਸਤਿਗੁਰੂ	ਸੇਵਨ ਦੁਆਰਾ, ਅਰਾਧਨਾ ਰਾਹੀਂ	ਚਿੱਤ	ਪਵਿੱਤਰ

ਹਉਮੈ	ਤਜਿ *(ਤੱਜ)*	ਵਿਕਾਰ॥
ਹੰਕਾਰ	ਤਿਆਗਕੇ	ਬੁਰਿਆਈ

...ਹੰਕਾਰ ਰੂਪੀ ਬੁਰਿਆਈ ਦਾ ਤਿਆਗ ਕਰਕੇ, ਸਤਿਗੁਰੂ ਦੀ ਅਰਾਧਨਾ ਰਾਹੀਂ (ਧਰਮ-ਸਾਧਕ ਦਾ) ਚਿੱਤ ਪਵਿੱਤਰ ਹੋ ਜਾਂਦਾ ਹੈ।...

ਆਪੁ *(ਆਪ)*	ਛੋਡਿ *(ਛੋਡ)*	ਜੀਵਤ	ਮਰੈ,
ਆਪਾ ਭਾਵ, ਹੰਕਾਰ	ਛੱਡ ਕੇ	ਜਿਊਂਦਿਆਂ	ਮਰ ਜਾਵੇ

ਗੁਰ	ਕੈ	ਸਬਦਿ *(ਸ਼ਬਦ)*	ਵੀਚਾਰ ॥
ਸਤਿਗੁਰੂ	ਦੇ	(ਗੁਰ) ਸ਼ਬਦ ਦੇ	ਚਿੰਤਨ, ਵਿਵੇਚਨ

...(ਜੇ ਕੋਈ) ਗੁਰ-ਸ਼ਬਦ ਦੇ ਚਿੰਤਨ ਰਾਹੀਂ, (ਆਪਣੀ) ਹਉਮੈ ਨੂੰ ਤਿਆਗਕੇ ਜਿਊਂਦਾ ਮਰ ਜਾਏ...

ਧੰਧਾ	ਧਾਵਤ	ਰਹਿ	ਗਏ,
ਧੰਦੇ	ਦੌੜ ਭੱਜ ਵਾਲੇ	ਮਿਟ	ਗਏ

ਲਾਗਾ	ਸਾਚਿ *(ਸਾਚ)*	ਪਿਆਰੁ *(ਪਿਆਰ)* ॥
ਲਗਿਆ	ਸੱਚ ਨਾਲ	ਪ੍ਰੀਤ, ਸਨੇਹ

...(ਉਸਦੇ) ਦੌੜ ਭੱਜ ਕਰਨ ਵਾਲੇ (ਦੁਨਿਆਵੀ) ਧੰਦੇ ਮਿਟ ਜਾਂਦੇ ਹਨ, ਅਤੇ ਸਦਾ-ਸਥਿਰ ਪ੍ਰਭੂ ਨਾਲ ਪਿਆਰ ਪੈ ਜਾਂਦਾ ਹੈ।....

ਅੰਕ ੩੪

ਸਚਿ*(ਸੱਚ)*	ਰਤੇ	ਮੁਖ	ਉਜਲੇ,
ਸਦਾ-ਸਥਿਰ ਪ੍ਰਭੂ ਵਿਚ	ਰੰਗੇ ਹੋਏ	ਮੂੰਹ	ਉਜ੍ਹਲ,ਨਿਰਮਲ

ਤਿਤੁ*(ਤਿਤ)*	ਸਾਚੈ	ਦਰਬਾਰਿ*(ਦਰਬਾਰ)*॥੪॥
ਉਸ	ਸਦਾ-ਸਥਿਰ ਪ੍ਰਭੂ ਦੇ	ਦਰਬਾਰ ਵਿਚ

...(ਉਨ੍ਹਾਂ) ਪਰਮਾਤਮ ਰੰਗ ਵਿਚ ਰੱਤਿਆਂ ਦੇ ਮੁੱਖ, ਉਸ ਸਦਾ-ਸਥਿਰ ਪ੍ਰਭੂ ਦੇ ਦਰਬਾਰ ਵਿਚ ਉਜ੍ਹਲ ਹੁੰਦੇ ਹਨ। (ਭਾਵ ਉਹ ਮਾਇਆ ਦੇ ਚਿੱਕੜ ਤੋਂ ਬੱਚਕੇ, ਨਿਰਮਲ ਮੁੱਖ ਨਾਲ ਅਕਾਲ ਪੁਰਖੀ ਦਰਗਾਹ ਵਿਚ ਆਉਂਦੇ ਹਨ।)...

ਸਤਗੁਰੁ*(ਸਤਗੁਰ)*	ਪੁਰਖੁ*(ਪੁਰਖ)*	ਨ*(ਨਾਂ)*	ਮੰਨਿਓ,
ਸਤਿਗੁਰੂ	(ਪ੍ਰਭੂ ਰੂਪੀ) ਪੁਰਖ	ਨਹੀਂ	ਪਰਵਾਨ ਕੀਤਾ

ਸਬਦਿ*(ਸ਼ਬਦ)*	ਨ*(ਨਾਂ)*	ਲਗੋ	ਪਿਆਰੁ*(ਪਿਆਰ)*॥
(ਗੁਰ) ਸ਼ਬਦ ਵਿਚ	ਨਹੀਂ	ਲਗਿਆ	ਪ੍ਰੀਤ, ਸਨੇਹ

...(ਪਰ ਜਿਨ੍ਹਾਂ ਨੇ) ਪਰਮਾਤਮ-ਸਰੂਪ ਸਤਿਗੁਰੂ ਨੂੰ, (ਆਪਣੀ ਜੀਵਨ ਜਾਚ ਲਈ) ਪਰਵਾਨ ਨਹੀਂ ਕੀਤਾ, ਅਤੇ ਗੁਰ-ਸ਼ਬਦ ਵਿਚ, ਭਾਵ ਗੁਰੂ ਦੀ ਸਿੱਖਿਆ ਵਿਚ ਪ੍ਰੀਤ ਨਹੀਂ ਜੋੜੀ...

ਇਸਨਾਨੁ*(ਇਸ਼ਨਾਨ)*	ਦਾਨੁ*(ਦਾਨ)*	ਜੇਤਾ	ਕਰਹਿ,*(ਕਰਹਿਂ)*
(ਤੀਰਥਾਂ ਦਾ) ਨ੍ਹਾਉਣਾ	ਖ਼ੈਰਾਤ	ਜਿਤਨਾ	ਕਰਨ

ਦੂਜੈ	ਭਾਇ	ਖੁਆਰੁ*(ਖੁਆਰ)*॥
ਦੂਸਰੇ	ਪ੍ਰੇਮ	ਖੱਜਲ,ਪਰੇਸ਼ਾਨ

...(ਉਹ) ਜਿਤਨਾ ਵੀ ਤੀਰਥ ਇਸ਼ਨਾਨ ਅਤੇ ਦਾਨ ਪੁੰਨ ਆਦਿਕ (ਧਰਮ ਕਰਮ) ਕਰਨ, (ਸਭ) ਦ੍ਵੈਤ-ਭਾਵ, ਭਾਵ ਭਰਮ ਭੁਲੇਖਿਆਂ ਵਿਚ ਖੱਜਲ ਖੁਆਰੀ ਹੈ।...

ਹਰਿ*(ਹਰ)*	ਜੀਉ	ਆਪਣੀ	ਕ੍ਰਿਪਾ	ਕਰੇ,
ਪਰਮਾਤਮਾ	ਜੀ	ਆਪ ਦੀ	ਮਿਹਰ	ਕਰ ਦੇਵੇ

ਤਾ*(ਤਾਂ)*	ਲਾਗੈ	ਨਾਮ	ਪਿਆਰੁ*(ਪਿਆਰ)*॥
ਤਦੋਂ	ਲਗਦਾ ਹੈ	(ਪ੍ਰਭੂ) ਸਿਮਰਨ	ਪ੍ਰੀਤ, ਸਨੇਹ

...(ਹਾਂ ਜੇ) ਵਾਹਿਗੁਰੂ ਜੀ, ਆਪਣੀ ਮਿਹਰ ਕਰ ਦੇਣ, ਤਾਂ ਪ੍ਰਭੂ ਸਿਮਰਨ ਨਾਲ ਪਿਆਰ ਲਗ ਜਾਂਦਾ ਹੈ, (ਅਤੇ ਜੀਵ ਇਸ ਖੱਜਲ ਖੁਆਰੀ ਤੋਂ ਬਚ ਜਾਂਦਾ ਹੈ।)...

ਅੰਕ ੩੪

ਨਾਨਕ,	ਨਾਮੁ*(ਨਾਮ)*	ਸਮਾਲਿ*(ਸੰਮ੍ਹਾਲ)*	ਤੂ,*(ਤੂੰ)*
ਹੇ! ਨਾਨਕ!	(ਪ੍ਰਭੂ) ਨਾਮ	ਸੰਭਾਲ	ਤੁਸੀਂ

ਗੁਰ	ਕੈ	ਹੇਤਿ*(ਹੇਤ)*	ਅਪਾਰਿ*(ਅਪਾਰ)*॥੫॥੨੦॥੫੩॥
ਸਤਿਗੁਰੂ	ਦੇ	ਪ੍ਰੇਮ, ਪਿਆਰ	ਬੇਅੰਤ, ਅਤੁੱਟ

...ਹੇ! ਨਾਨਕ! ਸਤਿਗੁਰੂ ਦੇ ਅਮਿੱਤ ਪਿਆਰ ਰਾਹੀਂ, ਤੂੰ ਪ੍ਰਭੂ ਸਿਮਰਨ ਨੂੰ ਆਪਣੇ ਚਿੱਤ ਵਿਚ ਟਿਕਾ ਕੇ ਰੱਖ।

ਸਿਰੀਰਾਗੁ,*(ਸਿਰੀਰਾਗ)*	ਮਹਲਾ*(ਮਹਿਲਾ)*	੩*(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਕਿਸੁ*(ਕਿਸ)*	ਹਉ*(ਹਉਂ)*	ਸੇਵੀ,*(ਸੇਵੀਂ)*	ਕਿਆ	ਜਪੁ*(ਜਪ)*	ਕਰੀ,*(ਕਰੀਂ)*
ਕਿਸ ਨੂੰ	ਮੈਂ	ਸੇਵਾ ਕਰਾਂ	ਕੀ	ਜਾਪ	ਕਰਾਂ

ਸਤਗੁਰ	ਪੂਛਉ*(ਪੂਛਉਂ)*	ਜਾਇ॥
ਸਤਿਗੁਰੂ	ਪੁੱਛਾਂ	ਜਾਕੇ

ਸਤਿਗੁਰੂ ਨੂੰ ਜਾਕੇ ਪੁੱਛਦਾ ਹਾਂ, ਕਿ ਮੈਂ ਕਿਸ ਦੀ ਸੇਵਾ ਕਰਾਂ, ਅਤੇ ਕਿਸ ਤਰ੍ਹਾਂ ਦਾ ਜਾਪ ਕਰਾਂ? (ਜਿਸ ਨਾਲ ਵਾਹਿਗੁਰੂ-ਮਿਲਾਪ ਦੀ ਅਵਸਥਾ ਪ੍ਰਾਪਤ ਹੋ ਜਾਏ)...

ਸਤਗੁਰ	ਕਾ	ਭਾਣਾ	ਮੰਨਿ*(ਮੰਨ)*	ਲਈ,*(ਲਈਂ)*
ਸਤਿਗੁਰੂ	ਦਾ	ਰਜ਼ਾ,ਹੁਕਮ	ਪਰਵਾਨ	ਲਵਾਂ

ਵਿਚਹੁ*(ਵਿਚਹੁੰ)*	ਆਪੁ*(ਆਪ)*	ਗਵਾਇ ॥
ਅੰਦਰੋਂ	ਆਪਾ ਭਾਵ, ਹਉਮੈ	ਗਵਾਕੇ

...(ਸਤਿਗੁਰੂ ਜੀ ਨੂੰ ਪੁੱਛਣ ਤੋਂ ਜਵਾਬ ਮਿਲਦਾ ਹੈ ਕਿ) ਆਪਣੇ ਅੰਦਰੋਂ ਹਉਮੈ ਨੂੰ ਮਿਟਾਕੇ, ਸਤਿਗੁਰੂ ਦਾ ਹੁਕਮ ਪਰਵਾਨ ਕਰ ਲਵਾਂ...

ਏਹਾ	ਸੇਵਾ	ਚਾਕਰੀ,
ਇਹੋ	ਖ਼ਿਦਮਤ, ਟਹਿਲ	ਨੌਕਰੀ

ਨਾਮੁ*(ਨਾਮ)*	ਵਸੈ	ਮਨਿ*(ਮਨ)*	ਆਇ॥
(ਪ੍ਰਭੂ) ਸਿਮਰਨ	ਵਸ ਜਾਂਦਾ	ਮਨ ਵਿਚ	ਆਕੇ

ਅੰਕ ੩੪

...(ਸਤਿਗੁਰੂ ਦਾ ਹੁਕਮ ਪਰਵਾਨ ਕਰਨਾ) ਇਹੋ ਹੀ (ਸਤਿਗੁਰੂ ਦੀ) ਟਹਿਲ ਅਤੇ ਚਾਕਰੀ ਹੈ, (ਜਿਸ ਨਾਲ) ਪ੍ਰਭੂ-ਸਿਮਰਨ ਵਿਚ ਚਿੱਤ ਵਿਚ ਟਿਕ ਜਾਂਦਾ ਹੈ।...

ਨਾਮੇ	ਹੀ	ਤੇ	ਸੁਖੁ *(ਸੁੱਖ)*	ਪਾਈਐ,
(ਪ੍ਰਭੂ) ਸਿਮਰਨ ਤੋਂ	ਸਿਰਫ਼	ਤੋਂ	(ਆਤਮਿਕ) ਅਨੰਦ	ਪ੍ਰਾਪਤ ਕਰੀਦਾ ਹੈ

ਸਚੈ	ਸਬਦਿ *(ਸ਼ਬਦ)*	ਸੁਹਾਇ॥੧॥
ਸੱਚੇ	(ਗੁਰ) ਸ਼ਬਦ, ਸਿੱਖਿਆ	ਸੁਹਣਾ ਲਗੀਦਾ ਹੈ

...(ਇਸ) ਪ੍ਰਭੂ ਸਿਮਰਨ ਤੋਂ ਹੀ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ, ਅਤੇ ਗੁਰ-ਸ਼ਬਦ ਦੀ ਸੱਤ-ਸਿਖਿਆ ਰਾਹੀਂ (ਆਤਮਿਕ ਤੌਰ ਤੇ) ਸੁਹਣੇ ਲਗੀਦਾ ਹੈ।...

ਮਨ	ਮੇਰੇ,	ਅਨਦਿਨੁ *(ਅਨਦਿਨ)*	ਜਾਗੁ, *(ਜਾਗ)*	ਹਰਿ *(ਹਰ)*	ਚੇਤਿ *(ਚੇਤ)*॥
ਚਿੱਤ	ਆਪਣੇ	ਦਿਨ ਰਾਤ	ਸੁਚੇਤ ਹੋ	ਪ੍ਰਭੂ	ਅਰਾਧ

...ਹੇ! ਮੇਰੇ ਮਨ! ਦਿਨ ਰਾਤ, ਭਾਵ ਹਰ ਪਲ ਜਾਗਦਾ ਰਹੁ, (ਅਰਥਾਤ ਮਾਇਆਵੀ ਪ੍ਰਭਾਵਾਂ ਤੋਂ ਸੁਚੇਤ ਰਹਿਕੇ) ਪ੍ਰਭੂ ਦੀ ਅਰਾਧਨਾ ਕਰ।...

ਆਪਣੀ	ਖੇਤੀ	ਰਖਿ *(ਰੱਖ)*	ਲੈ,
ਸ੍ਵੈ ਦੀ	(ਸਿਮਰਨ ਰੂਪੀ) ਫਸਲ	ਬਚਾ	ਕਰ

ਕੂੰਜ	ਪੜੈਗੀ *(ਪੜੈਂਗੀ)*	ਖੇਤਿ *(ਖੇਤ)*॥੧॥
ਕਾਸ਼ਨੀ ਰੰਗਾ ਇਕ ਪੰਖੇਰੂ, ਜਿਸ ਦੀ ਗਰਦਨ ਲੰਬੀ ਹੁੰਦੀ ਹੈ	ਪੈ ਜਾਏਗੀ	ਫ਼ਸਲ ਨੂੰ

ਰਹਾਉ॥
ਠਹਿਰਾਉ

...(ਮੇਰੇ ਮਨਾਂ! ਸਤਿਗੁਰੂ ਦੇ ਓਟ ਆਸਰੇ ਵਿਚ ਰਹਿਕੇ, ਆਪਣੀ) ਨਾਮ ਸਿਮਰਨ ਰੂਪੀ ਫਸਲ ਨੂੰ ਬਚਾ ਲੈ, ਨਹੀਂ ਤਾਂ (ਮਾਇਆ ਰੂਪੀ ਵਿਕਾਰਾਂ ਦੀ) ਕੂੰਜ, ਕਿਸੇ ਵੇਲੇ ਵੀ (ਤੇਰੀ ਇਸ) ਫਸਲ ਨੂੰ ਨਸ਼ਟ ਕਰ ਦੇਵੇਗੀ।...

ਮਨ	ਕੀਆ *(ਕੀਆਂ)*	ਇਛਾ *(ਇੱਛਾਂ)*	ਪੂਰੀਆ, *(ਪੂਰੀਆਂ)*
ਚਿੱਤ	ਦੀਆਂ	ਇੱਛਾਵਾਂ, ਭਾਵਨਾਵਾਂ	ਪ੍ਰਾਪਤ ਹੋਈਆਂ

ਸਬਦਿ *(ਸ਼ਬਦ)*	ਰਹਿਆ	ਭਰਪੂਰਿ *(ਭਰਪੂਰ)*॥
(ਗੁਰ) ਸ਼ਬਦ ਰਾਹੀਂ	ਹੋਇਆ	ਵਿਆਪਕ, ਪਸਰਿਆ ਹੋਇਆ

ਅੰਕ ੩੪-੩੫

...(ਪ੍ਰਭੂ ਬੰਦਗੀ ਰਾਹੀਂ ਆਤਮਿਕ ਅਨੰਦ ਦੀ ਪ੍ਰਾਪਤੀ ਦੀਆਂ), ਚਿੱਤ ਦੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ, ਅਤੇ ਗੁਰ-ਸ਼ਬਦ ਦੇ ਉਪਦੇਸ਼ ਰਾਹੀਂ, (ਹਰ ਥਾਂ ਪ੍ਰਭੂ ਦੀ) ਵਿਆਪਕਤਾ ਅਨੁਭਵ ਹੁੰਦੀ ਹੈ।...

ਭੈ	ਭਾਇ	ਭਗਤਿ *(ਭਗਤ)*	ਕਰਹਿ *(ਕਰਹਿਂ)*
ਅਦਬ,ਨਿਰਮਲ ਭਉ	ਪ੍ਰੇਮ ਵਾਲੀ	ਭਗਤੀ, ਸਿਮਰਨ	ਕਰਦੇ ਹਨ

ਦਿਨੁ *(ਦਿਨ)*	ਰਾਤੀ, *(ਰਾਤੀਂ)*
ਦਿਵਸ	ਰਾਤ

ਹਰਿ *(ਹਰ)*	ਜੀਉ	ਵੇਖੈ	ਸਦਾ	ਹਦੂਰਿ *(ਹਦੂਰ)*॥
ਵਾਹਿਗੁਰੂ	ਜੀ ਨੂੰ	ਦਿਖਦਾ ਹੈ	ਹਮੇਸ਼ਾਂ	ਹਜ਼ੂਰੀ ਵਿਚ, ਹਾਜ਼ਰ ਨਾਜ਼ਰ

...(ਜੋ ਈਸ਼ਵਰ ਦੀ) ਨਿਰਮਲ ਭਉ ਸਹਿਤ, ਪ੍ਰੇਮਾ ਭਗਤੀ ਕਰਦੇ ਹਨ, ਉਨ੍ਹਾਂ ਨੂੰ ਵਾਹਿਗੁਰੂ ਜੀ ਹਮੇਸ਼ਾਂ ਹਾਜ਼ਰ ਨਾਜ਼ਰ ਅਨੁਭਵ ਹੁੰਦੇ ਹਨ।...

ਸਚੈ *(ਸੱਚੈ)*	ਸਬਦਿ *(ਸ਼ਬਦ)*	ਸਦਾ	ਮਨੁ *(ਮਨ)*	ਰਾਤਾ,
ਸਦਾ ਸਥਿਰ	ਪਰਮਾਤਮਾ ਵਿਚ	ਹਮੇਸ਼ਾਂ	ਚਿੱਤ	ਰੰਗਿਆ ਰਹਿੰਦਾ ਹੈ

ਭ੍ਰਮੁ *(ਭ੍ਰਮ)*	ਗਇਆ	ਸਰੀਰਹੁ *(ਸਰੀਰਹੁ)*	ਦੂਰਿ *(ਦੂਰ)*॥
ਭੁਲੇਖਾ	ਦੂਰ ਹੋ ਗਿਆ	ਸਰੀਰ ਵਿਚੋਂ	ਪਰ੍ਹੇ

...ਸਦਾ-ਸਥਿਰ ਪਰਮਾਤਮਾ ਵਿਚ ਹਮੇਸ਼ਾਂ ਚਿੱਤ ਰੰਗਿਆ ਰਹਿੰਦਾ ਹੈ, ਅਤੇ (ਇਸ ਨਾਲ ਮੇਰੇ) ਸਰੀਰ ਵਿਚ ਸਭ ਭਰਮ ਭੁਲੇਖਾ (ਭਾਵ ਮਾਇਆ ਵਾਲੀ ਭਟਕਣਾ) ਦੂਰ ਹੋ ਗਈ ਹੈ।...

ਨਿਰਮਲੁ *(ਨਿਰਮਲ)*	ਸਾਹਿਬੁ *(ਸਾਹਿਬ)*	ਪਾਇਆ,
ਪਵਿੱਤਰ	ਪਰਮਾਤਮਾ	ਪ੍ਰਾਪਤ ਕਰ ਲਿਆ

ਸਾਚਾ	ਗੁਣੀ	ਗਹੀਰੁ *(ਗਹੀਰ)* ॥੨॥
ਸਦਾ-ਸਥਿਰ	ਚੰਗਿਆਈਆਂ ਵਾਲੇ	ਅਥਾਹ

...(ਚਿੱਤ ਦੀ ਭਟਕਣਾ ਦੂਰ ਹੋਣ ਨਾਲ, ਮੈਂ) ਅਥਾਹ ਗੁਣਾਂ ਵਾਲੇ, ਸਦਾ-ਸਥਿਰ, ਨਿਰਮਲ ਸਾਹਿਬ ਨੂੰ ਪ੍ਰਾਪਤ ਕਰ ਲਿਆ ਹੈ।...

ਜੋ	ਜਾਗੇ,	ਸੇ	ਉਬਰੇ,
ਜਿਹੜੇ	ਜਾਗਦੇ ਰਹੇ, ਸੁਚੇਤ ਰਹੇ	ਉਹ	ਉਭਰ ਗਏ, ਤਰ ਗਏ

ਅੰਕ ੩੫

ਸੁਤੇ	ਗਏ	ਮੁਹਾਇ॥
ਸੁੱਤੇ	ਹੋਏ	ਠੱਗੇ ਗਏ, ਲੁੱਟੇ ਗਏ

...ਜਿਹੜੇ (ਮਾਇਆ ਦੀ ਹਨ੍ਹੇਰੀ ਵਿਚ, ਨਾਮ ਸਿਮਰਨ ਰਾਹੀਂ) ਸੁਚੇਤ ਰਹਿੰਦੇ ਹਨ, ਉਹ (ਸੰਸਾਰ ਸਾਗਰ ਤੋਂ) ਤਰ ਜਾਂਦੇ ਹਨ, (ਪਰ) ਜੋ (ਆਪਣੇ ਜੀਵਨ ਵਿਚ, ਵਿਕਾਰਾਂ ਦੀ ਨੀਂਦ ਵਿਚ) ਸੁੱਤੇ ਰਹਿੰਦੇ ਹਨ, (ਉਨ੍ਹਾਂ ਦੀ ਅਨਮੋਲ ਜੀਵਨ-ਪੂੰਜੀ ਵਿਕਾਰਾਂ ਵਲੋਂ) ਲੁੱਟ ਲਈ ਜਾਂਦੀ ਹੈ।...

ਸਚਾ *(ਸੱਚਾ)*	ਸਬਦੁ, *(ਸ਼ਬਦ)*	ਨ *(ਨਾਂ)*	ਪਛਾਣਿਓ,
ਸਦਾ ਸਥਿਰ	ਪਰਮਾਤਮਾ	ਨਹੀਂ	ਪਹਿਚਾਨ ਕੀਤੀ

ਸੁਪਨਾ	ਗਇਆ	ਵਿਹਾਇ॥
ਸੁਪਨੇ ਵਾਂਗ	ਗਈ	ਵਿਹਾ ਗਈ, ਬਤੀਤ ਹੋ ਗਈ

...(ਜਿਨ੍ਹਾਂ ਨੇ) ਸਦਾ-ਸਥਿਰ ਪਰਮਾਤਮਾ ਦੀ ਪਹਿਚਾਣ ਨਹੀਂ ਕੀਤੀ, (ਉਨ੍ਹਾਂ ਦਾ ਜੀਵਨ) ਸੁਪਨੇ ਵਾਂਗ ਬਤੀਤ ਹੋ ਗਿਆ।...

ਸੁੰਞੇ *(ਸੁੰਞੇਂ)*	ਘਰ	ਕਾ	ਪਾਹੁਣਾ,
ਖਾਲੀ	ਨਿਵਾਸ	ਦਾ	ਪਰਹੁਣਾ
ਜਿਉ *(ਜਿਉਂ)*	ਆਇਆ,	ਤਿਉ *(ਤਿਉਂ)*	ਜਾਇ॥
ਜਿਵੇਂ	ਆਉਂਦਾ ਹੈ	ਤਿਵੇਂ ਹੀ	ਚਲੇ ਜਾਂਦਾ, ਟੁਰ ਜਾਂਦਾ

...(ਮਨਮੁੱਖੀ ਜੀਵਾਂ ਦੀ ਜ਼ਿੰਦਗੀ ਦੀ ਹਾਲਤ), ਸੁੰਨੇ ਘਰ ਦੇ ਪਰਹੁਣੇ ਵਾਂਗ (ਹੁੰਦੀ ਹੈ, ਜੋ) ਸੱਖਣਾ ਹੀ ਘਰ ਵਿਚ ਆਉਂਦਾ ਹੈ, ਅਤੇ ਸੱਖਣਾ ਹੀ ਘਰ ਤੋਂ (ਨਿਰਾਸ਼ ਹੋਕੇ ਖਾਲੀ ਹੱਥ ਹੀ) ਟੁਰ ਜਾਂਦਾ ਹੈ।...

ਮਨਮੁਖ	ਜਨਮੁ, *(ਜਨਮ)*	ਬਿਰਥਾ	ਗਇਆ,
ਮਨ ਦੇ ਮਗਰ ਲਗਣ ਵਾਲਾ	ਜੀਵਨ	ਵਿਅਰਥ	ਚਲੇ ਗਿਆ
ਕਿਆ	ਮੁਹੁ *(ਮੂੰਹ)*	ਦੇਸੀ	ਜਾਇ॥੩॥
ਕੀ	ਮੂੰਹ	ਦੇਵੇਗਾ, ਦਿਖਾਏਗਾ	ਜਾਕੇ

...ਆਪਣੇ ਮਨ ਦੇ ਮਗਰ ਲਗਣ ਵਾਲੇ, (ਗੁਰੂ ਤੋਂ ਬੇਮੁੱਖ ਦਾ) ਜਨਮ ਵਿਅਰਥ ਹੀ ਚਲਾ ਜਾਂਦਾ ਹੈ, (ਗੁਰੂ ਤੋਂ ਬੇਮੁੱਖਤਾ ਕਰਕੇ ਉਹ ਪ੍ਰਭੂ ਦਰਗਾਹ ਵਿਚ) ਜਾਕੇ ਕੀ ਮੂੰਹ ਵਿਖਾਏਗਾ?...

ਸਭ	ਕਿਛੁ, *(ਕਿਛ)*	ਆਪੇ	ਆਪਿ *(ਆਪ)*	ਹੈ,
ਸਾਰਾ	ਕੁਝ	ਆਪ ਹੀ	ਆਪ	ਹੋਣ ਦੀ ਕ੍ਰਿਆ

ਅੰਕ ੩੫

ਹਉਮੈ	ਵਿਚਿ (ਵਿਚ)	ਕਹਣੁ (ਕਹਿਣ)	ਨ (ਨਾਂ)	ਜਾਇ॥
ਹੰਕਾਰ	ਵਿਚ	ਕਥਨ	ਨਹੀਂ	ਜਾ ਸਕਦਾ

...(ਦਰਅਸਲ ਉਹ ਪਰਮਾਤਮਾ) ਸਭ ਕੁਝ ਆਪ ਹੀ ਆਪ ਹੈ, (ਭਾਵ ਸਰਬ ਕਲਾ ਸਮਰੱਥ ਹੈ, ਪਰ ਜੀਵ) ਹਉਮੈ ਵਿਚ (ਫਸਿਆ ਹੋਣ ਕਰਕੇ, ਇਹ) ਨਹੀਂ ਕਹਿ ਸਕਦਾ (ਕਿ ਵਾਹਿਗੁਰੂ ਸਭ ਕੁਝ ਕਰਨ ਦੇ ਸਮਰੱਥ ਹੈ)...

ਗੁਰ	ਕੈ	ਸਬਦਿ (ਸ਼ਬਦ)	ਪਛਾਣੀਐ,
ਸਤਿਗੁਰੂ	ਦੇ	ਸ਼ਬਦ ਰਾਹੀਂ	ਪਹਿਚਾਣੀਦਾ ਹੈ, ਸਮਝੀਦਾ ਹੈ

ਦੁਖੁ (ਦੁੱਖ)	ਹਉਮੈ	ਵਿਚਹੁ (ਵਿਚਹੁ)	ਗਵਾਇ ॥
ਕਲੇਸ਼	ਹੰਕਾਰ ਦਾ	ਅੰਦਰੋਂ	ਗਵਾਕੇ, ਮਿਟਾ ਕੇ

...(ਪਰ ਇਸ ਗਲ ਦੀ) ਪਹਿਚਾਣ, ਸਤਿਗੁਰੂ ਦੀ ਸਿੱਖਿਆ ਰਾਹੀਂ, ਹਉਮੈ ਨੂੰ (ਹਿਰਦੇ) ਵਿਚੋਂ ਮਿਟਾ ਕੇ ਹੀ ਆਉਂਦੀ ਹੈ।...

ਸਤਗੁਰੁ (ਸਤਗੁਰ)	ਸੇਵਨਿ (ਸੇਵਨ)	ਆਪਣਾ,
ਸਤਿਗੁਰੂ	ਸੇਂਵਦੇ, ਅਰਾਧਦੇ	ਆਪਣੇ

ਹਉ (ਹਉਂ)	ਤਿਨ (ਤਿਨ੍ਹ)	ਕੈ	ਲਾਗਉ (ਲਾਗਉਂ)	ਪਾਇ (ਪਾਇ) ॥
ਮੈਂ	ਤਿਨ੍ਹਾਂ	ਦੇ	ਲਗਦਾ ਹਾਂ	ਪੈਰਾਂ ਨੂੰ

...(ਜੋ) ਆਪਣੇ ਸਤਿਗੁਰੂ ਨੂੰ ਸੇਂਵਦੇ ਹਨ, ਭਾਵ ਅਰਾਧਦੇ ਹਨ, ਮੈਂ ਉਨ੍ਹਾਂ ਦੇ ਚਰਨੀ ਲਗਦਾ ਹਾਂ।...

ਨਾਨਕ,	ਦਰਿ (ਦਰ)	ਸਚੈ (ਸੱਚੈ)	ਸਚਿਆਰ	ਹਹਿ, (ਹਹਿਂ)
ਹੇ! ਨਾਨਕ!	(ਪ੍ਰਭੂ) ਦਰ ਤੇ	ਸਦਾ-ਸਥਿਰ ਸੱਚ	ਸਰੂਪ	ਹਨ

ਹਉ (ਹਉਂ)	ਤਿਨ (ਤਿਨ੍ਹ)	ਬਲਿਹਾਰੈ	ਜਾਉ (ਜਾਉਂ) ॥੪॥੨੧॥੫੪॥
ਮੈਂ	ਤਿਨਾਂ ਦੇ	ਕੁਰਬਾਨ	ਜਾਂਦਾ ਹਾਂ

...ਹੇ! ਨਾਨਕ! ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ, ਜੋ ਸਦਾ-ਸਥਿਰ (ਪ੍ਰਭੂ ਦੇ) ਦਰ ਤੇ ਸਚਿਆਰ (ਹੋਕੇ ਪਹੁੰਚਦੇ) ਹਨ।

ਸਿਰੀਰਾਗੁ, (ਸਿਰੀਰਾਗ)	ਮਹਲਾ (ਮਹਿਲਾ)	੩ (ਤੀਜਾ) ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਅੰਕ ੩੫

ਜੇ	ਵੇਲਾ	ਵਖਤੁ *(ਵਖ਼ਤ)*	ਵੀਚਾਰੀਐ,	
ਜੇਕਰ	ਸਮਾਂ	ਵਕਤ	ਵਿਚਾਰ ਕਰੀਏ	
ਤਾ *(ਤਾਂ)*	ਕਿਤੁ *(ਕਿਤ)*	ਵੇਲਾ	ਭਗਤਿ *(ਭਗਤ)*	ਹੋਇ॥
ਤਾਂ	ਕਿਹੜੇ	ਵੇਲੇ	ਭਗਤੀ, ਸਿਮਰਨ	ਹੋਏਗੀ

ਜੇਕਰ (ਸਿਮਰਨ ਕਰਨ ਲਈ ਕੋਈ ਖ਼ਾਸ) ਵਕਤ ਤੇ ਸਮੇਂ ਨੂੰ ਹੀ ਵਿਚਾਰਦੇ ਰਹੀਏ, ਤਾਂ ਕਿਹੜੇ ਵੇਲੇ ਭਗਤੀ ਹੋਏਗੀ ? (ਭਾਵ ਵਿਚਾਰਾਂ ਹੀ ਰਹਿਣ ਜਾਣਗੀਆਂ, ਕਿਸੇ ਵੇਲੇ ਵੀ ਸਿਮਰਨ ਨਹੀਂ ਹੋ ਸਕੇਗਾ।)...

ਅਨਦਿਨੁ *(ਅਨਦਿਨ)*	ਨਾਮੇ	ਰਤਿਆ, *(ਰੱਤਿਆਂ)*
ਦਿਨ ਰਾਤ	ਸਿਮਰਨ ਵਿਚ	ਰਚੇ ਹੋਇਆਂ, ਰੰਗੇ ਹੋਇਆਂ
ਸਚੇ *(ਸੱਚੇ)*	ਸਚੀ *(ਸੱਚੀ)*	ਸੋਇ ॥
ਸਚਿਆਰ, ਸੱਚ-ਸਰੂਪ	ਸੱਚੀ, ਸਦਾ ਰਹਿਣ ਵਾਲੀ	ਸ਼ੋਭਾ,ਕੀਰਤੀ,ਜੱਸ

...(ਦਰ ਅਸਲ) ਦਿਨ ਰਾਤ, ਭਾਵ ਹਰ ਘੜੀ (ਸੱਚੇ ਪ੍ਰਭੂ ਦੀ) ਬੰਦਗੀ ਵਿਚ ਰੰਗੇ ਹੋਇਆਂ, ਸਚਿਆਰ ਅਥਵਾ ਸੱਚ-ਸਰੂਪ ਹੀ ਹੋ ਜਾਈਦਾ ਹੈ, ਅਤੇ (ਇਵੇਂ) ਸਦਾ ਰਹਿਣ ਵਾਲਾ ਜੱਸ ਪ੍ਰਾਪਤ ਹੁੰਦਾ ਹੈ।...

ਇਕੁ *(ਇਕ)*	ਤਿਲੁ *(ਤਿਲ)*	ਪਿਆਰਾ	ਵਿਸਰੈ,
ਇਕ	ਤਿਲ ਜਿੰਨਾਂ, ਥੋੜ੍ਹਾ ਜਿਹਾ	ਪ੍ਰੀਤਮ (ਪ੍ਰਭੂ)	ਭੁੱਲ ਜਾਏ
ਭਗਤਿ *(ਭਗਤ)*	ਕਿਨੇਹੀ	ਹੋਇ॥	
ਭਗਤੀ,ਸਿਮਰਨ	ਕਿਹੋ ਜਿਹੀ	ਹੋਏਗੀ	

...(ਜੇਕਰ) ਇਕ ਪਲ ਭਰ ਲਈ ਵੀ, ਪ੍ਰੀਤਮ ਭੁਲ ਜਾਏ ਤਾਂ ਫਿਰ ਉਹ ਕਾਹਦੀ ਭਗਤੀ ਹੋਈ?...

ਮਨੁ *(ਮਨ)*	ਤਨੁ *(ਤਨ)*	ਸੀਤਲੁ *(ਸੀਤਲ)*	ਸਾਚ	ਸਿਉ, *(ਸਿਉਂ)*
ਚਿੱਤ	ਹਿਰਦਾ	ਠੰਡਾ, ਸ਼ਾਂਤ	ਸਦਾ-ਸਥਿਰ(ਪ੍ਰਭੂ)	ਨਾਲ, ਸੰਗ
ਸਾਸੁ *(ਸਾਸ)*	ਨ *(ਨਾਂ)*	ਬਿਰਥਾ	ਕੋਇ ॥੧॥	
ਸਾਹ	ਨਾਂ	ਵਿਅਰਥ	ਕੋਈ ਵੀ	

...(ਜੇਕਰ) ਕੋਈ ਸਾਹ ਵੀ ਪ੍ਰੀਤਮ ਦੀ ਯਾਦ ਤੋਂ ਬਿਨਾਂ ਬਿਰਥਾ ਨਾ ਜਾਏ, ਤਾਂ ਮਨ ਤੇ ਤਨ (ਵਿਕਾਰਾਂ ਦੀ ਅਗਨੀ ਤੋਂ) ਸੀਤਲ ਹੋ ਜਾਏਗਾ, ਸਦਾ-ਸਥਿਰ ਪ੍ਰਭੂ ਨਾਲ (ਪ੍ਰੀਤ ਬਣ ਆਵੇਗੀ)...

ਅੰਕ ੩੫

ਮੇਰੇ	ਮਨ,	ਹਰਿ *(ਹਰ)*	ਕਾ	ਨਾਮੁ *(ਨਾਮ)*	ਧਿਆਇ ॥
ਆਪਣੇ	ਚਿੱਤ	ਪ੍ਰਭੂ	ਦਾ	ਨਾਮ	ਧਿਆ, ਅਰਾਧ

...ਹੇ! ਮੇਰੇ ਮਨ! ਪ੍ਰਭੂ ਦਾ ਨਾਮ ਸਿਮਰ।...

ਸਾਚੀ	ਭਗਤਿ *(ਭਗਤ)*	ਤਾ *(ਤਾਂ)*	ਥੀਐ,
ਸੱਚੀ,ਸਦਾ ਰਹਿਣ ਵਾਲੀ	ਭਗਤੀ, ਸਿਮਰਨ	ਤਾਂ	ਹੁੰਦੀ ਹੈ

ਜਾ *(ਜਾਂ)*	ਹਰਿ *(ਹਰ)*	ਵਸੈ	ਮਨਿ *(ਮਨ)*	ਆਇ ॥੧॥	ਰਹਾਉ ॥
ਜੇਕਰ	ਪ੍ਰਭੂ	ਵਸ ਜਾਵੇ	ਚਿੱਤ ਵਿਚ	ਆਕੇ	ਠਹਿਰਾਉ

...ਜੇਕਰ ਹਰੀ ਚਿੱਤ ਵਿਚ ਆਕੇ ਵਸ ਜਾਵੇ, ਤਾਂ ਹੀ ਸਦਾ ਰਹਿਣ ਵਾਲੀ ਭਗਤੀ ਹੁੰਦੀ ਹੈ।...

ਸਹਜੇ *(ਸਹਿਜੇ)*	ਖੇਤੀ	ਰਾਹੀਐ,
ਆਤਮਿਕ ਟਿਕਾਉ ਵਿਚ	ਖੇਤੀ ਲਈ	ਰਉਣੀ ਕਰੀਏ, ਖੇਤ ਨੂੰ ਵੱਤਰ ਕਰੀਏ

ਸਚੁ *(ਸੱਚ)*	ਨਾਮੁ *(ਨਾਮ)*	ਬੀਜੁ *(ਬੀਜ)*	ਪਾਇ॥
ਸਦਾ ਰਹਿਣ ਵਾਲਾ	(ਪ੍ਰਭੂ) ਸਿਮਰਨ	ਬੀ, ਤੁਖ਼ਮ	ਪਾਈਏ

...ਆਤਮਿਕ ਟਿਕਾਉ (ਵਾਲੀ ਅਵਸਥਾ) ਵਿਚ (ਨਾਮ-ਸਿਮਰਨ ਬੀਜਣ ਲਈ ਹਿਰਦੇ ਰੂਪੀ) ਖੇਤ ਨੂੰ ਤਿਆਰ ਕਰੀਏ, ਅਤੇ ਫਿਰ (ਤਿਆਰ ਹੋਏ ਖ਼ੇਤ ਵਿਚ) ਸਦਾ ਰਹਿਣ ਵਾਲੇ ਵਾਹਿਗੁਰੂ ਦਾ ਸਿਮਰਨ ਰੂਪੀ ਬੀਜ ਪਾਈਏ...

ਖੇਤੀ	ਜੰਮੀ	ਅਗਲੀ,
ਫਸਲ	ਜੰਮੇਗੀ	ਬਹੁਤ

ਮਨੂਆ *(ਮਨੂਆਂ)*	ਰਜਾ, *(ਰੱਜਾ)*	ਸਹਜਿ *(ਸਹਿਜ)*	ਸੁਭਾਇ॥
ਮਨ	ਰੱਜ ਗਿਆ	ਨਿਰਯਤਨ	ਸੁਭਾਵਿਕ

...(ਇਸ ਤਰ੍ਹਾ ਬੀਜੀ ਹੋਈ ਨਾਮ ਦੀ) ਖੇਤੀ, ਬਹੁਤ ਜੰਮਦੀ ਹੈ, ਅਤੇ (ਮਨੁੱਖੀ) ਹਿਰਦਾ ਸਹਿਜ ਸੁਭਾ ਹੀ (ਸਿਮਰਨ ਦੇ ਆਤਮਿਕ-ਅਨੰਦ ਨਾਲ) ਭਰਪੂਰ ਹੋ ਜਾਂਦਾ ਹੈ।...

ਗੁਰ	ਕਾ	ਸਬਦੁ *(ਸ਼ਬਦ)*	ਅੰਮ੍ਰਿਤੁ *(ਅੰਮ੍ਰਿਤ)*	ਹੈ,
ਸਤਿਗੁਰੂ	ਦਾ	ਸ਼ਬਦ (ਸਿਖਿਆ)	ਆਤਮਿਕ ਜੀਵਨ ਦੇਣ ਵਾਲਾ	ਹੋਣ ਦੀ ਕ੍ਰਿਆ

ਜਿਤੁ *(ਜਿਤ)*	ਪੀਤੈ	ਤਿਖ *(ਤਿੱਖ)*	ਜਾਇ॥
ਜਿਸਨੂੰ	ਪੀਣ ਨਾਲ	ਪਿਆਸ	ਚਲੀ ਜਾਂਦੀ ਹੈ

ਅੰਕ ੩੫

...ਗੁਰ-ਸ਼ਬਦ ਦੀ ਸਿੱਖਿਆ ਐਸਾ ਅੰਮ੍ਰਿਤ ਜਲ ਹੈ, ਜਿਸਨੂੰ ਪੀਣ ਨਾਲ (ਆਤਮਿਕ) ਪਿਆਸ ਤ੍ਰਿਪਤ ਹੋ ਜਾਂਦੀ ਹੈ।...

ਇਹੁ *(ਏਹ)*	ਮਨੁ *(ਮਨ)*	ਸਾਚਾ	ਸਚਿ *(ਸਚ)*	ਰਤਾ *(ਰੱਤਾ)*,
ਇਹ	ਚਿੱਤ	ਸੱਚ ਸਰੂਪ	ਸੱਚ ਸਿਮਰਨ ਵਿਚ	ਰੰਗ ਕੇ

ਸਚੇ	ਰਹਿਆ	ਸਮਾਇ॥੨॥
ਸਦਾ-ਸਥਿਰ (ਪ੍ਰਭੂ) ਵਿਚ	ਟਿੱਕਿਆ	ਲੀਨ ਹੋਇਆ

...ਇਹ ਚਿੱਤ, ਸਦਾ-ਸਥਿਰ (ਪਰਮਾਤਮ ਨਾਮ ਵਿਚ) ਰੰਗ ਕੇ ਸਚਿਆਰ ਹੋ ਜਾਂਦਾ ਹੈ, ਅਤੇ ਸਦਾ ਰਹਿਣ ਵਾਲੇ ਪਰਮਾਤਮਾ ਵਿਚ ਲੀਨ ਹੋਇਆ ਰਹਿੰਦਾ ਹੈ।...

ਆਖਣੁ *(ਆਖਣ)*	ਵੇਖਣੁ *(ਵੇਖਣ)*	ਬੋਲਣਾ,
ਕਥਨ	ਵਖਣਾ	ਬੋਲ ਬੋਲਣੇ

ਸਬਦੇ *(ਸ਼ਬਦੇ)*	ਰਹਿਆ	ਸਮਾਇ॥
(ਗੁਰ) ਸ਼ਬਦ ਵਿਚ	ਟਿੱਕਿਆ	ਲੀਨ ਹੋਇਆ, ਸਮਾਇਆ ਹੋਇਆ

...(ਅਜਿਹੇ ਰੰਗ ਰਤੜੇ ਭਗਤ ਜਨਾਂ ਦਾ) ਕਹਿਣਾ, ਵੇਖਣਾ ਅਤੇ ਬੋਲਣਾ, ਸਤਿਗੁਰੂ ਦੇ ਸ਼ਬਦ ਵਿਚ ਸਮਾਏ ਹੋਏ (ਗੁਰਸਿੱਖਾਂ ਵਾਂਗ) ਹੁੰਦਾ ਹੈ।(ਭਾਵ ਉਨ੍ਹਾਂ ਦੀ ਜੀਵਨ ਜਾਚ ਗੁਰ-ਉਪਦੇਸ਼ ਅਨੁਸਾਰ ਹੋ ਜਾਂਦੀ ਹੈ।)...

ਬਾਣੀ	ਵਜੀ *(ਵੱਜੀ)*	ਚਹੁ *(ਚਹੁੰ)*	ਜੁਗੀ, *(ਜੁਗੀਂ)*
ਬੋਲ ਬਾਣੀ	ਪ੍ਰਗਟ ਹੋਈ, ਪ੍ਰਸਿੱਧ ਹੋਈ	ਚਾਰੇ	ਜੁੱਗਾਂ ਵਿਚ

ਸਚੋ	ਸਚੁ *(ਸੱਚ)*	ਸੁਣਾਇ॥
ਬਿਲਕੁਲ	ਸੱਚ, ਨਿਰੋਲ ਸੱਚ	ਕਹੇ ਹੋਏ, ਸੁਣਾਏ ਹੋਏ

...(ਅਜਿਹੇ ਸਚਿਆਰ ਪੁਰਖਾਂ) ਦੇ ਸੱਚੋ ਸੱਚ ਕਹੇ ਹੋਏ ਬੋਲ, ਚਹੁੰ ਜੁਗਾਂ ਵਿਚ, (ਭਾਵ ਸਦਾ ਲਈ) ਪ੍ਰਸਿੱਧ ਹੋ ਜਾਂਦੇ ਹਨ।...

ਹਉਮੈ	ਮੇਰਾ	ਰਹਿ	ਗਇਆ,
ਹੰਕਾਰ	ਮੈਂ ਮੇਰੀ	ਦੂਰ	ਹੋ ਗਿਆ

ਸਚੈ	ਲਇਆ	ਮਿਲਾਇ॥
ਸਦਾ-ਸਥਿਰ ਪ੍ਰਭੂ	ਲੈਂਦਾ	ਮਿਲ, ਲੀਨ

...(ਇਨ੍ਹਾਂ ਪੁਰਖਾਂ ਨੂੰ) ਸਦਾ-ਸਥਿਰ ਪ੍ਰਭੂ, ਆਪਣੇ ਸਰੂਪ ਵਿਚ ਮਿਲਾ ਲੈਂਦਾ ਹੈ, ਜਿਸ ਨਾਲ ਇਨ੍ਹਾਂ ਦੀ ਹਉਮੈ ਅਤੇ ਮੈਂ ਮੇਰੀ ਮਿਟ ਜਾਂਦੀ ਹੈ।...

ਤਿਨ *(ਤਿਨ੍ਹ)*	ਕਉ	ਮਹਲੁ *(ਮਹਿਲ)*	ਹਦੂਰਿ *(ਹਦੂਰ)*	ਹੈ,
ਤਿਨ੍ਹਾਂ	ਨੂੰ	ਨਿਵਾਸ	ਹਜ਼ੂਰੀ ਵਿਚ	ਹੈ

ਜੋ	ਸਚਿ *(ਸੱਚ)*	ਰਹੇ	ਲਿਵ	ਲਾਇ ॥੩॥
ਜਿਹੜੇ	ਸਦਾ ਸਥਿਰ (ਪ੍ਰਭੂ)	ਵਿਚ	ਰਹਿੰਦੇ	ਧਿਆਨ ਲਗਾਕੇ

...ਜਿਹੜੇ (ਧਰਮ-ਸਾਧਕ) ਸਦਾ-ਸਥਿਰ ਪ੍ਰਭੂ ਵਿਚ ਧਿਆਨ ਲਗਾਕੇ ਰਖਦੇ ਹਨ, ਉਨ੍ਹਾਂ ਨੂੰ ਪਰਮਾਤਮ-ਹਜ਼ੂਰੀ ਵਿਚ ਨਿਵਾਸ ਮਿਲਦਾ ਹੈ।...

ਨਦਰੀ	ਨਾਮੁ *(ਨਾਮ)*	ਧਿਆਈਐ,
ਕ੍ਰਿਪਾ ਦ੍ਰਿਸ਼ਟੀ ਦੁਆਰਾ	(ਪ੍ਰਭੂ) ਸਿਮਰਨ	ਧਿਆਈਦਾ ਹੈ

ਵਿਣੁ *(ਵਿਣ)*	ਕਰਮਾ *(ਕਰਮਾਂ)*	ਪਾਇਆ	ਨ *(ਨਾਂ)*	ਜਾਇ॥
ਬਗੈਰ	ਭਾਗਾਂ ਤੋਂ	ਪ੍ਰਾਪਤ	ਨਹੀਂ	ਹੁੰਦਾ

...(ਅਕਾਲ ਪੁਰਖ ਦੀ) ਕ੍ਰਿਪਾ-ਦ੍ਰਿਸ਼ਟੀ ਦੁਆਰਾ ਹੀ (ਵਾਹਿਗੁਰੂ) ਦਾ ਨਾਮ ਧਿਆਈਦਾ ਹੈ, ਅਤੇ ਇਹ ਬਿਨਾਂ (ਚੰਗੇ) ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦਾ।...

ਪੂਰੈ	ਭਾਗਿ *(ਭਾਗ)*	ਸਤਸੰਗਤਿ *(ਸਤਸੰਗਤ)*	ਲਹੈ,
ਪੂਰਨ	ਭਾਗਾਂ ਰਾਹੀਂ	ਸੱਤ ਪੁਰਖਾਂ ਦਾ ਸੰਗ	ਲੈਂਦਾ ਹੈ, ਪ੍ਰਾਪਤ ਕਰਦਾ ਹੈ

ਸਤਗੁਰੁ *(ਸਤਗੁਰ)*	ਭੇਟੈ	ਜਿਸੁ *(ਜਿਸ)*	ਆਇ॥
ਸਤਿਗੁਰੂ	ਮਿਲੇ	ਜਿਸਨੂੰ	ਆਕੇ

...ਜਿਸਨੂੰ ਸਤਿਗੁਰੂ ਆਪ ਆਕੇ ਮਿਲ ਪਵੇ, (ਫਿਰ ਉਸ ਨੂੰ) ਪੂਰਨ ਕਿਸਮਤ ਦੁਆਰਾ, ਸੱਤ-ਪੁਰਖਾਂ ਦਾ ਸੰਗ ਪ੍ਰਾਪਤ ਹੋ ਜਾਂਦਾ ਹੈ।(ਜਿਸ ਨਾਲ ਹਿਰਦੇ ਵਿਚ ਨਾਮ ਸਿਮਰਨ ਦੀ ਲਹਿਰ ਚਲਦੀ ਰਹਿੰਦੀ ਹੈ।)...

ਅਨਦਿਨੁ *(ਅਨਦਿਨ)*	ਨਾਮੇ	ਰਤਿਆ, *(ਰੱਤਿਆਂ)*
ਦਿਨ ਰਾਤ	ਨਾਮ ਵਿਚ	ਰੰਗੇ ਹੋਇਆ

ਦੁਖੁ *(ਦੁੱਖ)*	ਬਿਖਿਆ	ਵਿਚਹੁ *(ਵਿਚਹੁੰ)*	ਜਾਇ॥
ਤਕਲੀਫ਼	ਜ਼ਹਿਰ	ਹਿਰਦੇ ਵਿਚੋਂ	ਚਲ ਜਾਂਦੀ ਹੈ

ਅੰਕ ੩੫

...(ਅਜਿਹੇ ਸਤਸੰਗੀ ਜਿਊੜਿਆਂ ਦੇ) ਦਿਨ ਰਾਤ (ਭਾਵ ਹਰ ਵੇਲੇ, ਪ੍ਰਭੂ) ਸਿਮਰਨ ਵਿਚ ਰੰਗੇ ਹੋਣ ਕਰਕੇ, ਹਿਰਦੇ ਵਿਚੋਂ (ਵਿਕਾਰਾਂ ਰੂਪੀ) ਜ਼ਹਿਰ ਦਾ ਦੁੱਖ ਦੂਰ ਹੋ ਜਾਂਦਾ ਹੈ।...

ਨਾਨਕ,	**ਸਬਦਿ** *(ਸ਼ਬਦ)*	**ਮਿਲਾਵੜਾ,**
ਹੇ! ਨਾਨਕ!	(ਗੁਰ) ਸ਼ਬਦ ਰਾਹੀਂ	(ਪ੍ਰਭੂ) ਮਿਲਾਪ/ਮੇਲ
ਨਾਮੇ	**ਨਾਮਿ** *(ਨਾਮ)*	**ਸਮਾਇ॥੪॥੨੨॥੫੫॥**
ਨਾਮ ਵਿਚ	(ਪ੍ਰਭੂ) ਸਿਮਰਨ ਰਾਹੀਂ	ਸਮਾਈਦਾ ਹੈ

...ਹੇ! ਨਾਨਕ! (ਗੁਰ) ਸ਼ਬਦ ਦੁਆਰਾ ਪ੍ਰਭੂ ਮਿਲਾਪ ਹੁੰਦਾ ਹੈ, ਅਤੇ (ਇਵੇਂ ਪ੍ਰਭੂ ਦੇ) ਨਾਮ ਸਿਮਰਨ ਰਾਹੀਂ, ਨਾਮ ਵਿਚ (ਭਾਵ ਨਾਮੀ ਪਰਮਾਤਮਾ) ਵਿਚ ਲਿਵਲੀਨ ਹੋ ਜਾਈਦਾ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ
ਆਪਣਾ ਭਉ	**ਤਿਨ** *(ਤਿਨ੍ਹ)*	**ਪਾਇਓਨੁ,** *(ਪਾਇਓਨ)*
ਆਪਦਾ	ਨਿਰਮਲ ਭੈ, ਅਦਬ ਤਿਨ੍ਹਾਂ	ਪਾ ਦਿੱਤਾ ਹੈ

ਜਿਨ *(ਜਿਨ੍ਹ)*	**ਗੁਰ**	**ਕਾ**	**ਸਬਦੁ** *(ਸ਼ਬਦ)*	**ਬੀਚਾਰਿ** *(ਬੀਚਾਰ)* ॥
ਜਿਨ੍ਹਾਂ	ਸਤਿਗੁਰੂ	ਦਾ	ਸ਼ਬਦ	ਵਿਚਾਰਿਆ, ਸਮਝਿਆ

ਜਿਨ੍ਹਾਂ (ਧਰਮ-ਸਾਧਕਾਂ ਨੇ) ਸਤਿਗੁਰੂ ਦਾ ਸ਼ਬਦ-ਉਪਦੇਸ਼ ਵਿਚਾਰਿਆ ਹੈ, (ਪ੍ਰਭੂ ਨੇ ਉਨ੍ਹਾਂ ਦੇ ਹਿਰਦਿਆਂ ਅੰਦਰ) ਆਪਣਾ ਨਿਰਮਲ ਭੈ ਅਦਬ ਟਿਕਾ ਦਿੱਤਾ ਹੈ।...

ਸਤਸੰਗਤੀ *(ਸਤਸੰਗਤੀ)*	**ਸਦਾ**	**ਮਿਲਿ** *(ਮਿਲ)*	**ਰਹੇ,**
ਸੱਤ ਪੁਰਖਾਂ ਦੀ ਸੰਗਤ ਦੁਆਰਾ	ਹਮੇਸ਼ਾਂ	ਮਿਲੇ	ਰਹਿੰਦੇ ਹਨ
ਸਚੇ	**ਕੇ**	**ਗੁਣ**	**ਸਾਰਿ** *(ਸਾਰ)* ॥
ਸੱਚ ਪ੍ਰਭੂ	ਦੇ	ਚੰਗਿਆਈਆਂ	ਸੰਭਾਲ ਕੇ, ਚੇਤੇ ਕਰਕੇ

...(ਉਹ ਆਪਣੇ ਹਿਰਦੇ ਵਿਚ) ਸਥਿਰ ਪ੍ਰਭੂ ਦੀਆਂ ਚੰਗਿਆਈਆਂ ਨੂੰ ਚੇਤੇ ਕਰਦਿਆਂ, ਹਮੇਸ਼ਾਂ ਸੱਤਸੰਗਤ ਵਿਚ ਜੁੜੇ ਰਹਿੰਦੇ ਹਨ।...

ਦੁਬਿਧਾ	**ਮੈਲੁ** *(ਮੈਲ)*	**ਚੁਕਾਈਅਨੁ,** *(ਚੁਕਾਈਅਨ)*
ਦੁਬਿਧਾ ਰੂਪੀ, ਦੁਚਿੱਤੀ ਵਾਲੀ	ਮਲ, ਗੰਦਗੀ	ਚੁਕਾ ਦਿੱਤੀ, ਦੂਰ ਕਰ ਦਿੱਤੀ

ਅੰਕ ੩੫

ਹਰਿ *(ਹਰ)*	ਰਾਖਿਆ	ਉਰਧਾਰਿ *(ਉਰਧਾਰ)* ‖
ਪ੍ਰਭ ਨੂੰ	ਟਿਕਾਇਆ	ਹਿਰਦੇ ਵਿਚ ਧਾਰ ਕੇ

...(ਅਜਿਹੇ ਗੁਰੂ ਸੰਵਾਰਿਆਂ ਦੇ ਚਿੱਤ ਵਿਚੋਂ ਸਾਹਿਬ ਨੇ) ਦੁਬਿਧਾ ਰੂਪੀ ਮੈਲ ਦੂਰ ਕਰ ਦਿੱਤੀ ਹੈ, ਅਤੇ (ਉਨ੍ਹਾਂ ਨੇ ਆਪਣੇ) ਹਿਰਦੇ ਵਿਚ ਵਾਹਿਗੁਰੂ ਨੂੰ ਧਾਰਨ ਕਰਕੇ, ਟਿਕਾ ਲਿਆ ਹੈ।...

ਸਚੀ	ਬਾਣੀ,	ਸਚੁ *(ਸੱਚ)*	ਮਨਿ, *(ਮਨ)*
ਸੱਚ ਵਾਲੀ ਬੋਲਬਾਣੀ	ਸਦਾ-ਸਥਿਰ	(ਪ੍ਰਭੂ)	ਮਨ ਵਿਚ
ਸਚੇ	ਨਾਲਿ *(ਨਾਲ)*	ਪਿਆਰੁ *(ਪਿਆਰ)* ‖੧‖	
ਸਦਾ-ਸਥਿਰ ਪ੍ਰਭੂ	ਨਾਲ (ਸੰਗ)	ਪ੍ਰੀਤ, ਸਨੇਹ	

...(ਉਨ੍ਹਾਂ ਸਚਿਆਰ ਪੁਰਖਾਂ) ਦੀ ਸਦਾ-ਸਥਿਰ ਪ੍ਰਭੂ ਨਾਲ ਪ੍ਰੀਤ ਹੋ ਜਾਂਦੀ ਹੈ, (ਜਿਸ ਕਰਕੇ ਉਨ੍ਹਾਂ ਦੇ) ਚਿੱਤ ਵਿਚ ਸੱਚ ਪ੍ਰਭੂ ਵਸ ਜਾਂਦਾ ਹੈ, ਉਨ੍ਹਾਂ ਦੀ ਬੋਲ ਬਾਣੀ ਵੀ ਸੱਚ ਪ੍ਰਭੂ ਵਰਗੀ ਹੋ ਜਾਂਦੀ ਹੈ।...

ਮਨ	ਮੇਰੇ,	ਹਉਮੈ	ਮੈਲੁ *(ਮੈਲ)*	ਭਰਨਾਲਿ *(ਭਰਨਾਲ)* ‖
ਚਿੱਤ	ਆਪਣੇ	ਹੰਕਾਰ	ਮਲ	ਸੰਸਾਰ ਰੂਪੀ ਸਮੁੰਦਰ ਵਿਚ

...ਹੇ! ਮੇਰੇ ਮਨਾ! ਸੰਸਾਰ ਰੂਪੀ ਸਮੁੰਦਰ ਵਿਚ ਅਹੰਕਾਰ ਦੀ ਮੈਲ (ਭਰੀ ਪਈ ਹੈ)।...

ਹਰਿ *(ਹਰ)*	ਨਿਰਮਲੁ *(ਨਿਰਮਲ)*	ਸਦਾ	ਸੋਹਣਾ,
ਹਰੀ ਪ੍ਰਭੂ	ਪਵਿੱਤਰ	ਹਮੇਸ਼ਾਂ	ਸੁੰਦਰ
ਸਬਦਿ *(ਸ਼ਬਦ)*	ਸਵਾਰਣਹਾਰੁ *(ਸਵਾਰਣਹਾਰ)* ‖੧‖		ਰਹਾਉ ‖
(ਗੁਰ) ਸ਼ਬਦ ਰਾਹੀਂ	ਸੰਵਾਰਨ ਵਾਲਾ		ਠਹਿਰਾਉ

...(ਪ੍ਰੰਤੂ) ਹਰੀ ਪਵਿੱਤਰ ਅਤੇ ਸਦਾ ਹੀ ਸੁੰਦਰ ਸਰੂਪ ਹੈ, ਅਤੇ (ਉਹ) ਗੁਰ ਸ਼ਬਦ ਰਾਹੀਂ (ਹਉਮੈ ਦੇ ਭਰਿਆਂ ਹੋਇਆਂ ਨੂੰ ਵੀ ਆਪਣੇ ਵਰਗਾ ਹੀ ਪਵਿੱਤਰ ਅਤੇ ਸੁੰਦਰ) ਬਣਾਉਣ ਵਾਲਾ ਹੈ।...

ਸਚੈ	ਸਬਦਿ, *(ਸ਼ਬਦ)*	ਮਨੁ *(ਮਨ)*	ਮੋਹਿਆ,
ਸਦਾ-ਸਥਿਰ ਪ੍ਰਭੂ ਦੇ	ਸ਼ਬਦ ਵਿਚ	ਚਿੱਤ	ਆਕਰਸ਼ਿਤ/ਮਸਤ ਹੋ ਗਿਆ

ਪ੍ਰਭਿ *(ਪ੍ਰਭ)*	ਆਪੇ	ਲਏ	ਮਿਲਾਇ ‖
ਪ੍ਰਭੂ ਨੇ	ਆਪ ਹੀ	ਲਿਆ	ਮਿਲਾ, ਜੋੜ

ਅੰਕ ੩੫-੩੬

...(ਜਿਨ੍ਹਾਂ ਦਾ) ਚਿੱਤ ਸਦਾ-ਸਥਿਰ ਪ੍ਰਭੂ ਦੇ ਸ਼ਬਦ ਵਿਚ ਮੋਹਿਤ ਹੋ ਗਿਆ ਹੈ, ਪਰਮਾਤਮਾ ਨੇ ਆਪ ਹੀ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ।...

ਅਨਦਿਨੁ *(ਅਨਦਿਨ)*	ਨਾਮੇ	ਰਤਿਆ, *(ਰਤਿਆਂ)*
ਦਿਨ ਰਾਤ	ਨਾਮ ਵਿਚ	ਰੰਗਿਆਂ

ਜੋਤੀ	ਜੋਤਿ *(ਜੋਤ)*	ਸਮਾਇ॥
ਜੋਤ	ਜੋਤ ਵਿਚ	ਸਮਾ ਜਾਂਦੀ ਹੈ, ਲੀਨ ਹੋ ਜਾਂਦੀ ਹੈ।

...ਦਿਨ ਰਾਤ ਭਾਵ ਅੱਠੇ ਪਹਿਰ, ਪ੍ਰਭੂ ਸਿਮਰਨ ਵਿਚ ਰੰਗੇ ਹੋਇਆਂ, (ਧਰਮ-ਸਾਧਕ ਦੀ ਜੀਵਨ) ਜੋਤ, (ਪ੍ਰਭੂ) ਜੋਤ ਵਿਚ ਲੀਨ ਹੋਈ ਰਹਿੰਦੀ ਹੈ।...

ਜੋਤੀ	ਹੁ *(ਹੂੰ)*	ਪ੍ਰਭੁ *(ਪ੍ਰਭ)*	ਜਾਪਦਾ,
ਜੋਤ	ਦੁਆਰਾ	ਪਰਮਾਤਮਾ	ਅਨੁਭਵ ਹੁੰਦਾ

ਬਿਨੁ *(ਬਿਨ)*	ਸਤਗੁਰ	ਬੂਝ	ਨ *(ਨਾਂ)*	ਪਾਇ॥
ਬਿਨਾਂ	ਸਤਿਗੁਰੂ ਤੋਂ	ਸਮਝ	ਨਹੀਂ	ਪੈਂਦੀ

...(ਪ੍ਰਭੂ ਬੰਦਗੀ ਰਾਹੀਂ ਪ੍ਰਜ੍ਵਲਤ ਹੋਏ ਅੰਤਹਕਰਣ ਦੇ) ਪ੍ਰਕਾਸ਼ ਰਾਹੀਂ ਹੀ, ਪਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ, ਪਰ ਇਹ ਸਮਝ ਸਤਿਗੁਰੂ (ਦੀ ਸਿੱਖਿਆ ਤੋਂ) ਬਿਨਾਂ ਨਹੀਂ ਪੈਂਦੀ।...

ਜਿਨ *(ਜਿਨ੍ਹ)*	ਕਉ	ਪੂਰਬਿ *(ਪੂਰਬ)*	ਲਿਖਿਆ,
ਜਿਨ੍ਹਾਂ	ਨੂੰ	ਪਹਿਲੋਂ ਹੀ, ਧੁਰੋਂ ਹੀ	ਅੰਕਿਤ ਹੋਇਆ

ਸਤਗੁਰੁ *(ਸਤਗੁਰ)*	ਭੇਟਿਆ	ਤਿਨ	ਆਇ॥੨॥
ਸਤਿਗੁਰੂ	ਮਿਲਿਆ	ਤਿਨ੍ਹਾਂ ਨੂੰ	ਆਕੇ

...ਜਿਨ੍ਹਾਂ ਨੂੰ ਪਹਿਲੋਂ ਹੀ, ਭਾਵ ਧੁਰ ਦਰਗਾਹੋਂ ਹੀ (ਭਾਗਾਂ ਵਿਚ) ਲਿਖਿਆ ਹੁੰਦਾ ਹੈ, ਸਤਿਗੁਰੂ ਤਿਨ੍ਹਾਂ ਨੂੰ ਆਕੇ ਪ੍ਰਾਪਤ ਹੁੰਦਾ ਹੈ।...

ਵਿਣੁ *(ਵਿਣ)*	ਨਾਵੈ *(ਨਾਵੈਂ)*	ਸਭ	ਡੁਮਣੀ,
ਬਗੈਰ	ਨਾਮ ਤੋਂ	ਸਾਰੀ	ਦੋ ਮਨਾਂ ਵਾਲੀ, ਦੁਚਿੱਤੀ ਵਾਲੀ

ਦੂਜੈ	ਭਾਇ	ਖੁਆਇ॥
ਦੂਸਰੇ	ਪਿਆਰ	ਖੁਆਰ, ਖੱਜਲ

ਅੰਕ ੩੬

...(ਪਰਮਾਤਮਾ ਦੀ ਬੰਦਗੀ ਤੋਂ ਬਗੈਰ) ਸਭ ਦੁਨੀਆਂ ਦੁਚਿੱਤੀ ਵਾਲੀ ਹਾਲਤ ਵਿਚ ਹੈ। ਦੂਜੇ-ਭਾਉ, ਭਾਵ ਪਰਮਾਤਮ ਪਿਆਰ ਨੂੰ ਛੱਡਕੇ, ਮਾਇਆ ਦੇ ਲਗਾਓ ਕਰਕੇ ਖੱਜਲ ਖੁਆਰ ਹੋ ਰਹੀ ਹੈ।...

ਤਿਸੁ *(ਤਿਸ)*	ਬਿਨੁ *(ਬਿਨ)*	ਘੜੀ	ਨ *(ਨਾਂ)*	ਜੀਂਵਦੀ,
ਤਿਸ(ਪ੍ਰਭੂ)	ਬਿਨਾਂ	ਛਿਨ, ਥੋੜ੍ਹੇ ਜਿਹੇ ਸਮੇਂ	ਨਹੀਂ	ਜਿਉਂਦੀ

ਦੁਖੀ *(ਦੁੱਖੀਂ)*	ਰੈਣਿ *(ਰੈਣ)*	ਵਿਹਾਇ॥
ਤਕਲੀਫ਼ਾਂ ਵਿਚ	ਰਾਤ	ਬਤੀਤ ਹੁੰਦੀ ਹੈ

...(ਇਸ ਦ੍ਵੈਤ-ਭਾਵ ਦੀ ਖੱਜਲ ਖੁਆਰੀ ਕਰਕੇ, ਉਸਦੀ ਜੀਵਨ ਰੂਪੀ) ਰਾਤ, ਦੁੱਖਾਂ ਤਕਲੀਫਾਂ ਵਿਚ ਹੀ ਲੰਘਦੀ ਹੈ, ਅਤੇ ਉਸ (ਪ੍ਰਭੂ ਮਿਲਾਪ ਤੋਂ) ਬਿਨਾਂ, ਇਕ ਘੜੀ ਦਾ ਜਿਊਣਾ, (ਭਾਵ ਪਰਮਾਤਮ ਅਨੰਦ ਵਾਲਾ ਛਿਨ) ਵੀ ਨਸੀਬ ਨਹੀਂ ਹੁੰਦਾ...

ਭਰਮਿ *(ਭਰਮ)*	ਭੁਲਾਣਾ	ਅੰਧੁਲਾ,
ਭੁਲੇਖੇ ਵਿਚ	ਭੁੱਲਿਆ ਹੋਇਆ	ਅੰਨ੍ਹਾ, ਗਿਆਨਹੀਨ

ਫਿਰਿ *(ਫਿਰ)*	ਫਿਰਿ *(ਫਿਰ)*	ਆਵੈ	ਜਾਇ॥
ਦੁਬਾਰਾ	ਦੁਬਾਰਾ	ਆਉਂਦਾ	ਜਾਂਦਾ ਹੈ

...(ਮਾਇਆ ਰੂਪੀ) ਭੁਲੇਖੇ ਵਿਚ ਭੁਲਿਆ ਹੋਇਆ, ਅੰਨ੍ਹਾ ਭਾਵ ਅਗਿਆਨੀ, ਬਾਰ ਬਾਰ ਸੰਸਾਰ ਤੇ ਜੰਮਣ ਮਰਣ ਦੇ ਚੱਕਰ ਵਿਚ ਪਿਆ ਹੋਇਆ ਆਉਂਦਾ ਜਾਂਦਾ ਰਹਿੰਦਾ ਹੈ।...

ਨਦਰਿ *(ਨਦਰ)*	ਕਰੇ	ਪ੍ਰਭੁ *(ਪ੍ਰਭ)*	ਆਪਣੀ,
ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ	ਪਰਮਾਤਮਾ	ਆਪ ਦੀ

ਆਪੇ	ਲਏ	ਮਿਲਾਇ॥੩॥
ਆਪ ਹੀ	ਲੈਂਦਾ	ਮਿਲਾ, ਜੋੜ

...(ਪਰ ਜੇ) ਪਰਮਾਤਮਾ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ ਤਾਂ ਉਹ ਆਪ ਹੀ (ਭਰਮ ਵਿਚ ਪਏ ਹੋਏ ਜੀਵ ਨੂੰ ਵੀ ਆਪਣੇ ਵਿਚ) ਮਿਲਾ ਲੈਂਦਾ ਹੈ।...

ਸਭੁ *(ਸਭ)*	ਕਿਛੁ *(ਕਿਛ)*	ਸੁਣਦਾ	ਵੇਖਦਾ *(ਵੇਖਦਾ)*
ਸਾਰਾ	ਕੁੱਝ	ਸਰਵਣ ਕਰਦਾ	ਤੱਕਦਾ

ਕਿਉ *(ਕਿਉਂ)*	ਮੁਕਰਿ *(ਮੁਕਰ)*	ਪਇਆ	ਜਾਇ ॥
ਕਿਵੇਂ	ਮੁਨਕਰ	ਹੋਇਆ	ਜਾਵੇ

...(ਸੰਸਾਰਿਕ ਜੀਵ ਜੋ ਕੁਝ ਵੀ ਕਹਿੰਦੇ ਅਤੇ ਕਰਮ ਕਰਦੇ ਹਨ, ਪਰਮਾਤਮਾ) ਉਸ ਸਭ ਕੁਝ ਨੂੰ ਸੁਣਦਾ ਅਤੇ ਵੇਖਦਾ ਹੈ, (ਫਿਰ) ਉਸ ਤੋਂ ਮੁਨਕਰ ਕਿਵੇਂ ਹੋਇਆ ਜਾ ਸਕਦਾ ਹੈ? (ਭਾਵ ਨਹੀਂ ਹੋਇਆ ਜਾ ਸਕਦਾ)...

ਪਾਪੋ	ਪਾਪੁ *(ਪਾਪ)*	ਕਮਾਵਦੇ, *(ਕਮਾਂਵਦੇ)*
ਕੁਕਰਮ ਹੀ	ਕੁਕਰਮ	ਕਮਾਉਂਦੇ

ਪਾਪੇ	ਪਚਹਿ *(ਪਚਹਿੰ)*	ਪਚਾਇ॥
ਪਾਪ ਵਿਚ ਹੀ	ਸਮਾ ਜਾਂਦੇ, ਮਿਟ ਜਾਂਦੇ	ਨਾਸ਼ ਹੋਣਾ, ਮਿਟ ਜਾਣਾ

...(ਜੋ ਇਸ ਸੰਸਾਰ ਵਿਚ ਸਿਰਫ਼) ਕੁਕਰਮ ਹੀ ਕੁਕਰਮ ਕਮਾਉਂਦੇ ਹਨ, ਅਤੇ ਉਹ ਕੁਕਰਮਾਂ ਵਿਚ ਹੀ ਪਚਕੇ ਭਾਵ ਨਾਸ਼ ਹੋਕੇ ਮਿਟ ਜਾਂਦੇ ਹਨ।...

ਸੋ	ਪ੍ਰਭੁ *(ਪ੍ਰਭ)*	ਨਦਰਿ *(ਨਦਰ)*	ਨ *(ਨਾਂ)*	ਆਵਈ,
ਉਨ੍ਹਾਂ ਨੂੰ	ਪ੍ਰਭੂ	ਨਜ਼ਰ	ਨਹੀਂ	ਆਉਂਦਾ

ਮਨਮੁਖਿ *(ਮਨਮੁੱਖ)*	ਬੂਝ	ਨ *(ਨਾਂ)*	ਪਾਇ॥
ਗੁਰੂ ਤੋਂ ਬੇਮੁੱਖ ਨੂੰ	ਸਮਝ	ਨਹੀਂ	ਪਾਉਂਦਾ

...ਮਨਮੁੱਖ ਨੂੰ (ਹਾਜ਼ਰ ਨਾਜ਼ਰ ਹੋਕੇ ਵੇਖਣ ਸੁਣਨ ਵਾਲਾ ਪਰਮਾਤਮਾ) ਨਜ਼ਰ ਹੀ ਨਹੀਂ ਆਉਂਦਾ, ਅਤੇ (ਉਸ ਨੂੰ ਆਪਣੀ ਇਸ ਬੇਸਮਝੀ ਦੀ) ਸੁਝ ਬੂਝ ਹੀ ਨਹੀਂ ਆਉਂਦੀ।...

ਜਿਸੁ *(ਜਿਸ)*	ਵੇਖਾਲੇ,	ਸੋਈ	ਵੇਖੈ,
ਜਿਸਨੂੰ	ਵੇਖਾਲਦਾ	ਉਹੋ ਹੀ	ਵੇਖਦਾ ਹੈ

ਨਾਨਕ,	ਗੁਰਮੁਖਿ *(ਗੁਰਮੁਖ)*	ਪਾਇ ॥੪॥੨੩॥੫੬॥
ਹੇ! ਨਾਨਕ!	ਸਤਿਗੁਰੂ ਦੇ ਸਨਮੁੱਖ ਹੋਕੇ	ਪਾਈਦਾ ਹੈ, ਪ੍ਰਾਪਤ ਹੁੰਦਾ ਹੈ

...ਹੇ! ਨਾਨਕ! ਜਿਸਨੂੰ (ਸਾਹਿਬ ਜੀ, ਉਸ ਇਲਾਹੀ ਚਾਨਣ ਦੇ) ਦੀਦਾਰ ਕਰਾ ਦੇਵੇ, ਉਹੋ ਹੀ (ਇਸ ਜਲੌ ਦੇ ਜਲਵੇ) ਵੇਖ ਸਕਦਾ ਹੈ।

ਸ੍ਰੀਰਾਗੁ, *(ਸ੍ਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਬਿਨੁ *(ਬਿਨ)*	ਗੁਰ,	ਰੋਗੁ *(ਰੋਗ)*	ਨ *(ਨਾਂ)*	ਤੁਟਈ,
ਬਿਨਾਂ	ਸਤਿਗੁਰੂ	ਬਿਮਾਰੀ	ਨਾ	ਟੁੱਟਦੀ, ਖ਼ਤਮ ਹੁੰਦੀ

ਹਉਮੈ	ਪੀੜ	ਨ *(ਨਾਂ)*	ਜਾਇ॥
ਹੰਕਾਰ	ਦਰਦ	ਨਹੀਂ	ਜਾਂਦਾ

...ਸਤਿਗੁਰੂ ਦੇ ਓਟ ਆਸਰੇ ਤੋਂ ਬਿਨਾਂ ਨਾ ਹਉਮੈ ਦੀ ਬਿਮਾਰੀ ਖ਼ਤਮ ਹੁੰਦੀ ਹੈ, ਤੇ ਨਾਂ ਹੀ ਉਸਦਾ ਦਰਦ ਹੀ ਮੁੱਕਦਾ ਹੈ।...

ਗੁਰ	ਪਰਸਾਦੀ	ਮਨਿ *(ਮਨ)*	ਵਸੈ,
ਸਤਿਗੁਰੂ	ਕਿਰਪਾ ਦੁਆਰਾ	ਚਿੱਤ ਅੰਦਰ	ਵਸਦਾ ਹੈ

ਨਾਮੇ	ਰਹੈ	ਸਮਾਇ॥
(ਪ੍ਰਭੂ) ਨਾਮ ਵਿਚ	ਰਹਿੰਦਾ	ਲੀਨ ਹੋਕੇ

...ਸਤਿਗੁਰੂ ਦੀ ਕਿਰਪਾ ਦੁਆਰਾ (ਪ੍ਰਭੂ ਸਿਮਰਨ) ਚਿੱਤ ਵਿਚ ਵਸਦਾ ਹੈ, ਅਤੇ ਫਿਰ (ਧਰਮ-ਸਾਧਕ) ਨਾਮ ਸਿਮਰਨ ਵਿਚ ਹੀ ਲਿਵਲੀਨ ਰਹਿੰਦਾ ਹੈ।...

ਗੁਰਸਬਦੀ *(ਗੁਰਸ਼ਬਦੀਂ)*	ਹਰਿ *(ਹਰ)*	ਪਾਈਐ,
ਸਤਿਗੁਰੂ ਦੇ ਸ਼ਬਦ ਦੁਆਰਾ	ਹਰੀ, ਪ੍ਰਭੂ	ਪਾਈਦਾ ਹੈ, ਪ੍ਰਾਪਤ ਕਰੀਦਾ ਹੈ

ਬਿਨੁ *(ਬਿਨ)*	ਸਬਦੈ *(ਸ਼ਬਦੈ)*	ਭਰਮਿ *(ਭਰਮ)*	ਭੁਲਾਇ ॥੧॥
ਬਿਨਾਂ	(ਗੁਰ) ਸ਼ਬਦ ਤੋਂ	ਭਰਮ ਵਿਚ	ਭੁਲਿਆ ਰਹਿੰਦਾ

...ਸਤਿਗੁਰੂ ਦੇ ਸ਼ਬਦ ਦੁਆਰਾ, ਭਾਵ ਗੁਰ ਉਪਦੇਸ਼ ਰਾਹੀਂ ਪਰਮਾਤਮਾ ਨੂੰ ਪ੍ਰਾਪਤ ਕਰੀਦਾ ਹੈ, ਸਤਿਗੁਰੂ ਦੇ ਓਟ ਆਸਰੇ ਤੋਂ ਬਿਨਾਂ (ਜੀਵ ਮਾਇਆ ਦੇ) ਭਰਮ ਭੁਲੇਖੇ ਵਿਚ ਹੀ ਭੁਲਿਆ ਰਹਿੰਦਾ ਹੈ।...

ਮਨ	ਰੇ,	ਨਿਜ	ਘਰਿ *(ਘਰ)*	ਵਾਸਾ	ਹੋਇ॥
ਚਿੱਤ	ਹੇ!	ਆਪਣੇ	ਘਰ ਵਿਚ	ਨਿਵਾਸ	ਹੁੰਦਾ ਹੈ

ਹੇ! ਮੇਰੇ ਮਨਾ! (ਸਤਿਗੁਰੂ ਦੇ ਉਪਦੇਸ਼ ਰਾਹੀਂ) ਨਿਜ ਘਰ ਵਿਚ ਵਾਸਾ ਹੁੰਦਾ ਹੈ (ਭਾਵ ਧਰਮ-ਸਾਧਕ ਆਪਣੇ ਸ੍ਵੈ-ਸਰੂਪ ਵਿਚ ਟਿਕ ਜਾਂਦਾ ਹੈ।)

ਰਾਮ	ਨਾਮੁ *(ਨਾਮ)*	ਸਾਲਾਹਿ *(ਸਾਲਾਹ)*	ਤੂ, *(ਤੂੰ)*
ਪ੍ਰਭੂ	ਨਾਮ	ਸ਼ਲਾਘਾ, ਸਰਾਹਨਾ	ਤੁਸੀਂ

ਫਿਰਿ *(ਫਿਰ)*	ਆਵਣ	ਜਾਣੁ *(ਜਾਣ)*	ਨ *(ਨਾਂ)*	ਹੋਇ॥੧॥	ਰਹਾਉ॥
ਫਿਰ	ਆਉਣਾ	ਜਾਣਾ	ਨਹੀਂ	ਹੁੰਦਾ	ਠਹਿਰਾਉ

ਅੰਕ ੩੬

...(ਹੇ! ਮਨਾ!) ਤੂੰ ਪ੍ਰਭੂ ਨਾਮ ਦੀ ਸਿਫ਼ਤ ਸਲਾਹ ਕਰ, (ਭਾਵ ਬੰਦਗੀ ਵਿਚ ਟਿਕ) ਫਿਰ ਸੰਸਾਰ ਦਾ ਆਉਣਾ ਜਾਣਾ, ਭਾਵ ਜਨਮ ਮਰਨ ਦਾ ਚੱਕਰ ਨਹੀਂ ਹੋਏਗਾ।...

ਹਰਿ *(ਹਰ)*	ਇਕੋ	ਦਾਤਾ	ਵਰਤਦਾ,
ਹਰੀ ਪ੍ਰਭੂ	ਇਕ ਹੀ	ਦਾਤਾਰ	ਵਰਤ ਰਿਹਾ ਹੈ, ਵਿਚਰ ਰਿਹਾ ਹੈ
ਦੂਜਾ	ਅਵਰੁ *(ਅਵਰ)*	ਨ *(ਨਾਂ)*	ਕੋਇ ॥
ਦੂਸਰਾ	ਹੋਰ	ਨਹੀਂ	ਕੋਈ

...(ਸਾਰੇ ਬ੍ਰਹਿਮੰਡ ਵਿਚ) ਬਖਸ਼ਿਸ਼ਾਂ ਕਰਨ ਵਾਲਾ ਇਕ ਪ੍ਰਭੂ ਹੀ ਵਿਚਰ ਰਿਹਾ ਹੈ, ਭਾਵ ਸਭ ਕਾਰਜ ਅਤੇ ਦੇਖ ਭਾਲ ਕਰ ਰਿਹਾ ਹੈ, ਉਸ ਤੋਂ ਇਲਾਵਾ ਹੋਰ ਕੋਈ (ਸ਼ਕਤੀ) ਨਹੀਂ ਹੈ।...

ਸਬਦਿ *(ਸ਼ਬਦ)*	ਸਾਲਾਹੀ, *(ਸਾਲਾਹੀਂ)*	ਮਨਿ *(ਮਨ)*	ਵਸੈ,
ਗੁਰ (ਸ਼ਬਦ) ਰਾਹੀਂ	ਸਲਾਹੁਣ ਨਾਲ	ਚਿੱਤ ਵਿਚ	ਵਸ ਜਾਂਦਾ ਹੈ
ਸਹਜੇ *(ਸਹਿਜੇ)*	ਹੀ	ਸੁਖੁ *(ਸੁੱਖ)*	ਹੋਇ॥
ਸੁਤੇ ਹੀ	ਕੇਵਲ	(ਪਰਮਾਤਮ)ਅਨੰਦ	ਹੁੰਦਾ ਹੈ

...ਸਤਿਗੁਰੂ ਦੇ ਸ਼ਬਦ, ਭਾਵ ਗੁਰ-ਸਿੱਖਿਆ ਰਾਹੀਂ (ਪ੍ਰਭੂ ਦੀ) ਸਿਫ਼ਤ ਸਲਾਹ ਕਰਨ ਨਾਲ, (ਪਰਮਾਤਮਾ) ਹਿਰਦੇ ਵਿਚ ਵਸ ਜਾਂਦਾ ਹੈ, ਤੇ ਇਸ ਤਰ੍ਹਾਂ ਸਹਿਜ ਸੁਭਾ ਹੀ ਪਰਮਾਤਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ।...

ਸਭ	ਨਦਰੀ	ਅੰਦਰਿ *(ਅੰਦਰ)*	ਵੇਖਦਾ,
ਸਭ ਨੂੰ	ਕ੍ਰਿਪਾ-ਦ੍ਰਿਸ਼ਟੀ	ਰਾਹੀਂ, ਦੁਆਰਾ	ਤੱਕਦਾ ਹੈ
ਜੈ *(ਜੈਂ)*	ਭਾਵੈ	ਤੈ *(ਤੈਂ)*	ਦੇਇ *(ਦੇ)* ॥੨॥
ਜਿਸਨੂੰ	ਭਾ ਜਾਵੇ	ਉਸਨੂੰ	ਦਿੰਦਾ ਹੈ

...ਸਭ (ਸੰਸਾਰ ਦੇ ਜੀਵਾਂ ਨੂੰ ਵਾਹਿਗੁਰੂ ਆਪਣੀ) ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦਾ ਹੈ, ਪਰ ਨਾਮ ਦੀ ਬਖਸ਼ਿਸ਼, ਜਿਹੜਾ ਉਸ ਨੂੰ ਭਾ ਜਾਵੇ ਉਸ ਨੂੰ ਦਿੰਦਾ ਹੈ।...

ਹਉਮੈ	ਸਭਾ	ਗਣਤ	ਹੈ,
ਹੰਕਾਰ	ਸਾਰੀ	ਗਿਣਤੀ ਮਿਣਤੀ, ਹਿਸਾਬ ਕਿਤਾਬ	ਹੋਣ ਦੀ ਕ੍ਰਿਆ
ਗਣਤੈ	ਨਉ *(ਨਉਂ)*	ਸੁਖੁ *(ਸੁੱਖ)*	ਨਾਹਿ *(ਨਾਹਿਂ)* ॥
ਗਿਣਤੀਆਂ ਮਿਣਤੀਆਂ	ਨੂੰ	ਸੁੱਖ	ਨਹੀਂ

ਅੰਕ ੩੬

...(ਦੁਨੀਆਂ ਦੇ ਪਸਾਰੇ ਦਾ) ਸਾਰਾ ਹਿਸਾਬ ਕਿਤਾਬ ਹੰਕਾਰ ਦੀ ਪ੍ਰਕ੍ਰਿਆ ਹੈ, ਅਤੇ (ਇਨ੍ਹਾਂ ਹਉਮੈ ਦੀਆਂ) ਗਿਣਤੀਆਂ ਮਿਣਤੀਆਂ ਰਾਹੀਂ, ਕਦੇ ਆਤਮਿਕ-ਅਨੰਦ ਦੀ ਪ੍ਰਾਪਤੀ ਨਹੀਂ ਹੁੰਦੀ।...

ਬਿਖੁ *(ਬਿੱਖ)*	**ਕੀ**	**ਕਾਰ**	**ਕਮਾਵਣੀ,**
ਜ਼ਹਿਰ	ਦੀ	ਕਮਾਈ	ਕਮਾਉਣੀ

ਬਿਖੁ *(ਬਿੱਖ)*	**ਹੀ**	**ਮਾਹਿ** *(ਮਾਹਿਂ)*	**ਸਮਾਹਿ** *(ਸਮਾਹਿਂ)* ॥
ਜ਼ਹਿਰ	ਸਿਰਫ਼	ਵਿਚ	ਗ਼ਲਤਾਨ ਰਹਿੰਦੇ ਹਨ

...(ਹਉਮੈ ਦੀਆਂ ਗਿਣਤੀਆਂ ਮਿਣਤੀਆਂ ਵਾਲੀ) ਬਿੱਖ ਦੀ ਕਾਰ ਕਮਾਉਣ ਵਾਲੇ, ਫਿਰ (ਹਉਮੈ ਵਾਲੀ) ਜ਼ਹਿਰ ਵਿਚ ਹੀ ਗ਼ਲਤਾਨ ਰਹਿੰਦੇ ਹਨ।...

ਬਿਨੁ *(ਬਿਨ)*	**ਨਾਵੈ,** *(ਨਾਵੈਂ)*	**ਠਉਰੁ** *(ਠਉਰ)*	**ਨ** *(ਨਾਂ)*	**ਪਾਇਨੀ,**
ਬਿਨਾਂ	ਨਾਮ ਸਿਮਰਨ	ਟਿਕਾਣਾ	ਨਹੀਂ	ਪਾਉਂਦੇ

ਜਮਪੁਰਿ *(ਜਮਪੁਰ)*	**ਦੂਖ**	**ਸਹਾਹਿ** *(ਸਹਾਹਿਂ)* ॥੩॥
ਜਮਪੁਰੀ	ਤਕਲੀਫ਼	ਸਹਿੰਦੇ ਹਨ

...(ਪ੍ਰਭੂ ਨਾਮ ਦੇ) ਸਿਮਰਨ ਤੋਂ ਬਿਨਾਂ, (ਹਉਮੈ ਗ੍ਰਸਤ ਲੋਕ, ਪਰਮਾਤਮ-ਸੁਖ ਵਾਲਾ ਕੋਈ) ਟਿਕਾਣਾ ਨਹੀਂ ਪਾ ਸਕਦੇ, ਅਤੇ ਜਮਦੂਤਾਂ ਦੀ ਨਗਰੀ ਵਿਚ ਹੀ ਤਕਲੀਫ਼ਾਂ ਸਹਿੰਦੇ ਰਹਿੰਦੇ ਹਨ।...

ਜੀਉ	**ਪਿੰਡੁ** *(ਪਿੰਡ)*	**ਸਭੁ** *(ਸਭ)*	**ਤਿਸ**	**ਦਾ,**
ਜਿੰਦ, ਪ੍ਰਾਣ	ਸਰੀਰ	ਸਾਰਾ ਕੁਝ	ਉਸ (ਪ੍ਰਭੂ)	ਦਾ

ਤਿਸੈ	**ਦਾ**	**ਆਧਾਰੁ** *(ਆਧਾਰ)*॥
ਉਸ (ਪ੍ਰਭੂ)	ਸੰਬੰਧ ਬੋਧਕ ਸ਼ਬਦ ਕਾ	ਆਸਰਾ, ਓਟ

...ਪ੍ਰਾਣ ਅਤੇ ਸਰੀਰ, ਸਭ ਕੁਝ ਵਾਹਿਗੁਰੂ ਜੀ ਦੀ (ਬਖਸ਼ਿਸ਼ ਹੈ), ਅਤੇ (ਸ੍ਰਿਸ਼ਟੀ ਦੇ ਸਭ ਜੀਵਾਂ ਨੂੰ ਵਾਹਿਗੁਰੂ ਦਾ ਹੀ) ਓਟ ਆਸਰਾ ਹੈ।...

ਗੁਰ	**ਪਰਸਾਦੀ**	**ਬੁਝੀਐ,**
ਸਤਿਗੁਰੂ	ਕਿਰਪਾ	ਬੁੱਝੀਦਾ ਹੈ, ਸਮਝੀਦਾ ਹੈ

ਤਾ *(ਤਾਂ)*	**ਪਾਏ**	**ਮੋਖ**	**ਦੁਆਰੁ** *(ਦੁਆਰ)*॥
ਤਦੋਂ	ਪਾਈਦਾ	ਮੁਕਤੀ	ਦਰਵਾਜ਼ਾ

ਅੰਕ ੩੬

...(ਜਦੋਂ) ਸਤਿਗੁਰੂ ਦੀ ਕਿਰਪਾ ਨਾਲ, (ਇਨ੍ਹਾਂ ਪ੍ਰਭੂ-ਬਖਸ਼ਿਸ਼ਾਂ ਨੂੰ) ਸਮਝੀਦਾ ਹੈ, ਤਾਂ ਫਿਰ (ਸੰਸਾਰ ਤੋਂ) ਮੁਕਤ ਹੋਣ ਦਾ ਦਰਵਾਜ਼ਾ ਪ੍ਰਾਪਤ ਕਰ ਲਈਦਾ ਹੈ।...

ਨਾਨਕ,	ਨਾਮੁ *(ਨਾਮ)*	ਸਲਾਹਿ *(ਸਲਾਹ)*	ਤੂੰ,
ਹੇ! ਨਾਨਕ!	(ਪ੍ਰਭੂ) ਨਾਮ	ਸ਼ਲਾਘਾ	ਤੁਸੀਂ

ਅੰਤੁ *(ਅੰਤ)*	ਨ *(ਨਾਂ)*	ਪਾਰਾਵਾਰੁ *(ਪਾਰਾਵਾਰ)* ॥੪॥੨੪॥੫੭॥
ਅੰਤਲਾ ਸਿਰਾ	ਨਹੀਂ	ਉਰਵਾਰ ਪਾਰ

...ਹੇ! ਨਾਨਕ! ਤੂੰ (ਪ੍ਰਭੂ) ਨਾਮ ਦੀ ਸਿਫ਼ਤ ਸਲਾਹ ਕਰ, ਜਿਸਦੀ ਸਮਰੱਥਾ ਅਤੇ ਗੁਣਾਂ ਦਾ, ਕੋਈ ਅੰਤ ਅਤੇ ਉਰਵਾਰ ਪਾਰ ਨਹੀਂ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਤਿਨਾ *(ਤਿਨ੍ਹਾਂ)*	ਅਨੰਦੁ *(ਅਨੰਦ)*	ਸਦਾ	ਸੁਖੁ *(ਸੁੱਖ)*	ਹੈ,
ਤਿਨ੍ਹਾਂ ਨੂੰ	(ਆਤਮਿਕ) ਅਨੰਦ	ਹਮੇਸ਼ਾਂ	(ਪਰਮਾਤਮ) ਸੁੱਖ	ਹੋਣ ਦੀ ਕ੍ਰਿਆ

ਜਿਨਾ *(ਜਿਨ੍ਹਾਂ)*	ਸਚੁ *(ਸੱਚ)*	ਨਾਮੁ *(ਨਾਮ)*	ਆਧਾਰੁ *(ਆਧਾਰ)*॥
ਜਿਨ੍ਹਾਂ	ਸਦਾ-ਸਥਿਰ(ਪ੍ਰਭੂ)	ਸਿਮਰਨ	ਓਟ, ਆਸਰਾ

ਜਿਨ੍ਹਾਂ (ਧਰਮ-ਸਾਧਕਾਂ ਨੂੰ) ਸਦਾ ਸਥਿਰ ਪ੍ਰਭੂ ਦੇ ਨਾਮ ਸਿਮਰਨ ਦਾ ਓਟ ਆਸਰਾ ਹੈ ਉਨ੍ਹਾਂ ਨੂੰ ਸਦਾ ਹੀ ਆਤਮਿਕ ਅਨੰਦ ਤੇ ਪਰਮਾਤਮ ਸੁੱਖ ਦੀ ਪ੍ਰਾਪਤੀ ਰਹਿੰਦੀ ਹੈ।...

ਗੁਰ	ਸਬਦੀ *(ਸ਼ਬਦੀਂ)*	ਸਚੁ *(ਸੱਚ)*	ਪਾਇਆ
ਸਤਿਗੁਰੂ	ਸ਼ਬਦ ਰਾਹੀਂ	ਸਦਾ ਸਥਿਰ(ਪ੍ਰਭੂ)	ਪ੍ਰਾਪਤ ਕੀਤਾ

ਦੂਖ	ਨਿਵਾਰਣਹਾਰੁ *(ਨਿਵਾਰਣਹਾਰ)* ॥
ਕਸ਼ਟ, ਤਕਲੀਫ	ਦੂਰ ਕਰਨ ਵਾਲਾ

...ਦੁੱਖ ਤਕਲੀਫ਼ਾਂ ਦੂਰ ਕਰਨ ਵਾਲੇ, ਸਦਾ-ਸਥਿਰ ਪ੍ਰਭੂ ਨੂੰ ਗੁਰ ਸ਼ਬਦ ਦੇ ਉਪਦੇਸ਼ ਰਾਹੀਂ ਪ੍ਰਾਪਤ ਕਰ ਲਿਆ ਹੈ।...

ਸਦਾ	ਸਦਾ	ਸਾਚੇ	ਗੁਣ	ਗਾਵਹਿ, *(ਗਾਵਹਿਂ)*
ਹਮੇਸ਼ਾਂ	ਹਮੇਸ਼ਾਂ	ਸਦਾ-ਸਥਿਰ(ਪ੍ਰਭੂ) ਦੇ	ਗੁਣ, ਚੰਗਿਆਈਆਂ	ਗਾਉਂਦੇ ਹਨ

ਅੰਕ ੩੬

ਸਾਚੈ	ਨਾਇ *(ਨਾਇੰ)*	ਪਿਆਰੁ *(ਪਿਆਰ)* ॥
ਸਦਾ ਸਥਿਰ(ਪ੍ਰਭੂ) ਦੇ	ਨਾਮ ਨਾਲ	ਪ੍ਰੀਤ,ਸਨੇਹ

...(ਉਹ) ਸਦਾ ਅਟੱਲ ਪ੍ਰਭੂ ਨਾਲ ਪਿਆਰ ਪਾਕੇ, ਹਮੇਸ਼ਾਂ ਹੀ ਉਸਦੇ ਗੁਣਾਂ ਦਾ ਗਾਇਨ ਕਰਦੇ ਰਹਿੰਦੇ ਹਨ।...

ਕਿਰਪਾ	ਕਰਿ *(ਕਰ)*	ਕੈ	ਆਪਣੀ,
ਮਿਹਰ	ਕਰ	ਕੇ	ਆਪ ਦੀ

ਦਿਤੋਨੁ *(ਦਿਤੋਨ)*	ਭਗਤਿ *(ਭਗਤ)*	ਭੰਡਾਰੁ *(ਭੰਡਾਰ)* ॥੧॥
ਬਖਸ਼ ਦਿੱਤਾ	ਭਗਤੀ, ਬੰਦਗੀ	ਖ਼ਜ਼ਾਨਾ

...(ਇਲਾਹੀ ਗੁਣਾਂ ਦੇ ਗਾਇਨ ਸਦਕਾ ਵਾਹਿਗੁਰੂ ਜੀ ਨੇ) ਮਿਹਰ ਕਰਕੇ, ਆਪਣੀ ਬੰਦਗੀ ਦਾ ਖ਼ਜ਼ਾਨਾ ਹੀ ਬਖਸ਼ ਦਿੱਤਾ।...

ਮਨ	ਰੇ,	ਸਦਾ	ਅਨੰਦੁ *(ਅਨੰਦ)*	ਗੁਣ	ਗਾਇ॥
ਚਿੱਤ	ਹੇ!	ਹਮੇਸ਼ਾਂ	(ਆਤਮਿਕ)ਸੁੱਖ	(ਪ੍ਰਭੂ) ਚੰਗਿਆਈਆਂ	ਗਾਉਣ ਨਾਲ

...ਹੇ! ਮਨਾਂ! (ਪ੍ਰਭੂ ਦੇ) ਗੁਣਾਂ ਦਾ ਗਾਇਨ ਕਰਨ ਨਾਲ, ਸਦਾ ਆਤਮਿਕ ਸੁੱਖ ਦੀ ਅਵਸਥਾ ਬਣੀ ਰਹਿੰਦੀ ਹੈ।...

ਸਚੀ	ਬਾਣੀ	ਹਰਿ *(ਹਰ)*	ਪਾਈਐ,
ਸਦਾ-ਸਥਿਰ	(ਗੁਰ)ਬਾਣੀ	ਪ੍ਰਭੂ	ਪਾਈਦਾ ਹੈ

ਹਰਿ *(ਹਰ)*	ਸਿਉ *(ਸਿਉਂ)*	ਰਹੈ	ਸਮਾਇ॥੧॥	ਰਹਾਉ ॥
ਹਰੀ ਪ੍ਰਭੂ	ਨਾਲ, ਸੰਗ	ਰਹੀਦਾ	ਲਿਵਲੀਨ	ਠਹਿਰਾਉ

...(ਸਤਿਗੁਰੂ ਦੀ) ਸਦਾ-ਸਥਿਰ ਬਾਣੀ ਰਾਹੀਂ ਪ੍ਰਭੂ ਨੂੰ ਪਾਈਦਾ ਹੈ, ਅਤੇ ਫਿਰ ਹਰੀ ਨਾਲ ਹੀ ਲਿਵਲੀਨ ਰਹੀਦਾ ਹੈ।...

ਸਚੀ	ਭਗਤੀ,	ਮਨੁ *(ਮਨ)*	ਲਾਲੁ *(ਲਾਲ)*	ਥੀਆ,
ਸਦਾ ਸਥਿਰ	ਬੰਦਗੀ	ਚਿੱਤ	ਸੁਰਖ, ਅਨੰਦਮਈ	ਹੋ ਗਿਆ

ਰਤਾ	ਸਹਜਿ *(ਸਹਿਜ)*	ਸੁਭਾਇ ॥
ਰੰਗਿਆ ਗਿਆ	ਸੁਭਾਵਿਕ ਹੀ,	ਸੁਤੇ ਸਿੱਧ ਹੀ

...(ਜਿਸ ਧਰਮ-ਸਾਧਕ ਦਾ) ਹਿਰਦਾ (ਪ੍ਰਭੂ ਦੀ) ਸਦਾ ਸਥਿਰ ਬੰਦਗੀ ਨਾਲ, ਲਾਲ, ਭਾਵ ਅਨੰਦਮਈ ਹੋ ਗਿਆ ਹੈ, ਉਹ ਸਹਿਜ-ਸੁਭਾ ਹੀ (ਪਰਮਾਤਮਾ ਦੇ ਪ੍ਰੇਮ ਦੇ ਰੰਗ ਵਿਚ) ਰੰਗਿਆ ਜਾਂਦਾ ਹੈ।...

ਅੰਕ ੩੬

ਗੁਰ	ਸਬਦੀ*(ਸ਼ਬਦੀਂ)*	ਮਨੁ*(ਮਨ)*	ਮੋਹਿਆ,
ਸਤਿਗੁਰੂ	ਸ਼ਬਦ ਰਾਹੀਂ	ਚਿੱਤ	ਆਕਰਸ਼ਿਤ ਹੋ ਗਿਆ, ਮਸਤ ਹੋ ਗਿਆ

ਕਹਣਾ*(ਕਹਿਣਾ)*	ਕਛੂ	ਨ*(ਨਾਂ)*	ਜਾਇ॥
ਵਰਨਣ	ਕੁਝ	ਨਹੀਂ	ਜਾਂਦਾ

...(ਫਿਰ) ਸਤਿਗੁਰੂ ਦੇ ਸ਼ਬਦ ਰਾਹੀਂ ਚਿੱਤ ਐਨਾ ਮੋਹਿਆ ਜਾਂਦਾ ਹੈ, ਕਿ (ਉਸ ਪ੍ਰੇਮ-ਰੰਗੀ ਅਵਸਥਾ ਬਾਰੇ) ਕੁਝ ਵੀ ਵਰਨਣ ਨਹੀਂ ਕੀਤਾ ਜਾਂਦਾ।...

ਜਿਹਵਾ	ਰਤੀ	ਸਬਦਿ*(ਸ਼ਬਦ)*	ਸਚੈ,
ਜੀਭ	ਰੰਗੀ ਗਈ	ਸ਼ਬਦ ਵਿਚ	ਸਦਾ ਸਥਿਰ (ਪ੍ਰਭੂ) ਦੇ

ਅੰਮ੍ਰਿਤੁ*(ਅੰਮ੍ਰਿਤ)*	ਪੀਵੈ	ਰਸਿ*(ਰਸ)*	ਗੁਣ	ਗਾਇ॥
ਅਮਰ ਕਰ ਦੇਣ ਵਾਲਾ ਨਾਮ ਸਿਮਰਨ	ਪੀਂਦਾ ਹੈ	ਰਸ ਵਿਚ	ਗੁਣਾਂ ਨੂੰ	ਗਾ ਕੇ

...(ਉਸਦੀ) ਜੀਭਾ, ਸਦਾ-ਸਥਿਰ ਪ੍ਰਭੂ ਦੇ ਸ਼ਬਦ ਵਿਚ ਰੰਗੀ ਜਾਂਦੀ ਹੈ, ਅਤੇ ਪ੍ਰੇਮ-ਰਸ ਵਿਚ (ਉਹ ਪ੍ਰਭੂ ਦੇ) ਗੁਣਾਂ ਦਾ ਗਾਇਨ ਕਰਕੇ, ਅੰਮ੍ਰਿਤ ਪਾਨ ਕਰਦਾ ਰਹਿੰਦਾ ਹੈ।...

ਗੁਰਮੁਖਿ*(ਗੁਰਮੁਖ)*	ਏਹੁ*(ਏਹ)*	ਰੰਗੁ*(ਰੰਗ)*	ਪਾਈਐ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਇਹ	ਰੰਗ, ਅਵਸਥਾ	ਪਾਈਦਾ ਹੈ

ਜਿਸ	ਨੋ	ਕਿਰਪਾ	ਕਰੇ	ਰਜਾਇ*(ਰਜ਼ਾਇ)* ॥੨॥
ਜਿਹੜੇ	ਨੂੰ	ਮਿਹਰ	ਕਰ ਦੇਵੇ	ਰਜ਼ਾ ਵਿਚ, ਭਾਣੇ ਵਿਚ

...ਇਹ ਰੰਗ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਪ੍ਰਾਪਤ ਕਰੀਦਾ ਹੈ, (ਪਰ ਪ੍ਰਾਪਤ ਉਸ ਨੂੰ ਹੀ ਹੁੰਦਾ ਹੈ) ਜਿਸ ਤੇ (ਪਰਮਾਤਮਾ ਆਪਣੀ) ਰਜ਼ਾ ਰਾਹੀਂ ਮਿਹਰ ਕਰ ਦੇਵੇ।...

ਸੰਸਾ	ਇਹੁ*(ਇਹ)*	ਸੰਸਾਰੁ*(ਸੰਸਾਰ)*	ਹੈ,
ਭਰਮ, ਤੌਖਲਾ	ਇਹ	ਜਗਤ	ਹੋਣ ਦੀ ਕ੍ਰਿਆ

ਸੁਤਿਆ*(ਸੁੱਤਿਆਂ)*	ਰੈਣਿ*(ਰੈਣ)*	ਵਿਹਾਇ॥
ਨੀਂਦ ਵਿਚ ਹੀ	ਰਾਤ	ਬਤੀਤ ਹੋ ਗਈ

...ਇਹ ਸੰਸਾਰ ਭਰਮ ਭੁਲੇਖਾ ਹੈ, (ਜਿਸ ਵਿਚ ਮਨੁੱਖਾਂ ਦੀ ਜ਼ਿੰਦਗੀ ਰੂਪੀ) ਰਾਤ, ਸੁੱਤਿਆਂ (ਭਾਵ ਮਾਇਆਵੀ ਪਦਾਰਥਾਂ ਵਿਚ ਗ਼ਲਤਾਨ ਹੋਇਆਂ ਹੀ) ਬਤੀਤ ਹੋ ਜਾਂਦੀ ਹੈ।...

ਅੰਕ ੩੬

ਇਕਿ, *(ਇਕ)*	ਆਪਣੈ	ਭਾਣੈ	ਕਢਿ *(ਕਢ)*	ਲਇਅਨੁ, *(ਲਇਅਨ)*
ਇਕਨਾਂ ਨੂੰ	ਆਪ ਦੇ	ਰਜ਼ਾ/ਹੁਕਮ ਵਿਚ	ਕਢਣਾ, ਨਿਕਾਲਣਾ	ਲੈਂਦਾ ਹੈ

ਆਪੇ	ਲਇਓਨੁ *(ਲਇਓਨ)*	ਮਿਲਾਇ ॥
ਆਪ ਹੀ	ਲੈਂਦਾ ਹੈ	ਮਿਲਾ, ਜੋੜ

...(ਪਰਮਾਤਮਾ ਸੰਸਾਰ ਦੇ ਇਸ ਭਰਮ ਭੁਲੇਖੇ ਵਿਚੋਂ) ਇਕਨਾਂ ਨੂੰ ਆਪਣੇ ਭਾਣੇ ਅਨੁਸਾਰ ਕਢ ਲੈਂਦਾ ਹੈ, ਅਤੇ (ਇਕਨਾਂ ਨੂੰ) ਆਪ ਹੀ ਆਪਣੇ ਨਾਲ ਮਿਲਾ (ਵੀ) ਲੈਂਦਾ ਹੈ।...

ਆਪੇ	ਹੀ	ਆਪਿ *(ਆਪ)*	ਮਨਿ *(ਮਨ)*	ਵਸਿਆ,
ਆਪ	ਸਿਰਫ਼	ਆਪ	ਚਿੱਤ ਵਿਚ	ਵਸ ਗਿਆ

ਮਾਇਆ	ਮੋਹੁ *(ਮੋਹ)*	ਚੁਕਾਇ ॥
ਦੁਨਿਆਵੀ ਪਦਾਰਥਾਂ ਦਾ ਭਰਮ	ਲਗਾਓ, ਸਨੇਹ	ਚੁਕਾ ਕੇ, ਦੂਰ ਕਰਕੇ

...(ਪਰਮਾਤਮਾ) ਮਾਇਆ ਦਾ ਮੋਹ ਦੂਰ ਕਰਕੇ, ਆਪਣੇ ਆਪ ਹੀ (ਉਨ੍ਹਾਂ ਦੇ) ਚਿੱਤ ਵਿਚ ਵਸ ਗਿਆ ਹੈ।...

ਆਪਿ *(ਆਪ)*	ਵਡਾਈ	ਦਿਤੀਅਨੁ, *(ਦਿਤੀਅਨ)*
ਆਪ ਹੀ	ਵਡਿਆਈ, ਸ਼ੋਭਾ	ਦਿੱਤੀ ਹੈ

ਗੁਰਮੁਖਿ *(ਗੁਰਮੁਖ)*	ਦੇਇ *(ਦੇ)*	ਬੁਝਾਇ ॥ ੩ ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਦਿੰਦਾ	ਬੁਝਾ ਕੇ, ਸਮਝਾਕੇ

...(ਅਜਿਹੇ ਪਿਆਰਿਆਂ ਨੂੰ ਪਰਮਾਤਮਾ ਨੇ) ਆਪ ਹੀ (ਨਾਮ ਦੀ) ਵਡਿਆਈ ਦਿੱਤੀ ਹੈ। ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਉਹ ਆਪ ਹੀ ਅਜਿਹੇ ਧਰਮ-ਸਾਧਕਾਂ ਨੂੰ ਨਾਮ ਸਿਮਰਨ ਵਾਲੀ ਜੀਵਨ ਜਾਚ ਦਾ ਰਸਤਾ) ਸਮਝਾ ਦਿੰਦਾ ਹੈ।...

ਸਭਨਾ *(ਸਭਨਾਂ)*	ਕਾ	ਦਾਤਾ	ਏਕੁ *(ਏਕ)*	ਹੈ,
ਸਾਰਿਆਂ	ਦਾ	ਦਾਤਾਂ ਦੇਣ ਵਾਲਾ	ਇੱਕੋ ਹੀ	ਹੋਣ ਦੀ ਕ੍ਰਿਆ

ਭੁਲਿਆ *(ਭੁੱਲਿਆਂ)*	ਲਏ	ਸਮਝਾਇ ॥
ਭੁੱਲਿਆਂ ਹੋਇਆਂ ਨੂੰ	ਲੈਂਦਾ ਹੈ	ਸਮਝਾ, ਬੁਝਾ

...(ਸ੍ਰਿਸ਼ਟੀ ਵਿਚ) ਸਾਰਿਆਂ ਨੂੰ ਦਾਤਾਂ ਦੇਣ ਵਾਲਾ ਉਹ ਇੱਕ ਹੀ (ਪਰਮਾਤਮਾ) ਹੈ, ਅਤੇ (ਪ੍ਰਭੂ ਮਾਰਗ ਤੋਂ) ਭੁਲਿਆਂ ਹੋਇਆਂ ਨੂੰ (ਆਪ ਹੀ) ਸਮਝਾ ਲੈਂਦਾ ਹੈ।...

ਅੰਕ ੩੬

ਇਕਿ, *(ਇਕ)*	ਆਪੇ	ਆਪਿ *(ਆਪ)*	ਖੁਆਇਅਨੁ, *(ਖੁਆਇਅਨ)*
ਇਕਨਾਂ ਨੂ	ਆਪ	ਆਪ ਹੀ	ਭੁਲਾ ਦਿੱਤਾ ਹੈ

ਦੂਜੈ	ਛਡਿਅਨੁ *(ਛਡਿਅਨ)*	ਲਾਇ ॥
ਦੂਸਰੇ	ਛੱਡੇ ਹਨ	ਲਗਾ

...ਇਕਨਾਂ ਨੂੰ (ਪਰਮਾਤਮਾ ਨੇ) ਆਪ ਹੀ ਭੁਲਾ ਦਿੱਤਾ ਹੈ, ਅਤੇ (ਉਨ੍ਹਾਂ ਨੂੰ) ਦੂਸਰੇ ਪਾਸੇ, ਭਾਵ ਮਾਇਆ ਦੇ ਮੋਹ ਵਿਚ ਲਾ ਛੱਡਿਆ ਹੈ।...

ਗੁਰਮਤੀ *(ਗੁਰਮੱਤੀ)*	ਹਰਿ *(ਹਰ)*	ਪਾਈਐ,
ਸਤਿਗੁਰੂ ਦੀ ਮੱਤ ਰਾਹੀਂ	ਹਰੀ ਪ੍ਰਭੂ	ਪਾਈਦਾ ਹੈ

ਜੋਤੀ	ਜੋਤਿ *(ਜੋਤ)*	ਮਿਲਾਇ॥
ਜੋਤ ਨੂੰ	ਜੋਤ ਵਿਚ	ਮਿਲਾ ਲੈਂਦਾ ਹੈ

...ਸਤਿਗੁਰੂ ਦੀ ਮੱਤ ਰਾਹੀਂ, ਭਾਵ ਗੁਰ ਉਪਦੇਸ਼ ਦੁਆਰਾ ਹਰੀ ਪ੍ਰਭੂ ਨੂੰ ਪ੍ਰਾਪਤ ਕਰੀਦਾ ਹੈ, ਤੇ (ਅਤੇ ਇਵੇਂ ਧਰਮ ਸਾਧਕ ਆਪਣੀ ਆਤਮਿਕ) ਜੋਤ ਨੂੰ ਪ੍ਰਭੂ ਜੋਤ ਵਿਚ ਮਿਲਾ ਲੈਂਦਾ ਹੈ।...

ਅਨਦਿਨੁ *(ਅਨਦਿਨ)*	ਨਾਮੇ	ਰਤਿਆ, *(ਰਤਿਆਂ)*
ਦਿਨ ਰਾਤ	(ਪ੍ਰਭੂ) ਨਾਮ ਵਿਚ	ਰੰਗੇ ਹੋਇਆਂ

ਨਾਨਕ,	ਨਾਮਿ *(ਨਾਮ)*	ਸਮਾਇ॥੪॥੨੫॥੫੮॥
ਹੇ !ਨਾਨਕ!	(ਪ੍ਰਭੂ) ਨਾਮ ਵਿਚ	ਲਿਵਲੀਨ

...ਹੇ! ਨਾਨਕ! ਦਿਨ ਰਾਤ ਭਾਵ ਅੱਠੇ ਪਹਿਰ (ਪ੍ਰਭੂ) ਸਿਮਰਨ ਵਿਚ ਰੰਗੇ ਹੋਇਆਂ, (ਪਰਮਾਤਮ) ਨਾਮ ਵਿਚ ਹੀ ਸਮਾ ਜਾਈਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਗੁਣਵੰਤੀ	ਸਚੁ *(ਸੱਚ)*	ਪਾਇਆ,
ਗੁਣਵਾਨ	ਸਦਾ-ਸਥਿਰ (ਪ੍ਰਭੂ)	ਪ੍ਰਾਪਤ ਕੀਤਾ ਹੈ

ਤ੍ਰਿਸਨਾ *(ਤ੍ਰਿਸ਼ਨਾ)*	ਤਜਿ *(ਤੱਜ)*	ਵਿਕਾਰ ॥
ਲੋਚਾ, ਖਾਹਿਸ਼, ਇੱਛਾ	ਤਿਆਗ ਕੇ	ਬੁਰਿਆਈਆਂ

ਬੁਰਿਆਈਆਂ ਦੀ ਲਾਲਸਾ ਨੂੰ ਤਿਆਗ ਕੇ, (ਅਧਿਆਤਮਿਕ ਗੁਣਾਂ ਨਾਲ ਭਰਪੂਰ) ਗੁਣਵਾਨ (ਜੀਵ ਇਸਤ੍ਰੀ) ਨੇ, ਸਦਾ-ਸਥਿਰ (ਪ੍ਰਭੂ ਪਤੀ ਨੂੰ) ਪ੍ਰਾਪਤ ਕਰ ਲਿਆ ਹੈ।...

ਗੁਰ	ਸਬਦੀ *(ਸ਼ਬਦੀਂ)*	ਮਨੁ *(ਮਨ)*	ਰੰਗਿਆ,
ਸਤਿਗੁਰੂ	ਸ਼ਬਦ ਰਾਹੀਂ	ਚਿੱਤ	ਰੰਗ ਲਿਆ ਹੈ

ਰਸਨਾ	ਪ੍ਰੇਮ	ਪਿਆਰਿ *(ਪਿਆਰ)* ॥
ਜੀਭਾ	ਪ੍ਰੀਤ	ਪਿਆਰ ਵਿਚ

...(ਗੁਣਵਾਨ ਜੀਵ ਇਸਤ੍ਰੀ ਨੇ) ਆਪਣੀ ਰਸਨਾਂ ਰਾਹੀਂ, ਨਾਮ ਸਿਮਰਨ ਗਾਇਨ ਕਰਨ ਵਾਲੀ ਪ੍ਰੀਤ-ਪਿਆਰ ਦੁਆਰਾ, ਚਿੱਤ ਨੂੰ ਗੁਰ-ਸ਼ਬਦ ਦੇ ਰੰਗ ਵਿਚ ਰੰਗ ਲਿਆ ਹੈ।...

ਬਿਨੁ *(ਬਿਨ)*	ਸਤਿਗੁਰ,	ਕਿਨੈ	ਨ *(ਨਾਂ)*	ਪਾਇਓ,
ਬਗੈਰ	ਸਤਿਗੁਰੂ	ਕਿਸੇ ਨੇ	ਨਹੀਂ	ਪ੍ਰਾਪਤ ਕੀਤਾ

ਕਰਿ *(ਕਰ)*	ਵੇਖਹੁ	ਮਨਿ *(ਮਨ)*,	ਵੀਚਾਰਿ *(ਵੀਚਾਰ)* ॥
ਕਰਕੇ	ਵੇਖ ਲਵੋ	ਚਿੱਤ ਵਿਚ	ਵੀਚਾਰ ਕਰਕੇ, ਸੋਚ ਕੇ

...(ਹੇ! ਪਿਆਰਿਓ! ਆਪਣੇ) ਹਿਰਦੇ ਵਿਚ ਵਿਚਾਰ ਕਰਕੇ ਵੇਖ ਲਵੋ, ਬਿਨਾਂ ਸਤਿਗੁਰੂ (ਦੇ ਓਟ ਆਸਰੇ ਤੋਂ) ਕਿਸੇ ਨੇ ਵੀ (ਵਾਹਿਗੁਰੂ ਦੀ) ਪ੍ਰਾਪਤੀ ਨਹੀਂ ਕੀਤੀ।...

ਮਨਮੁਖ	ਮੈਲੁ *(ਮੈਲ)*	ਨ *(ਨਾਂ)*	ਉਤਰੈ,
ਮਨ ਮਗਰ ਤੁਰਨ ਵਾਲਾ	ਮਲ,ਗੰਦਗੀ	ਨਹੀਂ	ਉਤਰਦੀ,ਲੱਥਦੀ

ਜਿਚਰੁ *(ਜਿਚਰ)*	ਗੁਰ	ਸਬਦਿ *(ਸ਼ਬਦ)*	ਨ *(ਨਾਂ)*	ਕਰੇ	ਪਿਆਰੁ *(ਪਿਆਰ)* ॥੧॥
ਜਦੋਂ ਤਕ	ਸਤਿਗੁਰੂ	ਸ਼ਬਦ ਨਾਲ	ਨਹੀਂ	ਕਰਦਾ	ਪ੍ਰੀਤ

...ਜਦੋਂ ਤਕ ਮਨਮੁੱਖ ਸਤਿਗੁਰੂ ਦੇ ਸ਼ਬਦ ਨਾਲ ਪ੍ਰੀਤ ਨਹੀਂ ਕਰਦਾ, ਉਦੋਂ ਤਕ (ਉਸਦੇ) ਮਨ ਦੀ (ਵਿਕਾਰਾਂ ਰੂਪੀ) ਗੰਦਗੀ ਨਹੀਂ ਲੱਥ ਸਕਦੀ।...

ਮਨ	ਮੇਰੇ,	ਸਤਿਗੁਰ	ਕੈ	ਭਾਣੈ	ਚਲੁ *(ਚਲ)* ॥
ਚਿੱਤ	ਆਪਣੇ	ਸਤਿਗੁਰੂ	ਦੇ	ਭਾਣੇ,ਰਜ਼ਾ	ਤੁਰ

...ਹੇ! ਮੇਰੇ ਮਨਾਂ! ਸਤਿਗੁਰੂ ਦੀ ਰਜ਼ਾ ਵਿਚ ਤੁਰ, (ਭਾਵ ਆਪਣੇ ਜੀਵਨ ਨੂੰ ਗੁਰ-ਸ਼ਬਦ ਦੀ ਸਿੱਖਿਆ ਅਨੁਸਾਰ ਬਤੀਤ ਕਰ।)...

ਅੰਕ ੩੭

ਨਿਜ	ਘਰਿ *(ਘਰ)*	ਵਸਹਿ, *(ਵਸਹਿਂ)*	ਅੰਮ੍ਰਿਤੁ *(ਅੰਮ੍ਰਿਤ)*	ਪੀਵਹਿ, *(ਪੀਵਹਿਂ)*
ਆਪਣੇ	(ਹਿਰਦੇ) ਘਰ ਵਿਚ	ਵਸੇਂਗਾ	ਅਮਰ ਕਰਨ ਵਾਲਾ (ਨਾਮ)	ਪੀਵੇਂਗਾ

ਤਾ *(ਤਾਂ)*	ਸੁਖ *(ਸੁੱਖ)*	ਲਹਹਿ *(ਲਹਹਿਂ)*	ਮਹਲੁ *(ਮਹੱਲ)* ॥੧॥	ਰਹਾਉ ॥
ਤਦੋਂ	ਅਨੰਦ	ਲਏਂਗਾ	(ਰੱਬੀ) ਨਿਵਾਸ	ਠਹਿਰਾਉ

...(ਜੇਕਰ ਤੂੰ) ਸ੍ਵੈ-ਸਰੂਪ ਵਿਚ ਟਿਕ ਕੇ, (ਨਾਮ-ਸਿਮਰਨ ਰੂਪੀ) ਅੰਮ੍ਰਿਤ ਪੀਵੇਂਗਾ, ਤਾਂ ਫਿਰ (ਪ੍ਰਭੂ) ਅਨੰਦ ਅਤੇ ਰੱਬੀ ਨਿਵਾਸ ਨੂੰ ਪਾ ਲਵੇਂਗਾ।...

ਅਉਗੁਣਵੰਤੀ,	ਗੁਣੁ *(ਗੁਣ)*	ਕੋ	ਨਹੀ, *(ਨਹੀਂ)*
ਬੁਰਿਆਈਆਂ ਨਾਲ ਭਰੀ ਹੋਈ	ਚੰਗਿਆਈ	ਕੋਈ	ਨਹੀਂ

ਬਹਣਿ *(ਬਹਿਣ)*	ਨ *(ਨਾਂ)*	ਮਿਲੈ	ਹਦੂਰਿ *(ਹਦੂਰ)* ॥
ਬੈਠਣਾ	ਨਹੀਂ	ਮਿਲਦਾ	(ਪ੍ਰਭੂ ਪਤੀ ਦੀ) ਹਜ਼ੂਰੀ ਵਿਚ

...(ਮੇਰੇ ਵਿਕਾਰਾਂ ਦੀਆਂ) ਬੁਰਿਆਈਆਂ ਨਾਲ ਭਰੀ ਹੋਈ ਵਿਚ (ਪ੍ਰਭੂ ਬੰਦਗੀ ਦਾ ਕੋਈ ਵੀ) ਗੁਣ ਨਹੀਂ, (ਇਸ ਲਈ ਪ੍ਰਭੂ ਪਤੀ) ਦੀ ਹਜ਼ੂਰੀ ਵਿਚ ਬਹਿਣਾ ਨਹੀਂ ਮਿਲਦਾ।(ਭਾਵ ਉਸਦੀ ਪਿਆਰ ਭਰੀ ਨੇੜਤਾ ਪ੍ਰਾਪਤ ਨਹੀਂ ਹੁੰਦੀ।)...

ਮਨਮੁਖਿ *(ਮਨਮੁਖ)*	ਸਬਦੁ *(ਸ਼ਬਦ)*	ਨ *(ਨਾਂ)*	ਜਾਣਈ,
ਮਨ ਦੇ ਪਿਛੇ ਲਗਿਆ ਮਨੁੱਖ	(ਗੁਰ) ਸ਼ਬਦ	ਨਹੀਂ	ਜਾਣਦਾ, ਸਮਝਦਾ

ਅਵਗਣਿ, *(ਅਵਗਣ)*	ਸੋ	ਪ੍ਰਭੁ *(ਪ੍ਰਭ)*	ਦੂਰਿ *(ਦੂਰ)*॥
ਅਉਗੁਣ	ਉਹ	ਪਰਮਾਤਮਾ	ਦੂਰ ਹੈ

...(ਆਪਣੇ) ਮਨ ਦੇ ਮਗਰ ਲਗਿਆ ਜੀਵ, ਸਤਿਗੁਰੂ ਦੇ ਸ਼ਬਦ, ਭਾਵ ਗੁਰ ਸਿੱਖਿਆ ਨੂੰ ਨਹੀਂ ਸਮਝਦਾ, (ਉਸਦੀਆਂ ਇਨ੍ਹਾਂ) ਬੁਰਿਆਈਆਂ ਕਰਕੇ, ਉਹ ਵਾਹਿਗੁਰੂ (ਉਸਤੋਂ) ਪਰ੍ਹੇ ਰਹਿੰਦਾ ਹੈ।...

ਜਿਨੀ *(ਜਿਨ੍ਹੀਂ)*	ਸਚੁ *(ਸੱਚ)*	ਪਛਾਣਿਆ *(ਪਛਾਣਿਆਂ)*,
ਜਿਨ੍ਹਾਂ ਨੇ	ਸਦਾ ਸਥਿਰ (ਪ੍ਰਭੂ)	ਪਹਿਚਾਣ ਲਿਆ, ਸਮਝ ਲਿਆ

ਸਚਿ *(ਸੱਚ)*	ਰਤੇ	ਭਰਪੂਰਿ *(ਭਰਪੂਰ)* ॥
ਸਦਾ ਸਥਿਰ (ਪ੍ਰਭੂ)	ਰੰਗੇ	ਪੂਰੀ ਤਰ੍ਹਾਂ

...ਜਿਨ੍ਹਾਂ (ਧਰਮ-ਸਾਧਕਾਂ) ਨੇ ਸਦਾ-ਸਥਿਰ ਪਰਮਾਤਮਾ ਨੂੰ ਸਮਝ ਲਿਆ ਹੈ, ਉਹ ਉਸ ਸੱਚੇ ਰੱਬ ਦੇ (ਪਿਆਰ ਰੰਗ ਵਿਚ) ਪੂਰੀ ਤਰ੍ਹਾਂ ਰੰਗੇ ਰਹਿੰਦੇ ਹਨ।(ਭਾਵ ਹਰ ਵਕਤ ਬੰਦਗੀ ਵਿਚ ਜੁੜੇ ਰਹਿੰਦੇ ਹਨ।)...

ਅੰਕ ੩੭

ਗੁਰ	ਸਬਦੀ, *(ਸ਼ਬਦੀਂ)*	ਮਨੁ *(ਮਨ)*	ਬੇਧਿਆ,
ਸਤਿਗੁਰੂ	ਸ਼ਬਦ ਰਾਹੀਂ	ਚਿੱਤ	ਵਿਨ੍ਹਿਆ ਗਿਆ ਹੈ
ਪ੍ਰਭੁ *(ਪ੍ਰਭ)*	ਮਿਲਿਆ	ਆਪਿ *(ਆਪ)*	ਹਦੂਰਿ *(ਹਦੂਰ)* ॥੨॥
ਪਰਮਾਤਮਾ	ਮਿਲ ਪਿਆ	ਆਪਣੇ ਆਪ	ਪ੍ਰਤੱਖ ਹੋਕੇ, ਹਾਜ਼ਰ ਨਾਜ਼ਰ ਹੋਕੇ

...(ਜਿਨ੍ਹਾਂ ਦਾ) ਹਿਰਦਾ, ਸਤਿਗੁਰੂ-ਸ਼ਬਦ ਦੇ ਉਪਦੇਸ਼ ਰਾਹੀਂ ਵਿਨ੍ਹਿਆ ਗਿਆ ਹੈ, ਵਾਹਿਗੁਰੂ ਆਪ ਉਨ੍ਹਾਂ ਨੂੰ ਹਾਜ਼ਰ ਨਾਜ਼ਰ ਹੋਕੇ ਮਿਲ ਪੈਂਦਾ ਹੈ।...

ਆਪੇ	ਰੰਗਣਿ *(ਰੰਗਣ)*	ਰੰਗਿਓਨੁ, *(ਰੰਗਿਓਨ)*
(ਪ੍ਰਭੂ)ਆਪ ਹੀ	(ਪ੍ਰੀਤ ਦੇ) ਰੰਗ ਵਿਚ	ਰੰਗ ਦਿੰਦਾ ਹੈ
ਸਬਦੇ *(ਸ਼ਬਦੇ)*	ਲਇਓਨੁ *(ਲਇਓਨ)*	ਮਿਲਾਇ॥
(ਗੁਰ) ਸ਼ਬਦ ਰਾਹੀਂ	ਲੈਂਦਾ ਹੈ	ਮਿਲਾ, ਜੋੜ

...(ਫਿਰ ਅਜਿਹੇ ਧਰਮ-ਸਾਧਕਾਂ ਨੂੰ) ਪਰਮਾਤਮਾ ਆਪ ਹੀ (ਆਪਣੇ ਪਿਆਰ ਦੇ) ਰੰਗ ਵਿਚ ਰੰਗਕੇ, ਗੁਰ-ਸ਼ਬਦ ਦੇ ਉਪਦੇਸ਼ ਰਾਹੀਂ ਆਪਣੇ ਨਾਲ ਮਿਲਾ ਲੈਂਦਾ ਹੈ।...

ਸਚਾ	ਰੰਗੁ *(ਰੰਗ)*	ਨ *(ਨਾਂ)*	ਉਤਰੈ,
ਸਦਾ-ਸਥਿਰ, ਮਜੀਠ ਵਰਗਾ	(ਨਾਮ) ਰੰਗ	ਨਹੀਂ	ਉਤਰਦਾ,ਲੱਥਦਾ

ਜੋ	ਸਚਿ *(ਸੱਚ)*	ਰਤੇ	ਲਿਵ	ਲਾਇ ॥
ਜਿਹੜੇ	ਸਦਾ-ਸਥਿਰ(ਪ੍ਰਭੂ) ਵਿਚ	ਰੰਗੇ ਹੋਏ	ਧਿਆਨ	ਲਾਉਂਦੇ ਹਨ

...ਜਿਹੜੇ ਸੱਚ-ਪ੍ਰਭੂ ਦੇ ਪਿਆਰ ਵਿਚ ਰੱਤੇ ਹੋਏ, ਨਾਮ ਸਿਮਰਨ ਵਿਚ ਧਿਆਨ ਜੋੜਦੇ ਹਨ, ਉਨ੍ਹਾਂ ਨੂੰ ਫਿਰ (ਨਾਮ ਦਾ ਸੱਚਾ) ਮਜੀਠ ਵਰਗਾ ਪੱਕਾ ਰੰਗ ਚੜ੍ਹ ਜਾਂਦਾ ਹੈ, ਜਿਹੜਾ ਫਿਰ ਕਦੇ ਵੀ ਲੱਥਦਾ ਨਹੀਂ।

ਚਾਰੇ	ਕੁੰਡਾ *(ਕੁੰਡਾਂ)*	ਭਵਿ	ਥਕੇ,
ਚੌਹਾਂ	ਦਿਸ਼ਾਵਾਂ	ਭਉਂ ਕੇ, ਫਿਰ ਕੇ	ਥੱਕ ਗਏ
ਮਨਮੁਖ	ਬੂਝ	ਨ *(ਨਾਂ)*	ਪਾਇ॥
ਮਨ ਦੇ ਮਗਰ ਲਗਿਆ ਮਨੁੱਖ	ਬੁੱਝ, ਸਮਝ	ਨਹੀਂ	ਪਾਉਂਦਾ,ਸਕਦਾ

...ਮਨ ਦੇ ਮਗਰ ਲਗਿਆ ਮਨੁੱਖ (ਪਰਮਾਤਮਾ ਦੀ ਭਾਲ ਲਈ ਆਪਣੇ ਯਤਨਾਂ ਰਾਹੀਂ), ਚੌਹਾਂ ਹੀ ਦਿਸ਼ਾਵਾਂ ਵਿਚ, ਭਾਵ ਹਰ ਪਾਸੇ ਫਿਰ ਫਿਰ ਕੇ ਥੱਕ ਜਾਂਦਾ ਹੈ, (ਪਰ ਉਸਦੀ ਮਿਹਰ ਤੋਂ ਬਿਨਾਂ ਉਸਨੂੰ ਪਰਮਾਤਮਾ ਦੀ) ਸਮਝ ਨਹੀਂ ਪੈਂਦੀ।...

ਅੰਕ ੩੭

ਜਿਸੁ *(ਜਿਸ)*	ਸਤਿਗੁਰੁ *(ਸਤਗੁਰ)*	ਮੇਲੇ,	ਸੋ	ਮਿਲੈ,
ਜਿਸ ਨੂੰ	ਸਤਿਗੁਰੂ	ਮਿਲਾ ਦਵੇ	ਉਹ	ਮਿਲ ਪੈਂਦਾ ਹੈ

ਸਚੈ	ਸਬਦਿ *(ਸ਼ਬਦ)*	ਸਮਾਇ॥੩॥
ਸਦਾ-ਸਥਿਰ	ਸ਼ਬਦ ਵਿਚ	ਸਮਾ ਜਾਂਦਾ ਹੈ

...(ਪਰ) ਜਿਸ ਨੂੰ ਸਤਿਗੁਰੂ ਸ਼ਬਦ ਦੇ ਉਪਦੇਸ਼ ਰਾਹੀਂ, (ਪ੍ਰਭੂ ਨਾਲ) ਮਿਲਾ ਦੇਵੇ, ਉਹ (ਵਾਹਿਗੁਰੂ ਨਾਲ) ਮਿਲ ਜਾਂਦਾ ਹੈ, ਅਤੇ ਸਦੀਵ-ਸੱਚ, ਪਰਮਾਤਮ-ਸ਼ਬਦ ਵਿਚ ਅਭੇਦ ਹੋ ਜਾਂਦਾ ਹੈ...

ਮਿਤ੍ਰ	ਘਣੇਰੇ	ਕਰਿ *(ਕਰ)*	ਥਕੀ,
ਦੋਸਤ	ਬਹੁਤ ਸਾਰੇ	ਕਰਕੇ, ਬਣਾਕੇ	ਥੱਕ ਗਈ, ਹੰਭ ਗਈ

ਮੇਰਾ	ਦੁਖੁ *(ਦੁੱਖ)*	ਕਾਟੈ	ਕੋਇ ॥
ਆਪਦਾ	ਤਕਲੀਫ਼, ਕਲੇਸ਼	ਕੱਟ ਦੇਵੇ, ਦੂਰ ਕਰ ਦੇਵੇ	ਕੋਈ ਜਨ

...(ਮੈਂ ਪ੍ਰਭੂ ਪ੍ਰੀਤਮ ਦੇ ਮਿਲਾਪ ਲਈ) ਬਹੁਤ ਦੋਸਤ ਮਿੱਤਰ ਬਣਾ ਬਣਾ ਕੇ ਥੱਕ ਗਈ, ਕਿ ਕੋਈ ਜਣਾਂ ਮੇਰਾ (ਪ੍ਰਭੂ) ਵਿਛੋੜੇ ਦਾ) ਦੁੱਖ ਕੱਟ ਦੇਵੇ (ਪਰ ਕੋਈ ਨਹੀਂ ਕੱਟ ਸਕਿਆ)...

ਮਿਲਿ *(ਮਿਲ)*	ਪ੍ਰੀਤਮ	ਦੁਖੁ *(ਦੁੱਖ)*	ਕਟਿਆ,
ਮਿਲ ਕੇ	(ਪ੍ਰਭੂ) ਪਿਆਰੇ	ਤਕਲੀਫ਼	ਕੱਟਿਆ ਗਿਆ, ਦੂਰ ਹੋ ਗਿਆ

ਸਬਦਿ *(ਸ਼ਬਦ)*	ਮਿਲਾਵਾ	ਹੋਇ॥
(ਗੁਰ) ਸ਼ਬਦ ਰਾਹੀਂ	ਮਿਲਾਪ	ਹੋਇਆ

...(ਅੰਤ ਨੂੰ) ਗੁਰ-ਸ਼ਬਦ ਦੇ ਉਪਦੇਸ਼ ਰਾਹੀਂ, ਜਦੋਂ ਪ੍ਰੀਤਮ ਨਾਲ ਮਿਲਾਪ ਹੋਇਆ, ਤਾਂ (ਮੇਰਾ ਵਿਛੋੜੇ ਦਾ) ਦੁੱਖ ਕੱਟਿਆ ਗਿਆ।...

ਸਚੁ *(ਸੱਚ)*	ਖਟਣਾ,	ਸਚੁ *(ਸੱਚ)*	ਰਾਸਿ *(ਰਾਸ)*	ਹੈ,
ਸਦਾ ਰਹਿਣ ਵਾਲਾ ਸਿਮਰਨ	ਖੱਟੀ,ਕਮਾਈ	ਸਦਾ ਰਹਿਣ ਵਾਲੀ ਬੰਦਗੀ	ਮੂੜੀ/ਸਰਮਾਇਆ	ਹੈ

ਸਚੇ *(ਸੱਚੇ)*	ਸਚੀ *(ਸੱਚੀ)*	ਸੋਇ ॥
ਸੱਚਿਆਂ ਦੀ	ਸਦਾ ਰਹਿਣ ਵਾਲੀ	ਇੱਜ਼ਤ, ਸ਼ੋਭਾ

...(ਅਜਿਹੇ ਮਿਲੇ ਹੋਇਆਂ ਦੀ) ਮੂੜੀ, ਭਾਵ ਸਰਮਾਇਆ ਸਦਾ ਰਹਿਣ ਵਾਲੀ ਬੰਦਗੀ ਹੁੰਦੀ ਹੈ, ਅਤੇ ਇਹ ਸਦਾ-ਸਥਿਰ ਸਿਮਰਨ ਹੀ ਉਨ੍ਹਾਂ ਦੀ ਖੱਟੀ ਕਮਾਈ ਹੁੰਦੀ ਹੈ। (ਬੰਦਗੀ ਵਿਚ ਜੁੜੇ ਰਹਿਣ ਕਰਕੇ ਅਜਿਹੇ) ਸਚਿਆਰ (ਪੁਰਸ਼ਾਂ) ਦੀ ਸਦੀਵ ਕਾਲ ਵਾਲੀ ਸ਼ੋਭਾ, ਇੱਜ਼ਤ ਹੁੰਦੀ ਹੈ।

ਸਚਿ*(ਸੱਚ)*	ਮਿਲੇ,	ਸੇ	ਨ*(ਨਾਂ)*	ਵਿਛੁੜਹਿ, *(ਵਿਛੁੜਹਿਂ)*
ਸਦਾ ਸਥਿਰ ਪ੍ਰਭੂ ਵਿਚ	ਮਿਲ ਜਾਂਦੇ ਹਨ	ਉਹ	ਨਹੀਂ	ਵਿਛੜਦੇ

ਨਾਨਕ,	ਗੁਰਮੁਖਿ*(ਗੁਰਮੁਖ)*	ਹੋਇ॥੪॥੨੬॥੫੯॥
ਹੇ! ਨਾਨਕ!	ਸਤਿਗੁਰੂ ਦੇ ਸਨਮੁੱਖ	ਹੋਕੇ

...ਹੇ! ਨਾਨਕ! (ਜੋ) ਸਤਿਗੁਰੂ ਦੇ ਸਨਮੁੱਖ ਹੋਕੇ ਸਦਾ-ਸਥਿਰ ਪਰਮਾਤਮਾ ਵਿਚ ਮਿਲ ਜਾਂਦੇ ਹਨ, ਉਹ ਫਿਰ ਕਦੇ (ਪ੍ਰਭੂ ਤੋਂ) ਵਿਛੜਦੇ ਨਹੀਂ।

ਸਿਰੀਰਾਗੁ, *(ਸਿਰਰਾਗ)*	ਮਹਲਾ *(ਮਹਿਲਾ)*	੩ *(ਤੀਜਾ)*॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਆਪੇ	ਕਾਰਣੁ *(ਕਾਰਣ)*	ਕਰਤਾ	ਕਰੇ,
ਆਪ ਹੀ	ਸਬੱਬ	ਬਣਾਉਣ ਵਾਲਾ	ਕਰਦਾ ਹੈ,

ਸ੍ਰਿਸਟਿ*(ਸ੍ਰਿਸ਼ਟ)*	ਦੇਖੈ	ਆਪਿ*(ਆਪ)*	ਉਪਾਇ॥
ਸ੍ਰਿਸ਼ਟੀ	ਦੇਖਦਾ, ਸੰਭਾਲ ਕਰਦਾ	ਆਪ ਹੀ	ਉਪਾ ਕੇ, ਪੈਦਾ ਕਰਕੇ

ਕਰਤਾ ਪੁਰਖ (ਵਾਹਿਗੁਰੂ) ਆਪ ਹੀ (ਜਗਤ ਨੂੰ ਬਣਾਉਣ ਦਾ) ਸਬੱਬ ਕਰਦਾ ਹੈ, ਅਤੇ ਫਿਰ ਸ੍ਰਿਸ਼ਟੀ ਨੂੰ ਪੈਦਾ ਕਰਕੇ ਆਪ ਹੀ ਇਸ ਦੀ ਸਾਂਭ ਸੰਭਾਲ ਵੀ ਕਰਦਾ ਹੈ।...

ਸਭ	ਏਕੋ	ਇਕੁ *(ਇੱਕ)*	ਵਰਤਦਾ,
ਸਾਰੀਆਂ ਥਾਵਾਂ ਤੇ	ਇਕੋ	ਇੱਕ	ਵਿਚਰਦਾ

ਅਲਖੁ *(ਅਲਖ)*	ਨ*(ਨਾਂ)*	ਲਖਿਆ	ਜਾਇ॥
ਸਮਝ ਤੋਂ ਪਰ੍ਹੇ,ਜੋ ਜਾਣਿਆਂ ਨਾ ਜਾ ਸਕੇ	ਨਹੀਂ	ਸਮਝਿਆ	ਜਾ ਸਕਦਾ

...ਇੱਕੋ ਇੱਕ (ਕਰਤਾ ਪੁਰਖ, ਸ੍ਰਿਸ਼ਟੀ ਨੂੰ ਬਣਾਕੇ ਆਪ ਹੀ) ਸਭਨਾਂ ਥਾਵਾਂ ਤੇ ਵਿਚਰ ਰਿਹਾ ਹੈ, (ਉਹ ਆਪ ਵੀ ਅਤੇ ਉਸਦੀ ਇਹ ਕਿਰਤ ਵੀ ਮਨੁੱਖੀ) ਸਮਝ ਤੋਂ ਪਰ੍ਹੇ ਹੈ, (ਜੀਵ) ਕੋਲੋਂ (ਉਸ ਪ੍ਰਭੂ ਨੂੰ) ਸਮਝਿਆ ਨਹੀਂ ਜਾ ਸਕਦਾ।...

ਆਪੇ	ਪ੍ਰਭੂ	ਦਇਆਲੁ *(ਦਇਆਲ)*	ਹੈ,
ਆਪ ਹੀ	ਪਰਮਾਤਮਾ	ਕ੍ਰਿਪਾਲੂ, ਮਿਹਰਵਾਨ	ਹੋਣ ਦੀ ਕ੍ਰਿਆ

ਅੰਕ ੩੭

ਆਪੇ	ਦੇਇ*(ਏ)*	ਬੁਝਾਇ॥
ਆਪ ਹੀ	ਦਿੰਦਾ ਹੈ	ਬੁਝਾ,ਸਮਝਾ

...(ਪਰ ਉਹ) ਵਾਹਿਗੁਰੂ ਆਪ ਦਇਆਲੂ ਤੇ ਕ੍ਰਿਪਾਲੂ ਹੈ, (ਆਪਣੇ ਆਪਦੇ ਅਤੇ ਆਪਣੀ ਕਿਰਤ ਦੇ ਗੁੱਝੇ ਭੇਦਾਂ ਨੂੰ ਮਿਹਰ ਕਰਕੇ) ਆਪ ਹੀ ਸਮਝਾ ਵੀ ਦਿੰਦਾ ਹੈ।...

ਗੁਰਮਤੀ*(ਗੁਰਮੱਤੀਂ)*	ਸਦ	ਮਨਿ*(ਮਨ)*	ਵਸਿਆ,
ਸਤਿਗੁਰੂ ਦੀ ਮੱਤ ਰਾਹੀਂ	ਹਮੇਸ਼ਾਂ	ਚਿੱਤ ਵਿਚ	ਟਿਕਿਆ
ਸਚਿ*(ਸੱਚ)*	ਰਹੇ	ਲਿਵ	ਲਾਇ ॥੧॥
ਸਦਾ-ਸਥਿਰ ਪ੍ਰਭੂ ਵਿਚ	ਰਹਿੰਦੇ ਹਨ	ਧਿਆਨ	ਲਗਾਕੇ

...ਗੁਰਮੱਤ ਰਾਹੀਂ ਵਾਹਿਗੁਰੂ ਹਮੇਸ਼ਾਂ ਜਿਨ੍ਹਾਂ ਦੇ ਹਿਰਦੇ ਵਿਚ ਵਸ ਜਾਂਦਾ ਹੈ, ਉਹ (ਧਰਮ-ਸਾਧਕ) ਸਦੀਵ-ਸੱਚ ਪਰਮਾਤਮਾ ਵਿਚ ਧਿਆਨ ਲਗਾਕੇ ਰਖਦੇ ਹਨ।...

ਮਨ	ਮੇਰੇ,	ਗੁਰ	ਕੀ,
ਚਿੱਤ	ਆਪਣੇ	ਸਤਿਗੁਰੂ	ਦੀ

ਮੰਨਿ*(ਮੰਨ)*	ਲੈ	ਰਜਾਇ*(ਰਜ਼ਾਇ)* ॥
ਪਰਵਾਨ ਕਰ	ਲੈ	ਰਜ਼ਾ, ਹੁਕਮ, ਆਗਿਆ

...ਹੇ! ਮੇਰੇ ਮਨਾਂ! ਸਤਿਗੁਰ ਦੀ ਆਗਿਆ, ਭਾਵ ਗੁਰ ਉਪਦੇਸ਼ ਨੂੰ (ਖਿੜੇ ਮੱਥੇ) ਪਰਵਾਨ ਕਰ ਲੈ...

ਮਨੁ*(ਮਨ)*	ਤਨੁ*(ਤਨ)*	ਸੀਤਲੁ*(ਸੀਤਲ)*	ਸਭੁ*(ਸਭ)*	ਥੀਐ,
ਚਿੱਤ	ਸਰੀਰ	ਸ਼ਾਂਤ	ਸਾਰੇ	ਹੋ ਜਾਂਦਾ ਹੈ
ਨਾਮੁ*(ਨਾਮ)*	ਵਸੈ	ਮਨਿ*(ਮਨ)*	ਆਇ॥੧॥	ਰਹਾਉ ॥
(ਪ੍ਰਭੂ) ਸਿਮਰਨ	ਵਸ ਜਾਂਦਾ	ਚਿੱਤ ਵਿਚ	ਆਕੇ	ਠਹਿਰਾਉ

...(ਇਸ ਨਾਲ ਜੀਵ ਦਾ) ਮਨ ਤਨ ਸਭ ਕੁਝ (ਮਾਇਆ ਦੀ ਅਗਨੀ ਤੋਂ) ਸ਼ਾਂਤ ਹੋ ਜਾਂਦੇ ਹਨ, ਅਤੇ ਹਿਰਦੇ ਵਿਚ ਵਾਹਿਗੁਰੂ ਦਾ ਸਿਮਰਨ ਵਸ ਜਾਂਦਾ ਹੈ।...

ਜਿਨਿ*(ਜਿਨ੍ਹ)*	ਕਰਿ*(ਕਰ)*	ਕਾਰਣੁ*(ਕਾਰ)*	ਧਾਰਿਆ,
ਜਿਸ (ਪ੍ਰਭੂ) ਨੇ	ਕਰਕੇ	ਸਬੱਬ	ਧਾਰਨ ਕੀਤਾ ਹੋਇਆ ਹੈ, ਥੰਮ੍ਹ ਰਖਿਆ ਹੈ

ਅੰਕ ੩੭

ਸੋਈ	ਸਾਰ	ਕਰੇਇ*(ਕਰੇ)*॥
ਉਹੋ ਹੀ	ਸਾਂਭ ਸੰਭਾਲ	ਕਰਦਾ ਹੈ

...ਜਿਸ ਵਾਹਿਗੁਰੂ ਨੇ ਇਸ ਸ੍ਰਿਸ਼ਟੀ ਦੀ ਸਾਜਨਾ ਦਾ ਸਬੱਬ ਬਣਕੇ, ਭਾਵ ਕਾਰਣ ਰੂਪ ਹੋਕੇ ਇਸ ਨੂੰ ਬਣਾਇਆ ਹੈ, ਅਤੇ ਇਸ ਨੂੰ ਧਾਰਿਆ ਭਾਵ ਥੰਮ੍ਹ ਰਖਿਆ ਹੈ, ਉਹੀ ਇਸ ਦੀ ਸਾਂਭ ਸੰਭਾਲ ਕਰ ਰਿਹਾ ਹੈ।...

ਗੁਰ	ਕੈ	ਸਬਦਿ*(ਸ਼ਬਦ)*	ਪਛਾਣੀਐ,
ਸਤਿਗੁਰੂ	ਦੇ	ਸ਼ਬਦ ਰਾਹੀਂ	ਪਹਿਚਾਣੀਦਾ ਹੈ, ਸਮਝੀਦਾ ਹੈ
ਜਾ*(ਜਾਂ)*	ਆਪੇ	ਨਦਰਿ*(ਨਦਰ)*	ਕਰੇਇ*(ਕਰੇ)*॥
ਜੇਕਰ	ਆਪ ਹੀ	ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ

...ਜੇਕਰ ਉਹ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ, ਤਾਹੀਂ ਸਤਿਗੁਰੂ ਦੇ ਸ਼ਬਦ ਉਪਦੇਸ਼ ਰਾਹੀਂ, (ਇਸ ਸਾਰੀ ਖੇਡ ਨੂੰ) ਸਮਝ ਸਕੀਦਾ ਹੈ।...

ਸੇ	ਜਨ	ਸਬਦੇ*(ਸ਼ਬਦੇ)*	ਸੋਹਣੇ,
ਉਹੀ	ਧਰਮ-ਸਾਧਕ	ਸ਼ਬਦ ਦੁਆਰਾ	ਸੁੰਦਰ

ਤਿਤੁ*(ਤਿੱਤ)*	ਸਚੈ*(ਸੱਚੇ)*	ਦਰਬਾਰਿ*(ਦਰਬਾਰ)* ॥
ਉਸ	ਸਦਾ ਸਥਿਰ(ਪ੍ਰਭੂ) ਦੇ	ਦਰਬਾਰ ਵਿਚ

...(ਜੋ ਇਸ ਖੇਡ ਨੂੰ ਸਮਝ ਲੈਂਦੇ ਹਨ), ਉਹੀ ਧਰਮ-ਸਾਧਕ, ਸਤਿਗੁਰੂ ਦੇ ਉਪਦੇਸ਼ ਰਾਹੀਂ ਪਰਮਾਤਮਾ ਦੇ ਦਰਬਾਰ ਵਿਚ ਸੁੰਦਰ ਲਗਦੇ ਹਨ।...

ਗੁਰਮੁਖਿ,*(ਗੁਰਮੁਖ)*	ਸਚੈ*(ਸੱਚੈ)*	ਸਬਦਿ*(ਸ਼ਬਦ)*	ਰਤੇ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਸਦਾ ਸਥਿਰ	(ਗੁਰ)ਸ਼ਬਦ ਵਿਚ	ਰੰਗਿਆਂ
ਆਪਿ*(ਆਪ)*	ਮੇਲੇ	ਕਰਤਾਰਿ*(ਕਰਤਾਰ)* ॥੨॥	
ਆਪ ਹੀ	ਮੇਲ ਲੈਂਦਾ ਹੈ	ਕਰਤਾ ਪੁਰਖ	

...ਸਤਿਗੁਰੂ ਦੀ ਸਨਮੁੱਖਤਾ ਰਾਹੀਂ ਸਦਾ-ਸਥਿਰ ਗੁਰ-ਸ਼ਬਦ ਵਿਚ (ਇਨ੍ਹਾਂ) ਰੱਤਿਆਂ ਹੋਇਆ ਨੂੰ ਕਰਤਾ ਪੁਰਖ ਆਪ ਹੀ ਆਪਣੇ ਨਾਲ ਮੇਲ ਲੈਂਦਾ ਹੈ।...

ਗੁਰਮਤੀ*(ਗੁਰਮੱਤੀਂ)*	ਸਚੁ*(ਸੱਚ)*	ਸਲਾਹਣਾ,
ਸਤਿਗੁਰੂ ਦੀ ਮੱਤ ਦੁਆਰਾ	ਸਦਾ ਸਥਿਰ ਪਰਮਾਤਮਾ	ਸ਼ਲਾਘਾ

ਅੰਕ ੩੭

ਜਿਸ	ਦਾ	ਅੰਤੁ *(ਅੰਤ)*	ਨ *(ਨਾਂ)*	ਪਾਰਾਵਾਰ ॥
ਜਿਸ(ਪ੍ਰਭੂ)	ਕਾ,ਸੰਬੰਧਕ	ਅਖ਼ੀਰ	ਨਹੀਂ	ਉਰਵਾਰ ਪਾਰ

...ਗੁਰਮੱਤ ਦੁਆਰਾ ਸਦਾ-ਸਥਿਰ ਪਰਮਾਤਮਾ ਦੀ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ, ਜਿਸਦਾ ਕੋਈ ਅੰਤ ਅਤੇ ਉਰਵਾਰ ਪਾਰ ਨਹੀਂ ਹੈ।...

ਘਟਿ *(ਘਟ)*	ਘਟਿ *(ਘਟ)*	ਆਪੇ	ਹੁਕਮਿ *(ਹੁਕਮ)*	ਵਸੈ,
ਹਿਰਦੇ ਵਿਚ	ਹਿਰਦੇ ਵਿਚ	ਆਪ ਹੀ	ਹੁਕਮ ਦੁਆਰਾ	ਵਸ ਰਿਹਾ ਹੈ

ਹੁਕਮੇ	ਕਰੇ	ਬੀਚਾਰੁ *(ਬੀਚਾਰ)*॥
ਹੁਕਮ ਰਾਹੀਂ	ਕਰਦਾ	ਵੀਚਾਰ

...(ਵਾਹਿਗੁਰੂ) ਆਪ ਹੀ ਆਪਣੇ ਹੁਕਮ ਭਾਵ ਰੱਬੀ-ਵਿਧਾਨ ਅਨੁਸਾਰ, ਹਰ ਹਿਰਦੇ ਵਿਚ ਵਸ ਰਿਹਾ ਹੈ, ਅਤੇ ਆਪਣੇ ਉਸ ਰੱਬੀ ਵਿਧਾਨ ਅਨੁਸਾਰ (ਸਭ ਸੰਸਾਰੀ ਜੀਵਾਂ ਬਾਰੇ) ਸੋਚ ਵਿਚਾਰ ਕਰਦਾ ਹੈ।...

ਗੁਰ	ਸਬਦੀ *(ਸ਼ਬਦੀ)*	ਸਾਲਾਹੀਐ,	ਹਉਮੈ	ਵਿਚਹੁ *(ਵਿਚਹੁਂ)*	ਖੋਇ ॥
ਸਤਿਗੁਰੂ	ਸ਼ਬਦ ਦੁਆਰਾ	ਸ਼ਲਾਘਾ ਕਰੀਏ	ਹੰਕਾਰ	ਅੰਦਰੋਂ	ਗੁਆ ਕੇ

...(ਹਿਰਦੇ) ਅੰਦਰੋਂ ਹੰਕਾਰ ਨੂੰ ਮਿਟਾ ਕੇ ਗੁਰਸ਼ਬਦ ਰਾਹੀਂ (ਪਰਮਾਤਮਾ ਦੀ) ਸਿਫ਼ਤ ਸਲਾਹ ਕਰਨੀ ਚਾਹੀਦੀ ਹੈ।...

ਸਾ	ਧਨ	ਨਾਵੈ *(ਨਾਵੈਂ)*	ਬਾਹਰੀ,
ਜਿਹੜੀ	(ਜੀਵ) ਇਸਤ੍ਰੀ	(ਪ੍ਰਭੂ) ਨਾਮ ਤੋਂ	ਸੱਖਣੀ

ਅਵਗਣਵੰਤੀ	ਰੋਇ॥੩॥
ਔਗਣਾਂ ਦੀ ਭਰੀ ਹੋਈ	ਰੋਂਦੀ ਹੈ, ਵਿਰਲਾਪ ਕਰਦੀ ਹੈ

...ਜਿਹੜੀ (ਜੀਵ) ਇਸਤ੍ਰੀ ਪਰਮਾਤਮਾ ਦੇ ਨਾਮ ਸਿਮਰਨ ਤੋਂ ਸੱਖਣੀ ਹੈ, ਉਹ (ਵਿਕਾਰਾ ਰੂਪੀ) ਔਗਣਾਂ ਨਾਲ ਭਰੀ ਪਈ ਹੈ, ਅਤੇ (ਪ੍ਰਭੂ ਵਿਛੋੜੇ ਕਰਕੇ ਜ਼ਿੰਦਗੀ ਭਰ) ਵਿਰਲਾਪ ਕਰਦੀ ਰਹਿੰਦੀ ਹੈ।...

ਸਚੁ *(ਸੱਚ)*	ਸਲਾਹੀ, *(ਸਲਾਹੀਂ)*	ਸਚਿ *(ਸੱਚ)*	ਲਗਾ, *(ਲਗਾਂ)*
ਸਦਾ-ਸਥਿਰ ਪਰਮਾਤਮਾ	ਸ਼ਲਾਘਾ ਕਰੀਏ	ਸੱਚ (ਨਾਮ) ਵਿਚ	ਲਗਾਂ

ਸਚੈ *(ਸੱਚੈ)*	ਨਾਇ, *(ਨਾਇਂ)*	ਤ੍ਰਿਪਤਿ *(ਤ੍ਰਿਪਤ)*	ਹੋਇ॥
ਸਦਾ ਸਥਿਰ	(ਪ੍ਰਭੂ) ਨਾਮ ਰਾਹੀਂ	ਸੰਤੁਸ਼ਟੀ, ਤ੍ਰਿਪਤੀ	ਹੁੰਦੀ ਹੈ

ਅੰਕ ੩੭

...(ਇਸ ਲਈ ਮੈਂ ਵਿਛੋੜੇ ਦੇ ਵਿਰਲਾਪ ਤੋਂ ਬਚਣ ਲਈ), ਸਦਾ-ਸਥਿਰ ਪਰਮਾਤਮਾ ਦੀ ਸਿਫ਼ਤ ਸਲਾਹ ਕਰਦਾ ਰਹਾਂ, ਅਤੇ ਸਦਾ ਰਹਿਣ ਵਾਲੇ ਪਰਮਾਤਮਾ ਦੇ ਨਾਮ ਸਿਮਰਨ ਵਿਚ ਲਗਿਆ ਰਹਾਂ, (ਕਿਉਂਕਿ) ਸੱਚੇ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਹੀ (ਆਤਮਿਕ ਪਿਆਸ) ਬੁੱਝਦੀ ਹੈ।...

ਗੁਣ	ਵੀਚਾਰੀ *(ਵੀਚਾਰੀਂ)*	ਗੁਣ	ਸੰਗ੍ਰਹਾ, *(ਸੰਗ੍ਰਹਾਂ)*
ਚੰਗਿਆਈਆਂ	ਵਿਚਾਰਾਂ	ਚੰਗਿਆਈਆਂ	(ਹਿਰਦੇ ਵਿਚ) ਇਕੱਤ੍ਰ ਕਰਾਂ

ਅਵਗੁਣ	ਕਢਾ *(ਕੱਢਾਂ)*	ਧੋਇ॥
ਔਗਣਾਂ, ਬੁਰਿਆਈਆਂ	ਕੱਢ ਦੇਵਾਂ	ਧੋਕੇ

...(ਹੇ! ਵਾਹਿਗੁਰੂ! ਮੈਂ ਆਪਣੇ ਹਿਰਦੇ ਵਿਚੋਂ ਵਿਕਾਰਾ ਦੇ) ਔਗਣਾਂ ਨੂੰ (ਨਾਮ ਰਾਹੀਂ) ਧੋਕੇ, (ਉਸ ਵਿਚ ਪਰਮਾਤਮ) ਗੁਣਾਂ ਨੂੰ ਇਕੱਤ੍ਰ ਕਰਾਂ, ਅਤੇ ਫਿਰ ਉਨ੍ਹਾਂ ਗੁਣਾਂ ਦੀ ਸੋਚ ਵਿਚਾਰ ਕਰਦਾ ਰਹਾਂ। (ਭਾਵ ਉਸ ਨਿਰਮਲਤਾ ਅਨੁਸਾਰ ਆਪਣੀ ਜ਼ਿੰਦਗੀ ਬਤੀਤ ਕਰਾਂ)...

ਆਪੇ	ਮੇਲਿ *(ਮੇਲ)*	ਮਿਲਾਇਦਾ, *(ਮਿਲਾਇੰਦਾ)*
(ਪ੍ਰਭੂ) ਆਪ ਹੀ	ਮੇਲ	ਮਿਲਾਉਂਦਾ ਹੈ

ਫਿਰਿ *(ਫਿਰ)*	ਵੇਛੋੜਾ	ਨ *(ਨਾਂ)*	ਹੋਇ॥
ਫਿਰ, ਦੁਬਾਰਾ	ਜੁਦਾਈ, ਵਿਜੋਗ	ਨਾ	ਹੋਏ, ਵਾਪਰੇ

...(ਐਸੀ ਨਿਰਮਲ ਜ਼ਿੰਦਗੀ ਹੋਣ ਨਾਲ ਪ੍ਰਭੂ) ਆਪ ਹੀ ਆਪਣਾ ਮਿਲਾਪ ਕਰਵਾ ਦਿੰਦਾ ਹੈ, ਅਤੇ ਫਿਰ ਦੁਬਾਰਾ ਉਸਤੋਂ ਵਿਛੋੜਾ ਨਹੀਂ ਹੁੰਦਾ...

ਨਾਨਕ,	ਗੁਰੁ *(ਗੁਰ)*	ਸਾਲਾਹੀ *(ਸਾਲਾਹੀਂ)*	ਆਪਣਾ,
ਹੇ! ਨਾਨਕ!	ਸਤਿਗੁਰੂ	ਸ਼ਲਾਘਾ ਕਰਾਂ	ਆਪ ਦਾ

ਜਿਦੂ *(ਜਿਦੂੰ)*	ਪਾਈ *(ਪਾਈਂ)*	ਪ੍ਰਭੁ *(ਪ੍ਰਭ)*	ਸੋਇ ॥੪॥੨੭॥੬੦॥
ਜਿਸ ਨਾਲ	ਪਾਈਦਾ	ਪਰਮਾਤਾਮਾ	ਉਹ

...ਹੇ! ਨਾਨਕ! (ਮੈਂ ਲੋਚਦਾ ਹਾਂ ਕਿ ਮੈਂ) ਆਪਣੇ ਸਤਿਗੁਰੂ ਦੀ ਸਿਫ਼ਤ ਸਲਾਹ ਕਰਦਾ ਰਹਾਂ, ਜਿਸ ਨਾਲ ਉਸ ਪਰਮਾਤਮਾ ਨੂੰ ਪਾ ਲਵਾਂ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਅੰਕ ੩੭-੩੮

ਸੁਣਿ*(ਸੁਣ)*	ਸੁਣਿ*(ਸੁਣ)*	ਕਾਮ	ਗਹੇਲੀਏ,
ਸਰਵਣ ਕਰ	ਸਰਵਣ ਕਰ	ਕਾਮਨਾਂ	ਗ੍ਰਸੀ ਹੋਈਏ, ਜਕੜੀ ਹੋਈਏ

ਕਿਆ	ਚਲਹਿ*(ਚਲਹਿਂ)*	ਬਾਹ*(ਬਾਂਹ)*	ਲੁਡਾਇ॥
ਕੀ	ਚਲਦੀ ਹੈਂ, ਤੁਰਦੀ ਹੈ	ਬਾਹਾਂ	ਉਲਾਰ ਕੇ

...(ਹੇ!) ਕਾਮਨਾਵਾਂ ਵਿਚ ਗ੍ਰਸੀ ਹੋਈ (ਜੀਵ ਇਸਤ੍ਰੀਏ!) ਸੁਣ! ਸੁਣ! ਕੀ ਬਾਹਾਂ ਉਲਾਰ ਉਲਾਰ ਕੇ ਤੁਰਦੀ ਪਈ ਹੈਂ?...

ਆਪਣਾ	ਪਿਰੁ*(ਪਿਰ)*	ਨ*(ਨਾਂ)*	ਪਛਾਣਹੀ,*(ਪਛਾਣਹੀਂ)*
ਆਪਣੇ	(ਪ੍ਰਭੂ) ਪ੍ਰੀਤਮ	ਨਹੀਂ	ਪਹਿਚਾਨ, ਪਛਾਣ

ਕਿਆ	ਮੁਹੁ*(ਮੂੰਹ)*	ਦੇਸਹਿ*(ਦੇਸਹਿਂ)*	ਜਾਇ॥
ਕੀ	ਮੂੰਹ	ਦੇਵੇਂਗੀ	ਜਾਕੇ

...(ਤੂੰ) ਆਪਣੇ (ਪ੍ਰਭੂ) ਪ੍ਰੀਤਮ ਨੂੰ ਤਾਂ ਪਹਿਚਾਣ ਨਹੀਂ ਸਕੀ, (ਅੱਗੇ ਪ੍ਰਭੂ ਪ੍ਰੀਤਮ ਦੇ ਘਰ) ਜਾਕੇ ਕੀ ਮੂੰਹ ਦੇਵੇਂਗੀ?...

ਜਿਨੀ*(ਜਿਨ੍ਹੀਂ)*	ਸਖੀਂ,	ਕੰਤੁ*(ਕੰਤ)*	ਪਛਾਣਿਆ,*(ਪਛਾਣਿਆਂ)*
ਜਿਨ੍ਹਾਂ	ਸਹੇਲੀਆਂ ਨੇ	ਪਤੀ	ਪਹਿਚਾਣ ਲਿਆ

ਹਉ*(ਹਉਂ)*	ਤਿਨ*(ਤਿਨ੍ਹ)*	ਕੈ	ਲਾਗਉ*(ਲਾਗਊਂ)*	ਪਾਇ*(ਪਾਇਂ)* ॥
ਮੈਂ	ਤਿਨ੍ਹਾਂ	ਦੇ	ਲਗਦੀ ਹਾਂ	ਪੈਰਾਂ ਨੂੰ, ਚਰਨਾਂ ਨੂੰ

...ਜਿਨ੍ਹਾਂ (ਵਡਭਾਗਣ) ਸਹੇਲੀਆਂ ਨੇ (ਪ੍ਰਭੂ) ਕੰਤ ਨੂੰ ਪਹਿਚਾਣ ਲਿਆ ਹੈ, ਮੈਂ ਉਨ੍ਹਾਂ ਦੇ ਚਰਨੀਂ ਲਗਦੀ ਹਾਂ।...

ਤਿਨ*(ਤਿਨ੍ਹ)*	ਹੀ	ਜੈਸੀ	ਥੀ	ਰਹਾ,*(ਰਹਾਂ)*
ਉਨ੍ਹਾਂ	ਸਿਰਫ਼, ਕੇਵਲ	ਵਰਗੀ	ਹੋ	ਜਾਵਾਂ

ਸਤਸੰਗਤਿ*(ਸਤਸੰਗਤ)*	ਮੇਲਿ*(ਮੇਲ)*	ਮਿਲਾਇ॥੧॥
ਸਤਸੰਗਤ ਰਾਹੀਂ	ਮਿਲਾਪ	ਮਿਲਾ ਦੇਵੇ

...(ਹੇ! ਵਾਹਿਗੁਰੂ ਜੀ, ਅਰਦਾਸ ਹੈ ਕਿ) ਸਤਸੰਗਤ ਦੇ ਮਿਲਾਪ ਰਾਹੀਂ (ਮੈਨੂੰ ਅਜਿਹੀਆਂ ਸਖੀਆਂ ਨਾਲ) ਮਿਲਾ ਦਿਓ ਤਾਂਕਿ ਮੈਂ) ਉਨ੍ਹਾਂ ਵਰਗੀ ਹੀ ਹੋ ਜਾਵਾਂ।...

ਅੰਕ ੩੮

ਮੁੰਧੇ,	ਕੂੜਿ *(ਕੂੜ)*	ਮੁਠੀ	ਕੂੜਿਆਰਿ *(ਕੁੜਿਆਰ)*॥
ਮੁਗਧ ਹੋਈਏ, ਮਸਤ ਹੋਈਏ	ਝੂਠ ਵਿਚ	ਠੱਗੀ	ਕੂੜ ਵਿਚ

...(ਹੇ! ਮਾਇਆ ਦੇ) ਝੂਠ ਵਿਚ ਮੁਗਧ ਹੋਈ (ਜੀਵ ਇਸਤ੍ਰੀਏ! ਤੂੰ) ਕੂੜ ਵਸਤੂਆਂ, ਭਾਵ ਮਾਇਆ ਦੇ ਵਿਕਾਰਾਂ ਵਿਚ (ਪੈਕੇ ਇਨ੍ਹਾਂ ਹੱਥੋਂ) ਠੱਗੀ ਗਈ ਹੈਂ।...

ਪਿਰੁ *(ਪਿਰ)*	ਪ੍ਰਭੁ *(ਪ੍ਰਭ)*	ਸਾਚਾ	ਸੋਹਣਾ,
ਕੰਤ	ਪਰਮਾਤਮਾ	ਸਦਾ-ਸਥਿਰ	ਸੁੰਦਰ

ਪਾਈਐ	ਗੁਰ	ਬੀਚਾਰਿ *(ਬੀਚਾਰ)*॥੧॥	ਰਹਾਉ ॥
ਪ੍ਰਾਪਤ ਕਰੀਦਾ ਹੈ	ਸਤਿਗੁਰੂ	ਵਿਚਾਰ, ਸਿੱਖਿਆ	ਠਹਿਰਾਉ

...(ਤੈਨੂੰ ਵਿਕਾਰਾਂ ਵਿਚ ਉਲਝੀ ਹੋਈ ਨੂੰ ਸਮਝ ਹੀ ਨਹੀਂ ਲੱਗੀ ਕਿ) ਸਦਾ-ਸਥਿਰ ਪ੍ਰਭੂ ਕੰਤ ਤਾਂ (ਅਤਿਅੰਤ) ਸੋਹਣਾ ਹੈ, ਅਤੇ ਸਤਿਗੁਰੂ ਦੀ ਵੀਚਾਰ ਰਾਹੀਂ (ਉਹਨੂੰ) ਪਾ ਲਈਦਾ ਹੈ।...

ਮਨਮੁਖਿ, *(ਮਨਮੁੱਖ)*	ਕੰਤੁ *(ਕੰਤ)*	ਨ *(ਨਾਂ)*	ਪਛਾਣਈ,
ਮਨ ਦੇ ਮਗਰ ਲਗੀ ਹੋਈ	ਪਤੀ	ਨਹੀਂ	ਪਹਿਚਾਣਦੀ

ਤਿਨ *(ਤਿਨ੍ਹ)*	ਕਿਉ *(ਕਿਉਂ)*	ਰੈਣਿ *(ਰੈਣ)*	ਵਿਹਾਇ ॥
ਤਿਨ੍ਹਾਂ ਦੀ	ਕਿਵੇਂ	ਰਾਤ	ਬਤੀਤ ਹੁੰਦੀ ਹੈ

...ਮਨ ਦੇ ਮਗਰ ਲਗਕੇ (ਵਿਕਾਰਾਂ ਵਿਚ ਫਸੀਆਂ ਹੋਈਆਂ ਜੀਵ ਇਸਤ੍ਰੀਆਂ, ਪ੍ਰਭੂ) ਕੰਤ ਨੂੰ ਨਹੀਂ ਪਛਾਣਦੀਆਂ, ਉਨ੍ਹਾਂ ਦੀ (ਜੀਵਨ ਰੂਪੀ) ਰਾਤ ਕਿਵੇਂ ਬਤੀਤ ਹੁੰਦੀ ਹੈ?...

ਗਰਬਿ *(ਗਰਬ)*	ਅਟੀਆ, *(ਅੱਟੀਆਂ)*	ਤ੍ਰਿਸਨਾ *(ਤ੍ਰਿਸ਼ਨਾਂ)*	ਜਲਹਿ, *(ਜਲਹਿਂ)*
ਹੰਕਾਰ ਵਿਚ	ਨੱਕੋ ਨੱਕ ਭਰੀਆਂ	ਲਾਲਚ	ਜਲਦੀਆਂ, ਬਲਦੀਆਂ

ਦੁਖੁ *(ਦੁੱਖ)*	ਪਾਵਹਿ, *(ਪਾਵਹਿਂ)*	ਦੂਜੈ	ਭਾਇ॥
ਤਕਲੀਫ਼	ਪਾਉਂਦੀਆਂ ਹਨ	ਦੂਸਰੇ	ਪ੍ਰੀਤ/ਸਨੇਹ ਵਿਚ

...(ਉਹ) ਹੰਕਾਰ ਵਿਚ ਨੱਕੋ ਨੱਕ ਭਰੀਆਂ, ਤ੍ਰਿਸ਼ਨਾਂ (ਦੀ ਅਗਨੀ ਵਿਚ) ਜਲਦੀਆਂ ਹਨ, ਅਤੇ ਦੂਸਰੇ, ਭਾਵ (ਮਾਇਆਵੀ ਵਿਕਾਰਾਂ ਦੇ) ਲਗਾਓ ਵਿਚ (ਗ੍ਰਸੀਆਂ ਅਤਿਅੰਤ) ਤਕਲੀਫ਼ ਪਾਉਂਦੀਆਂ ਹਨ।...

ਸਬਦਿ *(ਸ਼ਬਦ)*	ਰਤੀਆ *(ਰਤੀਆਂ)*	ਸੋਹਾਗਣੀ,
(ਗੁਰ) ਸ਼ਬਦ ਵਿਚ	ਰੰਗੀਆਂ	ਸੋਹਾਗਵੰਤੀਆਂ

ਅੰਕ ੩੮

ਤਿਨ *(ਤਿਨ੍)*	ਵਿਚਹੁ *(ਵਿਚਹੁੰ)*	ਹਉਮੈ	ਜਾਇ॥
ਤਿਨ੍ਹਾਂ	ਅੰਦਰੋਂ	ਹੰਕਾਰ	ਚਲੇ ਜਾਂਦਾ ਹੈ

...(ਪਰ ਜੋ) ਸਤਿਗੁਰੂ ਦੇ ਸ਼ਬਦ ਵਿਚ ਰੰਗੀਆਂ ਹੋਈਆਂ ਸੋਹਾਗਣਾਂ ਹਨ, ਉਨ੍ਹਾਂ ਦੇ ਅੰਦਰੋਂ ਹੰਕਾਰ ਮਿਟ ਜਾਂਦਾ ਹੈ।...

ਸਦਾ	ਪਿਰੁ *(ਪਿਰ)*	ਰਾਵਹਿ *(ਰਾਵਹਿਂ)*	ਆਪਣਾ,
ਹਮੇਸ਼ਾਂ	(ਪ੍ਰਭੂ) ਕੰਤ	ਭੋਗਦੀਆਂ, ਮਾਣਦੀਆਂ	ਆਪਦਾ

ਤਿਨਾ *(ਤਿਨ੍ਹਾਂ)*	ਸੁਖੇ	ਸੁਖਿ *(ਸੁੱਖ)*	ਵਿਹਾਇ॥੨॥
ਤਿਨ੍ਹਾਂ	ਅਨੰਦ ਹੀ	ਅਨੰਦ ਵਿਚ	ਬਤੀਤ ਹੁੰਦੀ ਹੈ

...(ਅਜਿਹੀਆਂ ਸੋਹਾਗਣਾਂ) ਹਮੇਸ਼ਾਂ ਆਪਣੇ ਪ੍ਰਭੂ ਕੰਤ ਨੂੰ ਮਾਣਦੀਆਂ ਹਨ, ਅਤੇ ਇਸ ਨਾਲ ਉਨ੍ਹਾਂ ਦਾ ਜੀਵਨ (ਆਤਮਿਕ) ਅਨੰਦ ਹੀ ਅਨੰਦ ਵਿਚ ਬਤੀਤ ਹੁੰਦਾ ਹੈ।...

ਗਿਆਨ	ਵਿਹੂਣੀ	ਪਿਰ	ਮੁਤੀਆ,
(ਪਰਮਾਤਮ) ਸੋਝੀ	ਵਿਰਵੀ, ਸਖਣੀ	ਕੰਤ	ਛੱਡੀ ਹੋਈ, ਛੁੱਟੜ

ਪਿਰਮੁ *(ਪਿਰਮ)*	ਨ *(ਨਾਂ)*	ਪਾਇਆ	ਜਾਇ॥
ਪਿਆਰ,ਪ੍ਰੀਤ	ਨਹੀਂ	ਪ੍ਰਾਪਤ ਕੀਤਾ	ਜਾਂਦਾ

...(ਜੋ ਪਰਮਾਤਮ) ਗਿਆਨ ਤੋਂ ਸੱਖਣੀਆਂ ਹਨ, ਉਹ (ਜੀਵ ਇਸਤ੍ਰੀਆਂ, ਪ੍ਰਭੂ) ਕੰਤ ਦੀਆਂ ਛੱਡੀਆਂ ਹੋਈਆਂ ਹਨ।...

ਅਗਿਆਨ	ਮਤੀ	ਅੰਧੇਰ *(ਅੰਧੇਰ)*	ਹੈ,
ਬੇਸਮਝੀ	ਫਸੀ, ਗ੍ਰਸੀ	ਅੰਧਕਾਰ, ਹਨ੍ਹੇਰਾ	ਹੋਣ ਦੀ ਕ੍ਰਿਆ

ਬਿਨੁ *(ਬਿਨ)*	ਪਿਰ	ਦੇਖੇ,	ਭੁਖ *(ਭੁੱਖ)*	ਨ *(ਨਾਂ)*	ਜਾਇ॥
ਬਿਨਾਂ	ਕੰਤ	ਦੇਖਿਆਂ	ਮਿਲਣ ਦੀ ਇੱਛਾ	ਨਹੀਂ	ਜਾਂਦੀ

...ਬੇਸਮਝੀ ਵਿਚ ਫਸੀਆਂ ਹੋਈਆਂ (ਛੁੱਟੜਾਂ ਨੂੰ) ਅੰਧਕਾਰ ਹੀ ਅੰਧਕਾਰ ਹੈ।(ਪ੍ਰਭੂ) ਕੰਤ ਨੂੰ ਦੇਖੇ ਬਿਨਾਂ ਉਨ੍ਹਾਂ ਦੀ (ਪ੍ਰਭੂ ਮਿਲਣ ਦੀ) ਭੁੱਖ ਦੂਰ ਨਹੀਂ ਹੁੰਦੀ।...

ਆਵਹੁ	ਮਿਲਹੁ	ਸਹੇਲੀਹੋ,
ਆਓ	ਮਿਲ ਪਵੋ	(ਸਤਸੰਗੀ) ਸਖੀਓ

ਅੰਕ ੩੮

ਮੈ	ਪਿਰੁ *(ਪਿਰ)*	ਦੇਹੁ	ਮਿਲਾਇ॥
ਮੈਨੂੰ	(ਪ੍ਰਭੂ)ਕੰਤ	ਦੇਵੋ	ਮਿਲਾ

...(ਹੇ! ਮੇਰੀਓ ਸਤਸੰਗੀ) ਸਹੇਲੀਓ! ਆਓ (ਮੈਨੂੰ) ਮਿਲੋ, ਅਤੇ (ਮੈਨੂੰ ਪ੍ਰਭੂ) ਕੰਤ ਨਾਲ ਮਿਲਾ ਦੇਵੋ।...

ਪੂਰੈ	ਭਾਗਿ *(ਭਾਗ)*	ਸਤਿਗੁਰੁ *(ਸਤਿਗੁਰ)*	ਮਿਲੈ,
ਪੂਰਨ	ਕਿਸਮਤ ਰਾਹੀਂ	ਸਤਿਗੁਰੁ	ਮਿਲਦਾ ਹੈ।

ਪਿਰੁ *(ਪਿਰ)*	ਪਾਇਆ	ਸਚਿ *(ਸੱਚ)*	ਸਮਾਇ॥੩॥
(ਪ੍ਰਭੂ)ਕੰਤ	ਪਾਈਦਾ ਹੈ	ਸਦਾ-ਸਥਿਰ ਕੰਤ ਵਿਚ	ਲਿਵਲੀਨ ਹੋ ਜਾਈਦਾ

...(ਪ੍ਰੰਤੂ) ਪੂਰੇ ਭਾਗਾਂ ਰਾਹੀਂ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਜਿਸ ਕਰਕੇ (ਪ੍ਰਭੂ) ਕੰਤ ਪ੍ਰਾਪਤ ਹੁੰਦਾ ਹੈ, ਅਤੇ ਫਿਰ ਉਸ ਸਦਾ-ਸਥਿਰ ਕੰਤ ਵਿਚ ਸਮਾ ਜਾਈਦਾ ਹੈ।...

ਸੇ	ਸਹੀਆ *(ਸਹੀਆਂ)*	ਸੋਹਾਗਣੀ,
ਉਹੀ	ਸਹੇਲੀਆਂ	ਸੋਹਾਗਣਾਂ/ਸੋਹਾਗਵੰਤੀਆਂ ਹਨ

ਜਿਨ *(ਜਿਨ੍ਹ)*	ਕਉ	ਨਦਰਿ *(ਨਦਰ)*	ਕਰੇਇ *(ਕਰੇ)*॥
ਜਿਨ੍ਹਾਂ	ਨੂੰ	ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ

...ਉਹੀ ਸਹੇਲੀਆਂ ਸੋਹਾਗਵੰਤੀਆਂ ਹਨ, ਜਿਨ੍ਹਾਂ ਤੇ (ਪ੍ਰਭੂ-ਕੰਤ ਆਪਣੀ) ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ।...

ਖਸਮੁ *(ਖ਼ਸਮ)*	ਪਛਾਣਹਿ *(ਪਛਾਣਹਿਂ)*	ਆਪਣਾ,
ਕੰਤ	ਪਹਿਚਾਣ ਲੈਣ	ਆਪਦਾ

ਤਨੁ *(ਤਨ)*	ਮਨੁ *(ਮਨ)*	ਆਗੈ	ਦੇਇ *(ਦੇ)*॥
ਸਰੀਰ	ਮਨ	ਅੱਗੇ	(ਰੱਖ/ਅਰਪਣ ਕਰ) ਦਿੰਦੀਆਂ ਹਨ

...(ਅਜਿਹੀਆਂ ਸੋਹਾਗਣਾਂ) ਆਪਣੇ (ਪ੍ਰਭੂ) ਖ਼ਸਮ ਨੂੰ ਪਹਿਚਾਣ ਲੈਂਦੀਆਂ ਹਨ, ਅਤੇ ਤਨ ਮਨ (ਉਸ) ਅੱਗੇ (ਅਰਪਣ) ਕਰ ਦਿੰਦੀਆਂ ਹਨ। (ਭਾਵ ਪੂਰੀ ਤਰ੍ਹਾਂ ਪ੍ਰਭੂ ਨੂੰ ਸਮਰਪਿਤ ਹੋ ਜਾਂਦੀਆਂ ਹਨ।)...

ਘਰਿ *(ਘਰ)*	ਵਰੁ *(ਵਰ)*	ਪਾਇਆ	ਆਪਣਾ,
(ਹਿਰਦੇ) ਘਰ ਵਿਚ	(ਪ੍ਰਭੂ) ਪਤੀ	ਪਾ ਲਿਆ	ਆਪਦਾ

ਅੰਕ ੩੮

ਹਉਮੈ	ਦੂਰਿ *(ਦੂਰ)*	ਕਰੇਇ *(ਕਰੇ)*॥	
ਹੰਕਾਰ	ਦੂਰ	ਕਰਕੇ	

...(ਉਨ੍ਹਾਂ ਨੇ) ਹਉਮੈ ਨੂੰ ਦੂਰ ਕਰਕੇ, ਆਪਣੇ ਹਿਰਦੇ-ਘਰ ਵਿਚ ਆਪਣੇ (ਪ੍ਰਭੂ) ਕੰਤ ਨੂੰ ਪਾ ਲਿਆ ਹੈ।...

ਨਾਨਕ,	ਸੋਭਾਵੰਤੀਆ *(ਸ਼ੋਭਾਵੰਤੀਆਂ)*	ਸੋਹਾਗਣੀ,
ਹੇ! ਨਾਨਕ!	ਸ਼ੋਭਨੀਕ	ਸੋਹਾਗਵੰਤੀਆਂ

ਅਨਦਿਨੁ *(ਅਨਦਿਨ)*	ਭਗਤਿ *(ਭਗਤ)*	ਕਰੇਇ *(ਕਰੇਂ)* ॥੪॥੨੮॥੬੧॥
ਦਿਨਰਾਤ	ਬੰਦਗੀ,ਸਿਮਰਨ	ਕਰਦੀਆਂ ਹਨ

...ਹੇ! ਨਾਨਕ! (ਇਹੋ ਜਿਹੀਆਂ) ਸ਼ੋਭਨੀਕ ਸੁਹਾਗਵੰਤੀਆਂ, ਦਿਨ ਰਾਤ (ਅੱਠੇ ਪਹਿਰ, ਪ੍ਰਭੂ) ਬੰਦਗੀ ਕਰਦੀਆਂ ਰਹਿੰਦੀਆਂ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)*॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਇਕਿ *(ਇੱਕ)*	ਪਿਰੁ *(ਪਿਰ)*	ਰਾਵਹਿ *(ਰਾਵਹਿਂ)*	ਆਪਣਾ,
ਕਈ	ਕੰਤ	ਮਾਣਿਆਂ,ਭੋਗਿਆ	ਆਪਦਾ

ਹਉ *(ਹਉਂ)*	ਕੈ *(ਕੈਂ)*	ਦਰਿ *(ਦਰ)*	ਪੂਛਉ *(ਪੁਛਉਂ)*	ਜਾਇ॥
ਮੈਂ	ਕਿਹੜੇ	ਦਰ ਤੇ	ਪੁੱਛਾਂ	ਜਾਕੇ

...ਕਈ (ਸੁਹਾਗਣਾਂ) ਨੇ ਆਪਣੇ (ਪ੍ਰਭੂ) ਕੰਤ ਨੂੰ ਮਾਣਿਆਂ ਹੈ, (ਭਾਵ ਪ੍ਰਭੂ ਦੀ ਬੰਦਗੀ ਵਿਚ ਜੀਵਨ ਬਤੀਤ ਕੀਤਾ ਹੈ) ਮੈਂ (ਅਭਾਗਣ) ਕਿਹੜੇ ਦਰ ਤੇ ਜਾਕੇ (ਕੰਤ-ਮਿਲਾਪ ਬਾਰੇ) ਪੁੱਛਾਂ?

ਸਤਿਗੁਰੁ *(ਸਤਿਗੁਰ)*	ਸੇਵੀ *(ਸੇਵੀਂ)*	ਭਾਉ	ਕਰਿ, *(ਕਰ)*
ਸਤਿਗੁਰੂ	ਸੇਵੀ, ਅਰਾਧਨਾ ਕਰਾਂ	ਪ੍ਰੀਤ, ਪਿਆਰ	ਕਰਕੇ

ਮੈ	ਪਿਰੁ *(ਪਿਰ)*	ਦੇਹੁ	ਮਿਲਾਇ॥
ਮੈਨੂੰ	(ਪ੍ਰਭੂ) ਕੰਤ	ਦੇਵੋ	ਮਿਲਾ, ਜੋੜ

...(ਪ੍ਰਭੂ-ਮਿਲਾਪ ਦੀ ਜੁਗਤ ਦਸਦੀ ਹੈ, ਕਿ ਮੈਂ) ਸਤਿਗੁਰੂ ਦੀ ਪਿਆਰ ਨਾਲ ਸੇਵਾ ਕਰਦੀ ਹਾਂ, ਭਾਵ ਅਰਾਧਨਾ ਕਰਦੀ ਹਾਂ (ਅਤੇ ਫਿਰ ਜੋਦੜੀਆਂ ਕਰਾਂਗੀ, ਕਿ ਸਾਹਿਬ ਜੀ) ਮੈਨੂੰ (ਮੇਰਾ, ਪ੍ਰਭੂ) ਕੰਤ ਮਿਲਾ ਦਿਓ।...

ਸਭੁ *(ਸਭ)*	ਉਪਾਏ,	ਆਪੇ	ਵੇਖੈ,
ਸਭ ਨੂੰ	ਪੈਦਾ ਕਰਕੇ	ਆਪ ਹੀ	ਵੇਖਦਾ ਹੈ, ਸੰਭਾਲ ਕਰਦਾ ਹੈ
ਕਿਸੁ *(ਕਿਸ)*	ਨੇੜੈ,	ਕਿਸੁ *(ਕਿਸ)*	ਦੂਰਿ *(ਦੂਰ)* ॥
ਕਿਸੇ ਨੂੰ	ਨਜ਼ਦੀਕ	ਕਿਸੇ ਨੂੰ	ਦੂਰ

...ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਕੇ (ਪ੍ਰਭੂ) ਆਪ ਹੀ (ਉਸਦੀ) ਸਾਂਭ ਸੰਭਾਲ ਕਰਦਾ ਹੈ, (ਪਰ ਇਸ ਸ੍ਰਿਸ਼ਟੀ ਵਿਚ ਆਪਣੇ ਕਰਮਾਂ ਕਰਕੇ) ਕਿਸੇ ਨੂੰ (ਵਾਹਿਗੁਰੂ) ਨਜ਼ਦੀਕ ਭਾਵ ਹਾਜ਼ਰ ਨਾਜ਼ਰ ਅਨੁਭਵ ਹੁੰਦਾ ਹੈ ਅਤੇ ਕਿਸੇ ਨੂੰ ਦੂਰ ਪ੍ਰਤੀਤ ਹੁੰਦਾ ਹੈ।...

ਜਿਨਿ, *(ਜਿਨ੍ਹ)*	ਪਿਰੁ *(ਪਿਰ)*	ਸੰਗੇ	ਜਾਣਿਆ, *(ਜਾਣਿਆਂ)*
ਜਿਨ੍ਹਾਂ ਨੇ	(ਪ੍ਰਭੂ) ਕੰਤ ਨਾਲ,	ਅੰਗ ਸੰਗ	ਸਮਝਿਆ ਹੈ
ਪਿਰੁ *(ਪਿਰ)*	ਰਾਵੇ	ਸਦਾ	ਹਦੂਰਿ *(ਹਦੂਰ)* ॥੧॥
(ਪ੍ਰਭੂ) ਕੰਤ	ਭੋਗਦਾ, ਮਾਣਦਾ	ਹਮੇਸ਼ਾਂ	ਹਾਜ਼ਰ ਨਾਜ਼ਰ ਹੋਕੇ

...ਜਿਨ੍ਹਾਂ (ਸੋਹਾਗਣਾਂ ਨੇ ਪ੍ਰਭੂ) ਕੰਤ ਨੂੰ ਅੰਗ ਸੰਗ ਜਾਣਿਆਂ ਹੈ, (ਭਾਵ ਉਸ ਤੇ ਭਰੋਸਾ ਕੀਤਾ ਹੈ, ਪ੍ਰਭੂ) ਕੰਤ ਸਦਾ ਹਾਜ਼ਰ ਨਾਜ਼ਰ ਹੋਕੇ (ਉਨ੍ਹਾਂ ਸੋਹਾਗਣਾਂ ਨੂੰ) ਮਾਣਦਾ ਹੈ, ਭਾਵ ਸਦਾ ਉਨ੍ਹਾਂ ਦੇ ਹਿਰਦੇ ਰੂਪੀ ਸੇਜਾ ਵਿਚ ਵਸਿਆ ਰਹਿੰਦਾ ਹੈ।...

ਮੁੰਧੇ,	ਤੂ *(ਤੂੰ)*	ਚਲੁ *(ਚਲ)*	ਗੁਰ	ਕੈ	ਭਾਇ॥
ਜੀਵ ਇਸਤ੍ਰੀਏ	ਤੂੰ	ਤੁਰ	ਸਤਿਗੁਰੂ	ਦੇ	ਪਿਆਰ ਵਿਚ

...ਹੇ! ਜੀਵ ਇਸਤ੍ਰੀਏ! ਤੂੰ ਸਤਿਗੁਰੂ ਦੀ ਪ੍ਰੀਤ ਵਿਚ ਤੁਰ, (ਭਾਵ ਆਪਣਾ ਜੀਵਨ, ਗੁਰੂ ਪਿਆਰ ਵਿਚ ਬਤੀਤ ਕਰ।)...

ਅਨਦਿਨੁ *(ਅਨਦਿਨ)*	ਰਾਵਹਿ *(ਰਾਵਹਿਂ)*	ਪਿਰੁ *(ਪਿਰ)*	ਆਪਣਾ,
ਦਿਨ ਰਾਤ	ਭੋਗਦੀਆਂ, ਮਾਣਦੀਆਂ	(ਪ੍ਰਭੂ) ਕੰਤ	ਆਪਣੇ
ਸਹਜੇ	ਸਚਿ *(ਸੱਚ)*	ਸਮਾਇ॥੧॥	ਰਹਾਉ॥
ਆਤਮਿਕ ਟਿਕਾਉ ਰਾਹੀਂ	ਸਦਾ ਸਥਿਰ (ਪ੍ਰਭੂ) ਵਿਚ	ਲਿਵਲੀਨ ਹੋ ਜਾਂਦੀਆਂ ਹਨ	ਠਹਿਰਾਉ

...(ਜਿਹੜੀਆਂ ਸੋਹਾਗਣਾਂ) ਦਿਨ ਰਾਤ, ਭਾਵ ਅੱਠੇ ਪਹਿਰ, ਆਪਣੇ (ਪ੍ਰਭੂ ਪ੍ਰੀਤਮ ਨੂੰ) ਮਾਣਦੀਆਂ ਹਨ, (ਭਾਵ ਪ੍ਰਭੂ ਸਿਮਰਨ ਵਿਚ ਜੁੱਟੀਆਂ ਰਹਿੰਦੀਆਂ ਹਨ, ਉਹ) ਆਤਮਿਕ ਟਿਕਾਉ ਰਾਹੀਂ ਸਦਾ-ਸਥਿਰ (ਪ੍ਰਭੂ) ਨਾਲ ਇੱਕ ਮਿੱਕ ਹੋ ਜਾਂਦੀਆਂ ਹਨ।...

ਅੰਕ ੩੮

ਸਬਦਿ *(ਸ਼ਬਦ)*	ਰਤੀਆ *(ਰੱਤੀਆਂ)*	ਸੋਹਾਗਣੀ, *(ਸੋਹਾਗਣੀਂ)*
(ਗੁਰ) ਸ਼ਬਦ ਵਿਚ	ਰੰਗੀਆਂ ਹੋਈਆਂ	ਸੋਹਾਗਣਾਂ (ਸਤਸੰਗਣਾਂ)

ਸਚੈ *(ਸੱਚੈ)*	ਸਬਦਿ *(ਸ਼ਬਦ)*	ਸੀਗਾਰਿ *(ਸ਼ੀਂਗਾਰ)* ॥
ਸਦਾ ਸਥਿਰ	ਸ਼ਬਦ ਦੇ	ਸ਼ਿੰਗਾਰ

...(ਜੋ ਸਤਿਗੁਰੂ ਦੇ) ਸ਼ਬਦ ਵਿਚ ਰੰਗੀਆਂ ਹੋਈਆਂ ਹਨ,(ਭਾਵ ਗੁਰ ਉਪਦੇਸ਼ ਅਨੁਸਾਰ ਆਪਣਾ ਜੀਵਨ ਬਤੀਤ ਕਰਦੀਆਂ ਹਨ, ਉਹ) ਸੋਹਾਗਵੰਤੀਆਂ ਹਨ, (ਉਨ੍ਹਾਂ ਨੇ) ਸਦਾ-ਸਥਿਰ ਗੁਰਸ਼ਬਦ ਦੇ ਸ਼ਿੰਗਾਰ ਨਾਲ ਹੀ (ਆਪਣੇ ਤਨ ਨੂੰ ਸ਼ਿੰਗਾਰਿਆ ਹੋਇਆ ਹੈ।)...

ਹਰਿ *(ਹਰ)*	ਵਰੁ *(ਵਰ)*	ਪਾਇਨਿ *(ਪਾਇਨ)*	ਘਰਿ *(ਘਰ)*	ਆਪਣੈ,
ਹਰੀ ਪ੍ਰਭੂ	ਪਤੀ	ਪਾ ਲੈਂਦੀਆਂ ਹਨ	ਘਰ ਵਿਚ	ਆਪਦੇ

ਗੁਰ	ਕੈ	ਹੇਤਿ *(ਹੇਤ)*	ਪਿਆਰਿ *(ਪਿਆਰ)* ॥
ਸਤਿਗੁਰੂ	ਦੇ	ਪ੍ਰੀਤ ਰਾਹੀਂ	ਪਿਆਰ ਦੁਆਰਾ

...(ਉਹ ਸ਼ਿੰਗਾਰੀਆਂ ਹੋਈਆਂ ਸੋਹਾਗਵੰਤੀਆਂ), ਸਤਿਗਰੂ ਦੀ ਪ੍ਰੀਤ ਪਿਆਰ ਰਾਹੀਂ, ਆਪਣੇ (ਪ੍ਰਭੂ) ਕੰਤ ਨੂੰ ਹਿਰਦੇ ਰੂਪੀ ਘਰ ਵਿਚ ਪਾ ਲੈਂਦੀਆਂ ਹਨ।...

ਸੇਜ	ਸੁਹਾਵੀ	ਹਰਿ *(ਹਰ)*	ਰੰਗਿ *(ਰੰਗ)*	ਰਵੈ,
(ਹਿਰਦੇ ਰੂਪੀ) ਬਿਸਤਰਾ	ਸੁੰਦਰ	ਹਰੀ ਪ੍ਰਭੂ	ਰੰਗ ਵਿਚ, ਮੌਜ ਵਿਚ	ਭੋਗਦਾ ਹੈ, ਮਾਣਦਾ ਹੈ

ਭਗਤਿ *(ਭਗਤ)*	ਭਰੇ	ਭੰਡਾਰ ॥
ਸਿਮਰਨ ਨਾਲ	ਭਰਪੂਰ	ਖਜ਼ਾਨੇ

...(ਉਨ੍ਹਾਂ ਸੋਹਾਗਣਾਂ ਦੀ ਪ੍ਰਭੂ ਬੰਦਗੀ ਨਾਲ ਸਜਾਈ) ਸੁੰਦਰ ਸੇਜਾ ਉਤੇ, ਹਰੀ ਪ੍ਰਭੂ ਆਪਣੀ ਮੌਜ ਵਿਚ ਉਨ੍ਹਾਂ ਨੂੰ ਮਾਣਦਾ ਹੈ।(ਅਜਿਹੀਆਂ ਪ੍ਰਭੂ ਰੰਗ-ਰਤੀਆਂ ਸੋਹਾਗਣਾਂ ਦੇ) ਖਜ਼ਾਨੇ (ਸਦਾ ਸਦਾ) ਸਿਮਰਨ ਦੀਆਂ ਬਰਕਤਾਂ ਨਾਲ ਭਰਪੂਰ ਰਹਿੰਦੇ ਹਨ।...

ਸੋ	ਪ੍ਰਭੁ *(ਪ੍ਰਭ)*	ਪ੍ਰੀਤਮੁ *(ਪ੍ਰੀਤਮ)*	ਮਨਿ *(ਮਨ)*	ਵਸੈ,
ਉਹ	ਪਰਮਾਤਮਾ	ਪਿਆਰਾ	ਚਿੱਤ ਵਿਚ	ਵਸ ਜਾਂਦਾ ਹੈ

ਜਿ	ਸਭਸੈ *(ਸਭਸੈਂ)*	ਦੇਇ *(ਦੇ)*	ਅਧਾਰੁ *(ਅਧਾਰ)* ॥੨॥
ਜਿਹੜਾ	ਸਭਨਾਂ ਨੂੰ	ਦਿੰਦਾ ਹੈ	ਆਸਰਾ, ਓਟ

...(ਅਜਿਹੀਆਂ ਸੋਹਾਗਣਾਂ ਦੇ) ਹਿਰਦੇ ਵਿਚ ਪ੍ਰਭੂ ਪ੍ਰੀਤਮ ਵਸ ਜਾਂਦਾ ਹੈ, ਜਿਹੜਾ (ਸੰਸਾਰ ਦੇ) ਸਾਰਿਆਂ ਜੀਵਾਂ ਨੂੰ ਓਟ ਆਸਰਾ ਦਿੰਦਾ ਹੈ।...

ਪਿਰੁ *(ਪਿਰ)*	ਸਾਲਾਹਨਿ *(ਸਲਾਹਨ)*	ਆਪਣਾ,
ਕੰਤ	ਸਲਾਹੁੰਦੀਆਂ, ਸ਼ਲਾਘਾ ਕਰਦੀਆਂ	ਆਪਦਾ

ਤਿਨ	ਕੈ	ਹਉ *(ਹਉਂ)*	ਸਦ	ਬਲਿਹਾਰੈ	ਜਾਉ *(ਜਾਉਂ)* ॥
ਤਿਨ੍ਹਾਂ	ਦੇ	ਮੈਂ	ਸਦਾ	ਕੁਰਬਾਨ	ਜਾਂਦਾ ਹਾਂ

...(ਜਿਹੜੀਆਂ ਸੁਹਾਗਵੰਤੀਆਂ) ਆਪਣੇ (ਪ੍ਰਭੂ) ਕੰਤ ਨੂੰ ਸਲਾਹੁੰਦੀਆਂ ਹਨ, ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ।...

ਮਨੁ *(ਮਨ)*	ਤਨੁ *(ਤਨ)*	ਅਰਪੀ, *(ਅਰਪੀਂ)*	ਸਿਰੁ *(ਸਿਰ)*	ਦੇਈ, *(ਦੇਈਂ)*
ਚਿੱਤ	ਸਰੀਰ	ਅਰਪ ਦਿਆਂ, ਭੇਟ ਕਰ ਦਿਆਂ	ਸਿਰ	ਦੇ ਦੇਵਾਂ

ਤਿਨ	ਕੈ	ਲਾਗਾ *(ਲਾਗਾਂ)*	ਪਾਇ *(ਪਾਇੰ)* ॥
ਤਿਨ੍ਹਾਂ	ਦੇ	ਲਗਾਂ	ਪੈਰਾਂ ਨੂੰ, ਚਰਨਾਂ ਨੂੰ

...(ਮੈਂ ਉਨ੍ਹਾਂ ਨੂੰ ਆਪਣਾ) ਤਨ, ਮਨ ਅਤੇ ਸਿਰ ਵੀ ਭੇਟਾ ਕਰ ਦੇਵਾਂ, ਅਤੇ ਉਨ੍ਹਾਂ ਦੇ ਚਰਨੀਂ ਲਗ ਜਾਵਾਂ।...

ਜਿਨੀ *(ਜਿਨ੍ਹੀਂ)*	ਇਕੁ *(ਇੱਕ)*	ਪਛਾਣਿਆ, *(ਪਛਾਣਿਆਂ)*
ਜਿਨ੍ਹਾਂ ਨੇ	ਇੱਕ (ਪ੍ਰਭੂ)	ਪਹਿਚਾਣ ਲਿਆ, ਸਮਝ ਲਿਆ

ਦੂਜਾ	ਭਾਉ	ਚੁਕਾਇ॥
ਦੂਸਰਾ	ਲਗਾਓ,ਸਨੇਹ	ਚੁਕਾ ਕੇ, ਦੂਰ ਕਰਕੇ

...ਜਿਨ੍ਹਾਂ ਨੇ ਦ੍ਵੈਤ-ਭਾਵ ਅਥਵਾ ਮਾਇਆ ਦਾ ਮੋਹ ਤਿਆਗ ਕੇ, ਇਕ ਪਰਮਾਤਮਾ ਨੂੰ ਪਹਿਚਾਣ ਲਿਆ ਹੈ।...

ਗੁਰਮੁਖਿ *(ਗੁਰਮੁਖ)*	ਨਾਮੁ *(ਨਾਮ)*	ਪਛਾਣੀਐ, *(ਪਛਾਣੀਐਂ)*
ਸਤਿਗੁਰੂ ਦੀ ਸਨਮੁਖਤਾ ਰਾਹੀਂ	(ਪ੍ਰਭੂ) ਨਾਮ	ਪਛਾਣੀਦਾ ਹੈ, ਪਹਿਚਾਨ ਕਰੀਦੀ ਹੈ

ਨਾਨਕ,	ਸਚਿ *(ਸੱਚ)*	ਸਮਾਇ॥੩॥੨੯॥੬੨॥
ਹੇ! ਨਾਨਕ!	ਸਦਾ ਸਥਿਰ (ਪ੍ਰਭੂ) ਵਿਚ	ਲਿਵਲੀਨ ਹੋ ਜਾਈਦਾ ਹੈ

...ਹੇ! ਨਾਨਕ! ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪ੍ਰਭੂ) ਨਾਮ ਨੂੰ ਪਛਾਣੀਦਾ ਹੈ, (ਭਾਵ ਪ੍ਰਭੂ ਦੀ ਅਰਾਧਨਾ ਕਰੀਦੀ ਹੈ), ਅਤੇ ਇਸ ਨਾਲ਼ ਸਦਾ-ਸਥਿਰ ਪਰਮਾਤਮਾ ਵਿਚ ਲਿਵਲੀਨ ਹੋ ਜਾਈਦਾ ਹੈ।

ਅੰਕ ੩੮

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਹਰਿ *(ਹਰ)*	ਜੀ	ਸਚਾ *(ਸੱਚਾ)*	ਸਚੁ *(ਸੱਚ)*	ਤੂ, *(ਤੂੰ)*
ਹਰੀ	ਜੀਓ	ਸਦੀਵ ਕਾਲ	ਸਦਾ-ਸਥਿਰ (ਪ੍ਰਭੂ)	ਤੂੰ

ਸਭੁ *(ਸਭ)*	ਕਿਛੁ *(ਕਿਛ)*	ਤੇਰੈ	ਚੀਰੈ ॥
ਸਾਰਾ	ਕੁਝ	ਤੁਹਾਡੇ	ਪੱਲੇ ਵਿਚ, ਲੇਖੇ ਵਿਚ, ਹੁਕਮ ਵਿਚ

ਹਰੀ ਜੀਓ! ਤੁਸੀਂ ਸਦੀਵ ਕਾਲ, ਸੱਚ ਸਰੂਪ ਪਰਮਾਤਮਾ ਹੋ, (ਸ੍ਰਿਸ਼ਟੀ ਦਾ) ਸਾਰਾ ਕੁਝ ਤੁਹਾਡੇ ਲੇਖੇ, ਭਾਵ ਹੁਕਮ ਵਿਚ ਹੈ।...

ਲਖ	ਚਉਰਾਸੀਹ	ਤਰਸਦੇ	ਫਿਰੇ,
ਲੱਖਾਂ (ਗਿਣਤੀ ਦੀ ਇਕ ਇਕਾਈ)	ਚੁਰਾਸੀ (੮੪)	ਲੋਚਦੇ, ਤਾਂਘਦੇ, ਇੱਛਾਵਾਨ	ਫਿਰਦੇ

ਬਿਨੁ *(ਬਿਨ)*	ਗੁਰ	ਭੇਟੇ	ਪੀਰੈ ॥
ਬਿਨਾਂ	ਸਤਿਗੁਰੂ	ਮਿਲਣ ਤੋਂ	ਪੀਰ ਨੂੰ, (ਭਾਵ ਧਰਮ ਦੇ ਮਾਰਗ ਦਰਸ਼ਕ)

...ਚੁਰਾਸੀ ਲੱਖ ਜੂਨਾਂ ਦੇ ਜੀਵ, ਭਾਵ ਸਭ ਸ੍ਰਿਸ਼ਟੀ ਦੇ ਜੀਅ-ਜੰਤ ਤੈਨੂੰ ਮਿਲਣ ਲਈ ਤਾਂਘਦੇ ਫਿਰਦੇ ਹਨ, ਪਰ ਗੁਰੂ-ਪੀਰ ਦੇ ਮਿਲਾਪ ਤੋਂ ਬਿਨਾਂ (ਉਨ੍ਹਾਂ ਦੀ ਇਹ ਲਾਲਸਾ ਪੂਰੀ ਨਹੀਂ ਹੋ ਸਕਦੀ)...

ਹਰਿ *(ਹਰ)*	ਜੀਉ	ਬਖਸੇ *(ਬਖਸ਼ੇ)*	ਬਖਸਿ *(ਬਖਸ਼)*	ਲਏ,
ਹਰੀ	ਜੀਓ	ਬਖਸ਼ ਲਿਆ	ਬਖਸ਼ਿਸ਼ ਰਾਹੀਂ	ਲਿਆ

ਸੁਖ	ਸਦਾ	ਸਰੀਰੈ ॥
ਸੁੱਖ, (ਆਤਮਿਕ ਅਨੰਦ)	ਹਮੇਸ਼ਾਂ	ਸਰੀਰ ਵਿਚ

...(ਜਿਨ੍ਹਾ ਨੂੰ) ਹਰ ਜੀਓ ਨੇ (ਆਪਣੀ) ਬਖਸ਼ਿਸ਼ ਰਾਹੀਂ ਬਖਸ਼ ਲਿਆ ਹੈ, ਉਨ੍ਹਾਂ ਦੇ ਸਰੀਰ ਵਿਚ ਹਮੇਸ਼ਾਂ ਆਤਮਿਕ-ਅਨੰਦ (ਬਣਿਆਂ ਰਹਿੰਦਾ ਹੈ)...

ਗੁਰ	ਪਰਸਾਦੀ	ਸੇਵ	ਕਰੀ,
ਸਤਿਗੁਰ	ਕਿਰਪਾ ਰਾਹੀਂ	ਸੇਵਾ, ਸਿਮਰਨ	ਕੀਤੀ ਹੈ

ਸਚੁ *(ਸੱਚ)*	ਗਹਿਰ	ਗੰਭੀਰੈ ॥੧॥
ਸਦਾ ਸਥਿਰ(ਪ੍ਰਭੂ)	ਡੂੰਘੇ	ਅਡੋਲ, ਸ਼ਾਂਤ

ਅੰਕ ੩੮-੩੯

...ਸਤਿਗੁਰੂ ਦੀ ਕਿਰਪਾ ਰਾਹੀਂ, ਮੈਂ ਸਦਾ-ਸਥਿਰ ਤੇ ਗਹਿਰ ਗੰਭੀਰ (ਪ੍ਰਭੂ ਦੀ) ਸੇਵਾ, ਭਾਵ ਅਰਾਧਨਾ ਕੀਤੀ ਹੈ।...

ਮਨ	ਮੇਰੇ,	ਨਾਮਿ*(ਨਾਮ)*	ਰਤੇ	ਸੁਖੁ*(ਸੁੱਖ)*	ਹੋਇ॥
ਚਿੱਤ	ਆਪਣੇ	(ਪ੍ਰਭੂ) ਸਿਮਰਨ ਵਿਚ	ਰੰਗਿਆਂ	(ਆਤਮਿਕ) ਅਨੰਦ	ਹੁੰਦਾ ਹੈ

ਹੇ! ਮੇਰੇ ਮਨਾਂ! (ਪ੍ਰਭੂ) ਸਿਮਰਨ ਵਿਚ ਰੰਗਿਆਂ ਹੀ (ਆਤਮਿਕ) ਅਨੰਦ ਪ੍ਰਾਪਤ ਹੁੰਦਾ ਹੈ।...

ਗੁਰਮਤੀ*(ਗੁਰਮੱਤੀਂ)*	ਨਾਮੁ*(ਨਾਮ)*	ਸਲਾਹੀਐ,
ਸਤਿਗੁਰੂ ਦੀ ਮੱਤ ਦੁਆਰਾ	(ਪ੍ਰਭੂ) ਨਾਮ	ਸਲਾਹੀਦਾ ਹੈ,

ਦੂਜਾ	ਅਵਰੁ*(ਅਵਰ)*	ਨ*(ਨਾਂ)*	ਕੋਇ ॥੧॥	ਰਹਾਉ॥
ਦੂਸਰਾ	ਹੋਰ ਕੋਈ	ਨਹੀਂ	ਕੋਈ	ਠਹਿਰਾਉ

...ਗੁਰਮੱਤ ਦੁਆਰਾ (ਪ੍ਰਭੂ) ਨਾਮ ਦੀ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ, (ਕਿਉਂਕਿ) ਉਸ ਤੋਂ ਬਿਨਾਂ ਹੋਰ ਕੋਈ ਵੀ (ਸਲਾਹੁਣ ਯੋਗ) ਨਹੀਂ ਹੈ।...

ਧਰਮ	ਰਾਇ*(ਰਾਏ)*	ਨੋ	ਹੁਕਮੁ*(ਹੁਕਮ)*	ਹੈ,
ਧਰਮ	ਰਾਜ (ਨਿਆਂਕਾਰੀ ਰਾਜਾ)	ਨੂੰ	ਆਦੇਸ਼	ਹੋਣ ਦੀ ਕ੍ਰਿਆ

ਬਹਿ	ਸਚਾ*(ਸੱਚਾ)*	ਧਰਮੁ*(ਧਰਮ)*	ਬੀਚਾਰਿ*(ਬੀਚਾਰ)* ॥
ਬੈਠਕੇ	ਸੱਚ ਵਾਲਾ(ਅਟੱਲ)	ਨਿਆਂ, ਇਨਸਾਫ਼	ਵਿਚਾਰ ਰਾਹੀਂ, ਸੋਚ ਕੇ

...ਧਰਮ-ਰਾਜ ਨੂੰ (ਵਾਹਿਗੁਰੂ ਜੀ ਦਾ) ਆਦੇਸ਼ ਹੈ, ਕਿ (ਆਪਣੇ ਆਸਣ ਤੇ) ਬੈਠਕੇ, ਸੋਚ ਵਿਚਾਰ ਰਾਹੀਂ ਸੱਚਾ ਨਿਆਂ ਕਰ।...

ਦੂਜੈ	ਭਾਇ	ਦੁਸਟੁ*(ਦੁਸ਼ਟ)*	ਆਤਮਾ,
ਦੂਸਰੇ	ਲਗਾਓ/ਸਨੇਹ ਵਿਚ	ਦੁਸ਼ਟ, ਮਲੀਨ	ਰੂਹ

ਓਹੁ*(ਓਹ)*	ਤੇਰੀ	ਸਰਕਾਰ ॥
ਉਹ	ਤੁਹਾਡੀ	ਰਈਅਤ, ਹਕੂਮਤ

...ਦ੍ਵੈਤ-ਭਾਵ ਅਥਵਾ ਮਾਇਆਵੀ ਵਿਕਾਰਾਂ ਦੇ ਸਨੇਹ ਵਿਚ ਲਗੀਆਂ ਦੁਸ਼ਟ ਆਤਮਾਵਾਂ, ਤੇਰੀ (ਧਰਮ ਰਾਜ ਦੀ) ਸਰਕਾਰ ਦੇ ਦਾਇਰੇ ਵਿਚ ਹਨ।...

ਅੰਕ ੩੯

ਅਧਿਆਤਮੀ,	ਹਰਿ *(ਹਰ)*	ਗੁਣ	ਤਾਸੁ *(ਤਾਸ)*
ਅਧਿਆਤਮਕ ਜੀਵਨ ਵਾਲੇ	ਹਰੀ ਪ੍ਰਭੂ	ਚੰਗਿਆਈਆਂ	ਖਜ਼ਾਨੇ

ਮਨਿ *(ਮਨ)*	ਜਪਹਿ *(ਜਪਹਿਂ)*	ਏਕੁ *(ਏਕ)*	ਮੁਰਾਰਿ *(ਮੁਰਾਰ)* ॥
ਚਿੱਤ ਵਿਚ ਜਪਦੇ, ਅਰਾਧਦੇ	ਇੱਕ	ਮੁਰ ਰਾਕਸ਼ ਨੂੰ	ਮਾਰਨ ਵਾਲਾ, ਪਰਮਾਤਮਾ

...(ਪਰ ਜਿਹੜੇ) ਧਰਮੀ ਜੀਵਨ ਵਾਲੇ ਧਰਮ-ਸਾਧਕ ਹਨ, ਗੁਣਾਂ ਦਾ ਖਜ਼ਾਨਾ ਪ੍ਰਭੂ, (ਉਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ, ਅਤੇ ਉਹ) ਚਿੱਤ ਵਿਚ ਇਕ ਪਰਮਾਤਮਾ ਨੂੰ ਅਰਾਧਦੇ ਰਹਿੰਦੇ ਹਨ।...

ਤਿਨ *(ਤਿਨ੍ਹ)*	ਕੀ	ਸੇਵਾ	ਧਰਮ ਰਾਇ	ਕਰੈ,
ਉਨ੍ਹਾਂ	ਦੀ	ਖ਼ਿਦਮਤ, ਟਹਿਲ	ਨਿਆਂ ਦਾ ਰਾਜਾ	ਕਰਦਾ ਹੈ

ਧੰਨੁ *(ਧੰਨ)*	ਸਵਾਰਣਹਾਰੁ *(ਸਵਾਰਣਹਾਰ)* ॥੨॥
ਸਲਾਹੁਣਯੋਗ	ਸੰਵਾਰਣ ਵਾਲਾ

...(ਅਜਿਹੇ ਧਰਮੀ ਜਿਊੜਿਆਂ ਦੀ) ਸੇਵਾ ਧਰਮ ਰਾਜ ਵੀ ਕਰਦਾ ਹੈ, ਅਤੇ (ਅਜਿਹੇ ਧਰਮੀ ਜਿਊੜਿਆਂ ਨੂੰ) ਸਵਾਰਣਹਾਰ (ਪਰਮਾਤਮਾ ਵੀ) ਧੰਨ ਹੈ।

ਮਨ	ਕੇ	ਬਿਕਾਰ	ਮਨਹਿ *(ਮਨਹਿਂ)*	ਤਜੈ,
ਚਿੱਤ	ਦੇ	ਵਿਕਾਰ, ਬੁਰਿਆਈਆਂ	ਮਨ ਵਿਚੋਂ	ਤਿਆਗ ਦਿੰਦਾ ਹੈ

ਮਨਿ *(ਮਨ)*	ਚੂਕੈ	ਮੋਹੁ *(ਮੋਹ)*	ਅਭਿਮਾਨੁ *(ਅਭਿਮਾਨ)* ॥
ਮਨ ਵਿਚੋਂ	ਮਿਟ/ਦੂਰ ਹੋ ਜਾਂਦਾ ਹੈ	ਸਨੇਹ, ਲਗਾਓ	ਹਉਮੈ, ਹੰਕਾਰ

...(ਜੋ ਧਰਮ-ਸਾਧਕ) ਹਿਰਦੇ ਵਿਚੋਂ ਮਨ ਦੇ ਵਿਕਾਰਾਂ ਨੂੰ ਤਿਆਗ ਦਿੰਦਾ ਹੈ, (ਬੰਦਗੀ ਰਾਹੀਂ ਉਸਦੇ) ਮਨ ਵਿਚੋਂ ਮੋਹ ਅਤੇ ਹੰਕਾਰ ਵੀ ਦੂਰ ਹੋ ਜਾਂਦੇ ਹਨ...

ਆਤਮ	ਰਾਮੁ *(ਰਾਮ)*	ਪਛਾਣਿਆ *(ਪਛਾਣਿਆਂ)*,
ਸਰਬੱਤ ਆਤਮਾਵਾਂ ਵਿਚ	ਰਮੇ ਹੋਏ (ਪ੍ਰਭੂ)	ਜਾਣਿਆ, ਸਮਝਿਆ

ਸਹਜੇ *(ਸਹਿਜੇ)*	ਨਾਮਿ *(ਨਾਮ)*	ਸਮਾਨੁ *(ਸਮਾਨ)* ॥
ਆਤਮਿਕ ਟਿਕਾਉ ਰਾਹੀਂ	(ਪ੍ਰਭੂ) ਨਾਮ ਵਿਚ	ਇੱਕਮਿੱਕਤਾ, ਲਿਵਲੀਨਤਾ

...(ਉਹ) ਸਰਬੱਤ ਆਤਮਾਵਾਂ ਵਿਚ ਰਮੇ ਹੋਏ (ਪਰਮਾਤਮਾ) ਨੂੰ ਸਮਝਕੇ, ਆਤਮਿਕ ਇਕਾਗਰਤਾ ਰਾਹੀਂ, (ਪ੍ਰਭੂ) ਨਾਮ ਵਿਚ ਲਿਵਲੀਨ ਹੋ ਜਾਂਦੇ ਹਨ।...

ਅੰਕ ੩੯

ਬਿਨੁ *(ਬਿਨ)*	ਸਤਿਗੁਰ,	ਮੁਕਤਿ *(ਮੁਕਤ)*	ਨ *(ਨਾਂ)*	ਪਾਈਐ,
ਬਿਨਾਂ	ਸਤਿਗੁਰੂ ਤੋਂ	ਛੁੱਟਕਾਰਾ	ਨਹੀਂ	ਪਾਈਦੀ

ਮਨਮੁਖਿ *(ਮਨਮੁੱਖ)*	ਫਿਰੈ	ਦਿਵਾਨੁ *(ਦਿਵਾਨ)* ॥
ਮਨ ਦੇ ਮਗਰ ਲਗਣ ਕਰਕੇ	ਫਿਰਦੇ ਹਨ	ਸ਼ੁਦਾਈ, ਕਮਲਾ

...ਮਨ ਦੇ ਮਗਰ ਲਗਣ ਵਾਲਾ, (ਮਾਇਆ ਪਿਛੇ) ਸ਼ੁਦਾਈ ਹੋਇਆ ਫਿਰਦਾ ਹੈ, (ਪਰ) ਸਤਿਗੁਰੂ (ਦੀ ਕ੍ਰਿਪਾ ਤੋਂ) ਬਿਨਾਂ (ਮਾਇਆਵੀ ਵਿਕਾਰਾਂ ਤੋਂ) ਛੁਟਕਾਰਾ ਨਹੀਂ ਪਾ ਸਕੀਦਾ।...

ਸਬਦੁ *(ਸ਼ਬਦ)*	ਨ *(ਨਾਂ)*	ਚੀਨੈ,	ਕਥਨੀ	ਬਦਨੀ	ਕਰੇ,
ਗੁਰਸ਼ਬਦ,ਗੁਰਸਿੱਖਿਆ	ਨਹੀਂ	ਚੀਨਦਾ, ਸਮਝਦਾ	ਕਥਾ	ਗਲਾਂਬਾਤਾਂ	ਕਰਦਾ ਹੈ

ਬਿਖਿਆ	ਮਾਹਿ *(ਮਾਹਿਂ)*	ਸਮਾਨੁ *(ਸਮਾਨ)* ॥੩॥
ਜ਼ਹਿਰ	ਵਿਚ	ਲੀਨ, ਖੁੱਭਿਆ

...(ਮਨਮੁੱਖ) ਗੁਰੂ ਦੇ ਸ਼ਬਦ, ਭਾਵ ਗੁਰਸਿੱਖਿਆ ਨੂੰ ਨਹੀਂ ਸਮਝਦਾ, ਅਤੇ ਐਵੇਂ ਕਥਨੀ-ਬਦਨੀ, ਭਾਵ ਜ਼ਬਾਨੀ ਗੱਪਾਂ-ਸ਼ੱਪਾਂ ਮਾਰਦਾ ਰਹਿੰਦਾ ਹੈ, ਤੇ (ਮਾਇਆਵੀ ਵਿਕਾਰਾਂ ਦੀ) ਜ਼ਹਿਰ ਵਿਚ ਖੁੱਭਿਆ ਰਹਿੰਦਾ ਹੈ।...

ਸਭੁ *(ਸਭ)*	ਕਿਛੁ *(ਕਿਛ)*	ਆਪੇ	ਆਪਿ *(ਆਪ)*	ਹੈ,
ਸਾਰਾ	ਕੁਝ	ਆਪ ਹੀ	ਆਪ	ਹੋਣ ਦੀ ਕ੍ਰਿਆ

ਦੂਜਾ	ਅਵਰੁ *(ਅਵਰ)*	ਨ *(ਨਾਂ)*	ਕੋਇ ॥
ਦੂਸਰਾ	ਹੋਰ	ਨਹੀਂ	ਕੋਈ

...ਸਭ ਕੁਝ (ਕਰਨ ਕਰਾਉਣ ਵਾਲਾ ਪਰਮਾਤਮਾ) ਆਪ ਹੀ ਆਪ ਹੈ, (ਉਸ ਵਰਗਾ ਸਰਬ ਸ਼ਕਤੀਵਾਨ) ਹੋਰ ਕੋਈ ਨਹੀਂ ਹੈ।...

ਜਿਉ *(ਜਿਉਂ)*	ਬੋਲਾਏ,	ਤਿਉ *(ਤਿਉਂ)*	ਬੋਲੀਐ,
ਜਿਵੇਂ	ਬੁਲਵਾਏ	ਤਿਵੇਂ	ਬੋਲੀਦਾ ਹੈ

ਜਾ *(ਜਾਂ)*	ਆਪਿ *(ਆਪ)*	ਬੁਲਾਏ	ਸੋਇ ॥
ਜਦੋਂ	ਆਪ	ਬੁਲਵਾਏ	ਉਹ

...ਜਿਵੇਂ (ਉਹ ਕਰਤਾ ਪੁਰਖ) ਬੁਲਵਾਏ, ਤਿਵੇਂ ਬੋਲੀਦਾ ਹੈ, (ਅਤੇ ਉਹ ਵੀ ਉਦੋਂ ਹੀ ਬੋਲੀਦਾ ਹੈ) ਜਦੋਂ ਉਹ ਆਪ (ਆਪਣੀ ਰਜ਼ਾ ਵਿਚ) ਬੁਲਵਾਏ।...

ਅੰਕ ੩੯

ਗੁਰਮੁਖਿ *(ਗੁਰਮੁੱਖ)*	ਬਾਣੀ	ਬ੍ਰਹਮੁ *(ਬ੍ਰਹਮ)*	ਹੈ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਬੋਲ	ਪਰਮਾਤਮਾ	ਹੋਣ ਦੀ ਕ੍ਰਿਆ
ਸਬਦਿ *(ਸ਼ਬਦ)*	ਮਿਲਾਵਾ	ਹੋਇ॥	
(ਗੁਰ) ਸ਼ਬਦ ਰਾਹੀਂ	ਮਿਲਾਪ	ਹੋ ਜਾਂਦਾ ਹੈ	

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਰਮਾਤਮ ਰਜ਼ਾ ਵਿਚ ਬੋਲੇ ਹੋਏ) ਬੋਲ, ਬ੍ਰਹਮ-ਸਰੂਪ ਹਨ। ਸਤਿਗੁਰੂ ਦੇ ਸ਼ਬਦ-ਉਪਦੇਸ਼ ਰਾਹੀਂ (ਪ੍ਰਭੂ) ਮਿਲਾਪ ਹੋ ਜਾਂਦਾ ਹੈ।...

ਨਾਨਕ,	ਨਾਮੁ *(ਨਾਮ)*	ਸਮਾਲਿ *(ਸੰਮ੍ਹਾਲ)*	ਤੂ, *(ਤੂੰ)*
ਹੇ! ਨਾਨਕ!	(ਪ੍ਰਭੂ) ਨਾਮ	ਸੰਭਾਲਣਾ ਕਰ	ਤੂੰ
ਜਿਤੁ *(ਜਿਤ)*	ਸੇਵਿਐ	ਸੁਖੁ *(ਸੁੱਖ)*	ਹੋਇ॥੪॥੩੦॥੬੩॥
ਜਿਸ ਨੂੰ	ਸੇਵਨ ਨਾਲ, ਅਰਾਧਨ ਰਾਹੀਂ	(ਆਤਮਿਕ) ਅਨੰਦ	ਹੁੰਦਾ ਹੈ

...ਹੇ! ਨਾਨਕ! ਤੂੰ (ਪ੍ਰਭੂ) ਨਾਮ ਦੀ ਸੰਭਾਲ ਕਰ, ਜਿਸ ਦੀ ਅਰਾਧਨਾ ਰਾਹੀਂ (ਆਤਮਿਕ) ਅਨੰਦ ਪ੍ਰਾਪਤ ਹੁੰਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਜਗਿ *(ਜਗ)*	ਹਉਮੈ	ਮੈਲੁ *(ਮੈਲ)*	ਦੁਖੁ *(ਦੁੱਖ)*	ਪਾਇਆ,
ਸੰਸਾਰ ਨੇ	ਹੰਕਾਰ	ਮਲ	ਤਕਲੀਫ਼, ਕਸ਼ਟ	ਪਾ ਲਿਆ
ਮਲੁ *(ਮਲ)*	ਲਾਗੀ	ਦੂਜੈ	ਭਾਇ॥	
ਮੈਲ	ਲੱਗੀ	ਦੂਸਰੇ	ਸਨੇਹ, ਲਗਾਓ	

ਸੰਸਾਰ ਨੇ ਹੰਕਾਰ ਦੀ ਮੈਲ ਕਾਰਨ ਦੁੱਖ ਹੀ ਦੁੱਖ ਪਾਇਆ ਹੈ, ਅਤੇ ਇਹ ਮੈਲ ਦ੍ਵੈਤ-ਭਾਵ, ਅਥਵਾ (ਮਾਇਆਵੀ ਵਿਕਾਰਾਂ ਦੇ) ਲਗਾਓ ਕਰਕੇ ਲਗੀ ਹੈ।...

ਮਲੁ *(ਮਲ)*	ਹਉਮੈ,	ਧੋਤੀ	ਕਿਵੈ *(ਕਿਵੈਂ)*	ਨ *(ਨਾਂ)*	ਉਤਰੈ,
ਮੈਲ	ਹੰਕਾਰ	ਧੋਤਿਆਂ	ਕਿਵੇਂ ਵੀ	ਨਹੀਂ	ਉੱਤਰਦੀ, ਸਾਫ਼ ਹੁੰਦੀ
ਜੇ	ਸਉ		ਤੀਰਥ	ਨਾਇ *(ਨ੍ਹਾਇ)* ॥	
ਜੇਕਰ	ਸੈਂਕੜੇ		ਤੀਰਥਾਂ	ਇਸ਼ਨਾਨ ਕਰੇ	

ਅੰਕ ੩੯

...ਜੇਕਰ ਸੈਂਕੜੇ ਤੀਰਥਾਂ ਤੇ ਜਾਕੇ ਵੀ ਕੋਈ ਇਸ਼ਨਾਨ ਕਰੇ, ਤਾਂ ਵੀ ਹੰਕਾਰ ਦੀ ਮੈਲ (ਪਿੰਡਾ ਆਦਿ) ਧੋਣ ਨਾਲ ਕਿਸੇ ਤਰ੍ਹਾਂ ਵੀ ਨਹੀਂ ਉਤਰਦੀ।...

ਬਹੁ	**ਬਿਧਿ** *(ਬਿਧ)*	**ਕਰਮ**	**ਕਮਾਵਦੇ,** *(ਕਮਾਂਵਦੇ)*
ਅਨੇਕਾਂ	ਤਰੀਕਿਆਂ ਰਾਹੀਂ	ਕਰਮ-ਕਾਂਡ	ਕਰਦੇ ਹਨ

ਦੂਣੀ	**ਮਲੁ** *(ਮਲ)*	**ਲਾਗੀ**	**ਆਇ॥**
ਦੁਗਣੀ	ਮੈਲ, ਗੰਦਗੀ	ਲਗਦੀ	ਆਕੇ

...(ਲੋਕੀਂ) ਅਨੇਕਾਂ ਤਰੀਕਿਆਂ ਨਾਲ, (ਅਨੇਕ ਤਰ੍ਹਾਂ ਦੇ ਹੰਕਾਰ ਭਰੇ) ਕਰਮ-ਕਾਂਡ ਕਰਦੇ ਹਨ, ਪਰ ਇਸ ਨਾਲ ਤਾਂ (ਧਾਰਮਿਕ ਹਉਮੈ ਦੀ) ਹੋਰ ਦੁਗਣੀ ਮੈਲ ਆ ਲਗਦੀ ਹੈ।...

ਪੜਿਐ, *(ਪੜ੍ਹਿਐ)*	**ਮੈਲੁ** *(ਮੈਲ)*	**ਨ** *(ਨਾਂ)*	**ਉਤਰੈ,**
ਪੜ੍ਹਨ ਨਾਲ	ਮਲ, ਗੰਦਗੀ	ਨਹੀਂ	ਉਤਰਦੀ

ਪੂਛਹੁ	**ਗਿਆਨੀਆ** *(ਗਿਆਨੀਆਂ)*	**ਜਾਇ॥੧॥**
ਪੁੱਛ ਲਵੋ	ਗਿਆਨਕਾਰਾਂ, ਬੁੱਧੀਮਾਨਾਂ	ਜਾਕੇ

...(ਧਰਮ ਗ੍ਰੰਥਾਂ ਆਦਿ ਨੂੰ ਕੇਵਲ) ਪੜ੍ਹਨ ਨਾਲ (ਹਉਮੈ ਦੀ) ਮੈਲ ਨਹੀਂ ਉਤਰਦੀ, (ਬੇਸ਼ਕ ਇਸ ਬਾਰੇ) ਗਿਆਨਵਾਨਾਂ ਨੂੰ ਵੀ ਜਾਕੇ ਪੁੱਛ ਲਵੋ।...

ਮਨ	**ਮੇਰੇ,**	**ਗੁਰ**	**ਸਰਣਿ** *(ਸ਼ਰਣ)*	**ਆਵੈ,**
ਚਿੱਤ	ਆਪਣੇ	ਸਤਿਗੁਰੂ	ਸ਼ਰਣ ਵਿਚ	ਆ ਜਾਏ

ਤਾ *(ਤਾਂ)*	**ਨਿਰਮਲੁ** *(ਨਿਰਮਲ)*	**ਹੋਇ॥**
ਤਾਂ	ਪਵਿੱਤਰ	ਹੋਏਂਗਾ

...(ਪ੍ਰੰਤੂ) ਹੇ! ਮੇਰੇ ਮਨ! (ਜੇ ਮਨੁੱਖ) ਸਤਿਗੁਰੂ ਦੀ ਸ਼ਰਣ ਵਿਚ ਆ ਜਾਵੇ, ਤਾਂ (ਹਉਮੈ ਦੀ ਮੈਲ ਤੋਂ) ਪਵਿੱਤਰ ਹੋ ਜਾਏਗਾ।...

ਮਨਮੁਖ *(ਮਨਮੁੱਖ),*	**ਹਰਿ** *(ਹਰ)*	**ਹਰਿ** *(ਹਰ)*	**ਕਰਿ** *(ਕਰ)*	**ਥਕੇ,**
ਮਨ ਦੇ ਮਗਰ ਲਗੇ ਹੋਏ ਜੀਵ	ਪ੍ਰਭੂ	ਪ੍ਰਭੂ	ਕਰਕੇ	ਥੱਕ ਗਏ, ਹਾਰ ਗਏ

ਮੈਲੁ *(ਮੈਲ)*	**ਨ** *(ਨਾਂ)*	**ਸਕੀ**	**ਧੋਇ॥੧॥**	**ਰਹਾਉ॥**
ਮਲ	ਨਹੀਂ	ਜਾ ਸਕੀ	ਧੋਤੀ	ਠਹਿਰਾਉ

ਅੰਕ ੩੯

...ਮਨਮੁੱਖ (ਵਿਅਕਤੀ ਕਰਮ-ਕਾਂਡੀ ਤਰੀਕਿਆਂ ਨਾਲ ਲੋਕ ਦਿਖਾਵੇ ਲਈ) ਹਰਿ-ਹਰਿ ਕਰਕੇ ਵੀ ਥੱਕ ਗਏ, (ਪਰ ਹਉਮੈ ਦੀ) ਮੈਲ (ਫਿਰ ਵੀ) ਧੋਤੀ ਨਹੀਂ ਜਾ ਸਕੀ।...

ਮਨਿ(ਮਨ)	**ਮੈਲੈ,**	**ਭਗਤਿ**(ਭਗਤ)	**ਨ**(ਨਾਂ)	**ਹੋਵਈ,**
ਮਨ ਦੁਆਰਾ	ਮੈਲ ਨਾਲ ਭਰੇ	ਭਗਤੀ, ਸਿਮਰਨ	ਨਹੀਂ	ਹੋ ਸਕਦੀ

ਨਾਮੁ(ਨਾਮ)	**ਨ**(ਨਾਂ)	**ਪਾਇਆ**	**ਜਾਇ॥**
(ਪ੍ਰਭੂ) ਨਾਮ	ਨਹੀਂ	ਪ੍ਰਾਪਤ	ਜਾ ਸਕਦਾ

...(ਹੇ! ਮੇਰੇ ਮਨ! ਹੰਕਾਰ ਦੀ) ਮੈਲ ਭਰੇ ਮਨ ਨਾਲ ਭਗਤੀ ਨਹੀਂ ਹੋ ਸਕਦੀ, ਅਤੇ ਨਾ ਹੀ (ਪ੍ਰਭੂ) ਨਾਮ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।...

ਮਨਮੁਖ(ਮਨਮੁੱਖ)	**ਮੈਲੇ,**	**ਮੈਲੇ**	**ਮੁਏ,**
ਮਨਮੱਤੀਏ, ਗੁਰੂ ਤੋਂ ਬੇਮੁੱਖ	ਮਲੀਨ	ਮਲੀਨ	ਮਰਦੇ ਹਨ

ਜਾਸਨਿ(ਜਾਸਨ)	**ਪਤਿ**(ਪਤੇ)	**ਗਵਾਇ॥**
ਜਾਣਦੇ	ਇੱਜ਼ਤ	ਗਵਾ ਕੇ

...ਆਪਣੇ ਮਨ ਦੇ ਮਗਰ ਲਗਣ ਵਾਲੇ ਸਤਿਗੁਰੂ ਤੋਂ ਬੇਮੁੱਖ (ਹਉਮੈ ਦੀ ਮੈਲ ਕਰਕੇ) ਮਲੀਨ ਹਨ, ਅਤੇ (ਉਹ ਬੇਮੁੱਖ) ਮਲੀਨ ਹੀ ਮਰ ਜਾਂਦੇ ਹਨ। (ਹੰਕਾਰ ਦੀ ਮਲੀਨਤਾ ਕਰਕੇ ਉਹ ਸੰਸਾਰ ਤੋਂ ਆਪਣੀ) ਇੱਜ਼ਤ ਗੁਆ ਕੇ ਹੀ ਜਾਣਗੇ।...

ਗੁਰ	**ਪਰਸਾਦੀ**	**ਮਨਿ**(ਮਨ)	**ਵਸੈ,**
ਸਤਿਗੁਰੂ	ਕ੍ਰਿਪਾ ਰਾਹੀਂ	ਚਿੱਤ ਵਿਚ	ਵਸ ਜਾਂਦਾ ਹੈ

ਮਲੁ(ਮਲ)	**ਹਉਮੈ**	**ਜਾਇ**	**ਸਮਾਇ॥**
ਮੈਲ	ਹੰਕਾਰ ਦੀ	ਜਾਂਦੀ ਹੈ, ਮਿਟਦੀ ਹੈ	(ਪ੍ਰਭੂ ਵਿਚ) ਸਮਾਕੇ, ਲੀਨ ਹੋਕੇ, ਅਭੇਦ ਹੋਕੇ

...ਸਤਿਗੁਰੂ ਦੀ ਕ੍ਰਿਪਾ ਦੁਆਰਾ, ਪ੍ਰਭੂ ਵਿਚ ਅਭੇਦਤਾ ਰਾਹੀਂ ਹੰਕਾਰ ਦੀ ਮੈਲ ਚਲੇ ਜਾਂਦੀ ਹੈ, ਅਤੇ ਵਾਹਿਗੁਰੂ ਜੀ ਚਿੱਤ ਵਿਚ ਵਸ ਜਾਂਦਾ ਹੈ।...

ਜਿਉ(ਜਿਉਂ)	**ਅੰਧੇਰੈ**	**ਦੀਪਕੁ**(ਦੀਪਕ)	**ਬਾਲੀਐ,**
ਜਿਵੇਂ	ਹਨ੍ਹੇਰੇ ਵਿਚ	ਦੀਵਾ	ਬਾਲੀਦਾ ਹੈ

ਤਿਉ(ਤਿਉਂ)	**ਗੁਰ**	**ਗਿਆਨਿ,**(ਗਿਆਨ)
ਤਿਵੇਂ	ਸਤਿਗੁਰੂ	ਗਿਆਨ ਰਾਹੀਂ, ਸੋਝੀ ਦੁਆਰਾ

ਅਗਿਆਨੁ *(ਅਗਿਆਨ)*	ਤਜਾਇ॥੨॥
ਬੇਸਮਝੀ	ਤਜ ਜਾਂਦਾ ਹੈ, ਦੂਰ ਹੋ ਜਾਂਦਾ ਹੈ

...ਜਿਵੇਂ ਹਨ੍ਹੇਰੇ ਵਿਚ (ਹਨ੍ਹੇਰਾ ਦੂਰ ਕਰਨ ਲਈ) ਦੀਵਾ ਬਾਲ ਲਈਦਾ ਹੈ, ਤਿਵੇਂ ਹੀ ਸਤਿਗੁਰੂ ਦੇ ਗਿਆਨ ਰਾਹੀਂ, ਅਗਿਆਨ (ਦਾ ਹਨ੍ਹੇਰਾ) ਦੂਰ ਹੋ ਜਾਂਦਾ ਹੈ।...

ਹਮ	ਕੀਆ,	ਹਮ	ਕਰਹਗੇ, *(ਕਰਹਿੰਗੇ)*
ਅਸੀਂ	ਕੀਤਾ ਹੈ	ਅਸੀਂ	ਕਰਾਂਗੇ

ਹਮ	ਮੂਰਖ	ਗਾਵਾਰ ॥
ਅਸੀਂ	ਬੇਸਮਝ	ਅਸਭਯ

...(ਜਿਹੜੇ ਇਹ ਫੜ੍ਹਾਂ ਮਾਰਦੇ ਰਹਿੰਦੇ ਹਨ ਕਿ) ਅਸੀਂ (ਇਹ) ਕੀਤਾ ਹੈ, ਅਸੀਂ (ਆਹ) ਕਰਾਂਗੇ, (ਇਸ ਤਰ੍ਹਾਂ) ਅਸੀਂ ਅਸੀਂ (ਕਹਿਣ ਵਾਲੇ ਅਸਲ ਵਿਚ) ਮੂਰਖ ਤੇ ਗਵਾਰ ਹੁੰਦੇ ਹਨ।...

ਕਰਣੈ	ਵਾਲਾ	ਵਿਸਰਿਆ,
ਕਰਨ	ਵਾਲਾ, ਵੰਤ(ਕਾਰਜ ਕਰਤਾ)	ਭੁੱਲ ਗਿਆ

ਦੂਜੈ	ਭਾਇ	ਪਿਆਰੁ *(ਪਿਆਰ)* ॥
ਦੂਸਰੇ	ਭਾਵਨਾ ਵਿਚ	ਲਗਾਓ, ਸਨੇਹ

...(ਇਨ੍ਹਾਂ ਨੂੰ) ਦ੍ਵੈਤ-ਭਾਵ ਵਿਚ (ਅਥਵਾ ਮਾਇਆ ਨਾਲ) ਲਗਾਓ (ਹੋਣ ਕਰਕੇ) ਕਰਣ ਵਾਲਾ (ਕਰਤਾਰ) ਭੁੱਲ ਗਿਆ ਹੈ।...

ਮਾਇਆ	ਜੇਵਡੁ *(ਜੇਵਡ)*	ਦੁਖੁ *(ਦੁੱਖ)*	ਨਹੀ, *(ਨਹੀਂ)*
(ਸੰਸਾਰਿਕ ਪਦਾਰਥਾਂ ਦੇ ਸਨੇਹ ਵਾਲੀ ਅਗਿਆਨਤਾ)	ਜਿੱਡਾ	ਤਕਲੀਫ਼, ਕਸ਼ਟ	ਨਹੀਂ

ਸਭਿ *(ਸਭ)*	ਭਵਿ *(ਭੰਵ)*	ਥਕੇ	ਸੰਸਾਰੁ *(ਸੰਸਾਰ)* ॥
ਸਾਰੇ	ਭਉਂਕੇ, ਫਿਰ ਕੇ	ਥੱਕ ਗਏ, ਹੰਭ ਗਏ	ਜਗਤ

...ਸਾਰੇ ਸੰਸਾਰ ਦੇ (ਜੀਵ, ਮਾਇਆ ਖ਼ਾਤਰ) ਫਿਰ ਕੇ ਥੱਕ-ਟੁੱਟ ਗਏ ਹਨ, (ਪਰ ਜਗਤ ਵਿਚ) ਮਾਇਆ ਜਿੱਡਾ ਦੁੱਖ (ਹੋਰ ਕੋਈ) ਨਹੀਂ ਹੈ।...

ਗੁਰਮਤੀ *(ਗੁਰਮੱਤੀਂ)*,	ਸੁਖੁ *(ਸੁੱਖ)*	ਪਾਈਐ,
ਸਤਿਗੁਰੂ ਦੀ ਮੱਤ ਰਾਹੀਂ	(ਆਤਮਿਕ) ਅਨੰਦ	ਪਾਈਦਾ ਹੈ, ਪ੍ਰਾਪਤ ਕਰੀਦਾ ਹੈ

ਅੰਕ ੩੯

ਸਚੁ *(ਸੱਚ)*	ਨਾਮੁ *(ਨਾਮ)*	ਉਰਧਾਰਿ *(ਉਰਧਾਰ)* ॥੩॥
ਸਦਾ-ਸਥਿਰ	(ਪ੍ਰਭੂ) ਨਾਮ	ਹਿਰਦੇ ਵਿਚ ਧਾਰਨ ਨਾਲ

...ਸਤਿਗੁਰੂ ਦੀ ਸਿੱਖਿਆ ਰਾਹੀਂ, ਸਦਾ-ਸਥਿਰ ਪ੍ਰਭੂ ਨਾਮ ਨੂੰ ਹਿਰਦੇ ਵਿਚ ਧਾਰਨ ਨਾਲ, (ਆਤਮਿਕ) ਅਨੰਦ ਦੀ ਪ੍ਰਾਪਤੀ ਹੁੰਦੀ ਹੈ।...

ਜਿਸ	ਨੋ	ਮੇਲੇ,	ਸੋ	ਮਿਲੈ,
ਜਿਹੜੇ	ਨੂੰ	ਮੇਲ ਲਵੇ	ਉਹੀ	ਮਿਲਦਾ ਹੈ,ਲੀਨ ਹੁੰਦਾ ਹੈ

ਹਉ *(ਹਉਂ)*	ਤਿਸੁ *(ਤਿਸ)*	ਬਲਿਹਾਰੈ	ਜਾਉ *(ਜਾਉਂ)* ॥
ਮੈਂ	ਉਸ	ਕੁਰਬਾਨ, ਸਦਕੇ	ਜਾਂਦਾ ਹਾਂ

...ਜਿਸ ਨੂੰ (ਆਪਣੀ ਬਖਸ਼ਿਸ਼ ਕਰਕੇ ਵਾਹਿਗੁਰੂ ਆਪਣੇ ਨਾਲ) ਮੇਲਦਾ ਹੈ, ਉਹੀ (ਪਰਮਾਤਮਾ ਨਾਲ) ਅਭੇਦ ਹੁੰਦਾ ਹੈ। ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।...

ਏ	ਮਨ,	ਭਗਤੀ	ਰਤਿਆ,
ਹੇ!	ਚਿੱਤ	ਸਿਮਰਨ	ਰੱਤੇ ਜਾਂਦੇ, ਰੰਗੇ ਜਾਂਦੇ, ਅਭੇਦ ਹੋ ਜਾਂਦੇ

ਸਚੁ *(ਸੱਚ)*	ਬਾਣੀ	ਨਿਜ	ਥਾਂਉ *(ਥਾਉਂ)*॥
ਸਦਾ ਸਥਿਰ	ਬਾਣੀ ਰਾਹੀਂ	ਸ੍ਵੈ	ਟਿਕਾਣਾ, ਨਿਵਾਸ

...ਹੇ! ਮਨਾ! (ਪ੍ਰਭੂ) ਭਗਤੀ ਵਿਚ ਅਭੇਦ ਹੋ ਜਾਣ ਨਾਲ, (ਧਰਮ-ਸਾਧਕ ਨੂੰ) ਸਦਾ-ਸਥਿਰ (ਸਤਿਗੁਰੂ ਦੀ) ਬਾਣੀ (ਭਾਵ ਸਿੱਖਿਆ) ਰਾਹੀਂ, ਆਪਣੇ ਸ੍ਵੈ-ਸਰੂਪ ਵਿਚ, (ਅਥਵਾ ਪ੍ਰਭੂ ਦਰਗਾਹੇ) ਨਿਵਾਸ ਮਿਲ ਜਾਂਦਾ ਹੈ।...

ਮਨਿ *(ਮਨ)*	ਰਤੇ,	ਜਿਹਵਾ	ਰਤੀ,
ਚਿੱਤ	ਰੱਤਿਆ, ਰੰਗਿਆ	ਜੀਭ	ਰੰਗੀ

ਹਰਿ *(ਹਰ)*	ਗੁਣ	ਸਚੇ	ਗਾਏ, ॥
ਹਰੀ, ਪ੍ਰਭੂ	ਚੰਗਿਆਈਆਂ	ਸਦਾ ਸਥਿਰ	ਗਾਇਨ ਨਾਲ

...ਸਦਾ ਸਥਿਰ ਹਰੀ ਦੇ ਗੁਣਾਂ ਦਾ ਗਾਇਨ ਕਰਨ ਨਾਲ, (ਧਰਮ-ਸਾਧਕ ਦਾ) ਹਿਰਦਾ, (ਪ੍ਰਭੂ ਪਿਆਰ ਦੇ ਰੰਗ ਨਾਲ ਰੰਗਿਆ ਜਾਂਦਾ ਹੈ, ਅਤੇ ਜਿਹਵਾ ਵੀ (ਪ੍ਰਭੂ ਪ੍ਰੇਮ ਦੇ) ਰਸ ਵਿਚ ਰੱਤੀ ਰਹਿੰਦੀ ਹੈ।...

ਨਾਨਕ,	ਨਾਮੁ *(ਨਾਮ)*	ਨ *(ਨਾਂ)*	ਵੀਸਰੈ,
ਹੇ! ਨਾਨਕ!	(ਪ੍ਰਭੂ) ਬੰਦਗੀ	ਨਹੀਂ	ਵਿਸਰਦਾ, ਭੁੱਲਦਾ

ਅੰਕ ੩੯

ਸਚੇ *(ਸੱਚੇ)*	ਮਾਹਿ *(ਮਾਹਿ)*	ਸਮਾਉ ॥੪॥੩੧॥੬੪॥
ਸਦਾ ਸਥਿਰ (ਪ੍ਰਭੂ)	ਵਿਚ	ਅਭੇਦ ਹੋ ਜਾਂਦੇ ਹਨ, ਲੀਨ ਹੋ ਜਾਂਦੇ ਹਨ

...ਹੇ! ਨਾਨਕ! (ਉਨ੍ਹਾਂ ਦੇ ਹਿਰਦੇ ਵਿਚੋਂ ਪ੍ਰਭੂ ਦੀ) ਬੰਦਗੀ ਨਹੀਂ ਵਿਸਰਦੀ, ਅਤੇ (ਉਹ ਬੰਦਗੀ ਰਾਹੀਂ) ਸਦਾ-ਸਥਿਰ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੪ *(ਚੌਥਾ)*	ਘਰੁ *(ਘਰ)*	੧ *(ਪਹਿਲਾ)*॥
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ	ਤਾਲ ਜਾਂ ਸੁਰ ਦੇ ਟਿਕਾਣੇ ਦਾ	ਨੰਬਰ

ਮੈ *(ਮੈਂ)*	ਮਨਿ *(ਮਨ)*	ਤਨਿ, *(ਤਨ)*	ਬਿਰਹੁ *(ਬਿਰਹੁੰ)*	ਅਤਿ *(ਅੱਤ)*	ਅਗਲਾ,
ਮੇਰੇ	ਚਿੱਤ ਵਿਚ	ਤਨ ਵਿਚ	ਵਿਛੋੜਾ	ਬਹੁਤ	ਅਤਿਅੰਤ

ਕਿਉ *(ਕਿਉਂ)*	ਪ੍ਰੀਤਮੁ *(ਪ੍ਰੀਤਮ)*	ਮਿਲੈ	ਘਰਿ *(ਘਰ)*	ਆਇ॥
ਕਿਵੇਂ	ਪਿਆਰ (ਪ੍ਰਭੂ)	ਮਿਲ ਪਵੇ	(ਹਿਰਦੇ) ਘਰ ਵਿਚ	ਆਕੇ

...ਮੇਰੇ ਮਨ ਅਤੇ ਤਨ ਵਿਚ ਵਿਛੋੜੇ ਦਾ ਬਹੁਤ ਜ਼ਿਆਦਾ ਦਰਦ ਹੈ, (ਸਾਹਿਬ ਜੀਓ!) ਕਿਸੇ ਤਰ੍ਹਾਂ (ਪ੍ਰਭੂ) ਪ੍ਰੀਤਮ (ਹਿਰਦੇ) ਘਰ ਵਿਚ ਆਕੇ ਮਿਲ ਪਵੇ।...

ਜਾ *(ਜਾਂ)*	ਦੇਖਾ *(ਦੇਖਾਂ)*	ਪ੍ਰਭੁ *(ਪ੍ਰਭ)*	ਆਪਣਾ,
ਜਦੋਂ	ਦੇਖਦੀ	ਪਰਮਾਤਮਾ	ਆਪਣੇ

ਪ੍ਰਭਿ *(ਪ੍ਰਭ)*	ਦੇਖਿਐ	ਦੁਖੁ *(ਦੁੱਖ)*	ਜਾਇ॥
ਪ੍ਰਭੂ ਨੂੰ	ਦੇਖਣ ਨਾਲ	ਤਕਲੀਫ਼, ਕਸ਼ਟ	ਚਲੇ ਜਾਂਦਾ ਹੈ

...ਜਦੋਂ (ਮੈਂ) ਆਪਣੇ ਪ੍ਰਭੂ (ਪ੍ਰੀਤਮ) ਨੂੰ ਦੇਖਦੀ ਹਾਂ, ਤਾਂ ਪਰਮਾਤਮਾ ਨੂੰ ਦੇਖਦਿਆਂ ਹੀ (ਮੇਰਾ ਵਿਛੋੜੇ ਦਾ) ਦੁੱਖ ਚਲੇ ਜਾਂਦਾ ਹੈ।...

ਜਾਇ	ਪੁਛਾ *(ਪੁੱਛਾਂ)*	ਤਿਨ	ਸਜਣਾ, *(ਸਜਣਾਂ)*
ਜਾਕੇ	ਪੁੱਛਾਂ, ਪਤਾ ਕਰਾਂ	ਉਨ੍ਹਾਂ	ਮਿੱਤਰਾਂ, ਦੋਸਤਾਂ ਨੂੰ

ਪ੍ਰਭੁ	ਕਿਤੁ *(ਕਿਤ)*	ਬਿਧਿ *(ਬਿਧ)*	ਮਿਲੈ ਮਿਲਾਇ॥੧॥
ਪਰਮਾਤਮਾ ਕਿਸ	ਤਰੀਕੇ ਨਾਲ	ਮਿਲਦਾ ਹੈ	ਮਿਲਾ ਦਿਓ

...(ਆਪਣੇ) ਉਨ੍ਹਾਂ (ਪਰਮਾਤਮਾ ਨਾਲ ਮਿਲੇ) ਹੋਏ ਮਿੱਤਰਾਂ ਨੂੰ ਜਾਕੇ ਪੁੱਛਾਂ, ਕਿ ਪ੍ਰਭੂ (ਪ੍ਰੀਤਮ) ਕਿਸ ਬਿਧ ਰਾਹੀਂ ਮਿਲਦਾ ਹੈ, (ਮੈਨੂੰ ਉਸੇ ਬਿਧੀ ਨਾਲ ਹੀ) ਮਿਲਾ ਦਿਓ।...

ਅੰਕ ੩੯-੪੦

ਮੇਰੇ	ਸਤਿਗੁਰਾ,	ਮੈ(ਮੈਂ)	ਤੁਝ	ਬਿਨੁ (ਬਿਨ)
ਆਪਣੇ	ਸਤਿਗੁਰੂ ਜੀਓ	ਮੇਰਾ	ਤੇਰੇ	ਬਗੈਰ

ਅਵਰੁ(ਅਵਰ)	ਨ(ਨਾਂ)	ਕੋਇ ॥
ਹੋਰ	ਨਹੀਂ	ਕੋਈ

...ਮੇਰੇ ਸਤਿਗੁਰੂ ਜੀਓ! ਮੇਰਾ ਤੁਹਾਡੇ ਬਿਨਾਂ ਹੋਰ ਕੋਈ ਨਹੀਂ ਹੈ।...

ਹਮ	ਮੂਰਖ	ਮੁਗਧ	ਸਰਣਾਗਤੀ,(ਸ਼ਰਣਾਂਗਤੀ)
ਅਸੀਂ	ਬੇਸਮਝ	ਮੂੜ੍ਹ	ਸ਼ਰਣਾਗਤ ਵਿਚ, ਸ਼ਰਨ ਵਿਚ

ਕਰਿ(ਕਰ)	ਕਿਰਪਾ,	ਮੇਲੇ	ਹਰਿ(ਹਰ)	ਸੋਇ ॥੧॥	ਰਹਾਉ ॥
ਕਰਕੇ	ਮਿਹਰ	ਮਿਲਾ	ਹਰੀ ਨਾਲ	ਉਸ	ਠਹਿਰਾਉ

...(ਸਤਿਗੁਰੂ ਜੀਓ!) ਅਸੀਂ ਮੂੜ੍ਹ ਅਤੇ ਬੇਸਮਝ ਤੇਰੀ ਸ਼ਰਨ ਵਿਚ ਆਏ ਹਾਂ, (ਸਤਿਗੁਰੂ ਆਪਣੇ ਬਿਰਦ ਰਾਹੀਂ ਸ਼ਰਣ ਪਿਆਂ ਨੂੰ ਆਪ ਹੀ), ਕਿਰਪਾ ਕਰਕੇ ਉਸ ਹਰੀ ਨਾਲ ਮਿਲਾ ਦਿੰਦਾ ਹੈ।...

ਸਤਿਗੁਰੁ(ਸਤਗੁਰ)	ਦਾਤਾ	ਹਰਿ(ਹਰ)	ਨਾਮ	ਕਾ,
ਸਤਿਗੁਰੂ	ਦੇਣ ਵਾਲਾ	ਹਰੀ	ਸਿਮਰਨ	ਦਾ

ਪ੍ਰਭੁ (ਪ੍ਰਭ)	ਆਪਿ(ਆਪ)	ਮਿਲਾਵੈ	ਸੋਇ ॥
ਪਰਮਾਤਮਾ	ਆਪ ਹੀ	ਮਿਲਾ ਦਿੰਦਾ ਹੈ	ਉਸ

...ਸਤਿਗੁਰੂ ਪ੍ਰਭੂ ਬੰਦਗੀ ਦੀ ਬਖਸ਼ਿਸ਼ ਕਰਨ ਵਾਲਾ ਹੈ, ਅਤੇ ਪਰਮਾਤਮਾ ਆਪ ਹੀ (ਆਪਣੀ ਮਿਹਰ ਕਰਕੇ) ਉਸ (ਸਤਿਗੁਰੂ) ਨਾਲ ਮਿਲਾ ਦਿੰਦਾ ਹੈ।...

ਸਤਿਗੁਰਿ,(ਸਤਿਗੁਰ)	ਹਰਿ(ਹਰ)	ਪ੍ਰਭੁ(ਪ੍ਰਭ)	ਬੁਝਿਆ,
ਸਤਿਗੁਰੂ ਰਾਹੀਂ	ਹਰੀ	ਪ੍ਰਭੂ	ਬੁੱਝਿਆ, ਸਮਝਿਆ

ਗੁਰ	ਜੇਵਡੁ(ਜੇਵਡ)	ਅਵਰੁ(ਅਵਰ)	ਨ(ਨਾਂ)	ਕੋਇ ॥
ਸਤਿਗੁਰੂ	ਜਿੱਡਾ	ਹੋਰ	ਨਹੀਂ	ਕੋਈ

...ਸਤਿਗੁਰੂ ਨੇ ਹਰੀ ਪ੍ਰਭੂ ਨੂੰ ਬੁੱਝਿਆ ਹੈ, (ਇਸ ਲਈ) ਸਤਿਗੁਰੂ ਜਿੱਡਾ (ਮਹਾਨ) ਹੋਰ ਕੋਈ ਨਹੀਂ।...

ਹਉ (ਹਉਂ)	ਗੁਰ	ਸਰਣਾਈ(ਸ਼ਰਣਾਈ)	ਢਹਿ	ਪਵਾ,(ਪਵਾਂ)
ਮੈਂ	ਸਤਿਗੁਰੂ	ਸ਼ਰਣ ਵਿਚ	ਡਿਗ	ਜਾਵਾਂ

ਅੰਕ ੪੦

ਕਰਿ *(ਕਰ)*	ਦਇਆ,	ਮੇਲੇ	ਪ੍ਰਭੁ *(ਪ੍ਰਭ)*	ਸੋਇ ॥੨॥
ਕਰਕੇ	ਤਰਸ	ਮਿਲਾ ਦੇਵੇ	ਪਰਮਾਤਮਾ	ਉਸ

...(ਹੇ! ਵਾਹਿਗੁਰੂ!) ਮੈਂ (ਐਸੇ ਮਹਾਨ) ਸਤਿਗੁਰੂ ਦੀ ਸ਼ਰਣ ਵਿਚ ਢਹਿ ਪਵਾਂ, (ਤਾਂਕਿ ਉਹ ਮੇਰੇ ਤੇ) ਦਇਆ ਕਰਕੇ (ਮੈਨੂੰ) ਉਸ ਪ੍ਰਭੂ ਪ੍ਰੀਤਮ ਨਾਲ ਮਿਲਾ ਦੇਵੇ।...

ਮਨਹਠਿ *(ਮਨਹੱਠ)*	ਕਿਨੈ	ਨ *(ਨਾਂ)*	ਪਾਇਆ,
ਮਨ ਦੀ ਜ਼ਿੱਦ ਰਾਹੀਂ	ਕਿਸੇ ਨੇ	ਨਹੀਂ	ਪ੍ਰਾਪਤ ਕੀਤਾ

ਕਰਿ *(ਕਰ)*	ਉਪਾਵ	ਥਕੇ	ਸਭੁ *(ਸਭ)*	ਕੋਇ॥
ਕਰਕੇ	ਉਪਾਓ, ਤਰੀਕੇ	ਥਕ ਗਏ, ਹੰਭ ਗਏ	ਸਾਰੇ	ਕੋਈ

...ਸਭ ਜਾਣੇ (ਅਨੇਕਾਂ) ਤੌਰ ਤਰੀਕੇ ਕਰਕੇ ਹੰਭ ਥੱਕ ਗਏ, (ਪਰ ਸਤਿਗੁਰੂ ਦੀ ਸ਼ਰਣ ਤੋਂ ਬਿਨਾਂ, ਆਪਣੇ) ਮਨ ਦੀ ਜ਼ਿਦ ਨਾਲ ਕਿਸੇ ਨੇ ਵੀ ਪਰਮਾਤਮਾ ਨੂੰ ਨਹੀਂ ਪਾਇਆ।...

ਸਹਸ	ਸਿਆਣਪ	ਕਰਿ *(ਕਰ)*	ਰਹੇ,
ਸੈਂਕੜੇ	ਸਿਆਣਪਾਂ	ਕਰਕੇ	ਰਹਿ ਗਏ

ਮਨਿ *(ਮਨ)*	ਕੋਰੈ,	ਰੰਗੁ *(ਰੰਗ)*	ਨ *(ਨਾਂ)*	ਹੋਇ॥
ਚਿੱਤ ਉੱਤੇ	ਕੋਰੇ,ਅਭਿੱਜ	ਵਰਣ	ਨਹੀਂ	ਹੁੰਦਾ

...ਸੈਂਕੜੇ ਚਤੁਰਾਈਆਂ (ਵਾਲੇ ਧਾਰਮਿਕ ਕਰਮ-ਕਾਂਡ) ਕਰਕੇ ਥੱਕ ਗਏ, (ਪਰ ਹਉਮੈ ਦੇ ਮਾਰੇ, ਪ੍ਰਭੂ ਪ੍ਰੇਮ ਤੋਂ) ਅਭਿੱਜ ਮਨ ਉੱਤੇ, (ਪ੍ਰਭੂ ਬੰਦਗੀ ਦਾ ਕੋਈ) ਰੰਗ ਨਹੀਂ ਹੋਇਆ, ਭਾਵ ਕੋਈ ਰੰਗ ਨਹੀਂ ਚੜ੍ਹਿਆ।...

ਕੂੜਿ *(ਕੂੜ)*	ਕਪਟਿ, *(ਕਪਟ)*	ਕਿਨੈ *(ਕਿਨ੍ਹੈ)*	ਨ *(ਨਾਂ)*	ਪਾਇਓ,
ਝੂਠ ਰਾਹੀਂ	ਫਰੇਬ ਦੁਆਰਾ	ਕਿਸੇ ਨੇ ਵੀ	ਨਹੀਂ	ਪਾਇਆ

ਜੋ	ਬੀਜੈ	ਖਾਵੈ	ਸੋਇ ॥੩॥
ਜਿਹੜਾ ਕੁਝ	ਬੀਜਣਗੇ	ਖਾਣਗੇ	ਉਹੀ

...(ਮਾਇਆ ਦੇ) ਝੂਠ ਅਤੇ (ਕਰਮਕਾਂਡੀ) ਫਰੇਬ ਰਾਹੀਂ, ਕਿਸੇ ਨੇ ਵੀ (ਪਰਮਾਤਮਾ ਨੂੰ) ਨਹੀਂ ਪਾਇਆ। (ਜੀਵ) ਜੋ ਕੁਝ ਵੀ ਬੀਜਣਗੇ ਉਹੀ ਕੁਝ ਖਾਣਗੇ। (ਭਾਵ ਜੇ ਝੂਠ ਤੇ ਫਰੇਬ ਬੀਜਣਗੇ, ਤਾਂ ਉਨ੍ਹਾਂ ਦਾ ਫਲ ਵੀ ਉਹੋ ਜਿਹਾ ਹੀ ਪ੍ਰਾਪਤ ਹੋਏਗਾ।)...

ਅੰਕ ੪੦

ਸਭਨਾ *(ਸਭਨਾਂ)*	ਤੇਰੀ	ਆਸ	ਪ੍ਰਭੁ, *(ਪ੍ਰਭ)*	
ਸਾਰਿਆਂ ਨੂੰ	ਤੁਹਾਡੀ	ਉਮੀਦ	ਪਰਮਾਤਮਾ	

ਸਭ	ਜੀਅ	ਤੇਰੇ	ਤੂੰ	ਰਾਸਿ *(ਰਾਸ)* ॥
ਸਾਰੇ	ਜੀਵ	ਤੁਹਾਡੇ	ਤੁਸੀਂ	ਪੂੰਜੀ, ਆਸਰਾ

...(ਹੇ! ਵਾਹਿਗੁਰੂ! ਜਗਤ ਦੇ) ਸਭ ਜੀਵ ਤੁਹਾਡੇ ਹੀ ਹਨ, ਅਤੇ ਤੁਸੀਂ ਹੀ ਉਨ੍ਹਾਂ ਦੇ ਜੀਵਨ ਦੀ ਰਾਸ-ਪੂੰਜੀ ਹੋ। ਹੇ! ਪ੍ਰਭੂ ਜੀ! ਸਭਨਾਂ ਨੂੰ ਤੁਹਾਡੇ ਤੇ ਹੀ ਆਸਾਂ ਉਮੀਦਾਂ ਹਨ।...

ਪ੍ਰਭ,	ਤੁਧਹੁ *(ਤੁਧਹੂ)*	ਖਾਲੀ	ਕੋ	ਨਹੀ, *(ਨਹੀਂ)*
ਵਾਹਿਗੁਰੂ	ਤੁਹਾਡੇ ਤੋਂ	ਸੱਖਣਾ	ਕੋਈ	ਨਹੀਂ

ਦਰਿ *(ਦਰ)*	ਗੁਰਮੁਖਾ *(ਗੁਰਮੁਖਾਂ)*	ਨੋ	ਸਾਬਾਸਿ *(ਸ਼ਾਬਾਸ਼)* ॥
(ਪ੍ਰਭੂ) ਦਰ	ਸਤਿਗੁਰੂ ਦੇ ਸਨਮੁਖ	ਨੂੰ	ਸ਼ਾਬਾਸ਼, ਸ਼ੋਭਾ, ਆਦਰ ਸਤਿਕਾਰ

...ਵਾਹਿਗੁਰੂ ਜੀ! ਤੁਹਾਡੇ ਪਾਸੋਂ ਕੋਈ ਖਾਲੀ ਨਹੀਂ (ਜਾਂਦਾ)। ਸਤਿਗੁਰੂ ਦੇ ਸਨਮੁੱਖ ਹੋਣ ਵਾਲਿਆਂ ਨੂੰ ਤੁਹਾਡੇ ਦਰ ਤੇ ਸ਼ਾਬਾਸ਼ ਮਿਲਦੀ ਹੈ, ਭਾਵ ਆਦਰ ਸਤਿਕਾਰ ਪ੍ਰਾਪਤ ਹੁੰਦਾ ਹੈ।...

ਬਿਖੁ *(ਬਿੱਖ)*	ਭਉਜਲ	ਡੁਬਦੇ	ਕਢਿ *(ਕਢ)*	ਲੈ,
ਜ਼ਹਿਰ	ਸੰਸਾਰ ਸਮੁੰਦਰ	ਡੁਬਦਿਆਂ ਨੂੰ	ਕਢ, ਬਚਾ	ਲਵੋ

ਜਨ	ਨਾਨਕ	ਕੀ	ਅਰਦਾਸਿ *(ਅਰਦਾਸ)*	॥੪॥੧॥੬੫॥
ਦਾਸ, ਸੇਵਕ	ਸਤਿਗੁਰੂ ਨਾਨਕ ਦੇਵ ਜੀ	ਦੀ	ਅਰਦਾਸ, ਬੇਨਤੀ, ਜੋਦੜੀ	

...ਹੇ! ਵਾਹਿਗੁਰੂ! ਦਾਸ ਨਾਨਕ ਦੀ ਜੋਦੜੀ ਹੈ, ਕਿ (ਮਾਇਆ ਦੇ ਵਿਕਾਰਾਂ ਰੂਪੀ) ਬਿੱਖ ਦੇ ਸੰਸਾਰ ਸਮੁੰਦਰ ਵਿਚ ਡੁੱਬਦਿਆਂ ਨੂੰ ਬਚਾ ਲਵੋ ਜੀ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਨਾਮੁ *(ਨਾਮ)*	ਮਿਲੈ,	ਮਨੁ *(ਮਨ)*	ਤ੍ਰਿਪਤੀਐ,
(ਪ੍ਰਭੂ) ਨਾਮ	ਮਿਲਣ ਨਾਲ	ਚਿੱਤ	ਸੰਤੁਸ਼ਟ ਹੋ ਜਾਂਦਾ ਹੈ

ਬਿਨੁ *(ਬਿਨ)*	ਨਾਮੈ	ਧ੍ਰਿਗੁ *(ਧ੍ਰਿਗ)*	ਜੀਵਾਸੁ *(ਜੀਵਾਸ)* ॥
ਬਗੈਰ	(ਪ੍ਰਭੂ) ਨਾਮ ਤੋਂ	ਧਿਰਕਾਰ, ਫਿਟਕਾਰ ਯੋਗ	ਜੀਵਨ/ ਜ਼ਿੰਦਗੀ ਦੀ ਆਸ

ਅੰਕ ੪੦

...(ਪ੍ਰਭੂ) ਨਾਮ ਮਿਲਣ ਨਾਲ ਹਿਰਦਾ ਤ੍ਰਿਪਤ ਹੋ ਜਾਂਦਾ ਹੈ, ਬਿਨਾਂ ਨਾਮ ਤੋਂ ਜੀਵਨ ਜਿਊਣ ਦੀ ਇੱਛਾ ਧਿਰਕਾਰ ਯੋਗ ਹੈ।...

ਕੋਈ	**ਗੁਰਮੁਖਿ***(ਗੁਰਮੁਖ)*	**ਸਜਣੁ***(ਸੱਜਣ)*	**ਜੇ**	**ਮਿਲੈ,**
ਕੋਈ ਇਕ, ਕੋਈ ਜਣਾਂ	ਸਤਿਗੁਰੂ ਦੇ ਸਨਮੁੱਖ ਹੋਇਆ	ਮਿੱਤਰ	ਜੇਕਰ	ਮਿਲ ਜਾਵੇ

ਮੈ*(ਮੈਂ)*	**ਦਸੇ**	**ਪ੍ਰਭੁ***(ਪ੍ਰਭ)*	**ਗੁਣਤਾਸੁ***(ਗੁਣਤਾਸ)* ॥
ਮੈਨੂੰ	ਜਾਣਕਾਰੀ ਦੇਵੇ	ਪਰਮਾਤਮਾ	ਗੁਣਾਂ ਦੇ ਖਜ਼ਾਨੇ

...ਜੇਕਰ (ਮੈਨੂੰ) ਕੋਈ ਸਤਿਗੁਰੂ ਦੇ ਸਨਮੁੱਖ ਹੋਇਆ, (ਭਾਵ ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਬਤੀਤ ਕਰਨ ਵਾਲਾ), ਮਿੱਤਰ ਮਿਲ ਪਵੇ ਤੇ (ਉਹ) ਮੈਨੂੰ ਗੁਣਾਂ ਦੇ ਖਜ਼ਾਨੇ ਪਰਮਾਤਮਾ ਬਾਰੇ ਜਾਣਕਾਰੀ ਦੇਵੇ...

ਹਉ*(ਹਉਂ)*	**ਤਿਸੁ***(ਤਿਸ)*	**ਵਿਟਹੁ***(ਵਿਟਹੁੰ)*	**ਚਉ**	**ਖੰਨੀਐ,**
ਮੈਂ	ਉਸ	ਉਤੋਂ	ਚਾਰ	ਟੋਟੇ

ਮੈ	**ਨਾਮ**	**ਕਰੇ**	**ਪਰਗਾਸੁ***(ਪਰਗਾਸ)* ॥੧॥
ਮੈਨੂੰ	(ਪ੍ਰਭੂ) ਸਿਮਰਨ	ਕਰ ਦੇਵੇ	ਪ੍ਰਕਾਸ਼, ਚਾਨਣਾ

...(ਅਤੇ) ਮੇਰੇ ਹਿਰਦੇ ਵਿਚ ਪਰਮਾਤਮ ਨਾਮ ਦਾ ਪ੍ਰਕਾਸ਼ ਕਰ ਦੇਵੇ, (ਤਾਂ) ਮੈਂ ਉਸ ਉਤੋਂ ਚਾਰ ਟੁਕੜੇ ਹੋਕੇ (ਕੁਰਬਾਨ) ਹੋ ਜਾਵਾਂ।...

ਮੇਰੇ	**ਪ੍ਰੀਤਮਾ,**	**ਹਉ***(ਹਉਂ)*	**ਜੀਵਾ***(ਜੀਵਾਂ)*	**ਨਾਮੁ***(ਨਾਮ)*	**ਧਿਆਇ॥**
ਆਪਣੇ	ਪ੍ਰਭੂ ਜੀਓ	ਮੈਂ	ਜਿਊਂਦਾ ਹਾਂ	ਸਿਮਰਨ	ਅਰਾਧਕੇ

...ਹੇ! ਮੇਰੇ ਪ੍ਰੀਤਮ ਜੀਓ! ਮੈਂ (ਪ੍ਰਭੂ) ਨਾਮ ਸਿਮਰਕੇ ਹੀ ਜਿਊਂਦਾ ਹਾਂ।...

ਬਿਨੁ*(ਬਿਨ)*	**ਨਾਵੈ,***(ਨਾਵੈਂ)*	**ਜੀਵਣੁ** *(ਜੀਵਣ)*	**ਨਾ***(ਨਾਂ)*	**ਥੀਐ,**
ਬਗੈਰ	(ਪ੍ਰਭੂ) ਨਾਮ ਤੋਂ	ਜ਼ਿੰਦਗੀ	ਨਹੀਂ	ਹੋ ਸਕਦੀ

ਮੇਰੇ	**ਸਤਿਗੁਰ***(ਸਤਗੁਰ),*	**ਨਾਮੁ** *(ਨਾਮ)*	**ਦ੍ਰਿੜਾਇ***(ਦ੍ਰਿੜ੍ਹਾਇ)* ॥੧॥	**ਰਹਾਉ॥**
ਆਪਣੇ	ਸਤਿਗੁਰੂ	(ਪ੍ਰਭੂ) ਨਾਮ	ਪੱਕੀ ਤਰ੍ਹਾਂ ਸਮਝਾ ਦੇ	ਠਹਿਰਾਉ

...ਪ੍ਰਭੂ ਨਾਮ ਤੋਂ ਬਿਨਾਂ ਜ਼ਿੰਦਗੀ (ਦੀ ਹੋਂਦ) ਨਹੀਂ ਹੋ ਸਕਦੀ, (ਇਸ ਲਈ ਹੇ!) ਮੇਰੇ ਸਤਿਗੁਰੂ ਜੀਓ, (ਮੈਨੂੰ ਪ੍ਰਭੂ) ਨਾਮ ਦ੍ਰਿੜ੍ਹ ਕਰਵਾ ਦਿਓ...

ਅੰਕ ੪੦

ਨਾਮੁ *(ਨਾਮ)*	ਅਮੋਲਕੁ *(ਅਮੋਲਕ)*	ਰਤਨੁ *(ਰਤਨ)*	ਹੈ,
ਨਾਮੁ	ਅਮੁੱਲ	ਕੀਮਤੀ ਪੱਥਰ	ਹੋਣ ਦੀ ਕਿਆ

ਪੂਰੇ	ਸਤਿਗੁਰ	ਪਾਸਿ *(ਪਾਸ)*॥
ਪੂਰਨ	ਸਤਿਗੁਰ	ਕੋਲ

...(ਪ੍ਰਭੂ) ਨਾਮ, ਇਕ ਅਮੋਲਕ ਰਤਨ ਵਾਂਗ ਹੈ, ਜੋ ਪੂਰਨ ਸਤਿਗੁਰੂ ਕੋਲ ਹੀ ਹੈ।...

ਸਤਿਗੁਰ *(ਸਤਗੁਰ)*	ਸੇਵੈ	ਲਗਿਆ, *(ਲਗਿਆਂ)*
ਸਤਿਗੁਰੂ	ਸੇਵਾ ਵਿਚ	ਲਗਣ ਰਾਹੀਂ

ਕਢਿ *(ਕੱਢ)*	ਰਤਨੁ *(ਰਤਨ)*	ਦੇਵੈ	ਪਰਗਾਸਿ *(ਪਰਗਾਸ)*॥
ਕੱਢਕੇ	ਕੀਮਤੀ ਪੱਥਰ	ਦੇਕੇ	ਪ੍ਰਕਾਸ਼ ਕਰਕੇ

...ਸਤਿਗੁਰੂ ਦੀ ਸੇਵਾ ਵਿਚ ਲਗਣ ਨਾਲ, (ਭਾਵ ਗੁਰ ਉਪਦੇਸ਼ ਮੰਨਣ ਰਾਹੀਂ, ਸਤਿਗੁਰੂ, ਗਿਆਨ ਦਾ) ਚਾਨਣ ਕਰਕੇ (ਨਾਮ ਰੂਪੀ) ਰਤਨ ਬਖਸ਼ ਦਿੰਦਾ ਹੈ।...

ਧੰਨੁ *(ਧੰਨ)*	ਵਡਭਾਗੀ	ਵਡਭਾਗੀਆ *(ਵਡਭਾਗੀਆਂ)*
ਸ਼ਲਾਘਾ ਯੋਗ	ਵੱਡੇ ਭਾਗਾਂ ਵਾਲੇ	ਵੱਡੇ ਭਾਗਾਂ ਵਾਲਿਆਂ ਵਿਚੋਂ

ਜੋ	ਆਇ	ਮਿਲੇ	ਗੁਰ	ਪਾਸਿ *(ਪਾਸ)* ॥੨॥
ਜਿਹੜੇ	ਆਕੇ	ਮਿਲ ਪਏ	ਸਤਿਗੁਰੂ	ਕੋਲ

...(ਐਸੇ) ਧੰਨਤਾ ਯੋਗ (ਪੁਰਸ਼) ਵੱਡੇ ਭਾਗਾਂ ਵਾਲਿਆਂ ਵਿਚੋਂ ਵੀ (ਹੋਰ) ਵੱਡੇ ਭਾਗਾਂ ਵਾਲੇ ਹਨ, ਜਿਹੜੇ ਸਤਿਗੁਰੂ ਕੋਲ ਆਕੇ (ਉਸਨੂੰ) ਮਿਲ ਪਏ ਹਨ।(ਭਾਵ ਸਤਿਗੁਰੂ ਦੇ ਓਟ ਆਸਰੇ ਵਿਚ ਆ ਗਏ ਹਨ)...

ਜਿਨਾ, *(ਜਿਨ੍ਹਾਂ)*	ਸਤਿਗੁਰੁ *(ਸਤਗੁਰ)*	ਪੁਰਖੁ *(ਪੁਰਖ)*	ਨ *(ਨਾਂ)*	ਭੇਟਿਓ,
ਜਿਨ੍ਹਾਂ ਨੇ	ਸਤਿਗੁਰੂ	ਪਰਮਾਤਮਾ	ਨਹੀਂ	ਮਿਲਿਆ, ਪ੍ਰਾਪਤ ਹੋਇਆ

ਸੇ	ਭਾਗਹੀਣ	ਵਸਿ *(ਵਸ)*	ਕਾਲ ॥
ਉਹ	ਬੇਭਾਗੇ	ਵਸ ਵਿਚ	ਮੌਤ

...(ਪਰ) ਜਿਨ੍ਹਾਂ ਨੂੰ ਪਰਮਾਤਮ ਰੂਪ ਸਤਿਗੁਰੂ ਨਹੀਂ ਪ੍ਰਾਪਤ ਹੋਇਆ, ਉਹ ਬਦਕਿਸਮਤ ਮੌਤ ਦੇ ਵਸ ਵਿਚ (ਪਏ ਰਹਿੰਦੇ ਹਨ।)...

ਅੰਕ ੪੦

ਓਇ*(ਓਏ)*	ਫਿਰਿ*(ਫਿਰ)*	ਫਿਰਿ*(ਫਿਰ)*	ਜੋਨਿ*(ਜੋਨ)*	ਭਵਾਈਅਹਿ,*(ਭਵਾਈਅਹਿਂ)*
ਉਹ	ਦੁਬਾਰਾ	ਦੁਬਾਰਾ	ਜੂਨੀਆਂ ਵਿਚ	ਭੁਆਏ ਜਾਂਦੇ ਹਨ

ਵਿਚਿ*(ਵਿਚ)*	ਵਿਸਟਾ*(ਵਿਸ਼ਟਾ)*	ਕਰਿ*(ਕਰ)*	ਵਿਕਰਾਲ॥
ਅੰਦਰ	ਗੰਦਗੀ, ਗੂੰਹ	ਕਰਕੇ	ਬਹੁਤ ਭਿਆਨਕ

...ਉਹ (ਬਦਕਿਸਮਤ) ਫਿਰ ਫਿਰ ਜੂਨੀਆਂ ਵਿਚ ਭੁਆਏ ਜਾਂਦੇ ਹਨ, (ਭਾਵ ਜਨਮ ਮਰਣ ਦੇ ਚੱਕਰ ਵਿਚ ਪਏ ਰਹਿੰਦੇ ਹਨ, ਅਤੇ ਉਨ੍ਹਾਂ ਨੂੰ) ਗੰਦਗੀ ਵਿਚ ਭਿਆਨਕ (ਭਾਵ ਘਿਨਾਉਣੇ ਕੀੜੇ) ਬਣਾਕੇ (ਰਖਿਆ ਜਾਂਦਾ ਹੈ।)...

ਓਨਾ*(ਓਨ੍ਹਾਂ)*	ਪਾਸਿ*(ਪਾਸ)*	ਦੁਆਸਿ*(ਦੁਆਸ)*	ਨ*(ਨਾਂ)*	ਭਿਟੀਐ,
ਉਨ੍ਹਾਂ	ਕੋਲ	ਦੁਆਲੇ	ਨਹੀਂ	ਛੁਹੀਏ, ਢੁਕੀਏ

ਜਿਨ*(ਜਿਨ੍ਹ)*	ਅੰਤਰਿ*(ਅੰਤਰ)*	ਕ੍ਰੋਧੁ*(ਕ੍ਰੋਧ)*	ਚੰਡਾਲ ॥੩॥
ਜਿਨ੍ਹਾਂ	ਅੰਦਰ	ਗੁੱਸਾ	ਦੁਸ਼ਟ

...ਜਿਨ੍ਹਾਂ (ਮਨਮੁੱਖਾਂ ਦੇ) ਅੰਦਰ ਚੰਡਾਲ ਕ੍ਰੋਧ ਵਸਦਾ ਹੈ, ਉਨ੍ਹਾਂ ਦੇ ਆਸ ਪਾਸ (ਭਾਵ ਬਿਲਕੁਲ ਨੇੜੇ ਤੇੜ ਵੀ) ਨਹੀਂ ਆਉਣਾ ਚਾਹੀਦਾ...

ਸਤਿਗੁਰੁ*(ਸਤਗੁਰ)*	ਪੁਰਖੁ*(ਪੁਰਖ)*	ਅੰਮ੍ਰਿਤ	ਸਰੁ,*(ਸਰ)*
ਸਤਿਗੁਰੂ	(ਅਕਾਲ) ਪੁਰਖ	(ਆਤਮਿਕ ਜ਼ਿੰਦਗੀ ਦੇਣ ਵਾਲਾ)	ਸਰੋਵਰ

ਵਡਭਾਗੀ	ਨਾਵਹਿ*(ਨਾਵਹਿਂ)*	ਆਇ ॥
ਵੱਡੇ ਭਾਗਾਂ ਵਾਲੇ	ਨ੍ਹਾਉਂਦੇ, ਇਸ਼ਨਾਨ ਕਰਦੇ	ਆਕੇ

...ਅਕਾਲ ਪੁਰਖ ਦਾ ਰੂਪ ਸਤਿਗੁਰੂ, ਆਤਮਿਕ ਜੀਵਨ ਦੇਣ ਵਾਲਾ ਸਰੋਵਰ ਹੈ, ਜਿਸ ਵਿਚ ਵਡਭਾਗੀ (ਗੁਰਸਿੱਖ) ਆਕੇ ਇਸ਼ਨਾਨ ਕਰਦੇ ਹਨ।(ਭਾਵ ਸਤਿਗੁਰੂ ਦੇ ਉਪਦੇਸ਼ ਰੂਪੀ ਸਰੋਵਰ ਵਿਚ ਚੁੱਭੀਆਂ ਮਾਰਦੇ ਹਨ।)...

ਉਨ*(ਉਨ੍ਹ)*	ਜਨਮ	ਜਨਮ	ਕੀ	ਮੈਲੁ*(ਮੈਲ)*	ਉਤਰੈ,
ਉਨ੍ਹਾਂ	ਜੀਵਨ	ਜੀਵਨ	ਦੀ	ਮਲ, ਗੰਦਗੀ	ਉਤਰ ਜਾਂਦੀ, ਸਾਫ਼ ਹੋ ਜਾਂਦੀ

ਨਿਰਮਲ	ਨਾਮੁ *(ਨਾਮ)*	ਦ੍ਰਿੜਾਇ*(ਦ੍ਰਿੜ੍ਹਾਇ)* ॥
ਪਵਿੱਤਰ	(ਪ੍ਰਭੂ) ਨਾਮ	ਦ੍ਰਿੜ੍ਹ ਕਰਦੇ ਹਨ

...ਜਦੋਂ ਉਹ ਸਤਿਗੁਰੂ ਦੇ ਸਤਿਸੰਗਤ ਰੂਪੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਹਨ, ਤਾਂ (ਸਤਿਗੁਰੂ ਉਨ੍ਹਾਂ ਨੂੰ ਪਰਮਾਤਮਾ ਦਾ) ਨਿਰਮਲ ਨਾਮ ਦ੍ਰਿੜ੍ਹ ਕਰਵਾਉਂਦਾ ਹੈ, ਜਿਸ ਨਾਲ ਉਨ੍ਹਾਂ ਦੇ ਮਨ ਦੀ ਜਨਮਾਂ ਜਨਮਾਂਤਰਾਂ ਦੀ ਗੰਦਗੀ ਸਾਫ਼ ਹੋ ਜਾਂਦੀ ਹੈ।...

ਜਨ	ਨਾਨਕ,	ਉਤਮ	ਪਦੁ*(ਪਦ)*	ਪਾਇਆ,
ਦਾਸ	ਸਤਿਗੁਰੂ ਨਾਨਕ ਦੇਵ ਜੀ	ਸ੍ਰੇਸ਼ਟ	ਪਦਵੀ, ਸਥਾਨ	ਪਾ ਲਿਆ

ਸਤਿਗੁਰ*(ਸਤਗੁਰ)*	ਕੀ	ਲਿਵ	ਲਾਇ॥੪॥੨॥੬੬॥
ਸਤਿਗੁਰੂ	ਦੀ	ਧਿਆਨ	ਲਗਾਕੇ

...ਹੇ! ਦਾਸ ਨਾਨਕ! (ਸਤਿਗੁਰੂ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਵਾਲਿਆਂ ਨੇ), ਸਤਿਗੁਰੂ ਦੇ (ਉਪਦੇਸ਼ ਵਿਚ) ਧਿਆਨ ਜੋੜਕੇ (ਗੁਰਮੁੱਖਾਂ ਵਾਲੀ) ਉੱਤਮ ਪਦਵੀ ਪ੍ਰਾਪਤ ਕਰ ਲਈ ਹੈ।

ਸਿਰੀਰਾਗੁ,*(ਸਿਰੀਰਾਗ)*	ਮਹਲਾ*(ਮਹਿਲਾ)*	੪*(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਗੁਣ	ਗਾਵਾ,*(ਗਾਵਾਂ)*	ਗੁਣ	ਵਿਥਰਾ,*(ਵਿਥਰਾਂ)*
ਚੰਗਿਆਈਆਂ	ਗਾਇਨ ਕਰਾਂ	ਚੰਗਿਆਈਆਂ	ਵਿਸਥਾਰ ਕਰਾਂ

ਗੁਣ	ਬੋਲੀ,*(ਬੋਲੀਂ)*	ਮੇਰੀ	ਮਾਇ॥
ਚੰਗਿਆਈਆਂ	ਕਥਨ ਕਰਾਂ	ਆਪਣੀ	ਮਾਂ

ਹੇ! ਮੇਰੀ ਮਾਂ! (ਮੇਰੀ ਲਾਲਸਾ ਹੈ, ਕਿ ਮੈਂ ਵਾਹਿਗੁਰੂ ਜੀ ਦੀਆਂ) ਚੰਗਿਆਈਆਂ ਦੀ (ਉਸਤਤੀ ਦਾ) ਬਿਆਨ ਕਰਾਂ, ਉਨ੍ਹਾਂ ਦਾ ਗਾਇਨ ਕਰਾਂ, ਅਤੇ ਉਨ੍ਹਾਂ ਦਾ ਵਿਸਥਾਰ ਕਰਾਂ (ਭਾਵ ਲੋਕਾਂ ਨੂੰ ਪ੍ਰਭੂ ਬਾਰੇ ਵਿਸਥਾਰ ਨਾਲ ਸਮਝਾਵਾਂ)...

ਗੁਰਮੁਖਿ*(ਗੁਰਮੁਖ)*	ਸਜਣੁ*(ਸਜਣ)*	ਗੁਣਕਾਰੀਆ,
ਸਤਿਗੁਰੂ ਦੀ ਸਨਮੁੱਖਤਾ ਵਾਲੇ	ਮਿੱਤਰ	ਗੁਣ ਕਰਨ ਵਾਲੇ, ਉਪਕਾਰੀ

ਮਿਲਿ*(ਮਿਲ)*	ਸਜਣ	ਹਰਿ*(ਹਰ)*	ਗੁਣ	ਗਾਇ॥
ਮਿਲ ਕੇ	ਮਿੱਤਰ	ਹਰੀ	ਚੰਗਿਆਈਆਂ	ਗਾਇਨ

...(ਹਾਂ) ਸਤਿਗੁਰੂ ਦੇ ਸਨਮੁੱਖ ਹੋਣ ਵਾਲੇ ਮਿੱਤਰ ਉਪਕਾਰੀ ਹੁੰਦੇ ਹਨ, (ਤੇ ਅਜਿਹੇ) ਮਿੱਤਰਾਂ ਨਾਲ ਮਿਲਕੇ, ਪ੍ਰਭੂ ਦੇ ਗੁਣ ਗਾਇਨ ਕੀਤੇ ਜਾ ਸਕਦੇ ਹਨ, (ਤੇ ਇਵੇਂ ਪ੍ਰਭੂ ਗੁਣ ਗਾਉਣ ਦੀ ਮੇਰੇ ਹਿਰਦੇ ਦੀ ਲਾਲਸਾ ਪੂਰੀ ਹੋ ਸਕਦੀ ਹੈ।...

ਹੀਰੈ	ਹੀਰੁ*(ਹੀਰ)*	ਮਿਲਿ*(ਮਿਲ)*	ਬੇਧਿਆ,
ਹੀਰੇ ਨਾਲ	ਹੀਰਾ	ਮਿਲਕੇ	ਵਿਨ੍ਹਿਆ ਗਿਆ

ਰੰਗਿ*(ਰੰਗ)*	ਚਲੂਲੈ	ਨਾਇ*(ਨਾਇਂ)* ॥੧॥
ਰੰਗ ਵਿਚ	ਗੂੜ੍ਹੇ	(ਪ੍ਰਭੂ) ਨਾਮ ਦੇ

...(ਤੇ ਜਦੋਂ ਮੈਂ ਪਰਉਪਕਾਰੀ ਮਿੱਤਰਾਂ ਨਾਲ ਮਿਲਕੇ ਪ੍ਰਭੂ ਗੁਣਾਂ ਦਾ ਗਾਇਨ ਕੀਤਾ, ਤਾਂ) ਪ੍ਰਭੂ ਦੇ ਸਿਮਰਨ ਰੂਪੀ ਗੂੜ੍ਹੇ ਰੰਗ ਵਿਚ ਰੰਗਿਆ ਗਿਆ, ਤੇ ਜਿਵੇਂ ਹੀਰੇ ਨਾਲ ਹੀਰਾ ਵਿੰਨ੍ਹਿਆ ਜਾਂਦਾ ਹੈ, (ਮੇਰਾ ਹਿਰਦਾ ਵੀ ਨਾਮ ਜਪੰਦੜੇ ਪਰਉਪਕਾਰੀ ਜਿਉੜਿਆਂ ਨਾਲ ਮਿਲਿਕੇ, ਪ੍ਰਭੂ ਨਾਮ ਨਾਲ ਵਿੰਨ੍ਹਿਆ ਗਿਆ।)...

ਮੇਰੇ	**ਗੋਵਿੰਦਾ,**	**ਗੁਣ**	**ਗਾਵਾ** *(ਗਾਵਾਂ)*
ਆਪਣੇ	ਧਰਤੀ ਦਾ ਮਾਲਕ, ਪ੍ਰਭੂ	ਚੰਗਿਆਈਆਂ	ਗਾਇਆ ਕਰਾਂ

ਤ੍ਰਿਪਤਿ *(ਤ੍ਰਿਪਤ)*	**ਮਨਿ** *(ਮਨ)*	**ਹੋਇ॥**
ਸੰਤੁਸ਼ਟ	ਚਿੱਤ	ਹੋ ਜਾਵੇ

...ਹੇ! ਮੇਰੇ! ਵਾਹਿਗੁਰੂ ਜੀਓ, (ਮੈਂ ਤੁਹਾਡੀਆਂ) ਚੰਗਿਆਈਆਂ ਦਾ ਗਾਇਨ ਕਰਦਾ ਰਹਾਂ, (ਜਿਸ ਨਾਲ ਮੇਰਾ) ਹਿਰਦਾ ਤ੍ਰਿਪਤ ਹੋ ਜਾਵੇ।...

ਅੰਤਰਿ *(ਅੰਤਰ)*	**ਪਿਆਸ**	**ਹਰਿ** *(ਹਰ)*	**ਨਾਮ**	**ਕੀ,**
ਅੰਤਹਕਰਣ ਵਿਚ	ਤ੍ਰਿੱਖਾ	ਹਰੀ, ਪ੍ਰਭੂ	(ਪ੍ਰਭੂ) ਨਾਮ	ਦੀ

ਗੁਰੁ *(ਗੁਰ)*	**ਤੁਸਿ** *(ਤੁੱਸ)*	**ਮਿਲਾਵੈ**	**ਸੋਇ ॥੧॥**	**ਰਹਾਉ॥**
ਸਤਿਗੁਰੂ	ਤੁੱਠ ਕੇ, ਪ੍ਰਸੰਨ ਹੋਕੇ	ਮਿਲਾ ਦੇਵੇ	ਉਸ (ਪ੍ਰਭੂ ਨੂੰ)	ਠਹਿਰਾਉ

...(ਮੇਰੇ) ਹਿਰਦੇ ਅੰਦਰ (ਵਾਹਿਗੁਰੂ) ਨਾਮ ਦੀ ਪਿਆਸ (ਲਗੀ ਹੋਈ ਹੈ, ਇਸ ਪਿਆਸ ਕਰਕੇ ਹੀ) ਸਤਿਗੁਰੂ ਪ੍ਰਸੰਨ ਹੋਕੇ ਉਸ ਪਰਮਾਤਮਾ ਨੂੰ ਮਿਲਾ ਦਿੰਦਾ ਹੈ।...

ਮਨੁ *(ਮਨ)*	**ਰੰਗਹੁ**	**ਵਡਭਾਗੀਹੋ,**
ਚਿੱਤ	ਰੰਗ ਲਵੋ	ਵੱਡੇ ਭਾਗਾਂ ਵਾਲਿਓ

ਗੁਰੁ *(ਗੁਰ)*	**ਤੁਠਾ**	**ਕਰੇ**	**ਪਸਾਉ ॥**
ਸਤਿਗੁਰੂ	ਪ੍ਰਸੰਨ ਹੋਇਆ ਹੋਇਆ	ਕਰ ਦੇਵੇ	ਮਿਹਰ ਕਰ ਦੇਵੇ, ਨਦਰ ਕਰ ਦੇਵੇ

...ਹੇ! ਵੱਡੇ ਭਾਗਾਂ ਵਾਲਿਓ! ਚਿੱਤ ਨੂੰ (ਵਾਹਿਗੁਰੂ ਪਿਆਰ ਦੇ ਰੰਗ ਵਿਚ) ਰੰਗ ਲਵੋ, (ਕੀ ਪਤਾ ਪਿਆਰ ਰੰਗ ਵਿਚ) ਪ੍ਰਸੰਨ ਹੋਇਆ ਹੋਇਆ (ਉਹ ਆਪਣੀ) ਮਿਹਰ ਕਰ ਦੇਵੇ।...

ਗੁਰੁ, *(ਗੁਰ)*	**ਨਾਮੁ** *(ਨਾਮ)*	**ਦ੍ਰਿੜਾਏ** *(ਦ੍ਰਿੜਾਇ)*	**ਰੰਗ**	**ਸਿਉ,** *(ਸਿਉਂ)*
ਸਤਿਗੁਰੂ	(ਪ੍ਰਭੂ) ਨਾਮ	ਦ੍ਰਿੜ ਕਰਾ ਦਿੰਦਾ	ਪ੍ਰੇਮ, ਪਿਆਰ	ਨਾਲ

ਅੰਕ ੪੦

ਹਉ *(ਹਉਂ)*	ਸਤਿਗੁਰ	ਕੈ	ਬਲਿ *(ਬਲ)*	ਜਾਉ *(ਜਾਉਂ)*॥	
ਮੈਂ	ਸਤਿਗੁਰੂ	ਦੇ	ਕੁਰਬਾਨ	ਜਾਂਦਾ ਹਾਂ	

...ਪ੍ਰੀਤ ਰੰਗ ਨਾਲ ਸਤਿਗੁਰੂ (ਪ੍ਰਭੂ) ਨਾਮ ਨੂੰ ਦ੍ਰਿੜ੍ਹ ਕਰਾਉਂਦਾ ਹੈ, ਮੈਂ ਸਤਿਗੁਰੂ ਦੇ ਬਲਿਹਾਰ ਜਾਂਦਾ ਹਾਂ।...

ਬਿਨੁ *(ਬਿਨ)*	ਸਤਿਗੁਰ *(ਸਤਗੁਰ)*,	ਹਰਿ *(ਹਰ)*	ਨਾਮੁ *(ਨਾਮ)*	ਨ *(ਨਾਂ)*
ਬਗੈਰ	ਸਤਿਗੁਰੂ	ਹਰੀ, ਪ੍ਰਭੂ	ਨਾਮ, ਸਿਮਰਨ	ਨਹੀਂ

ਲਭਈ,	ਲਖ	ਕੋਟੀ	ਕਰਮ	ਕਮਾਉ *(ਕਮਾਉਂ)* ॥੨॥
ਲੱਭਦਾ, ਪ੍ਰਾਪਤ ਹੁੰਦਾ	ਲੱਖਾਂ	ਕਰੋੜਾਂ	ਕੰਮ, ਧੰਦੇ	ਕਰ ਲਵੋ

...ਭਾਵੇਂ ਲੱਖਾਂ ਕਰੋੜਾਂ ਕਰਮ ਕਮਾ ਲਓ, (ਭਾਵ ਅਧਿਆਤਮਕ ਕਰਮ-ਕਾਂਡ ਕਰ ਲਵੋ, ਪਰ) ਸਤਿਗੁਰੂ ਬਗੈਰ ਵਾਹਿਗੁਰੂ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ।...

ਬਿਨੁ *(ਬਿਨ)*	ਭਾਗਾ *(ਭਾਗਾਂ)*	ਸਤਿਗੁਰੁ *(ਸਤਿਗੁਰ)*	ਨਾ *(ਨਾਂ)*	ਮਿਲੈ,
ਬਿਨਾਂ	ਕਿਸਮਤ ਤੋਂ	ਸਤਿਗੁਰੂ	ਨਹੀਂ	ਮਿਲਦਾ, ਪ੍ਰਾਪਤ ਹੁੰਦਾ

ਘਰਿ *(ਘਰ)*	ਬੈਠਿਆ *(ਬੈਠਿਆਂ)*	ਨਿਕਟਿ *(ਨਿਕਟ)*	ਨਿਤ	ਪਾਸਿ *(ਪਾਸ)* ॥
ਘਰ ਵਿਚ	ਬੈਠੇ ਹੋਇਆਂ	ਨਜ਼ਦੀਕ	ਰੋਜ਼	ਕੋਲ

...(ਪਰ) ਰੋਜ਼ ਹੀ ਬਿਲਕੁਲ ਨਜ਼ਦੀਕ ਤੇ ਪਾਸ, ਹਿਰਦੇ ਘਰ ਵਿਚ ਬੈਠੇ ਹੋਇਆਂ (ਵੀ ਪੂਰਨ) ਸਤਿਗੁਰੂ ਕਿਸਮਤ ਬਿਨਾਂ ਪ੍ਰਾਪਤ ਨਹੀਂ ਹੁੰਦਾ।...

ਅੰਤਰਿ *(ਅੰਤਰ)*	ਅਗਿਆਨ	ਦੁਖੁ *(ਦੁੱਖ)*	ਭਰਮੁ *(ਭਰਮ)*	ਹੈ,
(ਹਿਰਦੇ) ਅੰਦਰ	ਬੇਸਮਝੀ	ਤਕਲੀਫ਼, ਕਲੇਸ਼	ਭੁਲੇਖਾ	ਹੋਣ ਦੀ ਕ੍ਰਿਆ

ਵਿਚਿ *(ਵਿਚ)*	ਪੜਦਾ	ਦੂਰਿ *(ਦੂਰ)*	ਪਈਆਸਿ *(ਪਈਆਸ)*॥
ਵਿਚਕਾਰ	ਪਰਦਾ	ਦੂਰੀ, ਵਿੱਥ	ਪਈ ਹੋਈ ਹੈ

...(ਦਰਅਸਲ ਜੀਵ ਦੇ ਹਿਰਦੇ) ਅੰਦਰ (ਪਰਮਾਤਮ) ਅਗਿਆਨ ਦਾ ਦੁੱਖ ਅਤੇ ਭਰਮ (ਦਾ ਅੰਧਕਾਰ ਪਸਰਿਆ ਹੋਇਆ ਹੈ, ਸੋ ਬੇਸਮਝੀ ਅਤੇ ਭਰਮ ਦਾ) ਵਿਚਕਾਰ ਪੜਦਾ (ਹੋਣ ਕਰਕੇ, ਜੀਵ ਅਤੇ ਪਰਮਾਤਮਾ ਵਿਚਕਾਰ) ਦੂਰੀ ਪਈ ਹੋਈ ਹੈ।...

ਬਿਨੁ *(ਬਿਨ)*	ਸਤਿਗੁਰ	ਛੇਟੇ,	ਕੰਚਨੁ *(ਕੰਚਨ)*	ਨਾ *(ਨਾਂ)*	ਥੀਐ,
ਬਿਨਾਂ	ਸਤਿਗੁਰੂ	ਛੋਹੇ, ਮਿਲੇ	ਸੋਨਾ	ਨਹੀਂ	ਬਣੀਦਾ

ਮਨਮੁਖੁ *(ਮਨਮੁੱਖ)*	**ਲੋਹੁ** *(ਲੋਹ)*	**ਬੂਡਾ,**	**ਬੇੜੀ,**	**ਪਾਸਿ** *(ਪਾਸ)* **॥੩॥**
ਗੁਰੂ ਤੋਂ ਬੇਮੁੱਖ	ਲੋਹਾ	ਡੁੱਬ ਗਿਆ	ਕਿਸ਼ਤੀ	ਕੋਲ

...ਜਿਵੇਂ ਕਿਸ਼ਤੀ ਦੇ ਕੋਲ ਹੁੰਦਿਆਂ ਵੀ ਲੋਹਾ (ਉਸ ਵਿਚ ਨਾ ਚੜ੍ਹਨ ਕਰਕੇ) ਡੁੱਬ ਜਾਂਦਾ ਹੈ, ਇਵੇਂ ਹੀ (ਲੋਹਾ ਰੂਪੀ ਮਨਮੁੱਖ ਪਾਰਸ ਰੂਪੀ ਸਤਿਗੁਰੂ ਨੂੰ) ਛੋਹੇ ਬਗੈਰ (ਗੁਰਮੁੱਖ ਰੂਪੀ) ਸੋਨਾ ਨਹੀਂ ਬਣ ਸਕਦਾ। (ਭਾਵ ਮਨਮੁੱਖ ਲੋਹਾ, ਸਤਿਗੁਰੂ ਦੇ ਨਾਮ ਦੀ ਬੇੜੀ ਕੋਲ ਹੁੰਦਿਆਂ ਵੀ, ਉਸ ਤੇ ਨਾ ਚੜ੍ਹਨ ਕਰਕੇ ਡੁੱਬ ਜਾਂਦਾ ਹੈ)...

ਸਤਿਗੁਰੁ *(ਸਤਿਗੁਰ)*	**ਬੋਹਿਥੁ** *(ਬੋਹਿਥ)*	**ਹਰਿ** *(ਹਰ)*	**ਨਾਵ** *(ਨਾਂਵ)*	**ਹੈ,**
ਸਤਿਗੁਰੂ	(ਗਿਆਨ ਰੂਪੀ) ਜਹਾਜ਼	ਹਰੀ, ਪ੍ਰਭੂ	ਨਾਮ, ਸਿਮਰਨ	ਹੋਣ ਦੀ ਕ੍ਰਿਆ

ਕਿਤੁ *(ਕਿਤ)*	**ਬਿਧਿ** *(ਬਿਧ)*	**ਚੜਿਆ** *(ਚੜ੍ਹਿਆ)*	**ਜਾਇ॥**
ਕਿਹੜੀ	ਬਿਧੀ ਦੁਆਰਾ, ਤਰੀਕੇ ਰਾਹੀਂ	ਸਵਾਰ ਹੋਇਆ	ਜਾਵੇ

...ਸਤਿਗੁਰੂ (ਸੰਸਾਰ ਸਾਗਰ ਤੋਂ ਪਾਰ ਲੰਘਾਉਣ ਵਾਲਾ) ਪ੍ਰਭੂ ਨਾਮ ਦਾ ਜਹਾਜ਼ ਹੈ, (ਉਸ ਉੱਤੇ) ਕਿਹੜੇ ਤਰੀਕੇ ਨਾਲ ਸਵਾਰ ਹੋਇਆ ਜਾ ਸਕਦਾ ਹੈ?...

ਸਤਿਗੁਰ *(ਸਤਗੁਰ)*	**ਕੈ**	**ਭਾਣੈ**	**ਜੋ**	**ਚਲੈ,**
ਸਤਿਗੁਰੂ	ਦੇ	ਭਾਣੇ ਵਿਚ, ਹੁਕਮ ਵਿਚ	ਜਿਹੜਾ	ਤੁਰਦਾ ਹੈ

ਵਿਚਿ *(ਵਿਚ)*	**ਬੋਹਿਥ**	**ਬੈਠਾ**	**ਆਇ॥**
ਅੰਦਰ	ਜਹਾਜ਼	ਬੈਠ ਜਾਂਦਾ	ਆਕੇ

...(ਹਾਂ ਤਰੀਕਾ ਹੈ), ਸਤਿਗੁਰੂ ਦੇ ਹੁਕਮ (ਭਾਵ ਉਪਦੇਸ਼ ਵਿਚ) ਜੋ ਵੀ ਚਲਦਾ ਹੈ, (ਅਥਵਾ ਆਪਣੀ ਜ਼ਿੰਦਗੀ ਬਤੀਤ ਕਰਦਾ ਹੈ, ਉਹ ਸਤਿਗੁਰੂ ਦੇ ਨਾਮ ਰੂਪੀ) ਜਹਾਜ਼ ਵਿਚ ਆਕੇ ਬੈਠ ਜਾਂਦਾ ਹੈ।...

ਧੰਨੁ *(ਧੰਨ)*	**ਧੰਨੁ** *(ਧੰਨ)*	**ਵਡਭਾਗੀ**	**ਨਾਨਕਾ,**
ਸ਼ਲਾਘਾ ਯੋਗ ਹਨ	ਸ਼ਲਾਘਾ ਯੋਗ ਹਨ	ਵੱਡਿਆਂ ਭਾਗਾਂ ਵਾਲੇ	ਹੇ! ਨਾਨਕ!

ਜਿਨਾ *(ਜਿਨ੍ਹਾਂ)*	**ਸਤਿਗੁਰੁ** *(ਸਤਗੁਰ)*	**ਲਏ**	**ਮਿਲਾਇ ॥੪॥੩॥੬੭॥**
ਜਿਨ੍ਹਾਂ	ਸਤਿਗੁਰੂ	ਲੈਂਦਾ ਹੈ	ਮਿਲਾ, ਅਭੇਦ

...ਹੇ! ਨਾਨਕ! (ਨਾਮ ਰੂਪੀ ਜਹਾਜ਼ ਵਿਚ ਸਵਾਰ ਗੁਰਸਿੱਖ ਜਿਊੜੇ) ਵੱਡਿਆਂ ਭਾਗਾਂ ਵਾਲੇ, ਅਤੇ ਧੰਨ ਹਨ। ਧੰਨ ਹਨ, ਜਿਨ੍ਹਾਂ ਨੂੰ ਸਤਿਗੁਰੂ ਆਪਣੇ ਨਾਲ ਅਭੇਦ ਕਰ ਲੈਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੪** *(ਚੌਥਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਅੰਕ ੪੧

ਹਉ*(ਹਉਂ)*	ਪੰਥੁ*(ਪੰਥ)*	ਦਸਾਈ,*(ਦਸਾਈਂ)*	ਨਿਤ	ਖੜੀ,
ਮੈਂ	ਪੰਧ, ਰਸਤਾ	ਪੁਛਦੀ	ਰੋਜ਼	ਖੜਕੇ
ਕੋਈ	ਪ੍ਰਭੁ *(ਪ੍ਰਭ)*	ਦਸੇ,	ਤਿਨਿ*(ਤਿਨ੍ਹ)*	ਜਾਉ *(ਜਾਉਂ)* ॥
ਕੋਈ ਜਣਾਂ	ਪਰਮਾਤਮਾ	ਜਾਣਕਾਰੀ ਦੇਵੇ	ਉਨ੍ਹਾਂ ਕੋਲ	ਜਾਵਾਂ

...ਮੈਂ ਰੋਜ਼ ਖਲੋਕੇ (ਪ੍ਰੀਤਮ ਦੇ ਦੇਸ਼ ਦਾ) ਰਾਹ ਪੁੱਛਦੀ ਹਾਂ, ਕੋਈ (ਮੈਨੂੰ) ਪਿਆਰੇ ਦੇ (ਦੇਸ਼ ਬਾਰੇ) ਦੱਸੇ, (ਮੈਂ) ਉਸ ਕੋਲ ਜਾਕੇ (ਸਭ ਕੁਝ ਪੁੱਛਾਂ)...

ਜਿਨੀ,*(ਜਿਨ੍ਹੀਂ)*	ਮੇਰਾ	ਪਿਆਰਾ	ਰਾਵਿਆ,
ਜਿਸਨੇ	ਆਪਣਾ	ਸਾਹਿਬ	ਮਾਣਿਆਂ
ਤਿਨ*(ਤਿਨ੍ਹ)*	ਪੀਛੈ	ਲਾਗਿ*(ਲਾਗ)*	ਫਿਰਾਉ*(ਫਿਰਾਉਂ)* ॥
ਉਸਦੇ	ਪਿਛੇ	ਲਗੀ	ਫਿਰਦੀ ਹਾਂ

...ਮੈਂ ਉਨ੍ਹਾਂ ਦੇ ਪਿਛੇ ਲਗੀ ਫਿਰਦੀ ਹਾਂ, ਜਿਨ੍ਹਾਂ ਨੇ ਮੇਰੇ ਸਾਹਿਬ ਨੂੰ ਮਾਣਿਆਂ ਹੈ।...

ਕਰਿ*(ਕਰ)*	ਮਿੰਨਤਿ,*(ਮਿੰਨਤ)*	ਕਰਿ*(ਕਰ)*		ਜੋਦੜੀ,
ਕਰਕੇ	ਤਰਲੇ	ਕਰਕੇ		ਬੇਨਤੀਆਂ
ਮੈ*(ਮੈਂ)*	ਪ੍ਰਭੁ*(ਪ੍ਰਭ)*	ਮਿਲਣੈ	ਕਾ	ਚਾਉ ॥੧॥
ਮੈਨੂੰ	ਪਰਮਾਤਮਾ	ਮਿਲਣ	ਦਾ	ਉਮੰਗ, ਰੀਝ

...(ਉਨ੍ਹਾਂ ਨੂੰ) ਤਰਲੇ, ਬੇਨਤੀਆਂ ਕਰ ਕਰ ਕੇ (ਦਸਦੀ ਹਾਂ, ਕਿ) ਮੈਨੂੰ ਵੀ ਪ੍ਰੀਤਮ ਨੂੰ ਮਿਲਣ ਦੀ ਰੀਝ ਹੈ।...

ਮੇਰੇ	ਭਾਈ	ਜਨਾ*(ਜਨਾਂ)*,	ਕੋਈ	ਮੋ	ਕਉ,*(ਕੌ)*
ਆਪਣੇ	ਵੀਰੋ	ਸਮੂਹ (ਸੰਗੀਓ)	ਕੋਈ ਇਕ	ਮੈਂ	ਨੂੰ
ਹਰਿ*(ਹਰ)*	ਪ੍ਰਭੁ*(ਪ੍ਰਭ)*	ਮੇਲਿ*(ਮੇਲ)*	ਮਿਲਾਇ*(ਮਿਲਾਏ)* ॥		
ਹਰੀ	ਪਰਮਾਤਮਾ	ਮਿਲਾਪ	ਮਿਲਾ ਦਿਓ, ਲੀਨ ਕਰ ਦਿਓ		

ਹੇ! ਮੇਰੇ (ਸਤਸੰਗੀ) ਭਾਈ ਜਨੋਂ, ਕੋਈ ਮੈਨੂੰ (ਮੇਰੇ) ਹਰੀ ਪਰਮਾਤਮਾ ਦੇ ਮਿਲਾਪ ਵਿਚ ਲੀਨ ਕਰ ਦਿਓ।.

ਹਉ*(ਹਉਂ)*	ਸਤਿਗੁਰ*(ਸਤਗੁਰ)*	ਵਿਟਹੁ *(ਵਿਟਹੁ)*	ਵਾਰਿਆ,
ਮੈਂ	ਸੱਚੇ ਗੁਰੂ	ਤੋਂ, ਉੱਤੋਂ	ਕੁਰਬਾਨ, ਬਲਿਹਾਰ

ਜਿਨਿ*(ਜਿਨ੍ਹ)*	ਹਰਿ*(ਹਰ)*	ਪ੍ਰਭੁ *(ਪ੍ਰਭ)*	ਦੀਆ	ਦਿਖਾਇ*(ਦਿਖਾਇ)* ॥੧॥	ਰਹਾਉ ॥
ਜਿਸਨੇ	ਹਰੀ	ਪਰਮਾਤਮਾ	ਦਿੱਤਾ	ਵਿਖਾ	ਠਹਿਰਾਉ

...ਮੈਂ ਆਪਣੇ ਸਤਿਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸਨੇ (ਮੈਨੂੰ) ਹਰੀ ਪਰਮਾਤਮਾ ਦੇ ਦਰਸ਼ਨ ਕਰਵਾ ਦਿੱਤੇ ਹਨ।....

ਹੋਇ	ਨਿਮਾਣੀ	ਢਹਿ	ਪਵਾ,*(ਪਵਾਂ)*
ਹੋਕੇ	ਅਭਿਮਾਨ ਰਹਿਤ	ਗਿਰ	ਜਾਵਾਂ
ਪੂਰੇ	ਸਤਿਗੁਰ	ਪਾਸਿ*(ਪਾਸ)* ॥	
ਪੂਰਨ	ਸੱਚੇ ਗੁਰੂ	ਕੋਲ	

...(ਮੇਰਾ ਜੀਅ ਕਰਦਾ ਹੈ, ਮੈਂ ਪ੍ਰਭੂ ਮਿਲਾਪ ਲਈ) ਨਿਮਾਣੀ ਹੋਕੇ, ਪੂਰੇ ਸਤਿਗੁਰੂ ਦੇ ਚਰਨਾਂ ਤੇ ਡਿਗ ਪਵਾਂ।...

ਨਿਮਾਣਿਆ,*(ਨਿਮਾਣਿਆਂ)*	ਗੁਰੁ*(ਗੁਰ)*	ਮਾਣੁ*(ਮਾਣ)*	ਹੈ,
ਜਿਸ ਦਾ ਕੋਈ ਮਾਣ ਨਾ ਕਰੇ	ਸਤਿਗੁਰੂ	ਆਸਰਾ, ਸਹਾਰਾ	ਹੋਣ ਦੀ ਕ੍ਰਿਆ
ਗੁਰੁ*(ਗੁਰ)*	ਸਤਿਗੁਰੁ*(ਸਤਿਗੁਰ)*	ਕਰੇ	ਸਾਬਾਸਿ*(ਸ਼ਾਬਾਸ਼)* ॥
ਗੁਰੂ	ਸੱਚਾ ਗੁਰੂ	ਕਰਦਾ ਹੈ	ਥਾਪੜਾ, ਅਸੀਸ

...ਨਿਮਾਣਿਆਂ ਦਾ ਓਟ, ਆਸਰਾ ਸਤਿਗੁਰੂ ਹੈ, (ਇਸ ਲਈ) ਗੁਰ-ਸਤਿਗੁਰੂ (ਮੈਨੂੰ) ਥਾਪੜਾ ਬਖਸ਼ਦਾ ਹੈ, ਅਸੀਸਾਂ ਦਿੰਦਾ ਹੈ।...

ਹਉ*(ਹਉਂ)*	ਗੁਰੁ*(ਗੁਰ)*	ਸਾਲਾਹਿ*(ਸਾਲਾਹ)*	ਨ*(ਨਾਂ)*	ਰਜਊ,*(ਰਜਊਂ)*
ਮੈਂ	ਸਤਿਗੁਰੂ	ਸਿਫ਼ਤ, ਸਲਾਹ	ਨਹੀਂ	ਰੱਜਦਾ, ਤ੍ਰਿਪਤ ਹੁੰਦਾ
ਮੈ ਮੇਲੇ		ਹਰਿ*(ਹਰ)*	ਪ੍ਰਭੁ*(ਪ੍ਰਭ)*	ਪਾਸਿ*(ਪਾਸ)* ॥੨॥
ਮੈਨੂੰ ਮੇਲੇ ਦੇਵੇ		ਹਰੀ	ਪ੍ਰਭੂ	ਕੋਲ, ਪਾਸ ਹੀ

...ਮੈਂ ਸਤਿਗੁਰੂ ਦੀ ਸਿਫ਼ਤ ਸਲਾਹ ਕਰਦੀ ਨਹੀਂ ਰੱਜਦੀ, (ਉਹ) ਮੈਨੂੰ (ਮੇਰੇ) ਕੋਲ ਹੀ (ਵੱਸਦੇ) ਹਰੀ ਪ੍ਰਭੂ ਨਾਲ ਮਿਲਾ ਦਿੰਦੇ ਹਨ।...

ਸਤਿਗੁਰ*(ਸਤਗੁਰ)*	ਨੋ	ਸਭ	ਕੋ	ਲੋਚਦਾ,
ਸੱਚੇ ਗੁਰੂ	ਨੂੰ	ਹਰ	ਕੋਈ	ਚਾਹੁੰਦੇ, ਤਾਂਘਦੇ

ਅੰਕ ੪੧

ਜੇਤਾ	ਜਗਤੁ (ਜਗਤ)	ਸਭੁ (ਸਭ)	ਕੋਇ ॥
ਜਿਤਨਾ ਵੀ	ਸੰਸਾਰ	ਸਾਰਾ	ਕੋਈ

...ਜਿਤਨਾ ਕੋਈ ਵੀ ਸਾਰਾ ਸੰਸਾਰ ਹੈ, ਸਭ ਸਤਿਗੁਰੂ ਦੇ (ਮਿਲਾਪ ਲਈ) ਤਾਂਘਦਾ ਹੈ।...

ਬਿਨੁ (ਬਿਨ)	ਭਾਗਾ (ਭਾਗਾਂ)	ਦਰਸਨੁ (ਦਰਸ਼ਨ)	ਨਾ (ਨਾਂ)	ਥੀਐ,
ਬਿਨਾਂ	ਕਿਸਮਤ, ਨਸੀਬਾਂ	ਦੀਦਾਰ	ਨਹੀਂ	ਹੁੰਦਾ

ਭਾਗਹੀਣ	ਬਹਿ	ਰੋਇ ॥
ਬਦਕਿਸਮਤ	ਬੈਠਕੇ	ਰੋਂਦੇ ਹਨ

...ਬਿਨਾਂ ਕਿਸਮਤ ਤੋਂ (ਸਤਿਗੁਰੂ ਦੇ) ਦੀਦਾਰ ਨਹੀਂ ਹੁੰਦੇ, ਬਦਕਿਸਮਤ (ਜੀਵ) ਬੈਠਕੇ ਵਿਰਲਾਪ ਕਰਦੇ ਰਹਿੰਦੇ ਹਨ।...

ਜੋ	ਹਰਿ (ਹਰ)	ਪ੍ਰਭ	ਭਾਣਾ	ਸੋ	ਥੀਆ,
ਜਿਹੜਾ	ਹਰੀ	ਪਰਮਾਤਮਾ	ਰਜ਼ਾ, ਹੁਕਮ	ਉਹ	ਹੁੰਦਾ ਹੈ

ਧੁਰਿ (ਧੁਰ)	ਲਿਖਿਆ,	ਨ (ਨਾਂ)	ਮੇਟੈ	ਕੋਇ ॥੩॥
ਧੁਰ ਦਰਗਾਹੋਂ	ਅੰਕਿਤ	ਨਹੀਂ	ਮਿਟਾ	ਕੋਈ

...ਧੁਰ ਦਰਗਾਹੋਂ ਜੋ ਹਰੀ ਪਰਮਾਤਮਾ ਦੀ ਰਜ਼ਾ ਲਿਖੀ ਹੁੰਦੀ ਹੈ, ਉਹੀ ਵਾਪਰਦੀ ਹੈ, ਉਸਨੂੰ ਕੋਈ ਮੇਟ ਨਹੀਂ ਸਕਦਾ।...

ਆਪੇ	ਸਤਿਗੁਰੁ, (ਸਤਗੁਰ)	ਆਪਿ (ਆਪ)	ਹਰਿ, (ਹਰ)
ਆਪ ਹੀ	ਸਚਾ ਗੁਰੂ	ਆਪ ਹੀ	ਪਰਮਾਤਮਾ

ਆਪੇ	ਮੇਲਿ (ਮੇਲ)	ਮਿਲਾਇ ॥
ਆਪ ਹੀ	ਮਿਲਾਪ ਵਿਚ	ਮਿਲਾਉਂਦਾ, ਲੀਨ ਕਰ ਦਿੰਦਾ ਹੈ

...(ਉਹ ਪਰਮ ਸ਼ਕਤੀ) ਆਪ ਹੀ ਸਤਿਗੁਰੂ ਹੈ, ਆਪ ਹੀ ਪਰਮਾਤਮਾ ਹੈ, ਅਤੇ ਆਪ ਹੀ (ਆਪਣੇ ਨਾਲ) ਮਿਲਾਪ ਵਿਚ ਅਭੇਦ ਕਰ ਦਿੰਦੀ ਹੈ।...

ਆਪਿ (ਆਪ)	ਦਇਆ	ਕਰਿ (ਕਰ)	ਮੇਲਸੀ,
ਆਪ ਹੀ	ਮਿਹਰ	ਕਰਕੇ	ਮੇਲ ਲਵੇਗਾ

ਗੁਰ	ਸਤਿਗੁਰ *(ਸਤਗੁਰ)*	ਪੀਛੈ	ਪਾਇ॥
ਗੁਰੂ	ਸੱਚਾ ਗੁਰੂ	ਪਿਛੇ, ਲੜ ਲਾਕੇ	ਪਾਕੇ, ਲਗਾ ਕੇ

...(ਵਾਹਿਗੁਰੂ) ਆਪ ਹੀ (ਆਪਣੀ) ਮਿਹਰ ਰਾਹੀਂ, ਗੁਰੂ-ਸਤਿਗੁਰੂ ਦੇ ਲੜ ਲਾਕੇ (ਆਪਣੇ ਵਿਚ) ਲੀਨ ਕਰ ਲਵੇਗਾ।...

ਸਭੁ *(ਸਭ)*	ਜਗਜੀਵਨੁ, *(ਜਗਜੀਵਨ)*	ਜਗਿ *(ਜਗ)*	ਆਪਿ *(ਆਪ)*	ਹੈ,
ਸਾਰਾ	ਸੰਸਾਰ ਦੀ ਜ਼ਿੰਦਗੀ/ਧੜਕਣ	ਸੰਸਾਰ ਵਿਚ	ਆਪ ਹੀ	ਹੋਣ ਦੀ ਕ੍ਰਿਆ

ਨਾਨਕ,	ਜਲੁ *(ਜਲ)*	ਜਲਹਿ *(ਜਲਹਿੰ)*	ਸਮਾਇ॥੪॥੪॥੬੮॥
ਹੇ! ਨਾਨਕ!	ਪਾਣੀ	ਪਾਣੀ ਵਿਚ	ਲੀਨ ਹੋ ਜਾਂਦਾ ਹੈ

....ਹੇ! ਨਾਨਕ! ਸੰਸਾਰ ਨੂੰ ਜ਼ਿੰਦਗੀ ਦੇਣ ਵਾਲਾ (ਪਰਮਾਤਮਾ), ਸਾਰੀ ਸ੍ਰਿਸ਼ਟੀ ਵਿਚ ਆਪ ਹੀ (ਰਮਿਆ ਹੋਇਆ) ਹੈ, ਜਿਵੇਂ ਜਲ ਵਿਚ ਜਲ (ਦੀਆਂ ਲਹਿਰਾਂ) ਲੀਨ ਹੁੰਦੀਆਂ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਰਸੁ (ਰਸ)	ਅੰਮ੍ਰਿਤੁ *(ਅੰਮ੍ਰਿਤ)*	ਨਾਮੁ, *(ਨਾਮ)*	ਰਸੁ *(ਰਸ)*	ਅਤਿ *(ਅਤ)*	ਭਲਾ,
ਸੁਆਦ	ਅਮਰ ਕਰ ਦੇਣ ਵਾਲੇ	ਬੰਦਗੀ	ਸੁਆਦ	ਅਤਿਅੰਤ	ਸ੍ਰੇਸ਼ਟ

ਕਿਤੁ *(ਕਿਤੋਂ)*	ਬਿਧਿ *(ਬਿਧ)*	ਮਿਲੈ	ਰਸੁ *(ਰਸ)*	ਖਾਇ॥
ਕਿਸ	ਤਰੀਕੇ ਰਾਹੀਂ	ਮਿਲਕੇ	ਸੁਆਦ	ਖਾਕੇ

...ਅਮਰ ਕਰ ਦੇਣ ਵਾਲੀ ਪ੍ਰਭੂ ਬੰਦਗੀ ਦਾ ਸੁਆਦ ਅਤਿਅੰਤ ਸ੍ਰੇਸ਼ਟ ਹੈ, (ਇਹ ਰਸ) ਕਿਵੇਂ ਪ੍ਰਾਪਤ ਹੋਵੇ, ਤਾਂ ਜੋ (ਇਸ ਨੂੰ) ਛਕੀਏ?...

ਜਾਇ	ਪੂਛਹੁ *(ਪੁਛੋ)*	ਸੋਹਾਗਣੀ, *(ਸੋਹਾਗਣੀਂ)*
ਜਾਕੇ	ਪੁਛੋ, ਪਤਾ ਕਰੋ	ਸੋਹਾਗਵੰਤੀਆਂ ਨੂੰ

ਤੁਸਾ *(ਤੁਸਾਂ)*	ਕਿਉ *(ਕਿਉਂ)*	ਕਰਿ *(ਕਰ)*	ਮਿਲਿਆ	ਪ੍ਰਭੁ *(ਪ੍ਰਭ)*	ਆਇ ॥
ਤੁਹਾਨੂੰ	ਕੀ	ਕਰਕੇ	ਪ੍ਰਾਪਤ ਹੋਇਆ	ਪਰਮਾਤਮਾ	ਆਣ ਕੇ

...(ਤੁਸੀਂ) ਸੋਹਾਗਵੰਤੀਆਂ ਕੋਲੋਂ ਜਾਕੇ ਪਤਾ ਕਰੋ, ਕਿ ਤੁਹਾਨੂੰ ਕਿਹੜੀ (ਘਾਲ-ਕਮਾਈ) ਕਰਕੇ (ਨਾਮ-ਰਸ) ਪ੍ਰਭੂ ਆਕੇ ਮਿਲਿਆ ਹੈ?...

ਓਇ	ਵੇਪਰਵਾਹ,	ਨ*(ਨਾਂ)*	ਬੋਲਨੀ,*(ਬੋਲਨੀਂ)*
ਉਹ	ਬੇਫ਼ਿਕਰ,ਨਿਸੰਗ	ਨਹੀਂ	ਬੋਲਦੀਆਂ

ਹਉ*(ਹਉਂ)*	ਮਲਿ*(ਮਲ)*	ਮਲਿ*(ਮਲ)*	ਧੋਵਾ*(ਧੋਵਾਂ)*	ਤਿਨ*(ਤਿਨ੍ਹ)*	ਪਾਇ॥੧॥
ਮੈਂ	ਮਲ ਕੇ	ਮਲ ਕੇ	ਧੋਂਦੀ ਹਾਂ	ਉਨ੍ਹਾਂ ਦੇ	ਪੈਰ

...ਉਹ (ਪ੍ਰਭੂ-ਮਸਤੀ ਵਿਚ) ਵੇਪਰਵਾਹ (ਸੋਹਾਗਣਾਂ, ਕੁਝ) ਬੋਲਦੀਆਂ ਹੀ ਨਹੀਂ, ਮੈਂ ਤਾਂ ਉਨ੍ਹਾਂ ਦੇ ਚਰਨ ਵੀ ਮਲ ਮਲ ਕੇ ਧੋਂਦੀ ਹਾਂ (ਕਿ ਸ਼ਾਇਦ ਪ੍ਰੀਤਮ ਬਾਰੇ ਕੁਝ ਦਸ ਦੇਣ)...

ਭਾਈ	ਰੇ,
ਭਰਾ	ਹੇ

ਮਿਲਿ*(ਮਿਲ)*	ਸਜਣ*(ਸੱਜਣ)*	ਹਰਿ*(ਹਰ)*	ਗੁਣ	ਸਾਰਿ*(ਸਾਰ)* ॥
ਮਿਲਕੇ	ਦੋਸਤ, ਮਿਤਰ	ਹਰੀ	ਚੰਗਿਆਈਆਂ	ਯਾਦ ਕਰ

...ਹੇ! ਭਾਈ, ਮਿੱਤਰ (ਪ੍ਰਭੂ ਨੂੰ) ਮਿਲਕੇ ਹਰੀ ਦੀਆਂ ਚੰਗਿਆਈਆਂ ਨੂੰ ਯਾਦ ਕਰ।...

ਸਜਣੁ *(ਸੱਜਣ)*	ਸਤਿਗੁਰੁ*(ਸਤਗੁਰ)*	ਪੁਰਖੁ*(ਪੁਰਖ)*	ਹੈ,
ਮਿੱਤਰ	ਸੱਚਾ ਗੁਰੂ	ਪੁਰਸ਼	ਹੋਣ ਦੀ ਕ੍ਰਿਆ

ਦੁਖੁ*(ਦੁੱਖ)*	ਕਢੈ	ਹਉਮੈ	ਮਾਰਿ*(ਮਾਰ)* ॥੧॥	ਰਹਾਉ ॥
ਤਕਲੀਫ਼, ਕਸ਼ਟ	ਕੱਢ ਦਿੰਦਾ ਹੈ	ਹੰਕਾਰ	ਮਾਰ ਕੇ	ਠਹਿਰਾਉ

...ਮਿੱਤਰ-ਸਤਿਗੁਰੂ ਹੀ (ਉਹ) ਪੁਰਸ਼ ਹੈ, (ਜੋ) ਹਉਮੈ ਦੇ ਦੁੱਖ ਨੂੰ ਮਾਰ ਕੇ (ਹਿਰਦੇ ਵਿਚੋਂ) ਕੱਢ ਦਿੰਦਾ ਹੈ।...

ਗੁਰਮੁਖੀਆ*(ਗੁਰਮੁਖੀਆਂ)*	ਸੋਹਾਗਣੀ,
ਸਤਿਗੁਰੂ ਦੇ ਸਨਮੁੱਖ ਹੋਣ ਵਾਲੀਆਂ	ਸੋਹਾਗਵੰਤੀਆਂ ਹਨ

ਤਿਨ*(ਤਿਨ੍ਹ)*	ਦਇਆ	ਪਈ,	ਮਨਿ*(ਮਨ)*	ਆਇ॥
ਉਨ੍ਹਾਂ	ਮਿਹਰ	ਪੈ ਗਈ	ਚਿੱਤ ਵਿਚ	ਆਣ ਕੇ

...ਉਨ੍ਹਾਂ ਸਤਿਗੁਰੂ ਦੇ ਸਨਮੁੱਖ ਹੋਣ ਵਾਲੀਆਂ ਸੋਹਾਗਵੰਤੀਆਂ ਦੇ ਮਨ ਵਿਚ, (ਮੇਰੇ ਤਰਲਿਆਂ ਕਰਕੇ) ਮਿਹਰ ਪੈ ਗਈ ਸੀ।...

ਸਤਿਗੁਰ *(ਸਤਗੁਰ)*	ਵਚਨੁ *(ਵਚਨ)*	ਰਤੰਨੁ *(ਰਤੰਨ)*	ਹੈ,
ਸੱਤ ਸਰੂਪ ਗੁਰੂ	ਬਚਨ, ਬੋਲ	ਮਾਣਕ	ਹੋਣ ਦੀ ਕ੍ਰਿਆ

ਜੋ	ਮੰਨੇ,	ਸੁ *(ਸੋ)*	ਹਰਿ *(ਹਰ)*	ਰਸੁ *(ਰਸ)*	ਖਾਇ॥
ਜਿਹੜਾ	ਮੰਨਦਾ ਹੈ	ਉਹ	ਪਰਮਾਤਮ	ਸੁਆਦ	ਚੱਖਦਾ ਹੈ

...(ਅਤੇ ਫਿਰ ਉਨ੍ਹਾਂ ਸੋਹਾਗਣਾਂ ਨੇ ਦੱਸਿਆ, ਕਿ) ਸਤਿਗੁਰੂ ਦੇ ਬਚਨ ਮਾਣਕ-ਮੋਤੀਆਂ (ਵਾਂਗ ਬੇਮੁੱਲੇ) ਹਨ, ਜੋ (ਉਨ੍ਹਾਂ ਨੂੰ) ਪਰਵਾਨ ਕਰਦਾ ਹੈ, ਉਹ (ਅੰਮ੍ਰਿਤਮਈ) ਹਰੀ-ਰਸ ਨੂੰ ਚੱਖਦਾ ਹੈ।...

ਸੇ	ਵਡਭਾਗੀ,	ਵਡ	ਜਾਣੀਅਹਿ, *(ਜਾਣੀਅਹਿੰ)*
ਉਨ੍ਹਾਂ	ਵੱਡਿਆਂ ਭਾਗਾਂ ਵਾਲੇ	ਵੱਡੇ, ਮਹਾਨ	ਜਾਣਨਾ/ਸਮਝਣਾ ਚਾਹੀਦਾ ਹੈ

ਜਿਨ *(ਜਿਨ੍ਹ)*	ਹਰਿ *(ਹਰ)*	ਰਸੁ *(ਰਸ)*	ਖਾਧਾ,	ਗੁਰ	ਭਾਇ॥੨॥
ਜਿਨ੍ਹਾਂ	ਪ੍ਰਭੂ	ਸੁਆਦ	ਚਖਿਆ	ਸਤਿਗੁਰੂ	ਪ੍ਰੀਤ ਰਾਹੀਂ

...ਜਿਨ੍ਹਾਂ ਨੇ ਸਤਿਗੁਰੂ-ਪ੍ਰੀਤ ਰਾਹੀਂ, ਪ੍ਰਭੂ ਨਾਮ-ਰਸ ਨੂੰ ਚਖਿਆ ਹੈ, ਉਨ੍ਹਾਂ ਨੂੰ ਮਹਾਨ ਕਿਸਮਤ ਵਾਲੇ ਸਮਝਣਾ ਚਾਹੀਦਾ ਹੈ।...

ਇਹੁ *(ਇਹ)*	ਹਰਿ *(ਹਰ)*	ਰਸੁ, *(ਰਸ)*	ਵਣਿ *(ਵਣ)*	ਤਿਣਿ *(ਤਿਣ)*	ਸਭਤੁ *(ਸਭਤ)*
ਵਸਤੂ ਸੰਬੋਧਕ	ਪ੍ਰਭੂ	ਸੁਆਦ	ਜੰਗਲ	ਤ੍ਰਿਣ, ਤੀਲ੍ਹੇ	ਸਾਰਿਆਂ

ਹੈ,	ਭਾਗਹੀਣ	ਨਹੀ *(ਨਹੀਂ)*	ਖਾਇ॥
ਹੋਣ ਦੀ ਕ੍ਰਿਆ	ਬਦਕਿਸਮਤ	ਨਹੀਂ	ਖਾਂਦੇ, ਭਾਵ ਮਾਣਦੇ

...ਇਹ ਹਰੀ-ਅਨੰਦ, ਸਭ ਵਣ-ਤ੍ਰਿਣ (ਭਾਵ ਹਰ ਛੋਟੀ ਵੱਡੀ ਵਸਤੂ ਵਿਚ ਵਿਦਮਾਨ) ਹੈ, (ਪਰ) ਬਦਕਿਸਮਤ ਇਸਨੂੰ ਨਹੀਂ ਮਾਣਦੇ।...

ਬਿਨੁ *(ਬਿਨ)*	ਸਤਿਗੁਰ, *(ਸਤਗੁਰ)*	ਪਲੈ	ਨਾ *(ਨਾਂ)*	ਪਵੈ,
ਬਿਨਾਂ	ਸੱਚੇ ਗੁਰੂ ਤੋਂ	ਝੋਲੀ ਵਿਚ	ਨਹੀਂ	ਪੈਂਦਾ

ਮਨਮੁਖ *(ਮਨਮੁਖ)*	ਰਹੇ	ਬਿਲਲਾਇ॥
ਮਨ ਦੇ ਮਗਰ ਲਗਣ ਵਾਲੇ	ਰਹਿੰਦੇ ਹਨ	ਵਿਲਕਦੇ ਰਹਿਣ

...ਸਤਿਗੁਰੂ (ਦੀ ਸਨਮੁੱਖਤਾ ਤੋਂ) ਬਿਨਾਂ, (ਨਾਮ-ਰਸ) ਝੋਲੀ ਵਿਚ ਨਹੀਂ ਪੈਂਦਾ, (ਭਾਵੇਂ) ਮਨਮੁੱਖ (ਜਿਤਨਾ ਮਰਜ਼ੀ) ਬਿਲਲਾਉਂਦੇ ਰਹਿਣ।...

ਅੰਕ ੪੧

ਓਇ,	ਸਤਿਗੁਰ *(ਸਤਗੁਰ)*	ਆਗੈ	ਨਾ *(ਨਾਂ)*	ਨਿਵਹਿ, *(ਨਿਵਹਿਂ)*
ਉਹ(ਮਨਮੁੱਖ)	ਸੱਚੇ ਗੁਰੂ	ਸਾਹਮਣੇ	ਨਹੀਂ	ਝੁੱਕਦੇ

ਓਨਾ *(ਓਨ੍ਹਾਂ)*	ਅੰਤਰਿ, *(ਅੰਤਰ)*	ਕ੍ਰੋਧੁ *(ਕ੍ਰੋਧ)*	ਬਲਾਇ॥੩॥
ਉਨ੍ਹਾਂ	ਅੰਦਰ	ਗੁੱਸਾ	ਭੂਤ, ਬਲਾ

...ਉਨ੍ਹਾਂ (ਬੇਮੁੱਖਾਂ) ਅੰਦਰ, ਕ੍ਰੋਧ ਰੂਪੀ ਬਲਾ ਹੁੰਦੀ ਹੈ, ਇਸ ਲਈ (ਹਉਮੈ ਦੇ ਮਾਰੇ ਹੋਏ), ਉਹ ਸਤਿਗੁਰੂ ਅੱਗੇ ਨਹੀਂ ਨਿੰਵਦੇ।...

ਹਰਿ *(ਹਰ)*	ਹਰਿ, *(ਹਰ)*	ਹਰਿ *(ਹਰ)*	ਰਸੁ *(ਰਸ)*	ਆਪਿ *(ਆਪ)*	ਹੈ,
ਪ੍ਰਭੂ	ਪ੍ਰਭੂ	ਪ੍ਰਭੂ	ਨਾਮ-ਅੰਮ੍ਰਿਤ	ਆਪ ਹੀ	ਹੋਣ ਦੀ ਕ੍ਰਿਆ

ਆਪੇ	ਹਰਿ *(ਹਰ)*	ਰਸੁ *(ਰਸ)*	ਹੋਇ॥
ਆਪ ਹੀ	ਹਰੀ	ਅਨੰਦ, ਸੁਆਦ	ਹੁੰਦਾ ਹੈ

...ਪਰਮਾਤਮਾ ਆਪ ਹੀ, ਰਸ (ਰੂਪੀ, ਨਾਮ-ਅੰਮ੍ਰਿਤ) ਹੈ, ਅਤੇ ਉਹ ਆਪ ਹੀ (ਆਪਣੇ ਨਾਮ-ਅੰਮ੍ਰਿਤ) ਦਾ ਸੁਆਦ ਵੀ ਹੈ।...

ਆਪਿ *(ਆਪ)*	ਦਇਆ *(ਦਿਆ)*	ਕਰਿ *(ਕਰ)*	ਦੇਵਸੀ,
ਆਪ ਹੀ	ਮਿਹਰ	ਕਰਕੇ	ਬਖਸ਼ੇਗਾ

ਗੁਰਮੁਖਿ *(ਗੁਰਮੁਖ)*	ਅੰਮ੍ਰਿਤੁ *(ਅੰਮ੍ਰਿਤ)*	ਚੋਇ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਨਾਮ) ਅੰਮ੍ਰਿਤ	ਟਪਕਦਾ ਹੈ

...(ਵਾਹਿਗੁਰੂ) ਆਪ ਹੀ ਮਿਹਰ ਕਰਕੇ (ਨਾਮ-ਅੰਮ੍ਰਿਤ) ਬਖਸ਼ਦਾ ਹੈ, ਅਤੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਜਗਿਆਸੂ ਦੇ ਮੂੰਹ ਵਿਚ ਇਹ) ਨਾਮ ਅੰਮ੍ਰਿਤ ਚੋਂਦਾ ਹੈ।...

ਸਭੁ *(ਸਭ)*	ਤਨੁ *(ਤਨ)*	ਮਨੁ *(ਮਨ)*	ਹਰਿਆ	ਹੋਇਆ,
ਸਾਰਾ	ਸਰੀਰ	ਚਿੱਤ	ਹਰਾ-ਭਰਾ	ਹੋ ਗਿਆ

ਨਾਨਕ,	ਹਰਿ *(ਹਰ)*	ਵਸਿਆ	ਮਨਿ *(ਮਨ)*	ਸੋਇ॥੪॥੫॥੬੯॥
ਹੇ! ਨਾਨਕ	ਪਰਮਾਤਮਾ	ਵਸ ਗਿਆ	ਚਿੱਤ ਅੰਦਰ	ਉਹ

...ਹੇ! ਨਾਨਕ! (ਅੰਮ੍ਰਿਤ ਬੂੰਦਾਂ ਮੂੰਹ ਵਿਚ ਪੈਣ ਨਾਲ) ਸਾਰਾ ਮਨ ਤੇ ਤਨ ਹਰਾ-ਭਰਾ ਹੋ ਗਿਆ ਹੈ, ਅਤੇ ਉਹ ਵਾਹਿਗੁਰੂ ਚਿੱਤ ਅੰਦਰ ਟਿਕ ਗਿਆ ਹੈ।

ਅੰਕ ੪੧

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਦਿਨਸੁ *(ਦਿਨਸ)*	ਚੜੈ, *(ਚੜ੍ਹੈ)*	ਫਿਰਿ *(ਫਿਰ)*	ਆਥਵੈ,
ਦਿਨ	ਚੜ੍ਹਦਾ ਹੈ	ਫਿਰ	ਡੁੱਬ ਜਾਂਦਾ ਹੈ

ਰੈਣਿ *(ਰੈਣ)*	ਸਬਾਈ	ਜਾਇ॥
ਰਾਤ	ਗੁਜ਼ਰ	ਜਾਂਦੀ ਹੈ

ਦਿਨ ਚੜ੍ਹਦਾ ਹੈ ਅਤੇ ਫਿਰ ਡੁੱਬ ਜਾਂਦਾ ਹੈ, (ਇਵੇਂ ਹੀ) ਰਾਤ ਗੁਜ਼ਰ ਜਾਂਦੀ ਹੈ।...

ਆਵ	ਘਟੈ,	ਨਰੁ *(ਨਰ)*	ਨਾ *(ਨਾਂ)*	ਬੁਝੈ,
ਉਮਰ	ਘਟਦੀ ਹੈ	ਇਨਸਾਨ	ਨਹੀਂ	ਸਮਝਦਾ, ਬੁੱਝਦਾ

ਨਿਤਿ *(ਨਿਤ)*	ਮੂਸਾ	ਲਾਜੁ *(ਲਾਜ)*	ਟੁਕਾਇ॥
ਰੋਜ਼	ਚੂਹਾ	ਲੱਜ, ਰੱਸੀ	ਟੁੱਕਦਾ ਹੈ

...ਇਨਸਾਨ ਨਹੀਂ ਸਮਝਦਾ ਕਿ (ਉਸਦੀ) ਉਮਰ ਘਟਦੀ ਜਾਂਦੀ ਹੈ, ਅਤੇ ਹਰ ਰੋਜ਼ (ਕਾਲ) ਦਾ ਚੂਹਾ, ਉਮਰ ਦੀ ਰੱਸੀ ਨੂੰ ਟੁੱਕ ਟੁੱਕ ਕੇ (ਨਿਤ ਛੋਟੀ ਕਰੀ) ਜਾ ਰਿਹਾ ਹੈ।...

ਗੁੜੁ *(ਗੁੜ)*	ਮਿਠਾ	ਮਾਇਆ	ਪਸਰਿਆ,
ਗੰਨੇ ਦੇ ਰਸ ਕਾੜ੍ਹ ਕੇ ਬਣਾਇਆ	ਮਿੱਠਾ, ਮਿਠਾਸ ਵਾਲਾ	ਧਨ,ਦੌਲਤ	ਖਿਲਰਿਆ

ਮਨਮੁਖੁ *(ਮਨਮੁਖ)*	ਲਗਿ *(ਲਗ)*	ਮਾਖੀ,	ਪਚੈ	ਪਚਾਇ॥੧॥
ਮਨ ਦੇ ਮਗਰ ਲਗਣ ਵਾਲੇ	ਲਗ ਕੇ, ਚਿਪਕ ਕੇ	ਮੱਖੀ	ਸੜਦੀ	ਬਲਦੀ

...ਮਾਇਕ ਪਦਾਰਥਾਂ ਰੂਪੀ ਮਿੱਠਾ ਗੁੜ, (ਜਗਤ ਵਿਚ) ਖਿਲਰਿਆ ਪਿਆ ਹੈ, ਅਤੇ ਮਨਮੁੱਖ ਰੂਪੀ ਮੱਖੀ, ਇਸ ਵਿਚ ਚਿਪਕ ਕੇ ਸੜ ਬਲ ਰਹੀ ਹੈ।...

ਭਾਈ	ਰੇ,
ਭਰਾ	ਹੇ!

ਮੈ *(ਮੈਂ)*	ਮੀਤੁ *(ਮੀਤ)*	ਸਖਾ	ਪ੍ਰਭੁ *(ਪ੍ਰਭ)*	ਸੋਇ॥
ਮੇਰਾ	ਮਿੱਤਰ, ਸੱਜਣ	ਸਾਥੀ,ਬੇਲੀ	ਪਰਮਾਤਮਾ	ਉਹ

...ਹੇ! ਭਾਈ! ਉਹ ਪਰਮਾਤਮਾ ਹੀ ਮੇਰਾ ਮਿੱਤਰ ਅਤੇ ਸਾਥੀ ਹੈ।...

ਅੰਕ ੪੧-੪੨

ਪੁਤੁ *(ਪੁੱਤ)*	ਕਲਤੁ *(ਕਲੱਤ)*	ਮੋਹੁ *(ਮੋਹ)*	ਬਿਖੁ *(ਬਿੱਖ)*	ਹੈ,
ਪੁੱਤਰ	ਇਸਤ੍ਰੀ,ਪਤਨੀ	ਸਨੇਹ, ਲਗਾਓ	ਜ਼ਹਿਰ	ਹੋਣ ਦੀ ਕ੍ਰਿਆ

ਅੰਤਿ *(ਅੰਤ)*	ਬੇਲੀ	ਕੋਇ	ਨ *(ਨਾਂ)*	ਹੋਇ॥੧॥	ਰਹਾਉ ॥
ਅਖ਼ੀਰ ਵਿਚ	ਮਿੱਤਰ	ਕੋਈ	ਨਹੀਂ	ਹੁੰਦਾ	ਠਹਿਰਾਉ

...ਇਸਤ੍ਰੀ ਅਤੇ ਪੁੱਤਰ ਦਾ ਮੋਹ, (ਸਭ) ਜ਼ਹਿਰ ਹੈ, ਅੰਤ ਵੇਲੇ ਕੋਈ ਵੀ ਮਿੱਤਰ ਨਹੀਂ ਹੁੰਦਾ।...

ਗੁਰਮਤਿ, *(ਗੁਰਮੱਤ)*	ਹਰਿ *(ਹਰ)*	ਲਿਵ	ਉਬਰੇ,
ਸਤਿਗੁਰੂ ਦੀ ਮੱਤ ਦੁਆਰਾ	ਪਰਮਾਤਮਾ	ਧਿਆਨ, ਸੁਰਤ	ਉਬਰ ਗਏ, ਤਰ ਗਏ

ਅਲਿਪਤੁ *(ਅਲਿਪਤ)*	ਰਹੇ	ਸਰਣਾਇ *(ਸ਼ਰਣਾਏ)* ॥
ਅਲੇਪ	ਰਹਿੰਦੇ	ਸ਼ਰਣ ਵਿਚ

...ਸਤਿਗੁਰੂ ਦੀ ਸਿੱਖਿਆ ਦੁਆਰਾ, (ਗੁਰਮੁੱਖ-ਜਨ), ਵਾਹਿਗੁਰੂ-ਧਿਆਨ ਰਾਹੀਂ, (ਸੰਸਾਰ ਦੇ ਭਵਸਾਗਰ ਤੋਂ) ਪਾਰ ਹੋ ਜਾਂਦੇ ਹਨ, ਅਤੇ (ਇਵੇਂ ਮਾਇਆ ਤੋਂ) ਨਿਰਲੇਪਤਾ ਦੁਆਰਾ (ਸਦਾ) ਪਰਮਾਤਮ ਸ਼ਰਣ ਵਿਚ ਟਿਕੇ ਰਹਿੰਦੇ ਹਨ।...

ਓਨੀ, *(ਓਨ੍ਹੀ)*	ਚਲਣੁ *(ਚਲੱਣ)*	ਸਦਾ	ਨਿਹਾਲਿਆ,
ਉਨ੍ਹਾਂ ਨੇ	ਚਲਣਾ, ਜਾਣਾ	ਹਮੇਸ਼ਾਂ	ਨਜ਼ਰ ਸਾਹਮਣੇ ਰੱਖਿਆ

ਹਰਿ *(ਹਰ)*	ਖਰਚੁ *(ਖਰਚ)*	ਲੀਆ,	ਪਤਿ *(ਪਤ)*	ਪਾਇ॥
ਪ੍ਰਭੂ	ਖਰਚਾ, ਗੁਜ਼ਾਰੇ ਲਈ ਰਕਮ	ਲਿਆ	ਆਦਰ, ਇੱਜ਼ਤ	ਪਾਉਂਦੇ ਹਨ

...(ਉਨ੍ਹਾਂ ਨੇ ਸੰਸਾਰ ਤੋਂ) ਚਲਣ ਨੂੰ, (ਭਾਵ ਮੌਤ ਨੂੰ) ਸਦਾ ਨਜ਼ਰਾਂ ਸਾਹਮਣੇ ਰੱਖਿਆ ਹੈ, ਅਤੇ ਹਰੀ (ਸਿਮਰਨ ਰੂਪੀ) ਖ਼ਰਚਾ (ਤਿਆਰ ਕਰ) ਲਿਆ ਹੈ। (ਮੌਤ ਨੂੰ ਸਦਾ ਯਾਦ ਰੱਖਣ ਵਾਲੇ, ਰੱਬੀ ਦਰਗਾਹੇ) ਆਦਰ ਸਤਿਕਾਰ ਪ੍ਰਾਪਤ ਕਰਦੇ ਹਨ।...

ਗੁਰਮੁਖਿ *(ਗੁਰਮੁਖ)*	ਦਰਗਹ *(ਦਰਗਹਿ)*	ਮੰਨੀਅਹਿ, *(ਮੰਨੀਅਹਿਂ)*
ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ	(ਰੱਬੀ) ਦਰਗਾਹ ਵਿਚ	ਪਰਵਾਨ ਹੁੰਦੇ ਹਨ

ਹਰਿ, *(ਹਰ)*	ਆਪਿ *(ਆਪ)*	ਲਏ	ਗਲਿ *(ਗਲ)*	ਲਾਇ॥੨॥
ਪਰਮਾਤਮਾ	ਆਪ ਹੀ	ਲੈਂਦਾ ਹੈ	ਗਲ ਨਾਲ	ਲੈਂਦਾ ਹੈ

...ਸਤਿਗੁਰੂ ਦੀ ਸਨਮੁੱਖਤਾ ਵਿਚ ਰਹਿਣ ਵਾਲੇ, (ਰੱਬੀ) ਦਰਗਾਹੇ ਪਰਵਾਨ ਹੁੰਦੇ ਹਨ, ਅਤੇ ਵਾਹਿਗੁਰੂ ਆਪ ਉਨ੍ਹਾਂ ਨੂੰ ਆਪਣੇ ਗਲ ਨਾਲ ਲਗਾ ਲੈਂਦਾ ਹੈ।...

ਅੰਕ ੪੨

ਗੁਰਮੁਖਾ *(ਗੁਰਮੁੱਖਾਂ)*	ਨੋ,	ਪੰਥੁ *(ਪੰਥ)*	ਪਰਗਟਾ,
ਗੁਰੂ ਦੇ ਸਨਮੁੱਖ ਹੋਣ ਵਾਲਿਆਂ	ਨੂੰ	ਰਾਹ, ਪੰਧ	ਪ੍ਰਤੱਖ, ਸਾਫ਼

ਦਰਿ, *(ਦਰ)*	ਠਾਕ	ਨ *(ਨਾਂ)*	ਕੋਈ	ਪਾਇ॥
(ਰੱਬੀ) ਦਰਵਾਜ਼ੇ ਤੇ	ਰੋਕ, ਰੁਕਾਵਟ	ਨਹੀਂ	ਕੋਈ ਇਕ	ਪਾਉਂਦਾ

...ਸਤਿਗੁਰੂ ਦੇ ਸਨਮੁੱਖ ਹੋਣ ਵਾਲਿਆਂ ਦਾ (ਰੱਬੀ) ਪੰਧ ਬਿਲਕੁਲ ਸਾਫ਼ ਹੁੰਦਾ ਹੈ, (ਵਾਹਿਗੁਰੂ ਦੇ) ਦਰਵਾਜ਼ੇ ਤੇ (ਉਨ੍ਹਾਂ ਨੂੰ) ਕੋਈ ਵੀ ਰੁਕਾਵਟ ਨਹੀਂ ਪਾਉਂਦਾ।...

ਹਰਿ *(ਹਰ)*	ਨਾਮੁ *(ਨਾਮ)*	ਸਲਾਹਨਿ, *(ਸਲਾਹਨ)*	ਨਾਮੁ *(ਨਾਮ)*	ਮਨਿ, *(ਮਨ)*
ਪ੍ਰਭੂ	ਸਿਮਰਨ	ਸਲਾਹੁੰਦੇ ਹਨ	ਸਿਮਰਨ ਹੀ	ਚਿੱਤ ਵਿਚ

ਨਾਮਿ *(ਨਾਮ)*	ਰਹਨਿ *(ਰਹਿਨ)*	ਲਿਵ	ਲਾਇ॥
ਸਿਮਰਨ ਵਿਚ	ਰਹਿੰਦੇ	ਧਿਆਨ, ਸੁਰਤ	ਲਗਾਕੇ, ਜੋੜਕੇ

...(ਉਹ) ਵਾਹਿਗੁਰੂ ਨਾਮ ਦੀ ਸਿਫ਼ਤ ਸਲਾਹ ਕਰਦੇ ਹਨ, ਚਿੱਤ ਵਿਚ (ਪ੍ਰਭੂ) ਬੰਦਗੀ ਟਿਕਾ ਕੇ ਰਖਦੇ ਹਨ, ਅਤੇ (ਹਰ ਪਲ) ਸੁਰਤੀ, ਸਿਮਰਨ ਵਿਚ ਹੀ ਲੀਨ ਰਖਦੇ ਹਨ।...

ਅਨਹਦ	ਧੁਨੀ,	ਦਰਿ *(ਦਰ)*	ਵਜਦੇ, *(ਵੱਜਦੇ)*
ਅਘਾਤ ਰਹਿਤ	ਸੰਗੀਤ	ਦਰਵਾਜ਼ੇ ਤੇ	ਸੰਗੀਤ ਕਢਦੇ

ਦਰਿ *(ਦਰ)*	ਸਚੇ,	ਸੋਭਾ *(ਸ਼ੋਭਾ)*	ਪਾਇ॥੩॥
ਦਰਵਾਜ਼ੇ ਤੇ	ਸਦਾ ਸਥਿਰ (ਪ੍ਰਭੂ)	ਆਦਰ, ਮਾਣ	ਪਾਉਂਦੇ ਹਨ

...(ਜਦੋਂ ਗੁਰਮੁੱਖ ਜਨ ਵਾਹਿਗੁਰੂ ਦੇ) ਦਰਵਾਜ਼ੇ ਤੇ (ਜਾਂਦੇ ਹਨ, ਤਾਂ) ਅਨਹਦ ਧੁਨੀਆਂ ਵੱਜਦੀਆਂ ਹਨ, ਪ੍ਰਭੂ ਦਰ ਤੇ ਉਹ (ਅਥਾਹ) ਮਾਣ ਸਤਿਕਾਰ ਪ੍ਰਾਪਤ ਕਰਦੇ ਹਨ।...

ਜਿਨੀ *(ਜਿਨ੍ਹੀਂ)*	ਗੁਰਮੁਖਿ *(ਗੁਰਮੁਖ)*	ਨਾਮੁ *(ਨਾਮ)*	ਸਲਾਹਿਆ,
ਜਿਨ੍ਹਾਂ ਨੇ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ) ਨਾਮ	ਸਿਫ਼ਤ ਸਲਾਹ

ਤਿਨਾ, *(ਤਿਨ੍ਹਾਂ)*	ਸਭ	ਕੋ	ਕਹੈ	ਸਾਬਾਸਿ *(ਸ਼ਾਬਾਸ਼)* ॥
ਉਨ੍ਹਾਂ ਨੂੰ	ਹਰ	ਕੋਈ	ਕਹਿੰਦਾ ਹੈ	ਸ਼ਾਬਾਸ਼, ਸੋਭਾ

...ਜਿਨ੍ਹਾਂ ਨੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਵਾਹਿਗੁਰੂ) ਨਾਮ ਦੀ ਸਿਫ਼ਤ ਸਲਾਹ ਕੀਤੀ ਹੈ, ਉਨ੍ਹਾਂ ਨੂੰ ਹਰ ਕੋਈ ਸ਼ਾਬਾਸ਼ ਕਹਿੰਦਾ ਹੈ।...

ਅੰਕ ੪੨

ਤਿਨ(*ਤਿਨ੍*)	ਕੀ	ਸੰਗਤਿ(*ਸੰਗਤ*)	ਦੇਹਿ(*ਦੇਹ*)	ਪ੍ਰਭ,
ਉਨ੍ਹਾਂ	ਦੀ	ਸੰਗਤ, ਸਾਥ	ਦਿਓ	ਪਰਮਾਤਮਾ

ਮੈ(*ਮੈਂ*)	ਜਾਚਿਕ	ਕੀ	ਅਰਦਾਸਿ(*ਅਰਦਾਸ*) ॥
ਮੇਰੀ	ਮੰਗਤੇ	ਦੀ	ਜੋਦੜੀ, ਬੇਨਤੀ

...(ਹੇ! ਵਾਹਿਗੁਰੂ! ਮੈਨੂੰ ਵੀ) ਉਨ੍ਹਾਂ ਦੀ ਸੰਗਤ ਬਖਸ਼ੋ, ਮੇਰੀ ਜਾਚਕ ਦੀ (ਆਪ ਜੀ ਅਗੇ) ਇਹੋ ਅਰਦਾਸ ਹੈ।...

ਨਾਨਕ,	ਭਾਗ	ਵਡੇ	ਤਿਨਾ(*ਤਿਨ੍ਹਾਂ*)	ਗੁਰਮੁਖਾ,(*ਗੁਰਮੁਖਾਂ*)
ਹੇ! ਨਾਨਕ!	ਕਿਸਮਤ	ਮਹਾਨ	ਉਨ੍ਹਾਂ	ਗੁਰਮੁੱਖਾਂ ਦੇ

ਜਿਨ(*ਜਿਨ੍*)	ਅੰਤਰਿ(*ਅੰਤਰ*)	ਨਾਮੁ(*ਨਾਮ*)	ਪਰਗਾਸਿ(*ਪਰਗਾਸ*) ॥੪॥੩੩॥੩੧॥੬॥੭੦॥
ਜਿਨ੍ਹਾਂ	ਅੰਦਰ	(ਪ੍ਰਭੂ) ਨਾਮ	ਪ੍ਰਕਾਸ਼,ਚਾਨਣ

...ਹੇ! ਨਾਨਕ! ਉਨ੍ਹਾਂ ਗੁਰਮੁੱਖਾਂ ਦੀ ਵੱਡੀ ਕਿਸਮਤ ਹੈ, ਜਿਨ੍ਹਾਂ ਦੇ (ਹਿਰਦੇ) ਅੰਦਰ (ਵਾਹਿਗੁਰੂ) ਨਾਮ ਦਾ ਚਾਨਣ ਹੈ।

ਸਿਰੀਰਾਗੁ,(*ਸਿਰੀਰਾਗ*)	ਮਹਲਾ(*ਮਹਿਲਾ*)	੫,(*ਪੰਜਵਾਂ*)	ਘਰੁ (*ਘਰ*)	੧(*ਪਹਿਲਾ*) ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀ	ਤਾਲ ਦਾ ਸੰਕੇਤ	ਪਹਿਲਾ

ਕਿਆ	ਤੂ (*ਤੂੰ*)	ਰਤਾ,	ਦੇਖਿ(*ਦੇਖ*)	ਕੈ,
ਕੀ	ਤੂੰ	ਰਚਿਆ, ਮਸਤ	ਵੇਖ	ਕੇ

ਪੁਤ੍ਰ(*ਪੁੱਤ੍ਰ*)	ਕਲਤ੍ਰ(*ਕਲੱਤ੍ਰ*)	ਸੀਗਾਰ(*ਸ਼ੀਂਗਾਰ*) ॥
ਪੁੱਤਰ, ਬੇਟਾ	ਇਸਤ੍ਰੀ	ਸ਼ਿੰਗਾਰ

ਸੱਜੀ-ਧੱਜੀ ਇਸਤ੍ਰੀ, ਅਤੇ ਪੁੱਤਰਾਂ ਨੂੰ ਦੇਖਕੇ ਤੂੰ ਕੀ ਮਸਤ ਹੋਇਆ ਹੋਇਆ ਹੈਂ...

ਰਸ	ਭੋਗਹਿ,(*ਭੋਗਹਿਂ*)	ਖੁਸੀਆ(*ਖੁਸ਼ੀਆਂ*)	ਕਰਹਿ,(*ਕਰਹਿਂ*)
ਸੁਆਦ	ਮਾਣਦਾ ਹੈਂ	ਅਨੰਦ	ਕਰਦਾ ਹੈ

ਮਾਣਹਿ(*ਮਾਣਹਿਂ*)	ਰੰਗ	ਅਪਾਰ ॥
ਮਾਣਦਾ	ਮੌਜ ਮੇਲੇ	ਬੇਅੰਤ

...(ਮਾਇਆਵੀ ਪਦਾਰਥਾਂ ਨੂੰ) ਭੋਗਦਾ ਹੈਂ, ਖੁਸ਼ੀਆਂ-ਖੇੜੇ ਕਰਦਾ ਹੈਂ, ਅਤੇ ਅਨੇਕਾਂ ਮੌਜ-ਮੇਲੇ ਮਾਣਦਾ ਹੈਂ...

ਬਹੁਤੁ *(ਬਹੁਤ)*	**ਕਰਹਿ** *(ਕਰਹਿਂ)*	**ਫੁਰਮਾਇਸੀ,** *(ਫੁਰਮਾਇਸ਼ੀ)*
ਅਨੇਕਾਂ	ਕਰਦਾ ਹੈ	ਫੁਰਮਾਇਸ਼ਾਂ, ਹੁਕਮ
ਵਰਤਹਿ *(ਵਰਤਹਿਂ)*	**ਹੋਇ**	**ਅਫਾਰ** *(ਅਫਾਰ)* ॥
ਵਰਤਕੇ	ਹੁੰਦਾ ਹੈ	ਮਗਰੂਰ, ਆਫ਼ਰ ਕੇ

...(ਤੂੰ) ਅਨੇਕਾਂ ਹੀ ਹੁਕਮ ਕਰਦਾ ਹੈਂ ਅਤੇ ਮਗ਼ਰੂਰ ਹੋਕੇ ਵਰਤੋਂ-ਵਿਹਾਰ ਕਰਦਾ ਹੈਂ...

ਕਰਤਾ,	**ਚਿਤਿ** *(ਚਿਤ)*	**ਨ** *(ਨਾਂ)*	**ਆਵਈ,**
ਕਰਤਾਰ	ਚਿਤ ਵਿਚ	ਨਹੀਂ	ਆਉਂਦਾ

ਮਨਮੁਖ *(ਮਨਮੁੱਖ)*	**ਅੰਧ**	**ਗਵਾਰ** ॥੧॥
ਮਨ ਦੇ ਮਗਰ ਲਗਣ ਵਾਲਾ	ਅੰਨ੍ਹਾ, ਅਗਿਆਨੀ	ਮੂਰਖ, ਉਜੱਡ

...(ਤੈਨੂੰ) ਮਨਮੁੱਖ, ਅਗਿਆਨੀ, ਮੂਰਖ ਨੂੰ ਕਰਤਾ-ਪੁਰਖ ਯਾਦ ਨਹੀਂ ਆਉਂਦਾ?...

ਮੇਰੇ	**ਮਨ,**	**ਸੁਖਦਾਤਾ**	**ਹਰਿ** *(ਹਰ)*	**ਸੋਇ**॥
ਆਪਦੇ	ਚਿੱਤ	ਸੁੱਖਾਂ ਨੂੰ ਦੇਣ ਵਾਲ	ਪ੍ਰਭੂ	ਉਹ

...ਹੇ! ਮੇਰੇ ਮਨਾ! ਸੁੱਖਾਂ ਦਾ ਦੇਣਹਾਰ ਉਹ ਪਰਮਾਤਮਾ ਹੀ ਹੈ।...

ਗੁਰ	**ਪਰਸਾਦੀ**	**ਪਾਈਐ,**
ਸਤਿਗੁਰੂ	ਕਿਰਪਾ ਰਾਹੀ	ਪ੍ਰਾਪਤ ਕਰੀਦਾ ਹੈ

ਕਰਮਿ *(ਕਰਮ)*	**ਪਰਾਪਤਿ** *(ਪਰਾਪਤ)*	**ਹੋਇ**॥੧॥	**ਰਹਾਉ** ॥
ਭਾਗਾਂ ਰਾਹੀਂ	ਪ੍ਰਾਪਤ	ਹੁੰਦਾ ਹੈ	ਠਹਿਰਾਉ

...(ਪਰਮਾਤਮਾ ਨੂੰ) ਸਤਿਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਕਰੀਦਾ ਹੈ, ਅਤੇ ਸਤਿਗੁਰੂ (ਚੰਗੇ) ਭਾਗਾਂ ਰਾਹੀਂ ਮਿਲਦਾ ਹੈ।...

ਕਪੜਿ *(ਕਪੜ)*	**ਭੋਗਿ** *(ਭੋਗ)*	**ਲਪਟਾਇਆ,**
ਬਸਤਰਾਂ ਵਿਚ	ਭੋਗਾਂ ਵਿਚ	ਲਿਪਟਿਆ

ਸੁਇਨਾ	**ਰੁਪਾ**	**ਖਾਕੁ** *(ਖਾਕ)* ॥
ਸੋਨਾ	ਚਾਂਦੀ	ਮਿੱਟੀ, ਸੁਆਹ

ਅੰਕ ੪੨

...(ਹੇ! ਜੀਵ! ਤੂੰ) ਸੋਨਾ, ਚਾਂਦੀ, ਕੱਪੜਿਆਂ ਅਤੇ ਭੋਗਾਂ ਆਦਿ ਵਿਚ ਖ਼ੱਚਿਤ ਰਹਿੰਦਾ ਹੈਂ, (ਪਰ ਇਹ ਸਭ) ਮਿੱਟੀ ਸਮਾਨ ਹਨ।...

ਹੈਵਰ	ਗੈਵਰ	ਬਹੁ	ਰੰਗੇ,
ਚੰਗੇ ਘੋੜੇ	ਚੰਗੇ ਹਾਥੀ	ਬਹੁਤ	ਰੰਗਾਂ ਦੇ, ਪ੍ਰਕਾਰ ਦੇ

ਕੀਏ	ਰਥ	ਅਥਾਕ ॥
ਕੀਤੇ	ਚਾਰ ਪਹੀਆਂ ਦੀ ਘੋੜਿਆਂ ਨਾਲ ਖਿੱਚੀ ਜਾਣ ਵਾਲੀ ਗੱਡੀ	ਅਥੱਕ

...(ਤੂੰ) ਬਹੁਤ ਪ੍ਰਕਾਰ ਦੇ ਚੰਗੇ ਘੋੜੇ ਅਤੇ ਚੰਗੇ ਹਾਥੀ (ਰੱਖੇ ਹੋਏ ਹਨ), ਅਣਥੱਕ ਰੱਥ ਵੀ (ਤੇਰੇ ਕੋਲ ਹਨ।)...

ਕਿਸ	ਹੀ	ਚਿਤਿ *(ਚਿੱਤ)*	ਨ *(ਨਾਂ)*	ਪਾਵਹੀ, *(ਪਾਵਹੀਂ)*
ਕਿਸੇ	ਨੂੰ	ਚਿੱਤ ਵਿਚ	ਨਹੀਂ	ਪਾਉਂਦਾ

ਬਿਸਰਿਆ	ਸਭ	ਸਾਕ ॥
ਭੁੱਲ ਗਿਆ	ਸਾਰੇ	ਰਿਸ਼ਤੇਦਾਰ, ਸਾਕ ਸੰਬੰਧੀ

...(ਪਰ ਇਨ੍ਹਾਂ ਪਦਾਰਥਾਂ ਦੀ ਹਉਮੈ ਵਿਚ ਤੂੰ) ਸਭ ਸਾਕ ਸੰਬੰਧੀਆਂ ਨੂੰ ਭੁਲ ਗਿਆ ਹੈਂ, ਅਤੇ ਕਿਸੇ ਨੂੰ ਚਿੱਤ ਵਿਚ ਹੀ ਨਹੀਂ ਲਿਆਉਂਦਾ।...

ਸਿਰਜਣਹਾਰਿ, *(ਸਿਰਜਣਹਾਰ)*	ਭੁਲਾਇਆ,
ਸਿਰਜਣਾ ਕਰਨ ਵਾਲੇ ਨੇ	ਭੁਲਾ ਦਿੱਤਾ, ਵਿਸਾਰ ਦਿੱਤਾ

ਵਿਣੁ *(ਵਿਣ)*	ਨਾਵੈ *(ਨਾਵੈਂ)*	ਨਾਪਾਕ ॥੨॥
ਬਗੈਰ	(ਪ੍ਰਭੂ) ਨਾਮ ਤੋਂ	ਅਪਵਿੱਤ੍ਰ

...(ਪਰ) ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਤੂੰ ਅਪਵਿੱਤਰ ਹੈਂ, (ਇਸ ਲਈ) ਸਿਰਜਣਹਾਰ ਨੇ (ਤੈਨੂੰ) ਵਿਸਾਰ ਦਿੱਤਾ ਹੈ।...

ਲੈਦਾ *(ਲੈਂਦਾ)*	ਬਦ	ਦੁਆਇ	ਤੂੰ
ਲੈ ਰਿਹਾ	ਭੈੜੀਆਂ	ਦੁਆਵਾਂ	ਤੁਸੀਂ

ਮਾਇਆ	ਕਰਹਿ *(ਕਰਹਿਂ)*	ਇਕਤ *(ਇਕੱਤ)* ॥
ਧਨ ਦੌਲਤ	ਕਰਦਾ ਹੈ	ਇਕੱਤ੍ਰ, ਇਕੱਠੇ

...ਤੂੰ ਦੁਰ-ਅਸੀਸਾਂ ਲੈ ਲੈ ਕੇ, ਮਾਇਆ ਇਕੱਤ੍ਰ ਕਰਨ ਵਿਚ ਲਗਾ ਰਹਿੰਦਾ ਹੈਂ।...

ਅੰਕ ੪੨

ਜਿਸ	ਨੋ	ਤੂੰ	ਪਤੀਆਇਦਾ, *(ਪਤੀਆਇੰਦਾ)*	
ਜਿਹੜੇ	ਨੂੰ	ਤੁਸੀਂ	ਖੁਸ਼ ਕਰਦਾ ਹੈਂ	
ਸੋ	ਸਣੁ *(ਸਣ)*	ਤੁਝੈ	ਅਨਿਤ ॥	
ਉਹ	ਸਮੇਤ	ਤੇਰੇ	ਨਾਸ਼ਵੰਤ	

...(ਇਹ ਪਾਪਾਂ ਦੀ ਮਾਇਆ ਇੱਕਠੀ ਕਰਕੇ) ਜਿਨ੍ਹਾਂ ਨੂੰ ਤੂੰ ਖੁਸ਼ ਕਰਦਾ ਹੈਂ, ਓਹ ਤਾਂ ਤੇਰੇ ਸਮੇਤ ਨਾਸ਼ਵੰਤ ਹਨ।...

ਅਹੰਕਾਰੁ *(ਅਹੰਕਾਰ)*	ਕਰਹਿ *(ਕਰਹਿੰ)*	ਅਹੰਕਾਰੀਆ,	
ਹਉਮੈ	ਕਰਦੇ ਹਨ	ਹੰਕਾਰੀ	
ਵਿਆਪਿਆ	ਮਨ	ਕੀ	ਮਤਿ *(ਮੱਤ)* ॥
ਫਸਿਆ, ਉਲਝਿਆ	ਚਿੱਤ	ਦੀ	ਮੱਤ ਵਿਚ

...(ਹੇ) ਹੰਕਾਰੀ! (ਤੂੰ ਇਨ੍ਹਾਂ ਸਭ ਮਾਇਆਵੀ ਪਦਾਰਥਾਂ ਦਾ) ਹੰਕਾਰ ਕਰਦਾ ਹੈਂ, ਅਤੇ ਆਪਣੇ ਮਨ ਦੀ ਮੱਤ ਵਿਚ ਉਲਝਿਆ ਪਿਆ ਹੈਂ।...

ਤਿਨਿ *(ਤਿਨ੍ਹ)*	ਪ੍ਰਭਿ *(ਪ੍ਰਭ)*	ਆਪਿ *(ਆਪ)*	ਭੁਲਾਇਆ,	
ਉਨ੍ਹਾਂ ਨੂੰ	ਵਾਹਿਗੁਰੂ ਨੇ	ਆਪ ਹੀ	ਵਿਸਾਰ ਦਿੱਤਾ ਹੈ	
ਨਾ *(ਨਾਂ)*	ਤਿਸੁ *(ਤਿਸ)*	ਜਾਤਿ *(ਜ਼ਾਤ)*	ਨ *(ਨਾਂ)*	ਪਤਿ *(ਪੱਤ)* ॥੩॥
ਨਾ ਹੀਂ	ਉਨ੍ਹਾਂ ਦੀ	ਕੁਲ	ਨਾ ਹੀਂ	ਇੱਜ਼ਤ

...(ਅਜਿਹੇ ਬਦਕਿਸਮਤਾਂ) ਨੂੰ ਵਾਹਿਗੁਰੂ ਨੇ ਆਪ ਹੀ ਵਿਸਾਰ ਦਿੱਤਾ ਹੈ, ਇਨ੍ਹਾਂ ਦੀ ਨਾਂ ਕੋਈ ਜ਼ਾਤ ਅਤੇ ਨਾ ਕੋਈ ਇੱਜ਼ਤ ਹੁੰਦੀ ਹੈ।...

ਸਤਿਗੁਰਿ *(ਸਤਗੁਰ)*	ਪੁਰਖਿ, *(ਪੁਰਖ)*	ਮਿਲਾਇਆ,
ਸਤਿਗੁਰੂ ਨੇ	(ਅਕਾਲ) ਪੁਰਸ਼	ਮਿਲਾ ਦਿੱਤਾ
ਇਕੋ	ਸਜਣੁ *(ਸੱਜਣ)*	ਸੋਇ॥
ਇੱਕ ਹੀ	ਮਿੱਤਰ	ਉਸ

...ਸਤਿਗੁਰੂ ਨੇ ਉਸ ਇੱਕੋ ਹੀ ਮਿੱਤਰ ਅਕਾਲ ਪੁਰਖ ਨਾਲ ਮਿਲਾ ਦਿੱਤਾ ਹੈ...

ਹਰਿ *(ਹਰ)*	ਜਨ	ਕਾ	ਰਾਖਾ	ਏਕੁ *(ਏਕ)*	ਹੈ,
ਪ੍ਰਭੂ	ਦਾਸ, ਸੇਵਕ	ਦਾ	ਰਖਵਾਲਾ	ਇੱਕ	ਹੋਣ ਦੀ ਕ੍ਰਿਆ

ਕਿਆ	ਮਾਣਸ	ਹਉਮੈ *(ਹਉਮੈਂ)*	ਰੋਇ॥
ਕੀ	ਮਨੁੱਖ	ਹੰਕਾਰ	ਰੋਂਦਾ ਹੈ

...ਇਕ ਪਰਮਾਤਮਾ ਹੀ (ਆਪਣੇ) ਦਾਸ ਦਾ ਰਖਵਾਲਾ ਹੈ, ਮਨੁੱਖ (ਵਿਚਾਰਾ) ਕੀ (ਚੀਜ਼ ਹੈ, ਜੋ ਹਰ-ਜਨ ਦਾ ਕੁਝ ਵਿਗਾੜ ਸਕੇ, ਉਹ ਤਾਂ ਆਪ) ਹਉਮੈ ਵਿਚ ਵਿਰਲਾਪ ਹੀ ਕਰਦਾ ਰਹਿੰਦਾ ਹੈ।...

ਜੋ	ਹਰਿ *(ਹਰ)*	ਜਨ	ਭਾਵੈ	ਸੋ	ਕਰੇ,
ਜਿਹੜਾ	ਪ੍ਰਭੂ	ਸੇਵਕ, ਦਾਸ	ਚੰਗਾ ਲਗੇ	ਉਹੀ	ਕਰਦਾ ਹੈ

ਦਰਿ *(ਦਰ)*	ਫੇਰੁ *(ਫੇਰ)*	ਨ *(ਨਾਂ)*	ਪਾਵੈ	ਕੋਇ॥
(ਰੱਬੀ) ਦਰਵਾਜ਼ੇ ਤੇ	ਮੋੜਾ	ਨਹੀਂ	ਪਾ ਸਕਦਾ	ਕੋਈ

...ਪਰਮਾਤਮਾ ਦੇ ਸੇਵਕ ਨੂੰ ਜੋ ਚੰਗਾ ਲਗਦਾ ਹੈ, ਵਾਹਿਗੁਰੂ ਉਹੀ ਕੁਝ ਕਰਦਾ ਹੈ, (ਰੱਬੀ) ਦਰਵਾਜ਼ੇ ਤੇ ਵੀ (ਹਰ-ਜਨ ਦੇ ਬਚਨਾਂ ਨੂੰ) ਕੋਈ ਮੋੜਾ ਨਹੀਂ ਪਾ ਸਕਦਾ।...

ਨਾਨਕ,	ਰਤਾ	ਰੰਗਿ *(ਰੰਗ)*	ਹਰਿ, *(ਹਰ)*
ਹੇ ! ਨਾਨਕ !	ਰੰਗਿਆ	ਰੰਗ ਵਿਚ	ਪ੍ਰਭੂ

ਸਭ	ਜਗ	ਮਹਿ *(ਮਹਿੰ)*	ਚਾਨਣੁ *(ਚਾਨਣ)*	ਹੋਇ॥੪॥੧॥੭੧॥
ਸਾਰੇ	ਸੰਸਾਰ	ਵਿਚ	ਪ੍ਰਕਾਸ਼	ਹੋ ਜਾਂਦਾ

...ਹੇ! ਨਾਨਕ! (ਜਿਹੜਾ) ਪਰਮਾਤਮਾ ਦੇ (ਪਿਆਰ) ਰੰਗ ਵਿਚ ਰੰਗਿਆ ਜਾਂਦਾ ਹੈ, (ਉਹ) ਸਾਰੇ ਸੰਸਾਰ ਵਿਚ (ਪ੍ਰਭੂ ਗਿਆਨ ਦਾ) ਚਾਨਣਦਾਤਾ ਹੋ ਜਾਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਮਨਿ *(ਮਨ)*	ਬਿਲਾਸੁ *(ਬਿਲਾਸ)*	ਬਹੁ	ਰੰਗੁ *(ਰੰਗ)*	ਘਣਾ,
ਚਿੱਤ ਵਿਚ ਕੌਤਕ,	ਖੇਲ-ਤਮਾਸ਼ਾ	ਬਹੁਤ	ਅਨੰਦ, ਸੁਆਦ	ਗੂੜ੍ਹਾ

ਦ੍ਰਿਸਟਿ *(ਦ੍ਰਿਸ਼ਟ)*	ਭੂਲਿ *(ਭੂਲ)*	ਖੁਸੀਆ *(ਖੁਸ਼ੀਆਂ)* ॥
ਦ੍ਰਿਸ਼ਟੀ	ਭੁੱਲੀ/ਗੁਆਚੀ	ਖ਼ੁਸ਼ੀਆਂ, ਮੌਜਾਂ

ਅੰਕ ੪੨

...(ਜੇ ਕਿਸੇ ਦੇ) ਚਿੱਤ ਉੱਤੇ, ਖੇਲ-ਤਮਾਸ਼ਿਆਂ ਦਾ ਗੂੜ੍ਹਾ ਰੰਗ ਚੜ੍ਹਿਆ ਹੋਵੇ, ਅਤੇ ਦ੍ਰਿਸ਼ਟੀ (ਮਨ ਨੂੰ ਮੋਹਿਤ ਕਰਨ ਵਾਲੀਆਂ) ਮੌਜਾਂ ਵਿਚ ਗੁਆਚੀ ਰਹੇ...

ਛਤ੍ਰਧਾਰ	**ਬਾਦਿਸਾਹੀਆ,***(ਬਾਦਸ਼ਾਹੀਆਂ)*	
ਛੱਤ੍ਰ ਝੁਲਣ ਵਾਲੀਆਂ	ਪਾਤਸ਼ਾਹੀਆਂ	
ਵਿਚਿ*(ਵਿਚ)*	**ਸਹਸੇ***(ਸਹਿੰਸੇ)*	**ਪਰੀਆ***(ਪਰੀਆਂ)* ॥੧॥
ਅੰਦਰ	ਫ਼ਿਕਰ, ਸਹਿਮ	ਪਈਆਂ

...(ਅਤੇ) ਛਤ੍ਰਧਾਰੀ ਬਾਦਸ਼ਾਹੀਆਂ ਵੀ ਹੋਣ, (ਪਰ ਇਹ ਸਭ ਪਦਾਰਥ ਜੀਵ ਨੂੰ) ਫਿਕਰਾਂ, ਚਿੰਤਾਵਾਂ ਵਿਚ ਹੀ ਪਾਈ ਰੱਖਦੀਆਂ ਹਨ।...

ਭਾਈ	**ਰੇ,**	**ਸੁਖੁ***(ਸੁੱਖ)*	**ਸਾਧਸੰਗਿ***(ਸਾਧਸੰਗ)*	**ਪਾਇਆ** ॥
ਭਰਾ	ਹੇ!	(ਆਤਮਿਕ) ਅਨੰਦ	ਸੱਤ ਪੁਰਸ਼ਾਂ ਦੀ ਸੰਗਤ ਵਿਚ	ਪ੍ਰਾਪਤ ਹੁੰਦਾ ਹੈ

...ਹੇ! ਭਾਈ! (ਇਸ ਸਭ ਕੁਝ ਹੋਣ ਦੇ ਬਾਵਜੂਦ), ਆਤਮਿਕ ਅਨੰਦ ਤਾਂ ਸਾਧਸੰਗਤ ਵਿਚ ਹੀ ਪਾਈਦਾ ਹੈ।...

ਲਿਖਿਆ	**ਲੇਖੁ,***(ਲੇਖ)*	**ਤਿਨਿ***(ਤਿਨ੍ਹ)*	**ਪੁਰਖਿ***(ਪੁਰਖ)*	**ਬਿਧਾਤੇ,**
ਅੰਕਿਤ	ਕਿਸਮਤ	ਉਸ	(ਅਕਾਲ) ਪੁਰਖ	ਸਿਰਜਣਹਾਰ ਨੇ
ਦੁਖੁ*(ਦੁੱਖ)*	**ਸਹਸਾ***(ਸਹਿੰਸਾ)*	**ਮਿਟਿ***(ਮਿਟ)*	**ਗਇਆ** ॥੧॥	**ਰਹਾਉ** ॥
ਤਕਲੀਫ਼, ਕਸ਼ਟ	ਫ਼ਿਕਰ,ਚਿੰਤਾ	ਸਮਾਪਤ	ਗਿਆ	ਠਹਿਰਾਉ

...ਉਸ ਸਿਰਜਣਹਾਰ ਅਕਾਲ ਪੁਰਖ ਨੇ, (ਜਿਸਦੇ ਮੱਥੇ ਤੇ ਚੰਗੀ) ਕਿਸਮਤ ਲਿਖੀ ਹੈ, (ਉਸਦੇ ਸਾਰੇ) ਦੁੱਖ ਅਤੇ ਫ਼ਿਕਰ ਮਿਟ ਜਾਂਦੇ ਹਨ।...

ਜੇਤੇ	**ਥਾਨ**	**ਥਨੰਤਰਾ, ਤੇਤੇ**	**ਭਵਿ***(ਭੰਵ)*	**ਆਇਆ** ॥
ਜਿਤਨੇ	ਥਾਂ, ਟਿਕਾਣੇ	ਥਾਵਾਂ ਅੰਦਰ	ਉਤਨੇ	ਫਿਰ, ਘੁੰਮ ਆਇਆ ਹੈ

...(ਸ੍ਰਿਸ਼ਟੀ ਦੇ) ਜਿਤਨੇ ਵੀ ਥਾਂ ਟਿਕਾਣੇ ਹਨ, (ਜੇ ਕੋਈ) ਉਨ੍ਹਾਂ ਸਾਰਿਆਂ ਵਿਚ ਘੁੰਮ-ਫਿਰ ਆਇਆ ਹੋਵੇ...

ਧਨ	**ਪਾਤੀ**	**ਵਡ**	**ਭੂਮੀਆ**
ਦੌਲਤ	ਪਤੀ	ਵੱਡਾ	ਜ਼ਿੰਮੀਦਾਰ, ਜ਼ਮੀਨ ਦਾ ਮਾਲਕ

ਅੰਕ ੪੨-੪੩

ਮੇਰੀ	ਮੇਰੀ	ਕਰਿ *(ਕਰ)*	ਪਰਿਆ *(ਪੜ੍ਹਿਆ)* ॥੨॥
ਆਪਣੀ	ਆਪਣੀ	ਕਰਕੇ	ਡਿੱਗ ਪਿਆ, ਭਾਵ ਮੁੱਕ ਗਿਆ, ਮਰ ਗਿਆ

...(ਅਤੇ) ਜੇ ਕੋਈ ਵੱਡਾ (ਧਨਪਾਤੀ) ਧਨ ਦਾ ਪਤੀ ਭਾਵ ਵੱਡਾ ਧਨਾਢ ਅਤੇ ਵੱਡਾ ਜ਼ਿਮੀਦਾਰ ਵੀ ਹੈ ਤਾਂ ਵੀ ਇਹ ਸਭ ਮੇਰੇ ਮੇਰੀ ਕਰਦੇ ਹੀ ਮਰ-ਮੁੱਕ ਜਾਂਦੇ ਹਨ।...

ਹੁਕਮੁ *(ਹੁਕਮ)*	ਚਲਾਏ	ਨਿਸੰਗ *(ਨਿਸ਼ੰਗ)*	ਹੋਇ,
ਫ਼ੁਰਮਾਨ	ਚਲਾਵੇ	ਨਿਝੱਕ, ਬੇਫ਼ਿਕਰ	ਹੋਕੇ

ਵਰਤੈ	ਅਫਰਿਆ *(ਅੱਫਰਿਆ)* ॥
ਵਰਤੋਂ-ਵਿਹਾਰ	ਆਫ਼ਰ ਕੇ, ਹੰਕਾਰ ਕੇ, ਆਕੜ ਕੇ

...(ਜੇ ਕੋਈ) ਨਿਸੰਗ ਹੋਕੇ (ਆਪਣੇ) ਫੁਰਮਾਨ ਚਲਾਏ, ਤੇ ਹੰਕਾਰ ਦੀ ਆਕੜ ਵਿਚ ਸਭ ਕਾਰ-ਵਿਹਾਰ ਕਰੇ...

ਸਭੁ *(ਸਭ)*	ਕੋ,	ਵਸਗਤਿ *(ਵਸਗਤ)*	ਕਰਿ *(ਕਰ)*	ਲਇਓਨੁ, *(ਲਇਓਨ)*
ਸਾਰਿਆਂ	ਨੂੰ	ਅਧੀਨ, ਕਾਬੂ ਵਿਚ	ਕਰ	ਲਵੇ

ਬਿਨੁ *(ਬਿਨ)*	ਨਾਵੈ *(ਨਾਵੈਂ)*	ਖਾਕੁ *(ਖਾਕ)*	ਰਲਿਆ ॥੩॥
ਬਿਨਾਂ	(ਪ੍ਰਭੂ) ਨਾਮ	ਮਿੱਟੀ	ਰਲ ਜਾਂਦਾ ਹੈ

...ਸਾਰਿਆਂ ਨੂੰ (ਆਪਣੇ ਹੁਕਮ ਨਾਲ ਆਪਣੇ) ਵਸ ਵਿਚ ਵੀ ਕਰ ਲਵੇ, (ਪਰ) ਵਾਹਿਗੁਰੂ ਦੇ ਸਿਮਰਨ ਭਾਵ ਉਸਦੀ ਯਾਦ ਬਿਨਾਂ (ਸਭ) ਖਾਕ ਵਿਚ ਰਲ ਜਾਂਦਾ ਹੈ।...

ਕੋਟਿ *(ਕੋਟ)*	ਤੇਤੀਸ	ਸੇਵਕਾ,
ਕਰੋੜ	ਤੇਤੀ	ਸੇਵਕ,ਦਾਸ

ਸਿਧ	ਸਾਧਿਕ	ਦਰਿ *(ਦਰ)*	ਖਰਿਆ *(ਖੜ੍ਹਿਆ)* ॥
ਕਰਾਮਾਤੀ ਜੋਗੀ	ਅਭਿਆਸੀ	ਦਰ ਤੇ	ਖੜ੍ਹੇ ਹਨ

...(ਜੇਕਰ) ੩੩ ਕਰੋੜ ਦੇਵਤੇ (ਉਸਦੇ) ਸੇਵਕ ਹੋਣ, (ਕਰਾਮਾਤੀ) ਸਿੱਧ, ਅਤੇ ਸਾਧਨਾ ਕਰਨ ਵਾਲੇ, ਉਸ ਦੇ ਦਰਵਾਜ਼ੇ ਤੇ ਖੜ੍ਹੇ ਹੋਣ...

ਗਿਰੰਬਾਰੀ	ਵਡ	ਸਾਹਬੀ,
(ਗਿਰਾਂ+ਬਾਰੀ) ਬਹੁਤ ਮਾਲ ਦੌਲਤ ਵਾਲੀ	ਵੱਡੀ	ਹਕੂਮਤ, ਪਾਤਸ਼ਾਹੀ

ਅੰਕ ੪੩

ਸਭੁ *(ਸਭ)*	ਨਾਨਕ,	ਸੁਪਨੁ *(ਸੁਪਨ)*	ਥੀਆ ॥੪॥੨॥੭੨॥
ਸਾਰਾ ਕੁਝ ਹੇ!	ਨਾਨਕ	ਸੁਫ਼ਨਾ	ਹੋ ਗਿਆ

...ਬਹੁਤ ਮਾਲ ਦੌਲਤ ਵਾਲੀ ਵੱਡੀ ਹਕੂਮਤ ਵੀ ਹੋਵੇ, (ਪ੍ਰੰਤੂ) ਹੇ! ਨਾਨਕ! (ਅਮੀਰ ਨੂੰ ਵਾਹਿਗੁਰੂ ਦੀ ਯਾਦ ਤੋਂ ਬਗੈਰ) ਸਭ ਕੁਝ ਸੁਪਨਾ ਹੋ ਗਿਆ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਭਲਕੇ	ਉਠਿ *(ਉੱਠ)*	ਪਪੋਲੀਐ,
ਸਵੇਰੇ	ਉੱਠ ਕੇ	ਪਾਲੀ ਪੋਸੀਦਾ ਹੈ

ਵਿਣੁ *(ਵਿਣ)*	ਬੁਝੇ	ਮੁਗਧ	ਅਜਾਣਿ *(ਅਜਾਣ)* ॥
ਬਗੈਰ	ਬੁੱਝਣ/ਜਾਨਣ ਤੋਂ	ਮੂਰਖ	ਬੇਸਮਝ

...(ਇਨਸਾਨ) ਹਰ ਰੋਜ਼ ਉਠਕੇ (ਇਸ ਦੇਹੀ ਨੂੰ ਤਾਂ) ਪਾਲਦਾ ਪੋਸਦਾ ਹੈ, (ਪਰ ਦੇਹੀ ਦੇ ਸਿਰਜਣਹਾਰ ਨੂੰ) ਸਮਝਣ ਤੋਂ ਬਗੈਰ (ਉਹ) ਮੂਰਖ ਤੇ ਬੇਸਮਝ ਹੈ।...

ਸੋ	ਪ੍ਰਭੁ *(ਪ੍ਰਭ)*	ਚਿਤਿ *(ਚਿੱਤ)*	ਨ *(ਨਾਂ)*	ਆਇਓ,
ਉਹ	ਪਰਮਾਤਮਾ	ਚੇਤੇ ਵਿਚ	ਨਹੀਂ	ਆਇਆ

ਛੂਟੈਗੀ	ਬੇਬਾਣਿ *(ਬੇਬਾਣ)* ॥
ਛੱਡ ਦਿੱਤੀ ਜਾਵੇਗੀ	ਬੀਆਬਾਨ ਵਿਚ, ਮਸਾਣਾਂ ਵਿਚ

...(ਤੈਨੂੰ ਦੇਹੀ ਦਾ ਕਰਤਾ ਪੁਰਖ) ਉਹ ਪਰਮਾਤਮਾ ਤਾਂ ਚੇਤੇ ਵਿਚ ਨਹੀਂ ਆਇਆ? (ਯਾਦ ਰਖ ਪਾਲੀ ਪਲੋਸੀ ਇਹ ਦੇਹੀ ਆਖ਼ਰ ਨੂੰ) ਮਸਾਣਾਂ ਵਿਚ ਹੀ ਛੱਡ ਦਿੱਤੀ ਜਾਵੇਗੀ।...

ਸਤਿਗੁਰ *(ਸਤਗੁਰ)*	ਸੇਤੀ	ਚਿਤੁ *(ਚਿੱਤ)*	ਲਾਇ,
ਸੱਚੇ ਗੁਰੂ	ਨਾਲ, ਸੰਗ	ਮਨ	ਲਗਾ ਕੇ

ਸਦਾ	ਸਦਾ	ਰੰਗੁ *(ਰੰਗ)*	ਮਾਣਿ *(ਮਾਣ)* ॥੧॥
ਹਮੇਸ਼ਾਂ	ਹਮੇਸ਼ਾਂ	ਮੌਜਾਂ, ਅਨੰਦ	ਭੋਗ

...(ਇਸ ਲਈ ਤੂੰ ਦੇਹੀ ਨਾਲ ਜੁੜਨ ਦੀ ਬਜਾਏ) ਸਤਿਗੁਰੂ ਨਾਲ ਚਿੱਤ ਜੋੜ ਕੇ ਸਦਾ ਸਦਾ ਲਈ (ਆਤਮਿਕ) ਅਨੰਦ ਮਾਣ।

ਅੰਕ ੪੩

ਪ੍ਰਾਣੀ,	ਤੂੰ	ਆਇਆ	ਲਾਹਾ	ਲੈਣਿ *(ਲੈਣ)* ॥
ਜੀਵ	ਤੁਸੀਂ	ਆਉਣਾ, ਭਾਵ ਜਨਮ ਲਿਆ	ਲਾਭ	ਲੈਣ ਲਈ

...ਹੇ! ਜੀਵ! ਤੂੰ (ਸੰਸਾਰ ਤੇ ਪ੍ਰਭੂ ਨਾਮ ਦਾ) ਲਾਹਾ ਲੈਣ ਲਈ ਆਇਆ ਹੈਂ।...

ਲਗਾ	ਕਿਤ	ਕੁਫਕੜੇ,
ਜੁੜਿਆ	ਕਿਹੜੇ	(ਕੁ+ਫਕੜ) ਮਾੜੇ ਕਰਮਾਂ ਵਿਚ

ਸਭ	ਮੁਕਦੀ	ਚਲੀ	ਰੈਣਿ *(ਰੈਣ)* ॥੧॥	ਰਹਾਉ ॥
ਸਾਰੀ	ਖ਼ਤਮ	ਜਾ ਰਹੀ	ਰਾਤ	ਠਹਿਰਾਉ

...(ਤੂੰ) ਕਿਹੜੇ ਫਜ਼ੂਲ ਕੰਮਾਂ ਵਿਚ ਲਗਿਆ ਹੋਇਆ ਹੈਂ, (ਤੇਰੀ ਜੀਵਨ ਰੂਪੀ) ਰਾਤ ਤਾਂ ਮੁਕਦੀ ਜਾ ਰਹੀ ਹੈ।...

ਕੁਦਮ	ਕਰੇ	ਪਸੁ *(ਪਸ)*	ਪੰਖੀਆ, *(ਪੰਖੀਆਂ)*
ਕਲੋਲ, ਖ਼ੇਲਾਂ	ਕਰਦੇ	ਪਸ਼ੂ	ਪੰਛੀ

ਦਿਸੈ	ਨਾਹੀ *(ਨਾਹੀਂ)*	ਕਾਲੁ *(ਕਾਲ)* ॥
ਦਿਸਦੀ	ਨਹੀਂ	ਮੌਤ

...ਪਸ਼ੂ ਅਤੇ ਪੰਛੀ (ਵਿਚਾਰੇ) ਮੌਜ-ਮਸਤੀਆਂ ਕਰਦੇ ਰਹਿੰਦੇ ਹਨ, (ਪਰ ਉਨ੍ਹਾਂ ਨੂੰ) ਮੌਤ ਨਜ਼ਰ ਨਹੀਂ ਆਉਂਦੀ..

ਓਤੈ	ਸਾਥਿ *(ਸਾਥ)*	ਮਨੁਖੁ *(ਮਨੁੱਖ)*	ਹੈ,
ਉਨ੍ਹਾਂ ਦੇ	ਸਾਥ ਵਿਚ, ਸੰਗ ਵਿਚ	ਇਨਸਾਨ	ਹੋਣ ਦੀ ਕ੍ਰਿਆ

ਫਾਥਾ	ਮਾਇਆ	ਜਾਲਿ *(ਜਾਲ)* ॥
ਫਸਿਆ	(ਮਾਇਕ) ਧਨ ਪਦਾਰਥਾਂ	ਜਾਲ ਵਿਚ

...ਉਨ੍ਹਾਂ (ਪਸ਼ੂ,ਪੰਛੀਆਂ) ਦੇ ਸਾਥ ਵਿਚ ਮਨੁੱਖ ਵੀ (ਰਲ ਗਿਆ) ਹੈ, (ਅਤੇ ਮੌਤ ਨੂੰ ਭੁਲਕੇ) ਮਾਇਆ ਜਾਲ ਵਿਚ ਫਸਿਆ ਪਿਆ ਹੈ।...

ਮੁਕਤੇ	ਸੇਈ	ਭਾਲੀਅਹਿ, *(ਭਾਲੀਅਹਿਂ)*
ਅਜ਼ਾਦ, ਛੁੱਟੇ ਹੋਏ	ਉਹੀ	ਲਭੇ / ਸਮਝੇ ਜਾਂਦੇ

ਜਿ *(ਜੇ)*	ਸਚਾ	ਨਾਮੁ *(ਨਾਮ)*	ਸਮਾਲਿ *(ਸੰਮ੍ਹਾਲ)* ॥੨॥
ਜਿਹੜੇ	ਸਦਾ ਸਥਿਰ (ਪ੍ਰਭੂ)	ਨਾਮ	ਸੰਭਾਲਦੇ, ਅਰਾਧਦੇ

...(ਮਾਇਆ ਜਾਲ ਤੋਂ) ਮੁਕਤ ਉਹੀ ਸਮਝੇ ਜਾਂਦੇ ਹਨ ਜਿਹੜੇ ਸਦਾ ਸਥਿਰ (ਪ੍ਰਭੂ) ਨਾਮ ਦੀ (ਹਿਰਦੇ ਵਿਚ) ਸੰਭਾਲ ਕਰਦੇ ਹਨ।

ਜੋ	**ਘਰੁ** *(ਘਰ)*	**ਛਡਿ** *(ਛਡ)*	**ਗਵਾਵਣਾ,**
ਜਿਹੜਾ	ਨਿਵਾਸ,ਗ੍ਰਹਿ	ਛੱਡਕੇ	ਗੁਆ ਦੇਣਾ ਹੈ

ਸੋ	**ਲਗਾ**	**ਮਨ**	**ਮਾਹਿ** *(ਮਾਹਿਂ)* **॥**
ਉਹੀ	ਲਗ ਰਿਹਾ	ਚਿੱਤ	ਵਿਚ

...ਜਿਹੜੇ (ਸੰਸਾਰ ਰੂਪੀ) ਘਰ ਨੂੰ ਛੱਡ ਕੇ ਗੁਆ ਦੇਣਾ ਹੈ (ਭਾਵ ਜਿਥੋਂ ਚਲੇ ਜਾਣਾ ਹੈ), ਉਹੀ ਚਿੱਤ ਵਿਚ (ਚੰਗਾ) ਲਗ ਰਿਹਾ ਹੈ।...

ਜਿਥੈ	**ਜਾਇ**	**ਤੁਧੁ** *(ਤੁੱਧ)*	**ਵਰਤਣਾ,**
ਜਿਹੜੀ	ਜਾਕੇ	ਤੂੰ	ਵਿਚਰਨਾ, ਰਹਿਣਾ

ਤਿਸ	**ਕੀ**	**ਚਿੰਤਾ**	**ਨਾਹਿ** *(ਨਾਹਿਂ)* **॥**
ਉਸ	ਦੀ	ਫ਼ਿਕਰ	ਨਹੀਂ

...(ਪਰ) ਜਿਹੜੇ (ਘਰ ਵਿਚ) ਜਾਕੇ ਤੂੰ ਵਿਚਰਨਾ/ਰਹਿਣਾ ਹੈ, ਉਸਦਾ (ਤੈਨੂੰ) ਫ਼ਿਕਰ ਹੀ ਨਹੀਂ...

ਫਾਥੇ	**ਸੇਈ**	**ਨਿਕਲੇ,**
ਫਸੇ ਹੋਏ	ਉਹੀ	ਨਿਕਲਦੇ ਹਨ

ਜਿ *(ਜੇ)*	**ਗੁਰ**	**ਕੀ**	**ਪੈਰੀ** *(ਪੈਰੀਂ)*	**ਪਾਹਿ** *(ਪਾਹਿਂ)* **॥੩॥**
ਜਿਹੜੇ	ਸਤਿਗੁਰੂ	ਦੀ	ਚਰਨੀਂ	ਪੈ ਜਾਂਦੇ ਹਨ

...(ਸੰਸਾਰ ਦੇ ਮਾਇਆ ਜਾਲ ਤੋਂ) ਫਸੇ ਹੋਏ, ਉਹੀ (ਬਚ ਕੇ) ਨਿਕਲਦੇ ਹਨ, ਜਿਹੜੇ ਸਤਿਗੁਰੂ ਦੀ ਚਰਨੀ ਪੈ ਜਾਂਦੇ ਹਨ। (ਭਾਵ ਸਤਿਗੁਰ ਦੀ ਸ਼ਰਣ ਵਿਚ ਆ ਜਾਂਦੇ ਹਨ।)...

ਕੋਈ	**ਰਖਿ** *(ਰਖ)*	**ਨ** *(ਨਾਂ)*	**ਸਕਈ,**
ਕੋਈ ਇਕ	ਬਚਾ	ਨਹੀਂ	ਸਕਦਾ

ਦੂਜਾ	**ਕੋ**	**ਨ** *(ਨਾਂ)*	**ਦਿਖਾਇ॥**
ਦੂਸਰਾ	ਕੋਈ	ਨਹੀਂ	ਦਿਸਦਾ,ਨਜ਼ਰ ਆਉਂਦਾ

ਅੰਕ ੪੩

...(ਸਤਿਗੁਰੂ ਬਾਝੋਂ ਹੋਰ) ਕੋਈ (ਸੰਸਾਰ ਦੇ ਮਾਇਆ ਜਾਲ ਤੋਂ) ਬਚਾ ਨਹੀਂ ਸਕਦਾ।(ਮੈਨੂੰ ਤਾਂ ਹੋਰ) ਕੋਈ ਦੂਸਰਾ ਨਜ਼ਰ ਨਹੀਂ ਆਉਂਦਾ।...

ਚਾਰੇ	ਕੁੰਡਾ *(ਕੁੰਡਾਂ)*	ਭਾਲਿ *(ਭਾਲ)*	ਕੈ,
ਚਾਰ	ਕੁੰਟਾਂ, ਦਿਸ਼ਾਵਾਂ	ਲੱਭ	ਕੇ

ਆਇ	ਪਇਆ	ਸਰਣਾਇ॥
ਆਣਕੇ	ਪੈ ਗਿਆਂ, ਆ ਗਿਆਂ	ਸ਼ਰਣ ਵਿਚ

...(ਮੈਂ ਤਾਂ) ਚਾਰੇ ਦਿਸ਼ਾਵਾਂ ਵਿਚ ਢੂੰਡ ਕੇ (ਜਦ ਕੋਈ ਨਹੀਂ ਲੱਭਾ, ਤਾਂ ਸਤਿਗੁਰੂ ਦੀ) ਸ਼ਰਣ ਵਿਚ ਆਕੇ (ਡਿੱਗ) ਪਿਆ ਹਾਂ।...

ਨਾਨਕ,	ਸਚੈ	ਪਾਤਿਸਾਹਿ, *(ਪਾਤਸ਼ਾਹ)*
ਹੇ! ਨਾਨਕ!	ਸਦਾ ਸਥਿਰ	ਪਾਤਸ਼ਾਹ, ਸਤਿਗੁਰੂ

ਡੁਬਦਾ	ਲਇਆ	ਕਢਾਇ॥੪॥੩॥੭੩॥
ਡੁੱਬ ਰਹੇ ਨੂੰ	ਲਿਆ	ਕੱਢ ਲਿਆ, ਬਚਾ ਲਿਆ

...ਹੇ! ਨਾਨਕ! ਸੱਚੇ ਸਤਿਗੁਰੂ ਨੇ (ਤਾਂ ਮੈਨੂੰ ਸੰਸਾਰ ਦੇ ਭਵਸਾਗਰ ਵਿਚ) ਡੁੱਬਦੇ ਹੋਏ ਨੂੰ (ਬਾਂਹ ਫੜਕੇ) ਕੱਢ ਲਿਆ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਘੜੀ	ਮੁਹਤ	ਕਾ	ਪਾਹੁਣਾ,
ਪਲ	ਦੋ ਘੜੀਆਂ ਦਾ ਸਮਾਂ	ਦਾ	ਮਹਿਮਾਨ

ਕਾਜ	ਸਵਾਰਣਹਾਰੁ *(ਸਵਾਰਣਹਾਰ)* ॥
ਕੰਮ	ਸੰਵਾਰਣ ਵਾਲਾ

(ਇਨਸਾਨ ਜਗਤ ਵਿਚ) ਘੜੀ ਦੋ ਘੜੀ ਦਾ ਮਹਿਮਾਨ ਹੈ, (ਪਰ ਉਹ ਤਾਂ ਜਗਤ ਦੇ) ਕੰਮਾਂ ਨੂੰ ਸੰਵਾਰਣ ਵਾਲਾ ਹੀ ਬਣ ਗਿਆ ਹੈ।...

ਮਾਇਆ	ਕਾਮਿ *(ਕਾਮ)*	ਵਿਆਪਿਆ,
ਧਨ ਪਦਾਰਥਾਂ ਦਾ ਮੋਹ	ਕਾਮ ਵਾਸ਼ਨਾਵਾਂ ਵਿਚ	ਖੱਚਿਤ, ਫਸਿਆ

ਅੰਕ ੪੩

ਸਮਝੈ	**ਨਾਹੀ**(ਨਾਹੀਂ)	**ਗਾਵਾਰੁ**(ਗਾਵਾਰ) ॥
ਸਮਝਦਾ	ਨਹੀਂ	ਮੂਰਖ

...ਮਾਇਆ ਅਤੇ ਕਾਮ ਵਾਸ਼ਨਾ ਵਿਚ ਮਚਿਤ ਮੂਰਖ, (ਜੀਵਨ ਦੇ ਸੱਚ ਨੂੰ) ਸਮਝਦਾ ਨਹੀਂ...

ਉਠਿ(ਉਠ)	**ਚਲਿਆ**	**ਪਛੁਤਾਇਆ,**
(ਸੰਸਾਰ ਤੋਂ) ਉੱਠ ਕੇ	ਚਲ ਪੈਂਦਾ, ਟੁਰ ਪੈਂਦਾ	ਪਛਤਾਉਂਦਿਆਂ, ਪਸਚਾਤਾਪ ਕਰਦਿਆਂ

ਪਰਿਆ	**ਵਸਿ**(ਵਸ)	**ਜੰਦਾਰ** ॥੧॥
ਪਿਆ ਹੋਇਆ	ਵਸ/ਕਾਬੂ ਵਿਚ	ਜਮ, ਮਾਰਨ ਵਾਲਾ

...(ਅਤੇ ਮਾਇਆ ਕਾਮ ਵਿਚ ਫਸਿਆ ਹੀ ਮੌਤ ਆਉਣ ਤੇ) ਜਮ ਦੇ ਕਾਬੂ ਆਕੇ, ਪਸਚਾਤਾਪ ਕਰਦਿਆਂ (ਸੰਸਾਰ ਤੋਂ) ਉੱਠ ਕੇ ਟੁਰ ਜਾਂਦਾ ਹੈ।...

ਅੰਧੇ,	**ਤੂੰ**	**ਬੈਠਾ**	**ਕੰਧੀ**	**ਪਾਹਿ॥**
ਅੰਨ੍ਹੇ, ਅਗਿਆਨੀ	ਤੁਸੀਂ	ਬਹਿਣਾ	ਨਦੀ ਦੇ ਕਿਨਾਰੇ	ਪਾਸ, ਕੋਲ

ਹੇ! ਅਗਿਆਨੀ! ਤੂੰ (ਮੌਤ ਰੂਪੀ) ਦਰਿਆ ਦੇ ਕਿਨਾਰੇ ਪਾਸ ਬੈਠਾ ਹੈਂ, (ਇਹ ਤੈਨੂੰ ਕਦੀ ਵੀ ਵਹਾ ਕੇ ਲਿਜਾ ਸਕਦਾ ਹੈ।)...

ਜੇ	**ਹੋਵੀ**	**ਪੂਰਬਿ**(ਪੂਰਬ)	**ਲਿਖਿਆ,**
ਜੇਕਰ	ਹੋਵੇ	ਧੁਰੋਂ, ਮੁੱਢੋਂ	ਅੰਕਿਤ ਕੀਤਾ ਹੋਇਆ

ਤਾ(ਤਾਂ)	**ਗੁਰ**	**ਕਾ**	**ਬਚਨੁ**(ਬਚਨ)	**ਕਮਾਹਿ**(ਕਮਾਹਿਂ) ॥੧॥	**ਰਹਾਉ** ॥
ਤਦ	ਸਤਿਗੁਰੂ	ਦਾ	ਬੋਲ, ਸਿੱਖਿਆ	ਕਮਾ ਸਕਦਾ ਹੈਂ	ਠਹਿਰਾਉ

...ਜੇਕਰ ਧੁਰੋਂ (ਤੇਰੇ ਭਾਗਾਂ ਵਿਚ) ਲਿਖਿਆ ਹੋਵੇ, ਤਾਂ ਹੀ ਤੂੰ ਸਤਿਗੁਰੂ ਦੀ ਸਿੱਖਿਆ ਜੀਵਨ ਵਿਚ ਧਾਰਨ ਕਰ ਸਕਦਾ ਹੈਂ।...

ਹਰੀ	**ਨਾਹੀ,**(ਨਾਹੀਂ)	**ਨਹ**(ਨਹਿਂ)	**ਡਡੁਰੀ,**	**ਪਕੀ**(ਪੱਕੀ)	**ਵਢਣਹਾਰ** ॥
ਕੱਚੀ	ਨਹੀਂ	ਨਾ ਹੀਂ	ਅੱਧ ਕੱਚੀ	(ਪੂਰੀ) ਪੱਕੀ	ਵੱਢਣ ਵਾਲੀ

...(ਮੌਤ ਲਈ ਇਹ ਕੋਈ ਪੱਕਾ ਨਿਯਮ ਨਹੀਂ ਕਿ ਜੀਵਨ ਰੂਪੀ ਖ਼ੇਤੀ) ਕੱਚੀ ਨਹੀਂ ਵੱਢਣ ਵਾਲੀ, ਅੱਧ ਕੱਚੀ ਨਹੀਂ ਵੱਢਣ ਵਾਲੀ ਜਾਂ ਪੂਰੀ ਪੱਕੀ ਹੀ ਵੱਢਣ ਵਾਲੀ ਹੈ...

ਅੰਕ ੪੩

ਲੈ	ਲੈ	ਦਾਤ	ਪਹੁਤਿਆ,
ਲੈ ਕੇ	ਲੈਕੇ	(ਫਸਲ ਵੱਢਣ ਵਾਲੀਆਂ) ਦਾਤੀਆਂ	ਪਹੁੰਚ ਜਾਂਦੇ ਹਨ

ਲਾਵੇ	ਕਰਿ *(ਕਰ)*	ਤਈਆਰੁ *(ਤਈਆਰ)* ॥
ਵਾਢੇ, ਫ਼ਸਲ ਵੱਢਣ ਵਾਲੇ	ਕਰਕੇ	ਤਿਆਰ

...(ਜਦੋਂ ਮਾਲਕ ਦਾ ਹੁਕਮ ਹੁੰਦਾ ਹੈ, ਤਾਂ ਜਮ ਰੂਪੀ) ਵਾਢੇ ਦਾਤਰੀਆਂ ਲੈ ਲੈ ਕੇ (ਜੀਵਨ ਦੀ ਫ਼ਸਲ ਨੂੰ ਵੱਢਣ ਲਈ) ਤਿਆਰੀਆਂ ਕਰਕੇ ਆ ਪਹੁੰਚਦੇ ਹਨ।...

ਜਾ *(ਜਾਂ)*	ਹੋਆ	ਹੁਕਮੁ *(ਹੁਕਮ)*	ਕਿਰਸਾਣ	ਦਾ,
ਜਦੋਂ	ਹੁੰਦਾ	ਫ਼ੁਰਮਾਨ	(ਖ਼ੇਤ ਦੇ ਮਾਲਕ) ਕਿਸਾਨ	ਕਾ

ਤਾ *(ਤਾਂ)*	ਲੁਣਿ *(ਲੁਣ)*	ਮਿਣਿਆ	ਖੇਤਾਰੁ *(ਖ਼ੇਤਾਰ)* ॥੨॥
ਉਦੋਂ	ਵੱਢ ਕੇ, ਕੱਟ ਕੇ	ਮਾਪਿਆ, ਮਿਣਤੀ ਕੀਤੀ	ਖ਼ੇਤ

...(ਜਦੋਂ) ਖ਼ੇਤ ਦੇ ਕਿਸਾਨ, (ਭਾਵ ਮਾਲਕ ਵਾਹਿਗੁਰੂ) ਦਾ ਹੁਕਮ ਹੁੰਦਾ ਹੈ, ਤਾਂ (ਇਨਸਾਨ ਦੀ ਜ਼ਿੰਦਗੀ ਦੀ ਫ਼ਸਲ ਨੂੰ) ਵੱਢ ਕੇ (ਕਰਮਾਂ ਦੇ) ਖ਼ੇਤ ਦੀ ਮਿਣਤੀ ਕਰ ਲਈ ਜਾਂਦੀ ਹੈ।...

ਪਹਿਲਾ *(ਪਹਿਲਾ)*	ਪਹਰੁ *(ਪਹਿਰ)*	ਧੰਧੈ	ਗਇਆ, *(ਗਿਆ)*
ਪ੍ਰਥਮ	ਹਿੱਸਾ	ਕੰਮਾਂ ਵਿਚ	ਬੀਤ ਗਿਆ

ਦੂਜੈ	ਭਰਿ *(ਭਰ)*	ਸੋਇਆ ॥
ਦੂਸਰੇ ਵਿਚ	ਰੱਜ ਕੇ	ਸੁੱਤਾ

...(ਜ਼ਿੰਦਗੀ ਰੂਪੀ ਰਾਤ ਦਾ) ਪਹਿਲਾ ਹਿੱਸਾ ਤਾਂ (ਸੰਸਾਰ ਦੇ) ਕੰਮ-ਧੰਧਿਆਂ ਵਿਚ ਹੀ ਗੁਜ਼ਰ ਗਿਆ, ਦੂਸਰੇ ਪਹਿਰ ਭਾਵ ਹਿੱਸੇ ਵਿਚ (ਸੰਸਾਰਿਕ ਮੋਹ ਦੀ ਨੀਂਦਰ ਵਿਚ) ਰੱਜ ਕੇ ਸੁੱਤਾ ਰਿਹਾ...

ਤੀਜੈ	ਝਾਖ	ਝਖਾਇਆ,
ਤੀਸਰੇ	ਵਿਅਰਥ ਕਾਰਜ(ਵਿਸ਼ੇ)	ਖ਼ਪਾਈ ਕੀਤੀ, (ਵਿਸ਼ੇ ਭੋਗ ਕੀਤੇ)

ਚਉਥੈ	ਭੋਰੁ *(ਭੋਰ)*	ਭਇਆ ॥
ਚੌਥੇ,ਚਥਰਥ	ਸਵੇਰਾ(ਜੀਵਨ ਦੀ ਰਾਤ ਦਾ ਅੰਤ)	ਹੋ ਗਿਆ

...ਤੀਸਰੇ (ਪਹਿਰ) ਹਿੱਸੇ ਵਿਚ ਵਿਅਰਥ ਕਾਰਜਾਂ, (ਵਿਸ਼ੇ ਭੋਗਾਂ ਆਦਿਕ ਵਿਚ) ਸਿਰ-ਖ਼ਪਾਈ ਕੀਤੀ, ਅਤੇ ਚੌਥੇ (ਪਹਿਰ) ਹਿੱਸੇ ਵਿਚ ਮੌਤ ਦਾ ਸਵੇਰਾ ਹੋ ਗਿਆ...

ਅੰਕ ੪੩

ਕਦ	ਹੀ	ਚਿਤਿ*(ਚਿੱਤ)*	ਨ*(ਨਾਂ)*	ਆਇਓ,
ਕਦੇ	ਵੀ	ਚੇਤੇ ਵਿਚ	ਨਹੀਂ	ਆਇਆ

ਜਿਨਿ*(ਜਿਨ੍ਹ)*	ਜੀਉ	ਪਿੰਡੁ*(ਪਿੰਡ)*	ਦੀਆ ॥੩॥
ਜਿਸਨੇ	ਪ੍ਰਾਣ	ਸਰੀਰ	ਦਿੱਤੇ

...(ਜੀਵਨ ਦੀ ਸਾਰੀ ਰਾਤ ਵਿਚ) ਕਦੀ ਵੀ, ਜਿਸਨੇ ਸਰੀਰ ਅਤੇ ਪ੍ਰਾਣ ਬਖਸ਼ੇ, ਉਸ ਦੀ ਯਾਦ ਨਹੀਂ ਆਈ।...

ਸਾਧਸੰਗਤਿ*(ਸਾਧਸੰਗਤ)*	ਕਉ *(ਕੌ)*	ਵਾਰਿਆ,
ਸੱਤ ਪੁਰਸ਼ਾਂ ਦੀ ਸੰਗਤ	ਤੋਂ, ਉਤੋਂ	ਸਦਕੇ, ਬਲਿਹਾਰ

ਜੀਉ	ਕੀਆ	ਕੁਰਬਾਣੁ*(ਕੁਰਬਾਣ)* ॥
ਜਿੰਦ	ਕਰਦਾ	ਕੁਰਬਾਨ

...(ਮੈਂ) ਸੱਤ ਪੁਰਸ਼ਾਂ ਦੀ ਸੰਗਤ ਤੋਂ ਵਾਰਨੇ ਜਾਂਦਾ ਹਾਂ, ਅਤੇ ਉਨ੍ਹਾਂ ਤੋਂ ਆਪਣੀ ਜਾਨ ਤਕ ਵੀ ਕੁਰਬਾਨ ਕਰਦਾ ਹਾਂ।...

ਜਿਸ	ਤੇ	ਸੋਝੀ	ਮਨਿ*(ਮਨ)*	ਪਈ,
ਜਿਨ੍ਹਾਂ	ਤੋਂ	(ਪ੍ਰਭੂ) ਸਮਝ	ਚਿੱਤ ਵਿਚ	ਆਈ

ਮਿਲਿਆ	ਪੁਰਖੁ *(ਪੁਰਖ)*	ਸੁਜਾਣੁ *(ਸੁਜਾਣ)* ॥
ਪ੍ਰਾਪਤ ਹੋਇਆ	ਵਾਹਿਗੁਰੂ	ਸੂਝਵਾਨ

...ਜਿਨ੍ਹਾਂ (ਭਾਵ ਸਾਧਸੰਗਤ) ਤੋਂ (ਪਰਮਾਤਮ) ਗਿਆਨ ਚਿੱਤ ਵਿਚ ਆਇਆ, ਅਤੇ ਸੂਝਵਾਨ ਵਾਹਿਗੁਰੂ ਦੀ ਪ੍ਰਾਪਤੀ ਹੋ ਗਈ।...

ਨਾਨਕ,	ਡਿਠਾ*(ਡਿੱਠਾ)*	ਸਦਾ	ਨਾਲਿ,*(ਨਾਲ)*
ਹੇ! ਨਾਨਕ!	ਦੇਖਿਆ, ਤੱਕਿਆ	ਹਮੇਸ਼ਾਂ	ਸਾਥ, ਸੰਗ

ਹਰਿ*(ਹਰ)*	ਅੰਤਰਜਾਮੀ	ਜਾਣੁ*(ਜਾਣ)* ॥੪॥੪॥੭੪॥
ਪਰਮਾਤਮਾ	ਹਿਰਦੇ ਵਿਚ ਵਸਿਆ (ਪ੍ਰਭੂ)	ਜਾਣੀ ਜਾਣ

...ਹੇ! ਨਾਨਕ! (ਮੈਂ ਐਸੇ) ਹਿਰਦੇ ਵਿਚ ਵਸੇ ਹੋਏ, ਜਾਣੀ-ਜਾਣ ਵਾਹਿਗੁਰੂ ਨੂੰ, ਹਮੇਸ਼ਾਂ (ਆਪਣੇ) ਅੰਗ-ਸੰਗ ਦੇਖਦਾ ਹਾਂ।

ਅੰਕ ੪੩

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸਭੇ	ਗਲਾ *(ਗੱਲਾਂ)*	ਵਿਸਰਨੁ, *(ਵਿਸਰਨ)* .
ਸਾਰੀਆਂ	ਕੰਮ, ਬਾਤਾਂ	ਭੁੱਲ ਜਾਣ

ਇਕੋ	ਵਿਸਰਿ *(ਵਿਸਰ)*	ਨ *(ਨਾਂ)*	ਜਾਉ ॥
(ਸਿਰਫ਼)ਇਕ	ਭੁੱਲ	ਨਾ	ਜਾਵੇ

(ਹੇ! ਵਾਹਿਗੁਰੂ! ਮੈਨੂੰ ਭਾਵੇਂ) ਸਾਰੀਆਂ ਗੱਲਾਂ, ਭਾਵ ਕੰਮ ਭੁੱਲ ਜਾਣ, (ਪ੍ਰੰਤੂ ਕੇਵਲ) ਇਕ (ਪਰਮਾਤਮਾ ਦੇ ਸਿਮਰਨ ਦੀ ਗੱਲ਼) ਨਾਂ ਵਿਸਰ ਜਾਵੇ...

ਧੰਧਾ	ਸਭੁ *(ਸਭ)*	ਜਲਾਇ	ਕੈ,
(ਮਾਇਕ) ਕਾਰ-ਵਿਹਾਰ	ਸਾਰੇ	ਸਾੜ	ਕੇ

ਗੁਰਿ, *(ਗੁਰ)*	ਨਾਮੁ *(ਨਾਮ)*	ਦੀਆ	ਸਚੁ *(ਸੱਚ)*	ਸੁਆਉ ॥
ਸਤਿਗੁਰੂ ਨੇ	(ਪ੍ਰਭੂ) ਨਾਮ	ਦਿੱਤਾ,ਬਖਸ਼ਿਆ	ਸਦਾ ਸਥਿਰ ਮਨੋਰਥ,	ਪ੍ਰਯੋਜਨ

...ਸਤਿਗੁਰੂ ਨੇ (ਮੇਰੇ ਸਭ ਸੰਸਾਰਿਕ) ਧੰਧੇ ਸਾੜ ਕੇ, (ਜੀਵਨ ਦਾ ਅਸਲ) ਮਨੋਰਥ, (ਵਾਹਿਗੁਰੂ ਦਾ) ਸਦਾ-ਸਥਿਰ ਸਿਮਰਨ (ਮੈਨੂੰ) ਬਖਸ਼ ਦਿੱਤਾ ਹੈ।...

ਆਸਾ *(ਆਸਾਂ)*	ਸਭੇ	ਲਾਹਿ	ਕੈ,
ਇੱਛਾਵਾਂ, ਉਮੀਦਾਂ	ਸਾਰੀਆਂ	ਉਤਾਰ	ਕੇ

ਇਕਾ	ਆਸ	ਕਮਾਉ ॥
ਇੱਕ ਹੀ	ਉਮੀਦ	ਕਮਾਉਂਦਾ ਹਾਂ, ਕਰਦਾ ਹਾਂ

...(ਇਸ ਲਈ ਮੈਂ ਹੁਣ ਹੋਰ) ਸਾਰੀਆਂ ਉਮੀਦਾਂ ਲਾਹ ਕੇ ਇਕੋ (ਪਰਮਾਤਮਾ ਦੀ) ਆਸ, ਉਮੀਦ, ਕਰਦਾ ਹਾਂ।

ਜਿਨੀ *(ਜਿਨ੍ਹੀਂ)*	ਸਤਿਗੁਰੁ *(ਸਤਗੁਰ)*	ਸੇਵਿਆ,
ਜਿਨ੍ਹਾਂ ਨੇ	ਸਚੇ ਗੁਰੂ	ਸੇਵਾ ਕੀਤੀ, ਟਹਿਲ ਕੀਤੀ

ਤਿਨ, *(ਤਿਨ੍ਹ)*	ਅਗੈ	ਮਿਲਿਆ	ਥਾਉ *(ਥਾਉਂ)* ॥੧॥
ਉਨ੍ਹਾ ਨੂੰ	ਅੱਗੇ (ਰੱਬੀ ਦਰਗਾਹ ਵਿਚ)	ਪ੍ਰਾਪਤ ਹੋਇਆ	ਥਾਂ,ਟਿਕਾਣਾ

...ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ-ਟਹਿਲ ਕੀਤੀ ਹੈ, ਉਨ੍ਹਾਂ ਨੂੰ ਅੱਗੇ, ਰੱਬੀ ਦਰਗਾਹ ਵਿਚ ਥਾਂ,(ਭਾਵ ਆਦਰ ਸਤਿਕਾਰ) ਮਿਲਿਆ ਹੈ।...

ਮਨ	ਮੇਰੇ,	ਕਰਤੇ	ਨੋ*(ਨੋਂ)*	ਸਾਲਾਹਿ॥
ਚਿੱਤ	ਆਪਣੇ	ਕਰਤਾ-ਪੁਰਖ	ਨੂੰ	ਸਲਾਹ ਕਰ, ਸਿਫ਼ਤ ਕਰ

...ਹੇ! ਮੇਰੇ ਮਨਾ! ਕਰਤਾ-ਪੁਰਖ ਦੀ ਸਿਫ਼ਤ-ਸਲਾਹ ਕਰ।...

ਸਭੇ	ਛਡਿ*(ਛੱਡ)*	ਸਿਆਣਪਾ,*(ਸਿਆਣਪਾਂ)*
ਸਾਰੀਆਂ	ਤਿਆਗ ਦੇ	ਚਤੁਰਾਈਆਂ

ਗੁਰ	ਕੀ	ਪੈਰੀ	ਪਾਹਿ॥੧॥	ਰਹਾਉ ॥
ਸਤਿਗੁਰੂ	ਦੀ	ਚਰਨੀਂ	ਲੱਗ ਜਾ, ਢਹਿ ਪਉ	ਠਹਿਰਾਉ

...(ਮਨ ਦੀਆਂ) ਸਾਰੀਆਂ ਚਤੁਰਾਈਆਂ ਛੱਡ ਕੇ ਸਤਿਗੁਰੂ ਦੇ ਚਰਨੀਂ ਲਗ ਜਾ।...

ਦੁਖ	ਭੁਖ*(ਭੁੱਖ)*	ਨਹ*(ਨਹਿੰ)*	ਵਿਆਪਈ,
ਤਕਲੀਫ਼, ਕਲੇਸ਼	ਤ੍ਰਿਸ਼ਨਾ	ਨਹੀਂ	ਲਗਦੇ, ਪੋਂਹਦੇ

ਜੇ	ਸੁਖਦਾਤਾ*(ਸੁੱਖਦਾਤਾ)*	ਮਨਿ*(ਮਨ)*	ਹੋਇ॥
ਜੇਕਰ	ਸੁੱਖ ਦੇਣ ਵਾਲਾ(ਪ੍ਰਭੂ)	ਚਿੱਤ ਵਿਚ	ਹੋਵੇ

...ਜੇਕਰ ਸੁੱਖਦਾਤਾ (ਵਾਹਿਗੁਰੂ) ਚਿੱਤ ਵਿਚ ਵਸਿਆ ਹੋਵੇ ਤਾਂ (ਸੰਸਾਰਿਕ) ਦੁੱਖ-ਤਕਲੀਫ਼ਾਂ ਅਤੇ (ਮਾਇਕ ਪਦਾਰਥਾਂ ਦੀ) ਭੁੱਖ ਨਹੀਂ ਲਗਦੀ (ਭਾਵ ਉਹ ਨਹੀਂ ਸਤਾਉਂਦੇ)...

ਕਿਤ	ਹੀ	ਕੰਮਿ*(ਕੰਮ)*	ਨ*(ਨਾਂ)*	ਛਿਜੀਐ,
ਕਿਸੇ	ਵੀ	ਕਾਰਜ ਵਿਚ	ਨਹੀਂ	ਤੁੱਟੀਦਾ, ਕਮਜ਼ੋਰ ਹੋਈਦਾ

ਜਾ*(ਜਾਂ)*	ਹਿਰਦੈ	ਸਚਾ*(ਸੱਚਾ)*	ਸੋਇ॥
ਜੇਕਰ	ਚਿੱਤ ਵਿਚ	ਸਦਾ ਸਥਿਰ (ਪ੍ਰਭੂ)	ਉਹ

...ਜੇਕਰ ਉਹ ਸਦਾ-ਸਥਿਰ (ਵਾਹਿਗੁਰੂ) ਚਿੱਤ ਵਿਚ (ਵਸਿਆ ਹੋਵੇ) ਤਾਂ ਕਿਸੇ ਵੀ ਕਾਰਜ ਵਿਚ ਘਾਟਾ ਨਹੀਂ ਪੈਂਦਾ।...

ਜਿਸੁ *(ਜਿਸ)*	ਤੂੰ	ਰਖਹਿ *(ਰਖਹਿਂ)*	ਹਥ	ਦੇ,
ਜਿਸ ਨੂੰ	ਤੁਸੀਂ	ਰਖ ਲਵੇਂ, ਬਚਾ ਵੇਂ	ਹੱਥ	ਦੇਕੇ

ਤਿਸੁ *(ਤਿਸ)*	ਮਾਰਿ *(ਮਾਰ)*	ਨ *(ਨਾਂ)*	ਸਕੈ	ਕੋਇ॥
ਉਸਨੂੰ	ਮਾਰਨਾ, ਖ਼ਤਮ ਕਰਨਾ	ਨਹੀਂ	ਸਕਦਾ	ਕੋਈ ਵੀ

...(ਹੇ! ਵਾਹਿਗੁਰੂ!) ਜਿਸ ਨੂੰ ਤੂੰ ਹੱਥ ਦੇ ਕੇ ਬਚਾਉਂਦਾ ਹੈਂ, ਉਸ ਨੂੰ ਕੋਈ ਵੀ ਮਾਰ ਨਹੀਂ ਸਕਦਾ।...

ਸੁਖਦਾਤਾ	ਗੁਰੁ *(ਗੁਰ)*	ਸੇਵੀਐ,
ਸੁੱਖ ਦੇਣ ਵਾਲਾ	ਸਤਿਗੁਰੂ	ਸੇਵਾ ਕਰੀਏ

ਸਭਿ *(ਸਭ)*	ਅਵਗਣ	ਕਢੈ	ਧੋਇ॥੨॥
ਸਾਰੇ	ਔਗਣ, ਬੁਰਿਆਈਆਂ	ਕੱਢਕੇ	ਧੋ ਦਿੰਦਾ ਹੈ, ਮੁਕਾ ਦਿੰਦਾ ਹੈ

...ਸੁੱਖਾਂ ਦੇ ਦੇਣਹਾਰ, ਸਤਿਗੁਰੂ ਦੀ ਟਹਿਲ ਕਮਾਈਏ, ਜੋ ਸਭ ਔਗਣਾਂ (ਦੀ ਮੈਲ) ਬਾਹਰ ਕਢਕੇ ਧੋ ਦਿੰਦਾ ਹੈ।...

ਸੇਵਾ	ਮੰਗੈ	ਸੇਵਕੋ
ਟਹਿਲ	ਮੰਗਦਾ ਹੈ	ਸੇਵਕ, ਟਹਿਲੂਆ

ਲਾਈਆਂ	ਅਪੁਨੀ	ਸੇਵ ॥
ਲਗਾਈਆਂ, ਜੋੜੀਆਂ	ਆਪਣੀ	ਸੇਵਾ ਵਿਚ, ਟਹਿਲ ਵਿਚ

...(ਹੇ! ਵਾਹਿਗੁਰੂ! ਤੇਰਾ) ਸੇਵਕ ਉਨ੍ਹਾਂ ਦੀ ਸੇਵਾ ਕਰਨ ਦੀ (ਜੋਦੜੀ) ਕਰਦਾ ਹੈ, ਜਿਨ੍ਹਾਂ ਨੂੰ ਤੂੰ ਆਪਣੀ ਸੇਵਾ ਵਿਚ ਲਗਾਇਆ ਹੋਇਆ ਹੈ।...

ਸਾਧੂ	ਸੰਗੁ *(ਸੰਗ)*	ਮਸਕਤੇ,
ਸੰਤਾਂ	ਨਾਲ, ਸਾਥ	ਮੁਸ਼ੱਕਤ, ਘਾਲ

ਤੂਠੈ	ਪਾਵਾ *(ਪਾਵਾਂ)*	ਦੇਵ ॥
ਪ੍ਰਸੰਨਤਾ ਰਾਹੀਂ	ਪਾ ਸਕਦਾ ਹਾਂ	ਪ੍ਰਭੂ, ਵਾਹਿਗੁਰੂ

...(ਪਰ) ਸਾਧੂਆਂ ਦੀ ਸੰਗਤ, ਅਤੇ (ਨਾਮ-ਸੇਵਾ ਦੀ) ਘਾਲ-ਕਮਾਈ, (ਹੇ!) ਵਾਹਿਗੁਰੂ! ਜੇ ਤੂੰ ਤਰੁਠੇਂ ਤਾਂ ਹੀ ਪ੍ਰਾਪਤ ਹੋ ਸਕਦੀ ਹੈ।...

ਸਭੁ *(ਸਭ)*	ਕਿਛੁ *(ਕਿਛ)*	ਵਸਗਤਿ *(ਵੱਸਗਤ)*	ਸਾਹਿਬੈ,
ਸਾਰਾ	ਕੁੱਝ	ਵੱਸ ਵਿਚ	ਸਾਹਿਬ ਦੇ

ਆਪੇ	ਕਰਣ	ਕਰੇਵ ॥
ਆਪ ਹੀ	ਕਾਰਜ, ਕੰਮ	ਕਰਨ ਵਾਲਾ

...(ਸ੍ਰਿਸ਼ਟੀ ਦਾ) ਸਭ ਕੁਝ ਸਾਹਿਬ ਦੇ ਵਸ ਵਿਚ ਹੈ, ਅਤੇ ਉਹ ਆਪ ਹੀ ਸਭ ਕਾਰਜਾਂ ਦਾ ਕਰਣ-ਕਰਾਉਣ ਵਾਲਾ ਹੈ।...

ਸਤਿਗੁਰ *(ਸਤਗੁਰ)*	ਕੈ	ਬਲਿਹਾਰਣੈ,
ਸਤਿਗੁਰੂ	ਦੇ	ਕੁਰਬਾਨ, ਬਲਿਹਾਰ

ਮਨਸਾ	ਸਭ	ਪੂਰੇਵ ॥੩॥
ਇੱਛਾਵਾਂ	ਸਾਰੀਆਂ	ਪੂਰਾ ਕਰਨ ਵਾਲਾ

...(ਮੈਂ) ਸਤਿਗੁਰੂ ਤੋਂ ਬਲਿਹਾਰ ਹਾਂ, ਜੋ ਸਭ ਇੱਛਾਵਾਂ ਪੂਰੀਆਂ ਕਰਨ ਵਾਲਾ ਹੈ।...

ਇਕੋ	ਦਿਸੈ	ਸਜਣੋ *(ਸੱਜਣੋ)*,
ਕੇਵਲ ਇਕ ਹੀ	ਦਿਸਦਾ ਹੈ	ਮਿੱਤਰ

ਇਕੋ	ਭਾਈ	ਮੀਤੁ *(ਮੀਤ)* ॥
ਇਕ ਹੀ	ਭਰਾ	ਦੋਸਤ

...ਕੇਵਲ ਇਕ (ਸਾਹਿਬ ਹੀ ਮੈਨੂੰ ਆਪਣਾ) ਮਿੱਤਰ ਨਜ਼ਰ ਆਉਂਦਾ ਹੈ, ਅਤੇ (ਉਹੀ) ਇਕ ਭਰਾ ਅਤੇ ਦੋਸਤ ਹੈ।...

ਇਕਸੈ	ਦੀ	ਸਾਮਗਰੀ,
ਇਕੋ	ਕੀ	ਸਮਾਨ

ਇਕਸੈ	ਦੀ	ਹੈ	ਰੀਤਿ *(ਰੀਤ)* ॥
ਇੱਕੋ	ਕੀ	ਹੋਣ ਦੀ ਕ੍ਰਿਆ	ਮਰਿਯਾਦਾ, ਵਿਧਾਨ

...(ਸ੍ਰਿਸ਼ਟੀ ਨੂੰ ਸਾਜਣ ਵਾਲੀ ਸਭ) ਸਾਮਗਰੀ ਇਕੋ (ਕਰਤਾਪੁਰਖ) ਦੀ ਹੀ ਹੈ, ਅਤੇ (ਸ੍ਰਿਸ਼ਟੀ ਵਿਚ ਚਲ ਰਹੀ ਸਾਰੀ) ਮਰਿਯਾਦਾ (ਭਾਵ ਵਿਧੀ-ਵਿਧਾਨ) ਵੀ (ਉਸ) ਇਕੋ ਦੀ ਹੀ ਹੈ।...

ਅੰਕ ੪੪

ਇਕਸ	ਸਿਉ *(ਸਿਉਂ)*	ਮਨੁ *(ਮਨ)*	ਮਾਨਿਆ, *(ਮਾਨਿਆਂ)*
ਇੱਕੋ (ਪ੍ਰਭੂ)	ਨਾਲ	ਚਿੱਤ	ਪਰਚ ਗਿਆ, ਸੰਤੁਸ਼ਟ ਹੋ ਗਿਆ
ਤਾ *(ਤਾਂ)*	ਹੋਆ	ਨਿਹਚਲੁ *(ਨਿਹਚਲ)*	ਚੀਤੁ *(ਚੀਤ)* ॥
ਉਦੋਂ	ਹੋ ਗਿਆ	ਅਡੋਲ, ਟਿਕਾਓ	ਹਿਰਦਾ

...(ਜਦੋਂ ਇਨਸਾਨ ਦਾ) ਚਿੱਤ ਇਕ (ਵਾਹਿਗੁਰੂ ਨਾਲ) ਪਰਚ ਜਾਂਦਾ ਹੈ, ਤਾਂ ਚਿੱਤ ਅਡੋਲ ਹੋ ਜਾਂਦਾ ਹੈ।...

ਸਚੁ *(ਸੱਚ)*	ਖਾਣਾ,	ਸਚੁ *(ਸੱਚ)*	ਪੈਨਣਾ, *(ਪੈਨ੍ਹਣਾ)*
ਸਦਾ ਸਥਿਰ (ਪ੍ਰਭੂ ਨਾਮ)	ਭੋਜਨ	ਸਦਾ-ਸਥਿਰ (ਪ੍ਰਭੂ ਨਾਮ)	ਪੁਸ਼ਾਕ
ਟੇਕ	ਨਾਨਕ,	ਸਚੁ *(ਸੱਚ)*	ਕੀਤੁ *(ਕੀਤ)* ॥੪॥੫॥੭੫॥
ਓਟ, ਆਸਰਾ	ਹੇ ! ਨਾਨਕ	ਸਦਾ-ਸਥਿਰ (ਪ੍ਰਭੂ)	ਕੀਤਾ ਹੈ

...ਹੇ! ਨਾਨਕ! ਮੈਂ ਆਪਣਾ ਭੋਜਨ ਅਤੇ ਪਹਿਰਾਵਾ, ਸਦਾ-ਸਥਿਰ (ਪ੍ਰਮਾਤਮਾ ਦੇ ਨਾਮ ਨੂੰ) ਬਣਾਇਆ ਹੋਇਆ ਹੈ। (ਆਪਣੇ ਜੀਵਨ ਦਾ) ਓਟ-ਆਸਰਾ ਵੀ ਸਦਾ-ਸਥਿਰ (ਵਾਹਿਗੁਰੂ) ਨੂੰ ਹੀ ਕੀਤਾ ਹੋਇਆ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸਭੇ	ਥੋਕ	ਪਰਾਪਤੇ,
ਸਾਰੇ	ਵਸਤੂਆਂ, ਪਦਾਰਥ	ਪਰਾਪਤ ਹੋ ਗਈਆਂ

ਜੇ	ਆਵੈ	ਇਕੁ *(ਇੱਕ)*	ਹਥਿ *(ਹੱਥ)* ॥
ਜੇਕਰ	ਆ ਜਾਏ	ਇੱਕ(ਵਾਹਿਗੁਰੂ)	ਹੱਥ ਵਿਚ

ਜੇਕਰ ਇਕ (ਸਾਹਿਬ) ਹੱਥ ਵਿਚ ਆ ਜਾਵੇ, (ਭਾਵ ਪ੍ਰਾਪਤ ਹੋ ਜਾਵੇ, ਤਾਂ ਸਮਝੋ ਸੰਸਾਰ ਦੀਆਂ) ਸਾਰੀਆਂ ਵਸਤੂਆਂ ਪ੍ਰਾਪਤ ਹੋ ਗਈਆਂ...

ਜਨਮੁ *(ਜਨਮ)*	ਪਦਾਰਥੁ *(ਪਦਾਰਥ)*	ਸਫਲੁ *(ਸਫਲ)*	ਹੈ,
ਜੀਵਨ	ਵਸਤੂ	ਕਾਮਯਾਬ	ਹੋਣ ਦੀ ਕ੍ਰਿਆ
ਜੇ	ਸਚਾ *(ਸੱਚਾ)*	ਸਬਦੁ *(ਸ਼ਬਦ)*	ਕਥਿ *(ਕੱਥ)* ॥
ਜੇਕਰ	ਸਦਾ ਸਥਿਰ	ਸ਼ਬਦ	ਕਥਿਆ, ਜਪਿਆ

ਅੰਕ ੪੪

...ਜੇਕਰ ਸਦਾ-ਸਥਿਰ (ਸਤਿਗੁਰੂ ਦਾ) ਸ਼ਬਦ ਜਪਿਆ ਜਾਵੇ, ਤਾਂ (ਸਮਝੋ ਇਹ) ਜੀਵਨ ਰੂਪੀ ਪਦਾਰਥ ਸਫ਼ਲ ਹੈ।...

ਗੁਰ	ਤੇ	ਮਹਲੁ *(ਮਹਿਲ)*	ਪਰਾਪਤੇ,
ਸਤਿਗੁਰੂ	ਤੋਂ	(ਪ੍ਰਭੂ) ਨਿਵਾਸ	ਪ੍ਰਾਪਤ ਹੋ ਜਾਂਦਾ ਹੈ

ਜਿਸੁ *(ਜਿਸ)*	ਲਿਖਿਆ	ਹੋਵੈ	ਮਥਿ *(ਮੱਥ)* ॥੧॥
ਜਿਜਦੇ	ਅੰਕਿਤ	ਹੋਏ	ਮਸਤਕ ਤੇ

...ਜਿਸ ਦੇ ਮਸਤਕ ਤੇ (ਧੁਰੋਂ) ਲਿਖਿਆ ਹੋਵੇ, ਉਸਨੂੰ ਸਤਿਗੁਰੂ ਤੋਂ, ਪਰਮਾਤਮ ਮਹਿਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ।...

ਮੇਰੇ	ਮਨ,	ਏਕਸ	ਸਿਉ *(ਸਿਉਂ)*	ਚਿਤੁ *(ਚਿੱਤ)*	ਲਾਇ॥
ਆਪਣੇ	ਚਿੱਤ	ਇਕ(ਪ੍ਰਭੂ)	ਨਾਲ	ਮਨ	ਲਗਾ, ਜੋੜ

...ਹੇ! ਮੇਰੇ ਮਨਾ! ਇਕ (ਵਾਹਿਗੁਰੂ) ਨਾਲ ਮਨ ਜੋੜ।...

ਏਕਸ	ਬਿਨੁ, *(ਬਿਨ)*	ਸਭ	ਧੰਧੁ *(ਧੰਧ)*	ਹੈ,
ਇਕ	ਬਿਨਾਂ	ਸਾਰਾ ਕੁਝ ਧੰਧਾ,	ਬਿਰਥਾ ਯਤਨ	ਹੋਣ ਦੀ ਕ੍ਰਿਆ

ਸਭ	ਮਿਥਿਆ	ਮੋਹੁ *(ਮੋਹ)*	ਮਾਇ॥੧॥	ਰਹਾਉ ॥
ਸਾਰਾ ਕੁਝ	ਝੂਠ	ਸਨੇਹ, ਲਗਾਓ	ਮਾਇਆ	ਠਹਿਰਾਉ

...ਇਕ (ਪ੍ਰਭੂ ਨਾਮ ਤੋਂ) ਬਿਨਾਂ ਸਭ ਕੁਝ ਧੰਧਾ-ਪਿੱਟਣਾ ਹੀ ਹੈ, ਮਾਇਆਵੀ ਪਦਾਰਥਾਂ ਦਾ ਮੋਹ ਸਭ ਕੂੜ ਹੈ।...

ਲਖ *(ਲੱਖ)*	ਖੁਸੀਆ *(ਖੁਸ਼ੀਆਂ)*	ਪਾਤਿਸਾਹੀਆ, *(ਪਾਤਸ਼ਾਹੀਆਂ)*
ਲੱਖਾਂ ਹੀ	ਅਨੰਦ, ਖੇੜੇ	ਬਾਦਸ਼ਾਹੀਆਂ

ਜੇ	ਸਤਿਗੁਰੁ *(ਸਤਗੁਰ)*	ਨਦਰਿ *(ਨਦਰ)*	ਕਰੇਇ *(ਕਰੇ)* ॥
ਜੇਕਰ	ਸਦਾ ਸਥਿਰ ਗੁਰੂ	ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ

...(ਪਰ ਜੇ) ਸਤਿਗੁਰੂ, ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ ਤਾਂ ਸਮਝੋ ਲੱਖਾਂ ਬਾਦਸ਼ਾਹੀਆਂ ਦਾ ਅਨੰਦ, ਪ੍ਰਾਪਤ ਹੋ ਗਿਆ।...

ਨਿਮਖ	ਏਕ	ਹਰਿ *(ਹਰ)*	ਨਾਮੁ *(ਨਾਮ)*	ਦੇਇ *(ਦੇ)*
ਛਿਨ, ਘੜੀ	ਇੱਕ	ਪ੍ਰਭੂ	ਬੰਦਗੀ, ਸਿਮਰਨ	ਦੇ ਦਿੰਦਾ

ਅੰਕ ੪੪

ਮੇਰਾ	ਮਨੁ *(ਮਨ)*	ਤਨੁ *(ਤਨ)*	ਸੀਤਲੁ *(ਸੀਤਲ)*	ਹੋਇ॥
ਆਪਣਾ	ਚਿੱਤ	ਸਰੀਰ	ਠੰਢਾ, ਸ਼ਾਂਤ	ਹੋ ਜਾਂਦਾ ਹੈ

...ਜੇਕਰ ਇੱਕ ਛਿਨ ਲਈ ਵੀ ਵਾਹਿਗੁਰੂ, ਮੈਨੂੰ (ਆਪਣੀ) ਬੰਦਗੀ ਬਖਸ਼ ਦਿੰਦਾ ਹੈ, ਤਾਂ ਮੇਰਾ ਹਿਰਦਾ ਤੇ ਸਰੀਰ ਠੰਢਾ-ਠਾਰ ਭਾਵ ਸ਼ਾਂਤ ਹੋ ਜਾਂਦਾ ਹੈ।...

ਜਿਸ	ਕਉ	ਪੂਰਬਿ *(ਪੂਰਬ)*	ਲਿਖਿਆ,
ਜਿਹੜੇ	ਨੂੰ	ਧੁਰੋਂ, ਪਹਿਲਾਂ ਤੋਂ ਹੀ	ਅੰਕਿਤ ਕੀਤਾ ਹੋਇਆ

ਤਿਨਿ *(ਤਿਨ੍ਹ)*	ਸਤਿਗੁਰ *(ਸਤਗੁਰ)*	ਚਰਨ	ਗਹੇ ॥੨॥
ਉਨ੍ਹਾਂ	ਸਦਾ-ਸਥਿਰ ਗੁਰੂ	ਪੈਰ	ਪਕੜ ਲਏ

...ਜਿਨ੍ਹਾਂ ਦੇ (ਮਸਤਕ ਤੇ) ਧੁਰੋਂ ਹੀ ਲਿਖਿਆ ਹੋਵੇ, ਉਹ ਸਦਾ-ਸਥਿਰ ਗੁਰੂ ਦੇ ਚਰਨ (ਘੁੱਟ ਕੇ) ਫੜ ਲੈਂਦੇ ਹਨ। (ਭਾਵ ਅੱਠੇ ਪਹਿਰ, ਗੁਰ-ਸ਼ਬਦ ਰੰਗ ਵਿਚ ਰੰਗੇ ਰਹਿੰਦੇ ਹਨ।)...

ਸਫਲ	ਮੂਰਤੁ, *(ਮੂਰਤ)*	ਸਫਲਾ	ਘੜੀ,
ਫ਼ਲਦਾਇਕ	(ਮੁਹੂਰਤ ਦਾ ਸੰਖੇਪ) ਸਮਾਂ, ਵੇਲਾ	ਫ਼ਲਦਾਇਕ	ਪਲ

ਜਿਤੁ *(ਜਿਤ)*	ਸਚੇ	ਨਾਲਿ *(ਨਾਲ)*	ਪਿਆਰੁ *(ਪਿਆਰ)* ॥
ਜਿਹੜੇ (ਸਮੇਂ)	ਸਦਾ ਸਥਿਰ (ਪ੍ਰਭੂ)	ਸਾਥ, ਸੰਗ	ਪ੍ਰੀਤ

...ਉਹ ਸਮਾਂ ਅਤੇ ਪਲ ਸਫ਼ਲ ਹਨ ਜਦੋਂ ਸੱਚੇ (ਸਾਹਿਬ) ਨਾਲ ਪ੍ਰੀਤ ਪਾਈ ਜਾਂਦੀ ਹੈ।...

ਦੂਖੁ *(ਦੂਖ)*	ਸੰਤਾਪੁ *(ਸੰਤਾਪ)*	ਨ *(ਨਾਂ)*	ਲਗਈ,
ਦੁੱਖ, ਤਕਲੀਫ਼	ਕਲੇਸ਼	ਨਹੀਂ	ਲਗਦਾ

ਜਿਸੁ *(ਜਿਸ)*	ਹਰਿ *(ਹਰ)*	ਕਾ	ਨਾਮੁ *(ਨਾਮ)*	ਅਧਾਰੁ *(ਅਧਾਰ)* ॥
ਜਿਸਦਾ	ਪ੍ਰਭੂ	ਦਾ	ਬੰਦਗੀ, ਸਿਮਰਨ	ਆਸਰਾ

...ਜਿਸਦੇ (ਜੀਵਨ ਦਾ ਓਟ-ਆਸਰਾ) ਪਰਮਾਤਮਾ ਦੀ ਬੰਦਗੀ ਹੈ, ਉਸਨੂੰ ਕਦੇ ਦੁੱਖ, ਸੰਤਾਪ ਨਹੀਂ ਲਗਦੇ।...

ਬਾਹ *(ਬਾਂਹ)*	ਪਕੜਿ, *(ਪਕੜ)*	ਗੁਰਿ, *(ਗੁਰ)*	ਕਾਢਿਆ,
ਬਾਜੂ	ਫੜਕੇ	ਸਤਿਗੁਰੂ ਨੇ	ਕੱਢ ਲਿਆ

ਸੋਈ	ਉਤਰਿਆ	ਪਾਰਿ *(ਪਾਰ)* ॥੩॥
ਉਹੋ ਹੀ	ਉਤਰ ਗਿਆ	ਪਰਲਾ ਕਿਨਾਰਾ

ਅੰਕ ੪੪

...ਜਿਸਨੂੰ ਸਤਿਗੁਰੂ ਨੇ (ਸੰਸਾਰ ਸਾਗਰ ਵਿਚ ਡੁੱਬਦੇ ਹੋਏ ਨੂੰ) ਬਾਂਹ ਫੜਕੇ ਕੱਢ ਲਿਆ, ਉਹੀ ਪਾਰ ਉਤਰ ਸਕਿਆ ਹੈ।...

ਥਾਨੁ *(ਥਾਨ)*	ਸੁਹਾਵਾ	ਪਵਿਤੁ *(ਪਵਿੱਤ)*	ਹੈ,
ਥਾਂ, ਜਗ੍ਹਾ	ਸੁਭਾਇਮਾਨ, ਸੁੰਦਰ	ਨਿਰਮਲ, ਪਵਿੱਤਰ	ਹੋਣ ਦੀ ਕ੍ਰਿਆ

ਜਿਥੈ	ਸੰਤ	ਸਭਾ ॥
ਜਿਹੜੀ ਜਗ੍ਹਾ	ਸਾਧੂਆਂ	ਇਕੱਠ, ਸੰਗਤ

...ਉਹ ਜਗ੍ਹਾ ਸੁੰਦਰ ਅਤੇ ਨਿਰਮਲ ਹੈ, ਜਿਥੇ ਸਾਧੂ-ਸੰਤਾਂ ਦੀ ਸੰਗਤ (ਜੁੜਦੀ ਹੈ।)...

ਢੋਈ	ਤਿਸ	ਹੀ	ਨੋ	ਮਿਲੈ,
ਆਸਰਾ,ਓਟ	ਉਸ ਨੂੰ	ਸਿਰਫ਼	ਨੂੰ	ਮਿਲਦੀ ਹੈ

ਜਿਨਿ *(ਜਿਨ੍ਹ)*	ਪੂਰਾ	ਗੁਰੂ	ਲਭਾ *(ਲੱਭਾ)* ॥
ਜਿਸ ਨੂੰ	ਪੂਰਨ	ਸਤਿਗੁਰੂ	ਮਿਲ ਗਿਆ

...ਜਿਸ ਨੂੰ ਪੂਰਨ ਸਤਿਗੁਰੂ ਮਿਲ ਪੈਂਦਾ ਹੈ, ਉਸਨੂੰ ਹੀ (ਪਰਮਾਤਮ ਦਰ ਤੇ) ਢੋਈ ਮਿਲਦੀ ਹੈ।...

ਨਾਨਕ,	ਬਧਾ	ਘਰੁ *(ਘਰ)*	ਤਹਾਂ,
ਹੇ! ਨਾਨਕ!	ਬੰਨ੍ਹਿਆਂ	ਨਿਵਾਸ	ਉਥੇ

ਜਿਥੈ	ਮਿਰਤੁ *(ਮਿਰਤ)*	ਨ *(ਨਾਂ)*	ਜਨਮੁ *(ਜਨਮ)*	ਜਰਾ ॥੪॥੬॥੭੬॥
ਜਿਹੜੀ ਜਗ੍ਹਾ	ਮੌਤ	ਨਹੀਂ	ਜੰਮਣਾ	ਬੁਢੇਪਾ

...ਹੇ! ਨਾਨਕ! ਜਿਥੇ ਮੌਤ, ਜਨਮ ਅਤੇ ਬੁਢੇਪਾ (ਅਸਰ) ਨਹੀਂ ਕਰਦੇ, (ਉਥੇ ਮੈਂ ਬੰਦਗੀ ਰਾਹੀਂ, ਆਪਣੇ ਆਤਮਿਕ ਜੀਵਨ ਦਾ) ਘਰ ਬਣਾ ਲਿਆ ਹੈ।

ਸ੍ਰੀਰਾਗੁ, *(ਸ੍ਰਿਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸੋਈ	ਧਿਆਈਐ	ਜੀਅੜੇ,
ਉਹੋ ਹੀ	ਅਰਾਧੀਏ, ਸਿਮਰੀਏ	ਹੇ!ਜਿੰਦ

ਸਿਰਿ *(ਸਿਰ)*	ਸਾਹਾਂ *(ਸ਼ਾਹਾਂ)*	ਪਾਤਿਸਾਹੁ *(ਪਾਤਸ਼ਾਹ)* ॥
ਸਿਰਾਂ ਤੇ	ਪਾਤਸ਼ਾਹਾਂ ਦੇ	(ਸੱਚਾ) ਪਾਤਸ਼ਾਹ

ਅੰਕ ੪੪

...ਹੇ! ਮੇਰੀ ਜਿੰਦੜੀਏ! ਉਸੇ (ਵਾਹਿਗੁਰੂ) ਦਾ ਸਿਮਰਨ ਕਰ, ਜੋ ਰਾਜਿਆਂ ਦੇ ਸਿਰਾਂ ਤੇ ਵੀ (ਸੱਚਾ) ਮਹਾਰਾਜਾ ਹੈ।...

ਤਿਸ	ਹੀ	ਕੀ	ਕਰਿ *(ਕਰ)*	ਆਸ	ਮਨ,
ਉਸੇ	ਸਿਰਫ਼	ਦੀ	ਕਰੋ	ਉਮੀਦ	ਚਿੱਤ

ਜਿਸ	ਕਾ	ਸਭਸੁ *(ਸਭਸ)*	ਵੇਸਾਹੁ *(ਵੇਸਾਹ)* ॥
ਜਿਹੜੇ	ਦਾ	ਸਾਰਿਆਂ ਨੂੰ	ਭਰੋਸਾ, ਵਿਸ਼ਵਾਸ਼

...(ਹੇ! ਭਾਈ!) ਜਿਸ (ਵਾਹਿਗੁਰੂ) ਦਾ ਸਾਰਿਆਂ ਨੂੰ ਵਿਸ਼ਵਾਸ਼ ਹੈ, ਸਿਰਫ਼ ਉਸੇ ਦੀ ਹੀ ਚਿੱਤ ਵਿਚ ਆਸ, ਉਮੀਦ ਕਰ।...

ਸਭਿ *(ਸਭ)*	ਸਿਆਣਪਾ *(ਸਿਆਣਪਾਂ)*	ਛਡਿ *(ਛੱਡ)*	ਕੈ,
ਸਾਰੀਆਂ	ਚਤੁਰਾਈਆਂ	ਤਿਆਗ	ਕੇ

ਗੁਰ	ਕੀ	ਚਰਣੀ	ਪਾਹੁ *(ਪਾਹ)* ॥੧॥
ਸਤਿਗੁਰੂ	ਦੀ	ਚਰਨੀ	ਪੈ ਜਾ, ਡਿਗ ਪਉ

...(ਅਤੇ) ਸਾਰੀਆਂ ਸਿਆਣਪਾਂ ਤਿਆਗ ਕੇ, ਸਤਿਗੁਰੂ ਦੇ ਚਰਨਾਂ ਤੇ ਡਿੱਗ ਪੈ।(ਭਾਵ ਪੂਰਨ ਰੂਪ ਵਿਚ ਸਤਿਗੁਰੂ ਨੂੰ ਸਮਰਪਿਤ ਹੋ ਜਾਹ)...

ਮਨ	ਮੇਰੇ,
ਚਿੱਤ	ਆਪਣੇ

ਸੁਖ *(ਸੁੱਖ)*	ਸਹਜ *(ਸਹਿਜ)*	ਸੇਤੀ	ਜਪਿ *(ਜੱਪ)*	ਨਾਉ *(ਨਾਉਂ)* ॥
ਸੁੱਖ ਪੂਰਬਕ,	ਅਨੰਦ ਨਾਲ ਸ਼ਾਂਤ, ਟਿਕਾਓ	ਨਾਲ	ਅਰਾਧ	(ਪ੍ਰਭੂ) ਨਾਮ

...ਹੇ! ਮੇਰੇ ਮਨ! ਅਨੰਦ ਅਤੇ ਟਿਕਾਓ ਵਿਚ (ਵਾਹਿਗੁਰੂ) ਨਾਮ ਦੀ ਅਰਾਧਨਾ ਕਰ।...

ਆਠ	ਪਹਰ *(ਪਹਿਰ)*	ਪ੍ਰਭੁ *(ਪ੍ਰਭ)*	ਧਿਆਇ	ਤੂੰ,
ਅੱਠ(੮)	ਤਿੰਨ ਘੰਟੇ ਦਾ ਸਮਾਂ	ਪਰਮਾਤਮਾ	ਸਿਮਰ, ਅਰਾਧ	ਤੁਸੀਂ

ਗੁਣ	ਗੋਇੰਦ	ਨਿਤ	ਗਾਉ ॥੧॥	ਰਹਾਉ ॥
ਚੰਗਿਆਈਆਂ	ਗੋਬਿੰਦ, ਧਰਤੀ ਦਾ ਪਾਲਕ	ਰੋਜ਼	ਗਾਇਨ ਕਰ	ਠਹਿਰਾਉ

...(ਹੇ! ਜੀਅੜੇ!) ਤੂੰ ਅੱਠੇ ਪਹਿਰ ਵਾਹਿਗੁਰੂ ਬੰਦਗੀ ਕਰ! ਅਤੇ ਗੋਬਿੰਦ ਦੇ ਗੁਣਾਂ ਦਾ ਗਾਇਨ ਕਰ।...

ਤਿਸ	ਕੀ	ਸਰਨੀ *(ਸ਼ਰਨੀ)*	ਪਰੁ *(ਪਰ)*	ਮਨਾ, *(ਮਨਾ)*
ਉਸ	ਦੀ	ਸ਼ਰਣ/ਓਟ ਵਿਚ	ਪੈ ਜਾ, ਚਲਾ ਜਾ	ਹੇ! ਚਿੱਤ
ਜਿਸੁ *(ਜਿਸ)*	ਜੇਵਡੁ *(ਜੇਵਡ)*	ਅਵਰੁ *(ਅਵਰ)*	ਨ *(ਨਾਂ)*	ਕੋਇ॥
ਜੀਹਦੇ	ਜਿੱਡਾ	ਹੋਰ	ਨਹੀਂ	ਕੋਈ

...ਹੇ ਮਨਾ! ਜੀਹਦੇ ਜਿੱਡਾ (ਇਸ ਬ੍ਰਹਿਮੰਡ ਵਿਚ) ਹੋਰ ਕੋਈ ਨਹੀਂ, ਉਸ ਦੀ ਸ਼ਰਣ ਵਿਚ ਚਲਿਆ ਜਾਹ।...

ਜਿਸੁ *(ਜਿਸ)*	ਸਿਮਰਤ	ਸੁਖੁ *(ਸੁੱਖ)*	ਹੋਇ	ਘਣਾ,
ਜਿਸਦੀ	ਬੰਦਗੀ ਨਾਲ	ਅਨੰਦ	ਹੁੰਦਾ ਹੈ	ਬਹੁਤ, ਡੂੰਘਾ
ਦੁਖੁ *(ਦੁੱਖ)*	ਦਰਦੁ *(ਦਰਦ)*	ਨ *(ਨਾਂ)*	ਮੂਲੇ	ਹੋਇ॥
ਤਕਲੀਫ਼, ਕਸ਼ਟ	ਪੀੜ	ਨਹੀਂ	ਮੂਲੋਂ, ਅਸਲੋਂ	ਹੁੰਦਾ

...ਜਿਸਦੀ ਬੰਦਗੀ ਨਾਲ ਬਹੁਤ (ਆਤਮਿਕ) ਅਨੰਦ ਹੁੰਦਾ ਹੈ, ਅਤੇ (ਜੀਵਨ ਦਾ) ਕੋਈ ਵੀ ਦੁੱਖ ਦਰਦ, ਅਸਲੋਂ ਹੀ ਨਹੀਂ ਹੁੰਦਾ।...

ਸਦਾ	ਸਦਾ	ਕਰਿ *(ਕਰ)*	ਚਾਕਰੀ,
ਹਮੇਸ਼ਾਂ	ਹਮੇਸ਼ਾਂ	ਕਰੋ	ਟਹਿਲ,ਸੇਵਾ
ਪ੍ਰਭੁ *(ਪ੍ਰਭ)*	ਸਾਹਿਬੁ *(ਸਾਹਿਬ)*	ਸਚਾ *(ਸੱਚਾ)*	ਸੋਇ॥੨॥
ਪਰਮਾਤਮਾ	ਵਾਹਿਗੁਰੂ	ਸਦਾ-ਸਥਿਰ	ਉਹ,ਜਿਹੜਾ

...ਜਿਹੜਾ ਵਾਹਿਗੁਰੂ, ਪਰਮਾਤਮਾ, ਸਦਾ-ਸਥਿਰ ਹੈ, ਹਮੇਸ਼ਾਂ ਹਮੇਸ਼ਾਂ ਉਸੇ ਦੀ ਸੇਵਾ ਕਰ।...

ਸਾਧਸੰਗਤਿ *(ਸਾਧਸੰਗਤ)*		ਹੋਇ	ਨਿਰਮਲਾ,
ਸਚਿਆਰ ਪੁਰਸ਼ਾਂ ਦੀ ਸੰਗਤ		ਹੋ ਜਾਈਦਾ ਹੈ	ਪਵਿੱਤਰ
ਕਟੀਐ	ਜਮ	ਕੀ	ਫਾਸ ॥
ਕੱਟੀ ਜਾਂਦੀ ਹੈ, ਵੱਢੀ ਜਾਂਦੀ ਹੈ	ਮੌਤ ਦੇ ਫਰਿਸ਼ਤੇ	ਦੀ	ਫਾਹੀ, ਫਾਂਸੀ

...ਸਚਿਆਰ ਪੁਰਸ਼ਾਂ ਦੀ ਸੰਗਤ ਰਾਹੀਂ ਨਿਰਮਲ ਹੋ ਜਾਈਦਾ ਹੈ, ਅਤੇ ਜਮ ਦੀ ਫ਼ਾਹੀ ਕੱਟੀ ਜਾਂਦੀ ਹੈ।...

ਅੰਕ ੪੪

ਸੁਖਦਾਤਾ *(ਸੁੱਖਦਾਤਾ)*	ਭੈ	ਭੰਜਨੋ,
ਸੁੱਖਾਂ ਨੂੰ ਦੇਣਹਾਰ	ਡਰ, ਖ਼ੌਫ	ਭੰਨਣ ਵਾਲਾ, ਮੇਟਣ ਵਾਲਾ

ਤਿਸੁ *(ਤਿਸ)*	ਆਗੈ	ਕਰਿ *(ਕਰ)*	ਅਰਦਾਸਿ *(ਅਰਦਾਸ)* ॥
ਉਸ	ਅੱਗੇ, ਮੂਹਰੇ	ਕਰੋ	ਬੇਨਤੀ, ਜੋਦੜੀ

...(ਜਿਹੜਾ ਵਾਹਿਗੁਰੂ) ਸੁੱਖਾਂ ਦਾ ਦਾਤਾ ਅਤੇ (ਜੀਵਨ ਦੇ ਸਾਰੇ) ਡਰਾਂ ਨੂੰ ਮੇਟਣ ਵਾਲਾ ਹੈ, ਉਸ ਅੱਗੇ ਬੇਨਤੀਆਂ, ਜੋਦੜੀਆਂ ਕਰ।...

ਮਿਹਰ	ਕਰੇ	ਜਿਸੁ *(ਜਿਸ)*	ਮਿਹਰਵਾਨੁ, *(ਮਿਹਰਵਾਨ)*
ਕਿਰਪਾ	ਕਰ ਦੇਵੇ	ਜਿਸ ਉੱਤੇ	ਦਿਆਲੂ, ਕ੍ਰਿਪਾਲੂ

ਤਾਂ	ਕਾਰਜੁ *(ਕਾਰਜ)*	ਆਵੈ	ਰਾਸਿ *(ਰਾਸ)* ॥੩॥
ਤਦੋਂ	ਕੰਮ	ਆ ਜਾਂਦਾ	ਠੀਕ, ਦਰੁਸਤ

...ਮਿਹਰਵਾਨ (ਵਾਹਿਗੁਰੂ ਆਪਣੀ) ਜਿਸ ਉੱਤੇ (ਆਪਣੀ) ਮਿਹਰ ਕਰ ਦੇਵੇ, ਤਾਂ (ਉਸਦੇ ਜੀਵਨ ਦੇ ਸਭ) ਕਾਰਜ ਰਾਸ ਆ ਜਾਂਦੇ ਹਨ।...

ਬਹੁਤੋ	ਬਹੁਤੁ *(ਬਹੁਤ)*	ਵਖਾਣੀਐ,
ਬਹੁਤ ਤੋਂ	ਬਹੁਤ	ਵਖਾਨ ਕੀਤਾ ਜਾਂਦਾ ਹੈ

ਊਚੋ	ਊਚਾ	ਥਾਉ *(ਥਾਉਂ)* ॥
ਉਚਿੱਆਂ ਤੋਂ	ਉੱਚਾ	ਥਾਂ,ਸਥਾਨ

...(ਪਰਮਾਤਮਾ ਬਾਰੇ) ਬੇਅੰਤ ਤੋਂ ਬੇਅੰਤ ਵਖਿਆਨ ਕੀਤਾ ਜਾਂਦਾ ਹੈ, (ਪਰ ਉਹ ਉਸ ਤੋਂ ਵੀ ਬੇਅੰਤ ਹੈ, ਉਸਦੇ (ਟਿਕਾਣੇ ਨੂੰ) ਉੱਚੇ ਤੋਂ ਵੀ ਉੱਚਾ (ਮੰਨਿਆਂ ਜਾਂਦਾ ਹੈ, ਪਰ ਉਹ ਤਾਂ ਅਸੀਮ ਉੱਚਾ ਹੈ।)...

ਵਰਨਾ	ਚਿਹਨਾ	ਬਾਹਰਾ,
ਰੰਗਾਂ	ਚਿਨ੍ਹਾਂ, ਰੂਪ-ਰੇਖਾ	ਬਾਹਰ, ਰਹਿਤ

ਕੀਮਤਿ *(ਕੀਮਤ)*	ਕਹਿ	ਨ *(ਨਾਂ)*	ਸਕਾਉ *(ਸਕਾਉਂ)* ॥
ਮੁੱਲ	ਆਖ਼	ਨਹੀਂ	ਸਕਦਾ

...(ਵਾਹਿਗੁਰੂ) ਰੰਗਾਂ, ਸਰੂਪਾਂ ਤੋਂ ਬਾਹਰ ਹੈ, (ਮੈਂ ਉਸਦੀ ਕੋਈ) ਕੀਮਤ ਨਹੀਂ ਦੱਸ ਸਕਦਾ।...

ਅੰਕ ੪੪-੪੫

ਨਾਨਕ	**ਕਉ**	**ਪ੍ਰਭ**	**ਮਇਆ**	**ਕਰਿ,** *(ਕਰ)*
ਨਾਨਕ ਸਤਿਗੁਰੂ	ਉੱਤੇ	ਵਾਹਿਗੁਰੂ	ਕਿਰਪਾ	ਕਰਕੇ

ਸਚੁ *(ਸੱਚ)*	**ਦੇਵਹੁ**	**ਅਪੁਣਾ**	**ਨਾਉ** *(ਨਾਉਂ)* ॥੪॥੭॥੭੭॥
ਸਦੀਵ ਸਥਿਰ	ਦਿਓ	ਆਪਣਾ	ਨਾਮ

...ਹੇ! ਵਾਹਿਗੁਰੂ ਨਾਨਕ ਉੱਤੇ ਕਿਰਪਾ ਕਰਕੇ, ਆਪਣੇ ਸਦਾ-ਸਥਿਰ ਨਾਮ ਦੀ ਬਖਸ਼ਿਸ਼ ਕਰ ਦੇਵੋਂ।

ਸ੍ਰੀਰਾਗੁ, *(ਸ੍ਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਨਾਮੁ *(ਨਾਮ)*	**ਧਿਆਏ**	**ਸੋ**	**ਸੁਖੀ,**
(ਪ੍ਰਭੂ) ਨਾਮ	ਸਿਮਰਦਾ, ਅਰਾਧਦਾ	ਉਹੀ	ਆਨੰਦਿਤ

ਤਿਸੁ *(ਤਿਸ)*	**ਮੁਖੁ** *(ਮੁੱਖ)*	**ਊਜਲੁ** *(ਊਜਲ)*	**ਹੋਇ॥**
ਉਸਦਾ	ਮੂੰਹ	ਉਜੁਲ, ਨਿਰਮਲ	ਹੁੰਦਾ ਹੈ।

(ਜੋ ਵਾਹਿਗੁਰੂ ਦਾ) ਨਾਮ ਸਿਮਰਦਾ ਹੈ ਉਹ (ਸਦਾ-ਆਤਮਿਕ) ਅਨੰਦ ਵਿਚ ਰਹਿੰਦਾ ਹੈ, ਅਤੇ ਉਸਦਾ ਮੁੱਖ (ਰੱਬੀ ਦਰਗਾਹ ਵਿਚ), ਹਮੇਸ਼ਾਂ ਨਿਰਮਲ ਹੁੰਦਾ ਹੈ।...

ਪੂਰੇ	**ਗੁਰ**	**ਤੇ**	**ਪਾਈਐ,**
ਪੂਰਨ	ਸਤਿਗੁਰੂ	ਤੋਂ	ਪ੍ਰਾਪਤ ਕਰੀਦਾ ਹੈ,

ਪਰਗਟੁ *(ਪਰਗਟ)*	**ਸਭਨੀ**	**ਲੋਇ॥**
ਪਰਤੱਖ	ਸਾਰਿਆਂ	ਲੋਕਾਂ ਵਿਚ, ਦੁਨੀਆਂ ਵਿਚ

...(ਭਾਵੇਂ ਇਹ ਨਾਮ-ਸ਼ਕਤੀ) ਸਭਨਾਂ ਲੋਕਾਂ ਵਿਚ ਪਰਗਟ ਹੈ, (ਪਰ ਇਹ ਦਾਤ ਦੀ) ਪ੍ਰਾਪਤੀ, ਪੂਰਨ ਸਤਿਗੁਰੂ ਤੋਂ ਹੀ ਹੁੰਦੀ ਹੈ।

ਸਾਧਸੰਗਤਿ *(ਸਾਧਸੰਗਤ)*	**ਕੈ**	**ਘਰਿ** *(ਘਰ)*	**ਵਸੈ,**
ਸੱਚਿਆਰ ਪੁਰਸ਼ਾਂ ਦੀ ਸੰਗਤ	ਦੇ	ਨਿਵਾਸ ਵਿਚ	ਵਸਦਾ ਹੈ

ਏਕੋ	**ਸਚਾ** *(ਸੱਚਾ)*	**ਸੋਇ॥੧॥**
ਇਕ (ਪ੍ਰਭੂ)	ਸਦਾ-ਸਥਿਰ	ਉਹ

ਅੰਕ ੪੫

...ਉਹ ਸਦਾ-ਸਥਿਰ ਇਕ ਪਰਮਾਤਮਾ, ਸੱਚਿਆਰ ਪੁਰਸ਼ਾਂ ਦੇ ਸੰਗਤ ਰੂਪੀ ਘਰ ਵਿਚ ਨਿਵਾਸ ਕਰਦਾ ਹੈ।...

ਮੇਰੇ	ਮਨ,
ਆਪਣੇ	ਚਿੱਤ

ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਧਿਆਇ॥
ਪ੍ਰਭੂ	ਪ੍ਰਭੂ	ਸ਼ਕਤੀ	ਸਿਮਰ, ਅਰਾਧ

...ਹੇ! ਮੇਰੇ ਮਨਾ! ਹਰੀ ਨਾਮ ਦਾ ਸਿਮਰਨ ਕਰ...

ਨਾਮੁ *(ਨਾਮ)*	ਸਹਾਈ	ਸਦਾ	ਸੰਗਿ, *(ਸੰਗ)*
(ਪਰਮਾਤਮ) ਨਾਮ	ਸਹਾਇਕ	ਹਮੇਸ਼ਾਂ	ਨਾਲ, ਸਾਥ

ਆਗੈ	ਲਏ	ਛਡਾਇ॥੧॥	ਰਹਾਉ ॥
ਅੱਗੇ, ਰੱਬੀ ਦਰਗਾਹ ਵਿਚ	ਲੈਂਦਾ ਹੈ	ਛੁੱਡਾ	ਠਹਿਰਾਉ

...ਅਕਾਲ ਪੁਰਖ ਦਾ ਨਾਮ, (ਇਸ ਲੋਕ ਵਿਚ ਵੀ) ਅੰਗ ਸੰਗ ਹੋਕੇ, ਸਦਾ ਸਹਾਈ ਹੈ, ਅਤੇ ਪਰਲੋਕ ਵਿਚ (ਲੇਖਿਆਂ ਤੋਂ) ਛੁਡਾ ਲੈਂਦਾ ਹੈ।...

ਦੁਨੀਆ *(ਦੁਨੀਆਂ)*	ਕੀਆ *(ਕੀਆਂ)*	ਵਡਿਆਈਆ, *(ਵੱਡਿਆਈਆਂ)*
ਸੰਸਾਰ	ਦੀਆਂ	ਵਡੱਪਣ, ਮਾਣ, ਇੱਜ਼ਤ

ਕਵਨੈ	ਆਵਹਿ *(ਆਵਹਿਂ)*	ਕਾਮਿ *(ਕਾਮ)* ॥
ਕਿਹੜੇ	ਆਉਂਦੀਆਂ	ਕੰਮ, ਅਰਥ

...ਸੰਸਾਰ ਦੀਆਂ ਮਾਣ-ਇੱਜ਼ਤਾਂ (ਰੱਬੀ ਦਰਗਾਹ ਵਿਚ) ਕਿਹੜੇ ਕੰਮ ਆਉਣਗੀਆਂ? (ਭਾਵ ਕਿਸੇ ਕੰਮ ਨਹੀਂ)...

ਮਾਇਆ	ਕਾ	ਰੰਗੁ *(ਰੰਗ)*	ਸਭੁ *(ਸਭ)*	ਫਿਕਾ,
ਮਾਇਆਵੀਪਦਾਰਥਾਂ	ਦਾ	ਵਰਣ	ਸਾਰਾ	ਕੱਚਾ, ਸ਼ੋਭਾਹੀਨ

ਜਾਤੋ	ਬਿਨਸਿ *(ਬਿਨਸ)*	ਨਿਦਾਨਿ *(ਨਿਦਾਨ)* ॥
ਜਾਂਦਾ ਹੈ	ਵਿਨਾਸ਼	ਅੰਤ ਨੂੰ, ਆਖ਼ਰ

...ਮਾਇਆਵੀ ਪਦਾਰਥਾਂ ਦਾ ਸਾਰਾ ਰੰਗ ਕੱਚਾ, ਭਾਵ ਸ਼ੋਭਾਹੀਨ ਹੈ, ਜੋ ਆਖ਼ਰ ਨੂੰ ਨਾਸ਼ ਹੋ ਜਾਂਦਾ ਹੈ।...

ਅੰਕ ੪੫

ਜਾ(ਜਾਂ)	ਕੈ	ਹਿਰਦੈ	ਹਰਿ(ਹਰ)	ਵਸੈ,
ਜਿਸ	ਦੇ	ਹਿਰਦੇ ਵਿਚ	ਪਰਮਾਤਮਾ	ਵਸਦਾ ਹੈ

ਸੋ	ਪੂਰਾ	ਪਰਧਾਨੁ(ਪਰਧਾਨ) ॥੨॥
ਉਹੀ	ਪੂਰਨ	ਮੁੱਖੀ, ਸ੍ਰੇਸ਼ਟ,ਉੱਤਮ

...ਜਿਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਹੈ, ਉਹੀ ਪੂਰਨ ਅਤੇ ਸ੍ਰੇਸ਼ਟ (ਇਨਸਾਨ) ਹੈ।...

ਸਾਧੂ	ਕੀ	ਹੋਹੁ(ਹੋ)	ਰੇਣੁਕਾ,
ਸੰਤਾਂ	ਦੀ	ਹੋਵੋ	ਚਰਨ ਧੂੜ

ਅਪਣਾ	ਆਪੁ (ਆਪ)	ਤਿਆਗਿ(ਤਿਆਗ) ॥
ਆਪਣੀ	ਹੰਗਤਾ, ਹਉਮੈ	ਛੱਡ ਕੇ

...(ਹੇ! ਭਾਈ!) ਆਪਣੀ ਹਉਮੈ ਛੱਡਕੇ, ਸਚਿਆਰ ਪੁਰਖਾਂ ਦੀ ਚਰਨ ਧੂੜ ਹੋ...

ਉਪਾਵ	ਸਿਆਣਪ	ਸਗਲ	ਛਡਿ,(ਛੱਡ)
ਉਪਾ,ਹੀਲੇ	ਚਤੁਰਾਈਆਂ	ਸਾਰੀਆਂ	ਤਿਆਗ ਕੇ

ਗੁਰ	ਕੀ	ਚਰਣੀ	ਲਾਗੁ(ਲਾਗ) ॥
ਸਤਿਗੁਰੂ	ਦੀ	ਪੈਰਾਂ ਨੂੰ	ਲੱਗ, ਪਕੜ

...(ਆਪਣੀਆਂ) ਸਾਰੀਆਂ ਸਿਆਣਪਾਂ, ਅਤੇ (ਗੁਰੂ ਤੋਂ ਬਿਨਾਂ) ਹੋਰ ਹੀਲੇ-ਵਸੀਲੇ ਛੱਡ ਕੇ, ਸਤਿਗੁਰੂ ਦੀ ਚਰਣੀਂ ਲੱਗ ਜਾਹ, (ਭਾਵ ਸਤਿਗੁਰੂ ਨੂੰ ਆਪਣਾ ਆਪ ਸਮਰਪਿਤ ਕਰ ਦੇਹ)...

ਤਿਸਹਿ,(ਤਿਸਹਿਂ)	ਪਰਾਪਤਿ(ਪਰਾਪਤ)	ਰਤਨੁ(ਰਤਨ)	ਹੋਇ,
ਉਸਨੂੰ	ਮਿਲਦਾ	(ਨਾਮ) ਜਵਾਹਰ	ਹੁੰਦਾ ਹੈ

ਜਿਸੁ(ਜਿਸ)	ਮਸਤਕਿ(ਮਸਤਕ)	ਹੋਵੈ	ਭਾਗੁ(ਭਾਗ) ॥੩॥
ਜੀਹਦੇ	ਮੱਥੇ	ਹੁੰਦਾ ਹੈ	ਕਿਸਮਤ

...ਜਿਸ ਦੇ ਮੱਥੇ ਤੇ ਭਾਗਾਂ ਵਿਚ (ਲਿਖਿਆ) ਹੁੰਦਾ ਹੈ, ਉਸਨੂੰ ਹੀ (ਚਰਣੀ ਪਿਆਂ ਫਿਰ ਸਤਿਗੁਰੂ ਪਾਸੋਂ ਨਾਮ) ਰਤਨ ਦੀ ਪ੍ਰਾਪਤੀ ਹੁੰਦੀ ਹੈ।...

ਤਿਸੈ	ਪਰਾਪਤਿ(ਪਰਾਪਤ)	ਭਾਈਹੋ,
ਉਸਨੂੰ	ਮਿਲਦਾ ਹੈ	ਹੇ!ਭਰਾਵੋ

ਅੰਕ ੪੫

ਜਿਸੁ *(ਜਿਸ)*	ਦੇਵੈ	ਪ੍ਰਭੁ *(ਪ੍ਰਭ)*	ਆਪਿ *(ਆਪ)* ॥	
ਜਿਸ ਨੂੰ	ਦਿੰਦਾ ਹੈ	ਵਾਹਿਗੁਰੂ	ਆਪ, ਖ਼ੁਦ	

...ਹੇ! ਭਰਾਵੋ! (ਨਾਮ ਰਤਨ ਦੀ ਬਖਸ਼ਿਸ਼) ਉਸ ਨੂੰ ਮਿਲਦੀ ਹੈ, ਜਿਸਨੂੰ ਵਾਹਿਗੁਰੂ ਖ਼ੁਦ (ਇਹ ਦਾਤ) ਦਿੰਦਾ ਹੈ।...

ਸਤਿਗੁਰ *(ਸਤਗੁਰ)*	ਕੀ	ਸੇਵਾ	ਸੋ	ਕਰੇ,
ਸੱਤ ਉਪਦੇਸ਼ ਦੇਣ ਵਾਲਾ ਗੁਰੂ	ਦੀ	ਟਹਿਲ	ਉਹੀ	ਕਰਦਾ

ਜਿਸੁ *(ਜਿਸ)*	ਬਿਨਸੈ	ਹਉਮੈ	ਤਾਪੁ *(ਤਾਪ)* ॥
ਜਿਸ ਦਾ	ਲਹਿ ਜਾਂਦਾ ਹੈ	ਹੰਕਾਰ	ਬੁਖ਼ਾਰ

...(ਜਿਸ ਧਰਮ-ਸਾਧਕ ਦਾ) ਹਉਮੈ ਤਾਪ ਲੱਥ ਜਾਂਦਾ ਹੈ, ਉਹੋ ਹੀ ਸਤਿਗੁਰੂ ਦੀ ਟਹਿਲ ਕਰਦਾ ਹੈ...

ਨਾਨਕ	ਕਉ *(ਕੌ)*	ਗੁਰੁ *(ਗੁਰ)*	ਭੇਟਿਆ,
ਨਾਨਕ ਸਤਿਗੁਰੂ	ਨੂੰ	ਗੁਰੂ	ਮਿਲਿਆ

ਬਿਨਸੇ	ਸਗਲ	ਸੰਤਾਪ ॥੪॥੮॥੭੮॥
ਬਿਨਸ ਗਏ	ਸਾਰੇ	ਕਲੇਸ਼, ਦੁੱਖ

...ਨਾਨਕ ਨੂੰ (ਪਰਮੇਸ਼ਰ) ਗੁਰੂ ਮਿਲ ਪਿਆ ਹੈ (ਜਿਸ ਨਾਲ ਜੀਵਨ ਦੇ) ਸਭ ਦੁੱਖ-ਕਲੇਸ਼ ਮਿਟ ਗਏ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਇਕੁ *(ਇੱਕ)*	ਪਛਾਣੂ	ਜੀਅ	ਕਾ,
ਇਕੋ	ਪਛਾਨਣ ਵਾਲਾ, ਵਾਕਫ਼, ਮਿੱਤ੍ਰ	ਜੀਵ	ਦਾ

ਇਕੋ *(ਇੱਕੋ)*	ਰਖਣਹਾਰੁ *(ਰਖਣਹਾਰ)* ॥
ਇੱਕ ਹੀ	ਰਖਵਾਲਾ

...ਇਨਸਾਨ ਦਾ (ਅਸਲ) ਮਿੱਤਰ ਅਤੇ ਰਖਵਾਲਾ ਇਕ (ਵਾਹਿਗੁਰੂ ਹੀ ਹੈ)...

ਇਕਸ *(ਇੱਕਸ)*	ਕਾ	ਮਨਿ *(ਮਨ)*	ਆਸਰਾ,
ਇੱਕੋ	ਦਾ	ਚਿੱਤ ਨੂੰ	ਓਟ, ਸਹਾਰਾ

ਅੰਕ ੪੫

ਇਕੋ *(ਇੱਕੋ)*	ਪ੍ਰਾਣ	ਅਧਾਰੁ *(ਅਧਾਰ)* ॥		
ਇੱਕ ਹੀ	ਜਿੰਦ	ਟੇਕ		

...ਇਕ (ਵਾਹਿਗੁਰੂ) ਦਾ ਹੀ ਚਿੱਤ ਨੂੰ ਸਹਾਰਾ ਹੈ, ਅਤੇ (ਮੇਰੇ) ਪ੍ਰਾਣਾਂ ਦੀ ਟੇਕ (ਵੀ ਉਹ) ਇਕ ਪਰਮਾਤਮਾ ਹੀ ਹੈ।...

ਤਿਸੁ *(ਤਿਸ)*	ਸਰਣਾਈ *(ਸ਼ਰਣਾਈ)*	ਸਦਾ	ਸੁਖੁ, *(ਸੁੱਖ)*
ਉਸਦੀ	ਸ਼ਰਣ ਵਿਚ	ਹਮੇਸ਼ਾਂ	ਅਨੰਦ

ਪਾਰਬ੍ਰਹਮੁ	ਕਰਤਾਰੁ *(ਕਰਤਾਰ)* ॥੧॥
ਪ੍ਰਭੂ	ਕਰਤਾ ਪੁਰਖ

....ਉਸ (ਇਕ) ਕਰਤਾ ਪੁਰਖ, ਪਾਰਬ੍ਰਹਮ ਦੀ ਸ਼ਰਣ ਵਿਚ ਸਦ-ਸਦਾ ਅਨੰਦ ਹੀ ਅਨੰਦ ਹੈ।...

ਮਨ	ਮੇਰੇ,	ਸਗਲ	ਉਪਾਵ	ਤਿਆਗੁ *(ਤਿਆਗ)* ॥
ਚਿੱਤ	ਆਪਣੇ	ਸਾਰੇ	ਹੀਲੇ, ਉਪਾਓ	ਛੱਡ ਦੇਹ

...ਹੇ! ਮੇਰੇ ਮਨਾਂ, (ਕਰਤਾ ਪੁਰਖ ਦੀ ਸ਼ਰਣ ਤੋਂ ਬਿਨਾਂ ਹੋਰ) ਸਭ ਹੀਲੇ-ਵਸੀਲੇ ਛੱਡ ਦੇਹ।...

ਗੁਰੁ *(ਗੁਰ)*	ਪੂਰਾ	ਆਰਾਧਿ *(ਆਰਾਧ)*	ਨਿਤ,
ਸਤਿਗੁਰੂ	ਪੂਰਨ	ਸਿਮਰ	ਰੋਜ਼

ਇਕਸੁ *(ਇੱਕਸ)*	ਕੀ	ਲਿਵ	ਲਾਗੁ *(ਲਾਗ)* ॥੧॥	ਰਹਾਉ ॥
ਇੱਕੋ	ਦੀ	ਧਿਆਨ	ਜੋੜ, ਲਗਾ	ਠਹਿਰਾਉ

...(ਅਤੇ) ਹਰ ਰੋਜ਼ ਪੂਰਨ ਸਤਿਗੁਰੂ ਦੀ ਅਰਾਧਨਾ ਨਾਲ ਇਕ (ਵਾਹਿਗੁਰ ਪ੍ਰੀਤ ਦੀ) ਲਿਵ ਜੋੜ ਕੇ ਰਖ...

ਇਕੋ *(ਇੱਕੋ)*	ਭਾਈ,	ਮਿਤੁ *(ਮਿੱਤ)*	ਇਕੁ, *(ਇੱਕ)*
ਇੱਕ	ਭਰਾ	ਦੋਸਤ	ਇੱਕ ਹੀ

ਇਕੋ *(ਇੱਕੋ)*	ਮਾਤ	ਪਿਤਾ ॥
ਇਕ ਹੀ	ਮਾਂ	ਪਿਓ

...(ਅਤੇ ਇਹ ਗਲ ਚੰਗੀ ਤਰ੍ਹਾਂ ਸਮਝ ਲੈ ਕਿ ਅਸਲ ਵਿਚ), ਇਕ (ਪਰਮਾਤਮਾ ਹੀ ਤੇਰਾ) ਭਰਾ ਅਤੇ ਦੋਸਤ ਹੈ, ਅਤੇ ਉਹ ਇਕ (ਵਾਹਿਗੁਰੂ ਹੀ ਤੇਰਾ) ਮਾਂ ਪਿਓ ਵੀ ਹੈ।...

ਅੰਕ ੪੫

ਇਕਸ *(ਇੱਕਸ)*	**ਕੀ**	**ਮਨਿ** *(ਮਨ)*	**ਟੇਕ**	**ਹੈ,**
ਇੱਕੋ ਹੀ	ਦੀ	ਚਿੱਤ ਵਿਚ	ਅਧਾਰ	ਹੋਣ ਦੀ ਕ੍ਰਿਆ

ਜਿਨਿ *(ਜਿਨ੍ਹ)*	**ਜੀਉ**	**ਪਿੰਡੁ** *(ਪਿੰਡ)*	**ਦਿਤਾ ॥**
ਜਿਸ ਨੇ	ਜਿੰਦ	ਸਰੀਰ	ਬਖਸ਼ਿਆ

...ਇਕ (ਵਾਹਿਗੁਰੂ) ਦੀ ਹੀ ਚਿੱਤ ਵਿਚ ਟੇਕ ਹੈ, ਜਿਸ ਨੇ ਸਰੀਰ ਤੇ ਪ੍ਰਾਣ ਬਖਸ਼ੇ ਹਨ...

ਸੋ	**ਪ੍ਰਭੁ** *(ਪ੍ਰਭ)*	**ਮਨਹ** *(ਮਨਹੁੰ)*	**ਨ** *(ਨਾ)*	**ਵਿਸਰੈ,**
ਉਹ	ਪਰਮਾਤਮਾ	ਚਿੱਤ ਵਿਚੋਂ	ਨਹੀਂ	ਭੁੱਲੇ

ਜਿਨਿ *(ਜਿਨ੍ਹ)*	**ਸਭੁ** *(ਸਭ)*	**ਕਿਛੁ** *(ਕਿਛ)*	**ਵਸਿ** *(ਵਸ)*	**ਕੀਤਾ ॥੨॥**
ਜਿਸ ਨੇ	ਸਾਰਾ	ਕੁਝ	ਵੱਸ ਵਿਚ	ਕਰਿਆ

...(ਹੇ! ਭਾਈ! ਬਸ) ਉਹ ਵਾਹਿਗੁਰੂ ਮਨ ਵਿਚੋਂ ਨਹੀਂ ਵਿਸਰਨਾ ਚਾਹੀਦਾ, ਜਿਸਨੇ ਸਭ (ਬਖਸ਼ਿਸ਼ਾਂ ਆਪਣੇ) ਵਸ ਵਿਚ ਰੱਖੀਆਂ ਹੋਈਆਂ ਹਨ।...

ਘਰਿ *(ਘਰ)*	**ਇਕੋ,** *(ਇੱਕੋ)*	**ਬਾਹਰਿ** *(ਬਾਹਰ)*	**ਇਕੋ,** *(ਇੱਕੋ)*
ਘਰ ਵਿਚ	ਇੱਕ ਹੀ	(ਘਰੋਂ) ਬਾਹਰ	ਇੱਕ ਹੀ

ਥਾਨ	**ਥਨੰਤਰਿ** *(ਥਨੰਤਰ)*	**ਆਪਿ** *(ਆਪ)* **॥**
ਥਾਵਾਂ	ਥਾਵਾਂ ਦੇ ਅੰਦਰ	ਆਪ (ਪ੍ਰਭੂ)

...ਉਹ ਇੱਕ ਪਰਮਾਤਮਾ ਆਪ ਹੀ, ਘਰ ਵਿਚ ਵੀ, ਘਰੋਂ ਬਾਹਰ ਵੀ, ਅਤੇ ਹਰ ਥਾਂ ਦੇ ਅੰਦਰ ਬਾਹਰ ਵੀ ਵਿਆਪਕ ਹੈ...

ਜੀਅ	**ਜੰਤ**	**ਸਭਿ** *(ਸਭ)*	**ਜਿਨਿ** *(ਜਿਨ੍ਹ)*	**ਕੀਏ,**
ਜੀਵ	ਜੰਤੂ	ਸਾਰੇ	ਜਿਸਨੇ	ਕੀਤੇ

ਆਠ	**ਪਹਰ**	**ਤਿਸੁ** *(ਤਿਸ)*	**ਜਾਪਿ** *(ਜਾਪ)* **॥**
ਅੱਠ(੮)	ਤਿੰਨ ਘੰਟੇ	ਉਸ ਨੂੰ	ਸਿਮਰ, ਅਰਾਧ

...ਜਿਸ ਨੇ (ਸ੍ਰਿਸ਼ਟੀ ਦੇ) ਸਭ ਜੀਵ ਜੰਤ ਪੈਦਾ ਕੀਤੇ ਹਨ, ਅੱਠੇ ਪਹਿਰ ਉਸ ਸਾਹਿਬ ਦਾ ਸਿਮਰਨ ਕਰ...

ਇਕਸੁ *(ਇੱਕਸ)*	**ਸੇਤੀ**	**ਰਤਿਆ,** *(ਰੱਤਿਆਂ)*
ਇੱਕੋ	ਨਾਲ, ਸੰਗ	ਰੰਗਿਆਂ

ਅੰਕ ੪੫

ਨ*(ਨਾ)*	ਹੋਵੀ	ਸੋਗ	ਸੰਤਾਪੁ*(ਸੰਤਾਪ)* ॥੩॥	
ਨਹੀਂ	ਹੁੰਦਾ	ਗ਼ਮ, ਮਾਤਮ	ਕਲੇਸ਼, ਝੋਰਾ	

...ਇਕ (ਪਰਮਾਤਮਾ ਦੇ ਨਾਮ ਦੀ ਪ੍ਰੀਤ) ਨਾਲ ਰੰਗਿਆਂ, ਸੋਗ ਤੇ ਸੰਤਾਪ ਨਹੀਂ ਵਿਆਪਦਾ।...

ਪਾਰਬ੍ਰਹਮੁ*(ਪਾਰਬ੍ਰਹਮ)*	ਪ੍ਰਭੁ *(ਪ੍ਰਭ)*	ਏਕੁ*(ਏਕ)*	ਹੈ,
ਅਕਾਲ ਪੁਰਖ	ਵਾਹਿਗੁਰੂ	ਇੱਕ	ਹੋਣ ਦੀ ਕ੍ਰਿਆ

ਦੂਜਾ	ਨਾਹੀ*(ਨਾਹੀਂ)*	ਕੋਇ॥
ਦੂਸਰਾ	ਨਹੀਂ	ਕੋਈ

...(ਭਾਈ!) ਅਕਾਲ ਪੁਰਖ ਵਾਹਿਗੁਰੂ ਇੱਕੋ ਇੱਕ ਹੈ, (ਉਸ ਵਰਗਾ ਹੋਰ) ਦੂਸਰਾ ਕੋਈ ਨਹੀਂ ਹੈ।...

ਜੀਉ	ਪਿੰਡੁ*(ਪਿੰਡ)*	ਸਭੁ*(ਸਭ)*	ਤਿਸ	ਕਾ,
ਪ੍ਰਾਣ	ਸਰੀਰ	ਸਾਰਾ	ਉਸ (ਪ੍ਰਭੂ)	ਦਾ
ਜੋ	ਤਿਸੁ*(ਤਿਸ)*	ਭਾਵੈ	ਸੁ*(ਸੋ)*	ਹੋਇ॥
ਜਿਹੜਾ	ਉਸ ਨੂੰ	ਚੰਗਾ ਲਗਦਾ ਹੈ	ਉਹੀ	ਹੁੰਦਾ ਹੈ

...ਜਿੰਦ ਤੇ ਪ੍ਰਾਣ ਸਭ ਉਸੇ ਦੀਆਂ (ਬਖਸ਼ਿਸ਼ਾਂ ਹਨ), ਅਤੇ ਸਾਹਿਬ ਨੂੰ ਜੋ ਭਾਉਂਦਾ ਹੈ ਉਹੀ ਕੁਝ ਹੁੰਦਾ ਹੈ।...

ਗੁਰਿ*(ਗੁਰ)*	ਪੂਰੈ,	ਪੂਰਾ	ਭਇਆ,
ਸਤਿਗੁਰੂ	ਪੂਰਨ ਰਾਹੀਂ	ਸੰਪੂਰਨ	ਹੋਇਆ
ਜਪਿ*(ਜੱਪ)*	ਨਾਨਕ	ਸਚ*(ਸੱਚਾ)*	ਸੋਇ॥੪॥੯॥੭੯॥
ਸਿਮਰ ਕੇ	ਹੇ ! ਨਾਨਕ !	ਸਦਾ ਸਥਿਰ (ਪ੍ਰਭੂ)	ਉਸ

ਹੇ! ਨਾਨਕ! ਪੂਰਨ ਸਤਿਗੁਰੂ (ਦੇ ਉਪਦੇਸ਼) ਦੁਆਰਾ, ਉਸ ਸਦੀਵ-ਸੱਚ ਪਰਮਾਤਮਾ ਨੂੰ ਸਿਮਰ ਕੇ, (ਜੀਵਨ) ਸੰਪੂਰਨ ਹੋ ਗਿਆ ਹੈ।

ਸਿਰੀਰਾਗੁ,*(ਸਿਰੀਰਾਗ)*	ਮਹਲਾ*(ਮਹਿਲਾ)*	੫*(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਜਿਨਾ,*(ਜਿਨ੍ਹਾਂ)*	ਸਤਿਗੁਰ*(ਸਤਗੁਰ)*	ਸਿਉ*(ਸਿਉਂ)*	ਚਿਤੁ*(ਚਿੱਤ)*	ਲਾਇਆ,
ਜਿਨ੍ਹਾਂ ਨੇ	ਸੱਚ ਉਪਦੇਸ਼ ਦੇਣ ਵਾਲੇ ਗੁਰੂ	ਨਾਲ	ਮਨ	ਜੋੜਿਆ

ਅੰਕ ੪੫

ਸੇ	ਪੂਰੇ	ਪਰਧਾਨ ॥
ਉਹ	ਪੂਰਨ	ਉੱਤਮ, ਸ੍ਰੇਸ਼ਟ, ਮੁੱਖੀ

...ਜਿਨ੍ਹਾਂ ਨੇ ਸਤਿਗੁਰੂ (ਸ਼ਬਦ) ਨਾਲ ਚਿੱਤ ਜੋੜਿਆ ਹੈ, ਉਹੀ ਪੂਰਨ ਸ੍ਰੇਸ਼ਟ (ਇਨਸਾਨ) ਹਨ।...

ਜਿਨ *(ਜਿਨ੍ਹ)*	ਕਉ	ਆਪਿ *(ਆਪ)*	ਦਇਆਲੁ *(ਦਇਆਲ)*	ਹੋਇ,
ਜਿਨ੍ਹਾਂ	ਨੂੰ	(ਪ੍ਰਭੂ) ਆਪ	ਦਇਆਵਾਨ	ਹੁੰਦਾ ਹੈ

ਤਿਨ *(ਤਿਨ੍ਹ)*	ਉਪਜੈ	ਮਨਿ *(ਮਨ)*	ਗਿਆਨੁ *(ਗਿਆਨ)* ॥
ਉਨ੍ਹਾਂ	ਪੈਦਾ ਹੁੰਦਾ	ਚਿੱਤ ਵਿਚ	ਸੋਝੀ

...(ਫਿਰ) ਜਿਨ੍ਹਾਂ ਤੇ ਵਹਿਗੁਰੂ ਆਪ ਮਿਹਰਵਾਨ ਹੁੰਦਾ ਹੈ, ਉਨ੍ਹਾਂ ਦੇ ਚਿੱਤ ਵਿਚ (ਪਰਮਾਤਮ ਦਾ) ਗਿਆਨ ਪੈਦਾ ਹੋ ਜਾਂਦਾ ਹੈ।...

ਜਿਨ *(ਜਿਨ੍ਹ)*	ਕਉ *(ਕੋ)*	ਮਸਤਕਿ *(ਮਸਤਕ)*	ਲਿਖਿਆ,
ਜਿਨ੍ਹਾਂ	ਦੇ	ਮੱਥੇ ਤੇ	ਅੰਕਿਤ

ਤਿਨ *(ਤਿਨ੍ਹ)*	ਪਾਇਆ	ਹਰਿ *(ਹਰ)*	ਨਾਮੁ *(ਨਾਮ)* ॥੧॥
ਉਨ੍ਹਾਂ	ਪ੍ਰਾਪਤ ਕੀਤਾ	ਪ੍ਰਭੂ	ਬੰਦਗੀ, ਸਿਮਰਨ

...(ਧੁਰੋਂ ਹੀ) ਜਿਨ੍ਹਾਂ ਦੇ ਮਸਤਕ ਤੇ ਲਿਖਿਆ ਹੁੰਦਾ ਹੈ, ਉਨ੍ਹਾਂ ਨੂੰ ਹੀ ਪ੍ਰਭੂ ਨਾਮ ਦੀ (ਦਾਤ) ਪ੍ਰਾਪਤ ਹੁੰਦੀ ਹੈ...

ਮਨ	ਮੇਰੇ,	ਏਕੋ	ਨਾਮੁ *(ਨਾਮ)*	ਧਿਆਇ॥
ਚਿੱਤ	ਆਪਣੇ	ਇਕੋ ਹੀ	(ਪ੍ਰਭੂ) ਨਾਮ	ਧਿਆ, ਸਿਮਰ

...ਹੇ! ਮੇਰੇ ਮਨਾ! ਇਕੋ ਹੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰ...

ਸਰਬ	ਸੁਖਾ *(ਸੁੱਖਾਂ)*	ਸੁਖ *(ਸੁੱਖ)*	ਊਪਜਹਿ, *(ਊਪਜਹਿਂ)*
ਸਾਰੇ	ਸੁੱਖਾਂ, ਖੁਸ਼ੀਆਂ	ਅਨੰਦ	ਪੈਦਾ ਹੋ ਜਾਂਦੇ ਹਨ

ਦਰਗਹ *(ਦਰਗਹਿ)*	ਪੈਧਾ	ਜਾਇ॥੧॥	ਰਹਾਉ ॥
(ਰੱਬੀ) ਦਰਗਾਹ	ਪਹਿਨਕੇ	ਜਾਂਦਾ ਹੈ	ਠਹਿਰਾਉ

...(ਸਿਮਰਨ ਨਾਲ) ਸੁੱਖਾਂ ਦੇ ਵੀ ਪਰਮ ਸੁੱਖ ਪੈਦਾ ਹੋ ਜਾਂਦੇ ਹਨ, ਅਤੇ (ਧਰਮ-ਸਾਧਕ) ਰੱਬੀ ਦਰਗਾਹ ਵਿਚ (ਮਾਣ ਸਤਿਕਾਰ ਦਾ ਸਿਰੋਪਾ) ਪਹਿਨਕੇ ਜਾਂਦਾ ਹੈ।...

ਅੰਕ ੪੫

ਜਨਮ	ਮਰਣ	ਕਾ	ਭਉ	ਗਇਆ,
ਜੰਮਣ	ਮਰ ਜਾਣ	ਦਾ	ਡਰ, ਖੌਫ਼	ਚਲੇ ਗਿਆ

ਭਾਉ	ਭਗਤਿ (ਭਗਤ)	ਗੋਪਾਲ ॥
ਪਰੇਮ	ਬੰਦਗੀ, ਸਿਮਰਨ	ਜਗਤ ਪਾਲਕ, ਵਾਹਿਗੁਰੂ

...ਵਾਹਿਗੁਰੂ ਦੀ ਪਰੇਮਾ ਭਗਤੀ ਨਾਲ, ਜੰਮਣ ਮਰਣ ਦਾ ਡਰ ਦੂਰ ਹੋ ਗਿਆ ਹੈ।...

ਸਾਧੂ	ਸੰਗਤਿ (ਸੰਗਤ)	ਨਿਰਮਲਾ,
ਸੰਤਾਂ	ਸੰਗਤ ਰਾਹੀਂ	ਨਿਰਮਲ, ਪਵਿੱਤਰ

ਆਪਿ (ਆਪ)	ਕਰੇ	ਪ੍ਰਤਿਪਾਲ ॥
ਆਪ ਹੀ	ਕਰਦਾ	ਪਾਲਣਾ

...ਜੋ ਸੱਚਿਆਰ ਪੁਰਖਾਂ ਦੀ ਸੰਗਤ ਰਾਹੀਂ, (ਹਉਮੈ ਦੀ ਮੈਲ ਤੋਂ) ਨਿਰਮਲ ਹੋ ਜਾਂਦਾ ਹੈ, (ਵਾਹਿਗੁਰੂ) ਆਪ ਹੀ ਉਸ ਦੀ ਪ੍ਰਤਿਪਾਲਣਾ ਕਰਦਾ ਹੈ...

ਜਨਮ	ਮਰਣ	ਕੀ	ਮਲੁ (ਮਲ)	ਕਟੀਐ,
ਜੰਮਣ	ਮਰਨ	ਦੀ	ਮੈਲ, ਗੰਦਗੀ	ਕੱਟੀ ਜਾਂਦੀ ਹੈ

ਗੁਰ	ਦਰਸਨੁ (ਦਰਸ਼ਨ)	ਦੇਖਿ (ਦੇਖ)	ਨਿਹਾਲ ॥੨॥
ਸਤਿਗੁਰੂ	ਦੀਦਾਰ	ਦੇਖ ਕੇ, ਕਰਕੇ	ਅਨੰਦਿਤ, ਪ੍ਰਸੰਨ

...(ਫਿਰ) ਉਸ ਦੀ ਜਨਮ ਮਰਨ ਦੀ ਮੈਲ ਕੱਟੀ ਜਾਂਦੀ ਹੈ, ਅਤੇ ਸਤਿਗੁਰੂ ਦੇ ਦਰਸ਼ਨ-ਦੀਦਾਰਿਆਂ ਰਾਹੀਂ ਉਹ ਨਿਹਾਲ ਨਿਹਾਲ ਹੋ ਜਾਂਦਾ ਹੈ।...

ਥਾਨ	ਥਨੰਤਰਿ (ਥਨੰਤਰ)	ਰਵਿ (ਰਵ)	ਰਹਿਆ,
ਥਾਵਾਂ	ਥਾਵਾਂ ਦੇ ਅੰਦਰ	ਵਿਆਪਕ	ਹੋ ਰਿਹਾ

ਪਾਰਬ੍ਰਹਮੁ (ਪਾਰਬ੍ਰਹਮ)	ਪ੍ਰਭੁ (ਪ੍ਰਭ)	ਸੋਇ॥
ਅਕਾਲ ਪੁਰਖ	ਵਾਹਿਗੁਰੂ	ਉਹ

...ਉਹ ਅਕਾਲ ਪੁਰਖ ਵਾਹਿਗੁਰੂ, (ਸ੍ਰਿਸ਼ਟੀ ਦੇ ਸਭ) ਸਥਾਨਾਂ ਦੇ ਅੰਦਰ ਬਾਹਰ, ਭਾਵ ਹਰ ਥਾਂ ਵਿਚ ਸਮਾਇਆ ਹੋਇਆ ਹੈ।...

ਸਭਨਾ	ਦਾਤਾ	ਏਕੁ *(ਏਕ)*	ਹੈ,
ਸਾਰਿਆਂ	ਦਾਤਾਂ ਦੇਣ ਵਾਲਾ	ਇੱਕੋ (ਪ੍ਰਭੂ)	ਹੋਣ ਦੀ ਕ੍ਰਿਆ

ਦੂਜਾ	ਨਾਹੀ	ਕੋਇ॥
ਦੂਸਰਾ	ਨਹੀਂ	ਕੋਈ

...(ਸ੍ਰਿਸ਼ਟੀ ਦੇ) ਸਾਰਿਆਂ (ਜੀਵਾਂ ਨੂੰ) ਦਾਤਾਂ ਬਖਸ਼ਣ ਵਾਲਾ, ਇੱਕੋ ਇੱਕ ਵਾਹਿਗੁਰੂ ਹੈ, ਹੋਰ ਦੂਸਰਾ ਕੋਈ ਨਹੀਂ ਹੈ...

ਤਿਸੁ *(ਤਿਸ)*	ਸਰਣਾਈ *(ਸ਼ਰਣਾਈ)*	ਛੂਟੀਐ,
ਉਸਦੀ	ਸ਼ਰਣ ਪੈਕੇ	ਛੁੱਟ ਜਾਈਦਾ ਹੈ

ਕੀਤਾ	ਲੋੜੇ	ਸੁ *(ਸੋ)*	ਹੋਇ॥੩॥
ਕਰਨਾ	ਚਾਹੁੰਦਾ	ਉਹੀ	ਹੁੰਦਾ ਹੈ

...ਉਹ ਜੋ ਕੁਝ ਕਰਨਾ ਚਾਹੁੰਦਾ ਹੈ, ਉਹੀ ਕੁਝ (ਸੰਸਾਰ ਵਿਚ) ਹੁੰਦਾ ਹੈ, ਉਸਦੀ ਸ਼ਰਣ ਵਿਚ ਆਕੇ (ਮਾਇਆ ਦੇ ਬੰਧਨਾਂ ਤੋਂ) ਛੁੱਟ ਜਾਈਦਾ ਹੈ...

ਜਿਨ *(ਜਿਨ੍ਹ)*	ਮਨਿ *(ਮਨ)*	ਵਸਿਆ	ਪਾਰਬ੍ਰਹਮੁ, *(ਪਾਰਬ੍ਰਹਮ)*
ਜਿਨ੍ਹਾਂ	ਚਿੱਤ ਵਿਚ	ਵੱਸ ਗਿਆ	ਪਰਮਾਤਮਾ

ਸੇ	ਪੂਰੇ	ਪਰਧਾਨ ॥
ਉਹ	ਪੂਰਨ	ਉੱਤਮ, ਸ੍ਰੇਸ਼ਟ, ਮੁੱਖੀਏ

...ਜਿਨ੍ਹਾਂ ਦੇ ਚਿੱਤ ਵਿਚ ਪਰਮਾਤਮਾ ਵੱਸ ਗਿਆ ਹੈ, ਉਹੀ (ਧਰਮ-ਸਾਧਕ) ਪੂਰਨ ਸ੍ਰੇਸ਼ਟ (ਇਨਸਾਨ ਹਨ)...

ਤਿਨ *(ਤਿਨ੍ਹ)*	ਕੀ	ਸੋਭਾ *(ਸ਼ੋਭਾ)*	ਨਿਰਮਲੀ,
ਉਨ੍ਹਾਂ	ਦੀ	ਵਡਿਆਈ, ਸ਼ੁਹਰਤ	ਪਵਿੱਤਰ

ਪਰਗਟੁ *(ਪਰਗਟ)*	ਭਈ	ਜਹਾਨ ॥
ਜ਼ਾਹਿਰ, ਪਰਤੱਖ	ਹੋਈ	ਸੰਸਾਰ

...ਉਨ੍ਹਾਂ ਦੀ ਪਵਿੱਤਰ ਵਡਿਆਈ, ਸਾਰੇ ਸੰਸਾਰ ਵਿਚ ਪਰਗਟ ਹੋ ਜਾਂਦੀ ਹੈ।...

ਜਿਨੀ *(ਜਿਨ੍ਹੀਂ)*	ਮੇਰਾ	ਪ੍ਰਭੁ *(ਪ੍ਰਭ)*	ਧਿਆਇਆ,
ਜਿਨ੍ਹਾਂ ਨੇ	ਆਪਣਾ	ਵਾਹਿਗੁਰੂ	ਸਿਮਰਿਆ, ਜਪਿਆ

ਅੰਕ ੪੬

ਨਾਨਕ,	ਤਿਨ *(ਤਿਨ੍ਹ)*	ਕੁਰਬਾਨ ॥੪॥੧੦॥੮੦॥
ਹੇ! ਨਾਨਕ!	ਉਨ੍ਹਾਂ	ਬਲਿਹਾਰ, ਕੁਰਬਾਨ

...ਹੇ! ਨਾਨਕ! ਜਿਨ੍ਹਾਂ ਨੇ ਮੇਰੇ ਵਾਹਿਗੁਰੂ ਨੂੰ ਸਿਮਰਿਆ ਹੈ, (ਮੈਂ) ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਮਿਲਿ *(ਮਿਲ)*	**ਸਤਿਗੁਰ** *(ਸਤਗੁਰ)*	**ਸਭੁ** *(ਸਭ)*	**ਦੁਖੁ** *(ਦੁੱਖ)*	**ਗਇਆ,**
ਮਿਲਣ ਰਾਹੀਂ	ਸੱਚ ਉਪਦੇਸ਼ ਦੇਣ ਵਾਲੇ ਗੁਰੂ	ਸਾਰੇ	ਤਕਲੀਫਾਂ	ਦੂਰ ਹੋ ਗਈਆਂ

ਹਰਿ *(ਹਰ)*	**ਸੁਖੁ** *(ਸੁੱਖ)*	**ਵਸਿਆ**	**ਮਨਿ** *(ਮਨ)*	**ਆਇ॥**
ਪ੍ਰਭੂ	ਅਨੰਦ	ਵਸ ਗਿਆ	ਚਿੱਤ ਵਿਚ	ਆਕੇ

...ਸਤਿਗੁਰੂ ਦੀ ਪ੍ਰਾਪਤੀ ਰਾਹੀਂ (ਜੀਵਨ ਦੇ) ਸਾਰੇ ਦੁੱਖ-ਤਕਲੀਫ਼ਾਂ ਦੂਰ ਹੋ ਗਈਆਂ ਹਨ, ਅਤੇ ਪਰਮਾਤਮ-ਅਨੰਦ ਹਿਰਦੇ ਵਿਚ ਆਣਕੇ ਵਸ ਗਿਆ ਹੈ...

ਅੰਤਰਿ *(ਅੰਤਰ)*	**ਜੋਤਿ** *(ਜੋਤ)*	**ਪ੍ਰਗਾਸੀਆ,**
(ਹਿਰਦੇ) ਅੰਦਰ	ਰੂਹਾਨੀ ਚਾਨਣ	ਪ੍ਰਕਾਸ਼ਮਾਨ

ਏਕਸੁ *(ਏਕਸ)*	**ਸਿਉ** *(ਸਿਉਂ)*	**ਲਿਵ**	**ਲਾਇ॥**
ਇੱਕ (ਪ੍ਰਭੂ)	ਨਾਲ	ਧਿਆਨ	ਲਗਾਕੇ

...ਇਕ ਵਾਹਿਗੁਰੂ ਨਾਲ ਧਿਆਨ ਜੋੜਨ ਦੁਆਰਾ, (ਮੇਰੇ) ਹਿਰਦੇ ਅੰਦਰ, ਪਰਮਾਤਮ-ਚਾਨਣ ਪ੍ਰਕਾਸ਼ਮਾਨ ਹੋ ਗਿਆ ਹੈ।...

ਮਿਲਿ *(ਮਿਲ)*	**ਸਾਧੂ**	**ਮੁਖੁ** *(ਮੁੱਖ)*	**ਊਜਲਾ,**
ਮਿਲ ਕੇ	ਸੰਤ (ਗੁਰੂ)	ਮੂੰਹ	ਨਿਰਮਲ, ਉਜ੍ਵਲ

ਪੂਰਬਿ *(ਪੂਰਬ)*	**ਲਿਖਿਆ**	**ਪਾਇ॥**
ਪੂਰਬਲਾ,ਧੁਰੋਂ	ਅੰਕਿਤ	ਪਾ ਲਿਆ ਹੈ

...ਸਾਧ (ਗੁਰੂ) ਨੂੰ ਮਿਲ ਕੇ ਮੁੱਖ, (ਵਿਕਾਰਾਂ ਤੋਂ) ਨਿਰਮਲ ਹੋ ਗਿਆ ਹੈ, ਅਤੇ ਪੂਰਬਲੀ ਲਿਖੀ ਹੋਈ ਕਮਾਈ ਪਾ ਲਈ ਹੈ...

ਗੁਣ	**ਗੋਵਿੰਦ**	**ਨਿਤ**	**ਗਾਵਣੇ,**
ਚੰਗਿਆਈਆਂ	ਪ੍ਰਭੂ, ਧਰਤੀ ਦੇ ਮਾਲਕ	ਰੋਜ਼	ਗਾਇਨ ਕਰਨੇ

ਨਿਰਮਲ	**ਸਾਚੈ**	**ਨਾਇ***(ਨਾਇਂ)* **॥੧॥**
ਪਵਿੱਤਰ	ਸਦਾ ਸਥਿਰ	(ਪ੍ਰਭੂ) ਨਾਮ ਦੁਆਰਾ

...(ਮੈਂ) ਸਦਾ-ਸਥਿਰ ਪ੍ਰਭੂ ਨਾਮ (ਦੇ ਸਿਮਰਨ) ਦੁਆਰਾ, ਨਿਰਮਲ ਹੋ ਗਿਆ ਹਾਂ, ਅਤੇ ਨਿੱਤ ਗੋਬਿੰਦ ਗੁਣਾਂ ਦਾ ਗਾਇਨ ਕਰਦਾ ਹਾਂ...

ਮੇਰੇ	**ਮਨ,**	**ਗੁਰ**	**ਸਬਦੀ***(ਸ਼ਬਦੀ)*	**ਸੁਖੁ***(ਸੁੱਖ)*	**ਹੋਇ॥**
ਆਪਣੇ	ਚਿੱਤ	ਸਤਿਗੁਰੂ	ਸ਼ਬਦ ਰਾਹੀ	ਅਨੰਦ	ਹੁੰਦਾ ਹੈ

...ਹੇ! ਮੇਰੇ ਮਨਾਂ, ਸਤਿਗੁਰੂ ਦੇ ਸ਼ਬਦ ਦੁਆਰਾ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ।...

ਗੁਰ	**ਪੂਰੇ**	**ਕੀ**	**ਚਾਕਰੀ,**
ਸਤਿਗੁਰੂ	ਪੂਰਨ	ਦੀ	ਟਹਿਲ, ਸੇਵਾ

ਬਿਰਥਾ	**ਜਾਇ**	**ਨ***(ਨਾਂ)*	**ਕੋਇ॥੧॥**	**ਰਹਾਉ ॥**
ਖ਼ਾਲੀ	ਜਾਂਦਾ	ਨਹੀਂ	ਕੋਈ	ਠਹਿਰਾਉ

...ਪੂਰਨ ਸਤਿਗੁਰੂ ਦੀ ਸੇਵਾ ਕਰਕੇ ਕੋਈ ਵੀ (ਇਨਸਾਨ ਗੁਰੂ ਦਰ ਤੋਂ) ਖ਼ਾਲੀ ਨਹੀਂ ਜਾਂਦਾ।...

ਮਨ	**ਕੀਆ***(ਕੀਆਂ)*	**ਇਛਾਂ***(ਇੱਛਾਂ)*	**ਪੂਰੀਆ,***(ਪੂਰੀਆਂ)*
ਚਿੱਤ	ਦੀਆਂ	ਖ਼ਾਹਿਸ਼ਾਂ	ਪੂਰਨ ਹੋ ਗਈਆਂ, ਮਿਲ ਗਈਆਂ

ਪਾਇਆ	**ਨਾਮੁ***(ਨਾਮ)*	**ਨਿਧਾਨੁ***(ਨਿਧਾਨ)* **॥**
ਪਾ ਲਿਆ	ਸਿਮਰਨ	ਖ਼ਜ਼ਾਨਾ

...(ਜਦੋਂ) ਵਾਹਿਗੁਰੂ ਦਾ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ, ਤਾਂ ਚਿੱਤ ਦੀਆਂ (ਸਭ) ਇੱਛਾਂ ਪੂਰੀਆਂ ਹੋ ਜਾਂਦੀਆਂ ਹਨ...

ਅੰਤਰਜਾਮੀ	**ਸਦਾ**	**ਸੰਗਿ,***(ਸੰਗ)*
ਅੰਦਰ ਦੀਆਂ ਜਾਨਣ ਵਾਲਾ(ਪ੍ਰਭੂ)	ਹਮੇਸ਼ਾਂ	ਨਾਲ, ਸਾਥ

ਕਰਣੈਹਾਰੁ*(ਕਰਣੈਹਾਰ)*	**ਪਛਾਨੁ***(ਪਛਾਨ)* **॥**
ਕਰਨ ਵਾਲਾ	ਪਹਿਚਾਣ

ਅੰਕ ੪੬

...(ਫਿਰ) ਅੰਦਰ ਦੀਆਂ ਜਾਨਣ ਵਾਲਾ (ਪਰਮਾਤਮਾ, ਉਸਨੂੰ) ਹਮੇਸ਼ਾਂ ਅੰਗ ਸੰਗ (ਨਜ਼ਰ ਆਉਂਦਾ ਹੈ), ਅਤੇ ਕਰਣਹਾਰ ਪ੍ਰਭੂ ਨਾਲ, ਪਹਿਚਾਣ ਭਾਵ ਮਿੱਤ੍ਰਤਾ ਹੋ ਜਾਂਦੀ ਹੈ...

ਗੁਰ	**ਪਰਸਾਦੀ**	**ਮੁਖੁ** *(ਮੁੱਖ)*	**ਊਜਲਾ,**
ਸਤਿਗੁਰੂ	ਕਿਰਪਾ ਦੁਆਰਾ	ਮੂੰਹ	ਨਿਰਮਲ, ਉਜੂਲ

ਜਪਿ *(ਜੱਪ)*	**ਨਾਮੁ** *(ਨਾਮ)*	**ਦਾਨੁ** *(ਦਾਨ)*	**ਇਸਨਾਨੁ** *(ਇਸ਼ਨਾਨ)* ॥
ਸਿਮਰਨ	(ਪ੍ਰਭੂ) ਨਾਮ	ਪੁੰਨ ਰੂਪ ਵਿਚ ਦਿੱਤੀ ਵਸਤੂ	ਨਹਾਉਣਾ

...ਸਤਿਗੁਰੂ ਦੀ ਕਿਰਪਾ ਦੁਆਰਾ, (ਫ਼ਿਰ ਉਸਦਾ, ਪ੍ਰਭੂ ਦੇ) ਨਾਮ ਸਿਮਰਨ, ਅਤੇ ਇਸ਼ਨਾਨ, ਦਾਨ ਨਾਲ (ਰੱਬੀ ਦਰਗਾਹੇ) ਮੁੱਖ ਉਜੂਲ ਹੋ ਜਾਂਦਾ ਹੈ।...

ਕਾਮੁ *(ਕਾਮ)*	**ਕ੍ਰੋਧੁ** *(ਕ੍ਰੋਧ)*	**ਲੋਭੁ** *(ਲੋਭ)*	**ਬਿਨਸਿਆ,**
ਕਾਮ ਵਾਸ਼ਨਾ	ਗੁੱਸਾ	ਲਾਲਚ	ਬਿਨਸ ਗਿਆ, ਮਿਟ ਗਿਆ

ਤਜਿਆ	**ਸਭੁ** *(ਸਭ)*	**ਅਭਿਮਾਨੁ** *(ਅਭਿਮਾਨ)* ॥੨॥
ਛੱਡ ਦਿੱਤਾ	ਸਾਰਾ	ਹੰਕਾਰ

...(ਉਸਦੇ) ਕਾਮ, ਕ੍ਰੋਧ ਅਤੇ ਲੋਭ ਬਿਨਸ ਜਾਂਦੇ ਹਨ। (ਉਹ ਮਨ ਦਾ) ਸਾਰਾ ਹੰਕਾਰ ਵੀ ਛੱਡ ਦਿੰਦਾ ਹੈ।...

ਪਾਇਆ	**ਲਾਹਾ**	**ਲਾਭੁ** *(ਲਾਭ)*	**ਨਾਮੁ,** *(ਨਾਮ)*
ਪਾ ਲਿਆ	ਨਫ਼ਾ	ਫ਼ਾਇਦਾ	(ਪ੍ਰਭੂ) ਸਿਮਰਨ

ਪੂਰਨ	**ਹੋਏ**	**ਕਾਮ** ॥
ਪੂਰੇ,ਮੁਕੰਮਲ	ਹੋ ਗਏ	ਕੰਮ

...(ਸਮਝੋ ਉਸਨੇ ਜੀਵਨ ਦਾ) ਲਾਹਾ, ਨਾਮ-ਲਾਭ ਕਮਾ ਲਿਆ ਹੈ, ਅਤੇ (ਉਸਦੀ ਜ਼ਿੰਦਗੀ ਦੇ ਸਭ) ਕੰਮ ਪੂਰਨ ਹੋ ਗਏ ਹਨ।...

ਕਰਿ *(ਕਰ)*	**ਕਿਰਪਾ**	**ਪ੍ਰਭਿ** *(ਪ੍ਰਭ)*	**ਮੇਲਿਆ,**
ਕਰਕੇ	ਮਿਹਰ	ਪ੍ਰਭੂ ਨੇ	ਮੇਲ ਲਿਆ, ਜੋੜ ਲਿਆ

ਦੀਆ	**ਅਪਣਾ**	**ਨਾਮੁ** *(ਨਾਮ)* ॥
ਦੇ ਦਿੱਤਾ	ਆਪਣਾ	ਬੰਦਗੀ, ਸਿਮਰਨ

ਅੰਕ ੪੬

...(ਐਸੇ ਧਰਮ-ਸਾਧਕ ਨੂੰ) ਸਾਹਿਬ ਨੇ ਆਪਣੀ ਮਿਹਰ ਕਰਕੇ, (ਆਪਣੇ ਨਾਲ) ਮੇਲ ਲਿਆ ਹੈ, ਅਤੇ ਆਪਣੀ ਬੰਦਗੀ ਬਖਸ਼ ਦਿੱਤੀ ਹੈ।...

ਆਵਣ	ਜਾਣਾ	ਰਹਿ	ਗਇਆ,
(ਸੰਸਾਰ ਤੇ) ਆਉਣਾ	(ਸੰਸਾਰ ਤੋਂ) ਜਾਣਾ	ਖ਼ਤਮ	ਹੋ ਗਿਆ

ਆਪਿ*(ਆਪ)*	ਹੋਆ	ਮਿਹਰਵਾਨੁ*(ਮਿਹਰਵਾਨ)* ॥
(ਪ੍ਰਭੂ) ਆਪ ਹੀ	ਹੋ ਗਿਆ	ਦਇਆਵਾਨ

...(ਉਸਦਾ ਸੰਸਾਰ ਤੇ) ਆਉਣਾ ਜਾਣਾ ਮੁਕ ਗਿਆ, ਅਤੇ ਸਾਹਿਬ ਆਪ ਉਸਤੇ ਮਿਹਰਵਾਨ ਹੋ ਗਏ।...

ਸਚੁ*(ਸੱਚ)*	ਮਹਲੁ*(ਮਹਿਲ)*	ਘਰੁ*(ਘਰ)*	ਪਾਇਆ,
ਸਦਾ ਸਥਿਰ(ਪ੍ਰਭੂ)	ਨਿਵਾਸ	ਟਿੱਕਾਣਾ	ਪ੍ਰਾਪਤ ਕਰ ਲਿਆ

ਗੁਰ	ਕਾ	ਸਬਦੁ*(ਸ਼ਬਦ)*	ਪਛਾਨੁ*(ਪਛਾਨ)* ॥੩॥
ਸਤਿਗੁਰੂ	ਦਾ	ਸ਼ਬਦ	ਪਹਿਚਾਨ

...(ਉਸਨੇ ਆਪਣੇ ਜੀਵਨ ਵਿਚ), ਸਤਿਗੁਰੂ ਦੇ ਸ਼ਬਦ ਦੀ ਪਹਿਚਾਣ ਰਾਹੀਂ, (ਭਾਵ ਗੁਰ-ਸ਼ਬਦ ਦੀ ਅਰਾਧਨਾ ਰਾਹੀਂ) ਅਕਾਲ ਪੁਰਖ ਦੇ ਮਹਿਲਾਂ ਵਿਚ, ਟਿਕਾਣਾ ਪ੍ਰਾਪਤ ਕਰ ਲਿਆ।(ਅਥਵਾ ਉਸਦੀ ਵਾਹਿਗੁਰੂ ਵਿਚ ਅਭੇਦਤਾ ਹੋ ਗਈ)...

ਭਗਤ	ਜਨਾ*(ਜਨਾਂ)*	ਕਉ*(ਕੋ)*	ਰਾਖਦਾ,
ਭਗਤੀ ਕਰਨ ਵਾਲੇ	ਦਾਸਾਂ, ਸੇਵਕਾਂ	ਨੂੰ	ਰੱਖਿਆ ਕਰਦਾ, ਬਚਾ ਲੈਂਦਾ

ਆਪਣੀ	ਕਿਰਪਾ	ਧਾਰਿ*(ਧਾਰ)* ॥
ਆਪਦੀ	ਮਿਹਰ	ਕਰਕੇ

...(ਅਕਾਲ ਪੁਰਖ) ਆਪਣੀ ਮਿਹਰ ਕਰਕੇ, (ਆਪਣੇ ਬਿਰਦ ਅਨੁਸਾਰ, ਸੰਸਾਰ ਦੇ ਵਿਕਾਰਾਂ ਤੋਂ) ਭਗਤ-ਜਨਾਂ ਨੂੰ ਬਚਾ ਲੈਂਦਾ ਹੈ।...

ਹਲਤਿ*(ਹਲਤ)*	ਪਲਤਿ*(ਪਲਤ)*	ਮੁਖ*(ਮੁੱਖ)*	ਊਜਲੇ,
ਇਹ ਲੋਕ	ਪਰਲੋਕ	ਮੂੰਹ	ਉਜ੍ਵਲ, ਨਿਰਮਲ

ਸਾਚੇ	ਕੇ	ਗੁਣ	ਸਾਰਿ*(ਸਾਰ)* ॥
ਸਦਾ-ਸਥਿਰ ਪ੍ਰਭੂ	ਦੇ	ਚੰਗਿਆਈਆਂ	ਸੰਭਾਲਣ ਦੁਆਰਾ, ਯਾਦ ਕਰਨ ਰਾਹੀਂ

ਅੰਕ ੪੬

...ਸਦਾ-ਸਥਿਰ ਵਾਹਿਗੁਰੂ ਦੇ ਗੁਣਾਂ ਦੀ ਸੰਭਾਲ ਰਾਹੀਂ, (ਭਾਵ ਪ੍ਰਭੂ-ਗੁਣਾਂ ਦੇ ਸਿਮਰਨ ਰਾਹੀਂ, ਭਗਤ-ਜਨਾਂ ਦੇ) ਲੋਕ, ਪਰਲੋਕ ਵਿਚ ਮੁੱਖ ਉਜ੍ਹਲ ਹੋ ਜਾਂਦੇ ਹਨ।...

ਆਠ	ਪਹਰ *(ਪਹਿਰ)*	ਗੁਣ	ਸਾਰਦੇ,
ਅੱਠ	ਤਿੰਨ ਘੰਟੇ	ਚੰਗਿਆਈਆਂ	ਚਿੱਤਵਦੇ, ਸਿਮਰਦੇ

ਰਤੇ	ਰੰਗਿ *(ਰੰਗ)*	ਅਪਾਰ ॥
ਰੰਗੇ	ਰੰਗ ਵਿਚ	ਬੇਅੰਤ (ਅਕਾਲ ਪੁਰਖ)

...(ਉਹ) ਅੱਠੇ ਪਹਿਰ, ਭਾਵ ਹਰ ਸਮੇਂ ਬੇਅੰਤ (ਅਕਾਲ ਪੁਰਖ) ਦੇ ਗੁਣਾਂ ਦਾ ਸਿਮਰਨ ਕਰਦੇ ਹਨ, ਅਤੇ ਉਸਦੇ (ਪਿਆਰ) ਰੰਗ ਵਿਚ ਰੰਗੇ ਰਹਿੰਦੇ ਹਨ।...

ਪਾਰਬ੍ਰਹਮੁ *(ਪਾਰਬ੍ਰਹਮ)*	ਸੁਖ *(ਸੁੱਖ)*	ਸਾਗਰੋ,
ਅਕਾਲ ਪੁਰਖ	(ਆਤਮਿਕ) ਅਨੰਦ	ਸਮੁੰਦਰ ਹੈ

ਨਾਨਕ,	ਸਦ	ਬਲਿਹਾਰ ॥੪॥੧੧॥੮੧॥
ਹੇ! ਨਾਨਕ!	ਸਦਾ	ਕੁਰਬਾਨ, ਸਦਕੇ

...ਹੇ! ਨਾਨਕ! ਅਕਾਲ ਪੁਰਖ (ਆਤਮਿਕ) ਅਨੰਦ ਦਾ ਸਾਗਰ ਹੈ, ਤੇ (ਰੰਗ ਰਤੜੇ ਭਗਤ-ਜਨ) ਸਦਾ ਸਦਾ (ਉਸ ਤੋਂ) ਕੁਰਬਾਨ ਜਾਂਦੇ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਪੂਰਾ	ਸਤਿਗੁਰੁ *(ਸਤਗੁਰ)*	ਜੇ	ਮਿਲੈ,
ਪੂਰਨ	ਸਤਿਗੁਰੂ	ਜੇਕਰ	ਪ੍ਰਾਪਤ ਹੋ ਜਾਵੇ

ਪਾਈਐ	ਸਬਦੁ *(ਸ਼ਬਦ)*	ਨਿਧਾਨੁ *(ਨਿਧਾਨ)* ॥
ਪਾ ਲਈਦਾ	ਸ਼ਬਦ,(ਪ੍ਰਭੂ) ਗਿਆਨ	ਖ਼ਜ਼ਾਨਾ

ਜੇਕਰ ਪੂਰਨ ਸਤਿਗੁਰੂ ਮਿਲ ਜਾਵੇ, ਤਾਂ (ਉਸ ਤੋਂ ਵਾਹਿਗੁਰੂ) ਸ਼ਬਦ ਦਾ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ...

ਕਰਿ *(ਕਰ)*	ਕਿਰਪਾ	ਪ੍ਰਭ	ਆਪਣੀ,
ਕਰ ਦੇਵੋ	ਮਿਹਰ	ਪਰਮਾਤਮਾ	ਆਪ ਦੀ

ਅੰਕ ੪੬

ਜਪੀਐ	ਅੰਮ੍ਰਿਤ	ਨਾਮੁ *(ਨਾਮ)* ॥
ਸਿਮਰੀਏ, ਧਿਆਈਏ	ਅਮਰ ਕਰ ਦੇਣ ਵਾਲਾ	(ਪਰਮਾਤਮ) ਨਾਮ

...ਹੇ! ਵਾਹਿਗੁਰੂ ਜੀ (ਸਾਡੇ ਤੇ) ਆਪਣੀ ਮਿਹਰ ਕਰ ਦਿਓ, (ਪੂਰਨ ਸਤਿਗੁਰੂ ਮਿਲਾ ਦਿਓ, ਤਾਂ ਕਿ ਅਸੀਂ ਤੇਰੇ) ਅੰਮ੍ਰਿਤ-ਨਾਮ ਦੀ ਅਰਾਧਨਾ ਕਰ ਸਕੀਏ...

ਜਨਮ	ਮਰਣ	ਦੂਖੁ *(ਦੁੱਖ)*	ਕਾਟੀਐ,
ਜੰਮਣ	ਮੌਤ	ਤਕਲੀਫ਼, ਕਸ਼ਟ	ਕੱਟ ਸਕੀਏ

ਲਾਗੈ	ਸਹਜਿ *(ਸਹਿਜ)*	ਧਿਆਨੁ *(ਧਿਆਨ)* ॥੧॥
ਲੱਗ ਜਾਵੇ	ਆਤਮਿਕ ਟਿਕਾਓ ਵਿਚ	ਸੁਰਤੀ, ਲਿਵ

...(ਅੰਮ੍ਰਿਤ ਨਾਮ ਦੇ ਸਿਮਰਨ ਰਾਹੀਂ) ਜੰਮਣ-ਮਰਣ ਦਾ ਦੁੱਖ ਕੱਟ ਸਕੀਏ, ਅਤੇ (ਸਾਡੀ) ਸੁਰਤੀ, ਆਤਮਿਕ ਅਡੋਲਤਾ ਵਿਚ ਟਿਕ ਜਾਵੇ...

ਮੇਰੇ	ਮਨ,	ਪ੍ਰਭ	ਸਰਣਾਈ *(ਸ਼ਰਣਾਈ)*	ਪਾਇ॥
ਆਪਣੇ	ਚਿੱਤ	ਪਰਮਾਤਮਾ	ਸ਼ਰਣ ਵਿਚ	ਪੈ ਜਾ, ਲਗ ਜਾਹ

...ਹੇ! ਮੇਰੇ ਮਨਾਂ, ਵਾਹਿਗੁਰੂ ਦੀ ਸ਼ਰਣ ਵਿਚ ਪੈ ਜਾਹ (ਭਾਵ ਵਾਹਿਗੁਰੂ ਨੂੰ ਸਮਰਪਿਤ ਹੋ ਜਾਹ)...

ਹਰਿ *(ਹਰ)*	ਬਿਨੁ *(ਬਿਨ)*	ਦੂਜਾ	ਕੋ	ਨਹੀ, *(ਨਹੀਂ)*
ਪ੍ਰਭੂ	ਬਗੈਰ	ਦੂਸਰਾ	ਕੋਈ	ਨਹੀਂ ਹੈ

ਏਕੋ	ਨਾਮੁ *(ਨਾਮ)*	ਧਿਆਇ॥੧॥	ਰਹਾਉ ॥
ਇਕ ਹੀ	(ਪ੍ਰਭੂ) ਨਾਮ	ਅਰਾਧਨਾ ਕਰ, ਸਿਮਰ	ਠਹਿਰਾਉ

...ਹਰੀ ਤੋਂ ਬਿਨਾਂ ਹੋਰ ਕੋਈ ਦੂਸਰੀ (ਸ਼ਕਤੀ) ਨਹੀਂ ਹੈ, (ਇਸ ਲਈ ਉਸ) ਇਕ (ਪਰਮਾਤਮਾ ਦੇ) ਨਾਮ ਦਾ ਹੀ ਸਿਮਰਨ ਕਰ...

ਕੀਮਤਿ *(ਕੀਮਤ)*	ਕਹਣੁ *(ਕਹਿਣ)*	ਨ *(ਨਾਂ)*	ਜਾਈਐ,
ਮੁੱਲ	ਕਹੀ, ਆਖੀ	ਨਹੀਂ	ਜਾ ਸਕਦੀ

ਸਾਗਰੁ *(ਸਾਗਰ)*	ਗੁਣੀ	ਅਥਾਹੁ *(ਅਥਾਹ)* ॥
ਸਮੁੰਦਰ	ਚੰਗਿਆਈਆਂ ਦਾ	ਗਹਿਰਾ, ਡੂੰਘਾ

ਅੰਕ ੪੬

...(ਹੇ! ਮਨ! ਵਾਹਿਗੁਰੂ), ਗੁਣਾਂ ਦਾ (ਅਤਿਅੰਤ) ਡੂੰਘਾ ਸਮੁੰਦਰ ਹੈ, ਉਸਦਾ ਮੁੱਲ ਨਹੀਂ ਦੱਸਿਆ ਜਾ ਸਕਦਾ...

ਵਡਭਾਗੀ,	**ਮਿਲੁ** *(ਮਿਲ)*	**ਸੰਗਤੀ,**
ਵਡਿਆਂ ਭਾਗਾਂ ਵਾਲਿਆ	ਮਿਲ ਕੇ, ਰਲਕੇ	(ਸਚਿਆਰ ਪੁਰਸ਼ਾਂ ਦੀ) ਸੰਗਤ ਵਿਚ

ਸਚਾ	**ਸਬਦੁ** *(ਸ਼ਬਦ)*	**ਵਿਸਾਹੁ** *(ਵਿਸਾਹ)* ॥
ਸਦਾ ਸਥਿਰ	(ਗੁਰ) ਸ਼ਬਦ, ਗਿਆਨ	ਖ਼ਰੀਦ, ਵਿਹਾਝ

...ਹੇ! ਵਡਭਾਗੀਆ! (ਸੱਚਿਆਰ ਪੁਰਸ਼ਾਂ ਦੀ) ਸੰਗਤ ਵਿਚ ਰਲ ਬੈਠ, ਅਤੇ ਸਦਾ ਸਥਿਰ (ਗੁਰ) ਸ਼ਬਦ (ਦਾ ਸੌਦਾ) ਖ਼ਰੀਦ ਲੈ...

ਕਰਿ *(ਕਰ)*	**ਸੇਵਾ**	**ਸੁਖ** *(ਸੁੱਖ)*	**ਸਾਗਰੈ,**
ਕਮਾ, ਕਰ	ਟਹਿਲ	ਅਨੰਦ	ਸਮੁੰਦਰ ਦੀ

ਸਿਰਿ *(ਸਿਰ)*	**ਸਾਹਾ** *(ਸ਼ਾਹਾਂ)*	**ਪਾਤਿਸਾਹੁ** *(ਪਾਤਸ਼ਾਹ)* ॥੨॥
ਸਿਰ ਤੇ	ਬਾਦਸ਼ਾਹਾਂ ਦਾ	(ਸੱਚਾ) ਪਾਤਸ਼ਾਹ

...(ਆਤਮਿਕ) ਅਨੰਦ ਦੇ ਸਾਗਰ, (ਵਾਹਿਗੁਰੂ) ਦੀ ਟਹਿਲ ਕਮਾ, ਜੋ ਰਾਜਿਆਂ ਦਾ ਵੀ (ਸੱਚਾ) ਮਹਾਰਾਜਾ ਹੈ...

ਚਰਣ	**ਕਮਲ**	**ਕਾ**	**ਆਸਰਾ,**
ਪੈਰ	ਕੰਵਲ ਫੁੱਲ (ਵਰਗੇ)	ਦਾ	ਸਹਾਰਾ, ਓਟ

ਦੂਜਾ	**ਨਾਹੀ** *(ਨਾਹੀਂ)*	**ਠਾਉ** *(ਠਾਉਂ)* ॥
ਦੂਸਰਾ	ਨਹੀਂ	ਟਿਕਾਣਾ, ਥਾਂ

...(ਹੇ! ਵਾਹਿਗੁਰੂ! ਮੈਨੂੰ ਤੇਰੇ) ਚਰਨ-ਕੰਵਲਾਂ ਦਾ ਹੀ ਓਟ, ਆਸਰਾ ਹੈ, (ਤੇਰੇ ਤੋਂ ਬਿਨਾਂ ਮੇਰਾ ਹੋਰ ਕੋਈ) ਦੂਸਰਾ ਥਾਂ, ਟਿਕਾਣਾ ਨਹੀਂ ਹੈ...

ਮੈ *(ਮੈਂ)*	**ਧਰ**	**ਤੇਰੀ**	**ਪਾਰਬ੍ਰਹਮ,**
ਮੈਨੂੰ	ਆਸਰਾ, ਓਟ	ਤੁਹਾਡੀ	ਅਕਾਲ ਪੁਰਖ

ਤੇਰੈ	**ਤਾਣਿ** *(ਤਾਣ)*	**ਰਹਾਉ** *(ਰਹਾਉਂ)* ॥
ਤੁਹਾਡੇ	ਬਲ/ ਜ਼ੋਰ ਨਾਲ	ਰਹਿੰਦਾ ਹਾਂ

...(ਹੇ!) ਵਾਹਿਗੁਰੂ ਮੈਨੂੰ ਤੇਰਾ ਹੀ ਓਟ, ਆਸਰਾ ਹੈ, ਅਤੇ ਤੇਰੇ ਬਲ ਕਰਕੇ ਹੀ (ਮੈਂ ਜਿਊ) ਰਿਹਾ ਹਾਂ।...

ਅੰਕ ੪੬

ਨਿਮਾਣਿਆ, *(ਨਿਮਾਣਿਆਂ)*	**ਪ੍ਰਭੁ** *(ਪ੍ਰਭ)*	**ਮਾਣੁ** *(ਮਾਣ)*	**ਤੂੰ,**
ਮਾਣ ਵਿਹੂਣਿਆਂ	ਪਰਮਾਤਮਾ	ਮਾਣ, ਇੱਜ਼ਤ, ਵਡਿਆਈ	ਤੁਸੀਂ

ਤੇਰੈ	**ਸੰਗਿ** *(ਸੰਗ)*	**ਸਮਾਉ** *(ਸਮਾਉਂ)* ॥੩॥
ਤੁਹਾਡੇ	ਨਾਲ, ਵਿਚ	ਸਮਾ ਜਾਵਾਂ, ਲੀਨ ਹੋ ਜਾਵਾਂ

...(ਹੇ! ਵਾਹਿਗੁਰੂ!) ਤੂੰ ਨਿਮਾਣਿਆਂ ਦਾ ਮਾਣ ਹੈਂ, (ਮੇਰੀ ਅਰਦਾਸ ਹੈ ਕਿ ਮੈਂ) ਤੇਰੇ ਵਿਚ ਹੀ ਲੀਨ ਹੋ ਜਾਵਾਂ...

ਹਰਿ *(ਹਰ)*	**ਜਪੀਐ**	**ਆਰਾਧੀਐ,**
ਪ੍ਰਭੂ	ਸਿਮਰੀਏ	ਧਿਆਈਏ

ਆਠ	**ਪਹਰ** *(ਪਹਿਰ)*	**ਗੋਵਿੰਦੁ** *(ਗੋਵਿੰਦ)* ॥
ਅੱਠੇ	ਤਿੰਨ ਘੰਟੇ	ਧਰਤੀ ਦਾ ਪਾਲਣਹਾਰ, ਪਰਮਾਤਮਾ

...(ਹੇ! ਮਨਾ!) ਹਰੀ, ਗੋਬਿੰਦ ਨੂੰ ਅੱਠੇ ਪਹਿਰ ਸਿਮਰੀਏ ਅਤੇ ਉਸਦੀ ਅਰਾਧਨਾ ਕਰੀਏ।...

ਜੀਅ	**ਪ੍ਰਾਣ**	**ਤਨੁ** *(ਤਨ)*	**ਧਨੁ** *(ਧਨ)*	**ਰਖੇ,**
ਜੀਵਨ	ਜਿੰਦ	ਸਰੀਰ	ਦੌਲਤ	ਰੱਖਿਆ, ਬਚਾਇਆ

ਕਰਿ *(ਕਰ)*	**ਕਿਰਪਾ**	**ਰਾਖੀ**	**ਜਿੰਦੁ** *(ਜਿੰਦ)* ॥
ਕਰਕੇ	ਮਿਹਰ	ਰੱਖੀ, ਬਚਾਈ	ਜਾਨ

...(ਵਾਹਿਗੁਰੂ) ਮਨੁੱਖ ਦੇ ਸਰੀਰ ਨੂੰ, ਨਾਮ-ਧਨ ਨੂੰ, ਜੀਵ ਦੇ ਪ੍ਰਾਣਾਂ ਨੂੰ (ਸੰਸਾਰਿਕ ਵਿਕਾਰਾਂ ਤੋਂ ਬਚਾਕੇ) ਰੱਖਦਾ ਹੈ, ਅਤੇ ਆਪਣੀ ਮਿਹਰ ਨਾਲ (ਮਾਇਆ ਦੇ ਪ੍ਰਭਾਵ ਤੋਂ ਮਨੁੱਖ ਦੀ) ਜ਼ਿੰਦਗੀ ਦੀ ਸੰਭਾਲ ਵੀ ਕਰਦਾ ਹੈ।...

ਨਾਨਕ,	**ਸਗਲੇ**	**ਦੋਖ**	**ਉਤਾਰਿਅਨੁ,** *(ਉਤਾਰਿਅਨ)*
ਹੇ! ਨਾਨਕ	ਸਾਰੇ	ਦੁੱਖ, ਕਲੇਸ਼	ਉਤਾਰ ਦਿੰਦਾ ਹੈ

ਪ੍ਰਭੁ *(ਪ੍ਰਭ)*	**ਪਾਰਬ੍ਰਹਮ**	**ਬਖਸਿੰਦੁ** *(ਬਖਸ਼ਿੰਦ)* ॥੪॥੧੨॥੮੨॥
ਵਾਹਿਗੁਰੂ	ਅਕਾਲ ਪੁਰਖ	ਬਖਸ਼ਣਹਾਰ,

...ਹੇ! ਨਾਨਕ! ਵਾਹਿਗੁਰੂ, ਅਕਾਲ ਪੁਰਖ ਬਖਸ਼ਣਹਾਰ ਹੈ, (ਉਹ ਮਿਹਰ ਕਰਕੇ ਜੀਵਨ ਦੇ) ਸਾਰੇ ਦੁੱਖ ਕਲੇਸ਼ ਕੱਟ ਦਿੰਦਾ ਹੈ।

ਅੰਕ ੪੬-੪੭

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਪ੍ਰੀਤਿ *(ਪ੍ਰੀਤ)*	ਲਗੀ *(ਲੱਗੀ)*	ਤਿਸੁ *(ਤਿਸ)*	ਸਚ	ਸਿਉ, *(ਸਿਉਂ)*
ਪਿਆਰ	ਜੁੜ ਗਈ	ਉਸ	ਸਦਾ-ਸਥਿਰ(ਪ੍ਰਭੂ)	ਨਾਲ

ਮਰੈ	ਨ *(ਨਾਂ)*	ਆਵੈ	ਜਾਇ॥
ਮਰਦਾ	ਨਾ ਹੀਂ	ਆਉਂਦਾ, ਜੰਮਦਾ	(ਸੰਸਾਰ ਤੋਂ) ਜਾਂਦਾ

...(ਮੇਰੀ) ਪ੍ਰੀਤ, ਸਦਾ-ਸਥਿਰ (ਵਾਹਿਗੁਰੂ) ਨਾਲ ਲਗ ਗਈ ਹੈ, ਜੋ ਨਾ ਮਰਦਾ ਹੈ ਅਤੇ ਨਾ ਹੀ ਸੰਸਾਰ ਤੇ ਆਉਂਦਾ ਜਾਂਦਾ ਹੈ।...

ਨਾ *(ਨਾਂ)*	ਵੇਛੋੜਿਆ *(ਵੇਛੋੜਿਆਂ)*	ਵਿਛੁੜੈ,
ਨਾਂ ਹੀਂ	ਵਿਛੋੜਨ ਨਾਲ	ਵਿਛੜਦਾ ਹੈ

ਸਭ	ਮਹਿ *(ਮਹਿਂ)*	ਰਹਿਆ	ਸਮਾਇ॥
ਸਾਰਿਆਂ	ਵਿਚ	ਰਹਿੰਦਾ	ਲੀਨ, ਅਭੇਦ

...(ਉਹ ਵਾਹਿਗੁਰੂ) ਸਾਰਿਆਂ ਵਿਚ, (ਇਵੇਂ) ਸਮਾਇਆ ਹੋਇਆ ਹੈ, ਕਿ ਵਿਛੋੜਨ ਨਾਲ ਉਹ ਵਿੱਛੜਦਾ ਨਹੀਂ...

ਦੀਨ	ਦਰਦ	ਦੁਖ *(ਦੁੱਖ)*	ਭੰਜਨਾ,
ਗਰੀਬਾਂ, ਅਨਾਥ	ਤਕਲੀਫ਼	ਕਸ਼ਟ	ਭੰਜਨ ਕਰਨ ਵਾਲਾ, ਮਿਟਾਣ ਵਾਲਾ

ਸੇਵਕ	ਕੈ	ਸਤ *(ਸੱਤ)*	ਭਾਇ॥
ਸੇਵਾਦਾਰ	ਨਾਲ, ਪ੍ਰਤੀ	ਸੱਚ	ਪਿਆਰ

...ਗਰੀਬਾਂ ਅਨਾਥਾਂ ਦੇ ਦੁੱਖ, ਦਰਦ ਮਿਟਾਉਣ ਵਾਲਾ, (ਵਾਹਿਗੁਰੂ, ਆਪਣੇ) ਸੇਵਕਾਂ ਪ੍ਰਤੀ (ਹਮੇਸ਼ਾਂ) ਸੱਚੀ ਪਿਆਰ ਭਾਵਨਾ ਰੱਖਦਾ ਹੈ।...

ਅਚਰਜ	ਰੂਪੁ *(ਰੂਪ)*	ਨਿਰੰਜਨੋ,
ਅਸਚਰਜ,ਵਚਿੱਤ੍ਰ	ਸਰੂਪ	ਨਿਰ+ਅੰਜਨ, ਮਾਇਆ ਦੀ ਕਾਲਖ ਤੋਂ ਰਹਿਤ

ਗੁਰਿ, *(ਗੁਰ)*	ਮੇਲਾਇਆ	ਮਾਇ॥੧॥
ਸਤਿਗੁਰੂ	ਮਿਲਾਇਆ	ਹੇ! ਮਾਂ

...ਹੇ! ਮਾਂ! (ਉਹ) ਨਿਰੰਜਨ (ਪ੍ਰਭੂ) ਬਹੁਤ ਅਸਚਰਜ ਹੈ, ਅਤੇ ਸਤਿਗੁਰੂ ਨੇ (ਕਿਰਪਾ ਕਰਕੇ, ਮੈਨੂੰ ਉਸ ਨਾਲ) ਮਿਲਾ ਦਿੱਤਾ ਹੈ...

ਭਾਈ	ਰੇ,	ਮੀਤੁ *(ਮੀਤ)*	ਕਰਹੁ	ਪ੍ਰਭੁ *(ਪ੍ਰਭ)*	ਸੋਇ॥
ਭਰਾ	ਹੇ!	ਦੋਸਤ	ਬਣਾਓ	ਵਾਹਿਗੁਰੂ	ਉਸ

...ਹੇ! ਭਾਈ! ਉਸ (ਵਚਿੱਤ੍ਰ ਨਿਰੰਜਨ) ਵਾਹਿਗੁਰੂ ਨੂੰ, (ਆਪਣਾ) ਦੋਸਤ ਬਣਾ ਲਓ...

ਮਾਇਆ	ਮੋਹ	ਪਰੀਤਿ *(ਪਰੀਤ)*	ਧ੍ਰਿਗੁ, *(ਧ੍ਰਿਗ)*
ਮਾਇਕ ਪਦਾਰਥਾਂ ਦਾ	ਲਗਾਓ	ਪਿਆਰ	ਫਿਟਕਾਰਯੋਗ

ਸੁਖੀ	ਨ *(ਨਾਂ)*	ਦੀਸੈ	ਕੋਇ॥੧॥	ਰਹਾਉ ॥
ਅਨੰਦਿਤ	ਨਹੀਂ	ਦਿਸਦਾ	ਕੋਈ	ਠਹਿਰਾਉ

...ਮਾਇਕ ਪਦਾਰਥਾਂ ਦੇ ਮੋਹ ਵਾਲੀ ਪ੍ਰੀਤ, ਫਿਟਕਾਰਨ ਯੋਗ ਹੈ, ਇਸ ਪ੍ਰੀਤ ਵਾਲਾ ਕੋਈ ਵੀ ਸੁੱਖੀ ਨਜ਼ਰ ਨਹੀਂ ਆਉਂਦਾ...

ਦਾਨਾ	ਦਾਤਾ	ਸੀਲਵੰਤੁ, *(ਸੀਲਵੰਤ)*
ਗਿਆਨਵਾਨ, ਜਾਣਨ ਵਾਲਾ	ਦਾਤਾਰ	ਨਰਮ ਸੁਭਾ ਵਾਲਾ

ਨਿਰਮਲੁ *(ਨਿਰਮਲ)*	ਰੂਪੁ *(ਰੂਪ)*	ਅਪਾਰੁ *(ਅਪਾਰ)* ॥
ਪਵਿੱਤਰ	ਰੂਪਵਾਨ, ਸੁੰਦਰ	ਬੇਅੰਤ

...(ਵਾਹਿਗੁਰੂ ਸਭ ਕੁਝ) ਜਾਣਨਹਾਰ, (ਮਹਾਨ) ਦਾਤਾ, ਨਰਮ ਅਤੇ ਸ਼ਾਂਤ ਸੁਭਾ ਵਾਲਾ, (ਪਰਮ) ਪਵਿੱਤਰ ਅਤੇ ਬੇਅੰਤ (ਸੁੰਦਰ) ਸਰੂਪ ਵਾਲਾ ਹੈ।...

ਸਖਾ	ਸਹਾਈ	ਅਤਿ *(ਅੱਤ)*	ਵਡਾ,
ਮਿੱਤਰ	ਸਹਾਇਕ	ਅਤਿਅੰਤ	ਮਹਾਨ

ਊਚਾ	ਵਡਾ	ਅਪਾਰੁ *(ਅਪਾਰ)* ॥
ਉੱਚਾ	ਵਿਸ਼ਾਲ	ਪਾਰ ਰਹਿਤ, ਬੇਅੰਤ

...ਬੇਅੰਤ, ਵਿਸ਼ਾਲ, ਉੱਚਾ (ਪ੍ਰਭੂ), ਬਹੁਤ ਹੀ ਮਹਾਨ-ਮਿੱਤਰ ਅਤੇ ਸਹਾਇਕ ਹੈ...

ਅੰਕ ੪੭

ਬਾਲਕੁ *(ਬਾਲਕ)*	**ਬਿਰਧਿ** *(ਬਿਰਧ)*	**ਨ** *(ਨਾਂ)*	**ਜਾਣੀਐ,** *(ਜਾਣੀਐਂ)*
ਬੱਚਾ	ਬਜ਼ੁਰਗ	ਨਹੀਂ	ਜਾਣਨਾ/ਸਮਝਣਾ ਚਾਹੀਦਾ
ਨਿਹਚਲੁ *(ਨਿਹਚਲ)*	**ਤਿਸੁ** *(ਤਿਸ)*	**ਦਰਵਾਰੁ** *(ਦਰਵਾਰ)* ॥	
ਅਚੱਲ, ਸਦਾ-ਸਥਿਰ	ਉਸਦਾ	ਦਰਬਾਰ, ਦਰਗਾਹ	

...(ਪਰਮਾਤਮਾ ਨੂੰ) ਬਾਲਕ ਜਾਂ ਬਜ਼ੁਰਗ ਨਹੀਂ ਸਮਝਣਾ ਚਾਹੀਦਾ, (ਭਾਵ ਸਮੇਂ ਨਾਲ ਉਸਦੀ ਅਵਸਥਾ ਬਦਲਦੀ ਨਹੀਂ, ਸਗੋਂ ਉਹ ਸਦਾ ਇਕ-ਰਸ ਹੈ, ਉਸਦਾ ਦਰਬਾਰ ਸਦਾ-ਸਥਿਰ ਹੈ, (ਭਾਵ ਉਸਦੇ ਦਰਬਾਰ ਦਾ ਵਿਧੀ-ਵਿਧਾਨ ਅਤੇ ਹੁਕਮ ਸਦਾ ਅਟੱਲ ਹੈ)...

ਜੋ	**ਮੰਗੀਐ,**	**ਸੋਈ**	**ਪਾਈਐ,**
ਜੋ ਕੁਝ	ਮੰਗਦੇ ਹਾਂ	ਉਹੋ ਹੀ	ਪ੍ਰਾਪਤ ਕਰਦੇ ਹਾਂ
ਨਿਧਾਰਾ *(ਨਿਧਾਰਾਂ)*		**ਆਧਾਰੁ** *(ਆਧਾਰ)* ॥੨॥	
ਨਿਆਸਰਿਆਂ ਦਾ		ਆਸਰਾ	

...(ਸਾਹਿਬ ਕੋਲੋਂ) ਜੋ ਮੰਗੀਏ, ਉਹੋ ਹੀ ਮਿਲ ਜਾਂਦਾ ਹੈ, (ਉਹ) ਨਿਆਸਰਿਆਂ ਦਾ ਆਸਰਾ ਹੈ...

ਜਿਸੁ *(ਜਿਸ)*	**ਪੇਖਤ,**	**ਕਿਲਵਿਖ**	**ਹਿਰਹਿ,** *(ਹਿਰਹਿਂ)*
ਜਿਸ ਨੂੰ	ਵੇਖਣ ਨਾਲ	ਪਾਪ, ਗੁਨਾਹ	ਦੂਰ ਹੋ ਜਾਣ, ਮਿਟ ਜਾਣ
ਮਨਿ *(ਮਨ)*	**ਤਨਿ** *(ਤਨ)*	**ਹੋਵੈ**	**ਸਾਂਤਿ** *(ਸ਼ਾਂਤ)* ॥
ਚਿੱਤ	ਸਰੀਰ	ਹੋ ਜਾਵੇ	ਟਿਕਾਓ ਵਾਲਾ, ਭਟਕਣਾ ਰਹਿਤ

...ਜਿਸਦੇ ਦਰਸ਼ਨ ਕਰਨ ਨਾਲ ਗੁਨਾਹ ਮਿਟ ਜਾਂਦੇ ਹਨ, ਅਤੇ ਮਨ ਤਨ (ਮਾਇਆ ਦੀ ਭਟਕਣਾ ਤੋਂ ਹਟ ਕੇ), ਟਿਕਾਓ ਵਿਚ ਆ ਜਾਂਦੇ ਹਨ।...

ਇਕ *(ਇੱਕ)*	**ਮਨਿ,** *(ਮਨ)*	**ਏਕੁ** *(ਏਕ)*	**ਧਿਆਈਐ,**
ਇਕਾਗਰ	ਚਿੱਤ ਰਾਹੀਂ	ਇੱਕ(ਪ੍ਰਭੂ)	ਅਰਾਧੀਏ
ਮਨ	**ਕੀ**	**ਲਾਹਿ**	**ਭਰਾਂਤਿ** *(ਭਰਾਂਤ)* ॥
ਚਿੱਤ	ਦੀ	ਲਾਹ ਕੇ	ਭਰਮ, ਭਟਕਣਾ

...(ਅਕਾਲ ਪੁਰਖ ਨੂੰ) ਮਨ ਦੀ ਭਟਕਣਾ ਦੂਰ ਕਰਕੇ, ਇਕਾਗਰ ਚਿੱਤ ਨਾਲ ਸਿਮਰਨਾ ਚਾਹੀਦਾ ਹੈ।...

ਅੰਕ ੪੭

ਗੁਣ	ਨਿਧਾਨੁ *(ਨਿਧਾਨ)*	ਨਵਤਨੁ *(ਨਵਤਨ)*	ਸਦਾ,	
ਚੰਗਿਆਈਆਂ	ਖ਼ਜ਼ਾਨਾ	ਨਵਾਂ	ਹਮੇਸ਼ਾਂ, ਸਦੀਵ ਕਾਲ	

ਪੂਰਨ	ਜਾ *(ਜਾਂ)*	ਕੀ	ਦਾਤਿ *(ਦਾਤ)* ॥
ਸੰਪੂਰਨ, ਮੁਕੰਮਲ	ਜਿਸ	ਦੀ	ਬਖਸ਼ਿਸ਼

...(ਉਹ) ਚੰਗਿਆਈਆਂ ਦਾ ਖ਼ਜ਼ਾਨਾ ਹੈ, ਸਦੀਵ-ਕਾਲ ਨਵੀਨ ਹੈ, ਅਤੇ ਜਿਸ ਦੀਆਂ (ਸਭ) ਬਖਸ਼ਿਸ਼ਾਂ ਸੰਪੂਰਨ ਹਨ...

ਸਦਾ	ਸਦਾ	ਆਰਾਧੀਐ,
ਹਮੇਸ਼ਾਂ	ਹਮੇਸ਼ਾਂ	ਸਿਮਰੀਏ, ਜਪੀਏ

ਦਿਨੁ *(ਦਿਨ)*	ਵਿਸਰਹੁ *(ਵਿਸਰਹੁੰ)*	ਨਹੀ *(ਨਹੀਂ)*	ਰਾਤਿ *(ਰਾਤ)* ॥੩॥
ਦਿਵਸ	ਭੁਲੋ	ਨਾ ਹੀਂ	ਰਾਤ ਨੂੰ

...(ਐਸੇ ਵਾਹਿਗੁਰੂ ਨੂੰ) ਹਮੇਸ਼ਾਂ (ਸੁਆਸ ਸੁਆਸ) ਜਪੀਏ, (ਉਸਨੂੰ ਨਾਂ) ਦਿਨੇ ਭੁਲੀਏ ਨਾਂ ਰਾਤ ਨੂੰ...

ਜਿਨ *(ਜਿਨ੍ਹ)*	ਕਉ	ਪੂਰਬਿ *(ਪੂਰਬ)*	ਲਿਖਿਆ,
ਜਿਨ੍ਹਾਂ	ਨੂੰ	ਧੁਰੋਂ, ਪਹਿਲਾਂ ਤੋਂ ਹੀ	ਅੰਕਿਤ

ਤਿਨ *(ਤਿਨ੍ਹ)*	ਕਾ	ਸਖਾ	ਗੋਵਿੰਦੁ *(ਗੋਵਿੰਦ)* ॥
ਉਨ੍ਹਾਂ	ਦਾ	ਮਿੱਤਰ	ਧਰਤੀ ਦਾ ਪਾਲਣਹਾਰ, ਵਾਹਿਗੁਰੂ

...ਜਿਨ੍ਹਾਂ ਦੇ (ਭਾਗਾਂ ਵਿਚ ਪ੍ਰਭੂ ਵਲੋਂ) ਪਹਿਲਾਂ ਤੋਂ ਹੀ ਲਿਖਿਆ ਹੁੰਦਾ ਹੈ, ਵਾਹਿਗੁਰੂ (ਆਪ) ਉਨ੍ਹਾਂ ਦਾ ਮਿੱਤਰ (ਬਣ ਜਾਂਦਾ ਹੈ)...

ਤਨੁ *(ਤਨ)*	ਮਨੁ *(ਮਨ)*	ਧਨੁ *(ਧਨ)*	ਅਰਪੀ *(ਅਰਪੀਂ)*	ਸਭੋ,
ਸਰੀਰ	ਚਿੱਤ	ਦੌਲਤ	ਅਰਪਣ	ਸਾਰੇ

ਸਗਲ	ਵਾਰੀਐ	ਇਹ	ਜਿੰਦੁ *(ਜਿੰਦ)* ॥
ਸਾਰੀ	ਕੁਰਬਾਨ ਕਰੀਏ	ਵਸਤੂ ਸੰਬੋਧਕ ਸ਼ਬਦ	ਜਾਨ, ਜ਼ਿੰਦਗੀ

...(ਐਸੇ ਮਿੱਤਰ ਵਾਹਿਗੁਰੂ ਨੂੰ ਮੈਂ) ਤਨ, ਮਨ, ਧਨ ਸਭ ਅਰਪਣ ਕਰ ਦਿਆਂ, ਅਤੇ ਆਪਣੀ ਇਹ ਜ਼ਿੰਦਗੀ ਵੀ ਉਸ (ਦੇ ਪਿਆਰ) ਤੋਂ ਕੁਰਬਾਨ ਕਰ ਦਿਆਂ...

ਦੇਖੈ	ਸੁਣੈ	ਹਦੂਰਿ *(ਹਦੂਰ)*	ਸਦ,
ਵੇਖਦਾ ਹੈ	ਸੁਣਦਾ ਹੈ	ਹਾਜ਼ਰ-ਨਾਜ਼ਰ ਹੋਕੇ	ਸਦਾ

ਘਟਿ *(ਘਟ)*	ਘਟਿ *(ਘਟ)*	ਬ੍ਰਹਮੁ *(ਬ੍ਰਹਮ)*	ਰਵਿੰਦੁ *(ਰਵਿੰਦ)* ॥
ਹਿਰਦੇ ਵਿਚ	ਹਿਰਦੇ ਵਿਚ	ਪਾਰਬ੍ਰਹਮ	ਵਿਆਪਕ, ਰਮਿਆ ਹੋਇਆ

...ਘੱਟ ਘੱਟ ਵਿਚ ਵਿਆਪਕ ਪਾਰਬ੍ਰਹਮ, ਸਦਾ ਹਾਜ਼ਰ-ਨਾਜ਼ਰ ਹੋਕੇ (ਆਪਣੇ ਪਿਆਰਿਆਂ ਦੀਆਂ ਬੇਨਤੀਆਂ) ਸੁਣਦਾ ਅਤੇ (ਉਨ੍ਹਾਂ ਨੂੰ) ਨਿਹਾਰਦਾ ਹੈ...

ਅਕਿਰਤਘਣਾ	ਨੋ	ਪਾਲਦਾ,	ਪ੍ਰਭ,
ਉਪਕਾਰ ਨੂੰ ਭੁਲਾ ਦੇਣ ਵਾਲਿਆਂ	ਨੂੰ	ਪਾਲਣ ਕਰਦਾ	ਪਰਮਾਤਮਾ

ਨਾਨਕ,	ਸਦ	ਬਖਸਿੰਦੁ *(ਬਖਸ਼ਿੰਦ)* ॥੪॥੧੩॥੮੩॥
ਹੇ ! ਨਾਨਕ !	ਹਮੇਸ਼ਾਂ	ਬਖਸ਼ਣਹਾਰ

...ਹੇ! ਨਾਨਕ! (ਉਹ) ਵਾਹਿਗੁਰੂ ਤਾਂ ਅਕਿਰਤਘਣਾਂ ਨੂੰ ਵੀ ਪਾਲਦਾ ਹੈ, (ਕਿਉਂਕਿ) ਉਹ ਸਦ-ਸਦਾ ਬਖਸ਼ਣਹਾਰ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਮਨੁ *(ਮਨ)*	ਤਨੁ *(ਤਨ)*	ਧਨੁ *(ਧਨ)*	ਜਿਨਿ *(ਜਿਨ੍ਹ)*	ਪ੍ਰਭਿ *(ਪ੍ਰਭ)*	ਦੀਆ,
ਚਿੱਤ	ਸਰੀਰ	ਦੌਲਤ	ਜਿਹੜੇ	ਪਰਮਾਤਮਾ	ਦਿੱਤਾ

ਰਖਿਆ	ਸਹਜਿ *(ਸਹਿਜ)*	ਸਵਾਰਿ *(ਸਵਾਰ)* ॥
ਟਿਕਾਇਆ	ਧੀਰਜ ਨਾਲ	ਸੰਵਾਰ ਕੇ

...ਜਿਸ ਪਰਮਾਤਮਾ ਨੇ ਤਨ, ਮਨ ਅਤੇ ਧਨ ਬਖਸ਼ਿਆ ਹੈ, ਅਤੇ (ਇਨਸਾਨ ਨੂੰ) ਸਹਿਜ-ਧੀਰਜ ਨਾਲ ਬਣਾ-ਸੰਵਾਰ ਕੇ ਰੱਖਿਆ ਹੈ...

ਸਰਬ	ਕਲਾ	ਕਰਿ *(ਕਰ)*	ਥਾਪਿਆ,
ਸਾਰੀਆਂ	ਸ਼ਕਤੀਆਂ	ਕਰਕੇ	ਬਣਾਇਆ

ਅੰਤਰਿ *(ਅੰਤਰ)*	ਜੋਤਿ *(ਜੋਤ)*	ਅਪਾਰ ॥
ਅੰਦਰ	(ਰੱਬੀ) ਜੋਤ	ਅਨੰਤ

ਅੰਕ ੪੭

...(ਸਰੀਰ ਨੂੰ) ਸਰਬ ਸ਼ਕਤੀਆਂ ਨਾਲ ਸੰਪੰਨ ਕਰਕੇ ਸਿਰਜਿਆ, ਅਤੇ ਫਿਰ ਅੰਦਰ (ਆਪਣੀ) ਅਨੰਤ ਜੋਤ ਟਿਕਾ ਦਿੱਤੀ...

ਸਦਾ	ਸਦਾ	ਪ੍ਰਭੁ *(ਪ੍ਰਭ)*	ਸਿਮਰੀਐ,
ਹਮੇਸ਼ਾਂ	ਹਮੇਸ਼ਾਂ	ਪਰਮਾਤਮਾ	ਜਪੀਏ, ਅਰਾਧੀਏ

ਅੰਤਰਿ *(ਅੰਤਰ)*	ਰਖੁ *(ਰਖ)*	ਉਰ	ਧਾਰਿ *(ਧਾਰ)* ॥੧॥
ਵਿਚ	ਟਿਕਾਓ	ਹਿਰਦੇ	ਧਾਰਨ ਕਰਕੇ, ਟਿਕਾ ਕੇ

...(ਹੇ! ਭਾਈ! ਵਾਹਿਗੁਰੂ ਨੂੰ) ਹਿਰਦੇ ਵਿਚ ਧਾਰਨ ਕਰਕੇ, ਸਦ-ਸਦਾ ਪ੍ਰਭੂ ਦਾ ਸਿਮਰਨ ਕਰੀਏ...

ਮੇਰੇ	ਮਨ,	ਹਰਿ *(ਹਰ)*	ਬਿਨੁ *(ਬਿਨ)*	ਅਵਰੁ *(ਅਵਰ)*	ਨ *(ਨਾਂ)*	ਕੋਇ॥
ਆਪਣੇ	ਚਿੱਤ	ਪ੍ਰਭੂ	ਬਿਨਾਂ	ਹੋਰ	ਨਹੀਂ	ਕੋਈ

...ਹੇ! ਮੇਰੇ ਮਨਾਂ! ਵਾਹਿਗੁਰੂ ਬਿਨਾਂ ਹੋਰ ਕੋਈ (ਸ਼ਕਤੀ ਸ੍ਰਿਸ਼ਟੀ ਵਿਚ) ਨਹੀਂ ਹੈ...

ਪ੍ਰਭ	ਸਰਣਾਈ *(ਸ਼ਰਣਾਈ)*	ਸਦਾ	ਰਹੁ,
ਪਰਮਾਤਮਾ	ਸ਼ਰਣ ਵਿਚ, ਪਨਾਹ ਵਿਚ	ਹਮੇਸ਼ਾਂ	ਰਹਿ

ਦੂਖੁ *(ਦੁਖ)*	ਨ *(ਨਾਂ)*	ਵਿਆਪੈ	ਕੋਇ॥੧॥	ਰਹਾਉ ॥
ਤਕਲੀਫ਼	ਨਹੀਂ	ਵਿਆਪਦਾ, ਪੁੰਹਦਾ	ਕੋਈ	ਠਹਿਰਾਉ

...(ਹੇ! ਭਾਈ!) ਸਦਾ ਅਕਾਲ ਪੁਰਖ ਦੀ ਸ਼ਰਣ ਵਿਚ ਰਹਿ, (ਇਸ ਨਾਲ ਜੀਵਨ ਵਿਚ) ਕੋਈ ਦੁੱਖ ਤਕਲੀਫ਼ ਨਹੀਂ ਵਾਪਰਦਾ...

ਰਤਨ	ਪਦਾਰਥ	ਮਾਣਕਾ,
ਕੀਮਤੀ ਪੱਥਰ	ਵਸਤੂਆਂ	ਲਾਲ ਆਦਿਕ ਕੀਮਤੀ ਪੱਥਰ

ਸੁਇਨਾ	ਰੁਪਾ *(ਰੁੱਪਾ)*	ਖਾਕੁ *(ਖਾਕ)* ॥
ਸੋਨਾ	ਚਾਂਦੀ	ਮਿੱਟੀ

...ਰਤਨ, ਕੀਮਤੀ ਵਸਤੂਆਂ, ਮਾਣਕ, ਸੋਨਾ, ਚਾਂਦੀ ਆਦਿਕ (ਪ੍ਰਭੂ ਸਿਮਰਨ ਬਿਨਾਂ ਸਭ) ਮਿੱਟੀ ਹਨ...

ਮਾਤ	ਪਿਤਾ	ਸੁਤ	ਬੰਧਪਾ,
ਮਾਂ	ਪਿਓ	ਪੁੱਤਰ	ਸੰਬੰਧੀ

ਕੂੜੇ	ਸਭੇ	ਸਾਕ ॥
ਝੂਠੇ	ਸਾਰੇ	ਰਿਸ਼ਤੇਦਾਰ

...ਮਾਂ, ਪਿਓ, ਪੁੱਤਰ, ਸੰਬੰਧੀ ਆਦਿਕ ਸਭ ਕੂੜੇ ਸਾਕ ਹਨ...

ਜਿਨਿ *(ਜਿਨੁ)*	ਕੀਤਾ	ਤਿਸਹਿ *(ਤਸਹਿਂ)*	ਨ *(ਨਾਂ)*	ਜਾਣਈ,
ਜਿਸਨੇ	ਕੀਤੇ, ਬਣਾਏ	ਉਸ ਨੂੰ	ਨਹੀਂ	ਜਾਣਦਾ, ਸਮਝਦਾ

ਮਨਮੁਖ	ਪਸੁ *(ਪਸ਼ੁ)*	ਨਾਪਾਕ ॥੨॥
ਮਨ ਦੇ ਮਗਰ ਲਗਣ ਵਾਲਾ	ਪਸ਼ੂ, ਡੰਗਰ	ਅਪਵਿੱਤਰ

...ਇਹ ਮਨਮੁੱਖ, ਅਪਵਿੱਤਰ (ਜੀਵਨ ਵਾਲਾ) ਪਸ਼ੂ , ਉਸਨੂੰ ਨਹੀਂ ਸਮਝਦਾ, (ਭਾਵ ਚੇਤੇ ਕਰਦਾ), ਜਿਸ (ਵਾਹਿਗੁਰੂ ਨੇ ਇਹ ਸਭ ਕੁਝ) ਸਿਰਜਿਆ ਹੈ...

ਅੰਤਰਿ *(ਅੰਤਰ)*	ਬਾਹਰਿ *(ਬਾਹਰ)*	ਰਵਿ *(ਰਵ)*	ਰਹਿਆ,
(ਸਰੀਰ ਦੇ) ਅੰਦਰ	(ਸਰੀਰ ਤੋਂ) ਬਾਹਰ	ਵਸ, ਰਵ	ਰਿਹਾ ਹੈ

ਤਿਸ	ਨੋ *(ਨੋਂ)*	ਜਾਣੈ	ਦੂਰਿ *(ਦੂਰ)* ॥
ਉਸ	ਨੂੰ	ਜਾਣਦਾ	ਦੂਰ, ਦੁਰੇਡੇ

...(ਜਿਹੜਾ ਪਰਮਾਤਮਾ, ਮਨੁੱਖੀ ਸਰੀਰ ਦੇ) ਅੰਦਰ ਅਤੇ ਬਾਹਰ (ਹਰ ਥਾਂ) ਵਸ ਰਿਹਾ ਹੈ, ਉਸ ਨੂੰ (ਇਹ ਮਨਮੁੱਖ) ਦੂਰੀ ਤੇ ਸਮਝਦਾ ਹੈ...

ਤ੍ਰਿਸਨਾ *(ਤ੍ਰਿਸ਼ਨਾ)*	ਲਾਗੀ,	ਰਚਿ *(ਰਚ)*	ਰਹਿਆ,
ਲਾਲਸਾ	ਲੱਗ ਗਈ	ਖੁੱਭਿਆ, ਲੀਨ	ਰਿਹਾ

ਅੰਤਰਿ *(ਅੰਤਰ)*	ਹਉਮੈ	ਕੂਰਿ *(ਕੂਰ)* ॥
(ਹਿਰਦੇ) ਅੰਦਰ	ਹੰਕਾਰ	ਕੂੜ, ਝੂਠ

...(ਇਸ ਨੂੰ ਮਾਇਕ ਪਦਾਰਥਾਂ ਦੀ) ਲਾਲਸਾ ਲੱਗੀ ਹੋਈ ਹੈ, ਅਤੇ (ਵਿਸ਼ੇ-ਵਿਕਾਰਾਂ ਵਿਚ) ਲੀਨ ਹੋਇਆ ਪਿਆ ਹੈ, (ਇਸ ਕਰਕੇ ਹਿਰਦੇ) ਅੰਦਰ ਹੰਕਾਰ ਦਾ ਕੂੜ (ਭਰਿਆ ਪਿਆ ਹੈ)...

ਭਗਤੀ	ਨਾਮ	ਵਿਹੂਣਿਆ, *(ਵਿਹੂਣਿਆਂ)*
ਬੰਦਗੀ	(ਪ੍ਰਭੂ) ਨਾਮ	ਵਿਹੂਣੇ, ਵਾਂਝੇ

ਆਵਹਿ *(ਆਵਹਿਂ)*	ਵੰਞਹਿ *(ਵੰਞਹਿਂ)*	ਪੂਰ ॥੩॥
ਆਉਂਦੇ	ਚਲੇ ਜਾਂਦੇ	ਇਕੱਠ

...ਪ੍ਰਭੂ ਬੰਦਗੀ ਤੋਂ ਸੱਖਣੇ, (ਇਹੋ ਜਿਹੇ ਹੰਕਾਰ ਦੇ ਕੂੜ ਨਾਲ ਭਰੇ) ਪੂਰਾਂ ਦੇ ਪੂਰ (ਜੀਵ, ਇਸ ਸੰਸਾਰ ਤੇ ਆਉਂਦੇ ਅਤੇ ਚਲੇ ਜਾਂਦੇ ਹਨ)...

ਰਾਖਿ *(ਰਾਖ)*	ਲੇਹੁ	ਪ੍ਰਭੁ *(ਪ੍ਰਭ)*	ਕਰਣਹਾਰ,
ਰੱਖ, ਬਚਾ	ਲਓ	ਪਰਮਾਤਮਾ	ਕਰਤਾ ਪੁਰਖ
ਜੀਅ	ਜੰਤ	ਕਰਿ *(ਕਰ)*	ਦਇਆ ॥
ਜੀਵ	ਜੰਤੂ	ਕਰਕੇ	ਮਿਹਰ

...(ਹੇ!) ਕਰਣਹਾਰ ਪਰਮਾਤਮਾ! (ਜੋਦੜੀ ਹੈ ਕਿ ਇਨ੍ਹਾਂ ਬੇਬੱਸ) ਜੀਅ ਜੰਤਾਂ ਤੇ (ਆਪਣੀ) ਮਿਹਰ ਕਰਕੇ, ਇਨ੍ਹਾਂ ਨੂੰ ਬਚਾ ਲਵੋ...

ਬਿਨੁ *(ਬਿਨ)*	ਪ੍ਰਭ,	ਕੋਇ	ਨ *(ਨਾਂ)*	ਰਖਨਹਾਰੁ, *(ਰਖਨਹਾਰ)*
ਬਿਨਾਂ	ਪਰਮਾਤਮਾ	ਕੋਈ	ਨਹੀਂ	ਬਚਾਉਣ ਵਾਲਾ
ਮਹਾ *(ਮਹਾਂ)*	ਬਿਕਟ		ਜਮ	ਭਇਆ ॥
ਬਹੁਤ	ਵਿਕਰਾਲ,ਭਿਆਨਕ		ਮੌਤ ਦਾ ਫਰਿਸ਼ਤਾ	ਡਰ, ਖ਼ੌਫ

...ਮੌਤ ਦੇ ਦੂਤ ਦਾ ਖ਼ੌਫ ਬਹੁਤ ਭਿਆਨਕ ਹੈ, ਪਰਮਾਤਮਾ ਤੋਂ ਬਿਨਾਂ (ਹੋਰ) ਕੋਈ ਵੀ ਬਚਾਉਣ ਵਾਲਾ ਨਹੀਂ ਹੈ...

ਨਾਨਕ,	ਨਾਮੁ *(ਨਾਮ)*	ਨ *(ਨਾਂ)*	ਵੀਸਰਉ, *(ਵੀਸਰਉਂ)*
ਹੇ! ਨਾਨਕ!	(ਪ੍ਰਭੂ) ਨਾਮ	ਨਾ	ਭੁਲ ਜਾਵੇ
ਕਰਿ *(ਕਰ)*	ਅਪੁਨੀ *(ਅਪਨੀ)*	ਹਰਿ *(ਹਰ)*	ਮਇਆ ॥੪॥੧੪॥੮੪॥
ਕਰੋ	ਆਪਣੀ	ਪਰਮਾਤਮਾ	ਦਇਆ, ਮਿਹਰ

...ਨਾਨਕ (ਦੀ ਅਰਦਾਸ ਹੈ ਕਿ ਹੇ!) ਵਾਹਿਗੁਰੂ! (ਮੇਰੇ ਉੱਤੇ) ਆਪਣੀ ਦਇਆ ਕਰੋ, ਮੈਨੂੰ ਤੁਹਾਡੀ ਬੰਦਗੀ ਨਾ ਵਿਸਰ ਜਾਵੇ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਅੰਕ ੪੭

ਮੇਰਾ	ਤਨੁ *(ਤਨ)*	ਅਰੁ *(ਅਰ)*	ਧਨੁ *(ਧਨ)*	ਮੇਰਾ,
ਆਪਣਾ	ਸਰੀਰ	ਅਤੇ	ਦੌਲਤ	ਆਪਣਾ

ਰਾਜ	ਰੂਪ	ਮੈ	ਦੇਸੁ *(ਦੇਸ਼)* ॥
ਰਾਜਭਾਗ	(ਸੁੰਦਰ)ਸਰੂਪ	ਮੇਰਾ	ਦੇਸ਼, ਮੁਲਕ

(ਇਨਸਾਨ ਸਮਝਦਾ ਹੈ ਕਿ) ਮੇਰਾ ਸਰੀਰ ਹੈ, ਮੇਰੀ ਧਨ-ਦੌਲਤ ਹੈ, ਮੇਰੀ ਹਕੂਮਤ ਹੈ, ਮੇਰਾ ਦੇਸ਼, ਮੇਰਾ ਰਾਜ-ਭਾਗ ਅਤੇ ਸੁੰਦਰ ਸਰੂਪ ਹੈ...

ਸੁਤ	ਦਾਰਾ	ਬਨਿਤਾ	ਅਨੇਕ,
ਪੁੱਤਰ	ਪਤਨੀ	ਇਸਤ੍ਰੀਆਂ	ਅਨੇਕਾਂ ਹੀ

ਬਹੁਤੁ *(ਬਹੁਤ)*	ਰੰਗ	ਅਰੁ *(ਅਰ)*	ਵੇਸ *(ਵੇਸ਼)* ॥
ਬੇਅੰਤ	ਰੰਗ-ਰਲੀਆਂ	ਅਤੇ	ਕਪੜੇ, ਲਿਬਾਸ

...ਮੇਰੇ ਪੁੱਤਰ ਹਨ, ਵਹੁਟੀ ਅਤੇ ਅਨੇਕਾਂ ਇਸਤ੍ਰੀਆਂ ਹਨ, ਬੇਅੰਤ ਲਿਬਾਸ ਅਤੇ (ਮਨਾਉਣ ਲਈ) ਰੰਗ ਰਲੀਆਂ (ਦੇ ਸਾਧਨ) ਹਨ...

ਹਰਿ *(ਹਰ)*	ਨਾਮੁ *(ਨਾਮ)*	ਰਿਦੈ	ਨ *(ਨਾਂ)*	ਵਸਈ,
ਪਰਮਾਤਮਾ	ਬੰਦਗੀ	ਹਿਰਦੇ	ਨਹੀਂ	ਵਸਦੀ

ਕਾਰਜਿ *(ਕਾਰਜ)*	ਕਿਤੈ	ਨ *(ਨਾਂ)*	ਲੇਖਿ *(ਲੇਖ)* ॥੧॥
ਧੰਧੇ, ਕੰਮ	ਕਿਧਰੇ	ਨਹੀਂ	ਲੇਖੇ ਵਿਚ

...(ਪਰ ਜੇਕਰ) ਪਰਮਾਤਮਾ ਦੀ ਬੰਦਗੀ ਹਿਰਦੇ ਵਿਚ ਨਹੀਂ ਵਸਦੀ, ਤਾਂ (ਸਭ) ਧੰਧੇ (ਪ੍ਰਭੂ) ਦੇ ਕਿਸੇ ਲੇਖੇ ਵਿਚ ਨਹੀਂ ਹਨ...

ਮੇਰੇ	ਮਨ,	ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਧਿਆਇ॥
ਆਪਣੇ	ਚਿੱਤ	ਪ੍ਰਭੂ	ਪ੍ਰਭ	ਨਾਮ	ਅਰਾਧ, ਸਿਮਰ

...ਹੇ! ਮੇਰੇ ਮਨਾ! ਵਾਹਿਗੁਰੂ ਨਾਮ ਦਾ ਸਿਮਰਨ ਕਰ...

ਕਰਿ *(ਕਰ)*	ਸੰਗਤਿ *(ਸੰਗਤ)*	ਨਿਤ	ਸਾਧ	ਕੀ,
ਕਰੋ	ਸੰਗ, ਸਾਥ	ਰੋਜ਼	ਸਾਧੂ	ਦੀ

ਅੰਕ ੪੭

ਗੁਰ	ਚਰਣੀ	ਚਿਤੁ *(ਚਿੱਤ)*	ਲਾਇ॥੧॥	ਰਹਾਉ ॥
ਸਤਿਗੁਰੂ	ਚਰਨਾਂ ਨਾਲ	ਮਨ	ਲਗਾ	ਠਹਿਰਾਉ

...ਹਰ ਰੋਜ਼ ਸਾਧੂਆਂ (ਭਾਵ ਸੱਚਿਆਰ ਪੁਰਖਾਂ) ਦੀ ਸੰਗਤ ਕਰ, ਅਤੇ ਸਤਿਗੁਰੂ ਦੇ ਚਰਨਾਂ ਨਾਲ ਚਿੱਤ ਜੋੜ(ਭਾਵ ਗੁਰੂ ਨੂੰ ਸਮਰਪਿਤ ਹੋ ਜਾਹ)...

ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਧਿਆਈਐ,
(ਪ੍ਰਭੂ) ਨਾਮ	ਖ਼ਜ਼ਾਨਾ	ਅਰਾਧੀਏ, ਸਿਮਰੀਏ

ਮਸਤਕਿ *(ਮਸਤਕ)*	ਹੋਵੈ	ਭਾਗੁ *(ਭਾਗ)* ॥
ਮੱਥੇ ਤੇ	ਹੋਏ	ਕਿਸਮਤ

...(ਜੇਕਰ) ਮੱਥੇ ਤੇ ਭਾਗਾਂ ਵਿਚ (ਲਿਖਿਆ) ਹੋਵੇ, ਤਾਂ ਹੀਂ ਵਾਹਿਗੁਰੂ ਦੇ ਨਾਮ (ਰੂਪੀ) ਖ਼ਜ਼ਾਨੇ ਨੂੰ ਸਿਮਰੀਦਾ ਹੈ...

ਕਾਰਜ	ਸਭਿ *(ਸਭ)*	ਸਵਾਰੀਅਹਿ, *(ਸਵਾਰੀਅਹਿਂ)*
ਕੰਮ	ਸਾਰੇ	ਸੰਵਰ ਜਾਂਦੇ ਹਨ

ਗੁਰ	ਕੀ	ਚਰਣੀ	ਲਾਗੁ *(ਲਾਗ)* ॥
ਸਤਿਗੁਰੂ	ਦੀ	ਚਰਨਾਂ ਨਾਲ	ਲੱਗ, ਜੁੜ

...(ਸਿਮਰਨ ਰਾਹੀਂ) ਸਤਿਗੁਰੂ ਦੀ ਚਰਨੀਂ ਲਗਿਆਂ, ਸਭ ਕਾਰਜ ਸੰਵਰ ਜਾਂਦੇ ਹਨ, ਭਾਵ ਰਾਸ ਹੋ ਜਾਂਦੇ ਹਨ...

ਹਉਮੈ	ਰੋਗੁ *(ਰੋਗ)*	ਭ੍ਰਮੁ *(ਭ੍ਰਮ)*	ਕਟੀਐ,
ਹੰਕਾਰ	ਬੀਮਾਰੀ	ਭੁਲੇਖਾ, ਭਟਕਣਾ	ਕੱਟਿਆ ਜਾਂਦਾ ਹੈ

ਨਾ *(ਨਾਂ)*	ਆਵੈ	ਨਾ *(ਨਾਂ)*	ਜਾਗੁ *(ਜਾਗ)* ॥੨॥
ਨਹੀਂ	ਆਉਂਦਾ	ਨਾ ਹੀਂ	ਜਾਂਦਾ ਹੈ

...(ਅਤੇ) ਹਉਮੈ ਰੋਗ ਦੂਰ ਹੋ ਜਾਂਦਾ ਹੈ, ਮਨ ਦੀ ਭਟਕਣਾ ਮਿਟ ਜਾਂਦੀ ਹੈ, ਅਤੇ ਸੰਸਾਰ ਦਾ ਆਵਾਗਵਣ ਮੁਕ ਜਾਂਦਾ ਹੈ...

ਕਰਿ *(ਕਰ)*	ਸੰਗਤਿ *(ਸੰਗਤ)*	ਤੂ *(ਤੂੰ)*	ਸਾਧ	ਕੀ,
ਕਰੋ	ਸੰਗ, ਸਾਥ	ਤੁਸੀਂ	ਸਾਧੂ	ਦੀ

ਅਠਸਠਿ *(ਅਠਸਠ)*	ਤੀਰਥ	ਨਾਉ *(ਨ੍ਹਾਉ)* ॥
੬੦+੮=੬੮	ਧਰਮ ਅਸਥਾਨ	ਇਸ਼ਨਾਨ

ਅੰਕ ੪੭-੪੮

...(ਹੇ! ਭਾਈ!) ਸੱਚਿਆਰ ਪੁਰਖਾਂ ਦੀ ਸੰਗਤ ਵਿਚ ਜੁੜ, (ਇਹ ਹੀ) ਅਠਾਹਠ ਤੀਰਥਾਂ ਦਾ ਇਸ਼ਨਾਨ ਹੈ...

ਜੀਉ	**ਪ੍ਰਾਣ**	**ਮਨੁ** *(ਮਨ)*	**ਤਨੁ** *(ਤਨ)*	**ਹਰੇ,**
ਜ਼ਿੰਦਗੀ	ਜਾਨ	ਚਿੱਤ	ਸਰੀਰ	ਪ੍ਰਫੁੱਲਤ

ਸਾਚਾ	**ਏਹੁ** *(ਏਹ)*	**ਸੁਆਉ** ॥
ਸੱਚਾ, ਅਸਲ	ਇਹ	ਮਨੋਰਥ, ਪ੍ਰਯੋਜਨ

...(ਸਾਧ-ਸੰਗਤ ਨਾਲ) ਜਿੰਦ-ਜਾਨ ਅਤੇ ਮਨ ਤਨ ਹਰੇ-ਭਰੇ ਹੋ ਜਾਂਦੇ ਹਨ, ਇਹੋ ਹੀ ਜੀਵਨ ਦਾ ਅਸਲ ਮਨੋਰਥ ਹੈ...

ਐਥੈ	**ਮਿਲਹਿ** *(ਮਿਲਹਿਂ)*	**ਵਡਾਈਆ,** *(ਵਡਾਈਆਂ)*
ਇਥੇ, ਇਸ ਲੋਕ ਵਿਚ	ਮਿਲਦੀਆਂ ਹਨ	ਵਡਿਆਈਆਂ, ਮਾਣ-ਇੱਜ਼ਤ

ਦਰਗਹਿ	**ਪਾਵਹਿ** *(ਪਾਵਹਿਂ)*	**ਥਾਉ** *(ਥਾਉਂ)* ॥੩॥
(ਰੱਬੀ) ਦਰਬਾਰ ਵਿਚ	ਪਾਈਦਾ ਹੈ	ਥਾਂ, ਟਿਕਾਣਾ

...(ਇਸ ਨਾਲ) ਇਸ ਲੋਕ, ਭਾਵ ਸੰਸਾਰ ਵਿਚ ਵੀ ਮਾਣ-ਇੱਜ਼ਤ ਮਿਲਦਾ ਹੈ, ਅਤੇ (ਰੱਬੀ) ਦਰਗਾਹ ਵਿਚ ਵੀ, ਥਾਂ-ਟਿਕਾਣਾ ਮਿਲਦਾ ਹੈ...

ਕਰੇ	**ਕਰਾਏ**	**ਆਪਿ** *(ਆਪ)*	**ਪ੍ਰਭੁ,** *(ਪ੍ਰਭ)*
ਕਰਦਾ	ਕਰਵਾਉਂਦਾ	ਆਪ ਹੀ	ਪਰਮਾਤਮਾ

ਸਭੁ *(ਸਭ)*	**ਕਿਛੁ** *(ਕਿਛ)*	**ਤਿਸ**	**ਹੀ**	**ਹਾਥਿ** *(ਹਾਥ)* ॥
ਸਾਰਾ	ਕੁਝ	ਉਸ (ਪ੍ਰਭੂ)	ਦੇ	ਹੱਥ ਵਿਚ

...ਕਰਣ ਕਰਵਾਉਣ ਵਾਲਾ ਵਹਿਗੁਰੂ ਆਪ ਹੀ ਹੈ, ਸਭ ਕੁਝ (ਭਾਵ ਸਾਰ-ਸਮਰੱਥਾ) ਉਸ ਦੇ ਹੀ ਹੱਥ-ਵੱਸ ਹੈ...

ਮਾਰਿ *(ਮਾਰ)*	**ਆਪੇ**	**ਜੀਵਾਲਦਾ,**
ਮਾਰ ਕੇ	ਆਪ ਹੀ	ਜਿਵਾਉਂਦਾ

ਅੰਤਰਿ *(ਅੰਤਰ)*	**ਬਾਹਰਿ** *(ਬਾਹਰ)*	**ਸਾਥਿ** *(ਸਾਥ)* ॥
(ਸਰੀਰ ਦੇ) ਅੰਦਰ	(ਸਰੀਰ ਤੋਂ) ਬਾਹਰ	ਨਾਲ, ਸੰਗ

ਅੰਕ ੪੮

...(ਸਰਬ ਕਲਾ ਸਮਰੱਥ ਵਾਹਿਗੁਰੂ), ਆਪ ਹੀ ਮਾਰਕੇ ਫਿਰ ਜਿਉਂਦਾ ਵੀ ਕਰ ਦਿੰਦਾ ਹੈ, ਅੰਦਰ ਬਾਹਰ (ਉਹ ਇਨਸਾਨ ਦੇ) ਅੰਗ-ਸੰਗ ਰਹਿੰਦਾ ਹੈ...

ਨਾਨਕ,	**ਪ੍ਰਭ**	**ਸਰਨਾਗਤੀ,** *(ਸ਼ਰਣਾਗਤੀ)*
ਹੇ ! ਨਾਨਕ !	ਪਰਮਾਤਮਾ	ਸ਼ਰਣ ਵਿਚ

ਸਰਬ	**ਘਟਾ** *(ਘਟਾਂ)*	**ਕੇ**	**ਨਾਥ ॥੪॥੧੫॥੮੫॥**
ਸਾਰੀਆਂ	ਜੀਵਾਂ	ਦੇ	ਸੁਆਮੀ

ਹੇ! ਨਾਨਕ! (ਮੈਂ) ਸਰਬੱਤ ਜੀਵਾਂ ਦੇ ਸੁਆਮੀ, ਵਾਹਿਗੁਰੂ ਦੀ ਸ਼ਰਣ ਵਿਚ ਆਇਅ ਹਾਂ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸਰਣਿ *(ਸ਼ਰਣ)*	**ਪਏ**	**ਪ੍ਰਭ**	**ਆਪਣੇ,**
ਸ਼ਰਣ/ਪਾਨਾਹ ਵਿਚ	ਪੈ ਗਏ, ਆ ਗਏ	ਵਾਹਿਗੁਰੂ	ਖ਼ੁਦ ਦੇ

ਗੁਰੁ *(ਗੁਰ)*	**ਹੋਆ**	**ਕਿਰਪਾਲੁ** *(ਕਿਰਪਾਲ)* **॥**
ਸਤਿਗੁਰੂ	ਹੋ ਗਿਆ	ਮਿਹਰਵਾਨ

...ਸਤਿਗੁਰੂ (ਤਰੁੱਠ ਕੇ) ਮਿਹਰਵਾਨ ਹੋ ਗਿਆ ਹੈ, ਅਤੇ (ਅਸੀਂ ਗੁਰੂ-ਕਿਰਪਾ ਨਾਲ) ਆਪਣੇ ਵਾਹਿਗੁਰੂ ਦੀ ਸ਼ਰਣ ਵਿਚ ਆ ਗਏ ਹਾਂ, (ਭਾਵ ਪ੍ਰਭੂ ਨੂੰ ਸਮਰਪਿਤ ਹੋ ਗਏ ਹਾਂ)...

ਸਤਗੁਰ	**ਕੈ**	**ਉਪਦੇਸਿਐ,** *(ਉਪਦੇਸ਼ਿਐ)*
ਸਤਿਗੁਰੂ	ਦੇ	(ਸ਼ਬਦ) ਉਪਦੇਸ਼ ਰਾਹੀਂ

ਬਿਨਸੇ	**ਸਰਬ**	**ਜੰਜਾਲ ॥**
ਵਿਨਾਸ਼ ਹੋ ਗਏ	ਸਾਰੇ	ਬੰਧਨ, ਝਮੇਲੇ

...ਸਤਿਗੁਰੂ (ਸ਼ਬਦ) ਦੇ ਉਪਦੇਸ਼ ਰਾਹੀਂ, (ਜੀਵਨ ਦੇ) ਸਭ ਝਮੇਲੇ ਖ਼ਤਮ ਹੋ ਗਏ ਹਨ...

ਅੰਦਰੁ *(ਅੰਦਰ)*	**ਲਗਾ**	**ਰਾਮ**	**ਨਾਮਿ,** *(ਨਾਮ)*
ਅੰਤਹਕਰਣ	ਲਗ/ਜੁੜ ਗਿਆ	ਪਰਮਾਤਮਾ	ਸਿਮਰਨ

ਅੰਮ੍ਰਿਤ	**ਨਦਰਿ** *(ਨਦਰ)*	**ਨਿਹਾਲੁ** *(ਨਿਹਾਲ)* **॥੧॥**
ਅਮਰ ਕਰ ਦੇਣ ਵਾਲਾ	ਕ੍ਰਿਪਾ ਦ੍ਰਿਸ਼ਟੀ	ਕ੍ਰਿਤਾਰਥ, ਪ੍ਰਸੰਨ

ਅੰਕ ੪੮

...(ਮੇਰਾ) ਹਿਰਦਾ, ਰਾਮ-ਨਾਮ ਵਿਚ ਜੁੜ ਗਿਆ ਹੈ, ਅਤੇ ਵਾਹਿਗੁਰੂ ਦੀ ਅੰਮ੍ਰਿਤ ਦ੍ਰਿਸ਼ਟੀ ਦੁਆਰਾ, (ਮੈਂ) ਨਿਹਾਲ ਨਿਹਾਲ ਹੋ ਗਿਆ ਹਾਂ...

ਮਨ	**ਮੇਰੇ,**	**ਸਤਿਗੁਰ**	**ਸੇਵਾ**	**ਸਾਰੁ** *(ਸਾਰ)* ॥
ਚਿੱਤ	ਆਪਣੇ	ਸੱਚੇ ਗੁਰੂ	ਟਹਿਲ	ਸੰਭਾਲ

...ਹੇ! ਮੇਰੇ ਮਨਾ! ਸੱਚ ਧਰਮ ਦਾ ਉਪਦੇਸ਼ ਦੇਣ ਵਾਲੇ ਗੁਰੂ ਦੀ ਸੇਵਾ-ਸੰਭਾਲ (ਕਰ)...

ਕਰੇ	**ਦਇਆ**	**ਪ੍ਰਭੁ** *(ਪ੍ਰਭ)*	**ਆਪਣੀ,**
ਕਰ ਦੇਵੇ	ਮਿਹਰ	ਪਰਮਾਤਮਾ	ਖ਼ੁਦ ਦੀ

ਇਕ	**ਨਿਮਖ**	**ਨ** *(ਨਾਂ)*	**ਮਨਹੁ** *(ਮਨਹੁਂ)*	**ਵਿਸਾਰੁ** *(ਵਿਸਾਰ)* ॥	**ਰਹਾਉ** ॥
ਗਿਣਤੀ ਦਾ ਪਹਿਲਾ ਅੰਕ	ਪਲ,ਛਿਨ	ਨਾਂ	ਚਿਤ ਵਿੱਚੋਂ	ਭੁਲਾ	ਠਹਿਰਾਉ

...(ਅਤੇ) ਇਕ ਪਲ ਲਈ ਵੀ (ਵਾਹਿਗੁਰੂ ਨੂੰ) ਆਪਣੇ ਹਿਰਦੇ ਵਿਚੋਂ ਨਾ ਭੁਲਾ, ਪ੍ਰਭੂ (ਫਿਰ) ਆਪਣੀ ਰਹਿਮਤ ਕਰਦਾ ਹੈ...

ਗੁਣ	**ਗੋਵਿੰਦ**	**ਨਿਤ**	**ਗਾਵੀਅਹਿ,** *(ਗਾਵੀਅਹਿਂ)*
ਚੰਗਿਆਈਆਂ	ਧਰਤੀ ਦੇ ਪਾਲਕ, ਪ੍ਰਭੂ	ਰੋਜ਼	ਗਾਇਨ ਕਰੀਏ

ਅਵਗੁਣ	**ਕਟਣਹਾਰ** ॥
ਔਗਣਾਂ,ਬੁਰਿਆਈਆਂ	ਦੂਰ ਕਰਨ ਵਾਲਾ, ਕੱਟਣ ਵਾਲਾ

...ਨਿੱਤ ਪ੍ਰਭੂ ਦੇ ਗੁਣਾਂ ਦਾ ਗਾਇਨ ਕਰੀਏ, (ਜੋ ਮਨੁੱਖੀ ਜੀਵਨ ਦੇ ਸਭ) ਔਗਣਾਂ ਨੂੰ ਦੂਰ ਕਰਨ ਵਾਲਾ ਹੈ...

ਬਿਨੁ *(ਬਿਨ)*	**ਹਰਿ** *(ਹਰ)*	**ਨਾਮ,**	**ਨ** *(ਨਾਂ)*	**ਸੁਖੁ** *(ਸੁੱਖ)*	**ਹੋਇ,**
ਬਿਨਾਂ, ਬਾਝੋਂ	ਪ੍ਰਭੂ	ਸਿਮਰਨ	ਨਹੀਂ	(ਆਤਮਿਕ) ਅਨੰਦ	ਹੁੰਦਾ

ਕਰਿ *(ਕਰ)*	**ਡਿਠੇ** *(ਡਿੱਠੇ)*	**ਬਿਸਥਾਰ** ॥
ਕਰਕੇ	ਦੇਖ ਲਏ	ਵਿਸਥਾਰ, ਅਡੰਬਰ

...(ਮੈਂ ਸਭ) ਅਡੰਬਰ ਕਰਕੇ ਦੇਖ ਲਏ ਹਨ, ਪ੍ਰਭੂ ਸਿਮਰਨ ਬਿਨਾਂ (ਆਤਮਿਕ) ਅਨੰਦ ਨਹੀਂ ਹੁੰਦਾ...

ਸਹਜੇ *(ਸਹਿਜੇ)*	**ਸਿਫਤੀ** *(ਸਿਫਤੀਂ)*	**ਰਤਿਆ,** *(ਰੱਤਿਆਂ)*
ਆਤਮਿਕ ਟਿਕਾਓ	ਸ਼ਲਾਘਾ, ਵਡਿਆਈ	ਰੰਗਿਆ, ਲੀਨ ਹੋਇਆਂ

ਅੰਕ ੪੮

ਭਵਜਲੁ *(ਭਵਜਲ)*	ਉਤਰੇ	ਪਾਰਿ *(ਪਾਰ)* ॥੨॥
ਸੰਸਾਰ ਸਾਗਰ	ਉੱਤਰ ਜਾਈਦਾ	ਪਾਰਲੇ ਕੰਢੇ

...ਆਤਮਿਕ ਟਿਕਾਓ ਰਾਹੀਂ, ਵਾਹਿਗੁਰੂ ਦੀ ਸਿਫ਼ਤ-ਸਲਾਹ ਵਿਚ ਲੀਨ ਹੋਇਆਂ, ਸੰਸਾਰ (ਦੇ ਮਾਇਆ ਰੂਪ ਬਿਖ਼) ਸਾਗਰ ਤੋਂ ਪਾਰ ਉੱਤਰ ਜਾਈਦਾ ਹੈ...

ਤੀਰਥ	ਵਰਤ	ਲਖ *(ਲੱਖ)*	ਸੰਜਮਾ, *(ਸੰਜਮਾਂ)*
ਧਰਮ ਅਸਥਾਨ	ਨਿਸਚਿਤ ਸਮੇਂ ਲਈ ਭੁਖੇ ਰਹਿਣਾ	ਲੱਖਾਂ ਹੀ	ਇੰਦ੍ਰਿਆਂ ਆਦਿ ਨੂੰ ਰੋਕਣਾ

ਪਾਈਐ	ਸਾਧੂ	ਧੂਰਿ *(ਧੂੜ)* ॥
ਪਾਈਦਾ ਹੈ	ਸਚਿਆਰ ਪੁਰਸ਼ਾਂ	ਚਰਨ ਧੂੜ ਵਿਚ

...ਤੀਰਥ (ਇਸ਼ਨਾਨ ਕਰਨੇ), ਵਰਤ ਰੱਖਣੇ ਅਤੇ ਲੱਖਾਂ ਹੀ (ਧਾਰਮਿਕ) ਸੰਜਮ, (ਆਦਿਕ ਸਭ ਦਾ ਫ਼ਲ) ਸੱਚਿਆਰ ਪੁਰਸ਼ਾਂ ਦੀ ਚਰਨ ਧੂੜ ਵਿਚੋਂ ਹੀ ਪ੍ਰਾਪਤ ਹੋ ਜਾਂਦਾ ਹੈ...

ਲੂਕਿ *(ਲੁਕ)*	ਕਮਾਵੈ	ਕਿਸ	ਤੇ,
ਲੁਕ ਕੇ, ਛਿਪ ਕੇ	ਕਰਦਾ ਹੈਂ	ਕੀਹਦੇ	ਤੋਂ

ਜਾ *(ਜਾਂ)*	ਵੇਖੈ	ਸਦਾ	ਹਦੂਰਿ *(ਹਜ਼ੂਰ)* ॥
ਜਦੋਂ ਕਿ	ਵੇਖਦਾ ਹੈ	ਹਮੇਸ਼ਾਂ	ਪ੍ਰਤੱਖ, ਹਾਜ਼ਰ-ਨਾਜ਼ਰ

...(ਹੇ! ਭਾਈ!) ਤੂੰ ਕਿਸ ਤੋਂ ਲੁਕ ਕੇ (ਕਰਮ) ਕਮਾਉਂਦਾ ਹੈਂ, ਜਦੋਂ ਕਿ (ਵਾਹਿਗੁਰੂ) ਤਾਂ ਹਾਜ਼ਰ-ਨਾਜ਼ਰ ਹੋਕੇ (ਸਭ ਕੁਝ) ਵੇਖ ਰਿਹਾ ਹੈ...

ਥਾਨ	ਥਨੰਤਰਿ *(ਥਨੰਤਰ)*	ਰਵਿ *(ਰਵ)*	ਰਹਿਆ,
ਥਾਵਾਂ ਤੇ	ਥਾਵਾਂ ਦੇ ਅੰਦਰ	ਵਿਆਪਕ, ਸਮਾ	ਰਿਹਾ ਹੈ

ਪ੍ਰਭੁ *(ਪ੍ਰਭ)*	ਮੇਰਾ	ਭਰਪੂਰਿ *(ਭਰਪੂਰ)* ॥੩॥
ਪਰਮਾਤਮਾ	ਆਪਣਾ	ਪਰਿਪੂਰਨ

...ਮੇਰਾ ਪਰਿਪੂਰਨ ਪਰਮਾਤਮਾ, (ਸਰਬੱਤ) ਥਾਵਾਂ ਦੇ ਅੰਦਰ ਬਾਹਰ ਸਮਾ ਰਿਹਾ ਹੈ...

ਸਚੁ *(ਸੱਚ)*	ਪਾਤਿਸਾਹੀ, *(ਪਾਤਸ਼ਾਹੀ)*	ਅਮਰੁ *(ਅਮਰ)*	ਸਚੁ, *(ਸੱਚ)*
ਸਦਾ ਸਥਿਰ	ਰਾਜ, ਬਾਦਸ਼ਾਹੀ	ਹੁਕਮ, ਫੁਰਮਾਨ	ਸਦਾ ਸਥਿਰ

ਅੰਕ ੪੮

ਸਚੇ *(ਸੱਚੇ)*	ਸਚਾ *(ਸੱਚਾ)*	ਥਾਨੁ *(ਥਾਨ)* ॥	
ਸੱਚਿਆਰ ਦਾ	ਸਦਾ-ਸਥਿਰ	ਅਸਥਾਨ, ਟਿਕਾਣਾ	

...(ਵਾਹਿਗੁਰੂ) ਦੀ ਪਾਤਸ਼ਾਹੀ ਸਦਾ-ਸਥਿਰ ਹੈ, (ਉਸਦਾ) ਹੁਕਮ ਅਟੱਲ ਹੈ, ਅਤੇ ਉਸ ਸੱਚਿਆਰ ਦਾ ਅਸਥਾਨ ਵੀ ਸਦਾ ਸਥਿਰ ਹੈ...

ਸਚੀ *(ਸੱਚੀ)*	ਕੁਦਰਤਿ *(ਕੁਦਰਤ)*	ਧਾਰੀਅਨੁ, *(ਧਾਰੀਅਨ)*
ਸਦਾ-ਸਥਿਰ	ਰਚਨਾ, ਸ੍ਰਿਸ਼ਟੀ	ਸਿਰਜੀ,ਬਣਾਈ

ਸਚਿ *(ਸੱਚ)*	ਸਿਰਜਿਓਨੁ *(ਸਿਰਜਿਓਨ)*	ਜਹਾਨੁ *(ਜਹਾਨ)* ॥
ਸਦਾ-ਸਥਿਰ	ਸਿਰਜਿਆ,ਰਚਿਆ	ਜਗਤ, ਸੰਸਾਰ

...(ਵਾਹਿਗੁਰੂ ਨੇ) ਸੱਤ-ਸਰੂਪ ਰਚਨਾ ਰਚੀ, ਅਤੇ ਫਿਰ ਸਦੀਵ-ਸੱਚ ਸੰਸਾਰ ਨੂੰ ਸਿਰਜਿਆ...

ਨਾਨਕ,	ਜਪੀਐ	ਸਚੁ *(ਸੱਚ)*	ਨਾਮੁ, *(ਨਾਮ)*
ਹੇ ! ਨਾਨਕ !	ਸਿਮਰੀਏ	ਸਦਾ ਸਥਿਰ	(ਪ੍ਰਭੂ) ਨਾਮ

ਹਉ *(ਹਉਂ)*	ਸਦਾ	ਸਦਾ	ਕੁਰਬਾਨੁ *(ਕੁਰਬਾਨ)* ॥੪॥੧੬॥੮੬॥
ਮੈਂ	ਹਮੇਸ਼ਾਂ	ਹਮੇਸ਼ਾਂ	ਬਲਿਹਾਰ, ਸਦਕੇ

...ਹੇ! ਨਾਨਕ! ਹਮੇਸ਼ਾਂ, ਸਦਾ-ਸਥਿਰ (ਵਾਹਿਗੁਰੂ ਦਾ) ਨਾਮ ਸਿਮਰਨਾ ਚਾਹੀਦਾ ਹੈ, ਮੈਂ (ਅਕਾਲ ਪੁਰਖ ਤੋਂ) ਸਦ-ਸਦਾ ਕੁਰਬਾਨ ਜਾਂਦਾ ਹਾਂ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਉਦਮੁ *(ਉੱਦਮ)*	ਕਰਿ, *(ਕਰ)*	ਹਰਿ *(ਹਰ)*	ਜਾਪਣਾ,
ਉਪਰਾਲਾ, ਆਹਰ	ਕਰੋ	ਪਰਮਾਤਮਾ	ਸਿਮਰਨ ਦਾ

ਵਡਭਾਗੀ,	ਧਨੁ *(ਧਨ)*	ਖਾਟਿ *(ਖਾਟ)* ॥
ਵੱਡੇ ਭਾਗਾਂ ਵਾਲਿਆ	(ਨਾਮ) ਧਨ	ਖੱਟ, ਕਮਾ

ਹੇ! ਵੱਡਿਆਂ ਭਾਗਾਂ ਵਾਲਿਆ! (ਪ੍ਰਭੂ) ਨਾਮ ਜਪਣ ਦਾ ਉੱਦਮ ਕਰ, ਅਤੇ (ਨਾਮ) ਧਨ ਦੀ ਕਮਾਈ ਖੱਟ ਲੈ...

ਅੰਕ ੪੮

ਸੰਤਸੰਗਿ *(ਸੰਤਸੰਗ)*	ਹਰਿ *(ਹਰ)*	ਸਿਮਰਣਾ,	
ਸੱਚਿਆਰ ਪੁਰਸ਼ਾਂ ਦੀ ਸੰਗਤ	ਪਰਮਾਤਮਾ	ਜਪਣਾ	

ਮਲੁ *(ਮਲ)*	ਜਨਮ	ਜਨਮ	ਕੀ	ਕਾਟਿ *(ਕਾਟ)* ॥੧॥
ਮੈਲ, ਗੰਦਗੀ	ਜੂਨ, ਜੀਵਨ	ਜੂਨ, ਜੀਵਨ	ਦੀ	ਕੱਟ ਲੈ

...ਸੱਚਿਆਰ ਪੁਰਸ਼ਾਂ ਦੀ ਸੰਗਤ ਰਾਹੀਂ, ਹਰੀ ਸਿਮਰਨ ਕਰ, ਅਤੇ ਜਨਮਾਂ ਜਨਮਾਂਤਰਾਂ ਦੀ ਮੈਲ ਕੱਟ ਲੈ...

ਮਨ	ਮੇਰੇ,	ਰਾਮ	ਨਾਮੁ *(ਨਾਮ)*	ਜਪਿ *(ਜਪ)*	ਜਾਪੁ *(ਜਾਪ)* ॥
ਚਿੱਤ	ਆਪਣੇ	ਪ੍ਰਭੂ	ਸ਼ਕਤੀ	ਸਿਮਰ	ਜਪਨ, ਸਿਮਰਨ

...ਹੇ! ਮੇਰੇ ਮਨਾਂ! ਵਾਹਿਗੁਰੂ ਨਾਮ ਦੇ ਜਾਪ ਦਾ ਸਿਮਰਨ ਕਰ...

ਮਨ	ਇਛੇ *(ਇੱਛੇ)*	ਫਲ,	ਭੁੰਚਿ *(ਭੁੰਚ)*	ਤੂ, *(ਤੂੰ)*
ਚਿੱਤ	ਇੱਛਤ, ਭਾਉਂਦੇ	ਲਾਹਾ, ਪ੍ਰਾਪਤੀ	ਛੱਕ	ਤੁਸੀਂ

ਸਭੁ *(ਸਭ)*	ਚੂਕੈ	ਸੋਗੁ *(ਸੋਗ)*	ਸੰਤਾਪੁ *(ਸੰਤਾਪ)* ॥	ਰਹਾਉ ॥
ਸਾਰੇ	ਦੂਰ ਹੋ ਜਾਣਗੇ	ਗ਼ਮ, ਮਾਤਮ	ਦੁਖ਼, ਕਲੇਸ਼	ਠਹਿਰਾਉ

...(ਬੰਦਗੀ ਰਾਹੀਂ) ਮਨ-ਇੱਛਤ ਫਲ ਭੁੰਚ, (ਭਾਵ ਨਾਮ ਦਾ ਲਾਹਾ ਪ੍ਰਾਪਤ ਕਰ, ਫਿਰ ਜੀਵਨ ਦੇ) ਸਭ ਸੋਗ ਅਤੇ ਦੁੱਖ ਕਲੇਸ਼ ਮੁੱਕ ਜਾਣਗੇ...

ਜਿਸੁ *(ਜਿਸ)*	ਕਾਰਣਿ *(ਕਾਰਣ)*	ਤਨੁ *(ਤਨ)*	ਧਾਰਿਆ,
ਜਿਹੜੇ	ਕਾਰਨ, ਮੰਤਵ	ਸਰੀਰ	ਧਾਰਨ ਕੀਤਾ, ਪ੍ਰਾਪਤ ਕੀਤਾ

ਸੋ	ਪ੍ਰਭੁ *(ਪ੍ਰਭ)*	ਡਿਠਾ *(ਡਿੱਠਾ)*	ਨਾਲਿ *(ਨਾਲ)* ॥
ਉਹ	ਪਰਮਾਤਮਾ	ਵੇਖਿਆ	ਸੰਗ, ਸਾਥ

...(ਪ੍ਰਭੂ ਪ੍ਰਾਪਤੀ ਦੇ) ਜਿਸ ਮੰਤਵ ਲਈ ਇਹ ਸਰੀਰ ਧਾਰਿਆ ਸੀ, (ਨਾਮ-ਜਪਣ ਵਾਲੇ ਨੇ) ਉਸ ਪਰਮਾਤਮਾ ਨੂੰ (ਆਪਣੇ) ਅੰਗ-ਸੰਗ ਵੇਖ ਲਿਆ ਹੈ...

ਜਲਿ *(ਜਲ)*	ਥਲਿ *(ਥਲ)*	ਮਹੀਅਲਿ *(ਮਹੀਅਲ)*	ਪੂਰਿਆ,
ਪਾਣੀ ਵਿਚ	ਧਰਤੀ ਅੰਦਰ	ਖ਼ਲਾ, ਪੁਲਾੜ	ਵਿਆਪਤ, ਭਰਪੂਰ

ਪ੍ਰਭੁ *(ਪ੍ਰਭ)*	ਆਪਣੀ	ਨਦਰਿ *(ਨਦਰ)*	ਨਿਹਾਲਿ *(ਨਿਹਾਲ)* ॥੨॥
ਪਰਮਾਤਮਾ	ਖ਼ੁਦ ਦੀ	ਕ੍ਰਿਪਾ-ਦ੍ਰਿਸ਼ਟੀ	ਪ੍ਰਸੰਨ

ਅੰਕ ੪੮

...(ਪ੍ਰਭੂ-ਬੰਦਗੀ ਵਾਲੇ ਨੂੰ ਇਹ ਸਮਝ ਆ ਜਾਂਦੀ ਹੈ, ਕਿ ਵਾਹਿਗੁਰੂ) ਜਲ ਵਿਚ, ਧਰਤੀ ਵਿਚ, ਪੁਲਾੜ ਵਿਚ, ਭਾਵ ਹਰ ਥਾਂ ਮੌਜੂਦ ਹੈ, ਅਤੇ ਪਰਮਾਤਮਾ (ਆਪਣੀ ਸਾਰੀ ਰਚਨਾ ਨੂੰ) ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਕੇ ਨਿਹਾਲ ਹੁੰਦਾ ਹੈ...

ਮਨੁ *(ਮਨ)*	ਤਨੁ *(ਤਨ)*	ਨਿਰਮਲੁ *(ਨਿਰਮਲ)*	ਹੋਇਆ,
ਚਿੱਤ	ਸਰੀਰ	ਪਵਿੱਤਰ	ਹੋ ਗਿਆ

ਲਾਗੀ	ਸਾਚੁ *(ਸਾਚ)*	ਪਰੀਤਿ *(ਪਰੀਤ)* ॥
ਲਗ ਗਈ	ਸਦਾ-ਸਥਿਰ (ਪ੍ਰਭੂ)	ਪਿਆਰ

...(ਬੰਦਗੀ ਵਾਲਿਆਂ ਦੀ) ਸਦਾ-ਸਥਿਰ ਵਾਹਿਗੁਰੂ ਨਾਲ ਪਰੀਤ ਲਗ ਗਈ ਹੈ, (ਜਿਸ ਕਰਕੇ ਉਨ੍ਹਾਂ ਦਾ) ਮਨ ਅਤੇ ਤਨ ਪਵਿੱਤਰ ਹੋ ਗਿਆ ਹੈ...

ਚਰਣ	ਭਜੇ	ਪਾਰਬ੍ਰਹਮ	ਕੇ,
ਪੈਰ	ਧਿਆਏ, ਸਿਮਰੇ	ਵਾਹਿਗੁਰੂ	ਦੇ

ਸਭਿ *(ਸਭ)*	ਜਪ	ਤਪ	ਤਿਨ *(ਤਿਨ੍ਹ)*	ਹੀ	ਕੀਤਿ *(ਕੀਤ)* ॥੩॥
ਸਾਰਾ	ਜਾਪ	ਤਪੱਸਿਆ	ਉਨ੍ਹਾਂ ਨੇ	ਸਿਰਫ਼	ਕੀਤੀ ਹੈ

...(ਜਿਨ੍ਹਾਂ ਨੇ) ਅਕਾਲ ਪੁਰਖ ਦੇ ਚਰਨਾਂ ਦਾ ਧਿਆਨ ਧਾਰਿਆ ਹੈ, (ਭਾਵ ਪ੍ਰਭੂ-ਯਾਦ ਆਪਣੇ ਹਿਰਦੇ ਵਿਚ ਵਸਾਈ ਹੈ, ਮਾਨੋਂ) ਉਨ੍ਹਾਂ ਨੇ ਸਭ ਜੱਪ ਅਤੇ ਤੱਪ ਕਰ ਲਏ ਹਨ...

ਰਤਨ	ਜਵੇਹਰ	ਮਾਣਿਕਾ,
ਕੀਮਤੀ ਪੱਥਰ	ਕੀਮਤੀ ਪੱਥਰ	ਲਾਲ

ਅੰਮ੍ਰਿਤੁ *(ਅੰਮ੍ਰਿਤ)*	ਹਰਿ *(ਹਰ)*	ਕਾ	ਨਾਉ *(ਨਾਉਂ)* ॥
ਅਮਰ ਕਰ ਦੇਣ ਵਾਲਾ	ਪਰਮਾਤਮਾ	ਦਾ	ਨਾਮ

...(ਪ੍ਰਭੂ ਸਿਮਰਨ ਕਰਨ ਵਾਲਿਆਂ ਲਈ) ਵਾਹਿਗੁਰੂ ਦਾ ਅੰਮ੍ਰਿਤ ਨਾਮ ਹੀ ਰਤਨ, ਜਵਾਹਰ ਅਤੇ ਮਾਣਿਕ ਆਦਿ ਕੀਮਤੀ ਪੱਥਰ ਹਨ...

ਸੂਖ	ਸਹਜ *(ਸਹਿਜ)*	ਆਨੰਦ	ਰਸ,
(ਆਤਮਿਕ) ਸੁੱਖ	ਆਤਮਿਕ ਟਿਕਾਓ	ਖ਼ੁਸ਼ੀ	ਸੁਆਦ

ਜਨ	ਨਾਨਕ,	ਹਰਿ *(ਹਰ)*	ਗੁਣ	ਗਾਉ ॥੪॥੧੭॥੮੭॥
ਦਾਸ	ਨਾਨਕ (ਸਤਿਗੁਰੂ)	ਪ੍ਰਭੂ	ਚੰਗਿਆਈਆਂ	ਗਾਇਨ ਕਰ

ਅੰਕ ੪੮

...ਦਾਸ ਨਾਨਕ (ਆਖ਼ਦਾ ਹੈ, ਕਿ ਵਾਹਿਗੁਰੂ ਸਿਮਰਨ ਆਤਮਿਕ) ਸੁੱਖ, ਆਤਮਿਕ ਟਿਕਾਓ ਅਤੇ (ਰੱਬੀ) ਅਨੰਦ ਦੇਣ ਵਾਲਾ ਸੁਆਦ ਹੈ, (ਇਸ ਲਈ ਹਮੇਸ਼ਾਂ) ਪਰਮਾਤਮ ਗੁਣਾਂ ਦਾ ਗਾਇਨ ਕਰ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸੋਈ	**ਸਾਸਤੁ,** *(ਸ਼ਾਸਤ)*	**ਸਉਣੁ** *(ਸਉਣ)*	**ਸੋਇ,**
ਉਹੀ	ਧਰਮ-ਸ਼ਾਸਤ੍ਰ	ਜੋਤਿਸ਼-ਸ਼ਾਸਤ੍ਰ	ਉਹੀ

ਜਿਤੁ *(ਜਿਤ)*	**ਜਪੀਐ**	**ਹਰਿ** *(ਹਰ)*	**ਨਾਉ** *(ਨਾਉਂ)* ॥
ਜਿਸ ਰਾਹੀਂ	ਸਿਮਰੀਏ, ਅਰਾਧੀਏ	ਪਰਮਾਤਮਾ	ਨਾਮ

...(ਮੇਰੇ ਲਈ ਅਸਲ ਵਿਚ) ਉਹੀ ਧਰਮ-ਸ਼ਾਸਤ੍ਰ ਹੈ, ਅਤੇ ਉਹੀ ਜੋਤਿਸ਼-ਸ਼ਾਸਤ੍ਰ ਹੈ, ਜਿਸ ਰਾਹੀਂ ਹਰੀ ਦਾ ਨਾਮ ਸਿਮਰਨ ਕੀਤਾ ਜਾ ਸਕੇ...

ਚਰਣ	**ਕਮਲ**	**ਗੁਰਿ** *(ਗੁਰ)*	**ਧਨੁ** *(ਧਨ)*	**ਦੀਆ,**
ਪੈਰ	ਕੰਵਲ ਫੁੱਲ	ਸਤਿਗੁਰੂ	ਦੌਲਤ	ਦਿੱਤੀ

ਮਿਲਿਆ	**ਨਿਥਾਵੇ** *(ਨਿਥਾਵੇਂ)*	**ਥਾਉ** *(ਥਾਉਂ)* ॥
ਪ੍ਰਾਪਤ ਹੋਇਆ	ਜਿਸ ਦਾ ਕੋਈ ਟਿਕਾਣਾ ਨਹੀਂ	ਟਿੱਕਾਣਾ, ਥਾਂ

...ਸਤਿਗੁਰੂ ਨੇ (ਆਪਣਾ) ਚਰਨ-ਕੰਵਲ ਰੂਪੀ ਧਨ ਬਖਸ਼ ਦਿੱਤਾ ਹੈ, (ਮੈਨੂੰ) ਨਿਥਾਵੇਂ ਨੂੰ (ਤਾਂ ਸਮਝੋ) ਥਾਂ ਮਿਲ ਗਈ ਹੈ...

ਸਾਚੀ	**ਪੂੰਜੀ,**	**ਸਚੁ** *(ਸੱਚ)*	**ਸੰਜਮੋ,**
ਸਦਾ-ਸਥਿਰ	ਰਾਸ	ਸੱਤ ਸਰੂਪ	ਰਹਿਣੀ ਬਹਿਣੀ, ਜੀਵਨ ਜੁਗਤ

ਆਠ	**ਪਹਰ** *(ਪਹਿਰ)*	**ਗੁਣ**	**ਗਾਉ** *(ਗਾਉਂ)* ॥
ਅੱਠ(੮)	ਤਿੰਨ ਘੰਟੇ	ਚੰਗਿਆਈਆਂ	ਗਾਉਂਦਾ ਹਾਂ

...ਹੁਣ ਮੈਂ ਅੱਠੇ ਪਹਿਰ, (ਭਾਵ ਹਰ ਸਮੇਂ) ਵਾਹਿਗੁਰੂ ਦੇ ਗੁਣਾਂ ਦਾ ਗਾਇਨ ਕਰਦਾ ਹਾਂ, ਇਹੋ ਮੇਰੀ ਪੂੰਜੀ ਹੈ, ਅਤੇ ਇਹੀ ਜੀਵਨ ਦੀ ਰਹਿਣੀ-ਬਹਿਣੀ ਹੈ...

ਕਰਿ *(ਕਰ)*	**ਕਿਰਪਾ**	**ਪ੍ਰਭੁ** *(ਪ੍ਰਭ)*	**ਭੇਟਿਆ,**
ਕਰਕੇ	ਮਿਹਰ	ਪਰਮਾਤਮਾ	ਮਿਲ ਗਿਆ

ਅੰਕ ੪੮-੪੯

ਮਰਣੁ *(ਮਰਣ)*	ਨ *(ਨਾਂ)*	ਆਵਣੁ *(ਆਵਣ)*	ਜਾਉ ॥੧॥
ਮਰਨਾ	ਨਹੀ	ਆਉਣਾ	ਜਾਣਾ

...(ਸਤਿਗੁਰੂ ਦੀ) ਕਿਰਪਾ ਕਰਕੇ, (ਮੈਨੂੰ) ਪਰਮਾਤਮਾ ਮਿਲ ਗਿਆ ਹੈ, ਅਤੇ (ਮੇਰਾ) ਮਰਨਾ ਅਤੇ ਆਵਾਗਵਣ ਮੁੱਕ ਗਿਆ ਹੈ...

ਮੇਰੇ	ਮਨ,
ਆਪਣੇ	ਚਿੱਤ

ਹਰਿ *(ਹਰ)*	ਭਜੁ *(ਭਜ)*	ਸਦਾ	ਇਕ	ਰੰਗਿ *(ਰੰਗ)* ॥
ਪਰਮਾਤਮਾ	ਅਰਾਧ, ਸਿਮਰ	ਹਮੇਸ਼ਾਂ	ਗਿਣਤੀ ਦਾ ਇਕ	ਰੰਗ ਵਿਚ,

...ਹੇ! ਮੇਰੇ ਮਨ! ਸਦਾ ਇਕ (ਵਾਹਿਗੁਰੂ ਦੇ ਪਿਆਰ) ਰੰਗ ਵਿਚ (ਭਿੱਜ ਕੇ) ਪਰਮਾਤਮਾ ਦਾ ਸਿਮਰਨ ਕਰ।...

ਘਟ	ਘਟ	ਅੰਤਰਿ *(ਅੰਤਰ)*	ਰਵਿ *(ਰਵ)*	ਰਹਿਆ,
ਹਿਰਦੇ	ਹਿਰਦੇ	ਅੰਦਰ	ਵਸ, ਸਮਾ	ਰਿਹਾ ਹੈ

ਸਦਾ	ਸਹਾਈ	ਸੰਗਿ *(ਸੰਗ)* ॥੧॥	ਰਹਾਉ ॥
ਹਮੇਸ਼ਾਂ	ਸਹਾਇਕ	ਨਾਲ, ਸਾਥ	ਠਹਿਰਾਉ

...(ਅਕਾਲ ਪੁਰਖ) ਹਰ ਇਕ ਹਿਰਦੇ ਅੰਦਰ ਵਸ ਰਿਹਾ ਹੈ, ਅਤੇ ਸਦਾ ਅੰਗ-ਸੰਗ ਹੋਕੇ ਸਹਾਈ ਹੁੰਦਾ ਹੈ...

ਸੁਖਾ *(ਸੁੱਖਾਂ)*	ਕੀ	ਮਿਤਿ *(ਮਿਤ)*	ਕਿਆ	ਗਣੀ,
ਅਨੰਦ, ਖੁਸ਼ੀਆਂ	ਦੀ	ਮਿਣਤੀ, ਅੰਦਾਜ਼ਾ	ਕੀ	ਗਿਣਾਂ

ਜਾ *(ਜਾਂ)*	ਸਿਮਰੀ *(ਸਿਮਰੀਂ)*	ਗੋਵਿੰਦੁ *(ਗੋਵਿੰਦ)* ॥
ਜਦੋਂ	ਸਿਮਰਿਆ, ਅਰਾਧਿਆ	ਧਰਤੀ ਦਾ ਪਾਲਕ, ਪਰਮਾਤਮਾ

...ਜਦੋਂ ਮੈਂ ਅਕਾਲ ਪੁਰਖ ਦਾ ਸਿਮਰਨ ਕਰਦਾ ਹਾਂ, ਤਾਂ (ਇਤਨੀਆਂ) ਖੁਸ਼ੀਆਂ ਖੇੜੇ (ਪ੍ਰਭੂ ਵਲੋਂ ਬਖਸ਼ਿਸ਼ ਹੁੰਦੇ ਹਨ, ਕਿ ਮੈਂ) ਉਨ੍ਹਾਂ ਦੀ ਗਿਣਤੀ ਕਿਵੇਂ ਕਰਾਂ? (ਭਾਵ ਮੈਂ ਉਨ੍ਹਾਂ ਦਾ ਅੰਦਾਜ਼ਾਂ ਨਹੀਂ ਲਗਾ ਸਕਦਾ)...

ਜਿਨ *(ਜਿਨ੍ਹ)*	ਚਾਖਿਆ,	ਸੇ	ਤ੍ਰਿਪਤਾਸਿਆ,
ਜਿਸਨੇ	ਚੱਖਿਆ, ਸੁਆਦ ਲਿਆ	ਉਹ	ਤ੍ਰਿਪਤ ਹੋ ਗਿਆ

ਓਹ	ਰਸੁ *(ਰਸ)*	ਜਾਣੈ	ਜਿੰਦੁ *(ਜਿੰਦ)* ॥
ਓਹ,ਅਨਯ ਪੁਰਖ	ਸੁਆਦ, ਅਨੰਦ	ਜਾਣਦੀ, ਅਨੁਭਵ ਕਰਦੀ	ਜਾਨ, ਜਿੰਦੜੀ

ਅੰਕ ੪੯

...(ਪ੍ਰਭੂ ਸਿਮਰਨ ਦਾ) ਅਨੰਦ ਉਹੀ ਜਿੰਦ ਅਨੁਭਵ ਕਰਦੀ ਹੈ, ਅਤੇ ਤ੍ਰਿਪਤ ਹੋ ਜਾਂਦੀ ਹੈ, ਜਿਸਨੇ ਇਸ ਨੂੰ ਚੱਖਿਆ ਹੈ, ਇਸ ਦਾ ਸੁਆਦ ਮਾਣਿਆ ਹੈ...

ਸੰਤਾ *(ਸੰਤਾਂ)*	**ਸੰਗਤਿ** *(ਸੰਗਤ)*	**ਮਨਿ** *(ਮਨ)*	**ਵਸੈ,**
ਸਾਧੂਆਂ, ਸੱਚਿਆਰ ਪੁਰਸ਼ਾਂ	ਸੰਗਤ ਵਿਚ	ਚਿੱਤ ਵਿਚ	ਵੱਸ ਜਾਂਦਾ ਹੈ

ਪ੍ਰਭੁ *(ਪ੍ਰਭ)*	**ਪ੍ਰੀਤਮੁ** *(ਪ੍ਰੀਤਮ)*	**ਬਖਸਿੰਦੁ** *(ਬਖਸ਼ਿੰਦ)* ॥
ਪਰਮਾਤਮਾ	ਪਿਆਰਾ, ਵਾਹਿਗੁਰੂ	ਬਖਸ਼ਣਹਾਰ

...ਬਖਸ਼ਣਹਾਰ, ਪ੍ਰਭੂ ਪ੍ਰੀਤਮ, ਸਾਧ-ਸੰਗਤ ਦੁਆਰਾ ਚਿੱਤ ਵਿਚ ਵਸ ਜਾਂਦਾ ਹੈ...

ਜਿਨਿ *(ਜਿਨ੍ਹ)*	**ਸੇਵਿਆ**	**ਪ੍ਰਭੁ** *(ਪ੍ਰਭ)*	**ਆਪਣਾ,**
ਜਿਸਨੇ	ਸਿਮਰਿਆ, ਅਰਾਧਿਆ	ਪਰਮਾਤਮਾ	ਖ਼ੁਦ ਦਾ

ਸੋਈ	**ਰਾਜ**	**ਨਰਿੰਦੁ** *(ਨਰਿੰਦ)* ॥੨॥
ਉਹੀ	ਰਾਜਾ	ਨਰਾਂ ਦਾ ਇੰਦ, ਰਾਜਾ

...ਜਿਸਨੇ ਆਪਣੇ ਵਾਹਿਗੁਰੂ ਨੂੰ ਅਰਾਧਿਆ ਹੈ, ਉਸਦੀ ਬੰਦਗੀ ਕੀਤੀ ਹੈ, ਉਹੀ ਰਾਜਿਆਂ ਦਾ ਰਾਜਾ ਹੈ...

ਅਉਸਰਿ, *(ਅਉਸਰ)*	**ਹਰਿ** *(ਹਰ)*	**ਜਸੁ,** *(ਜੱਸ)*	**ਗੁਣ**	**ਰਮਣ**	**ਜਿਤੁ,** *(ਜਿਤ)*
ਸਮੇਂ ਵਿਚ	ਪ੍ਰਭੂ	ਸ਼ੋਭਾ, ਵਡਿਆਈ	ਚੰਗਿਆਈਆਂ	ਸਿਮਰਨ	ਜਦੋਂ

ਕੋਟਿ *(ਕੋਟ)*	**ਮਜਨ**	**ਇਸਨਾਨੁ** *(ਇਸ਼ਨਾਨ)* ॥
ਕਰੋੜਾਂ	ਟੁੱਭੀ ਲਾਉਣੀ	ਨ੍ਹਾਉਣਾ

...ਜਿਹੜੇ ਸਮੇਂ ਵਿਚ ਪਰਮਾਤਮਾ ਦੀ ਵਡਿਆਈ ਅਤੇ ਗੁਣ ਸਿਮਰੇ ਜਾਣ, (ਸਮਝੋ ਉਸ ਵੇਲੇ) ਕਰੋੜਾਂ (ਤੀਰਥਾਂ ਦੇ) ਇਸ਼ਨਾਨਾਂ ਦਾ ਇਸ਼ਨਾਨ ਹੋ ਗਿਆ...

ਰਸਨਾ	**ਉਚਰੈ**	**ਗੁਣਵਤੀ,**
ਜੀਭਾ	ਉਚਾਰਦੀ ਹੈ	ਗੁਣਵੰਤੀ, ਗੁਣਾਂ ਵਾਲੀ, ਗੁਣਮਈ

ਕੋਇ	**ਨ** *(ਨਾਂ)*	**ਪੁਜੈ**	**ਦਾਨੁ** *(ਦਾਨ)* ॥
ਕੋਈ ਵੀ	ਨਹੀਂ	ਪੁੱਜਦਾ	ਖ਼ੈਰਾਤ, ਪੁੰਨ ਰੂਪ ਵਿਚ ਦਿੱਤੀ ਵਸਤੂ

...ਜੋ ਰਸਨਾ ਪ੍ਰਭੂ ਦਾ ਗੁਣ ਗਾਇਨ ਕਰਦੀ ਹੈ, ਉਹ ਗੁਣਵੰਤੀ ਹੈ, ਹੋਰ ਕੋਈ ਵੀ ਦਾਨ-ਪੁੰਨ ਇਸ ਨੂੰ ਨਹੀਂ ਪੁੱਜ ਸਕਦਾ (ਭਾਵ ਇਸ ਗਲ ਦੀ ਬਰਾਬਰੀ ਨਹੀਂ ਕਰ ਸਕਦਾ)...

ਅੰਕ ੪੯

ਦ੍ਰਿਸਟਿ *(ਦ੍ਰਿਸ਼ਟ)*	ਧਾਰਿ, *(ਧਾਰ)*	ਮਨਿ *(ਮਨ)*	ਤਨਿ *(ਤਨ)*	ਵਸੈ,
(ਕ੍ਰਿਪਾ) ਦ੍ਰਿਸ਼ਟੀ	ਧਾਰਕੇ, ਕਰਕੇ	ਚਿੱਤ ਵਿਚ	ਤਨ ਵਿਚ	ਵੱਸ ਜਾਂਦਾ ਹੈ

ਦਇਆਲ	ਪੁਰਖੁ *(ਪੁਰਖ)*	ਮਿਹਰਵਾਨੁ *(ਮਿਹਰਵਾਨ)* ॥
ਦਿਆਲੂ, ਕ੍ਰਿਪਾਲੂ	ਪੁਰਸ਼, ਪਰਮਾਤਮਾ	ਦਇਆਵਾਨ

...ਕ੍ਰਿਪਾ ਦੀ ਦ੍ਰਿਸ਼ਟੀ ਧਾਰ ਕੇ ਦਿਆਲੂ ਅਤੇ ਮਿਹਰਵਾਨ ਪਰਮਾਤਮਾ, ਮਨ ਅਤੇ ਤਨ ਵਿਚ ਵੱਸ ਜਾਂਦਾ ਹੈ...

ਜੀਉ	ਪਿੰਡੁ *(ਪਿੰਡ)*	ਧਨੁ *(ਧਨ)*	ਤਿਸ	ਦਾ,
ਜਿੰਦ	ਸਰੀਰ	ਦੌਲਤ	ਉਸੇ	ਕਾ

ਹਉ *(ਹਉਂ)*	ਸਦਾ	ਸਦਾ	ਕੁਰਬਾਨੁ *(ਕੁਰਬਾਨ)* ॥੩॥
ਮੈਂ	ਹਮੇਸ਼ਾਂ	ਹਮੇਸ਼ਾਂ	ਸਦਕੇ, ਬਲਿਹਾਰ

...ਇਹ ਜਿੰਦ, ਸਰੀਰ ਅਤੇ ਦੌਲਤ (ਸਭ ਕੁਝ) ਉਸ (ਪਰਮਾਤਮਾ) ਦਾ ਹੀ ਹੈ, ਮੈਂ ਸਦ-ਸਦਾ ਉਸ ਤੋਂ ਬਲਿਹਾਰ ਜਾਂਦਾ ਹਾਂ...

ਮਿਲਿਆ	ਕਦੇ	ਨ *(ਨਾਂ)*	ਵਿਛੁੜੈ,
ਜੁੜਿਆ	ਕਦੀ ਵੀ	ਨਹੀਂ	ਵੱਖ ਹੁੰਦਾ, ਨਿੱਖੜਦਾ

ਜੋ	ਮੇਲਿਆ	ਕਰਤਾਰਿ *(ਕਰਤਾਰ)* ॥
ਜਿਸ ਨੂੰ	ਮੇਲ ਲਿਆ, ਜੋੜ ਲਿਆ	ਕਰਤਾ ਪੁਰਖ ਨੇ

...ਜਿਸ ਨੂੰ ਕਰਤਾ ਪੁਰਖ ਨੇ (ਆਪਣੇ ਨਾਲ) ਮੇਲ ਲਿਆ ਹੈ, (ਉਹ ਫਿਰ) ਮਿਲਿਆ ਹੋਇਆ, ਕਦੇ ਨਹੀਂ ਨਿਖੜਦਾ...

ਦਾਸਾ *(ਦਾਸਾਂ)*	ਕੇ	ਬੰਧਨ	ਕਟਿਆ,
ਸੇਵਕਾਂ	ਦੇ	ਜੰਜਾਲ	ਕੱਟ ਦਿੱਤੇ ਹਨ

ਸਾਚੈ	ਸਿਰਜਣਹਾਰਿ *(ਸਿਰਜਣਹਾਰ)* ॥
ਸਦਾ ਸਥਿਰ	ਸਿਰਜਣ ਵਾਲੇ, ਵਾਹਿਗੁਰੂ

...ਸਦਾ ਸਥਿਰ ਸਿਰਜਣਹਾਰ (ਵਾਹਿਗੁਰੂ) ਨੇ ਸੇਵਕਾਂ ਦੇ (ਹਰ ਤਰ੍ਹਾ ਦੇ) ਬੰਧਨ ਕੱਟ ਦਿੱਤੇ ਹਨ...

ਭੂਲਾ	ਮਾਰਗਿ *(ਮਾਰਗ)*	ਪਾਇਓਨੁ, *(ਪਾਇਓਨ)*
ਭੁਲਿਆ ਹੋਇਆ	ਰਾਹ ਤੇ	ਪਾ ਦਿੱਤਾ ਹੈ

ਅੰਕ ੪੯

ਗੁਣ	ਅਵਗੁਣ	ਨ *(ਨਾਂ)*	ਬੀਚਾਰਿ *(ਬੀਚਾਰ)* ॥
ਚੰਗਿਆਈਆਂ	ਬੁਰਿਆਈਆਂ	ਨਹੀਂ	ਵਿਚਾਰ ਕੇ

...(ਅਤੇ ਅਕਾਲ ਪੁਰਖ ਨੇ) ਚੰਗਿਆਈਆਂ, ਬੁਰਿਆਈਆਂ ਦਾ ਵਿਚਾਰ ਨਾ ਕਰਦਿਆਂ ਹੋਇਆਂ, ਭੁਲਿਆਂ ਹੋਇਆਂ ਨੂੰ (ਆਪ ਹੀ ਪਰਮਾਤਮ) ਮਾਰਗ ਤੇ ਪਾ ਦਿੱਤਾ ਹੈ...

ਨਾਨਕ,	ਤਿਸੁ *(ਤਿਸ)*	ਸਰਣਾਗਤੀ, *(ਸ਼ਰਣਾਗਤੀ)*
ਹੇ ! ਨਾਨਕ	ਉਸ ਦੀ	ਸ਼ਰਣ ਵਿਚ, ਪਨਾਹ ਵਿਚ

ਜਿ *(ਜੇ)*	ਸਗਲ	ਘਟਾ *(ਘਟਾਂ)*	ਆਧਾਰੁ *(ਅਧਾਰ)* ॥੪॥੧੮॥੮੮॥
ਜੋ	ਸਾਰੇ	ਦਿਲਾਂ	ਆਸਰਾ, ਓਟ

...ਹੇ! ਨਾਨਕ! (ਮੈਂ) ਉਸ (ਵਾਹਿਗੁਰੂ) ਦੀ ਸ਼ਰਣ ਵਿਚ ਆਇਆ ਹਾਂ, ਜੋ ਸਾਰੇ (ਜੀਵਾਂ ਦੇ) ਦਿਲਾਂ ਦਾ ਓਟ ਆਸਰਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਰਸਨਾ	ਸਚਾ *(ਸੱਚਾ)*	ਸਿਮਰੀਐ,
ਜੀਭਾ	ਸਦਾ ਸਥਿਰ(ਪ੍ਰਭੂ)	ਜਪੀਏ, ਅਰਾਧੀਏ

ਮਨੁ *(ਮਨ)*	ਤਨੁ *(ਤਨ)*	ਨਿਰਮਲੁ *(ਨਿਰਮਲ)*	ਹੋਇ॥
ਚਿੱਤ	ਸਰੀਰ	ਪਵਿੱਤਰ	ਹੋ ਜਾਂਦੇ

...ਰਸਨਾ ਨਾਲ ਸਦਾ ਸਥਿਰ (ਅਕਾਲ ਪੁਰਖ) ਨੂੰ ਸਿਮਰੀਏ, ਜਿਸ ਨਾਲ ਮਨ ਅਤੇ ਤਨ ਪਵਿੱਤਰ ਹੋ ਜਾਂਦੇ ਹਨ...

ਮਾਤ	ਪਿਤਾ	ਸਾਕ	ਅਗਲੇ,
ਮਾਂ	ਪਿਓ	ਰਿਸ਼ਤੇਦਾਰ	ਬਹੁਤੇ

ਤਿਸੁ *(ਤਿਸ)*	ਬਿਨੁ *(ਬਿਨ)*	ਅਵਰੁ *(ਅਵਰ)*	ਨ *(ਨਾਂ)*	ਕੋਇ॥
ਉਸ (ਪ੍ਰਭੂ)	ਬਿਨਾਂ	ਹੋਰ	ਨਹੀਂ	ਕੋਈ

...(ਦੁਨੀਆਂ ਵਿਚ) ਮਾਂ, ਪਿਓ ਅਤੇ ਹੋਰ ਬਹੁਤ ਸਾਕ-ਸੰਬੰਧੀ ਹੁੰਦੇ ਹਨ, (ਪਰ) ਉਸ (ਵਾਹਿਗੁਰੂ) ਬਿਨਾਂ ਹੋਰ ਕੋਈ ਵੀ (ਅਸਲ ਰਿਸ਼ਤੇਦਾਰ) ਨਹੀਂ ਹੁੰਦਾ...

ਅੰਕ ੪੯

ਮਿਹਰ	ਕਰੇ	ਜੇ	ਆਪਣੀ,
ਕ੍ਰਿਪਾ	ਕਰ ਦੇਵੇ	ਜੇਕਰ	ਖ਼ੁਦ ਦੀ

ਚਸਾ	ਨ *(ਨਾਂ)*	ਵਿਸਰੈ	ਸੋਇ॥੧॥
ਜ਼ਰਾ ਕੁ ਵੀ, ਰੱਤੀ ਭਰ	ਨਹੀਂ	ਵਿਸਰਦਾ, ਭੁਲਦਾ	ਉਹ

...ਜੇ (ਅਕਾਲ ਪੁਰਖ ਸਾਡੇ ਤੇ) ਆਪਣੀ ਕਿਰਪਾ ਕਰ ਦੇਵੇ, ਤਾਂ ਉਹ (ਸਾਡੇ ਹਿਰਦੇ ਵਿਚੋਂ) ਛਿਨ ਭਰ ਲਈ ਵੀ ਨਹੀਂ ਵਿਸਰਦਾ...

ਮਨ	ਮੇਰੇ,	ਸਾਚਾ	ਸੇਵਿ *(ਸੇਵ)*	ਜਿਚਰੁ *(ਜਿੱਚਰ)*	ਸਾਸੁ *(ਸਾਸ)* ॥
ਚਿੱਤ	ਆਪਣੇ	ਸਦਾ-ਸਥਿਰ (ਪ੍ਰਭੂ)	ਸਿਮਰ	ਜਦੋਂ ਤਕ	ਸਾਹ

...ਹੇ! ਮੇਰੇ ਮਨਾ! (ਜਦੋਂ ਤਕ ਦੇਹੀ ਵਿਚ) ਸੁਆਸ (ਚਲਦੇ ਹਨ), ਸਦਾ-ਸਥਿਰ ਵਾਹਿਗੁਰੂ ਦਾ ਸਿਮਰਨ ਕਰ...

ਬਿਨੁ *(ਬਿਨ)*	ਸਚੇ, *(ਸੱਚੇ)*	ਸਭ	ਕੂੜੁ *(ਕੂੜ)*	ਹੈ,
ਬਿਨਾਂ	ਸਦਾ ਸਥਿਰ(ਪ੍ਰਭੂ)	ਸਾਰਾ	ਝੂਠ	ਹੋਣ ਦੀ ਕ੍ਰਿਆ

ਅੰਤੇ	ਹੋਇ	ਬਿਨਾਸੁ *(ਬਿਨਾਸ)*	॥੧॥	ਰਹਾਉ ॥
ਆਖਰ ਨੂੰ	ਹੋ ਜਾਏਗਾ	ਵਿਨਾਸ਼		ਠਹਿਰਾਉ

...ਸਦਾ-ਸਥਿਰ ਵਾਹਿਗੁਰੂ ਤੋਂ ਬਿਨਾਂ (ਸੰਸਾਰ ਦਾ ਸਭ ਮਾਇਆਵੀ ਪਰਪੰਚ) ਝੂਠ ਹੈ, ਅਤੇ ਆਖ਼ਰ ਨੂੰ ਸਭ ਕੁਝ ਬਿਨਸ ਜਾਏਗਾ...

ਸਾਹਿਬੁ *(ਸਾਹਿਬ)*	ਮੇਰਾ	ਨਿਰਮਲਾ,
ਪਰਮਾਤਮਾ	ਆਪਣਾ	ਪਵਿੱਤਰ

ਤਿਸੁ *(ਤਿਸ)*	ਬਿਨੁ *(ਬਿਨ)*	ਰਹਣੁ *(ਰਹਿਣ)*	ਨ *(ਨਾਂ)*	ਜਾਇ॥
ਉਸ	ਬਿਨਾਂ	ਰਿਹਾ	ਨਹੀਂ	ਜਾਂਦਾ

...ਮੇਰਾ ਅਕਾਲ ਪੁਰਖ (ਪਰਮ) ਪਵਿੱਤਰ ਹੈ, (ਮੈਂ) ਉਸ ਤੋਂ ਬਿਨਾਂ (ਜੀਵਤ) ਨਹੀਂ ਰਹਿ ਸਕਦਾ...

ਮੇਰੈ	ਮਨਿ *(ਮਨ)*	ਤਨਿ *(ਤਨ)*	ਭੁਖ *(ਭੁੱਖ)*	ਅਤਿ *(ਅੱਤ)*	ਅਗਲੀ,
ਆਪਣੇ	ਮਨ ਵਿਚ	ਤਨ ਵਿਚ	(ਪ੍ਰਭੂ ਮਿਲਾਪ ਦੀ)ਇੱਛਾ	ਅਤਿਅੰਤ	ਬਹੁਤ

ਅੰਕ ੪੯

ਕੋਈ	ਆਣਿ *(ਆਣ)*	ਮਿਲਾਵੈ	ਮਾਇ॥
ਕੋਈ ਇਕ	ਆਣ ਕੇ	ਮਿਲਾ ਦੇਵੇ	ਮਾਂ

...ਹੇ! ਮੇਰੀ ਮਾਂ! ਮੇਰੇ ਮਨ ਅਤੇ ਤਨ ਵਿਚ ਪ੍ਰਭੂ ਮਿਲਾਪ ਦੀ ਬਹੁਤ ਜ਼ਿਆਦਾ ਭੁੱਖ ਲਗੀ ਹੋਈ ਹੈ, ਮੈਨੂੰ ਕੋਈ ਆਣਕੇ (ਉਸ ਨੂੰ ਮਿਲਾ ਦੇਵੇ)...

ਚਾਰੇ	ਕੁੰਡਾ *(ਕੁੰਡਾਂ)*	ਭਾਲੀਆ, *(ਭਾਲੀਆਂ)*
ਚਾਰ,ਚੌਂਹ	ਦਿਸ਼ਾਵਾਂ	ਲੱਭੀਆਂ

ਸਹ *(ਸ਼ਹੁ)*	ਬਿਨੁ *(ਬਿਨ)*	ਅਵਰੁ *(ਅਵਰ)*	ਨ *(ਨਾਂ)*	ਜਾਇ॥੨॥
ਪਤੀ, ਕੰਤ	ਬਿਨਾਂ	ਹੋਰ	ਨਹੀਂ	ਥਾਂ, ਟਿਕਾਣਾ

...(ਮੈਂ) ਚਾਰੇ ਦਿਸ਼ਾਵਾਂ ਢੂੰਡ ਲਈਆਂ ਹਨ, (ਪਰ ਪ੍ਰਭੂ) ਕੰਤ ਤੋਂ ਬਿਨਾਂ ਹੋਰ ਕੋਈ ਟਿਕਾਣਾ ਨਹੀਂ (ਮਿਲਿਆ)...

ਤਿਸੁ *(ਤਿਸ)*	ਆਗੈ	ਅਰਦਾਸਿ *(ਅਰਦਾਸ)*	ਕਰਿ, *(ਕਰ)*
ਉਸ	ਅੱਗੇ, ਸਾਹਮਣੇ	ਬੇਨਤੀ, ਜੋਦੜੀ	ਕਰੋ

ਜੋ	ਮੇਲੇ	ਕਰਤਾਰੁ *(ਕਰਤਾਰ)* ॥
ਜਿਹੜਾ	ਮੇਲ ਦਿੰਦਾ	ਕਰਤਾ ਪੁਰਖ

...(ਹੇ! ਮਨਾ! ਫਿਰ) ਉਸ (ਸਤਿਗੁਰੂ) ਅੱਗੇ ਜੋਦੜੀਆਂ ਕਰ, ਜਿਹੜਾ ਕਰਤਾ ਪੁਰਖ ਨਾਲ ਮੇਲ ਦਿੰਦਾ ਹੈ...

ਸਤਿਗੁਰੁ *(ਸਤਗੁਰ)*	ਦਾਤਾ	ਨਾਮ	ਕਾ,
ਸੱਤ ਸਰੂਪ ਗੁਰੂ	ਦੇਣਹਾਰ	(ਪ੍ਰਭੂ) ਨਾਮ	ਦਾ

ਪੂਰਾ	ਜਿਸੁ *(ਜਿਸ)*	ਭੰਡਾਰੁ *(ਭੰਡਾਰ)* ॥
ਪੂਰਨ	ਜਿਸ ਦਾ	ਖ਼ਜ਼ਾਨਾ

...ਸਤਿਗੁਰੂ (ਵਾਹਿਗੁਰੂ) ਨਾਮ ਦੀਆਂ ਦਾਤਾਂ ਬਖਸ਼ਣਹਾਰ ਹੈ, ਉਸਦਾ ਭੰਡਾਰਾ (ਸਦਾ) ਭਰਪੂਰ (ਰਹਿੰਦਾ) ਹੈ...

ਸਦਾ	ਸਦਾ	ਸਾਲਾਹੀਐ,
ਹਮੇਸ਼ਾਂ	ਹਮੇਸ਼ਾਂ	ਸਿਫ਼ਤ ਕਰੀਏ

ਅੰਕ ੪੯

ਅੰਤੁ *(ਅੰਤ)*	ਨ *(ਨਾਂ)*	ਪਾਰਾਵਾਰੁ *(ਪਾਰਾਵਾਰ)* ॥੩॥
ਅਖ਼ੀਰ	ਨਹੀਂ	ਹੱਦ ਬੰਨਾਂ

...(ਪਰਮਾਤਮਾ ਦੀ) ਸਦ-ਸਦਾ ਸਿਫ਼ਤ ਸਲਾਹ ਕਰੀਏ, ਜਿਸ ਦਾ ਕੋਈ ਅੰਤ ਨਹੀਂ ਅਤੇ ਨਾ ਹੀ ਕੋਈ ਹੱਦ ਬੰਨਾਂ ਹੈ...

ਪਰਵਦਗਾਰੁ *(ਪਰਵਦਗਾਰ)*	ਸਾਲਾਹੀਐ,
ਪਾਲਣਹਾਰ	ਸਿਫ਼ਤ ਕਰੀਏ

ਜਿਸ	ਦੇ	ਚਲਤ	ਅਨੇਕ ॥
ਜਿਹੜੇ	ਕੇ	ਕੌਤਕ, ਚਰਿੱਤ੍ਰ	ਬੇਅੰਤ

...(ਉਸ) ਪਾਲਣਹਾਰ ਦੀ ਸਿਫ਼ਤ ਸਲਾਹ ਕਰੀਏ, ਜਿਸ ਦੇ (ਸ੍ਰਿਸ਼ਟੀ ਵਿਚ) ਬੇਅੰਤ ਕੌਤਕ ਹਨ...

ਸਦਾ	ਸਦਾ	ਆਰਾਧੀਐ,
ਹਮੇਸ਼ਾਂ	ਹਮੇਸ਼ਾਂ	ਸਿਮਰੀਏ, ਧਿਆਈਏ

ਏਹਾ	ਮਤਿ *(ਮੱਤ)*	ਵਿਸੇਖ *(ਵਿਸ਼ੇਖ)* ॥
ਇਹੋ	ਸੋਚ,ਅਕਲ	ਵਿਸ਼ੇਸ਼, ਸ੍ਰੇਸ਼ਟ

...ਇਹੀ ਉੱਤਮ ਸੋਚ ਹੈ, ਕਿ ਸਦ-ਸਦਾ (ਅਕਾਲ ਪੁਰਖ ਨੂੰ) ਸਿਮਰੀਏ...

ਮਨਿ *(ਮਨ)*	ਤਨਿ *(ਤਨ)*	ਮਿਠਾ	ਤਿਸੁ *(ਤਿਸ)*	ਲਗੈ,
ਚਿੱਤ ਵਿਚ	ਸਰੀਰ ਵਿਚ	ਅਨੰਦਦਾਇਕ	ਉਸ	ਲਗਦਾ ਹੈ

ਜਿਸੁ *(ਜਿਸ)*	ਮਸਤਕਿ, *(ਮਸਤਕ)*	ਨਾਨਕ,	ਲੇਖ ॥੪॥੧੯॥੮੯॥
ਜਿਸ ਦੇ	ਮੱਥੇ ਤੇ	ਹੇ! ਨਾਨਕ!	(ਭਾਗਾਂ ਦੀ) ਲਿਖਤ

...ਹੇ! ਨਾਨਕ! ਜਿਸ ਦੇ ਮਸਤਕ ਤੇ (ਰੱਬ ਵਲੋਂ ਹੀ ਭਾਗਾਂ ਵਿਚ) ਲੇਖ (ਲਿਖੇ) ਹੁੰਦੇ ਹਨ, ਉਸੇ ਨੂੰ ਹੀ ਮਨ ਅਤੇ ਤਨ ਵਿਚ (ਵਾਹਿਗੁਰੂ ਦਾ ਸਿਮਰਨ) ਅਨੰਦਦਾਇਕ ਲਗਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸੰਤ	ਜਨਹੁ *(ਜਨਹੁੰ)*	ਮਿਲਿ *(ਮਿਲ)*	ਭਾਈ	ਹੋ,
ਸਾਧੂ	ਪੁਰਸ਼ਾਂ	ਮਿਲ ਕੇ	ਭਰਾਵੋ	ਹੇ!

ਅੰਕ ੪੯

ਸਚ(*ਸੱਚ*)	**ਨਾਮੁ**(*ਨਾਮ*)	**ਸਮਾਲਿ**(*ਸੰਮ੍ਹਾਲ*) ॥	
ਸਦਾ ਸਥਿਰ	(ਪ੍ਰਭੂ) ਨਾਮ	ਚੇਤੇ ਰੱਖ, ਸਿਮਰ	

...ਹੇ! ਭਰਾਵੋ! ਸਾਧ-ਪੁਰਸ਼ਾਂ ਨਾਲ ਰਲਕੇ, ਸਦਾ-ਸਥਿਰ (ਵਾਹਿਗੁਰੂ) ਦੇ ਨਾਮ ਨੂੰ ਸਿਮਰੋ...

ਤੋਸਾ	**ਬੰਧਹੁ**	**ਜੀਅ**	**ਕਾ,**
ਸਫ਼ਰ ਖਰਚਾ	ਬੰਨ੍ਹੋ	ਜਿੰਦ	ਦਾ
ਐਥੈ	**ਓਥੈ**	**ਨਾਲਿ**(*ਨਾਲ*) ॥	
ਇਹ ਲੋਕ	ਪਰਲੋਕ	ਸਾਥ, ਸੰਗ	

...(ਆਪਣੀ) ਜੀਵਨ ਯਾਤਰਾ ਲਈ (ਸਿਮਰਨ ਰੂਪੀ) ਸਫ਼ਰ ਖ਼ਰਚ ਬੰਨ ਲਵੋਂ, ਜਿਹੜਾ ਲੋਕ ਪਰਲੋਕ ਵਿਚ (ਸਹਾਈ ਹੋਵੇਗਾ)...

ਗੁਰ	**ਪੂਰੇ**	**ਤੇ**	**ਪਾਈਐ,**
ਸਤਿਗੁਰੂ	ਪੂਰਨ	ਤੋਂ, ਪਾਸੋਂ	ਪ੍ਰਾਪਤ ਕਰੀਏ
ਅਪਣੀ	**ਨਦਰਿ**(*ਨਦਰ*)	**ਨਿਹਾਲਿ**(*ਨਿਹਾਲ*) ॥	
ਖ਼ੁਦ ਦੀ	ਕ੍ਰਿਪਾ, ਮਿਹਰ	ਨਿਹਾਲੇ, ਵੇਖੇ	

...(ਪਰ ਜਦੋਂ) ਅਕਾਲ ਪੁਰਖ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖੇ, ਤਾਂ ਪੂਰਨ ਸਤਿਗੁਰੂ ਪਾਸੋਂ (ਨਾਮ-ਤੋਸਾ) ਪ੍ਰਾਪਤ ਹੁੰਦਾ ਹੈ...

ਕਰਮਿ(*ਕਰਮ*)	**ਪਰਾਪਤਿ**(*ਪਰਾਪਤ*)	**ਤਿਸੁ**(*ਤਿਸ*)	**ਹੋਵੈ,**
ਬਖਸ਼ਿਸ਼	ਮਿਲਦਾ	ਉਸ ਨੂੰ	ਹੁੰਦੀ ਹੈ
ਜਿਸ	**ਨੋ**	**ਹੋਇ**	**ਦਇਆਲੁ**(*ਦਇਆਲ*) ॥੧॥
ਜਿਹੜੇ	ਨੂੰ	ਹੋ ਜਾਵੇ	ਮਿਹਰਵਾਨ

...(ਹਾਂ) ਜਿਸ ਉਤੇ (ਸਾਹਿਬ) ਮਿਹਰਵਾਨ ਹੋ ਜਾਵੇ, ਉਸ ਨੂੰ ਬਖਸ਼ਿਸ਼ ਰਾਹੀਂ (ਹੀ ਪ੍ਰਭੂ-ਨਾਮ) ਪ੍ਰਾਪਤ ਹੋ ਜਾਂਦਾ ਹੈ...

ਮੇਰੇ	**ਮਨ,**
ਆਪਣੇ	ਚਿੱਤ

ਅੰਕ ੪੯

ਗੁਰ	ਜੇਵਡੁ,(ਜੇਵਡ)	ਅਵਰੁ(ਅਵਰ)	ਨ(ਨਾਂ)	ਕੋਇ॥
ਸਤਿਗੁਰੂ	ਜਿੱਡਾ	ਹੋਰ	ਨਹੀਂ	ਕੋਈ

...ਹੇ! ਮੇਰੇ ਮਨਾ! ਸਤਿਗੁਰੂ ਜਿੱਡਾ (ਭਾਵ ਬਰਾਬਰ) ਹੋਰ ਕੋਈ ਨਹੀਂ...

ਦੂਜਾ	ਥਾਉ,(ਥਾਉਂ)	ਨ(ਨਾਂ)	ਕੋ	ਸੁਝੈ, (ਸੁੱਝੈ)
ਦੂਸਰਾ	ਥਾਂ, ਅਸਥਾਨ	ਨਹੀਂ	ਕੋਈ	ਸੁੱਝਦਾ, ਦਿਸਦਾ

ਗੁਰ	ਮੇਲੇ	ਸਚੁ(ਸੱਚ)	ਸੋਇ॥੧॥	ਰਹਾਉ ॥
ਸਤਿਗੁਰੂ	ਮੇਲਦਾ, ਜੋੜਦਾ	ਸਦਾ ਸਥਿਰ	ਉਸ	ਠਹਿਰਾਉ

...(ਮੈਨੂੰ ਸਤਿਗੁਰੂ ਤੋਂ ਬਿਨਾਂ) ਦੂਸਰਾ ਕੋਈ ਥਾਂ ਨਹੀਂ ਸੁੱਝਦਾ, (ਕੇਵਲ) ਸਤਿਗੁਰੂ ਹੀ ਉਸ ਸਦਾ ਸਥਿਰ (ਵਾਹਿਗੁਰੂ ਨਾਲ) ਮੇਲੇ ਕਰਵਾਉਂਦਾ ਹੈ...

ਸਗਲ	ਪਦਾਰਥ	ਤਿਸੁ(ਤਿਸ)	ਮਿਲੇ,
ਸਾਰੇ	ਵਸਤੂਆਂ	ਉਸ ਨੂੰ	ਮਿਲਦੀਆਂ ਹਨ

ਜਿਨਿ(ਜਿਨ੍ਹ)	ਗੁਰੁ(ਗੁਰ)	ਡਿਠਾ(ਡਿੱਠਾ)	ਜਾਇ॥
ਜਿਨ੍ਹਾਂ ਨੇ	ਸਤਿਗੁਰੂ	ਵੇਖਿਆ	ਜਾਕੇ

...ਸਭੇ ਵਸਤੂਆਂ ਉਸ ਨੂੰ ਹੀ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਨੇ ਜਾਕੇ ਸਤਿਗੁਰੂ ਦੇ ਦਰਸ਼ਨ-ਦੀਦਾਰ ਕੀਤੇ ਹਨ...

ਗੁਰ	ਚਰਣੀ	ਜਿਨ(ਜਿਨ੍ਹ)	ਮਨੁ(ਮਨ)	ਲਗਾ,(ਲੱਗਾ)
ਸਤਿਗੁਰੂ	ਚਰਨਾਂ ਨਾਲ	ਜਿਸ ਦਾ	ਚਿੱਤ	ਲੱਗ ਗਿਆ, ਜੁੜ ਗਿਆ

ਸੇ	ਵਡਭਾਗੀ	ਮਾਇ॥
ਉਹੋ	ਵੱਡਿਆਂ ਭਾਗਾਂ ਵਾਲੇ	ਹੇ!ਮਾਂ

...ਹੇ! ਮੇਰੀ ਮਾਂ! ਉਹੀ ਵੱਡੇ ਨਸੀਬਾਂ ਵਾਲੇ ਹਨ, ਜਿਨ੍ਹਾਂ ਦਾ ਚਿੱਤ ਸਤਿਗੁਰੂ ਦੇ ਚਰਨਾਂ ਨਾਲ ਜੁੜ ਗਿਆ ਹੈ...

ਗੁਰੁ(ਗੁਰ)	ਦਾਤਾ,	ਸਮਰਥੁ(ਸਮਰੱਥ)	ਗੁਰੁ,(ਗੁਰ)
ਸਤਿਗੁਰੂ	ਦੇਣਹਾਰ	ਯੋਗ, ਸ਼ਕਤੀਵਾਨ	ਸਤਿਗੁਰੂ

ਗੁਰੁ(ਗੁਰ)	ਸਭ	ਮਹਿ(ਮਹਿਂ)	ਰਹਿਆ	ਸਮਾਇ॥
ਸਤਿਗੁਰੂ	ਸਾਰਿਆਂ	ਵਿਚ	ਰਿਹਾ	ਸਮਾਇਆ, ਅਭੇਦ

ਅੰਕ ੪੯

...ਸਤਿਗੁਰੂ (ਸਭ ਕੁਝ ਦਾ) ਦਾਤਾ ਹੈ, ਸਤਿਗੁਰੂ (ਸਭ ਕੁਝ ਕਰਨ ਦੇ) ਸਮਰਥ ਹੈ, ਅਤੇ ਸਤਿਗੁਰੂ ਸਾਰਿਆਂ ਵਿਚ ਲੀਨ ਹੈ...

ਗੁਰੁ *(ਗੁਰ)*	**ਪਰਮੇਸਰੁ,** *(ਪਰਮੇਸ਼ਰ)*	**ਪਾਰਬ੍ਰਹਮੁ,** *(ਪਾਰਬ੍ਰਹਮ)*
ਸਤਿਗੁਰੂ	ਈਸ਼ਵਰ	ਪਰਮਾਤਮਾ

ਗੁਰੁ, *(ਗੁਰ)*	**ਡੁਬਦਾ** *(ਡੁੱਬਦਾ)*	**ਲਏ**	**ਤਰਾਇ॥੨॥**
ਸਤਿਗਰੂ	ਡੁੱਬਦੇ ਨੂੰ	ਲੈਂਦਾ	ਤਾਰ

...ਸਤਿਗੁਰੂ ਪਰਮੇਸ਼ਰ ਹੈ, ਪਰਮਾਤਮਾ ਹੈ, ਅਤੇ ਸਤਿਗਰੂ (ਭਵ ਸਾਗਰ ਵਿਚ) ਡੁਬਦਿਆਂ ਨੂੰ ਤਾਰ ਲੈਂਦਾ ਹੈ...

ਕਿਤੁ *(ਕਿਤ)*	**ਮੁਖਿ** *(ਮੁੱਖ)*	**ਗੁਰੁ** *(ਗੁਰ)*	**ਸਾਲਾਹੀਐ,**
ਕਿਹੜੇ	ਮੂੰਹ ਨਾਲ	ਸਤਿਗੁਰੂ	ਸਿਫ਼ਤ ਕਰੀਏ

ਕਰਣ	**ਕਾਰਣ**	**ਸਮਰਥੁ** *(ਸਮਰੱਥ)* **॥**
ਕਰਣ ਵਾਲਾ	ਸਬੱਬ, ਕਾਰਨ	ਯੋਗ, ਸ਼ਕਤੀਵਾਨ

...(ਐਸੇ ਈਸ਼ਵਰ-ਰੂਪ) ਸਤਿਗੁਰੂ ਦੀ ਮੈਂ ਕਿਹੜੇ ਮੂੰਹ ਨਾਲ, (ਅਤੇ ਕਿਵੇਂ) ਸਿਫ਼ਤ ਸਲਾਹ ਕਰਾਂ, ਜੋ ਕਰਣ-ਕਾਰਣ ਸਮਰੱਥ ਹੈ...

ਸੇ	**ਮਥੇ** *(ਮੱਥੇ)*	**ਨਿਹਚਲ**	**ਰਹੇ,**
ਉਹ	ਮਸਤਕ	ਅਡੋਲ, ਅਚੱਲ	ਹੋ ਗਏ

ਜਿਨ *(ਜਿਨ੍ਹ)*	**ਗੁਰਿ** *(ਗੁਰ)*	**ਧਾਰਿਆ**	**ਹਥੁ** *(ਹੱਥ)* **॥**
ਜਿਨ੍ਹਾਂ	ਸਤਿਗੁਰੂ ਨੇ	ਧਰ ਦਿੱਤਾ, ਰੱਖ ਦਿੱਤਾ	ਹਸਤ

...ਉਹ ਮਸਤਕ (ਗੁਰੂ ਦਰ ਤੇ ਸਦੀਵੀ) ਸਥਿਰ ਹੋ ਜਾਂਦੇ ਹਨ, ਜਿਨ੍ਹਾਂ ਤੇ ਸਤਿਗਰੂ ਆਪਣਾ (ਕਿਰਪਾ ਦਾ) ਹੱਥ ਧਰ ਦਿੰਦੇ ਹਨ...

ਗੁਰਿ, *(ਗੁਰ)*	**ਅੰਮ੍ਰਿਤ**	**ਨਾਮੁ** *(ਨਾਮ)*	**ਪੀਆਲਿਆ,**
ਸਤਿਗਰੂ ਨੇ	ਅਮਰ ਕਰ ਦੇਣ ਵਾਲਾ	(ਪ੍ਰਭੂ) ਨਾਮ	ਪਿਆਇਆ

ਜਨਮ	**ਮਰਨ**	**ਕਾ**	**ਪਥੁ** *(ਪੱਥ)* **॥**
ਜੰਮਣ	ਮੌਤ	ਦਾ	ਰੋਗ ਨਾਸ਼ਕ ਵਸਤੂ

ਅੰਕ ੫੦

...ਸਤਿਗੁਰੂ ਨੇ (ਕਿਰਪਾ ਕਰਕੇ) ਜੰਮਣ-ਮਰਣ ਦੇ ਰੋਗ ਦਾ ਨਾਸ਼ ਕਰਨ ਵਾਲੀ ਵਸਤੂ, ਅੰਮ੍ਰਿਤ-ਨਾਮ ਛਕਾ ਦਿੱਤਾ ਹੈ...

ਗੁਰੁ *(ਗੁਰ)*	ਪਰਮੇਸਰੁ *(ਪਰਮੇਸ਼ਰ)*	ਸੇਵਿਆ,
ਸਤਿਗੁਰੂ	ਪਰਮਾਤਮਾ	ਟਹਿਲ ਕੀਤੀ

ਭੈ	ਭੰਜਨੁ *(ਭੰਜਨ)*	ਦੂਖੁ *(ਦੁੱਖ)*	ਲਥੁ *(ਲੱਥ)* ॥੩॥
ਡਰ	ਮਿਟਾਣ ਵਾਲਾ	ਤਕਲੀਫ਼, ਕਲੇਸ਼	ਲੱਥ ਗਏ, ਦੂਰ ਹੋ ਗਏ

...(ਉਨ੍ਹਾਂ ਨੇ) ਪਰਮਾਤਮ-ਰੂਪ, ਭੈਭੰਜਨ-ਸਤਿਗੁਰੂ ਦੀ ਟਹਿਲ ਸੇਵਾ ਕੀਤੀ, (ਜਿਸ ਨਾਲ ਜੀਵਨ ਦੇ) ਦੁੱਖ-ਤਕਲੀਫ਼ਾਂ ਦੂਰ ਹੋ ਗਏ...

ਸਤਿਗੁਰੁ *(ਸਤਗੁਰ)*	ਗਹਿਰ	ਗਭੀਰੁ *(ਗੰਭੀਰ)*	ਹੈ,
ਸੱਤ ਸਰੂਪ ਗੁਰੂ	ਡੂੰਘਾ, ਗਹਿਰਾ	ਬਹੁਤ, ਅਥਾਹ	ਹੋਣ ਦੀ ਕ੍ਰਿਆ

ਸੁਖ *(ਸੁੱਖ)*	ਸਾਗਰੁ *(ਸਾਗਰ)*	ਅਘਖੰਡੁ *(ਅਘਖੰਡ)* ॥
(ਆਤਮਿਕ) ਸੁੱਖਾਂ	ਸਮੁੰਦਰ	ਪਾਪਾਂ ਦਾ ਨਾਸ਼ ਕਰਨ ਵਾਲਾ

...ਸਤਿਗੁਰੂ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ, ਅਤੇ ਸੁੱਖਾਂ ਦਾ ਅਥਾਹ ਗਹਿਰਾ ਸਾਗਰ ਹੈ...

ਜਿਨਿ, *(ਜਿਨ੍ਹ)*	ਗੁਰੁ *(ਗੁਰ)*	ਸੇਵਿਆ	ਆਪਣਾ,
ਜਿਸ ਨੇ	ਸਤਿਗੁਰੂ	ਸਿਮਰਿਆ	ਖ਼ੁਦ ਦਾ

ਜਮਦੂਤ	ਨ *(ਨਾਂ)*	ਲਾਗੈ	ਡੰਡੁ *(ਡੰਡ)* ॥
ਮੌਤ ਦਾ ਫਰਿਸ਼ਤਾ	ਨਹੀਂ	ਲਗਦਾ	ਡੰਡਾ

...ਜਿਨ੍ਹਾਂ ਨੇ ਆਪਣੇ ਸਤਿਗੁਰੂ ਨੂੰ ਸਿਮਰਿਆ ਹੈ, ਉਨ੍ਹਾਂ ਨੂੰ ਜਮਦੂਤ ਦੀ (ਮੌਤ ਰੂਪੀ) ਸਜ਼ਾ ਨਹੀਂ ਮਿਲਦੀ, (ਮਰਣ ਸੁਹੇਲਾ ਹੋ ਜਾਂਦਾ ਹੈ)...

ਗੁਰ	ਨਾਲਿ, *(ਨਾਲ)*	ਤੁਲਿ *(ਤੁਲ)*	ਨ *(ਨਾਂ)*	ਲਗਈ,
ਸਤਿਗੁਰੂ	ਸੰਗ, ਨਾਲ	ਬਰਾਬਰ	ਨਹੀਂ	ਲਗਦਾ, ਜਾਪਦਾ

ਖੋਜਿ *(ਖੋਜ)*	ਡਿਠਾ *(ਡਿੱਠਾ)*	ਬ੍ਰਹਮੰਡੁ *(ਬ੍ਰਹਿਮੰਡ)* ॥
ਖ਼ੋਜ ਕੇ	ਵੇਖ ਲਿਆ	ਰਚਨਾ, ਸ੍ਰਿਸ਼ਟੀ

...(ਮੈਂ) ਸਾਰਾ ਬ੍ਰਹਿਮੰਡ ਲੱਭ ਕੇ ਵੇਖ ਲਿਆ ਹੈ, ਸਤਿਗੁਰੂ ਦੇ ਨਾਲ ਕੋਈ ਬਰਾਬਰ ਨਹੀਂ ਜਾਪਦਾ...

ਅੰਕ ੫੦

ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਸਤਿਗੁਰਿ *(ਸਤਗੁਰ)*	ਦੀਆ,
(ਪ੍ਰਭੂ) ਨਾਮ	ਖ਼ਜ਼ਾਨਾ	ਸਤਿਗੁਰੂ ਨੇ	ਦਿੱਤਾ

ਸੁਖੁ *(ਸੁੱਖ)*	ਨਾਨਕ,	ਮਨ	ਮਹਿ *(ਮਹਿਂ)*	ਮੰਞੁ *(ਮੰਞ)* ॥੪॥੨੦॥੯੦॥
(ਆਤਮਿਕ) ਅਨੰਦ	ਹੇ ! ਨਾਨਕ ਚਿੱਤ	ਵਿਚ	ਅਨੰਦ ਅਨੁਭਵ	ਕਰਨ ਦੀ ਕ੍ਰਿਆ

...ਹੇ! ਨਾਨਕ! ਸਤਿਗੁਰੂ ਨੇ (ਵਾਹਿਗੁਰੂ) ਨਾਮ ਦਾ ਖ਼ਜ਼ਾਨਾ ਬਖਸ਼ ਦਿੱਤਾ ਹੈ, (ਹੁਣ) ਚਿੱਤ ਵਿਚ (ਇਸਦਾ) ਅਨੰਦ ਮਾਣ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਮਿਠਾ *(ਮਿੱਠਾ)*	ਕਰਿ *(ਕਰ)*	ਕੈ	ਖਾਇਆ,
ਮਿਸ਼ਠ	ਜਾਣ	ਕੇ	ਖਾਧਾ

ਕਉੜਾ *(ਕੌੜਾ)*	ਉਪਜਿਆ	ਸਾਦੁ *(ਸਾਦ)* ॥
ਕੌੜਾ, ਕੜਵਾ	ਉਤਪੰਨ ਹੋਇਆ	ਸੁਆਦ

...(ਜੀਵ ਨੇ ਜ਼ਿੰਦਗੀ ਦੇ ਭੋਗਾਂ ਨੂੰ) ਮਿੱਠਾ ਜਾਣ ਕੇ ਖਾਧਾ, (ਭਾਵ ਮਾਣਿਆਂ, ਪਰ ਉਨ੍ਹਾਂ ਵਿਸ਼ੇ-ਭੋਗਾਂ ਦਾ) ਸੁਆਦ (ਅਖ਼ੀਰ ਨੂੰ ਦੁਖ਼ ਰੂਪ ਵਿਚ) ਕੌੜਾ ਬਣ ਕੇ ਉਤਪੰਨ ਹੋਇਆ...

ਭਾਈ	ਮੀਤ	ਸੁਰਿਦ	ਕੀਏ,
ਭਰਾ	ਸੱਜਣ, ਦੋਸਤ	ਸੁਹਿਰਦ, ਪਿਆਰੇ	ਬਣਾਏ

ਬਿਖਿਆ	ਰਚਿਆ	ਬਾਦੁ *(ਬਾਦ)* ॥
ਜ਼ਹਿਰ	ਰਚ ਦਿੱਤਾ, ਖੜਾ ਕਰ ਦਿੱਤਾ	ਵਾਦ-ਵਿਵਾਦ

...ਜਿਤਨੇ ਵੀ ਪਿਆਰੇ, ਦੋਸਤ, ਮਿੱਤਰ ਅਤੇ ਭਰਾ ਆਦਿਕ ਬਣਾਏ, (ਸਭ ਨੇ ਅਖ਼ੀਰ ਨੂੰ ਮਾਇਆ ਰੂਪੀ) ਜ਼ਹਿਰ ਦਾ ਵਾਦ-ਵਿਵਾਦ ਹੀ ਖੜਾ ਕਰ ਦਿੱਤਾ...

ਜਾਂਦੇ	ਬਿਲਮ	ਨ *(ਨਾਂ)*	ਹੋਵਈ,
ਜਾਣ ਲਗਿਆਂ	ਦੇਰ, ਢਿਲ	ਨਹੀਂ	ਹੁੰਦੀ

ਵਿਣੁ *(ਵਿਣ)*	ਨਾਵੈ *(ਨਾਵੈਂ)*	ਬਿਸਮਾਦੁ *(ਬਿਸਮਾਦ)* ॥੧॥
ਬਗੈਰ	(ਪ੍ਰਭੂ) ਨਾਮ ਤੋਂ	ਹੈਰਾਨੀ, ਅਸਚਰਜਤਾ

ਅੰਕ ੫੦

...(ਵਾਹਿਗੁਰੂ ਦੇ) ਨਾਮ ਤੋਂ ਬਿਨਾਂ, (ਇਸ ਸਭ ਕੁਝ ਦੇ) ਜਾਣ ਲਗਿਆਂ (ਰਤਾ ਵੀ) ਦੇਰ ਨਹੀਂ ਲਗਦੀ , ਤੇ (ਜੀਵ ਦੀ ਹਾਲਤ) ਡੌਰ-ਭੌਰ ਹੋਣ ਵਾਲੀ ਬਣ ਜਾਂਦੀ ਹੈ...

ਮੇਰੇ	ਮਨ,	ਸਤਗੁਰ	ਕੀ	ਸੇਵਾ	ਲਾਗੁ *(ਲਾਗ)* ॥
ਆਪਣੇ	ਚਿੱਤ	ਸੱਤ ਸਰੂਪ ਗੁਰੂ	ਦੀ	ਟਹਿਲ	ਲਗ, ਜੁੜ

...ਮੇਰੇ ਮਨਾ! ਸਤਿਗੁਰੂ ਦੀ ਸੇਵਾ-ਸਿਮਰਨ ਵਿਚ ਜੁੜ...

ਜੋ	ਦੀਸੈ,	ਸੋ	ਵਿਣਸਣਾ,
ਜਿਹੜਾ	ਦਿਸਦਾ ਹੈ	ਉਹ	ਵਿਨਾਸ਼ ਹੋ ਜਾਣਾ ਹੈ

ਮਨ	ਕੀ	ਮਤਿ *(ਮੱਤ)*	ਤਿਆਗੁ *(ਤਿਆਗ)* ॥੧॥	ਰਹਾਉ ॥
ਚਿੱਤ	ਦੀ	ਸੋਚ, ਸਮਝ	ਛੱਡ ਦੇਹ	ਠਹਿਰਾਉ

...(ਮਨਾਂ!) ਜੋ ਕੁਝ ਵੀ ਨਜ਼ਰ ਆਉਂਦਾ ਹੈ, ਉਹ (ਸਭ ਕੁਝ) ਬਿਨਸ ਜਾਣਾ ਹੈ, ਇਸ ਲਈ (ਮਾਇਆ ਵਿਚ ਖਚਿਤ ਹੋਣ ਵਾਲੀ ਆਪਣੀ) ਮਨ ਦੀ ਸਮਝ ਛੱਡ ਦੇਹ...

ਜਿਉ *(ਜਿਉਂ)*	ਕੂਕਰੁ *(ਕੂਕਰ)*	ਹਰਕਾਇਆ,
ਜਿਵੇਂ	ਕੁੱਤਾ	ਹਲਕਿਆ ਹੋਇਆ

ਧਾਵੈ	ਦਹ *(ਦਹਿ)*	ਦਿਸ	ਜਾਇ॥
ਭੱਜਦਾ ਹੈ	ਦਸਾਂ	ਦਿਸ਼ਾਵਾਂ	ਜਾਕੇ

...ਜਿਵੇਂ ਹਲਕਿਆ ਹੋਇਆ ਕੁੱਤਾ ਦਸਾਂ ਹੀ ਦਿਸ਼ਾਵਾਂ ਵਲ ਨੂੰ, (ਭਾਵ ਇੱਧਰ ਉੱਧਰ ਹਰ ਪਾਸੇ) ਜਾਕੇ ਭੱਜਦਾ ਹੈ...

ਲੋਭੀ	ਜੰਤੁ, *(ਜੰਤ)*	ਨ *(ਨਾਂ)*	ਜਾਣਈ,
ਲਾਲਚੀ	ਜੀਵ	ਨਹੀਂ	ਜਾਣਦਾ, ਸਮਝਦਾ

ਭਖੁ *(ਭੱਖ)*	ਅਭਖੁ *(ਅਭੱਖ)*	ਸਭ	ਖਾਇ॥
ਖਾਣ ਯੋਗ	ਨਾ ਖਾਣ ਯੋਗ	ਸਾਰ	ਖਾ ਜਾਂਦਾ ਹੈ

...(ਇਵੇਂ ਹੀ) ਲੋਭੀ ਜੀਵ (ਰੱਬੀ ਸੱਚ ਨੂੰ) ਨਹੀਂ ਸਮਝਦਾ, ਅਤੇ (ਲਾਲਚੀ ਕੁੱਤੇ ਵਾਂਗ ਮਾਇਆ ਵਿਚ ਖੁਭਿਆ) ਭੱਖ, ਅਭੱਖ ਸਭ ਕੁਝ ਖਾਈ ਜਾਂਦਾ ਹੈ...

ਅੰਕ ੫੦

ਕਾਮ	ਕ੍ਰੋਧ	ਮਦਿ*(ਮਦ)*	ਬਿਆਪਿਆ,
ਵਿਸ਼ੇ-ਭੋਗ	ਗੁੱਸਾ	ਨਸ਼ੇ ਵਿਚ	ਗਲਤਾਨ/ਲੀਨ ਹੋਇਆ
ਫਿਰਿ*(ਫਿਰ)*	ਫਿਰਿ*(ਫਿਰ)*	ਜੋਨੀ	ਪਾਇ॥੨॥
ਦੁਬਾਰਾ	ਦੁਬਾਰਾ	ਜੂਨਾਂ ਵਿਚ	ਪੈਂਦਾ ਰਹਿੰਦਾ ਹੈ

...ਕਾਮ, ਕਰੋਧ ਆਦਿਕ ਦੇ ਨਸ਼ੇ ਵਿਚ ਲੀਨ ਹੋਇਆ ਹੋਇਆ, ਮੁੜ ਮੁੜ ਜੂਨੀਆਂ ਵਿਚ ਪੈਂਦਾ ਰਹਿੰਦਾ ਹੈ...

ਮਾਇਆ	ਜਾਲੁ*(ਜਾਲ)*	ਪਸਾਰਿਆ,	
ਮਾਇਆਵੀ ਸ਼ਕਤੀ	ਫਾਹੀ, ਫੰਧਾ	ਫੈਲਾਇਆ	
ਭੀਤਰਿ*(ਭੀਤਰ)*	ਚੋਗ	ਬਣਾਇ॥	
ਵਿਚ	ਦਾਣਾ	ਬਣਾਕੇ	

...ਮਾਇਆ ਨੇ (ਆਪਣਾ) ਜਾਲ ਫੈਲਾਇਆ ਹੋਇਆ ਹੈ, ਅਤੇ (ਜੀਵਾਂ ਨੂੰ ਫਸਾਉਣ ਲਈ ਉਸਦੇ) ਅੰਦਰ (ਧਨ ਦੌਲਤ ਅਤੇ ਵਿਸ਼ੇ ਵਿਕਾਰਾਂ ਦਾ) ਚੋਗਾ ਬਣਾਕੇ (ਰੱਖ ਦਿੱਤਾ ਹੈ)...

ਤ੍ਰਿਸਨਾ*(ਤ੍ਰਿਸ਼ਨਾ)*	ਪੰਖੀ	ਫਾਸਿਆ,	
ਲਾਲਚ	ਪੰਛੀ	ਫੱਸ ਗਿਆ	
ਨਿਕਸੁ*(ਨਿਕਸ)*	ਨ*(ਨਾਂ)*	ਪਾਏ	ਮਾਇ॥
ਨਿਕਲ	ਨਹੀਂ	ਪੈ ਰਿਹਾ	ਹੇ! ਮਾਂ

...ਹੇ! ਮੇਰੀ ਮਾਂ! ਲਾਲਚ ਰੂਪੀ ਪੰਛੀ (ਇਸ ਮਾਇਆ ਜਾਲ ਵਿਚ) ਫਸ ਗਿਆ ਹੈ, ਅਤੇ (ਉਸਤੋਂ ਇਸ ਵਿਚੋਂ) ਨਿਕਲਿਆ ਨਹੀਂ ਜਾ ਰਿਹਾ...

ਜਿਨਿ*(ਜਿਨ੍ਹ)*	ਕੀਤਾ,	ਤਿਸਹਿ	ਨ*(ਨਾਂ)*	ਜਾਣਈ,
ਜਿਸ ਨੇ	ਰਚਿਆ,ਸਾਜਿਆ	ਉਸ ਨੂੰ	ਨਹੀਂ	ਜਾਣਦਾ,ਸਮਝਦਾ
ਫਿਰਿ*(ਫਿਰ)*	ਫਿਰਿ*(ਫਿਰ)*	ਆਵੈ		ਜਾਇ॥੩॥
ਦੁਬਾਰਾ	ਦੁਬਾਰਾ	(ਸੰਸਾਰ ਤੇ) ਆਉਂਦਾ		ਚਲੇ ਜਾਂਦਾ

...ਜਿਸ (ਪਰਮਾਤਮਾ) ਨੇ (ਜੀਵ ਨੂੰ) ਰਚਿਆ ਹੈ, ਉਸ ਨੂੰ ਨਹੀਂ ਸਮਝਦਾ, (ਇਸ ਲਈ) ਮੁੜ ਮੁੜ ਸੰਸਾਰ ਦੇ ਆਵਾਗਵਣ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ...

ਅੰਕ ੫੦

ਅਨਿਕ *(ਅਨਕ)*	ਪ੍ਰਕਾਰੀ *(ਪ੍ਰਕਾਰੀ)*	ਮੋਹਿਆ,		
ਅਨੇਕਾਂ	ਤਰ੍ਹਾਂ ਨਾਲ	ਭਰਮਾਇਆ ਹੋਇਆ ਹੈ		

ਬਹੁ	ਬਿਧਿ *(ਬਿਧ)*	ਇਹੁ *(ਇਹ)*	ਸੰਸਾਰੁ *(ਸੰਸਾਰ)* ॥
ਅਨੇਕਾਂ	ਤਰੀਕਿਆਂ	ਇਸ	ਜਗਤ ਨੂੰ

...(ਮਾਇਆ ਨੇ) ਅਨੇਕਾਂ ਢੰਗ ਤਰੀਕਿਆਂ ਨਾਲ, ਇਸ ਸੰਸਾਰ ਨੂੰ ਭਰਮਾਇਆ ਹੋਇਆ ਹੈ...

ਜਿਸ	ਨੋ	ਰਖੈ,	ਸੋ	ਰਹੈ,
ਜਿਹੜੇ	ਨੂੰ	ਬਚਾ ਲਵੇ	ਉਹੀ	ਰਹਿੰਦਾ ਹੈ

ਸੰਮ੍ਰਿਥੁ *(ਸੰਮ੍ਰਥ)*	ਪੁਰਖੁ *(ਪੁਰਖ)*	ਅਪਾਰੁ *(ਅਪਾਰ)* ॥
ਸ਼ਕਤੀਵਾਨ	ਪਰਮਾਤਮਾ	ਬੇਅੰਤ

...(ਮਾਇਆ ਦੇ ਇਸ ਭਰਮ ਜਾਲ ਵਿਚੋਂ) ਜਿਸ ਨੂੰ ਸਮਰੱਥ ਵਾਹਿਗੁਰੂ (ਆਪ) ਬਚਾ ਲਵੇ, ਉਹੀ (ਬਚਿਆ) ਰਹਿੰਦਾ ਹੈ...

ਹਰਿ *(ਹਰ)*	ਜਨ,	ਹਰਿ *(ਹਰ)*	ਲਿਵ	ਉਧਰੇ,
ਪ੍ਰਭੂ	ਦਾਸ, ਸੇਵਕ	ਪਰਮਾਤਮਾ	ਧਿਆਨ	ਤਰ ਜਾਂਦੇ

ਨਾਨਕ,	ਸਦ	ਬਲਿਹਾਰੁ *(ਬਲਿਹਾਰ)* ॥੪॥੨੧॥੯੧॥
ਹੇ! ਨਾਨਕ!	ਹਮੇਸ਼ਾਂ	ਕੁਰਬਾਨ, ਸਦਕੇ

...ਹੇ! ਨਾਨਕ! ਹਰੀ ਦੇ ਦਾਸ ਪਰਮਾਤਮਾ ਵਿਚ ਧਿਆਨ ਜੋੜਕੇ, (ਸੰਸਾਰ ਸਾਗਰ ਤੋਂ) ਤਰ ਜਾਂਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)*	ਘਰੁ *(ਘਰ)*	੨ *(ਦੂਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ	ਤਾਲ ਦਾ ਸੰਕੇਤ	ਦੂਸਰਾ

ਗੋਇਲਿ *(ਗੋਇਲ)*	ਆਇਆ	ਗੋਇਲੀ,
ਚਰਵਾਹਾ	ਪੁੱਜਿਆ	ਚਾਰਾਗਾਹ (ਜਿਥੇ ਗੁੱਜਰ ਲੋਕ ਬਰਸਾਤਾਂ ਵਿਚ ਡੰਗਰਾਂ ਨੂੰ ਲੈ ਜਾਂਦੇ ਹਨ)

ਕਿਆ	ਤਿਸੁ *(ਤਿਸ)*	ਡੰਫੁ *(ਡੰਫ)*	ਪਸਾਰੁ *(ਪਸਾਰ)* ॥
ਕੀ	ਉਸ ਨੂੰ	ਦਿਖਾਵਾ	ਫੈਲਾਉ, ਪਸਾਰਾ

ਅੰਕ ੫੦

...(ਜੀਵ ਥੋੜ੍ਹੇ ਸਮੇਂ ਲਈ) ਚਰਵਾਹੇ ਵਾਂਗ (ਸੰਸਾਰ ਰੂਪੀ) ਚਾਰਾਗਾਹ ਵਿਚ ਆਇਆ ਹੈ, ਉਸ ਨੂੰ ਦਿਖਾਵੇ ਵਾਲੇ ਪਸਾਰੇ ਨੂੰ (ਫੈਲਾਉਣ ਦਾ) ਕੀ ਲਾਭ ਹੈ?

ਮੁਹਲਤਿ *(ਮੁਹਲਤ)*	ਪੁੰਨੀ	ਚਲਣਾ,
ਪ੍ਰਾਪਤ ਸਮਾਂ	ਪੂਰੀ ਹੋ ਗਈ	(ਸੰਸਾਰ ਤੋਂ) ਚਲੇ ਜਾਣਾ

ਤੂੰ	ਸੰਮਲੁ *(ਸੰਮ੍ਲ)*	ਘਰ	ਬਾਰੁ *(ਬਾਰ)* ॥੧॥
ਤੁਸੀਂ	ਸੰਭਾਲ ਕਰ	ਨਿਵਾਸ	ਦਰਵਾਜ਼ਾ

...(ਹੇ! ਜੀਵ, ਜਦੋ ਤੇਰੀ ਮਿਲੀ ਹੋਈ ਉਮਰ ਦੀ) ਮੁਹਲਤ ਪੂਰੀ ਹੋ ਜਾਏਗੀ ਤਾਂ (ਤੈਨੂੰ ਸੰਸਾਰ ਤੋਂ) ਜਾਣਾ ਪੈਣਾ ਹੈ, (ਇਸ ਲਈ) ਤੂੰ (ਸਮੇਂ ਸਿਰ ਜਾਣ ਲਈ ਆਪਣੇ) ਘਰ-ਬਾਰ ਦੀ ਸਾਂਭ ਸੰਭਾਲ ਕਰ ਲੈ...

ਹਰਿ *(ਹਰ)*	ਗੁਣ	ਗਾਉ	ਮਨਾ,
ਪ੍ਰਭੂ	ਚੰਗਿਆਈਆਂ	ਗਾਇਨ ਕਰੋ	ਚਿੱਤ

ਸਤਿਗੁਰੁ *(ਸਤਗੁਰ)*	ਸੇਵਿ *(ਸੇਵ)*	ਪਿਆਰਿ *(ਪਿਆਰ)* ॥
ਸੱਤ ਸਰੂਪ ਗੁਰੂ	ਟਹਿਲ ਕਰ	ਪ੍ਰੀਤ ਨਾਲ

...ਹੇ! ਮਨਾ! (ਤੂੰ) ਪ੍ਰਭੂ ਦੇ ਗੁਣਾਂ ਦਾ ਗਾਇਨ ਕਰ ਅਤੇ ਪਿਆਰ ਨਾਲ ਸਤਿਗੁਰੂ ਦੀ ਸੇਵਾ-ਸਿਮਰਨ ਕਰ...

ਕਿਆ	ਥੋੜੜੀ	ਬਾਤ	ਗੁਮਾਨੁ *(ਗੁਮਾਨ)* ॥੧॥	ਰਹਾਉ ॥
ਕੀ	ਥੋੜ੍ਹੀ ਜਿਹੀ	ਗਲ	ਹੰਕਾਰ	ਠਹਿਰਾਉ

...(ਮਨਾ! ਤੂੰ ਸੰਸਾਰ ਦੇ ਮਾਇਕ ਪਦਾਰਥਾਂ ਦੀ) ਕੀ ਥੋੜ੍ਹੀ ਜਿਹੀ ਗਲ ਦਾ ਹੰਕਾਰ ਕਰ ਰਿਹਾ ਹੈਂ...

ਜੈਸੇ	ਰੈਣਿ *(ਰੈਣ)*	ਪਰਾਹੁਣੇ,
ਜਿਵੇਂ	ਰਾਤ ਨੂੰ	ਮਹਿਮਾਨ

ਉਠਿ *(ਉਠ)*	ਚਲਸਹਿ *(ਚਲਸਹਿਂ)*	ਪਰਭਾਤਿ *(ਪਰਭਾਤ)* ॥
ਉੱਠ ਕੇ	ਚਲੇ ਜਾਂਦੇ ਹਨ	ਸਵੇਰ ਨੂੰ

...(ਹੇ! ਭਾਈ ਤੂੰ ਇਸ ਸੰਸਾਰ ਵਿਚ ਇਵੇਂ ਹੀ ਹੈਂ), ਜਿਵੇਂ ਰਾਤ ਨੂੰ (ਆਏ) ਮਹਿਮਾਨ ਸਵੇਰ ਪੈਣ ਤੇ ਉੱਠ ਕੇ ਚਲੇ ਜਾਂਦੇ ਹਨ...

ਕਿਆ	ਤੂੰ	ਰਤਾ	ਗਿਰਸਤ	ਸਿਉ, *(ਸਿਉਂ)*
ਕੀ	ਤੁਸੀਂ	ਖਚਿਤ/ਮਗਨ ਹੋਇਆ	ਪਰਿਵਾਰ	ਨਾਲ

ਅੰਕ ੫੦

ਸਭ	ਫੁਲਾ *(ਫੁੱਲਾਂ)*	ਕੀ	ਬਾਗਾਤਿ *(ਬਾਗਾਤ)* ॥੨॥
ਸਾਰੀ	ਫੁਲ ਦਾ ਬਹੁਵਚਨ	ਦੀ	ਬਗੀਚੀ

...(ਤੂੰ ਐਵੇਂ) ਗ੍ਰਿਹਸਥ-ਕੁਟੰਬ ਵਿਚ ਕਿਉਂ ਖਚਿਤ ਹੋਇਆ ਪਿਆ ਹੈਂ, ਇਹ ਤਾਂ ਬਗੀਚੀ ਦੇ ਫੁੱਲਾਂ ਵਾਂਗ ਹੈ (ਜਿਨ੍ਹਾਂ ਦਾ ਖੇੜਾ ਥੋੜ੍ਹ ਚਿਰਾ ਹੁੰਦਾ ਹੈ)...

ਮੇਰੀ	ਮੇਰੀ	ਕਿਆ	ਕਰਹਿ, *(ਕਰਹਿਂ)*
ਆਪਣੀ	ਆਪਣੀ	ਕੀ	ਕਰ ਰਿਹਾ ਹੈਂ

ਜਿਨਿ *(ਜਿਨ੍ਹ)*	ਦੀਆ	ਸੋ	ਪ੍ਰਭੁ *(ਪ੍ਰਭ)*	ਲੋੜਿ *(ਲੋੜ)* ॥
ਜਿਸ ਨੇ	ਦਿੱਤਾ	ਉਸ	ਪਰਮਾਤਮਾ	ਢੂੰਡ, ਲੱਭ

...(ਹੇ! ਮਨਾਂ! ਤੂੰ) ਕੀ ਮੇਰੀ ਮੇਰੀ ਕਰਦਾ ਰਹਿੰਦਾ ਹੈਂ, ਜਿਸ ਨੇ ਸਭ ਕੁਝ ਬਖਸ਼ਿਆ ਹੈ (ਉਸ) ਵਾਹਿਗੁਰੂ ਨੂੰ ਲੱਭ...

ਸਰਪਰ	ਉਠੀ *(ਉੱਠੀ)*	ਚਲਣਾ,
ਨਿਸਚੇ ਹੀ, ਹਰ ਹਾਲਤ ਵਿਚ	ਉਠ ਕੇ	ਚਲੇ ਜਾਣਾ

ਛਡਿ *(ਛਡ)*	ਜਾਸੀ	ਲਖ *(ਲੱਖ)*	ਕਰੋੜਿ *(ਕਰੋੜ)* ॥੩॥
ਤਿਆਗ ਕੇ	ਜਾਇਗਾ	ਲੱਖਾਂ	ਕਰੋੜਾਂ

...(ਤੂੰ ਦੁਨੀਆਂ ਵਿਚੋਂ) ਹਰ ਹਾਲਤ ਵਿਚ ਉੱਠ ਕੇ ਚਲੇ ਜਾਵੇਂਗਾ, ਅਤੇ (ਸੰਸਾਰ ਦੀ) ਲੱਖਾਂ ਕਰੋੜਾਂ ਦੀ (ਦੌਲਤ ਵੀ) ਛੱਡ ਕੇ ਜਾਣੀ ਪਏਗੀ...

ਲਖ *(ਲੱਖ)*	ਚਉਰਾਸੀਹ	ਭ੍ਰਮਤਿਆ *(ਭ੍ਰਮਤਿਆਂ)*
ਗਿਣਤੀ ਦੀ ਇਕ ਇਕਾਈ	੮੦+੪=੮੪	ਭਟਕਦਿਆਂ

ਦੁਲਭ	ਜਨਮੁ *(ਜਨਮ)*	ਪਾਇਓਇ॥
ਦੁਰਲੱਭ	ਜੀਵਨ	ਪਾਇਆ ਹੈ

...ਚੁਰਾਸੀ ਲੱਖ ਜੂਨਾਂ ਵਿਚ ਭਟਕਦਿਆਂ (ਇਹ) ਦੁਰਲੱਭ (ਮਨੁੱਖਾ) ਜੀਵਨ ਪ੍ਰਾਪਤ ਹੋਇਆ ਹੈ...

ਨਾਨਕ,	ਨਾਮੁ *(ਨਾਮ)*	ਸਮਾਲਿ *(ਸੰਮ੍ਹਾਲ)*	ਤੂੰ,
ਹੇ ! ਨਾਨਕ !	(ਪ੍ਰਭੂ) ਨਾਮ	ਚੇਤੇ ਕਰ, ਸਿਮਰ	ਤੁਸੀਂ

ਅੰਕ ੫੦

ਸੋ	ਦਿਨੁ *(ਦਿਨ)*	ਨੇੜਾ	ਆਇਓਇ॥੪॥੨੨॥੯੨॥
ਉਹ	(ਮੌਤ ਦਾ) ਦਿਵਸ	ਨਜ਼ਦੀਕ	ਆ ਗਿਆ ਹੈ

...ਹੇ! ਨਾਨਕ! ਤੂੰ (ਵਾਹਿਗੁਰੂ) ਨਾਮ ਦਾ ਸਿਮਰਨ ਕਰ, (ਕਿਉਂਕਿ ਉੱਠ ਚਲਣ ਦਾ) ਉਹ ਦਿਨ ਨਜ਼ਦੀਕ ਆ ਗਿਆ ਹੈ...

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਤਿਚਰੁ *(ਤਿਚਰ)*	ਵਸਹਿ *(ਵਸਹਿਂ)*	ਸੁਹੇਲੜੀ,
ਉਦੋਂ ਤਕ	ਰਹਿੰਦੀ ਹੈ	ਸੁੱਖੀ, ਅਨੰਦ ਵਿਚ

ਜਿਚਰੁ *(ਜਿਚਰ)*	ਸਾਥੀ	ਨਾਲਿ *(ਨਾਲ)* ॥
ਉਦੋਂ ਤਕ	ਸੰਗੀ (ਜੀਵ ਆਤਮਾ)	ਨਾਲ ਹੈ

...(ਹੇ! ਸਰੀਰ ਰੂਪ ਇਸਤ੍ਰੀ! ਉਦੋਂ ਤਕ ਹੀ ਤੂੰ) ਸੁੱਖੀ ਵਸਦੀ ਹੈਂ, ਜਦੋਂ ਤਕ (ਜੀਵ ਆਤਮਾ ਰੂਪ ਤੇਰਾ) ਸਾਥੀ, ਤੇਰੇ ਨਾਲ ਰਹਿੰਦਾ ਹੈ...

ਜਾ *(ਜਾਂ)*	ਸਾਥੀ	ਉਠੀ *(ਉੱਠੀ)*	ਚਲਿਆ, *(ਚੱਲਿਆ)*
ਜਦੋਂ	ਸੰਗੀ	ਉੱਠਕੇ	ਚਲੇ ਜਾਂਦਾ

ਤਾ *(ਤਾਂ)*	ਧਨ	ਖਾਕੂ	ਰਾਲਿ *(ਰਾਲ)* ॥੧॥
ਉਦੋਂ	ਇੱਸਤ੍ਰੀ	ਮਿੱਟੀ	ਰਲ ਜਾਏਗੀ

...ਜਦੋਂ (ਤੇਰਾ) ਸਾਥੀ (ਜੀਵ ਆਤਮਾ) ਉੱਠ ਕੇ ਚਲੇ ਜਾਏਗਾ, ਤਾਂ (ਦੇਹ ਰੂਪੀ) ਇੱਸਤ੍ਰੀ ਮਿੱਟੀ ਵਿਚ ਰਲ ਜਾਏਗੀ...

ਮਨਿ *(ਮਨ)*	ਬੈਰਾਗੁ *(ਬੈਰਾਗ)*	ਭਇਆ,
ਮਨ ਵਿਚ	ਸੰਸਾਰਿਕ ਪਦਾਰਥਾਂ ਵਲੋਂ ਉਪਰਾਮਤਾ	ਪੈਦਾ ਹੋ ਗਿਆ ਹੈ

ਦਰਸਨੁ *(ਦਰਸ਼ਨ)*	ਦੇਖਣੈ	ਕਾ	ਚਾਉ॥
ਦੀਦਾਰ	ਵੇਖਣ, ਤੱਕਣ	ਦਾ	ਉਮੰਗ, ਚਾਅ

...(ਇਹ ਸਮਝਕੇ) ਹਿਰਦੇ ਵਿਚ ਸੰਸਾਰਿਕ ਪਦਾਰਥਾਂ ਵਲੋਂ ਉਪਰਾਮਤਾ ਪੈਦਾ ਹੋ ਗਈ ਹੈ, ਅਤੇ (ਸਾਹਿਬ) ਦਾ ਦੀਦਾਰ ਤੱਕਣ ਦਾ ਚਾਅ (ਉਪਜ ਪਿਆ) ਹੈ...

ਧੰਨੁ,*(ਧੰਨ)*	ਸੁ*(ਸੋ)*	ਤੇਰਾ	ਥਾਨੁ*(ਥਾਨ)* ॥੧॥	ਰਹਾਉ ॥
ਧੰਨਤਾ ਯੋਗ,ਸਲਾਹੁਣ ਯੋਗ	ਉਹ	ਤੁਹਾਡਾ	ਟਿੱਕਾਣਾ	ਠਹਿਰਾਉ

...(ਹੇ! ਵਾਹਿਗੁਰੂ) ਉਹ ਟਿਕਾਣਾ (ਭਾਵ ਹਿਰਦਾ), ਧੰਨਤਾ ਯੋਗ ਹੋ ਗਿਆ ਹੈ, ਜਿਥੇ ਤੇਰਾ (ਵਾਸਾ) ਹੈ...

ਜਿਚਰੁ*(ਜਿਚਰ)*	ਵਸਿਆ	ਕੰਤੁ*(ਕੰਤ)*	ਘਰਿ*(ਘਰ)*
ਜਦੋਂ ਤਕ	ਰਹਿੰਦਾ ਹੈ	(ਜੀਵ ਆਤਮਾ ਰੂਪੀ) ਪਤੀ	(ਕਾਇਆਂ) ਘਰ ਵਿਚ

ਜੀਉ	ਜੀਉ	ਸਭਿ*(ਸੱਭ)*	ਕਹਾਤਿ*(ਕਹਾਤ)* ॥
(ਸਤਿਕਾਰ ਨਾਲ) ਜੀ	(ਸਤਿਕਾਰ ਨਾਲ) ਜੀ	ਸਾਰੇ	ਆਖਦੇ

...ਜਦੋਂ ਤਕ (ਕਾਇਆਂ ਰੂਪੀ) ਘਰ ਵਿਚ, (ਜੀਵ ਆਤਮਾ ਰੂਪੀ) ਕੰਤ ਵਸਦਾ ਹੈ, ਸਭ (ਸਤਿਕਾਰ ਨਾਲ) ਜੀ ਜੀ ਕਹਿੰਦੇ ਹਨ...

ਜਾ*(ਜਾਂ)*	ਉਠੀ	ਚਲਸੀ	ਕੰਤੜਾ,	ਤਾ*(ਤਾਂ)*
ਜਦੋਂ	ਉੱਠਕੇ	ਤੁਰ ਜਾਏਗਾ	ਕੰਤ,ਪਤੀ	ਉਦੋਂ
ਕੋਇ	ਨ*(ਨਾਂ)*	ਪੁਛੈ,	ਤੇਰੀ	ਬਾਤ ॥੨॥
ਕੋਈ	ਨਹੀਂ	ਪੁੱਛੇਗਾ	ਤੁਹਾਡੀ	ਵਾਤ, ਸਾਰ

...ਜਦੋਂ (ਜੀਵ ਆਤਮਾ ਰੂਪੀ) ਕੰਤ ਉਠ ਕੇ ਤੁਰ ਜਾਏਗਾ, ਤਾਂ ਤੇਰੀ ਕਿਸੇ ਨੇ ਵੀ ਸਾਰ ਨਹੀਂ ਪੁੱਛਣੀ...

ਪੇਈਅੜੈ	ਸਹੁ*(ਸ਼ਹੁ)*	ਸੇਵਿ*(ਸੇਵ)*	ਤੂੰ,
ਪੇਕੇ ਘਰ	ਪਤੀ	ਸਿਮਰ,ਅਰਾਧ	ਤੁਸੀਂ

ਸਾਹੁਰੜੈ	ਸੁਖਿ*(ਸੁੱਖ)*	ਵਸੁ*(ਵਸ)* ॥
ਸਹੁਰੇ ਘਰ	ਸੁੱਖੀ, ਆਨੰਦਿਤ	ਰਹੁ

...ਤੂੰ (ਆਪਣੇ) ਮਾਪਿਆਂ ਦੇ ਘਰ (ਭਾਵ ਇਸ ਜਗਤ ਵਿਚ ਹੀ ਪ੍ਰਭੂ) ਕੰਤ ਦਾ ਸਿਮਰਨ ਕਰ, ਤਾਂ ਕਿ ਸਹੁਰੇ ਘਰ (ਭਾਵ ਰੱਬੀ ਦਰਗਾਹ ਤੇ ਜਾਕੇ) ਸੁਖੀ ਵਸ ਸਕੇਂ...

ਗੁਰ	ਮਿਲਿ*(ਮਿਲ)*	ਚਜੁ*(ਚਜ)*	ਅਚਾਰੁ*(ਅਚਾਰ)*	ਸਿਖੁ,*(ਸਿੱਖ)*
ਸਤਿਗੁਰੂ	ਮਿਲ ਕੇ	ਜਾਚ	ਰਹਿਣੀ ਬਹਿਣੀ	ਸਿੱਖਿਆ ਲੈ

ਤੁਧੁ *(ਤੁਧ)*	ਕਦੇ	ਨ *(ਨਾਂ)*	ਲਗੈ	ਦੁਖੁ *(ਦੁੱਖ)* ॥੩॥
ਤੈਨੂੰ	ਕਦੀ	ਨਹੀਂ	ਲਗੇਗਾ	ਤਕਲੀਫ਼, ਕਸ਼ਟ

...(ਇਸ ਸਭ ਕੁਝ ਦੀ) ਜਾਚ ਅਤੇ ਰਹਿਣੀ ਬਹਿਣੀ ਦੀ ਸਿੱਖਿਆ ਸਤਿਗੁਰੂ ਨੂੰ ਮਿਲਕੇ ਲੈ, (ਫਿਰ ਤੈਨੂੰ) ਕਦੇ ਦੁੱਖ, ਤਕਲੀਫ਼ ਨਹੀਂ ਲਗੇਗਾ...

ਸਭਨਾ	ਸਾਹੁਰੈ	ਵੰਞਣਾ,
ਸਾਰਿਆਂ	ਸਹੁਰੇ ਘਰ, ਪਤੀ ਦੇ ਘਰ	ਜਾਣਾ ਹੈ

ਸਭਿ *(ਸੱਭ)*	ਮੁਕਲਾਵਣਹਾਰ ॥
ਸਾਰੀਆਂ	ਮੁਕਲਾਵੇ ਜਾਣ ਵਾਲੀਆਂ (ਮੁਕਲਾਵਾ ਵਿਆਹ ਤੋਂ ਮਗਰੋਂ ਲੜਕੀ ਨੂੰ ਦੂਸਰੀ ਵਾਰ ਸਹੁਰੇ ਭੇਜਣ ਦੀ ਰਸਮ ਹੈ)

...(ਆਖ਼ਰ ਨੂੰ) ਸਭਨਾਂ ਨੇ ਸਹੁਰੇ ਘਰ, (ਭਾਵ ਪ੍ਰਭੂ ਪਾਸ) ਜਾਣਾ ਹੀ ਹੈ, ਅਤੇ ਸਾਰੀਆਂ ਹੀ ਮੁਕਲਾਵੇ ਜਾਣ ਵਾਲੀਆਂ ਹਨ, (ਭਾਵ ਸਭਨਾਂ ਦੀ ਸੰਸਾਰ ਤੋਂ ਵਿਦਾਇਗੀ ਹੋਣੀ ਹੀ ਹੈ)...

ਨਾਨਕ,	ਧੰਨੁ *(ਧੰਨ)*	ਸੋਹਾਗਣੀ,
ਹੇ! ਨਾਨਕ	ਸ਼ਲਾਘਾ ਯੋਗ	ਸੁਹਾਗਵੰਤੀ

ਜਿਨ *(ਜਿਨ੍ਹ)*	ਸਹ *(ਸ਼ਹੁ)*	ਨਾਲਿ *(ਨਾਲ)*	ਪਿਆਰੁ *(ਪਿਆਰ)* ॥੪॥੨੩॥੯੩॥
ਜਿਨ੍ਹਾਂ ਦਾ	(ਪ੍ਰਭੂ) ਪਤੀ	ਸੰਗ, ਸਾਥ	ਪ੍ਰੀਤ

...ਹੇ! ਨਾਨਕ! ਧੰਨਤਾ ਯੋਗ ਹਨ, ਉਹ (ਗੁਰਮੁੱਖ) ਸੁਹਾਗਣਾਂ ਜਿਨ੍ਹਾਂ ਦੀ ਆਪਣੇ (ਪ੍ਰਭੂ) ਪਤੀ ਨਾਲ ਪ੍ਰੀਤ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)*	ਘਰੁ *(ਘਰ)*	੬ *(ਛੇਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ	ਤਾਲ ਦਾ ਸੰਕੇਤ	ਛੇਵਾਂ

ਕਰਣ	ਕਾਰਣ	ਏਕੁ *(ਏਕ)*	ਓਹੀ,
ਕਰਤਾ	ਸਬੱਬ, ਕਾਰਨ	ਇੱਕ	ਉਹ (ਪ੍ਰਭੂ)

ਜਿਨਿ *(ਜਿਨ੍ਹ)*	ਕੀਆ	ਆਕਾਰੁ *(ਆਕਾਰ)* ॥
ਜਿਸਨੇ	ਕੀਤਾ, ਸਾਜਿਆ	ਵਜੂਦ, (ਬ੍ਰਹਿਮੰਡ ਦਾ) ਪਸਾਰਾ

...ਜਿਸ (ਵਾਹਿਗੁਰੂ) ਨੇ (ਸਾਰੇ) ਬ੍ਰਹਿਮੰਡੀ ਪਸਾਰੇ ਨੂੰ ਸਾਜਿਆ ਹੈ, ਇਸ ਦਾ ਕਰਤਾ ਅਤੇ ਸਾਜਣ ਦਾ ਸਬੱਬ ਉਹ (ਪਰਮਾਤਮਾ) ਆਪ ਹੀ ਹੈ।...

ਅੰਕ ੫੧

ਤਿਸਹਿ *(ਤਿਸਹਿਂ)*	ਧਿਆਵਹੁ	ਮਨ	ਮੇਰੇ,
ਉਸ (ਪ੍ਰਭੂ) ਨੂੰ	ਅਰਾਧੋ, ਸਿਮਰੋ	ਚਿੱਤ	ਆਪਣੇ

ਸਰਬ	ਕੋ	ਆਧਾਰੁ *(ਆਧਾਰ)* ॥੧॥
ਸਾਰਿਆਂ	ਦਾ	ਆਸਰਾ,ਓਟ

...ਹੇ! ਮੇਰੇ ਮਨਾਂ! ਉਸ ਪਰਮਾਤਮਾ ਦਾ ਸਿਮਰਨ ਕਰ, ਜੋ ਸਾਰਿਆਂ ਦਾ ਓਟ, ਆਸਰਾ ਹੈ...

ਗੁਰ	ਕੇ	ਚਰਨ,	ਮਨ	ਮਹਿ *(ਮਹਿਂ)*	ਧਿਆਇ॥
ਸਤਿਗੁਰੂ	ਦੇ	ਪੈਰ	ਹਿਰਦੇ	ਵਿਚ	ਸਿਮਰ, ਅਰਾਧ

...ਹਿਰਦੇ ਅੰਦਰ ਸਤਿਗੁਰੂ ਦੇ ਚਰਨਾਂ ਦਾ ਧਿਆਨ ਕਰ। (ਭਾਵ ਗੁਰ-ਸ਼ਬਦ ਦਾ ਚਿੰਤਨ ਕਰ)...

ਛੋਡਿ *(ਛੋਡ)*	ਸਗਲ	ਸਿਆਣਪਾ, *(ਸਿਆਣਪਾਂ)*
ਤਿਆਗ ਦੇਹ, ਛੱਡ ਦੇਹ	ਸਾਰੀਆਂ	ਚਤੁਰਾਈਆਂ

ਸਾਚਿ *(ਸਾਚ)*	ਸਬਦਿ *(ਸ਼ਬਦ)*	ਲਿਵ	ਲਾਇ॥੧॥	ਰਹਾਉ ॥
ਸਦਾ ਸਥਿਰ ਪ੍ਰਭੂ (ਵਿਚ)	(ਗੁਰ) ਸ਼ਬਦ ਰਾਹੀਂ	ਧਿਆਨ	ਲਗਾ	ਠਹਿਰਾਉ

...(ਮਨ ਦੀਆਂ) ਸਭ ਚਤੁਰਾਈਆਂ ਛੱਡ ਦੇਹ, ਅਤੇ ਗੁਰ-ਸ਼ਬਦ ਦੁਆਰਾ ਸਦਾ-ਸਥਿਰ (ਪਰਮਾਤਮਾ) ਵਿਚ ਧਿਆਨ ਜੋੜ।...

ਦੁਖੁ *(ਦੁੱਖ)*	ਕਲੇਸੁ *(ਕਲੇਸ਼)*	ਨ *(ਨਾਂ)*	ਭਉ	ਬਿਆਪੈ,
ਤਕਲੀਫ਼	ਕਸ਼ਟ	ਨਹੀਂ	ਡਰ	ਵਿਆਪਦਾ, ਲਗਦਾ

ਗੁਰ ਮੰਤ੍ਰੁ *(ਮੰਤਰ)*	ਹਿਰਦੈ	ਹੋਇ॥
ਸਤਿਗੁਰੂ-ਸ਼ਬਦ/ਉਪਦੇਸ਼	ਚਿੱਤ ਵਿਚ	ਹੋਵੇ

...ਜੇਕਰ ਹਿਰਦੇ ਵਿਚ ਗੁਰ-ਸ਼ਬਦ ਦਾ ਟਿਕਾਓ ਹੋਵੇ, ਤਾਂ (ਜੀਵ ਨੂੰ ਕੋਈ ਵੀ) ਦੁੱਖ, ਕਲੇਸ਼ ਅਤੇ ਡਰ ਨਹੀਂ ਵਿਆਪਦਾ।...

ਕੋਟਿ *(ਕੋਟ)*	ਜਤਨਾ	ਕਰਿ *(ਕਰ)*	ਰਹੇ,
ਕਰੋੜਾਂ	ਕੋਸ਼ਿਸ਼ਾਂ	ਕਰਕੇ	ਰਹਿ ਗਏ, ਥੱਕ ਗਏ

ਅੰਕ ੫੧

ਗੁਰ	**ਬਿਨੁ** *(ਬਿਨ)*	**ਤਰਿਓ**	**ਨ** *(ਨਾਂ)*	**ਕੋਇ॥੨॥**
ਸਤਿਗੁਰੂ	ਬਗੈਰ	ਤਰਿਆ	ਨਹੀਂ	ਕੋਈ ਵੀ

...(ਸੰਸਾਰ ਦੇ ਦੁੱਖ ਕਲੇਸ਼ਾਂ ਤੋਂ ਬਚਣ ਲਈ ਜੀਵ ਹੋਰ) ਕਰੋੜਾਂ ਯਤਨ ਕਰ ਕਰ ਕੇ ਥੱਕ ਗਏ, ਪਰ ਸਤਿਗੁਰੂ ਤੋਂ ਬਿਨਾਂ (ਸੰਸਾਰ ਦੇ ਦੁੱਖਾਂ ਰੂਪੀ ਭਵਸਾਗਰ ਤੋਂ) ਕੋਈ ਵੀ ਪਾਰ ਨਹੀਂ ਉਤਰ ਸਕਿਆ।...

ਦੇਖਿ *(ਦੇਖ)*	**ਦਰਸਨੁ,** *(ਦਰਸ਼ਨ)*	**ਮਨੁ** *(ਮਨ)*	**ਸਾਧਾਰੈ,**
ਵੇਖ ਕੇ	ਦੀਦਾਰ	ਹਿਰਦਾ	ਆਸਰੇ ਸਹਿਤ

ਪਾਪ	**ਸਗਲੇ**	**ਜਾਹਿ** *(ਜਾਹਿਂ)* ॥
ਗੁਨਾਹ, ਅਪਰਾਧ	ਸਾਰੇ	ਚਲੇ ਜਾਂਦੇ ਹਨ

...(ਸਤਿਗੁਰੂ) ਦੇ ਦੀਦਾਰ ਕਰਕੇ (ਧਰਮ-ਸਾਧਕ ਦਾ) ਹਿਰਦਾ (ਗੁਰੂ ਦੇ) ਓਟ, ਆਸਰੇ ਵਿਚ ਹੋ ਜਾਂਦਾ ਹੈ ਅਤੇ ਸਭ ਪਾਪ ਮਿੱਟ ਜਾਂਦੇ ਹਨ।...

ਹਉ *(ਹਉਂ)*	**ਤਿਨ** *(ਤਿਨ੍ਹ)*	**ਕੈ**	**ਬਲਿਹਾਰਣੈ,**
ਮੈਂ	ਉਨ੍ਹਾਂ	ਦੇ	ਬਲਿਹਾਰ/ਕੁਰਬਾਨ ਜਾਂਦਾ ਹਾਂ

ਜਿ *(ਜੇ)*	**ਗੁਰ**	**ਕੀ**	**ਪੈਰੀ** *(ਪੈਰੀਂ)*	**ਪਾਹਿ** *(ਪਾਹਿਂ)* ॥੩॥
ਜੇਕਰ	ਸਤਿਗੁਰੂ	ਦੀ	ਚਰਨੀ	ਪੈਂਦੇ ਹਨ, ਡਿੱਗਦੇ ਹਨ

...ਮੈਂ ਉਨ੍ਹਾਂ ਦੇ ਕੁਰਬਾਨ ਜਾਂਦਾ ਹਾਂ ਜੋ ਸਤਿਗੁਰੂ ਦੇ ਚਰਨਾਂ ਤੇ ਡਿਗ ਪੈਂਦੇ ਹਨ, (ਭਾਵ ਸਤਿਗੁਰੂ ਨੂੰ ਪੂਰਨ ਤੌਰ ਤੇ ਸਮਰਪਿਤ ਹੋ ਜਾਂਦੇ ਹਨ।)...

ਸਾਧਸੰਗਤਿ *(ਸਾਧਸੰਗਤ)*	**ਮਨਿ** *(ਮਨ)*	**ਵਸੈ,**
ਸੱਤ ਪੁਰਸ਼ਾਂ ਦੀ ਸੰਗਤ ਰਾਹੀਂ	ਹਿਰਦੇ ਵਿਚ	ਵੱਸ ਜਾਂਦਾ ਹੈ

ਸਾਚੁ *(ਸਾਚ)*	**ਹਰਿ** *(ਹਰ)*	**ਕਾ**	**ਨਾਉ** *(ਨਾਉਂ)* ॥
ਸਦਾ ਸਥਿਰ	ਪ੍ਰਭੂ	ਦਾ	ਨਾਮ/ਸਿਮਰਨ

...ਸੱਤ ਪੁਰਸ਼ਾਂ ਦੀ ਸੰਗਤ ਦੁਆਰਾ ਸਦਾ-ਸਥਿਰ ਵਾਹਿਗੁਰੂ ਦਾ ਨਾਮ ਹਿਰਦੇ ਵਿਚ ਵਸ ਜਾਂਦਾ ਹੈ।...

ਸੇ	**ਵਡਭਾਗੀ**	**ਨਾਨਕਾ,**
ਉਹ	ਵੱਡਿਆਂ ਭਾਗਾਂ ਵਾਲੇ	ਹੇ! ਨਾਨਕ!

ਜਿਨਾ *(ਜਿਨ੍ਹਾਂ)*	ਮਨਿ *(ਮਨ)*	ਇਹੁ *(ਇਹ)*	ਭਾਉ ॥੪॥੨੪॥੯੪॥
ਜਿਨ੍ਹਾਂ ਦੇ	ਚਿੱਤ ਵਿਚ	ਇਹ	ਪ੍ਰੇਮ

ਹੇ! ਨਾਨਕ! ਜਿਨ੍ਹਾਂ ਦੇ ਮਨ ਵਿਚ ਇਹ (ਸੱਤ-ਸੰਗਤ ਰੂਪੀ) ਪ੍ਰੀਤ ਹੈ, ਉਹ ਵੱਡਿਆਂ ਭਾਗਾਂ ਵਾਲੇ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸੰਚਿ *(ਸੰਚ)*	ਹਰਿ *(ਹਰ)*	ਧਨੁ, *(ਧਨ)*	ਪੂਜਿ *(ਪੂਜ)*	ਸਤਿਗੁਰੁ, *(ਸਤਗੁਰ)*
ਜੋੜ, ਇਕੱਠਾ ਕਰ	ਪ੍ਰਭੂ	ਦੌਲਤ	ਉਪਾਸ਼ਨਾ ਕਰ	ਸਚਾ ਗੁਰੂ

ਛੋਡਿ *(ਛੋਡ)*	ਸਗਲ	ਵਿਕਾਰ ॥
ਛੱਡ ਦੇ, ਤਿਆਗ ਦੇ	ਸਾਰੇ	ਕੁਕਰਮ

...ਹੇ! ਭਾਈ! ਸਭ ਕੁਕਰਮਾਂ ਦਾ ਤਿਆਗ ਕਰਕੇ, ਸਤਿਗੁਰੂ ਦਾ ਪੂਜਨ ਕਰ, (ਅਤੇ ਇਵੇਂ) ਵਾਹਿਗੁਰੂ ਦੇ ਨਾਮ ਰੂਪੀ ਦੌਲਤ ਨੂੰ ਇਕੱਤ੍ਰ ਕਰ।...

ਜਿਨਿ *(ਜਿਨ੍)*	ਤੂੰ	ਸਾਜਿ *(ਸਾਜ)*	ਸਵਾਰਿਆ,
ਜਿਸ ਨੇ	ਤੈਨੂੰ	ਸਿਰਜ ਕੇ	ਸੰਵਾਰਿਆ, ਸ਼ਿੰਗਾਰਿਆ

ਹਰਿ *(ਹਰ)*	ਸਿਮਰਿ *(ਸਿਮਰ)*	ਹੋਇ	ਉਧਾਰੁ *(ਉਧਾਰ)* ॥੧॥
ਪ੍ਰਭੂ	ਧਿਆਉਣ ਰਾਹੀਂ	ਹੋ ਜਾਏਗਾ	ਨਿਸਤਾਰਾ, ਪਾਰ ਉਤਾਰਾ

...ਜਿਸ (ਪਰਮਾਤਮਾ) ਨੇ ਤੈਨੂੰ ਸਿਰਜ ਕੇ ਸੰਵਾਰਿਆ ਸ਼ਿੰਗਾਰਿਆ ਹੈ, (ਉਸ) ਹਰੀ ਨੂੰ ਧਿਆਉਣ ਰਾਹੀਂ (ਤੇਰਾ ਸੰਸਾਰ ਸਾਗਰ ਤੋਂ) ਪਾਰ ਉਤਾਰਾ ਹੋ ਜਾਏਗਾ।...

ਜਪਿ *(ਜਪ)*	ਮਨ,	ਨਾਮੁ *(ਨਾਮ)*	ਏਕੁ *(ਏਕ)*	ਅਪਾਰੁ *(ਅਪਾਰ)* ॥
ਸਿਮਰ	ਚਿੱਤ	(ਪ੍ਰਭੂ) ਨਾਮ	ਇੱਕੋ	ਅਨੰਤ

...ਹੇ! ਮਨਾ! (ਉਸ) ਇਕ ਅਨੰਤ (ਪਰਮਾਤਮਾ ਦਾ) ਨਾਮ ਸਿਮਰ...

ਪ੍ਰਾਨ	ਮਨੁ *(ਮਨ)*	ਤਨੁ *(ਤਨ)*	ਜਿਨਹਿ *(ਜਿਨਹਿ)*	ਦੀਆ,
ਪ੍ਰਾਣ, ਜਿੰਦ	ਚਿੱਤ	ਸਰੀਰ	ਜਿਸ ਨੇ	ਦਿੱਤਾ

ਰਿਦੇ	ਕਾ	ਆਧਾਰੁ *(ਆਧਾਰ)* ॥੧॥	ਰਹਾਉ ॥
ਦਿਲ, ਹਿਰਦਾ	ਦਾ	ਆਸਰਾ, ਓਟ	ਠਹਿਰਾਉ

ਅੰਕ ੫੧

...ਜਿਸ ਨੇ (ਤੈਨੂੰ) ਪ੍ਰਾਣ, ਚਿੱਤ, ਸਰੀਰ ਦਿੱਤੇ ਹਨ, ਅਤੇ ਜੋ (ਸਭਨਾਂ ਦੇ) ਹਿਰਦੇ ਦਾ ਓਟ, ਆਸਰਾ ਵੀ ਹੈ।...

ਕਾਮਿ *(ਕਾਮ)*	**ਕ੍ਰੋਧਿ** *(ਕਰੋਧ)*	**ਅਹੰਕਾਰਿ** *(ਅਹੰਕਾਰ)*	**ਮਾਤੇ,**
ਭੋਗ ਇੱਛਾ	ਗੁੱਸਾ	ਹਉਮੈ	ਮਸਤ, ਮਗਨ

ਵਿਆਪਿਆ	**ਸੰਸਾਰੁ** *(ਸੰਸਾਰ)* ॥
ਚੰਬੜਿਆ ਹੋਇਆ, ਗ੍ਰੱਸ ਰਿਹਾ ਹੈ	ਦੁਨੀਆਂ

...ਜਿਨ੍ਹਾਂ ਨੂੰ ਸੰਸਾਰ ਦਾ ਮਾਇਆ, ਮੋਹ ਵਿਆਪਿਆ ਹੋਇਆ ਹੈ, ਉਹ ਕਾਮ, ਕ੍ਰੋਧ ਅਤੇ ਹਉਮੈਂ ਵਿਚ ਮਸਤ ਹੋਏ ਰਹਿੰਦੇ ਹਨ।...

ਪਉ	**ਸੰਤ**	**ਸਰਣੀ,** *(ਸ਼ਰਣੀਂ)*	**ਲਾਗੁ** *(ਲਾਗ)*	**ਚਰਣੀ,** *(ਚਰਣੀਂ)*
ਪੈ, ਡਿੱਗ	ਸੱਤ ਪੁਰਸ਼	ਸ਼ਰਣ ਵਿਚ	ਲਗ	ਚਰਨਾਂ ਨੂੰ

ਮਿਟੈ	**ਦੂਖੁ** *(ਦੁਖ)*	**ਅੰਧਾਰੁ** *(ਅੰਧਾਰ)* ॥੨॥
ਮਿਟ ਜਾਵੇ	ਕਸ਼ਟ	ਹਨ੍ਹੇਰਾ

...(ਤੂੰ) ਸੱਤ ਪੁਰਸ਼ਾਂ ਦੀ ਸ਼ਰਣ ਵਿਚ ਡਿਗ ਪੈ, ਉਨ੍ਹਾਂ ਦੀ ਚਰਣੀ ਲਗ ਜਾਹ, (ਤਾਂਕਿ ਤੇਰਾ ਅਗਿਆਨ ਦਾ) ਹਨ੍ਹੇਰਾ ਖ਼ਤਮ ਹੋ ਜਾਏ...

ਸਤੁ *(ਸੱਤ)*	**ਸੰਤੋਖੁ** *(ਸੰਤੋਖ)*	**ਦਇਆ**	**ਕਮਾਵੈ,**
ਸੱਚ	ਸਬਰ	ਤਰਸ, ਰਹਿਮ	ਕਮਾਈ ਕਰੇ

ਏਹ	**ਕਰਣੀ**	**ਸਾਰ** ॥
ਇਹ	ਕਰਮ	ਸ੍ਰੇਸ਼ਟ

...(ਜੀਵ) ਸੱਚ, ਸਬਰ ਅਤੇ ਦਇਆ ਦੀ ਕਾਰ ਕਮਾਵੈ, ਇਹੋ ਹੀ (ਜੀਵਨ ਦਾ ਸਭ ਤੋਂ) ਸ੍ਰੇਸ਼ਟ ਕਰਮ ਹੈ...

ਆਪੁ *(ਆਪ)*	**ਛੋਡਿ,** *(ਛੋਡ)*	**ਸਭ**	**ਹੋਇ**	**ਰੇਣਾ,**
ਆਪ ਭਾਵ	ਛੱਡਕੇ, ਤਿਆਗ ਕੇ	ਸਾਰਿਆਂ	ਹੋ ਜਾਂਦਾ	ਧੂੜ

ਜਿਸੁ *(ਜਿਸ)*	**ਦੇਇ**	**ਪ੍ਰਭੁ** *(ਪ੍ਰਭ)*	**ਨਿਰੰਕਾਰੁ** *(ਨਿਰੰਕਾਰ)* ॥੩॥
ਜੀਹਨੂੰ	ਦਿੰਦਾ ਹੈ	ਪਰਮਾਤਮਾ	ਵਾਹਿਗੁਰੂ

ਅੰਕ ੫੧

...ਜਿਸ ਨੂੰ ਨਿਰੰਕਾਰ ਪਰਮਾਤਮਾ (ਆਪਣੇ ਨਾਮ ਦੀ ਬਖਸ਼ਿਸ਼) ਦਿੰਦਾ ਹੈ, (ਉਹ) ਹਉਂ ਨੂੰ ਛੱਡਕੇ ਸਭਨਾਂ ਦੇ (ਚਰਨਾਂ ਦੀ) ਧੂੜ ਬਣ ਜਾਂਦਾ ਹੈ।...

ਜੋ	**ਦੀਸੈ,**	**ਸੋ**	**ਸਗਲ**	**ਤੂੰ**	**ਹੈ,** *(ਹੈ)*
ਜਿਹੜਾ	ਨਜ਼ਰ ਆਉਂਦਾ	ਉਹ	ਸਾਰਾ	ਤੁਸੀਂ	ਹੋਣ ਦੀ ਕ੍ਰਿਆ

ਪਸਰਿਆ	**ਪਾਸਾਰੁ** *(ਪਾਸਾਰ)* ॥
ਫੈਲਿਆ	ਪਸਾਰਾ, ਖਿਲਾਰ

...(ਬ੍ਰਹਿਮੰਡ ਦਾ ਜਿਤਨਾ ਵੀ) ਪਸਾਰਾ ਫੈਲਿਆ ਹੋਇਆ ਨਜ਼ਰ ਆਉਂਦਾ ਹੈ, ਹੇ! ਵਾਹਿਗੁਰੂ! ਉਹ ਸਭ ਤੂੰ ਆਪ ਹੀ ਹੈਂ...

ਕਹੁ	**ਨਾਨਕ,**	**ਗੁਰਿ** *(ਗੁਰ)*	**ਭਰਮੁ** *(ਭਰਮ)*	**ਕਾਟਿਆ,**
ਆਖ	ਹੇ! ਨਾਨਕ	ਸਤਿਗੁਰੂ ਨੇ	ਭੁਲੇਖਾ, ਸੰਦੇਹ	ਕੱਟ ਦਿੱਤਾ

ਸਗਲ	**ਬ੍ਰਹਮ**	**ਬੀਚਾਰੁ** *(ਬੀਚਾਰ)* ॥੪॥੨੫॥੯੫॥
ਸਾਰਾ	ਪਰਮਾਤਮਾ	ਵਿਚਾਰ

ਹੇ! ਨਾਨਕ! ਆਖ ਕਿ ਸਤਿਗੁਰੂ ਨੇ ਜਿਸਦਾ (ਮਾਇਆ ਦੀ ਭਟਕਣ ਵਾਲਾ) ਭਰਮ-ਭੁਲੇਖਾ ਦੂਰ ਕਰ ਦਿੱਤਾ ਹੈ, ਉਸਨੂੰ ਹਮੇਸ਼ਾਂ ਇਹੀ ਵਿਚਾਰ ਰਹਿੰਦਾ ਹੈ ਕਿ ਪਰਮਾਤਮਾ ਹਰ ਥਾਂ ਵਿਆਪਕ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਦੁਕ੍ਰਿਤ	**ਸੁਕ੍ਰਿਤ**	**ਮੰਧੇ,**	**ਸੰਸਾਰੁ** *(ਸੰਸਾਰ)*	**ਸਗਲਾਣਾ** ॥
ਮਾੜਾ ਕਰਮ	ਚੰਗਾ ਕਰਮ	ਵਿਚ	ਦੁਨੀਆਂ	ਸਭ, ਸਾਰਾ

ਸਾਰਾ ਸੰਸਾਰ ਚੰਗੇ ਮਾੜੇ ਕਰਮਾਂ ਵਿਚ, ਭਾਵ ਪਾਪ ਪੁੰਨ ਵਾਲੇ ਕੰਮਾਂ ਦੀ ਵਿਚਾਰ ਵਿਚ (ਖ਼ਚਿਤ ਹੋਇਆ ਪਿਆ) ਹੈ।...

ਦੁਹਹੂੰ	**ਤੇ**	**ਰਹਤ** *(ਰਹਿਤ)*	**ਭਗਤੁ** *(ਭਗਤ)*	**ਹੈ,**
ਦੋਹਾਂ	ਤੋਂ	ਪਰ੍ਹੇ, ਉਚੇਰਾ	ਭਗਤੀ ਕਰਨ ਵਾਲਾ	ਹੋਣ ਦੀ ਕ੍ਰਿਆ

ਕੋਈ	**ਵਿਰਲਾ**	**ਜਾਣਾ** ॥੧॥
ਕੋਈ ਇਕ ਅੱਧਾ	ਟਾਂਵਾਂ	ਜਾਣਿਆ ਜਾਂਦਾ, ਭਾਵ ਲਗਦਾ, ਪ੍ਰਤੀਤ ਹੁੰਦਾ ਹੈ

ਅੰਕ ੫੧

...ਪਰ (ਵਾਹਿਗੁਰੂ) ਦਾ ਕੋਈ ਵਿਰਲਾ ਭਗਤ ਹੀ, ਇਨ੍ਹਾਂ ਦੋਹਾਂ (ਪਾਪ ਪੁੰਨ ਵਾਲੇ ਝਮੇਲੇ) ਤੋਂ ਪਰ੍ਹੇ ਪ੍ਰਤੀਤ ਹੁੰਦਾ ਹੈ।...

ਠਾਕੁਰੁ, *(ਠਾਕੁਰ)*	**ਸਰਬੇ**	**ਸਮਾਣਾ ॥**
ਮਾਲਕ, ਪਰਮਾਤਮਾ	ਸਾਰਿਆਂ ਵਿਚ	ਵਿਆਪਕ, ਸਮਾਇਆ ਹੋਇਆ

...ਮਾਲਕ (ਵਾਹਿਗੁਰੂ ਸੰਸਾਰ ਦੇ) ਸਾਰਿਆਂ (ਜੀਵਾਂ ਵਿਚ) ਵਿਆਪਕ ਹੈ।...

ਕਿਆ,	**ਕਹਉ,** *(ਕਹਉਂ)*	**ਸੁਣਉ,** *(ਸੁਣਉਂ)*	**ਸੁਆਮੀ,**
ਕੀ	ਕਹਾਂ	ਸੁਣਾਂ	ਮਾਲਕ

ਤੂੰ	**ਵਡ**	**ਪੁਰਖੁ** *(ਪੁਰਖ)*	**ਸੁਜਾਣਾ ॥੧॥**	**ਰਹਾਉ ॥**
ਤੁਸੀਂ	ਵੱਡਾ, ਮਹਾਨ	ਪੁਰਸ਼(ਪਰਮਸੱਤਾ)	ਸਿਆਣਾ	ਠਹਿਰਾਉ

...ਹੇ! ਮਾਲਕ! ਤੂੰ ਸਭ ਕੁਝ ਜਾਨਣ ਵਾਲਾ ਮਹਾਨ ਪੁਰਸ਼ ਹੈਂ, (ਹੋਰ ਮੈਂ ਤੇਰੇ ਬਾਰੇ) ਕੀ ਕਹਾਂ ਤੇ ਕੀ ਸੁਣਾਂ?...

ਮਾਨ	**ਅਭਿਮਾਨ**	**ਮੰਧੇ,**	**ਸੋ**	**ਸੇਵਕੁ** *(ਸੇਵਕ)*	**ਨਾਹੀ** *(ਨਾਹੀਂ)* **॥**
ਇੱਜ਼ਤ	ਅਪਮਾਨ	ਵਿਚ	ਉਹ	ਟਹਿਲੂਆ	ਨਹੀਂ

...ਜੋ (ਜੀਵਨ ਵਿਚ) ਇੱਜ਼ਤ ਅਤੇ ਅਪਮਾਨ ਦੇ (ਚੱਕਰ) ਵਿਚ ਹੀ ਪਿਆ ਰਹਿੰਦਾ ਹੈ, ਉਹ (ਸੱਚਾ) ਸੇਵਕ ਨਹੀਂ ਹੋ ਸਕਦਾ...

ਤਤ *(ਤੱਤ)*	**ਸਮਦਰਸੀ** *(ਸਮਦਰਸ਼ੀ)*	**ਸੰਤਹੁ,**
(ਪਰਮਾਤਮ) ਸਾਰ	ਸਮਾਨ ਦ੍ਰਿਸ਼ਟੀ	ਸੱਤ ਪੁਰਸ਼ੋ!

ਕੋਈ	**ਕੋਟਿ** *(ਕੋਟ)*	**ਮੰਧਾਹੀ** *(ਮੰਧਾਹੀਂ)* **॥੨॥**
ਕੋਈ ਇਕ,ਵਿਰਲਾ	ਕਰੋੜਾਂ	ਵਿਚ

...ਹੇ! ਸੱਤ ਪੁਰਸ਼ੋ! ਸਮ-ਦ੍ਰਿਸ਼ਟ ਹੋਕੇ (ਬ੍ਰਹਿਮੰਡ ਵਿਚ ਵਿਆਪਕ ਪਰਮਾਤਮ) ਤੱਤ ਨੂੰ ਜਾਣਨ ਵਾਲਾ, ਕਰੋੜਾਂ ਵਿਚ ਕੋਈ ਇਕ ਅੱਧ ਹੀ ਹੁੰਦਾ ਹੈ।...

ਕਹਨ *(ਕਹਿਨ)*	**ਕਹਾਵਨ,**	**ਇਹੁ** *(ਇਹ)*	**ਕੀਰਤਿ** *(ਕੀਰਤ)*	**ਕਰਲਾ ॥**
ਕਹਿਣਾ	ਕਹਾਉਣ	ਸਥਿਤੀ ਸੰਕੇਤਕ	ਸਿਫ਼ਤ	ਰਸਤਾ

...(ਵਾਹਿਗੁਰੂ ਬਾਰੇ) ਨਿਰੇ ਕਹਿਣ-ਕਹਾਉਣ ਨੂੰ ਹੀ (ਲੋਕਾਂ ਨੇ ਪਰਮਾਤਮਾ ਦੀ) ਸਿਫ਼ਤ-ਸਲਾਹ ਦਾ ਮਾਰਗ ਪਰਵਾਨ ਕੀਤਾ ਹੋਇਆ ਹੈ।...

ਅੰਕ ੫੧

ਕਥਨ	ਕਹਨ *(ਕਹਿਨ)*	ਤੇ	ਮੁਕਤਾ,
ਗੱਲਾਂ	ਕਹਿਣ	ਤੋਂ	ਅਜ਼ਾਦ

ਗੁਰਮੁਖਿ *(ਗੁਰਮੁਖ)*	ਕੋਈ	ਵਿਰਲਾ ॥੩॥
ਗੁਰੂ ਦੀ ਸਨਮੁਖਤਾ ਰਾਹੀਂ	ਕੋਈ ਇਕ	ਟਾਵਾਂ

...(ਪਰ) ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਕੋਈ ਵਿਰਲਾ (ਜਨ ਹੀ, ਨਿਰੀਆਂ) ਗੱਲਾਂ ਕਰਨ ਵਾਲੇ (ਚੁੰਚ ਗਿਆਨ) ਤੋਂ ਮੁਕਤ ਹੁੰਦਾ ਹੈ...

ਗਤਿ *(ਗੱਤ)*	ਅਵਿਗਤਿ, *(ਅਵਿਗੱਤ)*	ਕਛੂ *(ਕਛ)*	ਨਦਰਿ *(ਨਦਰ)*	ਨ *(ਨਾਂ)*	ਆਇਆ ॥
ਮੁਕਤ ਅਵਸਥਾ	ਅਮੁਕਤ	ਕੁਝ	ਨਜ਼ਰ	ਨਹੀਂ	ਆਉਂਦਾ

...(ਉਨ੍ਹਾਂ ਨੂੰ) ਬੰਧਨਮਈ ਅਤੇ ਬੰਧਨ-ਮੁਕਤ ਅਵਸਥਾ ਫਿਰ ਨਜ਼ਰ ਹੀ ਨਹੀਂ ਆਉਂਦੀ, ਭਾਵ ਅਨੁਭਵ ਹੀ ਨਹੀਂ ਹੁੰਦੀ...

ਸੰਤਨ	ਕੀ	ਰੇਣੁ, *(ਰੇਣ)*	ਨਾਨਕ,	ਦਾਨੁ *(ਦਾਨ)*	ਪਾਇਆ ॥੪॥੨੬॥੯੬॥
ਸੱਤ ਪੁਰਸ਼ਾਂ	ਦੀ	ਧੂੜ	ਹੇ! ਨਾਨਕ	ਦਾਤ,ਬਖਸ਼ਿਸ਼	ਪਾ ਲਈ ਹੈ

...(ਜਿਨ੍ਹਾਂ ਨੇ) ਹੇ! ਨਾਨਕ! ਸੱਤ-ਪੁਰਸ਼ਾਂ ਦੀ (ਚਰਨ) ਧੂੜ ਦੀ ਬਖਸ਼ਿਸ਼ ਪ੍ਰਾਪਤ ਕਰ ਲਈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)*	ਘਰੁ *(ਘਰ)*	੭ *(ਸੱਤਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ	ਤਾਲ ਦਾ ਸੰਕੇਤ	ਸੱਤਵਾਂ

ਤੇਰੈ	ਭਰੋਸੈ	ਪਿਆਰੇ,	ਮੈ *(ਮੈਂ)*	ਲਾਡ	ਲਡਾਇਆ ॥
ਤੁਹਾਡੇ	ਵਿਸ਼ਵਾਸ	ਪ੍ਰੀਤਮ	ਮੈਂ	ਕਲੋਲ,ਹਾਸ-ਵਿਲਾਸ	ਕੀਤਾ

ਤੇਰੇ (ਪਿਤਾ ਵਾਲੇ) ਭਰੋਸੇ ਨਾਲ (ਹੇ! ਵਾਹਿਗੁਰੂ!) ਮੈਂ (ਬੱਚਿਆਂ ਵਾਂਗ) ਹਾਸਾ-ਖੇਡਾ ਕੀਤਾ ਹੈ।...

ਭੂਲਹਿ *(ਭੂਲਹਿਂ)*	ਚੂਕਹਿ *(ਚੁਕਹਿਂ)*	ਬਾਰਿਕ,
ਭੁਲਾਂ ਕਰਦੇ	ਉਕਾਈਆਂ ਕਰਦੇ	ਬਾਲਕ

ਤੂੰ	ਹਰਿ *(ਹਰ)*	ਪਿਤਾ	ਮਾਇਆ ॥੧॥
ਤੁਸੀਂ	ਪਰਮਾਤਮਾ	ਬਾਪ	ਮਾਤਾ

...(ਹੇ! ਵਾਹਿਗੁਰੂ!) ਬੱਚੇ ਤਾਂ ਭੁਲਾਂ-ਚੁਕਾਂ ਕਰਦੇ ਰਹਿੰਦੇ ਹਨ, (ਪਰ) ਤੂੰ ਤਾਂ ਸਾਡਾ ਮਾਤਾ, ਪਿਤਾ ਹੈਂ, (ਅਤੇ ਮਾਂ-ਪਿਓ ਤਾਂ ਭੁਲਾਂ-ਚੁਕਾਂ ਬਖਸ਼ ਹੀ ਦਿੰਦੇ ਹਨ।)...

ਅੰਕ ੫੧-੫੨

ਸੁਹੇਲਾ,	ਕਹਨੁ *(ਕਹਿਨ)*	ਕਹਾਵਨੁ *(ਕਹਾਵਨ)* ॥
ਸੌਖਾ	ਕਹਿਣਾ	ਕਹਾਉਣਾ

...(ਹੇ! ਵਾਹਿਗੁਰੂ! ਤੇਰੇ ਬਾਰੇ ਗਲਾਂ-ਬਾਤਾਂ) ਕਰਨੀਆਂ ਕਰਾਉਣੀਆਂ ਤਾਂ ਬਹੁਤ ਸੌਖੀਆਂ ਹਨ।...

ਤੇਰਾ	ਬਿਖਮੁ *(ਬਿੱਖਮ)*	ਭਾਵਨੁ *(ਭਾਵਨ)* ॥੧॥	ਰਹਾਉ ॥
ਤੁਹਾਡਾ	ਔਖਾ	ਭਾਣਾ	ਠਹਿਰਾਉ

...(ਪਰ) ਤੇਰਾ ਭਾਣਾ ਮੰਨਣਾ ਬਹੁਤ ਔਖਾ ਹੈ।...

ਹਉ *(ਹਉਂ)*	ਮਾਣੁ *(ਮਾਣ)*	ਤਾਣੁ *(ਤਾਣ)*	ਕਰਉ *(ਕਰਉਂ)*	ਤੇਰਾ,
ਮੈਂ	ਅਪਣੱਤ, ਫ਼ਖਰ	ਬਲ	ਕਰਦਾ ਹਾਂ	ਤੁਹਾਡਾ

ਹਉ *(ਹਉਂ)*	ਜਾਨਉ	ਆਪਾ ॥
ਮੈਂ	ਜਾਣਦਾ/ਸਮਝਦਾ ਹਾਂ	ਆਪਣਾ

...(ਪਰ) ਮੈਂ ਤਾਂ ਤੈਨੂੰ ਆਪਣਾ ਹੀ ਸਮਝਦਾ ਹਾਂ, (ਤੇ ਇਸੇ ਲਈ ਸਿਰਫ਼) ਤੇਰਾ ਮਾਣ-ਤਾਣ ਕਰਦਾ ਹਾਂ।...

ਸਭ	ਹੀ	ਮਧਿ, *(ਮੱਧ)*	ਸਭਹਿ *(ਸਭਹਿਂ)*	ਤੇ	ਬਾਹਰਿ, *(ਬਾਹਰ)*
ਸਾਰਿਆਂ	ਦੇ	ਵਿਚ	ਸਾਰਿਆਂ	ਤੋਂ	ਬਾਹਰ,ਵੱਖਰਾ

ਬੇਮੁਹਤਾਜ	ਬਾਪਾ ॥੨॥
ਮੁਥਾਜੀ ਰਹਿਤ, ਬੇਗਰਜ਼	ਪਿਤਾ

...ਹੇ! ਬੇ-ਗਰਜ਼ ਪਿਤਾ! ਤੂੰ ਸਭ ਦ੍ਰਿਸ਼ਟਮਾਨ ਜਗਤ ਦੇ ਅੰਦਰ ਵਿਆਪਕ ਹੈਂ, ਅਤੇ ਇਨ੍ਹਾਂ ਸਭਨਾਂ ਤੋਂ ਬਾਹਰ (ਭਾਵ ਨਿਰਲੇਪ) ਵੀ ਹੈਂ...

ਪਿਤਾ,	ਹਉ *(ਹਉਂ)*	ਜਾਨਉ *(ਜਾਨਉਂ)*	ਨਾਹੀ, *(ਨਾਹੀਂ)*
ਹੇ! ਪਿਤਾ	ਮੈਂ	ਜਾਣਦਾ, ਸਮਝਦਾ	ਨਹੀਂ

ਤੇਰੀ	ਕਵਨ	ਜੁਗਤਾ ॥
ਤੁਹਾਡੀ	ਕਿਹੜੀ	ਜੁਗਤੀ, ਤਰੀਕਾ

...ਹੇ! ਪਿਤਾ! ਮੈਂ (ਤੇਰਾ ਬੱਚਾ), ਨਹੀਂ ਜਾਣਦਾ, ਕਿ ਤੈਨੂੰ (ਪ੍ਰਸੰਨ ਕਰਨ ਅਥਵਾ ਰਿਝਾਉਣ ਦੀ) ਕਿਹੜੀ ਜੁਗਤੀ ਹੈ?...

ਅੰਕ ੫੨

ਬੰਧਨ	ਮੁਕਤੁ *(ਮੁਕਤ)*	ਸੰਤਹੁ,	ਮੇਰੀ	ਰਾਖੈ	ਮਮਤਾ ॥੩॥
ਬੰਧਨਾਂ	ਅਜ਼ਾਦ	ਸੱਤ ਪੁਰਸ਼ੋ	ਆਪਣੀ	ਰੱਖਦਾ ਹੈ	ਅਪਣੱਤ

...ਹੇ! ਸੱਤ ਪੁਰਸ਼ੋ, (ਉਹ) ਬੰਧਨ-ਮੁਕਤ (ਪਰਮਾਤਮਾ), ਮੇਰੀ (ਬਚਿੱਆਂ ਵਾਲੀ) ਮਮਤਾ ਦਾ ਮਾਣ-ਤਾਣ ਰੱਖਦਾ ਹੈ।...

ਭਏ	ਕਿਰਪਾਲ ਠਾਕੁਰ,	ਰਹਿਓ	ਆਵਣ	ਜਾਣਾ ॥
ਹੋ ਗਏ	ਮਿਹਰਵਾਨ ਵਾਹਿਗੁਰੂ	ਮੁੱਕ ਗਿਆ	ਆਉਣਾ, ਜੰਮਣਾ	ਜਾਣਾ, ਮਰਨਾ

...(ਵਾਹਿਗੁਰੂ ਜੀ ਮੇਰੇ ਤੇ) ਮਿਹਰਵਾਨ ਹੋ ਗਏ, ਅਤੇ ਮੇਰਾ ਸੰਸਾਰ ਤੇ ਆਵਾਗਵਣ ਮੁੱਕ ਗਿਆ।...

ਗੁਰ	ਮਿਲਿ *(ਮਿਲ)*	ਨਾਨਕ,	ਪਾਰਬ੍ਰਹਮੁ *(ਪਾਰਬ੍ਰਹਮ)*	ਪਛਾਣਾ ॥੪॥੨੭॥੯੭॥
ਸਤਿਗੁਰੂ	ਮਿਲਕੇ	ਹੇ!ਨਾਨਕ!	ਵਾਹਿਗੁਰੂ	ਪਹਿਚਾਣ ਲਿਆ

...ਅਤੇ ਹੇ! ਨਾਨਕ! ਸਤਿਗੁਰੂ ਦੇ ਮਿਲਾਪ ਰਾਹੀਂ (ਮੈਂ) ਪਾਰਬ੍ਰਹਮ ਨੂੰ ਪਹਿਚਾਣ ਲਿਆ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)*	ਘਰੁ *(ਘਰ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ	ਤਾਲ ਦਾ ਸੰਕੇਤ	ਪਹਿਲਾ

ਸੰਤ	ਜਨਾ *(ਜਨਾਂ)*	ਮਿਲਿ *(ਮਿਲ)*	ਭਾਈਆ, *(ਭਾਈਆਂ)*
ਸੱਤ ਪੁਰਸ਼	ਵਿਅਕਤੀਆਂ	ਮਿਲਕੇ	ਭਰਾਵਾਂ

ਕਟਿਅੜਾ	ਜਮਕਾਲੁ *(ਜਮਕਾਲ)* ॥
ਕੱਟਿਆ ਗਿਆ	ਜਮ ਜੋ ਕਾਲ ਦਾ ਰੂਪ ਹੈ

...ਸੰਤ ਜਨਾਂ ਅਤੇ (ਸਤਿ-ਸੰਗੀ) ਭਾਈਆਂ ਨੂੰ ਮਿਲਣ ਕਰਕੇ ਜਮ ਦਾ ਭੈ ਮਿੱਟ ਗਿਆ ਹੈ...

ਸਚਾ *(ਸੱਚਾ)*	ਸਾਹਿਬੁ *(ਸਹਿਬ)*	ਮਨਿ *(ਮਨ)*	ਵੂਠਾ, *(ਵੁੱਠਾ)*
ਸਦਾ-ਸਥਿਰ	ਵਾਹਿਗੁਰੂ	ਹਿਰਦੇ ਵਿਚ	ਵੱਸ ਗਿਆ

ਹੋਆ	ਖਸਮੁ *(ਖਸਮ)*	ਦਇਆਲੁ *(ਦਇਆਲ)* ॥
ਹੋ ਗਿਆ	ਪਤੀ (ਪਰਮੇਸ਼ਰ)	ਮਿਹਰਵਾਨ

...ਪਤੀ ਪਰਮੇਸ਼ਰ (ਮੇਰੇ ਤੇ) ਮਿਹਰਵਾਨ ਹੋ ਗਿਆ, ਅਤੇ ਉਸ ਸੱਤ-ਸਰੂਪ ਸਾਹਿਬ ਨੇ ਮੇਰੇ ਹਿਰਦੇ ਵਿਚ ਨਿਵਾਸ ਕਰ ਲਿਆ।...

ਅੰਕ ੫੨

ਪੂਰਾ	ਸਤਿਗੁਰੁ *(ਸਤਗੁਰ)*	ਭੇਟਿਆ,
ਪੂਰਨ	ਸਤਿਗੁਰੂ	ਮਿਲ ਪਿਆ

ਬਿਨਸਿਆ	ਸਭੁ *(ਸਭ)*	ਜੰਜਾਲੁ *(ਜੰਜਾਲ)* ॥੧॥
ਵਿਨਾਸ਼ ਹੋ ਗਿਆ	ਸਾਰਾ	ਬੰਧਨ

...(ਮੈਨੂੰ) ਪੂਰਨ ਸਤਿਗੁਰੂ ਦਾ ਮਿਲਾਪ ਹੋ ਗਿਆ ਅਤੇ (ਮੇਰੇ) ਸਭ (ਸੰਸਾਰਿਕ) ਬੰਧਨ ਬਿਨਸ ਗਏ।...

ਮੇਰੇ	ਸਤਿਗੁਰਾ, *(ਸਤਗੁਰਾ)*
ਆਪਣੇ	ਸਤਿਗੁਰ ਜੀਓ,

ਹਉ *(ਹਉਂ)*	ਤੁਧੁ *(ਤੁਧ)*	ਵਿਟਹੁ *(ਵਿਟਹੁੰ)*	ਕੁਰਬਾਣੁ *(ਕੁਰਬਾਣ)* ॥
ਮੈਂ	ਤੇਰੇ	ਉਤੋਂ	ਬਲਿਹਾਰ

...ਹੇ! ਮੇਰੇ ਸਤਿਗੁਰ ਜੀਓ! ਮੈਂ ਤੇਰੇ ਉਤੋਂ ਕੁਰਬਾਨ ਜਾਂਦਾ ਹਾਂ...

ਤੇਰੇ	ਦਰਸਨ *(ਦਰਸ਼ਨ)*	ਕਉ	ਬਲਿਹਾਰਣੈ,
ਤੁਹਾਡੇ	ਦੀਦਾਰ	ਤੋਂ	ਕੁਰਬਾਨ

ਤੁਸਿ *(ਤੁਸ)*	ਦਿਤਾ	ਅੰਮ੍ਰਿਤ	ਨਾਮੁ *(ਨਾਮ)* ॥੧॥	ਰਹਾਉ ॥
ਤੁੱਠ ਕੇ, ਮਿਹਰਵਾਨ ਹੋਕੇ	ਬਖਸ਼ਿਆ	ਅਮਰ ਕਰ ਦੇਣ ਵਾਲਾ	(ਪ੍ਰਭੂ) ਨਾਮ	ਠਹਿਰਾਉ

...(ਹੇ! ਸਾਹਿਬ ਜੀ! ਮੈਂ) ਤੇਰੇ ਦਰਸ਼ਨਾਂ ਤੋਂ ਕੁਰਬਾਨ ਜਾਂਦਾ ਹਾਂ, (ਤੂੰ) ਮਿਹਰਵਾਨ ਹੋਕੇ (ਮੈਨੂੰ ਵਾਹਿਗੁਰੂ ਦਾ) ਅੰਮ੍ਰਿਤ-ਨਾਮ ਬਖਸ਼ ਦਿੱਤਾ ਹੈ...

ਜਿਨ	ਤੂੰ	ਸੇਵਿਆ	ਭਾਉ	ਕਰਿ, *(ਕਰ)*
ਜਿਸ ਨੇ	ਤੈਨੂੰ	ਸਿਮਰਿਆ	ਪ੍ਰੇਮ	ਕਰਕੇ

ਸੇਈ	ਪੁਰਖ	ਸੁਜਾਨ ॥
ਉਹੀ	ਪੁਰਸ਼, ਵਿਅਕਤੀ	ਸਿਆਣਾ, ਸੋਝੀਵਾਨ

...ਜਿਨ੍ਹਾਂ ਨੇ ਤੈਨੂੰ ਪਿਆਰ ਨਾਲ ਸੇਵਿਆ-ਸਿਮਰਿਆ ਹੈ, ਉਹੀ ਪੁਰਸ਼ ਸੋਝੀਵਾਨ ਹਨ।

ਤਿਨਾ *(ਤਿਨ੍ਹਾਂ)*	ਪਿਛੈ	ਛੁਟੀਐ,
ਉਨ੍ਹਾਂ	ਸਦਕੇ, ਕਰਕੇ	ਛੁੱਟ ਜਾਈਦਾ, ਮੁਕਤ ਹੋ ਜਾਈਦਾ

ਅੰਕ ੫੨

ਜਿਨ, *(ਜਿਨ੍)*	**ਅੰਦਰਿ** *(ਅੰਦਰ)*	**ਨਾਮੁ** *(ਨਾਮ)*	**ਨਿਧਾਨੁ** *(ਨਿਧਾਨ)* ॥
ਜਿਨ੍ਹਾਂ	ਅੰਤਹਕਰਣ ਵਿਚ	(ਪ੍ਰਭੂ) ਨਾਮ	ਖਜ਼ਾਨਾ

...ਜਿਨ੍ਹਾਂ ਦੇ ਅੰਤਹਕਰਣ ਵਿਚ (ਪ੍ਰਭੂ) ਨਾਮ ਦਾ ਖ਼ਜ਼ਾਨਾ ਹੈ, ਉਨ੍ਹਾਂ ਦੇ ਸਦਕੇ (ਸੰਸਾਰ ਦੇ ਮਾਇਕ ਬੰਧਨਾਂ) ਤੋਂ ਮੁਕਤ ਹੋ ਜਾਈਦਾ ਹੈ...

ਗੁਰ	**ਜੇਵਡੁ** *(ਜੇਵਡ)*	**ਦਾਤਾ**	**ਕੋ**	**ਨਹੀ,** *(ਨਹੀਂ)*
ਸਤਿਗੁਰੂ	ਜਿੱਡਾ	ਦਾਤਾਰ, ਦੇਣ ਵਾਲਾ	ਕੋਈ	ਨਹੀਂ ਹੈ

ਜਿਨਿ *(ਜਿਨ੍)*	**ਦਿਤਾ**	**ਆਤਮ**	**ਦਾਨੁ** *(ਦਾਨ)* ॥੨॥
ਜਿਸਨੇ	ਬਖਸ਼ਿਆ	ਆਤਮਿਕ	(ਜੀਵਨ ਰੂਪੀ) ਦਾਤ, ਬਖ਼ਸ਼ਿਸ਼

...ਸਤਿਗੁਰੂ ਜਿੱਡਾ ਦਾਤਾਂ ਦੇਣ ਵਾਲਾ ਕੋਈ ਨਹੀਂ, ਜਿਸ ਨੇ (ਮੈਨੂੰ) ਆਤਮਿਕ ਜੀਵਨ ਰੂਪੀ ਦਾਤ ਬਖ਼ਸ਼ ਦਿੱਤੀ ਹੈ।...

ਆਏ	**ਸੇ**	**ਪਰਵਾਣੁ** *(ਪਰਵਾਣ)*	**ਹਹਿ** *(ਹਹਿਂ)*
(ਸੰਸਾਰ ਵਿਚ) ਆਉਣਾ	ਉਹੀ	ਕਬੂਲ	ਹਨ

ਜਿਨ *(ਜਿਨ੍)*	**ਗੁਰੁ** *(ਗੁਰ)*	**ਮਿਲਿਆ**	**ਸੁਭਾਇ॥**
ਜਿਨ੍ਹਾਂ ਨੂੰ	ਸਤਿਗੁਰੂ	ਪ੍ਰਾਪਤ ਹੋਇਆ	ਪ੍ਰੇਮ ਸਹਿਤ

...ਜਿਨ੍ਹਾਂ ਨੂੰ ਪ੍ਰੇਮਾ (ਭਗਤੀ) ਦੁਆਰਾ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਉਹੀ ਸੰਸਾਰ ਵਿਚ ਆਏ ਪਰਵਾਣ ਹਨ...

ਸਚੇ *(ਸੱਚੇ)*	**ਸੇਤੀ**	**ਰਤਿਆ,** *(ਰੱਤਿਆਂ)*
ਸਦਾ-ਸਥਿਰ (ਪ੍ਰਭੂ)	ਨਾਲ, ਸੰਗ	ਰੰਗਿਆਂ, ਅਭੇਦ ਹੋਇਆਂ

ਦਰਗਹ *(ਦਰਗਹਿ)*	**ਬੈਸਣੁ** *(ਬੈਸਣ)*	**ਜਾਇ** ॥
(ਰੱਬੀ) ਦਰਗਾਹੇ	ਬੈਠਣਾ	ਜਾਕੇ

...ਸਦਾ-ਸਥਿਰ(ਪ੍ਰਭੂ ਨਾਲ ਬੰਦਗੀ ਰਾਹੀਂ) ਰੰਗਿਆਂ, ਰੱਬੀ ਦਰਗਾਹ ਵਿਚ ਜਾਕੇ ਬੈਠਣਾ ਮਿਲਦਾ ਹੈ।...

ਕਰਤੇ	**ਹਥਿ** *(ਹੱਥ)*	**ਵਡਿਆਈਆ,** *(ਵੱਡਿਆਈਆਂ)*
ਕਰਤਾ-ਪੁਰਖ	ਹੱਥ ਵਿਚ	ਮਾਣ, ਇੱਜ਼ਤ

ਪੂਰਬਿ *(ਪੂਰਬ)*	**ਲਿਖਿਆ**	**ਪਾਇ॥੩॥**
ਧੁਰੋਂ, ਪਹਿਲੇ ਤੋਂ	ਅੰਕਿਤ ਹੋਇਆ	ਪਾਈਦਾ ਹੈ

ਅੰਕ ੫੨

...(ਪ੍ਰੰਤੂ) ਇਹ ਸਭ ਮਾਣ-ਇੱਜ਼ਤਾਂ ਕਰਤਾ-ਪੁਰਖ ਦੇ ਹੱਥ ਵਿਚ ਹਨ, ਅਤੇ ਪਹਿਲਾਂ ਤੋਂ ਹੀ ਲਿਖੇ (ਭਾਗਾਂ ਅਨੁਸਾਰ) ਪਾਈਦੀਆਂ ਹਨ...

ਸਚੁ *(ਸੱਚ)*	**ਕਰਤਾ,**	**ਸਚੁ** *(ਸੱਚ)*	**ਕਰਣਹਾਰੁ,** *(ਕਰਣਹਾਰ)*
ਸਦਾ ਸਥਿਰ (ਪ੍ਰਭੂ)	ਸਿਰਜਣਹਾਰ	ਸਦਾ-ਸਥਿਰ	ਕਾਰਜ ਕਰਣ ਵਾਲਾ

ਸਚੁ *(ਸਚ)*	**ਸਾਹਿਬੁ,** *(ਸਾਹਿਬ)*	**ਸਚੁ** *(ਸਚ)*	**ਟੇਕ ॥**
ਸਦਾ ਸਥਿਰ (ਪ੍ਰਭੂ)	ਮਾਲਕ, ਪ੍ਰਭੂ	ਸਦਾ ਸਥਿਰ (ਪ੍ਰਭੂ)	ਆਸਰਾ, ਓਟ

...ਸੱਚਾ ਸਾਹਿਬ (ਸ੍ਰਿਸ਼ਟੀ ਦਾ) ਸਾਜਣਹਾਰ ਹੈ, ਸਭ ਕਾਰਜਾਂ ਦਾ ਕਰਣ ਵਾਲਾ ਹੈ, ਅਤੇ ਸਭ ਨੂੰ ਉਸੇ ਦਾ ਓਟ-ਆਸਰਾ ਹੈ...

ਸਚੋ	**ਸਚੁ** *(ਸੱਚ)*	**ਵਖਾਣੀਐ,**
ਸਦਾ ਸਥਿਰ (ਪ੍ਰਭੂ)	ਸਦਾ-ਸਥਿਰ (ਪਰਮਾਤਮਾ)	ਜਪੀਏ, ਅਰਾਧੀਏ

ਸਚੋ	**ਬੁਧਿ** *(ਬੁੱਧ)*	**ਬਿਬੇਕ ॥**
ਸਦਾ ਸਥਿਰ (ਪ੍ਰਭੂ)	ਬੁੱਧੀ ਵਿਚ	ਵਿਚਾਰ ਵਾਲੀ

...(ਹੇ! ਭਾਈ! ਆਪਣੀ) ਬਿਬੇਕ-ਬੁੱਧ ਵਿਚ, ਸਦਾ ਸਥਿਰ ਪਰਮਾਤਮਾ ਨੂੰ (ਹੀ ਰਖੀਏ), ਅਤੇ ਸਦਾ-ਸਥਿਰ (ਪ੍ਰਮਾਤਮਾ ਨੂੰ ਹੀ) ਸਿਮਰੀਏ...

ਸਰਬ	**ਨਿਰੰਤਰਿ** *(ਨਿਰੰਤਰ)*	**ਰਵਿ** *(ਰਵ)*	**ਰਹਿਆ,**
ਹਰ ਜਗ੍ਹਾ	ਲਗਾਤਾਰ	ਵਿਆਪਕ	ਹੋ ਰਿਹਾ

ਜਪਿ *(ਜੱਪ)*	**ਨਾਨਕ,**	**ਜੀਵੈ**	**ਏਕ ॥੪॥੨੮॥੯੮॥**
ਜਪ ਕੇ, ਸਿਮਰ ਕੇ	(ਸਤਿਗੁਰੂ) ਨਾਨਕ	ਜਿਉਂਦਾ ਹੈ	ਇੱਕ (ਪ੍ਰਭੂ)

...(ਜਿਹੜਾ ਪਰਮਾਤਮਾ) ਨਿਰੰਤਰ ਹਰ ਜਗ੍ਹਾ ਵਿਆਪ ਰਿਹਾ ਹੈ, ਨਾਨਕ ਉਸ ਇੱਕ ਵਾਹਿਗੁਰੂ ਨੂੰ ਸਿਮਰ ਸਿਮਰ ਕੇ ਜਿਊ ਰਿਹਾ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਗੁਰੁ *(ਗੁਰ)*	**ਪਰਮੇਸੁਰੁ** *(ਪਰਮੇਸ਼ਰ)*	**ਪੂਜੀਐ,**
ਸਤਿਗੁਰੂ	ਪਰਮਾਤਮਾ	ਅਰਾਧੀਏ

ਅੰਕ ੫੨

ਮਨਿ *(ਮਨ)*	ਤਨਿ *(ਤਨ)*	ਲਾਇ	ਪਿਆਰੁ *(ਪਿਆਰ)* ॥
ਮਨ ਵਿਚ	ਤਨ ਵਿਚ	ਲਗਾਕੇ	ਪ੍ਰੀਤ

...(ਹੇ! ਭਾਈ, ਆਪਣੇ) ਮਨ ਤੇ ਤਨ ਵਿਚ (ਪ੍ਰੀਤ) ਲਗਾਕੇ ਪਰਮਾਤਮ-ਸਰੂਪ, ਸਤਿਗੁਰੂ ਦੀ ਅਰਾਧਨਾ ਕਰੀਏ...

ਸਤਿਗੁਰੁ *(ਸਤਗੁਰ)*	ਦਾਤਾ	ਜੀਅ	ਕਾ,
ਸੱਤ-ਸਰੂਪ ਗੁਰੂ	ਦੇਣ ਵਾਲਾ	(ਆਤਮਿਕ) ਜੀਵਨ	ਦਾ

ਸਭਸੈ *(ਸਭਸੈਂ)*	ਦੇਇ	ਅਧਾਰੁ *(ਅਧਾਰ)* ॥
ਸਾਰਿਆਂ ਨੂੰ	ਦਿੰਦਾ ਹੈ	ਆਸਰਾ, ਓਟ

...ਸਤਿਗੁਰੂ (ਆਤਮਿਕ) ਜੀਵਨ ਦੀ ਦਾਤ ਬਖਸ਼ਿਸ਼ ਕਰਨ ਵਾਲਾ ਹੈ, ਅਤੇ ਸਭਨਾਂ ਨੂੰ (ਪ੍ਰਭੂ) ਬੰਦਗੀ ਦਾ ਓਟ-ਆਸਰਾ ਬਖਸ਼ਦਾ ਹੈ।...

ਸਤਿਗੁਰ *(ਸਤਗੁਰ)*	ਬਚਨ	ਕਮਾਵਣੇ,
ਸੱਤ-ਸਰੂਪ ਗੁਰੂ	(ਸਿੱਖਿਆ ਰੂਪੀ) ਬੋਲ	ਕਮਾਉਣੇ, ਮੰਨਣੇ

ਸਚਾ *(ਸੱਚਾ)*	ਏਹੁ *(ਏਹ)*	ਵੀਚਾਰੁ *(ਵੀਚਾਰ)* ॥
ਸੱਤ, ਉੱਤਮ	ਇਹ	ਖ਼ਿਆਲ, ਮੱਤ

...ਸੱਤ-ਸਰੂਪ ਗੁਰੂ ਦੇ ਉਪਦੇਸ਼ ਦੀ ਕਮਾਈ ਕਰਨੀ, ਇਹੋ ਹੀ ਸੱਚ-ਵੀਚਾਰ ਹੈ...

ਬਿਨੁ *(ਬਿਨ)*	ਸਾਧੂ	ਸੰਗਤਿ *(ਸੰਗਤ)*	ਰਤਿਆ, *(ਰੱਤਿਆਂ)*
ਬਿਨਾਂ	ਸੱਤ ਪੁਰਸ਼	ਸੰਗਤ ਵਿਚ	ਰੰਗਿਆਂ, ਲੀਨ ਹੋਇਆਂ

ਮਾਇਆ	ਮੋਹੁ *(ਮੋਹ)*	ਸਭੁ *(ਸਭ)*	ਛਾਰੁ *(ਛਾਰ)* ॥੧॥
ਧੰਨ-ਦੌਲਤ	ਸਨੇਹ	ਸਾਰਾ	ਸੁਆਹ

...ਸੱਤ-ਪੁਰਸ਼ਾਂ ਦੀ ਸੰਗਤ ਵਿਚ ਲੀਨ ਹੋਏ ਬਿਨਾਂ, ਮਾਇਆ ਦਾ ਲਗਾਓ ਸਭ ਸੁਆਹ ਰੂਪ ਹੀ ਹੈ...

ਮੇਰੇ	ਸਾਜਨ,	ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਸਮਾਲਿ *(ਸੰਮ੍ਹਾਲ)* ॥
ਆਪਣੇ	ਮਿੱਤਰ	ਪ੍ਰਭੂ	ਪ੍ਰਭੂ	ਸ਼ਕਤੀ	ਸੰਭਾਲ, ਸਿਮਰ

...ਹੇ! ਮੇਰੇ ਮਿੱਤਰ! ਪਰਮਾਤਮ-ਨਾਮ ਦੀ ਅਰਾਧਨਾ ਕਰ...

ਅੰਕ ੫੨

ਸਾਧੂ	ਸੰਗਤਿ *(ਸੰਗਤ)*	ਮਨਿ *(ਮਨ)*	ਵਸੈ,
ਸੱਤ ਪੁਰਸ਼	ਸੰਗਤ ਦੁਆਰਾ	ਚਿੱਤ ਵਿਚ	ਵਸਦਾ ਹੈ
ਪੂਰਨ	ਹੋਵੈ	ਘਾਲ ॥੧॥	ਰਹਾਉ ॥
ਪੂਰੀ	ਹੋ ਜਾਂਦੀ	ਘਾਲਣਾ, ਸੇਵਾ	ਠਹਿਰਾਉ

...ਸੱਤ ਪੁਰਸ਼ਾਂ ਦੀ ਸੰਗਤ ਦੁਆਰਾ (ਪਰਮਾਤਮ-ਨਾਮ) ਚਿੱਤ ਵਿਚ ਵਸਦਾ ਹੈ, ਅਤੇ (ਧਰਮ-ਸਾਧਕ) ਦੀ ਘਾਲ-ਕਮਾਈ ਪੂਰਨ/ਸਫ਼ਲ ਹੋ ਜਾਂਦੀ ਹੈ...

ਗੁਰੁ *(ਗੁਰ)*	ਸਮਰਥੁ, *(ਸਮਰੱਥ)*	ਅਪਾਰੁ *(ਅਪਾਰ)*	ਗੁਰੁ, *(ਗੁਰ)*
ਸਤਿਗੁਰੂ	ਯੋਗ, ਸ਼ਕਤੀਵਾਨ	ਅਨੰਤ	ਸਤਿਗੁਰੂ

ਵਡਭਾਗੀ *(ਵਡਭਾਗੀਂ)*	ਦਰਸਨੁ *(ਦਰਸ਼ਨ)*	ਹੋਇ॥
ਵਡਿਆਂ ਭਾਗਾਂ ਨਾਲ	ਦੀਦਾਰ	ਹੁੰਦੇ ਹਨ

...ਸਤਿਗੁਰੂ (ਸਰਬ) ਸ਼ਕਤੀਵਾਨ ਹੈ, ਅਤੇ ਸਤਿਗੁਰੂ ਅਨੰਤ ਹੈ, ਉਸ ਦੇ ਦਰਸ਼ਨ-ਦੀਦਾਰ ਵੱਡਿਆਂ ਭਾਗਾਂ ਦੁਆਰਾ ਹੁੰਦੇ ਹਨ...

ਗੁਰੁ *(ਗੁਰ)*	ਅਗੋਚਰੁ *(ਅਗੋਚਰ)*	ਨਿਰਮਲਾ,
ਸਤਿਗੁਰੂ	ਅਪਹੁੰਚ	ਪਵਿੱਤਰ

ਗੁਰ	ਜੇਵਡੁ *(ਜੇਵਡ)*	ਅਵਰੁ *(ਅਵਰ)*	ਨ *(ਨਾਂ)*	ਕੋਇ ॥
ਸਤਿਗੁਰੂ	ਜਿੱਡਾ	ਹੋਰ	ਨਹੀਂ	ਕੋਈ

...(ਪਰਮਾਤਮ ਸਰੂਪ) ਸਤਿਗੁਰੂ ਪਾਵਨ-ਪਵਿੱਤਰ ਅਤੇ ਇੰਦ੍ਰਿਆਵੀ ਪਹੁੰਚ ਤੋਂ ਪਰ੍ਹੇ ਹੈ, ਸਤਿਗੁਰੂ ਜਿੱਡਾ (ਮਹਾਨ) ਭਾਵ ਉਸ ਦੇ ਬਰਾਬਰ ਹੋਰ ਕੋਈ ਨਹੀਂ...

ਗੁਰੁ *(ਗੁਰ)*	ਕਰਤਾ,	ਗੁਰੁ *(ਗੁਰ)*	ਕਰਣਹਾਰੁ, *(ਕਰਣਹਾਰ)*
ਸਤਿਗੁਰੂ	ਸਿਰਜਣਹਾਰ	ਸਤਿਗੁਰੂ	ਕਾਰਜਾਂ ਦੇ ਕਰਨ ਵਾਲਾ

ਗੁਰਮੁਖਿ *(ਗੁਰਮੁਖ)*	ਸਚੀ *(ਸੱਚੀ)*	ਸੋਇ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਸਦੀਵੀ	ਸ਼ੋਭਾ, ਸ਼ਲਾਘਾ

...(ਪਰਮਾਤਮ ਸਰੂਪ) ਸਤਿਗੁਰੂ ਸਿਰਜਣਹਾਰ ਹੈ, ਸਭ ਕਾਰਜਾਂ ਦੇ ਕਰਨ ਵਾਲਾ ਹੈ, ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਧਰਮ-ਸਾਧਕ ਨੂੰ) ਸਦੀਵੀ ਸ਼ੋਭਾ ਮਿਲਦੀ ਹੈ...

ਅੰਕ ੫੨

ਗੁਰ	ਤੇ	ਬਾਹਰਿ *(ਬਾਹਰ)*	ਕਿਛੁ *(ਕਿਛ)*	ਨਹੀ, *(ਨਹੀਂ)*
ਸਤਿਗੁਰੂ	ਤੋਂ	ਬਾਹਰ, ਪਰ੍ਹੇ	ਕੁਝ	ਨਹੀਂ ਹੈ
ਗੁਰੁ *(ਗੁਰ)*	ਕੀਤਾ	ਲੋੜੇ,	ਸੁ	ਹੋਇ॥੨॥
ਸਤਿਗੁਰੂ	ਕਰਨਾ	ਚਾਹੇ, ਇੱਛੇ	ਉਹੀ	ਹੁੰਦਾ ਹੈ

...ਸਤਿਗੁਰੂ (ਦੀ ਸਮਰੱਥਾ) ਤੋਂ ਬਾਹਰ ਕੁਝ ਵੀ ਨਹੀਂ ਹੈ, ਸਤਿਗੁਰੂ ਜੋ ਵੀ ਕਰਨਾ ਚਾਹੇ ਉਹੀ ਹੁੰਦਾ ਹੈ...

ਗੁਰੁ *(ਗੁਰ)*	ਤੀਰਥੁ, *(ਤੀਰਥ)*	ਗੁਰੁ *(ਗੁਰ)*	ਪਾਰਜਾਤੁ, *(ਪਾਰਜਾਤ)*
ਸਤਿਗੁਰੂ	ਧਰਮ ਅਸਥਾਨ	ਸਤਿਗੁਰੂ	ਕਲਪ ਬ੍ਰਿਛ (ਸਭ ਇੱਛਾਂ ਪੂਰੀਆਂ ਕਰਨ ਵਾਲਾ ਇੰਦ੍ਰ ਦੇਵਤੇ ਦੇ ਬਾਗ ਦਾ ਇਕ ਦਰੱਖਤ)

ਗੁਰੁ *(ਗੁਰ)*	ਮਨਸਾ	ਪੂਰਣਹਾਰੁ *(ਪੂਰਣਹਾਰ)* ॥
ਸਤਿਗੁਰੂ	ਮੁਰਾਦਾਂ, ਇਛਾਵਾਂ	ਪੂਰੀਆਂ ਕਰਨ ਵਾਲਾ

...ਸਤਿਗੁਰੂ ਹੀ (ਅਸਲ) ਤੀਰਥ ਹੈ, ਸਤਿਗੁਰੂ ਹੀ ਕਲਪ ਬ੍ਰਿੱਛ ਹੈ, ਅਤੇ ਸਤਿਗੁਰੂ ਹੀ (ਚਿੱਤ) ਦੀਆਂ ਸਭ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ...

ਗੁਰੁ *(ਗੁਰ)*	ਦਾਤਾ,	ਹਰਿ *(ਹਰ)*	ਨਾਮੁ *(ਨਾਮ)*	ਦੇਇ, *(ਦੇ)*
ਸਤਿਗੁਰੂ	ਦਾਤਾਰ	ਪ੍ਰਭੂ	ਨਾਮ, ਸ਼ਕਤੀ	ਦਿੰਦਾ ਹੈ

ਉਧਰੈ	ਸਭੁ *(ਸਭ)*	ਸੰਸਾਰੁ *(ਸੰਸਾਰ)* ॥
ਉਧਰਦਾ, ਪਾਰ ਹੁੰਦਾ	ਸਾਰਾ	ਜਗਤ

...ਸਤਿਗੁਰੂ ਦਾਤਾਂ ਬਖਸ਼ਣਵਾਲਾ ਹੈ, (ਉਹ) ਹਰੀ-ਨਾਮ ਬਖਸ਼ਦਾ ਹੈ, (ਜਿਸ ਰਾਹੀਂ) ਸਾਰੇ ਜਗਤ ਦਾ ਪਾਰ-ਉਤਾਰਾ ਹੁੰਦਾ ਹੈ...

ਗੁਰੁ *(ਗੁਰ)*	ਸਮਰਥੁ *(ਸਮਰੱਥ)*	ਗੁਰੁ *(ਗੁਰ)*	ਨਿਰੰਕਾਰੁ, *(ਨਿਰੰਕਾਰ)*
ਸਤਿਗੁਰੂ	ਸਰਬ-ਸ਼ਕਤੀਵਾਨ	ਸਤਿਗੁਰੂ	ਨਿਰਾਕਾਰ (ਪ੍ਰਭੂ)
ਗੁਰੁ *(ਗੁਰ)*	ਊਚਾ	ਅਗਮ	ਅਪਾਰੁ *(ਅਪਾਰ)* ॥
ਸਤਿਗੁਰੂ	ਉੱਚਾ, ਮਹਾਨ	ਅਪਹੁੰਚ, ਸਮਝ ਤੋਂ ਪਰ੍ਹੇ	ਬੇਅੰਤ, ਅਨੰਤ

...ਸਤਿਗੁਰੂ ਸਰਬ-ਸ਼ਕਤੀਵਾਨ ਹੈ, ਸਤਿਗੁਰੂ ਹੀ ਨਿਰੰਕਾਰ (ਪ੍ਰਭੂ) ਹੈ, ਸਤਿਗੁਰੂ (ਬਹੁਤ) ਮਹਾਨ ਹੈ, ਅਨੰਤ ਅਤੇ (ਦੁਨਿਆਵੀ ਸਮਝਾਂ ਤੋਂ) ਪਰ੍ਹੇ ਹੈ...

ਅੰਕ ੫੨

ਗੁਰ	ਕੀ	ਮਹਿਮਾ	ਅਗਮ	ਹੈ,
ਸਤਿਗੁਰੂ	ਦੀ	ਉਪਮਾ, ਮਹਾਨਤਾ	ਅਕਹਿ, ਅਪਹੁੰਚ	ਹੋਣ ਦੀ ਕ੍ਰਿਆ

ਕਿਆ	ਕਥੇ	ਕਥਨਹਾਰੁ *(ਕਥਨਹਾਰ)* ॥੩॥
ਕੀ	ਦੱਸੇ, ਬਿਆਨ ਕਰੇ	ਬਿਆਨ ਕਰਨ ਵਾਲਾ

...ਸਤਿਗੁਰੂ ਦੀ ਉਪਮਾ ਕਥਨ ਤੋਂ ਬਾਹਰ ਹੈ, ਕੋਈ ਕਹਿਣ ਵਾਲਾ ਕੀ ਬਿਆਨ ਕਰੇ?...

ਜਿਤੜੇ	ਫਲ	ਮਨਿ *(ਮਨ)*	ਬਾਛੀਅਹਿ, *(ਬਾਂਛੀਅਹਿਂ)*
ਜਿਤਨੇ	ਇਵਜ਼ਾਨਾ, ਪ੍ਰਾਪਤੀ, ਲਾਹਾ	ਮਨ ਵਿਚ	ਲੋਚਦੇ ਹਨ, ਮੰਗਦੇ ਹਨ

ਤਿਤੜੇ	ਸਤਿਗੁਰ *(ਸਤਗੁਰ)*	ਪਾਸਿ *(ਪਾਸ)* ॥
ਉਤਨੇ	ਸੱਤ ਸਰੂਪ ਗੁਰੂ	ਕੋਲ

...ਜਿਤਨੇ ਵੀ ਫਲ (ਕੋਈ) ਮਨ ਵਿਚ ਲੋਚਦਾ ਹੈ, ਉਤਨੇ ਹੀ ਸਤਿਗੁਰੂ ਕੋਲ ਹੁੰਦੇ ਹਨ...

ਪੂਰਬ	ਲਿਖੇ	ਪਾਵਣੇ,
ਪੂਰਬਲੇ, ਪਹਿਲੋਂ ਹੀ	ਅੰਕਿਤ	ਪ੍ਰਾਪਤ ਕਰੀਦੇ ਹਨ

ਸਾਚੁ *(ਸੱਚ)*	ਨਾਮੁ *(ਨਾਮ)*	ਦੇ	ਰਾਸਿ *(ਰਾਸ)* ॥
ਸਦਾ ਸਥਿਰ (ਪ੍ਰਭੂ)	ਨਾਮ	ਦਿੰਦਾ	ਪੂੰਜੀ, ਧਨ

...(ਸਤਿਗੁਰੂ) ਜੋ ਸਦਾ-ਸਥਿਰ ਪਰਮਾਤਮਾ ਦੇ ਨਾਮ ਦੀ ਪੂੰਜੀ ਬਖਸ਼ਦਾ ਹੈ, ਪਾਸੋਂ (ਇਹ ਫ਼ਲ), ਪੂਰਬਲੇ ਲਿਖੇ (ਭਾਗਾਂ ਅਨੁਸਾਰ) ਪ੍ਰਾਪਤ ਕਰੀਦੇ ਹਨ।...

ਸਤਿਗੁਰ *(ਸਤਗੁਰ)*	ਸਰਣੀ *(ਸ਼ਰਣੀ)*	ਆਇਆਂ,
ਸੱਤ ਸਰੂਪ ਗੁਰੂ	ਸ਼ਰਣ ਵਿਚ, ਓਟ ਵਿਚ	ਆਉਣ ਨਾਲ

ਬਾਹੁੜਿ *(ਬਾਹੁੜ)*	ਨਹੀ *(ਨਹੀਂ)*	ਬਿਨਾਸੁ *(ਬਿਨਾਸ)* ॥
ਦੁਬਾਰਾ, ਮੁੜਕੇ	ਨਹੀਂ	ਵਿਨਾਸ਼, ਖ਼ਾਤਮਾ

...ਸਤਿਗੁਰੂ ਦੀ ਸ਼ਰਣ ਵਿਚ ਆਉਣ ਨਾਲ, ਫਿਰ ਮੁੜਕੇ ਵਿਨਾਸ਼ਤਾ ਨਹੀਂ ਹੁੰਦੀ, (ਭਾਵ ਜਨਮ ਮਰਨ ਵਾਲੇ ਦੁੱਖ ਨਹੀਂ ਵਿਆਪਦੇ)...

ਹਰਿ, *(ਹਰ)*	ਨਾਨਕ,	ਕਦੇ	ਨ *(ਨਾਂ)*	ਵਿਸਰਉ *(ਵਿਸਰਉਂ)*
ਪ੍ਰਭੂ	(ਸਤਿਗੁਰੂ) ਨਾਨਕ	ਕਦੀ ਵੀ	ਨਹੀਂ	ਭੁਲਾਂ

ਅੰਕ ੫੨-੫੩

ਏਹੁ *(ਏਹ)*	ਜੀਉ	ਪਿੰਡੁ *(ਪਿੰਡ)*	ਤੇਰਾ	ਸਾਸੁ *(ਸਾਸ)* ॥੪॥੨੯॥੯੯॥
ਇਹ	ਜਿੰਦ, ਪ੍ਰਾਣ	ਸਰੀਰ	ਤੁਹਾਡਾ	ਸਾਹ

...ਨਾਨਕ (ਦੀ ਇਹ ਅਰਦਾਸ ਹੈ ਕਿ ਹੇ!) ਵਾਹਿਗੁਰੂ ਮੈਂ ਤੈਨੂੰ ਕਦੀ ਵੀ ਨਾ ਭੁਲਾਂ। ਇਹ ਜੀਵਨ, ਸਰੀਰ ਅਤੇ ਸੁਆਸ ਸਭ ਤੁਹਾਡਾ ਹੀ ਤਾਂ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਸੰਤ	ਜਨਹੁ *(ਜਨਹੁੰ)*	ਸੁਣਿ *(ਸੁਣ)*	ਭਾਈਹੋ,
ਸਾਧੂ	ਪੁਰਸ਼ੋ, ਵਿਅਕਤੀਓ	ਸੁਣੋ	ਭਰਾਵੋ

ਛੂਟਨੁ *(ਛੂਟਨ)*	ਸਾਚੈ	ਨਾਇ *(ਨਾਇੰ)* ॥
ਬੰਦ ਖ਼ਲਾਸ, ਛੁਟਕਾਰਾ	ਸਦੀਵ ਸੱਤ (ਪ੍ਰਭੂ) ਦੇ	ਨਾਮ ਦੁਆਰਾ

ਹੇ! ਸੰਤ ਜਨੋਂ! ਅਤੇ ਪਿਆਰੇ ਭਰਾਵੋ, (ਧਿਆਨ ਨਾਲ) ਸੁਣੋ, (ਸਿਰਫ਼) ਸਦਾ-ਸਥਿਰ (ਵਾਹਿਗੁਰੂ) ਦੇ ਨਾਮ ਦੀ (ਬੰਦਗੀ) ਰਾਹੀਂ ਹੀ (ਸੰਸਾਰਿਕ ਬੰਧਨਾਂ ਤੋਂ) ਮੁਕਤੀ ਮਿਲਦੀ ਹੈ।...

ਗੁਰ	ਕੇ	ਚਰਣ	ਸਰੇਵਣੇ,
ਸਤਿਗੁਰੂ	ਦੇ	ਪੈਰ	ਪੂਜਣੇ, ਉਪਾਸ਼ਨਾ ਕਰਨੀ

ਤੀਰਥ	ਹਰਿ *(ਹਰ)*	ਕਾ	ਨਾਉ *(ਨਾਉਂ)* ॥
ਧਰਮ ਅਸਥਾਨ	ਪ੍ਰਭੂ	ਦਾ	ਨਾਮ

...ਸਤਿਗੁਰੂ ਦੇ ਚਰਣਾਂ ਦੀ ਪੂਜਾ, (ਭਾਵ ਗੁਰ-ਸ਼ਬਦ ਦਾ ਚਿੰਤਨ) ਅਤੇ ਵਾਹਿਗੁਰੂ ਨਾਮ ਦੀ ਅਰਾਧਨਾ ਹੀ (ਅਸਲ) ਤੀਰਥ ਹੈ...

ਆਗੈ	ਦਰਗਹਿ	ਮੰਨੀਅਹਿ, *(ਮੰਨੀਅਹਿੰ)*
ਅੱਗੇ	ਰੱਬੀ ਦਰਗਾਹ ਵਿਚ	ਪਰਵਾਨ ਹੁੰਦੇ ਹਨ, ਸਨਮਾਨੇ ਜਾਂਦੇ ਹਨ

ਮਿਲੈ	ਨਿਥਾਵੇ *(ਨਿਥਾਵੇਂ)*	ਥਾਉ *(ਥਾਉਂ)* ॥੧॥
ਮਿਲਦਾ ਹੈ	ਨਿਥਾਵਿਆਂ ਨੂੰ	ਥਾਂ, ਜਗ੍ਹਾ

...(ਇਸ ਤਰ੍ਹਾਂ ਦੀ ਪਰਮਾਤਮ ਬੰਦਗੀ ਨਾਲ, ਉਹ) ਅੱਗੇ ਰੱਬੀ ਦਰਗਾਹ ਵਿਚ ਪਰਵਾਨ ਚੜ੍ਹਦੇ ਹਨ, ਭਾਵ ਉਨ੍ਹਾਂ ਦਾ ਮਾਣ-ਸਨਮਾਨ ਹੁੰਦਾ ਹੈ। (ਬੰਦਗੀ ਨਾਲ ਰੱਬੀ ਦਰਗਾਹੇ) ਨਿਥਾਵਿਆਂ ਨੂੰ ਵੀ ਟਿਕਾਣਾ ਮਿਲ ਜਾਂਦਾ ਹੈ...

ਅੰਕ ੫੩

ਭਾਈ	ਰੇ,	ਸਾਚੀ	ਸਤਿਗੁਰ *(ਸਤਗੁਰ)*	ਸੇਵ ॥
ਭਰਾ	ਹੇ!	ਸੱਚੀ	ਸੱਤ ਸਰੂਪ ਗੁਰੂ	ਸੇਵਾ, ਟਹਿਲ

...ਹੇ! ਭਰਾਵੋ! ਸਤਿਗੁਰੂ ਦੀ ਸੇਵਾ-ਸਿਮਰਨ ਹੀ ਸਦੀਵ-ਸੱਤ ਹੈ।...

ਸਤਿਗੁਰ *(ਸਤਗੁਰ)*	ਤੁਠੈ	ਪਾਈਐ,
ਸੱਤ ਸਰੂਪ ਗੁਰੂ	ਤਰੁੱਠਣ ਨਾਲ, ਪ੍ਰਸੰਨ ਹੋਣ ਨਾਲ	ਪ੍ਰਾਪਤ ਕਰ ਲਈਦਾ ਹੈ

ਪੂਰਨ	ਅਲਖ *(ਅਲੱਖ)*	ਅਭੇਵ ॥੧॥	ਰਹਾਉ ॥
ਸੰਪੂਰਨ	ਅਗਾਧ, ਅਦ੍ਰਿਸ਼ਟ	ਅਖੋਜ, ਜਿਸ ਦਾ ਭੇਦ ਨਾ ਪਵੇ	ਠਹਿਰਾਉ

...ਪੂਰਨ ਪਰਮਾਤਮਾ, ਜੋ ਮਨ ਇੰਦ੍ਰਿਆਂ ਦੀ ਸਮਝ ਤੋਂ ਉੱਪਰ ਹੈ, ਅਤੇ ਜਿਸ ਦਾ ਭੇਦ ਨਹੀਂ ਪਾਇਆ ਜਾ ਸਕਦਾ, (ਉਹ) ਸਤਿਗੁਰੂ ਦੀ ਪ੍ਰਸੰਨਤਾ ਰਾਹੀਂ ਪ੍ਰਾਪਤ ਹੋ ਜਾਂਦਾ ਹੈ...

ਸਤਿਗੁਰ *(ਸਤਗੁਰ)*	ਵਿਟਹੁ *(ਵਿਟਹੁੰ)*	ਵਾਰਿਆ,
ਸੱਤ ਸਰੂਪ ਗੁਰੂ	ਉੱਤੋਂ	ਕੁਰਬਾਨ, ਸਦਕੇ

ਜਿਨਿ *(ਜਿਨ੍ਹ)*	ਦਿਤਾ	ਸਚੁ *(ਸੱਚ)*	ਨਾਉ *(ਨਾਉਂ)* ॥
ਜਿਸ ਨੇ	ਬਖਸ਼ਿਆ	ਸਦੀਵ-ਸੱਤ(ਪ੍ਰਭੂ)	ਨਾਮ

...ਜਿਸ ਸਤਿਗੁਰੂ ਨੇ ਸਦਾ-ਸਥਿਰ (ਪਰਮਾਤਮਾ) ਦਾ ਨਾਮ ਬਖਸ਼ ਦਿੱਤਾ ਹੈ, ਮੈਂ ਉਸ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ...

ਅਨਦਿਨੁ *(ਅਨਦਿਨ)*	ਸਚੁ *(ਸੱਚ)*	ਸਲਾਹਣਾ,
ਦਿਨ ਰਾਤ	ਸਦੀਵ-ਸੱਤ (ਪ੍ਰਭੂ)	ਸ਼ਲਾਘਾ ਕਰਨੀ

ਸਚੇ *(ਸੱਚੇ)*	ਕੇ	ਗੁਣ	ਗਾਉ *(ਗਾਉਂ)* ॥
ਸਦਾ-ਸਥਿਰ(ਪ੍ਰਭੂ)	ਦੇ	ਚੰਗਿਆਈਆਂ	ਗਾਇਨ ਕਰਾਂ

...(ਮੈਂ) ਦਿਨ ਰਾਤ ਸਦੀਵ-ਸੱਤ (ਪ੍ਰਭੂ) ਦੀ ਸਿਫ਼ਤ-ਸਲਾਹ ਕਰਦਾ ਹਾਂ, ਅਤੇ ਉਸ ਸੱਚੇ ਦੇ ਗੁਣਾਂ ਦਾ ਗਾਇਨ ਕਰਦਾ ਹਾਂ...

ਸਚੁ *(ਸੱਚ)*	ਖਾਣਾ,	ਸਚੁ *(ਸੱਚ)*	ਪੈਨਣਾ, *(ਪੈਨ੍ਹਣਾ)*
ਸੱਤ-ਸਿਮਰਨ	ਭੋਜਨ, ਖੁਰਾਕ	ਸੱਤ-ਸਿਮਰਨ	ਪਹਿਰਾਵਾ, ਪੁਸ਼ਾਕ

ਅੰਕ ੫੩

ਸਚੇ *(ਸੱਚੇ)*	ਸਚਾ *(ਸੱਚਾ)*	ਨਾਉ *(ਨਾਓਂ)* ॥੨॥
ਸਦਾ ਸਥਿਰ (ਪ੍ਰਭੂ)	ਸਦੀਵ-ਸੱਤ	ਨਾਮ

...(ਹੁਣ ਮੈਂ) ਸਦਾ-ਸਥਿਰ (ਵਾਹਿਗੁਰੂ) ਦੇ ਸੱਤ-ਸਰੂਪ ਨਾਮ (ਦਾ ਸਿਮਰਨ ਕਰਦਾ ਰਹਿੰਦਾ ਹਾਂ, ਇਸ ਲਈ ਹੁਣ ਤਾਂ ਮੇਰਾ) ਭੋਜਨ ਵੀ ਸੱਤ-ਸਿਮਰਨ ਹੋ ਗਿਆ ਹੈ, ਅਤੇ ਪਹਿਨਣਾ ਵੀ ਸੱਤ-ਸਿਮਰਨ (ਹੀ ਬਣ ਗਿਆ ਹੈ)...

ਸਾਸਿ *(ਸਾਸ)*	ਗਿਰਾਸਿ *(ਗਿਰਾਸ)*	ਨ *(ਨਾਂ)*	ਵਿਸਰੈ,
ਸਾਹ ਨਾਲ	ਬੁਰਕੀ ਨਾਲ	ਨਹੀਂ	ਭੁਲੇ

ਸਫਲੁ *(ਸਫਲ)*	ਮੂਰਤਿ *(ਮੂਰਤ)*	ਗੁਰੁ *(ਗੁਰ)*	ਆਪਿ *(ਆਪ)* ॥
ਫ਼ਲਦਾਇਕ,	ਸਾਰਥਿਕ	ਸਰੂਪ, ਸ਼ਖਸ਼ੀਅਤ	ਸਤਿਗੁਰੂ ਆਪ, ਖ਼ੁਦ

...ਸਤਿਗੁਰੂ ਜੋ ਖ਼ੁਦ ਸਭ ਫ਼ਲ ਦੇਣਹਾਰ ਮੂਰਤ ਹੈ, (ਮੈਨੂੰ) ਸਾਸ-ਗਿਰਾਸ ਨਹੀਂ ਵਿਸਰਦਾ...

ਗੁਰ	ਜੇਵਡੁ *(ਜੇਵਡ)*	ਅਵਰੁ *(ਅਵਰ)*	ਨ *(ਨਾਂ)*	ਦਿਸਈ,
ਸਤਿਗੁਰੂ	ਜਿੱਡਾ	ਹੋਰ	ਨਹੀਂ	ਨਜ਼ਰ ਆਉਂਦਾ

ਆਠ	ਪਹਰ *(ਪਹਿਰ)*	ਤਿਸੁ *(ਤਿਸ)*	ਜਾਪਿ *(ਜਾਪ)* ॥
ਅੱਠ(੮)	ਤਿੰਨ ਘੰਟੇ	ਉਸ ਨੂੰ	ਸਿਮਰ

...ਸਤਿਗੁਰੂ ਜਿੱਡਾ ਮੈਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ, (ਇਸ ਲਈ ਹੇ! ਮਨਾਂ!) ਅੱਠੇ ਪਹਿਰ, ਭਾਵ ਦਿਨ-ਰਾਤ ਉਸ ਦੀ ਅਰਾਧਨਾ ਕਰ...

ਨਦਰਿ *(ਨਦਰ)*	ਕਰੇ	ਤਾ *(ਤਾਂ)*	ਪਾਈਐ,
ਕ੍ਰਿਪਾ-ਦ੍ਰਿਸ਼ਟੀ	ਕਰ ਦੇਵੇ	ਤਦੋਂ	ਪ੍ਰਾਪਤ ਹੁੰਦਾ ਹੈ

ਸਚੁ *(ਸੱਚ)*	ਨਾਮੁ *(ਨਾਮ)*	ਗੁਣਤਾਸਿ *(ਗੁਣਤਾਸ)* ॥੩॥
ਸਦਾ ਸਥਿਰ (ਪ੍ਰਭੂ)	ਨਾਮ,ਸ਼ਕਤੀ	ਚੰਗਿਆਈਆਂ ਦੇ ਖਜ਼ਾਨੇ

...(ਜੇ ਸਤਿਗੁਰੂ ਆਪਣੀ) ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ, ਤਾਂ ਚੰਗਿਆਈਆਂ ਦੇ ਖਜ਼ਾਨੇ ਸਦੀਵ-ਸੱਤ ਪਰਮਾਤਮਾ ਦੇ ਨਾਮ ਨੂੰ ਪ੍ਰਾਪਤ ਹੁੰਦਾ ਹੈ...

ਗੁਰੁ *(ਗੁਰ)*	ਪਰਮੇਸਰੁ *(ਪਰਮੇਸ਼ਰ)*	ਏਕੁ *(ਏਕ)*	ਹੈ,
ਸਤਿਗੁਰੂ	ਪਰਮਾਤਮਾ	ਇੱਕੋ ਹੀ	ਹੋਣ ਦੀ ਕ੍ਰਿਆ

ਅੰਕ ੫੩

ਸਭ	**ਮਹਿ** *(ਮਹਿਂ)*	**ਰਹਿਆ**	**ਸਮਾਇ॥**
ਸਾਰਿਆਂ	ਵਿਚ	ਰਹਿੰਦਾ	ਵਿਆਪਕ, ਲੀਨ

...ਹੇ! ਭਾਈ! ਜਿਹੜਾ ਪਰਮੇਸ਼ਰ ਸਾਰਿਆਂ ਵਿਚ ਸਮਾਇਆ ਹੋਇਆ ਹੈ, ਉਹ ਅਤੇ ਸਤਿਗੁਰੂ ਇੱਕੋ ਸਰੂਪ ਹਨ...

ਜਿਨ *(ਜਿਨ੍ਹ)*	**ਕਉ**	**ਪੂਰਬਿ** *(ਪੂਰਬ)*	**ਲਿਖਿਆ,**
ਜਿਨ੍ਹਾਂ	ਨੂੰ	ਪੂਰਬਲਾ, ਧੁਰੋਂ	ਅੰਕਿਤ

ਸੇਈ	**ਨਾਮੁ** *(ਨਾਮ)*	**ਧਿਆਇ॥**
ਉਹੀ	(ਪ੍ਰਭੂ) ਨਾਉਂ	ਸਿਮਰਦੇ ਹਨ

...ਜਿਨ੍ਹਾਂ ਦੇ (ਭਾਗਾਂ ਵਿਚ) ਧੁਰੋਂ ਹੀ ਲਿਖਿਆ ਹੁੰਦਾ ਹੈ, ਉਹੀ (ਪ੍ਰਭੂ) ਨਾਮ ਦੀ ਬੰਦਗੀ ਕਰਦੇ ਹਨ...

ਨਾਨਕ,	**ਗੁਰ**	**ਸਰਣਾਗਤੀ,** *(ਸ਼ਰਣਾਗਤੀ)*
ਹੇ! ਨਾਨਕ!	ਸਤਿਗੁਰੂ	ਸ਼ਰਣ ਵਿਚ, ਓਟ ਵਿਚ

ਮਰੈ	**ਨ** *(ਨਾਂ)*	**ਆਵੈ**	**ਜਾਇ॥੪॥੩੦॥੧੦੦॥**
ਮਰਦਾ	ਨਹੀਂ	ਆਉਂਦਾ	ਜਾਂਦਾ

...ਹੇ! ਨਾਨਕ! ਸਤਿਗੁਰੂ ਦੀ ਸ਼ਰਣ ਵਿਚ ਆਇਆਂ ਨਾਂ ਮਰੀਦਾ ਹੈ, ਅਤੇ ਨਾਂ ਹੀ (ਸੰਸਾਰ ਦੇ) ਆਵਾਗਉਣ ਦਾ ਗੇੜ ਰਹਿੰਦਾ ਹੈ।

ਨੋਟ: ਸ੍ਰੀ ਰਾਗ ਦੇ ਸਾਰੇ ਚਉਪੱਦੇ ਸਮਾਪਤ ਹੋਏ ਹਨ।

ਗੁਰੂ ਨਾਨਕ ਦੇਵ ਜੀ ਦੇ	੩੩
ਗੁਰੂ ਅਮਰਦਾਸ ਜੀ ਦੇ	੩੧
ਗੁਰੂ ਰਾਮਦਾਸ ਜੀ ਦੇ	੬
ਗੁਰੂ ਅਰਜਨ ਦੇਵ ਜੀ ਦੇ	੩੦
ਕੁਲ ਜੋੜ	੧੦੦

ੴ*(ਇਕ ਓਅੰਕਾਰ)*	ਸਤਿ*(ਸੱਤ)*
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ	ਪ੍ਰਸਾਦਿ*(ਪ੍ਰਸਾਦ)* ॥
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ, (ਗੁਰੂ ਰਾਹੀਂ) ਕਿਰਪਾ ਕਰਦਾ ਹੈ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ, ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧, *(ਪਹਿਲਾ)*	ਘਰੁ *(ਘਰ)*	੧ *(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਪਹਿਲਾ

ਅਸਟਪਦੀਆ *(ਅਸ਼ਟਪਦੀਆਂ)* ॥
ਅੱਠ ਬੰਦਾਂ ਵਾਲੀਆਂ

ਆਖਿ *(ਆਖ)*	ਆਖਿ *(ਆਖ)*	ਮਨੁ *(ਮਨ)*	ਵਾਵਣਾ,
ਆਖ ਕੇ	ਆਖ ਕੇ	ਚਿੱਤ	ਵਜਾਉਣਾ

ਜਿਉ *(ਜਿਉਂ)*	ਜਿਉ *(ਜਿਉਂ)*	ਜਾਪੈ	ਵਾਇ ॥
ਜਿਵੇਂ	ਜਿਵੇਂ	ਜਾਪਦੈ, ਸਮਝ ਆਉਂਦੈ	ਵੱਜਾ ਕੇ

...(ਵਾਹਿਗੁਰੂ ਨਾਮ) ਸਿਮਰ ਸਿਮਰ ਕੇ, ਮਨ ਰੂਪੀ ਵਾਜੇ ਨੂੰ ਵਜਾਉਣਾ ਚਾਹੀਦਾ ਹੈ।(ਭਾਵ ਹਿਰਦੇ ਵਿਚੋਂ ਹਰੀ-ਸਿਮਰਨ ਦਾ ਸੰਗੀਤ ਪੈਦਾ ਕਰਨਾ ਚਾਹੀਦਾ ਹੈ)। ਜਿਵੇਂ ਜਿਵੇਂ ਸਮਝ ਆਵੇ (ਭਾਵ ਹਰ-ਸਿਮਰਨ ਦੇ ਸੰਗੀਤ ਦਾ ਆਨੰਦ ਆਵੇ, ਤਿਉਂ ਤਿਉਂ ਹੋਰ) ਵਜਾ ਕੇ (ਪ੍ਰਭੂ-ਮਸਤੀ ਵਿਚ ਲੀਨ ਹੋਣਾ ਚਾਹੀਦਾ ਹੈ।)...

ਜਿਸ	ਨੋ	ਵਾਇ	ਸੁਣਾਈਐ,
ਜਿਹੜੇ	ਨੂੰ	ਵਜਾ ਕੇ	ਸੁਣਾਈਦਾ ਹੈ

ਸੋ	ਕੇਵਡੁ *(ਕੇਵਡ)*	ਕਿਤੁ *(ਕਿਤ)*	ਥਾਇ *(ਥਾਇੰ)* ॥
ਉਹ	ਕਿੱਡਾ ਵੱਡਾ	ਕਿਹੜੀ	ਥਾਂ, ਜਗ੍ਹਾ

...ਜਿਸ (ਅਕਾਲ ਪੁਰਖ ਨੂੰ ਇਹ) ਵਾਜਾ ਵਜਾ ਕੇ ਸੁਣਾਈਦਾ ਹੈ, ਕਿੱਡਾ ਮਹਾਨ ਹੈ ਉਹ? (ਉਸਦਾ) ਟਿਕਾਣਾ ਕਿਹੜੀ ਥਾਂ ਹੈ?...

ਆਖਣ	ਵਾਲੇ	ਜੇਤੜੇ,
ਕਹਿਣ	ਕਾਰਜ ਕਰਤਾ, ਵੰਤ	ਜਿਤਨੇ ਵੀ

ਅੰਕ ੫੩

ਸਭਿ *(ਸੱਭ)*	ਆਖਿ *(ਆਖ)*	ਰਹੇ	ਲਿਵ	ਲਾਇ ॥੧॥
ਸਾਰੇ	ਆਖਦੇ	ਰਹਿੰਦੇ	ਧਿਆਨ	ਲਗਾਕੇ

...ਜਿਤਨੇ ਵੀ (ਅਕਾਲ ਪੁਰਖ ਬਾਰੇ) ਕਹਿਣ ਵਾਲੇ ਹਨ, ਸਭ (ਆਪਣੀ ਪ੍ਰੀਤ ਵਿਚ) ਲਿਵ ਲਗਾਕੇ (ਉਸ) ਬਾਰੇ ਕਹਿ ਰਹੇ ਹਨ...

ਬਾਬਾ,	ਅਲਹੁ	ਅਗਮ	ਅਪਾਰੁ *(ਅਪਾਰ)* ॥
ਹੇ ! ਬਾਬਾ !	ਪਰਮੇਸ਼ਰ	ਇੰਦ੍ਰਿਆਵੀ ਪਹੁੰਚ ਤੋਂ ਪਰ੍ਹੇ	ਅਨੰਤ

...ਹੇ! ਬਾਬਾ! ਪਰਮੇਸ਼ਰ, ਇੰਦ੍ਰਿਆਵੀ ਪਹੁੰਚ ਤੋਂ ਪਰ੍ਹੇ ਅਤੇ ਅਨੰਤ ਹੈ।...

ਪਾਕੀ	ਨਾਈ, *(ਨਾਈਂ)*	ਪਾਕ	ਥਾਇ, *(ਥਾਇਂ)*
ਪਵਿੱਤਰ	ਨਾਮ	ਪਵਿੱਤਰ	ਅਸਥਾਨ

ਸਚਾ *(ਸੱਚਾ)*	ਪਰਵਦਿਗਾਰੁ *(ਪਰਵਦਿਗਾਰ)* ॥੧॥	ਰਹਾਉ ॥
ਸਦਾ–ਸਥਿਰ	ਪ੍ਰਤਿਪਾਲਕ	ਠਹਿਰਾਉ

...ਸਦਾ ਸਥਿਰ ਪ੍ਰਤਿਪਾਲਕ ਪਰਮੇਸ਼ਰ ਦਾ ਨਾਮ ਵੀ ਪਵਿੱਤਰ ਹੈ, ਅਤੇ (ਸ਼ੋਭਨੀਕ) ਸਥਾਨ ਵੀ ਪਵਿੱਤਰ ਹੈ...

ਤੇਰਾ	ਹੁਕਮੁ, *(ਹੁਕਮ)*	ਨ *(ਨਾਂ)*	ਜਾਪੀ	ਕੇਤੜਾ,
ਤੁਹਾਡਾ	ਆਗਿਆ	ਨਹੀਂ	ਜਾਪਦਾ, ਲਗਦਾ	ਕਿੱਡਾ ਵੱਡਾ

ਲਿਖਿ *(ਲਿਖ)*	ਨ *(ਨਾਂ)*	ਜਾਣੈ	ਕੋਇ ॥
ਲਿਖਕੇ	ਨਹੀਂ	ਜਾਣ ਸਕਦਾ	ਕੋਈ

...ਪਤਾ ਨਹੀਂ ਲਗਦਾ ਕਿ ਤੇਰੀ ਆਗਿਆ ਕਿਤਨੀ ਮਹਾਨ ਹੈ, ਇਸ (ਅਕੱਥ ਅਤੇ ਮਹਾਨ ਹੁਕਮ ਨੂੰ) ਕੋਈ ਲਿਖਣ ਵੀ ਨਹੀਂ ਜਾਣਦਾ...

ਜੇ	ਸਉ	ਸਾਇਰ *(ਸ਼ਾਇਰ)*	ਮੇਲੀਅਹਿ, *(ਮੇਲੀਅਹਿਂ)*
ਜੇਕਰ	ਸੌ	ਕਵੀ	ਇਕੱਠੇ ਕਰ ਲਈਏ

ਤਿਲੁ *(ਤਿਲ)*	ਨ *(ਨਾਂ)*	ਪੁਜਾਵਹਿ *(ਪੁਜਾਵਹਿਂ)*	ਰੋਇ॥
ਤਿਲ ਮਾਤਰ, ਰਤਾ ਜਿਨਾਂ	ਨਹੀਂ	ਪੁੱਜ ਸਕਦੇ	ਸ਼ੋਭਾ, ਵਡਿਆਈ

...ਜੇਕਰ ਸੌ ਕਵੀ ਵੀ ਇਕੱਤਰ ਕਰ ਲਈਏ, ਤਾਂ ਵੀ ਉਹ (ਅਕਾਲ ਪੁਰਖ ਦੀ) ਸ਼ੋਭਾ ਤਕ ਤਿੱਲ ਮਾਤਰ ਨਹੀਂ ਪੁੱਜ ਸਕਦੇ...

ਅੰਕ ੫੩

ਕੀਮਤਿ *(ਕੀਮਤ)*	**ਕਿਨੈ** *(ਕਿਨੈਂ)*	**ਨ** *(ਨਾਂ)*	**ਪਾਈਆ,**
ਮੁੱਲ	ਕਿਸੇ ਨੇ	ਨਹੀਂ	ਪਾਈ

ਸਭਿ *(ਸਭ)*	**ਸੁਣਿ** *(ਸੁਣ)*	**ਸੁਣਿ** *(ਸੁਣ)*	**ਆਖਹਿ** *(ਆਖਹਿਂ)*	**ਸੋਇ॥੨॥**
ਸਾਰੇ	ਸ੍ਰਵਣ ਕਰਕੇ	ਸ੍ਰਵਣ ਕਰਕੇ	ਆਖਦੇ ਹਨ	ਵਡਿਆਈ, ਸ਼ੋਭਾ

...ਸਭ (ਹਰਨਾਂ ਪਾਸੋਂ) ਸ੍ਰਵਣ ਕਰ ਕਰ ਕੇ (ਪਰਮੇਸ਼ਰ ਦੀ) ਸ਼ੋਭਾ ਕਥਨ ਕਰੀ ਜਾ ਰਹੇ ਹਨ, ਪਰ ਕਿਸੇ ਤੋਂ ਵੀ ਉਸਦੀ ਕਾਂਮਤ ਨਹੀਂ ਪਾਈ ਜਾ ਸਕੀ...

ਪੀਰ	**ਪੈਕਾਮਰ**	**ਸਾਲਕ**	**ਸਾਦਕ,**
ਸੱਤ ਪੁਰਸ਼	ਨਬੀ	ਰਾਹ ਦਿਖਾਵਾ	ਸਿਦਕ ਭਰੋਸੇ ਵਾਲੇ, ਨਿਸ਼ਠਾਵਾਨ

ਸੁਹਦੇ *(ਸੁਹਦੇ)*	**ਅਉਰੁ** *(ਅਉਰ)*	**ਸਹੀਦ** *(ਸ਼ਹੀਦ)* **॥**
ਭਲੇ ਪੁਰਸ਼	ਅਤੇ	ਸ਼ਹੀਦ

...ਪੀਰ, ਪੈਗੰਬਰ, ਰੱਬੀ ਰਾਹ ਦੱਸਣ ਵਾਲੇ, ਸਿਦਕ ਭਰੋਸੇ ਵਾਲੇ, ਭਲੇ ਪੁਰਸ਼ ਅਤੇ ਸ਼ਹੀਦ (ਇਹ ਸਭ ਤੇਰੀ ਮਿਹਰ ਲਈ ਯਤਨਸ਼ੀਲ ਹਨ)...

ਸੇਖ *(ਸ਼ੇਖ)*	**ਮਸਾਇਕ** *(ਮਸ਼ਾਇਕ)*	**ਕਾਜੀ** *(ਕਾਜ਼ੀ)*	**ਮੁਲਾ,** *(ਮੁੱਲਾਂ)*
ਬਜ਼ੁਰਗ ਆਗੂ	ਸ਼ੇਖ ਦਾ ਬਹੁ ਵਚਨ	ਨਿਆਇ ਕਰਤਾ	ਮੌਲਾਣੇ

ਦਰਿ *(ਦਰ)*	**ਦਰਵੇਸ** *(ਦਰਵੇਸ਼)*	**ਰਸੀਦ ॥**
(ਰੱਬੀ) ਦਰਵਾਜ਼ਾ	ਫ਼ਕੀਰ	ਪਹੁੰਚੇ ਹੋਏ

...ਸ਼ੇਖ, ਮਸ਼ਾਇਕ, ਕਾਜ਼ੀ, ਮੌਲਾਣੇ ਅਤੇ ਰੱਬੀ ਦਰਗਾਹ ਤੇ ਪਹੁੰਚੇ ਹੋਏ ਦਰਵੇਸ਼, (ਵੀ ਤੇਰੀ ਕਿਰਪਾ ਦੇ ਪਾਤਰ ਬਨਣ ਲਈ ਕੋਸ਼ਿਸ਼ਾਂ ਕਰਦੇ ਹਨ)...

ਬਰਕਤਿ *(ਬਰਕਤ)*	**ਤਿਨ** *(ਤਿਨ੍ਹ)*	**ਕਉ**	**ਅਗਲੀ,**
ਵਾਧਾ	ਤਿਨ੍ਹਾਂ	ਨੂੰ	ਬਹੁਤ

ਪੜਦੇ *(ਪੜ੍ਹਦੇ)*	**ਰਹਨਿ** *(ਰਹਿਨ)*	**ਦਰੂਦ ॥੩॥**
ਪਠਨ	ਰਹਿੰਦੇ	ਅਰਦਾਸ, ਬੇਨਤੀ

...(ਪਰ ਜੋ ਅਕਾਲ ਪੁਰਖ ਦੀ ਰਹਿਮਤ ਲਈ ਨਿਮਰਤਾ ਸਹਿਤ) ਅਰਦਾਸਾਂ, ਬੇਨਤੀਆਂ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਬਹੁਤ ਬਰਕਤ, (ਭਾਵ ਬੇਅੰਤ ਬੇਅੰਤ ਬਖਸ਼ਿਸ਼ਾਂ) ਪ੍ਰਾਪਤ ਹੁੰਦੀਆਂ ਹਨ।...

ਅੰਕ ੫੩

ਪੁਛਿ(ਪੁੱਛ)	ਨ(ਨਾਂ)	ਸਾਜੇ,	ਪੁਛਿ(ਪੁੱਛ)	ਨ(ਨਾਂ)	ਢਾਹੇ,
ਪੁੱਛਕੇ	ਨਹੀਂ	ਸਿਰਜਦਾ	ਪੁੱਛਕੇ	ਨਹੀਂ	ਢਾਹੁੰਦਾ

ਪੁਛਿ(ਪੁੱਛ)	ਨ(ਨਾਂ)	ਦੇਵੈ	ਲੇਇ(ਲੇ)॥
ਪੁੱਛਕੇ	ਨਹੀਂ	ਦਿੰਦਾ	ਵਾਪਸ ਲੈਂਦਾ

...(ਕਰਤਾ ਪੁਰਖ ਕਿਸੇ ਨੂੰ ਪੁੱਛਕੇ ਸ੍ਰਿਸ਼ਟੀ ਦੀ) ਸਾਜਨਾ ਨਹੀਂ ਕਰਦਾ, ਨਾ ਹੀ ਕਿਸੇ ਨੂੰ ਪੁੱਛਕੇ ਉਸ ਦਾ ਵਿਨਾਸ਼ ਕਰਦਾ ਹੈ, ਨਾ ਹੀ ਕਿਸੇ ਨੂੰ ਪੁੱਛਕੇ (ਦਾਤਾਂ) ਬਖਸ਼ਦਾ ਹੈ, ਅਤੇ ਨਾ ਹੀ ਉਨ੍ਹਾਂ (ਦਾਤਾਂ) ਨੂੰ ਕਿਸੇ ਨੂੰ ਪੁੱਛਕੇ ਵਾਪਸ ਲੈਂਦਾ ਹੈ।...

ਆਪਣੀ	ਕੁਦਰਤਿ(ਕੁਦਰਤ)	ਆਪੇ	ਜਾਣੈ,
ਖ਼ੁਦ ਦੀ	ਰਚਨਾ-ਸ਼ਕਤੀ ਨੂੰ	ਖ਼ੁਦ ਹੀ	ਜਾਣਦਾ ਹੈ

ਆਪੇ	ਕਰਣੁ(ਕਰਣ)	ਕਰੇਇ(ਕਰੇ) ॥
ਖ਼ੁਦ ਹੀ	ਕਾਰਜ,ਰਚਨਾ	ਕਰਦਾ ਹੈ

...ਆਪਣੀ ਸ਼ਕਤੀ ਨੂੰ ਉਹ ਖ਼ੁਦ ਹੀ ਜਾਣਦਾ ਹੈ, ਅਤੇ ਆਪ ਹੀ ਸਭ ਕਾਰਜ (ਭਾਵ ਸਾਰੀ ਸ੍ਰਿਸ਼ਟੀ ਦੀ ਸਾਜਨਾ) ਕਰਦਾ ਹੈ...

ਸਭਨਾ	ਵੇਖੈ	ਨਦਰਿ(ਨਦਰ)	ਕਰਿ,(ਕਰ)
ਸਾਰਿਆਂ ਨੂੰ	ਵੇਖਦਾ,ਤੱਕਦਾ	ਕ੍ਰਿਪਾ ਦ੍ਰਿਸ਼ਟੀ	ਕਰਕੇ

ਜੈ(ਜੈਂ)	ਭਾਵੈ	ਤੈ(ਤੈਂ)	ਦੇਇ(ਦੇ) ॥੪॥
ਜਿਸ ਨੂੰ	ਚਾਹੁੰਦਾ ਹੈ	ਤਿਸ ਨੂੰ	ਦਿੰਦਾ, ਬਖਸ਼ਦਾ

...(ਅਕਾਲ ਪੁਰਖ) ਸਭਨਾਂ ਨੂੰ (ਆਪਣੀ) ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਦਾ ਹੈ, ਅਤੇ ਜਿਸ ਨੂੰ ਚਾਹੇ (ਬਖਸ਼ਿਸ਼ਾਂ) ਬਖਸ਼ਦਾ ਹੈ...

ਥਾਵਾ(ਥਾਵਾਂ)	ਨਾਵ(ਨਾਂਵ)	ਨ(ਨਾਂ)	ਜਾਣੀਅਹਿ,(ਜਾਣੀਅਹਿਂ)
ਸਥਾਨਾਂ	ਨਾਮ	ਨਹੀਂ	ਜਾਣ ਸਕੀਦੇ

ਨਾਵਾ(ਨਾਵਾਂ)	ਕੇਵਡੁ(ਕੇਵਡ)	ਨਾਉ(ਨਾਉਂ) ॥
ਨਾਵਾਂ	ਕਿੱਡਾ ਵੱਡਾ	ਨਾਮ

...(ਅਕਾਲ ਪੁਰਖ ਦੀ ਸਾਜੀ ਅਪਰ ਅਪਾਰ ਰਚਨਾ ਵਿਚ, ਉਸਦੇ) ਸਥਾਨਾਂ ਦੇ ਨਾਵਾਂ ਨੂੰ ਨਹੀਂ ਜਾਣ ਸਕੀਦਾ, (ਅਤੇ ਇਹ ਵੀ ਪਤਾ ਨਹੀਂ ਲਗ ਸਕਦਾ ਕਿ ਇਨ੍ਹਾਂ) ਨਾਵਾਂ ਵਿਚ ਉਸਦਾ ਕਿਤਨਾ ਵੱਡਾ ਨਾਮ ਹੈ?

ਅੰਕ ੫੩

ਜਿਥੈ	ਵਸੈ	ਮੇਰਾ	ਪਾਤਿਸਾਹੁ, *(ਪਾਤਸ਼ਾਹ)*
ਜਿਹੜੀ ਥਾਂ	ਵਸਦਾ ਹੈ	ਆਪਣਾ	ਮਾਹਰਾਜ, ਅਕਾਲ ਪੁਰਖ
ਸੋ	ਕੇਵਡੁ *(ਕੇਵਡ)*	ਹੈ	ਥਾਉ *(ਥਾਉਂ)* ॥
ਉਹ	ਕਿੱਡਾ ਵੱਡਾ	ਹੋਣ ਦੀ ਕ੍ਰਿਆ	ਸਥਾਨ

...ਕਿੱਡਾ ਵੱਡਾ ਸਥਾਨ ਹੈ ਉਹ, ਜਿੱਥੇ ਮੇਰਾ ਪਾਤਸ਼ਾਹ ਵਸਦਾ ਹੈ...

ਅੰਬੜਿ *(ਅੰਬੜ)*	ਕੋਇ	ਨ *(ਨਾਂ)*	ਸਕਈ,
ਅੱਪੜ,ਪਹੁੰਚ	ਕੋਈ ਵੀ	ਨਹੀਂ	ਸਕਦਾ

ਹਉ *(ਹਉਂ)*	ਕਿਸ	ਨੋ *(ਨੋਂ)*	ਪੁਛਣਿ *(ਪੁੱਛਣ)*	ਜਾਉ *(ਜਾਉਂ)* ॥੫॥
ਮੈਂ	ਕਿਹੜੇ	ਨੂੰ	ਪੁੱਛਣ, ਪਤਾ ਕਰਨ	ਜਾਵਾਂ

...(ਮੇਰੇ ਪਾਤਸ਼ਾਹ ਦੇ ਸਥਾਨ ਤੇ) ਪਹੁੰਚ ਤਾ ਕੋਈ ਸਕਦਾ ਨਹੀਂ, ਮੈਂ ਕਿਸ ਕੋਲ ਪਤਾ ਕਰਨ ਲਈ ਜਾਵਾਂ?...

ਵਰਨਾ	ਵਰਨ	ਨ *(ਨਾਂ)*	ਭਾਵਨੀ,
ਵੰਸ਼/ਕੁਲ ਵਿਚੋਂ	ਵੰਸ਼	ਨਹੀਂ	ਭਾਉਂਦਾ, ਪਸੰਦ ਹੁੰਦਾ
ਜੇ	ਕਿਸੈ	ਵਡਾ *(ਵੱਡਾ)*	ਕਰੇਇ *(ਕਰੇ)* ॥
ਜੇਕਰ	ਕਿਸੇ ਨੂੰ	ਉੱਚੇਰਾ	ਕਰਦਾ ਹੈ

...(ਵਾਹਿਗੁਰੂ) ਜੇਕਰ ਕਿਸੇ (ਇਕ ਵੰਸ਼ ਨੂੰ) ਵੱਡਾ ਕਰ ਦਿੰਦਾ ਹੈ, ਤਾਂ ਦੂਸਰੀਆਂ ਕੁਲਾਂ ਨੂੰ ਉਹ ਕੁਲ ਚੰਗੀ ਨਹੀਂ ਲਗਦੀ...

ਵਡੇ *(ਵੱਡੇ)*	ਹਥਿ *(ਹੱਥ)*	ਵਡਿਆਈਆ, *(ਵੱਡਿਆਈਆਂ)*
ਮਹਾਨ,ਉੱਤਮ	ਹੱਥ ਵਿਚ	ਉੱਚਤਾ, ਮਾਣ, ਇੱਜ਼ਤ

ਜੈ	ਭਾਵੈ	ਤੈ *(ਤੈਂ)*	ਦੇਇ ॥
ਜਿਸ ਨੂੰ	ਚੰਗਾ ਲਗਦਾ	ਤਿਸ ਨੂੰ	ਬਖਸ਼ ਦਿੰਦਾ ਹੈ

...ਵੱਡੇ (ਸਾਹਿਬ) ਹੱਥ ਵਡਿਆਈਆਂ ਹਨ, ਜਿਸ ਨੂੰ ਚਾਹੇ, ਉਸ ਨੂੰ ਬਖਸ਼ ਦਿੰਦਾ ਹੈ...

ਹੁਕਮਿ *(ਹੁਕਮ)*	ਸਵਾਰੇ	ਆਪਣੈ,
ਹੁਕਮ ਰਾਹੀਂ	ਸੰਵਾਰਦਾ	ਖ਼ੁਦ ਦੇ

ਅੰਕ ੫੩-੫੪

ਚਸਾ	ਨ*(ਨਾਂ)*	ਢਿਲ	ਕਰੇਇ*(ਕਰੇ)* ॥੬॥
ਥੋੜ੍ਹਾ ਜਿਹਾ ਸਮਾਂ	ਨਹੀਂ	ਦੇਰੀ	ਕਰਦਾ

...(ਮਿਹਰ ਦੇ ਘਰ ਵਿਚ ਆਕੇ ਜਿਸ ਨੂੰ ਚਾਹੇ) ਆਪਣੇ ਹੁਕਮ ਰਾਹੀਂ ਸੁਆਰ ਦਿੰਦਾ ਹੈ, ਅਤੇ ਇਸ ਵਿਚ ਖਿਨ ਮਾਤਰ ਲਈ ਵੀ ਦੇਰੀ ਨਹੀਂ ਲਾਉਂਦਾ...

ਸਭੁ*(ਸਭ)*	ਕੋ	ਆਖੈ	ਬਹੁਤੁ*(ਬਹੁਤ)*	ਬਹੁਤੁ,*(ਬਹੁਤ)*
ਸਾਰੇ	ਕੋਈ	ਆਖਦੇ	ਹੋਰ	ਹੋਰ

ਲੈਣੈ	ਕੈ	ਵੀਚਾਰਿ*(ਵੀਚਾਰ)* ॥
ਲੈਣ	ਦੇ	ਵਿਚਾਰ/ਖ਼ਿਆਲ ਦੁਆਰਾ

...ਬਹੁਤੀਆਂ ਬਹੁਤੀਆਂ (ਦਾਤਾਂ) ਲੈਣ ਦੇ ਮਨੋਰਥ ਨਾਲ ਹਰ ਕੋਈ (ਪਰਮਾਤਮਾ ਨੂੰ ਆਪਣੀਆਂ ਮੰਗਾਂ ਬਾਰੇ) ਆਖੀ ਹੀ ਜਾਂਦਾ ਹੈ...

ਕੇਵਡੁ*(ਕੇਵਡ)*	ਦਾਤਾ	ਆਖੀਐ,
ਕਿੱਡਾ ਵੱਡਾ	ਦਾਤਾਂ ਦੇਣ ਵਾਲਾ (ਪ੍ਰਭੂ)	ਕਹੀਏ

ਦੇ	ਕੈ	ਰਹਿਆ	ਸੁਮਾਰਿ*(ਸ਼ੁਮਾਰ)* ॥
ਬਖਸ਼	ਕੇ	ਰਿਹਾ	ਗਿਣਤੀ ਤੋਂ

...ਦਾਤਾਂ ਦੇਣ ਵਾਲੇ (ਅਕਾਲ ਪੁਰਖ) ਨੂੰ ਕਿੱਡਾ ਵੱਡਾ ਕਹੀਏ, ਕਿਉਂਕਿ ਜੋ ਕੁਝ ਵੀ ਉਹ ਬਖਸ਼ ਰਿਹਾ ਹੈ, ਉਹ ਤਾਂ ਬੇਸ਼ੁਮਾਰ ਹੈ, ਅਣਗਿਣਤ ਹੈ...

ਨਾਨਕ,	ਤੋਟਿ*(ਤੋਟ)*	ਨ*(ਨਾਂ)*	ਆਵਈ,
ਹੇ ! ਨਾਨਕ	ਘਾਟਾ, ਕਮੀ	ਨਹੀਂ	ਆਉਂਦਾ

ਤੇਰੇ	ਜੁਗਹ*(ਜੁਗਹਿਂ)*	ਜੁਗਹ*(ਜੁਗਹਿਂ)*	ਭੰਡਾਰ ॥੭॥੧॥
ਤੁਹਾਡੇ	ਜੁਗੋ	ਜੁਗ	ਖ਼ਜ਼ਾਨੇ

...ਨਾਨਕ (ਦਾ ਕਹਿਣਾ ਹੈ ਕਿ) ਹੇ! ਵਾਹਿਗੁਰੂ! ਤੇਰੇ ਖ਼ਜ਼ਾਨੇ ਜੁੱਗੋਂ ਜੁੱਗ (ਅਟੱਲ ਤੇ ਭਰਪੂਰ ਹਨ), ਉਨ੍ਹਾਂ ਵਿਚ ਕਦੇ ਵੀ ਘਾਟ ਨਹੀਂ ਆਉਂਦੀ ।

ਮਹਲਾ*(ਮਹਿਲਾ)*	੧*(ਪਹਿਲਾ)* ॥
ਪਾਤਸ਼ਾਹੀ	ਪਹਿਲੀ

ਅੰਕ ੫੪

ਸਭੇ	ਕੰਤ	ਮਹੇਲੀਆ *(ਮਹੇਲੀਆਂ)*
ਸਾਰੀਆਂ	ਪਤੀ	ਇਸਤ੍ਰੀਆਂ

ਸਗਲੀਆ *(ਸਗਲੀਆਂ)*	ਕਰਹਿ *(ਕਰਹਿਂ)*	ਸੀਗਾਰੁ *(ਸ਼ੀਂਗਾਰ)* ॥
ਸਾਰੀਆਂ	ਕਰਦੀਆਂ ਹਨ	ਸ਼ਿੰਗਾਰ

...(ਪਰਮੇਸ਼ੁਰ) ਪਤੀ ਦੀਆਂ ਹੀ ਸਾਰੀਆਂ (ਜੀਵ ਰੂਪੀ) ਇਸਤ੍ਰੀਆਂ ਹਨ। ਸਾਰੀਆਂ ਹੀ (ਪਤੀ ਪ੍ਰਸੰਨਤਾ ਲਈ) ਸ਼ਿੰਗਾਰ ਕਰਦੀਆਂ ਹਨ...

ਗਣਤ	ਗਣਾਵਣਿ *(ਗਣਾਵਣ)*	ਆਈਆ, *(ਆਈਆਂ)*
ਗਿਣਤੀਆਂ ਮਿਣਤੀਆਂ	ਗਿਣਾਉਣ	ਪਹੁੰਚੀਆਂ

ਸੂਹਾ	ਵੇਸੁ *(ਵੇਸ)*	ਵਿਕਾਰੁ *(ਵਿਕਾਰ)* ॥
ਗੂੜ੍ਹਾ ਲਾਲ	ਪਹਿਰਾਵਾ	ਵਿਕਾਰੀ, ਭੈੜਾ, ਵਿਅਰਥ

...ਪਰ ਜਿਹੜੀਆਂ ਇਸਤ੍ਰੀਆਂ (ਆਪਣੇ ਹਾਰ-ਸ਼ਿੰਗਾਰ ਅਤੇ ਪਿਆਰ ਦੀਆਂ, ਕੰਤ ਕੋਲ) ਗਿਣਤੀਆਂ ਮਿਣਤੀਆਂ ਗਿਣਾਉਣ ਆਈਆਂ ਹਨ, (ਭਾਵ ਵਿਖਾਵੇ ਦੇ ਹਾਵ-ਭਾਵ ਕਰਦੀਆਂ ਹਨ, ਉਨ੍ਹਾਂ ਦਾ ਪਾਖੰਡੀ) ਸੂਹਾ ਪਹਿਰਾਵਾ ਵਿਕਾਰੀ ਹੈ, (ਭਾਵ ਜੋ ਲੋਕ ਬਾਹਰੀ ਧਾਰਮਿਕ ਪਹਿਰਾਵੇ ਪਾਕੇ, ਧਾਰਮਿਕ ਕਰਮ-ਕਾਂਡਾਂ ਦਾ ਲੋਕਾਂ ਵਿਚ ਝੂਠਾ ਅਡੰਬਰ ਰਚਦੇ ਹਨ, ਉਹ ਸਭ ਵਿਅਰਥ ਹੈ)...

ਪਾਖੰਡਿ, *(ਪਾਖੰਡ)*	ਪ੍ਰੇਮੁ *(ਪ੍ਰੇਮ)*	ਨ *(ਨਾਂ)*	ਪਾਈਐ,
ਦਿਖਾਵਾ/ ਦੰਭ ਰਾਹੀਂ	ਪ੍ਰੀਤ	ਨਹੀਂ	ਪਾਈਦਾ

ਖੋਟਾ	ਪਾਜੁ *(ਪਾਜ)*	ਖੁਆਰੁ *(ਖ਼ੁਆਰ)* ॥੧॥
ਕੂੜਾ	ਮੁਲੰਮਾ, ਬਨਾਵਟ	ਖ਼ਜਲ, ਪ੍ਰੇਸ਼ਾਨ

...ਦੰਭ ਰਾਹੀਂ ਕਦੀ ਪ੍ਰੀਤ ਨਹੀਂ ਪੈ ਸਕਦੀ, ਜਿਵੇਂ ਮੁਲੰਮੇ ਦੇ ਉਤਰਣ ਨਾਲ ਵਿਚੋਂ ਖੋਟ ਨਿਕਲ ਆਉਂਦਾ ਹੈ, ਤੇ ਫਿਰ ਪਰੇਸ਼ਾਨੀ ਹੁੰਦੀ ਹੈ, ਇਵੇਂ ਹੀ ਪਾਖੰਡ ਵਾਲੀ ਕੂੜੀ ਪ੍ਰੀਤ ਦਾ ਮੁਲੰਮਾ ਉਤਰਨ ਨਾਲ, ਖ਼ਜਲ-ਖੁਆਰੀ ਹੁੰਦੀ ਹੈ...

ਹਰਿ *(ਹਰ)*	ਜੀਉ,	ਇਉ *(ਇਉਂ)*	ਪਿਰੁ *(ਪਿਰ)*	ਰਾਵੈ	ਨਾਰਿ *(ਨਾਰ)* ॥
ਪਰਮਾਤਮਾ	ਜੀ	ਇਵੇਂ	ਕੰਤ	ਮਾਣਦੀ	ਇਸਤ੍ਰੀ

...ਪ੍ਰਭੂ ਕੰਤ ਜੀ, ਇਵੇਂ (ਜੀਵ ਰੂਪੀ) ਇਸਤ੍ਰੀਆਂ ਨੂੰ ਮਾਣਦੇ ਹਨ (ਭਾਵ ਉਨ੍ਹਾਂ ਨੂੰ ਪਿਆਰ ਕਰਦੇ ਹਨ)...

ਅੰਕ ੫੪

ਤੁਧੁ *(ਤੁਧ)*	ਭਾਵਨਿ *(ਭਾਵਨ)*	ਸੋਹਾਗਣੀ, *(ਸੋਹਾਗਣੀਂ)*		
ਤੈਨੂੰ	ਭਾ ਜਾਣ, ਚੰਗੀਆਂ ਲਗਣ	ਸੁਹਾਗਵੰਤੀਆਂ		
ਅਪਨੀ	ਕਿਰਪਾ ਲੈਹਿ *(ਲੈਹਿਂ)*	ਸਵਾਰਿ *(ਸਵਾਰ)*	॥੧॥ਰਹਾਉ ॥	
ਖ਼ੁਦ ਦੀ	ਮਿਹਰ ਲੈਂਦਾ ਹੈ	ਸੰਵਾਰ, ਰਾਸ	ਠਹਿਰਾਉ	

...(ਹੇ! ਵਾਹਿਗੁਰੂ ਜੀ! ਜਿਹੜੀਆਂ ਜੀਵ ਰੂਪੀ ਇੱਸਤ੍ਰੀਆਂ) ਤੈਨੂੰ ਚੰਗੀਆਂ ਲਗਦੀਆਂ ਹਨ, (ਦਰਅਸਲ) ਉਹੋ ਹੀ ਸੁਹਾਗਵੰਤੀਆਂ ਹਨ, ਤੂੰ ਆਪਣੀ ਰਹਿਮਤ ਨਾਲ (ਉਨ੍ਹਾਂ ਦੇ ਔਗਣਾਂ ਨੂੰ ਬਖਸ਼ ਕੇ) ਉਨ੍ਹਾਂ ਨੂੰ ਸੰਵਾਰ ਲੈਂਦਾ ਹੈਂ...

ਗੁਰ	ਸਬਦੀ *(ਸ਼ਬਦੀ)*	ਸੀਗਾਰੀਆ *(ਸ਼ੀਂਗਾਰੀਆਂ)*		
ਸਤਿਗੁਰੂ	ਸ਼ਬਦ ਦੁਆਰਾ	ਸਜੀਆਂ, ਸੰਵਰੀਆਂ		
ਤਨੁ *(ਤਨ)*	ਮਨੁ *(ਮਨ)*	ਪਿਰ	ਕੈ	ਪਾਸਿ *(ਪਾਸ)* ॥
ਸਰੀਰ	ਚਿੱਤ	(ਪ੍ਰਭੂ) ਕੰਤ	ਦੇ	ਕੋਲ,ਹਵਾਲੇ

...(ਅਜਿਹੀਆਂ ਸੁਹਾਗਵੰਤੀਆਂ), ਸਤਿਗੁਰੂ ਦੇ ਸ਼ਬਦ ਨਾਲ ਸਜੀਆਂ-ਸੰਵਰੀਆਂ ਹੁੰਦੀਆਂ ਹਨ, ਉਹ ਤਨ ਅਤੇ ਮਨ (ਪ੍ਰਭੂ) ਕੰਤ ਦੇ ਹਵਾਲੇ ਕਰ ਦਿੰਦੀਆਂ ਹਨ...

ਦੁਇ	ਕਰ	ਜੋੜਿ *(ਜੋੜ)*	ਖੜੀ	ਤਕੈ,
ਦੋਵੇਂ	ਹੱਥ	ਜੋੜਕੇ	ਖੜੀ ਹੋਈ	ਵੇਖਦੀ
ਸਚੁ *(ਸੱਚ)*	ਕਹੈ	ਅਰਦਾਸਿ *(ਅਰਦਾਸ)* ॥		
ਸਦਾ ਸਥਿਰ (ਪ੍ਰਭੂ)	ਕਹਿੰਦੀ	ਬੇਨਤੀ, ਜੋਦੜੀ		

...ਅਤੇ (ਨਿਮਰਤਾ ਸਹਿਤ ਪ੍ਰਭੂ ਕੰਤ ਦੇ ਹੁਕਮ ਦੀ ਇੰਤਜ਼ਾਰ ਵਿਚ) ਦੋਵੇਂ ਹੱਥ ਜੋੜਕੇ, ਖੜੀ ਤੱਕਦੀ ਰਹਿੰਦੀ ਹੈ, ਸੱਚ-ਸਰੂਪ ਪ੍ਰਭੂ ਕੰਤ ਅੱਗੇ ਜੋਦੜੀਆਂ ਬੇਨਤੀਆਂ ਕਰਦੀ ਹੈ...

ਲਾਲਿ *(ਲਾਲ)*	ਰਤੀ, *(ਰੱਤੀ)*	ਸਚ *(ਸੱਚ)*	ਭੈ	ਵਸੀ,
ਪਰਮੇਸ਼ਰ ਵਿਚ	ਸਮਾਈ	ਸੱਚ-ਸਰੂਪ (ਪ੍ਰਭੂ)	ਅਦਬ, ਨਿਰਮਲ ਭੈ	ਟਿਕੀ
ਭਾਇ	ਰਤੀ *(ਰੱਤੀ)*	ਰੰਗਿ *(ਰੰਗ)*	ਰਾਸਿ *(ਰਾਸ)* ॥੨॥	
ਪ੍ਰੀਤ ਵਿਚ	ਰੰਗੀ ਹੋਈ	ਰੰਗ ਵਿਚ	ਸੁਆਰੀ ਹੋਈ	

...(ਉਹ) ਸੱਚ-ਸਰੂਪ ਪਰਮੇਸ਼ਰ ਵਿਚ ਸਮਾਈ ਹੋਈ, ਉਸਦੇ ਨਿਰਮਲ ਭਉ ਵਿਚ ਟਿਕੀ ਰਹਿੰਦੀ ਹੈ। (ਇਉਂ ਉਹ ਜੀਵ-ਇਸਤ੍ਰੀ ਪ੍ਰਭੂ ਕੰਤ ਦੇ) ਪ੍ਰੀਤ ਰੰਗ ਵਿਚ ਰੰਗੀਜ ਕੇ, ਸੁਆਰੀ ਹੋਈ (ਉਸ ਵਿਚ ਲੀਨ ਰਹਿੰਦੀ ਹੈ)...

ਅੰਕ ੫੪

ਪ੍ਰਿਅ	ਕੀ	ਚੇਰੀ	ਕਾਂਢੀਐ,
ਪ੍ਰੀਤਮ	ਦੀ	ਦਾਸੀ	ਗਿਣੀਦੀ ਹੈ, ਕਹੀ ਜਾਂਦੀ ਹੈ

ਲਾਲੀ	ਮਾਨੈ	ਨਾਉ *(ਨਾਉਂ)* ॥
ਪਿਆਰੀ	ਮੰਨਦੀ	(ਪ੍ਰਭੂ) ਨਾਮ

..ਜਿਹੜੀ (ਸੁਹਾਗਵੰਤੀ) ਪਿਆਰੀ, (ਪ੍ਰਭੂ ਕੰਤ ਦੇ) ਨਾਮ ਨੂੰ ਮੰਨਦੀ ਹੈ, ਭਾਵ ਅਰਾਧਦੀ ਹੈ, ਉਹੋ ਹੀ ਪ੍ਰੀਤਮ ਦੀ ਦਾਸੀ ਕਹਾਉਂਦੀ ਹੈ...

ਸਾਚੀ	ਪ੍ਰੀਤਿ *(ਪ੍ਰੀਤ)*	ਨ *(ਨਾਂ)*	ਤੁਟਈ, *(ਤੁੱਟਈ)*
(ਸਦੀਵ) ਸੱਚੀ	ਪ੍ਰੀਤ	ਨਹੀਂ	ਟੁੱਟਦੀ

ਸਾਚੇ	ਮੇਲਿ *(ਮੇਲ)*	ਮਿਲਾਉ ॥
ਸਦਾ-ਸਥਿਰ(ਪ੍ਰਭੂ)	ਮਿਲਾਪ ਵਿਚ	ਮਿਲੀ ਰਹਿੰਦੀ, ਜੁੜੀ ਰਹਿੰਦੀ

...(ਐਸੀ ਪ੍ਰੀਤਵਾਨ) ਦੀ ਸੱਚੀ ਪ੍ਰੀਤ ਨਹੀਂ ਟੁੱਟਦੀ, ਅਤੇ ਉਹ ਸਦਾ-ਸਥਿਰ (ਪਰਮੇਸ਼ੁਰ) ਦੇ ਮਿਲਾਪ ਵਿਚ ਜੁੜੀ ਰਹਿੰਦੀ ਹੈ...

ਸਬਦਿ *(ਸ਼ਬਦ)*	ਰਤੀ, *(ਰੱਤੀ)*	ਮਨੁ *(ਮਨ)*	ਵੇਧਿਆ,
ਸ਼ਬਦ ਵਿਚ	ਰੰਗੀ	ਚਿੱਤ	ਵਿਨ੍ਹਿਆਂ

ਹਉ *(ਹਉਂ)*	ਸਦ	ਬਲਿਹਾਰੈ	ਜਾਉ *(ਜਾਉਂ)* ॥੩॥
ਮੈਂ	ਹਮੇਸ਼ਾਂ	ਕੁਰਬਾਨ	ਜਾਂਦਾ ਹਾਂ

...ਜਿਸ ਨੇ (ਗੁਰ) ਸ਼ਬਦ ਵਿਚ ਰੰਗੀਜ ਕੇ ਆਪਣਾ ਚਿੱਤ (ਪ੍ਰਭੂ ਪਿਆਰ ਨਾਲ) ਵਿਨ੍ਹ ਲਿਆ ਹੈ, ਮੈਂ ਉਸ ਤੋਂ ਸਦਾ ਬਲਿਹਾਰ ਜਾਂਦਾ ਹਾਂ...

ਸਾ	ਧਨ,	ਰੰਡ	ਨ *(ਨਾਂ)*	ਬੈਸਈ,
ਉਹ	ਇਸਤ੍ਰੀ	ਵਿਧਵਾ	ਨਹੀਂ	ਬੈਠਦੀ

ਜੇ	ਸਤਿਗੁਰ *(ਸਤਗੁਰ)*	ਮਾਹਿ *(ਮਾਹਿਂ)*	ਸਮਾਇ॥
ਜੇਕਰ	ਸੱਚ ਸਰੂਪ ਗੁਰੂ	ਵਿਚ	ਅਭੇਦ, ਲੀਨ

...ਜੇਕਰ (ਜੀਵ ਰੂਪ ਇਸਤ੍ਰੀ) ਸਤਿਗੁਰੂ ਵਿਚ ਅਭੇਦ ਹੋ ਜਾਵੇ, ਤਾਂ ਉਹ ਕਦੀ ਵੀ ਵਿਧਵਾ ਹੋਕੇ ਨਹੀਂ ਬੈਠ ਸਕਦੀ, (ਭਾਵ ਉਹ ਸਦ-ਸੁਹਾਗਣ ਰਹਿੰਦੀ ਹੈ)...

ਅੰਕ ੫੪

ਪਿਰੁ *(ਪਿਰ)*	ਰੀਸਾਲੂ	ਨਉਤਨੋ,
(ਪ੍ਰਭੂ) ਕੰਤ	ਰਸਮਈ, ਅਨੰਦਮਈ	ਨਵਾਂ, ਤਾਜ਼ਾ

ਸਾਚਉ,	ਮਰੈ	ਨ *(ਨਾਂ)*	ਜਾਇ ॥
ਸੱਤ ਸਰੂਪ ਮਰਦਾ	ਨਹੀਂ	ਜਾਂਦਾ	

...(ਉਸਦਾ ਪਰਮੇਸ਼੍ਵਰ) ਕੰਤ, (ਸਦਾ) ਰਸਮਈ ਭਾਵ ਅਨੰਦਦਾਇਕ, ਸਦਾ ਨਵਾਂ-ਨਰੋਆ ਅਤੇ ਸੱਤਸਰੂਪ ਹੈ। ਉਹ ਨਾਂ ਕਦੇ ਮਰਦਾ ਅਤੇ ਨਾਂ ਕਦੇ ਜੰਮਦਾ ਹੈ...

ਨਿਤ	ਰਵੈ	ਸੋਹਾਗਣੀ, *(ਸੋਹਾਗਣੀਂ)*
ਰੋਜ਼	ਮਾਣਦੀ	ਸੁਹਾਗਵੰਤੀ

ਸਾਚੀ	ਨਦਰਿ *(ਨਦਰ)*	ਰਜਾਇ *(ਰਜ਼ਾਇ)* ॥੪॥
ਸੱਚੀ	ਕ੍ਰਿਪਾ-ਦ੍ਰਿਸ਼ਟੀ	ਰਜ਼ਾ ਵਿਚ

...(ਐਸਾ ਪਰਮੇਸ਼੍ਵਰ ਆਪਣੀ) ਰਜ਼ਾ ਵਿਚ, ਸੱਤ-ਸਰੂਪ ਕ੍ਰਿਪਾ-ਦ੍ਰਿਸ਼ਟੀ ਕਰਕੇ, ਹਰ ਰੋਜ਼ ਸੁਹਾਗਵੰਤੀਆਂ ਨੂੰ ਮਾਣਦਾ ਹੈ...

ਸਾਚੁ *(ਸਾਚ)*	ਧੜੀ	ਧਨ	ਮਾਡੀਐ, *(ਮਾਂਡੀਐ)*
ਸੱਚ	ਪੱਟੀਆਂ	ਇਸਤ੍ਰੀ	ਸਜਾਉਂਦੀਆਂ

ਕਾਪੜੁ *(ਕਾਪੜ)*	ਪ੍ਰੇਮ	ਸੀਗਾਰੁ *(ਸ਼ੀਂਗਾਰ)* ॥
ਕੱਪੜੇ	ਪ੍ਰੀਤ	ਸ਼ਿੰਗਾਰ, ਸਜਾਵਟ

...ਸਦਾ-ਸਥਿਰ (ਪ੍ਰਭੂ ਦੀ ਪ੍ਰਸੰਨਤਾ ਲਈ, ਉਹ ਸੁਹਾਗਵੰਤੀ) ਇਸਤ੍ਰੀ (ਕੇਸਾਂ) ਦੀਆਂ ਪੱਟੀਆਂ (ਗੁੰਦ ਕੇ) ਸਜਾਉਂਦੀ ਹੈ, ਅਤੇ (ਵਾਹਿਗੁਰੂ ਜੀ ਦੇ) ਪ੍ਰੇਮ ਨੂੰ, ਆਪਣੇ (ਸੁੰਦਰ) ਕਪੜੇ ਅਤੇ ਹਾਰ-ਸ਼ਿੰਗਾਰ ਬਣਾਉਂਦੀ ਹੈ...

ਚੰਦਨੁ *(ਚੰਦਨ)*	ਚੀਤਿ *(ਚੀਤ)*	ਵਸਾਇਆ,
ਸੁਗੰਧਿਤ ਲਕੜੀ	ਚਿੱਤ ਵਿਚ	ਵਸਾ ਲਿਆ

ਮੰਦਰੁ *(ਮੰਦਰ)*	ਦਸਵਾ *(ਦਸਵਾਂ)*	ਦੁਆਰੁ *(ਦੁਆਰ)* ॥
ਘਰ, ਨਿਵਾਸ	ਦਸਮ	ਗੋਲਕ

...(ਜਿਸ ਧਰਮ-ਸਾਧਕ ਰੂਪੀ ਸੁਹਾਗਣ ਨੇ, ਪ੍ਰਭੂ ਕੰਤ ਨੂੰ) ਚਿੱਤ ਵਿਚ ਵਸਾ ਲਿਆ, ਮਾਨੋਂ ਉਸ ਨੇ ਚੰਦਨ ਦਾ (ਤਿਲਕ ਲਗਾ ਲਿਆ), ਅਤੇ ਆਪਣੀ ਸੁਰਤ ਨੂੰ ਦਸਮ-ਦੁਆਰ ਵਿਚ ਟਿਕਾਉਣਾ, (ਭਾਵ ਸਦ-ਸਦਾ ਉਚੇਰੀ ਸੁਰਤੀ ਬਿਰਤੀ ਵਿਚ ਰਹਿਣਾ) ਸਮਝੋ ਇਹ ਉਸਦਾ ਨਿਵਾਸ ਹੋ ਗਿਆ...

ਅੰਕ ੫੪

ਦੀਪਕੁ,*(ਦੀਪਕ)*	ਸਬਦਿ*(ਸ਼ਬਦ)*	ਵਿਗਾਸਿਆ,
ਦੀਵਾ	(ਗੁਰ) ਸ਼ਬਦ ਵਿਚ	ਪ੍ਰਕਾਸ਼ਮਾਨ ਕੀਤਾ

ਰਾਮ	ਨਾਮੁ*(ਨਾਮ)*	ਉਰ	ਹਾਰੁ*(ਹਾਰ)* ॥੫॥
ਪ੍ਰਭੂ	ਨਾਮ	ਹਿਰਦਾ	ਗਲ-ਮਾਲਾ

...(ਅਤੇ ਉਸਨੇ ਹਿਰਦੇ ਨੂੰ ਗੁਰ) ਸ਼ਬਦ ਰਾਹੀਂ ਪ੍ਰਕਾਸ਼ਮਾਨ ਕਰ ਲਿਆ, ਇਹ (ਉਸ ਘਰ ਵਿਚ ਸਮਝੋ, ਉਸਨੇ) ਦੀਵਾ ਜਗਾ ਲਿਆ, ਅਤੇ ਹਿਰਦੇ ਵਿਚ ਵਾਹਿਗੁਰੂ ਨਾਮ (ਦੀ ਬੰਦਗੀ, ਮਾਨੋਂ) ਗਲੇ ਦਾ ਹਾਰ ਬਣ ਗਈ ਹੈ...

ਨਾਰੀ*(ਨਾਰੀਂ)*	ਅੰਦਰਿ*(ਅੰਦਰ)*	ਸੋਹਣੀ,
ਇਸਤ੍ਰੀਆਂ	ਵਿਚ	ਖ਼ੂਬਸੂਰਤ

ਮਸਤਕਿ*(ਮਸਤਕ)*	ਮਣੀ	ਪਿਆਰੁ*(ਪਿਆਰ)* ॥
ਮੱਥੇ ਉੱਤੇ	ਮਾਣਕ	ਪ੍ਰੀਤ

...ਜਿਸ ਨੇ ਆਪਣੇ ਮਸਤਕ ਉੱਤੇ, ਪ੍ਰਭੂ ਪ੍ਰੀਤਮ ਦੀ-ਪਿਆਰ ਰੂਪੀ ਮਣੀ ਸਜਾਈ ਹੋਈ ਹੈ, ਉਹ (ਸਮਝੋ ਸਭ) ਨਾਰੀਆਂ ਵਿਚ ਖ਼ੂਬਸੂਰਤ ਹੈ...

ਸੋਭਾ*(ਸ਼ੋਭਾ)*	ਸੁਰਤਿ*(ਸੁਰਤ)*	ਸੁਹਾਵਣੀ,
ਵਡਿਆਈ	ਬਿਰਤੀ ਵਿਚ	ਸੁੰਦਰ, ਸੋਹਣੀ

ਸਾਚੈ	ਪ੍ਰੇਮਿ*(ਪ੍ਰੇਮ)*	ਅਪਾਰ ॥
ਸਦਾ-ਸਥਿਰ	ਪਿਆਰ ਵਿਚ	ਅਨੰਤ (ਪ੍ਰਭੂ)

...ਉਸ ਦੀ ਸ਼ੋਭਾ ਇਹ ਹੈ, ਕਿ (ਉਸ ਨੇ) ਸਦਾ-ਸਥਿਰ ਅਤੇ ਅਨੰਤ (ਵਾਹਿਗੁਰੂ) ਦੀ ਪ੍ਰੀਤ ਨੂੰ, ਸੁਰਤ ਵਿਚ ਟਿਕਾ ਕੇ, ਇਸ ਨੂੰ ਸੁੰਦਰ ਬਣਾ ਲਿਆ ਹੈ।...

ਬਿਨੁ*(ਬਿਨ)*	ਪਿਰ,	ਪੁਰਖੁ*(ਪੁਰਖ)*	ਨ*(ਨਾਂ)*	ਜਾਣਈ	ਸਾਚੇ,
ਬਗੈਰ	(ਪ੍ਰਭੂ)ਕੰਤ	ਪੁਰਸ਼	ਨਹੀਂ	ਸਮਝਦੀ	ਸਦਾ-ਸਥਿਰ

ਗੁਰ	ਕੈ	ਹੇਤਿ*(ਹੇਤ)*	ਪਿਆਰਿ*(ਪਿਆਰ)* ॥੬॥
ਸਤਿਗੁਰੂ	ਦੇ	ਪਿਆਰ	ਪ੍ਰੀਤ ਵਿਚ

...ਸਤਿਗੁਰੂ (ਸ਼ਬਦ) ਦੇ ਪ੍ਰੀਤ-ਪਿਆਰ ਵਿਚ (ਲੀਨ, ਉਹ) ਸਦਾ-ਸਥਿਰ ਪਰਮਾਤਮਾ ਤੋਂ ਬਿਨਾਂ, ਹੋਰ ਕਿਸੇ ਹੋਰ ਪੁਰਸ਼ ਨੂੰ ਨਹੀਂ ਜਾਣਦੀ-ਪਹਿਚਾਣਦੀ...

ਅੰਕ ੫੪

ਨਿਸਿ *(ਨਿਸ)*	ਅੰਧਿਆਰੀ	ਸੁਤੀਏ,		
ਰਾਤ	ਹਨ੍ਹੇਰੀ	ਸੁੱਤੀ ਹੋਈਏ		
ਕਿਉ *(ਕਿਉਂ)*	ਪਿਰ	ਬਿਨੁ *(ਬਿਨ)*	ਰੈਣਿ *(ਰੈਣ)*	ਵਿਹਾਇ ॥
ਕਿਵੇਂ	(ਪ੍ਰਭੂ) ਕੰਤ	ਬਗੈਰ	ਰਾਤ	ਗੁਜ਼ਰੇਗੀ

...(ਵਿਕਾਰਾਂ ਰੂਪੀ ਮਾਇਆ ਦੀ) ਅੰਧਕਾਰ ਰਾਤ ਵਿਚ ਸੁੱਤੀ ਹੋਈ (ਜੀਵ ਇਸਤ੍ਰੀਏ, ਪ੍ਰਭੂ) ਕੰਤ ਬਿਨਾਂ (ਤੇਰੀ ਜੀਵਨ ਰੂਪੀ) ਰਾਤ ਕਿਵੇਂ ਗੁਜ਼ਰੇਗੀ?...

ਅੰਕੁ *(ਅੰਕ)*	ਜਲਉ,	ਤਨੁ *(ਤਨ)*	ਜਾਲੀਅਉ,	
ਅੰਗ	ਜਲ ਜਾਣ	ਸਰੀਰ	ਬਲ ਜਾਏ	
ਮਨੁ *(ਮਨ)*	ਧਨੁ *(ਧਨ)*	ਜਲਿ *(ਜਲ)*	ਬਲਿ *(ਬਲ)*	ਜਾਇ ॥
ਚਿੱਤ	ਦੌਲਤ	ਸੜ	ਜ਼ਲ	ਜਾਣ

...(ਵਾਹਿਗੁਰੂ ਬੰਦਗੀ ਤੋਂ ਸਖਣੇ ਤੇਰੇ) ਅੰਗ ਜਲ ਜਾਣ, ਸਰੀਰ ਬਲ ਜਾਏ, ਅਤੇ ਹਿਰਦਾ ਤੇ ਧਨ ਦੌਲਤ ਵੀ ਸੜ ਬਲ ਹੀ ਜਾਣ...

ਜਾ *(ਜਾਂ)*	ਧਨ	ਕੰਤਿ *(ਕੰਤ)*	ਨ *(ਨਾਂ)*	ਰਾਵੀਆ,
ਜੇਕਰ	ਇਸਤ੍ਰੀ	ਕੰਤ ਨੂੰ	ਨਹੀਂ	ਮਾਣਿਆ
ਤਾ *(ਤਾਂ)*	ਬਿਰਥਾ	ਜੋਬਨੁ *(ਜੋਬਨ)*	ਜਾਇ ॥੨॥	
ਤਦੋਂ	ਵਿਅਰਥ	ਜੁਆਨੀ	ਚਲੇ ਜਾਂਦਾ	

...ਜੇਕਰ ਜੀਵ ਰੂਪੀ ਇਸਤ੍ਰੀ ਨੂੰ, (ਪ੍ਰਭੂ) ਕੰਤ ਨੇ ਮਾਣਿਆਂ ਹੀ ਨਹੀਂ, ਤਾਂ ਉਸਦਾ (ਜੀਵਨ ਰੂਪੀ) ਜੋਬਨ, ਵਿਅਰਥ ਹੀ ਚਲੇ ਜਾਏਗਾ...

ਸੇਜੈ	ਕੰਤ	ਮਹੇਲੜੀ,	
ਸੇਜ ਉੱਤੇ	(ਪ੍ਰਭੂ) ਪਤੀ	ਇਸਤ੍ਰੀ	
ਸੂਤੀ	ਬੂਝ	ਨ *(ਨਾਂ)*	ਪਾਇ॥
ਸੁੱਤੀ ਹੋਈ	ਸਮਝ, ਅਹਿਸਾਸ	ਨਹੀਂ	ਪੈਂਦੀ, ਆਉਂਦੀ

...(ਮਾਇਆਵੀ ਰੰਗਾਂ ਵਿਚ ਅਵੇਸਲੀ ਜੀਵ) ਇਸਤ੍ਰੀ ਦੀ ਸੇਜਾ ਉੱਤੇ (ਪ੍ਰਭੂ) ਪਤੀ ਹਾਜ਼ਰ ਹੈ, ਪਰ (ਮਾਇਆ ਦੀ ਗੂੜ੍ਹੀ ਨੀਂਦ ਵਿਚ) ਸੁੱਤੀ ਹੋਈ ਨੂੰ ਉਸਦੀ ਹੋਂਦ ਦਾ ਅਹਿਸਾਸ ਹੀ ਨਹੀਂ ਹੁੰਦਾ...

ਅੰਕ ੫੪

ਹਉ *(ਹਉਂ)*	ਸੁਤੀ,	ਪਿਰੁ *(ਪਿਰ)*	ਜਾਗਣਾ,
ਮੈਂ	ਨੀਂਦਰ ਅਵਸਥਾ ਵਿਚ	(ਪ੍ਰਭੂ) ਕੰਤ	ਜਾਗਦਾ
ਕਿਸ	ਕਉ	ਪੂਛਉ *(ਪੂਛਉਂ)*	ਜਾਇ ॥
ਕਿਹੜੇ	ਨੂੰ	ਪੁੱਛਣ	ਜਾਵਾਂ

...ਮੈਂ ਤਾਂ ਸੁੱਤੀ ਪਈ ਹਾਂ, ਪਰ ਪ੍ਰੀਤਮ ਪਿਆਰਾ ਤਾਂ ਜਾਗਦਾ ਪਿਆ ਹੈ, (ਮੈਂ) ਕਿਸ ਕੋਲੋਂ ਪੁੱਛਣ ਜਾਵਾਂ, ਕਿ (ਮਾਇਆ ਦੀ ਗੂੜ੍ਹੀ ਨੀਂਦ ਵਿਚੋਂ ਕਿਵੇਂ ਉੱਠੀਦਾ ਹੈ?)...

ਸਤਿਗੁਰਿ *(ਸਤਗੁਰ)*	ਮੇਲੀ	ਭੈ	ਵਸੀ,
ਸੱਤ ਸਰੂਪ ਗੁਰੂ ਨੇ	ਮਿਲਾ ਲਿਆ	(ਨਿਰਮਲ) ਭੈ, ਅਦਬ	ਟਿਕੀ ਵੱਸਦੀ

ਨਾਨਕ,	ਪ੍ਰੇਮੁ *(ਪ੍ਰੇਮ)*	ਸਖਾਇ॥੮॥੨॥
ਹੇ ! ਨਾਨਕ !	ਪ੍ਰੀਤ	ਸਖ਼ਾ/ ਮਿੱਤਰ

...ਹੇ! ਨਾਨਕ! ਜਿਸ (ਜੀਵ ਇਸਤ੍ਰੀ ਨੂੰ) ਸਤਿਗੁਰੂ ਨੇ (ਮਾਇਆ ਮੋਹ ਦੀ ਨੀਂਦ ਵਿਚੋਂ ਉਠਾਲ ਕੇ, ਆਪ) ਆਪਣੇ ਨਾਲ ਮਿਲਾ ਲਿਆ ਹੈ, ਉਹ ਪ੍ਰੀਤਮ ਦੇ ਨਿਰਮਲ ਭੈਅ, ਅਦਬ ਵਾਲੀ ਪ੍ਰੀਤ ਵਿਚ ਟਿਕ ਜਾਂਦੀ ਹੈ, ਅਤੇ ਇਹ ਪਿਆਰ ਹੀ ਫਿਰ ਉਸ ਦਾ ਸਖ਼ਾ ਬਣ ਜਾਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਅੰਕ੫੪

ਆਪੇ	ਗੁਣ,	ਆਪੇ	ਕਥੈ,
ਖ਼ੁਦ ਹੀ	ਚੰਗਿਆਈਆਂ	ਖ਼ੁਦ ਹੀ	ਬਿਆਨ ਕਰਦਾ
ਆਪੇ	ਸੁਣਿ *(ਸੁਣ)*	ਵੀਚਾਰੁ *(ਵੀਚਾਰ)* ॥	
ਖ਼ੁਦ ਹੀ	ਸੁਣ ਕੇ	ਵਿਚਾਰ	

...(ਅਕਾਲ ਪੁਰਖ਼) ਆਪ ਹੀ ਗੁਣ (ਸਰੂਪ) ਹੈ, ਉਹ ਖ਼ੁਦ ਹੀ ਉਨ੍ਹਾਂ ਚੰਗਿਆਈਆਂ ਦਾ ਵਖਿਆਨ ਕਰਦਾ ਹੈ, ਅਤੇ ਆਪ ਹੀ ਉਨ੍ਹਾਂ ਵਡਿਆਈਆਂ ਨੂੰ ਸੁਣਕੇ ਵਿਚਾਰਦਾ ਵੀ ਹੈ...

ਆਪੇ	ਰਤਨੁ *(ਰਤਨ)*	ਪਰਖਿ *(ਪਰਖ)*	ਤੂੰ,
ਖ਼ੁਦ ਹੀ	ਮਾਣਕ	ਪਾਰਖੂ	ਤੁਸੀਂ
ਆਪੇ	ਮੋਲੁ *(ਮੋਲ)*	ਅਪਾਰੁ *(ਅਪਾਰ)* ॥	
ਖ਼ੁਦ ਹੀ	ਕੀਮਤ	ਬੇਅੰਤ	

ਅੰਕ ੫੪

...(ਹੇ! ਵਾਹਿਗੁਰੂ) ਆਪ ਹੀ ਤੂੰ (ਕੀਮਤੀ) ਰਤਨ ਹੈ, ਆਪ ਹੀ ਉਸ ਨੂੰ ਪਰਖ਼ਣ ਵਾਲਾ ਹੈਂ, ਖ਼ੁਦ ਹੀ (ਉਸ) ਰਤਨ ਦੀ ਬੇਅੰਤ ਕੀਮਤ (ਪਾਉਣ ਵਾਲਾ) ਵੀ ਹੈਂ...

ਸਾਚਉ	ਮਾਨੁ *(ਮਾਨ)*	ਮਹਤੁ *(ਮਹੱਤ)?*	ਤੂੰ,
ਸਦਾ ਸਥਿਰ ਰਹਿਣ ਵਾਲਾ	ਇੱਜ਼ਤ, ਮਾਣ	ਵਡਿਆਈ, ਮਹੱਤਵ	ਤੁਸੀਂ

ਆਪੇ	ਦੇਵਣਹਾਰੁ *(ਦੇਵਣਹਾਰ)* ॥੧॥
ਖ਼ੁਦ ਹੀ	ਦੇਣ ਵਾਲਾ

...(ਸਾਹਿਬ ਜੀ!) ਤੂੰ ਆਪ ਹੀ ਸੱਤ-ਸਰੂਪ ਹੈਂ, ਆਪ ਹੀ ਮਾਣ, ਇੱਜ਼ਤ ਅਤੇ ਵਡਿਆਈ ਹੈਂ, ਅਤੇ ਆਪ ਹੀ ਇਹ ਮਾਣ, ਵਡਿਆਈਆਂ ਬਖਸ਼ਣ ਵਾਲਾ ਵੀ ਹੈਂ...

ਹਰਿ *(ਹਰ)*	ਜੀਉ	ਤੂੰ	ਕਰਤਾ	ਕਰਤਾਰੁ *(ਕਰਤਾਰ)* ॥
ਪ੍ਰਭੂ	ਜੀ	ਤੁਸੀਂ	ਸਿਰਜਣਹਾਰ	ਰਚਣਵਾਲਾ

...ਵਾਹਿਗੁਰੂ ਜੀਓ! ਤੂੰ ਹੀ ਸ੍ਰਿਸ਼ਟੀ ਦਾ ਸਿਰਜਣਹਾਰ ਤੇ ਰਚਣਹਾਰ ਹੈਂ।...

ਜਿਉ *(ਜਿਉਂ)*	ਭਾਵੈ,	ਤਿਉ *(ਤਿਉਂ)*	ਰਾਖੁ *(ਰਾਖ)*	ਤੂੰ,
ਜਿਵੇਂ	ਚੰਗਾ ਲਗੇ	ਤਿਵੇਂ	ਰੱਖਿਆ ਕਰ	ਤੁਸੀਂ

ਹਰਿ *(ਹਰ)*	ਨਾਮੁ *(ਨਾਮ)*	ਮਿਲੈ	ਆਚਾਰੁ *(ਆਚਾਰ)* ॥੧॥	ਰਹਾਉ ॥
ਪ੍ਰਭੂ	ਸਿਮਰਨ, ਬੰਦਗੀ	ਮਿਲ ਜਾਵੇ	ਰਹਿਣੀ, ਜੀਵਨ-ਜਾਚ	ਠਹਿਰਾਉ

...ਜਿਵੇਂ ਤੈਨੂੰ ਚੰਗਾ ਲਗਦਾ ਹੈ, ਤੂੰ ਤਿਵੇਂ ਹੀ ਮੇਰੀ ਰੱਖਿਆ ਕਰ, (ਮੇਰੀ ਅਰਜ਼ੋਈ ਹੈ ਕਿ) ਮੈਨੂੰ ਪ੍ਰਭੂ-ਬੰਦਗੀ ਮਿਲ ਜਾਵੇ, ਤੇ ਇਹ ਮੇਰੇ (ਜੀਵਨ ਦੀ) ਰਹਿਣੀ-ਬਹਿਣੀ ਬਣ ਜਾਵੇ...

ਆਪੇ	ਹੀਰਾ	ਨਿਰਮਲਾ,	ਆਪੇ	ਰੰਗੁ *(ਰੰਗ)*	ਮਜੀਠ ॥
ਖ਼ੁਦ ਹੀ	ਕੀਮਤੀ ਪੱਥਰ	ਸ਼ੁੱਧ	ਖ਼ੁਦ ਹੀ	ਵਰਣ, ਰੰਗਤ	ਮਜੀਠ ਵਰਗਾ ਪੱਕਾ

...(ਤੂੰ) ਆਪ ਹੀ (ਨਾਮ ਰੂਪੀ) ਨਿਰਮਲ ਹੀਰਾ ਹੈਂ, ਅਤੇ ਆਪ ਹੀ (ਬੰਦਗੀ ਦਾ) ਮਜੀਠੀਆ ਰੰਗ ਵੀ ਹੈਂ...

ਆਪੇ	ਮੋਤੀ	ਊਜਲੋ,
ਖ਼ੁਦ ਹੀ	ਸਿੱਪੀ ਚੋਂ ਨਿਕਲਿਆ ਕੀਮਤੀ ਪਦਾਰਥ	ਉਜ੍ਹਲ

ਆਪੇ	ਭਗਤ	ਬਸੀਠੁ *(ਬਸੀਠ)* ॥
ਖ਼ੁਦ ਹੀ	ਬੰਦਗੀ ਵਾਲੇ	ਵਿਚੋਲਾ

...(ਤੂੰ) ਆਪ ਹੀ (ਭਗਤੀ ਰੂਪੀ) ਉਜੂਲ ਮੋਤੀ ਹੈਂ, ਅਤੇ ਆਪ ਹੀ (ਆਪਣੀ ਦਰਗਾਹੇ) ਬਗ਼ਤਾਂ ਦਾ ਵਿਚੋਲਾ ਵੀ ਹੈਂ...

ਗੁਰ	ਕੈ	ਸਬਦਿ *(ਸ਼ਬਦ)*	ਸਲਾਹਣਾ,
ਸਤਿਗੁਰੂ	ਦੇ	ਸ਼ਬਦ ਰਾਹੀਂ	ਸ਼ਲਾਘਾ, ਉਸਤਤੀ

ਘਟਿ *(ਘੱਟ)*	ਘਟਿ *(ਘੱਟ)*	ਡੀਠੁ *(ਡੀਠ)*	ਅਡੀਠੁ *(ਅਡੀਠ)* ॥੨॥
ਹਿਰਦੇ ਵਿਚ	ਹਿਰਦੇ ਵਿਚ	ਦ੍ਰਿਸ਼ਟ	ਅਦ੍ਰਿਸ਼ਟ

...ਦ੍ਰਿਸ਼ਟ ਅਤੇ ਅਦ੍ਰਿਸ਼ਟ ਹੋਕੇ ਘੱਟ ਘੱਟ ਵਿਚ (ਵੱਸ ਰਹੇ ਅਕਾਲ ਪੁਰਖ ਦੀ), ਸਤਿਗੁਰੂ ਦੇ ਸ਼ਬਦ ਰਾਹੀਂ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ...

ਆਪੇ	ਸਾਗਰੁ *(ਸਾਗਰ)*	ਬੋਹਿਥਾ,	ਆਪੇ	ਪਾਰੁ *(ਪਾਰ)*	ਅਪਾਰੁ *(ਅਪਾਰ)* ॥
ਖ਼ੁਦ ਹੀ	ਸਮੁੰਦਰ	ਜਹਾਜ਼	ਖ਼ੁਦ ਹੀ	ਪਾਰਲਾ ਕੰਢਾ	ਉਰਾਰਲਾ ਕੰਢਾ

...(ਤੂੰ) ਆਪ ਹੀ ਸਮੁੰਦਰ ਹੈਂ, ਆਪ ਹੀ ਜਹਾਜ਼ ਹੈਂ, ਆਪ ਹੀ ਉਰਾਰ-ਪਾਰ ਦੇ ਕੰਢੇ ਵੀ ਹੈਂ...

ਸਾਚੀ	ਵਾਟ	ਸੁਜਾਣੁ *(ਸੁੱਜਾਣ)*	ਤੂੰ,
ਸਹੀ, ਸੱਚਾ	ਰਸਤਾ	ਗਿਆਨਵਾਨ	ਤੁਸੀਂ

ਸਬਦਿ *(ਸ਼ਬਦ)*	ਲਘਾਵਣਹਾਰੁ *(ਲੰਘਾਵਣਹਾਰ)* ॥
(ਗੁਰ) ਸ਼ਬਦ ਰਾਹੀਂ	ਮਲਾਹ, ਪਾਰ ਲੰਘਾਉਣ ਵਾਲਾ

...(ਵਾਹਿਗੁਰੂ!) ਤੂੰ ਆਪ ਹੀ (ਸਿਮਰਨ ਰੂਪੀ) ਸੱਚਾ ਰਸਤਾ ਹੈਂ, ਆਪ ਹੀ (ਸਭ ਕੁਝ ਦਾ) ਜਾਨਣਹਾਰ ਹੈਂ, ਅਤੇ ਆਪ ਹੀ (ਸੰਸਾਰ ਸਾਗਰ ਤੋਂ) ਪਾਰ ਲੰਘਾਉਣ ਵਾਲਾ ਵੀ ਹੈਂ...

ਨਿਡਰਿਆ *(ਨਿਡਰਿਆਂ)*	ਡਰੁ *(ਡਰ)*	ਜਾਣੀਐ,
ਡਰ ਰਹਿਤ	ਭੈ, ਖੌਫ਼	ਜਾਣੀਦਾ ਹੈ

ਬਾਝੁ *(ਬਾਝ)*	ਗੁਰੂ	ਗੁਬਾਰੁ *(ਗੁੱਬਾਰ)* ॥੩॥
ਬਿਨਾਂ	ਸਤਿਗੁਰੂ	ਘੁੱਪ ਹਨ੍ਹੇਰ

...ਅਕਾਲ ਪੁਰਖ ਦੇ (ਨਿਰਮਲ) ਭੈਅ ਵਿਚ ਨਾ ਰਹਿਣ ਵਾਲਿਆਂ ਨੂੰ ਸੰਸਾਰ ਦੇ ਆਵਾਗਉਣ ਤੋਂ ਡਰ ਲਗਦਾ ਹੈ, ਸਤਿਗੁਰੂ ਬਾਝੋਂ, (ਜੀਵਨ ਵਿਚ ਮਾਇਕ ਵਿਕਾਰਾਂ ਦਾ) ਗੁੱਬਾਰ ਚੜ੍ਹਿਆ ਰਹਿੰਦਾ ਹੈ...

ਅੰਕ ੫੫

ਅਸਥਿਰੁ *(ਅਸਥਿਰ)*	ਕਰਤਾ		ਦੇਖੀਐ,
ਨਿਹਚਲ, ਸਦਾ ਕਾਇਮ	ਕਰਤਾਰ		ਦਿੱਖਦਾ ਹੈ
ਹੋਰੁ *(ਹੋਰ)*	ਕੇਤੀ	ਆਵੈ	ਜਾਇ ॥
ਬਾਕੀ, ਦੂਸਰੇ	ਅਣਗਿਣਤ	ਆਉਂਦੇ	ਜਾਂਦੇ

...ਸ੍ਰਿਸ਼ਟੀ ਵਿਚ ਕੇਵਲ ਅਕਾਲ ਪੁਰਖ ਹੀ (ਸਦੀਵ ਕਾਲ) ਨਿਹਚਲ ਨਜ਼ਰ ਆਉਂਦਾ ਹੈ, ਹੋਰ ਸਭ ਆਵਾਗਵਣ ਵਿਚ ਪਏ ਰਹਿੰਦੇ ਹਨ ਭਾਵ ਜੰਮਦੇ ਮਰਦੇ ਰਹਿੰਦੇ ਹਨ...

ਆਪੇ	ਨਿਰਮਲੁ *(ਨਿਰਮਲ)*	ਏਕੁ *(ਏਕ)*	ਤੂੰ,
ਖ਼ੁਦ	ਪਵਿੱਤਰ	ਇੱਕੋ	ਤੁਸੀਂ
ਹੋਰ	ਬੰਧੀ	ਧੰਧੈ	ਪਾਇ ॥
ਬਾਕੀ, ਦੂਜੀ	ਬੰਨ੍ਹੀ	ਧੰਧਿਆਂ ਵਿਚ	ਪਾਕੇ

...(ਹੇ! ਵਾਹਿਗੁਰੂ ਸਭ ਸ੍ਰਿਸ਼ਟੀ ਵਿਚ), ਤੂੰ ਖ਼ੁਦ ਹੀ ਇੱਕੋ ਇੱਕ ਪਾਕ-ਪਵਿੱਤਰ ਹੈਂ, ਤੈਥੋਂ ਬਿਨਾਂ ਹੋਰ ਸਭ ਨੂੰ ਜਗਤ ਦੇ ਧੰਧਿਆਂ ਵਿਚ ਪਾਕੇ ਬੰਨ੍ਹਿਆ ਪਿਆ ਹੈ...

ਗੁਰਿ *(ਗੁਰ)*	ਰਾਖੇ	ਸੇ	ਉਬਰੇ,
ਸਤਿਗੁਰੂ	ਰੱਖਿਆ	ਉਹ	ਤਰ ਗਏ, ਬਚ ਗਏ
ਸਾਚੇ	ਸਿਉ *(ਸਿਉ)*	ਲਿਵ	ਲਾਇ॥੪॥
ਸਦਾ-ਸਥਿਰ (ਪ੍ਰਭੂ)	ਨਾਲ, ਸੰਗ	ਧਿਆਨ	ਲਗਾ ਕੇ

...(ਇਨ੍ਹਾਂ ਧੰਧਿਆਂ ਦੀ ਫਾਹੀ ਵਿੱਚੋਂ ਜਿਸਦੀ) ਸਤਿਗੁਰੂ ਨੇ ਰੱਖਿਆ ਕੀਤੀ ਹੈ, ਉਹ ਸਦਾ-ਸਥਿਰ ਪਰਮਾਤਮਾ ਨਾਲ ਲਿਵ ਲਗਾ ਕੇ ਬੱਚ ਗਏ ਹਨ...

ਹਰਿ *(ਹਰ)*	ਜੀਉ,	ਸਬਦਿ *(ਸ਼ਬਦ)*	ਪਛਾਣੀਐ,
ਪ੍ਰਭੂ	ਜੀ	ਸ਼ਬਦ ਵਿਚ	ਪਛਾਣ ਲੈਂਦੇ
ਸਾਚਿ *(ਸਾਚ)*	ਰਤੇ	ਗੁਰ	ਵਾਕਿ *(ਵਾਕ)* ॥
ਸਦਾ-ਸਥਿਰ (ਪ੍ਰਭੂ) ਵਿਚ	ਰੰਗੇ	ਸਤਿਗੁਰੂ	ਬਚਨਾਂ ਰਾਹੀਂ

...(ਜਿਹੜੇ) ਸਤਿਗੁਰੂ ਦੇ ਬਚਨਾਂ ਰਾਹੀਂ ਸੱਤ-ਸਰੂਪ ਪਰਮਾਤਮਾ ਦੇ (ਰੰਗ ਵਿਚ) ਰੰਗੇ ਹੋਏ ਹਨ, ਉਹ (ਨਾਮ) ਸ਼ਬਦ ਦੁਆਰਾ ਹਰੀ ਪ੍ਰਭੂ ਨੂੰ ਪਛਾਣ ਲੈਂਦੇ ਹਨ...

ਅੰਕ ੫੫

ਤਿਤੁ *(ਤਿਤ)*	ਤਨਿ *(ਤਨ)*	ਮੈਲੁ *(ਮੈਲ)*	ਨ *(ਨਾਂ)*	ਲਗਈ,
ਉਨ੍ਹਾਂ	ਸਰੀਰ ਨੂੰ	ਗੰਦਗੀ	ਨਹੀਂ	ਲਗਦੀ

ਸਚ	ਘਰਿ *(ਘਰ)*	ਜਿਸੁ *(ਜਿਸ)*	ਓਤਾਕੁ *(ਓਤਾਕ)* ॥
ਸੱਤ ਸਰੂਪ	ਘਰ ਵਿਚ	ਜਿਨ੍ਹਾਂ	ਟਿਕਾਣਾ

...ਜਿਨ੍ਹਾਂ ਦਾ ਟਿਕਾਣਾ, ਸਦਾ-ਸਥਿਰ ਪਰਮਾਤਮਾ ਦੇ ਘਰ ਵਿਚ ਹੋ ਜਾਂਦਾ ਹੈ, ਉਨ੍ਹਾਂ ਦੇ ਤਨ ਨੂੰ (ਮਾਇਆਵੀ ਵਿਕਾਰਾਂ) ਦੀ ਮੈਲ ਨਹੀਂ ਲਗਦੀ...

ਨਦਰਿ *(ਨਦਰ)*	ਕਰੇ	ਸਚੁ *(ਸੱਚ)*	ਪਾਈਐ,
ਕ੍ਰਿਪਾ-ਦ੍ਰਿਸ਼ਟੀ	ਕਰ ਦੇਵੇ	ਸੱਤ (ਨਾਮ)	ਪ੍ਰਾਪਤ ਕਰੀਦਾ ਹੈ

ਬਿਨੁ *(ਬਿਨ)*	ਨਾਵੈ *(ਨਾਂਵੈਂ)*	ਕਿਆ	ਸਾਕੁ *(ਸਾਕ)* ॥੫॥
ਬਗੈਰ	(ਪ੍ਰਭੂ) ਨਾਮ ਤੋਂ	ਕੀ	ਸੰਬੰਧ, ਰਿਸ਼ਤੇਦਾਰੀ

...(ਜੇ) ਪਰਮਾਤਮਾ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ, ਤਾਂ ਸੱਤ (ਨਾਮ) ਨੂੰ ਪ੍ਰਾਪਤ ਕਰੀਦਾ ਹੈ, (ਸੱਤ) ਨਾਮ ਤੋਂ ਬਿਨਾਂ (ਕਿਸੇ ਨਾਲ) ਕਾਹਦਾ ਸਾਕ-ਸੰਬੰਧ ਹੈ...

ਜਿਨੀ *(ਜਿਨ੍ਹੀ)*	ਸਚੁ *(ਸੱਚ)*	ਪਛਾਣਿਆ, *(ਪਛਾਣਿਆਂ)*
ਜਿਨ੍ਹਾਂ ਨੇ	ਸਦਾ-ਸਥਿਰ (ਪ੍ਰਭੂ)	ਪਹਿਚਾਣ ਲਿਆ

ਸੇ	ਸੁਖੀਏ	ਜੁਗ	ਚਾਰਿ *(ਚਾਰ)* ॥
ਉਹ	ਸੁਖਾਲੇ, ਸੁੱਖੀ	ਜੁਗਾਂ	ਚੌਹਾਂ

...ਜਿਨ੍ਹਾਂ ਨੇ ਸਦਾ-ਸਥਿਰ (ਪ੍ਰਭੂ) ਨੂੰ ਪਹਿਚਾਣ ਲਿਆ ਹੈ, ਉਹ ਚੌਹਾਂ ਹੀ ਜੁੱਗਾਂ ਵਿਚ, (ਭਾਵ ਸਦਾ ਹੀ ਆਤਮਿਕ) ਅਨੰਦ ਵਿਚ ਰਹਿੰਦੇ ਹਨ...

ਹਉਮੈ	ਤ੍ਰਿਸਨਾ *(ਤ੍ਰਿਸ਼ਨਾ)*	ਮਾਰਿ *(ਮਾਰ)*	ਕੈ,
ਹੰਕਾਰ	ਲਾਲਚ, ਇੱਛਾ	ਖ਼ਤਮ	ਕੇ

ਸਚੁ *(ਸੱਚ)*	ਰਖਿਆ	ਉਰ	ਧਾਰਿ *(ਧਾਰ)* ॥
ਸੱਤ (ਨਾਮ)	ਸਥਿਤ ਕੀਤਾ	ਹਿਰਦੇ	ਟਿਕਾ ਕੇ, ਧਾਰ ਕੇ

...(ਕਿਉਂਕਿ ਉਨ੍ਹਾਂ ਨੇ) ਹੰਕਾਰ ਅਤੇ (ਮਾਇਆਵੀ) ਤ੍ਰਿਸ਼ਨਾਂ ਦਾ ਨਾਸ਼ ਕਰਕੇ ਸਤਿ (ਨਾਮ) ਨੂੰ ਹਿਰਦੇ ਵਿਚ ਟਿਕਾ ਰੱਖਿਆ ਹੈ...

ਅੰਕ ੫੫

ਜਗ	ਮਹਿ *(ਮਹਿਂ)*	ਲਾਹਾ	ਏਕੁ *(ਏਕ)*	ਨਾਮੁ, *(ਨਾਮ)*
ਸੰਸਾਰ	ਵਿਚ	ਲਾਭ, ਨਫ਼ਾ	ਇੱਕੋ	(ਪ੍ਰਭੂ) ਨਾਮ

ਪਾਈਐ	ਗੁਰ	ਵੀਚਾਰਿ *(ਵੀਚਾਰ)* ॥੬॥
ਪ੍ਰਾਪਤ ਕਰੀਦਾ	ਸਤਿਗੁਰੂ	ਸਿੱਖਿਆ, ਜੁਗਤਿ

...ਸੰਸਾਰ ਵਿਚ (ਵਾਹਿਗੁਰੂ) ਨਾਮ ਹੀ (ਅਸਲ) ਲਾਹਾ ਹੈ, (ਜਿਹੜਾ) ਸਤਿਗੁਰੂ ਦੀ ਦੱਸੀ ਜੁਗਤ ਰਾਹੀਂ ਪਾਈਦਾ ਹੈ...

ਸਾਚਉ	ਵਖਰੁ *(ਵੱਖਰ)*	ਲਾਦੀਐ,
ਸਤਿ (ਨਾਮ)	ਸੌਦਾ	ਲੱਦ ਲਈਏ, ਇਕੱਤ੍ਰ ਕਰੀਏ

ਲਾਭੁ *(ਲਾਭ)*	ਸਦਾ	ਸਚੁ *(ਸੱਚ)*	ਰਾਸਿ *(ਰਾਸ)* ॥
ਨਫ਼ਾ	ਹਮੇਸ਼ਾਂ	ਸਦਾ ਸਥਿਰ	ਪੂੰਜੀ

...(ਵਣਜ ਕਰਨ ਲਈ) ਸਤਿ (ਨਾਮ) ਦਾ ਸੌਦਾ ਇਕਤ੍ਰ ਕਰਨਾ ਚਾਹੀਦਾ ਹੈ, (ਜਿਸ ਨਾਲ ਇਸ ਵਪਾਰ ਵਿਚ) ਹਮੇਸ਼ਾਂ ਹੀ ਨਫ਼ਾ ਹੁੰਦਾ ਹੈ, ਅਤੇ ਸਦਾ-ਸਥਿਰ (ਨਾਮ) ਦੀ ਪੂੰਜੀ ਵਿਚ ਵੀ (ਵਾਧਾ ਹੁੰਦਾ ਹੈ)...

ਸਾਚੀ	ਦਰਗਹ *(ਦਰਗਹਿ)*	ਬੈਸਈ,
ਸਦਾ ਸਥਿਰ (ਪ੍ਰਭੂ)	ਦਰਬਾਰ	ਬੈਠ ਜਾਂਦਾ

ਭਗਤਿ *(ਭਗਤ)*	ਸਚੀ *(ਸੱਚੀ)*	ਅਰਦਾਸਿ *(ਅਰਦਾਸ)* ॥
ਭਗਤੀ ਦੁਆਰਾ	ਸੱਤ	ਬੇਨਤੀ, ਜੋਦੜੀ

...(ਪ੍ਰਭੂ) ਭਗਤੀ ਅਤੇ ਸੱਤ-ਅਰਦਾਸ ਦੁਆਰਾ, (ਧਰਮ-ਸਾਧਕ) ਸਦਾ-ਸਥਿਰ ਪਰਮਾਤਮਾ ਦੀ ਦਰਗਾਹ ਵਿਚ ਬੈਠ ਜਾਂਦਾ ਹੈ...

ਪਤਿ *(ਪੱਤ)*	ਸਿਉ *(ਸਿਉਂ)*	ਲੇਖਾ	ਨਿਬੜੈ,
ਇੱਜ਼ਤ	ਨਾਲ, ਸੰਗ	ਹਿਸਾਬ-ਕਿਤਾਬ	ਮੁੱਕ ਜਾਂਦਾ

ਰਾਮ	ਨਾਮੁ *(ਨਾਮ)*	ਪਰਗਾਸਿ *(ਪਰਗਾਸ)* ॥੭॥
ਪ੍ਰਭੂ	ਬੰਦਗੀ	ਪ੍ਰਕਾਸ਼

...ਪਰਮਾਤਮ ਬੰਦਗੀ ਦੇ ਪ੍ਰਕਾਸ਼ ਵਿਚ (ਧਰਮ-ਸਾਧਕ ਦੇ ਕਰਮਾਂ ਦਾ) ਲੇਖਾ-ਜੋਖਾ ਇੱਜ਼ਤ ਨਾਲ ਨਿਬੜ ਜਾਂਦਾ ਹੈ...

ਅੰਕ ੫੫

ਊਚਾ	ਊਚਉ	ਆਖੀਐ,
ਉੱਚਾ, ਮਹਾਨ	ਉੱਚਿਆਂ ਤੋਂ ਵੀ ਉੱਚਾ	ਆਖਦੇ, ਕਹਿੰਦੇ

ਕਹਉ, *(ਕਹਉਂ)*	ਨ *(ਨਾਂ)*	ਦੇਖਿਆ	ਜਾਇ ॥
ਕਹਿਣ ਨਾਲ	ਨਹੀਂ	ਵੇਖਿਆ	ਜਾਂਦਾ

...(ਸਭ ਵਾਹਿਗੁਰੂ ਨੂੰ) ਉੱਚਿਆਂ ਤੋਂ ਵੀ ਉੱਚਾ ਆਖ਼ਦੇ ਹਨ, ਪਰ (ਨਿਰਾ) ਆਖਣ ਨਾਲ ਤਾਂ ਉਸ ਦੇ ਦੀਦਾਰ ਨਹੀਂ ਹੋ ਜਾਂਦੇ...

ਜਹ *(ਜਹਿਂ)*	ਦੇਖਾ *(ਦੇਖਾਂ)*	ਤਹ *(ਤਹਿਂ)*	ਏਕੁ *(ਏਕ)*	ਤੂੰ,
ਜਿਥੇ	ਦੇਖਦਾ	ਉੱਥੇ	ਇੱਕੋ	ਤੁਸੀਂ

ਸਤਿਗੁਰਿ, *(ਸੱਤਗੁਰ)*	ਦੀਆ	ਦਿਖਾਇ ॥
ਸਤਿਗੁਰੂ ਨੇ	ਦਿੱਤਾ	ਦਿਖਾ

...(ਹੇ! ਵਾਹਿਗੁਰੂ!) ਸਤਿਗੁਰੂ ਨੇ (ਤੇਰੇ) ਦੀਦਾਰ ਕਰਵਾ ਦਿੱਤੇ ਹਨ, (ਹੁਣ ਮੈਂ) ਜਿੱਧਰ ਵੀ ਦੇਖਦਾ ਹਾਂ, ਇੱਕ ਤੂੰ ਹੀਂ ਤੂੰ ਨਜ਼ਰ ਆਉਂਦਾ ਹੈਂ...

ਜੋਤਿ *(ਜੋਤ)*	ਨਿਰੰਤਰਿ *(ਨਿਰੰਤਰ)*	ਜਾਣੀਐ,
ਪ੍ਰਭੂ ਪ੍ਰਕਾਸ਼/ਨੂਰ	ਇੱਕ-ਰਸ	ਸਮਝੀਏ, ਅਨੁਭਵ ਕਰੀਏ

ਨਾਨਕ,	ਸਹਜਿ *(ਸਹਿਜ)*	ਸੁਭਾਇ ॥੮॥੩॥
ਹੇ! ਨਾਨਕ	ਆਤਮਿਕ ਅਡੋਲਤਾ	ਪ੍ਰੇਮ ਦੁਆਰਾ

...ਹੇ! ਨਾਨਕ! (ਪ੍ਰਭੂ) ਪ੍ਰੀਤ ਰਾਹੀਂ, ਆਤਮਿਕ-ਅਡੋਲਤਾ (ਵਿਚ ਟਿਕ ਕੇ), ਇਕ-ਰਸ ਪਰਮਾਤਮ-ਪ੍ਰਕਾਸ਼ ਨੂੰ ਅਨੁਭਵ ਕਰ ਲਈਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਮਛੁਲੀ,	ਜਾਲੁ *(ਜਾਲ)*	ਨ *(ਨਾਂ)*	ਜਾਣਿਆ, *(ਜਾਣਿਆਂ)*
ਮੱਛੀ	ਫ਼ਾਹੀ	ਨਹੀਂ	ਸਮਝਿਆ

ਸਰੁ *(ਸਰ)*	ਖਾਰਾ	ਅਸਗਾਹੁ *(ਅਸਗਾਹ)* ॥
ਸਮੁੰਦਰ	ਲੂਣੇ	ਡੂੰਘੇ

ਅੰਕ ੫੫

...(ਵਿਚਾਰੀ) ਮੱਛੀ (ਮੌਤ ਦਾ ਕਾਰਣ ਬਨਣ ਵਾਲੇ) ਜਾਲ ਨੂੰ ਨਾ ਸਮਝ ਸਕੀ, ਅਤੇ (ਸਮੁੰਦਰ ਵਿਚ ਰਹਿੰਦਿਆਂ) ਖ਼ਾਰੇ ਸਮੁੰਦਰ ਦੀ ਗਹਿਰਾਈ ਨੂੰ ਵੀ ਨਾ ਜਾਣ ਸਕੀ (ਜਿਸ ਡੂੰਘਾਈ ਵਿਚ ਟਿਕੇ ਰਹਿਣ ਨਾਲ ਉਸਦੀ ਜ਼ਿੰਦਗੀ ਬਚ ਸਕਦੀ ਸੀ, ਭਾਵ ਜੇ ਜੀਵ, ਪ੍ਰਭੂ ਪ੍ਰੀਤ ਦੀਆਂ ਗਹਿਰਾਈਆਂ ਵਿਚ ਲੀਨ ਰਹੇ, ਤਾਂ ਮਾਇਆ ਦੇ ਫੰਧੇ ਤੋਂ ਬਚ ਸਕਦਾ ਹੈ)...

ਅਤਿ *(ਅੱਤ)*	**ਸਿਆਣੀ**	**ਸੋਹਣੀ,**
ਬਹੁਤ	ਸੂਝਵਾਨ	ਸੁੰਦਰ

ਕਿਉ *(ਕਿਉਂ)*	**ਕੀਤੋ**	**ਵੇਸਾਹੁ** *(ਵੇਸਾਹ)* ॥
ਕਾਹਤੇ	ਕੀਤਾ	ਵਿਸ਼ਵਾਸ਼, ਇਤਬਾਰ

...(ਮੱਛੀ) ਬਹੁਤ ਸੁੰਦਰ ਅਤੇ ਸੂਝਵਾਨ ਸੀ, ਫਿਰ ਉਸ ਨੇ (ਮੌਤ ਰੂਪੀ) ਜਾਲ ਦਾ ਕਿਉਂ ਵਿਸ਼ਵਾਸ਼ ਕੀਤਾ?...

ਕੀਤੇ	**ਕਾਰਣਿ** *(ਕਾਰਣ)*	**ਪਾਕੜੀ,**
(ਵਿਸ਼ਵਾਸ਼) ਕਰਨ	ਕਰਕੇ	ਪਕੜੀ ਗਈ

ਕਾਲੁ	**ਨ** *(ਨਾਂ)*	**ਟਲੈ**	**ਸਿਰਾਹੁ** *(ਸਿਰਾਂਹ)* ॥੧॥
ਮੌਤ	ਨਹੀਂ	ਟੱਲਦੀ, ਹੱਟਦੀ	ਸਿਰ ਤੋਂ

...(ਆਪਣੇ ਇਸ) ਵਿਸ਼ਵਾਸ਼ ਕਰਨ ਕਰਕੇ ਹੀ (ਮੱਛੀ) ਪਕੜੀ ਜਾਂਦੀ ਹੈ, ਤੇ ਉਸ ਦੇ ਸਿਰ ਤੋਂ ਮੌਤ ਨਹੀਂ ਟਲਦੀ, (ਭਾਵ ਜੀਵ, ਪ੍ਰਭੂ-ਪ੍ਰੀਤ ਦੀਆਂ ਗਹਿਰਾਈਆਂ ਨੂੰ ਭੁੱਲਕੇ, ਮਾਇਆਵੀ ਰੰਗਾਂ ਦੇ ਜਾਲ ਵਿਚ ਫਸ ਜਾਂਦਾ ਹੈ, ਅਤੇ ਫਿਰ (ਆਤਮਿਕ) ਮੌਤ ਟਲਦੀ ਨਹੀਂ...

ਭਾਈ	**ਰੇ,**	**ਇਉ** *(ਇਉਂ)*	**ਸਿਰਿ** *(ਸਿਰ)*	**ਜਾਣਹੁ** *(ਜਾਣਹੁੰ)*	**ਕਾਲੁ** *(ਕਾਲ)* ॥
ਭਰਾ	ਹੇ!	ਇਵੇਂ	ਸਿਰ ਤੇ	ਸਮਝੋ	ਮੌਤ

ਹੇ! ਭਾਈ! ਇਵੇਂ ਹੀ ਤੁਸੀਂ ਵੀ ਆਪਣੇ ਸਿਰ ਤੇ (ਹਮੇਸ਼ਾਂ) ਮੌਤ (ਰੂਪੀ) ਫ਼ਾਹੀ ਨੂੰ (ਮੰਡਲਾਉਂਦੀ) ਜਾਣੋ।...

ਜਿਉ *(ਜਿਉਂ)*	**ਮਛੀ,**	**ਤਿਉ** *(ਤਿਉਂ)*	**ਮਾਣਸਾ,** *(ਮਾਣਸਾਂ)*
ਜਿਵੇਂ	ਮੱਛਲੀ	ਤਿਵੇਂ	ਮਨੁੱਖਾਂ

ਪਵੈ	**ਅਚਿੰਤਾ**	**ਜਾਲੁ** *(ਜਾਲ)* ॥੧॥	**ਰਹਾਉ** ॥
ਪੈਂਦਾ	ਅਚਾਨਕ	ਫ਼ਾਹਾ	ਠਹਿਰਾਉ

...ਜਿਵੇਂ ਮੱਛਲੀ ਨੂੰ ਅਚਾਨਕ ਹੀ ਜਾਲ ਆਪਣੇ ਵਿਚ ਫਸਾ ਲੈਂਦਾ ਹੈ, ਤਿਵੇਂ ਹੀ ਮਨੁੱਖੀ ਜੀਵਾਂ ਨੂੰ ਵੀਂ ਮੌਤ ਅਚਿੰਤੇ ਹੀ ਘੇਰ ਲੈਂਦੀ ਹੈ...

ਅੰਕ ੫੫

ਸਭੁ *(ਸਭ)*	ਜਗੁ *(ਜੱਗ)*	ਬਾਧੋ	ਕਾਲ	ਕੋ,
ਸਾਰਾ	ਸੰਸਾਰ	ਬੰਨ੍ਹਿਆਂ	ਮੌਤ	ਦਾ

ਬਿਨੁ *(ਬਿਨ)*	ਗੁਰ,	ਕਾਲੁ *(ਕਾਲ)*	ਅਫਾਰੁ *(ਅਫ਼ਾਰ)* ॥
ਬਿਨਾਂ	ਸਤਿਗੁਰੂ	ਮੌਤ	ਅਮਿੱਟ, ਅਮੋੜ

...ਸਾਰਾ ਸੰਸਾਰ ਮੌਤ ਦਾ ਬੰਨ੍ਹਿਆ ਹੋਇਆ ਹੈ, ਸਤਿਗੁਰੂ (ਓਟ) ਤੋਂ ਬਿਨਾਂ ਅਮਿੱਟ ਮੌਤ (ਦਾ ਸਹਿਮ ਬਹੁਤ ਭਿਅੰਕਰ ਹੈ)...

ਸਚਿ *(ਸੱਚ)*	ਰਤੇ,	ਸੇ	ਉਬਰੇ,
ਸਦਾ ਸਥਿਰ (ਪ੍ਰਭੂ)	ਰੰਗੇ	ਉਹ	ਬੱਚ ਗਏ

ਦੁਬਿਧਾ	ਛੋਡਿ *(ਛੋਡ)*	ਵਿਕਾਰ ॥
ਦ੍ਵੈਤ ਭਾਵ	ਛੱਡਕੇ	ਬੁਰਿਆਈਆਂ

...ਜਿਹੜੇ ਦ੍ਵੈਤ-ਭਾਵ ਅਤੇ ਵਿਕਾਰੀ ਸੋਚ ਨੂੰ ਤਿਆਗ ਕੇ, ਸਦਾ-ਸਥਿਰ (ਵਾਹਿਗੁਰੂ) ਦੇ ਰੰਗ ਵਿਚ ਰੰਗੇ ਜਾਂਦੇ ਹਨ, ਉਹ (ਮੌਤ ਦੇ ਡਰ ਤੋਂ) ਬੱਚ ਜਾਂਦੇ ਹਨ...

ਹਉ *(ਹਉਂ)*	ਤਿਨ *(ਤਿਨ੍ਹ)*	ਕੈ	ਬਲਿਹਾਰਣੈ,
ਮੈਂ	ਉਨ੍ਹਾਂ	ਤੋਂ	ਕੁਰਬਾਨ

ਦਰਿ *(ਦਰ)*	ਸਚੈ *(ਸੱਚੈ)*	ਸਚਿਆਰ ॥੨॥
ਦਰ ਤੇ	ਸਦਾ ਸਥਿਰ (ਪ੍ਰਭੂ)	ਸੱਤ ਪੁਰਸ਼

...ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ ਜਿਹੜੇ ਸਦਾ-ਸਥਿਰ (ਪ੍ਰਭੂ) ਦਰ ਤੇ ਸੱਤ-ਪੁਰਸ਼ (ਬਣ ਕੇ ਪਹੁੰਚਦੇ ਹਨ)...

ਸੀਚਾਨੇ	ਜਿਉ *(ਜਿਉਂ)*	ਪੰਖੀਆ, *(ਪੰਖੀਆਂ)*
ਬਾਜ਼	ਜਿਵੇਂ	ਪੰਛੀਆਂ

ਜਾਲੀ	ਬਧਿਕ	ਹਾਥਿ *(ਹਾਥ)* ॥
ਜਾਲ	ਸ਼ਿਕਾਰ	ਹੱਥ ਵਿਚ

...(ਜੀਵਾਂ ਦੇ ਸਿਰ ਤੇ ਮੌਤ ਇਵੇਂ ਹੀ ਹੈ), ਜਿਵੇਂ ਪੰਛੀਆਂ (ਦਾ ਸ਼ਿਕਾਰ ਕਰਨ ਲਈ ਅਸਮਾਨ ਵਿਚ) ਬਾਜ਼ ਅਤੇ ਸ਼ਿਕਾਰੀਆਂ ਦੇ ਹੱਥਾਂ ਵਿਚ ਜਾਲ ਹੁੰਦਾ ਹੈ...

ਅੰਕ ੫੫

ਗੁਰਿ *(ਗੁਰ)*	ਰਾਖੇ	ਸੇ	ਉਬਰੇ,
ਸਤਿਗੁਰੂ	ਰੱਖ ਲਵੇ, ਬਚਾ ਲਏ	ਉਹ	ਬੱਚ ਜਾਂਦੇ
ਹੋਰਿ *(ਹੋਰ)*	ਫਾਥੇ	ਚੋਗੈ	ਸਾਥਿ *(ਸਾਥ)* ॥
ਬਾਕੀ ਦੇ	ਫਸ ਜਾਂਦੇ	ਚੋਗ	ਨਾਲ, ਸਾਥ

...ਸਤਿਗੁਰੂ ਜਿਨ੍ਹਾਂ ਨੂੰ (ਆਪਣੀ ਮਿਹਰ ਨਾਲ) ਬਚਾ ਲੈਂਦਾ ਹੈ, ਉਹ (ਮੌਤ ਦੇ ਸਹਿਮ ਦੀ ਫਾਹੀ ਤੋਂ) ਬੱਚ ਜਾਂਦੇ ਹਨ, ਬਾਕੀ ਸਭ (ਮੋਹ ਮਾਇਆ ਰੂਪੀ) ਚੋਗੇ ਨਾਲ ਉਸ ਦੇ ਜਾਲ ਵਿਚ ਫਸ ਜਾਂਦੇ ਹਨ...

ਬਿਨੁ *(ਬਿਨ)*	ਨਾਵੈ *(ਨਾਵੈਂ)*	ਚੁਣਿ *(ਚੁਣ)*	ਸੁਟੀਅਹਿ, *(ਸੁਟੀਅਹਿਂ)*
ਬਗੈਰ	(ਪ੍ਰਭੂ) ਬੰਦਗੀ	ਚੁਣਕੇ	ਸੁੱਟਿਆ ਜਾਂਦਾ
ਕੋਇ	ਨ *(ਨਾਂ)*	ਸੰਗੀ	ਸਾਥਿ *(ਸਾਥ)* ॥੨॥
ਕੋਈ	ਨਹੀਂ	ਦੋਸਤ	ਸਾਥੀ

...(ਪ੍ਰਭੂ) ਨਾਮ ਵਿਹੂਣਿਆਂ ਨੂੰ ਚੁੱਣ ਚੁੱਣ ਕੇ ਬਾਹਰ ਸੁੱਟਿਆ ਜਾਂਦਾ ਹੈ, (ਉਸ ਵੇਲੇ ਉਨ੍ਹਾਂ ਦਾ) ਕੋਈ ਵੀ ਸੰਗੀ ਸਾਥੀ ਨਹੀਂ ਬਣਦਾ...

ਸਚੋ *(ਸੱਚੋ)*	ਸਚਾ *(ਸੱਚਾ)*	ਆਖੀਐ,
ਸਦਾ ਸਥਿਰ (ਪ੍ਰਭੂ)	ਸੱਤ	ਆਖੀਏ, ਸਿਮਰੀਏ
ਸਚੇ *(ਸੱਚੇ)*	ਸਚਾ *(ਸੱਚਾ)*	ਥਾਨੁ *(ਥਾਨ)* ॥
ਸਦਾ ਸਥਿਰ(ਪ੍ਰਭੂ)	ਸਦਾ-ਸਥਿਰ	ਟਿਕਾਣਾ

...(ਮੌਤ ਦੇ ਸਹਿਮ ਤੋਂ ਬਚਣ ਲਈ) ਸਦਾ-ਸਥਿਰ (ਵਾਹਿਗੁਰੂ) ਦਾ ਸੱਤ-ਸਿਮਰਨ (ਕਰਨਾ ਚਾਹੀਦਾ ਹੈ), ਕਿਉਂਕਿ ਸਦਾ ਸਥਿਰ(ਪ੍ਰਭੂ) ਦਾ ਟਿਕਾਣਾ ਵੀ ਸਦੀਵ-ਸੱਤ ਹੈ...

ਜਿਨੀ *(ਜਿਨ੍ਹੀ)*	ਸਚਾ *(ਸੱਚਾ)*	ਮੰਨਿਆ,	
ਜਿਨ੍ਹਾਂ ਨੇ	ਸਦੀਵ-ਸੱਤ (ਪ੍ਰਭੂ)	ਮੰਨ ਲਿਆ	
ਤਿਨ *(ਤਿਨ੍ਹ)*	ਮਨਿ *(ਮਨ)*	ਸਚੁ *(ਸੱਚ)*	ਧਿਆਨੁ *(ਧਿਆਨ)* ॥
ਉਨ੍ਹਾਂ	ਚਿੱਤ ਵਿਚ	ਸਦਾ ਸਥਿਰ (ਪ੍ਰਭੂ)	ਲਿਵ

...(ਜਿਨ੍ਹਾਂ ਨੇ) ਸਦੀਵ-ਸੱਤ (ਪਰਮਾਤਮ-ਨਾਮ) ਨੂੰ, (ਅੰਤਹਕਰਣ ਵਿਚ) ਪਰਵਾਨ ਕਰ ਲਿਆ ਹੈ, ਉਨ੍ਹਾਂ ਦੇ ਹਿਰਦੇ ਵਿਚ ਸਦਾ-ਸਥਿਰ ਪ੍ਰਭੂ ਦੀ ਲਿਵ ਲੱਗ ਜਾਂਦੀ ਹੈ...

ਅੰਕ ੫੫

ਮਨਿ,*(ਮਨ)*	ਮੁਖਿ,*(ਮੁੱਖ)*	ਸੂਚੇ	ਜਾਣੀਅਹਿ,*(ਜਾਣੀਅਹਿਂ)*
ਚਿੱਤ ਵਿਚ	ਮੁੱਖ ਵਿਚ	ਸੁੱਚੇ,ਨਿਰਮਲ	ਜਾਣੇ ਜਾਂਦੇ ਹਨ
ਗੁਰਮੁਖਿ*(ਗੁਰਮੁਖ)*		ਜਿਨਾ*(ਜਿਨ੍ਹਾਂ)*	ਗਿਆਨੁ*(ਗਿਆਨ)* ॥੪॥
ਸਤਿਗੁਰ ਦੀ ਸਨਮੁਖਤਾ ਦੁਆਰਾ		ਜਿਨ੍ਹਾਂ	ਸਮਝ, ਚੇਤਨਾ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਜਿਨ੍ਹਾਂ ਦੇ ਮਨ ਵਿਚ ਅਤੇ ਮੁੱਖ ਵਿਚ (ਪਰਮਾਤਮ) ਗਿਆਨ (ਵੱਸ ਗਿਆ ਹੈ, ਉਹ ਹੀ ਅਸਲ ਵਿਚ) ਸੁੱਚੇ ਜਾਣੇ ਜਾਂਦੇ ਹਨ...

ਸਤਿਗੁਰ*(ਸੱਤਗੁਰ)*	ਅਗੈ	ਅਰਦਾਸਿ*(ਅਰਦਾਸ)*	ਕਰਿ,*(ਕਰ)*
ਸੱਤ-ਸਰੂਪ ਗੁਰੂ	ਸਾਹਮਣੇ	ਬੇਨਤੀ	ਕਰ
ਸਾਜਨੁ*(ਸਾਜਨ)*	ਦੇਇ*(ਦੇ)*	ਮਿਲਾਇ ॥	
(ਪ੍ਰਭੂ) ਸੱਜਣ	ਦੇਵੇ	ਮਿਲਾ	

...(ਹੇ! ਭਾਈ!) ਸਤਿਗੁਰੂ ਅੱਗੇ ਜੋਦੜੀਆਂ, ਬੇਨਤੀਆਂ ਕਰ ਕਿ, (ਉਹ) ਸੱਜਣ (ਪ੍ਰਭੂ) ਨੂੰ ਮਿਲਾ ਦੇਵੇ...

ਸਾਜਨਿ*(ਸਾਜਨ)*	ਮਿਲਿਐ,	ਸੁਖੁ*(ਸੁੱਖ)*	ਪਾਇਆ,
(ਪ੍ਰਭੂ) ਸੱਜਣ	ਮਿਲਣ ਨਾਲ	ਅਨੰਦ	ਪ੍ਰਾਪਤ ਕੀਤਾ
ਜਮਦੂਤ	ਮੁਏ	ਬਿਖੁ*(ਬਿੱਖ)*	ਖਾਇ ॥
ਮੌਤ ਦੇ ਫ਼ਰਿਸ਼ਤੇ	ਮਰ ਗਏ	ਜ਼ਹਿਰ	ਖਾਕੇ

...ਸੱਜਣ (ਪ੍ਰਭੂ) ਦੇ ਮਿਲਣ ਨਾਲ, (ਆਤਮਿਕ) ਅਨੰਦ ਪ੍ਰਾਪਤ ਹੋ ਗਿਆ, ਅਤੇ ਮੌਤ ਦੇ ਫ਼ਰਿਸ਼ਤੇ ਮਾਨੋਂ ਜ਼ਹਿਰ ਖਾਕੇ ਮਰ ਗਏ, (ਭਾਵ ਸੱਜਣ ਪ੍ਰਭੂ ਦੇ ਮਿਲਾਪ ਕਰਕੇ ਉਹ ਪਿੱਛਾ ਹੀ ਛੱਡ ਗਏ)...

ਨਾਵੈ*(ਨਾਵੈਂ)*	ਅੰਦਰਿ*(ਅੰਦਰ)*	ਹਉ*(ਹਉਂ)*	ਵਸਾਂ,
(ਪ੍ਰਭੂ) ਨਾਮ	ਵਿਚ	ਮੈਂ	ਵੱਸਦਾ ਹਾਂ
ਨਾਉ*(ਨਾਉਂ)*	ਵਸੈ	ਮਨਿ*(ਮਨ)*	ਆਇ ॥੫॥
(ਪ੍ਰਭੂ) ਨਾਮ	ਵਸ ਗਿਆ	ਚਿੱਤ ਵਿਚ	ਆਕੇ

...(ਸੱਜਣ ਪ੍ਰਭੂ ਦੇ ਮਿਲਾਪ ਰਾਹੀਂ), ਮੈਂ ਪਰਮਾਤਮ-ਨਾਮ ਵਿਚ ਵੱਸਦਾ ਹਾਂ, ਅਤੇ ਪ੍ਰਭੂ ਨਾਮ ਦੀ ਯਾਦ ਮੇਰੇ ਚਿੱਤ ਵਿਚ ਆਕੇ ਵੱਸ ਗਈ ਹੈ...

ਅੰਕ ੫੫

ਬਾਝੁ (ਬਾਝ)	ਗੁਰੂ	ਗੁਬਾਰੁ (ਗ਼ੁਬਾਰ)	ਹੈ,
ਬਿਨਾਂ	ਸਤਿਗੁਰੂ	ਹਨ੍ਹੇਰ	ਹੋਣ ਦੀ ਕ੍ਰਿਆ

ਬਿਨੁ (ਬਿਨ)	ਸਬਦੈ (ਸ਼ਬਦੈ)	ਬੂਝ	ਨ (ਨਾਂ)	ਪਾਇ ॥
ਬਗੈਰ	ਸ਼ਬਦ ਤੋਂ	ਸਮਝ	ਨਹੀਂ	ਪੈਂਦੀ

...ਸਤਿਗੁਰੂ ਬਿਨਾਂ (ਮਨੁੱਖ ਦੇ ਜੀਵਨ ਵਿਚ ਵਿਕਾਰਾਂ ਦਾ) ਗ਼ੁਬਾਰ ਚੜ੍ਹਿਆ ਰਹਿੰਦਾ ਹੈ, ਅਤੇ ਗੁਰ-ਸ਼ਬਦ ਬਿਨਾਂ (ਪਰਮਾਤਮ-ਸੱਚ ਦੀ) ਸਮਝ ਨਹੀਂ ਆਉਂਦੀ...

ਗੁਰਮਤੀ	ਪਰਗਾਸੁ (ਪਰਗਾਸ)	ਹੋਇ,
ਸਤਿਗੁਰੂ ਦੀ ਮੱਤ ਰਾਹੀਂ	ਪ੍ਰਕਾਸ਼	ਹੁੰਦਾ ਹੈ

ਸਚਿ (ਸੱਚ)	ਰਹੈ	ਲਿਵ	ਲਾਇ ॥
ਸਦਾ-ਸਥਿਰ (ਪ੍ਰਭੂ) ਵਿਚ	ਰਹਿੰਦਾ	ਧਿਆਨ	ਲਗਾਕੇ

...ਸਤਿਗੁਰੂ ਦੀ ਮੱਤ ਰਾਹੀਂ ਜੀਵਨ ਵਿਚ (ਪਰਮਾਤਮ-ਸੱਚ) ਦਾ ਪ੍ਰਕਾਸ਼ ਹੁੰਦਾ ਹੈ, ਅਤੇ ਸਦਾ-ਸਥਿਰ (ਪ੍ਰਭੂ) ਵਿਚ ਧਿਆਨ ਟਿੱਕਿਆ ਰਹਿੰਦਾ ਹੈ...

ਤਿਥੈ	ਕਾਲੁ (ਕਾਲ)	ਨ (ਨਾਂ)	ਸੰਚਰੈ,
ਉੱਥੇ	ਮੌਤ	ਨਹੀਂ	ਪਰਵੇਸ਼ ਕਰਦਾ

ਜੋਤੀ	ਜੋਤਿ (ਜੋਤ)	ਸਮਾਇ ॥੬॥
ਜੀਵ-ਜੋਤੀ (ਪਰਮ)	ਜੋਤ	ਅਭੇਦ

...(ਫਿਰ) ਉੱਥੇ ਕਾਲ ਦਾ ਪਰਵੇਸ਼ ਨਹੀਂ ਹੁੰਦਾ, ਅਤੇ ਜੀਵ-ਜੋਤ, ਪਰਮ-ਜੋਤ ਵਿਚ ਅਭੇਦ ਹੋਈ ਰਹਿੰਦੀ ਹੈ...

ਤੂੰਹੈ (ਤੂੰਹੈਂ)	ਸਾਜਨੁ, (ਸਾਜਨ)	ਤੂੰ	ਸੁਜਾਣੁ, (ਸੁਜਾਣ)
ਤੂੰ ਹੀਂ	ਮਿੱਤਰ	ਤੁਸੀਂ	ਜਾਨਣਹਾਰ

ਤੂੰ	ਆਪੇ	ਮੇਲਣਹਾਰੁ (ਮੇਲਣਹਾਰ) ॥
ਤੁਸੀਂ	ਖ਼ੁਦ ਹੀ	ਮਿਲਾਉਣ ਵਾਲੇ

... (ਹੇ! ਵਾਹਿਗੁਰੂ) ਤੂੰ ਹੀਂ (ਮੇਰਾ ਸੱਚਾ) ਮਿੱਤਰ ਹੈਂ, ਅਤੇ ਤੂੰ ਹੀ (ਮੇਰੇ ਸਭ ਕੁਝ ਦਾ) ਜਾਨਣਹਾਰ ਹੈਂ, ਅਤੇ ਖ਼ੁਦ ਹੀ (ਆਪਣੇ ਨਾਲ) ਮਿਲਾਉਣ ਵਾਲਾ ਵੀ ਹੈਂ...

ਅੰਕ ੫੫

ਗੁਰ	ਸਬਦੀ *(ਸ਼ਬਦੀ)*	ਸਾਲਾਹੀਐ,
ਸਤਿਗੁਰੂ	ਸ਼ਬਦ ਰਾਹੀਂ	ਸ਼ਲਾਘਾ ਕਰੀਏ

ਅੰਤੁ *(ਅੰਤ)*	ਨ *(ਨਾਂ)*	ਪਾਰਾਵਾਰੁ *(ਪਾਰਾਵਾਰ)* ॥
ਅਖ਼ੀਰ	ਨਹੀਂ	ਉਰਾਰ-ਪਾਰ

...(ਜਿਸ ਪਰਮਾਤਮਾ ਦੇ) ਉਰਾਰ-ਪਾਰ ਦਾ ਅੰਤ ਨਹੀਂ ਪਾਇਆ ਜਾ ਸਕਦਾ, ਸਤਿਗੁਰੂ-ਸ਼ਬਦ ਰਾਹੀਂ (ਉਸ ਬੇਅੰਤ ਵਾਹਿਗੁਰੂ ਦੀ) ਸਿਫ਼ਤ ਸਾਲਾਹ ਕਰਨੀ ਚਾਹੀਦੀ ਹੈ...

ਤਿਥੈ	ਕਾਲੁ *(ਕਾਲ)*	ਨ *(ਨਾਂ)*	ਅਪੜੈ,
ਉਥੇ	ਮੌਤ	ਨਹੀਂ	ਪਹੁੰਚਦੀ

ਜਿਥੈ	ਗੁਰ	ਕਾ	ਸਬਦੁ *(ਸ਼ਬਦ)*	ਅਪਾਰੁ *(ਅਪਾਰ)* ॥੭॥
ਜਿਹੜੀ ਜਗ੍ਹਾ	ਸਤਿਗੁਰੂ	ਦਾ	ਸ਼ਬਦ, ਗਿਆਨ	ਬੇਅੰਤ, ਅਸੀਮ

...ਜਿਸ ਥਾਂ ਸਤਿਗੁਰੂ ਦੇ ਅਪਾਰ ਸ਼ਬਦ ਦਾ (ਪ੍ਰਕਾਸ਼) ਹੋਵੇ, ਉਥੇ ਮੌਤ ਨਹੀਂ ਪਹੁੰਚ ਸਕਦੀ...

ਹੁਕਮੀ	ਸਭੇ	ਊਪਜਹਿ, *(ਊਪਜਹਿਂ)*
(ਰੱਬੀ) ਵਿਧਾਨ	ਸਾਰੇ	ਪੈਦਾ ਹੁੰਦੇ

ਹੁਕਮੀ	ਕਾਰ	ਕਮਾਹਿ *(ਕਮਾਹਿਂ)* ॥
(ਰੱਬੀ) ਵਿਧਾਨ	ਕਾਰਜ	ਕਰਦੇ

...(ਵਾਹਿਗੁਰੂ) ਹੁਕਮ ਅਨੁਸਾਰ ਹੀ ਸਾਰੇ ਪੈਦਾ ਹੁੰਦੇ ਹਨ, ਅਤੇ ਉਸ ਇਲਾਹੀ ਹੁਕਮ ਅਨੁਸਾਰ ਫਿਰ ਸਾਰੀ ਕਾਰ ਕਮਾਉਂਦੇ ਹਨ, ਭਾਵ ਸਭ ਕੰਮ-ਕਾਜ ਕਰਦੇ ਹਨ...

ਹੁਕਮੀ	ਕਾਲੇ	ਵਸਿ *(ਵਸ)*	ਹੈ,
(ਰੱਬੀ) ਵਿਧਾਨ	ਮੌਤ ਦੇ	ਵਸ ਵਿਚ, ਅਧੀ	ਹੋਣ ਦੀ ਕ੍ਰਿਆ

ਹੁਕਮੀ	ਸਾਚਿ *(ਸਾਚ)*	ਸਮਾਹਿ *(ਸਮਾਹਿਂ)* ॥
(ਰੱਬੀ) ਵਿਧਾਨ	ਸਦਾ-ਸਥਿਰ (ਪ੍ਰਭੂ) ਵਿਚ	ਅਭੇਦ ਹੋ ਜਾਂਦੇ

...(ਵਾਹਿਗੁਰੂ) ਦੀ ਆਗਿਆ ਅਨੁਸਾਰ ਹੀ ਸਭ ਮੌਤ ਦੇ ਵੱਸ ਵਿਚ ਹਨ, ਅਤੇ ਉਸਦੀ ਆਗਿਆ ਅਨੁਸਾਰ ਹੀ ਸਦਾ-ਸਥਿਰ (ਪ੍ਰਭੂ) ਵਿਚ ਅਭੇਦ ਹੋ ਜਾਂਦੇ ਹਨ...

ਅੰਕ ੫੫-੫੬

ਨਾਨਕ,	ਜੋ	ਤਿਸੁ *(ਤਿਸ)*	ਭਾਵੈ	ਸੋ	ਥੀਐ,
ਹੇ ! ਨਾਨਕ	ਜਿਹੜਾ	ਉਸ ਨੂੰ	ਚੰਗਾ ਲਗਦਾ	ਉਹੀ	ਹੁੰਦਾ ਹੈ

ਇਨਾ *(ਇਨ੍ਹਾਂ)*	ਜੰਤਾ *(ਜੰਤਾਂ)*	ਵਸਿ *(ਵਸ)*	ਕਿਛੁ *(ਕਿਛ)*	ਨਾਹਿ *(ਨਾਹਿਂ)* ॥੮॥੪॥
ਇਨ੍ਹਾਂ	ਜੀਵਾਂ	ਅਖ਼ਤਿਆਰ	ਕੁਝ	ਨਹੀਂ

...ਹੇ! ਨਾਨਕ! ਜੋ ਕੁਝ ਉਸ (ਪਰਮਾਤਮਾ) ਨੂੰ ਚੰਗਾ ਲਗਦਾ ਹੈ, ਉਹੀ ਕੁਝ ਹੁੰਦਾ ਹੈ, ਇਨ੍ਹਾਂ ਜੀਵਾਂ ਦੇ (ਆਪਣੇ) ਵਸ ਵਿਚ ਕੁਝ ਨਹੀਂ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਮਨਿ *(ਮਨ)*	ਜੂਠੈ,	ਤਨਿ *(ਤਨ)*	ਜੂਠਿ *(ਜੂਠ)*	ਹੈ,
ਚਿੱਤ	ਅਪਵਿੱਤ੍ਰ	ਸਰੀਰ	ਅਪਵਿੱਤ੍ਰ	ਹੋਣ ਦੀ ਕ੍ਰਿਆ

ਜਿਹਵਾ	ਜੂਠੀ	ਹੋਇ ॥
ਜੀਭ	ਅਪਵਿਤ੍ਰ	ਹੋ ਜਾਂਦੀ ਹੈ

...ਚਿੱਤ ਅਪਵਿੱਤ੍ਰ ਹੋਣ ਨਾਲ, ਤਨ ਵੀ ਅਪਵਿੱਤ੍ਰ ਹੋ ਜਾਂਦਾ ਹੈ, ਅਤੇ ਜੀਭਾ ਵੀ ਅਪਵਿੱਤ੍ਰ ਹੋ ਜਾਂਦੀ ਹੈ...

ਮੁਖਿ *(ਮੁੱਖ)*	ਝੂਠੈ,	ਝੂਠੁ *(ਝੂਠ)*	ਬੋਲਣਾ,
ਮੂੰਹ	ਝੂਠਾ, ਕੂੜਾ	ਕੂੜ	ਬੋਲਿਆ ਜਾਂਦਾ

ਕਿਉ *(ਕਿਉਂ)*	ਕਰਿ *(ਕਰ)*	ਸੂਚਾ	ਹੋਇ ॥
ਕਿਵੇਂ	ਕਰਕੇ	ਸੁੱਚਾ, ਪਵਿੱਤ੍ਰ	ਹੋਇਆ ਜਾ ਸਕਦਾ

...(ਇਵੇਂ ਫਿਰ ਜੂਠੀ ਜੀਭ ਦੇ ਹੁੰਦਿਆਂ), ਝੂਠੇ ਮੁੱਖ ਨਾਲ ਝੂਠ ਬੋਲਿਆ ਜਾਂਦਾ ਹੈ, (ਤਾਂ ਫਿਰ) ਸੁੱਚੇ ਅਥਵਾ ਪਵਿੱਤ੍ਰ ਕਿਵੇਂ ਹੋਇਆ ਜਾ ਸਕਦਾ ਹੈ?...

ਬਿਨੁ *(ਬਿਨ)*	ਅਭ	ਸਬਦ, *(ਸ਼ਬਦ)*	ਨ *(ਨਾਂ)*	ਮਾਂਜੀਐ,
ਬਿਨਾਂ	ਪਾਣੀ	(ਗੁਰ)ਸ਼ਬਦ	ਨਹੀਂ	ਸਾਫ਼ ਕਰੀਏ

ਸਾਚੇ	ਤੇ	ਸਚੁ *(ਸੱਚ)*	ਹੋਇ ॥੧॥
ਸੱਤ ਸਰੂਪ (ਪ੍ਰਭੂ)	ਤੋਂ	ਸੱਚ (ਸਿਮਰਨ)	ਹੁੰਦਾ ਹੈ

ਪੰਨਾ ਪ੬

...(ਗੁਰ) ਸ਼ਬਦ ਦੇ ਜਲ ਬਿਨਾਂ, (ਹਿਰਦਾ) ਮਾਂਜਿਆ ਨਹੀਂ ਜਾ ਸਕਦਾ, (ਹਿਰਦੇ ਵਿਚ) ਸੱਚ (ਸਿਮਰਨ ਦਾ ਪ੍ਰਕਾਸ਼), ਸੱਤ-ਸਰੂਪ (ਪਰਮਾਤਮਾ) ਤੋਂ ਹੀ ਹੁੰਦਾ ਹੈ...

ਮੁੰਧੇ,	ਗੁਣਹੀਣੀ	ਸੁਖੁ*(ਸੁੱਖ)*	ਕੇਹਿ*(ਕੇਹ)* ॥
(ਜੀਵ) ਇਸਤ੍ਰੀਏ !	ਗੁਣਾਂ ਤੋਂ ਸੱਖਣੀ	ਅਨੰਦ	ਕੇਹਾ, ਕਾਹਦਾ

...ਹੇ !(ਜੀਵ) ਇਸਤ੍ਰੀਏ ! (ਪ੍ਰਭੂ) ਗੁਣਾਂ ਤੋਂ ਵਿਹੂਣੀ ਹੋਣ ਤੇ ਕਾਹਦਾ ਸੁੱਖ? ਭਾਵ ਕੋਈ ਨਹੀਂ...

ਪਿਰੁ*(ਪਿਰ)*	ਰਲੀਆ*(ਰਲੀਆਂ)*	ਰਸਿ*(ਰਸ)*	ਮਾਣਸੀ,
ਕੰਤ(ਪ੍ਰਭੂ)	ਮੌਜਾਂ, ਖੁਸ਼ੀਆਂ	ਅਨੰਦ ਦੁਆਰਾ	ਮਾਣੇਗਾ

ਸਾਚਿ*(ਸਾਚ)*	ਸਬਦਿ*(ਸ਼ਬਦ)*	ਸੁਖੁ*(ਸੁੱਖ)*	ਨੇਹਿ*(ਨੇਹ)* ॥੧॥	ਰਹਾਉ ॥
ਸਦਾ ਸਥਿਰ(ਪ੍ਰਭੂ)	ਸ਼ਬਦ ਰਾਹੀਂ	ਸੁਖ	ਪਿਆਰ ਵਿਚ	ਠਹਿਰਾਉ

...(ਜਿਹੜੀ ਜੀਵ ਇਸਤ੍ਰੀ ਨੂੰ, ਗੁਰ) ਸ਼ਬਦ ਰਾਹੀਂ ਸਦਾ-ਸਥਿਰ (ਪ੍ਰਭੂ) ਦੀ ਪ੍ਰੀਤ ਦਾ, ਪਿਆਰ-ਸੁੱਖ ਪ੍ਰਾਪਤ ਹੋਇਆ ਹੋਵੇ, (ਵਾਹਿਗੁਰੂ) ਕੰਤ ਨੂੰ ਉਹ ਮੌਜਾਂ ਅਤੇ ਅਨੰਦ ਨਾਲ ਮਾਣੇਗੀ...

ਪਿਰੁ*(ਪਿਰ)*	ਪਰਦੇਸੀ	ਜੇ	ਥੀਐ,
ਕੰਤ(ਪ੍ਰਭੂ)	ਦੂਜੇ ਦੇਸ਼ ਦਾ ਵਸਨੀਕ	ਜੇਕਰ	ਹੋ ਜਾਵੇ

ਧਨ	ਵਾਂਢੀ	ਝੂਰੇਇ*(ਝੂਰੇ)* ॥
ਇਸਤ੍ਰੀ	ਵਿਛੜੀ ਹੋਈ	ਝੂਰਦੀ, ਪਛਤਾਉਂਦੀ

..ਜੇਕਰ ਕੰਤ(ਪ੍ਰਭੂ) ਪਰਦੇਸੀ ਹੋ ਜਾਵੇ, (ਭਾਵ ਹਿਰਦੇ-ਦੇਸ਼ ਵਿਚੋਂ ਦੂਰ ਹੋ ਜਾਏ) ਤਾਂ (ਜੀਵ ਰੂਪੀ) ਇਸਤ੍ਰੀ ਵਿਛੜੀ ਹੋਈ ਝੂਰਦੀ ਰਹਿੰਦੀ ਹੈ...

ਜਿਉ*(ਜਿਉਂ)*	ਜਲਿ*(ਜਲ)*	ਥੋੜੈ	ਮਛੁਲੀ,
ਜਿਵੇਂ	ਪਾਣੀ ਵਿਚ	ਘੱਟ	ਮੱਛੀ

ਕਰਣ	ਪਲਾਵ	ਕਰੇਇ*(ਕਰੇ)*॥
ਕੀਰਣੇ	ਵਿਰਲਾਪ	ਕਰਦੀ

...ਜਿਵੇਂ ਥੋੜ੍ਹੇ ਪਾਣੀ ਵਿਚ ਮੱਛੀ, (ਤੜਫਦੀ ਹੋਈ) ਕੀਰਣੇ (ਪਾਉਂਦੀ) ਅਤੇ ਵਿਰਲਾਪ ਕਰਦੀ ਹੈ...

ਪਿਰ	ਭਾਵੈ	ਸੁਖੁ*(ਸੁਖ)*	ਪਾਈਐ,
ਕੰਤ (ਪ੍ਰਭੂ)	ਚੰਗੀ ਲੱਗੇ	ਅਨੰਦ	ਪਾਈਦਾ ਹੈ

ਪੰਨਾ ੫੬

ਜਾ *(ਜਾਂ)*	ਆਪੇ	ਨਦਰਿ *(ਨਦਰ)*	ਕਰੇਇ *(ਕਰੇ)* ॥੨॥
ਜੇਕਰ	ਖ਼ੁਦ	ਕ੍ਰਿਪਾ-ਦ੍ਰਿਸ਼ਟੀ	ਕਰ ਦੇਵੇ

...(ਅਜਿਹੀ ਤੜਫਦੀ ਹਾਲਤ ਵਿਚ) ਜੇਕਰ (ਪਰਮਾਤਮਾ) ਆਪ ਹੀ (ਆਪਣੀ) ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ, ਤਾਂ ਕੰਤ (ਪ੍ਰਭੂ) ਨੂੰ ਚੰਗਾ ਲੱਗਕੇ (ਮਿਲਾਪ ਦਾ) ਅਨੰਦ ਪ੍ਰਾਪਤ ਕਰੀਦਾ ਹੈ...

ਪਿਰੁ *(ਪਿਰ)*	ਸਾਲਾਹੀ	ਆਪਣਾ,
ਕੰਤ (ਪ੍ਰਭੂ)	ਸਲਾਹੁੰਦੀ, ਸ਼ਲਾਘਾ ਕਰਦੀ	ਖ਼ੁਦ ਦਾ

ਸਖੀ	ਸਹੇਲੀ	ਨਾਲਿ *(ਨਾਲ)* ॥
ਸਾਥੀ	ਮਿੱਤਰ	ਨਾਲ, ਸੰਗ

...(ਜਦੋਂ ਜੀਵ-ਇਸਤ੍ਰੀ ਆਪਣੀਆਂ) ਸਖ਼ੀਆਂ ਸਹੇਲੀਆਂ (ਭਾਵ ਸਤਿਸੰਗੀਆਂ) ਨਾਲ (ਰਲਕੇ) ਆਪਣੇ ਕੰਤ (ਪ੍ਰਭੂ) ਨੂੰ ਸਲਾਹੁੰਦੀ ਹੈ...

ਤਨਿ *(ਤਨ)*	ਸੋਹੈ,	ਮਨੁ *(ਮਨ)*	ਮੋਹਿਆ,
ਸਰੀਰ	ਸੁੰਦਰ ਲਗਦਾ	ਚਿੱਤ	ਮੋਹਿਤ

ਰਤੀ	ਰੰਗਿ *(ਰੰਗ)*	ਨਿਹਾਲਿ *(ਨਿਹਾਲ)* ॥
ਰੰਗੀ	(ਪ੍ਰੇਮ) ਰੰਗ ਵਿਚ	ਨਿਹਾਲਦੀ, ਦੀਦਾਰ ਕਰਦੀ

...(ਤਾਂ ਉਸਦਾ) ਬਦਨ ਸੁੰਦਰ ਲਗਦਾ ਹੈ, ਅਤੇ ਚਿੱਤ (ਪ੍ਰਭੂ ਪਿਆਰ ਨਾਲ) ਮੋਹਿਆ ਜਾਂਦਾ ਹੈ, ਪ੍ਰੀਤਮ ਦੇ (ਪ੍ਰੇਮ) ਰੰਗ ਵਿਚ ਰੰਗੀ ਹੋਈ ਉਸ ਦੇ ਦੀਦਾਰ ਕਰਦੀ ਹੈ...

ਸਬਦਿ *(ਸ਼ਬਦ)*	ਸਵਾਰੀ	ਸੋਹਣੀ,
(ਗੁਰ) ਸ਼ਬਦ ਦੁਆਰਾ	ਸੰਵਾਰੀ	ਸੁੰਦਰ

ਪਿਰੁ *(ਪਿਰ)*	ਰਾਵੇ	ਗੁਣ	ਨਾਲਿ *(ਨਾਲ)* ॥੩॥
ਕੰਤ (ਪ੍ਰਭੂ)	ਮਾਣਦਾ	ਚੰਗਿਆਈਆਂ	ਨਾਲ, ਸੰਗ

...(ਗੁਰ) ਸ਼ਬਦ ਰਾਹੀਂ ਸੰਵਾਰੀ (ਜਾਣ ਕਰਕੇ ਉਹ) ਸੁੰਦਰ ਬਣ ਗਈ ਹੈ, ਅਤੇ ਕੰਤ (ਪ੍ਰਭੂ ਉਸ ਨੂੰ) ਚੰਗਿਆਈਆਂ ਨਾਲ (ਭਰਪੂਰ ਹੋਣ ਕਰਕੇ) ਮਾਣਦਾ ਹੈ...

ਕਾਮਣਿ *(ਕਾਮਣ)*	ਕਾਮਿ *(ਕਾਮ)*	ਨ *(ਨਾਂ)*	ਆਵਈ,
ਇਸਤ੍ਰੀ	ਕੰਮ	ਨਹੀਂ	ਆਉਂਦੀ

ਪੰਨਾ ੫੬

ਖੋਟੀ	ਅਵਗਣਿਆਰਿ *(ਅਵਗਣਿਆਰ)* ॥
ਬੁਰੀ,ਕਪਟੀ	ਔਗਣਹਾਰੀ, ਔਗਣਾਂ ਨਾਲ ਭਰੀ ਹੋਈ

...ਕਪਟੀ ਅਤੇ ਔਗਣਾਂ ਨਾਲ ਭਰੀ ਹੋਈ ਇਸਤ੍ਰੀ (ਕੰਤ ਪ੍ਰਭੂ) ਦੇ ਕਿਸੇ ਕੰਮ ਨਹੀਂ ਆਉਂਦੀ...

ਨਾ *(ਨਾਂ)*	ਸੁਖੁ *(ਸੁੱਖ)*	ਪੇਈਐ	ਸਾਹੁਰੈ,
ਨਹੀਂ	ਅਨੰਦ	ਪੇਕੇ	ਸਹੁਰੇ

ਝੂਠਿ *(ਝੂਠ)*	ਜਲੀ	ਵੇਕਾਰਿ *(ਵੇਕਾਰ)* ॥
ਕੂੜ ਵਿਚ	ਸੜੀ	ਵਿਕਾਰਾਂ

...ਉਹ ਝੂਠ ਅਤੇ ਵਿਕਾਰਾਂ ਦੀ ਅੱਗ ਵਿਚ ਸੜਦੀ ਰਹਿੰਦੀ ਹੈ, (ਉਸ ਨੂੰ) ਨਾ ਪੇਕੇ (ਇਸ ਲੋਕ) ਅਤੇ ਨਾਂ ਹੀ ਸਹੁਰੇ (ਪਰਲੋਕ ਵਿਚ) ਕੋਈ ਸੁੱਖ ਪ੍ਰਾਪਤ ਹੁੰਦਾ ਹੈ...

ਆਵਣੁ *(ਆਵਣ)*	ਵੰਞਣੁ *(ਵੰਞਣ)*	ਡਾਖੜੋ,
ਆਉਣਾ (ਜੰਮਣਾ)	ਜਾਣਾ (ਮਰਨਾ)	ਔਖਾ

ਛੋਡੀ	ਕੰਤਿ *(ਕੰਤ)*	ਵਿਸਾਰਿ *(ਵਿਸਾਰ)* ॥੪॥
ਤਿਆਗ ਕੇ	ਪਤੀ (ਪ੍ਰਭੂ)	ਭੁਲਾ

...(ਉਸਦਾ ਸੰਸਾਰ ਤੇ) ਆਉਣਾ ਜਾਣਾ ਔਖਾ ਹੋ ਜਾਂਦਾ ਹੈ, ਕਿਉਂਕਿ ਉਸ ਨੂੰ ਕੰਤ (ਪ੍ਰਭੂ) ਵਲੋਂ ਤਿਆਗ ਕੇ ਭੁਲਾ ਦਿੱਤਾ ਹੁੰਦਾ ਹੈ...

ਪਿਰ	ਕੀ	ਨਾਰਿ *(ਨਾਰ)*	ਸੁਹਾਵਣੀ,
ਕੰਤ (ਪ੍ਰਭੂ)	ਦੀ	ਇਸਤ੍ਰੀ	ਸੁੰਦਰ

ਮੁਤੀ	ਸੋ	ਕਿਤੁ *(ਕਿਤ)*	ਸਾਦਿ *(ਸਾਦ)* ॥
ਛੱਡੀ ਗਈ	ਉਹ	ਕਿਹੜੇ	ਸੁਆਦ

...ਕੰਤ (ਪ੍ਰਭੂ) ਦੀ ਉਹ ਸੁੰਦਰ-ਇਸਤ੍ਰੀ ਕਿਹੜੇ ਸੁਆਦਾਂ ਕਰਕੇ ਛੱਡ ਦਿੱਤੀ ਗਈ?...

ਪਿਰ	ਕੈ	ਕਾਮਿ *(ਕਾਮ)*	ਨ *(ਨਾਂ)*	ਆਵਈ,
ਕੰਤ(ਪ੍ਰਭੂ)	ਦੇ	ਕੰਮ	ਨਹੀਂ	ਆਉਂਦੀ

ਬੋਲੇ	ਫਾਦਿਲੁ *(ਫ਼ਾਦਲ)*	ਬਾਦਿ *(ਬਾਦ)* ॥
ਬੋਲਦੀ	ਫ਼ਜ਼ੂਲ	ਵਾਦ-ਵਿਵਾਦ

ਪੰਨਾ ੫੬

...(ਉਹ ਪ੍ਰਭੂ) ਕੰਤ ਦੇ ਕੰਮ ਨਹੀਂ ਆਉਂਦੀ, ਅਤੇ ਫ਼ਜ਼ੂਲ ਦੇ ਵਾਦ-ਵਿਵਾਦ ਵਾਲੇ (ਕੁਬੋਲ) ਬੋਲਦੀ ਰਹਿੰਦੀ ਹੈ...

ਦਰਿ *(ਦਰ)*	ਘਰਿ *(ਘਰ)*	ਢੋਈ	ਨਾ *(ਨਾਂ)*	ਲਹੈ,
ਦਰਵਾਜ਼ੇ	ਘਰ ਦੇ	ਆਸਰਾ	ਨਹੀਂ	ਮਿਲਦਾ

ਛੂਟੀ	ਦੂਜੈ	ਸਾਦਿ *(ਸਾਦ)* ॥੫॥
ਛੁੱਟੜ	ਦੂਸਰੇ	ਸੁਆਦ, ਰਸ

...(ਫਿਰ ਉਹ) ਦੂਸਰੇ (ਵਿਕਾਰੀ) ਰਸਾਂ-ਕਸਾਂ ਵਿਚ ਪੈਣ ਕਰਕੇ ਛੁੱਟੜ ਹੋ ਗਈ, (ਜਿਸ ਕਰਕੇ ਉਸ ਨੂੰ ਪ੍ਰੀਤਮ ਦੇ) ਦਰ-ਘਰ ਵਿਚ ਕੋਈ ਆਸਰਾ ਨਹੀਂ ਮਿਲਦਾ।...

ਪੰਡਿਤ	ਵਾਚਹਿ *(ਵਾਚਹਿਂ)*	ਪੋਥੀਆ, *(ਪੋਥੀਆਂ)*
ਵਿਦਵਾਨ	ਪੜ੍ਹਦੇ, ਅਧਿਐਨ ਕਰਦੇ	ਧਾਰਮਿਕ ਗ੍ਰੰਥ

ਨਾ *(ਨਾਂ)*	ਬੂਝਹਿ *(ਬੂਝਹਿਂ)*	ਵੀਚਾਰੁ *(ਵੀਚਾਰ)* ॥
ਨਹੀਂ	ਸਮਝਦੇ	ਵਿਚਾਰ

...ਵਿਦਵਾਨ ਲੋਕ, ਧਾਰਮਿਕ ਗ੍ਰੰਥਾਂ ਦਾ ਪਾਠਨ-ਪਾਠਨ ਤਾਂ ਕਰਦੇ ਹਨ, ਪਰ ਤੱਤ-ਵਿਚਾਰ ਨੂੰ ਨਹੀਂ ਸਮਝਦੇ...

ਅਨ	ਕਉ	ਮਤੀ	ਦੇ	ਚਲਹਿ, *(ਚਲਹਿਂ)*
ਹੋਰਨਾਂ	ਨੂੰ	ਮੱਤਾਂ, ਉਪਦੇਸ਼	ਦੇਕੇ	ਚਲੇ ਜਾਂਦੇ

ਮਾਇਆ	ਕਾ	ਵਾਪਾਰੁ *(ਵਪਾਰ)* ॥
ਧਨ-ਦੌਲਤ	ਦਾ	ਧੰਦਾ

...(ਵਾਸਤਵਿਕ ਵਿਚਾਰਾਂ ਤੋਂ ਸੱਖਣੇ ਉਹ) ਹੋਰਨਾਂ ਨੂੰ ਸਿੱਖਿਆ ਦਿੰਦੇ ਹੋਏ ਹੀ ਤੁਰ ਜਾਂਦੇ ਹਨ, ਅਤੇ ਇਹ ਸਭ ਮਾਇਆ ਦਾ ਹੀ ਧੰਦਾ ਹੈ...

ਕਥਨੀ	ਝੂਠੀ	ਜਗੁ *(ਜੱਗ)*	ਭਵੈ,
ਕਹਿਣੀ	ਕੂੜੀ	ਸੰਸਾਰ	ਭਾਉਂਦੇ, ਭਟਕਦੇ

ਰਹਣੀ *(ਰਹਿਣੀ)*	ਸਬਦੁ *(ਸ਼ਬਦ)*	ਸੁ	ਸਾਰੁ *(ਸਾਰ)* ॥੬॥
ਜੀਵਨ-ਜੁਗਤ	ਸ਼ਬਦ	ਉਹ	ਸ੍ਰੇਸ਼ਠ

ਪੰਨਾ ੫੬

...(ਉਹ) ਝੂਠੀ ਕਥਨੀ ਕਰਕੇ ਸੰਸਾਰ (ਦੇ ਆਵਾਗਵਣ ਵਿਚ) ਭਟਕਦੇ ਰਹਿੰਦੇ ਹਨ, ਰਹਿਣੀ-ਬਹਿਣੀ, ਉਹੀ ਸ੍ਰੇਸ਼ਠ ਅਥਵਾ ਉੱਤਮ ਹੈ, (ਜਿਹੜੀ, ਗੁਰ) ਸ਼ਬਦ (ਅਨੁਸਾਰ ਹੋਵੇ)...

ਕੇਤੇ	**ਪੰਡਿਤ**	**ਜੋਤਕੀ,**
ਕਿਤਨੇ	ਵਿਦਵਾਨ	ਜੋਤਸ਼ੀ

ਬੇਦਾ *(ਬੇਦਾਂ)*	**ਕਰਹਿ** *(ਕਰਹਿਂ)*	**ਬੀਚਾਰੁ** *(ਬੀਚਾਰ)* ॥
ਵੇਦਾਂ	ਕਰਦੇ	ਅਧਿਐਨ

...ਅਨੇਕਾਂ ਪੰਡਿਤ ਅਤੇ ਜੋਤਸ਼ੀ, ਧਾਰਮਿਕ-ਪੁਸਤਕਾਂ ਦਾ ਅਧਿਐਨ ਕਰਦੇ ਰਹਿੰਦੇ ਹਨ...

ਵਾਦਿ *(ਵਾਦ)*	**ਵਿਰੋਧਿ** *(ਵਿਰੋਧ)*	**ਸਲਾਹਣੇ,**
ਵਾਦ-ਵਿਵਾਦ	ਵਿਰੋਧਤਾ	ਸਲਾਹੁਤਾ, ਪ੍ਰਸ਼ੰਸਾ

ਵਾਦੇ	**ਆਵਣੁ** *(ਆਵਣ)*	**ਜਾਣੁ** *(ਜਾਣ)* ॥
ਵਾਦ-ਵਿਵਾਦ ਵਿਚ	ਆਉਣਾ (ਜੰਮਣਾ)	ਜਾਣਾ (ਮਰਨਾ)

...(ਉਹ) ਵਾਦ-ਵਿਵਾਦੀ ਅਤੇ ਵਿਰੋਧਤਾ ਵਾਲੀ (ਗਿਆਨ-ਚਰਚਾ ਕਰਕੇ, ਇਕ ਦੂਸਰੇ ਦੀ ਕੂੜੀ) ਪ੍ਰਸ਼ੰਸਾ ਕਰਦੇ ਰਹਿੰਦੇ ਹਨ, ਅਤੇ ਬਹਿਸ-ਮੁਬਾਹਸਿਆਂ ਵਿਚ ਹੀ ਉਨ੍ਹਾਂ ਦਾ (ਸੰਸਾਰ ਤੇ) ਆਉਣਾ-ਜਾਣਾ ਬਣਿਆਂ ਰਹਿੰਦਾ ਹੈ...

ਬਿਨੁ *(ਬਿਨ)*	**ਗੁਰ**	**ਕਰਮ,**	**ਨ** *(ਨਾਂ)*	**ਛੂਟਸੀ,** *(ਛੁੱਟਸੀ)*
ਬਿਨਾਂ	ਸਤਿਗੁਰੂ	ਕਰਮਾਂ ਤੋਂ	ਨਹੀਂ	ਖ਼ਲਾਸੀ

ਕਹਿ	**ਸੁਣਿ** *(ਸੁਣ)*	**ਆਖਿ** *(ਆਖ)*	**ਵਖਾਣੁ** *(ਵਖਾਣ)* ॥੨॥
ਕਹਿਣ	ਸੁਣਨ	ਆਖਣ	ਵਖਿਆਨ

...ਸਤਿਗੁਰੂ (ਸ਼ਬਦ ਤੋਂ) ਬਿਨਾਂ, (ਨਿਰਾ) ਕਹਿਣ ਸੁਣਨ ਜਾਂ ਵਖਿਆਨ ਕਰਨ ਨਾਲ ਹੀ, ਕਰਮ-ਗਤੀ ਤੋਂ ਖ਼ਲਾਸੀ ਨਹੀਂ ਹੋ ਜਾਂਦੀ...

ਸਭਿ *(ਸਭ)*	**ਗੁਣਵੰਤੀ**	**ਆਖੀਅਹਿ,** *(ਆਖੀਅਹਿਂ)*
ਸਾਰੀਆਂ	ਗੁਣਾਂ ਵਾਲੀਆਂ	ਕਹੀਆਂ ਜਾਂਦੀਆਂ ਹਨ

ਮੈ *(ਮੈਂ)*	**ਗੁਣੁ** *(ਗੁਣ)*	**ਨਾਹੀ** *(ਨਾਹੀਂ)*	**ਕੋਇ** ॥
ਮੇਰੇ	ਚੰਗਿਆਈ, ਨੇਕੀ	ਨਹੀਂ	ਕੋਈ

ਪੰਨਾ ੫੬

...ਸਾਰੀਆਂ (ਜੀਵ-ਇਸਤ੍ਰੀਆਂ) ਗੁਣਵਾਨ ਕਹੀਆਂ ਜਾਂਦੀਆਂ ਹਨ, ਪਰ ਮੇਰੇ ਵਿਚ ਤਾਂ ਕੋਈ ਵੀ ਗੁਣ ਨਹੀਂ ਹੈ...

ਹਰਿ *(ਹਰ)*	**ਵਰੁ** *(ਵਰ)*	**ਨਾਰਿ** *(ਨਾਰ)*	**ਸੁਹਾਵਣੀ,**
ਹਰੀ (ਪ੍ਰਭੂ)	ਪਤੀ	ਵਹੁਟੀ, ਇਸਤ੍ਰੀ	ਸੁੰਦਰ, ਸੁਹਣੀ

ਮੈ *(ਮੈਂ)*	**ਭਾਵੈ**	**ਪ੍ਰਭੁ** *(ਪ੍ਰਭ)*	**ਸੋਇ ॥**
ਮੈਨੂੰ	ਚੰਗਾ ਲਗਦਾ	ਪਰਮਾਤਮਾ	ਉਹ

...ਕੰਤ ਹਰੀ ਦੀ (ਗੁਣਵਾਨ) ਇਸਤ੍ਰੀ ਸੁੰਦਰ ਲਗਦੀ ਹੈ,(ਮੈਨੂੰ ਵੀ ਦੱਸੋ ਕਿ ਕਿਵੇਂ) ਮੈਨੂੰ ਵੀ ਪ੍ਰਭੂ (ਕੰਤ) ਚੰਗਾ ਲਗਣ ਲਗ ਜਾਏ?...

ਨਾਨਕ,	**ਸਬਦਿ** *(ਸ਼ਬਦ)*	**ਮਿਲਾਵੜਾ,**
ਹੇ! ਨਾਨਕ!	(ਗੁਰ) ਸ਼ਬਦ ਰਾਹੀਂ	ਮਿਲਾਪ

ਨਾ *(ਨਾਂ)*	**ਵੇਛੋੜਾ**	**ਹੋਇ ॥੮॥੫॥**
ਨਹੀਂ	ਵਿਛੋੜਾ	ਹੋਵੇ

...ਹੇ! ਨਾਨਕ! (ਚੰਗਾ ਲਗਣ ਦੀ ਜੁਗਤ ਇਹੋ ਹੈ ਕਿ, ਸਤਿਗੁਰੂ ਦੇ) ਸ਼ਬਦ ਦੇ ਰਾਹੀਂ ਹੀ (ਕੰਤ ਪ੍ਰਭੂ) ਦਾ ਮਿਲਾਪ ਹੁੰਦਾ ਹੈ, ਅਤੇ ਫਿਰ ਕਦੀ ਵਿਛੋੜਾ ਨਹੀਂ ਹੁੰਦਾ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਜਪੁ *(ਜੱਪ)*	**ਤਪੁ** *(ਤੱਪ)*	**ਸੰਜਮੁ** *(ਸੰਜਮ)*	**ਸਾਧੀਐ,**
ਜਾਪ	ਕਠਿਨ ਤਪੱਸਿਆ	ਇੰਦ੍ਰੀਆਂ ਦੀ ਰੋਕ	ਸਾਧ ਲਈਏ

ਤੀਰਥਿ *(ਤੀਰਥ)*	**ਕੀਚੈ**	**ਵਾਸੁ** *(ਵਾਸ)* **॥**
ਧਾਰਮਿਕ ਅਸਥਾਨਾਂ	ਕਰੀਏ	ਨਿਵਾਸ

...ਜੇਕਰ ਮੰਤ੍ਰਾਂ ਆਦਿਕ ਦੇ ਜਾਪ, ਧੂਣੀਆਂ ਆਦਿ ਬਾਲਕੇ ਕਠਿਨ ਤਰ੍ਹਾਂ ਦੀਆਂ ਤਪੱਸਿਆਵਾਂ ਅਤੇ ਇੰਦ੍ਰੀਆਂ ਦੀ ਰੋਕ-ਥਾਮ ਆਦਿਕ ਦੀ ਸਾਧਨਾ ਕਰ ਲਈ ਜਾਵੇ, ਧਾਰਮਿਕ ਅਸਥਾਨਾਂ ਤੇ ਜਾਕੇ ਨਿਵਾਸ ਕਰ ਲਿਆ ਜਾਵੇ...

ਪੁੰਨ	**ਦਾਨ**	**ਚੰਗਿਆਈਆ,** *(ਚੰਗਿਆਈਆਂ)*
ਸੁਕਰਮ	ਖ਼ੈਰਾਤ	ਗੁਣ

ਪੰਨਾ ੫੬

ਬਿਨੁ *(ਬਿਨ)*	ਸਾਚੇ	ਕਿਆ	ਤਾਸੁ *(ਤਾਸ)* ॥
ਬਿਨਾਂ	ਸਦਾ-ਸਥਿਰ (ਪ੍ਰਭੂ)	ਕੀ	ਉਸ ਨੂੰ

...(ਲੋਕ ਦਿਖਾਵੇ ਲਈ ਕੀਤੇ) ਪੁੰਨ, ਦਾਨ ਆਦਿਕ ਚੰਗੇ ਕੰਮ, ਸਦਾ-ਸਥਿਰ ਪ੍ਰਮਾਤਮਾ (ਦੀ ਬੰਦਗੀ ਤੋਂ) ਬਿਨਾਂ ਉਸ ਨੂੰ (ਇਸਦਾ ਕੀ ਫ਼ਾਇਦਾ ਹੈ? ਭਾਵ ਸਭ ਕੁਝ ਬੇਅਰਥ ਹੈ)...

ਜੇਹਾ	ਰਾਧੇ,	ਤੇਹਾ	ਲੁਣੈ,
ਜਿਹੋ ਜਿਹਾ	ਬੀਜੇਗਾ	ਉਹੋ ਜਿਹਾ	ਵੱਢੇਗਾ, ਕੱਟੇਗਾ

ਬਿਨੁ *(ਬਿਨ)*	ਗੁਣ	ਜਨਮੁ *(ਜਨਮ)*	ਵਿਣਾਸੁ *(ਵਿਣਾਸ)* ॥੧॥
ਬਿਨਾਂ	ਚੰਗਿਆਈਆਂ	ਜੀਵਨ	ਵਿਨਾਸ਼

...ਜਿਸ ਤਰ੍ਹਾਂ ਦਾ ਕੋਈ ਬੀਜੇਗਾ, ਉਸੇ ਤਰ੍ਹਾਂ ਦਾ ਵੱਢ ਲਏਗਾ, ਬਿਨਾਂ ਚੰਗਿਆਈਆਂ ਦੇ ਜੀਵਨ ਵਿਨਾਸ਼ ਹੋ ਜਾਂਦਾ ਹੈ...

ਮੁੰਧੇ,	ਗੁਣ	ਦਾਸੀ, *(ਦਾਸੀਂ)*	ਸੁਖੁ *(ਸੁੱਖ)*	ਹੋਇ ॥
ਇਸਤ੍ਰੀਏ!	ਚੰਗਿਆਈਆਂ	ਗ਼ੁਲਾਮ	ਅਨੰਦ	ਹੁੰਦਾ

...ਹੇ! (ਜੀਵ) ਇਸਤ੍ਰੀਏ! ਚੰਗਿਆਈਆਂ ਦੀ ਦਾਸੀ ਬਨਣ (ਭਾਵ ਗੁਣ ਗ੍ਰਹਿਣ ਕਰਨ) ਨਾਲ ਹੀ, (ਜੀਵਨ ਵਿਚ) ਸੁੱਖ ਪ੍ਰਾਪਤ ਹੁੰਦਾ ਹੈ...

ਅਵਗਣ	ਤਿਆਗਿ *(ਤਿਆਗ)*	ਸਮਾਈਐ,
ਬੁਰਿਆਈਆਂ	ਛੱਡ ਕੇ	ਅਭੇਦ ਹੋਈਏ

ਗੁਰਮਤਿ *(ਗੁਰਮਤ)*	ਪੂਰਾ	ਸੋਇ ॥੧॥	ਰਹਾਉ ॥
ਗੁਰੂ ਦੀ ਸਿਖਿਆ ਰਾਹੀਂ	ਸੰਪੂਰਨ	ਉਸ	ਠਹਿਰਾਉ

...ਸਤਿਗੁਰੂ ਦੀ ਸਿੱਖਿਆ ਰਾਹੀਂ, ਬੁਰਿਆਈਆਂ ਦਾ ਤਿਆਗ ਕਰਕੇ ਉਸ ਪੂਰਨ (ਵਾਹਿਗੁਰੂ) ਵਿਚ ਅਭੇਦ ਹੋ ਜਾਈਦਾ ਹੈ...

ਵਿਣੁ *(ਵਿਣ)*	ਰਾਸੀ	ਵਾਪਾਰੀਆ,
ਬਿਨਾਂ, ਵਿਹੂਣਾ	ਪੂੰਜੀ	ਵਣਜ ਕਰਨ ਵਾਲਾ

ਤਕੇ	ਕੁੰਡਾ *(ਕੁੰਡਾਂ)*	ਚਾਰਿ *(ਚਾਰ)* ॥
ਵੇਖਦਾ	ਦਿਸ਼ਾਵਾਂ	ਚਾਰੇ

ਪੰਨਾ ੫੬

...ਪੂੰਜੀ ਤੋਂ ਬਿਨਾਂ ਵਪਾਰੀ (ਲਾਭ ਪ੍ਰਾਪਤੀ ਲਈ ਵਿਅਰਥ ਹੀ) ਚਾਰੇ ਦਿਸ਼ਾਵਾਂ ਭਾਵ ਆਲੇ ਦੁਆਲੇ ਝਾਕਦਾ ਰਹਿੰਦਾ ਹੈ...

ਮੂਲੁ *(ਮੂਲ)*	ਨ *(ਨਾਂ)*	ਬੁਝੈ	ਆਪਣਾ,
ਅਸਲੀਅਤ	ਨਹੀਂ	ਸਮਝਦਾ	ਖ਼ੁਦ ਦੀ

ਵਸਤੁ *(ਵਸਤ)*	ਰਹੀ	ਘਰ	ਬਾਰਿ *(ਬਾਰ)* ॥
ਵਸਤੂ, ਸੌਦਾ	ਪਈ	ਨਿਵਾਸ	ਬੂਹੇ ਤੇ

...(ਉਹ) ਆਪਣੀ ਅਸਲੀਅਤ ਨੂੰ ਨਹੀਂ ਸਮਝਦਾ, (ਭਾਵੇਂ ਸੱਚ-ਨਾਮ ਰੂਪੀ) ਵਸਤੂ ਉਸਦੇ ਘਰ ਦੇ ਦਰਵਾਜ਼ੇ ਤੇ ਹੀ ਪਈ ਹੁੰਦੀ ਹੈ, (ਭਾਵ ਕਿ ਪਰਮਾਤਮ-ਸੱਚ ਰੂਪੀ ਸੌਦਾ, ਉਸਦੇ ਹਿਰਦੇ-ਘਰ ਵਿਚ ਹੀ ਪਿਆ ਹੁੰਦਾ ਹੈ, ਪਰ ਉਸਨੂੰ ਇਸ ਦੀ ਸਮਝ ਨਹੀਂ ਲਗਦੀ)...

ਵਿਣੁ *(ਵਿਣ)*	ਵਖਰ	ਦੂਖੁ *(ਦੁੱਖ)*	ਅਗਲਾ,
ਬਿਨਾਂ	ਸੌਦੇ	ਕਸ਼ਟ	ਬਹੁਤ

ਕੂੜਿ *(ਕੂੜ)*	ਮੁਠੀ	ਕੂੜਿਆਰਿ *(ਕੁੜਿਆਰ)* ॥੨॥
ਝੂਠ ਵਿਚ	ਲੁੱਟੀ, ਠੱਗੀ	ਝੂਠ ਦੀ ਵਪਾਰਨ

...(ਪ੍ਰਭ-ਬੰਦਗੀ ਦੇ) ਸੌਦੇ ਬਿਨਾਂ ਬਹੁਤ ਦੁੱਖ ਹੁੰਦਾ ਹੈ, ਝੂਠ ਦਾ ਵਪਾਰੀ (ਮਾਇਆਵੀ ਵਿਕਾਰਾਂ ਦੇ) ਝੂਠ (ਵਪਾਰ) ਵਿਚ ਹੀ ਠੱਗਿਆ ਜਾਂਦਾ ਹੈ...

ਲਾਹਾ	ਅਹਿਨਿਸਿ *(ਅਹਿਨਿਸ)*	ਨਉਤਨਾ,
ਲਾਭ	ਦਿਨ ਰਾਤ	ਨਵਾਂ

ਪਰਖੇ	ਰਤਨੁ *(ਰਤਨ)*	ਵੀਚਾਰਿ *(ਵੀਚਾਰ)* ॥
ਜਾਂਚ-ਪੜਤਾਲ ਕਰੇ	(ਨਾਮ) ਰਤਨ	ਸਮਝ ਕੇ

...(ਜੇਕਰ ਉਹ ਪ੍ਰਭੂ-ਨਾਮ) ਰਤਨ ਨੂੰ ਸੋਚ-ਵਿਚਾਰ ਕੇ, ਚੰਗੀ ਤਰ੍ਹਾਂ ਉਸ ਦੀ ਪਰਖ-ਪੜਤਾਲ ਕਰ ਲਵੇ, ਤਾਂ ਉਸ ਨੂੰ ਦਿਨ-ਰਾਤ ਨਵੇਂ ਤੋਂ ਨਵਾਂ (ਅਧਿਆਤਮਕ) ਲਾਭ ਪ੍ਰਾਪਤ ਹੋ ਸਕਦਾ ਹੈ...

ਵਸਤੁ *(ਵਸਤ)*	ਲਹੈ	ਘਰਿ *(ਘਰ)*	ਆਪਣੈ,
ਵਸਤੂ (ਸੌਦੇ)	ਪ੍ਰਾਪਤ	ਘਰ ਵਿਚ	ਆਪਣੇ

ਚਲੈ	ਕਾਰਜੁ *(ਕਾਰਜ)*	ਸਾਰਿ *(ਸਾਰ)* ॥
ਤੁਰ ਜਾਂਦਾ	ਕੰਮ	ਸੰਵਾਰ ਕੇ

...(ਫਿਰ ਉਹ) ਆਪਣੇ (ਹਿਰਦੇ ਰੂਪੀ) ਘਰ ਵਿਚ ਹੀ, (ਪ੍ਰਭੂ ਨਾਮ ਦੇ) ਸੌਦੇ ਨੂੰ ਪ੍ਰਾਪਤ ਕਰ ਲੈਂਦਾ ਹੈ, ਅਤੇ ਜੀਵਨ-ਕਾਰਜ ਨੂੰ ਸੰਵਾਰ ਕੇ ਇਸ ਸੰਸਾਰ ਤੋਂ ਜਾਂਦਾ ਹੈ...

ਵਣਜਾਰਿਆ *(ਵਣਜਾਰਿਆਂ)*	**ਸਿਉ** *(ਸਿਉਂ)*	**ਵਣਜੁ** *(ਵਣਜ)*	**ਕਰਿ,** *(ਕਰ)*
ਵਪਾਰੀਆਂ	ਨਾਲ	ਵਪਾਰ	ਕਰਦਾ

ਗੁਰਮੁਖਿ *(ਗੁਰਮੁਖ)*	**ਬ੍ਰਹਮੁ** *(ਬ੍ਰਹਮ)*	**ਬੀਚਾਰਿ** *(ਬੀਚਾਰ)* ॥੩॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪਰਮਾਤਮਾ	ਵਿਚਾਰ

...(ਉਹ) (ਸੱਚ) ਵਪਾਰੀਆਂ ਨਾਲ (ਪ੍ਰਭੂ-ਨਾਮ ਦਾ) ਵਪਾਰ ਕਰਦਾ ਹੈ, ਅਤੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਬ੍ਰਹਮ-ਵਿਚਾਰ ਨੂੰ (ਆਪਣੇ ਹਿਰਦੇ ਵਿਚ ਟਿਕਾਉਂਦਾ ਹੈ)...

ਸੰਤਾਂ	**ਸੰਗਤਿ** *(ਸੰਗਤ)*	**ਪਾਈਐ,**
ਸੱਤ-ਪੁਰਸ਼ਾਂ	ਸੰਗਤ ਰਾਹੀਂ	ਪ੍ਰਾਪਤ ਕਰੀਦਾ ਹੈ

ਜੇ	**ਮੇਲੇ**	**ਮੇਲਣਹਾਰੁ** *(ਮੇਲਣਹਾਰ)* ॥
ਜੇਕਰ	ਮੇਲ ਦੇਵੇ	ਮਿਲਾਉਣ ਵਾਲਾ (ਪ੍ਰਭੂ)

...ਜੇਕਰ ਮੇਲਣਹਾਰ(ਪ੍ਰਭੂ), ਸੱਤ-ਪੁਰਸ਼ਾਂ ਦਾ ਮੇਲ ਕਰਵਾ ਦੇਵੇ, ਤਾਂ ਉਨ੍ਹਾਂ ਦੀ ਸੰਗਤ ਰਾਹੀਂ (ਵਾਹਿਗੁਰੂ) ਨੂੰ ਪ੍ਰਾਪਤ ਕਰ ਲਈਦਾ ਹੈ...

ਮਿਲਿਆ	**ਹੋਇ**	**ਨ** *(ਨਾਂ)*	**ਵਿਛੁੜੈ,**
(ਪ੍ਰਭੂ ਨਾਮ ਵਿਚ) ਜੁੜਿਆ	ਹੋਇਆ	ਨਹੀਂ	ਵਿਛੜਦਾ, ਵੱਖ ਹੁੰਦਾ

ਜਿਸੁ *(ਜਿਸ)*	**ਅੰਤਰਿ** *(ਅੰਤਰ)*	**ਜੋਤਿ** *(ਜੋਤ)*	**ਅਪਾਰ** ॥
ਜਿਸ ਦੇ	ਅੰਦਰ	ਪ੍ਰਕਾਸ਼, ਨੂਰ	ਬੇਅੰਤ, ਅਨੰਤ

...ਜਿਸ (ਧਰਮ-ਸਾਧਕ) ਦੇ ਅੰਦਰ ਅਨੰਤ(ਪ੍ਰਭੂ) ਦਾ ਪ੍ਰਕਾਸ਼ ਹੋ ਜਾਂਦਾ ਹੈ, ਉਹ (ਪਰਮਾਤਮਾ) ਨਾਲ ਇਕ-ਮਿਕ (ਮਿਲਿਆ) ਹੋਇਆ ਫਿਰ ਉਸ ਤੋਂ ਕਦੇ ਵੀ ਵਿਛੜਦਾ ਨਹੀਂ...

ਸਚੈ	**ਆਸਣਿ,** *(ਆਸਣ)*	**ਸਚਿ** *(ਸੱਚ)*	**ਰਹੈ,**
ਸਦਾ ਸਥਿਰ (ਪ੍ਰਭੂ) ਦੇ	ਆਸਣ ਉਤੇ	ਅਡੋਲ	ਰਹਿੰਦਾ

ਸਚੈ	**ਪ੍ਰੇਮ**	**ਪਿਆਰ** ॥੪॥
ਸਦਾ ਸਥਿਰ (ਪ੍ਰਭੂ)	ਪਿਆਰ	ਪ੍ਰੀਤ

...(ਫਿਰ ਉਹ) ਸੱਤ-ਸਰੂਪ (ਵਾਹਿਗੁਰੂ) ਦੀ ਪ੍ਰੀਤ-ਪਿਆਰ (ਵਿਚ ਭਿੱਜ ਕੇ, ਉਸਦੇ) ਸਦਾ-ਸਥਿਰ ਆਸਣ ਉਤੇ ਅਡੋਲ (ਟਿੱਕਿਆ) ਰਹਿੰਦਾ ਹੈ...

ਜਿਨੀ *(ਜਿਨ੍ਹੀਂ)*	**ਆਪੁ** *(ਆਪ)*	**ਪਛਾਣਿਆ,** *(ਪਛਾਣਿਆਂ)*
ਜਿਨ੍ਹਾਂ ਨੇ	ਆਪਣੇ ਆਪੇ ਨੂੰ	ਪਹਿਚਾਣ ਲਿਆ, ਸਮਝ ਲਿਆ

ਘਰ	**ਮਹਿ** *(ਮਹਿਂ)*	**ਮਹਲੁ** *(ਮਹਿਲ)*	**ਸੁਥਾਇ** *(ਸੁਥਾਇਂ)* ॥
(ਹਿਰਦੇ) ਘਰ	ਵਿਚ	ਨਿਵਾਸ	ਉੱਤਮ ਥਾਂ ਵਿਚ

...ਜਿਨ੍ਹਾਂ ਨੇ ਆਪਣੇ, ਆਪੇ ਨੂੰ ਪਹਿਚਾਣ ਲਿਆ ਹੈ, (ਉਨ੍ਹਾਂ ਨੂੰ ਆਪਣੇ ਹਿਰਦੇ ਰੂਪੀ) ਪਵਿੱਤਰ ਘਰ ਵਿਚ ਹੀ (ਪ੍ਰਭੂ) ਮਹਿਲ ਦੇ ਦਰਸ਼ਨ-ਦੀਦਾਰ ਹੋ ਜਾਂਦੇ ਹਨ...

ਸਚੇ *(ਸੱਚੇ)*	**ਸੇਤੀ**	**ਰਤਿਆ,** *(ਰੱਤਿਆਂ)*
ਸਦਾ ਸਥਿਰ (ਪ੍ਰਭੂ)	ਨਾਲ, ਸੰਗ	ਰੰਗਿਆਂ, ਲੀਨ ਹੋਇਆਂ

ਸਚੋ *(ਸੱਚੋ)*	**ਪਲੈ**	**ਪਾਇ** ॥
ਸੱਤ-ਸਰੂਪ (ਪ੍ਰਭੂ)	ਝੋਲੀ ਵਿਚ	ਪੈ ਜਾਂਦਾ

...ਸਦਾ-ਸਥਿਰ(ਪ੍ਰਭੂ) ਦੇ ਰੰਗ ਵਿਚ ਰੰਗਿਆਂ, (ਉਹ) ਸੱਤ-ਸਰੂਪ ਝੋਲੀ ਵਿਚ ਪੈ ਜਾਂਦਾ ਹੈ...

ਤ੍ਰਿਭਵਣਿ *(ਤ੍ਰਿਭਵਣ)*	**ਸੋ**	**ਪ੍ਰਭੁ** *(ਪ੍ਰਭ)*	**ਜਾਣੀਐ,** *(ਜਾਣੀਐਂ)*
ਤਿੰਨਾਂ ਲੋਕਾਂ (ਧਰਤ, ਅਕਾਸ਼, ਪਤਾਲ)	ਉਹ	ਪਰਮਾਤਮਾ	ਸਮਝੀਏ

ਸਾਚੋ	**ਸਾਚੈ**	**ਨਾਇ** *(ਨਾਇਂ)* ॥੫॥
ਸਦਾ-ਸਥਿਰ(ਪ੍ਰਭੂ)	ਸੱਤ-ਸਰੂਪ	ਨਾਮ

...ਸਦਾ-ਸਥਿਰ (ਵਾਹਿਗੁਰੂ) ਦੇ ਸੱਤ-ਸਰੂਪ ਨਾਮ ਵਿਚ (ਲੀਨ ਹੋਕੇ), ਤਿੰਨਾਂ ਹੀ ਭਵਨਾਂ ਵਿਚ, (ਭਾਵ ਹਰ ਥਾਂ) ਪਰਮਾਤਮਾ ਦੀ (ਹੋਂਦ) ਨੂੰ ਅਨੁਭਵ ਕਰ ਲਈਦਾ ਹੈ...

ਸਾ	**ਧਨ**	**ਖਰੀ**	**ਸੁਹਾਵਣੀ,**
ਉਹ	ਇੱਸਤ੍ਰੀ	ਬਹੁਤ	ਸੁੰਦਰ

ਜਿਨਿ *(ਜਿਨ੍ਹ)*	**ਪਿਰੁ** *(ਪਿਰ)*	**ਜਾਤਾ**	**ਸੰਗਿ** *(ਸੰਗ)* ॥
ਜਿਸਨੇ	ਕੰਤ (ਪ੍ਰਭੂ)	ਅਨੁਭਵ ਕੀਤਾ	ਨਾਲ, ਸੰਗ

ਪੰਨਾ ੫੭

...ਜਿਸ (ਜੀਵ-ਇਸਤ੍ਰੀ) ਨੇ ਕੰਤ (ਪ੍ਰਭੂ ਨੂੰ ਹਮੇਸ਼ਾਂ) ਅੰਗ-ਸੰਗ ਜਾਣਿਆਂ ਹੈ, ਉਹ ਨਾਰ ਬਹੁਤ ਸੁੰਦਰ-ਸਰੂਪ ਹੈ...

ਮਹਲੀ *(ਮਹਿਲੀ)*	ਮਹਲਿ *(ਮਹਿਲ)*	ਬੁਲਾਈਐ,
ਇੱਸਤ੍ਰੀ	ਮਹਿਲਾਂ ਵਿਚ	ਸੱਦੀ ਜਾਂਦੀ

ਸੋ	ਪਿਰੁ *(ਪਿਰ)*	ਰਾਵੈ	ਰੰਗਿ *(ਰੰਗ)*॥
ਉਸ	ਕੰਤ (ਪ੍ਰਭੂ)	ਮਾਣਦਾ	(ਪ੍ਰੇਮ) ਰੰਗ ਵਿਚ

...(ਉਸ ਸੁੰਦਰ) ਇਸਤ੍ਰੀ ਨੂੰ ਫਿਰ (ਪਰਮਾਤਮਾ ਦੇ) ਮਹਿਲਾਂ ਵਿਚ ਬੁਲਾਇਆ ਜਾਂਦਾ ਹੈ, ਅਤੇ ਕੰਤ (ਪ੍ਰਭੂ) ਪਿਆਰ ਰੰਗ ਵਿਚ (ਭਿੱਜ ਕੇ) ਉਸ ਨੂੰ ਮਾਣਦਾ ਹੈ...

ਸਚਿ *(ਸੱਚ)*	ਸੁਹਾਗਣਿ *(ਸੁਹਾਗਣ)*	ਸਾ	ਭਲੀ,
ਸਦਾ ਸਥਿਰ (ਪ੍ਰਭੂ) ਵਿਚ	ਸੁਹਾਗਵੰਤੀ	ਉਹ	ਚੰਗੀ

ਪਿਰਿ *(ਪਿਰ)*	ਮੋਹੀ	ਗੁਣ	ਸੰਗਿ *(ਸੰਗ)* ॥੬॥
ਕੰਤ (ਪ੍ਰਭੂ) ਦੁਆਰਾ	ਮੋਹਿਤ	ਚੰਗਿਆਈਆਂ	ਨਾਲ, ਸੰਗ

...ਜਿਸ ਨੂੰ ਕੰਤ(ਪ੍ਰਭੂ) ਨੇ ਆਪਣੀਆਂ ਚੰਗਿਆਈਆਂ ਨਾਲ ਮੋਹਿਤ ਕਰ ਲਿਆ ਹੈ, ਉਹ ਸਦਾ ਸਥਿਰ ਪਰਮਾਤਮਾ ਵਿਚ (ਅਭੇਦ ਹੋਕੇ) ਭਲੀ ਸੁਹਾਗਣ ਬਣ ਜਾਂਦੀ ਹੈ...

ਭੂਲੀ	ਭੂਲੀ	ਥਲਿ *(ਥਲ)*	ਚੜਾ, *(ਚੜ੍ਹਾਂ)*
(ਪ੍ਰਭੂ ਵਲੋਂ) ਭੁੱਲੀ	(ਪ੍ਰਭੂ ਵਲੋਂ) ਭੁੱਲੀ	ਰੇਤਲੇ ਟਿੱਬੇ	ਚੜ੍ਹ ਜਾਵਾਂ

ਥਲਿ *(ਥਲ)*	ਚੜਿ *(ਚੜ੍ਹ)*	ਡੂਗਰਿ *(ਡੂੰਗਰ)*	ਜਾਉ *(ਜਾਉਂ)* ॥
ਥਲਾਂ ਵਿਚ	ਚੜ੍ਹਕੇ	ਪਹਾੜਾਂ ਤੇ	ਜਾਵਾਂ

...(ਜੇ ਮੈਂ ਪਰਮਾਤਮਾ ਵਲੋਂ) ਭੁੱਲ ਕੇ ਰੇਤਲੇ ਟਿੱਬਿਆਂ ਵਿਚ ਚੜ੍ਹੀ ਫਿਰਾਂ, ਟਿੱਬਿਆਂ ਤੇ ਚੜ੍ਹਕੇ ਪਹਾੜਾਂ ਤੇ ਚਲੀ ਜਾਵਾਂ...

ਬਨ	ਮਹਿ *(ਮਹਿੰ)*	ਭੂਲੀ	ਜੇ	ਫਿਰਾ, *(ਫਿਰਾਂ)*
ਜੰਗਲ	ਵਿਚ	ਭਟਕੀ	ਜੇਕਰ	ਘੁੰਮਾਂ

ਬਿਨੁ *(ਬਿਨ)*	ਗੁਰ	ਬੂਝ	ਨ *(ਨਾਂ)*	ਪਾਉ *(ਪਾਉਂ)* ॥
ਬਿਨਾਂ	ਸਤਿਗੁਰੂ	ਸਮਝ	ਨਹੀਂ	ਪਾ ਸਕਦੀ

ਪੰਨਾ ੫੭

...(ਫਿਰ) ਜੇਕਰ ਜੰਗਲਾਂ ਵਿਚ ਵੀ ਭਟਕਦੀ ਫਿਰਾਂ, (ਪਰ ਤਾਂ ਵੀ) ਸਤਿਗੁਰੂ ਬਿਨਾਂ (ਮੈਨੂੰ ਵਾਹਿਗੁਰੂ ਦੀ) ਸਮਝ ਨਹੀਂ ਪੈ ਸਕਦੀ...

ਨਾਵਹੁ *(ਨਾਵਹੁੰ)*	**ਭੂਲੀ**	**ਜੇ**	**ਫਿਰਾ,** *(ਫਿਰਾਂ)*
(ਪ੍ਰਭੂ) ਨਾਮ ਤੋਂ	ਭੁੱਲੀ ਹੋਈ	ਜੇਕਰ	ਘੁੰਮਦੀ ਰਹਾਂ

ਫਿਰਿ *(ਫਿਰ)*	**ਫਿਰਿ** *(ਫਿਰ)*	**ਆਵਉ** *(ਆਵਉਂ)*	**ਜਾਉ** *(ਜਾਉਂ)* **॥੭॥**
ਦੁਬਾਰਾ	ਦੁਬਾਰਾ	ਆਉਂਦੀ (ਜੰਮਦੀ)	ਜਾਂਦੀ (ਮਰਦੀ)

...ਜੇਕਰ (ਮੈਂ ਵਾਹਿਗੁਰੂ) ਨਾਮ ਤੋਂ ਭੁੱਲੀ-ਭਟਕੀ (ਹੋਈ ਇੱਧਰ-ਉੱਧਰ ਹੀ) ਫਿਰਦੀ ਰਹੀ, ਤਾਂ ਬਾਰ ਬਾਰ ਆਵਾਗਵਣ ਦੇ ਚੱਕਰ ਵਿਚ ਪਈ ਰਹਾਂਗੀ...

ਪੁਛਹੁ	**ਜਾਇ**	**ਪਧਾਊਆ,** *(ਪਧਾਊਆਂ)*
ਪੁੱਛੋ,ਪਤਾ ਕਰੋ	ਜਾਕੇ	ਪਾਂਧੀਆਂ, ਰਾਹੀਆਂ

ਚਲੇ	**ਚਾਕਰ**	**ਹੋਇ ॥**
ਤੁਰੇ	ਸੇਵਕ	ਹੋਕੇ

...(ਇੱਧਰ ਉੱਧਰ ਭਟਕਣ ਦੀ ਬਜਾਇ), ਜਿਹੜੇ (ਸਾਹਿਬ ਦੇ) ਚਾਕਰ ਹੋਕੇ (ਪ੍ਰਭੂ-ਮਾਰਗ) ਤੇ ਚਲੇ ਹਨ, (ਉਨ੍ਹਾਂ ਗੁਰਮੁੱਖ) ਪਾਂਧੀਆਂ ਕੋਲੋਂ ਜਾਕੇ (ਵਾਹਿਗੁਰੂ ਵਲ ਜਾਣ ਦਾ ਸਹੀ ਰਸਤਾ) ਪਤਾ ਕਰੋ...

ਰਾਜਨੁ *(ਰਾਜਨ)*	**ਜਾਣਹਿ** *(ਜਾਣਹਿਂ)*	**ਆਪਣਾ,**
ਰਾਜਾ	ਜਾਣਦੇ	ਖ਼ੁਦ ਦਾ

ਦਰਿ *(ਦਰ)*	**ਘਰਿ** *(ਘਰ)*	**ਠਾਕ**	**ਨ** *(ਨਾਂ)*	**ਹੋਇ ॥**
ਦਰਵਾਜ਼ੇ ਤੇ	ਘਰ ਵਿਚ	ਰੋਕ, ਮਨਾਹੀ	ਨਹੀਂ	ਹੁੰਦੀ

...(ਉਹ ਕੇਵਲ ਪਰਮਾਤਮਾ ਨੂੰ ਹੀ) ਆਪਣਾ (ਸੱਚਾ) ਪਾਤਸ਼ਾਹ ਮੰਨਦੇ ਹਨ, (ਉਸ ਪਾਤਸ਼ਾਹ ਦੇ) ਦਰ-ਘਰ ਤੇ ਜਾਣ ਤੋਂ ਉਨ੍ਹਾਂ ਨੂੰ ਕੋਈ ਮਨਾਹੀ ਨਹੀਂ ਹੁੰਦੀ...

ਨਾਨਕ,	**ਏਕੋ**	**ਰਵਿ** *(ਰਵ)*	**ਰਹਿਆ,**
ਹੇ ! ਨਾਨਕ !	ਇੱਕੋ	ਸਮਾਇਆ, ਲੀਨ	ਰਿਹਾ, ਹੋਇਆ

ਦੂਜਾ	**ਅਵਰੁ** *(ਅਵਰ)*	**ਨ** *(ਨਾਂ)*	**ਕੋਇ ॥੮॥੬॥**
ਦੂਸਰਾ	ਹੋਰ	ਨਹੀਂ	ਕੋਈ

...ਹੇ! ਨਾਨਕ! (ਉਨ੍ਹਾਂ ਨੂੰ ਕੇਵਲ) ਇੱਕੋ (ਪਰਮਾਤਮਾ) ਹੀ (ਸਭ ਜਗ੍ਹਾ) ਵਿਆਪਕ (ਨਜ਼ਰ ਆਉਂਦਾ ਹੈ, ਉਸ ਤੋਂ ਬਿਨਾਂ), ਹੋਰ ਦੂਸਰਾ ਕੋਈ ਨਹੀਂ (ਦਿੱਸਦਾ)।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਗੁਰ	ਤੇ	ਨਿਰਮਲੁ *(ਨਿਰਮਲ)*	ਜਾਣੀਐ, *(ਜਾਣੀਐਂ)*
ਸਤਿਗੁਰੂ	ਤੋਂ, ਪਾਸੋਂ	ਪਵਿੱਤਰ	ਜਾਣੀਦਾ, ਸਮਝੀਦਾ

ਨਿਰਮਲ	ਦੇਹ	ਸਰੀਰੁ *(ਸਰੀਰ)* ॥
ਪਵਿੱਤਰ	ਤਨ	(ਸੂਖਮ) ਸਰੀਰ, ਅੰਤਹਕਰਣ

ਸਤਿਗੁਰੂ ਪਾਸੋਂ ਪਵਿੱਤਰ (ਪਰਮਾਤਮਾ ਦੀ) ਸੋਝੀ ਆਉਂਦੀ ਹੈ, ਜਿਸ ਨਾਲ ਅੰਦਰਲਾ ਸਰੀਰ ਅਤੇ ਬਾਹਰਲਾ ਤਨ ਦੋਵੇਂ ਪਵਿੱਤਰ ਹੋ ਜਾਂਦੇ ਹਨ...

ਨਿਰਮਲੁ *(ਨਿਰਮਲ)*	ਸਾਚੋ	ਮਨਿ *(ਮਨ)*	ਵਸੈ,
ਪਵਿੱਤਰ	ਸਦਾ-ਸਥਿਰ (ਪ੍ਰਭੂ)	ਹਿਰਦੇ ਵਿਚ	ਵੱਸ ਜਾਂਦਾ

ਸੋ	ਜਾਣੈ	ਅਭ	ਪੀਰ ॥
ਉਹ	ਜਾਣਦਾ	ਹਿਰਦੇ	ਪੀੜ, ਦਰਦ

...(ਫਿਰ) ਸਦਾ-ਸਥਿਰ, ਨਿਰਮਲ (ਪਰਮਾਤਮਾ) ਹਿਰਦੇ ਵਿਚ ਆ ਟਿੱਕਦਾ ਹੈ, ਜਿਹੜਾ (ਜੀਵਾਂ ਦੇ ਅੰਦਰ ਦੀ) ਪੀੜਾ ਨੂੰ ਸਮਝਦਾ ਹੈ...

ਸਹਜੈ *(ਸਹਿਜੈ)*	ਤੇ	ਸੁਖੁ *(ਸੁੱਖ)*	ਅਗਲੋ,
ਆਤਮਿਕ ਟਿਕਾਓ	ਤੋਂ	ਅਨੰਦ	ਬਹੁਤ

ਨਾ *(ਨਾਂ)*	ਲਾਗੈ	ਜਮ	ਤੀਰੁ *(ਤੀਰ)* ॥੧॥
ਨਹੀਂ	ਲਗਦਾ	ਮੌਤ ਦੇ ਫਰਿਸ਼ਤਾ	ਬਾਣ

...(ਇਸ ਨਾਲ ਧਰਮ-ਸਾਧਕ ਦੇ ਹਿਰਦੇ ਵਿਚ) ਆਤਮਿਕ-ਅਡੋਲਤਾ (ਆਉਂਦੀ ਹੈ), ਜਿਸ ਤੋਂ ਬਹੁਤ (ਆਤਮਿਕ) ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਅਤੇ ਫਿਰ ਜਮ ਦਾ ਤੀਰ (ਉਸ ਨੂੰ) ਨਹੀਂ ਵੱਜਦਾ...

ਭਾਈ	ਰੇ,	ਮੈਲੁ *(ਮੈਲ)*	ਨਾਹੀ, *(ਨਾਹੀਂ)*
ਭਰਾ	ਹੇ!	ਗੰਦਗੀ	ਨਹੀਂ

ਪੰਨਾ ੫੭

ਨਿਰਮਲ	ਜਲਿ*(ਜਲ)*	ਨਾਇ*(ਨ੍ਹਾਇ)* ॥
ਪਵਿੱਤਰ	ਪਾਣੀ ਦੁਆਰਾ	ਇਸ਼ਨਾਨ ਕੀਤਿਆਂ

..ਹੇ! ਭਾਈ! (ਪ੍ਰਭੂ-ਨਾਮ ਦੇ) ਪਵਿੱਤਰ ਜਲ ਨਾਲ ਇਸ਼ਨਾਨ ਕੀਤਿਆਂ, (ਮਾਇਆਵੀ ਵਿਕਾਰਾਂ ਦੀ) ਗੰਦਗੀ ਨਹੀਂ ਰਹਿੰਦੀ...

ਨਿਰਮਲੁ*(ਨਿਰਮਲ)*	ਸਾਚਾ	ਏਕੁ*(ਏਕ)*	ਤੂ,*(ਤੂੰ)*
ਪਵਿੱਤਰ	ਸਦਾ-ਸਥਿਰ	ਇੱਕੋ	ਤੂੰ

ਹੋਰੁ*(ਹੋਰ)*	ਮੈਲੁ*(ਮੈਲ)*	ਭਰੀ	ਸਭ	ਜਾਇ ॥੧॥	ਰਹਾਉ ॥
ਅਵਰ, ਬਾਕੀ	ਗੰਦਗੀ	ਭਰੇ ਹੋਏ	ਸਾਰੇ	ਥਾਵਾਂ	ਠਹਿਰਾਉ

...(ਹੇ! ਸਾਹਿਬ ਜੀ!) ਇਕ ਤੂੰ ਹੀ ਸਦਾ-ਸਥਿਰ ਅਤੇ ਪਵਿੱਤਰ ਹੈਂ, (ਜਗਤ ਦੀਆਂ) ਬਾਕੀ ਸਾਰੀਆਂ ਥਾਵਾਂ (ਮਾਇਆ ਦੇ ਵਿਕਾਰਾਂ) ਦੀ ਗੰਦਗੀ ਨਾਲ ਭਰੀਆਂ ਪਈਆਂ ਹਨ...

ਹਰਿ*(ਹਰ)*	ਕਾ	ਮੰਦਰੁ*(ਮੰਦਰ)*	ਸੋਹਣਾ,
ਪ੍ਰਭੂ	ਦਾ	ਮਹਿਲ, ਨਿਵਾਸ	ਸੁੰਦਰ

ਕੀਆ	ਕਰਣੈਹਾਰਿ*(ਕਰਣੈਹਾਰ)* ॥
ਬਣਾਇਆ	ਸਿਰਜਣਹਾਰ ਨੇ

...(ਬ੍ਰਹਿਮੰਡ ਰੂਪੀ) ਹਰਿ-ਮੰਦਰ ਸਿਰਜਣਹਾਰ (ਵਾਹਿਗੁਰੂ ਨੇ ਅਤਿ) ਸੁੰਦਰ ਬਣਾਇਆ ਹੈ...

ਰਵਿ*(ਰਵ)*	ਸਸਿ*(ਸਸ)*	ਦੀਪ	ਅਨੂਪ	ਜੋਤਿ,*(ਜੋਤ)*
ਸੂਰਜ	ਚੰਦਰਮਾਂ	ਦੀਵੇ	ਅਦਭੁੱਤ	ਪ੍ਰਕਾਸ਼ ਵਾਲੇ

ਤ੍ਰਿਭਵਣਿ*(ਤ੍ਰਿਭਵਣ)*	ਜੋਤਿ*(ਜੋਤ)*	ਅਪਾਰ ॥
ਤਿੰਨਾਂ ਲੋਕਾਂ ਵਿਚ	ਰੌਸ਼ਨੀ	ਬੇਅੰਤ, ਅਨੰਤ

...(ਇਸ ਵਿਚ) ਅਦੁੱਤੀ ਪ੍ਰਕਾਸ਼ ਵਾਲੇ ਸੂਰਜ ਅਤੇ ਚੰਦਰਮਾਂ (ਰੂਪੀ) ਦੀਵੇ ਪ੍ਰਕਾਸ਼ਮਾਨ ਹਨ। ਤਿੰਨਾਂ ਲੋਕਾਂ ਵਿਚ ਪਰਮਾਤਮਾ ਦੀ ਅਨੰਤ ਜੋਤ ਪ੍ਰਕਾਸ਼ਿਤ ਹੋ ਰਹੀ ਹੈ...

ਹਾਟ	ਪਟਣ	ਗੜ*(ਗੜ੍ਹ)*	ਕੋਠੜੀ
ਹੱਟੀਆਂ	ਸ਼ਹਿਰ	ਕਿਲ੍ਹੇ	ਮਕਾਨ

ਪੰਨਾ ੫੭

ਸਚੁ *(ਸੱਚ)*	**ਸਉਦਾ**	**ਵਾਪਾਰ ॥੨॥**
ਸੱਤ-ਸਰੂਪ (ਪ੍ਰਭੂ)	ਸੌਦਾ	ਵਣਜ

...ਇਸ ਸ੍ਰਿਸ਼ਟੀ ਵਿਚ ਦੁਕਾਨਾਂ, ਸ਼ਹਿਰ, ਕਿਲ੍ਹੇ ਅਤੇ ਮਕਾਨ ਆਦਿਕ ਹਨ, ਜਿਨ੍ਹਾਂ ਵਿਚ ਸੱਤ-ਸਰੂਪ (ਪਰਮਾਤਮਾ) ਦਾ ਹੀ ਵਣਜ-ਵਪਾਰ ਹੋ ਰਿਹਾ ਹੈ...

ਗਿਆਨ	**ਅੰਜਨੁ** *(ਅੰਜਨ)*	**ਭੈ**	**ਭੰਜਨਾ,**
ਸੋਝੀ	ਸੁਰਮਾ	ਡਰ	ਦੂਰ ਕਰਨ ਵਾਲਾ

ਦੇਖੁ *(ਦੇਖ)*	**ਨਿਰੰਜਨ**	**ਭਾਇ ॥**
ਵੇਖ	ਅੰਜਨ-ਰਹਿਤ (ਪ੍ਰਭੂ)	ਪ੍ਰੇਮ

...(ਜਿਹੜਾ ਧਰਮ-ਸਾਧਕ ਅੱਖਾਂ ਵਿਚ ਪ੍ਰਭੂ) ਗਿਆਨ ਦਾ ਸੁਰਮਾ ਪਾ ਲੈਂਦਾ ਹੈ, ਉਸ ਦਾ (ਸੰਸਾਰਿਕ) ਭੈ ਦੂਰ ਹੋ ਜਾਂਦਾ ਹੈ, ਅਤੇ ਫਿਰ ਉਹ ਨਿਰੰਜਨ (ਪ੍ਰਭੂ ਨੂੰ) ਪਿਆਰ ਨਾਲ ਦੇਖ ਸਕਦਾ ਹੈ...

ਗੁਪਤੁ *(ਗੁਪਤ)*	**ਪ੍ਰਗਟੁ** *(ਪ੍ਰਗਟ)*	**ਸਭ**	**ਜਾਣੀਐ,** *(ਜਾਣੀਐਂ)*
ਲੁਕਵੇਂ	ਪਰਤੱਖ	ਸਾਰੇ	ਜਾਣ ਲਈਦਾ

ਜੇ	**ਮਨੁ** *(ਮਨ)*	**ਰਾਖੈ**	**ਠਾਇ** *(ਠਾਇੰ)* **॥**
ਜੇਕਰ	ਚਿੱਤ	ਰੱਖੀਏ	ਥਾਂ ਤੇ, ਟਿਕਾਣੇ ਤੇ

...ਜੇਕਰ ਚਿੱਤ ਨੂੰ ਇਕ ਥਾਂ ਟਿਕਾ ਕੇ ਰੱਖ ਲਈਏ, ਤਾਂ ਗੁਪਤ ਅਤੇ ਪ੍ਰਗਟ ਹਰ ਥਾਂ (ਵਿਆਪਕ) ਪਰਮਾਤਮਾ ਨੂੰ ਜਾਣ ਲਈਦਾ ਹੈ...

ਐਸਾ	**ਸਤਿਗੁਰੁ** *(ਸਤਗੁਰ)*	**ਜੇ**	**ਮਿਲੈ,**
ਇਹੋ ਜਿਹਾ	ਸੱਤ-ਸਰੂਪ ਗੁਰੂ	ਜੇਕਰ	ਮਿਲ ਜਾਵੇ

ਤਾ *(ਤਾਂ)*	**ਸਹਜ** *(ਸਹਿਜੇ)*	**ਲਏ**	**ਮਿਲਾਇ ॥੩॥**
ਤਦ	ਸਹਿਜ ਸੁਭਾ, ਸੁਭਾਵਿਕ	ਲੈਂਦਾ	ਮਿਲਾ, ਜੋੜ

...ਇਹੋ ਜਿਹਾ (ਗਿਆਨ ਰੂਪੀ ਸੁਰਮਾ ਬਖਸ਼ਣ ਵਾਲਾ) ਸਤਿਗੁਰੂ ਜੇਕਰ ਮਿਲ ਪਵੇ, ਤਾਂ (ਉਹ) ਸਹਿਜ ਸੁਭਾ ਹੀ (ਵਾਹਿਗੁਰੂ) ਨਾਲ ਮਿਲਾ ਦਿੰਦਾ ਹੈ...

ਕਸਿ *(ਕੱਸ)*	**ਕਸਵਟੀ**	**ਲਾਈਐ,**
ਕੱਸ ਲਗਾ ਕੇ	(ਸੁਨਾਰ ਦੀ) ਪਰਖਣ ਵਾਲੀ ਵੱਟੀ	ਲਾਉਂਦਾ ਹੈ

ਪੰਨਾ ੫੭

ਪਰਖੇ	ਹਿਤੁ *(ਹਿਤ)*	ਚਿਤੁ *(ਚਿੱਤ)*	ਲਾਇ ॥
ਪਰਖ਼ਦਾ, ਪੜਚੋਲਦਾ	ਸਨ੍ਹੇਹ	ਮਨ	ਲਗਾਕੇ

...ਜਿਵੇਂ ਸੁਨਾਰ ਸੋਨੇ ਨੂੰ ਪਰਖਣ ਲਈ ਕਸਵੱਟੀ ਤੇ ਲਾਉਂਦਾ ਹੈ, (ਤਿਵੇਂ ਹੀ ਸਿਰਜਣਹਾਰ ਆਪਣੇ ਪੈਦਾ ਕੀਤੇ ਜੀਵਾਂ ਦੇ ਜੀਵਨ ਨੂੰ) ਕੱਸ ਲਗਾ ਕੇ ਮਨ-ਚਿੱਤ ਦੁਆਰਾ ਸਨੇਹ ਨਾਲ ਆਪਣੀ (ਸੱਚ ਦੀ) ਕਸਵੱਟੀ ਉੱਪਰ ਪਰਖ਼ਦਾ ਹੈ...

ਖੋਟੇ	ਠਉਰ	ਨ *(ਨਾਂ)*	ਪਾਇਨੀ,
ਨਕਲੀ, ਜਾਲ੍ਹੀ	ਥਾਂ	ਨਹੀਂ	ਪਾਉਂਦੇ

ਖਰੇ	ਖਜਾਨੈ	ਪਾਇ ॥
ਅਸਲੀ	ਖ਼ਜ਼ਾਨੇ	ਪਾਏ ਜਾਂਦੇ

...(ਨਾਮ-ਵਿਹੂਣੇ) ਖੋਟਿਆਂ ਨੂੰ ਕੋਈ ਥਾਂ ਨਹੀਂ ਮਿਲਦੀ, ਅਤੇ ਅਸਲੀ (ਸਾਹਿਬ ਦੇ) ਖ਼ਜ਼ਾਨੇ ਵਿਚ ਪਾ ਦਿੱਤੇ ਜਾਂਦੇ ਹਨ...

ਆਸ	ਅੰਦੇਸਾ *(ਅੰਦੇਸ਼ਾ)*	ਦੂਰਿ *(ਦੂਰ)*	ਕਰਿ, *(ਕਰ)*
ਉਮੀਦ	ਫ਼ਿਕਰਾਂ	ਪਰ੍ਹੇ	ਕਰਕੇ

ਇਉ *(ਇਉਂ)*	ਮਲੁ *(ਮਲ)*	ਜਾਇ	ਸਮਾਇ ॥੪॥
ਇਵੇਂ	ਮੈਲ, ਗੰਦਗੀ	ਜਾਏਗੀ	ਸਮਾ ਜਾਂਦੇ

...(ਹੇ! ਭਾਈ! ਤੂੰ ਵੀ ਆਪਣੀਆਂ) ਇੱਛਾਵਾਂ ਅਤੇ ਫ਼ਿਕਰਾਂ ਨੂੰ ਦੂਰ ਕਰ ਦੇ। ਇਉਂ (ਮਾਇਆਂ ਦੇ ਵਿਕਾਰਾਂ ਦੀ) ਮਲੀਨਤਾ ਦੂਰ ਹੋ ਜਾਏਗੀ, ਅਤੇ ਤੂੰ (ਪ੍ਰਭੂ-ਜੋਤ ਵਿਚ) ਅਭੇਦ ਹੋ ਜਾਏਂਗਾ...

ਸੁਖ *(ਸੁੱਖ)*	ਕਉ	ਮਾਗੈ *(ਮੰਗੈ)*	ਸਭੁ *(ਸਭ)*	ਕੋ,
ਅਨੰਦ, ਖ਼ੁਸ਼ੀ	ਨੂੰ	ਮੰਗਦਾ	ਸਾਰੇ	ਕੋਈ

ਦੁਖੁ *(ਦੁੱਖ)*	ਨ *(ਨਾਂ)*	ਮਾਗੈ *(ਮੰਗੈ)*	ਕੋਇ ॥
ਕਸ਼ਟ	ਨਹੀਂ	ਮੰਗਦਾ	ਕੋਈ

...ਹਰ ਕੋਈ ਸੁੱਖ ਨੂੰ ਹੀ ਮੰਗਦਾ ਹੈ, ਦੁੱਖ ਦੀ ਯਾਚਨਾ ਕੋਈ ਵੀ ਨਹੀਂ ਕਰਦਾ...

ਸੁਖੈ	ਕਉ	ਦੁਖੁ *(ਦੁੱਖ)*	ਅਗਲਾ,
ਸੁਖੀ	ਨੂੰ	ਕਸ਼ਟ	ਬਹੁਤ

ਪੰਨਾ ੫੭

ਮਨਮੁਖਿ *(ਮਨਮੁੱਖ)*	**ਬੂਝ**	**ਨ** *(ਨਾਂ)*	**ਹੋਇ ॥**
ਮਨ ਵਲ ਮੁੱਖ ਕਰਨ ਵਾਲੇ ਨੂੰ	ਗਿਆਨ	ਨਹੀਂ	ਹੁੰਦਾ

...ਮਨਮੁੱਖ ਨੂੰ ਇਹ ਸੋਝੀ ਨਹੀਂ ਆਉਂਦੀ, ਕਿ ਸੁੱਖ ਮਾਨਣ ਵਾਲਿਆਂ ਨੂੰ ਬਹੁਤ ਕਸ਼ਟ ਆਉਂਦੇ ਹਨ...

ਸੁਖ *(ਸੁੱਖ)*	**ਦੁਖ** *(ਦੁੱਖ)*	**ਸਮ**	**ਕਰਿ** *(ਕਰ)*	**ਜਾਣੀਅਹਿ,** *(ਜਾਣੀਅਹਿੰ)*
ਅਨੰਦ	ਕਸ਼ਟ	ਬਰਾਬਰ	ਕਰਕੇ	ਸਮਝੀਏ, ਮੰਨੀਏ

ਸਬਦਿ *(ਸ਼ਬਦ)*	**ਭੇਦਿ** *(ਭੇਦ)*	**ਸੁਖੁ** *(ਸੁੱਖ)*	**ਹੋਇ ॥੫॥**
(ਗੁਰ) ਸ਼ਬਦ ਰਾਹੀਂ	ਵਿਨ੍ਹਣ ਨਾਲ	ਅਨੰਦ,ਪ੍ਰਸੰਨਤਾ	ਹੁੰਦੀ ਹੈ

...(ਇਨਸਾਨ ਨੂੰ ਸੰਸਾਰਿਕ) ਦੁੱਖਾਂ ਸੁੱਖਾਂ ਨੂੰ ਇੱਕੋ ਜਿਹਾ ਕਰਕੇ ਹੀ ਸਮਝਣਾ ਚਾਹੀਦਾ ਹੈ, (ਸੱਚੇ) ਸੁੱਖ ਦੀ ਪ੍ਰਾਪਤੀ (ਦਰਅਸਲ, ਸਤਿਗੁਰੂ ਦੇ) ਸ਼ਬਦ ਰਾਹੀਂ (ਹਿਰਦੇ ਨੂੰ) ਵਿਨ੍ਹਣ ਨਾਲ ਹੀ ਹੁੰਦੀ ਹੈ...

ਬੇਦੁ *(ਬੇਦ)*	**ਪੁਕਾਰੇ**	**ਵਾਚੀਐ,**
ਵੇਦ	ਪੁਕਾਰਦਾ, ਕਹਿੰਦਾ	ਅਧਿਐਨ ਕਰੀਏ, ਪੜ੍ਹੀਏ

ਬਾਣੀ	**ਬ੍ਰਹਮ**	**ਬਿਆਸੁ** *(ਬਿਆਸ)* **॥**
ਬਚਨ, ਰਚਨਾ	ਬ੍ਰਹਮਾ	ਵਿਆਸ ਮੁਨੀ

...ਰਿਸ਼ੀ ਵੇਦ ਵਿਆਸ ਤਾਂ ਪੁਕਾਰ ਪੁਕਾਰ ਕੇ ਕਹਿੰਦਾ ਹੈ ਕਿ, ਬ੍ਰਹਮਾ ਦੇ ਮੁੱਖ ਰਹੀਂ ਉੱਚਾਰਨ ਕੀਤੇ ਗਏ ਵੇਦਾਂ ਦੀ ਬਾਣੀ ਦਾ ਪਠਨ-ਪਾਠਨ ਕਰੋ...

ਮੁਨਿ *(ਮੁਨ)*	**ਜਨ**	**ਸੇਵਕ**	**ਸਾਧਿਕਾ,**
ਮੁਨੀ, ਸਾਧੂ	ਲੋਕ	ਟਹਿਲੂਏ	ਸਾਧਕ, ਸਾਧਨਾ ਕਰਨ ਵਾਲੇ

ਨਾਮਿ *(ਨਾਮ)*	**ਰਤੇ** *(ਰੱਤੇ)*	**ਗੁਣਤਾਸੁ** *(ਗੁਣਤਾਸ)* **॥**
(ਪ੍ਰਭੂ) ਨਾਮ ਵਿਚ	ਰੰਗੇ, ਲੀਨ	ਗੁਣਾਂ ਦਾ ਖ਼ਜ਼ਾਨਾ(ਪ੍ਰਭੂ)

...(ਪਰ ਜਿਹੜੇ) ਗੁਣਾਂ ਦੇ ਖਜ਼ਾਨੇ (ਵਾਹਿਗੁਰੂ) ਦੇ ਨਾਮ ਵਿਚ ਰੰਗੇ ਹੋਏ ਹਨ, (ਸਹੀ ਅਰਥਾਂ ਵਿਚ ਉਹੀ) ਮੁਨੀ, ਸੇਵਕ ਅਤੇ ਸਾਧਕ ਜਨ ਹਨ...

ਸਚਿ *(ਸੱਚ)*	**ਰਤੇ**	**ਸੇ**	**ਜਿਣਿ** *(ਜਿਣ)*	**ਗਏ,**
ਸਦਾ-ਸਥਿਰ(ਪ੍ਰਭੂ) ਵਿਚ	ਰੰਗੇ	ਉਹ	ਜਿੱਤ	ਸਹਾਇਕ ਕ੍ਰਿਆ

ਪੰਨਾ ੫੭

ਹਉ *(ਹਉਂ)*	ਸਦ	ਬਲਿਹਾਰੈ	ਜਾਸੁ *(ਜਾਸ)* ॥੬॥
ਮੈਂ	ਹਮੇਸ਼ਾਂ	ਕੁਰਬਾਨ	ਜਾਂਦਾ

...(ਜਿਹੜੇ) ਸਦਾ ਸਥਿਰ (ਵਾਹਿਗੁਰੂ ਨਾਮ ਵਿਚ) ਰੰਗੇ ਹੋਏ ਹਨ, ਉਹ (ਜੀਵਨ ਦੀ ਬਾਜ਼ੀ) ਜਿੱਤ ਗਏ ਹਨ, ਅਤੇ ਮੈਂ ਉਨ੍ਹਾਂ ਤੋਂ ਹਮੇਸ਼ਾਂ ਬਲਿਹਾਰ ਬਲਿਹਾਰ ਜਾਂਦਾ ਹਾਂ...

ਚਹੁ *(ਚਹੁੰ)*	ਜੁਗਿ *(ਜੁਗ)*	ਮੈਲੇ	ਮਲੁ *(ਮਲ)*	ਭਰੇ,
ਚਾਰ	ਜੁਗਾਂ	ਮਲੀਨ	ਗੰਦਗੀ	ਭਰਪੂਰ
ਜਿਨ *(ਜਿਨ੍ਹ)*	ਮੁਖਿ *(ਮੁੱਖ)*	ਨਾਮੁ *(ਨਾਮ)*	ਨ *(ਨਾਂ)*	ਹੋਇ ॥
ਜਿਨ੍ਹਾਂ	ਮੂੰਹ ਵਿਚ	(ਪ੍ਰਭੂ)ਨਾਮ	ਨਹੀਂ	ਹੁੰਦਾ

...ਜਿਨ੍ਹਾਂ ਦੇ ਮੂੰਹ ਵਿਚ (ਵਾਹਿਗੁਰੂ) ਨਾਮ (ਦਾ ਸਿਮਰਨ) ਨਹੀਂ ਹੁੰਦਾ, (ਉਹ) ਚਾਰੇ ਜੁਗਾਂ ਵਿਚ ਹੀ (ਭਾਵ ਸਦੀਵ ਕਾਲ ਹੀ ਵਿਕਾਰਾਂ ਦੀ) ਗੰਦਗੀ ਨਾਲ ਭਰੇ ਹੋਏ ਮਲੀਨ ਹਨ...

ਭਗਤੀ	ਭਾਇ	ਵਿਹੂਣਿਆ, *(ਵਿਹੂਣਿਆਂ)*	
ਬੰਦਗੀ	ਪ੍ਰੇਮ	ਵਾਂਝੇ	
ਮੁਹੁ *(ਮੂੰਹ)*	ਕਾਲਾ	ਪਤਿ *(ਪੱਤ)*	ਖੋਇ ॥
ਮੂੰਹ	ਕਾਲੇ	ਇੱਜ਼ਤ	ਗੁਆ ਲੈਂਦੇ

...ਪ੍ਰੇਮ ਅਤੇ ਬੰਦਗੀ ਵਿਹੂਣਿਆਂ ਦਾ (ਰੱਬੀ ਦਰਗਾਹੇ ਹਮੇਸ਼ਾਂ) ਮੂੰਹ ਕਾਲਾ ਹੁੰਦਾ ਹੈ, ਅਤੇ (ਉਹ ਆਪਣੀ) ਇੱਜ਼ਤ-ਪੱਤ ਗੁਆ ਲੈਂਦੇ ਹਨ...

ਜਿਨੀ *(ਜਿਨ੍ਹੀਂ)*	ਨਾਮੁ *(ਨਾਮ)*	ਵਿਸਾਰਿਆ,
ਜਿਨ੍ਹਾਂ ਨੇ	(ਪ੍ਰਭੂ) ਨਾਮ	ਭੁਲਾ ਦਿੱਤਾ
ਅਵਗਣ	ਮੁਠੀ *(ਮੁੱਠੀ)*	ਰੋਇ ॥੭॥
ਬੁਰਿਆਈਆਂ	ਠੱਗੇ	ਰੋਂਦੀ, ਕੁਰਲਾਉਂਦੀ

...ਜਿਨ੍ਹਾਂ (ਜੀਵਾਂ) ਨੇ (ਪ੍ਰਭੂ) ਨਾਮ ਵਿਸਾਰ ਦਿੱਤਾ ਹੈ, (ਉਹ ਆਪਣੇ ਵਿਕਾਰੀ) ਔਗਣਾਂ ਕਰਕੇ ਠੱਗੇ ਜਾਣ ਕਰਕੇ ਰੋਂਦੇ, ਕੁਰਲਾਉਂਦੇ ਹਨ...

ਖੋਜਤ	ਖੋਜਤ	ਪਾਇਆ,
ਲੱਭ ਕੇ	ਲੱਭ ਕੇ	ਪ੍ਰਾਪਤ ਕੀਤਾ, ਜਾਣਿਆਂ

ਪੰਨਾ ੫੭

ਡਰੁ *(ਡਰ)* ਕਰਿ *(ਕਰ)* ਮਿਲੈ ਮਿਲਾਇ ॥
(ਨਿਰਮਲ) ਭੈ, ਅਦਬ ਕਰਕੇ ਮਿਲਦਾ ਮਿਲਾਣ ਨਾਲ

...ਖੋਜ ਖੋਜ ਕੇ ਇਹੀ ਜਾਣਿਆਂ ਹੈ, ਕਿ (ਵਾਹਿਗੁਰੂ ਦੇ ਨਿਰਮਲ) ਭੈਅ (ਵਿਚ ਰਹਿਣ) ਕਰਕੇ, (ਸਤਿਗੁਰੂ ਦੇ) ਮਿਲਾਇਆਂ (ਪਰਮਾਤਮਾ) ਮਿਲ ਜਾਂਦਾ ਹੈ...

ਆਪੁ *(ਆਪ)* ਪਛਾਣੈ ਘਰਿ *(ਘਰ)* ਵਸੈ,
ਖ਼ੁਦ ਨੂੰ ਪਹਿਚਾਨਣ ਨਾਲ (ਹਿਰਦੇ) ਘਰ ਵਿਚ ਵੱਸ ਜਾਂਦਾ

ਹਉਮੈ ਤ੍ਰਿਸਨਾ *(ਤ੍ਰਿਸ਼ਨਾ)* ਜਾਇ ॥
ਹੰਕਾਰ ਲਾਲਚ (ਚਲੇ) ਜਾਂਦਾ

...(ਗੁਰ-ਸ਼ਬਦ ਰਾਹੀਂ ਜਿਹੜਾ) ਆਪਣੇ ਆਪੇ ਨੂੰ ਪਹਿਚਾਣ ਲੈਂਦਾ ਹੈ, (ਨਿੱਜ) ਘਰ ਵਿਚ (ਉਸਦਾ) ਵਾਸਾ ਹੋ ਜਾਂਦਾ ਹੈ,(ਭਾਵ ਉਹ ਆਤਮਿਕ ਟਿਕਾਓ ਵਿਚ ਆ ਜਾਂਦਾ ਹੈ) ਅਤੇ ਉਸਦਾ ਹੰਕਾਰ ਅਤੇ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ...

ਨਾਨਕ, ਨਿਰਮਲ ਊਜਲੇ,
ਹੇ! ਨਾਨਕ! ਪਵਿੱਤਰ ਉਜੂਲ, ਰੌਸ਼ਨ

ਜੋ ਰਾਤੇ ਹਰਿ *(ਹਰ)* ਨਾਇ *(ਨਾਇਂ)* ॥੮॥੭॥
ਜਿਹੜੇ ਰੰਗੇ ਪ੍ਰਭੂ ਨਾਮ ਵਿਚ

...ਹੇ! ਨਾਨਕ! ਜਿਹੜੇ ਵਾਹਿਗੁਰੂ ਨਾਮ ਵਿੱਚ ਰੱਤੇ ਹੋਏ ਹਨ, ਉਨ੍ਹਾਂ ਦੇ ਉਜੂਲ (ਮੁੱਖ) ਪਵਿੱਤਰ ਹੁੰਦੇ ਹਨ।

ਸਿਰੀਰਾਗੁ, *(ਸਿਰੀਰਾਗ)* ਮਹਲਾ *(ਮਹਿਲਾ)* ੧ *(ਪਹਿਲਾ)* ॥
ਰਾਗ ਦਾ ਨਾਮ ਪਾਤਸ਼ਾਹੀ ਪਹਿਲੀ

ਸੁਣਿ *(ਸੁਣ)* ਮਨ ਭੂਲੇ ਬਾਵਰੇ,
ਸ਼੍ਰਵਣ ਕਰ ਚਿੱਤ ਭੁੱਲੇ ਹੋਏ ਕਮਲੇ

ਗੁਰ ਕੀ ਚਰਣੀ ਲਾਗੁ *(ਲਾਗ)* ॥
ਸਤਿਗੁਰੂ ਦੀ ਚਰਨਾਂ ਨੂੰ ਪਉ, ਲੱਗ

(ਹੇ! ਮੇਰੇ) ਕਮਲੇ ਅਤੇ ਭਟਕੇ ਹੋਏ ਮਨਾ! ਸੁਣ ਅਤੇ ਸਤਿਗੁਰੂ ਦੀ ਚਰਨੀ (ਢਹਿ) ਪਉ...

ਪੰਨਾ ੫੮

ਹਰਿ *(ਹਰ)*	ਜਪਿ *(ਜਪ)*	ਨਾਮੁ *(ਨਾਮ)*	ਧਿਆਇ	ਤੂ, *(ਤੂੰ)*
ਪਰਮਾਤਮਾ	ਜਪ ਕੇ	(ਪ੍ਰਭੂ) ਨਾਮ	ਅਰਾਧ	ਤੁਸੀ

ਜਮੁ *(ਜਮ)*	ਡਰਪੈ	ਦੁਖ *(ਦੁੱਖ)*	ਭਾਗੁ *(ਭਾਗ)* ॥
ਮੌਤ ਦਾ ਫਰਿਸ਼ਤਾ	ਡਰ ਜਾਂਦਾ	ਕਸ਼ਟ	ਦੌੜ

...ਤੂੰ ਪਰਮਾਤਮ-ਨਾਮ ਦਾ ਜਾਪ ਕਰਕੇ, ਹਿਰਦੇ ਵਿਚ ਉਸਦਾ ਧਿਆਨ ਧਰ, (ਫਿਰ) ਦੁੱਖ-ਕਲੇਸ਼ ਵੀ ਦੌੜ ਜਾਣਗੇ, ਅਤੇ ਮੌਤ ਦਾ ਫਰਿਸ਼ਤਾ ਵੀ ਭੈਅ ਖਾਏਗਾ (ਭਾਵ ਮੌਤ ਦਾ ਡਰ ਵੀ ਮੁਕ ਜਾਏਗਾ)...

ਦੂਖੁ *(ਦੁਖ)*	ਘਣੋ	ਦੋਹਾਗਣੀ, *(ਦੋਹਾਗਣੀਂ)*
ਦੁੱਖ, ਕਸ਼ਟ	ਬਹੁਤ	ਖ਼ੋਟੇ ਆਚਾਰ ਵਾਲੀ, ਛੁੱਟੜ

ਕਿਉ *(ਕਿਉਂ)*	ਥਿਰੁ *(ਥਿਰ)*	ਰਹੈ	ਸੁਹਾਗੁ *(ਸੁਹਾਗ)* ॥੧॥
ਕਿਵੇਂ	ਸਥਿਰ	ਰਹਿ ਸਕਦਾ	ਪਤੀ, ਕੰਤ (ਪ੍ਰਭੂ)

...(ਕੰਤ ਪ੍ਰਭੂ ਤੋਂ ਵਿੱਛੜਣ ਕਰਕੇ) ਦੁਹਾਗਣ ਨੂੰ ਬਹੁਤ ਦੁੱਖ (ਝਲਣੇ ਪੈਂਦੇ ਹਨ, ਫਿਰ ਉਹਦਾ) ਸੁਹਾਗ-ਭਾਗ, ਕਿਵੇਂ ਸਥਿਰ ਰਹਿ ਸਕਦਾ ਹੈ? (ਭਾਵ ਨਹੀਂ ਰਹਿ ਸਕਦਾ)

ਭਾਈ	ਰੇ,	ਅਵਰੁ *(ਅਵਰ)*	ਨਾਹੀ *(ਨਾਹੀਂ)*	ਮੈ *(ਮੈਂ)*	ਥਾਉ *(ਥਾਉਂ)* ॥
ਭਰਾ	ਹੇ!	ਹੋਰ	ਨਹੀਂ	ਮੈਨੂੰ	ਥਾਂ, ਟਿਕਾਣਾ

...ਹੇ! ਭਾਈ! ਮੇਰਾ ਤਾਂ (ਸਤਿਗੁਰੂ ਬਿਨਾਂ) ਹੋਰ ਕੋਈ ਥਾਂ-ਟਿਕਾਣਾ ਹੀ ਨਹੀਂ ਹੈ...

ਮੈ *(ਮੈਂ)*	ਧਨੁ, *(ਧਨ)*	ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਹੈ,
ਮੇਰਾ	ਦੌਲਤ	(ਪ੍ਰਭੂ) ਨਾਮ	ਖ਼ਜ਼ਾਨਾ	ਹੋਣ ਦੀ ਕ੍ਰਿਆ

ਗੁਰਿ *(ਗੁਰ)*	ਦੀਆ	ਬਲਿ *(ਬਲ)*	ਜਾਉ *(ਜਾਉਂ)* ॥੧॥	ਰਹਾਉ ॥
ਸਤਿਗੁਰੂ	ਦਿੱਤਾ	ਸਦਕੇ	ਜਾਂਦਾ	ਠਹਿਰਾਉ

...(ਵਾਹਿਗੁਰੂ) ਨਾਮ ਦਾ ਖ਼ਜ਼ਾਨਾ ਹੀ ਮੇਰਾ ਧਨ-ਦੌਲਤ ਹੈ, ਜੋ ਸਤਿਗੁਰੂ ਨੇ ਮੈਨੂੰ ਬਖਸ਼ਿਆ ਹੈ, ਇਸ ਲਈ ਮੈਂ (ਆਪਣੇ) ਸਤਿਗੁਰੂ) ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ...

ਗੁਰਮਤਿ *(ਗੁਰਮੱਤ)*	ਪਤਿ *(ਪੱਤ)*	ਸਾਬਾਸਿ *(ਸ਼ਾਬਾਸ਼)*	ਤਿਸੁ, *(ਤਿਸ)*
ਸਤਿਗੁਰੂ ਦੀ ਮੱਤ ਦੁਆਰਾ	ਪ੍ਰਤਿਸ਼ਠਾ, ਇੱਜ਼ਤ	ਸ਼ਾਬਾਸ਼, ਪ੍ਰਸੰਨਤਾ ਵਾਚੀ ਸ਼ਬਦ	ਉਸ

ਪੰਨਾ ੫੮

ਤਿਸ	ਕੈ	ਸੰਗਿ *(ਸੰਗ)*	ਮਿਲਾਉ *(ਮਿਲਾਉਂ)* ॥
ਉਸ	ਦੇ	ਸੰਗਤ ਵਿਚ	ਮਿਲਿਆ ਰਹਾਂ, ਜੁੜਿਆ ਰਹਾਂ

...(ਜਿਸ) ਸਤਿਗੁਰੂ ਦੀ ਮੱਤ ਦੁਆਰਾ ਮਾਣ-ਇੱਜ਼ਤ ਮਿਲਦੀ ਹੈ, ਉਸ ਨੂੰ ਸ਼ਾਬਾਸ਼ ਹੈ, (ਮੇਰੀ ਜੋਦੜੀ ਹੈ ਕਿ ਮੈਂ ਸਦਾ) ਉਸ (ਸਤਿਗੁਰੂ ਦੀ) ਸੰਗਤ ਵਿਚ ਜੁੜਿਆ ਰਹਾਂ...

ਤਿਸੁ *(ਤਿਸ)*	ਬਿਨੁ *(ਬਿਨ)*	ਘੜੀ	ਨ *(ਨਾਂ)*	ਜੀਵਊ, *(ਜੀਵਊਂ)*
ਉਸ	ਬਿਨਾਂ	ਖਿਨ,ਪਲ	ਨਹੀਂ	ਜਿਉਂਦਾ
ਬਿਨੁ *(ਬਿਨ)*	ਨਾਵੈ *(ਨਾਵੈਂ)*	ਮਰਿ *(ਮਰ)*	ਜਾਉ *(ਜਾਉਂ)* ॥	
ਬਿਨਾਂ	ਨਾਮ ਤੋਂ	ਮਰ	ਜਾਂਦਾ ਹਾਂ	

...ਉਸ (ਪ੍ਰਭੂ ਦੇ ਨਾਮ) ਬਿਨਾਂ (ਮੈਂ) ਥੋੜ੍ਹਾ ਜਿਹਾ ਸਮਾਂ ਵੀ ਜਿਉਂਦਾ ਨਹੀਂ ਰਹਿ ਸਕਦਾ, ਨਾਮ-ਵਿਹੂਣਾ ਮੈਂ (ਆਤਮਿਕ ਤੌਰ ਤੇ) ਮਰ ਜਾਂਦਾ ਹਾਂ...

ਮੈ *(ਮੈਂ)*	ਅੰਧੁਲੇ,	ਨਾਮੁ *(ਨਾਮ)*	ਨ *(ਨਾਂ)*	ਵੀਸਰੈ,
ਮੈਨੂੰ	ਅੰਨ੍ਹੇ ਨੂੰ	(ਪ੍ਰਭੂ) ਨਾਮ	ਨਾਂ	ਭੁੱਲ ਜਾਵੇ
ਟੇਕ	ਟਿਕੀ	ਘਰਿ *(ਘਰ)*	ਜਾਉ *(ਜਾਉਂ)* ॥੨॥	
ਓਟ	ਟਿਕਾਈ, ਰੱਖੀ	(ਹਿਰਦੇ) ਘਰ ਵਿਚ	ਜਾਵਾਂ	

...ਮੈਨੂੰ ਅੰਨ੍ਹੇ (ਭਾਵ ਅਗਿਆਨੀ) ਨੂੰ (ਪਰਮਾਤਮਾ ਦਾ) ਨਾਮ ਨਾ ਵਿਸਰ ਜਾਵੇ, (ਹੇ! ਪ੍ਰਭੂ! ਮੇਰੀ) ਓਟ (ਤਾਂ ਤੇਰੇ ਤੇ ਹੀ) ਟਿਕੀ (ਹੋਈ ਹੈ, ਇਸ ਆਸਰੇ ਨਾਲ ਹੀ ਮੈਂ, ਆਪਣੇ ਨਿੱਜ) ਘਰ ਵਿਚ ਪਹੁੰਚ ਜਾਵਾਂਗਾ...

ਗੁਰੂ	ਜਿਨਾ *(ਜਿਨ੍ਹਾਂ)*	ਕਾ	ਅੰਧੁਲਾ,
ਉਸਤਾਦ, ਮੁਰਸ਼ਦ	ਜਿਨ੍ਹਾਂ	ਦਾ	ਅੰਨ੍ਹਾ, ਅਗਿਆਨੀ
ਚੇਲੇ	ਨਾਹੀ *(ਨਾਹੀਂ)*	ਠਾਉ *(ਠਾਉਂ)* ॥	
ਸ਼ਗਿਰਦ	ਨਹੀਂ	ਟਿਕਾਣਾ,ਥਾਂ	

...ਜਿਨ੍ਹਾਂ ਦਾ ਗੁਰੂ ਹੀ (ਮਾਇਆ ਕਾਰਨ) ਅਗਿਆਨੀ ਹੈ, ਉਨ੍ਹਾਂ ਦੇ ਚੇਲਿਆਂ ਨੂੰ ਵੀ ਕੋਈ (ਅਧਿਆਤਮਿਕ) ਥਾਂ-ਟਿਕਾਣਾ ਨਹੀਂ ਮਿਲ ਸਕਦਾ...

ਬਿਨੁ *(ਬਿਨ)*	ਸਤਿਗੁਰ *(ਸਤਗੁਰ)*	ਨਾਉ *(ਨਾਉਂ)*	ਨ *(ਨਾਂ)*	ਪਾਈਐ,
ਬਿਨਾਂ	ਸੱਚੇ ਗੁਰੂ	(ਪ੍ਰਭੂ) ਨਾਮ	ਨਹੀਂ	ਪਾ ਸਕੀਦਾ

ਪੰਨਾ ੫੮

ਬਿਨੁ *(ਬਿਨ)*	ਨਾਵੈ *(ਨਾਵੈਂ)*	ਕਿਆ	ਸੁਆਉ ॥
ਬਿਨਾਂ	(ਪ੍ਰਭੂ) ਨਾਮ ਤੋਂ	ਕੀ	ਉਦੇਸ਼, ਪ੍ਰਯੋਜਨ, ਮਨੋਰਥ

...ਸਤਿਗੁਰੂ ਤੋਂ ਬਿਨਾਂ (ਪ੍ਰਭੂ) ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ, ਅਤੇ (ਪਰਮਾਤਮ) ਨਾਮ ਤੋਂ ਬਿਨਾਂ (ਜੀਵਨ ਦਾ) ਮਨੋਰਥ ਹੀ ਕੀ ਹੈ? (ਭਾਵ ਕੁਝ ਨਹੀਂ)...

ਆਇ	ਗਇਆ	ਪਛੁਤਾਵਣਾ,
ਆਉਣ ਤੇ	ਚਲੇ ਜਾਣ ਤੇ	ਅਫਸੋਸ ਕਰਨਾ

ਜਿਉ *(ਜਿਉਂ)*	ਸੁੰਞੈ	ਘਰਿ *(ਘਰ)*	ਕਾਉ *(ਕਾਉਂ)* ॥੩॥
ਜਿਵੇਂ	ਉਜਾੜ, ਬੇਆਬਾਦ	ਗ੍ਰਿਹਿ ਵਿਖੇ	ਕਾਂ

...ਜਿਵੇਂ ਬੇਆਬਾਦ ਘਰ ਵਿਚ ਕਾਂ ਨੂੰ (ਕੁਝ ਨਾ ਮਿਲਣ ਕਰਕੇ ਖਾਲੀ ਹੱਥ ਮੁੜਨਾ ਪੈਂਦਾ ਹੈ, ਇਵੇਂ ਹੀ ਨਾਮ-ਵਿਹੂਣਿਆਂ ਨੂੰ ਸੰਸਾਰ ਤੇ) ਆਉਂਦਿਆਂ ਜਾਂਦਿਆਂ ਨੂੰ ਪਛਤਾਉਣਾ ਹੀ ਪੈਂਦਾ ਹੈ...

ਬਿਨੁ *(ਬਿਨ)*	ਨਾਵੈ, *(ਨਾਵੈਂ)*	ਦੁਖੁ *(ਦੁੱਖ)*	ਦੇਹੁਰੀ,
ਬਿਨਾਂ	ਨਾਮ ਤੋਂ	ਕਸ਼ਟ	ਸਰੀਰ ਨੂੰ

ਜਿਉ *(ਜਿਉਂ)*	ਕਲਰ	ਕੀ	ਭੀਤਿ *(ਭੀਤ)* ॥
ਜਿਵੇਂ	ਸ਼ੋਰੇ ਵਾਲੀ	ਦੀ	ਕੰਧ

...ਜਿਵੇਂ ਕੱਲਰ ਵਾਲੀ ਕੰਧ (ਆਸਤੇ ਆਸਤੇ ਭੁਰਦੀ ਹੋਈ ਢਹਿ ਜਾਂਦੀ ਹੈ, ਇਵੇਂ ਹੀ, ਪਰਮਾਤਮ) ਨਾਮ ਤੋਂ ਬਿਨਾਂ ਸਰੀਰ (ਵਿਕਾਰਾਂ ਦੇ) ਦੁੱਖਾਂ ਨਾਲ (ਕਿਰਦਾ ਰਹਿੰਦਾ ਹੈ)...

ਤਬ	ਲਗੁ *(ਲਗ)*	ਮਹਲੁ *(ਮਹਿਲ)*	ਨ *(ਨਾਂ)*	ਪਾਈਐ,
ਉਦੋਂ	ਤੱਕ	ਟਿੱਕਾਣਾ, ਨਿਵਾਸ	ਨਹੀਂ	ਪ੍ਰਾਪਤ ਹੁੰਦਾ

ਜਬ	ਲਗੁ *(ਲਗ)*	ਸਾਚੁ *(ਸਾਚ)*	ਨ *(ਨਾਂ)*	ਚੀਤਿ *(ਚੀਤ)* ॥
ਜਦੋਂ	ਤੱਕ	ਸਦਾ-ਸਥਿਰ(ਪ੍ਰਭੂ)	ਨਹੀਂ	ਹਿਰਦੇ ਵਿਚ

...ਜਦੋਂ ਤਕ ਸਦਾ ਸਥਿਰ(ਵਾਹਿਗੁਰੂ) ਹਿਰਦੇ ਵਿਚ ਨਹੀਂ ਵੱਸਦਾ, ਉਦੋਂ ਤਕ (ਰੱਬੀ ਮਹਿਲ ਦੀ) ਪ੍ਰਾਪਤੀ ਨਹੀਂ ਹੋ ਸਕਦੀ...

ਸਬਦਿ *(ਸ਼ਬਦ)*	ਰਪੈ	ਘਰੁ *(ਘਰ)*	ਪਾਈਐ,
(ਗੁਰ) ਸ਼ਬਦ ਵਿਚ	ਰੰਗਿਆਂ	(ਹਿਰਦੇ) ਘਰ	ਪਾ ਲਈਦਾ ਹੈ

ਨਿਰਬਾਣੀ	ਪਦੁ *(ਪਦ)*	ਨੀਤਿ *(ਨੀਤ)* ॥੪॥
ਤੁਰੀਆ, ਮੋਖ, ਪ੍ਰਭੂ ਮਿਲਾਪ	ਅਵਸਥਾ	ਸਦੀਵੀ, ਸਦ-ਸਥਿਰ

...ਗੁਰ-ਸ਼ਬਦ ਵਿਚ ਰੰਗਿਆਂ (ਹਿਰਦੇ) ਘਰ ਵਿਚ ਹੀ, ਸਦਾ-ਸਥਿਰ ਨਿਰਬਾਣ-ਪਦ, ਭਾਵ ਮਾਇਆ ਤੋਂ ਨਿਰਲੇਪ, ਸਦੀਵੀ ਪ੍ਰਭੂ-ਮਿਲਾਪ ਦੀ ਅਵਸਥਾ, ਪ੍ਰਾਪਤ ਹੋ ਜਾਂਦੀ ਹੈ...

ਹਉ *(ਹਉਂ)*	ਗੁਰ	ਪੂਛਉ *(ਪੂਛਉਂ)*	ਆਪਣੇ,
ਮੈਂ	ਸਤਿਗੁਰੂ	ਪੁੱਛਾਂਗਾ, ਪਤਾ ਕਰਾਂਗਾ	ਖ਼ੁਦ ਦੇ

ਗੁਰ	ਪੁਛਿ *(ਪੁੱਛ)*	ਕਾਰ	ਕਮਾਉ *(ਕਮਾਉਂ)* ॥
ਸਤਿਗੁਰੂ	ਪੁੱਛਕੇ	ਕੰਮ, ਅਮਲ	ਕਰਾਂਗਾ

...(ਨਿਰਬਾਣ-ਪਦ ਸੰਬੰਧੀ) ਮੈਂ ਆਪਣੇ ਸਤਿਗੁਰੂ ਤੋਂ ਪਤਾ ਕਰਕੇ, ਅਤੇ ਸਤਿਗੁਰੂ ਨੂੰ ਪੁੱਛਕੇ, (ਉਸਦੇ ਦੱਸੇ ਅਨੁਸਾਰ) ਅਮਲ ਕਰਾਂਗਾ...

ਸਬਦਿ *(ਸ਼ਬਦ)*	ਸਲਾਹੀ *(ਸਲਾਹੀਂ)*	ਮਨਿ *(ਮਨ)*	ਵਸੈ,
ਗੁਰ-ਸ਼ਬਦ ਰਾਹੀਂ	ਸਲਾਹਵਾਂਗੀ	ਚਿੱਤ ਵਿਚ	ਵਸ ਜਾਏ

ਹਉਮੈ *(ਹਉਮੈਂ)*	ਦੂਖੁ, *(ਦੁੱਖ)*	ਜਲਿ *(ਜਲ)*	ਜਾਉ *(ਜਾਉਂ)* ॥
ਹੰਕਾਰ	ਕਸ਼ਟ, ਪੀੜਾ	ਸੜ	ਜਾਣਗੇ

...ਸਤਿਗੁਰੂ ਦੇ ਸ਼ਬਦ ਰਾਹੀਂ (ਪਰਮਾਤਮਾ ਦੀ) ਸਿਫ਼ਤ ਸਲਾਹ ਕਰਾਂਗਾ (ਤਾਂਕਿ ਪ੍ਰਭੂ) ਚਿੱਤ ਵਿਚ ਵੱਸ ਜਾਏ, (ਇਸ ਨਾਲ) ਹਉਮੈ ਦੀ ਪੀੜਾ ਸੜ-ਬਲ ਜਾਏਗੀ...

ਸਹਜੇ *(ਸਹਿਜੇ)*	ਹੋਇ	ਮਿਲਾਵੜਾ,
ਸਹਿਜ-ਅਵਸਥਾ, ਆਤਮਿਕ ਟਿਕਾਉ	ਹੋ ਜਾਏਗਾ	ਮਿਲਾਪ, ਮੇਲ

ਸਾਚੇ	ਸਾਚਿ *(ਸਾਚ)*	ਮਿਲਾਉ ॥੫॥
ਸਦਾ-ਸਥਿਰ(ਪ੍ਰਭੂ)	ਸੱਚ (ਕਰਣੀ) ਰਾਹੀਂ	ਅਭੇਦ, ਲੀਨ

...(ਇਵੇਂ) ਆਤਮਿਕ ਟਿਕਾਉ ਰਾਹੀਂ (ਮੇਰਾ ਪਰਮਾਤਮਾ ਨਾਲ) ਮਿਲਾਪ ਹੋ ਜਾਏਗਾ, ਅਤੇ ਸੱਚ (ਕਰਣੀ) ਰਾਹੀਂ ਸਦਾ-ਸਥਿਰ (ਵਾਹਿਗੁਰੂ) ਵਿਚ ਅਭੇਦ ਹੋ ਜਾਵਾਂਗਾ...

ਸਬਦਿ *(ਸ਼ਬਦ)*	ਰਤੇ	ਸੇ	ਨਿਰਮਲੇ,
ਸਤਿਗੁਰੂ ਸ਼ਬਦ ਵਿਚ	ਰੰਗੇ	ਉਹ	ਪਵਿੱਤਰ

ਪੰਨਾ ੫੮

ਤਜਿ *(ਤੱਜ)*	ਕਾਮ	ਕ੍ਰੋਧੁ *(ਕ੍ਰੋਧ)*	ਅਹੰਕਾਰੁ *(ਅਹੰਕਾਰ)* ॥
ਤਿਆਗ ਕੇ	ਕਾਮ ਵਾਸ਼ਨਾ	ਗੁੱਸਾ	ਹਉਮੈ

...ਜਿਹੜੇ ਸਤਿਗੁਰੂ ਸ਼ਬਦ ਵਿਚ ਰੰਗੇ ਜਾਂਦੇ ਹਨ, ਕਾਮ, ਕ੍ਰੋਧ ਅਤੇ ਹਉਮੈ ਨੂੰ ਤਿਆਗ ਕੇ ਉਹ ਪਵਿੱਤਰ ਹੋ ਜਾਂਦੇ ਹਨ...

ਨਾਮੁ *(ਨਾਮ)*	ਸਲਾਹਨਿ *(ਸਲਾਹਨ)*	ਸਦ	ਸਦਾ,
ਪ੍ਰਭੂ(ਨਾਮ)	ਸਲਾਹੁੰਦੇ, ਸਿਫ਼ਤ ਸਲਾਹ ਕਰਦੇ	ਹਮੇਸ਼ਾਂ	ਹਮੇਸ਼ਾਂ

ਹਰਿ *(ਹਰ)*	ਰਾਖਹਿ *(ਰਾਖਹਿੰ)*	ਉਰ	ਧਾਰਿ *(ਧਾਰ)* ॥
ਪ੍ਰਭੂ	ਰੱਖਦੇ	ਹਿਰਦੇ	ਧਾਰਕੇ, ਟਿਕਾਕੇ

...(ਉਹ) ਸਦਾ ਸਦਾ (ਵਾਹਿਗੁਰੂ) ਨਾਮ ਦੀ ਸਿਫ਼ਤ ਸਲਾਹ ਕਰਦੇ ਹਨ, ਅਤੇ ਵਾਹਿਗੁਰੂ ਨੂੰ ਚਿੱਤ ਵਿਚ ਧਾਰਣ ਕਰੀ ਰਖਦੇ ਹਨ...

ਸੋ	ਕਿਉ *(ਕਿਉਂ)*	ਮਨਹੁ *(ਮਨਹੁ)*	ਵਿਸਾਰੀਐ,
ਉਸ ਨੂੰ	ਕਾਹਤੇ	ਮਨ ਵਿਚੋਂ	ਵਿਸਾਰੀਏ, ਭੁਲਾਈਏ

ਸਭ	ਜੀਆ *(ਜੀਆਂ)*	ਕਾ	ਆਧਾਰੁ *(ਆਧਾਰ)* ॥੬॥
ਸਾਰੇ	ਜੀਵਾਂ	ਦਾ	ਓਟ, ਆਸਰਾ

...(ਆਪਣੇ) ਹਿਰਦੇ ਵਿਚੋਂ ਉਸ ਪਰਮਾਤਮਾ ਨੂੰ ਕਿਉਂ ਭੁਲਾਈਏ, ਜੋ ਸਾਰੇ ਜੀਵਾਂ ਦਾ ਓਟ, ਆਸਰਾ ਹੈ...

ਸਬਦਿ *(ਸ਼ਬਦ)*	ਮਰੈ,	ਸੋ	ਮਰਿ *(ਮਰ)*	ਰਹੈ,
(ਗੁਰ) ਸ਼ਬਦ ਦੁਆਰਾ	ਮਰ ਜਾਏ	ਉਹੀ	ਮਰਿਆ	ਰਹਿੰਦਾ

ਫਿਰਿ *(ਫਿਰ)*	ਮਰੈ	ਨ *(ਨਾਂ)*	ਦੂਜੀ	ਵਾਰ ॥
ਦੁਬਾਰਾ	ਮਰਦਾ	ਨਹੀਂ	ਦੂਸਰੀ	ਵਾਰੀ

...(ਜਿਸ ਧਰਮ-ਸਾਧਕ ਦੀ) ਸਤਿਗੁਰੂ-ਸ਼ਬਦ ਵਿਚ ਲੀਨ ਹੋਕੇ (ਮਾਇਆਵੀ ਵਿਕਾਰਾਂ ਵਾਲੀ ਜ਼ਿੰਦਗੀ ਦੀ) ਮੌਤ ਹੋ ਜਾਂਦੀ ਹੈ, ਭਾਵ ਉਹ ਜੀਵਨ-ਮੁਕਤ ਹੋ ਜਾਂਦਾ ਹੈ, (ਸਾਹਿਬ ਦੀ ਬੰਦਗੀ ਵਿਚ ਲੀਨ ਹੋਕੇ) ਫਿਰ ਉਹ ਮਰਿਆ ਹੀ ਰਹਿੰਦਾ ਹੈ, ਅਤੇ ਦੁਬਾਰਾ ਉਸਦੀ (ਕਦੀ ਆਤਮਿਕ) ਮੌਤ ਨਹੀਂ ਹੁੰਦੀ...

ਸਬਦੇ *(ਸ਼ਬਦੈ)*	ਹੀ	ਤੇ	ਪਾਈਐ,
(ਗੁਰ) ਸ਼ਬਦ ਤੋਂ	ਹੀ	ਤੋਂ	ਪ੍ਰਾਪਤ ਕਰੀਦਾ ਹੈ

ਹਰਿ *(ਹਰ)*	ਨਾਮੇ	ਲਗੈ	ਪਿਆਰੁ *(ਪਿਆਰ)* ॥	
ਪ੍ਰਭੂ	ਨਾਮ ਨਾਲ	ਲਗਦਾ	ਸਨੇਹ, ਪ੍ਰੀਤ	

...ਸਤਿਗੁਰੂ ਦੇ ਸ਼ਬਦ ਤੋਂ ਹੀ (ਵਾਹਿਗੁਰੂ) ਨੂੰ ਪ੍ਰਾਪਤ ਕਰੀਦਾ ਹੈ, ਅਤੇ ਪਰਮਾਤਮਾ ਨਾਲ ਪ੍ਰੀਤ ਪੈਂਦੀ ਹੈ...

ਬਿਨੁ *(ਬਿਨ)*	ਸਬਦੈ *(ਸ਼ਬਦੈ)*	ਜਗੁ *(ਜੱਗ)*	ਭੂਲਾ	ਫਿਰੈ,
ਬਿਨਾਂ	(ਗੁਰ) ਸ਼ਬਦ ਤੋਂ	ਸੰਸਾਰ	ਭੁੱਲਾ	ਫਿਰਦਾ ਹੈ

ਮਰਿ *(ਮਰ)*	ਜਨਮੈ	ਵਾਰੋ	ਵਾਰ ॥੭॥
ਮਰਕੇ	ਜਨਮਦਾ	ਦੁਬਾਰਾ	ਦੁਬਾਰਾ

...ਸਤਿਗੁਰੂ ਸ਼ਬਦ ਤੋਂ ਬਿਨਾਂ ਸੰਸਾਰ (ਮਾਇਆਂ ਦੇ ਵਿਕਾਰਾਂ ਵਿਚ ਮ਼ਚਿਤ ਹੋਇਆ) ਭਟਕਦਾ ਫਿਰਦਾ ਹੈ, ਫਿਰ ਫਿਰ ਮਰਦਾ ਅਤੇ ਜਨਮਦਾ ਹੀ ਰਹਿੰਦਾ ਹੈ...

ਸਭ	ਸਾਲਾਹੇ	ਆਪ	ਕਉ,
ਸਾਰੇ	ਸਲਾਹੁੰਦੇ, ਪ੍ਰਸੰਸਾ ਕਰਦੇ	ਖ਼ੁਦ	ਨੂੰ

ਵਡਹੁ *(ਵਡਹੁਁ)*	ਵਡੇਰੀ	ਹੋਇ ॥
ਵੱਡੀ	ਵੱਡੀ	ਹੋਵੇ

...(ਜਗਤ ਵਿਚ) ਸਭ ਆਪਣੇ ਆਪ ਦੀ ਹੀ ਵਡਿਆਈ, ਪ੍ਰਸੰਸਾ ਕਰਦੇ ਰਹਿੰਦੇ ਹਨ, ਤਾਂਕਿ ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ (ਮਾਣ-ਇੱਜ਼ਤ) ਹੋਵੇ...

ਗੁਰ	ਬਿਨੁ *(ਬਿਨ)*	ਆਪੁ *(ਆਪ)*	ਨ *(ਨਾਂ)*	ਚੀਨੀਐ,
ਸਤਿਗੁਰੂ	ਬਿਨਾਂ	ਆਪਣੇ ਮੂਲ	ਨਹੀਂ	ਪਛਾਣੀਦਾ

ਕਹੇ	ਸੁਣੇ	ਕਿਆ	ਹੋਇ ॥
ਕਹਿਣ, ਕਥਨ ਕਰਨ	ਸੁਨਣ	ਕੀ	ਹੁੰਦਾ ਹੈ

...(ਪਰ ਨਿਰੀਆਂ ਗੱਲਾਂ) ਕਹਿਣ ਸੁਨਣ ਨਾਲ ਕੀ ਹੁੰਦਾ ਹੈ, (ਭਾਵ ਕੁਝ ਨਹੀਂ ਹੁੰਦਾ) ਸਤਿਗੁਰੂ ਬਿਨਾਂ, ਆਪਣੇ (ਮੂਲ) ਦੀ ਪਹਿਚਾਣ ਨਹੀਂ ਹੋ ਸਕਦੀ...

ਨਾਨਕ,	ਸਬਦਿ *(ਸ਼ਬਦ)*	ਪਛਾਣੀਐ, *(ਪਛਾਣੀਐਂ)*
ਹੇ! ਨਾਨਕ!	(ਗੁਰ) ਸ਼ਬਦ ਦੁਆਰਾ	ਪਹਿਚਾਣੀਦਾ ਹੈ

ਪੰਨਾ ੫੮

ਹਉਮੈ	ਕਰੈ	ਨ *(ਨਾਂ)*	ਕੋਇ ॥੮॥੮॥
ਹੰਕਾਰ	ਕਰਦਾ	ਨਹੀਂ	ਕੋਈ

...ਹੇ! ਨਾਨਕ! ਸਤਿਗੁਰੂ ਦੇ ਸ਼ਬਦ ਰਾਹੀਂ ਹੀ (ਆਪੇ ਦੀ) ਪਹਿਚਾਣ ਹੁੰਦੀ ਹੈ, (ਜਦੋਂ ਆਪਣਾ ਮੂਲ ਪਹਿਚਾਣਿਆਂ ਜਾਂਦਾ ਹੈ ਤਾਂ) ਫਿਰ ਕੋਈ ਵੀ ਹੰਕਾਰ ਨਹੀਂ ਕਰਦਾ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਬਿਨੁ *(ਬਿਨ)*	ਪਿਰ	ਧਨ	ਸੀਗਾਰੀਐ, *(ਸ਼ੀਂਗਾਰੀਐ)*
ਬਿਨਾਂ	ਕੰਤ (ਪ੍ਰਭੂ)	ਇਸਤ੍ਰੀ	ਸ਼ਿੰਗਾਰ ਕਰੇ

ਜੋਬਨੁ *(ਜੋਬਨ)*	ਬਾਦਿ *(ਬਾਦ)*	ਖੁਆਰੁ *(ਖੁਆਰ)* ॥
ਜੁਆਨ	ਫਜ਼ੂਲ, ਵਿਅਰਥ	ਖੱਜਲ, ਪਰੇਸ਼ਾਨ

...ਕੰਤ (ਪ੍ਰਭੂ) ਬਿਨਾਂ ਜੇ ਇਸਤ੍ਰੀ ਹਾਰ-ਸ਼ਿੰਗਾਰ ਕਰੇ, ਤਾਂ ਖ਼ੱਜਲ-ਖ਼ੁਆਰੀ ਵਿਚ ਹੀ ਉਸਦੀ ਜੁਆਨੀ ਵਿਅਰਥ ਚਲੇ ਜਾਂਦੀ ਹੈ...

ਨਾ *(ਨਾਂ)*	ਮਾਣੇ	ਸੁਖਿ *(ਸੁੱਖ)*	ਸੇਜੜੀ,
ਨਹੀਂ	ਮਾਣਦੀ	ਸੁੱਖ, ਖੁਸ਼ੀ	ਸੇਜ ਦਾ

ਬਿਨੁ *(ਬਿਨ)*	ਪਿਰ	ਬਾਦਿ *(ਬਾਦ)*	ਸੀਗਾਰੁ *(ਸ਼ੀਂਗਾਰ)* ॥
ਬਿਨਾਂ	ਕੰਤ(ਪ੍ਰਭੂ)	ਫ਼ਜ਼ੂਲ, ਵਿਅਰਥ	ਸ਼ਿੰਗਾਰ

...ਕੰਤ(ਪ੍ਰਭੂ) ਬਿਨਾਂ ਹਾਰ-ਸ਼ਿੰਗਾਰ (ਸਭ) ਵਿਅਰਥ ਹੈ, (ਉਸਦੀ ਕ੍ਰਿਪਾ ਦ੍ਰਿਸ਼ਟੀ ਤੋਂ ਬਿਨਾਂ ਉਸਦੀ) ਸੇਜਾ ਦਾ ਆਨੰਦ ਨਹੀਂ ਮਾਣ ਸਕਦੀ...

ਦੂਖੁ *(ਦੂਖ)*	ਘਣੋ	ਦੋਹਾਗਣੀ, *(ਦੋਹਾਗਣੀਂ)*
ਦੁੱਖ, ਕਸ਼ਟ	ਬਹੁਤ	ਛੁੱਟੜ, ਬੁਰੇ ਆਚਾਰ ਵਾਲੀ

ਨਾ *(ਨਾਂ)*	ਘਰਿ *(ਘਰ)*	ਸੇਜ	ਭਤਾਰੁ *(ਭਤਾਰ)* ॥੧॥
ਨਹੀਂ	ਘਰ ਵਿਚਲੇ	ਵਿਛੌਣਾ	ਪਤੀ

...(ਪਤੀ ਪਿਆਰ ਵਿਹੂਣੀ ਹੋਣ ਕਰਕੇ), ਦੋਹਾਗਣ (ਇਸਤ੍ਰੀ ਨੂੰ) ਬਹੁਤ ਦੁੱਖ ਝਲਣੇ ਪੈਂਦੇ ਹਨ, ਕਿਉਂਕਿ ਉਸ ਦਾ (ਪ੍ਰੀਤਮ, ਹਿਰਦੇ ਰੂਪੀ) ਘਰ ਦੀ ਸੇਜਾ ਤੇ (ਉਸ ਨੂੰ ਨਹੀਂ ਮਾਣਦਾ)...

ਪੰਨਾ ੫੮

ਮਨ ਰੇ,	ਰਾਮ	ਜਪਹੁ	ਸੁਖੁ *(ਸੁੱਖ)*	ਹੋਇ ॥
ਚਿੱਤ ਹੇ!	ਪ੍ਰਭੂ	ਅਰਾਧੋ	ਅਨੰਦ, ਖੁਸ਼ੀ	ਹੋਵੇ

...ਹੇ! ਮਨਾਂ! ਪਰਮਾਤਮਾ ਦੀ ਅਰਾਧਨਾ ਕਰ, ਜਿਸ ਨਾਲ (ਆਤਮਿਕ) ਅਨੰਦ ਦੀ ਪ੍ਰਾਪਤੀ ਹੁੰਦੀ ਹੈ...

ਬਿਨੁ *(ਬਿਨ)*	ਗੁਰ,	ਪ੍ਰੇਮੁ *(ਪ੍ਰੇਮ)*	ਨ *(ਨਾਂ)*	ਪਾਈਐ,
ਬਿਨਾਂ	ਸਤਿਗੁਰੂ	ਪ੍ਰੀਤ,ਪਿਆਰ	ਨਹੀਂ	ਪਾਈਦਾ

ਸਬਦਿ *(ਸ਼ਬਦ)*	ਮਿਲੈ	ਰੰਗੁ *(ਰੰਗ)*	ਹੋਇ ॥੧॥	ਰਹਾਉ ॥
(ਗੁਰ) ਸ਼ਬਦ	ਮਿਲਣ ਨਾਲ	ਅਨੰਦ, ਮੌਜ	ਹੁੰਦੀ	ਠਹਿਰਾਉ

...ਸਤਿਗੁਰੂ ਬਿਨਾਂ (ਪਰਮਾਤਮ) ਪ੍ਰੇਮ ਦੀ ਪ੍ਰਾਪਤੀ ਨਹੀਂ ਹੁੰਦੀ, (ਗੁਰ) ਸ਼ਬਦ ਰਾਹੀਂ (ਹੀ ਪ੍ਰਭੂ ਮਿਲਾਪ ਦਾ) ਅਨੰਦ ਆਉਂਦਾ ਹੈ...

ਗੁਰ	ਸੇਵਾ,	ਸੁਖੁ *(ਸੁੱਖ)*	ਪਾਈਐ,
ਸਤਿਗੁਰੂ	ਟਹਿਲ	ਅਨੰਦ, ਖੁਸ਼ੀ	ਪਾਈਦੀ ਹੈ

ਹਰਿ *(ਹਰ)*	ਵਰੁ *(ਵਰ)*	ਸਹਜਿ *(ਸਹਿਜ)*	ਸੀਗਾਰੁ *(ਸ਼ੀਂਗਾਰ)* ॥
ਪ੍ਰਭੂ	ਕੰਤ	ਆਤਮਿਕ ਅਡੋਲਤਾ	ਹਾਰ-ਸ਼ਿੰਗਾਰ

...ਸਤਿਗੁਰੂ ਦੀ ਟਹਿਲ-ਸੇਵਾ ਰਾਹੀਂ ਹੀ, (ਪਰਮਾਤਮ) ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਅਤੇ (ਆਤਮਿਕ) ਸਹਿਜ ਰਾਹੀਂ, ਹਾਰ-ਸ਼ਿੰਗਾਰ ਕੀਤਿਆਂ ਪ੍ਰਭੂ ਕੰਤ (ਦਾ ਸੁੱਖ ਮਾਣੀਦਾ ਹੈ)...

ਸਚਿ *(ਸੱਚ)*	ਮਾਣੇ	ਪਿਰ	ਸੇਜੜੀ,
ਸਦਾ ਸਥਿਰ	ਮਾਣਦੀ	ਕੰਤ (ਪ੍ਰਭੂ)	ਸੇਜਾ

ਗੂੜਾ *(ਗੂੜ੍ਹਾ)*	ਹੇਤੁ *(ਹੇਤ)*	ਪਿਆਰੁ *(ਪਿਆਰ)* ॥
ਡੂੰਘਾ,ਗਹਿਰਾ	ਹਿਤ, ਪ੍ਰੇਮ	ਪ੍ਰੀਤ

...ਸਦਾ ਸਥਿਰ ਕੰਤ ਪ੍ਰਭੂ ਦੀ ਸੇਜਾ ਨੂੰ, ਉਹੀ (ਜੀਵ-ਇਸਤ੍ਰੀ) ਮਾਣਦੀ ਹੈ, ਜਿਸ ਨੂੰ (ਉਸ) ਨਾਲ ਡੂੰਘਾ ਪ੍ਰੇਮ-ਪਿਆਰ ਹੁੰਦਾ ਹੈ...

ਗੁਰਮੁਖਿ *(ਗੁਰਮੁਖ)*	ਜਾਣਿ *(ਜਾਣ)*	ਸਿਞਾਣੀਐ, *(ਸਿਞਾਣੀਐਂ)*
ਗੁਰੂ ਦੀ ਸਨਮੁੱਖਤਾ ਦੁਆਰਾ	ਜਾਣ ਕੇ, ਸਮਝ ਕੇ	ਪਹਿਚਾਣ ਲਈਦਾ

ਪੰਨਾ ੫੮

ਗੁਰਿ *(ਗੁਰ)*	ਮੇਲੀ	ਗੁਣ	ਚਾਰੁ *(ਚਾਰ)* ॥੨॥	
ਸਤਿਗੁਰੂ ਨੇ	ਮੇਲ ਦਿੱਤਾ	ਚੰਗਿਆਈਆਂ	ਆਚਾਰ	

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਗੁਰ-ਉਪਦੇਸ਼ ਨੂੰ) ਸਮਝਕੇ, (ਵਾਹਿਗੁਰੂ ਕੰਤ ਨੂੰ) ਪਹਿਚਾਣ ਲਈਦਾ ਹੈ, ਸਤਿਗੁਰੂ ਨੇ (ਮਿਹਰ ਕਰਕੇ, ਪ੍ਰਭੂ ਨਾਲ) ਮੇਲ ਦਿੱਤਾ ਹੈ, ਜਿਸ ਨਾਲ (ਜੀਵਨ) ਗੁਣਾਂ (ਨਾਲ ਭਰਪੂਰ ਹੋਕੇ) ਚੰਗੇ ਚੱਜ-ਅਚਾਰ ਵਾਲਾ ਬਣ ਗਿਆ ਹੈ...

ਸਚਿ *(ਸੱਚ)*	ਮਿਲਹੁ	ਵਰ	ਕਾਮਣੀ,
ਸਦਾ-ਸਥਿਰ	ਮਿਲ, ਜੁੜ	ਕੰਤ (ਪ੍ਰਭੂ)	ਇੱਸਤ੍ਰੀਏ!

ਪਿਰਿ *(ਪਿਰ)*	ਮੋਹੀ	ਰੰਗੁ *(ਰੰਗ)*	ਲਾਇ ॥
ਕੰਤ(ਪ੍ਰਭੂ)	ਮੋਹਿਤ	(ਪਿਆਰ ਦਾ)ਰੰਗ	ਲਗਾਕੇ

...(ਹੇ! ਜੀਵ) ਇਸਤ੍ਰੀਏ! ਸਦਾ-ਸਥਿਰ ਕੰਤ(ਪ੍ਰਭੂ) ਨਾਲ ਮਿਲੀ ਰਹੁ, (ਪ੍ਰਭੂ) ਪ੍ਰੀਤਮ, (ਆਪਣੀ ਪ੍ਰੀਤ ਦਾ) ਰੰਗ ਲਗਾਕੇ ਮੋਹਿਤ ਕਰ ਲਏਗਾ...

ਮਨੁ *(ਮਨ)*	ਤਨੁ *(ਤਨ)*	ਸਾਚਿ *(ਸਾਚ)*	ਵਿਗਸਿਆ,
ਚਿੱਤ	ਸਰੀਰ	ਸਦਾ-ਸਥਿਰ(ਪ੍ਰਭੂ)	ਖਿੜ ਗਿਆ

ਕੀਮਤਿ *(ਕੀਮਤ)*	ਕਹਣੁ *(ਕਹਿਣ)*	ਨ *(ਨਾਂ)*	ਜਾਇ ॥
ਮੁੱਲ	ਕਹੀ, ਦੱਸੀ	ਨਹੀਂ	ਜਾ ਸਕਦੀ

...ਸਦਾ-ਸਥਿਰ (ਪ੍ਰਭੂ ਕੰਤ ਦੇ ਮਿਲਾਪ) ਕਰਕੇ, (ਜੀਵ-ਇਸਤ੍ਰੀ ਦਾ) ਮਨ ਅਤੇ ਤਨ ਖਿੜ ਗਿਆ ਹੈ, ਅਤੇ (ਹੁਣ ਉਸ ਦੀ) ਕੀਮਤ ਦੱਸੀ ਨਹੀਂ ਜਾ ਸਕਦੀ...

ਹਰਿ *(ਹਰ)*	ਵਰੁ *(ਵਰ)*	ਘਰਿ *(ਘਰ)*	ਸੋਹਾਗਣੀ,
ਪਰਮਾਤਮਾ	ਕੰਤ	ਘਰ ਵਿਚ	ਸੁਹਾਗਵੰਤੀ

ਨਿਰਮਲ	ਸਾਚੈ	ਨਾਇ *(ਨਾਇੰ)* ॥੩॥
ਪਵਿੱਤਰ	ਸਦਾ ਸਥਿਰ(ਪ੍ਰਭੂ) ਦੇ	ਨਾਮ ਦੁਆਰਾ

...(ਅਜਿਹੀ) ਸੁਹਾਗਵੰਤੀ, ਵਾਹਿਗੁਰੂ ਕੰਤ ਨੂੰ (ਹਿਰਦੇ) ਘਰ ਵਿਚ ਹੀ ਪ੍ਰਾਪਤ ਕਰ ਲੈਂਦੀ ਹੈ, ਅਤੇ ਸਦਾ-ਸਥਿਰ(ਪ੍ਰਭੂ) ਦੇ ਨਾਮ (ਦੀ ਅਰਾਧਨਾ ਦੁਆਰਾ) ਪਵਿੱਤਰ ਹੋ ਜਾਂਦੀ ਹੈ...

ਮਨ	ਮਹਿ *(ਮਹਿੰ)*	ਮਨੂਆ	ਜੇ	ਮਰੈ,
ਚਿੱਤ	ਵਿਚ	ਮਨ	ਜੇਕਰ	ਮਰ ਜਾਵੇ

ਪੰਨਾ ੫੮

ਤਾ (ਤਾਂ)	ਪਿਰੁ (ਪਿਰ)	ਰਾਵੈ	ਨਾਰਿ (ਨਾਰ) ॥
ਤਦੋਂ, ਫਿਰ	ਕੰਤ (ਪ੍ਰਭੂ)	ਮਾਣਦਾ	(ਜੀਵ) ਇੱਸਤ੍ਰੀ ਨੂੰ

...ਜੇਕਰ (ਜੀਵ-ਇਸਤ੍ਰੀ ਦੇ ਆਪਣੇ) ਹਿਰਦੇ ਵਿਚ ਹੀ, ਮਨ (ਦੇ ਵਿਕਾਰਾਂ) ਦੀ ਮੌਤ ਹੋ ਜਾਏ, ਤਾਂ ਫਿਰ ਕੰਤ(ਪ੍ਰਭੂ, ਜੀਵ) ਇਸਤ੍ਰੀ ਨੂੰ (ਪਿਆਰ ਸਹਿਤ) ਮਾਣਦਾ ਹੈ...

ਇਕਤੁ (ਇੱਕਤ)	ਤਾਗੈ	ਰਲਿ (ਰਲ)	ਮਿਲੈ,
ਇੱਕੋ	ਧਾਗੇ	ਰਲਿਆ	ਮਿਲਕੇ

ਗਲਿ (ਗਲ)	ਮੋਤੀਅਨ	ਕਾ	ਹਾਰੁ (ਹਾਰ) ॥
ਗਲੇ ਵਿਚ	ਮੋਤੀਆਂ	ਦਾ	ਹਾਰ, ਮਾਲਾ

...ਜਿਵੇਂ ਕਿ ਗਲ ਵਿਚ ਪਹਿਨੇ ਹੋਏ ਮੋਤੀਆਂ ਦੇ ਹਾਰ ਵਿਚਲੇ ਮੋਤੀ, ਇੱਕ ਧਾਗੇ ਵਿਚ (ਪਰੋਤੇ ਹੋਏ, ਇਕ-ਸਰੂਪ ਹੋਕੇ ਹਾਰ ਬਣੇ ਹੁੰਦੇ ਹਨ)...

ਸੰਤ	ਸਭਾ	ਸੁਖੁ (ਸੁੱਖ)	ਊਪਜੈ,
ਸੱਤ-ਪੁਰਸ਼	ਇਕੱਠ	(ਆਤਮਿਕ) ਅਨੰਦ	ਪੈਦਾ ਹੁੰਦਾ

ਗੁਰਮੁਖਿ (ਗੁਰਮੁਖ)	ਨਾਮ	ਅਧਾਰੁ (ਅਧਾਰ) ॥੪॥
ਸਤਿਗੁਰੂ ਦੀ ਸਨਮੁੱਖਤਾ ਦੁਆਰਾ	(ਪ੍ਰਭੂ) ਹੋਂਦ	ਆਸਰਾ, ਟੇਕ

...ਸੱਤ-ਪੁਰਸ਼ਾਂ ਦੀ ਸੰਗਤ ਵਿਚ, ਆਤਮਿਕ ਅਨੰਦ ਪੈਦਾ ਹੁੰਦਾ ਹੈ, ਅਤੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ, (ਜੀਵ ਨੂੰ ਵਾਹਿਗੁਰੂ) ਨਾਮ ਦਾ ਓਟ ਆਸਰਾ (ਮਿਲਦਾ ਹੈ।)...

ਖਿਨ	ਮਹਿ (ਮਹਿਂ)	ਉਪਜੈ	ਖਿਨਿ (ਖਿਨ)	ਖਪੈ,
ਛਿਨ,ਪਲ	ਵਿਚ	ਪੈਦਾ ਹੁੰਦਾ	ਛਿਨ, ਪਲ ਵਿਚ	ਬਿਨਸ ਜਾਂਦਾ

ਖਿਨੁ (ਖਿਨ)	ਆਵੈ	ਖਿਨੁ (ਖਿਨ)	ਜਾਇ ॥
ਛਿਨ, ਪਲ	ਆਉਂਦਾ	ਛਿਨ, ਪਲ	ਚਲਾ ਜਾਂਦਾ

...(ਮਾਇਆਵੀ ਪ੍ਰਭਾਵਾਂ ਕਾਰਨ, ਜੀਵ) ਪਲ ਵਿਚ ਹੀ (ਖ਼ੁਸ਼ੀ ਦਾ ਮਾਰਿਆ ਲਗਦਾ ਹੈ, ਜਿਵੇਂ) ਜਿਊ ਪਿਆ ਹੈ, (ਮਾਇਆ ਦੇ ਪ੍ਰਭਾਵ ਕਾਰਨ ਹੀ) ਪਲ ਵਿਚ ਹੀ (ਝੂਰਦਿਆਂ ਇਉਂ ਲਗਦਾ ਹੈ ਜਿਵੇਂ) ਮਰ ਹੀ ਗਿਆ ਹੋਵੇ। ਖ਼ਿਨ ਵਿਚ ਹੀ (ਖ਼ੁਸ਼ੀ ਦੇ ਵੇਗ ਵਿਚ) ਆਉਂਦਾ ਹੈ, ਅਤੇ ਖ਼ਿਨ ਵਿਚ ਹੀ (ਗ਼ਮੀ ਦੇ ਵੇਗ ਵਿਚ) ਚਲੇ ਜਾਂਦਾ ਹੈ, (ਭਾਵ ਹਰ ਪਲ ਮਾਇਆਵੀ ਵਿਕਾਰਾਂ ਦੇ ਲੋਭ ਲਾਲਚ ਵਿਚ, ਕਦੇ ਖ਼ੁਸ਼ੀ ਅਤੇ ਕਦੇ ਗ਼ਮੀ ਵਿਚ ਭਟਕਦਾ ਹੀ ਰਹਿੰਦਾ ਹੈ)...

ਪੰਨਾ ੫੮-੫੯

ਸਬਦੁ *(ਸ਼ਬਦ)*	ਪਛਾਣੈ,	ਰਵਿ *(ਰਵ)*	ਰਹੈ,
(ਗੁਰ) ਸ਼ਬਦ	ਪਹਿਚਾਣ ਲਵੇ	ਲੀਨ	ਰਹੇ

ਨਾ *(ਨਾਂ)*	ਤਿਸੁ *(ਤਿਸ)*	ਕਾਲੁ *(ਕਾਲ)*	ਸੰਤਾਇ ॥
ਨਹੀਂ	ਉਸ ਨੂੰ	ਮੌਤ	ਸਤਾਉਂਦਾ, ਦੁੱਖ ਦਿੰਦਾ

...(ਪ੍ਰੰਤੂ ਜੇਕਰ ਉਹ ਗੁਰ) ਸ਼ਬਦ ਨੂੰ ਪਹਿਚਾਣ ਕੇ, (ਸਦਾ-ਸਥਿਰ ਵਾਹਿਗੁਰੂ) ਵਿਚ ਲੀਨ ਰਹੇ, (ਤਾਂ) ਉਸ ਨੂੰ ਮੌਤ ਦਾ (ਡਰ) ਨਹੀਂ ਸਤਾਉਂਦਾ...

ਸਾਹਿਬੁ *(ਸਾਹਿਬ)*	ਅਤੁਲੁ, *(ਅਤੁੱਲ)*	ਨ *(ਨਾਂ)*	ਤੋਲੀਐ,
ਅਕਾਲ ਪੁਰਖ	ਅਤੋਲ, ਨਾ ਤੋਲਿਆ ਜਾ ਸਕਣ ਵਾਲਾ	ਨਹੀਂ	ਵਜ਼ਨ ਕਰੀਏ, ਜਾਂਚ ਕਰੀਏ

ਕਥਨਿ *(ਕਥਨ)*	ਨ *(ਨਾਂ)*	ਪਾਇਆ	ਜਾਇ ॥੫॥
ਕਹਿਣ ਨਾਲ	ਨਹੀਂ	ਪ੍ਰਾਪਤ	ਜਾਂਦਾ

...(ਅਕਾਲ-ਪੁਰਖ ਗਿਣਤੀਆਂ ਮਿਣਤੀਆਂ ਤੋਂ ਉਪਰ) ਅਤੋਲ ਹੈ, ਉਸ ਨੂੰ ਤੋਲਿਆ ਨਹੀਂ ਜਾ ਸਕਦਾ, ਅਤੇ ਨਾ ਹੀਂ ਕਹਿਣ-ਕਥਨ ਨਾਲ, ਭਾਵ ਨਿਰੀਆਂ ਗਲਾਂ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ...

ਵਾਪਾਰੀ	ਵਣਜਾਰਿਆ,	ਆਏ	ਵਜਹੁ	ਲਿਖਾਇ ॥
ਵਪਾਰ ਕਰਨ ਵਾਲੇ	ਬਿਉਪਾਰੀ, ਸੁਦਾਗਰ	ਆਉਂਦੇ	ਤਨਖਾਹ, ਉਜਰਤ	ਲਿਖਵਾਕੇ

...(ਸਾਰੇ) ਵਪਾਰੀ ਅਤੇ ਸੌਦਾਗਰ (ਰੂਪੀ ਜੀਵ, ਆਪਣੀ) ਉਜਰਤ ਭਾਵ ਪਰਾਲਬਧ ਲਿਖਵਾਕੇ ਹੀ (ਜਗਤ ਵਿਚ) ਆਏ ਹਨ...

ਕਾਰ	ਕਮਾਵਹਿ *(ਕਮਾਵਹਿਂ)*	ਸਚ *(ਸੱਚ)*	ਕੀ,
ਕਮਾਈ	ਕਮਾਉਂਦੇ	ਸੱਤ(ਨਾਮ)	ਦੀ

ਲਾਹਾ	ਮਿਲੈ	ਰਜਾਇ *(ਰਜ਼ਾਇ)* ॥
ਲਾਭ, ਨਫ਼ਾ	ਮਿਲਦਾ	ਰਜ਼ਾ ਵਿਚ

...ਜੋ ਸਤਿ(ਨਾਮ) ਦੀ ਕਮਾਈ ਕਰਦੇ ਹਨ, ਉਨ੍ਹਾਂ ਨੂੰ (ਰੱਬੀ) ਰਜ਼ਾ ਵਿਚ (ਬੰਦਗੀ) ਦਾ ਲਾਹਾ ਪ੍ਰਾਪਤ ਹੁੰਦਾ ਹੈ...

ਪੂੰਜੀ	ਸਾਚੀ,	ਗੁਰੁ *(ਗੁਰ)*	ਮਿਲੈ,
ਰਾਸ, ਮੂੜੀ	ਸੱਤ (ਨਾਮ) ਦੀ	ਸਤਿਗੁਰੂ	ਮਿਲਦੀ

ਪੰਨਾ ੫੯

ਨਾ *(ਨਾਂ)*	ਤਿਸੁ *(ਤਿਸ)*	ਤਿਲੁ *(ਤਿਲ)*	ਨ *(ਨਾਂ)*	ਤਮਾਇ ॥੬॥
ਨਹੀਂ	ਉਸ ਨੂੰ	ਤਿਲ ਮਾਤਰ, ਥੋੜ੍ਹਾ ਜਿਹਾ	ਨਹੀਂ	ਤਮ੍ਹਾ, ਲਾਲਚ

...(ਜਿਸ ਨਾਮ ਦੇ ਵਣਜਾਰੇ ਨੂੰ), ਸਤਿਗੁਰੂ ਪਾਸੋਂ ਸੱਤ (ਨਾਮ) ਦੀ ਪੂੰਜੀ ਮਿਲ ਜਾਂਦੀ ਹੈ, ਉਸ ਨੂੰ ਤਿਲ ਮਾਤਰ ਵੀ (ਮਾਇਆਵੀ ਪਦਾਰਥਾਂ ਦੀ) ਤਮ੍ਹਾਂ, ਭਾਵ ਲਾਲਚ ਨਹੀਂ ਰਹਿੰਦਾ...

ਗੁਰਮੁਖਿ *(ਗੁਰਮੁਖ)*	ਤੋਲਿ *(ਤੋਲ)*	ਤੁੋਲਾਇਸੀ, *(ਤੋਲਾਇਸੀ)*
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਵਜ਼ਨ ਵਿਚ	ਤੁਲਦਾ ਹੈ, ਪੂਰਾ ਉਤਰਦਾ ਹੈ

ਸਚੁ *(ਸੱਚ)*	ਤਰਾਜੀ	ਤੋਲੁ *(ਤੋਲ)* ॥
ਸੱਤ-ਸਰੂਪ(ਪ੍ਰਭੂ)	ਤੱਕੜੀ	ਵੱਟੇ

...ਸੱਤ-ਸਰੂਪ(ਪਰਮਾਤਮਾ) ਦੀ ਤੱਕੜੀ ਅਤੇ ਵੱਟਿਆਂ ਦੇ ਤੋਲ ਵਿਚ, (ਕੇਵਲ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਹੀ ਪੂਰੇ ਵਜ਼ਨ ਦਾ ਵਿਚ ਤੁਲਿਆ ਜਾ ਸਕਦਾ ਹੈ...

ਆਸਾ	ਮਨਸਾ	ਮੋਹਣੀ,
ਉਮੀਦਾਂ	ਇੱਛਾਵਾਂ, ਖਾਹਿਸ਼ਾਂ	ਮੋਹ ਲੈਣ ਵਾਲੀਆਂ

ਗੁਰਿ *(ਗੁਰ)*	ਠਾਕੀ	ਸਚੁ *(ਸੱਚ)*	ਬੋਲੁ *(ਬੋਲ)* ॥
ਸਤਿਗੁਰੂ ਨੇ	ਰੋਕ ਦਿੱਤਾ	ਸਦਾ ਸਥਿਰ	ਬਾਣੀ

...ਸਤਿਗੁਰੂ ਨੇ ਆਪਣੀ ਸਦਾ-ਸਥਿਰ ਬਾਣੀ ਰਾਹੀਂ,(ਮਨ ਨੂੰ) ਮੋਹ ਲੈਣ ਵਾਲੀਆਂ ਖਾਹਿਸ਼ਾਂ, ਅਤੇ ਉਮੀਦਾਂ (ਦੇ ਅਸਰ) ਨੂੰ ਰੋਕ ਦਿੱਤਾ ਹੈ...

ਆਪਿ *(ਆਪ)*	ਤੁਲਾਏ	ਤੋਲਸੀ,
ਖ਼ੁਦ	ਤੁਲਾਉਂਦਾ	ਤੋਲੇਗਾ

ਪੂਰੇ	ਪੂਰਾ	ਤੋਲੁ *(ਤੋਲ)* ॥੭॥
ਸੰਪੂਰਨ(ਪ੍ਰਭੂ) ਦਾ	ਪੂਰਨ	ਵਜ਼ਨ

...(ਸੱਚ-ਨਾਮ ਦੇ ਵਣਜਾਰਿਆਂ ਦੀ ਕਮਾਈ ਦੇ ਤੋਲ ਨੂੰ, ਵਾਹਿਗੁਰੂ) ਖ਼ੁਦ ਤੋਲਦਾ-ਤੁਲਾਉਂਦਾ ਹੈ। ਸੰਪੂਰਨ (ਵਾਹਿਗੁਰੂ ਦੇ) ਤੋਲ (ਦੀ ਕਸਵੱਟੀ ਹਮੇਸ਼ਾਂ ਹੀ) ਪੂਰੀ ਹੁੰਦੀ ਹੈ, (ਜਗਤ ਦੇ ਵਪਾਰੀਆਂ ਵਾਂਗ ਕਦੀ ਵੀ ਵੱਧ ਘੱਟ ਨਹੀਂ ਹੋ ਸਕਦੀ)...

ਕਥਨੈ	ਕਹਣਿ *(ਕਹਿਣ)*	ਨ *(ਨਾਂ)*	ਛੁਟੀਐ,
ਗਲਾਂ	ਕਰਨ ਨਾਲ	ਨਹੀਂ	ਛੁੱਟੀਦਾ, ਮੁਕਤ ਹੋਈਦਾ

ਪੰਨਾ ੫੯

ਨਾ *(ਨਾਂ)*	ਪੜਿ *(ਪੜ੍ਹ)*	ਪੁਸਤਕ	ਭਾਰ ॥
ਨਹੀਂ	ਪੜ੍ਹਨ ਰਾਹੀਂ	ਕਿਤਾਬਾਂ	ਢੇਰ

...(ਕੇਵਲ) ਕਹਿਣ-ਕਥਨ, ਭਾਵ ਗੱਲਾਂ ਕਰਨ ਨਾਲ, (ਮਾਇਆਵੀ ਵਿਕਾਰਾਂ ਦੇ ਪ੍ਰਭਾਵ) ਤੋਂ ਮੁਕਤ ਨਹੀਂ ਹੋ ਸਕੀਦਾ, ਅਤੇ ਨਾ ਹੀ ਕਿਤਾਬਾਂ ਦੇ ਢੇਰ ਪੜ੍ਹਨ ਨਾਲ ਹੀ ਛੁੱਟ ਸਕੀਦਾ ਹੈ...

ਕਾਇਆ *(ਕਾਇਆਂ)*	ਸੋਚ,	ਨ *(ਨਾਂ)*	ਪਾਈਐ,
ਸਰੀਰ	ਸ਼ੌਚ, ਸੁੱਚਮ	ਨਹੀਂ	ਪਾਈਦਾ

ਬਿਨੁ *(ਬਿਨ)*	ਹਰਿ *(ਹਰ)*	ਭਗਤਿ *(ਭਗਤ)*	ਪਿਆਰ ॥
ਬਿਨਾਂ	ਹਰੀ	ਬੰਦਗੀ	ਪ੍ਰੇਮ

...(ਤੀਰਥ ਇਸ਼ਨਾਨਾਂ ਆਦਿਕ ਦੁਆਰਾ) ਸਰੀਰ ਦੀ ਸੁੱਚਮਤਾ ਕਰਨ ਨਾਲ, ਸਾਹਿਬ ਦੀ ਪ੍ਰਾਪਤੀ ਨਹੀਂ ਹੁੰਦੀ, ਵਾਹਿਗੁਰੂ ਨੂੰ ਤਾਂ ਕੇਵਲ ਉਸ ਦੀ ਪ੍ਰੇਮਾ-ਭਗਤੀ ਰਾਹੀਂ ਹੀ ਪਾ ਸਕੀਦਾ ਹੈ...

ਨਾਨਕ,	ਨਾਮੁ *(ਨਾਮ)*	ਨ *(ਨਾਂ)*	ਵੀਸਰੈ,
ਹੇ! ਨਾਨਕ	(ਪ੍ਰਭੂ) ਨਾਮ	ਨਾਂ	ਭੁੱਲ ਜਾਵੇ

ਮੇਲੇ	ਗੁਰੁ *(ਗੁਰ)*	ਕਰਤਾਰ ॥੮॥੯॥
ਮੇਲ ਦਿੰਦਾ	ਸਤਿਗੁਰੂ	ਕਰਤਾ ਪੁਰਖ

...ਹੇ! ਨਾਨਕ! ਜਿਸ ਨੂੰ (ਕਦੇ ਵੀ ਵਾਹਿਗੁਰੂ) ਨਾਮ ਨਹੀਂ ਵਿਸਰਦਾ, ਭਾਵ ਸਹਿਬ ਦੀ ਯਾਦ (ਹਿਰਦੇ ਵਿਚੋਂ) ਨਹੀਂ ਭੁੱਲਦੀ, ਸਤਿਗੁਰੂ (ਫਿਰ ਉਸ ਨੂੰ) ਕਰਤਾ ਪੁਰਖ ਵਿਚ ਅਭੇਦ ਕਰ ਦਿੰਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਸਤਿਗੁਰੁ *(ਸਤਗੁਰ)*	ਪੂਰਾ	ਜੇ	ਮਿਲੈ,
ਸੱਤ-ਸਰੂਪ ਗੁਰੂ	ਪੂਰਨ	ਜੇਕਰ	ਮਿਲ ਜਾਏ

ਪਾਈਐ	ਰਤਨੁ *(ਰਤਨ)*	ਬੀਚਾਰੁ *(ਬੀਚਾਰ)* ॥
ਪਾ ਲਈਦਾ	ਅਮੋਲਕ ਜਵੇਹਰ	ਵਿਚਾਰ, ਚਿੰਤਨ

...ਜੇਕਰ ਪੂਰਨ ਸਤਿਗੁਰੂ ਦੀ ਪ੍ਰਾਪਤੀ ਹੋ ਜਾਏ ਤਾਂ, (ਪਰਮਾਤਮ) ਚਿੰਤਨ ਰੂਪੀ ਅਮੋਲਕ ਰਤਨ ਦੀ ਪ੍ਰਾਪਤੀ ਹੋ ਜਾਂਦੀ ਹੈ...

ਪੰਨਾ ੫੯

ਮਨੁ *(ਮਨ)*	ਦੀਜੈ	ਗੁਰ	ਆਪਣੇ,
ਚਿੱਤ	ਦੇ ਦੇਈਏ	ਸਤਿਗੁਰੂ	ਖ਼ੁਦ ਦੇ

ਪਾਈਐ	ਸਰਬ	ਪਿਆਰੁ *(ਪਿਆਰ)* ॥
ਪਾ ਲਈਦਾ	ਸਰਬ-ਵਿਆਪਕ (ਪ੍ਰਭੂ)	ਪ੍ਰੀਤ, ਪ੍ਰੇਮ

...ਜੇਕਰ ਮਨ, ਆਪਣੇ ਸਤਿਗੁਰੂ ਨੂੰ ਅਰਪਣ ਕਰ ਦੇਈਏ, ਤਾਂ ਸਰਬ-ਵਿਆਪਕ (ਪ੍ਰਭੂ ਦੀ) ਪ੍ਰੀਤ ਪਾ ਲਈਦੀ ਹੈ...

ਮੁਕਤਿ *(ਮੁਕਤ)*	ਪਦਾਰਥੁ *(ਪਦਾਰਥ)*	ਪਾਈਐ,
ਮੁਕਤ ਕਰਨ ਵਾਲਾ	(ਨਾਮ ਰੂਪੀ) ਕੀਮਤੀ ਵਸਤੂ	ਪਾ ਲਈਦੀ ਹੈ

ਅਵਗਣ	ਮੇਟਣਹਾਰੁ *(ਮੇਟਣਹਾਰ)* ॥੧॥
ਬੁਰਿਆਈਆਂ	ਮਿਟਾਉਣ ਵਾਲਾ

...(ਇਸ ਨਾਲ) ਬੁਰਿਆਈਆਂ ਨੂੰ ਮਿਟਾਉਣ ਵਾਲਾ (ਨਾਮ ਰੂਪੀ ਕੀਮਤੀ) ਪਦਾਰਥ ਪ੍ਰਾਪਤ ਕਰ ਲਈਦਾ ਹੈ...

ਭਾਈ	ਰੇ,	ਗੁਰ	ਬਿਨੁ *(ਬਿਨ)*	ਗਿਆਨੁ *(ਗਿਆਨ)*	ਨ *(ਨਾਂ)*	ਹੋਇ ॥
ਭਰਾ	ਹੇ!	ਸਤਿਗੁਰੂ	ਬਿਨਾਂ	ਸੋਝੀ	ਨਹੀਂ	ਹੁੰਦੀ

...ਹੇ! ਭਾਈ! ਸਤਿਗੁਰੂ ਬਿਨਾਂ,(ਪਰਮਾਤਮ) ਗਿਆਨ ਦੀ ਸੋਝੀ ਨਹੀਂ ਹੁੰਦੀ...

ਪੂਛਹੁ	ਬ੍ਰਹਮੇ	ਨਾਰਦੈ,
ਪਤਾ ਕਰੋ	ਬ੍ਰਹਮਾ ਨੂੰ	ਨਾਰਦ ਮੁਨੀ ਨੂੰ

ਬੇਦ	ਬਿਆਸੈ	ਕੋਇ ॥੧॥	ਰਹਾਉ ॥
(ਰਿਸ਼ੀ) ਵੇਦ	ਵਿਆਸ ਨੂੰ	ਕੋਈ	ਠਹਿਰਾਉ

...(ਭਾਵੇਂ) ਕੋਈ ਬ੍ਰਹਮਾ, ਨਾਰਦ, ਜਾਂ ਰਿਸ਼ੀ ਵੇਦ-ਵਿਆਸ ਕੋਲੋਂ ਜਾਕੇ ਵੀ ਪਤਾ ਕਰ ਲਵੇ...

ਗਿਆਨੁ *(ਗਿਆਨ)*	ਧਿਆਨੁ *(ਧਿਆਨ)*	ਧੁਨਿ *(ਧੁਨ)*	ਜਾਣੀਐ,
ਸੋਝੀ	ਲਿਵ	(ਸ਼ਬਦ) ਧੁਨੀ ਰਾਹੀਂ	ਜਾਣੀਦਾ ਹੈ

ਅਕਥੁ *(ਅਕੱਥ)*	ਕਹਾਵੈ	ਸੋਇ ॥
ਅਕਹਿ	ਕਹਾਉਂਦਾ	ਉਹ(ਗੁਰੂ)

ਪੰਨਾ ੫੯

...(ਸਤਿਗੁਰੂ ਦੁਆਰਾ, ਸ਼ਬਦ ਦੀ) ਧੁਨੀ ਵਿਚ (ਸੁਰਤ ਜੋੜਿਆਂ, ਬ੍ਰਹਮ) ਗਿਆਨ ਅਤੇ ਧਿਆਨ ਦੀ ਪਹਿਚਾਣ ਹੁੰਦੀ ਹੈ। ਉਹ (ਸਤਿਗੁਰੂ) ਹੀ ਅਕੱਥ (ਗੁਣਾਂ ਵਾਲੇ ਵਾਹਿਗੁਰੂ) ਦੀ ਸਿਫ਼ਤ-ਸਲਾਹ ਕਹਾਉਂਦਾ ਹੈ...

ਸਫਲਿਓ	**ਬਿਰਖੁ** *(ਬਿਰਖ)*	**ਹਰੀਆਵਲਾ,**
ਫ਼ਲ ਭਰਪੂਰ	ਦਰਖ਼ਤ	ਹਰਾ ਭਰਾ
ਛਾਵ *(ਛਾਂਵ)*	**ਘਣੇਰੀ**	**ਹੋਇ ॥**
ਛਾਂ	ਸੰਘਣੀ	ਹੁੰਦੀ ਹੈ

...(ਸਤਿਗੁਰੂ) ਹਰਾ-ਭਰਾ, ਫ਼ਲਦਾਰ ਦਰਖ਼ਤ ਹੈ, ਜਿਸ ਦੀ ਛਾਂ ਸੰਘਣੀ ਹੁੰਦੀ ਹੈ...

ਲਾਲ	**ਜਵੇਹਰ**	**ਮਾਣਕੀ,**
ਲਾਲ ਰੰਗ ਦਾ ਰਤਨ	ਰਤਨ	ਲਾਲ ਰੰਗ ਦਾ ਹੀਰਾ
ਗੁਰ	**ਭੰਡਾਰੈ**	**ਸੋਇ ॥੨॥**
ਸਤਿਗੁਰੂ	ਖ਼ਜ਼ਾਨੇ ਵਿਚ	ਉਸ

...(ਪ੍ਰਭੂ-ਨਾਮ ਰੂਪੀ) ਲਾਲ, ਜਵਾਹਰ ਅਤੇ ਮਾਣਕ, (ਆਦਿਕ ਸਭ) ਉਸ ਸਤਿਗੁਰੂ ਦੇ ਖ਼ਜ਼ਾਨੇ ਵਿਚ ਹਨ...

ਗੁਰ	**ਭੰਡਾਰੈ**	**ਪਾਈਐ,**
ਸਤਿਗੁਰੂ	ਖ਼ਜ਼ਾਨੇ ਵਿਚ	ਪਾਈਦਾ ਹੈ
ਨਿਰਮਲ	**ਨਾਮ**	**ਪਿਆਰੁ** *(ਪਿਆਰ)* **॥**
ਪਵਿੱਤਰ	(ਵਾਹਿਗੁਰੂ) ਨਾਮ	ਪ੍ਰੀਤ

...(ਇਸ ਲਈ) ਸਤਿਗੁਰੂ ਦੇ ਖ਼ਜ਼ਾਨੇ ਵਿਚ ਹੀ (ਵਾਹਿਗੁਰੂ ਦੇ) ਪਵਿੱਤਰ ਨਾਮ ਦੀ ਪ੍ਰੀਤ ਪਾਈਦੀ ਹੈ...

ਸਾਚੋ	**ਵਖਰੁ** *(ਵੱਖਰ)*	**ਸੰਚੀਐ,**
ਸਦਾ-ਸਥਿਰ	ਸੌਦਾ	ਇੱਕਤ੍ਰ ਕਰੀਦਾ
ਪੂਰੈ	**ਕਰਮਿ** *(ਕਰਮ)*	**ਅਪਾਰੁ** *(ਅਪਾਰ)* **॥**
ਪੂਰਨ ਦੀ	ਕਿਰਪਾ, ਰਹਿਮਤ	ਬੇਅੰਤ (ਪ੍ਰਭੂ)

...ਬੇਅੰਤ (ਵਾਹਿਗੁਰੂ ਦਾ) ਸਦਾ-ਸਥਿਰ (ਨਾਮ ਰੂਪੀ) ਸੌਦਾ, ਪੂਰਨ (ਸਤਿਗੁਰੂ) ਦੀ ਕਿਰਪਾ ਨਾਲ ਹੀ ਇੱਕਤ੍ਰ ਕਰੀਦਾ ਹੈ...

ਪੰਨਾ ੫੯

ਸੁਖਦਾਤਾ,	ਦੁਖ	ਮੇਟਣੋ,	
ਸੁੱਖਾਂ ਨੂੰ ਦੇਣ ਵਾਲਾ	ਕਸ਼ਟ	ਮੇਟਣਹਾਰ	

ਸਤਿਗੁਰੁ *(ਸਤਿਗੁਰ)*	ਅਸੁਰ	ਸੰਘਾਰੁ *(ਸੰਘਾਰ)* ॥੩॥
ਸੱਤ-ਸਰੂਪ ਗੁਰੂ	ਰਾਖ਼ਸ਼ (ਰੂਪੀ ਵਿਕਾਰਾਂ)	ਮਾਰਨ ਵਾਲਾ

...ਸਤਿਗੁਰੂ, ਸੁੱਖਾਂ ਦਾ ਦਾਤਾ ਅਤੇ ਦੁੱਖ ਮੇਟਣਹਾਰ ਹੈ। ਉਹ ਰਾਖ਼ਸ਼ (ਰੂਪੀ ਵਿਕਾਰਾਂ) ਦਾ ਮਾਰਨਹਾਰ ਵੀ ਹੈ...

ਭਵਜਲੁ *(ਭਵਜਲ)*	ਬਿਖਮੁ *(ਬਿਖਮ)*	ਡਰਾਵਣੋ,
ਸੰਸਾਰ-ਸਾਗਰ	ਬਿਖੜਾ,ਕਠਿਨ	ਭੈ-ਦਾਇਕ

ਨਾ *(ਨਾਂ)*	ਕੰਧੀ	ਨਾ *(ਨਾਂ)*	ਪਾਰੁ *(ਪਾਰ)* ॥
ਨਹੀਂ	ਕੰਢਾ, ਕਿਨਾਰਾ	ਨਾਹੀਂ	ਪਾਰਲਾ ਬੰਨਾਂ

...ਸੰਸਾਰ-ਸਾਗਰ ਬਹੁਤ ਡਰਾਉਣਾ ਅਤੇ ਬਿਖੜਾ ਹੈ, ਇਸ ਦਾ ਨਾਂ ਕੋਈ (ਉਰਾਰ ਦਾ) ਕੰਢਾ ਨਜ਼ਰ ਆਉਂਦਾ ਹੈ, ਅਤੇ ਨਾਹੀਂ ਕੋਈ (ਪਾਰਲਾ) ਕਿਨਾਰਾ ਹੀ ਦਿਖਦਾ ਹੈ...

ਨਾ *(ਨਾਂ)*	ਬੇੜੀ,	ਨਾ *(ਨਾਂ)*	ਤੁਲਹੜਾ,
ਨਾਹੀਂ	ਕਿਸ਼ਤੀ	ਨਾਹੀਂ	ਰੱਸਿਆਂ ਨਾਲ ਬੰਨ੍ਹਿਆਂ ਲਕੜਾਂ ਦਾ ਫੱਟਾ

ਨਾ *(ਨਾਂ)*	ਤਿਸੁ *(ਤਿਸ)*	ਵੰਝੁ *(ਵੰਝ)*	ਮਲਾਰੁ *(ਮਲ੍ਹਾਰ)* ॥
ਨਾਹੀਂ	ਇਸ ਦਾ	ਬਾਂਸ, ਚੱਪੂ	ਮਲਾਹ

...(ਐਸੇ ਬਿਖੜੇ ਤੇ ਡਰਾਉਣੇ ਸੰਸਾਰ-ਸਾਗਰ ਤੋਂ ਪਾਰ ਉਤਰਨ ਲਈ), ਨਾਂ ਹੀ ਕੋਈ ਕਿਸ਼ਤੀ, ਨਾਂ ਕੋਈ ਤੁਲ੍ਹਾ, ਨਾਂ ਕੋਈ ਚੱਪੂ ਅਤੇ ਨਾਂ ਹੀ ਕੋਈ ਮਲਾਹ ਹੈ...

ਸਤਿਗੁਰੁ *(ਸਤਿਗੁਰ)*	ਭੈ	ਕਾ	ਬੋਹਿਥਾ,
ਸੱਤ-ਸਰੂਪ ਗੁਰੂ	ਡਰਾਉਣੇ (ਸਮੁੰਦਰ)	ਦਾ	ਜਹਾਜ਼

ਨਦਰੀ	ਪਾਰਿ *(ਪਾਰ)*	ਉਤਾਰੁ *(ਉਤਾਰ)* ॥੪॥
ਕ੍ਰਿਪਾ- ਦ੍ਰਿਸ਼ਟੀ ਦੁਆਰਾ	ਪਾਰ	ਉਤਾਰ, ਲਾਹ

...ਕੇਵਲ ਸਤਿਗੁਰੂ ਹੀ ਇਸ ਭੈ-ਦਾਇਕ ਸਮੁੰਦਰ ਦਾ ਜਹਾਜ਼ ਹੈ, ਜੋ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ (ਧਰਮ-ਸਾਧਕ ਨੂੰ) ਇਸ ਤੋਂ ਪਾਰ ਉਤਾਰ ਦਿੰਦਾ ਹੈ...

ਪੰਨਾ ੫੯

ਇਕੁ *(ਇੱਕ)*	ਤਿਲੁ *(ਤਿਲ)*	ਪਿਆਰਾ	ਵਿਸਰੈ,
ਇੱਕ	ਛਿਨ, ਮੁਹਤ	ਪ੍ਰੀਤਮ	ਭੁੱਲ ਜਾਏ

ਦੁਖੁ *(ਦੁੱਖ)*	ਲਾਗੈ	ਸੁਖੁ *(ਸੁੱਖ)*	ਜਾਇ ॥
ਕਸ਼ਟ	ਲਗ ਜਾਂਦਾ	ਅਨੰਦ	ਚਲਾ ਜਾਂਦਾ

...(ਜੇਕਰ) ਇਕ ਖ਼ਿਨ ਲਈ ਵੀ (ਪ੍ਰਭੂ) ਪ੍ਰੀਤਮ ਭੁੱਲ ਜਾਏ, ਤਾਂ (ਮਾਇਆਵੀ ਵਿਕਾਰਾਂ ਦਾ) ਦੁੱਖ ਵਾਪਰ ਜਾਂਦਾ ਹੈ, ਅਤੇ (ਪਰਮਾਤਮ) ਅਨੰਦ ਚਲਾ ਜਾਂਦਾ ਹੈ...

ਜਿਹਵਾ	ਜਲਉ	ਜਲਾਵਣੀ,
ਜੀਭਾ	ਜਲ ਜਾਏ	ਸੜਨ ਜੋਗੀ

ਨਾਮੁ *(ਨਾਮ)*	ਨ *(ਨਾਂ)*	ਜਪੈ	ਰਸਾਇ ॥
(ਪ੍ਰਭੂ) ਨਾਮ	ਨਹੀਂ	ਜਪਦੀ	ਰਸ ਨਾਲ, ਅਨੰਦ ਨਾਲ

...(ਇਹ) ਸੜਨ-ਜੋਗੀ ਜੀਭ ਜਲ ਹੀ ਜਾਏ, ਜਿਹੜੀ (ਵਾਹਿਗੁਰੂ) ਨਾਮ ਨੂੰ, ਅਨੰਦ ਨਾਲ ਨਹੀਂ ਸਿਮਰਦੀ...

ਘਟੁ *(ਘਟ)*	ਬਿਨਸੈ,	ਦੁਖੁ *(ਦੁੱਖ)*	ਅਗਲੋ,
ਸਰੀਰ, ਦੇਹ	ਬਿਨਸ ਜਾਂਦਾ	ਕਸ਼ਟ	ਬਹੁਤ

ਜਮੁ *(ਜਮ)*	ਪਕੜੈ	ਪਛੁਤਾਇ ॥੫॥
ਮੌਤ ਦਾ ਫਰਿਸ਼ਤਾ	ਫੜ ਲੈਂਦਾ	ਪਛਤਾਉਂਦਾ

...(ਨਾਮ-ਵਿਹੂਣੀ) ਦੇਹ ਬਿਨਸਦੀ ਹੈ ਤਾਂ ਬਹੁਤ ਤਕਲੀਫ਼ ਹੁੰਦੀ ਹੈ, (ਜਦੋਂ) ਮੌਤ ਦਾ ਫਰਿਸ਼ਤਾ ਫੜ ਕੇ ਲੈ ਜਾਂਦਾ ਹੈ, ਤਾਂ (ਪਿਛੋਂ ਫਿਰ) ਪਛਤਾਉਂਦਾ ਹੈ...

ਮੇਰੀ	ਮੇਰੀ	ਕਰਿ *(ਕਰ)*	ਗਏ,
ਆਪਣੀ	ਆਪਣੀ	ਕਰਕੇ	ਚਲੇ ਗਏ

ਤਨੁ *(ਤਨ)*	ਧਨੁ *(ਧਨ)*	ਕਲਤੁ *(ਕਲੱਤ)*	ਨ *(ਨਾਂ)*	ਸਾਥਿ *(ਸਾਥ)* ॥
ਸਰੀਰ	ਦੌਲਤ	ਪਤਨੀ	ਨਹੀ	ਸੰਗ, ਨਾਲ

...(ਜੀਵ ਹਰ ਚੀਜ਼ ਨੂੰ) ਮੇਰੀ ਮੇਰੀ ਕਰਦੇ (ਇਸ ਸੰਸਾਰ ਤੋਂ) ਟੁਰ ਗਏ, (ਪਰ) ਸਰੀਰ, ਧਨ-ਦੌਲਤ ਅਤੇ ਇੱਸਤ੍ਰੀ (ਵਿਚੋਂ ਕੋਈ ਵੀ ਉਨ੍ਹਾਂ ਦੇ) ਨਾਲ ਨਹੀਂ (ਨਿਭਿਆ)...

ਪੰਨਾ ੫੯

ਬਿਨੁ *(ਬਿਨ)*	ਨਾਵੈ, *(ਨਾਵੈਂ)*	ਧਨੁ *(ਧਨ)*	ਬਾਦਿ *(ਬਾਦ)*	ਹੈ,
ਬਿਨਾਂ	(ਪ੍ਰਭੂ) ਨਾਮ ਤੋਂ	ਦੌਲਤ	ਵਿਅਰਥ, ਫ਼ਜ਼ੂਲ	ਹੋਣ ਦੀ ਕ੍ਰਿਆ

ਭੂਲੋ	ਮਾਰਗਿ *(ਮਾਰਗ)*	ਆਥਿ *(ਆਥ)* ॥
ਭੁੱਲ ਜਾਂਦਾ	ਰਸਤੇ ਤੇ	ਮਾਇਆ

...(ਵਾਹਿਗੁਰੂ) ਨਾਮ ਦੇ (ਸਿਮਰਨ ਤੋਂ) ਬਿਨਾਂ, ਧਨ-ਪਦਾਰਥ ਆਦਿ ਸਭ ਵਿਅਰਥ ਹਨ, (ਜੀਵ) ਮਾਇਆ ਦੇ ਰਸਤੇ ਤੇ ਪੈਕੇ (ਸਾਹਿਬ ਦੇ ਮਾਰਗ ਤੋਂ) ਭਟਕ ਜਾਂਦਾ ਹੈ...

ਸਾਚਉ	ਸਾਹਿਬੁ *(ਸਾਹਿਬ)*	ਸੇਵੀਐ,
ਸਦਾ-ਸਥਿਰ	ਪਰਮਾਤਮਾ	ਟਹਿਲ ਕਰੀਏ, (ਭਾਵ) ਅਰਾਧੀਏ

ਗੁਰਮੁਖਿ *(ਗੁਰਮੁਖ)*	ਅਕਥੋ *(ਅਕੱਥੋ)*	ਕਾਥਿ *(ਕਾਥ)* ॥੬॥
ਸਤਿਗੁਰੂ ਦੀ	ਸਨਮੁੱਖਤਾ ਰਾਹੀਂ	ਅਕਹਿ ਨੂੰ ਕਥਨ ਕਰ

...(ਹੇ !ਭਾਈ!) ਸਦਾ-ਸਥਿਰ ਸਾਹਿਬ ਦੀ ਅਰਾਧਨਾ ਕਰਨੀ ਚਾਹੀਦੀ ਹੈ, (ਪਰ ਉਸ) ਅਕੱਥ ਦਾ ਕਥਨ, ਭਾਵ ਉਸ ਦੀ ਸਿਫ਼ਤ-ਸਲਾਹ ਤਾਂ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਹੀ ਕੀਤੀ ਜਾ ਸਕਦੀ ਹੈ...

ਆਵੈ	ਜਾਇ	ਭਵਾਈਐ,
ਆਉਂਦਾ	ਜਾਂਦਾ	ਭੁਆਏ ਜਾਂਦੇ

ਪਇਐ	ਕਿਰਤਿ *(ਕਿਰਤ)*	ਕਮਾਇ ॥
ਪਿਆ ਹੋਇਆ,ਅਧੀਨ	ਕਰਮਾਂ	ਕਮਾਉਂਦਾ,ਕਰਦਾ

...(ਜੀਵ ਆਪਣੇ ਪੂਰਬਲੇ ਸੰਸਕਾਰ ਵਿਚ) ਪਿਆ ਹੋਇਆ ਕਰਮ ਕਮਾਉਂਦਾ ਹੈ, ਅਤੇ ਇਸੇ ਅਧੀਨ ਫਿਰ (ਉਸ ਨੂੰ) ਆਉਣ-ਜਾਣ ਦੇ ਗੇੜ ਵਿਚ ਭੁਆਇਆ ਜਾਂਦਾ ਹੈ...

ਪੂਰਬਿ *(ਪੂਰਬ)*	ਲਿਖਿਆ,	ਕਿਉ *(ਕਿਉਂ)*	ਮੇਟੀਐ,
ਪੂਰਬਲਾ	ਅੰਕਿਤ ਹੋਇਆ	ਕਿਵੇਂ	ਮੇਟਿਆ ਜਾ ਸਕਦਾ

ਲਿਖਿਆ	ਲੇਖੁ *(ਲੇਖ)*	ਰਜਾਇ *(ਰਜ਼ਾਇ)* ॥
ਅੰਕਿਤ ਹੋਇਆ	ਲਿਖਤ,ਹਿਸਾਬ-ਕਿਤਾਬ	(ਪ੍ਰਭੂ) ਰਜ਼ਾ ਵਿਚ, ਹੁਕਮ ਵਿਚ

...ਪੂਰਬਲੇ (ਕਰਮਾਂ ਦਾ) ਲਿਖਿਆ ਹੋਇਆ (ਲੇਖਾ) ਕਿਵੇਂ ਮੇਟਿਆ ਜਾ ਸਕਦਾ ਹੈ? (ਭਾਵ ਨਹੀਂ ਮੇਟਿਆ ਜਾ ਸਕਦਾ, ਕਿਉਂਕਿ ਇਹ) ਲੇਖਾ ਤਾਂ (ਅਕਾਲ-ਪੁਰਖ) ਦੀ ਰਜ਼ਾ ਵਿਚ ਹੀ ਲਿਖਿਆ ਗਿਆ ਹੈ...

ਪੰਨਾ ੫੯

ਬਿਨੁ *(ਬਿਨ)*	**ਹਰਿ** *(ਹਰ)*	**ਨਾਮ**	**ਨ** *(ਨਾਂ)*	**ਛੂਟੀਐ,** *(ਛੁੱਟੀਐ)*
ਬਿਨਾਂ	ਹਰੀ	ਬੰਦਗੀ	ਨਹੀ	ਖ਼ਲਾਸੀ, ਮੁਕਤੀ

ਗੁਰਮਤਿ *(ਗੁਰਮੱਤ)*	**ਮਿਲੈ**	**ਮਿਲਾਇ ॥੭॥**
ਸਤਿਗੁਰੂ ਦੀ ਸਿੱਖਿਆ ਰਾਹੀਂ	ਮਿਲਦਾ	ਮਿਲਾ ਦਿੰਦਾ

...ਵਾਹਿਗੁਰੂ ਨਾਮ (ਦੇ ਸਿਮਰਨ) ਤੋਂ ਬਿਨਾਂ, (ਕਰਮਾਂ ਦੇ ਲੇਖੇ ਤੋਂ) ਖ਼ਲਾਸੀ ਨਹੀਂ ਹੋ ਸਕਦੀ, (ਪ੍ਰੰਤੂ ਇਹ ਨਾਮ), ਸਤਿਗੁਰੂ ਦੀ ਸਿੱਖਿਆ ਰਾਹੀਂ ਮਿਲਦਾ ਹੈ, (ਫ਼ਿਰ ਨਾਮ-ਸਿਮਰਨ ਜੀਵ ਨੂੰ) ਵਾਹਿਗੁਰੂ ਨਾਲ ਮਿਲਾ ਦਿੰਦਾ ਹੈ...

ਤਿਸੁ *(ਤਿਸ)*	**ਬਿਨੁ** *(ਬਿਨ)*	**ਮੇਰਾ**	**ਕੋ**	**ਨਹੀ,** *(ਨਹੀਂ)*
ਉਸ (ਪ੍ਰਭੂ)	ਬਿਨਾਂ	ਖ਼ੁਦ ਦਾ	ਕੋਈ	ਨਹੀਂ

ਜਿਸ	**ਕਾ**	**ਜੀਉ**	**ਪਰਾਨੁ** *(ਪਰਾਨ)* **॥**
ਜਿਹੜੇ	ਦਾ	ਜ਼ਿੰਦਗੀ	ਪ੍ਰਾਣ

...ਜਿਸ (ਪਰਮਾਤਮਾ ਦੀ ਬਖਸ਼ੀ ਹੋਈ ਇਹ) ਜ਼ਿੰਦਗੀ ਅਤੇ ਪ੍ਰਾਣ ਹਨ, ਉਸ ਤੋਂ ਬਿਨਾਂ ਮੇਰਾ (ਆਪਣਾ ਹੋਰ) ਕੋਈ ਵੀ ਨਹੀਂ ਹੈ...

ਹਉਮੈ *(ਹਉਮੈਂ)*	**ਮਮਤਾ**	**ਜਲਿ** *(ਜਲ)*	**ਬਲਉ,**
ਹੰਕਾਰ	ਅਪਣੱਤ, ਮੇਰਾਪਣ	ਜਲ	ਬਲ

ਲੋਭੁ *(ਲੋਭ)*	**ਜਲਉ**	**ਅਭਿਮਾਨੁ** *(ਅਭਿਮਾਨ)* **॥**
ਲਾਲਚ	ਜਲ ਜਾਵੇ	ਹੈਂਕੜ, ਘੁਮੰਡ, ਗ਼ੁਮਾਨ

...(ਹੇ! ਸਾਹਿਬ ਜੀ! ਮੇਰਾ) ਹੰਕਾਰ ਅਤੇ ਅਪਣੱਤ ਜਲ-ਬਲ ਜਾਏ, (ਮੇਰਾ) ਲਾਲਚ ਤੇ ਘੁਮੰਡ ਵੀ ਸੜ ਜਾਣ (ਜਿਨ੍ਹਾਂ ਕਾਰਨ ਮੈਂ ਨਾਮ-ਵਿਹੂਣਾ ਹੋ ਜਾਂਦਾ ਹਾਂ)...

ਨਾਨਕ,	**ਸਬਦੁ** *(ਸ਼ਬਦ)*	**ਵੀਚਾਰੀਐ,**
ਹੇ! ਨਾਨਕ	(ਗੁਰ) ਸ਼ਬਦ	ਵੀਚਾਰੀਏ

ਪਾਈਐ	**ਗੁਣੀ**	**ਨਿਧਾਨੁ** *(ਨਿਧਾਨ)* **॥੮॥੧੦॥**
ਪਾ ਲਈਦਾ	ਚੰਗਿਆਈਆਂ ਦੇ	ਖ਼ਜ਼ਾਨੇ

...ਹੇ! ਨਾਨਕ! ਸਤਿਗੁਰੂ ਸ਼ਬਦ ਦੀ ਵੀਚਾਰ ਕਰਨੀ ਚਾਹੀਦੀ ਹੈ, (ਇਸ ਨਾਲ) ਚੰਗਿਆਈਆਂ ਦੇ ਖ਼ਜ਼ਾਨੇ (ਪਰਮਾਤਮਾ) ਨੂੰ ਪ੍ਰਾਪਤ ਕਰ ਲਈਦਾ ਹੈ।

ਪੰਨਾ ੫੯-੬੦

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਰੇ	ਮਨ,	ਐਸੀ	ਹਰਿ *(ਹਰ)*	ਸਿਉ *(ਸਿਉਂ)*	ਪ੍ਰੀਤਿ *(ਪ੍ਰੀਤ)*	ਕਰਿ, *(ਕਰ)*
ਹੇ!	ਚਿੱਤ	ਇਹੋ ਜਿਹੀ	ਹਰੀ	ਨਾਲ, ਸੰਗ	ਪਿਆਰ	ਕਰ

ਜੈਸੀ	ਜਲ	ਕਮਲੇਹਿ *(ਕਮਲੇਹਿਂ)* ॥
ਜਿਸ ਤਰ੍ਹਾਂ ਦੀ	ਪਾਣੀ	ਕੰਵਲ ਵਿਚ

...ਹੇ! ਮਨਾਂ! ਪਰਮਾਤਮਾ ਨਾਲ ਇਹੋ ਜਿਹਾ ਪਿਆਰ ਕਰ, ਜਿਸ ਤਰ੍ਹਾਂ ਕੰਵਲ ਫੁੱਲ ਪਾਣੀ ਨਾਲ ਕਰਦਾ ਹੈ...

ਲਹਰੀ *(ਲਹਰੀਂ)*	ਨਾਲਿ *(ਨਾਲ)*	ਪਛਾੜੀਐ,
ਲਹਿਰਾਂ	ਨਾਲ, ਸੰਗ	ਹਟਾਇਆ ਜਾਂਦਾ, ਧੱਕੇ ਖਾਂਦਾ

ਭੀ	ਵਿਗਸੈ	ਅਸਨੇਹਿ *(ਅਸਨੇਹਿਂ)* ॥
ਫਿਰ ਵੀ	ਵਿਗਸਦਾ, ਖਿੜਦਾ	ਪਿਆਰ ਵਿਚ

...(ਕੰਵਲ ਫੁੱਲ ਪਾਣੀ ਦੀਆਂ) ਲਹਿਰਾਂ ਨਾਲ ਪਛਾੜਿਆ ਜਾਂਦਾ ਹੈ, ਭਾਵ ਧੱਕੇ ਖਾਂਦਾ ਰਹਿੰਦਾ ਹੈ, (ਪਰ ਫਿਰ ਵੀ ਪਾਣੀ ਨਾਲ ਆਪਣੀ ਪ੍ਰੀਤ ਕਰਕੇ ਧੱਕੇ ਖਾਂਦਾ ਹੋਇਆ ਵੀ, ਉਸ ਦੇ ਨਾਲ ਰਹਿੰਦਿਆਂ ਹੀ) ਪਿਆਰ ਵਿਚ ਖਿੜਦਾ ਹੈ...

ਜਲ	ਮਹਿ *(ਮਹਿਂ)*	ਜੀਅ	ਉਪਾਇ	ਕੈ,
ਪਾਣੀ	ਵਿਚ	ਜੀਵਨ	ਪੈਦਾ	ਕਰਕੇ

ਬਿਨੁ *(ਬਿਨ)*	ਜਲ	ਮਰਣੁ *(ਮਰਣ)*	ਤਿਨੇਹਿ *(ਤਿਨੇਹਿਂ)* ॥੧॥
ਬਿਨਾਂ	ਪਾਣੀ	ਮੌਤ	ਉਨ੍ਹਾਂ ਨੂੰ

...(ਵਾਹਿਗੁਰੂ) ਪਾਣੀ ਵਿਚ (ਕੌਲ ਫੁਲਾਂ ਦੀ) ਜ਼ਿੰਦਗੀ ਪੈਦਾ ਕਰਕੇ, (ਪਾਣੀ ਨਾਲ ਉਨ੍ਹਾਂ ਦੀ ਅਜਿਹੀ ਪ੍ਰੀਤ ਬਣਾਉਂਦਾ ਹੈ), ਕਿ ਬਿਨਾਂ ਜਲ ਦੇ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ...

ਮਨ	ਰੇ,	ਕਿਉ *(ਕਿਉਂ)*	ਛੂਟਹਿ *(ਛੂਟਹਿਂ)*	ਬਿਨੁ *(ਬਿਨ)*	ਪਿਆਰ ॥
ਚਿੱਤ	ਹੇ!	ਕਿਵੇਂ	ਛੁੱਟ/ਮੁਕਤ ਹੋ ਸਕਦਾ	ਬਗੈਰ	ਪ੍ਰੀਤ

...ਹੇ! ਮਨਾ! (ਪਰਮਾਤਮ) ਪਿਆਰ ਤੋਂ ਬਗੈਰ ਤੂੰ (ਮਾਇਆਵੀ ਵਿਕਾਰਾਂ ਤੋਂ) ਕਿਵੇਂ ਛੁੱਟ ਸਕਦਾ ਹੈਂ? ਭਾਵ ਨਹੀਂ ਛੁੱਟ ਸਕਦਾ...

ਪੰਨਾ ੬੦

ਗੁਰਮੁਖਿ *(ਗੁਰਮੁਖ)*	ਅੰਤਰਿ *(ਅੰਤਰ)*	ਰਵਿ *(ਰਵ)*	ਰਹਿਆ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਹਿਰਦੇ) ਅੰਦਰ	ਸਮਾਇਆ	ਰਹਿੰਦਾ

ਬਖਸੇ *(ਬਖਸ਼ੇ)*	ਭਗਤਿ *(ਭਗਤ)*	ਭੰਡਾਰ ॥੧॥	ਰਹਾਉ ॥
ਬਖ਼ਸ਼ ਦਿੰਦਾ	ਬੰਦਗੀ	ਖ਼ਜ਼ਾਨੇ	ਠਹਿਰਾਉ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਵਾਹਿਗੁਰੂ ਹਿਰਦੇ) ਅੰਦਰ ਸਮਾਇਆ ਰਹਿੰਦਾ ਹੈ, ਅਤੇ (ਆਪਣੀ) ਬੰਦਗੀ ਦੇ ਖ਼ਜ਼ਾਨੇ ਬਖਸ਼ ਦਿੰਦਾ ਹੈ...

ਰੇ ਮਨ,	ਐਸੀ	ਹਰਿ *(ਹਰ)*	ਸਿਉ *(ਸਿਉਂ)*	ਪ੍ਰੀਤਿ *(ਪ੍ਰੀਤ)*	ਕਰਿ, *(ਕਰ)*
ਹੇ ! ਚਿੱਤ !	ਇਸ ਤਰ੍ਹਾਂ ਦੀ	ਹਰੀ	ਨਾਲ, ਸੰਗ	ਪਿਆਰ	ਕਰ

ਜੈਸੀ	ਮਛੁਲੀ *(ਮਛਲੀ)*	ਨੀਰ ॥
ਜਿਸ ਤਰ੍ਹਾਂ ਦੀ	ਮੱਛੀ	ਜਲ, ਪਾਣੀ

...ਹੇ ! ਮਨਾ, ਵਾਹਿਗੁਰੂ ਨਾਲ ਇਸ ਤਰ੍ਹਾਂ ਦਾ ਪਿਆਰ ਕਰ, ਜਿਵੇਂ ਦਾ ਮੱਛੀ ਪਾਣੀ ਨਾਲ ਕਰਦੀ ਹੈ...

ਜਿਉ *(ਜਿਉਂ)*	ਅਧਿਕਉ,	ਤਿਉ *(ਤਿਉਂ)*	ਸੁਖੁ *(ਸੁੱਖ)*	ਘਣੋ,
ਜਿਵੇਂ	ਜ਼ਿਆਦਾ, ਬਹੁਤ	ਤਿਵੇਂ	ਅਨੰਦ, ਖੁਸ਼ੀ	ਬਹੁਤ

ਮਨਿ *(ਮਨ)*	ਤਨਿ *(ਤਨ)*	ਸਾਂਤਿ *(ਸ਼ਾਂਤ)*	ਸਰੀਰ *(ਸ਼ਰੀਰ)* ॥
ਚਿੱਤ ਵਿਚ	ਸਰੀਰ ਵਿਚ	ਚੈਨ, ਅਰਾਮ	ਦੇਹ

...ਜਿਉਂ ਜਿਉਂ (ਪਾਣੀ) ਜ਼ਿਆਦਾ ਹੁੰਦਾ ਹੈ, ਤਿਵੇਂ ਤਿਵੇਂ (ਮੱਛੀ ਦੇ) ਸਰੀਰ ਨੂੰ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ, ਉਸ ਦੇ ਮਨ, ਤਨ ਵਿਚ ਚੈਨ ਆ ਜਾਂਦਾ ਹੈ...

ਬਿਨੁ *(ਬਿਨ)*	ਜਲ,	ਘੜੀ	ਨ *(ਨਾਂ)*	ਜੀਵਈ,
ਬਿਨਾਂ	ਪਾਣੀ	ਖਿਨ, ਥੋੜ੍ਹਾ ਸਮਾਂ	ਨਹੀਂ	ਜਿਉਂਦੀ

ਪ੍ਰਭੁ *(ਪ੍ਰਭ)*	ਜਾਣੈ	ਅਭ	ਪੀਰ ॥੨॥
ਪਰਮਾਤਮਾ	ਜਾਣਦਾ	ਹਿਰਦੇ	ਪੀੜ, ਦਰਦ

...ਪਾਣੀ ਬਿਨਾਂ (ਮੱਛੀ) ਇਕ ਘੜੀ ਵੀ ਜਿਉਂਦੀ ਨਹੀਂ ਰਹਿ ਸਕਦੀ, ਉਸ ਦੇ ਹਿਰਦੇ ਦੇ ਦਰਦ ਨੂੰ ਕੇਵਲ ਵਾਹਿਗੁਰੂ ਹੀ ਸਮਝਦਾ ਹੈ...

ਪੰਨਾ ੬੦

ਰੇ ਮਨ,	ਐਸੀ	ਹਰਿ *(ਹਰ)*	ਸਿਉ *(ਸਿਉਂ)*	ਪ੍ਰੀਤਿ *(ਪ੍ਰੀਤ)*	ਕਰਿ, *(ਕਰ)*
ਹੇ! ਮਨਾ!	ਇਸ ਤਰ੍ਹਾਂ ਦੀ	ਹਰੀ	ਨਾਲ	ਪਿਆਰ	ਕਰ

ਜੈਸੀ	ਚਾਤ੍ਰਿਕ	ਮੇਹ *(ਮੇਂਹ)* ॥
ਜਿਸ ਤਰ੍ਹਾਂ ਦੀ	ਪਪੀਹਾ, ਸਾਰੰਗ	ਮੀਂਹ, ਬਾਰਸ਼

...ਹੇ! ਮਨਾ, ਹਰੀ ਨਾਲ ਇਵੇਂ ਦਾ ਪਿਆਰ ਕਰ, ਜਿਵੇਂ ਦਾ ਮੀਂਹ (ਭਾਵ ਸ੍ਵਾਂਤੀ ਬੂੰਦ) ਨਾਲ ਪਪੀਹੇ ਦਾ ਹੁੰਦਾ ਹੈ...

ਸਰ	ਭਰਿ *(ਭਰ)*	ਥਲ	ਹਰੀਆਵਲੇ,
ਤਲਾ	ਭਰੇ	ਧਰਤੀ	ਹਰੀ-ਭਰੀ

ਇਕ	ਬੂੰਦ	ਨ *(ਨਾਂ)*	ਪਵਈ	ਕੇਹ *(ਕੇਂਹ)* ॥
ਇੱਕੋ	ਕਣੀ	ਨਹੀਂ	ਪੈਂਦੀ	ਕੀ (ਲਾਭ)

...(ਸ੍ਵਾਂਤੀ ਨਛੱਤ੍ਰ ਵਿਚਲੇ ਮੀਂਹ ਦੀ ਬੂੰਦ ਲਈ ਤਰਸਦੇ ਚਾਤ੍ਰਿੱਕ ਦੇ ਮੂੰਹ ਵਿਚ, ਜੇਕਰ ਉਹ) ਇਕ ਬੂੰਦ ਨਹੀਂ ਪੈਂਦੀ (ਜਿਸ ਲਈ ਉਹ ਤਰਸ ਰਿਹਾ ਹੈ), ਤਾਂ ਧਰਤੀ ਭਾਵੇਂ (ਮੀਂਹ ਨਾਲ) ਹਰੀ-ਭਰੀ ਹੋਵੇ, ਅਤੇ ਤਲਾਅ ਆਦਿਕ ਪਾਣੀ ਨਾਲ ਭਰੇ ਪਏ ਹੋਣ, ਉਸ ਨੂੰ ਇਸ ਦਾ ਕੀ ਫ਼ਾਇਦਾ?...

ਕਰਮਿ *(ਕਰਮ)*	ਮਿਲੈ	ਸੋ	ਪਾਈਐ,
ਰਹਿਮਤ ਨਾਲ	ਪ੍ਰਾਪਤ ਹੋਵੇ	ਉਹ	ਪਾਈਦਾ ਹੈ

ਕਿਰਤੁ *(ਕਿਰਤ)*	ਪਇਆ	ਸਿਰਿ *(ਸਿਰ)*	ਦੇਹ ॥੩॥
ਕਰਮਾਂ ਦਾ ਲੇਖ	ਪਿਆ ਹੈ	ਸਿਰ	ਤਨ

...(ਪਰਮਾਤਮਾ ਦੀ) ਰਹਿਮਤ ਹੋ ਜਾਵੇ, ਤਾਂ ਹੀ ਉਹ (ਨਾਮ ਰੂਪੀ, ਸ੍ਵਾਂਤੀ ਬੂੰਦ) ਪਾਈਦੀ ਹੈ, (ਨਹੀਂ ਤਾਂ ਪੂਰਬਲੇ) ਕਰਮਾਂ ਦਾ ਪਿਆ ਹੋਇਆ ਲੇਖਾ, ਸਿਰ ਅਤੇ ਤਨ ਤੇ ਝਲਣਾ ਪੈਂਦਾ ਹੈ...

ਰੇ ਮਨ,	ਐਸੀ	ਹਰਿ *(ਹਰ)*	ਸਿਉ *(ਸਿਉਂ)*	ਪ੍ਰੀਤਿ *(ਪ੍ਰੀਤ)*	ਕਰਿ, *(ਕਰ)*
ਹੇ! ਮਨਾ!	ਇਸ ਤਰ੍ਹਾਂ ਦੀ	ਹਰੀ	ਨਾਲ, ਸੰਗ	ਪਿਆਰ	ਕਰ

ਜੈਸੀ	ਜਲ	ਦੁਧ *(ਦੁੱਧ)*	ਹੋਇ ॥
ਜਿਸ ਤਰ੍ਹਾਂ ਦੀ	ਪਾਣੀ	ਦੁੱਗਧ	ਹੁੰਦੀ

...ਹੇ! ਮਨਾ, ਹਰੀ ਨਾਲ ਇਸ ਤਰ੍ਹਾਂ ਦਾ ਪਿਆਰ ਕਰ ਜਿਵੇਂ ਪਾਣੀ ਦਾ ਦੁੱਧ ਨਾਲ ਹੁੰਦਾ ਹੈ...

ਪੰਨਾ ੬੦

ਆਵਟਣੁ *(ਆਵਟਣ)*	**ਆਪੇ**	**ਖਵੈ,**
ਹੰਘਾਲ, ਦੁੱਧ ਵਿਚ ਪਾਇਆ ਪਾਣੀ	ਖ਼ੁਦ	ਸਹਾਰਦਾ

ਦੁਧ *(ਦੁੱਧ)*	**ਕਉ**	**ਖਪਣਿ** *(ਖਪਣ)*	**ਨ** *(ਨਾਂ)*	**ਦੇਇ** *(ਦੇ)*॥
ਦੁੱਗਧ	ਨੂੰ	ਸੜਨ, ਨਸ਼ਟ ਹੋਣ	ਨਹੀਂ	ਦਿੰਦਾ

...ਦੁੱਧ ਵਿਚ ਪਾਇਆ ਹੰਘਾਲ, (ਉਬਾਲੇ ਦਾ ਸੇਕ) ਖ਼ੁਦ ਸਹਾਰਦਾ ਹੈ, ਪਰ ਦੁੱਧ ਨੂੰ ਸੜਨ ਨਹੀਂ ਦਿੰਦਾ...

ਆਪੇ	**ਮੇਲਿ** *(ਮੇਲ)*	**ਵਿਛੁੰਨਿਆ,** *(ਵਿਛੁੰਨਿਆਂ)*
ਖ਼ੁਦ	ਮੇਲ ਲੈਂਦਾ	ਵਿਛੜਿਆਂ ਨੂੰ

ਸਚਿ *(ਸੱਚ)*	**ਵਡਿਆਈ**	**ਦੇਇ** *(ਦੇ)*॥੪॥
ਸਦਾ-ਸਥਿਰ (ਨਾਮ) ਰਾਹੀਂ	ਇੱਜ਼ਤ, ਮਾਣ	ਦੇ ਦਿੰਦਾ

...(ਇਸ ਤਰ੍ਹਾਂ ਦੀ ਪ੍ਰੀਤ ਕਰਨ ਨਾਲ ਵਾਹਿਗੁਰੂ) ਵਿੱਛੜਿਆਂ ਹੋਇਆਂ ਨੂੰ, ਸਦਾ-ਸਥਿਰ (ਨਾਮ ਦੀ ਬਖਸ਼ਿਸ਼) ਰਾਹੀਂ (ਆਪਣੇ ਨਾਲ) ਮੇਲਕੇ ਮਾਣ, ਵਡਿਆਈਆਂ ਪ੍ਰਦਾਨ ਕਰਦਾ ਹੈ...

ਰੇ ਮਨ,	**ਐਸੀ**	**ਹਰਿ** *(ਹਰ)*	**ਸਿਉ** *(ਸਿਉਂ)*	**ਪ੍ਰੀਤਿ** *(ਪ੍ਰੀਤ)*	**ਕਰਿ,** *(ਕਰ)*
ਹੇ! ਮਨਾ!	ਇਸ ਤਰ੍ਹਾਂ ਦੀ	ਹਰੀ	ਨਾਲ	ਪਿਆਰ	ਕਰ

ਜੈਸੀ	**ਚਕਵੀ**	**ਸੂਰ** ॥
ਜਿਸ ਤਰ੍ਹਾਂ ਦੀ	ਇੱਕ ਪੰਛੀ, ਜਿਸ ਦਾ ਸੂਰਜ ਨਾਲ ਪਿਆਰ ਹੁੰਦਾ ਹੈ	ਸੂਰਜ

...ਹੇ! ਮਨਾ! ਰੱਬ ਨਾਲ ਇਸ ਤਰ੍ਹਾਂ ਦੀ ਪ੍ਰੀਤ ਕਰ, ਜਿਵੇਂ ਦੀ ਚਕਵੀ ਦੀ ਸੂਰਜ ਨਾਲ ਹੁੰਦੀ ਹੈ...

ਖਿਨੁ *(ਖਿਨ)*	**ਪਲੁ** *(ਪਲ)*	**ਨੀਦ** *(ਨੀਂਦ)*	**ਨ** *(ਨਾਂ)*	**ਸੋਵਈ,**
ਖਿਨ ਮਾਤਰ	ਛਿਨ	ਨੀਂਦਰ ਵਿਚ	ਨਹੀਂ	ਸੌਂਦੀ

ਜਾਣੈ	**ਦੂਰਿ,** *(ਦੂਰ)*	**ਹਜੂਰਿ** *(ਹਜ਼ੂਰ)* ॥
ਸਮਝਦੀ	ਦੂਰ ਨੂੰ	ਹਜ਼ੂਰੀ ਵਿਚ, ਪਾਸ ਹੀ

...(ਚਕਵੀ ਆਪਣੇ ਪਿਆਰ ਵਿਚ) ਇਕ ਖਿਨ ਪਲ ਲਈ ਵੀ ਨੀਂਦ ਵਿਚ ਸੌਂਦੀ ਨਹੀਂ, ਉਹ ਦੂਰ-ਦੁਰਾਡੇ (ਛਿਪ ਗਏ ਸੂਰਜ ਨੂੰ ਵੀ ਆਪਣੇ) ਪਾਸ ਹੀ ਸਮਝਦੀ ਹੈ...

ਮਨਮੁਖਿ *(ਮਨਮੁੱਖ)*	**ਸੋਝੀ**	**ਨਾ** *(ਨਾਂ)*	**ਪਵੈ,**
ਮਨ ਦੇ ਮਗਰ ਲਗਣ ਵਾਲਿਆਂ	ਸਮਝ, ਗਿਆਨ	ਨਹੀਂ	ਹੁੰਦਾ

ਪੰਨਾ ੬੦

ਗੁਰਮੁਖਿ(ਗੁਰਮੁਖ)	**ਸਦਾ**	**ਹਜੂਰਿ**(ਹਜ਼ੂਰ) ॥੫॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹਮੇਸ਼ਾਂ	ਪਾਸ, ਅੰਗ ਸੰਗ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਅਕਾਲ ਪੁਰਖ) ਸਦਾ ਹਾਜ਼ਰਾ-ਹਜ਼ੂਰ, ਭਾਵ ਅੰਗ ਸੰਗ ਹੁੰਦਾ ਹੈ, ਪਰ ਮਨ ਦੇ ਮਗਰ ਲੱਗਣ ਵਾਲਿਆਂ ਨੂੰ ਇਸ ਗਲ ਦੀ ਸਮਝ ਨਹੀਂ ਲਗਦੀ...

ਮਨਮੁਖਿ(ਮਨਮੁਖ)	**ਗਣਤ**	**ਗਣਾਵਣੀ,**
ਮਨ ਦੇ ਮਗਰ ਲੱਗਣ ਵਾਲੇ	ਗਿਣਤੀਆਂ-ਮਿਣਤੀਆਂ	ਗਿਣਦੇ ਰਹਿੰਦੇ

ਕਰਤਾ	**ਕਰੇ**	**ਸੁ**	**ਹੋਇ** ॥
ਕਰਤਾ-ਪੁਰਖ	ਕਰਦਾ	ਉਹੀ	ਹੁੰਦਾ ਹੈ

...ਮਨ ਦੇ ਮਗਰ ਲਗਣ ਵਾਲੇ ਤਾਂ (ਸੰਸਾਰਿਕ) ਗਿਣਤੀਆਂ ਮਿਣਤੀਆਂ ਹੀ ਗਿਣਦੇ ਰਹਿੰਦੇ ਹਨ, (ਪਰ) ਹੁੰਦਾ ਉਹੀ ਹੈ ਜੋ ਕਰਤਾ-ਪੁਰਖ ਕਰਦਾ ਹੈ...

ਤਾ(ਤਾਂ)	**ਕੀ**	**ਕੀਮਤਿ**(ਕੀਮਤ)	**ਨਾ**(ਨਾਂ)	**ਪਵੈ,**
ਉਸ	ਦੀ	ਕੀਮਤ, ਮੁਲ	ਨਹੀਂ	ਪੈਂਦੀ

ਜੇ	**ਲੋਚੈ**	**ਸਭੁ**(ਸਭ)	**ਕੋਇ** ॥
ਜੇਕਰ	ਇੱਛਾ ਕਰਨ, ਚਾਹੁਣ	ਸਾਰੇ	ਕੋਈ

...ਜੇਕਰ (ਸੰਸਾਰ ਦੇ) ਸਾਰੇ ਜਣੇ ਵੀ ਚਾਹੁਣ, ਤਾਂ ਵੀ ਉਸ (ਅਕਾਲ-ਪੁਰਖ) ਦੀ ਕੀਮਤ ਨਹੀਂ ਪੈ ਸਕਦੀ...

ਗੁਰਮਤਿ(ਗੁਰਮੱਤ)	**ਹੋਇ**	**ਤ**(ਤਾਂ)	**ਪਾਈਐ,**
ਸਤਿਗੁਰੂ ਦੀ ਮੱਤ	ਹੋਵੇ	ਤਦ	ਪਾਈਦਾ ਹੈ

ਸਚਿ(ਸੱਚ)	**ਮਿਲੈ**	**ਸੁਖੁ**(ਸੁੱਖ)	**ਹੋਇ** ॥੬॥
ਸਦਾ-ਸਥਿਰ(ਪ੍ਰਭੂ)	ਮਿਲਣ ਨਾਲ	ਅਨੰਦ	ਹੁੰਦਾ ਹੈ

...(ਹਾਂ ਜੇ) ਸਤਿਗੁਰੂ ਦੀ ਮੱਤ ਹੋਵੇ, ਭਾਵ ਮੱਤ ਆ ਜਾਵੇ, ਤਦ (ਇਹ ਸੋਝੀ) ਪਾਈਦੀ ਹੈ, ਅਤੇ ਫਿਰ ਸਦਾ-ਸਥਿਰ (ਪ੍ਰਭੂ) ਦੇ ਮਿਲਾਪ ਨਾਲ (ਆਤਮਿਕ) ਅਨੰਦ ਪ੍ਰਾਪਤ ਹੁੰਦਾ ਹੈ...

ਸਚਾ(ਸੱਚਾ)	**ਨੇਹੁ**(ਨੇਂਹ)	**ਨ**(ਨਾਂ)	**ਤੁਟਈ,**
ਸਤਿ, ਨਾ ਟੁੱਟਣ ਵਾਲਾ	ਪਿਆਰ, ਸਨੇਹ	ਨਹੀਂ	ਟੁੱਟਦਾ

ਪੰਨਾ ੬੦

ਜੇ	ਸਤਿਗੁਰੁ *(ਸਤਿਗੁਰ)*	ਭੇਟੈ	ਸੋਇ ॥
ਜੇਕਰ	ਸੱਤ-ਸਰੂਪ ਗੁਰੂ	ਮਿਲਾ ਦੇਵੇ ਉਸ	(ਪ੍ਰਭੂ) ਨਾਲ

...ਜੇਕਰ (ਪਰਮਾਤਮ-ਮਿਲਾਪ ਕਰਾਉਣ ਵਾਲਾ) ਸਤਿਗੁਰੂ, ਉਸ ਵਾਹਿਗੁਰੂ ਨਾਲ ਭੇਟ ਕਰਾ ਦੇਵੇ, ਭਾਵ ਮਿਲਾ ਦੇਵੇ (ਤਾਂ ਫਿਰ ਪ੍ਰੀਤਮ ਦਾ) ਸੱਚਾ ਪਿਆਰ ਕਦੀ ਟੁੱਟਦਾ ਨਹੀਂ...

ਗਿਆਨ	ਪਦਾਰਥੁ *(ਪਦਾਰਥ)*	ਪਾਈਐ,
(ਪਰਮਾਤਮ) ਸੋਝੀ	ਵਸਤੂ	ਪਾ ਲਈਏ

ਤ੍ਰਿਭਵਣ	ਸੋਝੀ	ਹੋਇ ॥
ਤਿੰਨਾਂ ਲੋਕਾਂ	ਗਿਆਨ	ਹੋ ਜਾਂਦਾ

...(ਇਸ ਪ੍ਰੀਤ ਵਿਚੋਂ ਪਰਮਾਤਮ) ਗਿਆਨ ਰੂਪੀ ਪਦਾਰਥ ਪਾ ਲਈਦਾ ਹੈ, ਜਿਸ ਨਾਲ ਤਿੰਨਾ ਭਵਣਾਂ (ਅਕਾਸ਼,ਪਤਾਲ ਤੇ ਧਰਤੀ) ਦੀ ਸੋਝੀ ਹੋ ਜਾਂਦੀ ਹੈ...

ਨਿਰਮਲੁ *(ਨਿਰਮਲ)*	ਨਾਮੁ *(ਨਾਮ)*	ਨ *(ਨਾਂ)*	ਵੀਸਰੈ,
ਪਵਿੱਤਰ	(ਪ੍ਰਭੂ)ਨਾਮ	ਨਹੀਂ	ਵਿਸਰਦਾ,ਭੁਲਦਾ

ਜੇ	ਗੁਣ	ਕਾ	ਗਾਹਕੁ *(ਗਾਹਕ)*	ਹੋਇ ॥੭॥
ਜੇਕਰ	ਚੰਗਿਆਈਆਂ	ਦਾ	ਖ਼ਰੀਦਦਾਰ	ਹੋਵੇ

...ਜੇਕਰ (ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਇਨਸਾਨ ਪ੍ਰਭੂ) ਗੁਣਾਂ ਦਾ ਖ਼ਰੀਦਦਾਰ ਹੋ ਜਾਵੇ, (ਤਾਂ ਉਸ ਨੂੰ ਕਦੀ ਵੀ ਵਾਹਿਗੁਰੂ ਦਾ) ਪਵਿੱਤਰ ਨਾਮ ਨਹੀਂ ਵਿਸਰਦਾ...

ਖੇਲਿ *(ਖੇਲ)*	ਗਏ	ਸੇ	ਪੰਖਣੂੰ,
ਖੇਡ ਕੇ	ਟੁਰ ਗਏ	ਉਹ	ਪੰਛੀ, ਪੰਖੇਰੂ

ਜੋ	ਚੁਗਦੇ	ਸਰ	ਤਲਿ *(ਤਲ)* ॥
ਜਿਹੜੇ	ਚੁਣਦੇ,ਚੁੰਝ ਨਾਲ ਚੁਗਕੇ ਖਾਂਦੇ	ਸਰੋਵਰ, ਛੱਪੜ	ਥਾਂ, ਜਗ੍ਹਾ

...ਜਿਹੜੇ (ਜੀਵ ਰੂਪੀ) ਪੰਛੀ (ਇਸ ਸੰਸਾਰ) ਸਰੋਵਰ ਉਪਰ, (ਚੋਗ) ਚੁਗਦੇ ਸਨ, (ਉਹ) ਆਪੋ ਆਪਣੀ (ਜੀਵਨ ਦੀ ਖੇਡ) ਖੇਡਕੇ (ਜਹਾਨ ਤੋਂ) ਟੁਰ ਗਏ...

ਘੜੀ	ਕਿ	ਮੁਹਤਿ *(ਮੁਹਤ)*	ਕਿ	ਚਲਣਾ,
ਪਲ	ਜਾਂ	ਛਿਨ	ਕੇ	ਟੁਰ ਜਾਣਾ

ਪੰਨਾ ੬੦

ਖੇਲਣੁ *(ਖੇਲਣ)*	ਅਜੁ *(ਅੱਜ)*	ਕਿ	ਕਲਿ *(ਕਲ੍ਹ)* ॥
ਖੇਡ	ਅੱਜ	ਜਾਂ	ਕਲ

...(ਮਨੁੱਖੀ ਜੀਵਨ ਦੀ ਇਹ) ਖੇਡ ਅੱਜ ਜਾਂ ਕਲ ਵਿਚ (ਸਮਾਪਤ ਹੋ ਜਾਣੀ ਹੈ, ਜੀਵ ਨੇ) ਖਿਨ ਪਲ ਵਿਚ ਹੀ (ਇਸ ਦੇ ਮੁੱਕ ਜਾਣ ਨਾਲ) ਟੁਰ ਜਾਣਾ ਹੈ...

ਜਿਸੁ *(ਜਿਸ)*	ਤੂੰ	ਮੇਲਹਿ *(ਮੇਲਹਿਂ)*	ਸੋ	ਮਿਲੈ,
ਜਿਸ ਨੂੰ	ਤੁਸੀਂ	ਮੇਲ ਲਵੇਂ	ਉਹ	ਮਿਲ ਜਾਂਦਾ

ਜਾਇ	ਸਚਾ	ਪਿੜੁ *(ਪਿੜ)*	ਮਲਿ *(ਮਲ)* ॥੮॥
ਜਾਕੇ	ਸਦਾ-ਸਥਿਰ	ਅਖਾੜਾ	ਮੱਲ ਲੈਂਦਾ

...(ਸਾਹਿਬ ਜੀ!) ਜਿਸ ਨੂੰ ਤੁਸੀਂ (ਆਪ) ਮਿਲਾਉਂਦੇ ਹੋ, (ਉਹੀ ਤੁਹਾਡੇ ਵਿਚ) ਮਿਲਦਾ ਹੈ, ਅਭੇਦ ਹੋ ਜਾਂਦਾ ਹੈ, ਅਤੇ (ਰੱਬੀ ਦਰਗਾਹੇ) ਜਾਕੇ, ਸਦੀਵ-ਸਥਿਰ ਅਸਥਾਨ ਪ੍ਰਾਪਤ ਕਰ ਲੈਂਦਾ ਹੈ...

ਬਿਨੁ *(ਬਿਨ)*	ਗੁਰ	ਪ੍ਰੀਤਿ *(ਪ੍ਰੀਤ)*	ਨ *(ਨਾਂ)*	ਊਪਜੈ,
ਬਗੈਰ	ਸਤਿਗੁਰੂ	ਪਿਆਰ	ਨਹੀਂ	ਪੈਦਾ ਹੁੰਦਾ

ਹਉਮੈ	ਮੈਲੁ *(ਮੈਲ)*	ਨ *(ਨਾਂ)*	ਜਾਇ ॥
ਹੰਕਾਰ	ਗੰਦਗੀ	ਨਹੀਂ	ਜਾਂਦੀ, ਦੂਰ ਹੁੰਦੀ

...ਸਤਿਗੁਰੂ ਬਿਨਾਂ (ਪ੍ਰਭੂ) ਪ੍ਰੀਤ ਪੈਦਾ ਨਹੀਂ ਹੁੰਦੀ, ਅਤੇ ਨਾਹੀਂ ਹੰਕਾਰ ਦੀ ਗੰਦਗੀ ਦੂਰ ਹੁੰਦੀ ਹੈ...

ਸੋਹੰ	ਆਪੁ *(ਆਪ)*	ਪਛਾਣੀਐ,
ਉਹ ਮੈਂ ਹਾਂ	(ਆਪਣੇ) ਆਪ	ਪਹਿਚਾਣ ਲਈਦਾ

ਸਬਦਿ *(ਸ਼ਬਦ)*	ਭੇਦਿ *(ਭੇਦ)*	ਪਤੀਆਇ ॥
(ਗੁਰ) ਸ਼ਬਦ ਦੁਆਰਾ	ਵਿੰਨ੍ਹਣ ਰਾਹੀਂ	ਪਤੀਜਦਾ, ਤਸੱਲੀ ਹੋ ਜਾਂਦੀ ਹੈ

...(ਸਤਿਗੁਰੂ) ਸ਼ਬਦ ਦੁਆਰਾ (ਜਦੋਂ ਹਿਰਦਾ) ਵਿਨ੍ਹਿਆ ਜਾਂਦਾ ਹੈ, ਤਾਂ (ਧਰਮ-ਸਾਧਕ ਦੀ) ਨਿਸ਼ਾ ਹੋ ਜਾਂਦੀ ਹੈ, ਅਤੇ ਮੈਂ ਉਹੀ ਹਾਂ (ਦੀ ਅਵਸਥਾ ਭਾਵ ਪਰਮਾਤਮ-ਅਭੇਦਤਾ ਵਿਚ ਉਸਨੂੰ) ਆਪਣੇ ਆਪੇ ਦੀ ਪਹਿਚਾਣ ਹੋ ਜਾਂਦੀ ਹੈ...

ਗੁਰਮੁਖਿ, *(ਗੁਰਮੁਖ)*	ਆਪੁ *(ਆਪ)*	ਪਛਾਣੀਐ, *(ਪਛਾਣੀਐਂ)*
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਆਪਣੇ) ਆਪੇ	ਪਹਿਚਾਣੀਦਾ

ਪੰਨਾ ੬੦

ਅਵਰ	ਕਿ	ਕਰੇ	ਕਰਾਇ ॥੯॥
ਹੋਰ	ਕੀ	ਕਰਨਾ	ਕਰਾਉਣਾ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਆਪਣੇ) ਆਪੇ ਦੀ ਪਹਿਚਾਣ ਹੋ ਜਾਂਦੀ ਹੈ, ਫਿਰ ਹੋਰ ਕੀ ਕਰਨਾ ਕਰਾਉਣਾ ਬਾਕੀ ਰਹਿ ਜਾਂਦਾ ਹੈ...

ਮਿਲਿਆ *(ਮਿਲਿਆਂ)*	ਕਾ	ਕਿਆ	ਮੇਲੀਐ,
ਮਿਲੇ ਹੋਇਆਂ, ਅਭੇਦ ਹੋਇਆਂ	ਦਾ	ਕੀ	ਮਿਲਾਉਣਾ

ਸਬਦਿ *(ਸ਼ਬਦ)*	ਮਿਲੇ	ਪਤੀਆਇ ॥
(ਗੁਰ) ਸ਼ਬਦ ਦੁਆਰਾ	ਮਿਲਣ ਨਾਲ	ਪਤੀਜ ਗਏ, ਤਸੱਲੀ ਹੋ ਗਈ

...(ਜਿਹੜੇ ਸਤਿਗੁਰੂ) ਸ਼ਬਦ ਦੁਆਰਾ (ਵਾਹਿਗੁਰੂ) ਨਾਲ ਮਿਲਣ ਕਰਕੇ ਪਤੀਜ ਗਏ ਹਨ, ਭਾਵ ਉਨ੍ਹਾਂ ਦੀ ਤਸੱਲੀ ਹੋ ਗਈ ਹੈ, ਉਨ੍ਹਾਂ ਮਿਲਿਆਂ ਹੋਇਆਂ ਦਾ ਹੋਰ ਕੀ ਮਿਲਾਉਣਾ ਹੈ?...

ਮਨਮੁਖਿ, *(ਮਨਮੁੱਖ)*	ਸੋਝੀ	ਨਾ *(ਨਾਂ)*	ਪਵੈ,
ਮਨ ਦੇ ਮਗਰ ਲਗਣ ਰਾਹੀਂ	ਸਮਝ	ਨਹੀਂ	ਪੈਂਦੀ

ਵੀਛੁੜਿ *(ਵੀਛੁੜ)*	ਚੋਟਾ *(ਚੋਟਾਂ)*	ਖਾਇ ॥
ਵਿੱਛੜ ਕੇ	ਸੱਟਾਂ	ਖਾਂਦੇ

...(ਪ੍ਰੰਤੂ) ਮਨ ਦੇ ਮਗਰ ਲਗਣ ਵਾਲਿਆਂ ਨੂੰ (ਇਸ ਪਰਮਾਤਮ-ਸੱਚ ਦੀ) ਸਮਝ ਨਹੀਂ ਆਉਂਦੀ, (ਉਹ ਪ੍ਰਭੂ ਤੋਂ) ਵਿਛੜ ਕੇ (ਮਾਇਆਵੀ ਵਿਕਾਰਾਂ ਦੀਆਂ) ਸੱਟਾਂ ਹੀ ਖਾਂਦੇ ਰਹਿੰਦੇ ਹਨ...

ਨਾਨਕ,	ਦਰੁ *(ਦਰ)*	ਘਰੁ *(ਘਰ)*	ਏਕੁ *(ਏਕ)*	ਹੈ,
ਹੇ ! ਨਾਨਕ !	ਦੁਆਰ	ਨਿਵਾਸ	ਇੱਕੋ	ਹੋਣ ਦੀ ਕ੍ਰਿਆ

ਅਵਰੁ *(ਅਵਰ)*	ਨ *(ਨਾਂ)*	ਦੂਜੀ	ਜਾਇ ॥੧੦॥੧੧॥
ਹੋਰ	ਨਹੀਂ	ਦੂਸਰੀ	ਥਾਂ, ਜਗ੍ਹਾ

...ਹੇ! ਨਾਨਕ! (ਮਿਲਾਪ ਲਈ ਕੇਵਲ ਤੇ ਕੇਵਲ) ਇੱਕੋ ਹੀ (ਰੱਬ ਦਾ ਟਿਕਾਣਾ, ਭਾਵ) ਦਰ-ਘਰ ਹੀ ਹੈ, ਹੋਰ ਦੂਸਰੀ ਕੋਈ ਥਾਂ ਨਹੀਂ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਪੰਨਾ ੬੦

ਮਨਮੁਖਿ *(ਮਨਮੁੱਖ)*	**ਭੂਲੈ**	**ਭੁਲਾਈਐ,**
ਮਨ ਦੇ ਮਗਰ ਲਗਣ ਵਾਲੇ	ਭੁੱਲ ਜਾਂਦੇ	ਭੁਲਾਉਣ ਨਾਲ

ਭੂਲੀ	**ਠਉਰ**	**ਨ** *(ਨਾਂ)*	**ਕਾਇ ॥**
ਭੁੱਲੀ ਹੋਈ	ਟਿਕਾਣਾ, ਥਾਂ	ਨਹੀਂ	ਕੋਈ

...ਮਨ ਦੇ ਮਗਰ ਲਗਣ ਵਾਲੀ (ਜੀਵ-ਰੂਪ ਇਸਤ੍ਰੀ, ਮਾਇਆਵੀ ਵਿਕਾਰਾਂ ਵਲੋਂ) ਭੁਲਾਉਣ ਕਰਕੇ (ਪਰਮਾਤਮ-ਮਾਰਗ ਨੂੰ) ਭੁੱਲ ਜਾਂਦੀ ਹੈ, ਤੇ ਭੁੱਲੀ-ਭਟਕੀ ਨੂੰ ਫਿਰ ਕੋਈ ਥਾਂ-ਟਿਕਾਣਾ ਨਹੀਂ ਮਿਲਦਾ...

ਗੁਰ	**ਬਿਨੁ** *(ਬਿਨ)*	**ਕੋ**	**ਨ** *(ਨਾਂ)*	**ਦਿਖਾਵਈ,**
ਸਤਿਗੁਰੂ	ਬਿਨਾਂ	ਕੋਈ	ਨਹੀਂ	ਦਿਖਾਉਂਦਾ

ਅੰਧੀ	**ਆਵੈ**	**ਜਾਇ ॥**
ਅੰਨ੍ਹੀ	ਆਉਂਦੀ	ਜਾਂਦੀ

...ਸਤਿਗੁਰੂ ਬਿਨਾਂ ਕੋਈ ਵੀ (ਰੱਬ ਦਾ ਰਾਹ) ਨਹੀਂ ਦਿਖਾਉਂਦਾ, (ਪਰਮਾਤਮ ਗਿਆਨ ਵਲੋਂ) ਅੰਨ੍ਹੀ ਹੋਈ ਲੋਕਾਈ (ਸੰਸਾਰ ਦੇ) ਆਵਾ-ਗਵਣ ਵਿਚ ਹੀ (ਉਲਝੀ ਰਹਿੰਦੀ ਹੈ)...

ਗਿਆਨ	**ਪਦਾਰਥੁ** *(ਪਦਾਰਥ)*	**ਖੋਇਆ,**
(ਈਸ਼ਵਰੀ) ਸਮਝ	ਵਸਤੂ	ਗੁਆ ਲਿਆ

ਠਗਿਆ *(ਠੱਗਿਆ)*	**ਮੁਠਾ**	**ਜਾਇ ॥੧॥**
ਲੁਟਿਆ	ਠੱਗਿਆ	ਟੁਰ ਜਾਂਦਾ

...(ਈਸ਼ਵਰੀ) ਗਿਆਨ (ਰੂਪੀ ਅਮੋਲਕ) ਪਦਾਰਥ ਨੂੰ ਗੁਆ ਕੇ, (ਜੀਵ) ਲੁੱਟਿਆ-ਪੁੱਟਿਆ ਹੋਇਆ (ਸੰਸਾਰ ਤੋਂ) ਚਲਾ ਜਾਂਦਾ ਹੈ...

ਬਾਬਾ,	**ਮਾਇਆ**	**ਭਰਮਿ** *(ਭਰਮ)*	**ਭੁਲਾਇ ॥**
ਹੇ! ਬਾਬਾ !	ਧਨ, ਦੌਲਤ	ਭੁਲੇਖੇ ਦੁਆਰਾ	ਭੁਲਾ/ਭਟਕਾ ਦਿੰਦੀ ਹੈ

...ਹੇ! ਬਾਬਾ! ਮਾਇਆ (ਜੀਵ ਨੂੰ) ਭਰਮ-ਭੁਲੇਖੇ ਵਿਚ (ਉਲਝਾ ਕੇ, ਪ੍ਰਭੂ ਮਾਰਗ ਵਲੋਂ) ਭਟਕਾ ਦਿੰਦੀ ਹੈ...

ਭਰਮਿ *(ਭਰਮ)*	**ਭੂਲੀ**	**ਡੋਹਾਗਣੀ,**
ਭਰਮ ਵਿਚ	ਭਟਕੀ	ਛੁੱਟੜ, ਪਤੀ ਵਲੋਂ ਬੇਮੁੱਖ

ਪੰਨਾ ੬੦-੬੧

ਨਾ *(ਨਾਂ)*	ਪਿਰ	ਅੰਕਿ *(ਅੰਕ)*	ਸਮਾਇ ॥੧॥	ਰਹਾਉ ॥
ਨਹੀਂ	ਪਤੀ	ਅੰਕ/ਗੋਦ ਵਿਚ	ਲੀਨ, ਅਭੇਦ	ਠਹਿਰਾਉ

...(ਮਾਇਆ ਦੇ) ਭਰਮ-ਭੁਲੇਖੇ ਵਿਚ ਭਟਕੀ ਹੋਈ ਦੁਹਾਗਣ (ਜੀਵ-ਇਸਤ੍ਰੀ, ਆਪਣੇ ਪ੍ਰਭੂ) ਪ੍ਰੀਤਮ ਦੀ ਗੋਦ ਵਿਚ ਸਮਾ ਨਹੀਂ ਸਕਦੀ...

ਭੂਲੀ	ਫਿਰੈ	ਦਿਸੰਤਰੀ, *(ਦਿਸੰਤਰੀਂ)*
ਭੁੱਲੀ ਹੋਈ	ਭਾਉਂਦੀ, ਫਿਰਦੀ	ਪਰਦੇਸੀਂ

ਭੂਲੀ	ਗ੍ਰਿਹੁ *(ਗ੍ਰਿਹ)*	ਤਜਿ *(ਤਜ)*	ਜਾਇ ॥
ਭੁੱਲੀ ਹੋਈ	ਘਰ	ਛੱਡ ਕੇ	ਚਲੀ ਜਾਂਦੀ

...ਭੁੱਲੀ-ਭਟਕੀ (ਜੀਵ-ਇਸਤ੍ਰੀ ਆਪਣੀ) ਘਰ-ਗ੍ਰਹਿਸਤੀ ਨੂੰ ਛੱਡਕੇ, ਦੇਸਾਂ-ਪ੍ਰਦੇਸਾਂ ਵਿਚ ਭਾਉਂਦੀ-ਭਟਕਦੀ ਫਿਰਦੀ ਹੈ...

ਭੂਲੀ	ਡੂੰਗਰਿ *(ਡੂੰਗਰ)*	ਥਲਿ *(ਥਲ)*	ਚੜੈ, *(ਚੜ੍ਹੈ)*
ਭੁੱਲੀ ਹੋਈ	ਪਰਬਤਾਂ	ਧਰਤੀ/ਥਲਾਂ ਉਤੇ	ਚੜ੍ਹਦਾ

ਭਰਮੈ	ਮਨੁ *(ਮਨ)*	ਡੋਲਾਇ ॥
ਭਰਮ-ਭੁਲੇਖੇ	ਚਿੱਤੁ	ਡੋਲਦਾ ਹੋਇਆ

...ਭੁੱਲੀ ਹੋਈ (ਜੀਵ-ਇਸਤ੍ਰੀ ਦਾ) ਮਨ, ਭਰਮਾਂ-ਭੁਲੇਖਿਆਂ ਵਿਚ ਡੋਲਿਆ ਹੋਇਆ, (ਰਾਹੋਂ ਕੁਰਾਹੇ ਪੈਕੇ), ਕਦੇ ਪਰਬਤੀਂ ਜਾ ਚੜ੍ਹਦ ਹੈ, ਅਤੇ ਕਦੀ ਥਲਾਂ ਵਿਚ ਭਰਮਦਾ ਰਹਿੰਦਾ ਹੈ...

ਧੁਰਹੁ *(ਧੁਰਹੁੰ)*	ਵਿਛੁੰਨੀ	ਕਿਉ *(ਕਿਉਂ)*	ਮਿਲੈ,
ਧੁਰ ਤੋਂ, ਰੱਬੀ ਦਰਗਾਹੋਂ	ਵਿਛੜੀ ਹੋਈ	ਕਿਵੇਂ	ਮਿਲੇ

ਗਰਬਿ *(ਗਰਬ)*	ਮੁਠੀ	ਬਿਲਲਾਇ ॥੨॥
ਹੰਕਾਰ ਵਿਚ	ਠੱਗੀ	ਵਿਲਕਦੀ, ਵਿਰਲਾਪ ਕਰਦੀ

...(ਜਿਹੜੀ ਜੀਵ ਇਸਤ੍ਰੀ) ਧੁਰ ਦਰਗਾਹੋਂ ਹੀ (ਰੱਬ ਕੋਲੋਂ) ਵਿਛੜੀ ਹੋਈ ਹੈ, ਉਹ (ਪ੍ਰਭੂ ਨਾਲ) ਕਿਵੇਂ ਮਿਲ ਸਕਦੀ ਹੈ? ਹਉਮੈ ਦੀ ਠੱਗੀ ਹੋਈ (ਉਹ) ਵਿਲਕਦੀ ਕੁਰਲਾਉਂਦੀ ਹੀ ਰਹਿੰਦੀ ਹੈ...

ਵਿਛੁੜਿਆ, *(ਵਿਛੁੜਿਆਂ)*	ਗੁਰੁ *(ਗੁਰ)*	ਮੇਲਸੀ,
ਵਿਛੁੰਨਿਆਂ	ਸਤਿਗੁਰੂ	ਮੇਲ ਲਏਗਾ

ਪੰਨਾ ੬੧

ਹਰਿ *(ਹਰ)*	**ਰਸਿ** *(ਰਸ)*	**ਨਾਮ**	**ਪਿਆਰਿ** *(ਪਿਆਰ)* ॥
ਹਰੀ	ਅਨੰਦ ਰਾਹੀਂ	(ਪ੍ਰਭੂ) ਨਾਮ	ਪ੍ਰੀਤ ਦੁਆਰਾ

...ਸਤਿਗੁਰੂ, ਵਿੱਛੜਿਆਂ ਹੋਇਆਂ ਨੂੰ ਹਰਿ-ਨਾਮ ਦੇ ਅਨੰਦ ਦੁਆਰਾ, ਅਤੇ ਰੱਬੀ-ਪਿਆਰ ਰਾਹੀਂ, ਸਾਹਿਬਾਂ ਨਾਲ ਮਿਲਾ ਦੇਣਗੇ...

ਸਾਚਿ *(ਸਾਚ)*	**ਸਹਜਿ** *(ਸਹਿਜ)*	**ਸੋਭਾ** *(ਸ਼ੋਭਾ)*	**ਘਣੀ,**
ਸਦਾ-ਸਥਿਰ (ਪ੍ਰਭੂ)	ਆਤਮਿਕ ਅਡੋਲਤਾ	ਇੱਜ਼ਤ, ਮਾਣ	ਬਹੁਤ

ਹਰਿ *(ਹਰ)*	**ਗੁਣ**	**ਨਾਮ**	**ਅਧਾਰਿ** *(ਅਧਾਰ)* ॥
ਹਰੀ	ਚੰਗਿਆਈਆਂ	ਬੰਦਗੀ	ਓਟ

...ਪਰਮਾਤਮ-ਗੁਣਾਂ ਅਤੇ (ਪ੍ਰਭੂ) ਬੰਦਗੀ ਦੇ ਓਟ ਆਸਰੇ ਨਾਲ, ਆਤਮਿਕ ਅਡੋਲਤਾ ਰਾਹੀਂ ਸਦਾ-ਸਥਿਰ ਪ੍ਰਮਾਤਮਾ ਵਿਚ ਜੁੜਿਆਂ ਬਹੁਤ ਇੱਜ਼ਤ-ਮਾਣ ਪ੍ਰਾਪਤ ਹੁੰਦਾ ਹੈ...

ਜਿਉ *(ਜਿਉਂ)*	**ਭਾਵੈ,**	**ਤਿਉ** *(ਤਿਉਂ)*	**ਰਖੁ,** *(ਰੱਖ)*	**ਤੂੰ,**
ਜਿਵੇਂ	ਚੰਗਾ ਲਗਦਾ	ਤਿਵੇਂ	ਰੱਖਿਆ ਕਰ	ਤੁਸੀਂ

ਮੈ *(ਮੈਂ)*	**ਤੁਝ**	**ਬਿਨੁ** *(ਬਿਨ)*	**ਕਵਨੁ** *(ਕਵਨ)*	**ਭਤਾਰੁ** *(ਭਤਾਰ)* ॥੩॥
ਮੇਰਾ	ਤੇਰੇ	ਬਗੈਰ	ਕੌਣ	ਕੰਤ, ਮਾਲਕ

...(ਹੇ! ਪ੍ਰਭੂ ਪ੍ਰੀਤਮ) ਤੇਰੇ ਬਿਨਾਂ ਮੇਰਾ ਹੋਰ ਕਿਹੜਾ ਖ਼ਸਮ ਜਾਂ ਮਾਲਕ ਹੈ? (ਭਾਵ ਕੋਈ ਨਹੀਂ, ਕ੍ਰਿਪਾ ਕਰਕੇ) ਜਿਵੇਂ ਤੈਨੂੰ ਚੰਗਾ ਲਗਦਾ ਹੈ, ਤੂੰ ਤਿਵੇਂ ਮੇਰੀ ਰੱਖਿਆ ਕਰ...

ਅਖਰ *(ਅੱਖਰ)*	**ਪੜਿ** *(ਪੜ੍ਹ)*	**ਪੜਿ** *(ਪੜ੍ਹ)*	**ਭੁਲੀਐ,**
ਹਰਫ਼	ਪੜ੍ਹਕੇ	ਪੜ੍ਹਕੇ	ਭੁੱਲ ਜਾਈਦਾ, ਭਟਕ ਜਾਈਦਾ

ਭੇਖੀ *(ਭੇਖੀਂ)*	**ਬਹੁਤੁ** *(ਬਹੁਤ)*	**ਅਭਿਮਾਨੁ** *(ਅਭਿਮਾਨ)* ॥
ਪਹਿਰਾਵਿਆਂ	ਅਧਿਕ	ਹੰਕਾਰ,ਹਉਮੈ

...ਅੱਖਰਾਂ (ਦੀ ਵਿਦਿਆ) ਪੜ੍ਹ ਪੜ੍ਹ ਕੇ, (ਹੰਕਾਰ ਨਾਲ ਰਸਤਿਓਂ) ਭੁੱਲ-ਭਟਕ ਜਾਈਦਾ ਹੈ, ਅਤੇ (ਭੇਖੀ) ਪਹਿਰਾਵਿਆਂ ਦੁਆਰਾ (ਵੀ ਧਾਰਮਿਕ) ਹਉਮੈ ਬਹੁਤ ਵੱਧ ਜਾਂਦੀ ਹੈ...

ਤੀਰਥ	**ਨਾਤਾ** *(ਨ੍ਹਾਤਾ)*	**ਕਿਆ**	**ਕਰੇ,**
ਧਾਰਮਿਕ ਅਸਥਾਨਾਂ	ਇਸ਼ਨਾਨ	ਕੀ	ਕਰ ਲਏਗਾ

ਪੰਨਾ ੬੧

ਮਨ	ਮਹਿ (ਮਹਿਂ)	ਮੈਲੁ (ਮੈਲ)	ਗੁਮਾਨੁ (ਗੁਮਾਨ) ॥
ਚਿੱਤ	ਵਿਚ	ਮਲੀਨਤਾ	ਅਭਿਮਾਨ

...ਜਦੋਂ ਮਨ ਵਿਚ ਹੀ ਹੰਕਾਰ ਦੀ ਮਲੀਨਤਾ ਭਰੀ ਪਈ ਹੈ, ਤਾਂ ਕੋਈ ਤੀਰਥ-ਇਸ਼ਨਾਨਾਂ ਨਾਲ ਵੀ ਕੀ (ਸੰਵਾਰ) ਲਏਗਾ...

ਗੁਰ	ਬਿਨੁ, (ਬਿਨ)	ਕਿਨਿ (ਕਿਨ੍ਹ)	ਸਮਝਾਈਐ,
ਸਤਿਗੁਰੂ	ਬਿਨਾਂ	ਕਿਸ ਨੇ	ਸਮਝਾਣੀ ਹੈ
ਮਨੁ (ਮਨ)	ਰਾਜਾ	ਸੁਲਤਾਨੁ (ਸੁਲਤਾਨ) ॥੪॥	
ਚਿੱਤ	ਪਾਤਸ਼ਾਹ	ਬਾਦਸ਼ਾਹ	

...ਸਤਿਗੁਰੂ ਬਿਨਾਂ (ਮਨ ਨੂੰ) ਕੌਣ ਸਮਝਾ ਸਕਦਾ ਹੈ? (ਭਾਵ ਕੋਈ ਨਹੀਂ), ਮਨ ਤਾਂ (ਤਨ ਵਿਚ ਆਪਣੀ ਮਾਇਆਵੀ ਵਿਕਾਰਾਂ ਦੀ ਹਕੂਮਤ ਜਮਾ ਕੇ) ਸੁਲਤਾਨ ਤੇ ਬਾਦਸ਼ਾਹ ਬਣ ਬੈਠਦਾ ਹੈ...

ਪ੍ਰੇਮ	ਪਦਾਰਥੁ (ਪਦਾਰਥ)	ਪਾਈਐ,
ਪਿਆਰ	ਵਸਤੂ	ਪ੍ਰਾਪਤ ਕਰੀਦੀ
ਗੁਰਮੁਖਿ (ਗੁਰਮੁਖ)	ਤਤੁ (ਤੱਤ)	ਵੀਚਾਰੁ (ਵੀਚਾਰ) ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਅਸਲੀਅਤ	ਵਿਚਾਰ ਕੇ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਰਮਾਤਮ) ਤੱਤ ਨੂੰ ਵਿਚਾਰ ਕੇ (ਪ੍ਰਭੂ) ਪ੍ਰੀਤ (ਰੂਪੀ, ਅਮੋਲਕ) ਵਸਤੂ ਪਾ ਲਈਦੀ ਹੈ...

ਸਾ	ਧਨ	ਆਪੁ (ਆਪ)	ਗਵਾਇਆ,
ਜਿਸ	ਇਸਤ੍ਰੀ	(ਆਪਣਾ) ਆਪ	ਗੰਵਾ ਲਿਆ, ਨਵਿਰਤ ਕਰ ਲਿਆ
ਗੁਰ	ਕੈ	ਸਬਦਿ (ਸ਼ਬਦ)	ਸੀਗਾਰੁ (ਸ਼ੀਂਗਾਰ) ॥
ਸਤਿਗੁਰੂ	ਦੇ	ਸ਼ਬਦ ਨਾਲ	ਸ਼ਿੰਗਾਰ

...ਜਿਸ (ਜੀਵ) ਇਸਤ੍ਰੀ ਨੇ ਸਤਿਗੁਰੂ ਦੇ ਸ਼ਬਦ ਰਾਹੀਂ, (ਆਪਣੇ ਆਪ ਨੂੰ) ਸ਼ਿੰਗਾਰ ਕੇ (ਆਪਣੇ) ਆਪੇ, (ਭਾਵ ਮੈਂ ਮੇਰੀ ਦੇ ਗੁਮਾਨ) ਨੂੰ ਖ਼ਤਮ ਕਰ ਲਿਆ ਹੈ...

ਘਰ	ਹੀ	ਸੋ	ਪਿਰੁ (ਪਿਰ)	ਪਾਇਆ,
ਗ੍ਰਹਿ	ਵਿਚ	ਉਸ ਨੇ	ਕੰਤ, ਪ੍ਰੀਤਮ	ਪਾ ਲਿਆ

ਗੁਰ	ਕੈ	ਹੇਤਿ *(ਹੇਤ)*	ਅਪਾਰੁ *(ਅਪਾਰ)* ॥੫॥
ਸਤਿਗੁਰੂ	ਦੇ	ਸਨੇਹ, ਪਿਆਰ	ਬੇਅੰਤ, ਅਥਾਹ

...(ਉਸਨੇ) ਸਤਿਗੁਰੂ ਦੇ ਅਥਾਹ ਪਿਆਰ ਦੇ ਸਦਕੇ, (ਆਪਣੇ ਹਿਰਦੇ) ਘਰ ਵਿਚ ਹੀ (ਪ੍ਰਭੂ) ਕੰਤ ਨੂੰ ਪਾ ਲਿਆ ਹੈ...

ਗੁਰ	ਕੀ	ਸੇਵਾ	ਚਾਕਰੀ,
ਸਤਿਗੁਰੂ	ਦੀ	ਟਹਿਲ	ਨੌਕਰੀ

ਮਨੁ *(ਮਨ)*	ਨਿਰਮਲੁ *(ਨਿਰਮਲ)*	ਸੁਖੁ *(ਸੁੱਖ)*	ਹੋਇ॥
ਚਿੱਤ	ਪਵਿੱਤਰ	ਅਨੰਦ	ਹੋ ਜਾਂਦਾ

...ਸਤਿਗੁਰੂ ਦੀ (ਸ਼ਬਦ-ਵਿਚਾਰ ਰੂਪੀ) ਟਹਿਲ ਸੇਵਾ ਰਾਹੀਂ, ਮਨ ਪਵਿੱਤਰ ਹੋਕੇ, (ਆਤਮਿਕ) ਅਨੰਦ ਦੀ ਪ੍ਰਾਪਤੀ ਹੁੰਦੀ ਹੈ...

ਗੁਰ	ਕਾ	ਸਬਦੁ, *(ਸ਼ਬਦ)*	ਮਨਿ *(ਮਨ)*	ਵਸਿਆ,
ਸਤਿਗੁਰੂ	ਦਾ	ਸ਼ਬਦ	ਚਿੱਤ ਅੰਦਰ	ਵਸ ਗਿਆ

ਹਉਮੈ	ਵਿਚਹੁ *(ਵਿਚਹੁੰ)*	ਖੋਇ॥
ਅਹੰਕਾਰ	ਅੰਦਰੋਂ	ਨਵਿਰਤ ਹੋਣ ਨਾਲ

...(ਜਦੋਂ) ਸਤਿਗੁਰੂ ਦਾ ਸ਼ਬਦ ਹਿਰਦੇ ਅੰਦਰ ਵੱਸ ਜਾਂਦਾ ਹੈ, ਤਾਂ ਅਹੰਕਾਰ ਅੰਦਰੋਂ ਗੁਆਚ ਜਾਂਦਾ ਹੈ...

ਨਾਮੁ *(ਨਾਮ)*	ਪਦਾਰਥੁ *(ਪਦਾਰਥ)*	ਪਾਇਆ,
(ਪ੍ਰਭੂ) ਨਾਮ	ਵਸਤੂ	ਪਾ ਲਿਆ

ਲਾਭੁ *(ਲਾਭ)*	ਸਦਾ	ਮਨਿ *(ਮਨ)*	ਹੋਇ॥੬॥
ਮੁਨਾਫ਼ਾ	ਹਮੇਸ਼ਾਂ	ਚਿੱਤ ਅੰਦਰ	ਹੁੰਦਾ ਹੈ

...(ਅਤੇ ਫਿਰ ਵਾਹਿਗੁਰੂ) ਨਾਮ (ਰੂਪੀ ਅਮੋਲਕ) ਵਸਤੂ ਪਾ ਲਈਦੀ ਹੈ, ਜਿਸ ਨਾਲ ਹਿਰਦੇ ਵਿਚ ਹਮੇਸ਼ਾਂ ਨਫ਼ਾ ਹੀ ਨਫ਼ਾ ਹੁੰਦਾ ਹੈ...

ਕਰਮਿ *(ਕਰਮ)*	ਮਿਲੈ	ਤਾ *(ਤਾਂ)*	ਪਾਈਐ,
ਨਦਰ/ਮਿਹਰ ਰਾਹੀਂ	ਮਿਲਦਾ ਹੈ	ਤਦ	ਪ੍ਰਾਪਤ ਕਰੀਦਾ

ਪੰਨਾ ੬੧

ਆਪਿ *(ਆਪ)*	ਨ *(ਨਾਂ)*	ਲਇਆ *(ਲਿਆ)*	ਜਾਇ॥
ਖ਼ੁਦ ਦੁਆਰਾ	ਨਹੀਂ	ਲਿਆ, ਪ੍ਰਾਪਤ	ਜਾਂਦਾ

...(ਪਰ ਇਹ ਨਾਮ ਦੀ ਬਖਸ਼ਿਸ਼) ਉਦੋਂ ਹੀ ਪ੍ਰਾਪਤ ਹੁੰਦੀ ਹੈ, ਜਦੋਂ (ਸਤਿਗੁਰੂ ਦੀ) ਮਿਹਰ ਹੋ ਜਾਵੇ...

ਗੁਰ	ਕੀ	ਚਰਣੀ	ਲਗਿ *(ਲਗ)*	ਰਹੁ,
ਸਤਿਗੁਰੂ	ਦੀ	ਚਰਨਾਂ ਨਾਲ	ਜੁੜਿਆ	ਰਹਿ

ਵਿਚਹੁ *(ਵਿਚਹੁੰ)*	ਆਪੁ *(ਆਪ)*	ਗਵਾਇ॥
ਅੰਦਰੋਂ	(ਆਪਣਾ) ਆਪ	ਗੁਆ ਕੇ, ਖ਼ਤਮ ਕਰਕੇ

...(ਹੇ! ਭਾਈ! ਬਸ ਆਪਣੇ) ਅੰਦਰੋਂ ਆਪਾ ਭਾਵ ਨਵਿਰਤ ਕਰਕੇ, ਸਤਿਗੁਰੂ ਦੇ ਚਰਨਾਂ (ਭਾਵ ਗੁਰ-ਸ਼ਬਦ) ਨਾਲ ਜੁੜਿਆ ਰਹੁ...

ਸਚੇ *(ਸੱਚੇ)*	ਸੇਤੀ	ਰਤਿਆ *(ਰੱਤਿਆਂ)*
ਸਦਾ-ਸਥਿਰ(ਪ੍ਰਭੂ)	ਨਾਲ	ਰੰਗਿਆਂ, ਅਭੇਦ ਹੋਇਆਂ

ਸਚੋ *(ਸੱਚੋ)*	ਪਲੈ	ਪਾਇ॥੭॥
ਸਦੀਵ-ਸੱਚ ਹੀ	ਝੋਲੀ ਵਿਚ	ਪੈਂਦਾ

...ਸਦਾ-ਸਥਿਰ (ਵਾਹਿਗੁਰੂ) ਦੇ ਰੰਗ ਵਿਚ ਰੰਗਿਆਂ, (ਪਰਮਾਤਮ ਰੂਪੀ) ਸਦੀਵ-ਸੱਚ ਹੀ ਝੋਲੀ ਵਿਚ ਪੈਂਦਾ ਹੈ...

ਭੁਲਣ	ਅੰਦਰਿ *(ਅੰਦਰ)*	ਸਭੁ *(ਸਭ)*	ਕੋ,
ਗਲਤੀ	ਵਿਚ	ਸਾਰੇ	ਕੋਈ

ਅਭੁਲੁ *(ਅਭੁੱਲ)*	ਗੁਰੂ	ਕਰਤਾਰੁ *(ਕਰਤਾਰ)* ॥
ਭੁੱਲਣ ਤੋਂ ਬਿਨਾਂ	ਸਤਿਗੁਰੂ	ਕਰਤਾ ਪੁਰਖ

...(ਸ੍ਰਿਸ਼ਟੀ) ਵਿਚ ਹਰ ਕੋਈ ਭੁਲਣਹਾਰ ਹੈ, ਅਭੁੱਲ ਸਿਰਫ਼ ਸਤਿਗੁਰੂ ਅਤੇ (ਜਾਂ ਫਿਰ) ਅਕਾਲ-ਪੁਰਖ (ਆਪ) ਹੈ...

ਗੁਰਮਤਿ *(ਗੁਰਮੱਤ)*	ਮਨੁ *(ਮਨ)*	ਸਮਝਾਇਆ,
ਸਤਿਗੁਰੂ ਦੀ ਸਿੱਖਿਆ ਦੁਆਰਾ	ਚਿੱਤ	ਸਮਝਾ ਲਿਆ

ਪੰਨਾ ੬੧

ਲਾਗਾ	ਤਿਸੈ	ਪਿਆਰੁ *(ਪਿਆਰ)* ॥
ਲੱਗ ਜਾਂਦੀ	ਤਿਸ (ਪ੍ਰਭੂ) ਨਾਲ	ਪ੍ਰੀਤ

...(ਜਿਸ ਧਰਮ-ਸਾਧਕ ਨੇ) ਸਤਿਗੁਰੂ ਦੀ ਮੱਤ ਦੁਆਰਾ (ਆਪਣੇ) ਚਿੱਤ ਨੂੰ ਸਮਝਾ ਲਿਆ ਹੈ, ਉਸ ਦੀ ਵਾਹਿਗੁਰੂ ਨਾਲ ਪ੍ਰੀਤ ਪੈ ਜਾਂਦੀ ਹੈ...

ਨਾਨਕ,	ਸਾਚੁ *(ਸਾਚ)*	ਨ *(ਨਾਂ)*	ਵੀਸਰੈ,
ਹੇ ! ਨਾਨਕ	ਸਦਾ-ਸਥਿਰ	ਨਹੀਂ	ਵਿਸਰਦਾ, ਭੁਲਦਾ

ਮੇਲੇ	ਸਬਦੁ *(ਸ਼ਬਦ)*	ਅਪਾਰੁ (ਅਪਾਰ) ॥੮॥੧੨॥
ਮੇਲ ਦਿੰਦਾ	(ਗੁਰ) ਸ਼ਬਦ	ਬੇਅੰਤ

...ਹੇ! ਨਾਨਕ! (ਜਿਸ ਨੂੰ ਸਤਿਗੁਰੂ), ਸ਼ਬਦ ਰਾਹੀਂ, ਬੇਅੰਤ-ਪ੍ਰਭੂ ਨਾਲ ਮੇਲ ਦਿੰਦਾ ਹੈ, ਉਸ ਨੂੰ ਸਦਾ-ਸਥਿਰ (ਪ੍ਰਭੂ, ਫਿਰ ਚਿੱਤ ਵਿਚੋਂ ਕਦੇ) ਵਿਸਰਦਾ ਨਹੀਂ...

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਤ੍ਰਿਸਨਾ *(ਤ੍ਰਿਸ਼ਨਾ)*	ਮਾਇਆ	ਮੋਹਣੀ,
ਲਾਲਚ	ਦੌਲਤ	ਮੋਹ ਲੈਣ ਵਾਲੀ

ਸੁਤ *(ਸੁੱਤ)*	ਬੰਧਪ	ਘਰ	ਨਾਰਿ *(ਨਾਰ)* ॥
ਪੁੱਤਰ	ਰਿਸ਼ਤੇਦਾਰ	ਗ੍ਰਿਹ	ਇੱਸਤ੍ਰੀ

...ਪੁੱਤਰ, ਰਿਸ਼ਤੇਦਾਰ ਅਤੇ ਘਰ ਦੀ ਔਰਤ ਆਦਿ ਦੇ (ਸਨੇਹ) ਕਾਰਨ, (ਮਨੁੱਖ) ਮੋਹਣੀ ਮਾਇਆ ਦੇ ਲਾਲਚ ਵਿਚ (ਮ਼ਚਿਤ ਰਹਿੰਦਾ ਹੈ)...

ਧਨਿ *(ਧਨ)*	ਜੋਬਨਿ *(ਜੋਬਨ)*	ਜਗੁ *(ਜਗ)*	ਠਗਿਆ,
ਦੌਲਤ ਨੇ	ਜੁਆਨੀ ਨੇ	ਸੰਸਾਰ	ਠੱਗਿਆ ਹੋਇਆ

ਲਬਿ *(ਲਬ)*	ਲੋਭਿ *(ਲੋਭ)*	ਅਹੰਕਾਰਿ *(ਅਹੰਕਾਰ)* ॥
ਲਾਲਚ	ਤ੍ਰਿਸ਼ਨਾ	ਹਉਮੈ

...ਦੌਲਤ, ਜੋਬਨ, ਲਾਲਚ, ਤ੍ਰਿਸ਼ਨਾਂ ਅਤੇ ਹਉਮੈ ਦੁਆਰਾ (ਸਭ) ਸੰਸਾਰ ਠੱਗਿਆ ਪਿਆ ਹੈ...

ਪੰਨਾ ੬੧

ਮੋਹ	ਠਗਉਲੀ,	ਹਉ *(ਹਉਂ)*	ਮੁਈ,
ਸਨੇਹ, ਲਗਾਓ	ਠੱਗ-ਬੂਟੀ	ਮੈਨੂੰ	ਮਰ ਗਈ

ਸਾ	ਵਰਤੈ	ਸੰਸਾਰਿ *(ਸੰਸਾਰ)* ॥੧॥
ਇਹ	ਵਰਤਦੀ ਭਾਵ ਫੈਲੀ	ਸੰਸਾਰ ਵਿਚ

...ਮੋਹ ਦੀ ਠੱਗ-ਬੂਟੀ ਕਰਕੇ, ਮੈਂ (ਆਤਮਿਕ ਤੌਰ ਤੇ) ਮਰ ਗਈ ਹਾਂ, ਇਹ (ਮੋਹ ਰੂਪੀ ਠੱਗ-ਬੂਟੀ, ਅਮਰ ਵੇਲ ਵਾਂਗ ਸਾਰੇ) ਸੰਸਾਰ ਵਿਚ ਫੈਲੀ ਹੋਈ ਹੈ...

ਮੇਰੇ	ਪ੍ਰੀਤਮਾ,
ਆਪਣੇ	ਪਿਆਰਿਆ

ਮੈ *(ਮੈਂ)*	ਤੁਝ	ਬਿਨੁ *(ਬਿਨ)*	ਅਵਰੁ *(ਅਵਰ)*	ਨ *(ਨਾਂ)*	ਕੋਇ॥
ਮੈਨੂੰ	ਤੇਰੇ	ਬਗੈਰ	ਹੋਰ	ਨਹੀਂ	ਕੋਈ

...ਹੇ! ਮੇਰੇ ਪ੍ਰੀਤਮਾ! (ਇਸ ਮੋਹ-ਠਗਉਲੀ ਤੋਂ ਬਚਾਉਣ ਲਈ), ਮੈਨੂੰ ਤੇਰੇ ਬਗੈਰ ਹੋਰ ਕੋਈ ਵੀ (ਓਟ-ਆਸਰਾ) ਨਹੀਂ ਹੈ...

ਮੈ *(ਮੈਂ)*	ਤੁਝ	ਬਿਨੁ *(ਬਿਨ)*	ਅਵਰੁ *(ਅਵਰ)*	ਨ *(ਨਾਂ)*	ਭਾਵਈ,
ਮੈਨੂੰ	ਤੇਰੇ	ਬਿਨਾਂ	ਹੋਰ	ਨਹੀਂ	ਚੰਗਾ ਲਗਦਾ

ਤੂੰ	ਭਾਵਹਿ *(ਭਾਵਹਿਂ)*	ਸੁਖੁ *(ਸੁੱਖ)*	ਹੋਇ॥੧॥	ਰਹਾਉ ॥
ਤੁਸੀ	ਭਾਉਂਦੇ ਹੋ,ਚੰਗੇ ਲਗਦੇ ਹੋ	ਅਨੰਦ	ਹੁੰਦਾ	ਠਹਿਰਾਉ

...ਹੇ! ਵਾਹਿਗੁਰੂ, ਮੈਨੂੰ ਤੇਰੇ ਬਿਨਾਂ ਹੋਰ ਕੋਈ ਵੀ ਚੰਗਾ ਨਹੀਂ ਲਗਦਾ, ਜਦੋਂ ਤੂੰ ਮੈਨੂੰ ਭਾਉਂਦਾ ਹੈਂ ਤਾਂ (ਮੈਨੂੰ ਆਤਮਿਕ) ਅਨੰਦ ਪ੍ਰਾਪਤ ਹੁੰਦਾ ਹੈ...

ਨਾਮੁ *(ਨਾਮ)*	ਸਾਲਾਹੀ *(ਸਾਲਾਹੀਂ)*	ਰੰਗ	ਸਿਉ, *(ਸਿਉਂ)*
(ਪ੍ਰਭੂ) ਨਾਮ	ਸਿਫ਼ਤ, ਸਲਾਹ	ਪਿਆਰ	ਨਾਲ

ਗੁਰ	ਕੈ	ਸਬਦਿ *(ਸ਼ਬਦ)*	ਸੰਤੋਖੁ *(ਸੰਤੋਖ)* ॥
ਸਤਿਗੁਰੂ	ਦੇ	ਸ਼ਬਦ ਰਾਹੀਂ	ਸਬਰ, ਤ੍ਰਿਪਤੀ

...ਸਤਿਗੁਰੂ ਦੇ ਸ਼ਬਦ ਰਾਹੀਂ, ਸਬਰ-ਸੰਤੋਖ ਵਿਚ ਟਿਕ ਕੇ, ਪ੍ਰੇਮ ਸਹਿਤ, ਵਾਹਿਗੁਰੂ-ਨਾਮ ਦੀ ਸਿਫ਼ਤ-ਸਲਾਹ ਕਰ...

ਪੰਨਾ ੬੧

ਜੋ	ਦੀਸੈ	ਸੋ	ਚਲਸੀ,
ਜਿਹੜਾ	ਨਜ਼ਰ ਆਉਂਦਾ	ਉਹ	ਚਲਾ ਜਾਏਗਾ, ਬਿਨਸ ਜਾਏਗਾ
ਕੂੜਾ	ਮੋਹੁ	ਨ *(ਨਾਂ)*	ਵੇਖੁ *(ਵੇਖ)* ॥
ਝੂਠਾ	ਸਨੇਹ, ਲਗਾਓ	ਨਾ	ਤੱਕ

...(ਹੇ! ਭਾਈ! ਜਗਤ ਵਿਚ) ਜੋ ਵੀ ਨਜ਼ਰ ਆਉਂਦਾ ਹੈ, ਉਹ (ਸਭ ਕੁਝ) ਚਲਾ ਜਾਏਗਾ, ਭਾਵ ਬਿਨਸ ਜਾਏ ਗਾ, (ਇਸ ਲਈ ਤੂੰ) ਝੂਠੇ (ਸੰਸਾਰ) ਨੂੰ ਮੋਹ (ਦੀਆਂ ਨਜ਼ਰਾਂ ਨਾਲ) ਨਾ ਵੇਖ...

ਵਾਟ	ਵਟਾਊ	ਆਇਆ,
ਰਾਹ, ਰਸਤਾ	ਰਾਹਗੀਰ, ਮੁਸਾਫ਼ਿਰ	ਆਇਆ ਹੈ

ਨਿਤ	ਚਲਦਾ	ਸਾਥੁ *(ਸਾਥ)*	ਦੇਖੁ *(ਦੇਖ)* ॥੨॥
ਰੋਜ਼	ਜਾਂਦਾ ਹੋਇਆ	ਸੰਗ	ਤੱਕ, ਵੇਖ

...(ਹੇ! ਭਾਈ! ਤੂੰ ਤਾਂ) ਰਸਤੇ ਦੇ ਮੁਸਾਫ਼ਿਰ ਵਾਂਗ (ਇਸ ਸੰਸਾਰ ਤੇ) ਆਇਆ ਹੈਂ, (ਜਿਸਨੇ ਜਗਤ ਨੂੰ ਛੱਡਣਾ ਹੀ ਛੱਡਣਾ ਹੈ), ਆਪਣੇ ਨਾਲ ਦੇ ਸੰਗੀ ਸਾਥੀਆਂ ਨੂੰ ਹਰ ਰੋਜ਼ (ਇਸ ਸੰਸਾਰ ਤੋਂ) ਜਾਂਦੇ ਹੋਇਆਂ ਨੂੰ ਵੇਖ...

ਆਖਣਿ *(ਆਖਣ)*	ਆਖਹਿ *(ਆਖਹਿਂ)*	ਕੇਤੜੇ,
ਕਥਨ	ਕਹਿੰਦੇ, ਆਖਦੇ	ਕਿਤਨੇ ਹੀ

ਗੁਰ	ਬਿਨੁ *(ਬਿਨ)*	ਬੂਝ	ਨ *(ਨਾਂ)*	ਹੋਇ॥
ਸਤਿਗੁਰੁ	ਬਿਨਾਂ	ਬੋਧ, ਗਿਅਨ	ਨਹੀਂ	ਹੁੰਦਾ

...ਕਹਿਣ ਨੂੰ ਤਾਂ ਕਿਤਨੇ ਹੀ ਲੋਕ (ਮਾਇਆ ਦੇ ਪ੍ਰਭਾਵਾਂ ਅਤੇ ਸੰਸਾਰ ਦੀ ਵਿਨਾਸ਼ਤਾ ਬਾਰੇ), ਕਥਨ ਕਹਿੰਦੇ ਹਨ, ਪਰ ਸਤਿਗੁਰੂ ਬਿਨਾਂ (ਇਸ ਤੱਥ) ਦੀ ਸੋਝੀ ਨਹੀਂ ਹੁੰਦੀ...

ਨਾਮੁ *(ਨਾਮ)*	ਵਡਾਈ	ਜੇ	ਮਿਲੈ,
(ਪ੍ਰਭੂ) ਨਾਮ	ਮਾਨ, ਸੋਭਾ	ਜੇਕਰ	ਪ੍ਰਾਪਤ ਹੋਵੇ

ਸਚਿ *(ਸਚ)*	ਰਪੈ	ਪਤਿ *(ਪੱਤ)*	ਹੋਇ॥
ਸਦਾ ਸਥਿਰ(ਪ੍ਰਭੂ)	ਰੰਗਣ ਨਾਲ ਮਾਣ,	ਇੱਜ਼ਤ	ਹੁੰਦੀ ਹੈ

...ਜੇਕਰ (ਵਾਹਿਗੁਰੂ ਦੇ) ਨਾਮ ਦੀ ਵਡਿਆਈ ਮਿਲ ਜਾਵੇ, ਤਾਂ ਸਦਾ-ਸਥਿਰ (ਪ੍ਰਮਾਤਮਾ ਦੇ) ਰੰਗ ਵਿਚ ਰੰਗੇ ਜਾਣ ਨਾਲ (ਰੱਬੀ ਦਰਗਾਹੇ) ਮਾਣ, ਇੱਜ਼ਤ ਪ੍ਰਾਪਤ ਹੁੰਦੀ ਹੈ...

ਪੰਨਾ ੬੧

ਜੋ	ਤੁਧੁ *(ਤੁੱਧ)*	ਭਾਵਹਿ, *(ਭਾਵਹਿਂ)*	ਸੇ	ਭਲੇ,
ਜਿਹੜੇ	ਤੈਨੂੰ	ਭਾਉਂਦੇ	ਉਹੀ	ਉੱਤਮ, ਚੰਗੇ

ਖੋਟਾ	ਖਰਾ	ਨ *(ਨਾਂ)*	ਕੋਇ ॥੩॥
ਝੂਠਾ, ਨਕਲੀ	ਅਸਲੀ, ਸੱਚਾ	ਨਹੀਂ	ਕੋਈ ਵੀ

...(ਹੇ! ਵਾਹਿਗੁਰੂ!) ਜਿਹੜੇ ਤੈਨੂੰ ਚੰਗੇ ਲਗਦੇ ਹਨ, ਉਹੀ ਉੱਤਮ ਅਤੇ ਭਲੇ ਹਨ, (ਸੰਸਾਰ ਵਿਚ ਆਪਣੇ ਆਪ) ਕੋਈ ਵੀ ਖੋਟਾ ਅਤੇ ਖਰਾ ਨਹੀਂ ਹੈ...

ਗੁਰ	ਸਰਣਾਈ *(ਸ਼ਰਣਾਈ)*	ਛੁਟੀਐ,
ਸਤਿਗੁਰ	ਪਨਾਹ ਵਿਚ, ਸ਼ਰਣ ਵਿਚ	ਮੁਕਤ ਹੋਈਦਾ ਹੈ

ਮਨਮੁਖ *(ਮਨਮੁੱਖ)*	ਖੋਟੀ	ਰਾਸਿ *(ਰਾਸ)* ॥
ਮਨਮੱਤੀ, ਗੁਰੂ ਤੋਂ ਬੇਮੁੱਖ	ਕੂੜੀ, ਝੂਠੀ	ਪੂੰਜੀ

...ਮਨਮੱਤੀਏ (ਮਾਇਆਵੀ ਵਿਕਾਰਾਂ ਦੀ) ਕੂੜੀ ਪੂੰਜੀ ਵਿਚ ਹੀ (ਖਚਿਤ ਰਹਿੰਦੇ ਹਨ, ਪਰ) ਸਤਿਗੁਰੂ ਦੀ ਸ਼ਰਣ ਗਿਆਂ (ਮਾਇਆਵੀ ਵਿਕਾਰਾਂ ਤੋਂ) ਮੁਕਤ ਹੋ ਜਾਈਦਾ ਹੈ...

ਅਸਟ *(ਅਸ਼ਟ)*	ਧਾਤੁ *(ਧਾਤ)*	ਪਾਤਿਸਾਹ *(ਪਾਤਸ਼ਾਹ)*	ਕੀ,
ਅੱਠ	ਤੱਤ	ਬਾਦਸ਼ਾਹ	ਦੀ

ਘੜੀਐ	ਸਬਦਿ *(ਸ਼ਬਦ)*	ਵਿਗਾਸਿ *(ਵਿਗਾਸ)* ॥
ਤਰਾਸ਼ੀਏ	ਸ਼ਬਦ ਦੁਆਰਾ	ਵਿਗਸਦੀ, ਖੇੜੇ ਵਿਚ ਆਉਂਦੀ

...(ਸੱਚੇ) ਪਾਤਸ਼ਾਹ ਦੀ (ਸਾਜੀ ਹੋਈ) ਅੱਠਾਂ ਤੱਤਾਂ (ਤ੍ਵਚਾ, ਰੋਮ, ਲਹੂ, ਨਾੜਾਂ, ਹੱਡੀਆਂ, ਪਿੰਜਰ, ਚਰਬੀ ਅਤੇ ਵੀਰਜ, ਦੀ ਕਾਇਆਂ ਨੂੰ ਜੇਕਰ ਸਤਿਗੁਰੂ ਦੇ) ਸ਼ਬਦ ਦੁਆਰਾ ਘੜੀਏ (ਤਾਂ ਇਸ ਵਿਚ ਆਤਮਿਕ) ਖਿੜਾਓ ਆਉਂਦਾ ਹੈ...

ਆਪੇ	ਪਰਖੇ	ਪਾਰਖੁ,
ਆਪ ਹੀ	ਪਰਖਦਾ	ਪਰਖਣਹਾਰ(ਪ੍ਰਭੂ)

ਪਵੈ	ਖਜਾਨੈ *(ਖਜ਼ਾਨੈ)*	ਰਾਸਿ *(ਰਾਸ)* ॥੪॥
ਪੈਂਦਾ	ਖ਼ਜ਼ਾਨੇ ਵਿਚ	ਠੀਕ, ਖਰੇ

...ਪਰਖਣਹਾਰ (ਪ੍ਰਭੂ) ਆਪ ਹੀ (ਘਾਲ-ਕਮਾਈ ਨਾਲ ਘੜੇ ਹੋਏ ਸਰੀਰਾਂ) ਨੂੰ ਪਰਖਦਾ ਹੈ, ਅਤੇ ਖਰਿਆਂ ਨੂੰ ਆਪਣੇ ਖ਼ਜ਼ਾਨੇ ਵਿਚ ਪਰਵਾਨ ਕਰ ਲੈਂਦਾ ਹੈ...

ਪੰਨਾ ੬੧

ਤੇਰੀ	ਕੀਮਤਿ *(ਕੀਮਤ)*	ਨਾ *(ਨਾਂ)*	ਪਵੈ,
ਤੁਹਾਡੀ	ਮੁੱਲ	ਨਹੀਂ	ਪੈ ਸਕਦਾ
ਸਭ	ਡਿਠੀ	ਠੋਕਿ *(ਠੋਕ)*	ਵਜਾਇ॥
ਸਾਰੀ	ਵੇਖੀ	ਠੋਕ ਕੇ, ਠੋਕਰ ਲਾਕੇ	ਵਜਾ ਕੇ, ਭਾਵ ਪਰਖ ਕੇ

...(ਹੇ! ਵਾਹਿਗੁਰੂ! ਮੈਂ) ਸਾਰੀ (ਸ੍ਰਿਸ਼ਟੀ ਚੰਗੀ ਤਰ੍ਹਾਂ) ਠੋਕ-ਵਜਾ ਕੇ, ਭਾਵ ਪਰਖ-ਨਿਰਖ ਕੇ ਵੇਖ ਲਈ ਹੈ, ਕਿਸੇ ਤੋਂ ਵੀ ਤੇਰੇ (ਗੁਣਾਂ ਦੀ) ਕੀਮਤ ਨਹੀਂ ਪਾਈ ਜਾ ਸਕਦੀ...

ਕਹਣੈ *(ਕਹਿਣੈ)*	ਹਾਥ	ਨ *(ਨਾਂ)*	ਲਭਈ, *(ਲੱਭਈ)*
ਕਹਿਣ/ਆਖਣ ਨਾਲ	ਹੱਥ ਭਾਵ ਥਹੁ	ਨਹੀਂ	ਲੱਭਦਾ, ਮਿਲਦਾ
ਸਚਿ *(ਸੱਚ)*	ਟਿਕੈ	ਪਤਿ *(ਪੱਤ)*	ਪਾਇ॥
ਸਦਾ-ਸਥਿਰ (ਪ੍ਰਭੂ)	ਟਿਕਿਆਂ	ਇੱਜ਼ਤ, ਮਾਣ	ਪਾਈਦੀ ਹੈ

...ਕਹਿਣ ਮਾਤਰ ਨਾਲ (ਵਾਹਿਗੁਰੂ ਦੇ ਗੁਣਾਂ ਦਾ) ਥਹੁ-ਪਤਾ ਨਹੀਂ ਲਗਦਾ, (ਸਗੋਂ) ਸਦਾ-ਸਥਿਰ (ਪ੍ਰਭੂ ਦੇ ਧਿਆਨ ਵਿਚ) ਟਿਕਿਆਂ ਹੀ (ਸੱਚ-ਜੀਵਨ ਵਾਲੀ) ਇੱਜ਼ਤ ਵਡਿਆਈ ਪਾਈਦੀ ਹੈ...

ਗੁਰਮਤਿ, *(ਗੁਰਮਤ)*	ਤੂੰ	ਸਾਲਾਹਣਾ,
ਸਤਿਗੁਰੂ ਦੀ ਮੱਤ ਦੁਆਰਾ	ਤੈਨੂੰ	ਸਿਫ਼ਤ ਸਲਾਹ ਕਰਨੀ

ਹੋਰੁ *(ਹੋਰ)*	ਕੀਮਤਿ *(ਕੀਮਤ)*	ਕਹਣੁ *(ਕਹਿਣ)*	ਨ *(ਨਾਂ)*	ਜਾਇ॥੫॥
ਹੋਰ	ਮੁੱਲ	ਕਹੀ,ਦੱਸੀ	ਨਹੀਂ	ਜਾ ਸਕਦੀ

...ਸਤਿਗੁਰੂ ਦੀ ਮੱਤ ਦੁਆਰਾ ਹੀ ਤੇਰੀ ਸਿਫ਼ਤ ਸਲਾਹ ਹੋ ਸਕਦੀ ਹੈ, ਹੋਰ (ਕਿਸੇ ਵੀ ਤਰੀਕੇ ਨਾਲ ਤੇਰੇ ਗੁਣਾਂ ਦੀ) ਕੀਮਤ ਕਹੀ ਨਹੀਂ ਜਾ ਸਕਦੀ...

ਜਿਤੁ *(ਜਿਤ)*	ਤਨਿ *(ਤਨ)*	ਨਾਮੁ *(ਨਾਮ)*	ਨ *(ਨਾਂ)*	ਭਾਵਈ,
ਜਿਹੜੇ	ਸਰੀਰ	(ਪ੍ਰਭੂ) ਨਾਮ	ਨਹੀਂ	ਭਾਉਂਦਾ
ਤਿਤੁ *(ਤਿਤ)*	ਤਨਿ *(ਤਨ)*	ਹਉਮੈ	ਵਾਦੁ *(ਵਾਦ)* ॥	
ਉਸ	ਸਰੀਰ ਵਿਚ	ਅਹੰਕਾਰ	ਝਮੇਲਾ, ਬਖੇੜਾ	

...ਜਿਹੜੇ ਸਰੀਰ ਨੂੰ (ਅਕਾਲ ਪੁਰਖ ਦਾ) ਨਾਮ ਚੰਗਾ ਨਹੀਂ ਲਗਦਾ, ਉਸ ਸਰੀਰ ਵਿਚ ਅਹੰਕਾਰ ਦੇ ਝਗੜੇ -ਝਮੇਲੇ ਬਣੇ ਰਹਿੰਦੇ ਹਨ...

ਪੰਨਾ ੬੧-੬੨

ਗੁਰ	ਬਿਨੁ, *(ਬਿਨ)*	ਗਿਆਨੁ *(ਗਿਆਨ)*	ਨ *(ਨਾਂ)*	ਪਾਈਐ,
ਸਤਿਗੁਰੂ	ਬਿਨਾਂ	ਸੋਝੀ, ਸਮਝ	ਨਹੀਂ	ਪਾਈਦਾ

ਬਿਖਿਆ	ਦੂਜਾ	ਸਾਦੁ *(ਸਾਦ)* ॥
ਜ਼ਹਿਰ	ਦ੍ਵੈਤ, ਦੂਸਰਾ	ਸੁਆਦ

...ਸਤਿਗੁਰੂ ਬਿਨਾਂ (ਪਰਮਾਤਮ) ਗਿਆਨ ਪ੍ਰਾਪਤ ਨਹੀਂ ਹੋ ਸਕਦਾ, (ਗੁਰੂ ਬਿਨਾਂ, ਵਿਸ਼ੇ-ਵਿਕਾਰਾਂ ਦਾ ਹੋਰ) ਦੂਸਰੇ ਪਾਸੇ ਦਾ ਸੁਆਦ ਨਿਰਾ ਜ਼ਹਿਰ (ਸਮਾਨ ਹੈ)...

ਬਿਨੁ *(ਬਿਨ)*	ਗੁਣ,	ਕਾਮਿ *(ਕਾਮ)*	ਨ *(ਨਾਂ)*	ਆਵਈ,
ਬਿਨਾਂ	ਚੰਗਿਆਈਆਂ	ਕੰਮ	ਨਹੀਂ	ਆਉਂਦੇ

ਮਾਇਆ	ਫੀਕਾ	ਸਾਦੁ *(ਸਾਦ)* ॥੬॥
ਧਨ-ਦੌਲਤ	ਫਿੱਕਾ	ਸੁਆਦ

...ਬਿਨਾਂ (ਈਸ਼ਵਰੀ) ਗੁਣਾਂ ਦੇ (ਮਨੁੱਖੀ ਦੇਹ ਕਿਸੇ) ਕੰਮ ਨਹੀਂ ਆਉਂਦੀ, (ਮਾਇਆਵੀ ਵਿਕਾਰਾਂ ਦੇ) ਸੁਆਦ ਸਭ ਫਿੱਕੇ ਹਨ...

ਆਸਾ	ਅੰਦਰਿ *(ਅੰਦਰ)*	ਜੰਮਿਆ, *(ਜੰਮਿਆਂ)*
ਲੋਚਾ, ਤ੍ਰਿਸ਼ਨਾ	ਵਿਚ	ਜੰਮਦਾ

ਆਸਾ	ਰਸ	ਕਸ	ਖਾਇ॥
ਲੋਚਾ, ਤ੍ਰਿਸ਼ਨਾ	ਸੁਆਦ	ਖੱਟਾ-ਮਿੱਠਾ	ਖਾਂਦਾ ਹੈ

...(ਮਨੁੱਖ) ਤ੍ਰਿਸ਼ਨਾਵਾਂ ਵਿਚ ਹੀ ਜੰਮਦਾ ਹੈ ਅਤੇ ਤ੍ਰਿਸ਼ਨਾਵਾਂ ਅਧੀਨ ਹੀ (ਜੀਵਨ ਭਰ, ਵਿਸ਼ੇ-ਵਿਕਾਰਾਂ ਦੇ) ਖੱਟੇ-ਮਿਠੇ ਸੁਆਦਾਂ ਨੂੰ ਛਕਦਾ ਰਹਿੰਦਾ ਹੈ...

ਆਸਾ	ਬੰਧਿ *(ਬੰਧ)*	ਚਲਾਈਐ,
ਲੋਚਾ, ਤ੍ਰਿਸ਼ਨਾ	ਬੰਨ੍ਹਿਆ ਹੋਇਆ	ਤੋਰਿਆ ਜਾਂਦਾ

ਮੁਹੇ *(ਮੁਹੋਂ)*	ਮੁਹਿ *(ਮੂੰਹਿ)*	ਚੋਟਾ *(ਚੋਟਾਂ)*	ਖਾਇ॥
ਮੂੰਹ ਤੇ	ਮੂੰਹ ਉੱਤੇ	ਸੱਟਾਂ	ਖਾਂਦਾ

...(ਉਹ ਜੀਵਨ ਭਰ) ਤ੍ਰਿਸ਼ਨਾਂ ਅਧੀਨ ਮੂੰਹੋਂ-ਮੂੰਹ ਭਾਵ ਬਾਰੰਬਾਰ, ਮੂੰਹ ਉੱਤੇ (ਵਿਕਾਰਾਂ ਦੀਆਂ) ਸੱਟਾਂ ਖਾਂਦਾ ਰਹਿੰਦਾ ਹੈ, ਅਤੇ ਤ੍ਰਿਸ਼ਨਾਂ ਦਾ ਬੰਨ੍ਹਿਆ ਹੋਇਆ ਹੀ (ਸੰਸਾਰ ਤੋਂ) ਤੋਰਿਆ ਜਾਂਦਾ ਹੈ...

ਪੰਨਾ ੬੨

ਅਵਗਣਿ *(ਅਵਗਣ)*	ਬਧਾ *(ਬੱਧਾ)*	ਮਾਰੀਐ,
ਬੁਰਿਆਈਆਂ	ਬੰਨ੍ਹਿਆਂ	ਮਾਰਿਆ ਜਾਂਦਾ
ਛੂਟੈ	ਗੁਰਮਤਿ *(ਗੁਰਮੱਤ)*	ਨਾਇ *(ਨਾਇ)*॥੭॥
ਛੁੱਟੀਦਾ	ਸਤਿਗੁਰੂ ਦੀ ਮੱਤ ਰਾਹੀਂ	(ਪ੍ਰਭੂ) ਨਾਮ ਨਾਲ

...ਬੁਰਿਆਈਆਂ ਦਾ ਬੰਨ੍ਹਿਆ ਹੋਇਆ (ਉਹ ਸਾਰੀ ਜ਼ਿੰਦਗੀ) ਮਾਰ ਖਾਂਦਾ ਰਹਿੰਦਾ ਹੈ, (ਪਰ ਤ੍ਰਿਸ਼ਨਾਂ ਦੇ ਇਸ ਜੰਜਾਲ ਤੋਂ) ਛੁੱਟੀਦਾ (ਸਿਰਫ਼) ਸਤਿਗੁਰੂ ਦੇ ਉਪਦੇਸ਼ ਰਾਹੀਂ, (ਪ੍ਰਭੂ) ਨਾਮ (ਜਪਣ) ਨਾਲ ਹੀ ਹੈ...

ਸਰਬੇ	ਥਾਈ *(ਥਾਈਂ)*	ਏਕੁ *(ਏਕ)*	ਤੂੰ,
ਸਾਰੀਆਂ	ਥਾਵਾਂ	ਇੱਕ	ਤੁਸੀਂ
ਜਿਉ *(ਜਿਉਂ)*	ਭਾਵੈ	ਤਿਉ *(ਤਿਉਂ)*	ਰਾਖੁ *(ਰਾਖ)* ॥
ਜਿਵੇਂ	ਚੰਗਾ ਲਗਦਾ	ਤਿਵੇਂ	ਰੱਖ ਲੈ

...(ਹੇ! ਵਾਹਿਗੁਰੂ!) ਸਭਨਾਂ ਥਾਵਾਂ ਤੇ ਇਕ ਤੂੰ ਹੀ (ਤਾਂ ਵਸਦਾ) ਹੈਂ, ਜਿਵੇਂ ਵੀ ਤੈਨੂ ਚੰਗਾ ਲਗਦਾ ਹੈ ਤਿਵੇ ' ਹੀ (ਹਉਮੈ ਅਤੇ ਤ੍ਰਿਸ਼ਨਾਂ ਦੇ ਝਮੇਲਿਆਂ ਤੋਂ) ਬਚਾ ਲੈ...

ਗੁਰਮਤਿ *(ਗੁਰਮੱਤ)*	ਸਾਚਾ	ਮਨਿ *(ਮਨ)*	ਵਸੈ,
ਸਤਿਗੁਰੂ ਦੀ ਮੱਤ ਰਾਹੀਂ	ਸਦਾ-ਸਥਿਰ (ਪ੍ਰਭੂ)	ਮਨ ਵਿਚ	ਵੱਸ ਜਾਂਦਾ
ਨਾਮੁ *(ਨਾਮ)*	ਭਲੋ	ਪਤਿ *(ਪੱਤ)*	ਸਾਖੁ *(ਸਾਖ)* ॥
(ਪ੍ਰਭੂ) ਨਾਮ	ਭਲਾ, ਚੰਗਾ	ਇੱਜ਼ਤ, ਮਾਣ	ਵਿਸ਼ਵਾਸ਼, ਪ੍ਰਤਿਸ਼ਠਾ

...ਸਤਿਗੁਰੂ ਦੇ ਉਪਦੇਸ਼ ਰਾਹੀਂ ਸਦਾ-ਸਥਿਰ (ਵਾਹਿਗੁਰੂ) ਹਿਰਦੇ ਵਿਚ ਵਸ ਜਾਂਦਾ ਹੈ, (ਪਰਮਾਤਮਾ ਦਾ) ਨਾਮ ਹੀ ਭਲਾ ਹੈ, ਜਿਸ ਨਾਲ, ਇੱਜ਼ਤ-ਮਾਣ ਅਤੇ ਇਤਬਾਰ ਬਣਦਾ ਹੈ...

ਹਉਮੈ	ਰੋਗੁ *(ਰੋਗ)*	ਗਵਾਈਐ,	
ਅਹੰਕਾਰ	ਬਿਮਾਰੀ	ਮਿਟ ਜਾਂਦਾ, ਨਸ਼ਟ ਹੋ ਜਾਂਦਾ	
ਸਬਦਿ *(ਸ਼ਬਦ)*	ਸਚੈ *(ਸੱਚੈ)*	ਸਚੁ *(ਸੱਚ)*	ਭਾਖੁ *(ਭਾਖ)* ॥੮॥
(ਗੁਰ) ਸ਼ਬਦ ਰਾਹੀਂ	ਸਦਾ-ਸਥਿਰ	ਸਦਾ-ਸਿਥਰ (ਪ੍ਰਭੂ)	ਨਾਮ ਸਿਮਰ, ਜਪ

...ਸਦਾ-ਸਥਿਰ(ਗੁਰ) ਸ਼ਬਦ ਰਾਹੀਂ, ਸੱਤ-ਸਰੂਪ ਨਾਮ ਦਾ ਸਿਮਰਨ ਕਰ, ਇਸ ਨਾਲ ਹਉਮੈ ਰੋਗ ਮਿਟ ਜਾਂਦਾ ਹੈ...

ਪੰਨਾ ੬੨

ਆਕਾਸੀ *(ਆਕਾਸ਼ੀਂ)*	**ਪਾਤਾਲਿ** *(ਪਾਤਾਲ)*	**ਤੂੰ,**
ਆਕਾਸ਼ ਵਿਚ	ਪਾਤਾਲ ਵਿਚ	ਤੁਸੀਂ
ਤ੍ਰਿਭਵਣਿ *(ਤ੍ਰਿਭਵਣ)*	**ਰਹਿਆ**	**ਸਮਾਇ॥**
ਤਿੰਨਾਂ ਲੋਕਾਂ	ਰਿਹਾ	ਲੀਨ, ਅਭੇਦ

...ਆਕਾਸ਼, ਪਾਤਾਲ ਅਥਵਾ ਤਿੰਨਾਂ ਲੋਕਾਂ (ਧਰਤ, ਅਕਾਸ਼, ਪਤਾਲ) ਵਿਚ (ਹੇ! ਅਕਾਲ ਪੁਰਖ!) ਤੂੰ ਸਮਾ ਰਿਹਾ ਹੈਂ...

ਆਪੇ	**ਭਗਤੀ**	**ਭਾਉ**	**ਤੂੰ,**
ਆਪ ਹੀ	ਬੰਦਗੀ	ਪਿਆਰ	ਤੁਸੀਂ
ਆਪੇ	**ਮਿਲਹਿ** *(ਮਿਲਹਿਂ)*	**ਮਿਲਾਇ ॥**	
ਆਪ ਹੀ	ਮਿਲਦਾ	ਮਿਲਾਉਂਦਾ	

...(ਹੇ! ਵਾਹਿਗੁਰੂ!) ਤੂੰ ਆਪ ਹੀ (ਆਪਣੀ) ਬੰਦਗੀ ਹੈਂ, ਆਪ ਹੀ (ਆਪਣਾ) ਪਿਆਰ ਹੈਂ, ਆਪ ਹੀ (ਆਪਣੇ ਪਿਆਰਿਆਂ ਨੂੰ) ਮਿਲਦਾ ਹੈਂ ਅਤੇ ਆਪ ਹੀ (ਉਨ੍ਹਾਂ ਨੂੰ ਆਪਣੇ ਨਾਲ) ਮਿਲਾਉਂਦਾ ਹੈ...

ਨਾਨਕ,	**ਨਾਮੁ** *(ਨਾਮ)*	**ਨ** (ਨਾਂ)	**ਵੀਸਰੈ,**
ਹੇ! ਨਾਨਕ	(ਪ੍ਰਭੂ) ਨਾਮ	ਨਾ	ਭੁਲ ਜਾਏ
ਜਿਉ *(ਜਿਉਂ)*	**ਭਾਵੈ**	**ਤਿਵੈ** *(ਤਿਵੈਂ)*	**ਰਜਾਇ** *(ਰਜ਼ਾਇ)* ॥੯॥੧੩॥
ਜਿਵੇਂ	ਚੰਗਾ ਲਗੇ	ਤਿਵੇਂ	ਰਜ਼ਾ, ਮਰਜ਼ੀ

...ਹੇ! ਨਾਨਕ! ਜਿਵੇਂ (ਸਾਹਿਬ ਨੂੰ) ਚੰਗਾ ਲਗਦਾ ਹੈ, ਤਿਵੇਂ ਹੀ ਉਸ ਦੀ ਰਜ਼ਾ ਅਥਵਾ ਹੁਕਮ (ਵਰਤਦਾ ਹੈ, ਪਰ ਮੇਰੀ ਇਹੋ ਜੋਦੜੀ ਹੈ, ਕਿ ਪ੍ਰੀਤਮ ਜੀ! ਮੈਨੂੰ ਤੇਰਾ) ਨਾਮ ਨਾ ਵਿਸਰ ਜਾਏ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਰਾਮ	**ਨਾਮਿ** *(ਨਾਮ)*	**ਮਨੁ** *(ਮਨ)*	**ਬੇਧਿਆ,**
ਪ੍ਰਭੂ	ਨਾਮ ਵਿਚ	ਚਿੱਤ	ਵਿਨ੍ਹਿਆ
ਅਵਰੁ *(ਅਵਰ)*	**ਕਿ**	**ਕਰੀ** *(ਕਰੀਂ)*	**ਵੀਚਾਰੁ** *(ਵੀਚਾਰ)* ॥
ਹੋਰ	ਕੀ	ਕਰਾਂ	ਵਿਚਾਰ, ਸੋਚ

ਪੰਨਾ ੬੨

...(ਮੇਰਾ) ਹਿਰਦਾ ਤਾਂ ਵਾਹਿਗੁਰੂ ਨਾਮ ਦੁਆਰਾ ਵਿਨ੍ਹਿਆ ਪਿਆ ਹੈ, (ਹੁਣ ਮੈਂ) ਹੋਰ (ਕੁਝ ਬਾਰੇ) ਕੀ ਸੋਚ-ਵਿਚਾਰ ਕਰਾਂ...

ਸਬਦ *(ਸ਼ਬਦ)*	**ਸੁਰਤਿ** *(ਸੁਰਤ)*	**ਸੁਖੁ** *(ਸੁੱਖ)*	**ਊਪਜੈ,**
(ਗੁਰ) ਸ਼ਬਦ	ਧਿਆਨ ਵਿਚ	ਅਨੰਦ	ਪੈਦਾ ਹੁੰਦਾ ਹੈ
ਪ੍ਰਭ	**ਰਾਤਉ**	**ਸੁਖ** *(ਸੁੱਖ)*	**ਸਾਰੁ** *(ਸਾਰ)* ॥
ਹਰੀ	ਰੱਤਿਆਂ	ਅਨੰਦ	ਸ੍ਰੇਸ਼ਠ, ਉੱਤਮ

...ਸੁਰਤ ਵਿਚ (ਗੁਰ) ਸ਼ਬਦ ਦੇ (ਨਿਵਾਸ ਨਾਲ, ਆਤਮਿਕ) ਅਨੰਦ ਉਪਜਦਾ ਹੈ, ਪਰਮਾਤਮ (ਰੰਗ ਵਿਚ) ਰੰਗਿਆਂ ਪਰਮ ਸ੍ਰੇਸ਼ਠ (ਈਸ਼ਵਰੀ) ਅਨੰਦ ਦੀ ਪ੍ਰਾਪਤੀ ਹੁੰਦੀ ਹੈ...

ਜਿਉ *(ਜਿਉਂ)*	**ਭਾਵੈ,**	**ਤਿਉ** *(ਤਿਉਂ)*	**ਰਾਖੁ** *(ਰਾਖ)*	**ਤੂੰ,**
ਜਿਵੇਂ	ਚੰਗਾ ਲਗਦਾ	ਤਿਵੇਂ	ਰੱਖ, ਬਚਾ	ਤੁਸੀਂ
ਮੈ *(ਮੈਂ)*	**ਹਰਿ** *(ਹਰ)*	**ਨਾਮੁ** *(ਨਾਮ)*	**ਅਧਾਰੁ** *(ਅਧਾਰ)* ॥੧॥	
ਮੇਰਾ	ਹਰੀ, ਪ੍ਰਭੂ	ਨਾਮ	ਓਟ, ਆਸਰਾ	

...(ਹੇ! ਅਕਾਲ ਪੁਰਖ!) ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਹੀ ਤੂੰ (ਮੇਰੀ) ਰੱਖਿਆ ਕਰ, ਕੇਵਲ ਵਾਹਿਗੁਰੂ-ਨਾਮ ਹੀ ਮੇਰੇ ਜੀਵਨ ਦਾ ਓਟ-ਆਸਰਾ ਬਣਿਆ ਰਹੇ...

ਮਨ	**ਰੇ,**	**ਸਾਚੀ**	**ਖਸਮ**	**ਰਜਾਇ** *(ਰਜ਼ਾਇ)* ॥
ਮਨਾ	ਹੇ!	ਸੱਚੀ	ਮਾਲਕ	ਰਜ਼ਾ, ਮਰਜ਼ੀ

...ਹੇ! ਮਨਾ! ਖ਼ਸਮ (ਪ੍ਰਭੂ) ਦੀ ਰਜ਼ਾ (ਹਮੇਸ਼ਾਂ) ਸੱਚੀ (ਭਾਵ ਸਦਾ ਰਹਿਣ ਵਾਲੀ) ਹੈ...

ਜਿਨਿ *(ਜਿਨ੍ਹ)*	**ਤਨੁ** *(ਤਨ)*	**ਮਨੁ** *(ਮਨ)*	**ਸਾਜਿ** *(ਸਾਜ)*	**ਸੀਗਾਰਿਆ** *(ਸ਼ੀਂਗਾਰਿਆ)*
ਜਿਸਨੇ	ਸਰੀਰ	ਹਿਰਦਾ	ਬਣਾ ਕੇ	ਸਜਾਇਆ
ਤਿਸੁ *(ਤਿਸ)*	**ਸੇਤੀ**	**ਲਿਵ**	**ਲਾਇ**॥੧॥	**ਰਹਾਉ** ॥
ਉਸ	ਨਾਲ	ਧਿਆਨ	ਲਗਾ	ਠਹਿਰਾਉ

...(ਹੇ! ਭਾਈ!) ਜਿਸ ਨੇ (ਤੇਰਾ ਸੁੰਦਰ) ਸਰੀਰ ਬਣਾਕੇ, ਇਸ ਨੂੰ ਸੰਵਾਰਿਆ ਸ਼ਿੰਗਾਰਿਆ ਹੈ, ਉਸ ਨਾਲ (ਆਪਣੀ) ਲਿਵ ਜੋੜ...

ਪੰਨਾ ੬੨

ਤਨੁ *(ਤਨ)*	**ਬੈਸੰਤਰਿ** *(ਬੈਸੰਤਰ)*	**ਹੋਮੀਐ,** *(ਹੋਮੀਐਂ)*
ਸਰੀਰ	ਅਗਨੀ ਵਿਚ	(ਘਿਉ ਵਾਂਗ) ਅਰਪਿਤ ਕਰੀਏ

ਇਕ	**ਰਤੀ**	**ਤੋਲਿ** *(ਤੋਲ)*	**ਕਟਾਇ॥**
ਗਿਣਤੀ ਦਾ ਇੱਕ	ਤੋਲ ਦੀ ਇਕ ਇਕਾਈ, ਛੋਟੇ	ਵਜ਼ਨ	ਕਟਾ ਕੇ

...(ਜੇਕਰ) ਸਰੀਰ ਦੇ ਛੋਟੇ ਛੋਟੇ ਵਜ਼ਨ ਦੇ ਟੁਕੜੇ ਕੱਟਕੇ, ਅਗਨੀ ਵਿਚ (ਪਾਕੇ ਜਲਾ ਦੇਈਏ)...

ਤਨੁ *(ਤਨ)*	**ਮਨੁ** *(ਮਨ)*	**ਸਮਧਾ**	**ਜੇ**	**ਕਰੀ,** *(ਕਰੀਂ)*
ਸਰੀਰ	ਹਿਰਦਾ	ਬਾਲਣ	ਜੇਕਰ	ਕਰੀਏ

ਅਨਦਿਨੁ *(ਅਨਦਿਨ)*	**ਅਗਨਿ** *(ਅਗਨ)*	**ਜਲਾਇ॥**
ਦਿਨ ਰਾਤ	ਅੱਗ ਵਿਚ	ਜਲਾ ਦੇਈਏ

...ਜੇਕਰ ਤਨ ਅਤੇ ਮਨ ਨੂੰ ਬਾਲਣ ਬਣਾ ਕੇ, (ਹਵਨ ਦੀਆਂ ਲਕੜੀਆਂ ਵਾਂਗ) ਦਿਨ ਰਾਤ ਅੱਗ ਵਿਚ ਸਾੜੀ ਜਾਈਏ...

ਹਰਿ *(ਹਰ)*	**ਨਾਮੈ**	**ਤੁਲਿ** *(ਤੁਲ)*	**ਨ** *(ਨਾਂ)*	**ਪੁਜਈ,**
ਪ੍ਰਭੂ	ਨਾਮ ਦੇ	ਬਰਾਬਰ	ਨਹੀਂ	ਪੁੱਜ ਸਕੀਦਾ

ਜੇ	**ਲਖ** *(ਲੱਖ)*	**ਕੋਟੀ**	**ਕਰਮ**	**ਕਮਾਇ॥੨॥**
ਜੇਕਰ	ਲੱਖਾਂ	ਕਰੋੜਾਂ	ਕੰਮ	ਕਮਾਈਏ, ਕਰੀਏ

...ਪਰ ਜੇਕਰ ਇਸ ਤਰ੍ਹਾਂ ਦੇ ਲੱਖਾਂ ਕਰੋੜਾਂ (ਕਰਮ-ਕਾਂਡੀ) ਕਰਮ ਵੀ ਕਰ ਲਈਏ, ਤਾਂ ਵੀ ਵਾਹਿਗੁਰੂ-ਨਾਮ ਦੇ ਬਰਾਬਰ (ਇਨ੍ਹਾਂ ਵਿਚੋਂ ਕੁਝ ਵੀ) ਨਹੀਂ ਪੁੱਜ ਸਕਦਾ...

ਅਰਧ	**ਸਰੀਰੁ** *(ਸ਼ਰੀਰ)*	**ਕਟਾਈਐ,**
ਅੱਧ ਵਿਚਕਾਰੋਂ, ਦੋ ਟੋਟੇ	ਤਨ	ਕਟਾ ਲਈਏ

ਸਿਰਿ *(ਸਿਰ)*	**ਕਰਵਤੁ** *(ਕਰਵਤ)*	**ਧਰਾਇ॥**
ਸੀਸ ਉੱਤੇ	ਆਰਾ	ਧਰਾ ਕੇ, ਰੱਖ ਕੇ

...(ਜੇਕਰ) ਸਿਰ ਉੱਤੇ ਆਰਾ ਰੱਖ ਕੇ, ਸਰੀਰ ਨੂੰ ਅੱਧ ਵਿਚਕਾਰੋਂ ਦੋ ਟੋਟੇ ਕਰਕੇ ਕਟਵਾ ਲਈਏ...

ਤਨੁ *(ਤਨ)*	**ਹੈਮੰਚਲਿ** *(ਹੈਮੰਚਲ)*	**ਗਾਲੀਐ,**
ਸਰੀਰ	ਹਿਮਾਲਾ ਪਰਬਤ (ਦੀ ਬਰਫ਼) ਵਿਚ	ਗਾਲ ਦਈਏ

ਪੰਨਾ ੬੨

ਭੀ	ਮਨ	ਤੇ	ਰੋਗੁ *(ਰੋਗ)*	ਨ *(ਨਾਂ)*	ਜਾਇ॥
ਤਾਂ ਵੀ	ਹਿਰਦੇ	ਵਿਚੋਂ	ਬਿਮਾਰੀ	ਨਹੀਂ	ਜਾਂਦੀ

...ਜੇਕਰ ਸਰੀਰ ਨੂੰ (ਕਠਿਨ ਤਪੱਸਿਆ ਰਾਹੀਂ) ਹਿਮਾਲਾ ਪਰਬਤ (ਦੀ ਬਰਫ਼ ਵਿਚ ਵੀ) ਗਾਲ ਦੇਈਏ, ਤਾਂ ਵੀ ਹਿਰਦੇ ਵਿਚੋਂ (ਹਉਮੈ) ਰੋਗ ਨਹੀਂ ਜਾਂਦਾ...

ਹਰਿ *(ਹਰ)*	ਨਾਮੈ	ਤੁਲਿ *(ਤੁਲ)*	ਨ *(ਨਾਂ)*	ਪੁਜਈ,
ਹਰੀ	ਨਾਮ ਦੇ	ਬਰਾਬਰ	ਨਹੀਂ	ਪੁੱਜਦਾ

ਸਭ	ਡਿਠੀ	ਠੋਕਿ *(ਠੋਕ)*	ਵਜਾਇ॥੩॥
ਸਾਰੀ	ਵੇਖ ਲਿਆ	ਠੋਕ ਕੇ, ਠੋਕਰ ਲਾ ਕੇ	ਵਜਾ ਕੇ, ਭਾਵ ਪਰਖ ਕੇ

...ਮੈਂ ਸਭ (ਸ੍ਰਿਸ਼ਟੀ ਨੂੰ ਚੰਗੀ ਤਰ੍ਹਾਂ) ਠੋਕ ਵਜਾ ਕੇ ਭਾਵ ਪਰਖ਼ ਕੇ ਵੇਖ ਲਿਆ ਹੈ, ਅਕਾਲ ਪੁਰਖ ਦੇ ਨਾਮ ਦੇ ਬਰਾਬਰ (ਕੁਝ ਵੀ) ਪੁੱਜ ਨਹੀਂ ਸਕਦਾ...

ਕੰਚਨ	ਕੇ	ਕੋਟ	ਦਤੁ *(ਦਤ)*	ਕਰੀ, *(ਕਰੀਂ)*
ਸੋਨੇ	ਦੇ	ਕਿਲ੍ਹੇ	ਦਾਨ	ਕਰੀਏ

ਬਹੁ	ਹੈਵਰ	ਗੈਵਰ	ਦਾਨੁ *(ਦਾਨ)* ॥
ਬਹੁਤ	ਸ੍ਰੇਸ਼ਠ ਘੋੜੇ	ਉੱਤਮ ਹਾਥੀ	ਖ਼ੈਰਾਤ, ਪੁੰਨ ਰੂਪ ਵਿਚ ਦਿੱਤੀ ਵਸਤੂ

...(ਜੇਕਰ) ਸੋਨੇ ਦੇ ਕਿਲ੍ਹੇ ਦਾਨ ਕਰ ਦਈਏ, ਬਹੁਤ ਸਾਰੇ ਸ੍ਰੇਸ਼ਠ ਕਿਸਮ ਦੇ ਘੋੜੇ ਅਤੇ ਵਧੀਆ ਹਾਥੀ ਵੀ ਦਾਨ ਪੁੰਨ ਕਰ ਦਈਏ...

ਭੂਮਿ *(ਭੂਮ)*	ਦਾਨੁ *(ਦਾਨ)*	ਗਊਆ *(ਗਊਆਂ)*	ਘਣੀ,
ਧਰਤੀ	ਖ਼ੈਰਾਤ	ਗਾਵਾਂ	ਬਹੁਤ

ਭੀ	ਅੰਤਰਿ *(ਅੰਤਰ)*	ਗਰਬੁ *(ਗਰਬ)*	ਗੁਮਾਨੁ *(ਗੁਮਾਨ)* ॥
ਫਿਰ ਵੀ	ਅੰਦਰ	ਹਉਮੈਂ	ਅਹੰਕਾਰ

...ਬਹੁਤ ਸਾਰੀ ਜ਼ਮੀਨ ਅਤੇ ਗਊਆਂ ਇਤਿਆਦਿਕ ਵੀ ਦਾਨ ਪੁੰਨ ਕੀਤੀਆਂ ਜਾਣ, (ਤਾਂ ਵੀ ਹਿਰਦੇ) ਅੰਦਰ ਹਉਮੈ ਅਹੰਕਾਰ ਬਣਿਆ ਰਹਿੰਦਾ ਹੈ...

ਰਾਮ	ਨਾਮਿ *(ਨਾਮ)*	ਮਨੁ *(ਮਨ)*	ਬੇਧਿਆ,
ਹਰੀ	ਨਾਮ ਰਾਹੀਂ	ਹਿਰਦਾ	ਵਿਨ੍ਹਿਆ

ਪੰਨਾ ੬੨

ਗੁਰਿ *(ਗੁਰ)*	ਦੀਆ	ਸਚੁ *(ਸੱਚ)*	ਦਾਨੁ *(ਦਾਨ)* ॥੪॥
ਸਤਿਗੁਰੂ	ਦਿੱਤਾ	ਸੱਤ	ਖ਼ੈਰਾਤ, ਪੁੰਨ ਰੂਪ ਵਿਚ ਦਿੱਤੀ ਵਸਤੂ

...(ਪਰ ਜਿਸ ਨੂੰ) ਸਤਿਗੁਰੂ ਨੇ ਸੱਤ-ਸਰੂਪ (ਨਾਮ) ਦਾਨ ਬਖ਼ਸ਼ਿਆ ਹੈ, ਉਸ ਦਾ ਹਿਰਦਾ ਵਾਹਿਗੁਰੂ ਨਾਮ ਨਾਲ ਵਿੰਨ੍ਹਿਆ ਰਹਿੰਦਾ ਹੈ...

ਮਨਹਠ	ਬੁਧੀ *(ਬੁੱਧੀ)*	ਕੇਤੀਆ, *(ਕੇਤੀਆਂ)*
ਮਨ ਦਾ ਹਠ, ਮਨ ਦਾ ਸਿਰੜ	ਅਕਲ	ਕਿਤਨੀਆਂ

ਕੇਤੇ	ਬੇਦ	ਬੀਚਾਰ ॥
ਕਿਤਨੇ ਹੀ	ਵੇਦ	ਵੀਚਾਰ, ਚਿੰਤਨ, ਗਿਆਨ

...ਅਨੇਕਾਂ ਹੀ ਲੋਕਾਂ ਦੀਆਂ ਅਕਲ, ਮਨ ਦੇ ਸਿਰੜ (ਭਾਵ ਕਰੜੇ ਧਾਰਮਿਕ ਤਪ ਆਦਿਕ) ਕਰਨ ਵਾਲੀ ਹੈ, ਅਤੇ ਅਨੇਕਾਂ ਵੇਦ ਆਦਿਕ (ਧਰਮ ਪੁਸਤਕਾਂ) ਦੇ ਚਿੰਤਨ ਅਥਵਾ ਵੀਚਾਰ ਹਨ...

ਕੇਤੇ	ਬੰਧਨ	ਜੀਅ	ਕੇ,
ਕਿਤਨੇ ਹੀ	ਜੰਜਾਲ, ਕੈਦ, ਰੋਕਾਂ	ਜੀਵ-ਆਤਮਾ	ਦੇ

ਗੁਰਮੁਖਿ *(ਗੁਰਮੁਖ)*	ਮੋਖ	ਦੁਆਰ ॥
ਸਤਿਗੁਰੂ ਦੀ ਸਨਮੁੱਖਤਾ ਦੁਆਰਾ	ਮੁਕਤੀ	ਦਰਵਾਜ਼ਾ

...(ਮਨੁੱਖੀ) ਜੀਵ-ਆਤਮਾ ਦੇ ਅਣਗਿਣਤ ਹੀ ਬੰਧਨ ਹਨ, ਸਤਿਗੁਰੂ ਦੀ ਸਨਮੁੱਖਤਾ ਰਾਹੀਂ ਹੀ (ਇਨ੍ਹਾਂ ਬੰਧਨਾਂ ਤੋਂ ਛੁਟਕਾਰੇ ਲਈ) ਮੁਕਤੀ ਦਾ ਦੁਆਰ ਪ੍ਰਾਪਤ ਹੁੰਦਾ ਹੈ...

ਸਚਹੁ *(ਸਚਹੁੰ)*	ਓਰੈ,	ਸਭੁ *(ਸਭ)*	ਕੋ,
ਸੱਚ (ਈਸ਼ਵਰ) ਤੋਂ	ਉਰ੍ਹੇ, ਹੇਠਾਂ	ਸਾਰੇ	ਕੋਈ

ਉਪਰਿ *(ਉਪਰ)*	ਸਚੁ *(ਸੱਚ)*	ਆਚਾਰੁ *(ਆਚਾਰ)* ॥੫॥
ਉੱਤੇ, ਉਪਰ	ਸੱਚ (ਈਸ਼ਵਰ)	ਨਿਰਮਲ ਕਰਣੀ, ਪਵਿੱਤਰ ਰਹਿਣੀ

...(ਸੰਸਾਰ ਦੇ) ਸਾਰੇ ਹੀ (ਕਰਮ) ਸਦਾ-ਸਥਿਰ ਪਰਮਾਤਮਾ (ਦੀ ਬੰਦਗੀ) ਤੋਂ ਉਰ੍ਹਾਂ ਭਾਵ ਥੱਲੇ ਹਨ, (ਇਨ੍ਹਾਂ ਕਰਮਾਂ ਤੋਂ) ਉਪਰ, ਕੇਵਲ ਸੱਚੇ (ਈਸ਼ਵਰੀ ਗੁਣਾਂ ਵਾਲੀ) ਪਵਿੱਤਰ ਰਹਿਣੀ, ਅਥਵਾ ਨਿਰਮਲ ਕਰਣੀ ਹੈ...

ਸਭੁ *(ਸਭ)*	ਕੋ	ਊਚਾ	ਆਖੀਐ,
ਸਾਰਿਆਂ	ਨੂੰ	ਉੱਚਾ, ਸ੍ਰੇਸ਼ਠ	ਕਹੀਏ

ਪੰਨਾ ੬੨

ਨੀਚੁ *(ਨੀਚ)*	ਨ *(ਨਾਂ)*	ਦੀਸੈ	ਕੋਇ॥
ਘਟੀਆ	ਨਹੀਂ	ਦਿਸਦਾ	ਕੋਈ

...(ਨਿਰਮਲ ਕਰਣੀ ਰਾਹੀਂ, ਈਸ਼ਵਰ ਦੇ ਸਾਜੇ ਹੋਏ ਜਗਤ ਵਿਚ) ਕੋਈ ਵੀ ਮਾੜਾ ਨਜ਼ਰ ਨਹੀਂ ਆਉਂਦਾ, ਸਾਰਿਆਂ (ਜੀਵਾਂ ਨੂੰ) ਉੱਤਮ ਹੀ ਆਖਣਾ ਚਾਹੀਦਾ ਹੈ।...

ਇਕਨੈ	ਭਾਂਡੇ	ਸਾਜਿਐ,
ਇੱਕ (ਵਾਹਿਗੁਰੂ) ਨੇ	(ਸਰੀਰ ਰੂਪੀ) ਬਰਤਨ	ਸਾਜੇ, ਬਣਾਏ

ਇਕੁ *(ਇੱਕ)*	ਚਾਨਣੁ *(ਚਾਨਣ)*	ਤਿਹੁ *(ਤਿਹੁੰ)*	ਲੋਇ॥
ਇੱਕ ਹੀ	ਪ੍ਰਕਾਸ਼	ਤਿੰਨਾਂ	ਲੋਆਂ, ਲੋਕਾਂ, ਜਹਾਨਾਂ

...ਇਕ ਪਰਮਾਤਮਾ ਨੇ ਹੀ (ਜਗਤ ਵਿਚ, ਸਰੀਰ ਰੂਪੀ ਸਾਰੇ) ਭਾਂਡੇ ਸਾਜੇ ਹਨ, ਅਤੇ ਇਕ (ਰੱਬੀ) ਚਾਨਣ ਹੀ ਤਿੰਨਾਂ ਲੋਕਾਂ (ਵਿਚ ਪ੍ਰਕਾਸ਼ਮਾਨ ਹੋ ਰਿਹਾ ਹੈ।)...

ਕਰਮਿ *(ਕਰਮ)*	ਮਿਲੈ	ਸਚੁ *(ਸੱਚ)*	ਪਾਈਐ,
ਕ੍ਰਿਪਾ, ਮਿਹਰ	ਮਿਲ ਜਾਏ, ਹੋ ਜਾਏ	ਸਦਾ-ਸਥਿਰ (ਪ੍ਰਭੂ)	ਪਾਈਦਾ

ਧੁਰਿ *(ਧੁਰ)*	ਬਖਸ *(ਬਖਸ਼)*	ਨ *(ਨਾਂ)*	ਮੇਟੈ	ਕੋਇ॥੬॥
ਰੱਬੀ ਦਰਗਾਹ ਦੀ	ਬਖਸ਼ਿਸ਼, ਮਿਹਰ	ਨਹੀਂ	ਮਿਟਾ	ਕੋਈ ਵੀ

...(ਰੱਬ ਦੀ) ਮਿਹਰ ਹੋ ਜਾਏ, ਤਾਂ ਹੀ ਸਦਾ-ਸਥਿਰ (ਪਰਮਾਤਮਾ ਨੂੰ) ਪ੍ਰਾਪਤ ਕਰੀਦਾ ਹੈ, ਰੱਬੀ ਦਰਗਾਹ ਦੀ ਬਖਸ਼ਿਸ਼ ਨੂੰ ਕੋਈ ਮਿਟਾ ਨਹੀਂ ਸਕਦਾ...

ਸਾਧੁ *(ਸਾਧ)*	ਮਿਲੈ	ਸਾਧੂ	ਜਨੈ,
ਸਚਿਆਰ ਪੁਰਸ਼	ਮਿਲਦਾ ਹੈ	ਸਚਿਆਰ ਪੁਰਸ਼ਾਂ	ਜਨਾਂ ਨੂੰ

ਸੰਤੋਖੁ *(ਸੰਤੋਖ)*	ਵਸੈ	ਗੁਰ	ਭਾਇ॥
ਸਬਰ	ਵਸ ਜਾਂਦਾ	ਸਤਿਗੁਰੂ	ਪਿਆਰ, ਪ੍ਰੀਤ

...ਜਦੋਂ ਸਾਧੂ ਪੁਰਸ਼, ਸਾਧੂ ਪੁਰਸ਼ਾਂ ਦੀ ਸੰਗਤ ਕਰਦੇ ਹਨ, ਤਾਂ ਗੁਰੂ ਦੇ ਪਿਆਰ ਵਿਚ ਉਨ੍ਹਾਂ ਦਾ ਮਨ ਸੰਤੁਸ਼ਟਤਾ ਅਥਵਾ ਧੀਰਜ ਨਾਲ (ਭਰਪੂਰ ਹੋ ਜਾਂਦਾ) ਹੈ...

ਅਕਥ *(ਅਕੱਥ)*	ਕਥਾ	ਵੀਚਾਰੀਐ,
ਅਕਹਿ	ਵਾਰਤਾ, ਕਹਾਣੀ	ਵੀਚਾਰੀਦੀ

ਪੰਨਾ ੬੨

ਜੇ	ਸਤਿਗੁਰ *(ਸਤਗੁਰ)*	ਮਾਹਿ *(ਮਾਹਿਂ)*	ਸਮਾਇ॥
ਜੇਕਰ	ਸਤਿਗੁਰੂ	ਵਿਚ	ਲੀਨ, ਅਭੇਦ

...ਜੇਕਰ ਸਤਿਗੁਰੂ ਵਿਚ ਅਭੇਦ ਹੋ ਜਾਈਏ ਤਾਂ, ਅਕੱਥ (ਵਾਹਿਗੁਰੂ ਦੀ) ਕਥਾ-ਵਾਰਤਾ ਵੀਚਾਰਨ (ਲਗ ਜਾਈਦਾ) ਹੈ...

ਪੀ	ਅੰਮ੍ਰਿਤੁ *(ਅੰਮ੍ਰਿਤ)*	ਸੰਤੋਖਿਆ,
ਪੀ ਕੇ, ਛੱਕ ਕੇ	ਅਮਰ ਕਰ ਦੇਣ ਵਾਲਾ	ਤ੍ਰਿਪਤ ਹੋ ਗਿਆ

ਦਰਗਹਿ	ਪੈਧਾ	ਜਾਇ॥੭॥
ਦਰਗਾਹ ਵਿਚ	ਪਹਿਰਾਵਾ	ਜਾਂਦਾ ਹੈ

...(ਫਿਰ ਜੀਵ, ਸਤਿਗੁਰੂ ਤੋਂ ਨਾਮ ਰੂਪ) ਅੰਮ੍ਰਿਤ ਛੱਕ ਕੇ ਤ੍ਰਿਪਤ ਹੋ ਜਾਂਦਾ ਹੈ, ਅਤੇ ਉਸ ਨੂੰ ਰੱਬੀ ਦਰਗਾਹ ਵਿਚ (ਆਦਰ-ਸਤਿਕਾਰ ਦਾ) ਪਹਿਰਾਵਾ ਪਹਿਨਾਇਆ ਜਾਂਦਾ ਹੈ...

ਘਟਿ *(ਘਟ)*	ਘਟਿ *(ਘਟ)*	ਵਾਜੈ	ਕਿੰਗੁਰੀ, *(ਕਿੰਗਰੀ)*
ਹਿਰਦੇ ਵਿਚ	ਹਿਰਦੇ ਵਿਚ	ਵੱਜਦੀ ਹੈ	ਜੋਗੀਆਂ ਦਾ ਇਕ ਸਾਜ਼

ਅਨਦਿਨੁ *(ਅਨਦਿਨ)*	ਸਬਦਿ *(ਸ਼ਬਦ)*	ਸੁਭਾਇ॥
ਦਿਨ ਰਾਤ	(ਗੁਰ) ਸ਼ਬਦ	ਸੁਭਾਵਕ ਹੀ

...(ਸੰਸਾਰ ਦੇ ਹਰ) ਹਿਰਦੇ ਵਿਚ (ਨਿਰੰਤਰ ਈਸ਼ਵਰੀ-ਨਾਦ ਦੀ) ਕਿੰਗਰੀ ਵੱਜ ਰਹੀ ਹੈ, ਜੋ ਦਿਨ ਰਾਤ ਸਤਿਗੁਰੂ ਦੇ ਸ਼ਬਦ ਵਿਚ (ਜੁੜਿਆਂ) ਸਹਿਜ ਸੁਭਾ ਹੀ (ਸੁਣਾਈ ਦਿੰਦੀ ਹੈ)।...

ਵਿਰਲੇ	ਕਉ	ਸੋਝੀ	ਪਈ,
ਕਿਸੇ ਟਾਵੇਂ	ਨੂੰ	ਗਿਆਨ	ਪੈਂਦੀ ਹੈ, ਹੁੰਦੀ ਹੈ

ਗੁਰਮੁਖਿ *(ਗੁਰਮੁਖ)*	ਮਨੁ *(ਮਨ)*	ਸਮਝਾਇ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਚਿੱਤ	ਸਮਝਾ ਲਿਆ

...(ਜਿਸ ਨੇ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਆਪਣੇ ਚਿੱਤ ਨੂੰ ਸਮਝਾਇਆ ਹੈ, (ਕਿਸੇ ਉਸ) ਵਿਰਲੇ ਨੂੰ ਹੀ ਇਸ (ਈਸ਼ਵਰੀ-ਨਾਦ ਦਾ) ਗਿਆਨ ਹੁੰਦਾ ਹੈ।

ਨਾਨਕ,	ਨਾਮੁ *(ਨਾਮ)*	ਨ *(ਨਾਂ)*	ਵੀਸਰੈ,
ਹੇ! ਨਾਨਕ	(ਪ੍ਰਭੂ) ਨਾਮ	ਨਾਂ	ਭੁਲ ਜਾਏ

ਪੰਨਾ ੬੨

ਛੂਟੈ	ਸਬਦੁ *(ਸ਼ਬਦ)*	ਕਮਾਇ॥੮॥੧੪॥
ਮੁਕਤ ਹੋ ਜਾਂਦੇ	(ਸਤਿਗੁਰ) ਸ਼ਬਦ	ਕਮਾਕੇ

...ਹੇ! ਨਾਨਕ! (ਅਜਿਹੇ ਗੁਰਮੁੱਖਾਂ ਨੂੰ ਫਿਰ ਪ੍ਰਭੂ) ਨਾਮ ਨਹੀਂ ਵਿਸਰਦਾ, ਉਹ (ਗੁਰ) ਸ਼ਬਦ ਦੀ ਕਮਾਈ ਕਰਕੇ (ਮਾਇਆਵੀ ਵਿਕਾਰਾਂ ਤੋਂ) ਮੁਕਤ ਹੋ ਜਾਂਦੇ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਚਿਤੇ	ਦਿਸਹਿ *(ਦਿਸਹਿੰ)*	ਧਉਲਹਰ,
ਚਿੱਤ੍ਰੇ ਹੋਏ	ਦਿਸਦੇ ਹਨ	ਮਹਿਲ-ਮਾੜੀਆਂ
ਬਗੇ *(ਬੱਗੇ)*	ਬੰਕ	ਦੁਆਰ ॥
ਸਫ਼ੈਦ	ਸੁੰਦਰ	ਦਰਵਾਜ਼ੇ

...(ਜਿਹੜੇ ਸੁਹਣੇ) ਚਿਤ੍ਰਕਾਰੀ (ਨਾਲ ਸਜੇ ਹੋਏ) ਮਹਿਲ ਮਾੜੀਆਂ ਨਜ਼ਰ ਆ ਰਹੇ ਹਨ, ਅਤੇ ਜਿਨ੍ਹਾਂ ਦੇ ਸੁੰਦਰ ਚਿੱਟੇ ਦਰਵਾਜ਼ੇ ਹਨ...

ਕਰਿ *(ਕਰ)*	ਮਨ	ਖੁਸੀ *(ਖ਼ੁਸ਼ੀ)*	ਉਸਾਰਿਆ,
ਕਰਕੇ, ਕਾਰਣ	ਚਿੱਤ	ਅਨੰਦ	ਸਿਰਜਿਆ, ਬਣਾਇਆ
ਦੂਜੈ		ਹੇਤਿ *(ਹੇਤ)*	ਪਿਆਰਿ *(ਪਿਆਰ)* ॥
ਦੂਸਰੇ, ਭਾਵ ਮਾਇਆ		ਕਰਕੇ, ਸਦਕਾ	ਪ੍ਰੀਤ

...(ਇਨ੍ਹਾਂ ਮਹਿਲ ਮਾੜੀਆਂ ਨੂੰ ਪ੍ਰਭੂ ਪ੍ਰੀਤ ਵਲੋਂ ਦੂਰ ਹੋਕੇ, ਅਤੇ) ਦੂਸਰੇ, ਭਾਵ ਮਾਇਆ ਦੀ ਪ੍ਰੀਤ ਕਰਕੇ, ਆਪਣੇ ਮਨ ਦੀਆਂ ਖੁਸ਼ੀਆਂ (ਮਾਨਣ) ਲਈ ਉਸਾਰਿਆ ਹੈ...

ਅੰਦਰੁ *(ਅੰਦਰ)*	ਖਾਲੀ	ਪ੍ਰੇਮ	ਬਿਨੁ, *(ਬਿਨ)*
ਅੰਦਰੋਂ, ਵਿਚੋਂ	ਸੱਖਣੇ	ਪਿਆਰ	ਬਿਨਾਂ
ਢਹਿ	ਢੇਰੀ	ਤਨੁ *(ਤਨ)*	ਛਾਰੁ *(ਛਾਰ)* ॥੧॥
ਢਹਿ ਕੇ, ਗਿਰ ਕੇ	ਢੇਰ	ਸਰੀਰ	ਸੁਆਹ

...ਹੇ! ਭਾਈ! (ਇਨ੍ਹਾਂ ਮਹਿਲ ਮਾੜੀਆਂ ਵਿਚ ਵਸਣ ਵਾਲਾ ਤਨ, ਜੇ ਈਸ਼ਵਰੀ) ਪਿਆਰ ਤੋਂ ਬਿਨਾਂ ਅੰਦਰੋਂ ਸੱਖਣਾ ਹੈ, ਤਾਂ ਇਸ ਤਨ (ਨੇ ਵੀ ਸੱਖਣੇ ਮਹਿਲਾਂ ਵਾਂਗ ਹੀ, ਇਕ ਦਿਨ) ਢਹਿ ਢੇਰੀ ਹੋਕੇ ਸੁਆਹ ਬਣ ਜਾਣਾ ਹੈ...

ਪੰਨਾ ੬੨-੬੩

ਭਾਈ	ਰੇ,	ਤਨੁ *(ਤਨ)*	ਧਨੁ *(ਧਨ)*	ਸਾਥਿ *(ਸਾਥ)*	ਨ *(ਨਾਂ)*	ਹੋਇ॥
ਭਰਾ	ਹੇ!	ਸਰੀਰ	ਦੌਲਤ	ਨਾਲ, ਸੰਗ	ਨਹੀਂ	ਹੁੰਦੀ

...ਹੇ! ਭਾਈ! (ਇਸ ਸੰਸਾਰ ਤੋਂ ਕੂਚ ਕਰਨ ਵੇਲੇ ਇਹ) ਸਰੀਰ ਅਤੇ ਦੌਲਤ ਤੇਰੇ ਨਾਲ ਨਹੀਂ ਹੁੰਦੇ...

ਰਾਮ	ਨਾਮੁ *(ਨਾਮ)*	ਧਨੁ *(ਧਨ)*	ਨਿਰਮਲੋ,
ਪ੍ਰਭੂ	ਬੰਦਗੀ	ਦੌਲਤ	ਪਵਿੱਤਰ

ਗੁਰੁ *(ਗੁਰ)*	ਦਾਤਿ *(ਦਾਤ)*	ਕਰੇ	ਪ੍ਰਭੁ *(ਪ੍ਰਭ)*	ਸੋਇ॥੧॥	ਰਹਾਉ ॥
ਸਤਿਗੁਰੂ	ਬਖਸ਼ਿਸ਼	ਕਰ ਦੇਵੇ	ਪਰਮਾਤਮਾ	ਉਸ	ਠਹਿਰਾਉ

...(ਕੇਵਲ) ਈਸ਼ਵਰ ਦਾ ਨਾਮ-ਧਨ ਹੀ ਪਵਿੱਤਰ ਹੈ, ਜੇਕਰ ਉਹ ਪਰਮਾਤਮਾ, ਸਤਿਗੁਰੂ ਰਾਹੀਂ (ਇਸ ਧਨ ਦੀ ਜੀਵ ਨੂੰ) ਬਖਸ਼ਿਸ਼ ਕਰ ਦੇਵੇ...

ਰਾਮ	ਨਾਮੁ *(ਨਾਮ)*	ਧਨੁ *(ਧਨ)*	ਨਿਰਮਲੋ,
ਪ੍ਰਭੂ	ਬੰਦਗੀ	ਦੌਲਤ	ਪਵਿੱਤਰ

ਜੇ	ਦੇਵੈ	ਦੇਵਣਹਾਰੁ *(ਦੇਵਣਹਾਰ)* ॥
ਜੇਕਰ	ਦੇ ਦੇਵੇ, ਬਖਸ਼ ਦੇਵ	ਦੇਣਵਾਲਾ, ਦਾਤਾਰ

...(ਹੇ! ਭਾਈ! ਸਿਰਫ਼) ਵਾਹਿਗੁਰੂ ਦਾ ਨਾਮ-ਧਨ ਹੀ ਪਾਵਨ-ਪਵਿੱਤਰ ਹੈ, ਜੇਕਰ ਦਾਤਾਰ (ਵਾਹਿਗੁਰੂ ਆਪਣੀ ਕਿਰਪਾ ਕਰਕੇ) ਦੇ ਦੇਵੇ...

ਆਗੈ	ਪੂਛ	ਨ *(ਨਾਂ)*	ਹੋਵਈ,
ਅੱਗੇ ਭਾਵ ਰੱਬੀ ਦਰਗਾਹੇ	ਪੁੱਛ	ਨਹੀਂ	ਹੁੰਦੀ

ਜਿਸੁ *(ਜਿਸ)*	ਬੇਲੀ	ਗੁਰੁ *(ਗੁਰ)*	ਕਰਤਾਰੁ *(ਕਰਤਾਰ)* ॥
ਜਿਸ ਦਾ	ਦੋਸਤ,ਮਿੱਤਰ	ਸਤਿਗੁਰੂ	ਕਰਤਾ ਪੁਰਖ

...ਜਿਸ ਦਾ ਮਿੱਤਰ ਸਤਿਗੁਰੂ ਅਤੇ ਕਰਤਾ ਪੁਰਖ ਹੋਵੇ, ਉਸ ਨੂੰ ਅੱਗੇ ਭਾਵ ਰੱਬੀ ਦਰਗਾਹੇ ਕੋਈ ਪੁੱਛ-ਗਿੱਛ ਨਹੀਂ ਹੁੰਦੀ...

ਆਪਿ *(ਆਪ)*	ਛਡਾਏ	ਛੁਟੀਐ,	ਆਪੇ	ਬਖਸਣਹਾਰੁ *(ਬਖਸ਼ਣਹਾਰ)* ॥੨॥
ਆਪ ਹੀ	ਛੁੱਡਾ ਲਵੇ	ਛੁੱਟ ਜਾਈਦਾ	ਆਪ ਹੀ	ਬਖਸ਼ਣ ਵਾਲਾ, ਬਖਸ਼ਿੰਦ

ਪੰਨਾ ੬੩

...(ਜੇਕਰ ਵਾਹਿਗੁਰੂ) ਆਪ ਹੀ (ਮਾਇਆਵੀ ਵਿਕਾਰਾਂ ਤੋਂ) ਛੁੱਡਾ ਲਵੇ ਤਾਂ ਛੁੱਟ ਜਾਈਦਾ ਹੈ, (ਕਿਉਂਕਿ ਪਰਮਾਤਮਾ) ਆਪ ਹੀ ਤਾਂ ਬਖਸ਼ਿੰਦ ਹੈ...

ਮਨਮੁਖੁ *(ਮਨਮੁੱਖ)*	**ਜਾਣੈ**	**ਆਪਣੇ,**
ਮਨ ਦੇ ਮਗਰ ਲਗਣ ਵਾਲਾ	ਸਮਝਦਾ	ਖ਼ੁਦ ਦੇ

ਧੀਆ *(ਧੀਆਂ)*	**ਪੂਤ**	**ਸੰਜੋਗੁ** *(ਸੰਜੋਗ)* ॥
ਲੜਕੀਆਂ	ਪੁੱਤਰ	ਮੇਲ

...ਮਨਮੁੱਖ ਇਨਸਾਨ ਸਮਝਦਾ ਹੈ ਕਿ ਇਹ ਧੀਆਂ ਪੁੱਤਰ ਉਸ ਦੇ ਹਨ, ਪਰ ਇਹ ਤਾਂ (ਇਸ ਸੰਸਾਰ ਵਿਚ) ਪੂਰਬਲੇ ਸੰਜੋਗਾਂ ਕਰਕੇ ਮਿਲੇ ਹੁੰਦੇ ਹਨ...

ਨਾਰੀ	**ਦੇਖਿ** *(ਦੇਖ)*	**ਵਿਗਾਸੀਅਹਿ,**
ਇਸਤ੍ਰੀ	ਵੇਖ ਕੇ	ਵਿਗਸਦੇ, ਖ਼ੁਸ਼ ਹੁੰਦੇ

ਨਾਲੇ	**ਹਰਖੁ** *(ਹਰਖ)*	**ਸੁ** *(ਸੋ)*	**ਸੋਗੁ** *(ਸੋਗ)* ॥
ਨਾਲ ਹੀ	ਖ਼ੁਸ਼ੀ	ਅਤੇ	ਗ਼ਮ

...(ਮਨਮੁੱਖ ਇਨਸਾਨ) ਇਸਤ੍ਰੀ ਨੂੰ ਦੇਖ ਕੇ ਪ੍ਰਸੰਨ ਤਾਂ ਹੁੰਦਾ ਹੈ, (ਪਰ ਉਸ ਨੂੰ ਸਮਝ ਨਹੀਂ ਲਗਦੀ ਕਿ) ਖ਼ੁਸ਼ੀ ਦੇ ਨਾਲ ਨਾਲ ਹੀ ਗ਼ਮ ਵੀ ਹੈ...

ਗੁਰਮੁਖਿ *(ਗੁਰਮੁਖ)*	**ਸਬਦਿ** *(ਸ਼ਬਦ)*	**ਰੰਗਾਵਲੇ,**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਸ਼ਬਦ ਵਿਚ	ਰੰਗੇ ਹੋਏ

ਅਹਿਨਿਸਿ *(ਅਹਿਨਿਸ)*	**ਹਰਿ** *(ਹਰ)*	**ਰਸੁ** *(ਰਸ)*	**ਭੋਗੁ** *(ਭੋਗ)* ॥੩॥
ਦਿਨ ਰਾਤ	ਪ੍ਰਭੂ	ਸੁਆਦ, ਅਨੰਦ	ਭੋਗਦੇ, ਮਾਣਦੇ

....ਸਤਿਗੁਰੂ ਦੀ ਸਨਮੁੱਖਤਾ ਰਾਹੀਂ ਸ਼ਬਦ ਵਿਚ ਰੰਗੇ ਹੋਏ (ਇਨਸਾਨ), ਦਿਨ ਰਾਤ ਵਾਹਿਗੁਰੂ ਦੇ (ਅੰਮ੍ਰਿਤ) ਰਸ ਨੂੰ ਮਾਣਦੇ ਹਨ...

ਚਿਤੁ *(ਚਿੱਤ)*	**ਚਲੈ,**	**ਵਿਤੁ** *(ਵਿੱਤ)*	**ਜਾਵਣੋ,**
ਹਿਰਦਾ	ਚਲਦਾ, ਭਟਕਦਾ	ਧਨ, ਦੌਲਤ	ਜਾਣ ਨਾਲ

ਸਾਕਤ	**ਡੋਲਿ** *(ਡੋਲ)*	**ਡੋਲਾਇ॥**
ਸ਼ਕਤੀ ਦੀ ਪੁਜਾਰੀ, ਮਾਇਆਧਾਰੀ	ਅਸਥਿਰ	ਡੋਲਦਾ ਹੈ

ਪੰਨਾ ੬੩

...ਮਾਇਆ ਦੇ ਚਲੇ ਜਾਣ ਨਾਲ, ਮਾਇਆਧਾਰੀ (ਮਨਮੁੱਖ) ਦਾ ਹਿਰਦਾ ਅਸਥਿਰ ਹੋ ਕੇ ਡਾਵਾਂ-ਡੋਲ ਹੁੰਦਾ ਹੈ...

ਬਾਹਰਿ *(ਬਾਹਰ)*	**ਢੂੰਢਿ** *(ਢੂੰਢ)*	**ਵਿਗੁਚੀਐ,**
ਬਾਹਰ, ਹਿਰਦੇ ਤੋਂ ਵੱਖ	ਲੱਭਣ ਨਾਲ	ਖ਼ੁਆਰ ਹੁੰਦਾ, ਖ਼ਰਾਬ ਹੁੰਦਾ

ਘਰ	**ਮਹਿ** *(ਮਹਿਂ)*	**ਵਸਤੁ** *(ਵਸਤ)*	**ਸੁਥਾਇ** *(ਸੁਥਾਇਂ)* ॥
(ਹਿਰਦੇ) ਘਰ	ਵਿਚ	ਪਦਾਰਥ	ਸ੍ਰੇਸ਼ਠ ਥਾਂ ਤੇ

...(ਆਤਮਿਕ ਅਨੰਦ ਨੂੰ) ਬਾਹਰੋਂ ਲਭਣ ਨਾਲ ਖ਼ੁਆਰ ਹੋਈਦਾ ਹੈ, (ਕਿਉਂਕਿ ਪਰਮਾਤਮ-ਅਨੰਦ ਰੂਪੀ) ਵਸਤੂ ਤਾਂ ਹਿਰਦੇ ਘਰ ਵਿਚ ਹੀ ਉੱਤਮ ਥਾਂ ਤੇ ਟਿਕੀ ਹੋਈ ਹੈ...

ਮਨਮੁਖਿ *(ਮਨਮੁੱਖ)*	**ਹਉਮੈ**	**ਕਰਿ** *(ਕਰ)*	**ਮੁਸੀ,**
ਮਨ ਦੇ ਮਗਰ ਲਗਣ ਵਾਲੀ	ਅਹੰਕਾਰ	ਕਰਕੇ	ਲੁੱਟੀ/ਠੱਗੀ ਗਈ

ਗੁਰਮੁਖਿ *(ਗੁਰਮੁੱਖ)*	**ਪਲੈ**	**ਪਾਇ॥੪॥**
ਸਤਿਗਰੂ ਦੀ ਸਨਮੁਖਤਾ ਰਾਹੀਂ	ਪਲੇ ਵਿਚ,ਲੜ ਵਿਚ	ਪਾ ਲੈਂਦੇ, ਪ੍ਰਾਪਤ ਕਰ ਲੈਂਦੇ

...ਮਨ ਦੇ ਮਗਰ ਲਗਣ ਵਾਲੀ(ਜੀਵ ਇਸਤ੍ਰੀ) ਹਉਮੈ ਕਰਕੇ ਠੱਗੀ ਜਾਂਦੀ ਹੈ, ਅਤੇ ਸਤਿਗੁਰੂ ਦੇ ਸਨਮੁੱਖ ਹੋਣ ਵਾਲੇ (ਵਾਹਿਗੁਰੂ ਦੇ ਨਾਮ-ਧਨ ਨੂੰ ਆਪਣੇ) ਪੱਲੇ ਪਾ ਲੈਂਦੇ ਹਨ...

ਸਾਕਤ	**ਨਿਰਗੁਣਿਆਰਿਆ,**
ਸ਼ਕਤੀ ਦੀ ਪੁਜਾਰੀ, ਮਾਇਆਧਾਰੀ	ਗੁਣ ਹੀਨ, ਗੁਣਾਂ ਤੋਂ ਵਾਂਝਾ

ਆਪਣਾ	**ਮੂਲੁ** *(ਮੂਲ)*	**ਪਛਾਣੁ** *(ਪਛਾਣ)* ॥
ਖ਼ੁਦ ਦਾ	ਅਸਲੀਅਤ, ਵਾਸਤਵਿਕਤਾ	ਪਹਿਚਾਣ

...ਹੇ! ਗੁਣਾਂ ਤੋਂ ਵਾਂਝੇ, ਮਾਇਆਧਾਰੀ (ਜੀਵ) ਆਪਣੀ ਅਸਲੀਅਤ ਦੀ ਪਹਿਚਾਣ ਤਾਂ ਕਰ...

ਰਕਤੁ *(ਰਕਤ)*	**ਬਿੰਦੁ** *(ਬਿੰਦ)*	**ਕਾ**	**ਇਹੁ** *(ਇਹ)*	**ਤਨੋ,**
ਲਹੂ	ਵੀਰਜ	ਦਾ	ਇਹ	ਸਰੀਰ

ਅਗਨੀ	**ਪਾਸਿ** *(ਪਾਸ)*	**ਪਿਰਾਣੁ** *(ਪਿਰਾਣ)* ॥
ਅੱਗ	ਕੋਲ	ਪ੍ਰਯਾਨ, ਜਾਣਾ

...(ਹੇ! ਭਾਈ! ਤੇਰਾ) ਇਹ ਸਰੀਰ (ਮਾਤਾ ਦੇ) ਲਹੂ ਅਤੇ (ਪਿਤਾ ਦੇ) ਵੀਰਜ ਤੋਂ ਬਣਿਆ ਹੈ, (ਅਤੇ ਅੰਤ ਨੂੰ ਇਸ ਨੇ) ਅੱਗ ਦੇ ਕੋਲ ਹੀ ਜਾਣਾ ਹੈ..

ਪੰਨਾ ੬੩

ਪਵਣੈ	ਕੈ	ਵਸਿ *(ਵਸ)*	ਦੇਹੁਰੀ,
ਸੁਆਸ	ਦੇ	ਅਧੀਨ, ਅਖ਼ਤਿਆਰ	ਸਰੀਰ

ਮਸਤਕਿ *(ਮਸਤਕ)*	ਸਚੁ *(ਸੱਚ)*	ਨੀਸਾਣੁ *(ਨੀਸ਼ਾਣ)* ॥੫॥
ਮੱਥੇ ਉੱਤੇ	ਅਟੱਲ	ਨਿਸ਼ਾਨੀ

...(ਜੀਵ ਦਾ) ਸਰੀਰ ਸੁਆਸਾਂ ਦੇ ਅਧੀਨ ਹੈ, ਇਹ ਸੱਚ, ਭਾਵ ਅਟੱਲ ਨਿਸ਼ਾਨੀ ਹਰ ਇਕ ਦੇ ਮੱਥੇ ਉੱਤੇ (ਪਰਮਾਤਮਾ ਨੇ ਉੱਕਰੀ ਹੋਈ ਹੈ)...

ਬਹੁਤਾ	ਜੀਵਣੁ *(ਜੀਵਣ)*	ਮੰਗੀਐ,
ਜ਼ਿਆਦਾ, ਲੰਬੀ	ਜ਼ਿੰਦਗੀ, ਉਮਰ	ਮੰਗਦਾ

ਮੁਆ	ਨ *(ਨਾਂ)*	ਲੋੜੈ	ਕੋਇ॥
ਮਰਨਾ	ਨਹੀਂ	ਚਾਹੁੰਦਾ	ਕੋਈ ਵੀ

...(ਹਰ ਕੋਈ) ਬਹੁਤਾ ਜੀਵਨ, ਭਾਵ ਲੰਬੀ ਉਮਰ ਦੀ ਯਾਚਨਾ ਕਰਦਾ ਹੈ, ਕੋਈ ਵੀ ਮਰਨਾ ਨਹੀਂ ਚਾਹੁੰਦਾ...

ਸੁਖ *(ਸੁੱਖ)*	ਜੀਵਣੁ *(ਜੀਵਣ)*	ਤਿਸੁ *(ਤਿਸ)*	ਆਖੀਐ,
ਸੁਖੀ, ਅਨੰਦਮਈ	ਜ਼ਿੰਦਗੀ, ਜੀਵਨ	ਉਸ ਨੂੰ	ਕਹੀਦਾ ਹੈ

ਜਿਸੁ *(ਜਿਸ)*	ਗੁਰਮੁਖਿ *(ਗੁਰਮੁਖ)*	ਵਸਿਆ	ਸੋਇ॥
ਜਿਹੜੇ	ਗੁਰਮੁੱਖ ਦੇ	ਟਿਕਿਆ	ਉਹ (ਪ੍ਰਭੂ)

...ਪਰ ਅਨੰਦਮਈ ਜੀਵਨ ਸਤਿਗੁਰੂ ਦੇ ਸਨਮੁੱਖ ਹੋਏ, ਉਸ ਧਰਮ-ਸਾਧਕ ਦਾ ਹੀ ਕਿਹਾ ਜਾਂਦਾ ਹੈ, ਜਿਸ ਦੇ (ਹਿਰਦੇ ਵਿਚ) ਉਹ (ਪਰਮਾਤਮਾ) ਵਸਿਆ ਹੁੰਦਾ ਹੈ...

ਨਾਮ	ਵਿਹੂਣੇ,	ਕਿਆ	ਗਣੀ,
(ਪ੍ਰਭੂ) ਬੰਦਗੀ	ਸੱਖਣੇ, ਖਾਲੀ	ਕੀ	ਗਿਣਤੀ

ਜਿਸੁ *(ਜਿਸ)*	ਹਰਿ *(ਹਰ)*	ਗੁਰ	ਦਰਸੁ *(ਦਰਸ)*	ਨ *(ਨਾਂ)*	ਹੋਇ॥੬॥
ਜਿਸਦੇ	ਪ੍ਰਭੂ	ਸਤਿਗੁਰੂ	ਦਰਸ਼ਨ	ਨਹੀਂ	ਹੋਏ

...(ਉਨ੍ਹਾਂ ਪ੍ਰਭੂ) ਨਾਮ ਤੋਂ ਸੱਖਣਿਆਂ ਦੀ ਕੀ ਗਿਣਤੀ ਹੈ? ਭਾਵ ਉਹ ਕਿਸੇ ਗਿਣਤੀ ਵਿਚ ਨਹੀਂ ਹਨ, ਜਿਨ੍ਹਾਂ ਨੂੰ ਪਰਮਾਤਮਾ ਰੂਪੀ ਸਤਿਗੁਰੂ ਦੇ ਦੀਦਾਰ ਨਹੀਂ ਹੋਏ।...

ਪੰਨਾ ੬੩

ਜਿਉ *(ਜਿਉਂ)*	ਸੁਪਨੈ	ਨਿਸਿ *(ਨਿਸ)*	ਭੁਲੀਐ,
ਜਿਵੇਂ	ਸੁਪਨੇ ਵਿਚ ਰਾਤ	ਨੂੰ	ਭੁੱਲ ਜਾਈਦਾ
ਜਬ	ਲਗਿ *(ਲਗ)*	ਨਿਦ੍ਰਾ *(ਨਿੰਦ੍ਰਾ)*	ਹੋਇ॥
ਜਦੋਂ	ਤਕ	ਨੀਂਦ	ਹੁੰਦੀ

...ਜਿਵੇਂ ਰਾਤ ਨੂੰ ਸੁਪਨੇ ਵਿਚ (ਸੁੱਤਿਆਂ) ਜਦੋਂ ਤਕ ਨੀਂਦ ਹੁੰਦੀ ਹੈ, ਭੁੱਲ ਜਾਈਦਾ ਹੈ (ਭਾਵ ਜੋ ਦੇਖ ਰਹੇ ਹੁੰਦੇ ਹਾਂ, ਉਸ ਬਾਰੇ ਭੁਲੇਖਾ ਖਾ ਜਾਈਦਾ ਹੈ, ਕਿ ਇਹ ਸਭ ਕੁਝ ਸੱਚ ਹੈ ਕਿ ਝੂਠ ਹੈ)...

ਇਉ *(ਇਉਂ)*	ਸਰਪਨਿ *(ਸਰਪਨ)*	ਕੈ	ਵਸਿ *(ਵਸ)*	ਜੀਅੜਾ,
ਇਵੇਂ	ਸੱਪਣੀ	ਦੇ	ਵਸ ਵਿਚ	ਜੀਵ
ਅੰਤਰਿ *(ਅੰਤਰ)*	ਹਉਮੈ		ਦੋਇ ॥	
ਅੰਦਰ, ਵਿਚ	ਅਹੰਕਾਰ		ਦੂਜਾ ਭਾਵ, ਦ੍ਵੈਤ ਭਾਵ	

...ਇਵੇਂ ਹੀ ਮਾਇਆ ਰੂਪੀ ਸੱਪਣੀ ਦੇ ਅਧੀਨ ਹੋਣ ਕਰਕੇ, ਜੀਵ ਦੇ ਅੰਤਰਗਤ ਅਹੰਕਾਰ ਅਤੇ ਮੈਂ ਮੇਰੀ ਵਾਲੀ ਦ੍ਵੈਤ-ਭਾਵਨਾ ਬਣੀ ਰਹਿੰਦੀ ਹੈ...

ਗੁਰਮਤਿ *(ਗੁਰਮੱਤ)*	ਹੋਇ	ਵੀਚਾਰੀਐ,	
ਸਤਿਗੁਰੂ ਦੀ ਮੱਤ ਦੁਆਰਾ	ਹੋਕੇ	ਵਿਚਾਰੀਦਾ, ਸਮਝੀਦਾ	
ਸੁਪਨਾ	ਇਹੁ *(ਇਹ)*	ਜਗੁ *(ਜਗ)*	ਲੋਇ॥੭॥
ਖਾਬ, ਭਰਮਮਈ ਪਸਾਰ	ਵਸਤੂ ਸੰਕੇਤਕ ਸ਼ਬਦ	ਸੰਸਾਰ	ਦੇਖ, ਪ੍ਰਤੀਤ ਕਰ

...(ਜੀਵ ਨੂੰ) ਸਤਿਗੁਰੂ ਦੀ ਮੱਤ ਦੁਆਰਾ ਇਹ ਵਿਚਾਰ ਭਾਵ ਸਮਝ ਆਉਂਦੀ ਹੈ ਕਿ, ਇਸ ਸੰਸਾਰ ਨੂੰ ਸੁਪਨੇ ਦੀ ਨਿਆਈਂ ਦੇਖੋ ਭਾਵ ਪ੍ਰੀਤਤ ਕਰੋ...

ਅਗਨਿ *(ਅਗਨ)*	ਮਰੈ,	ਜਲੁ *(ਜਲ)*	ਪਾਈਐ,
ਅੱਗ	ਮਰ ਜਾਂਦੀ, ਬੁੱਝ ਜਾਂਦੀ	ਪਾਣੀ	ਪਾਉਣ ਨਾਲ
ਜਿਉ *(ਜਿਉਂ)*	ਬਾਰਿਕ	ਦੂਧੈ	ਮਾਇ॥
ਜਿਵੇਂ	ਬੱਚਾ	ਦੁੱਧ ਨਾਲ	ਮਾਂ ਦੇ

...ਜਿਵੇਂ ਪਾਣੀ ਪਾਉਣ ਨਾਲ ਅਗਨੀ ਬੁੱਝ ਜਾਂਦੀ ਹੈ ਭਾਵ ਸ਼ਾਂਤ ਹੋ ਜਾਂਦੀ ਹੈ, ਅਤੇ ਬੱਚਾ ਮਾਂ ਦੇ ਦੁੱਧ ਨਾਲ (ਤ੍ਰਿਪਤ ਹੋ ਜਾਂਦਾ ਹੈ)...

ਪੰਨਾ ੬੩

ਬਿਨੁ *(ਬਿਨ)*	ਜਲ,	ਕਮਲ	ਸੁ	ਨਾ *(ਨਾ)*	ਥੀਐ,
ਬਿਨਾਂ, ਬਗੈਰ	ਪਾਣੀ	ਕੰਵਲ ਫੁੱਲ ਉਹ	ਨਹੀਂ	ਹੁੰਦਾ,	ਰਹਿੰਦਾ

ਬਿਨੁ *(ਬਿਨ)*	ਜਲ	ਮੀਨੁ *(ਮੀਨ)*	ਮਰਾਇ॥
ਬਿਨਾਂ, ਬਗੈਰ	ਪਾਣੀ	ਮੱਛੀ	ਮਰ ਜਾਂਦੀ

...(ਜਿਵੇਂ) ਬਿਨਾਂ ਪਾਣੀ ਤੋਂ ਕੰਵਲ ਫੁੱਲ ਨਹੀਂ ਰਹਿੰਦਾ, ਅਤੇ ਪਾਣੀ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ...

ਨਾਨਕ,	ਗੁਰਮੁਖਿ *(ਗੁਰਮੁਖ)*	ਹਰਿ *(ਹਰ)*	ਰਸਿ *(ਰਸ)*	ਮਿਲੈ,
ਹੇ! ਨਾਨਕ	ਸਤਿਗੁਰੂ ਦੀ ਸਨਮੁੱਖ ਰਾਹੀਂ	ਪ੍ਰਭੂ	ਅਨੰਦ	ਮਿਲਦਾ

ਜੀਵਾ *(ਜੀਵਾਂ)*	ਹਰਿ *(ਹਰ)*	ਗੁਣ	ਗਾਇ॥੮॥੧੫॥
ਜਿਊਂਦਾ ਹਾਂ	ਪ੍ਰਭੂ	ਚੰਗਿਆਈਆਂ	ਗਾਇਨ ਕਰਕੇ

...ਹੇ! ਨਾਨਕ! ਸਤਿਗੁਰੂ ਦੀ ਸਨਮੁੱਖਤਾ ਰਾਹੀਂ ਪਰਮਾਤਮ-ਅਨੰਦ ਪ੍ਰਾਪਤ ਹੁੰਦਾ ਹੈ, ਅਤੇ ਵਾਹਿਗੁਰੂ ਦੀਆਂ ਚੰਗਿਆਈਆਂ ਦਾ ਗਾਇਨ ਕਰਕੇ ਮੈਂ (ਆਤਮਿਕ ਜੀਵਨ) ਜਿਊਂਦਾ ਹਾਂ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਡੂੰਗਰੁ *(ਡੂੰਗਰ)*	ਦੇਖਿ *(ਦੇਖ)*	ਡਰਾਵਣੋ,	ਪੇਈਅੜੈ	ਡਰੀਆਸੁ *(ਡਰੀਆਸ)* ॥
ਉੱਚਾ ਪਹਾੜ	ਵੇਖ ਕੇ	ਡਰਾਉਣੇ	ਪੇਕੇ	ਡਰ ਗਈ, ਭੈਭੀਤ ਹੋ ਗਈ

...(ਖੀਂਨਿਓਂ ਤਿੱਖੀ ਵਾਲੋਂ ਨਿੱਕੀ ਵਾਲੇ ਆਤਮਿਕ ਜੀਵਨ ਰੂਪੀ) ਡਰਾਵਣੇ ਉੱਚੇ ਪਹਾੜ ਨੂੰ ਵੇਖਕੇ, (ਸੰਸਾਰ ਰੂਪੀ) ਪੇਕੇ ਘਰ ਵਿਚ ਰਹਿੰਦੀ ਜੀਵ ਇਸਤ੍ਰੀ, ਭੈਭੀਤ ਹੋ ਗਈ ਹੈ (ਕਿ ਮੈਂ ਮੋਹ ਮਾਇਆ ਨੂੰ ਤਿਆਗਕੇ ਆਤਮਿਕ ਜੀਵਨ ਦੀਆਂ ਉੱਚਿਆਈਆਂ ਵਾਲੇ ਇਸ ਬਿਖੜੇ ਪੈਂਡੇ ਨੂੰ ਕਿਵੇਂ ਤਹਿ ਕਰਾਂਗੀ?)...

ਊਚਉ	ਪਰਬਤੁ *(ਪਰਬਤ)*	ਗਾਖੜੋ,
ਉੱਚੇ	ਪਹਾੜ	ਬਿਖੜਾ, ਕਠਿਨ

ਨਾ	ਪਉੜੀ *(ਪਉੜੀ)*	ਤਿਤੁ *(ਤਿਤ)*	ਤਾਸੁ *(ਤਾਸ)* ॥
ਨਹੀਂ	ਪੌੜੀ	ਉਸ	ਨੂੰ

...ਇਹ (ਆਤਮਿਕ ਜੀਵਨ ਰੂਪੀ) ਪਰਬਤ, ਅਥਵਾ ਸਾਗਰ ਬਹੁਤ ਬਿਖੜਾ ਹੈ, ਇਸ ਨੂੰ ਕੋਈ ਸੰਸਾਰਿਕ ਗਿਆਨ ਰੂਪੀ ਪੌੜੀ ਜਾਂ ਆਪਣੇ ਬਾਹਰੀ ਕਰਮਾਂ ਦਾ ਸਹਾਰਾ ਆਦਿਕ ਨਹੀਂ ਹੈ...

ਪੰਨਾ ੬੩

ਗੁਰਮੁਖਿ *(ਗੁਰਮੁਖ)*	ਅੰਤਰਿ *(ਅੰਤਰ)*	ਜਾਣਿਆ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹਿਰਦੇ ਵਿਚ, ਅੰਤਰ-ਯਾਤਰਾ	ਸਮਝਿਆ

ਗੁਰਿ *(ਗੁਰ)*	ਮੇਲੀ	ਤਰੀਆਸੁ *(ਤਰੀਆਸ)* ॥੧॥
ਸਤਿਗੁਰੂ	ਮਿਲਾ ਦਿੱਤੀ	ਮੈਂ ਤਰ ਗਈ

...(ਪ੍ਰੰਤੂ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਮੈ ਆਪਣੇ ਹਿਰਦੇ ਵਿਚ (ਇਨ੍ਹਾਂ ਉਚਾਈਆਂ ਦੀ ਅਸਲੀਅਤ ਨੂੰ) ਸਮਝ ਲਿਆ ਹੈ, ਸਤਿਗੁਰੂ ਨੇ (ਮੈਨੂੰ ਵਾਹਿਗੁਰੂ ਨਾਲ) ਮਿਲਾ ਦਿੱਤਾ ਹੈ, ਅਤੇ ਮੈਂ ਬਿਖੜੇ ਸਾਗਰਾਂ ਨੂੰ ਤਰ ਗਈ ਹਾਂ...

ਭਾਈ	ਰੇ,	ਭਵਜਲੁ *(ਭਵਜਲ)*	ਬਿਖਮੁ *(ਬਿਖਮ)*	ਡਰਾਂਉ *(ਡਰਾਂਉ)* ॥
ਹੇ ਭਰਾ!	ਭਵਸਾਗਰ	ਕਠਿਨ,	ਭੈ-ਭੀਤ ਕਰਨ ਵਾਲਾ	ਡਰਾਉਣਾ

...ਹੇ! ਭਾਈ! (ਇਹ ਸੰਸਾਰ) ਭਵਸਾਗਰ ਡਰਾਉਣਾ ਅਤੇ ਕਠਿਨ ਹੈ।...

ਪੂਰਾ	ਸਤਿਗੁਰੁ *(ਸਤਗੁਰ)*	ਰਸਿ *(ਰਸ)*	ਮਿਲੈ,
ਪੂਰਨ	ਸਤਿਗੁਰੂ	ਪ੍ਰਸੰਨ ਹੋਕੇ	ਮਿਲ ਜਾਵੇ, ਪ੍ਰਾਪਤ ਹੋ ਜਾਵੇ

ਗੁਰੁ *(ਗੁਰ)*	ਤਾਰੇ	ਹਰਿ *(ਹਰ)*	ਨਾਉ *(ਨਾਉਂ)* ॥੧॥	ਰਹਾਉ ॥
ਸਤਿਗੁਰੂ	ਤਾਰ ਲੈਂਦਾ	ਪਰਮਾਤਮਾ	ਨਾਮ, ਬੰਦਗੀ	ਠਹਿਰਾਉ

...(ਪ੍ਰੰਤੂ ਜੇ ਇਨ੍ਹਾਂ ਬਿਖੜਿਆਂ ਰਾਹਾਂ ਤੇ) ਪੂਰਨ ਸਤਿਗੁਰੂ ਪ੍ਰਸੰਨ ਹੋਕੇ ਮਿਲ ਪਵੇ, ਤਾਂ ਉਹ ਗੁਰੂ, ਪਰਮਾਤਮ-ਨਾਮ (ਦੇ ਚਾਨਣ ਦੀ) ਬਖਸ਼ਿਸ਼ ਕਰਕੇ, ਇਸ ਡਰਾਉਣੇ ਬਿਖਮ ਸੰਸਾਰ ਸਾਗਰ ਤੋਂ ਤਾਰ ਲੈਂਦਾ ਹੈ...

ਚਲਾ *(ਚਲਾਂ)*	ਚਲਾ *(ਚਲਾਂ)*	ਜੇ	ਕਰੀ, *(ਕਰੀਂ)*	ਜਾਣਾ	ਚਲਣਹਾਰੁ *(ਚਲਣਹਾਰ)* ॥
ਟੁਰ ਜਾਣਾ	ਟੁਰ ਜਾਣਾ	ਜੇਕਰ	ਕਰਾਂ	ਸਮਝਾਂ	ਚਲਾਇਮਾਨ, ਨਾਸ਼ਵਾਨ

...ਜੇ ਮੈਂ ਇਹ ਕਹੀ ਜਾਵਾਂ ਕਿ (ਜਗਤ ਤੋਂ) ਚਲੇ ਜਾਣਾ ਹੈ, ਭਾਵ ਹਰ ਵਕਤ ਇਹ ਚੇਤੇ ਵਿਚ ਰੱਖਾਂ ਕਿ (ਸੰਸਾਰ ਤੋਂ ਆਖ਼ਰ) ਟੁਰ ਜਾਣਾ ਹੈ, ਤੇ ਇਹ ਵੀ ਸਮਝ ਲਵਾਂ ਕਿ ਸੰਸਾਰ ਤਾਂ ਸਾਰਾ ਚਲਾਇਮਾਨ ਹੈ...

ਜੋ	ਆਇਆ	ਸੋ	ਚਲਸੀ,
ਜਿਹੜਾ	ਆ ਗਿਆ ਹੈ	ਉਹ	ਚਲਾ ਜਾਵੇਗਾ

ਅਮਰੁ *(ਅਮਰ)*	ਸੁ	ਗੁਰੁ *(ਗੁਰ)*	ਕਰਤਾਰੁ *(ਕਰਤਾਰ)* ॥
ਸਥਿਰ, ਸਦਾ ਰਹਿਣ ਵਾਲਾ	ਉਹ	ਸਤਿਗੁਰੂ	ਕਰਤਾ ਪੁਰਖ

...

...(ਤਾਂ ਇਹ ਸਮਝ ਲਗ ਜਾਵੇਗੀ, ਕਿ) ਜੋ ਵੀ (ਇਸ ਚਲਾਇਮਾਨ ਸੰਸਾਰ ਤੇ) ਆਇਆ ਹੈ, ਉਹ (ਅਵੱਸ਼ ਹੀ) ਚਲਾ ਜਾਵੇਗਾ, ਸਦਾ ਰਹਿਣ ਵਾਲਾ ਕੇਵਲ ਸਤਿਗੁਰੂ ਅਤੇ ਕਰਤਾ ਪੁਰਖ ਹੀ ਹੈ...

ਭੀ	**ਸਚਾ** *(ਸੱਚਾ)*	**ਸਾਲਾਹਣਾ,**
ਤਾਂ ਵੀ	ਸਦਾ-ਸਥਿਰ (ਪ੍ਰਭੂ)	ਸਿਫ਼ਤ ਸਲਾਹ ਕਰਨੀ

ਸਚੈ *(ਸੱਚੈ)*	**ਥਾਨਿ** *(ਥਾਨ)*	**ਪਿਆਰੁ** *(ਪਿਆਰ)* ॥੨॥
ਸਦੀਵ ਸੱਚ	ਸਥਾਨ ਨਾਲ	ਪ੍ਰੀਤ

...(ਭਾਵੇਂ ਇਹ ਸੰਸਾਰ ਚਲਾਇਮਾਨ ਹੈ, ਪ੍ਰੰਤੂ ਹੇ! ਭਾਈ!) ਤਾਂ ਵੀ ਸਦਾ-ਸਥਿਰ (ਪਰਮਾਤਮਾ ਦੀ) ਸਿਫ਼ਤ ਸਲਾਹ ਕਰਨੀ ਚਾਹੀਦੀ ਹੈ, ਅਤੇ ਸਦੀਵ-ਸੱਚ (ਪਰਮਾਤਮਾ ਦੇ) ਟਿਕਾਣੇ, ਭਾਵ ਸਤ-ਸੰਗਤ ਨਾਲ ਪ੍ਰੀਤ (ਪਾਉਣੀ ਚਾਹੀਦੀ ਹੈ)...

ਦਰ	**ਘਰ**	**ਮਹਲਾ** *(ਮਹਿਲਾਂ)*	**ਸੋਹਣੇ,**
ਦਰਵਾਜ਼ੇ	ਨਿਵਾਸ	ਮਹਿਲ	ਸੁੰਦਰ

ਪਕੇ *(ਪੱਕੇ)*	**ਕੋਟ**	**ਹਜਾਰ** *(ਹਜ਼ਾਰ)* ॥
ਮਜ਼ਬੂਤ	ਕਿਲ੍ਹੇ	ਹਜ਼ਾਰਾਂ

...ਸੁੰਦਰ ਦਰਵਾਜ਼ਿਆਂ ਵਾਲੇ ਹਜ਼ਾਰਾਂ ਘਰ, ਮਹਿਲ, ਮਜ਼ਬੂਤ ਕਿਲ੍ਹੇ...

ਹਸਤੀ	**ਘੋੜੇ**	**ਪਾਖਰੇ,**
ਹਾਥੀ	ਇੱਕ ਪ੍ਰਸਿੱਧ ਪਸ਼ੂ ਜੋ ਸਵਾਰੀ ਆਦਿਕ ਦੇ ਕੰਮ ਆਉਂਦਾ ਹੈ	ਕਾਠੀਆਂ

ਲਸਕਰ *(ਲਸ਼ਕਰ)*	**ਲਖ** *(ਲੱਖ)*	**ਅਪਾਰ** ॥
ਫੌਜਾਂ, ਸੈਨਾ-ਦਲ	ਲੱਖਾਂ	ਬੇਅੰਤ

...ਅਣਗਿਣਤ ਫੌਜਾਂ, ਲੱਖਾਂ ਹੀ ਹਾਥੀ ਅਤੇ ਕਾਠੀਆਂ ਸਮੇਤ ਘੋੜੇ ਆਦਿਕ...

ਕਿਸਹੀ	**ਨਾਲਿ** *(ਨਾਲ)*	**ਨ** *(ਨਾਂ)*	**ਚਲਿਆ,**
ਕਿਸੇ ਦੇ ਵੀ	ਸਾਥ	ਨਹੀਂ	ਜਾਂਦੇ

ਖਪਿ *(ਖਪ)*	**ਖਪਿ** *(ਖਪ)*	**ਮੁਏ**	**ਅਸਾਰ** ॥੩॥
ਖਪ ਕੇ, ਖ਼ੁਆਰ ਹੋਕੇ	ਖਪ ਕੇ, ਖ਼ੁਆਰ ਹੋਕੇ	ਮਰ ਗਏ	ਬੇਖ਼ਬਰ

ਪੰਨਾ ੬੩

...(ਇਹ ਸਾਰਾ ਕੁਝ ਕਦੇ ਵੀ) ਕਿਸੇ ਦੇ ਨਾਲ ਨਹੀਂ ਜਾਂਦਾ, (ਸਭ ਇਨ੍ਹਾਂ ਵਿਚ) ਖ਼ੁਆਰ ਹੋ ਹੋ ਕੇ ਬੇਖ਼ਬਰ ਹੀ (ਸੰਸਾਰ ਤੇ) ਮਰ ਜਾਂਦੇ ਹਨ...

ਸੁਇਨਾ	**ਰੁਪਾ**	**ਸੰਚੀਐ,**
ਸੋਨਾ	ਚਾਂਦੀ	ਇਕੱਠਾ ਕਰੀਏ
ਮਾਲੁ *(ਮਾਲ)*	**ਜਾਲੁ** *(ਜਾਲ)*	**ਜੰਜਾਲੁ** *(ਜੰਜਾਲ)* ॥
ਦੌਲਤ	ਫਾਹੀ	ਜਕੜ, ਬੰਧਨ

...(ਜੇਕਰ) ਸੋਨਾ, ਚਾਂਦੀ ਅਤੇ ਧਨ, ਦੌਲਤ ਇਕੱਤਰ ਕਰੀਏ ਤਾਂ ਇਹ (ਜ਼ਿੰਦਗੀ ਨੂੰ ਮੋਹ ਦੇ) ਜਾਲ ਵਿਚ ਫਸਾਉਣ ਲਈ ਬੰਧਨ ਬਣਦੇ ਹਨ...

ਸਭ	**ਜਗ**	**ਮਹਿ** *(ਮਹਿਂ)*	**ਦੋਹੀ**	**ਫੇਰੀਐ,**
ਸਾਰੇ	ਸੰਸਾਰ	ਵਿਚ	ਦੁਹਾਈ, ਡੌਂਡੀ	ਫਿਰਾਈਏ
ਬਿਨੁ *(ਬਿਨ)*	**ਨਾਵੈ** *(ਨਾਵੈਂ)*	**ਸਿਰਿ** *(ਸਿਰ)*	**ਕਾਲੁ** *(ਕਾਲ)* ॥	
ਬਗੈਰ	(ਪ੍ਰਭੂ) ਨਾਮ	ਸਿਰ ਉੱਤੇ	ਮੌਤ	

...(ਭਾਵੇਂ ਆਪਣੀ ਸ਼ਕਤੀ ਦੀ) ਸਾਰੇ ਸੰਸਾਰ ਵਿਚ ਡੌਂਡੀ ਪਿਟਵਾ ਦੇਈਏ, ਫ਼ਿਰ ਵੀ ਵਾਹਿਗੁਰੂ-ਨਾਮ ਤੋਂ ਬਿਨਾਂ ਸਿਰ ਉਤੇ ਮੌਤ ਦਾ ਭੈ ਖੜਾ ਹੀ ਰਹਿੰਦਾ ਹੈ...

ਪਿੰਡੁ *(ਪਿੰਡ)*	**ਪੜੈ**	**ਜੀਉ**	**ਖੇਲਸੀ,**
ਸਰੀਰ	ਬਿਨਸ ਜਾਏਗਾ	ਜੀਵ	ਖੇਡ ਚੁਕੇਗਾ
ਬਦਫੈਲੀ		**ਕਿਆ**	**ਹਾਲੁ** *(ਹਾਲ)* ॥੪॥
ਐਬੀਆਂ, ਬੁਰੇ ਅਮਲ ਵਾਲਿਆਂ		ਕੀ	ਹਾਲਤ

...(ਜਦੋਂ) ਜੀਵ (ਜੀਵਨ ਦੀ ਬਾਜ਼ੀ) ਖੇਡ ਚੁੱਕੇਗਾ, ਤਾਂ ਸਰੀਰ ਢਹਿ ਪਏਗਾ, ਭਾਵ ਬਿਨਸ ਜਾਏਗਾ, ਤਾਂ ਫਿਰ ਮੰਦੇ ਅਮਲ ਕਰਨ ਵਾਲਿਆਂ ਦਾ ਕੀ ਹਾਲ ਹੋਏਗਾ? ਭਾਵ ਬਹੁਤ ਬੁਰੀ ਹਾਲਤ ਹੋਏਗੀ...

ਪੁਤਾ *(ਪੁੱਤਾਂ)*	**ਦੇਖਿ** *(ਦੇਖ)*	**ਵਿਗਸੀਐ,**
ਪੁਤਰਾਂ	ਦੇਖ ਕੇ	ਪ੍ਰਸੰਨ ਹੋਈਦਾ
ਨਾਰੀ	**ਸੇਜ**	**ਭਤਾਰ** ॥
ਇਸਤ੍ਰੀ	ਸੇਜਾ	ਪਤੀ

ਪੰਨਾ ੬੩

...ਪੁੱਤਰਾਂ ਨੂੰ ਵੇਖਕੇ ਖੁਸ਼ ਹੋਈਦਾ ਹੈ, ਅਤੇ ਇਸਤ੍ਰੀ (ਆਪਣੇ) ਪਤੀ ਦੀ ਸੇਜਾ ਵੇਖ ਕੇ ਪ੍ਰਸੰਨ-ਚਿੱਤ ਹੁੰਦੀ ਹੈ...

ਚੋਆ	**ਚੰਦਨੁ** *(ਚੰਦਨ)*	**ਲਾਈਐ,**
ਅਤਰ	ਖੁਸ਼ਬੂਦਾਰ ਲਕੜੀ	ਲਗਾਈਏ

ਕਾਪੜੁ *(ਕਾਪੜ)*	**ਰੂਪੁ** *(ਰੂਪ)*	**ਸੀਗਾਰੁ** *(ਸ਼ੀਂਗਾਰ)* ॥
ਕਪੜੇ	ਸੂਰਤ, ਸ਼ਕਲ	ਸ਼ਿੰਗਾਰ, ਸਜਾਵਟ

...ਸ਼ਕਲ-ਸੂਰਤ ਨੂੰ ਸਜਾਉਣ ਲਈ, ਖੁਸ਼ਬੂਦਾਰ ਅਤਰ, ਚੰਦਨ ਆਦਿ ਲਗਾਇਆ ਜਾਂਦਾ ਹੈ, ਅਤੇ (ਸੁੰਦਰ) ਕੱਪੜਿਆਂ ਦਾ ਸ਼ਿੰਗਾਰ ਕੀਤਾ ਜਾਂਦਾ ਹੈ...

ਖੇਹੂ	**ਖੇਹ**	**ਰਲਾਈਐ,**
ਮਿੱਟੀ	ਮਿੱਟੀ ਵਿਚ	ਰਲਾਈਦੀ

ਛੋਡਿ *(ਛੋਡ)*	**ਚਲੈ**	**ਘਰ**	**ਬਾਰੁ** *(ਬਾਰ)* ॥੫॥
ਛੱਡ ਕੇ	ਤੁਰ ਜਾਂਦੇ	ਨਿਵਾਸ	ਦੁਆਰ

...(ਜੀਵਨ ਖੇਡ ਖ਼ਤਮ ਹੋਣ ਤੇ ਸਰੀਰ ਦੀ) ਮਿੱਟੀ ਨੂੰ ਮਿੱਟੀ ਵਿਚ ਰਲਾ ਦਿੱਤਾ ਜਾਂਦਾ ਹੈ, (ਤੇ ਜੀਵ ਆਪਣੇ ਮਾਣ-ਮੱਤੇ) ਘਰ ਬਾਰ ਨੂੰ ਤਿਆਗ ਕੇ ਤੁਰ ਜਾਂਦਾ ਹੈ...

ਮਹਰ *(ਮਹਿਰ)*	**ਮਲੂਕ**	**ਕਹਾਈਐ,**
ਮੁੱਖੀ, ਸਰਦਾਰ	ਬਾਦਸ਼ਾਹ	ਸਦਵਾਈਏ

ਰਾਜਾ	**ਰਾਉ**	**ਕਿ**	**ਖਾਨੁ** *(ਖਾਨ)* ॥
ਪਾਤਸ਼ਾਹ	ਰਾਜਾ	ਅਥਵਾ, ਜਾਂ	ਨਵਾਬ

...(ਭਾਵੇਂ) ਸਰਦਾਰ, ਬਾਦਸ਼ਾਹ, ਰਾਜੇ, ਰਾਉ ਜਾਂ ਨਵਾਬ ਆਦਿਕ ਸਦਵਾ ਲਈਏ...

ਚਉਧਰੀ	**ਰਾਉ**	**ਸਦਾਈਐ,**
ਮੁੱਖੀਆ	ਰਾਜਾ	ਕਹਾ ਲਈਏ

ਜਲਿ *(ਜਲ)*	**ਬਲੀਐ**	**ਅਭਿਮਾਨ** ॥
ਸੜ ਕੇ	ਬਲ ਕੇ	ਅਹੰਕਾਰ

ਪੰਨਾ ੬੩-੬੪

...(ਅਤੇ ਭਾਵੇਂ) ਚੌਧਰੀ, ਰਾਜੇ ਆਦਿਕ ਕਹਾ ਲਈਏ, (ਅੰਤ ਨੂੰ ਇਨ੍ਹਾਂ ਦੇ) ਅਹੰਕਾਰ ਵਿਚ ਸੜ ਬਲ ਕੇ (ਹੀ ਮਰ ਜਾਣਾ ਹੈ)...

ਮਨਮੁਖਿ, *(ਮਨਮੁੱਖ)*	**ਨਾਮੁ** *(ਨਾਮ)*	**ਵਿਸਾਰਿਆ,**
ਮਨ ਵਲ ਮੂੰਹ ਕਰਨ ਵਾਲੇ ਨੇ	(ਪ੍ਰਭੂ) ਨਾਮ	ਭੁਲਾ ਦਿੱਤਾ

ਜਿਉ *(ਜਿਉਂ)*	**ਡਵਿ** *(ਡਵ)*	**ਦਧਾ** *(ਦੱਧਾ)*	**ਕਾਨੁ** *(ਕਾਨ)* **॥੬॥**
ਜਿਵੇਂ	ਜੰਗਲ	ਸੜਿਆ/ਜਲਿਆ ਹੋਇਆ	ਕਾਨਾ

...ਮਨਮੁੱਖ (ਵਾਹਿਗੁਰੂ) ਨਾਮ ਨੂੰ ਭੁਲਾ ਦਿੰਦਾ ਹੈ, ਅਤੇ (ਮਾਇਆ ਦੇ ਜੰਜਾਲ ਵਿਚ ਫਸੇ ਹੋਏ ਦੀ ਉਸਦੀ ਹਾਲਤ ਇਵੇਂ ਹੋ ਜਾਂਦੀ ਹੈ) ਜਿਵੇਂ ਜੰਗਲ ਦੀ ਅੱਗ ਨਾਲ ਸੜੇ ਹੋਏ ਕਾਨੇ ਦੀ ਹੁੰਦੀ ਹੈ...

ਹਉਮੈ	**ਕਰਿ** *(ਕਰ)*	**ਕਰਿ** *(ਕਰ)*	**ਜਾਇਸੀ,**
ਅਹੰਕਾਰ	ਕਰਕੇ	ਕਰਕੇ	(ਤੁਰ) ਜਾਏਗਾ

ਜੋ	**ਆਇਆ**	**ਜਗ**	**ਮਾਹਿ** *(ਮਾਹਿਂ)* **॥**
ਜਿਹੜਾ	ਆਉਣਾ ਭਾਵ ਜਨਮ ਲੈਣਾ	ਸੰਸਾਰ	ਵਿਚ

...ਜਿਹੜਾ ਵੀ ਇਸ ਸੰਸਾਰ ਵਿਚ (ਜਨਮ ਲੈਕੇ) ਆਇਆ ਹੈ (ਉਹ) ਅਹੰਕਾਰ ਕਰ ਕਰ ਕੇ, (ਇਸ ਜਗਤ ਤੋਂ) ਤੁਰ ਜਾਏਗਾ...

ਸਭੁ *(ਸਭ)*	**ਜਗੁ** *(ਜਗ)*	**ਕਾਜਲ**	**ਕੋਠੜੀ,**
ਸਾਰਾ	ਸੰਸਾਰ	ਕਾਲਖ਼	ਕੋਠੀ

ਤਨੁ *(ਤਨ)*	**ਮਨੁ** *(ਮਨ)*	**ਦੇਹ**	**ਸੁਆਹਿ** *(ਸੁਆਹ)* **॥**
ਸਰੀਰ	ਹਿਰਦਾ	ਸਰੀਰ	ਖ਼ੇਹ

...ਸਾਰਾ ਸੰਸਾਰ ਕਾਲ਼ਖ਼ ਦੀ ਕੋਠੜੀ ਹੈ, (ਇਸ ਦੇ ਮੋਹ ਵਿਚ ਖੁੱਭ ਕੇ ਇਸ ਦੀ ਕਾਲ਼ਖ਼ ਨਾਲ) ਤਨ ਮਨ ਅਤੇ ਸਰੀਰ ਸੁਆਹ ਹੋ ਜਾਂਦਾ ਹੈ...

ਗੁਰਿ *(ਗੁਰ)*	**ਰਾਖੇ**	**ਸੇ**	**ਨਿਰਮਲੇ,**
ਸਤਿਗੁਰੂ	ਰੱਖ ਲਿਆ, ਬਚਾ ਲਿਆ	ਉਹ	ਪਵਿੱਤਰ

ਸਬਦਿ *(ਸ਼ਬਦ)*	**ਨਿਵਾਰੀ**	**ਭਾਹਿ** *(ਭਾਹ)* **॥੭॥**
ਸ਼ਬਦ ਦੁਆਰਾ	ਦੂਰ ਕਰ ਦਿੱਤੀ	ਅਗਨੀ

ਪੰਨਾ ੬੪

...ਸਤਿਗੁਰੂ ਨੇ ਆਪਣੇ ਸ਼ਬਦ ਰਾਹੀਂ, ਜਿਨ੍ਹਾਂ ਦੀ (ਤ੍ਰਿਸ਼ਨਾਂ ਰੂਪੀ) ਅਗਨੀ ਦੂਰ ਕਰਕੇ, ਉਨ੍ਹਾਂ ਨੂੰ ਬਚਾ ਲਿਆ ਹੈ, ਉਹ (ਗੁਰ-ਸ਼ਬਦ ਦੇ ਚਾਨਣ ਨਾਲ) ਨਿਰਮਲ ਹੋ ਗਏ ਹਨ...

ਨਾਨਕ,	**ਤਰੀਐ**	**ਸਚਿ** *(ਸੱਚ)*	**ਨਾਮਿ** *(ਨਾਮ)*
ਹੇ! ਨਾਨਕ!	ਤਰ ਜਾਈਦਾ	ਸਦਾ ਸਥਿਰ (ਪ੍ਰਭੂ) ਦੇ	ਨਾਮ ਰਾਹੀਂ

ਸਿਰਿ *(ਸਿਰ)*	**ਸਾਹਾ** *(ਸ਼ਾਹਾ)*	**ਪਾਤਿਸਾਹੁ** *(ਪਾਤਸ਼ਾਹ)* ॥
ਸਿਰ ਉਪਰ	ਸ਼ਾਹਾਂ	ਬਾਦਸ਼ਾਹ

...ਹੇ! ਨਾਨਕ! ਜੋ ਪਾਤਸ਼ਾਹਾਂ ਦੇ ਸਿਰ ਉਪਰ ਵੀ (ਸੱਚਾ) ਪਾਤਸ਼ਾਹ ਹੈ, ਉਸ ਸਦਾ-ਸਥਿਰ (ਵਾਹਿਗੁਰੂ) ਦੇ ਨਾਮ ਰਾਹੀਂ (ਇਸ ਬਿਖ਼ਮ ਸੰਸਾਰ ਸਾਗਰ ਨੂੰ) ਤਰ ਜਾਈਦਾ ਹੈ...

ਮੈ *(ਮੈਂ)*	**ਹਰਿ** *(ਹਰ)*	**ਨਾਮੁ** *(ਨਾਮ)*	**ਨ** *(ਨਾਂ)*	**ਵੀਸਰੈ,**
ਮੈਨੂੰ	ਹਰੀ	ਨਾਮ, ਬੰਦਗੀ	ਨਾ	ਭੁੱਲ ਜਾਏ

ਹਰਿ *(ਹਰ)*	**ਨਾਮੁ** *(ਨਾਮ)*	**ਰਤਨੁ** *(ਰਤਨ)*	**ਵੇਸਾਹੁ** *(ਵੇਸਾਹ)* ॥
ਪਰਮਾਤਮ	ਨਾਮ, ਬੰਦਗੀ	ਜਵੇਹਰ	ਖ਼ਰੀਦਿਆ

...(ਹੇ! ਵਾਹਿਗੁਰੂ!) ਮੈਨੂੰ ਹਰੀ-ਨਾਮ ਭੁੱਲਣਾ ਨਹੀਂ ਚਾਹੀਦਾ, ਮੈਂ ਪਰਮਾਤਮਾ ਦਾ ਨਾਮ-ਰਤਨ ਖ਼ਰੀਦ ਲਿਆ ਹੈ...

ਮਨਮੁਖ *(ਮਨਮੁੱਖ)*	**ਭਉਜਲਿ** *(ਭਉਜਲ)*	**ਪਚਿ** *(ਪਚ)*	**ਮੁਏ,**
ਮਨਮਤੀ, ਆਪ ਹੁਦਰਾ	ਭਵ ਸਾਗਰ	ਖ਼ੁਆਰ ਹੋਕੇ	ਮਰ ਗਏ

ਗੁਰਮੁਖਿ *(ਗੁਰਮੁਖ)*	**ਤਰੇ**	**ਅਥਾਹੁ** *(ਅਥਾਹ)* ॥੮॥੧੬॥
ਸਤਿਗੁਰੂ ਦੇ ਸਨਮੁੱਖ	ਪਾਰ ਹੋ ਗਏ	ਡੂੰਘੇ

...ਮਨਮੁੱਖ (ਸੰਸਾਰ) ਭਉਜਲ ਵਿਚ (ਗੋਤੇ ਖਾ ਖਾ ਕੇ ਭਾਵ) ਖ਼ੁਆਰ ਹੋ ਹੋ ਕੇ ਮਰ ਗਏ ਹਨ, ਅਤੇ ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ ਇਸ ਡੂੰਘੇ (ਸਮੁੰਦਰ ਤੋਂ ਨਾਮ ਦੇ ਆਸਰੇ) ਪਾਰ ਹੋ ਗਏ ਹਨ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੧** *(ਪਹਿਲਾ)*	**ਘਰੁ** *(ਘਰ)*	**੨** *(ਦੂਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਦੂਸਰਾ

ਮੁਕਾਮੁ *(ਮੁਕਾਮ)*	**ਕਰਿ,** *(ਕਰ)*	**ਘਰਿ** *(ਘਰ)*	**ਬੈਸਣਾ,**
ਟਿਕਾਣਾ, ਪੜਾਅ	ਬਣਾ ਕੇ	ਨਿਵਾਸ ਵਿਚ	ਬਹਿਣਾ, ਠਹਿਰਨਾ

ਪੰਨਾ ੬੪

ਨਿਤ	ਚਲਣੈ	ਕੀ	ਧੋਖ ॥
ਰੋਜ਼	ਤੁਰ ਜਾਣ	ਦੀ	ਧੁੱਖ-ਧੁੱਖੀ, ਚਿੰਤਾ

...(ਇਸ ਸੰਸਾਰ ਨੂੰ ਪੱਕਾ) ਟਿਕਾਣਾ ਬਣਾ ਕੇ, ਘਰ ਵਿਚ ਬੈਠਣਾ (ਕਮਲਪੁਣਾ ਹੈ, ਕਿਉਂਕਿ ਹਰ) ਰੋਜ਼ ਤਾਂ (ਇੱਥੋਂ) ਚਲੇ ਜਾਣ ਦੀ ਧੁੱਖ-ਧੁੱਖੀ ਲਗੀ ਰਹਿੰਦੀ ਹੈ...

ਮੁਕਾਮੁ *(ਮੁਕਾਮ)*	ਤਾ *(ਤਾਂ)*	ਪਰੁ *(ਪਰ)*	ਜਾਣੀਐ,
ਟਿਕਾਣਾ, ਪੜਾਅ	ਤਾਂ	ਹੀ	ਸਮਝੀਏ

ਜਾ *(ਜਾਂ)*	ਰਹੈ	ਨਿਹਚਲੁ *(ਨਿਹਚਲ)*	ਲੋਕ ॥੧॥
ਜੇਕਰ	ਰਵ੍ਹੇ	ਪੱਕਾ, ਨਾਂ ਹਿਲਣ ਵਾਲਾ	ਸੰਸਾਰ

...(ਇਸ ਨੂੰ ਸਥਿਰ) ਟਿਕਾਣਾ ਤਾਂ ਹੀ ਸਮਝੀਏ, ਜੇਕਰ ਇਹ ਜਗਤ ਸਦਾ-ਸਥਿਰ ਰਹਿਣ ਵਾਲਾ ਹੋਵੇ...

ਦੁਨੀਆ, *(ਦੁਨੀਆਂ)*	ਕੈਸਿ *(ਕੈਸ)*	ਮੁਕਾਮੇ ॥
ਸੰਸਾਰ	ਕਿਵੇਂ, ਕਿੰਜ	ਟਿਕਾਣਾ, ਪੜਾਅ

...ਸੰਸਾਰ ਨੂੰ (ਸਥਿਰ) ਟਿਕਾਣਾ ਕਿਵੇਂ (ਆਖਿਆ ਜਾ ਸਕਦਾ ਹੈ? ਭਾਵ ਨਹੀਂ ਆਖਿਆ ਜਾ ਸਕਦਾ)...

ਕਰਿ *(ਕਰ)*	ਸਿਦਕੁ, *(ਸਿਦਕ)*	ਕਰਣੀ	ਖਰਚੁ *(ਖਰਚ)*	ਬਾਧਹੁ, *(ਬਾਂਧਹੁ)*
ਬਣਾ	ਭਰੋਸਾ, ਨਿਸ਼ਚਾ	ਆਚਰਣ	ਖਰਚਾ	ਬੰਨ੍ਹ ਲਵੋ

ਲਾਗਿ *(ਲਾਗ)*	ਰਹੁ	ਨਾਮੇ ॥੧॥	ਰਹਾਉ ॥
ਲੱਗੇ, ਜੁੜੇਰਹੋ	(ਪ੍ਰਭੂ)	ਨਾਮ ਨਾਲ	ਠਹਿਰਾਉ

...(ਹੇ! ਭਾਈ! ਵਾਹਿਗੁਰੂ ਦੇ) ਸਿਦਕ ਭਰੋਸੇ ਵਾਲਾ ਆਚਾਰਣ ਬਣਾ। ਇਸ ਨੂੰ (ਆਤਮਿਕ ਜੀਵਨ ਦੇ ਸਫ਼ਰ) ਖਰਚ ਲਈ (ਪੱਲੇ) ਬੰਨ੍ਹ, ਅਤੇ (ਸਦਾ) ਪ੍ਰਭੂ-ਨਾਮ ਨਾਲ ਜੁੜਿਆ ਰਹੁ...

ਜੋਗੀ	ਤ *(ਤਾਂ)*	ਆਸਣੁ *(ਆਸਣ)*	ਕਰਿ *(ਕਰ)*	ਬਹੈ,
ਯੋਗ ਅਭਿਆਸੀ	ਤਾਂ	ਜੋਗੀਆਂ ਦੀ ਇਕ ਕਿਰਿਆ	ਕਰਕੇ	ਬੈਠਦਾ

ਮੁਲਾ *(ਮੁੱਲਾਂ)*	ਬਹੈ	ਮੁਕਾਮਿ *(ਮੁਕਾਮ)* ॥
ਮੌਲਵੀ	ਬੈਠਦਾ	ਟਿਕਾਣੇ ਤੇ

...ਜੋਗੀ (ਇਸ ਸੰਸਾਰ ਵਿਚ ਜੋਗ-ਅਭਿਆਸ ਦੇ) ਆਸਣ ਲਗਾ ਕੇ ਬੈਠਦਾ ਹੈ, ਮੁੱਲਾਂ (ਮਸਜਿਦ ਰੂਪੀ) ਟਿਕਾਣੇ ਤੇ ਬੈਠਦਾ ਹੈ...

ਪੰਨਾ ੬੪

ਪੰਡਿਤ	ਵਖਾਣਹਿ *(ਵਖਾਣਹਿੰ)*	ਪੋਥੀਆ, *(ਪੋਥੀਆਂ)*	
(ਬ੍ਰਾਹਮਣ) ਵਿਦਵਾਨ	ਵਿਚਾਰਦੇ	ਧਾਰਮਿਕ ਪੁਸਤਕਾਂ	

ਸਿਧ	ਬਹਹਿ *(ਬਹਹਿੰ)*	ਦੇਵ	ਸਥਾਨਿ *(ਸਥਾਨ)* ॥੨॥
ਕਰਾਮਾਤੀ ਜੋਗੀ	ਬੈਠਦੇ	ਦੇਵਤਿਆਂ	ਟਿਕਾਣੇ ਵਿਚ

...ਪੰਡਿਤ (ਲੋਕ ਮੰਦਰਾਂ ਆਦਿ ਵਿਚ) ਧਾਰਮਿਕ ਪੁਸਤਕਾਂ ਦੀ ਵਿਚਾਰ-ਚਰਚਾ ਕਰਦੇ ਹਨ, ਕਰਾਮਾਤੀ ਜੋਗੀ ਦੇਵ-ਸਥਾਨਾਂ ਵਿਚ (ਆਸਣ ਲਗਉਂਦੇ ਹਨ)...

ਸੁਰ	ਸਿਧ	ਗਣ	ਗੰਧਰਬ	ਮੁਨਿ *(ਮੁਨ)*
ਦੇਵਤੇ	ਕਰਾਮਾਤੀ ਜੋਗੀ	ਦੇਵਤਿਆਂ ਦੇ ਸੇਵਕ	ਦੇਵ ਲੋਕ ਦੇ ਗਵੱਈਏ	ਮੋਨੀ

ਜਨ,	ਸੇਖ *(ਸ਼ੇਖ)*	ਪੀਰ	ਸਲਾਰ ॥
ਲੋਕ	ਧਾਰਮਿਕ ਆਗੂ	ਫ਼ਕੀਰ	ਸਰਦਾਰ

...ਦੇਵਤੇ, ਕਰਾਮਾਤੀ ਜੋਗੀ, ਸ਼ਿਵ ਆਦਿਕ ਦੇਵਤਿਆਂ ਦੇ ਸੇਵਕ, ਦੇਵ ਲੋਕ ਦੇ ਗਵੱਈਏ, ਚੁੱਪ ਧਾਰਨ ਕਰਨ ਵਾਲੇ ਮੋਨੀ-ਜਨ, ਧਾਰਮਿਕ ਆਗੂ, ਫ਼ਕੀਰ ਅਤੇ ਸਰਦਾਰ ਆਦਿਕ...

ਦਰਿ *(ਦਰ)*	ਕੂਚ	ਕੂਚਾ	ਕਰਿ *(ਕਰ)*	ਗਏ,
ਵਾਰੋ ਵਾਰੀ, ਦਰਜਾ-ਬਦਰਜਾ	ਚਲਾਣਾ	ਚਲੇ ਗਏ	ਕਰਕੇ	ਰਵਾਨਾ ਹੋਏ, ਚਲੇ ਗਏ

ਅਵਰੇ	ਭਿ	ਚਲਣਹਾਰ ॥੩॥
ਹੋਰ	ਵੀ	ਚਲਾਇਮਾਨ, ਬਿਨਸਨਹਾਰ

...(ਇਹ ਸਭ) ਵਾਰੋ ਵਾਰੀ (ਇਸ ਸੰਸਾਰ ਤੋਂ) ਚਲਾਣਾ ਕਰਕੇ ਚਲੇ ਗਏ, (ਅਤੇ ਬਾਕੀ) ਹੋਰ ਵੀ (ਸਭ) ਚਲਣਹਾਰ ਹਨ...

ਸੁਲਤਾਨ	ਖਾਨ	ਮਲੂਕ	ਉਮਰੇ,
ਬਾਦਸ਼ਾਹ	ਅਮੀਰ	ਰਾਜੇ	ਰਾਜ ਪ੍ਰਬੰਧ ਦੇ ਉੱਚੇ ਅਧਿਕਾਰੀ

ਗਏ	ਕਰਿ *(ਕਰ)*	ਕਰਿ *(ਕਰ)*	ਕੂਚੁ *(ਕੂਚ)* ॥
ਚਲੇ ਗਏ	ਕਰਕੇ	ਕਰਕੇ	ਚਲਾਣਾ

...ਬਾਦਸ਼ਾਹ, ਖ਼ਾਨ, ਰਾਜੇ, ਅਮੀਰ-ਵਜ਼ੀਰ ਆਦਿਕ ਸਭ ਚਲਾਣਾ ਕਰ ਕਰ ਕੇ (ਇਸ ਸੰਸਾਰ ਤੋਂ) ਚਲੇ ਗਏ...

ਪੰਨਾ ੬੪

ਘੜੀ	**ਮੁਹਤਿ** *(ਮੁਹਤ)*	**ਕਿ**	**ਚਲਣਾ,**	
ਪਲ	ਛਿਨ	ਵਿਚ	ਚਲੇ ਜਾਣਾ	
ਦਿਲ	**ਸਮਝੁ,** *(ਸਮਝ)*	**ਤੂੰ**	**ਭਿ**	**ਪਹੂਚੁ** *(ਪਹੁੰਚ)* **॥੪॥**
ਮਨ	ਜਾਣ	ਤੁਸੀਂ	ਵੀ	ਪਹੁੰਚ ਜਾਣਾ

...(ਹੇ!) ਮਨਾ! ਸਮਝ ਲੈ, ਕਿ ਤੂੰ ਵੀ (ਇਸ ਸੰਸਾਰ ਤੋਂ) ਛਿਨ ਪਲ ਵਿਚ (ਆਖ਼ਰ) ਤੁਰ ਜਾਣਾ ਹੈ, ਅਤੇ (ਪਰਲੋਕ ਵਿਚ) ਪਹੁੰਚ ਜਾਣਾ ਹੈ...

ਸਬਦਾਹ *(ਸ਼ਬਦਾਂਹ)*	**ਮਾਹਿ** *(ਮਾਹਿਂ)*	**ਵਖਾਣੀਐ,** *(ਵਖਾਣੀਐਂ)*	
ਸ਼ਬਦਾਂ	ਵਿਚ, ਰਾਹੀਂ	ਬਿਆਨ ਕਰ ਲੈਂਦਾ	
ਵਿਰਲਾ	**ਤ** *(ਤਾਂ)*	**ਬੁਝੈ**	**ਕੋਇ॥**
ਕੋਈ ਹੀ	ਤਾਂ	ਬੁੱਝਦਾ, ਜਾਣਦਾ	ਕੋਈ

...ਸ਼ਬਦਾਂ ਭਾਵ ਸਿੱਖਿਆ ਰਾਹੀਂ ਤਾਂ (ਹਰ ਕੋਈ) ਬਿਆਨ ਕਰ ਲੈਂਦਾ ਹੈ, ਪਰ ਕੋਈ ਵਿਰਲਾ ਹੀ (ਇਸ ਦੇ ਤੱਤ-ਸਾਰ ਨੂੰ) ਸਮਝਦਾ ਹੈ (ਕਿ ਇਹ ਸੰਸਾਰ ਮਨੁੱਖ ਦਾ ਨਿਹਚਲ ਟਿਕਾਣਾ ਨਹੀਂ ਹੈ, ਅਤੇ ਇੱਥੋਂ ਜਾਣਾ ਹੀ ਜਾਣਾ ਹੈ)...

ਨਾਨਕੁ *(ਨਾਨਕ)*	**ਵਖਾਣੈ**	**ਬੇਨਤੀ,**	
ਨਾਨਕ	ਕਰਦਾ	ਜੋਦੜੀ	
ਜਲਿ *(ਜਲ)*	**ਥਲਿ** *(ਥਲ)*	**ਮਹੀਅਲਿ** *(ਮਹੀਅਲ)*	**ਸੋਇ॥੫॥**
ਪਾਣੀ ਵਿਚ	ਧਰਤੀ ਵਿਚ	ਪੁਲਾੜ ਵਿਚ	ਉਹ (ਪ੍ਰਭੂ)

...ਨਾਨਕ ਇਹ ਜੋਦੜੀ ਕਰਦਾ ਹੈ, ਕਿ ਪਾਣੀ ਵਿਚ, ਧਰਤੀ ਵਿਚ, ਅਤੇ ਪੁਲਾੜ ਵਿਚ (ਵਿਆਪਕ), ਉਹ (ਇੱਕ ਪਰਮਾਤਮਾ ਹੀ, ਨਿਹਚਲ ਤੌਰ ਤੇ ਟਿਕਣ ਵਾਲਾ) ਹੈ...

ਅਲਾਹੁ *(ਅਲਾਹ)*	**ਅਲਖੁ** *(ਅਲਖ)*	**ਅਗੰਮੁ** *(ਅਗੰਮ)*	**ਕਾਦਰੁ,** *(ਕਾਦਰ)*
ਰੱਬ	ਬਿਆਨ ਤੋਂ ਪਰ੍ਹੇ	ਪਹੁੰਚ ਤੋਂ ਪਰ੍ਹੇ	ਕੁਦਰਤ ਵਾਲਾ, ਕੁਦਰਤ ਦਾ ਸੁਆਮੀ
ਕਰਣਹਾਰੁ *(ਕਰਣਹਾਰ)*	**ਕਰੀਮੁ** *(ਕਰੀਮ)***॥**		
ਕਰਤਾ	ਰਹਿਮਤਾਂ ਕਰਨ ਵਾਲਾ		

...(ਉਹ) ਰੱਬ ਜੋ ਲਖਿਆ ਨਹੀਂ ਜਾ ਸਕਦਾ, ਅਪਹੁੰਚ ਹੈ, ਕੁਦਰਤ ਦਾ ਮਾਲਕ ਹੈ, ਕਰਣਹਾਰ ਹੈ, ਬਖਸ਼ਿਸ਼ਾਂ ਕਰਨ ਵਾਲਾ ਹੈ...

ਪੰਨਾ ੬੪

ਸਭ	**ਦੁਨੀ**	**ਆਵਣ**	**ਜਾਵਣੀ,**
ਸਾਰੀ	ਦੁਨੀਆਂ	ਆਉਣੀ	ਜਾਣੀ

ਮੁਕਾਮੁ *(ਮੁਕਾਮ)*	**ਏਕੁ**	**ਰਹੀਮੁ** *(ਰਹੀਮ)* **॥੬॥**
ਟਿਕਾਣਾ	ਇੱਕੋ	ਰਹਿਮ ਕਰਨ ਵਾਲਾ

...ਅਤੇ ਰਹਿਮ ਕਰਨ ਵਾਲਾ (ਤਾਂ ਉਹ) ਇੱਕੋ-ਇੱਕ ਹੀ ਹੈ (ਕੇਵਲ ਉਹ ਹੀ ਨਿਹਚਲ) ਮੁਕਾਮ ਵਾਲਾ ਹੈ, ਬਾਕੀ ਸਭ ਦੁਨੀਆਂ ਤਾਂ ਆਉਣੀ ਜਾਣੀ ਹੀ ਹੈ...

ਮੁਕਾਮੁ *(ਮੁਕਾਮ)*	**ਤਿਸ**	**ਨੋ**	**ਆਖੀਐ,**
ਟਿਕਾਣਾ	ਉਸ	ਨੂੰ	ਕਹੀਦਾ

ਜਿਸੁ *(ਜਿਸ)*	**ਸਿਸਿ** *(ਸਿਸ)*	**ਨ** *(ਨਾਂ)*	**ਹੋਵੀ**	**ਲੇਖੁ** *(ਲੇਖ)* **॥**
ਜੀਹਦੇ	ਸਿਰ ਉੱਤੇ	ਨਹੀਂ	ਹੋਵੇ	ਲੇਖਾ, ਹਿਸਾਬ

...(ਨਿਹਚਲ) ਟਿਕਾਣਾ ਤਾਂ ਉਸ ਨੂੰ ਹੀ ਕਹੀਦਾ ਹੈ, ਜੀਹਦੇ ਸਿਰ ਉੱਤੇ ਕੋਈ (ਮੌਤ ਦਾ) ਲੇਖ ਨਾ ਹੋਵੇ...

ਅਸਮਾਨੁ *(ਅਸਮਾਨ)*	**ਧਰਤੀ**	**ਚਲਸੀ,**
ਅਕਾਸ਼	ਜ਼ਮੀਨ	ਚਲੇ ਜਾਏਗੀ, ਬਿਨਸ ਜਾਏਗੀ

ਮੁਕਾਮੁ *(ਮੁਕਾਮ)*	**ਓਹੀ**	**ਏਕੁ** *(ਏਕ)* **॥੭॥**
ਟਿਕਾਣਾ	ਉਹੋ ਹੀ	ਇੱਕ

...ਅਕਾਸ਼ ਅਤੇ ਜ਼ਮੀਨ (ਸਭ ਕੁਝ) ਬਿਨਸ ਜਾਏਗਾ, (ਪਰ ਨਿਹਚਲ) ਟਿਕਾਣਾ ਤਾਂ ਉਹ ਇਕ (ਪਰਮਾਤਮਾ ਦਾ ਦਰ ਹੀ) ਹੈ...

ਦਿਨ	**ਰਵਿ** *(ਰਵ)*	**ਚਲੈ,**	**ਨਿਸਿ** *(ਨਿਸ)*	**ਸਸਿ** *(ਸਸ)*	**ਚਲੈ,**
ਦਿਨਸ	ਸੂਰਜ	ਚਲਾਇਮਾਨ	ਰਾਤ	ਚੰਦ੍ਰਮਾ	ਚਲਾਇਮਾਨ

ਤਾਰਿਕਾ *(ਤਾਰਕਾ)*	**ਲਖ** *(ਲੱਖ)*	**ਪਲੋਇ॥**
ਤਾਰੇ	ਲੱਖਾਂ	ਅਲੋਪ ਹੋ ਜਾਣਗੇ, ਟੁਰ ਜਾਣਗੇ

...ਦਿਨ ਅਤੇ ਸੂਰਜ ਸਭ ਚਲੇ ਜਾਣਗੇ, ਰਾਤ ਅਤੇ ਚੰਦ੍ਰਮਾ ਵੀ ਚਲੇ ਜਾਣਗੇ, ਲੱਖਾਂ ਤਾਰੇ ਵੀ ਅਲੋਪ ਹੋ ਜਾਣਗੇ...

ਮੁਕਾਮੁ *(ਮੁਕਾਮ)*	**ਓਹੀ**	**ਏਕੁ** *(ਏਕ)*	**ਹੈ,**
ਟਿੱਕਾਣਾ	ਉਹੋ ਹੀ	ਇੱਕ	ਹੋਣ ਦੀ ਕ੍ਰਿਆ

ਪੰਨਾ ੬੪

ਨਾਨਕਾ,	ਸਚੁ *(ਸੱਚ)*	ਬੁਗੋਇ॥੮॥੧੭॥
ਹੇ! ਨਾਨਕ!	ਸੱਚ, ਅਟੱਲ	ਆਖ, ਕਹਿ

...ਹੇ! ਨਾਨਕ! (ਤੂੰ ਸੰਸਾਰ ਨੂੰ ਇਹ) ਅਟੱਲ ਸਚਾਈ ਦੱਸ ਕਿ, (ਸਦਾ-ਸਥਿਰ) ਟਿਕਾਣਾ ਤਾਂ (ਕੇਵਲ) ਉਸ ਇਕ (ਵਾਹਿਗੁਰੂ ਦਾ ਦਰ ਹੀ) ਹੈ।

ਮਹਲੇ *(ਮਹਿਲੇ)*	ਪਹਿਲੇ	ਸਤਾਰਹ *(ਸਤਾਰਹਿ)*	ਅਸਟਪਦੀਆ *(ਅਸ਼ਟਪਦੀਆਂ)* ॥
ਪਾਤਸ਼ਾਹੀ	ਪਹਿਲੀ	ਸਤਾਰਾਂ	ਅੱਠ ਪਦਾਂ ਵਾਲੇ ਸ਼ਬਦ

ਨੋਟ: ਸਿਰੀ ਰਾਗ ਵਿਚ ਸਤਿਗੁਰੂ ਨਾਨਕ ਦੇਵ ਜੀ ਵਲੋਂ ਉਚਾਰਨ ਕੀਤੀ ਹੋਈ ਇਹ ਸਤ੍ਹਾਰਵੀਂ, ਅਤੇ ਅਖ਼ੀਰਲੀ ਅਸ਼ਟਪਦੀ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)*
ਰਾਗ ਦਾ ਨਾਮ	ਪਾਤਸ਼ਾਹੀ	ਤੀਜੀ

ਘਰੁ *(ਘਰ)*	੧ *(ਪਹਿਲਾ)*	ਅਸਟਪਦੀਆ *(ਅਸਟਪਦੀਆਂ)*
ਤਾਲ ਦਾ ਸੰਕੇਤ	ਪਹਿਲਾ	ਅੱਠ ਪਦਾਂ ਵਾਲੇ ਸ਼ਬਦ

੧ਓ *(ਇਕ ਓਅੰਕਾਰ)*	ਸਤਿ *(ਸੱਤ)*
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ	ਪ੍ਰਸਾਦਿ॥ *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀਂ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇੱਕ ਤੇ ਕੇਵਲ ਇੱਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ, ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਗੁਰਮੁਖਿ, *(ਗੁਰਮੁਖ)*	ਕ੍ਰਿਪਾ	ਕਰੇ	ਭਗਤਿ *(ਭਗਤ)*	ਕੀਜੈ,
ਸਤਿਗੁਰੂ ਦੀ ਸਨਮੁਖਤਾ ਰਾਹੀਂ	ਮਿਹਰ	ਕਰਦਾ	ਭਗਤੀ, ਬੰਦਗੀ	ਕਰੀਦੀ ਹੈ

ਬਿਨੁ *(ਬਿਨ)*	ਗੁਰ	ਭਗਤਿ *(ਭਗਤ)*	ਨ *(ਨਾਂ)*	ਹੋਇ॥
ਬਿਨਾਂ, ਬਗੈਰ	ਸਤਿਗੁਰੂ	ਭਗਤੀ, ਬੰਦਗੀ	ਨਹੀਂ	ਹੁੰਦੀ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਜਦੋਂ ਵਾਹਿਗੁਰੂ) ਮਿਹਰ ਕਰਦਾ ਹੈ, ਤਾਂ (ਰੱਬ ਦੀ) ਭਗਤੀ ਕਰੀਦੀ ਹੈ, ਬਿਨਾਂ ਸਤਿਗੁਰੂ (ਦੀ ਸਨਮੁੱਖਤਾ ਤੋਂ ਈਸ਼ਵਰ) ਭਗਤੀ ਨਹੀਂ ਹੁੰਦੀ...

ਪੰਨਾ ੬੪

ਆਪੈ	ਆਪੁ *(ਆਪ)*	ਮਿਲਾਏ	ਬੁਝੈ,
(ਸਤਿਗੁਰੂ ਦੇ) ਆਪੇ ਵਿਚ	ਆਪਣੇ ਆਪ ਨੂੰ	ਮਿਲਾਉਣਾ	ਬੁੱਝ ਲੈਂਦਾ, ਸਿੱਖ ਲੈਂਦਾ
ਤਾ *(ਤਾਂ)*	ਨਿਰਮਲੁ *(ਨਿਰਮਲ)*	ਹੋਵੈ	ਕੋਇ॥
ਤਦ	ਪਵਿੱਤਰ	ਹੁੰਦਾ	ਕੋਈ

...(ਜੇਕਰ) ਕੋਈ (ਸਤਿਗੁਰੂ) ਦੇ ਆਪੇ ਵਿਚ ਆਪਣੇ ਆਪ ਨੂੰ ਮਿਲਾਉਣਾ ਸਿੱਖ ਲੈਂਦਾ ਹੈ, ਭਾਵ ਪੂਰਨ ਤੌਰ ਤੇ ਸਤਿਗੁਰੂ ਨੂੰ ਸਮਰਪਿਤ ਹੋ ਜਾਂਦਾ ਹੈ, ਤਦ ਉਹ ਪਵਿੱਤਰ ਹੋ ਜਾਂਦਾ ਹੈ...

ਹਰਿ *(ਹਰ)*	ਜੀਉ	ਸਚਾ, *(ਸੱਚਾ)*	ਸਚੀ *(ਸੱਚੀ)*	ਬਾਣੀ,
ਈਸ਼ਵਰ	ਜੀ	ਸਦਾ-ਸਥਿਰ	ਸਦਾ ਸਥਿਰ ਰਹਿਣ ਵਾਲੀ	ਪਵਿੱਤਰ ਰਚਨਾ
ਸਬਦਿ *(ਸ਼ਬਦ)*	ਮਿਲਾਵਾ	ਹੋਇ॥੧॥		
ਸ਼ਬਦ ਰਾਹੀਂ	ਮੇਲ	ਹੁੰਦਾ ਹੈ		

...ਹਰਿ ਜੀ ਸਦਾ-ਸਥਿਰ ਰਹਿਣ ਵਾਲਾ ਹੈ, ਉਸ ਦੀ (ਹਰਿ ਕਾ ਰੂਪ) ਪਵਿੱਤਰ ਰਚਨਾ ਵੀ ਅਟੱਲ ਹੈ, ਅਤੇ (ਗੁਰ) ਸ਼ਬਦ ਰਾਹੀਂ (ਹਰਿ ਜੀ ਨਾਲ) ਮੇਲ ਹੋ ਜਾਂਦਾ ਹੈ...

ਭਾਈ ਰੇ,	ਭਗਤਿਹੀਣੁ *(ਭਗਤਹੀਣ)*	ਕਾਹੇ	ਜਗਿ *(ਜਗ)*	ਆਇਆ ॥
ਹੇ ! ਭਰਾ !	ਭਗਤੀ ਤੋਂ ਸੱਖਣਾ	ਕਿਉਂ	ਸੰਸਾਰ ਵਿਚ	ਆਉਣਾ, ਭਾਵ ਜਨਮ ਲੈਣਾ

...ਹੇ! ਭਾਈ! (ਈਸ਼ਵਰ ਦੀ) ਬੰਦਗੀ ਤੋਂ ਸੱਖਣਾ ਤੂੰ ਕਿਉਂ ਇਸ ਸੰਸਾਰ ਵਿਚ ਆਇਆ ਹੈਂ...

ਪੂਰੇ	ਗੁਰ	ਕੀ,	ਸੇਵ	ਨ *(ਨਾਂ)*	ਕੀਨੀ,
ਪੂਰਨ	ਸਤਿਗੁਰੂ	ਦੀ	ਟਹਿਲ, ਸੇਵਾ	ਨਹੀਂ	ਕੀਤੀ

ਬਿਰਥਾ	ਜਨਮੁ *(ਜਨਮ)*	ਗਵਾਇਆ ॥੧॥	ਰਹਾਉ ॥
ਅਜਾਈਂ, ਵਿਅਰਥ	ਜੀਵਨ	ਗਵਾ ਲਿਆ	ਠਹਿਰਾਉ

...ਪੂਰਨ ਸਤਿਗੁਰੂ ਦੀ ਟਹਿਲ ਸੇਵਾ ਨਹੀਂ ਕੀਤੀ, ਅਤੇ ਅਜਾਈਂ ਹੀਂ ਆਪਣਾ ਜੀਵਨ ਗੁਆ ਲਿਆ...

ਆਪੇ	ਹਰਿ *(ਹਰ)*	ਜਗਜੀਵਨੁ *(ਜਗਜੀਵਨ)*	ਦਾਤਾ,
ਆਪ ਹੀ	ਪਰਮਾਤਮਾ	ਜਗਤ ਨੂੰ ਜੀਵਨ ਦੇਣ ਵਾਲਾ	ਦਾਤਾਰ (ਪ੍ਰਭੂ)
ਆਪੇ	ਬਖਸਿ *(ਬਖਸ਼)*	ਮਿਲਾਏ ॥	
ਆਪ ਹੀ	ਬਖਸ਼ਿਸ਼ ਕਰਕੇ	ਮਿਲਾ ਲੈਂਦਾ, ਅਭੇਦ ਕਰ ਲੈਂਦਾ	

ਪੰਨਾ ੬੪-੬੫

...ਪਰਮਾਤਮਾ ਆਪ ਹੀ ਜਗਤ ਨੂੰ ਜੀਵਨ ਦੇਣ ਵਾਲਾ ਦਾਤਾਰ ਹੈ, ਅਤੇ ਆਪ ਹੀ ਬਖਸ਼ਿਸ਼ ਕਰਕੇ (ਆਪਣੇ ਨਾਲ) ਅਭੇਦ ਕਰ ਲੈਂਦਾ ਹੈ...

ਜੀਅ	**ਜੰਤ**	**ਏ**	**ਕਿਆ**	**ਵੇਚਾਰੇ,**
ਜੀਵ	ਜੰਤੂ	ਇਹ	ਕੀ	ਵਿਚਾਰੇ, ਦੀਨ

ਕਿਆ	**ਕੋ**	**ਆਖਿ** *(ਆਖ)*	**ਸੁਣਾਏ ॥**
ਕੀ	ਕੋਈ	ਕਹਿ ਕੇ	ਸੁਣਾਵੇ, ਸਰਵਣ ਕਰਾਏ

...ਇਹ ਜੀਵ ਜੰਤੂ ਵਿਚਾਰੇ (ਆਪਣੇ ਆਪ ਵਿਚ) ਕੀ ਹਨ? ਅਤੇ ਇਹ (ਅਕਾਲ ਪੁਰਖ ਬਾਬਤ ਆਪਣੇ ਆਪ ਕਿਸੇ ਨੂੰ) ਆਖ ਕੇ ਕੀ ਸੁਣਾ ਸਕਦੇ ਹਨ? (ਭਾਵ ਕੁਝ ਨਹੀਂ ਕਹਿ ਸੁਣਾ ਸਕਦੇ)...

ਗੁਰਮੁਖਿ *(ਗੁਰਮੁਖ)*	**ਆਪੇ**	**ਦੇ**	**ਵਡਿਆਈ,**
ਸਤਿਗੁਰੂ ਦੀ ਸਨਮੁਖਤਾ ਰਾਹੀਂ	ਆਪ ਹੀ	ਦਿੰਦਾ	ਮਾਨ, ਇੱਜ਼ਤ

ਆਪੇ	**ਸੇਵ**	**ਕਰਾਏ ॥੨॥**
ਆਪ ਹੀ	ਸੇਵਾ-ਭਗਤੀ	ਕਰਾਉਂਦਾ ਹੈ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਵਾਹਿਗੁਰੂ) ਆਪ ਹੀ ਮਾਣ ਇੱਜ਼ਤ ਬਖਸ਼ਦਾ ਹੈ, ਅਤੇ ਆਪ (ਆਪਣੀ) ਸੇਵਾ-ਭਗਤੀ ਕਰਵਾਉਂਦਾ ਹੈ...

ਦੇਖਿ *(ਦੇਖ)*	**ਕੁਟੰਬੁ,** *(ਕੁਟੰਬ)*	**ਮੋਹਿ** *(ਮੋਹ)*	**ਲੋਭਾਣਾ,**
ਦੇਖ ਕੇ	ਪਰਿਵਾਰ	ਮੋਹ/ਲਗਾਓ ਵਿਚ	ਲੁਭਾਇਮਾਨ

ਚਲਦਿਆ *(ਚਲਦਿਆਂ)*	**ਨਾਲਿ** *(ਨਾਲ)*	**ਨ** *(ਨਾਂ)*	**ਜਾਈ ॥**
ਜਾਣ ਲਗਿਆਂ	ਸਾਥ	ਨਹੀਂ	ਜਾਂਦੀ

...(ਜੀਵ ਆਪਣੇ) ਪਰਿਵਾਰ ਨੂੰ ਵੇਖ ਕੇ ਮੋਹ ਵਿਚ ਲੁਭਾਇਮਾਨ ਹੋ ਜਾਂਦਾ ਹੈ, (ਪਰ ਇਨਸਾਨ ਨੂੰ ਇਹ ਨਹੀਂ ਸਮਝ ਆਉਂਦੀ, ਕਿ ਸੰਸਾਰ ਤੋਂ) ਜਾਣ ਲਗਿਆਂ (ਇਨ੍ਹਾਂ ਵਿਚੋਂ ਕਿਸੇ ਨੇ ਵੀ) ਨਾਲ ਨਹੀਂ ਜਾਣਾ...

ਸਤਿਗੁਰੁ *(ਸਤਗੁਰ)*	**ਸੇਵਿ,** *(ਸੇਵ)*	**ਗੁਣ**	**ਨਿਧਾਨੁ** *(ਨਿਧਾਨ)*	**ਪਾਇਆ,**
ਸਤਿਗੁਰੂ ਦੀ	ਸੇਵਕੇ	ਚੰਗਿਆਈਆਂ	ਖ਼ਜ਼ਾਨਾ	ਪ੍ਰਾਪਤ ਕੀਤਾ

ਤਿਸ	**ਕੀ**	**ਕੀਮ**	**ਨ** *(ਨਾਂ)*	**ਪਾਈ ॥**
ਉਸ	ਦੀ	ਕੀਮਤ	ਨਹੀਂ	ਜਾਣੀ, ਲਖੀ

ਅੰਕ ੬੫

...(ਜਿਸ ਧਰਮ-ਸਾਧਕ ਨੇ) ਸਤਿਗੁਰੂ ਦੀ ਸੇਵਾ ਕਰਕੇ ਚੰਗਿਆਈਆਂ ਦੇ ਖ਼ਜ਼ਾਨੇ ਨੂੰ ਪ੍ਰਾਪਤ ਕਰ ਲਿਆ ਹੈ, ਉਸ ਦੀ ਕੀਮਤ ਨਹੀਂ ਜਾਣੀ ਜਾ ਸਕਦੀ...

ਪ੍ਰਭੁ *(ਪ੍ਰਭ)*	**ਸਖਾ**	**ਹਰਿ** *(ਹਰ)*	**ਜੀਉ**	**ਮੇਰਾ,**
ਪਰਮਾਤਮਾ	ਮਿੱਤਰ	ਹਰੀ	ਜੀ	ਆਪਣਾ

ਅੰਤੇ	**ਹੋਇ**	**ਸਖਾਈ ॥੩॥**
ਅੰਤ ਨੂੰ, ਅਖੀਰ ਵੇਲੇ	ਹੁੰਦਾ	ਸਹਾਈ, ਮਦਦਗਾਰ

...ਹਰੀ ਪਰਮਾਤਮਾ ਮੇਰਾ (ਸੱਚਾ) ਮਿੱਤਰ ਹੈ (ਜੋ) ਅੰਤ ਵੇਲੇ ਸਹਾਈ ਹੁੰਦਾ ਹੈ...

ਪੇਈਅੜੈ	**ਜਗਜੀਵਨੁ** *(ਜਗਜੀਵਨ)*	**ਦਾਤਾ,**
ਪੇਕੇ ਘਰ ਵਿਚ	ਜਗਤ ਨੂੰ ਜੀਵਨ ਦੇਣ ਵਾਲੇ	ਦਾਤਾਰ

ਮਨਮੁਖਿ *(ਮਨਮੁੱਖ)*	**ਪਤਿ** *(ਪਤ)*	**ਗਵਾਈ ॥**
ਮਨਮੱਤੀ, ਆਪ ਹੁਦਰਾ	ਇੱਜ਼ਤ, ਵਡਿਆਈ	ਗਵਾ ਲਈ

...ਪੇਕੇ ਘਰ ਭਾਵ ਇਸ ਸੰਸਾਰ ਵਿਚ, ਜਗਤ ਨੂੰ ਜੀਵਨ ਦੇਣ ਵਾਲੇ ਦਾਤਾਰ (ਨੂੰ ਭੁਲਾ ਕੇ ਆਪਣੀ) ਇੱਜ਼ਤ ਪੱਤ ਗਵਾ ਲਈ...

ਬਿਨੁ *(ਬਿਨ)*	**ਸਤਿਗੁਰ,** *(ਸਤਗੁਰ)*	**ਕੋ**	**ਮਗੁ** *(ਮਗ)*	**ਨ** *(ਨਾਂ)*	**ਜਾਣੈ,**
ਬਗੈਰ	ਸਤਿਗੁਰੂ	ਕੋਈ	ਸਹੀ ਰਸਤਾ ਨਹੀਂ		ਜਾਣ ਸਕਦਾ

ਅੰਧੇ	**ਠਉਰ**	**ਨ** *(ਨਾਂ)*	**ਕਾਈ ॥**
ਅੰਨ੍ਹੇ	ਪਨਾਹ, ਆਸਰਾ	ਨਹੀਂ	ਕੋਈ

...ਸਤਿਗੁਰੂ ਤੋਂ ਬਗੈਰ ਕੋਈ ਵੀ (ਧਰਮ ਦਾ ਸਹੀ) ਮਾਰਗ ਨਹੀਂ ਜਾਣ ਸਕਦਾ, ਅੰਨ੍ਹੇ ਭਾਵ ਅਗਿਆਨੀ (ਮਨੁੱਖ ਨੂੰ ਸਤਿਗੁਰੂ ਤੋਂ ਬਿਨਾਂ ਹੋਰ) ਕੋਈ ਵੀ ਆਸਰਾ ਨਹੀਂ ਮਿਲ ਸਕਦਾ...

ਹਰਿ *(ਹਰ)*	**ਸੁਖਦਾਤਾ,**	**ਮਨਿ** *(ਮਨ)*	**ਨਹੀ** *(ਨਹੀਂ)*	**ਵਸਿਆ,**
ਪ੍ਰਭੂ	ਸੁੱਖ ਦੇਣ ਵਾਲਾ	ਮਨ ਵਿਚ	ਨਹੀਂ	ਟਿਕਿਆ

ਅੰਤਿ *(ਅੰਤ)*	**ਗਇਆ**	**ਪਛੁਤਾਈ॥੪॥**
ਆਖ਼ਰ ਨੂੰ	ਤੁਰ ਗਿਆ	ਪਛਤਾਉਂਦਾ ਹੋਇਆ

ਅੰਕ ੬੫

...ਸੁੱਖਾਂ ਦੀ ਬਖਸ਼ਿਸ਼ ਕਰਨ ਵਾਲਾ ਪਰਮੇਸ਼ਰ, ਹਿਰਦੇ ਵਿਚ ਨਹੀਂ ਵਸਿਆ, (ਇਸ ਲਈ) ਆਖ਼ਰ ਨੂੰ ਪਛਤਾਉਂਦਾ ਹੋਇਆ ਹੀ (ਮਨੁੱਖ ਇਸ ਸੰਸਾਰ ਤੋਂ ਤੁਰ) ਗਿਆ...

ਪੇਈਅੜੈ,	**ਜਗਜੀਵਨੁ** *(ਜਗਜੀਵਨ)*	**ਦਾਤਾ,**
ਪੇਕੇ ਘਰ ਵਿਚ	ਜਗਤ ਨੂੰ ਜੀਵਨ ਦੇਣ ਵਾਲਾ	ਦਾਤਾਰ
ਗੁਰਮਤਿ *(ਗੁਰਮੱਤ)*	**ਮੰਨਿ** *(ਮਨ)*	**ਵਸਾਇਆ ॥**
ਸਤਿਗੁਰੂ ਮੱਤ ਦੁਆਰਾ	ਹਿਰਦੇ ਵਿਚ	ਵਸਾ ਲਿਆ

...ਜਿਨ੍ਹਾਂ ਨੇ ਪੇਕੇ ਘਰ ਵਿਚ ਭਾਵ ਇਸ ਸੰਸਾਰ ਵਿਚ ਸੰਸਾਰ ਨੂੰ ਜੀਵਨ ਪ੍ਰਦਾਨ ਕਰਨ ਵਾਲੇ ਦਾਤਾਰ (ਪ੍ਰਭੂ) ਨੂੰ ਸਤਿਗੁਰੂ ਜੀ ਦੇ ਉਪਦੇਸ਼ ਰਾਹੀਂ ਹਿਰਦੇ ਵਿਚ ਵਸਾ ਲਿਆ ਹੈ...

ਅਨਦਿਨੁ, *(ਅਨਦਿਨ)*	**ਭਗਤਿ** *(ਭਗਤ)*	**ਕਰਹਿ** *(ਕਰਹਿਂ)*	**ਦਿਨੁ** *(ਦਿਨ)*	**ਰਾਤੀ,** *(ਰਾਤੀਂ)*
ਹਰ ਰੋਜ਼, ਨਿੱਤ	ਭਗਤੀ, ਬੰਦਗੀ	ਕਰਦੇ ਹਨ	ਦਿਨਸ	ਰਾਤਰੀ

ਹਉਮੈ	**ਮੋਹੁ** *(ਮੋਹ)*	**ਚੁਕਾਇਆ ॥**
ਅਹੰਕਾਰ	ਸਨੇਹ, ਲਗਾਓ	ਦੂਰ ਕੀਤਾ

...(ਉਹ) ਹਰ ਰੋਜ਼ ਭਾਵ ਨਿਰੰਤਰ, ਦਿਨ ਰਾਤ (ਪਰਮੇਸ਼ਰ ਦੀ) ਬੰਦਗੀ ਕਰਦੇ ਹਨ, ਅਤੇ ਉਨ੍ਹਾਂ ਨੇ (ਆਪਣੇ ਹਿਰਦੇ ਵਿਚੋਂ) ਅਹੰਕਾਰ ਅਤੇ (ਮਾਇਆਵੀ) ਮੋਹ ਦੂਰ ਕਰ ਲਿਆ ਹੈ...

ਜਿਸੁ *(ਜਿਸ)*	**ਸਿਉ** *(ਸਿਉਂ)*	**ਰਾਤਾ,**	**ਤੈਸੋ**	**ਹੋਵੈ,**
ਜੀਹਦੇ	ਨਾਲ	ਰੰਗਿਆ ਹੁੰਦੈ	ਉਸੇ ਤਰ੍ਹਾਂ ਦਾ	ਹੋ ਜਾਂਦਾ ਹੈ

ਸਚੇ *(ਸੱਚੇ)*	**ਸਚਿ** *(ਸੱਚ)*	**ਸਮਾਇਆ ॥੫॥**
ਸਦਾ-ਸਥਿਰ (ਪ੍ਰਭੂ) ਰਾਹੀਂ	ਸਦਾ-ਸਥਿਰ (ਪ੍ਰਭੂ) ਵਿਚ	ਸਮਾ ਜਾਂਦਾ, ਅਭੇਦ ਹੋ ਜਾਂਦਾ

...(ਫਿਰ ਉਹ) ਉਸੇ ਵਰਗਾ ਹੋ ਜਾਂਦਾ ਹੈ, ਜਿਸ ਦੇ (ਰੰਗ ਵਿਚ) ਉਹ ਰੰਗਿਆ ਹੁੰਦਾ ਹੈ, ਅਤੇ ਇਵੇਂ ਸਦਾ-ਸਥਿਰ (ਪਰਮੇਸ਼ਰ ਦੇ ਨਾਮ ਰੰਗ ਰਾਹੀਂ), ਸਦੀਵ-ਸੱਤ (ਵਾਹਿਗੁਰੂ) ਵਿਚ ਹੀ ਅਭੇਦ ਹੋ ਜਾਂਦਾ ਹੈ...

ਆਪੇ	**ਨਦਰਿ** *(ਨਦਰ)*	**ਕਰੇ,**	**ਭਾਉ**	**ਲਾਏ,**
ਆਪ ਹੀ	ਕਿਰਪਾ ਦ੍ਰਿਸ਼ਟੀ	ਕਰਦਾ	ਪ੍ਰੀਤ	ਲਾਉਂਦਾ

ਗੁਰ	**ਸਬਦੀ**	**ਬੀਚਾਰਿ** *(ਬੀਚਾਰ)* **॥**
ਸਤਿਗੁਰੂ	ਸ਼ਬਦ ਦੁਆਰਾ	ਵੀਚਾਰ ਰਾਹੀਂ

ਅੰਕ ੬੫

...(ਵਾਹਿਗੁਰੂ) ਆਪ ਹੀ (ਆਪਣੀ) ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ, ਤਾਂ ਆਪਣੀ ਪ੍ਰੀਤ (ਮਨੁੱਖ) ਨੂੰ ਲਗਾ ਦਿੰਦਾ ਹੈ, (ਫਿਰ ਉਹ ਧਰਮ-ਸਾਧਕ) ਗੁਰ-ਸ਼ਬਦ ਰਾਹੀਂ (ਪਰਮਾਤਮ ਗੁਣਾਂ ਦੀ) ਵੀਚਾਰ ਕਰਦਾ ਹੈ...

ਸਤਿਗੁਰੁ *(ਸਤਗੁਰ)*	**ਸੇਵਿਐ,**	**ਸਹਜੁ** *(ਸਹਿਜ)*	**ਊਪਜੈ,**
ਸੱਤ ਸਰੂਪ ਗੁਰੂ	ਸੇਵਨ ਨਾਲ,	ਸਿਮਰਨ ਨਾਲ ਆਤਮਿਕ ਅਡੋਲਤਾ	ਪੈਦਾ ਹੁੰਦੀ

ਹਉਮੈ	**ਤ੍ਰਿਸਨਾ** *(ਤ੍ਰਿਸ਼ਨਾ)*	**ਮਾਰਿ** *(ਮਾਰ)* ॥
ਅਹੰਕਾਰ	ਲੋਚਾ, ਖਾਹਿਸ਼	ਮਾਰਨ ਨਾਲ

...(ਇਵੇਂ) ਸਤਿਗੁਰੂ ਦੀ ਸੇਵਾ-ਸਿਮਰਨ ਰਾਹੀਂ, ਅਹੰਕਾਰ ਅਤੇ ਤ੍ਰਿਸ਼ਨਾ ਨੂੰ ਮਾਰਨ ਨਾਲ, ਆਤਮਿਕ ਅਡੋਲਤਾ ਪੈਦਾ ਹੁੰਦੀ ਹੈ...

ਹਰਿ *(ਹਰ)*	**ਗੁਣਦਾਤਾ,**	**ਸਦ**	**ਮਨਿ** *(ਮਨ)*	**ਵਸੈ,**
ਪਰਮੇਸ਼ਰ	ਚੰਗਿਆਈਆਂ ਬਖਸ਼ਣ ਵਾਲਾ	ਹਮੇਸ਼ਾਂ	ਮਨ ਵਿਚ	ਵਸਦਾ ਹੈ

ਸਚੁ *(ਸੱਚ)*	**ਰਖਿਆ**	**ਉਰ**	**ਧਾਰਿ** *(ਧਾਰ)* ॥੬॥
ਸਦਾ ਸਥਿਰ(ਪ੍ਰਭੂ)	ਟਿਕਾਇਆ	ਹਿਰਦੇ	ਧਾਰਨ ਕਰਕੇ

...(ਇਸ ਤਰ੍ਹਾਂ) ਚੰਗਿਆਈਆਂ ਨੂੰ ਬਖਸ਼ਣ ਵਾਲਾ ਹਰੀ-ਪ੍ਰਭੂ, ਹਮੇਸ਼ਾਂ ਹਿਰਦੇ ਵਿਚ ਵਸਿਆ ਰਹਿੰਦਾ ਹੈ, ਅਤੇ (ਉਹ ਧਰਮ-ਸਾਧਕ) ਸਦਾ-ਸਥਿਰ ਈਸ਼ਵਰ ਨੂੰ (ਹਮੇਸ਼ਾਂ ਆਪਣੇ) ਚਿੱਤ ਵਿਚ ਧਾਰਨ ਕਰਕੇ ਟਿਕਾਈ ਰੱਖਦਾ ਹੈ...

ਪ੍ਰਭੁ *(ਪ੍ਰਭ)*	**ਮੇਰਾ,**	**ਸਦਾ**	**ਨਿਰਮਲਾ,**
ਪਰਮੇਸ਼ਰ	ਆਪਣਾ	ਹਮੇਸ਼ਾਂ	ਪਵਿੱਤਰ

ਮਨਿ *(ਮਨ)*	**ਨਿਰਮਲਿ** *(ਨਿਰਮਲ)*	**ਪਾਇਆ**	**ਜਾਇ॥**
ਮਨ ਰਾਹੀਂ	ਉੱਜਲ, ਮੈਲ ਰਹਿਤ	ਪ੍ਰਾਪਤ	ਜਾਂਦੈ

...ਮੇਰਾ ਪਰਮੇਸ਼ਰ, ਸਦਾ-ਸਦ ਨਿਰਮਲ ਹੈ, ਅਤੇ ਉੱਜਲ ਮਨ ਰਾਹੀਂ ਹੀ, ਉਹ ਹਿਰਦੇ ਅੰਦਰ ਪਾਇਆ ਜਾ ਸਕਦਾ ਹੈ...

ਨਾਮੁ *(ਨਾਮ)*	**ਨਿਧਾਨੁ** *(ਨਿਧਾਨ)*	**ਹਰਿ** *(ਹਰ)*	**ਮਨਿ** *(ਮਨ)*	**ਵਸੈ,**
(ਪ੍ਰਭੂ) ਨਾਮ	ਖ਼ਜ਼ਾਨਾ	ਪਰਮੇਸ਼ਰ	ਹਿਰਦੇ ਵਿਚ	ਵਸ ਜਾਂਦਾ

ਹਉਮੈ	**ਦੁਖੁ** *(ਦੁੱਖ)*	**ਸਭੁ** *(ਸਭ)*	**ਜਾਇ॥**
ਅਹੰਕਾਰ	ਕਸ਼ਟ, ਤਕਲੀਫ਼	ਸਾਰਾ	ਦੂਰ ਹੋ ਜਾਂਦਾ

ਅੰਕ ੬੫

...(ਨਿਰਮਲ) ਹਿਰਦੇ ਵਿਚ, ਨਾਮ ਦਾ ਖਜ਼ਾਨਾ ਪਰਮੇਸ਼ਰ, ਵੱਸ ਜਾਂਦਾ ਹੈ, ਅਤੇ ਫਿਰ ਹਉਮੈ ਦਾ ਦੁੱਖ ਅਤੇ ਤਕਲੀਫ਼ਾਂ ਸਭ ਦੂਰ ਹੋ ਜਾਂਦੀਆਂ ਹਨ...

ਸਤਿਗੁਰਿ, *(ਸਤਗੁਰ)*	**ਸਬਦੁ** *(ਸ਼ਬਦ)*	**ਸੁਣਾਇਆ,**
ਸਤਿਗੁਰੂ ਨੇ	ਸ਼ਬਦ, ਗਿਆਨ	ਸੁਣਾ ਦਿੱਤਾ

ਹਉ *(ਹਉਂ)*	**ਸਦ**	**ਬਲਿਹਾਰੈ**	**ਜਾਉ** *(ਜਾਉਂ)* ॥੭॥
ਮੈਂ	ਹਮੇਸ਼ਾਂ	ਕੁਰਬਾਨ	ਜਾਂਦਾ ਹਾਂ

...(ਆਪਣੇ ਜਿਸ ਪਿਆਰੇ ਨੂੰ) ਸਤਿਗੁਰੂ ਜੀ ਨੇ ਗਿਆਨ ਰੂਪੀ ਸ਼ਬਦ ਸ਼੍ਰਵਣ ਕਰਵਾ ਦਿੱਤਾ ਹੈ, ਮੈਂ ਉਸ ਤੋਂ ਹਮੇਸ਼ਾਂ ਕੁਰਬਾਨ ਕੁਰਬਾਨ ਜਾਂਦਾ ਹਾਂ...

ਆਪਣੈ	**ਮਨਿ** *(ਮਨ)*	**ਚਿਤਿ,** *(ਚਿੱਤ)*	**ਕਹੈ**	**ਕਹਾਏ,**
ਆਪ ਦੇ	ਮਨ ਵਿਚ	ਹਿਰਦੇ ਵਿਚ	ਆਖੇ	ਅਖਵਾਏ

ਬਿਨੁ *(ਬਿਨ)*	**ਗੁਰ**	**ਆਪੁ** *(ਆਪ)*	**ਨ** *(ਨਾਂ)*	**ਜਾਈ** ॥
ਬਿਨਾਂ	ਸਤਿਗੁਰੂ	ਆਪਾ ਭਾਵ, ਹੰਕਾਰ	ਨਹੀਂ	ਜਾਂਦਾ

...(ਜੇ ਕੋਈ ਜੀਵ) ਆਪਣੇ ਮਨ ਅਤੇ ਚਿੱਤ ਵਿਚ ਕਹੇ, ਅਤੇ ਹੋਰਨਾਂ ਤੋਂ ਵੀ ਅਖਵਾਏ, ਕਿ ਉਸ ਨੇ ਆਪਣਾ ਆਪਾ-ਭਾਵ ਅਥਵਾ ਹਉਮੈ ਅਹੰਕਾਰ ਮਿਟਾ ਲਿਆ ਹੈ, ਪਰ ਵਾਸਤਵ ਵਿਚ ਸਤਿਗੁਰੂ (ਦੇ ਸ਼ਬਦ ਤੋਂ) ਬਿਨਾਂ ਹੰਕਾਰ ਮਿਟ ਨਹੀਂ ਸਕਦਾ...

ਹਰਿ *(ਹਰ)*	**ਜੀਉ**	**ਭਗਤਿ** *(ਭਗਤ)*	**ਵਛਲੁ,** *(ਵਛਲ)*	**ਸੁਖਦਾਤਾ,** *(ਸੁੱਖਦਾਤਾ)*
ਪਰਮੇਸ਼ਰ	ਜੀ	ਭਗਤੀ ਨੂੰ	ਪਿਆਰ	ਸੁੱਖ ਦੇਣ ਵਾਲਾ

ਕਰਿ *(ਕਰ)*	**ਕਿਰਪਾ**	**ਮੰਨਿ** *(ਮੰਨ)*	**ਵਸਾਈ** ॥
ਕਰਦਾ	ਮਿਹਰ	ਹਿਰਦੇ ਵਿਚ	ਵਸਾਉਂਦਾ ਹੈ, ਟਿਕਾਉਂਦਾ ਹੈ

...ਪਰਮੇਸ਼ਰ ਜੀ, ਭਗਤੀ ਨੂੰ ਪਿਆਰ ਕਰਨ ਵਾਲੇ ਹਨ, ਸੁੱਖਾਂ ਦੇ ਦਾਤੇ ਹਨ, ਜਿਸ ਉਤੇ ਮਿਹਰ ਕਰਦੇ ਹਨ, (ਉਹੀ ਹਰ ਜੀ ਨੂੰ ਆਪਣੇ) ਹਿਰਦੇ ਵਿਚ ਵਸਾਉਂਦਾ ਹੈ...

ਨਾਨਕ,	**ਸੋਭਾ** *(ਸ਼ੋਭਾ)*	**ਸੁਰਤਿ** *(ਸੁਰਤ)*	**ਦੇਇ** *(ਦੇ)*	**ਪ੍ਰਭੁ** *(ਪ੍ਰਭ)*	**ਆਪੇ,**
ਹੇ! ਨਾਨਕ!	ਵਡਿਆਈ	ਧਿਆਨ	ਦਿੰਦਾ	ਪਰਮੇਸ਼ਰ	ਆਪ ਹੀ

ਗੁਰਮੁਖਿ *(ਗੁਰਮੁਖ)*	**ਦੇ**	**ਵਡਿਆਈ** ॥੮॥੧॥੧੮॥
ਗੁਰੂ ਦੀ ਸਨਮੁੱਖਤਾ ਰਾਹੀਂ	ਦਿੰਦਾ	ਪ੍ਰਤਿਭਾ

ਅੰਕ ੬੫

...ਹੇ! ਨਾਨਕ! ਪਰਮੇਸ਼ਰ ਆਪ ਹੀ (ਆਪਣੇ ਪਿਆਰਿਆਂ ਨੂੰ) ਸਤਿਗੁਰੂ ਦੀ ਸਨਮੁੱਖਤਾ ਰਾਹੀਂ, (ਨਿਰਮਲ) ਸ਼ੋਭਾ, (ਪਰਮਾਤਮ) ਧਿਆਨ ਬਖਸ਼ਦਾ ਹੈ, ਅਤੇ (ਨਾਮ ਦੀ) ਵਡਿਆਈ ਵੀ ਦਿੰਦਾ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਹਉਮੈ	**ਕਰਮ**	**ਕਮਾਵਦੇ,** *(ਕਮਾਂਵਦੇ)*
ਹੰਕਾਰ	ਕੰਮ	ਕਮਾਉਂਦੇ, ਕਰਦੇ

ਜਮਡੰਡੁ *(ਜਮਡੰਡ)*	**ਲਗੈ**	**ਤਿਨ** *(ਤਿਨ੍ਹ)*	**ਆਇ॥**
ਮੌਤ ਦਾ ਮੁਗਧਰ	ਲਗਦੈ, ਵੱਜਦਾ	ਉਨ੍ਹਾਂ ਨੂੰ	ਆਕੇ

...(ਜਿਹੜੇ ਜ਼ਿੰਦਗੀ ਵਿਚ) ਹਉਮੈਂ (ਅਧੀਨ) ਕਰਮ ਕਰਦੇ ਹਨ, ਉਨ੍ਹਾਂ ਨੂੰ ਮੌਤ ਦਾ ਮੁਗਧਰ ਅਥਵਾ ਜਮ ਦਾ ਡੰਡਾ ਆਕੇ ਵੱਜਦਾ ਹੈ...

ਜਿ *(ਜੇ)*	**ਸਤਿਗੁਰੁ** *(ਸਤਗੁਰ)*	**ਸੇਵਨਿ,** *(ਸੇਵਨ)*	**ਸੇ**	**ਉਬਰੇ,**
ਜਿਹੜੇ	ਸਤਿਗੁਰੂ ਨੂੰ	ਸੇਂਵਦੇ	ਉਹ	ਬਚ ਜਾਂਦੇ

ਹਰਿ *(ਹਰ)*	**ਸੇਤੀ**	**ਲਿਵ**	**ਲਾਇ॥੧॥**
ਪਰਮੇਸ਼ਰ	ਨਾਲ	ਧਿਆਨ	ਲਗਾ ਕੇ, ਜੋੜ ਕੇ

...(ਪਰ) ਜਿਹੜੇ ਸਤਿਗੁਰੂ ਨੂੰ ਸੇਂਵਦੇ, ਭਾਵ ਗੁਰ-ਸ਼ਬਦ ਦੀ ਕਮਾਈ ਕਰਦੇ ਹਨ, ਉਹ ਪਰਮੇਸ਼ਰ ਵਿਚ ਧਿਆਨ ਜੋੜ ਕੇ (ਜਮਡੰਡ ਤੋਂ) ਬਚ ਜਾਂਦੇ ਹਨ...

ਮਨ ਰੇ,	**ਗੁਰਮੁਖਿ** *(ਗੁਰਮੁਖ)*	**ਨਾਮੁ** *(ਨਾਮ)*	**ਧਿਆਇ॥**
ਹੇ! ਮਨਾਂ!	ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪ੍ਰਭੂ)	ਨਾਮ	ਸਿਮਰ, ਅਰਾਧ

...ਹੇ! ਮਨਾ! ਸਤਿਗੁਰੂ ਦੀ ਸਨਮੁੱਖਤਾ ਰਾਹੀਂ, (ਪਰਮੇਸ਼ਰ ਦੇ) ਨਾਮ ਦੀ ਅਰਾਧਨਾ ਕਰ...

ਧੁਰਿ *(ਧੁਰ)*	**ਪੂਰਬਿ** *(ਪੂਰਬ)*	**ਕਰਤੈ**	**ਲਿਖਿਆ,**
ਧੁਰ ਤੋਂ	ਪੂਰਬਲੇ ਕਰਮਾਂ ਕਰਕੇ	ਕਰਤਾ ਪੁਰਖ ਨੇ	ਅੰਕਿਤ ਕੀਤਾ

ਤਿਨਾ *(ਤਿਨ੍ਹਾਂ)*	**ਗੁਰਮਤਿ** *(ਗੁਰਮੱਤ)*	**ਨਾਮਿ** *(ਨਾਮ)*	**ਸਮਾਇ॥੧॥**	**ਰਹਾਉ ॥**
ਉਨ੍ਹਾਂ	ਸਤਿਗੁਰੂ ਦੀ ਮੱਤ ਦੁਆਰਾ	ਨਾਮ ਵਿਚ	ਅਭੇਦਤਾ, ਲੀਨਤਾ	ਠਹਿਰਾਉ

ਅੰਕ ੬੫

...(ਜਿਨ੍ਹਾਂ ਦੇ ਮਸਤਕ ਤੇ) ਪੁਰਬਲੇ ਕਰਮਾਂ ਅਨੁਸਾਰ, ਰੱਬੀ ਦਰਗਾਹੋਂ, ਕਰਤਾ ਪੁਰਖ ਨੇ (ਲੇਖ) ਅੰਕਿਤ ਕੀਤੇ (ਹੁੰਦੇ ਹਨ), ਉਨ੍ਹਾਂ ਦੀ ਹੀ ਸਤਿਗੁਰੂ ਦੀ ਮੱਤ ਰਾਹੀਂ (ਵਾਹਿਗੁਰੂ ਜੀ ਦੇ) ਨਾਮ ਵਿਚ ਅਭੇਦਤਾ ਹੁੰਦੀ ਹੈ...

ਵਿਣੁ *(ਵਿਣ)*	**ਸਤਿਗੁਰ,** *(ਸਤਗੁਰ)*	**ਪਰਤੀਤਿ** *(ਪਰਤੀਤ)*	**ਨ** *(ਨਾਂ)*	**ਆਵਈ,**
ਬਿਨਾਂ	ਸਤਿਗੁਰੂ ਤੋਂ	ਯਕੀਨ, ਵਿਸ਼ਵਾਸ਼	ਨਹੀਂ	ਆਉਂਦਾ

ਨਾਮਿ *(ਨਾਮ)*	**ਨ** *(ਨਾਂ)*	**ਲਾਗੋ**	**ਭਾਉ ॥**
(ਪ੍ਰਭੂ) ਨਾਮ ਨਾਲ	ਨਹੀਂ	ਲੱਗਦੀ, ਜੁੜਦੀ	ਪ੍ਰੀਤ

...ਸਤਿਗੁਰੂ ਤੋਂ ਬਿਨਾਂ (ਮਨੁੱਖ ਨੂੰ ਪਰਮਾਤਮਾ ਵਿਚ) ਯਕੀਨ ਨਹੀਂ ਆਉਂਦਾ, ਅਤੇ ਨਾ ਹੀਂ (ਪਰਮੇਸ਼ਰ ਦੇ) ਨਾਮ ਨਾਲ ਪ੍ਰੀਤ ਜੁੜਦੀ ਹੈ...

ਸੁਪਨੈ,	**ਸੁਖੁ** *(ਸੁੱਖ)*	**ਨ** *(ਨਾਂ)*	**ਪਾਵਈ,**
ਸੁਪਨੇ ਵਿਚ	ਖੁਸ਼ੀ, ਅਨੰਦ	ਨਹੀਂ	ਪਾਉਂਦਾ

ਦੁਖ *(ਦੁੱਖ)*	**ਮਹਿ** *(ਮਹਿਂ)*	**ਸਵੈ** *(ਸਵੈਂ)*	**ਸਮਾਇ॥੨॥**
ਕਸ਼ਟ, ਤਕਲੀਫ਼	ਵਿਚ	ਸੌਂਦਾ	ਲੀਨ ਰਹਿੰਦਾ

...(ਸਤਿਗੁਰੂ ਤੋਂ ਬਿਨਾਂ ਜੀਵ) ਸੁਪਨੇ ਵਿਚ ਵੀ ਸੁੱਖ ਪ੍ਰਾਪਤ ਨਹੀਂ ਕਰ ਸਕਦਾ, ਉਹ ਦੁੱਖ ਤਕਲੀਫ਼ ਵਿਚ ਹੀ ਸੌਂਦਾ ਹੈ, ਅਤੇ ਇਨ੍ਹਾਂ ਵਿਚ ਹੀ ਖੁੱਭਿਆ ਰਹਿੰਦਾ ਹੈ...

ਜੇ	**ਹਰਿ** *(ਹਰ)*	**ਹਰਿ** *(ਹਰ),*	**ਕੀਚੈ,**	**ਬਹੁਤੁ** *(ਬਹੁਤ)*	**ਲੋਚੀਐ,**
ਜੇਕਰ	ਹਰੀ	ਹਰੀ	ਕਰਨ	ਜ਼ਿਆਦਾ	ਲੋਚਾ, ਇੱਛਾ

ਕਿਰਤੁ *(ਕਿਰਤ)*	**ਨ** *(ਨਾਂ)*	**ਮੇਟਿਆ**	**ਜਾਇ॥**
ਕੀਤੇ ਕੰਮਾਂ ਦੇ ਸੰਸਕਾਰ	ਨਹੀਂ	ਦੂਰ ਕੀਤੇ	ਜਾ ਸਕਦੇ

...ਜੇਕਰ (ਕੋਈ ਮਨਮੁੱਖ, ਸਤਿਗੁਰੂ ਦੀ ਸਨਮੁੱਖਤਾ ਤੋਂ ਬਿਨਾਂ) ਹਰ ਹਰ ਕਰਨ ਦੀ ਬਹੁਤ ਇੱਛਾ ਕਰੇ, ਤਾਂ (ਉਸਦੇ ਪਿਛਲੇ ਕੀਤੇ ਹੋਏ) ਕੰਮਾਂ ਦੇ ਸੰਸਕਾਰਾਂ ਨੂੰ ਮਿਟਾਇਆ ਨਹੀਂ ਜਾ ਸਕਦਾ...

ਹਰਿ *(ਹਰ)*	**ਕਾ**	**ਭਾਣਾ,**	**ਭਗਤੀ** *(ਭਗਤੀਂ)*	**ਮੰਨਿਆ,**
ਪਰਮੇਸ਼ਰ	ਦਾ	ਰਜ਼ਾ	ਭਗਤਾਂ ਨੇ	ਪਰਵਾਨ ਕੀਤਾ ਹੈ

ਸੇ	**ਭਗਤ**	**ਪਏ**	**ਦਰਿ** *(ਦਰ)*	**ਥਾਇ** *(ਥਾਇਂ)* **॥੩॥**
ਉਹ	ਭਗਤੀ ਕਰਨ ਵਾਲਾ	ਪੈਂਦੇ, ਹੁੰਦੇ	ਦਰ ਤੇ, ਬੂਹੇ ਤੇ	ਪਰਵਾਨ, ਕਬੂਲ

...ਜਿਨ੍ਹਾਂ ਭਗਤ-ਜਨਾਂ ਨੇ ਪਰਮੇਸ਼ਰ ਦਾ ਭਾਣਾ ਮੰਨਿਆ ਹੈ, ਉਹ ਭਗਤ ਹੀ (ਵਾਹਿਗੁਰੂ ਦੇ) ਦਰ ਤੇ ਪਰਵਾਨ ਹੁੰਦੇ ਹਨ...

ਗੁਰੁ, *(ਗੁਰ)*	ਸਬਦੁ *(ਸ਼ਬਦ)*	ਦਿੜਾਵੈ *(ਦ੍ਰਿੜ੍ਹਾਵੈ)*	ਰੰਗ	ਸਿਉ, *(ਸਿਉਂ)*
ਸਤਿਗੁਰੂ	ਉਪਦੇਸ਼, ਗਿਆਨ	ਦ੍ਰਿੜ੍ਹਾਉਂਦਾ, ਪੱਕਾ ਕਰਦਾ	ਪਿਆਰ	ਨਾਲ, ਵਿਚ

ਬਿਨੁ *(ਬਿਨ)*	ਕਿਰਪਾ	ਲਇਆ	ਨ *(ਨਾਂ)*	ਜਾਇ ॥
ਬਿਨਾਂ	ਮਿਹਰ	ਪ੍ਰਾਪਤ	ਨਹੀਂ	ਜਾ ਸਕਦਾ

...ਸਤਿਗੁਰੂ (ਆਪਣੇ ਪਿਆਰਿਆਂ ਨੂੰ ਆਪਣਾ) ਸ਼ਬਦ, ਭਾਵ ਉਪਦੇਸ਼, ਪਿਆਰ-ਰੰਗ ਵਿਚ ਦ੍ਰਿੜ੍ਹ ਕਰਾਉਂਦਾ ਹੈ, (ਪਰ) ਬਿਨਾਂ (ਪਰਮੇਸ਼ਰ ਦੀ) ਮਿਹਰ ਤੋਂ (ਤਾਂ ਪੂਰਨ ਸਤਿਗੁਰੂ) ਪ੍ਰਾਪਤ ਹੀ ਨਹੀਂ ਹੁੰਦਾ...

ਜੇ	ਸਉ	ਅੰਮ੍ਰਿਤੁ *(ਅੰਮ੍ਰਿਤ)*	ਨੀਰੀਐ,
ਜੇਕਰ	ਸੈਂਕੜੇ	ਸੁਧਾ, ਆਬਿ-ਹਯਾਤ	ਸਿੰਜੀਏ

ਭੀ	ਬਿਖੁ *(ਬਿਖ)*	ਫਲੁ *(ਫਲ)*	ਲਾਗੈ	ਧਾਇ ॥੪॥
ਫ਼ਿਰ ਵੀ	ਜ਼ਹਿਰ	ਦਰਖਤ ਦੇ ਫਲ	ਲਗਦੇ	ਦੌੜ ਕੇ, ਅਵੱਸ਼ ਹੀ

...(ਗੁਰੂ ਕਿਰਪਾ ਤੋਂ ਬੇਮੁੱਖ ਵਿਅਕਤੀ ਇਵੇਂ ਹਨ, ਜਿਵੇਂ) ਜੇਕਰ ਸੈਂਕੜੇ ਵਾਰੀ ਵੀ (ਕਿਸੇ ਜ਼ਹਿਰ ਦੇ ਦਰਖ਼ਤ ਨੂੰ) ਅੰਮ੍ਰਿਤ-ਜਲ ਨਾਲ ਸਿੰਜੀਏ, ਫਿਰ ਵੀ ਅਵੱਸ਼ ਹੀ ਉਸ ਨੂੰ ਜ਼ਹਿਰੀਲੇ ਫ਼ਲ ਹੀ ਲਗਣਗੇ...

ਸੇ	ਜਨ	ਸਚੇ *(ਸੱਚੇ)*	ਨਿਰਮਲੇ,
ਉਹ	ਲੋਕ	ਸਚਿਆਰ	ਪਵਿੱਤਰ

ਜਿਨ *(ਜਿਨ੍ਹ)*	ਸਤਿਗੁਰ *(ਸਤਗੁਰ)*	ਨਾਲਿ *(ਨਾਲ)*	ਪਿਆਰੁ *(ਪਿਆਰ)* ॥
ਜਿਨ੍ਹਾਂ ਦਾ	ਸਤਿਗੁਰੂ	ਨਾਲ, ਸਾਥ	ਪ੍ਰੀਤ

...ਉਹ ਲੋਕ ਸਚਿਆਰ ਅਤੇ ਪਵਿੱਤਰ ਹਨ, ਜਿਨ੍ਹਾਂ ਦੀ ਸਤਿਗੁਰੂ ਨਾਲ ਪ੍ਰੀਤ ਹੈ...

ਸਤਿਗੁਰ *(ਸਤਗੁਰ)*	ਕਾ	ਭਾਣਾ	ਕਮਾਵਦੇ, *(ਕਮਾਂਵਦੇ)*
ਸਤਿਗੁਰੂ	ਦਾ	ਹੁਕਮ, ਆਗਿਆ	ਕਮਾਉਂਦੇ

ਬਿਖੁ *(ਬਿਖ)*	ਹਉਮੈ	ਤਜਿ *(ਤਜ)*	ਵਿਕਾਰੁ *(ਵਿਕਾਰ)* ॥੫॥
ਜ਼ਹਿਰ	ਹੰਕਾਰ	ਤਿਆਗ ਕੇ	ਬੁਰਿਆਈ

ਅੰਕ ੬੫

...(ਉਹ ਸਚਿਆਰ ਜਨ) ਹੰਕਾਰ ਦਾ ਜ਼ਹਿਰ, ਅਤੇ (ਮਾਇਆ ਰੂਪੀ) ਵਿਕਾਰ ਤਿਆਗ ਕੇ, ਸਤਿਗੁਰੂ ਦਾ ਹੁਕਮ ਕਮਾਉਂਦੇ ਹਨ...

ਮਨਹਠਿ, *(ਮਨਹਠ)*	**ਕਿਤੈ**	**ਉਪਾਇ**	**ਨ** *(ਨਾਂ)*	**ਛੂਟੀਐ,**
ਮਨ ਦੀ ਹੈਂਕੜ	ਕਿਸੇ ਵੀ	ਉਪਾ, ਤਰੀਕੇ	ਨਹੀਂ	ਛੁੱਟੀਦਾ, ਬਚੀਦਾ

ਸਿਮ੍ਰਿਤਿ *(ਸਿਮ੍ਰਿਤ)*	**ਸਾਸਤ੍ਰ** *(ਸ਼ਾਸਤਰ)*	**ਸੋਧਹੁ**	**ਜਾਇ॥**
ਸਿਮ੍ਰਤੀਆਂ	ਸ਼ਾਸਤਰ	ਘੋਖੋ, ਵਿਚਾਰੋ	ਜਾਕੇ

...(ਹੇ! ਭਾਈ!) ਮਨ ਦੀ ਹੈਂਕੜ ਰਾਹੀਂ ਕਿਸੇ ਵੀ ਤਰੀਕੇ ਨਾਲ (ਮਾਇਆਵੀ ਵਿਕਾਰਾਂ ਤੋਂ) ਬਚ ਨਹੀਂ ਸਕੀਦਾ, ਭਾਵੇਂ ਸਿਮ੍ਰਤੀਆਂ ਅਤੇ ਸ਼ਾਸਤਰ ਆਦਿਕ ਧਾਰਮਿਕ ਪੁਸਤਕਾਂ ਨੂੰ ਜਾਕੇ ਘੋਖ ਵਿਚਾਰ ਲਵੋ...

ਮਿਲਿ *(ਮਿਲ)*	**ਸੰਗਤਿ** *(ਸੰਗਤ)*	**ਸਾਧੂ,**	**ਉਬਰੇ,**
ਮਿਲ ਕੇ	ਸੰਗਤ ਵਿਚ ਸੰਤ	ਬਚ ਜਾਂਦੇ,	ਉਭਰ ਜਾਂਦੇ

ਗੁਰ	**ਕਾ**	**ਸਬਦੁ** *(ਸ਼ਬਦ)*	**ਕਮਾਇ॥੬॥**
ਸਤਿਗੁਰੂ	ਦਾ	ਉਪਦੇਸ਼, ਗਿਆਨ	ਕਮਾ ਕੇ, ਕਰਕੇ

...ਸੰਤਾਂ ਦੀ ਸੰਗਤ ਵਿਚ ਮਿਲ ਕੇ, ਅਤੇ ਗੁਰ-ਸ਼ਬਦ ਦੀ ਕਮਾਈ ਕਰਕੇ ਹੀ (ਮਨੁੱਖ ਮਾਇਆਵੀ ਵਿਕਾਰਾਂ ਤੋਂ) ਬਚ ਜਾਂਦੇ ਹਨ...

ਹਰਿ *(ਹਰ)*	**ਕਾ**	**ਨਾਮੁ** *(ਨਾਮ)*	**ਨਿਧਾਨੁ** *(ਨਿਧਾਨ)*	**ਹੈ,**
ਪਰਮੇਸ਼ਰ	ਦਾ	ਨਾਮ, ਸਿਮਰਨ	ਖ਼ਜ਼ਾਨਾ	ਹੋਣ ਦੀ ਕ੍ਰਿਆ

ਜਿਸੁ *(ਜਿਸ)*	**ਅੰਤੁ** *(ਅੰਤ)*	**ਨ** *(ਨਾਂ)*	**ਪਾਰਾਵਾਰੁ** *(ਪਾਰਾਵਾਰ)* **॥**
ਜਿਸ ਦਾ	ਅਖੀਰ	ਨਹੀਂ	ਆਰ-ਪਾਰ

...ਪਰਮੇਸ਼ਰ ਦਾ ਨਾਮ (ਚੰਗਿਆਈਆਂ ਦਾ) ਖ਼ਜ਼ਾਨਾ ਹੈ, ਜਿਸ ਦਾ ਕੋਈ ਅੰਤ ਅਤੇ ਪਾਰਾਵਾਰ ਨਹੀਂ ਹੈ, ਭਾਵ ਉਹ ਅਮੁੱਕ ਤੇ ਬੇਅੰਤ ਹੀ ਬੇਅੰਤ ਹੈ...

ਗੁਰਮੁਖਿ *(ਗੁਰਮੁਖ)*	**ਸੇਈ**	**ਸੋਹਦੇ,** *(ਸੋਂਹਦੇ)*
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਉਹੀ	ਸੁਹਣੇ ਲਗਦੇ

ਜਿਨ *(ਜਿਨ੍ਹ)*	**ਕਿਰਪਾ**	**ਕਰੇ**	**ਕਰਤਾਰੁ** *(ਕਰਤਾਰ)* **॥੭॥**
ਜਿਨ੍ਹਾਂ ਤੇ	ਮਿਹਰ	ਕਰਦਾ	ਕਰਤਾ ਪੁਰਖ਼

ਅੰਕ ੬੫-੬੬

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਇਹ ਚੰਗਿਆਈਆਂ ਦਾ ਖ਼ਜ਼ਾਨਾ ਪ੍ਰਾਪਤ ਕਰਕੇ) ਉਹੀ ਸੁਹਣੇ ਲਗਦੇ ਹਨ, ਜਿਨ੍ਹਾਂ ਤੇ ਕਰਤਾ ਪੁਰਖ (ਆਪਣੀ) ਮਿਹਰ ਕਰਦਾ ਹੈ...

ਨਾਨਕ,	**ਦਾਤਾ**	**ਏਕੁ** *(ਏਕ)*	**ਹੈ,**
ਹੇ ! ਨਾਨਕ !	ਦਾਤਾਰ (ਪ੍ਰਭੂ)	ਇੱਕ	ਹੋਣ ਦੀ ਕ੍ਰਿਆ
ਦੂਜਾ	**ਅਉਰੁ** *(ਅਉਰ)*	**ਨ** *(ਨਾਂ)*	**ਕੋਇ॥**
ਦੂਸਰਾ	ਹੋਰ	ਨਹੀਂ	ਕੋਈ

...ਹੇ! ਨਾਨਕ! ਦਾਤਾਂ ਬਖਸ਼ਣ ਵਾਲਾ (ਪਰਮੇਸ਼ਰ, ਕੇਵਲ) ਇੱਕੋ ਹੀ ਹੈ, ਦੂਸਰਾ ਹੋਰ ਕੋਈ ਨਹੀਂ ਹੈ...

ਗੁਰ	**ਪਰਸਾਦੀ**	**ਪਾਈਐ,**
ਸਤਿਗੁਰੂ	ਪਰਸਾਦ/ਕਿਰਪਾ ਰਾਹੀਂ	ਪਾਈਦਾ, ਪ੍ਰਾਪਤ ਕਰੀਦਾ
ਕਰਮਿ *(ਕਰਮ)*	**ਪਰਾਪਤਿ** *(ਪਰਾਪਤ)*	**ਹੋਇ॥੮॥੨॥੧੯॥**
ਨਦਰ	ਪ੍ਰਾਪਤ	ਹੁੰਦੀਆਂ ਹਨ

...(ਨਾਮ ਦੀ ਦਾਤ) ਸਤਿਗੁਰੂ ਦੀ ਕ੍ਰਿਪਾ ਨਾਲ ਪਾਈਦੀ ਹੈ, ਅਤੇ ਸਤਿਗੁਰੂ (ਦੀ ਪ੍ਰਾਪਤੀ ਵਾਹਿਗੁਰੂ ਦੀ) ਨਦਰ ਰਾਹੀਂ ਹੁੰਦੀ ਹੈ ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* **॥**
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਪੰਖੀ	**ਬਿਰਖਿ** *(ਬਿਰਖ)*	**ਸੁਹਾਵੜਾ,**	
ਪੰਛੀ	ਦਰਖ਼ਤ ਉੱਤੇ	ਸੁਹਣਾ, ਸੁੰਦਰ	
ਸਚੁ *(ਸੱਚ)*	**ਚੁਗੈ**	**ਗੁਰ**	**ਭਾਇ॥**
ਸਦਾ-ਸਥਿਰ (ਪ੍ਰਭੂ)	ਚੁੱਗਦਾ	ਸਤਿਗੁਰੂ	ਪ੍ਰੀਤ ਰਾਹੀਂ

...ਇਸ ਸਰੀਰ ਰੂਪੀ ਬ੍ਰਿਛ ਉੱਤੇ ਜਿਹੜਾ ਜੀਵ-ਪੰਛੀ ਬੈਠਾ ਹੋਇਆ ਹੈ, ਉਹ ਤਦ ਹੀ ਸੁੰਦਰ ਲਗਦਾ ਹੈ, ਜੇ ਕਰ ਉਹ ਸਤਿਗੁਰੂ ਦੀ ਪ੍ਰੀਤ ਰਾਹੀਂ ਸਦਾ-ਸਥਿਰ (ਵਾਹਿਗੁਰੂ ਦੇ ਨਾਮ ਦੀ ਚੋਗ) ਚੁਗਦਾ ਹੈ...

ਹਰਿ *(ਹਰ)*	**ਰਸੁ** *(ਰਸ)*	**ਪੀਵੈ**	**ਸਹਜਿ** *(ਸਹਿਜ)*	**ਰਹੈ,**
ਪਰਮੇਸ਼ਰ	ਸੁਆਦ, ਅਨੰਦ	ਪੀਂਦਾ, ਮਾਣਦਾ	ਆਤਮਿਕ ਅਡੋਲਤਾ	ਰਹਿੰਦਾ

ਅੰਕ ੬੬

ਉਡੈ	ਨ(ਨਾਂ)	ਆਵੈ	ਜਾਇ॥
ਉਡਦਾ	ਨਹੀਂ	ਆਉਂਦਾ	ਜਾਂਦਾ

...(ਉਹ) ਪਰਮੇਸ਼ਰ ਦੇ ਨਾਮ-ਰਸ ਰਾਹੀਂ, ਆਤਮਿਕ ਅਡੋਲਤਾ ਦੀ ਅਵਸਥਾ ਵਿਚ ਰਹਿੰਦਾ ਹੈ, ਉਹ (ਮਾਇਆਵੀ ਵਿਕਾਰਾਂ ਵਾਲੇ ਪਾਸੇ) ਇੱਧਰ ਉਧਰ ਦੀ ਭਟਕਣਾ ਵਿਚ ਨਹੀਂ ਉਡਦਾ ਫਿਰਦਾ...

ਨਿਜ	ਘਰਿ(ਘਰ)	ਵਾਸਾ	ਪਾਇਆ,
ਸ੍ਵੈ	ਸਰੂਪ ਵਿਚ	ਨਿਵਾਸ	ਪਾ ਲਿਆ
ਹਰਿ(ਹਰ)	ਹਰਿ(ਹਰ)	ਨਾਮਿ(ਨਾਮ)	ਸਮਾਇ॥੧॥
ਪ੍ਰਭੂ	ਪ੍ਰਭੂ	ਨਾਮ ਵਿਚ	ਲੀਨ ਹੋਕੇ, ਅਭੇਦ ਹੋਕੇ

...(ਉਸ ਧਰਮ-ਸਾਧਕ ਨੇ) ਵਾਹਿਗੁਰੂ ਦੇ ਨਾਮ ਵਿਚ ਅਭੇਦ ਹੋਕੇ ਸ੍ਵੈ-ਸਰੂਪ ਵਿਚ ਨਿਵਾਸ ਪਾ ਲਿਆ ਹੈ...

ਮਨ ਰੇ,	ਗੁਰ	ਕੀ	ਕਾਰ	ਕਮਾਇ॥
ਹੇ! ਮਨਾਂ!	ਸਤਿਗੁਰੂ	ਦੀ	ਕੰਮ, ਸੇਵਾ ਕਮਾ	

...ਹੇ! ਮਨਾ! (ਤੂੰ) ਸਤਿਗੁਰੂ (ਦੁਆਰਾ ਉਪਦੇਸ਼ ਕੀਤੀ ਹੋਈ ਗੁਰ-ਸ਼ਬਦ) ਦੀ ਕਮਾਈ ਕਰ...

ਗੁਰ	ਕੈ	ਭਾਣੈ	ਜੇ	ਚਲਹਿ,(ਚਲਹਿਂ)	ਤਾ(ਤਾਂ)
ਸਤਿਗੁਰੂ	ਦੇ	ਹੁਕਮ	ਜਿਹੜੇ	ਚਲੇਂਗਾ	ਫਿਰ

ਅਨਦਿਨੁ(ਅਨਦਿਨ)	ਰਾਚਹਿ(ਰਾਚਹਿਂ)	ਹਰਿ(ਹਰ)	ਨਾਇ(ਨਾਇਂ) ॥੧	॥ਰਹਾਉ ॥
ਹਰਰੋਜ਼	ਲੀਨ ਰਹੇਂਗਾ	ਪ੍ਰਭੂ	ਨਾਮ ਵਿਚ	ਠਹਿਰਾਉ

...(ਹੇ! ਭਾਈ!) ਜੇ ਤੂੰ ਸਤਿਗੁਰੂ ਦੇ ਹੁਕਮ ਵਿਚ ਚਲੇਂਗਾ, ਅਥਵਾ ਜੀਵਨ ਗੁਜ਼ਾਰੇਂਗਾ, ਤਾਂ ਫਿਰ ਹਰ ਰੋਜ਼ ਭਾਵ ਨਿਰੰਤਰ ਪਰਮੇਸ਼ਰ ਦੇ ਨਾਮ ਵਿਚ ਲੀਨ ਰਹੇਂਗਾ...

ਪੰਖੀ	ਬਿਰਖ	ਸੁਹਾਵੜੇ,	
ਪੰਛੀ	ਦਰਖ਼ਤ	ਸੁਹਣੇ, ਸੁੰਦਰ	
ਊਡਹਿ(ਊਡਹਿਂ)	ਚਹੁ(ਚਹੁੰ)	ਦਿਸਿ(ਦਿਸ਼)	ਜਾਹਿ(ਜਾਹਿਂ) ॥
ਉਡਦੇ	ਚਾਰੇ	ਦਿਸ਼ਾਵਾਂ	ਜਾਂਦੇ

...(ਮਨਮੁੱਖੀ) ਪੰਛੀ, ਸਰੀਰ ਰੂਪੀ ਬ੍ਰਿਛ ਉੱਤੇ ਬੈਠੇ ਸੁੰਦਰ ਤਾਂ ਲਗਦੇ ਹਨ, ਪਰ ਉਹ (ਮਾਇਆਵੀ ਚੋਗੇ ਪਿੱਛੇ ਭਟਕਦੇ), ਚਾਰੇ ਦਿਸ਼ਾਵਾਂ ਵਿਚ ਉਡਦੇ ਫਿਰਦੇ ਰਹਿੰਦੇ ਹਨ...

ਜੇਤਾ	**ਊਡਹਿ,** *(ਊਡਹਿੰ)*	**ਦੂਖ** *(ਦੁੱਖ)*	**ਘਣੇ,**
ਜਿਤਨਾਂ	ਉਡਦੇ ਹਨ	ਕਸ਼ਟ, ਤਕਲੀਫਾਂ	ਬਹੁਤ

ਨਿਤ	**ਦਾਝਹਿ** *(ਦਾਝਹਿੰ)*	**ਤੈ**	**ਬਿਲਲਾਹਿ** *(ਬਿਲਲਾਹਿੰ)* ॥
ਰੋਜ਼	ਸੜਦੇ ਹਨ	ਅਤੇ	ਵਿਲਕਦੇ ਹਨ, ਰੋਂਦੇ ਖਪਦੇ ਹਨ

...(ਉਹ) ਜਿਤਨਾਂ ਵੀ (ਮਾਇਆਵੀ ਵਿਕਾਰਾਂ ਪਿਛੇ) ਉਡਦੇ ਫਿਰਦੇ ਹਨ, ਉਤਨੇ ਹੀ (ਉਨ੍ਹਾਂ ਨੂੰ) ਦੁੱਖ ਤਕਲੀਫਾਂ ਜ਼ਿਆਦਾ ਆਉਂਦੇ ਹਨ, ਉਹ ਨਿਤ (ਇਨ੍ਹਾਂ ਵਿਚ) ਸੜਦੇ ਅਤੇ ਵਿਲਕਦੇ ਰਹਿੰਦੇ ਹਨ...

ਬਿਨੁ *(ਬਿਨ)*	**ਗੁਰ,**	**ਮਹਲੁ** *(ਮਹਿਲ)*	**ਨ** *(ਨਾਂ)*	**ਜਾਪਈ,**
ਬਿਨਾਂ	ਸਤਿਗੁਰੂ	ਸੱਚ-ਘਰ, ਨਿਵਾਸ	ਨਹੀਂ	ਪਤਾ ਲਗਦਾ, ਸੋਝੀ ਹੁੰਦੀ

ਨਾ *(ਨਾਂ)*	**ਅੰਮ੍ਰਿਤ**	**ਫਲ**	**ਪਾਹਿ** *(ਪਾਹਿੰ)* ॥੨॥
ਨਹੀਂ	ਅਮਰ ਕਰ ਦੇਣ ਵਾਲਾ	ਦਰੱਖਤ ਦਾ ਫ਼ਲ	ਪਾਉਂਦੇ ਹਨ

...ਸਤਿਗੁਰੂ ਬਿਨਾਂ ਸੱਚ-ਘਰ ਦੀ ਸੋਝੀ ਨਹੀਂ ਹੁੰਦੀ, ਅਤੇ ਨਾ ਹੀ (ਨਾਮ-ਰੂਪੀ) ਅੰਮ੍ਰਿਤ-ਫਲ ਦੀ ਪ੍ਰਾਪਤੀ ਹੁੰਦੀ ਹੈ...

ਗੁਰਮੁਖਿ *(ਗੁਰਮੁਖ)*	**ਬ੍ਰਹਮੁ** *(ਬ੍ਰਹਮ)*	**ਹਰੀਆਵਲਾ,**
ਸਤਿਗੁਰ ਦੀ ਸਨਮੁੱਖਤਾ ਰਾਹੀਂ	ਪਾਰਬ੍ਰਹਮ, ਪਰਮੇਸ਼ਰ	ਹਰਾ ਭਰਾ

ਸਾਚੈ	**ਸਹਜਿ** *(ਸਹਿਜ)*	**ਸੁਭਾਇ॥**
ਸਦਾ ਸਥਿਰ (ਪ੍ਰਭੂ) ਵਿਚ	ਆਤਮਿਕ ਅਡੋਲਤਾ ਰਾਹੀਂ	ਸੁਭਾਵਿਕ ਹੀ

...ਸਤਿਗੁਰ ਦੀ ਸਨਮੁੱਖਤਾ ਰਾਹੀਂ (ਮਨੁੱਖ) ਪਾਰਬ੍ਰਹਮ ਵਾਂਗ ਇਕ ਹਰਾ ਭਰਾ ਬ੍ਰਿਖ ਹੋ ਜਾਂਦਾ ਹੈ, ਅਤੇ ਸਦਾ ਸਥਿਰ ਪਰਮੇਸ਼ਰ ਵਿਚ ਸੁਭਾਵਿਕ ਹੀ ਆਤਮਿਕ ਅਡੋਲਤਾ ਰਾਹੀਂ ਲੀਨ ਰਹਿੰਦਾ ਹੈ...

ਸਾਖਾ *(ਸ਼ਾਖਾਂ)*	**ਤੀਨਿ** *(ਤੀਨ)*	**ਨਿਵਾਰੀਆ,** *(ਨਿਵਾਰੀਆਂ)*
ਸ਼ਾਖਾਵਾਂ, ਟਾਹਣੀਆਂ	ਤਿੰਨ	ਨਿਵਾਰ ਦਿੰਦਾ, ਦੂਰ ਕਰ ਦਿੰਦਾ

ਏਕ	**ਸਬਦਿ** *(ਸ਼ਬਦ)*	**ਲਿਵ**	**ਲਾਇ॥**
ਇੱਕ (ਪ੍ਰਭੂ)	ਨਾਮ-ਸ਼ਬਦ ਵਿਚ	ਧਿਆਨ, ਲਿਵ	ਲਗਾਕੇ

...(ਉਹ) ਇਕ ਪਰਮੇਸ਼ਰ ਦੇ ਨਾਮ ਰੂਪੀ ਸ਼ਬਦ ਵਿਚ ਧਿਆਨ ਜੋੜ ਕੇ, ਮਾਇਆ ਦੀਆਂ ਤਿੰਨੇ ਟਾਹਣੀਆਂ (ਰਜੋ, ਤਮੋ ਅਤੇ ਸਤੋ) ਨੂੰ ਨਿਵਾਰ ਦਿੰਦਾ ਹੈ...

ਅੰਕ ੬੬

ਅੰਮ੍ਰਿਤ	ਫਲੁ *(ਫਲ)*	ਹਰਿ *(ਹਰ)*	ਏਕੁ *(ਏਕ)*	ਹੈ,
ਅਮਰ ਕਰਨ ਵਾਲਾ	ਮੇਵਾ, ਦਰੱਖਤ ਦਾ ਫ਼ਲ	ਪਰਮੇਸ਼ਰ	ਇੱਕ	ਹੋਣ ਦੀ ਕ੍ਰਿਆ

ਆਪੇ	ਦੇਇ *(ਦੇ)*	ਖਵਾਇ ॥੩॥
ਆਪ ਹੀ	ਦਿੰਦਾ	ਖੁਆਉਂਦਾ, ਛਕਾਉਂਦਾ

...(ਫ਼ਿਰ ਉਸ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਕੇਵਲ) ਇੱਕ ਪਰਮੇਸ਼ਰ ਹੀ (ਨਾਮ ਰੂਪੀ) ਅੰਮ੍ਰਿਤਮਈ ਫਲ ਹੈ, ਜਿਸ ਨੂੰ ਵਾਹਿਗੁਰੂ ਆਪ ਹੀ (ਆਪਣੇ ਪਿਆਰਿਆਂ ਨੂੰ) ਛਕਾਉਂਦਾ ਹੈ...

ਮਨਮੁੱਖ	ਊਭੇ	ਸੁਕਿ *(ਸੁੱਕ)*	ਗਏ,
ਮਨਮੱਤੀ, ਆਪ ਹੁਦਰੇ	ਖੜੇ ਖੜੋਤੇ	ਖੁਸ਼ਕ	ਸਹਾਇਕ ਕ੍ਰਿਆ

ਨਾ *(ਨਾਂ)*	ਫਲੁ *(ਫਲ)*	ਤਿੰਨਾ *(ਤਿੰਨ੍ਹਾਂ)*	ਛਾਉ *(ਛਾਉਂ)* ॥
ਨਾਂ	ਮੇਵਾ, ਦਰਖ਼ਤ ਦਾ ਫ਼ਲ	ਤਿਨ੍ਹਾਂ ਦੀ	ਛਾਂ

...ਸਤਿਗੁਰੂ ਤੋਂ ਬੇਮੁੱਖ ਅਥਵਾ ਮਨਮੁੱਖ (ਸਮਝੋ ਅਜਿਹੇ ਦਰਖ਼ਤ ਹਨ ਜੋ ਨਾਮ ਰੂਪੀ ਅੰਮ੍ਰਿਤ-ਜਲ ਬਿਨਾਂ) ਖੜ੍ਹੇ ਖੜ੍ਹੋਤੇ ਹੀ ਸੜ-ਸੁਕ ਜਾਂਦੇ ਹਨ ਅਤੇ ਫਿਰ ਨਾਂ ਹੀ ਉਨ੍ਹਾਂ ਨੂੰ ਕੋਈ ਫਲ ਲਗਦਾ ਹੈ ਅਤੇ ਨਾਂ ਹੀ ਉਨ੍ਹਾਂ ਦੀ ਕੋਈ ਛਾਂ ਹੁੰਦੀ ਹੈ....

ਤਿੰਨਾ *(ਤਿੰਨ੍ਹਾਂ)*	ਪਾਸਿ *(ਪਾਸ)*	ਨ *(ਨਾਂ)*	ਬੈਸੀਐ,
ਉਨ੍ਹਾਂ	ਕੋਲ	ਨਹੀਂ	ਬੈਠਣਾ

ਓਨਾ *(ਓਨ੍ਹਾਂ)*	ਘਰੁ *(ਘਰ)*	ਨ *(ਨਾਂ)*	ਗਿਰਾਉ *(ਗਿਰਾਉਂ)* ॥
ਉਨ੍ਹਾਂ	ਟਿਕਾਣਾ	ਨਾਂ ਹੀਂ	ਪਿੰਡ, ਨਗਰ

...(ਸਤਿਗੁਰੂ ਤੋਂ ਬੇਮੁੱਖ ਅਜਿਹੇ ਨਾਮ-ਵਿਹੂਣਿਆਂ ਕੋਲ) ਨਹੀਂ ਬੈਠਣਾ ਚਾਹੀਦਾ, ਉਨ੍ਹਾਂ ਦਾ ਨਾਂ ਕੋਈ ਟਿਕਾਣਾ ਹੁੰਦਾ ਹੈ ਅਤੇ ਨਾਂ ਹੀ ਕੋਈ ਨਗਰ ਗਿਰਾਂ...

ਕਟੀਅਹਿ *(ਕਟੀਅਹਿਂ)*	ਤੈ	ਨਿਤ	ਜਾਲੀਅਹਿ, *(ਜਾਲੀਅਹਿਂ)*
ਵੱਢੀਦੇ ਹਨ	ਅਤੇ	ਰੋਜ਼ ਹੀ	ਸਾੜੀਦੇ ਹਨ

ਓਨਾ *(ਓਨ੍ਹਾਂ)*	ਸਬਦੁ *(ਸ਼ਬਦ)*	ਨ *(ਨਾਂ)*	ਨਾਉ *(ਨਾਉਂ)* ॥੪॥
ਉਨ੍ਹਾਂ	ਸ਼ਬਦ	ਨਹੀਂ	(ਪ੍ਰਭੂ) ਨਾਮ

...ਅਜਿਹੇ ਮਨਮੁੱਖੀ ਦਰਖ਼ਤਾਂ ਨੂੰ ਰੋਜ਼ ਹੀ ਵੱਢਿਆ ਅਤੇ ਸਾੜਿਆ ਜਾਂਦਾ ਹੈ, ਕਿਉਂਕਿ ਉਹ ਗੁਰ-ਸ਼ਬਦ ਅਤੇ ਪਰਮਾਤਮ ਨਾਮ (ਰੂਪੀ ਅੰਮ੍ਰਿਤ-ਜਲ ਤੋਂ ਸੱਖਣੇ ਹੁੰਦੇ ਹਨ)...

ਅੰਕ ੬੬

ਹੁਕਮੇ	ਕਰਮ	ਕਮਾਵਣੇ,
(ਰੱਬੀ) ਹੁਕਮ ਵਿਚ	ਕੰਮ	ਕਰਨੇ, ਕਮਾਉਣੇ
ਪਇਐ	ਕਿਰਤਿ *(ਕਿਰਤ)*	ਫਿਰਾਉ ॥
ਪਏ ਹੋਏ	(ਪੂਰਬਲੇ) ਕਰਮਾਂ ਕਰਕੇ	ਫਿਰਾਏ

...(ਪਰ ਹੇ! ਵਾਹਿਗੁਰੂ! ਇਨ੍ਹਾਂ ਵਿਚਾਰਿਆਂ ਦਾ ਕੀ ਕਸੂਰ ਹੈ? ਇਹ ਤਾਂ ਤੇਰੇ) ਹੁਕਮ (ਦੀ ਖੇਡ ਅਨੁਸਾਰ ਹੀ ਪੂਰਬਲੇ) ਕਰਮਾਂ ਕਰਕੇ, (ਆਵਾਗਵਣ ਦੇ ਚੱਕਰ ਵਿਚ) ਫਿਰਾਏ ਅਥਵਾ ਘੁਮਾਏ ਜਾਂਦੇ ਹਨ...

ਹੁਕਮੇ	ਦਰਸਨੁ *(ਦਰਸ਼ਨ)*	ਦੇਖਣਾ,	
(ਰੱਬੀ) ਹੁਕਮ ਵਿਚ ਦਰਸ਼ਨ,	ਦੀਦਾਰ	ਦੇਖਦੇ	
ਜਹ *(ਜਹਿੰ)*	ਭੇਜਹਿ *(ਭੇਜਹਿੰ)*	ਤਹ *(ਤਹਿੰ)*	ਜਾਉ ॥
ਜਿਥੇ	ਭੇਜਦਾ ਹੈਂ, ਘਲਦਾ ਹੈ	ਉਥੇ	ਜਾਂਦੇ ਹਨ

...(ਤੇਰੇ) ਹੁਕਮ (ਦੀ ਖੇਡ) ਵਿਚ ਹੀ (ਕਈ ਤੇਰੇ ਸੱਚ-ਸਰੂਪ ਦੇ) ਦੀਦਾਰ ਕਰਦੇ ਹਨ, ਅਤੇ ਜਿਥੇ (ਤੂੰ) ਭੇਜਦਾ ਹੈਂ, ਉਥੇ ਹੀ ਉਹ ਜਾਂਦੇ ਹਨ...

ਹੁਕਮੇ	ਹਰਿ *(ਹਰ)*	ਹਰਿ *(ਹਰ)*	ਮਨਿ *(ਮਨ)*	ਵਸੈ,
(ਰੱਬੀ) ਹੁਕਮ ਵਿਚ	ਪ੍ਰਭੂ	ਪ੍ਰਭੂ	ਹਿਰਦੇ ਵਿਚ	ਵੱਸ ਜਾਂਦਾ ਹੈ

ਹੁਕਮੇ	ਸਚਿ *(ਸੱਚ)*	ਸਮਾਉ ॥੫॥
(ਰੱਬੀ) ਹੁਕਮ ਵਿਚ	ਸਦਾ-ਸਥਿਰ (ਪ੍ਰਭੂ) ਵਿਚ	ਸਮਾ ਜਾਂਦੇ, ਅਭੇਦ ਹੋ ਜਾਂਦੇ

...(ਤੇਰੇ) ਹੁਕਮ ਦੀ (ਖੇਡ) ਅਨੁਸਾਰ ਹੀ ਹਰਿ (ਨਾਮ) ਹਿਰਦੇ ਵਿਚ ਵਸ ਜਾਂਦਾ ਹੈ, ਅਤੇ (ਤੇਰੀ ਇਸ) ਹੁਕਮੀ (ਖੇਡ) ਅਨੁਸਾਰ ਹੀ (ਜੀਵ, ਤੇਰੇ) ਸਦੀਵ-ਸੱਚ ਸਰੂਪ ਵਿਚ ਅਭੇਦ ਹੋ ਜਾਂਦੇ ਹਨ...

ਹੁਕਮੁ *(ਹੁਕਮ)*	ਨ *(ਨਾਂ)*	ਜਾਣਹਿ *(ਜਾਣਹਿੰ)*	ਬਪੁੜੇ,
ਆਗਿਆ, ਰਜ਼ਾ	ਨਹੀਂ	ਜਾਣਦੇ	ਵਿਚਾਰੇ
ਭੂਲੇ	ਫਿਰਹਿ *(ਫਿਰਹਿੰ)*	ਗਵਾਰ ॥	
ਭੁੱਲੇ	ਫਿਰਦੇ	ਮੂਰਖ	

...(ਪਰ ਕਈ) ਮੂਰਖ ਵਿਚਾਰੇ (ਤੇਰੀ ਇਸ) ਹੁਕਮ (ਦੀ ਖੇਡ ਨੂੰ) ਨਹੀਂ ਜਾਣਦੇ, ਅਤੇ (ਮਾਇਆ ਦੀ ਭਟਕਣਾਂ ਵਿਚ ਹੀ ਇੱਧਰ ਉਧਰ) ਭੁੱਲੇ ਹੋਏ ਫਿਰਦੇ ਰਹਿੰਦੇ ਹਨ...

ਅੰਕ ੬੬

ਮਨਹਠਿ *(ਮਨਹਠ)*	ਕਰਮ	ਕਮਾਵਦੇ, *(ਕਮਾਂਵਦੇ)*	
ਮਨ ਦੇ ਹੰਕਾਰ ਰਾਹੀਂ	ਕੰਮ	ਕਮਾਉਂਦੇ, ਕਰਦੇ	

ਨਿਤ	ਨਿਤ	ਹੋਹਿ *(ਹੋਹਿਂ)*	ਖੁਆਰੁ *(ਖੁਆਰ)* ॥
ਰੋਜ਼	ਰੋਜ਼	ਹੁੰਦੇ	ਖੱਜਲ

...(ਉਹ) ਮਨ ਦੇ ਹੰਕਾਰ ਰਾਹੀਂ (ਜ਼ਿੰਦਗੀ ਦੇ) ਕਰਮ ਕਰਦੇ ਹਨ, ਅਤੇ (ਮਾਇਆਵੀ ਵਿਕਾਰਾਂ ਅਧੀਨ) ਨਿੱਤ ਨਿੱਤ ਭਾਵ ਹਮੇਸ਼ਾਂ ਹੀ ਖੱਜਲ ਖ਼ੁਆਰ ਹੁੰਦੇ ਰਹਿੰਦੇ ਹਨ...

ਅੰਤਰਿ *(ਅੰਤਰ)*	ਸਾਂਤਿ *(ਸਾਂਤ)*	ਨ *(ਨਾਂ)*	ਆਵਈ,
ਅੰਦਰ, ਹਿਰਦੇ ਵਿਚ	ਸ਼ਾਂਤੀ, ਟਿਕਾਉ	ਨਹੀਂ	ਆਉਂਦੀ

ਨਾ *(ਨਾਂ)*	ਸਚਿ *(ਸੱਚ)*	ਲਗੈ	ਪਿਆਰੁ *(ਪਿਆਰ)* ॥੬॥
ਨਾ ਹੀਂ	ਸਦਾ-ਸਥਿਰ	(ਪ੍ਰਭੂ) ਨਾਲ ਲਗਦੀ	ਪ੍ਰੀਤ

...(ਅਜਿਹੀ ਖੱਜਲ ਖ਼ੁਆਰੀ ਕਰਕੇ ਉਨ੍ਹਾਂ ਦੇ) ਹਿਰਦੇ ਵਿਚ ਸ਼ਾਂਤੀ ਨਹੀਂ ਆਉਂਦੀ, ਅਤੇ ਨਾ ਹੀਂ ਸਦਾ-ਸਥਿਰ ਪਰਮੇਸ਼ਰ ਨਾਲ (ਉਨ੍ਹਾਂ) ਦੀ ਪ੍ਰੀਤ ਪੈਂਦੀ ਹੈ...

ਗੁਰਮੁਖੀਆ *(ਗੁਰਮੁਖੀਆਂ)*	ਮੁਹ *(ਮੁੰਹ)*	ਸੋਹਣੇ,
ਗੁਰਮੁਖ ਜਨਾਂ ਦੇ	ਮੂੰਹ, ਮੁਖੜੇ	ਸੁੰਦਰ, ਸੁਹਣੇ

ਗੁਰ	ਕੈ	ਹੇਤਿ *(ਹੇਤ)*	ਪਿਆਰਿ *(ਪਿਆਰ)* ॥
ਸਤਿਗੁਰੂ	ਦੇ	ਸਦਕਾ, ਕਰਕੇ	ਪ੍ਰੀਤ

...ਸਤਿਗੁਰੂ ਦੀ ਪ੍ਰੀਤ ਦੇ ਸਦਕੇ, ਗੁਰਮੁੱਖ ਜਨਾਂ ਦੇ ਮੁੱਖੜੇ (ਨਾਮ ਰੰਗ ਨਾਲ) ਸੁੰਦਰ (ਹੋ ਜਾਂਦੇ ਹਨ)...

ਸਚੀ *(ਸੱਚੀ)*	ਭਗਤੀ,	ਸਚਿ *(ਸੱਚ)*	ਰਤੇ,
(ਪ੍ਰਭੂ ਦੀ) ਸਦਾ ਰਹਿਣ ਵਾਲੀ	ਬੰਦਗੀ	ਸਦਾ-ਸਥਿਰ	(ਪ੍ਰਭ) ਵਿਚਰੰਗੇ

ਦਰਿ *(ਦਰ)*	ਸਚੈ *(ਸੱਚੈ)*	ਸਚਿਆਰ ॥
ਦਰ ਤੇ	ਸਦਾ-ਸਥਿਰ (ਪ੍ਰਭੂ) ਦੇ	ਸੱਚ ਨੂੰ ਧਾਰਨ ਕਰਨ ਵਾਲੇ

...(ਉਹ ਪਰਮੇਸ਼ਰ ਦੀ) ਸਦਾ ਰਹਿਣ ਵਾਲੀ, ਬੰਦਗੀ (ਕਰਦੇ ਹਨ), ਸਦਾ-ਸਥਿਰ (ਪਰਮਾਤਮਾ ਦੇ ਪਿਆਰ ਰੰਗ ਵਿਚ) ਰੰਗੇ ਰਹਿੰਦੇ ਹਨ। (ਇਵੇਂ ਉਹ) ਸਦੀਵ-ਸੱਚ (ਵਾਹਿਗੁਰੂ) ਦੇ ਦਰ ਤੇ ਸਚਿਆਰ (ਬਣਕੇ ਪੁੱਜਦੇ ਹਨ)...

ਅੰਕ ੬੬

ਆਏ	ਸੇ	ਪਰਵਾਣੁ *(ਪਰਵਾਣ)*		ਹੈ, *(ਹੈਂ)*
ਪਹੁੰਚੇ	ਉਹ	ਕਬੂਲ, ਮਨਜ਼ੂਰ		ਹਨ
ਸਭ	ਕੁਲ	ਕਾ	ਕਰਹਿ *(ਕਰਹਿੰ)*	ਉਧਾਰੁ *(ਉਧਾਰ)* ॥੭॥
ਸਾਰੇ	ਖਾਨਦਾਨ, ਵੰਸ਼	ਦਾ	ਕਰਦੇ	ਨਿਸਤਾਰਾ, ਪਾਰ ਉਤਾਰਾ

...(ਅਜਿਹੇ ਪਿਆਰਿਆਂ ਦਾ ਸੰਸਾਰ ਵਿਚ) ਆਉਣਾ ਪਰਵਾਨ ਹੁੰਦਾ ਹੈ, ਅਤੇ ਉਹ (ਰੱਬੀ ਬੰਦਗੀ ਨਾਲ ਆਪਣੀ) ਸਾਰੀ ਕੁਲ ਦਾ (ਸੰਸਾਰਿਕ ਮਾਇਆ ਤੋਂ) ਉਧਾਰ ਕਰ ਲੈਂਦੇ ਹਨ...

ਸਭ	ਨਦਰੀ	ਕਰਮ	ਕਮਾਵਦੇ, *(ਕਮਾਂਵਦੇ)*
ਸਾਰੇ	ਨਜ਼ਰ ਅਧੀਨ	ਕੰਮ	ਕਰਦੇ, ਕਮਾਉਂਦੇ
ਨਦਰੀ	ਬਾਹਰਿ *(ਬਾਹਰ)*	ਨ *(ਨਾਂ)*	ਕੋਇ॥
ਨਜ਼ਰ ਤੋਂ	ਬਾਹਰ, ਪਰ੍ਹੇ	ਨਹੀਂ	ਕੋਈ

...(ਸ੍ਰਿਸ਼ਟੀ ਦੇ) ਸਭ (ਜੀਵ ਪਰਮੇਸ਼ਰ) ਦੀ ਨਜ਼ਰ ਅਧੀਨ ਹੀ (ਜੀਵਨ ਦੇ) ਕਰਮ ਕਮਾਉਂਦੇ ਹਨ, (ਪਰਮੇ ਸ਼ਰ ਦੀ) ਨਜ਼ਰ ਤੋਂ ਬਾਹਰ ਕੋਈ ਨਹੀਂ...

ਜੈਸੀ	ਨਦਰਿ *(ਨਦਰ)*	ਕਰਿ *(ਕਰ)*	ਦੇਖੈ	ਸਚਾ, *(ਸੱਚਾ)*
ਜਿਵੇਂ ਦੀ	ਨਜ਼ਰ	ਕਰਕੇ	ਵੇਖਦਾ ਹੈ	ਸਦਾ ਸਥਿਰ(ਪ੍ਰਭੂ)
ਤੈਸਾ	ਹੀ	ਕੋ	ਹੋਇ॥	
ਤਿਵੇਂ ਦਾ	ਯਕੀਨਨ	ਕੋਈ	ਹੁੰਦਾ ਹੈ	

...ਸਦੀਵ-ਸੱਚ (ਪਰਮੇਸ਼ਰ ਕਿਸੇ ਨੂੰ) ਜਿਵੇਂ ਦੀ ਨਜ਼ਰ ਕਰਕੇ ਵੇਖਦਾ ਹੈ, (ਉਹ) ਤਿਵੇਂ ਦਾ ਹੀ ਹੋ ਜਾਂਦਾ ਹੈ...

ਨਾਨਕ,	ਨਾਮਿ *(ਨਾਮ)*	ਵਡਾਈਆ, *(ਵਡਾਈਆਂ)*
ਹੇ! ਨਾਨਕ!	(ਰੱਬੀ) ਨਾਮ ਦੀਆਂ	ਵਡਿਆਈਆਂ,
ਕਰਮਿ *(ਕਰਮ)*	ਪਰਾਪਤਿ *(ਪਰਾਪਤ)*	ਹੋਇ॥੮॥੩॥੨੦॥
(ਰੱਬੀ) ਮਿਹਰ ਨਾਲ	ਮਿਲਦੀਆਂ	ਹਨ

...ਹੇ! ਨਾਨਕ! (ਰੱਬੀ) ਨਾਮ ਦੀਆਂ ਵਡਿਆਈਆਂ, ਪ੍ਰਭੂ ਬਖਸ਼ਿਸ਼ ਨਾਲ ਹੀ ਮਿਲਦੀਆਂ ਹਨ।

ਅੰਕ ੬੬

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਗੁਰਮੁਖਿ *(ਗੁਰਮੁਖ)*	**ਨਾਮੁ** *(ਨਾਮ)*	**ਧਿਆਈਐ,**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਰੱਬੀ) ਨਾਮ	ਧਿਆਈਦਾ/ ਅਰਾਧੀਦਾ ਹੈ

ਮਨਮੁਖਿ *(ਮਨਮੁੱਖ)*	**ਬੂਝ**	**ਨ** *(ਨਾਂ)*	**ਪਾਇ॥**
ਮਨਮੱਤ/ਆਪ ਹੁਦਰੇਪਣ ਦੁਆਰਾ	ਬੁੱਝ, ਸਮਝ	ਨਹੀਂ	ਪਾਉਂਦਾ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ ਹੀ (ਰੱਬੀ) ਨਾਮ ਦੀ ਅਰਾਧਨਾ ਕਰੀਦੀ ਹੈ, ਮਨਮੱਤ ਦੁਆਰਾ ਇਸ ਦੀ ਸੋਝੀ ਨਹੀਂ ਪਾਈ ਜਾ ਸਕਦੀ...

ਗੁਰਮੁਖਿ *(ਗੁਰਮੁਖ)*	**ਸਦਾ**	**ਮੁਖ** *(ਮੁੱਖ)*	**ਊਜਲੇ,**
ਸਤਿਗੁਰੂ ਦੀ ਸਨਮੁਖਤਾ ਰਾਹੀਂ	ਹਮੇਸ਼ਾਂ	ਮੂੰਹ	ਉਜੂਲ, ਸੁੰਦਰ

ਹਰਿ *(ਹਰ)*	**ਵਸਿਆ**	**ਮਨਿ** *(ਮਨ)*	**ਆਇ॥**
ਪਰਮੇਸ਼ਰ	ਵੱਸ ਜਾਂਦਾ	ਹਿਰਦੇ ਵਿਚ	ਆਕੇ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਸ਼ਬਦ ਦੀ ਕਮਾਈ ਨਾਲ) ਹਮੇਸ਼ਾਂ ਮੁੱਖ ਉਜੂਲ ਹੁੰਦੇ ਹਨ, ਅਤੇ ਹਿਰਦੇ ਵਿਚ ਪਰਮੇਸ਼ਰ ਆਕੇ ਵਸ ਜਾਂਦਾ ਹੈ...

ਸਹਜੇ *(ਸਹਿਜੇ)*	**ਹੀ**	**ਸੁਖੁ** *(ਸੁੱਖ)*	**ਪਾਈਐ,**
ਆਤਮਿਕ ਅਡੋਲਤਾ ਨਾਲ	ਯਕੀਨਨ	ਅਨੰਦ	ਪਾਈਦਾ ਹੈ

ਸਹਜੇ *(ਸਹਿਜੇਂ)*	**ਰਹੈ**	**ਸਮਾਇ॥੧॥**
ਸਹਿਜ ਅਵਸਥਾ ਵਿਚ	ਰਹੀਦਾ	ਅਭੇਦ, ਲੀਨ

...(ਇਵੇਂ) ਆਤਮਿਕ ਟਿਕਾਉ ਨਾਲ ਹੀ ਨਾਮ-ਸੁੱਖ ਪਾਈਦਾ ਹੈ, ਅਤੇ ਇਸੇ (ਨਾਮ-ਸੁੱਖ ਰਾਹੀਂ) ਫਿਰ ਸਹਿਜ-ਅਵਸਥਾ ਵਿਚ (ਨਿਰੰਤਰ) ਲੀਨ ਹੋਏ ਰਹੀਦਾ ਹੈ...

ਭਾਈ ਰੇ,	**ਦਾਸਨਿ** *(ਦਾਸਨ)*	**ਦਾਸਾ**	**ਹੋਇ॥**
ਹੇ ! ਭਰਾ !	ਦਾਸਾਂ ਦੇ	ਦਾਸ	ਹੋਵੋ

...ਹੇ! ਭਾਈ! (ਪਰਮੇਸ਼ਰ ਦੇ) ਦਾਸਾਂ ਦੇ ਵੀ ਦਾਸ ਬਣੋ, ਭਾਵ ਅਤਿ ਨਿਮਰ ਅਵਸਥਾ ਵਾਲੀ ਸੁਰਤੀ-ਬਿਰਤੀ ਵਿਚ ਰਹੋ...

ਅੰਕ ੬੬

ਗੁਰ	ਕੀ	ਸੇਵਾ,	ਗੁਰ	ਭਗਤਿ *(ਭਗਤ)*	ਹੈ,
ਸਤਿਗੁਰੂ	ਦੀ	ਟਹਿਲ	ਸਤਿਗੁਰੂ	ਬੰਦਗੀ	ਹੈ

ਵਿਰਲਾ	ਪਾਏ	ਕੋਇ॥੧॥	ਰਹਾਉ ॥
ਕੋਈ ਇਕ	ਪਾਉਂਦਾ	ਕੋਈ	ਠਹਿਰਾਉ

...(ਅਸਲ ਵਿਚ) ਸਤਿਗੁਰੂ ਦੀ ਸੇਵਾ-ਟਹਿਲ, ਗੁਰੂ (ਦੇ ਸ਼ਬਦ ਦੀ ਕਮਾਈ ਅਨੁਸਾਰ ਜਿਊ ਕੇ, ਪਰਮੇਸ਼ਰ ਦੀ) ਬੰਦਗੀ ਕਰਨੀ ਹੈ, ਅਤੇ ਇਸ (ਸੱਚ) ਨੂੰ ਕੋਈ ਵਿਰਲਾ ਹੀ (ਸਮਝ) ਪਾਉਂਦਾ ਹੈ...

ਸਦਾ	ਸੁਹਾਗੁ *(ਸੁਹਾਗ)*	ਸੁਹਾਗਣੀ,
ਹਮੇਸ਼ਾਂ	ਪਤੀ ਪਿਆਰ	ਸੁਹਾਗਵੰਤੀਆਂ

ਜੇ	ਚਲਹਿ *(ਚਲਹਿਂ)*	ਸਤਿਗੁਰ *(ਸਤਗੁਰ)*	ਭਾਇ॥
ਜਿਹੜੀਆਂ	ਚਲਦੀਆਂ	ਸਤਿਗੁਰੂ	ਪ੍ਰੇਮ

...(ਉਨ੍ਹਾਂ) ਸੁਹਾਗਵੰਤੀਆਂ ਦਾ ਹੀ ਹਮੇਸ਼ਾਂ ਸੁਹਾਗ-ਭਾਗ (ਬਣਿਆਂ ਰਹਿੰਦਾ ਹੈ) ਜਿਹੜੀਆਂ ਸਤਿਗੁਰੂ ਦੇ ਪ੍ਰੇਮ (ਰੰਗ ਨਾਲ ਰੰਗੀਆਂ ਹੋਈਆਂ ਜੀਵਨ ਵਿਚ) ਤੁਰਦੀਆਂ ਹਨ...

ਸਦਾ	ਪਿਰੁ *(ਪਿਰ)*	ਨਿਹਚਲੁ *(ਨਿਹਚਲ)*	ਪਾਈਐ,
ਹਮੇਸ਼ਾਂ	ਖਸਮ	ਸਦਾ-ਸਥਿਰ, ਅਟੱਲ	ਪਾਈਦਾ ਹੈ

ਨਾ *(ਨਾਂ)*	ਓਹੁ *(ਓਹ)*	ਮਰੈ	ਨ *(ਨਾਂ)*	ਜਾਇ॥
ਨਾ	ਉਹ	ਮਰਦਾ ਹੈ	ਨਾ	ਜਨਮਦਾ

...(ਇਵੇਂ ਉਹ ਸੁਹਾਗਵੰਤੀਆਂ), ਹਮੇਸ਼ਾਂ (ਉਸ) ਨਿਹਚਲ ਪਤੀ ਨੂੰ ਪਾ ਲੈਂਦੀਆਂ ਹਨ, ਜਿਹੜਾ ਨਾ ਕਦੇ ਮਰਦਾ ਅਤੇ ਨਾ ਹੀ ਜੰਮਦਾ ਹੈ...

ਸਬਦਿ *(ਸ਼ਬਦ)*	ਮਿਲੀ	ਨਾ *(ਨਾਂ)*	ਵੀਛੁੜੈ,
(ਗੁਰ) ਸ਼ਬਦ ਵਿਚ	ਲੀਨ, ਅਭੇਦ	ਨਹੀਂ	ਵਿਛੜਦੀ, ਵੱਖ ਹੁੰਦੀ

ਪਿਰ	ਕੈ	ਅੰਕਿ *(ਅੰਕ)*	ਸਮਾਇ॥੨॥
ਖ਼ਸਮ, ਪਤੀ	ਦੇ	ਗੋਦ/ਸਰੀਰ ਵਿਚ	ਸਮਾਈ/ਅਭੇਦ ਰਹਿੰਦੀ

...(ਅਜਿਹੀਆਂ ਸੁਹਾਗਵੰਤੀਆਂ ਗੁਰ) ਸ਼ਬਦ ਵਿਚ ਅਭੇਦ ਹੁੰਦੀਆਂ ਹਨ, (ਜਿਸ ਕਰਕੇ ਕਦੀ ਪਤੀ ਪਰਮੇਸ਼ਰ ਤੋਂ) ਵਿੱਛੜਦੀਆਂ ਨਹੀਂ, (ਗੁਰਸ਼ਬਦ ਦੀ ਕਮਾਈ ਕਰਕੇ) ਉਹ (ਪ੍ਰਭੂ) ਖ਼ਸਮ ਦੀ ਗੋਦ ਵਿਚ ਟਿਕੀਆਂ ਰਹਿੰਦੀਆਂ ਹਨ...

ਅੰਕ ੬੬-੬੭

ਹਰਿ *(ਹਰ)*	ਨਿਰਮਲੁ, *(ਨਿਰਮਲ)*	ਅਤਿ *(ਅਤ)*	ਊਜਲਾ,	
ਪਰਮੇਸ਼ਰ	ਪਵਿੱਤਰ	ਅਤਿਅੰਤ	ਉਜੂਲ	
ਬਿਨੁ *(ਬਿਨ)*	ਗੁਰ	ਪਾਇਆ	ਨ *(ਨਾਂ)*	ਜਾਇ॥
ਬਿਨਾਂ, ਬਗੈਰ	ਸਤਿਗੁਰੂ	ਪ੍ਰਾਪਤ	ਨਹੀ	ਜਾਂਦਾ

...ਪਰਮੇਸ਼ਰ ਅਤਿਅੰਤ ਪਵਿੱਤਰ ਅਤੇ ਉਜੂਲ ਹੈ, (ਪ੍ਰੰਤੂ ਉਹ) ਸਤਿਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ...

ਪਾਠੁ *(ਪਾਠ)*	ਪੜੈ *(ਪੜ੍ਹੈ)*	ਨਾ *(ਨਾਂ)*	ਬੂਝਈ,
ਪਠਨ, ਪੜ੍ਹਾਈ	ਪੜ੍ਹਨ ਨਾਲ	ਨਹੀਂ	ਬੁੱਝਿਆ ਜਾਂਦਾ, ਸੋਝੀ ਹੁੰਦੀ
ਭੇਖੀ *(ਭੇਖੀਂ)*	ਭਰਮਿ *(ਭਰਮ)*	ਭੁਲਾਇ॥	
ਭੇਖਾਂ ਰਾਹੀਂ	ਭੁਲੇਖੇ ਵਿਚ	ਭੁਲ ਜਾਂਦਾ	

...(ਧਾਰਮਿਕ ਪੁਸਤਕਾਂ ਦੇ ਕੇਵਲ) ਪਾਠ ਪੜ੍ਹਨ ਨਾਲ (ਪਰਮੇਸ਼ਰ ਦੀ ਵਾਸਤਵਿਕਤਾ ਨੂੰ) ਸਮਝਿਆ ਨਹੀਂ ਜਾ ਸਕਦਾ, ਅਤੇ (ਵਿਖਾਵੇ ਦੇ ਕਰਮ-ਕਾਂਡੀ ਧਾਰਮਿਕ) ਪਹਿਰਾਵਿਆਂ ਨਾਲ ਵੀ (ਮਨੁੱਖ) ਭਰਮ-ਭੁਲੇਖਿਆਂ ਵਿਚ ਹੀ ਭਟਕਦਾ ਰਹਿੰਦਾ ਹੈ...

ਗੁਰਮਤੀ,	ਹਰਿ *(ਹਰ)*	ਸਦਾ	ਪਾਇਆ,
ਸਤਿਗੁਰੂ ਦੀ ਮੱਤ	ਪਰਮੇਸ਼ਰ	ਹਮੇਸ਼ਾਂ	ਪ੍ਰਾਪਤ ਕੀਤਾ
ਰਸਨਾ	ਹਰਿ *(ਹਰ)*	ਰਸੁ *(ਰਸ)*	ਸਮਾਇ॥੩॥
ਜੀਭਾ	ਪਰਮੇਸ਼ਰ	ਅਨੰਦ	ਲੀਨ/ਅਭੇਦ ਰਹੇ

...ਪਰਮੇਸ਼ਰ ਹਮੇਸ਼ਾਂ ਗੁਰ-ਮੱਤ (ਦੀ ਕਮਾਈ ਕੀਤਿਆਂ ਹੀ) ਪਾਈਦਾ ਹੈ, ਰਸਨਾ ਵਾਹਿਗੁਰੂ ਦੇ ਨਾਮ-ਰਸ ਵਿਚ (ਸਦੀਵ) ਲੀਨ ਰਹੇ (ਇਹੀ ਰੱਬ ਨੂੰ ਪਾਉਣ ਦਾ ਰਾਹ ਹੈ)....

ਮਾਇਆ	ਮੋਹੁ *(ਮੋਹ)*	ਚੁਕਾਇਆ,
ਧਨ, ਦੌਲਤ	ਸਨੇਹ, ਲਗਾਓ	ਦੂਰ ਕੀਤਾ
ਗੁਰਮਤੀ	ਸਹਜਿ *(ਸਹਿਜ)*	ਸੁਭਾਇ॥
ਸਤਿਗੁਰੂ ਦੀ ਮੱਤ ਦੁਆਰਾ	ਨਿਰਯਤਨ, ਸੁਤੇ ਹੀ	ਸੁਭਾਵਿਕ ਹੀ

...ਸਤਿਗੁਰੂ ਦੀ ਮੱਤ ਅਨੁਸਾਰ (ਜ਼ਿੰਦਗੀ ਜਿਊਣ ਨਾਲ), ਮਾਇਆਵੀ (ਵਿਕਾਰਾਂ ਦਾ) ਮੋਹ ਸਹਿਜ-ਸੁਭਾ ਹੀ ਦੂਰ ਹੋ ਜਾਂਦਾ ਹੈ...

ਅੰਕ ੬੭

ਬਿਨੁ *(ਬਿਨ)*	ਸਬਦੈ, *(ਸ਼ਬਦੈ)*	ਜਗੁ *(ਜਗ)*	ਦੁਖੀਆ	ਫਿਰੈ,
ਬਗੈਰ	(ਗੁਰ) ਸ਼ਬਦ ਤੋਂ	ਸੰਸਾਰ	ਦੁੱਖੀ	ਫਿਰਦਾ, ਭਟਕਦਾ

ਮਨਮੁਖਾ *(ਮਨਮੁੱਖਾਂ)*	ਨੋ	ਗਈ	ਖਾਇ॥
ਮਨਮੱਤੀਆਂ, ਆਪ ਹੁਦਰਿਆਂ	ਨੂੰ	ਸਹਾਇਕ ਕ੍ਰਿਆ	ਖਾ, ਨਿਗਲ

...ਸਤਿਗੁਰੂ ਦੇ ਸ਼ਬਦ ਤੋਂ ਬਿਨਾਂ ਸਾਰਾ ਸੰਸਾਰ ਦੁੱਖੀ (ਹੋਕੇ ਭਟਕਦਾ) ਫਿਰਦਾ ਹੈ, (ਗੁਰ-ਸ਼ਬਦ ਦੀ ਸੋਝੀ ਤੋਂ ਬਿਨਾਂ ਮਾਇਆ) ਮਨਮੁੱਖਾਂ ਨੂੰ ਨਿਗਲ ਜਾਂਦੀ ਹੈ...

ਸਬਦੈ *(ਸ਼ਬਦੇ)*	ਨਾਮੁ *(ਨਾਮ)*	ਧਿਆਈਐ,
(ਗੁਰ) ਸ਼ਬਦ ਰਾਹੀਂ	(ਪ੍ਰਭੂ) ਨਾਮ	ਧਿਆਈਦਾ, ਸਿਮਰੀਦਾ

ਸਬਦੇ *(ਸ਼ਬਦੇ)*	ਸਚਿ *(ਸੱਚ)*	ਸਮਾਇ॥੪॥
(ਗੁਰ) ਸ਼ਬਦ ਰਾਹੀਂ	ਸਦਾ-ਸਥਿਰ (ਪ੍ਰਭੂ) ਵਿਚ	ਸਮਾ ਜਾਈਦਾ, ਅਭੇਦ ਹੋ ਜਾਈਦਾ

...ਸਤਿਗੁਰੂ ਦੇ ਸ਼ਬਦ ਰਾਹੀਂ (ਪ੍ਰਭੂ) ਨਾਮ ਦੀ ਅਰਾਧਨਾ ਕਰੀਦੀ ਹੈ, ਅਤੇ ਸਤਿਗੁਰੂ ਦੇ ਸ਼ਬਦ ਰਾਹੀਂ ਹੀ ਸਦਾ-ਸਥਿਰ (ਪਰਮੇਸ਼ਰ) ਵਿਚ ਅਭੇਦ ਹੋ ਜਾਈਦਾ ਹੈ...

ਮਾਇਆ	ਭੂਲੇ	ਸਿਧ	ਫਿਰਹਿ, *(ਫਿਰਹਿਂ)*
ਭਰਮਮਈ-ਸ਼ਕਤੀ	ਭੁੱਲੇ ਹੋਏ, ਖੁੰਝੇ ਹੋਏ	ਕਰਾਮਾਤੀ ਜੋਗੀ	ਫਿਰਦੇ, ਭਟਕਦੇ

ਸਮਾਧਿ *(ਸਮਾਧ)*	ਨ *(ਨਾਂ)*	ਲਗੈ	ਸੁਭਾਇ॥
ਸਮਾਧੀ ਵਿਚ	ਨਹੀਂ	ਲੱਗਦਾ	(ਪ੍ਰਭੂ) ਪਿਆਰ ਵਿਚ

...ਮਾਇਆਵੀ (ਛਲ ਦੇ ਪ੍ਰਭਾਵ ਕਾਰਨ), ਕਰਾਮਾਤੀ ਜੋਗੀ ਵੀ (ਪਰਮੇਸ਼ਰ ਤੋਂ) ਭੁੱਲੇ-ਭਟਕੇ ਫਿਰ ਰਹੇ ਹਨ, ਉਨ੍ਹਾਂ ਦੀ (ਸੁਰਤ, ਪਰਮਾਤਮ) ਪਿਆਰ ਵਾਲੀ ਸਮਾਧੀ ਵਿਚ ਨਹੀਂ ਲਗਦੀ...

ਤੀਨੇ	ਲੋਅ	ਵਿਆਪਤ	ਹੈ,
ਤਿੰਨਾਂ	ਲੋਕਾਂ	ਵਿਆਪਕ, ਪਸਰੀ ਹੋਈ	ਹੋਣ ਦੀ ਕ੍ਰਿਆ

ਅਧਿਕ *(ਅਧਕ)*	ਰਹੀ	ਲਪਟਾਇ॥
ਬਹੁਤ ਜ਼ਿਆਦਾ	ਰਹਿੰਦੀ	ਲਿਪਟੀ ਹੋਈ, ਚਿੰਬੜੀ ਹੋਈ

...(ਛਲ ਰੂਪੀ ਮਾਇਆ) ਤਿੰਨਾਂ ਹੀ ਲੋਕਾਂ (ਧਰਤ, ਅਕਾਸ਼ ਅਤੇ ਪਤਾਲ ਭਾਵ ਸਾਰੇ ਬ੍ਰਹਿਮੰਡ) ਵਿਚ ਵਿਆਪਕ ਹੈ, ਅਤੇ ਸਾਰੀ (ਲੋਕਾਈ, ਭਾਵ ਸਭ ਨੂੰ ਇਹ) ਬਹੁਤ ਜ਼ਿਆਦਾ ਚਿੰਬੜੀ ਹੋਈ ਹੈ...

ਅੰਕ ੬੭

ਬਿਨੁ *(ਬਿਨ)*	**ਗੁਰ,**	**ਮੁਕਤਿ** *(ਮੁਕਤ)*	**ਨ** *(ਨਾਂ)*	**ਪਾਈਐ,**
ਬਿਨਾਂ	ਸਤਿਗੁਰੂ	ਮੁਕਤੀ, ਛੁਟਕਾਰਾ	ਨਹੀਂ	ਪਾ ਸਕੀਦਾ

ਨਾ *(ਨਾਂ)*	**ਦੁਬਿਧਾ**	**ਮਾਇਆ**	**ਜਾਇ॥੫॥**
ਨਾ ਹੀਂ	ਦ੍ਵੈਤ ਭਾਵ, ਦਵੰਦ	ਭਰਮਮਈ-ਸ਼ਕਤੀ	ਜਾਂਦੀ ਹੈ

...ਸਤਿਗੁਰੂ (ਦੀ ਸ਼ਰਣ ਤੋਂ) ਬਿਨਾਂ ਮਾਇਆ ਤੋਂ ਛੁਟਕਾਰਾ ਨਹੀਂ ਪਾ ਸਕੀਦਾ, ਅਤੇ ਦ੍ਵੈਤ-ਭਾਵ ਵਿਚ ਮਾਇਆ (ਦਾ ਪ੍ਰਭਾਵ ਦੂਰ) ਨਹੀਂ ਹੋ ਸਕਦਾ...

ਮਾਇਆ	**ਕਿਸ**	**ਨੋ**	**ਆਖੀਐ,**
ਭਰਮਮਈ ਸ਼ਕਤੀ,	ਕਿਹੜੀ	ਨੂੰ	ਕਹੀਦਾ ਹੈ

ਕਿਆ	**ਮਾਇਆ**	**ਕਰਮ**	**ਕਮਾਇ॥**
ਕਿਹੜੇ	ਭਰਮਮਈ ਸ਼ਕਤੀ	ਕੰਮ	ਕਮਾਉਂਦੀ, ਕਰਦੀ

...ਮਾਇਆ ਕਿਸ ਨੂੰ ਕਹੀਦਾ ਹੈ, ਅਤੇ ਇਹ ਕਿਹੜੇ ਕਰਮ ਕਮਾਉਂਦੀ ਹੈ?...

ਦੁਖਿ *(ਦੁੱਖ)*	**ਸੁਖਿ** *(ਸੁੱਖ)*	**ਏਹੁ** *(ਏਹ)*	**ਜੀਉ**	**ਬਧੁ** *(ਬਧ)*	**ਹੈ,**
ਦੁੱਖ ਵਿਚ	ਸੁੱਖ ਵਿਚ	ਇਹ	ਜੀਵ	ਬੰਨ੍ਹਿਆ, ਜਕੜਿਆ	ਹੋਣ ਦੀ ਕ੍ਰਿਆ

ਹਉਮੈ	**ਕਰਮ**	**ਕਮਾਇ॥**
ਅਹੰਕਾਰ	ਕੰਮ	ਕਰਦਾ, ਕਮਾਉਂਦਾ ਹੈ

...(ਸਤਿਗੁਰੂ ਉੱਤਰ ਦੇ ਕੇ ਦਸਦੇ ਹਨ ਕਿ, ਮਾਇਆ ਇਹ ਹੈ: ਜਿਸ ਦੇ ਪ੍ਰਭਾਵ ਅਧੀਨ ਮਨੁੱਖ) ਦੁੱਖ, ਸੁੱਖ ਵਿਚ ਜਕੜਿਆ ਰਹਿੰਦਾ ਹੈ, ਅਤੇ ਅਹੰਕਾਰ ਵਿਚ (ਹੀ ਜੀਵਨ ਦੇ ਸਾਰੇ) ਕਰਮ ਕਮਾਉਂਦਾ ਹੈ...

ਬਿਨੁ *(ਬਿਨ)*	**ਸਬਦੈ** *(ਸ਼ਬਦੈ)*	**ਭਰਮੁ** *(ਭਰਮ)*	**ਨ** *(ਨਾਂ)*	**ਚੂਕਈ,**
ਬਿਨਾਂ	(ਗੁਰ) ਸ਼ਬਦ ਤੋਂ	ਭੁਲੇਖਾ	ਨਹੀਂ	ਦੂਰ ਹੁੰਦਾ

ਨਾ *(ਨਾਂ)*	**ਵਿਚਹੁ** *(ਵਿਚਹੁ)*	**ਹਉਮੈ**	**ਜਾਇ॥੬॥**
ਨਾ ਹੀਂ	ਅੰਦਰੋਂ	ਅਹੰਕਾਰ	ਜਾਂਦਾ ਹੈ

...(ਸਤਿਗੁਰੂ ਦੇ) ਸ਼ਬਦ ਤੋਂ ਬਿਨਾਂ (ਮਾਇਆ ਦਾ) ਭਰਮ ਦੂਰ ਨਹੀਂ ਹੁੰਦਾ, ਅਤੇ ਨਾ ਹੀਂ (ਜੀਵ ਦੇ) ਅੰਦਰੋਂ ਅਹੰਕਾਰ ਹੀ ਮਿਟਦਾ ਹੈ...

ਅੰਕ ੬੭

ਬਿਨੁ *(ਬਿਨ)*	**ਪ੍ਰੀਤੀ,**	**ਭਗਤਿ** *(ਭਗਤ)*	**ਨ** *(ਨਾਂ)*	**ਹੋਵਈ,**
ਬਿਨਾਂ	ਪਿਆਰ	ਬੰਦਗੀ	ਨਹੀਂ	ਹੁੰਦੀ

ਬਿਨੁ *(ਬਿਨ)*	**ਸਬਦੈ,** *(ਸ਼ਬਦੈ)*	**ਥਾਇ** *(ਥਾਇਂ)*	**ਨ** *(ਨਾਂ)*	**ਪਾਇ॥**
ਬਿਨਾਂ	(ਗੁਰ) ਸ਼ਬਦ ਤੋਂ	ਟਿਕਾਣਾ	ਨਹੀਂ	ਪਾਈਦਾ

...(ਰੱਬੀ) ਪਿਆਰ ਬਿਨਾਂ (ਸਾਹਿਬ ਦੀ) ਬੰਦਗੀ ਨਹੀਂ ਹੋ ਸਕਦੀ, ਅਤੇ ਨਾ ਹੀਂ (ਗੁਰ) ਸ਼ਬਦ ਦੀ (ਸੋਝੀ) ਬਿਨਾਂ (ਪਰਮਾਤਮਾ ਦੇ ਦਰ ਤੇ ਕੋਈ) ਥਾਂ-ਟਿਕਾਣਾ ਹੀ ਮਿਲਦਾ ਹੈ...

ਸਬਦੇ *(ਸ਼ਬਦੇ)*	**ਹਉਮੈ**	**ਮਾਰੀਐ,**
(ਗੁਰ) ਸ਼ਬਦ ਰਾਹੀਂ	ਅਹੰਕਾਰ	ਮਾਰੀਦਾ ਹੈ, ਖ਼ਤਮ ਕਰੀਦਾ ਹੈ

ਮਾਇਆ	**ਕਾ**	**ਭ੍ਰਮੁ** *(ਭ੍ਰਮ)*	**ਜਾਇ॥**
ਭਰਮਮਈ ਸ਼ਕਤੀ	ਦਾ	ਭੁਲੇਖਾ	ਜਾਂਦਾ ਹੈ

...(ਸਤਿਗੁਰੂ ਦੇ) ਸ਼ਬਦ ਰਾਹੀਂ, ਅਹੰਕਾਰ ਨੂੰ ਮਾਰੀਦਾ ਹੈ, ਅਤੇ ਮਾਇਆ ਦਾ ਭੁਲੇਖਾ ਦੂਰ ਹੁੰਦਾ ਹੈ...

ਨਾਮੁ *(ਨਾਮ)*	**ਪਦਾਰਥੁ** *(ਪਦਾਰਥ)*	**ਪਾਈਐ,**
(ਪ੍ਰਭੂ) ਨਾਮ	ਵਸਤੂ	ਪ੍ਰਾਪਤ ਕਰੀਦੀ ਹੈ

ਗੁਰਮੁਖਿ *(ਗੁਰਮੁਖ)*	**ਸਹਜਿ** *(ਸਹਿਜ)*	**ਸੁਭਾਇ॥੭॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਸੁਤੇ ਹੀ	ਸੁਭਾਵਕ ਹੀ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਸਹਿਜ ਸੁਭਾ ਹੀ (ਵਾਹਿਗੁਰੂ ਦਾ) ਨਾਮ ਪਦਾਰਥ ਪ੍ਰਾਪਤ ਕਰ ਲਈਦਾ ਹੈ...

ਬਿਨੁ *(ਬਿਨ)*	**ਗੁਰ,**	**ਗੁਣ**	**ਨ** *(ਨਾਂ)*	**ਜਾਪਨੀ,**
ਬਿਨਾਂ, ਬਗੈਰ	ਸਤਿਗੁਰੂ	ਚੰਗਿਆਈਆਂ	ਨਹੀਂ	ਜਾਪਦੇ, ਸੋਝੀ ਹੁੰਦੀ

ਬਿਨੁ *(ਬਿਨ)*	**ਗੁਣ,**	**ਭਗਤਿ** *(ਭਗਤ)*	**ਨ** *(ਨਾਂ)*	**ਹੋਇ॥**
ਬਿਨਾਂ, ਬਗੈਰ	ਬਿਨਾਂ, ਬਗੈਰ	ਭਗਤੀ, ਬੰਦਗੀ	ਨਹੀਂ	ਹੁੰਦੀ

...ਸਤਿਗੁਰੂ (ਦੇ ਸ਼ਬਦ ਦੀ ਸੋਝੀ ਤੋਂ ਬਿਨਾਂ) ਚੰਗਿਆਈਆਂ ਦਾ ਗਿਆਨ ਨਹੀਂ ਹੁੰਦਾ, ਅਤੇ ਬਿਨਾਂ ਚੰਗਿਆਈਆਂ ਤੋਂ (ਪਰਮੇਸ਼ਰ ਦੀ) ਬੰਦਗੀ ਨਹੀਂ ਹੋ ਸਕਦੀ...

ਭਗਤਿ *(ਭਗਤ)*	**ਵਛਲੁ** *(ਵਛਲ)*	**ਹਰਿ,** *(ਹਰ)*	**ਮਨਿ** *(ਮਨ)*	**ਵਸਿਆ,**
ਭਗਤੀ ਨੂੰ	ਪਿਆਰ ਕਰਨ ਵਾਲਾ	ਪਰਮੇਸ਼ਰ	ਹਿਰਦੇ ਵਿਚ	ਵਸ ਜਾਂਦਾ

ਅੰਕ ੬੭

ਸਹਜਿ *(ਸਹਿਜ)*	ਮਿਲਿਆ	ਪ੍ਰਭੁ *(ਪ੍ਰਭ)*	ਸੋਇ॥
ਆਤਮਿਕ ਟਿਕਾਉ ਰਾਹੀਂ	ਪ੍ਰਾਪਤ ਹੋ ਜਾਂਦਾ	ਪਰਮੇਸ਼ਰ	ਉਹ

...(ਗੁਰ ਸ਼ਬਦ ਦੀ ਸੋਝੀ ਰਾਹੀਂ) ਭਗਤ ਵਛਲ ਪਰਮੇਸ਼ਰ, ਹਿਰਦੇ ਵਿਚ ਵਸ ਜਾਂਦਾ ਹੈ, ਅਤੇ ਇਉਂ ਆਤਮਿਕ ਟਿਕਾਉ ਰਾਹੀਂ ਉਸ ਵਾਹਿਗੁਰੂ ਦਾ ਮਿਲਨ ਹੋ ਜਾਂਦਾ ਹੈ...

ਨਾਨਕ,	ਸਬਦੇ *(ਸ਼ਬਦੇ)*	ਹਰਿ *(ਹਰ)*	ਸਾਲਾਹੀਐ,
ਹੇ! ਨਾਨਕ!	(ਗੁਰ) ਸ਼ਬਦ ਰਾਹੀਂ	ਪਰਮੇਸ਼ਰ	ਸਿਫ਼ਤ ਸਲਾਹ ਕਰੀਏ

ਕਰਮਿ *(ਕਰਮ)*	ਪਰਾਪਤਿ *(ਪਰਾਪਤ)*	ਹੋਇ॥੮॥੪॥੨੧॥
ਮਿਹਰ ਰਾਹੀਂ	ਪਰਾਪਤ, ਮਿਲਦੀ	ਹੁੰਦੀ ਹੈ

...ਹੇ! ਨਾਨਕ! ਸ਼ਬਦ ਰਾਹੀਂ, ਪਰਮੇਸ਼ਰ ਦੀ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ, (ਪਰ ਇਹ ਸਿਫ਼ਤ ਸਲਾਹ ਅਤੇ ਵਾਹਿਗੁਰੂ-ਮਿਲਨ ਦੀ ਦਾਤ, ਉਸਦੀ) ਬਖਸ਼ਿਸ਼ ਰਾਹੀਂ ਹੀ ਪ੍ਰਾਪਤ ਹੁੰਦੀ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਮਾਇਆ	ਮੋਹੁ *(ਮੋਹ)*	ਮੇਰੈ	ਪ੍ਰਭਿ *(ਪ੍ਰਭ)*	ਕੀਨਾ,
ਮਾਇਆ ਦਾ	ਸਨੇਹ, ਲਗਾਓ	ਮੇਰੇ	ਪਰਮੇਸ਼ਰ	ਬਣਾਇਆ ਹੈ

ਆਪੇ	ਭਰਮਿ *(ਭਰਮ)*	ਭੁਲਾਏ ॥
ਆਪ ਹੀ	ਭਰਮ ਵਿਚ	ਭੁਲਾ ਦਿੰਦਾ

...ਮਾਇਆ ਦੇ ਮੋਹ (ਦੀਆਂ ਜਕੜਾਂ), ਮੇਰੇ ਵਾਹਿਗੁਰੂ ਨੇ ਆਪ ਹੀ (ਆਪਣੀ ਖੇਡ ਅਨੁਸਾਰ) ਬਣਾਈਆਂ ਹਨ, ਅਤੇ ਆਪ ਹੀ (ਇਸ ਖੇਡ ਅਨੁਸਾਰ, ਉਸ ਨੇ ਸਭ ਨੂੰ) ਭਰਮ, ਭੁਲੇਖਿਆਂ ਵਿਚ ਭੁਲਾਇਆ ਹੋਇਆ ਹੈ...

ਮਨਮੁਖਿ, *(ਮਨਮੁੱਖ)*	ਕਰਮ	ਕਰਹਿ, *(ਕਰਹਿਂ)*	ਨਹੀ *(ਨਹੀਂ)*
ਮਨਮੱਤੀਏ	ਕੰਮ	ਕਰਦੇ ਹਨ	ਨਹੀਂ

ਬੂਝਹਿ, *(ਬੂਝਹਿਂ)*	ਬਿਰਥਾ	ਜਨਮੁ *(ਜਨਮ)*	ਗਵਾਏ ॥
ਸਮਝਦੇ	ਵਿਅਰਥ	ਜੀਵਨ	ਗੁਆ ਲੈਂਦੇ ਹਨ

...ਮਨਮੁੱਖ (ਹਉਮੈ ਅਧੀਨ, ਕਰਮ-ਕਾਂਡੀ ਧਾਰਮਿਕ) ਕਰਮ ਕਰਦੇ ਰਹਿੰਦੇ ਹਨ, (ਪਰ ਉਨ੍ਹਾਂ ਨੂੰ ਇਸ ਤੱਤ ਦੀ) ਸੋਝੀ ਨਹੀਂ ਲਗਦੀ, (ਕਿ ਇਨ੍ਹਾਂ ਕਰਮਾਂ ਨਾਲ ਗੁਰੂ ਤੋਂ ਬੇਮੁੱਖ ਹੋਇਆ ਜੀਵ, ਭਰਮ ਭੁਲੇਖਿਆਂ ਵਿਚ ਹੀ ਜ਼ਿੰਦਗੀ ਭਰ ਭਟਕਦਾ ਰਹਿੰਦਾ ਹੈ), ਜਿਸ ਕਾਰਨ ਉਹ ਆਪਣਾ ਮਨੁੱਖਾ ਜਨਮ, ਵਿਅਰਥ ਹੀ ਗੁਆ ਲੈਂਦੇ ਹਨ...

ਅੰਕ ੬੭

ਗੁਰਬਾਣੀ,	**ਇਸੁ** *(ਇਸ)*	**ਜਗ**	**ਮਹਿ** *(ਮਹਿਂ)*	**ਚਾਨਣੁ,** *(ਚਾਨਣ)*
ਸਤਿਗੁਰੂ ਦੀ ਬਾਣੀ	ਇਹ	ਸੰਸਾਰ	ਵਿਚ	ਪ੍ਰਕਾਸ਼

ਕਰਮਿ *(ਕਰਮ)*	**ਵਸੈ**	**ਮਨਿ** *(ਮਨ)*	**ਆਏ ॥੧॥**
ਮਿਹਰ ਰਾਹੀਂ	ਵੱਸਦਾ ਹੈ	ਹਿਰਦੇ ਵਿਚ	ਆਕੇ

...ਗੁਰਬਾਣੀ ਇਸ ਸੰਸਾਰ ਵਿਚ (ਮਨੁੱਖ ਨੂੰ ਮਾਇਆਵੀ ਵਿਕਾਰਾਂ ਦੇ ਹਨ੍ਹੇਰੇ ਵਿਚ) ਚਾਨਣ (ਬਖਸ਼ਣ ਵਾਲੀ ਹੈ, ਪਰ ਇਹ ਵਾਹਿਗੁਰੂ ਦੀ) ਕਿਰਪਾ ਰਾਹੀਂ ਹੀ (ਜੀਵ ਦੇ) ਹਿਰਦੇ ਵਿਚ ਆਕੇ ਵਸਦੀ ਹੈ...

ਮਨ	**ਰੇ,**	**ਨਾਮੁ** *(ਨਾਮ)*	**ਜਪਹੁ**	**ਸੁਖੁ** *(ਸੁੱਖ)*	**ਹੋਇ॥**
ਮਨਾਂ	ਹੇ!	(ਪ੍ਰਭੂ) ਨਾਮ	ਸਿਮਰੋ	ਅਨੰਦ	ਹੁੰਦਾ ਹੈ

...ਹੇ! ਮਨਾ! (ਵਾਹਿਗੁਰੂ ਦਾ) ਨਾਮ ਸਿਮਰੋ, (ਇਸ ਨਾਲ ਆਤਮਿਕ) ਅਨੰਦ ਦੀ ਪ੍ਰਾਪਤੀ ਹੁੰਦੀ ਹੈ...

ਗੁਰੁ *(ਗੁਰ)*	**ਪੂਰਾ**	**ਸਾਲਾਹੀਐ,**
ਸਤਿਗੁਰੂ	ਪੂਰਨ	ਸਿਫ਼ਤ ਸਲਾਹ ਕਰਨੀ ਚਾਹੀਦੀ ਹੈ

ਸਹਜਿ *(ਸਹਿਜ)*	**ਮਿਲੈ**	**ਪ੍ਰਭੁ** *(ਪ੍ਰਭ)*	**ਸੋਇ॥੧॥**	**ਰਹਾਉ ॥**
ਆਤਮਿਕ ਅਡੋਲਤਾ ਰਾਹੀਂ	ਮਿਲਦਾ ਹੈ	ਪਰਮੇਸ਼ਰ	ਉਹ	ਠਹਿਰਾਉ

...ਪੂਰਨ ਸਤਿਗੁਰੂ ਦੀ ਸਿਫ਼ਤ-ਸਲਾਹ ਕਰਨੀ ਚਾਹੀਦੀ ਹੈ, (ਜਿਸ ਨਾਲ) ਆਤਮਿਕ ਅਡੋਲਤਾ ਰਾਹੀਂ, ਉਸ ਪਰਮੇਸ਼ਰ ਨਾਲ ਮਿਲਨ ਹੋ ਜਾਂਦਾ ਹੈ...

ਭਰਮੁ *(ਭਰਮ)*	**ਗਇਆ,**	**ਭਉ**	**ਭਾਗਿਆ,**
ਭੁਲੇਖਾ	ਦੂਰ ਹੋ ਗਿਆ	ਡਰ	ਭੱਜ ਗਿਆ

ਹਰਿ *(ਹਰ)*	**ਚਰਣੀ**	**ਚਿਤੁ** *(ਚਿੱਤ)*	**ਲਾਇ॥**
ਪਰਮੇਸ਼ਰ	ਚਰਨਾਂ ਨਾਲ	ਹਿਰਦਾ	ਲਗਾਕੇ, ਜੋੜਕੇ

...ਪਰਮੇਸ਼ਰ ਦੇ ਚਰਨਾਂ ਨਾਲ ਚਿੱਤ ਜੋੜਨ ਕਰਕੇ, (ਮਾਇਆ ਦਾ) ਭਰਮ-ਭੁਲੇਖਾ ਦੂਰ ਹੋ ਗਿਆ ਹੈ, ਅਤੇ (ਮੌਤ ਦਾ) ਡਰ ਵੀ ਭੱਜ ਗਿਆ ਹੈ...

ਗੁਰਮੁਖਿ *(ਗੁਰਮੁਖ)*	**ਸਬਦੁ** *(ਸ਼ਬਦ)*	**ਕਮਾਈਐ,**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਗੁਰ) ਸ਼ਬਦ	ਕਮਾਉਣਾ ਚਾਹੀਦਾ

ਅੰਕ ੬੭

ਹਰਿ *(ਹਰ)*	ਵਸੈ	ਮਨਿ *(ਮਨ)*	ਆਇ॥
ਪਰਮੇਸ਼ਰ	ਵੱਸ ਜਾਂਦਾ ਹੈ	ਚਿੱਤ ਵਿਚ	ਆਕੇ

...ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਗੁਰ) ਸ਼ਬਦ ਦੀ ਕਮਾਈ ਕਰਨੀ ਚਾਹੀਦੀ ਹੈ, (ਜਿਸ ਨਾਲ) ਪਰਮੇਸ਼ਰ ਚਿੱਤ ਵਿਚ ਆਕੇ ਵੱਸ ਜਾਂਦਾ ਹੈ...

ਘਰਿ *(ਘਰ)*	ਮਹਲਿ *(ਮਹਿਲ)*	ਸਚਿ *(ਸੱਚ)*	ਸਮਾਈਐ,
ਨਿਜ ਘਰ ਵਿਚ	ਮਹਿਲ ਵਿਚ	ਸਦਾ ਸਥਿਰ (ਪ੍ਰਭੂ) ਵਿਚ	ਸਮਾ ਜਾਈਦਾ, ਅਭੇਦ ਹੋ ਜਾਈਦਾ

ਜਮਕਾਲੁ *(ਜਮਕਾਲ)*	ਨ *(ਨਾਂ)*	ਸਕੈ	ਖਾਇ॥੨॥
ਮੌਤ ਦਾ ਫਰਿਸ਼ਤਾ	ਨਹੀਂ	ਸਕਦਾ	ਖਾ, ਨਿਗਲ

...(ਗੁਰ ਸ਼ਬਦ ਦੀ ਕਮਾਈ ਨਾਲ, ਆਪਣੇ ਨਿਜ) ਘਰ ਵਿਚ, ਹਿਰਦੇ ਰੂਪੀ ਮਹਿਲ ਵਿਚ (ਟਿਕ ਜਾਈਦਾ ਹੈ, ਜਿਸ ਨਾਲ) ਸਦੀਵ-ਸੱਚ ਵਾਹਿਗੁਰੂ ਵਿਚ ਅਭੇਦਤਾ ਹੁੰਦੀ ਹੈ, ਅਤੇ ਫਿਰ ਜਮਕਾਲ (ਉਸ ਨੂੰ) ਖਾ ਨਹੀਂ ਸਕਦਾ...

ਨਾਮਾ	ਛੀਬਾ, *(ਛੀਂਬਾ)*	ਕਬੀਰੁ *(ਕਬੀਰ)*	ਜੁੋਲਾਹਾ, *(ਜੌਲਾਹਾ)*
ਭਗਤ ਨਾਮ ਦੇਵ	ਜਾਤ ਦਾ ਨਾਮ	ਭਗਤ ਕਬੀਰ	ਜਾਤ ਦਾ ਨਾਮ

ਪੂਰੇ	ਗੁਰ	ਤੇ	ਗਤਿ *(ਗਤ)*	ਪਾਈ ॥
ਪੂਰਨ	ਸਤਿਗੁਰੂ	ਤੋਂ	ਉੱਚੀ ਅਵਸਥਾ	ਪ੍ਰਾਪਤ ਕਰ ਲਈ

...ਭਗਤ ਨਾਮਦੇਵ ਜੀ (ਭਾਵੇਂ ਜਾਤ ਦੇ) ਛੀਂਬੇ ਸਨ, (ਜਿਸ ਨੂੰ ਅਸ਼ੌਤੀ ਤੌਰ ਤੇ ਨੀਵੀਂ ਜਾਤ ਮੰਨਿਆਂ ਜਾਂਦਾ ਸੀ) ਅਤੇ ਭਗਤ ਕਬੀਰ ਜੀ (ਵੀ ਜਾਤ ਦੇ) ਜੁਲਾਹੇ ਸਨ (ਅਤੇ ਇਸ ਜਾਤ ਨੂੰ ਵੀ ਨੀਵੀਂ ਜਾਤ ਮੰਨਿਆਂ ਜਾਂਦਾ ਸੀ, ਪਰ) ਉਨ੍ਹਾਂ ਨੇ ਪੂਰਨ ਸਤਿਗੁਰੂ (ਦੇ ਸ਼ਬਦ ਦੀ ਕਮਾਈ ਕਰਕੇ ਪਰਮ) ਗਤੀ ਭਾਵ ਉੱਚੀ ਅਵਸਥਾ ਨੂੰ ਪ੍ਰਾਪਤ ਕਰ ਲਿਆ...

ਬ੍ਰਹਮ	ਕੇ	ਬੇਤੇ,	ਸਬਦੁ *(ਸ਼ਬਦ)*	ਪਛਾਣਹਿ, *(ਪਛਾਣਹਿਂ)*
ਪਾਰਬ੍ਰਹਮ	ਨੂੰ	ਜਾਨਣ ਵਾਲੇ	(ਗੁਰ) ਸ਼ਬਦ	ਪਛਾਣਦੇ ਹਨ, ਭਾਵ ਸਮਝ ਲਿਆ

ਹਉਮੈ	ਜਾਤਿ *(ਜਾਤ)*	ਗਵਾਈ ॥
ਅਹੰਕਾਰ	ਮੂਲ, ਜੜ੍ਹ	ਗਵਾ ਦਿੱਤੀ, ਖ਼ਤਮ ਕਰ ਦਿੱਤੀ

...(ਉਹ ਭਗਤ ਜਨ) ਪਾਰਬ੍ਰਹਮ ਨੂੰ ਜਾਨਣ ਵਾਲੇ (ਸਨ), ਅਤੇ (ਉਨ੍ਹਾਂ ਨੂੰ ਗੁਰ) ਸ਼ਬਦ ਦੀ ਸੋਝੀ ਹੋ ਗਈ, ਜਿਸ ਕਰਕੇ ਉਨ੍ਹਾਂ ਨੇ ਹੰਕਾਰ ਦੀ ਜੜ੍ਹ ਹੀ ਖ਼ਤਮ ਕਰ ਦਿੱਤੀ...

ਅੰਕ ੬੭

ਸੁਰਿ *(ਸੁਰ)*	**ਨਰ**	**ਤਿਨ** *(ਤਿਨ੍ਹ)*	**ਕੀ**	**ਬਾਣੀ**	**ਗਾਵਹਿ,** *(ਗਾਵਹਿਂ)*
ਦੇਵਤੇ	ਮਨੁੱਖ	ਉਨ੍ਹਾਂ	ਦੀ	ਬਚਨ, ਸ਼ਬਦ	ਗਾਉਂਦੇ ਹਨ

ਕੋਇ	**ਨ** *(ਨਾਂ)*	**ਮੇਟੈ**	**ਭਾਈ ॥੩॥**
ਕੋਈ ਵੀ	ਨਹੀਂ	ਮੇਟਦਾ	ਭਰਾਵੋ

...ਦੇਵਤੇ ਅਤੇ ਮਨੁੱਖ (ਉਨ੍ਹਾਂ ਭਗਤ ਜਨਾਂ ਦੀ) ਬਾਣੀ ਗਾਇਨ ਕਰਦੇ ਹਨ, ਅਤੇ ਹੇ! ਭਾਈ! ਕੋਈ ਵੀ (ਉਨ੍ਹਾਂ ਦੀ ਸਥਾਪਿਤ ਹੋਈ ਮਾਣ ਇੱਜ਼ਤ ਨੂੰ) ਮਿਟਾ ਨਹੀਂ ਸਕਦਾ...

ਦੈਤ *(ਦੈਂਤ)*	**ਪੁਤੁ,** *(ਪੁੱਤ)*	**ਕਰਮ**	**ਧਰਮ**	**ਕਿਛੁ** *(ਕਿਛ)*	**ਸੰਜਮ**
ਰਾਖਸ਼ (ਹਰਨਾਕਸ਼)	ਪੁੱਤਰ (ਪ੍ਰਹਿਲਾਦ)	ਕੰਮ	ਮਜ਼੍ਹਬ, ਦੀਨ	ਕੁਝ	ਇੰਦ੍ਰੀਆਂਨੂੰ ਰੋਕਣ ਦੇ ਸਾਧਨ

ਨ *(ਨਾਂ)*	**ਪੜੈ,** *(ਪੜ੍ਹੈ)*	**ਦੂਜਾ**	**ਭਾਉ**	**ਨ** *(ਨਾਂ)*	**ਜਾਣੈ ॥**
ਨਹੀਂ	ਪੜ੍ਹੇ	ਦੂਸਰਾ	ਪਿਆਰ	ਨਹੀਂ	ਜਾਣਦਾ

...(ਹਰਨਾਖਸ਼) ਦੇ ਪੁੱਤਰ (ਪ੍ਰਹਿਲਾਦ) ਨੇ (ਭਾਵੇਂ) ਕੋਈ ਕਰਮ, ਧਰਮ ਜਾਂ ਇੰਦ੍ਰਿਆਂ ਨੂੰ ਰੋਕਣ ਆਦਿ ਬਾਰੇ (ਗ੍ਰੰਥ) ਨਹੀਂ ਪੜ੍ਹੇ ਸਨ, (ਪ੍ਰੰਤੂ ਉਹ ਪ੍ਰਭੂ ਪਿਆਰ ਤੋਂ ਬਿਨਾਂ ਕਿਸੇ ਹੋਰ) ਦੂਸਰੇ ਨੂੰ ਪਿਆਰ (ਕਰਨਾ) ਨਹੀਂ ਜਾਣਦਾ ਸੀ...

ਸਤਿਗੁਰੁ *(ਸਤਗੁਰ)*	**ਭੇਟਿਐ,**	**ਨਿਰਮਲੁ** *(ਨਿਰਮਲ)*	**ਹੋਆ,**
ਸਤਿਗੁਰੂ	ਮਿਲਣ ਨਾਲ	ਪਵਿੱਤਰ	ਹੋ ਗਿਆ

ਅਨਦਿਨੁ *(ਅਨਦਿਨ)*	**ਨਾਮੁ** *(ਨਾਮ)*	**ਵਖਾਣੈ ॥**
ਨਿਤਪ੍ਰਤੀ, ਭਾਵ ਨਿਰੰਤਰ	(ਪ੍ਰਭੂ) ਨਾਮ	ਵਖਾਣਦਾ, ਭਾਵ ਸਿਮਰਦਾ

...(ਬਸ) ਸਤਿਗੁਰੂ ਨੂੰ ਮਿਲਣ ਕਰਕੇ (ਉਹ) ਪਾਵਨ-ਪਵਿੱਤਰ ਹੋ ਗਿਆ, ਅਤੇ ਨਿਤਾਪ੍ਰਤੀ ਭਾਵ ਨਿਰੰਤਰ (ਪਰਮੇਸ਼ਰ ਦੇ) ਨਾਮ ਦੀ ਅਰਾਧਨਾ ਕਰਦਾ ਰਿਹਾ...

ਏਕੋ	**ਪੜੈ,** *(ਪੜ੍ਹੈ)*	**ਏਕੋ**	**ਨਾਉ** *(ਨਾਉਂ)*	**ਬੂਝੈ,**
ਇੱਕੋ ਹੀ	ਪੜ੍ਹਦਾ	ਇੱਕੋ ਹੀ	(ਪ੍ਰਭੂ) ਨਾਮ	ਬੁੱਝਦਾ, ਸਮਝਦਾ

ਦੂਜਾ	**ਅਵਰੁ** *(ਅਵਰ)*	**ਨ** *(ਨਾਂ)*	**ਜਾਣੈ ॥੪॥**
ਦੂਸਰਾ	ਹੋਰ	ਨਹੀਂ	ਜਾਣਦਾ ਸੀ

...(ਉਹ ਕੇਵਲ) ਇਕ (ਪਰਮਾਤਮਾ ਬਾਰੇ ਹੀ) ਪੜ੍ਹਦਾ ਸੀ ਅਤੇ ਇੱਕ (ਪਰਮੇਸ਼ਰ ਦੇ) ਨਾਮ ਨੂੰ ਹੀ ਸਮਝਦਾ ਭਾਵ ਸਿਮਰਦਾ ਸੀ, ਅਤੇ (ਵਾਹਿਗੁਰੂ ਦੇ ਬਰਾਬਰ) ਕਿਸੇ ਹੋਰ ਦੂਸਰੇ ਨੂੰ ਨਹੀਂ ਜਾਣਦਾ ਸੀ...

ਅੰਕ ੬੭

ਖਟੁ (ਖਟ)	ਦਰਸਨ (ਦਰਸ਼ਨ)	ਜੋਗੀ	ਸੰਨਿਆਸੀ,
ਛੇ	ਫ਼ਲਸਫ਼ੇ, ਸ਼ਾਸਤਰ	ਜੋਗ ਸਾਧਨਾ ਕਰਨ ਵਾਲੇ	ਸੰਨਿਆਸਧਾਰੀ

ਬਿਨੁ (ਬਿਨ)	ਗੁਰ	ਭਰਮਿ (ਭਰਮ)	ਭੁਲਾਏ ॥
ਬਿਨਾਂ	ਸਤਿਗੁਰੂ	ਭਰਮ ਵਿਚ	ਭੁੱਲੇ ਹੋਏ, ਭਟਕੇ ਹੋਏ

...ਜੋਗੀ, ਸੰਨਿਆਸੀ ਆਦਿਕ ਛੇ ਭੇਖਾਂ (ਜੋਗੀ, ਜੰਗਮ, ਸੰਨਿਆਸੀ, ਬੋਧੀ, ਸਰੇਵੜੇ, ਬੈਰਾਗੀ) ਦੇ ਪੈਰੋਕਾਰ, ਗੁਰ (ਸ਼ਬਦ ਤੋਂ) ਬਿਨਾਂ (ਅਖੌਤੀ ਕਰਮ-ਕਾਂਡਾਂ ਦੇ) ਭਰਮ-ਭੁਲੇਖਿਆਂ ਵਿਚ ਭਟਕਦੇ ਫਿਰਦੇ ਹਨ...

ਸਤਿਗੁਰੁ (ਸਤਗੁਰ)	ਸੇਵਹਿ, (ਸੇਵਹਿਂ)	ਤਾ (ਤਾਂ)	ਗਤਿ (ਗਤ)	ਮਿਤਿ (ਮਿਤ)
ਸਤਿਗੁਰੂ	ਸੇਵਾ ਕਰਨ	ਤਦ	(ਉਚ) ਅਵਸਥਾ	ਮਰਯਾਦਾ

ਪਾਵਹਿ, (ਪਾਵਹਿਂ)	ਹਰਿ (ਹਰ)	ਜੀਉ	ਮੰਨਿ (ਮੰਨ)	ਵਸਾਏ ॥
ਪਾ ਸਕਦੇ	ਪਰਮੇਸ਼ਰ	ਜੀ	ਹਿਰਦੇ ਵਿਚ	ਵੱਸ ਜਾਂਦਾ ਹੈ

...(ਜੇਕਰ ਉਹ ਇਨ੍ਹਾਂ ਅਖੌਤੀ ਕਰਮ ਕਾਂਡਾਂ ਨੂੰ ਛੱਡਕੇ) ਸਤਿਗੁਰੂ ਦੀ ਸੇਵਾ ਕਰਨ, ਤਾਂ ਹੀ ਅਧਿਆਤਮਿਕ ਅਵਸਥਾ ਅਤੇ ਜੀਵਨ ਦੀ ਸਹੀ ਮਰਿਯਾਦਾ ਪ੍ਰਾਪਤ ਕਰ ਸਕਦੇ ਹਨ, ਇਸ ਨਾਲ ਉਹ ਹਿਰਦੇ ਵਿਚ ਪਰਮੇਸ਼ਰ ਦਾ ਵਾਸਾ ਕਰ ਸਕਦੇ ਹਨ...

ਸਚੀ	ਬਾਣੀ	ਸਿਉ, (ਸਿਉਂ)	ਚਿਤੁ (ਚਿੱਤ)	ਲਾਗੈ,
ਸਦਾ ਸਥਿਰ ਰਹਿਣ ਵਾਲੀ	ਬਚਨ, ਸ਼ਬਦ	ਨਾਲ	ਹਿਰਦਾ	ਜੁੜ ਜਾਵੇ

ਆਵਣੁ (ਆਵਣ)	ਜਾਣੁ (ਜਾਣ)	ਰਹਾਏ ॥੫॥
ਆਉਣਾ, ਜੰਮਣਾ	ਜਾਣਾ, ਮਰਨਾ	ਰਹਿ ਜਾਂਦਾ, ਮੁੱਕ ਜਾਂਦਾ

...(ਜੇਕਰ) ਸੱਚ-ਸਰੂਪ ਬਾਣੀ ਨਾਲ (ਮਨੁੱਖ ਦਾ) ਹਿਰਦਾ ਜੁੜ ਜਾਵੇ ਤਾਂ (ਉਸਦਾ) ਆਵਾਗਵਣ ਮੁੱਕ ਜਾਂਦਾ ਹੈ...

ਪੰਡਿਤ	ਪੜਿ (ਪੜ੍ਹ)	ਪੜਿ (ਪੜ੍ਹ)	ਵਾਦੁ (ਵਾਦ)	ਵਖਾਣਹਿ, (ਵਖਾਣਹਿਂ)
ਵਿਦਵਾਨ	ਪੜ੍ਹ ਕੇ	ਪੜ੍ਹ ਕੇ	ਸਿਧਾਂਤਕ ਚਰਚਾ	ਬਿਆਨ ਕਰਦੇ ਹਨ

ਬਿਨੁ (ਬਿਨ)	ਗੁਰ	ਭਰਮਿ (ਭਰਮ)	ਭੁਲਾਏ ॥
ਬਿਨਾਂ	ਸਤਿਗੁਰੂ	ਭਰਮ ਵਿਚ	ਭੁੱਲੇ

ਅੰਕ ੬੮

...ਪੰਡਿਤ ਲੋਕ (ਧਾਰਮਿਕ ਗ੍ਰੰਥਾਂ ਨੂੰ) ਪੜ੍ਹ ਪੜ੍ਹ ਕੇ ਵਾਦ-ਵਿਵਾਦ ਬਿਆਨਦੇ ਰਹਿੰਦੇ ਹਨ, ਪ੍ਰੰਤੂ ਸਤਿਗੁਰੂ (ਦੀ ਸ਼ਰਣ) ਤੋਂ ਬਿਨਾਂ ਉਹ (ਕਰਮ-ਕਾਂਡੀ) ਭਰਮ-ਭੁਲੇਖਿਆਂ ਵਿਚ ਹੀ ਭੁੱਲੇ ਭਟਕੇ ਫਿਰਦੇ ਰਹਿੰਦੇ ਹਨ...

ਲਖ	ਚਉਰਾਸੀਹ	ਫੇਰੁ *(ਫੇਰ)*	ਪਇਆ,
ਗਿਣਤੀ ਦੀ ਇਕ ਇਕਾਈ	੮੦+੪ ਚੁਰਾਸੀ	ਗੇੜ, ਫੇਰਾ	ਪੈ ਜਾਂਦਾ

ਬਿਨੁ *(ਬਿਨ)*	ਸਬਦੈ *(ਸ਼ਬਦੈ)*	ਮੁਕਤਿ *(ਮੁਕਤ)*	ਨ *(ਨਾਂ)*	ਪਾਏ ॥
ਬਿਨਾਂ	ਸ਼ਬਦ ਤੋਂ	ਮੁਕਤੀ, ਛੁਟਕਾਰਾ	ਨਹੀਂ	ਪਾਈ ਜਾਂਦੀ

...(ਐਸੇ ਲੋਕ) ਚੁਰਾਸੀ ਲੱਖ ਜੂਨਾਂ ਵਿਚ ਦੇ ਗੇੜ ਵਿਚ ਪਏ ਹੋਏ (ਭਟਕਦੇ ਰਹਿੰਦੇ ਹਨ), ਸਤਿਗੁਰੂ ਦੇ ਸ਼ਬਦ ਤੋਂ ਬਿਨਾਂ (ਇਸ ਚੁਰਾਸੀ ਦੇ ਗੇੜ ਤੋਂ) ਮੁਕਤੀ ਨਹੀਂ ਪਾਈ ਜਾ ਸਕਦੀ...

ਜਾ *(ਜਾਂ)*	ਨਾਉ *(ਨਾਉਂ)*	ਚੇਤੈ,	ਤਾ *(ਤਾਂ)*	ਗਤਿ *(ਗਤ)*	ਪਾਏ,
ਜੇਕਰ	(ਪ੍ਰਭੂ) ਨਾਮ	ਸਿਮਰੇ	ਤਾਂ	ਗਤੀ, ਉਧਾਰ	ਪਾ ਸਕਦੇ

ਜਾ *(ਜਾਂ)*	ਸਤਿਗੁਰੁ *(ਸਤਗੁਰ)*	ਮੇਲਿ *(ਮੇਲ)*	ਮਿਲਾਏ ॥੬॥
ਜੇਕਰ	ਸਤਿਗੁਰੂ	ਮਿਲਾਪ	ਮਿਲਾ ਦੇਵੇ

...ਜੇਕਰ (ਉਹ ਪਰਮੇਸ਼ਰ ਦਾ) ਨਾਮ ਸਿਮਰਨ, ਤਾਂ (ਉਹ ਇਸ ਚੁਰਾਸੀ ਦੇ ਗੇੜ ਤੋਂ ਆਪਣਾ) ਉਧਾਰ ਕਰ ਸਕਦੇ ਹਨ, (ਪਰ ਇਹ ਤਾਂ ਹੀ ਹੋ ਸਕਦਾ ਹੈ) ਜੇਕਰ ਸਤਿਗੁਰੂ (ਉਨ੍ਹਾਂ ਦਾ ਪਰਮਾਤਮਾ ਨਾਲ) ਮੇਲ ਮਿਲਾ ਦੇਵੇ...

ਸਤਸੰਗਤਿ *(ਸਤਸੰਗਤ)*	ਮਹਿ, *(ਮਹਿੰ)*	ਨਾਮੁ *(ਨਾਮ)*	ਹਰਿ *(ਹਰ)*	ਉਪਜੈ,
ਸੱਤ	ਪੁਰਖਾਂ ਦੀ ਸੰਗਤ ਵਿਚ	ਨਾਮ	ਪਰਮੇਸ਼ਰ ਉਪਜਦਾ,	ਉਤਪੰਨ ਹੁੰਦਾ

ਜਾ *(ਜਾਂ)*	ਸਤਿਗੁਰੁ *(ਸਤਗੁਰ)*	ਮਿਲੈ	ਸੁਭਾਏ ॥
ਜੇਕਰ	ਸਤਿਗੁਰੂ	ਮਿਲ ਜਾਵੇ	ਪ੍ਰੇਮ ਰਾਹੀਂ

...ਜਦੋਂ ਪ੍ਰੀਤ ਰਾਹੀਂ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ (ਤਾਂ ਗੁਰ-ਸ਼ਬਦ ਦੁਆਰਾ) ਸਤਸੰਗਤ ਵਿਚ ਪਰਮੇਸ਼ਰ ਦੇ ਨਾਮ (ਦਾ ਚਾਨਣ) ਪਰਗਟ ਹੁੰਦਾ ਹੈ...

ਮਨੁ *(ਮਨ)*	ਤਨੁ *(ਤਨ)*	ਅਰਪੀ, *(ਅਰਪੀਂ)*	ਆਪੁ *(ਆਪ)*	ਗਵਾਈ, *(ਗਵਾਈਂ)*
ਚਿੱਤ	ਸਰੀਰ	ਸਮਰਪਿਤ	ਆਪਾ ਭਾਵ, ਹਉਮੈ	ਗਵਾਕੇ, ਮਿਟਾ ਕੇ

ਚਲਾ *(ਚਲਾਂ)*	ਸਤਿਗੁਰ *(ਸਤਗੁਰ)*	ਭਾਏ ॥
ਤੁਰਾਂ, ਬਤੀਤ ਕਰਾਂ	ਸਤਿਗੁਰੂ	ਇੱਛਾ, ਹੁਕਮ

...(ਮੇਰੀ ਜੋਦੜੀ ਹੈ ਕਿ ਮੈਂ ਆਪਣਾ) ਆਪਾ-ਭਾਵ ਮਿਟਾ ਕੇ ਆਪਣਾ ਮਨ ਅਤੇ ਤਨ (ਸਤਿਗੁਰੂ ਨੂੰ) ਸਮਰਪਿਤ ਕਰ ਦੇਵਾਂ, (ਅਤੇ ਆਪਣਾ ਜੀਵਨ) ਸਤਿਗੁਰੂ ਦੀ ਇੱਛਾ ਅਨੁਸਾਰ ਬਤੀਤ ਕਰਾਂ...

ਸਦ	ਬਲਿਹਾਰੀ,	ਗੁਰ	ਅਪੁਨੇ	ਵਿਟਹੁ, *(ਵਿਟਹੁੰ)*
ਹਮੇਸ਼ਾਂ	ਕੁਰਬਾਨ	ਸਤਿਗੁਰੂ	ਆਪਣੇ	ਸਦਕੇ

ਜਿ	ਹਰਿ *(ਹਰ)*	ਸੇਤੀ	ਚਿਤੁ *(ਚਿੱਤ)*	ਲਾਏ ॥੭॥
ਜੋ	ਪਰਮੇਸ਼ਰ	ਨਾਲ	ਹਿਰਦਾ	ਲਾ ਦਿੰਦਾ

...ਮੈਂ ਆਪਣੇ ਸਤਿਗੁਰੂ ਤੋਂ ਸਦਕੇ ਤੇ ਕੁਰਬਾਨ ਜਾਂਦਾ ਹਾਂ, ਜੋ ਪਰਮੇਸ਼ਰ ਨਾਲ ਮੇਰਾ ਚਿੱਤ ਜੋੜ ਦਿੰਦਾ ਹੈ...

ਸੋ	ਬ੍ਰਾਹਮਣੁ, *(ਬ੍ਰਾਹਮਣ)*	ਬ੍ਰਹਮੁ *(ਬ੍ਰਹਮ)*	ਜੋ	ਬਿੰਦੇ,
ਉਹੀ	ਪੰਡਿਤ	ਪਾਰਬ੍ਰਹਮ	ਜਿਹੜਾ	ਪਛਾਣਦਾ

ਹਰਿ *(ਹਰ)*	ਸੇਤੀ	ਰੰਗਿ *(ਰੰਗ)*	ਰਾਤਾ ॥
ਪਰਮਾਤਮਾ	ਨਾਲ	ਰੰਗ ਵਿਚ	ਰੱਤਿਆ, ਰੰਗਿਆ

...(ਸਹੀ ਅਰਥਾਂ ਵਿਚ) ਉਹੀ ਬ੍ਰਾਹਮਣ ਹੈ ਜੋ ਬ੍ਰਹਮ ਦੀ ਪਹਿਚਾਣ ਕਰਦਾ ਹੈ, ਅਤੇ ਵਾਹਿਗੁਰੂ ਦੇ (ਪ੍ਰੇਮ) ਰੰਗ ਵਿਚ ਰੰਗਿਆ ਰਹਿੰਦਾ ਹੈ...

ਪ੍ਰਭੁ, *(ਪ੍ਰਭ)*	ਨਿਕਟਿ *(ਨਿਕਟ)*	ਵਸੈ,	ਸਭਨਾ	ਘਟ	ਅੰਤਰਿ, *(ਅੰਤਰ)*
ਪਰਮਾਤਮਾ ਨੇੜੇ,	ਨਜ਼ਦੀਕ	ਵਸਦਾ ਹੈ	ਸਾਰਿਆਂ	ਹਿਰਦੇ	ਅੰਦਰ

ਗੁਰਮੁਖਿ *(ਗੁਰਮੁਖ)*	ਵਿਰਲੈ	ਜਾਤਾ ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਕਿਸੇ ਇਕ	ਜਾਣਿਆ, ਸਮਝਿਆ

...ਪਰਮਾਤਮਾ ਸਾਰਿਆਂ ਦੇ ਹਿਰਦੇ ਅੰਦਰ ਨੇੜੇ ਹੋਕੇ ਵਸਦਾ ਹੈ, ਪ੍ਰੰਤੂ ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਕੋਈ ਵਿਰਲਾ ਹੀ ਇਸ ਨੂੰ ਸਮਝਦਾ ਹੈ...

ਨਾਨਕ,	ਨਾਮੁ *(ਨਾਮ)*	ਮਿਲੈ	ਵਡਿਆਈ,
ਹੇ ! ਨਾਨਕ !	(ਪ੍ਰਭੂ) ਨਾਮ	ਮਿਲਦੀ ਹੈ	ਇੱਜ਼ਤ, ਮਾਣ

ਗੁਰ	ਕੈ	ਸਬਦਿ *(ਸ਼ਬਦ)*	ਪਛਾਤਾ ॥੮॥੫॥੨੨॥
ਸਤਿਗੁਰੂ	ਦੇ	ਸ਼ਬਦ ਰਾਹੀਂ	ਪਹਿਚਾਣਿਆ

ਅੰਕ ੬੮

...ਹੇ! ਨਾਨਕ! ਜਿਨ੍ਹਾਂ ਨੇ ਸਤਿਗੁਰੂ ਦੇ ਸ਼ਬਦ ਰਾਹੀਂ (ਵਾਹਿਗੁਰੂ ਨੂੰ) ਪਹਿਚਾਣ ਲਿਆ ਹੈ, (ਉਨ੍ਹਾਂ ਨੂੰ ਪ੍ਰਭੂ) ਨਾਮ ਦੀ ਵਡਿਆਈ ਮਿਲਦੀ ਹੈ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੩** *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਸਹਜੈ *(ਸਹਿਜੈ)*	**ਨੋ**	**ਸਭ**	**ਲੋਚਦੀ,**
ਆਤਮਿਕ ਅਡੋਲਤਾ	ਨੂੰ	ਸਾਰੀ *(ਲੋਕਾਈ)*	ਚਾਹਵਾਨ

ਬਿਨੁ *(ਬਿਨ)*	**ਗੁਰ,**	**ਪਾਇਆ**	**ਨ** *(ਨਾਂ)*	**ਜਾਇ॥**
ਬਿਨਾਂ	ਸਤਿਗੁਰੂ	ਪ੍ਰਾਪਤ	ਨਹੀਂ	ਜਾਂਦਾ

...ਆਤਮਿਕ ਅਡੋਲਤਾ ਨੂੰ ਸਭ (ਦੁਨੀਆਂ ਪ੍ਰਾਪਤ ਕਰਨ ਦੀ) ਚਾਹਵਾਨ ਹੈ, ਪਰ ਇਹ ਸਤਿਗੁਰੂ (ਦੇ ਸ਼ਬਦ ਤੋਂ) ਬਿਨਾਂ ਨਹੀਂ ਪਾਈ ਜਾ ਸਕਦੀ...

ਪੜਿ *(ਪੜ੍ਹ)*	**ਪੜਿ** *(ਪੜ੍ਹ)*	**ਪੰਡਿਤ**	**ਜੋਤਕੀ**	**ਥਕੇ,**
ਪੜ੍ਹ ਕੇ	ਪੜ੍ਹ ਕੇ	ਵਿਦਵਾਨ	ਜੋਤਸ਼ੀ	ਥੱਕ ਗਏ, ਹੰਭ ਗਏ

ਭੇਖੀ	**ਭਰਮਿ** *(ਭਰਮ)*	**ਭੁਲਾਏ** ॥
(ਛੇ) ਭੇਖਾਂ ਵਾਲੇ	ਭਰਮਾਂ ਵਿਚ	ਭੁੱਲੇ ਹੋਏ

...ਪੰਡਿਤ ਅਤੇ ਜੋਤਸ਼ੀ ਆਦਿਕ (ਧਾਰਮਿਕ ਗ੍ਰੰਥਾਂ ਨੂੰ) ਪੜ੍ਹ ਪੜ੍ਹ ਕੇ ਥੱਕ, ਹੰਭ ਗਏ, (ਛੇ) ਭੇਖਾਂ ਵਾਲੇ ਵੀ ਭਰਮਾਂ ਭੁਲੇਖਿਆਂ ਵਿਚ ਭੁੱਲੇ ਹੋਏ (ਭਟਕਦੇ ਫਿਰਦੇ ਹਨ)...

ਗੁਰ	**ਭੇਟੇ**	**ਸਹਜੁ** *(ਸਹਿਜ)*	**ਪਾਇਆ,**
ਸਤਿਗੁਰੂ	ਭੇਟਣ ਨਾਲ, ਮਿਲਣ ਨਾਲ	ਆਤਮਿਕ ਅਡੋਲਤਾ	ਪ੍ਰਾਪਤ ਕੀਤੀ ਜਾ ਸਕਦੀ

ਆਪਣੀ	**ਕਿਰਪਾ**	**ਕਰੇ**	**ਰਜਾਇ** *(ਰਜ਼ਾਇ)* ॥੧॥
ਖ਼ੁਦ ਦੀ	ਮਿਹਰ	ਕਰ ਦੇਵੇ	ਮਰਜ਼ੀ ਅੰਦਰ, ਹੁਕਮ ਵਿਚ

...(ਜਿਨ੍ਹਾਂ ਤੇ ਪਰਮਾਤਮਾ) ਆਪਣੀ ਰਜ਼ਾ ਅਨੁਸਾਰ ਕਿਰਪਾ ਕਰਦਾ ਹੈ, ਸਤਿਗੁਰੂ ਦੇ ਮਿਲਾਪ ਨਾਲ ਉਨ੍ਹਾਂ ਨੂੰ ਆਤਮਿਕ ਅਡੋਲਤਾ ਪ੍ਰਾਪਤ ਹੁੰਦੀ ਹੈ...

ਭਾਈ	**ਰੇ,**	**ਗੁਰ**	**ਬਿਨੁ** *(ਬਿਨ)*	**ਸਹਜੁ** *(ਸਹਿਜ)*	**ਨ** *(ਨਾਂ)*	**ਹੋਇ॥**
ਭਰਾ	ਹੇ!	ਸਤਿਗੁਰੂ	ਬਿਨਾਂ	ਆਤਮਿਕ ਟਿਕਾਉ	ਨਹੀਂ	ਹੁੰਦਾ

ਅੰਕ ੬੮

...ਹੇ! ਭਾਈ! ਸਤਿਗੁਰੂ ਤੋਂ ਬਗੈਰ ਆਤਮਿਕ ਟਿਕਾਉ ਦੀ ਅਵਸਥਾ ਨਹੀਂ ਬਣਦੀ...

ਸਬਦੈ *(ਸ਼ਬਦੈ)*	**ਹੀ**	**ਤੇ**	**ਸਹਜੁ** *(ਸਹਿਜ)*	**ਊਪਜੈ,**
(ਗੁਰ)ਸ਼ਬਦ ਰਾਹੀਂ	ਯਕੀਨਨ	ਤੋਂ	ਆਤਮਿਕ ਟਿਕਾਉ	ਉਤਪੰਨ ਹੁੰਦਾ ਹੈ

ਹਰਿ *(ਹਰ)*	**ਪਾਇਆ**	**ਸਚੁ** *(ਸੱਚ)*	**ਸੋਇ॥੧॥**	**ਰਹਾਉ ॥**
ਪਰਮੇਸ਼ਰ	ਪ੍ਰਾਪਤ ਕੀਤਾ	ਸਦਾ-ਸਥਿਰ(ਪ੍ਰਭੂ)	ਉਸ	ਠਹਿਰਾਉ

...(ਕੇਵਲ ਸਤਿਗੁਰੂ ਦੇ) ਸ਼ਬਦ ਦੁਆਰਾ ਹੀ ਆਤਮਿਕ ਟਿਕਾਉ ਪੈਦਾ ਹੁੰਦਾ ਹੈ, ਅਤੇ ਉਸ ਸਦਾ-ਸਥਿਰ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ...

ਸਹਜੇ *(ਸਹਿਜੇ)*	**ਗਾਵਿਆ**	**ਥਾਇ** *(ਥਾਇੰ)*	**ਪਵੈ,**
ਆਤਮਿਕ ਟਿਕਾਉ ਵਿਚ	ਗਾਇਨ ਕੀਤਾ	ਪਰਵਾਨ, ਕਬੂਲ	ਪੈਂਦਾ, ਹੁੰਦਾ

ਬਿਨੁ *(ਬਿਨ)*	**ਸਹਜੈ** *(ਸਹਿਜੈ)*	**ਕਥਨੀ**	**ਬਾਦਿ** *(ਬਾਦ)* **॥**
ਬਿਨਾਂ	ਆਤਮਿਕ ਟਿਕਾਉ ਤੋਂ	ਕਥਨ, ਵਖਿਆਨ	ਵਿਅਰਥ, ਫਜ਼ੂਲ

...ਆਤਮਿਕ ਟਿਕਾਉ ਵਿਚ (ਵਾਹਿਗੁਰੂ ਦੀ ਸਿਫ਼ਤ ਸਲਾਹ) ਗਾਇਨ ਕੀਤੀ ਹੋਈ (ਪ੍ਰਭੂ ਦਰ ਤੇ) ਪਰਵਾਨ ਹੁੰਦੀ ਹੈ, ਆਤਮਿਕ ਟਿਕਾਉ ਤੋਂ ਬਿਨਾਂ (ਧਾਰਮਿਕ) ਕਥਨ ਕੀਤੇ ਹੋਏ ਵਿਅਰਥ ਹਨ...

ਸਹਜੇ *(ਸਹਿਜੇ)*	**ਹੀ**	**ਭਗਤਿ** *(ਭਗਤ)*	**ਊਪਜੈ,**
ਆਤਮਿਕ ਅਡੋਲਤਾ ਤੋਂ	ਕੇਵਲ	(ਪ੍ਰਭੂ) ਭਗਤੀ	ਉਤਪੰਨ ਹੁੰਦੀ ਹੈ

ਸਹਜਿ *(ਸਹਿਜ)*	**ਪਿਆਰਿ** *(ਪਿਆਰ)*	**ਬੈਰਾਗਿ** *(ਬੈਰਾਗ)* **॥**
ਆਤਮਿਕ ਟਿਕਾਉ ਰਾਹੀਂ	ਪਿਆਰ ਵਿਚ	ਵੈਰਾਗ, ਈਸ਼ਵਰੀ ਪ੍ਰੇਮ

...ਆਤਮਿਕ ਅਡੋਲਤਾ ਤੋਂ ਹੀ (ਪਰਮੇਸ਼ਰ ਦੀ) ਬੰਦਗੀ ਉਪਜਦੀ ਹੈ, ਅਤੇ ਆਤਮਿਕ ਟਿਕਾਉ ਰਾਹੀਂ ਹੀਂ (ਹਿਰਦੇ ਅੰਦਰ ਰੱਖੀ) ਪਿਆਰ ਅਤੇ ਵੈਰਾਗ ਦੀ ਅਵਸਥਾ ਬਣੀ ਰਹਿੰਦੀ ਹੈ...

ਸਹਜੈ *(ਸਹਿਜੈ)*	**ਹੀ**	**ਤੇ,**	**ਸੁਖ** *(ਸੁੱਖ)*	**ਸਾਤਿ** *(ਸ਼ਾਂਤ)*	**ਹੋਇ,**
ਆਤਮਿਕ ਟਿਕਾਉ	ਯਕੀਨਨ	ਤੋਂ	ਅਨੰਦ	ਸ਼ਾਂਤੀ	ਹੁੰਦੀ

ਬਿਨੁ *(ਬਿਨ)*	**ਸਹਜੈ** *(ਸਹਿਜੈ)*	**ਜੀਵਣੁ** *(ਜੀਵਣ)*	**ਬਾਦਿ** *(ਬਾਦ)* **॥੨॥**
ਬਿਨਾਂ	ਸਹਿਜ ਤੋਂ	ਜ਼ਿੰਦਗੀ	ਵਿਅਰਥ, ਫ਼ਜ਼ੂਲ

ਅੰਕ ੬੮

...ਆਤਮਿਕ ਟਿਕਾਉ ਤੋਂ ਹੀਂ (ਰੱਬੀ) ਸੁੱਖ ਅਤੇ ਸ਼ਾਂਤੀ ਹੁੰਦੀ ਹੈ, ਬਿਨਾਂ ਸਹਿਜ ਤੋਂ ਜ਼ਿੰਦਗੀ ਵਿਅਰਥ ਅਤੇ ਫ਼ਜ਼ੂਲ ਹੈ...

ਸਹਜਿ *(ਸਹਿਜ)*	**ਸਾਲਾਹੀ** *(ਸਾਲਾਹੀਂ)*	**ਸਦਾ**	**ਸਦਾ,**
ਆਤਮਿਕ ਟਿਕਾਉ ਰਾਹੀਂ	ਸਿਫ਼ਤ ਸਲਾਹ ਕਰੀਂ	ਹਮੇਸ਼ਾਂ	ਹਮੇਸ਼ਾਂ

ਸਹਜਿ *(ਸਹਿਜ)*	**ਸਮਾਧਿ** *(ਸਮਾਧ)*	**ਲਗਾਇ॥**
ਆਤਮਿਕ ਟਿਕਾਉ ਵਿਚ	ਸਮਾਧੀ	ਲਗਾਕੇ

...(ਹੇ! ਭਾਈ! ਤੂੰ) ਆਤਮਿਕ ਟਿਕਾਉ ਰਾਹੀਂ, ਸਮਾਧੀ ਲਗਾਕੇ ਹਮੇਸ਼ਾਂ ਹਮੇਸ਼ਾਂ ਸਹਿਜ ਵਿਚ (ਵਾਹਿਗੁਰੂ ਦੀ ਉਸਤਤੀ (ਗਾਇਨ) ਕਰਦਾ ਰਹੀਂ...

ਸਹਜੇ *(ਸਹਿਜੇ)*	**ਹੀ**	**ਗੁਣ**	**ਊਚਰੈ,**
ਆਤਮਿਕ ਟਿਕਾਉ ਵਿਚ	ਕੇਵਲ	ਚੰਗਿਆਈਆਂ	ਗਾਇਨ ਕਰਦਾ ਹੈ

ਭਗਤਿ *(ਭਗਤ)*	**ਕਰੇ**	**ਲਿਵ**	**ਲਾਇ॥**
ਭਗਤੀ	ਕਰਦਾ	ਧਿਆਨ	ਲਗਾ ਕੇ, ਜੋੜ ਕੇ

...(ਜਿਹੜਾ) ਆਤਮਿਕ ਟਿਕਾਉ ਵਿਚ ਹੀ (ਵਾਹਿਗੁਰੂ ਦੇ) ਗੁਣਾਂ ਦਾ ਗਾਇਨ ਕਰਦਾ ਹੈ, ਅਤੇ ਧਿਆਨ ਜੋੜ ਕੇ (ਰੱਬੀ) ਬੰਦਗੀ ਕਰਦਾ ਹੈ...

ਸਬਦੇ *(ਸ਼ਬਦੇ)*	**ਹੀ,**	**ਹਰਿ** *(ਹਰ)*	**ਮਨਿ** *(ਮਨ)*	**ਵਸੈ,**
(ਗੁਰ) ਸ਼ਬਦ ਰਾਹੀਂ	ਯਕੀਨਨ	ਪਰਮੇਸ਼ਰ	ਹਿਰਦੇ ਵਿਚ	ਵੱਸ ਜਾਂਦਾ

ਰਸਨਾ	**ਹਰਿ** *(ਹਰ)*	**ਰਸੁ** *(ਰਸ)*	**ਖਾਇ॥੩॥**
ਜੀਭ	ਪ੍ਰਭੂ	ਸੁਆਦ	ਖਾਂਦੀ, ਭਾਵ ਮਾਣਦੀ ਹੈ

...(ਉਸ ਦੇ) ਹਿਰਦੇ ਵਿਚ ਸ਼ਬਦ ਦੁਆਰਾ ਹੀ ਪਰਮੇਸ਼ਰ ਦਾ ਵਾਸਾ ਹੋ ਜਾਂਦਾ ਹੈ, ਅਤੇ ਉਸ ਦੀ ਜੀਭਾ ਵਾਹਿਗੁਰੂ (ਅਨੰਦ ਦਾ) ਸੁਆਦ ਮਾਣਦੀ ਹੈ...

ਸਹਜੇ *(ਸਹਿਜੇ)*	**ਕਾਲੁ** *(ਕਾਲ)*	**ਵਿਡਾਰਿਆ,**
ਆਤਮਿਕ ਟਿਕਾਉ ਵਿਚ	ਮੌਤ	ਦੂਰ ਕਰ ਦਿੱਤਾ

ਸਚ	**ਸਰਣਾਈ** *(ਸ਼ਰਣਾਈ)*	**ਪਾਇ॥**
ਸਦਾ ਸਥਿਰ (ਪ੍ਰਭੂ)	ਸ਼ਰਣ ਵਿਚ	ਪੈਕੇ, ਰਹਿਕੇ

ਅੰਕ ੬੮

...(ਉਨ੍ਹਾਂ ਨੇ) ਆਤਮਿਕ ਟਿਕਾਉ ਰਾਹੀਂ, ਸਦਾ-ਸਥਿਰ (ਵਾਹਿਗੁਰੂ) ਦੀ ਸ਼ਰਣ ਵਿਚ ਰਹਿਕੇ, ਮੌਤ ਦੇ (ਭੈ) ਨੂੰ ਦੂਰ ਕਰ ਦਿੱਤਾ ਹੈ...

ਸਹਜੇ *(ਸਹਿਜੇ)*	**ਹਰਿ** *(ਹਰ)*	**ਨਾਮੁ** *(ਨਾਮ)*	**ਮਨਿ** *(ਮਨ)*	**ਵਸਿਆ,**
ਆਤਮਿਕ ਟਿਕਾਉ ਵਿਚ	ਪ੍ਰਭੂ	ਨਾਮ, ਬੰਦਗੀ	ਚਿੱਤ ਵਿਚ	ਵੱਸ ਗਿਆ

ਸਚੀ *(ਸੱਚੀ)*	**ਕਾਰ**	**ਕਮਾਇ॥**
ਸਦਾ-ਸਥਿਰ(ਨਾਮ ਦੀ)	ਕੰਮ	ਕਮਾ ਕੇ, ਕਰ ਕੇ

...ਆਤਮਿਕ ਟਿਕਾਉ ਰਾਹੀਂ, ਸਦਾ ਸਥਿਰ (ਨਾਮ ਦੀ) ਕਮਾਈ ਕਰਕੇ, ਪਰਮੇਸ਼ਰ ਦਾ ਨਾਮ (ਉਨ੍ਹਾਂ ਦੇ) ਚਿੱਤ ਵਿਚ ਵਸ ਜਾਂਦਾ ਹੈ...

ਸੇ	**ਵਡਭਾਗੀ**	**ਜਿਨੀ** *(ਜਿਨ੍ਹੀਂ)*	**ਪਾਇਆ,**
ਉਹ	ਵੱਡਿਆਂ ਭਾਗਾਂ ਵਾਲੇ	ਜਿਨ੍ਹਾਂ ਨੇ	ਪਾ ਲਿਆ, ਪ੍ਰਾਪਤ ਕਰ ਲਿਆ

ਸਹਜੇ *(ਸਹਿਜੇ)*	**ਰਹੇ**	**ਸਮਾਇ॥੪॥**
ਆਤਮਿਕ ਟਿਕਾਉ ਵਿਚ	ਰਹਿੰਦੇ	ਅਭੇਦ, ਲੀਨ

...ਉਹ ਵੱਡਿਆਂ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਆਤਮਿਕ ਅਡੋਲਤਾ ਵਿਚ ਰਹਿੰਦਿਆਂ (ਵਾਹਿਗੁਰੂ ਨਾਮ ਵਿਚ) ਲੀਨ ਹੋਕੇ (ਪਰਮੇਸ਼ਰ) ਨੂੰ ਪਾ ਲਿਆ ਹੈ...

ਮਾਇਆ	**ਵਿਚਿ** *(ਵਿਚ)*	**ਸਹਜੁ** *(ਸਹਿਜ)*	**ਨ** *(ਨਾਂ)*	**ਊਪਜੈ,**
ਮਾਇਆਵੀ ਵਿਕਾਰਾਂ	ਅੰਦਰ	ਆਤਮਿਕ ਟਿਕਾਉ ਵਿਚ	ਨਹੀਂ	ਉਤਪੰਨ ਹੁੰਦਾ

ਮਾਇਆ	**ਦੂਜੈ**	**ਭਾਇ॥**
ਮਾਇਆਵੀ ਵਿਕਾਰ	ਦੂਸਰੇ	ਪਿਆਰ

...ਮਾਇਆਵੀ ਵਿਕਾਰਾਂ ਵਿਚ (ਰਹਿੰਦਿਆਂ) ਆਤਮਿਕ ਟਿਕਾਉ ਨਹੀਂ ਬਣਦਾ, ਮਾਇਆ ਤਾਂ (ਪਰਮੇਸ਼ਰ ਤੋਂ ਬਿਨਾਂ) ਦੂਸਰੇ (ਪਦਾਰਥਾਂ ਦੇ) ਪਿਆਰ (ਵਲ ਖਿੱਚਦੀ ਹੈ)...

ਮਨਮੁਖ *(ਮਨਮੁੱਖ)*	**ਕਰਮ**	**ਕਮਾਵਣੇ,**
ਮਨਮੱਤ ਵਾਲੇ	ਕੰਮ	ਕਰਨੇ, ਕਮਾਉਣੇ

ਹਉਮੈ	**ਜਲੈ**	**ਜਲਾਇ॥**
ਅਹੰਕਾਰ ਵਿਚ	ਜਲਦਾ	ਜਲਾਉਂਦਾ

ਅੰਕ ੬੮

...(ਮਨਮੁੱਖ) ਮਨਮੱਤ ਵਾਲੇ ਕਰਮ ਕਰਕੇ, ਅਹੰਕਾਰ ਵਿਚ ਆਪ ਵੀ ਸੜਦਾ ਬਲਦਾ ਹੈ, ਅਤੇ ਦੂਸਰਿਆਂ ਨੂੰ ਵੀ ਜਲਾਉਂਦਾ ਹੈ...

ਜੰਮਣੁ *(ਜੰਮਣ)*	**ਮਰਣੁ** *(ਮਰਣ)*	**ਨ** *(ਨਾਂ)*	**ਚੂਕਈ,**
ਜਨਮ	ਮਰਨ	ਨਹੀਂ	ਮੁਕਦਾ, ਖ਼ਤਮ ਹੁੰਦਾ
ਫਿਰਿ *(ਫਿਰ)*	**ਫਿਰਿ** *(ਫਿਰ)*	**ਆਵੈ**	**ਜਾਇ॥੫॥**
ਦੁਬਾਰਾ	ਦੁਬਾਰਾ	ਆਉਂਦਾ	ਜਾਂਦਾ

....(ਮਨਮੱਤ ਵਾਲੇ ਕਰਮ ਕਰਨ ਵਾਲੇ ਦਾ) ਜਨਮ ਮਰਨ ਮੁਕਦਾ ਨਹੀਂ, ਅਤੇ (ਉਹ) ਮੁੜ ਮੁੜ ਆਵਾਗਉਣ ਦੇ (ਗੇੜ ਵਿਚ ਹੀ ਪਿਆ ਰਹਿੰਦਾ ਹੈ)...

ਤ੍ਰਿਹੁ *(ਤ੍ਰਿਹੁੰ)*	**ਗੁਣਾ** *(ਗੁਣਾਂ)*	**ਵਿਚਿ,** *(ਵਿਚ)*	**ਸਹਜੁ** *(ਸਹਿਜ)*	**ਨ** *(ਨਾਂ)*	**ਪਾਈਐ,**
ਤਿੰਨਾਂ	ਗੁਣਾਂ	ਅੰਦਰ	ਆਤਮਿਕ ਟਿਕਾਉ ਵਿਚ	ਨਹੀਂ	ਪਾਈਦਾ
ਤ੍ਰੈ	**ਗੁਣ**	**ਭਰਮਿ** *(ਭਰਮ)*	**ਭੁਲਾਇ॥**		
ਤਿੰਨੇ	ਗੁਣ	ਭਰਮ ਵਿਚ	ਭੁਲਾਈ (ਰਖਦੇ ਹਨ)		

...ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਵਿਚ ਆਤਮਿਕ ਟਿਕਾਉ ਦੀ ਅਵਸਥਾ ਨਹੀਂ ਬਣਦੀ, (ਕਿਉਂਕਿ ਇਹ) ਤਿੰਨੇ ਗੁਣ (ਮਨੁੱਖ ਨੂੰ) ਭਰਮ, ਭੁਲੇਖਿਆਂ ਵਿਚ ਹੀ ਭੁਲਾਈ ਰੱਖਦੇ ਹਨ...

ਪੜੀਐ *(ਪੜ੍ਹੀਐ)*	**ਗੁਣੀਐ**	**ਕਿਆ**	**ਕਥੀਐ,**
ਪੜ੍ਹਨਾ	ਵਿਚਾਰਨਾ	ਕਿਸ	ਕਥਨਾ
ਜਾ *(ਜਾਂ)*	**ਮੁੰਢਹੁ** *(ਮੁਢਹੁੰ)*	**ਘੁਥਾ**	**ਜਾਇ॥**
ਜੇਕਰ	ਮੂਲ ਤੋਂ	ਘੁਸਿਆ, ਖੁੰਝਿਆ	ਜਾਂਦੇ

...(ਉਨ੍ਹਾਂ ਦਾ) ਪੜ੍ਹਨਾ, ਵਿਚਾਰਨਾ ਅਤੇ ਫਿਰ ਬਿਆਨ ਕਰਨਾ ਕਿਸ (ਅਰਥ ਹੈ) ਜੇਕਰ (ਉਹ ਆਪਣੇ) ਮੂਲ (ਪਰਮੇਸ਼ਰ ਤੋਂ ਹੀ) ਖੁੰਝ ਜਾਂਦੇ ਹਨ...

ਚਉਥੇ	**ਪਦ**	**ਮਹਿ** *(ਮਹਿਂ)*	**ਸਹਜੁ** *(ਸਹਿਜ)*	**ਹੈ,**
ਚੌਥੀ	ਅਵਸਥਾ	ਵਿਚ	ਆਤਮਿਕ ਟਿਕਾਉ ਵਿਚ	ਹੋਣ ਦੀ ਕ੍ਰਿਆ

ਗੁਰਮੁਖਿ *(ਗੁਰਮੁਖ)*	**ਪਲੈ**	**ਪਾਇ॥੬॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਝੋਲੀ ਵਿਚ	ਪੈਂਦੀ ਹੈ

ਅੰਕ ੬੮

...(ਰਜੋ, ਤਮੋ ਅਤੇ ਸਤੋ ਤਿੰਨਾਂ ਗੁਣਾਂ ਤੋਂ ਉਪਰ ਉੱਠਕੇ) ਚਉਥੇ ਪੱਦ ਵਿਚ ਜਾਕੇ, ਆਤਮਿਕ ਟਿਕਾਉ ਦੀ ਅਵਸਥਾ ਬਣਦੀ ਹੈ, ਅਤੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਝੋਲੀ ਵਿਚ (ਇਹ ਦਾਤ)ਪੈਂਦੀ ਹੈ...

ਨਿਰਗੁਣ	ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਹੈ,
ਗੁਣ-ਲੱਛਣ ਰਹਿਤ, ਤ੍ਰੈਗੁਣ ਅਤੀਤ	(ਪ੍ਰਭੂ) ਨਾਮ	ਖਜ਼ਾਨਾ	ਹੋਣ ਦੀ ਕ੍ਰਿਆ

ਸਹਜੇ *(ਸਹਿਜੇ)*	ਸੋਝੀ	ਹੋਇ॥
ਆਤਮਿਕ ਟਿਕਾਉ ਵਿਚ	ਗਿਆਨ, ਬੋਧ	ਹੁੰਦਾ ਹੈ

...ਤ੍ਰੈ-ਗੁਣ ਅਤੀਤ (ਵਾਹਿਗੁਰੂ ਦਾ) ਨਾਮ (ਸਭ ਗੁਣਾਂ ਦਾ ਅਮੋਲਕ) ਖਜ਼ਾਨਾ ਹੈ। (ਪਰ, ਨਾਮ ਦੀ) ਸੋਝੀ ਆਤਮਿਕ ਟਿਕਾਉ ਵਿਚ ਹੀ ਹੁੰਦੀ ਹੈ...

ਗੁਣਵੰਤੀ	ਸਾਲਾਹਿਆ,	ਸਚੇ *(ਸੱਚੇ)*	ਸਚੀ *(ਸੱਚੀ)*	ਸੋਇ॥
ਗੁਣਾਂ ਵਾਲੀ	ਉਸਤਤੀ ਕੀਤੀ ਹੈ	ਸੱਚ ਸਰੂਪ ਦੀ	ਅਟੱਲ	ਸ਼ੋਭਾ, ਵਡਿਆਈ

...(ਜਿਸ) ਗੁਣਾਂ ਵਾਲੀ (ਜੀਵ ਇਸਤ੍ਰੀ ਨੇ ਪਰਮੇਸ਼ਰ ਦੀ) ਉਸਤਤੀ ਕੀਤੀ ਹੈ, ਉਸ ਸੱਚ-ਸਰੂਪ (ਇਸਤ੍ਰੀ ਦੀ) ਸ਼ੋਭਾ, ਅਟੱਲ (ਹੁੰਦੀ ਹੈ)...

ਭੁਲਿਆ *(ਭੁੱਲਿਆਂ)*	ਸਹਜਿ *(ਸਹਿਜ)*	ਮਿਲਾਇਸੀ,
ਭੁੱਲਿਆਂ ਹੋਇਆਂ ਨੂੰ	ਆਤਮਿਕ ਟਿਕਾਉ ਵਿਚ	ਮਿਲਾ ਦਿੰਦਾ ਹੈ

ਸਬਦਿ *(ਸ਼ਬਦ)*	ਮਿਲਾਵਾ	ਹੋਇ॥੭॥
(ਗੁਰ) ਸ਼ਬਦ ਰਾਹੀਂ	ਮੇਲ, ਮਿਲਾਪ	ਹੁੰਦਾ ਹੈ

...(ਪਰਮੇਸ਼ਰ, ਮਾਇਆਵੀ ਵਿਕਾਰਾਂ ਵਿਚ) ਭੁੱਲਿਆਂ ਹੋਇਆਂ ਨੂੰ ਵੀ ਆਤਮਿਕ ਟਿਕਾਉ ਵਿਚ ਮਿਲਾ ਦਿੰਦਾ ਹੈ, (ਪਰ ਇਹ) ਮੇਲ (ਸਤਿਗੁਰੂ ਦੇ) ਸ਼ਬਦ ਰਾਹੀਂ ਹੀ ਹੁੰਦਾ ਹੈ...

ਬਿਨੁ *(ਬਿਨ)*	ਸਹਜੈ, *(ਸਹਿਜੈ)*	ਸਭੁ *(ਸਭ)*	ਅੰਧੁ *(ਅੰਧ)*	ਹੈ,
ਬਿਨਾਂ	ਆਤਮਿਕ ਟਿਕਾਉ ਤੋਂ	ਸਾਰਾ(ਕੁਝ)	ਹਨ੍ਹੇਰਾ	ਹੋਣ ਦੀ ਕ੍ਰਿਆ

ਮਾਇਆ	ਮੋਹੁ *(ਮੋਹ)*	ਗੁਬਾਰੁ *(ਗੁਬਾਰ)* ॥
ਧਨ, ਦੌਲਤ	ਸਨੇਹ, ਲਗਾਓ	ਅੰਧਕਾਰ, ਘੁੱਪ ਹਨ੍ਹੇਰ

...ਆਤਮਿਕ ਟਿਕਾਉ ਤੋਂ ਬਿਨਾਂ ਸਭ ਕੁਝ (ਅਗਿਆਨ ਦਾ) ਹਨ੍ਹੇਰਾ ਹੈ, (ਸੰਸਾਰ ਤੇ) ਮਾਇਆਵੀ (ਪਰਪੰਚ ਦੇ) ਮੋਹ ਦਾ ਗੁਬਾਰ ਚੜ੍ਹਿਆ ਪਿਆ ਹੈ...

ਅੰਕ ੬੮

ਸਹਜੇ *(ਸਹਿਜੇ)*	**ਹੀ**	**ਸੋਝੀ**	**ਪਈ,**
ਆਤਮਿਕ ਟਿਕਾਉ ਵਿਚ	ਕੇਵਲ	ਸਮਝ, ਗਿਆਨ	ਪੈਂਦੀ ਹੈ

ਸਚੈ *(ਸੱਚੈ)*	**ਸਬਦਿ** *(ਸ਼ਬਦ)*	**ਅਪਾਰਿ** *(ਅਪਾਰ)* ॥
ਸਦਾ ਸਥਿਰ(ਪ੍ਰਭੂ)	ਸ਼ਬਦ ਰਾਹੀਂ	ਪਾਰ ਰਹਿਤ/ਬੇਅੰਤ (ਪ੍ਰਭੂ) ਦਾ

...ਸਦਾ ਸਥਿਰ, (ਵਾਹਿਗੁਰੂ ਦੇ) ਸ਼ਬਦ ਦੁਆਰਾ, ਸਹਿਜ ਅਵਸਥਾ ਵਿਚ ਟਿਕਿਆਂ ਹੀ, ਬੇਅੰਤ (ਈਸ਼ਵਰ) ਦਾ ਗਿਆਨ, ਪ੍ਰਾਪਤ ਹੁੰਦਾ ਹੈ...

ਆਪੇ	**ਬਖਸਿ** *(ਬਖਸ਼)*	**ਮਿਲਾਇਅਨੁ,** *(ਮਿਲਾਇਅਨ)*
ਆਪ ਹੀ	ਬਖਸ਼ਿਸ਼ ਕਰਕੇ	ਮਿਲਾ ਲਿਆ

ਪੂਰੇ	**ਗੁਰ**	**ਕਰਤਾਰਿ** *(ਕਰਤਾਰ)* ॥੮॥
ਪੂਰਨ ਨੇ	ਗੁਰੂ	ਕਰਤਾ ਪੁਰਖ

...(ਜਿਨ੍ਹਾਂ ਨੂੰ ਇਹ ਗਿਆਨ ਪ੍ਰਾਪਤ ਹੋ ਗਿਆ ਹੈ, ਉਨ੍ਹਾਂ ਨੂੰ) ਪੂਰੇ ਗੁਰ-ਕਰਤਾਰ ਨੇ, ਆਪ ਹੀ (ਆਪਣੀ) ਬਖਸ਼ਿਸ਼ ਕਰਕੇ (ਆਪਣੇ ਨਾਲ) ਮਿਲਾ ਲਿਆ ਹੈ...

ਸਹਜੇ *(ਸਹਿਜੇ)*	**ਅਦਿਸਟੁ** *(ਅਦਿਸ਼ਟ)*	**ਪਛਾਣੀਐ,**
ਆਤਮਿਕ ਟਿਕਾਉ ਵਿਚ	ਨਾ ਦਿਖਣ ਵਾਲਾ(ਪ੍ਰਭੂ)	ਪਛਾਣੀਦਾ ਹੈ

ਨਿਰਭਉ	**ਜੋਤਿ** *(ਜੋਤ)*	**ਨਿਰੰਕਾਰੁ** *(ਨਿਰੰਕਾਰ)* ॥
ਭੈ ਰਹਿਤ	ਜੋਤ/ਚਾਨਣ ਸਰੂਪ	ਨਿਰ ਅਕਾਰ

...ਆਤਮਿਕ ਟਿਕਾਉ ਵਿਚ ਹੀ, ਅਦ੍ਰਿਸ਼ਟ, ਨਿਰਭਉ, ਨਿਰੰਕਾਰ ਅਤੇ ਚਾਨਣਮਈ (ਵਾਹਿਗੁਰੂ ਨੂੰ) ਪਹਿਚਾਣੀਦਾ ਹੈ, ਭਾਵ ਉਸ ਦਾ ਗਿਆਨ ਹੁੰਦਾ ਹੈ...

ਸਭਨਾ	**ਜੀਆ** *(ਜੀਆਂ)*	**ਕਾ**	**ਇਕੁ** *(ਇੱਕ)*	**ਦਾਤਾ,**
ਸਾਰਿਆਂ	ਜੀਵਾਂ	ਦਾ	ਇੱਕੋ ਹੀ	ਦਾਤਾਂ ਦੇਣ ਵਾਲਾ

ਜੋਤੀ	**ਜੋਤਿ** *(ਜੋਤ)*	**ਮਿਲਾਵਣਹਾਰੁ** *(ਮਿਲਾਵਣਹਾਰ)* ॥
ਜੋਤ ਨੂੰ	ਜੋਤ ਵਿਚ	ਮਿਲਾਉਣ ਵਾਲਾ

...(ਸੰਸਾਰ ਦੇ) ਸਾਰਿਆਂ ਜੀਵਾਂ ਨੂੰ ਦਾਤਾਂ ਦੇਣ ਵਾਲਾ ਇੱਕੋ (ਵਾਹਿਗੁਰੂ) ਹੀ ਹੈ, ਅਤੇ (ਉਹ ਹੀ, ਜੀਵ ਦੀ) ਜੋਤ ਨੂੰ (ਆਪਣੀ) ਜੋਤ ਵਿਚ ਮਿਲਾਉਣ ਵਾਲਾ ਹੈ...

ਅੰਕ ੬੮-੬੯

ਪੂਰੈ	ਸਬਦਿ *(ਸ਼ਬਦ)*	ਸਲਾਹੀਐ,
ਪੂਰਨ ਦੇ	ਸ਼ਬਦ ਰਾਹੀਂ	ਸਿਫ਼ਤ ਸਲਾਹ ਕਰੀਏ

ਜਿਸ	ਦਾ	ਅੰਤੁ *(ਅੰਤ)*	ਨ *(ਨਾਂ)*	ਪਾਰਾਵਾਰੁ *(ਪਾਰਾਵਾਰ)* ॥੯॥
ਜਿਹੜੇ	ਸੰਬੰਧ ਬੋਧਕ ਸ਼ਬਦ	ਅਖ਼ੀਰ	ਨਹੀਂ	ਆਰ-ਪਾਰ

...ਜਿਸ (ਪਰਮੇਸ਼ਰ) ਦਾ ਕੋਈ ਅੰਤ ਨਹੀਂ ਅਤੇ ਨਾ ਹੀ ਉਸ ਦਾ ਕੋਈ ਪਾਰਾਵਾਰ ਹੈ, ਉਸ ਦੀ ਪੂਰਨ (ਸਤਿਗੁਰੂ) ਦੇ ਸ਼ਬਦ ਰਾਹੀਂ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ...

ਗਿਆਨੀਆ *(ਗਿਆਨੀਆਂ)*	ਕਾ	ਧਨੁ *(ਧਨ)*	ਨਾਮੁ *(ਨਾਮ)*	ਹੈ,
ਬ੍ਰਹਮ ਦਾ ਗਿਆਨ ਰੱਖਣ ਵਾਲਿਆਂ	ਦਾ	ਦੌਲਤ	(ਪ੍ਰਭੂ) ਨਾਮ	ਹੋਣ ਦੀ ਕ੍ਰਿਆ

ਸਹਜਿ *(ਸਹਿਜ)*	ਕਰਹਿ *(ਕਰਹਿਂ)*	ਵਾਪਾਰੁ *(ਵਾਪਾਰ)* ॥
ਆਤਮਿਕ ਟਿਕਾਉ ਵਿਚ	ਕਰਦੇ	ਵਣਜ

...(ਬ੍ਰਹਮ) ਗਿਆਨੀਆਂ ਦੀ ਦੌਲਤ (ਪਰਮੇਸ਼ਰ ਦਾ) ਨਾਮ ਹੀ ਹੈ, ਅਤੇ (ਉਹ) ਸਹਿਜ ਅਵਸਥਾ ਵਿਚ ਇਸ ਦਾ ਵਪਾਰ ਕਰਦੇ ਹਨ...

ਅਨਦਿਨੁ *(ਅਨਦਿਨ)*	ਲਾਹਾ	ਹਰਿ *(ਹਰ)*	ਨਾਮੁ *(ਨਾਮ)*	ਲੈਨਿ, *(ਲੈਨ)*
ਨਿਤਾਪ੍ਰਤੀ, ਭਾਵ ਨਿਰੰਤਰ	ਲਾਭ	ਪ੍ਰਭੂ	ਨਾਮ, ਬੰਦਗੀ	ਲੈਂਦੇ

ਅਖੁਟ *(ਅਖੁੱਟ)*	ਭਰੇ	ਭੰਡਾਰ ॥
ਅਤੁੱਟ	ਭਰਪੂਰ	ਖ਼ਜ਼ਾਨੇ

...(ਉਹ) ਨਿਤਾਪ੍ਰਤੀ ਭਾਵ ਨਿਰੰਤਰ (ਪਰਮੇਸ਼ਰ ਦੇ) ਨਾਮ ਦਾ ਲਾਹਾ ਲੈਂਦੇ ਹਨ, ਅਤੇ (ਉਨ੍ਹਾਂ ਦੇ ਨਾਮ ਨਾਲ) ਭਰਪੂਰ ਖਜ਼ਾਨੇ, ਅਤੁੱਟ ਭਾਵ ਕਦੇ ਨਾ ਮੁੱਕਣ ਵਾਲੇ ਹਨ...

ਨਾਨਕ,	ਤੋਟਿ *(ਤੋਟ)*	ਨ *(ਨਾਂ)*	ਆਵਈ,
ਹੇ ! ਨਾਨਕ	ਕਮੀ, ਘਾਟਾ	ਨਹੀਂ	ਆਉਂਦੀ

ਦੀਏ	ਦੇਵਣਹਾਰਿ *(ਦੇਵਣਹਾਰ)* ॥੧੦॥੬॥੨੩॥
ਦਿੱਤੇ	ਦੇਣ ਵਾਲੇ, ਦਾਤਾਰ (ਪ੍ਰਭੂ)

...ਹੇ! ਨਾਨਕ! ਇਨ੍ਹਾਂ (ਅਖੁੱਟ ਖਜ਼ਾਨਿਆਂ ਵਿਚ ਕਦੇ ਵੀ) ਤੋਟ ਨਹੀਂ ਆਉਂਦੀ, (ਕਿਉਂਕਿ ਇਹ) ਦੇਣਹਾਰ (ਪਰਮੇਸ਼ਰ ਨੇ ਆਪ ਹੀ) ਬਖਸ਼ਿਸ਼ ਕੀਤੇ ਹਨ।

ਅੰਕ ੬੯

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਸਤਿਗੁਰਿ *(ਸਤਗੁਰ)*	ਮਿਲਿਐ,	ਫੇਰੁ *(ਫੇਰ)*	ਨ *(ਨਾਂ)*	ਪਵੈ,
ਸਤਿਗੁਰੂ ਦੇ	ਮਿਲਣ ਨਾਲ	ਫੇਰਾ, ਚੱਕਰ	ਨਹੀਂ	ਪੈਂਦਾ

ਜਨਮ	ਮਰਣ	ਦੁਖੁ *(ਦੁੱਖ)*	ਜਾਇ ॥
ਜੰਮਣ	ਮਰਨ	ਕਸ਼ਟ, ਤਕਲੀਫ਼	ਚਲਾ ਜਾਂਦਾ, ਦੂਰ ਹੋ ਜਾਂਦਾ

...ਸਤਿਗੁਰੂ ਦੇ ਮਿਲਾਪ ਨਾਲ ਆਵਾਗਉਣ ਦਾ ਗੇੜ ਨਹੀਂ ਪੈਂਦਾ, ਅਤੇ ਜੰਮਣ ਮਰਣ ਦਾ ਦੁੱਖ ਦੂਰ ਹੋ ਜਾਂਦਾ ਹੈ...

ਪੂਰੈ	ਸਬਦਿ, *(ਸ਼ਬਦ)*	ਸਭ	ਸੋਝੀ	ਹੋਈ,
ਪੂਰਨ (ਸਤਿਗੁਰੂ) ਦੇ	ਸ਼ਬਦ ਰਾਹੀਂ	ਮੁਕੰਮਲ, ਸਾਰਾ	ਗਿਆਨ	ਹੋਇਆ

ਹਰਿ *(ਹਰ)*	ਨਾਮੇ	ਰਹੈ	ਸਮਾਇ ॥੧॥
ਪਰਮੇਸ਼ਰ	ਨਾਮ ਵਿਚ	ਰਹਿੰਦਾ	ਅਭੇਦ, ਲੀਨ

...(ਜਿਸ ਨੂੰ) ਪੂਰਨ ਸਤਿਗੁਰੂ ਦੇ ਸ਼ਬਦ ਰਾਹੀਂ (ਜੀਵਨ ਦਾ) ਮੁਕੰਮਲ ਗਿਆਨ ਹੋ ਜਾਂਦਾ ਹੈ, ਉਹ ਪਰਮੇਸ਼ਰ ਦੇ ਨਾਮ ਵਿਚ ਅਭੇਦ ਰਹਿੰਦਾ ਹੈ...

ਮਨ	ਮੇਰੇ,	ਸਤਿਗੁਰ *(ਸਤਗੁਰ)*	ਸਿਉ *(ਸਿਉਂ)*	ਚਿਤੁ *(ਚਿੱਤ)*	ਲਾਇ ॥
ਚਿੱਤ	ਖ਼ੁਦ ਦੇ	ਸੱਤ ਸਰੂਪ ਗੁਰੂ	ਨਾਲ	ਹਿਰਦਾ, ਬਿਰਤੀ	ਜੋੜ

...ਹੇ! ਮੇਰੇ ਮਨਾ! ਸਤਿਗੁਰੂ ਨਾਲ (ਆਪਣਾ)ਹਿਰਦਾ ਜੋੜ...

ਨਿਰਮਲੁ *(ਨਿਰਮਲ)*	ਨਾਮੁ, *(ਨਾਮ)*	ਸਦ	ਨਵਤਨੋ,
ਪਵਿੱਤਰ	(ਪ੍ਰਭੂ) ਨਾਮ	ਹਮੇਸ਼ਾਂ	ਨਵਾਂ, ਨਵੀਨ

ਆਪਿ *(ਆਪ)*	ਵਸੈ	ਮਨਿ *(ਮਨ)*	ਆਇ ॥੧॥	ਰਹਾਉ ॥
ਖ਼ੁਦ ਹੀ	ਵੱਸ ਜਾਂਦਾ ਹੈ	ਮਨ ਵਿਚ	ਆਕੇ	ਠਹਿਰਾਉ

...(ਪਰਮੇਸ਼ਰ ਦਾ) ਪਵਿੱਤਰ ਨਾਮ ਸਦ-ਨਵਤਨ, ਭਾਵ ਨਿਤਾਪ੍ਰਤੀ ਨਵਾਂ ਅਨੰਦ ਦੇਣ ਵਾਲਾ ਹੈ, (ਸਤਿਗੁਰੂ ਨਾਲ ਹਿਰਦਾ ਜੋੜਨ ਕਰਕੇ ਪਰਮਾਤਮਾ) ਆਪਣੇ ਆਪ ਹੀ (ਧਰਮ-ਸਾਧਕ ਦੇ) ਹਿਰਦੇ ਵਿਚ ਆ ਵਸਦਾ ਹੈ...

ਅੰਕ ੬੯

ਹਰਿ *(ਹਰ)*	ਜੀਉ,	ਰਾਖਹੁ	ਅਪੁਨੀ *(ਅਪਨੀ)*	ਸਰਣਾਈ, *(ਸ਼ਰਣਾਈ)*
ਪ੍ਰਭੂ	ਜੀ	ਰੱਖੋ	ਆਪਣੀ	ਸ਼ਰਣ ਵਿਚ, ਓਟ ਵਿਚ

ਜਿਉ *(ਜਿਉਂ)*	ਰਾਖਹਿ *(ਰਾਖਹਿਂ)*	ਤਿਉ *(ਤਿਉਂ)*	ਰਹਣਾ *(ਰਹਿਣਾ)* ॥
ਜਿਵੇਂ	ਰੱਖੇ	ਤਿਵੇਂ	ਰਹਿਣਾ, ਟਿਕਣਾ, ਵਸਣਾ

...(ਹੇ!) ਵਾਹਿਗੁਰੂ ਜੀ (ਕਿਰਪਾ ਕਰਕੇ ਸਾਨੂੰ) ਆਪਣੀ ਸ਼ਰਣ ਵਿਚ ਰੱਖੋ, ਜਿਵੇਂ ਵੀ ਤੁਸੀਂ ਰੱਖੋਗੇ, ਤਿਵੇਂ ਹੀ (ਅਸੀਂ) ਰਹਿਣਾ ਹੈ...

ਗੁਰ	ਕੈ	ਸਬਦਿ *(ਸ਼ਬਦ)*	ਜੀਵਤੁ *(ਜੀਵਤ)*	ਮਰੈ,
ਸਤਿਗੁਰੂ	ਦੇ	ਸ਼ਬਦ ਰਾਹੀਂ	ਜਿਉਂਦਿਆਂ	ਮਰ ਜਾਂਦਾ ਹੈ

ਗੁਰਮੁਖਿ *(ਗੁਰਮੁਖ)*	ਭਵਜਲੁ *(ਭਵਜਲ)*	ਤਰਣਾ ॥੨॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਸੰਸਾਰ ਸਾਗਰ	ਤਰ ਜਾਂਦਾ ਹੈ

...(ਜੋ) ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਗੁਰ) ਸ਼ਬਦ ਦੀ (ਕਮਾਈ ਕਰਕੇ), ਜਿਉਂਦਿਆਂ ਹੀ ਮਰ ਜਾਂਦਾ ਹੈ, ਭਾਵ ਆਪਣੀ ਹਉਮੈ, ਅਹੰਕਾਰ ਨੂੰ ਮਿਟਾਕੇ, ਮਾਇਆਵੀ ਵਿਕਾਰਾਂ ਤੋਂ ਉਪਰ ਉਠ ਜਾਂਦਾ ਹੈ, ਉਹ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ...

ਵਡੈ	ਭਾਗਿ *(ਭਾਗ)*	ਨਾਉ *(ਨਾਉਂ)*	ਪਾਈਐ,
ਵੱਡਿਆਂ	ਭਾਗਾਂ ਰਾਹੀਂ	(ਪ੍ਰਭੂ) ਨਾਮ	ਪਾਈਦਾ ਹੈ

ਗੁਰਮਤਿ *(ਗੁਰਮੱਤ)*	ਸਬਦਿ *(ਸ਼ਬਦ)*	ਸੁਹਾਈ ॥
ਸਤਿਗੁਰੂ ਦੀ ਮੱਤ ਰਾਹੀਂ	(ਗੁਰ) ਸ਼ਬਦ ਦੁਆਰਾ	ਸੁੰਦਰ

...ਵੱਡਿਆਂ ਭਾਗਾਂ ਨਾਲ (ਵਾਹਿਗੁਰੂ ਦੇ) ਨਾਮ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੀ ਮੱਤ ਰਾਹੀਂ, (ਗੁਰ) ਸ਼ਬਦ (ਦੀ ਕਮਾਈ) ਦੁਆਰਾ (ਮਨੁੱਖੀ ਜ਼ਿੰਦਗੀ) ਸੁਹਣੀ ਬਣ ਜਾਂਦੀ ਹੈ...

ਆਪੇ	ਮਨਿ *(ਮਨ)*	ਵਸਿਆ	ਪ੍ਰਭੁ *(ਪ੍ਰਭ)*	ਕਰਤਾ,
ਆਪ ਹੀ	ਚਿੱਤ ਵਿਚ	ਵੱਸ ਜਾਂਦਾ	ਪਰਮਾਤਮਾ	ਕਰਤਾ ਪੁਰਖ

ਸਹਜੇ *(ਸਹਿਜੇ)*	ਰਹਿਆ	ਸਮਾਈ ॥੩॥
ਆਤਮਿਕ ਟਿਕਾਉ ਰਾਹੀਂ	ਰਹਿੰਦਾ	ਅਭੇਦ, ਲੀਨ

ਅੰਕ ੬੯

...(ਫਿਰ) ਕਰਤਾ ਪੁਰਖ ਵਾਹਿਗੁਰੂ ਆਪ ਹੀ (ਧਰਮ-ਸਾਧਕ ਦੇ) ਚਿੱਤ ਵਿਚ ਵੱਸ ਜਾਂਦਾ ਹੈ, ਅਤੇ (ਉਹ) ਆਤਮਿਕ ਟਿਕਾਉ ਰਾਹੀਂ (ਪਰਮੇਸ਼ਰ ਵਿਚ) ਅਭੇਦ ਰਹਿੰਦਾ ਹੈ...

ਇਕਨਾ,	**ਮਨਮੁਖਿ,** *(ਮਨਮੁੱਖ)*	**ਸਬਦੁ** *(ਸ਼ਬਦ)*	**ਨ** *(ਨਾਂ)*	**ਭਾਵੈ,**
ਕਈਆਂ ਨੂੰ	ਮਨਮੱਤੀਆਂ	(ਗੁਰ) ਸ਼ਬਦ	ਨਹੀਂ	ਭਾਉਂਦਾ, ਚੰਗਾ ਲਗਦਾ

ਬੰਧਨਿ *(ਬੰਧਨ)*	**ਬੰਧਿ** *(ਬੰਧ)*	**ਭਵਾਇਆ ॥**
ਬੰਧਨਾਂ ਵਿਚ	ਬੰਨ੍ਹ ਕੇ	ਫਿਰਾਇਆ, ਭਟਕਾਇਆ

...ਕਈ ਮਨਮੁੱਖਾਂ ਨੂੰ (ਸਤਿਗੁਰੂ ਦਾ) ਸ਼ਬਦ ਚੰਗਾ ਨਹੀਂ ਲਗਦਾ, (ਕਰਤਾ ਪੁਰਖ ਵਲੋਂ ਉਨ੍ਹਾਂ ਨੂੰ ਮਾਇਆ ਦੇ) ਬੰਧਨਾਂ ਵਿਚ ਬੰਨ੍ਹਕੇ (ਚੁਰਾਸੀ ਦੇ ਗੇੜ ਵਿਚ) ਭੁਆਇਆ ਜਾਂਦਾ ਹੈ...

ਲਖ *(ਲੱਖ)*	**ਚਉਰਾਸੀਹ,**	**ਫਿਰਿ** *(ਫਿਰ)*	**ਫਰਿ** *(ਫਿਰ)*	**ਆਵੈ** *(ਆਵੈਂ),*
ਗਿਣਤੀ ਦੀ ਇਕਾਈ	ਚੁਰਾਸੀ	ਦੁਬਾਰਾ	ਦੁਬਾਰਾ	ਆਉਂਦੇ

ਬਿਰਥਾ	**ਜਨਮੁ** *(ਜਨਮ)*	**ਗਵਾਇਆ ॥੪॥**
ਵਿਅਰਥ	ਜੀਵਨ	ਬਤੀਤ ਕੀਤਾ

...(ਉਹ) ਮੁੜ ਮੁੜ ਕੇ ਚੁਰਾਸੀ ਲੱਖ ਜੂਨਾਂ ਦੇ ਗੇੜ ਵਿਚ ਆਉਂਦੇ ਹਨ, ਅਤੇ (ਮੁਨੱਖਾ ਜੀਵਨ) ਵਿਅਰਥ ਹੀ ਗੁਆ ਲੈਂਦੇ ਹਨ...

ਭਗਤਾ *(ਭਗਤਾਂ)*	**ਮਨਿ** *(ਮਨ)*	**ਆਨੰਦੁ** *(ਆਨੰਦ)*	**ਹੈ,**
ਭਗਤੀ ਕਰਨ ਵਾਲਿਆਂ	ਮਨ ਵਿਚ	(ਨਾਮ) ਸੁੱਖ, ਆਨੰਦ, ਖੇੜਾ	ਹੋਣ ਦੀ ਕ੍ਰਿਆ

ਸਚੈ *(ਸੱਚੈ)*	**ਸਬਦਿ** *(ਸ਼ਬਦ)*	**ਰੰਗਿ** *(ਰੰਗ)*	**ਰਾਤੇ ॥**
ਸਦਾ-ਸਥਿਰ(ਪ੍ਰਭੂ) ਦੇ	ਸ਼ਬਦ ਦੁਆਰਾ	(ਨਾਮ) ਰੰਗ ਵਿਚ	ਰੰਗੇ

...(ਪ੍ਰਭੂ) ਭਗਤਾਂ ਦੇ ਹਿਰਦੇ ਵਿਚ, (ਸਦਾ ਪ੍ਰਭੂ ਨਾਮ ਦਾ) ਖੇੜਾ ਰਹਿੰਦਾ ਹੈ, ਉਹ ਸਦਾ-ਸਥਿਰ (ਵਾਹਿਗੁਰੂ) ਦੇ ਸ਼ਬਦ ਦੁਆਰਾ (ਪਰਮੇਸ਼ਰ ਦੇ ਨਾਮ) ਰੰਗ ਵਿਚ ਰੰਗੇ ਰਹਿੰਦੇ ਹਨ...

ਅਨਦਿਨੁ *(ਅਨਦਿਨ)*	**ਗੁਣ**	**ਗਾਵਹਿ** *(ਗਾਵਹਿਂ)*	**ਸਦ**	**ਨਿਰਮਲ,**
ਨਿਤਾਪ੍ਰਤੀ, ਹਰ ਰੋਜ਼	ਚੰਗਿਆਈਆਂ	ਗਾਇਨ ਕਰਦੇ	ਹਮੇਸ਼ਾਂ	ਪਵਿੱਤਰ

ਸਹਜੇ *(ਸਹਿਜੇ)*	**ਨਾਮਿ** *(ਨਾਮ)*	**ਸਮਾਤੇ ॥੫॥**
ਆਤਮਿਕ ਟਿਕਾਉ ਵਿਚ	(ਪ੍ਰਭੂ) ਨਾਮ ਵਿਚ	ਸਮਾਏ ਹੋਏ, ਅਭੇਦ

ਅੰਕ ੬੯

...(ਉਹ) ਨਿਤਾਪ੍ਰਤੀ ਭਾਵ ਨਿਰੰਤਰ ਪਵਿੱਤਰ (ਵਾਹਿਗੁਰੂ ਜੀ) ਦੀਆਂ ਚੰਗਿਆਈਆਂ ਦਾ ਗਾਇਨ ਕਰਦੇ ਰਹਿੰਦੇ ਹਨ, ਅਤੇ ਆਤਮਿਕ ਟਿਕਾਉ ਰਾਹੀਂ (ਪਰਮੇਸ਼ਰ ਦੇ) ਨਾਮ ਵਿਚ ਲੀਨ ਰਹਿੰਦੇ ਹਨ...

ਗੁਰਮੁਖਿ, *(ਗੁਰਮੁਖ)*	**ਅੰਮ੍ਰਿਤ**	**ਬਾਣੀ**	**ਬੋਲਹਿ,** *(ਬੋਲਹਿਂ)*
ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ	ਅੰਮ੍ਰਿਤਮਈ, ਮਿੱਠੀ	ਬਚਨ, ਬੋਲ	ਬੋਲਦੇ ਹਨ

ਸਭ	**ਆਤਮ**	**ਰਾਮੁ** *(ਰਾਮ)*	**ਪਛਾਣੀ ॥**
ਸਾਰੀਆਂ	ਆਤਮਾਵਾਂ	ਪਰਮੇਸ਼ਰ	ਪਛਾਣਦੇ

...ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ, (ਸਦਾ ਹੀ) ਅੰਮ੍ਰਿਤਮਈ ਮਿੱਠੇ ਬਚਨ ਬੋਲਦੇ ਹਨ, (ਕਿਉਂਕਿ ਉਹ) ਸਾਰੀਆਂ ਆਤਮਾਵਾਂ ਵਿਚ (ਇਕ) ਪਰਮੇਸ਼ਰ (ਦੇ ਵਾਸੇ ਨੂੰ) ਪਹਿਚਾਣਦੇ ਭਾਵ ਅਨੁਭਵ ਕਰਦੇ ਹਨ...

ਏਕੋ	**ਸੇਵਨਿ,** *(ਸੇਵਨ)*	**ਏਕੁ** *(ਏਕ)*	**ਅਰਾਧਹਿ,** *(ਅਰਾਧਹਿਂ)*
ਇੱਕੋ (ਪਰਮੇਸ਼ਰ)	ਸਿਮਰਦੇ, ਸੇਂਵਦੇ	ਇੱਕੋ (ਪ੍ਰਭੂ)	ਅਰਾਧਨਾ ਕਰਦੇ

ਗੁਰਮੁਖਿ *(ਗੁਰਮੁਖ)*	**ਅਕਥ** *(ਅਕੱਥ)*	**ਕਹਾਣੀ ॥੬॥**
ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ	ਅਕਹਿ(ਪ੍ਰਭੂ)	ਕਥਾ

...ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ, ਇੱਕੋ ਪ੍ਰਭੂ ਨੂੰ ਸਿਮਰਦੇ ਅਤੇ ਇੱਕੋ ਪ੍ਰਭੂ ਨੂੰ ਅਰਾਧਦੇ ਹਨ, ਅਤੇ ਅਕੱਥ (ਪਰਮੇਸ਼ਰ ਦੀ) ਕਥਾ ਕਹਾਣੀ ਕਹਿੰਦੇ ਹਨ...

ਸਚਾ *(ਸੱਚਾ)*	**ਸਾਹਿਬੁ** *(ਸਾਹਿਬ)*	**ਸੇਵੀਐ,**
ਸਦਾ ਸਥਿਰ ਰਹਿਣ ਵਾਲਾ	ਪਰਮੇਸ਼ਰ	ਸਿਮਰੀਏ

ਗੁਰਮੁਖਿ *(ਗੁਰਮੁਖ)*	**ਵਸੈ**	**ਮਨਿ** *(ਮਨ)*	**ਆਇ॥**
ਸਤਿਗੁਰੂ ਦੇ ਸਨਮੁੱਖ ਰਹਿਣ ਵਾਲਿਆਂ ਦੇ	ਵੱਸ ਜਾਂਦਾ	ਚਿੱਤ ਵਿਚ	ਆਕੇ

...(ਜਿਹੜੇ) ਸਦਾ-ਸਥਿਰ ਰਹਿਣ ਵਾਲੇ ਸਾਹਿਬ ਨੂੰ ਸਿਮਰਦੇ ਹਨ, ਉਨ੍ਹਾਂ ਗੁਰਮੁੱਖ-ਜਨਾਂ ਦੇ ਹਿਰਦੇ ਵਿਚ (ਪਰਮੇਸ਼ਰ) ਆ ਵੱਸਦਾ ਹੈ...

ਸਦਾ	**ਰੰਗਿ** *(ਰੰਗ)*	**ਰਾਤੇ**	**ਸਚ** *(ਸੱਚ)*	**ਸਿਉ,** *(ਸਿਉਂ)*
ਹਮੇਸ਼ਾਂ	ਰੰਗ ਵਿਚ	ਰੰਗੇ	ਸਦਾ-ਸਥਿਰ (ਪ੍ਰਭੂ)	ਨਾਲ

ਅਪੁਨੀ *(ਅਪਨੀ)*	**ਕਿਰਪਾ**	**ਕਰੇ**	**ਮਿਲਾਇ॥੭॥**
ਆਪਣੀ	ਮਿਹਰ	ਕਰਕੇ	ਮਿਲਾ ਲੈਂਦਾ

ਅੰਕ ੬੯

...(ਅਜਿਹੇ ਗੁਰਮੁੱਖ) ਹਮੇਸ਼ਾਂ ਹੀ ਸਦਾ-ਸਥਿਰ ਪਰਮੇਸ਼ਰ ਦੇ ਰੰਗ ਵਿਚ ਰੰਗੇ ਰਹਿੰਦੇ ਹਨ, ਅਤੇ (ਉਨ੍ਹਾਂ ਨੂੰ ਵਾਹਿਗੁਰੂ) ਆਪਣੀ ਕਿਰਪਾ ਕਰਕੇ (ਆਪਣੇ ਨਾਲ) ਮਿਲਾ ਲੈਂਦਾ ਹੈ...

ਆਪੇ	ਕਰੇ,	ਕਰਾਏ	ਆਪੇ,
ਖ਼ੁਦ ਹੀ	ਕਰਦਾ	ਕਰਵਾਉਂਦਾ	ਆਪ ਹੀ
ਇਕਨਾ	ਸੁਤਿਆ, *(ਸੁੱਤਿਆਂ)*	ਦੇਇ *(ਦੇ)*	ਜਗਾਇ॥
ਕਈਆਂ ਨੂੰ	ਨੀਂਦਰ ਅਵਸਥਾ ਵਿਚੋਂ	ਦੇਂਦਾ	ਉਠਾਲ, ਜਗਾ

...(ਪਰਮੇਸ਼ਰ) ਖ਼ੁਦ ਹੀ (ਸੰਸਾਰ ਦੇ ਕਾਰ ਵਿਹਾਰ) ਕਰਦਾ ਅਤੇ ਕਰਵਾਉਂਦਾ ਹੈ। ਕਈਆਂ ਨੂੰ (ਮਾਇਆ ਵਿਚ) ਸੁੱਤਿਆਂ ਹੋਇਆਂ ਨੂੰ ਉਠਾਲ ਦਿੰਦਾ ਹੈ, (ਅਤੇ ਨਾਮ ਦੀਆਂ ਦਾਤਾਂ ਬਖਸ਼ ਦਿੰਦਾ ਹੈ)...

ਆਪੇ	ਮੇਲਿ *(ਮੇਲ)*	ਮਿਲਾਇਦਾ, *(ਮਿਲਾਇੰਦਾ)*
ਆਪ ਹੀ	ਮਿਲਾਪ	ਮਿਲਾ ਦਿੰਦਾ
ਨਾਨਕ	ਸਬਦਿ *(ਸ਼ਬਦ)*	ਸਮਾਇ॥੮॥੭॥੨੪॥
ਹੇ! ਨਾਨਕ	(ਗੁਰ) ਸ਼ਬਦ ਵਿਚ	ਅਭੇਦ ਕਰ ਲੈਂਦਾ, ਲੀਨ ਕਰ ਲੈਂਦਾ

...ਹੇ! ਨਾਨਕ! (ਸਾਹਿਬ) ਆਪ ਹੀ (ਆਪਣਾ) ਮਿਲਾਪ ਕਰਵਾਉਂਦਾ ਹੈ, ਅਤੇ (ਖ਼ੁਦ ਹੀ ਗੁਰ) ਸ਼ਬਦ ਰਾਹੀਂ (ਆਪਣੇ ਵਿਚ) ਅਭੇਦ ਕਰ ਲੈਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਤੀਸਰੀ

ਸਤਿਗੁਰਿ *(ਸਤਗੁਰ)*	ਸੇਵਿਐ,	ਮਨੁ *(ਮਨ)*	ਨਿਰਮਲਾ,
ਸਤਿੁਗਰੂ ਦੀ	ਸੇਵਾ ਕਰਨ ਨਾਲ	ਚਿੱਤ	ਪਵਿੱਤਰ ਹੁੰਦਾ
ਭਏ	ਪਵਿਤੁ *(ਪਵਿੱਤ)*	ਸਰੀਰ॥	
ਹੋ ਜਾਂਦੇ	ਪਵਿੱਤਰ	ਤਨ	

ਸਤਿਗੁਰੂ ਦੀ ਸੇਵਾ ਕਰਨ ਨਾਲ ਹਿਰਦਾ ਪਵਿੱਤਰ ਹੋ ਜਾਂਦਾ ਹੈ, ਅਤੇ ਸਰੀਰ ਵੀ ਨਿਰਮਲ ਹੋ ਜਾਂਦਾ ਹੈ...

ਮਨਿ *(ਮਨ)*	ਆਨੰਦੁ, *(ਆਨੰਦ)*	ਸਦਾ	ਸੁਖੁ *(ਸੱਖ)*	ਪਾਇਆ,
ਮਨ ਵਿਚ	ਸੁੱਖ, ਖੇੜਾ	ਹਮੇਸ਼ਾਂ	ਅਨੰਦ, ਪ੍ਰਸੰਨਤਾ	ਪ੍ਰਾਪਤ ਕੀਤਾ

ਅੰਕ ੬੯

ਭੇਟਿਆ	ਗਹਿਰ	ਗੰਭੀਰੁ *(ਗੰਭੀਰ)* ॥
ਮਿਲ ਪਿਆ	ਡੂੰਘਾ	ਅਥਾਹ

...(ਫਿਰ) ਮਨ ਵਿਚ ਹਮੇਸ਼ਾਂ (ਆਤਮਿਕ) ਅਨੰਦ ਅਤੇ ਸੁੱਖ ਪ੍ਰਾਪਤ ਹੋ ਜਾਂਦਾ ਹੈ, ਅਤੇ ਗਹਿਰ ਗੰਭੀਰ (ਪਰਮੇਸ਼ਰ) ਮਿਲ ਪੈਂਦਾ ਹੈ...

ਸਚੀ *(ਸੱਚੀ)*	ਸੰਗਤਿ *(ਸੰਗਤ)*	ਬੈਸਣਾ,
ਸੱਤ ਪੁਰਖਾਂ ਦੀ	ਸੰਗਤ ਵਿਚ	ਬੈਠਣਾ

ਸਚਿ *(ਸੱਚ)*	ਨਾਮਿ *(ਨਾਮ)*	ਮਨੁ *(ਮਨ)*	ਧੀਰ ॥੧॥
ਸਦਾ ਸਥਿਰ (ਪ੍ਰਭੂ) ਦੇ	ਨਾਮ ਵਿਚ	ਚਿੱਤ	ਧੀਰਜ

...ਸੱਤ ਪੁਰਖਾਂ ਦੀ ਸੰਗਤ ਵਿਚ ਬਹਿਣ ਨਾਲ, ਸਦਾ-ਸਥਿਰ (ਪ੍ਰਭੂ) ਦਾ ਨਾਮ ਚਿੱਤ ਵਿਚ ਵਸ ਜਾਂਦਾ ਹੈ, ਅਤੇ ਧੀਰਜ ਪੈਦਾ ਹੁੰਦੀ ਹੈ...

ਮਨ	ਰੇ,	ਸਤਿਗੁਰੁ *(ਸਤਗੁਰ)*	ਸੇਵਿ *(ਸੇਵ)*	ਨਿਸੰਗੁ *(ਨਿਸੰਗ)* ॥
ਮਨਾ	ਹੇ!	ਸਤਿਗੁਰੂ ਨੂੰ	ਸੇਵਾ/ਟਹਿਲ ਕਰ	ਨਿਝੱਕ/ ਬੇਫ਼ਿਕਰ ਹੋਕੇ

...ਹੇ! ਮਨਾ! ਨਿਝੱਕ ਹੋ ਕੇ ਸਤਿਗੁਰੂ ਦੀ ਸੇਵਾ ਕਰ...

ਸਤਿਗੁਰੁ *(ਸਤਗੁਰ)*	ਸੇਵਿਐ,	ਹਰਿ *(ਹਰ)*	ਮਨਿ *(ਮਨ)*	ਵਸੈ,
ਸਤਿਗੁਰੂ	ਸੇਵਾ ਕਰਨ ਨਾਲ	ਪਰਮੇਸ਼ਰ	ਮਨ ਵਿਚ	ਵਸ ਜਾਂਦਾ ਹੈ

ਲਗੈ	ਨ *(ਨਾਂ)*	ਮੈਲੁ *(ਮੈਲ)*	ਪਤੰਗੁ *(ਪਤੰਗ)* ॥੧॥	ਰਹਾਉ ॥
ਲਗਦੀ	ਨਹੀਂ	ਗੰਦਗੀ	ਰੰਚਕ ਮਾਤਰ ਵੀ	ਠਹਿਰਾਉ

...ਸਤਿਗੁਰੂ ਦੀ ਸੇਵਾ ਕਰਨ ਨਾਲ, ਪਰਮੇਸ਼ਰ ਹਿਰਦੇ ਵਿਚ ਵੱਸ ਜਾਂਦਾ ਹੈ ਅਤੇ, (ਚਿੱਤ ਨੂੰ) ਰੰਚਕ ਮਾਤਰ ਵੀ ਵਿਕਾਰਾਂ ਦੀ ਮੈਲ ਨਹੀਂ ਲਗਦੀ...

ਸਚੈ *(ਸੱਚੈ)*	ਸਬਦਿ, *(ਸ਼ਬਦ)*	ਪਤਿ *(ਪਤ)*	ਊਪਜੈ,
ਸਦਾ ਸਥਿਰ (ਪ੍ਰਭੂ) ਦੇ	ਸ਼ਬਦ ਭਾਵ ਹੁਕਮ ਵਿਚ ਮਾਣ,	ਪ੍ਰਤਿਸ਼ਠਾ	ਉਪਜਦੀ

ਸਚੇ	ਸਚਾ	ਨਾਉ *(ਨਾਉਂ)* ॥
ਸਦਾ ਸਥਿਰ (ਪ੍ਰਭੂ) ਦਾ	ਸੱਚ-ਸਰੂਪ	ਨਾਮ

ਅੰਕ ੬੯

...ਸਦਾ-ਸਥਿਰ (ਪ੍ਰਭੂ ਦੇ) ਸ਼ਬਦ ਭਾਵ ਹੁਕਮ ਵਿਚ ਤੁਰਿਆਂ, ਵਾਹਿਗੁਰੂ ਦਾ ਸੱਚ-ਸਰੂਪ ਨਾਮ (ਹਿਰਦੇ ਵਿਚ) ਵੱਸ ਜਾਂਦਾ ਹੈ, ਅਤੇ ਇਸ ਸੰਸਾਰ ਵਿਚ ਤੇ ਰੱਬੀ ਦਰਗਾਹੇ ਇੱਜ਼ਤ ਮਾਣ ਪ੍ਰਾਪਤ ਹੁੰਦਾ ਹੈ...

ਜਿਨੀ *(ਜਿਨ੍ਹੀਂ)*	ਹਉਮੈ	ਮਾਰਿ *(ਮਾਰ)*	ਪਛਾਣਿਆ, *(ਪਛਾਣਿਆਂ)*
ਜਿਨ੍ਹਾਂ ਨੇ	ਅਹੰਕਾਰ	ਮਾਰ ਕੇ	ਪਛਾਣ ਲਿਆ ਹੈ

ਹਉ *(ਹਉਂ)*	ਤਿਨ *(ਤਿਨ੍ਹ)*	ਬਲਿਹਾਰੈ	ਜਾਉ *(ਜਾਉਂ)* ॥
ਮੈਂ	ਉਨ੍ਹਾਂ ਦੇ	ਸਦਕੇ, ਕੁਰਬਾਨ	ਜਾਂਦਾ ਹਾਂ

...ਜਿਨ੍ਹਾਂ ਨੇ ਅਹੰਕਾਰ ਨੂੰ ਮਿਟਾ ਕੇ (ਪਰਮੇਸ਼ਰ ਨੂੰ) ਪਛਾਣ ਲਿਆ ਹੈ, ਮੈਂ ਉਨ੍ਹਾਂ ਦੇ ਬਲਿਹਾਰ, ਬਲਿਹਾਰ ਜਾਂਦਾ ਹਾਂ...

ਮਨਮੁਖ, *(ਮਨਮੁੱਖ)*	ਸਚੁ *(ਸੱਚ)*	ਨ *(ਨਾਂ)*	ਜਾਣਨੀ,
ਮਨਮਤੀਏ	ਸਦਾ ਸਥਿਰ(ਪ੍ਰਭੂ)	ਨਹੀਂ	ਜਾਣਦੇ, ਸਮਝਦੇ

ਤਿਨ *(ਤਿਨ੍ਹ)*	ਠਉਰ	ਨ *(ਨਾਂ)*	ਕਤਹੂ *(ਕਤਹੂੰ)*	ਥਾਉ *(ਥਾਉਂ)* ॥੨॥
ਉਨ੍ਹਾਂ	ਟਿਕਾਣਾ	ਨਹੀਂ	ਕਿਤੇ ਵੀ	ਥਾਂ

...ਮਨਮੁੱਖ ਸਦਾ-ਸਥਿਰ (ਪ੍ਰਭੂ) ਨੂੰ ਨਹੀਂ ਸਮਝਦੇ, (ਜਿਸ ਕਰਕੇ ਉਨ੍ਹਾਂ ਨੂੰ) ਕਿਤੇ ਵੀ ਥਾਂ, ਟਿਕਾਣਾ ਨਹੀਂ ਮਿਲਦਾ...

ਸਚੁ *(ਸੱਚ)*	ਖਾਣਾ,	ਸਚੁ *(ਸੱਚ)*	ਪੈਨਣਾ, *(ਪੈਨ੍ਣਾ)*
ਸਦਾ-ਸਥਿਰ(ਪ੍ਰਭੂ ਦਾ ਨਾਮ)	ਭੋਜਨ	ਸਦਾ ਸਥਿਰ(ਪ੍ਰਭੂ ਦਾ ਨਾਮ)	ਪੁਸ਼ਾਕ

ਸਚੇ *(ਸੱਚੇ)*	ਹੀ	ਵਿਚਿ *(ਵਿਚ)*	ਵਾਸੁ *(ਵਾਸ)* ॥
ਸਦਾ ਸਥਿਰ (ਪ੍ਰਭੂ ਦੇ ਨਾਮ)	ਕੇਵਲ	ਅੰਦਰ	ਨਿਵਾਸ, ਵਸੇਬਾ

...(ਜਿਨ੍ਹਾਂ ਦਾ) ਭੋਜਨ ਅਤੇ ਪੁਸ਼ਾਕ, ਸਦਾ-ਸਥਿਰ (ਪਰਮੇਸ਼ਰ ਦਾ ਨਾਮ) ਬਣ ਗਿਆ ਹੈ, ਅਤੇ ਇਸੇ ਵਿਚ ਹੀ ਉਨ੍ਹਾਂ ਦਾ ਵਾਸਾ ਹੋ ਗਿਆ ਹੈ...

ਸਦਾ	ਸਚਾ *(ਸੱਚਾ)*	ਸਾਲਾਹਣਾ,
ਹਮੇਸ਼ਾਂ	ਸਦਾ ਸਥਿਰ (ਪ੍ਰਭੂ)	ਸਿਫ਼ਤ ਸਲਾਹ ਕਰਨੀ

ਸਚੈ *(ਸੱਚੈ)*	ਸਬਦਿ *(ਸ਼ਬਦ)*	ਨਿਵਾਸੁ *(ਨਿਵਾਸ)* ॥
ਸਦਾ ਸਥਿਰ(ਪ੍ਰਭੂ) ਦੇ	ਸ਼ਬਦ ਵਿਚ	ਵਾਸਾ, ਵਸੇਬਾ

ਅੰਕ ੬੯

...(ਉਹ) ਹਮੇਸ਼ਾਂ ਸਦਾ-ਸਥਿਰ (ਪ੍ਰਭੂ) ਦੀ ਸਿਫ਼ਤ ਸਲਾਹ ਕਰਦੇ ਹਨ, ਅਤੇ ਸੱਚੇ (ਵਾਹਿਗੁਰੂ) ਵਿਚ ਉਨ੍ਹਾਂ ਦਾ ਵਾਸਾ ਹੋ ਜਾਂਦਾ ਹੈ...

ਸਭੁ *(ਸਭ)*	**ਆਤਮ**	**ਰਾਮੁ** *(ਰਾਮ)*	**ਪਛਾਣਿਆ,**
ਸਾਰੀਆਂ	ਆਤਮਾਵਾਂ	ਪਰਮੇਸ਼ਰ	ਪਛਾਣ ਲੈਂਦੇ

ਗੁਰਮਤੀ *(ਗੁਰਮੱਤੀ)*	**ਨਿਜ**	**ਘਰਿ** *(ਘਰ)*	**ਵਾਸੁ** *(ਵਾਸ)* **॥੩॥**
ਗੁਰੂ ਦੀ ਮੱਤ ਰਾਹੀਂ	ਸਵੈ	ਸਰੂਪ ਵਿਚ	ਵਾਸਾ, ਨਿਵਾਸ

...(ਉਹ) ਸਾਰੀਆਂ ਆਤਮਾਵਾਂ ਵਿਚ ਵਾਹਿਗੁਰੂ ਦੀ ਪਹਿਚਾਣ ਕਰ ਲੈਂਦੇ ਹਨ, ਅਤੇ ਸਤਿਗੁਰੂ ਦੇ ਉਪਦੇਸ਼ ਰਾਹੀਂ (ਉਨ੍ਹਾਂ ਦੀ ਸੁਰਤ ਦਾ) ਅੰਤਰ ਆਤਮੇ ਵਾਸਾ ਹੋ ਜਾਂਦਾ ਹੈ...

ਸਚੁ *(ਸੱਚ)*	**ਵੇਖਣੁ,** *(ਵੇਖਣ)*	**ਸਚੁ** *(ਸੱਚ)*	**ਬੋਲਣਾ,**
ਝੂਠ ਤੋਂ ਉਲਟ, ਸੱਚ ਸਰੂਪ	ਵੇਖਣਾ	ਝੂਠ ਤੋਂ ਉਲਟ, ਸੱਚ ਸਰੂਪ	ਕਹਿਣਾ

ਤਨੁ *(ਤਨ)*	**ਮਨੁ** *(ਮਨ)*	**ਸਚਾ** *(ਸੱਚਾ)*	**ਹੋਇ॥**
ਸਰੀਰ	ਚਿੱਤ	ਝੂਠ ਤੋਂ ਉਲਟ, ਸੱਚ ਸਰੂਪ	ਹੋ ਜਾਂਦਾ

...(ਫਿਰ ਉਨ੍ਹਾਂ) ਦਾ ਵੇਖਣਾ ਅਤੇ ਬੋਲਣਾਂ ਵੀ ਸੱਚ ਸਰੂਪ ਹੋ ਜਾਂਦਾ ਹੈ, (ਅਤੇ ਉਨ੍ਹਾਂ ਦਾ) ਤਨ ਅਤੇ ਮਨ ਵੀ ਸੱਚ ਸਰੂਪ ਹੋ ਜਾਂਦੇ ਹਨ...

ਸਚੀ *(ਸੱਚੀ)*	**ਸਾਖੀ,**	**ਉਪਦੇਸੁ** *(ਉਪਦੇਸ਼)*	**ਸਚੁ,** *(ਸੱਚ)*
ਝੂਠ ਤੋਂ ਉਲਟ, ਸੱਚ ਸਰੂਪ	ਸਿੱਖਿਆ	ਮੱਤ, ਉਪਦੇਸ਼	ਸਦਾ-ਸਥਿਰ (ਪ੍ਰਭੂ)

ਸਚੇ *(ਸੱਚੇ)*	**ਸਚੀ** *(ਸੱਚੀ)*	**ਸੋਇ॥**
ਸਚਿਆਰਿਆਂ ਦੀ	ਝੂਠ ਤੋਂ ਉਲਟ, ਸੱਚ ਸਰੂਪ	ਸ਼ੋਭਾ, ਵਡਿਆਈ

...(ਉਹ) ਸਦਾ ਸਥਿਰ (ਪ੍ਰਭੂ ਦੀ) ਸੱਚ ਸਰੂਪ ਸਿੱਖਿਆ ਅਤੇ ਉਪਦੇਸ਼ (ਗ੍ਰਹਿਣ ਕਰਦੇ ਹਨ)। ਉਨ੍ਹਾਂ ਸਚਿਆਰਿਆਂ ਦੀ ਸ਼ੋਭਾ ਸਦਾ-ਸਥਿਰ ਹੀ ਹੁੰਦੀ ਹੈ...

ਜਿੰਨੀ *(ਜਿੰਨ੍ਹੀਂ)*	**ਸਚੁ** *(ਸੱਚ)*	**ਵਿਸਾਰਿਆ,**
ਜਿਨ੍ਹਾਂ ਨੇ	ਸਦਾ ਸਥਿਰ (ਪ੍ਰਭੂ) ਨੂੰ	ਭੁਲਾ ਦਿੱਤਾ

ਸੇ	**ਦੁਖੀਏ**	**ਚਲੇ**	**ਰੋਇ॥੪॥**
ਉਹ	ਦੁਖੀ, ਦੁੱਖ-ਗ੍ਰਸਤ	ਜਾਂਦੇ	ਰੋਕੇ

...ਜਿਨ੍ਹਾਂ ਨੇ ਸਦਾ-ਸਥਿਰ (ਵਾਹਿਗੁਰੂ) ਨੂੰ ਭੁਲਾ ਦਿੱਤਾ ਹੈ, ਉਹ ਦੁੱਖਾਂ ਨਾਲ ਭਰੇ ਹੋਏ, (ਇਸ ਜਗਤ ਤੋਂ) ਵਿਰਲਾਪ ਕਰਦੇ ਹੋਏ ਜਾਂਦੇ ਹਨ...

ਸਤਿਗੁਰੁ, *(ਸਤਗੁਰ)*	ਜਿਨੀ *(ਜਿਨ੍ਹੀਂ)*	ਨ *(ਨਾਂ)*	ਸੇਵਿਓ,
ਸਤਿਗੁਰੂ	ਜਿਨ੍ਹਾਂ ਨੇ	ਨਹੀਂ	ਸੇਵਿਆ, ਅਰਾਧਿਆ

ਸੇ	ਕਿਤੁ *(ਕਿਤ)*	ਆਏ	ਸੰਸਾਰਿ *(ਸੰਸਾਰ)* ॥
ਉਹ	ਕਿਉਂ	ਆਉਣਾ, ਭਾਵ ਜਨਮੇ, ਪੈਦਾ ਹੋਏ	ਸੰਸਾਰ ਵਿਚ

...(ਜਿਨ੍ਹਾਂ ਨੇ) ਨੇ ਸਤਿਗੁਰੂ ਨੂੰ ਨਹੀਂ ਅਰਾਧਿਆ, ਉਹ ਇਸ ਸੰਸਾਰ ਵਿਚ ਕਿਸ ਲਈ ਆਏ? ਭਾਵ ਉਨ੍ਹਾਂ ਨੇ ਇਸ ਜਗਤ ਵਿਚ ਕਿਉਂ ਜਨਮ ਲਿਆ?...

ਜਮ	ਦਰਿ *(ਦਰ)*	ਬਧੇ	ਮਾਰੀਅਹਿ, *(ਮਾਰੀਅਹਿਂ)*
ਮੌਤ ਦਾ ਫਰਿਸ਼ਤਾ	ਦਰ ਉੱਤੇ	ਬੰਨ੍ਹਕੇ	ਮਾਰੇ ਜਾਂਦੇ

ਕੂਕ	ਨ *(ਨਾਂ)*	ਸੁਣੈ	ਪੂਕਾਰ ॥
ਦੁੱਖ ਭਰਿਆ ਚੀਕ ਚਿਹਾੜਾ	ਨਹੀਂ	ਸੁਣਦਾ	ਪੁਕਾਰ, ਫਰਿਆਦ

...(ਉਨ੍ਹਾਂ ਨੂੰ) ਜਮ ਦੇ ਦਰਵਾਜ਼ੇ ਉਤੇ ਬਨ੍ਹਕੇ ਮਾਰਿਆ ਜਾਂਦਾ ਹੈ, (ਫਿਰ ਉਨ੍ਹਾਂ ਦਾ) ਚੀਕ ਚਿਹਾੜਾ ਅਤੇ ਫਰਿਆਦ ਕੋਈ ਨਹੀਂ ਸੁਣਦਾ...

ਬਿਰਥਾ	ਜਨਮੁ *(ਜਨਮ)*	ਗਵਾਇਆ,	
ਵਿਅਰਥ	ਜੀਵਨ	ਗੁਆਇਆ	

ਮਰਿ *(ਮਰ)*	ਜੰਮਹਿ *(ਜੰਮਹਿਂ)*	ਵਾਰੋ	ਵਾਰ ॥੫॥
ਮਰਦੇ	ਜੰਮਦੇ	ਬਾਰ	ਬਾਰ

...(ਉਨ੍ਹਾਂ ਆਪਣਾ ਮਨੁੱਖਾ) ਜਨਮ ਬਿਰਥਾ ਗੁਆ ਲਿਆ ਹੈ, (ਉਹ) ਬਾਰੰਬਾਰ ਮਰਦੇ ਅਤੇ ਜੰਮਦੇ ਰਹਿੰਦੇ ਹਨ...

ਏਹੁ *(ਏਹ)*	ਜਗੁ *(ਜਗ)*	ਜਲਤਾ	ਦੇਖਿ *(ਦੇਖ)*	ਕੈ,
ਇਹ	ਸੰਸਾਰ	ਸੜਦਾ	ਵੇਖ	ਕੇ

ਭਜਿ *(ਭਜ)*	ਪਏ	ਸਤਿਗੁਰ *(ਸਤਗੁਰ)*	ਸਰਣਾ *(ਸ਼ਰਣਾ)* ॥
ਦੌੜ ਕੇ	ਡਿੱਗੇ	ਸਤਿਗੁਰੂ	ਸ਼ਰਣ ਵਿਚ

ਅੰਕ ੭੦

...(ਜਿਹੜੇ) ਇਸ ਸੰਸਾਰ ਨੂੰ (ਮਾਇਆਵੀ ਵਿਕਾਰਾਂ ਦੀ ਅੱਗ ਵਿਚ) ਸੜਦਾ ਬਲਦਾ ਦੇਖ ਕੇ, ਸਤਿਗੁਰੂ ਦੀ ਸ਼ਰਣ ਵਿਚ ਭੱਜ ਕੇ ਡਿਗ ਪੈਂਦੇ ਹਨ...

ਸਤਿਗੁਰਿ, *(ਸਤਗੁਰ)*	**ਸਚੁ** *(ਸੱਚ)*	**ਦਿੜਾਇਆ,** *(ਦਿੜ੍ਹਾਇਆ)*
ਸਤਿਗੁਰੂ ਨੇ	ਸਦਾ ਸਥਿਰ(ਪ੍ਰਭੂ ਨਾਮ)	ਦ੍ਰਿੜ੍ਹ ਕਰਵਾ ਦਿੱਤਾ

ਸਦਾ	**ਸਚਿ** *(ਸੱਚ)*	**ਸੰਜਮਿ** *(ਸੰਜਮ)*	**ਰਹਣਾ** *(ਰਹਿਣਾ)* ॥
ਹਮੇਸ਼ਾਂ	ਸਦਾ ਸਥਿਰ(ਪ੍ਰਭੂ) ਦੇ	ਮਰਿਯਾਦਾ ਵਿਚ	ਰਹਿੰਦੇ ਹਨ

...ਸਤਿਗੁਰੂ ਨੇ (ਉਨ੍ਹਾਂ ਦੇ ਹਿਰਦੇ ਵਿਚ) ਸਦੀਵ-ਸੱਚ (ਪ੍ਰਭੂ ਦਾ ਨਾਮ) ਦ੍ਰਿੜ੍ਹ ਕਰਵਾ ਦਿੱਤਾ ਹੈ, ਅਤੇ ਉਹ ਹਮੇਸ਼ਾਂ ਸਦਾ ਸਥਿਰ (ਵਾਹਿਗੁਰੂ ਦੀ) ਮਰਿਯਾਦਾ ਵਿਚ ਰਹਿੰਦੇ ਹਨ...

ਸਤਿਗੁਰ *(ਸਤਗੁਰ)*	**ਸਚਾ** *(ਸੱਚਾ)*	**ਹੈ**	**ਬੋਹਿਥਾ,**
ਸਤਿਗੁਰੂ	ਸਦਾ ਸਥਿਰ(ਨਾਮ ਦਾ)	ਹੋਣ ਦੀ ਕ੍ਰਿਆ	ਜਹਾਜ਼

ਸਬਦੇ *(ਸ਼ਬਦੇ)*	**ਭਵਜਲੁ** *(ਭਵਜਲ)*	**ਤਰਣਾ** ॥੬॥
(ਗੁਰ)ਸ਼ਬਦ ਰਾਹੀਂ	ਸੰਸਾਰ ਸਾਗਰ	ਤਰੀਦਾ

...ਸਤਿਗੁਰੂ, ਸਦਾ-ਸਥਿਰ (ਨਾਮ ਦਾ) ਜਹਾਜ਼ ਹੈ, ਗੁਰ-ਸ਼ਬਦ ਰਾਹੀਂ ਸੰਸਾਰ ਸਾਗਰ ਨੂੰ ਤਰ ਜਾਈਦਾ ਹੈ...

ਲਖ *(ਲੱਖ)*	**ਚਉਰਾਸੀਹ**	**ਫਿਰਦੇ**	**ਰਹੇ,**
ਗਿਣਤੀ ਦੀ ਇਕਾਈ	ਚੁਰਾਸੀ	ਭਾਉਂਦੇ	ਰਹਿੰਦੇ ਹਨ

ਬਿਨੁ *(ਬਿਨ)*	**ਸਤਿਗੁਰ** *(ਸਤਗੁਰ)*	**ਮੁਕਤਿ** *(ਮੁਕਤ)*	**ਨ** *(ਨਾਂ)*	**ਹੋਈ** ॥
ਬਿਨਾਂ	ਸਤਿਗੁਰੂ	ਮੁਕਤੀ, ਛੁਟਕਾਰਾ	ਨਹੀਂ	ਹੁੰਦਾ

...(ਮਨਮੁੱਖੀ ਆਤਮਾਵਾਂ) ਚੁਰਾਸੀ ਲੱਖ ਜੂਨਾਂ ਵਿਚ ਭਟਕਦੀਆਂ ਰਹਿੰਦੀਆਂ ਹਨ, ਪਰ ਸਤਿਗੁਰੂ ਬਿਨਾਂ (ਇਸ ਚੁਰਾਸੀ ਦੇ ਗੇੜ ਤੋਂ) ਮੁਕਤੀ ਨਹੀਂ ਹੁੰਦੀ...

ਪੜਿ *(ਪੜ੍ਹ)*	**ਪੜਿ** *(ਪੜ੍ਹ)*	**ਪੰਡਿਤ**	**ਮੋਨੀ**	**ਥਕੇ,**
ਪੜ੍ਹ ਕੇ	ਪੜ੍ਹ ਕੇ	ਵਿਦਵਾਨ	ਮੋਨ-ਧਾਰੀ, ਚੁੱਪ-ਧਾਰੀ	ਥੱਕ ਗਏ, ਹੰਭ ਗਏ

ਦੂਜੈ	**ਭਾਇ**	**ਪਤਿ** *(ਪੱਤ)*	**ਖੋਈ** ॥
ਦ੍ਵੈਤ	ਭਾਵ	ਇੱਜ਼ਤ	ਗੁਆ ਲਈ

ਅੰਕ ੭੦

...ਵਿਦਵਾਨ ਲੋਕ (ਧਰਮ ਗ੍ਰੰਥਾਂ ਨੂੰ) ਪੜ੍ਹ ਪੜ੍ਹ ਕੇ ਅਤੇ ਮੋਨ-ਧਾਰੀ (ਚੁੱਪ ਰਹਿ ਰਹਿ ਕੇ) ਹੰਭ ਥੱਕ ਜਾਂਦੇ ਹਨ, ਅਤੇ ਦ੍ਵੈਤ-ਭਾਵ ਵਿਚ ਇੱਜ਼ਤ ਪੱਤ ਗੁਆ ਲੈਂਦੇ ਹਨ...

ਸਤਿਗੁਰਿ, *(ਸਤਗੁਰ)*	ਸਬਦੁ *(ਸ਼ਬਦ)*	ਸੁਣਾਇਆ,
ਸਤਿਗਰੂ ਨੇ	ਉਪਦੇਸ਼, ਸਿੱਖਿਆ	ਦੱਸਿਆ

ਬਿਨੁ *(ਬਿਨ)*	ਸਚੇ *(ਸੱਚੇ)*	ਅਵਰੁ *(ਅਵਰ)*	ਨ *(ਨਾਂ)*	ਕੋਈ ॥੭॥
ਬਿਨਾਂ	ਸਦਾ ਸਥਿਰ(ਪ੍ਰਭੂ) ਦੇ	ਹੋਰ	ਨਹੀ	ਕੋਈ ਦੂਸਰਾ

...(ਪਰ) ਸਤਿਗੁਰੂ ਨੇ (ਜਗਤ ਨੂੰ ਇਹ) ਉਪਦੇਸ਼ ਸੁਣਾਇਆ ਹੈ, ਕਿ (ਭਾਈ! ਇਸ ਸੰਸਾਰ ਵਿਚ) ਸਦਾ-ਸਥਿਰ (ਪਰਮੇਸ਼ਰ) ਬਿਨਾਂ ਹੋਰ ਦੂਸਰਾ ਕੋਈ ਨਹੀਂ ਹੈ...

ਜੋ	ਸਚੈ *(ਸੱਚੈ)*	ਲਾਏ,	ਸੇ	ਸਚਿ *(ਸੱਚ)*	ਲਗੇ,
ਜਿਨ੍ਹਾਂ ਨੂੰ	ਸਦਾ ਸਥਿਰ (ਪ੍ਰਭੂ) ਨੇ	ਲਾਇਆ	ਹੈ	ਉਹ ਸਦਾ ਸਥਿਰ	(ਨਾਮ) ਵਿਚ ਲੱਗ ਜਾਂਦੇ

ਨਿਤ	ਸਚੀ *(ਸੱਚੀ)*	ਕਾਰ	ਕਰੰਨਿ *(ਕਰੰਨ)* ॥
ਨਿਤਾ ਪ੍ਰਤੀ	ਸੱਚੇ (ਨਾਮ ਦੀ)	ਕਮਾਈ	ਕਰਦੇ ਹਨ

...ਜਿਨ੍ਹਾਂ ਨੂੰ ਸਦਾ-ਸਥਿਰ (ਪਰਮੇਸ਼ਰ) ਨੇ ਆਪਣੇ ਨਾਲ ਜੋੜਿਆ ਹੈ, ਉਹ ਸੱਚ-ਨਾਮ ਵਿਚ ਜੁੜੇ ਰਹਿੰਦੇ ਹਨ, (ਅਤੇ ਫਿਰ) ਹਰ ਰੋਜ਼ ਭਾਵ ਨਿਰੰਤਰ (ਉਸ) ਸੱਚ-ਨਾਮ ਦੀ ਕਮਾਈ ਕਰਦੇ ਹਨ...

ਤਿਨਾ *(ਤਿਨ੍ਹਾਂ)*	ਨਿਜ	ਘਰਿ *(ਘਰ)*	ਵਾਸਾ	ਪਾਇਆ,
ਉਨ੍ਹਾਂ ਨੇ	ਸਵੈ	ਸਰੂਪ ਵਿਚ	ਨਿਵਾਸ, ਵਸੇਬਾ	ਪਾ ਲਿਆ

ਸਚੈ *(ਸੱਚੈ)*	ਮਹਲਿ *(ਮਹਿਲ)*	ਰਹੰਨਿ *(ਰਹੰਨ)* ॥
ਸਦਾ ਸਥਿਰ(ਪ੍ਰਭੂ) ਦੇ	ਨਿਵਾਸ ਵਿਚ	ਰਹਿੰਦੇ ਹਨ

...ਉਨ੍ਹਾਂ ਨੇ ਸ੍ਵੈ-ਸਰੂਪ ਵਿਚ ਭਾਵ ਅੰਤਰ ਆਤਮੇ ਟਿਕਾਉ ਪਾ ਲਿਆ ਹੈ, ਅਤੇ ਸਦਾ-ਸਥਿਰ (ਵਾਹਿਗੁਰੂ ਦੇ) ਨਿਵਾਸ ਵਿਚ ਰਹਿੰਦੇ ਹਨ...

ਨਾਨਕ,	ਭਗਤ	ਸੁਖੀਏ	ਸਦਾ,
ਹੇ ! ਨਾਨਕ !	ਭਗਤ ਜਨ	ਸੁੱਖੀ	ਹਮੇਸ਼ਾਂ

ਸਚੈ *(ਸੱਚੈ)*	ਨਾਮਿ *(ਨਾਮ)*	ਰਚੰਨਿ *(ਰਚੰਨ)* ॥੮॥੧੭॥੮॥੨੫॥
ਸਦਾ ਸਥਿਰ (ਪ੍ਰਭੂ) ਦੇ	ਨਾਮ ਵਿਚ	ਰੱਚੇ ਰਹਿੰਦੇ

...ਹੇ! ਨਾਨਕ! ਭਗਤ ਜਨ ਸਦਾ, ਆਤਮਿਕ ਅਨੰਦ ਦੀ ਅਵਸਥਾ ਵਿਚ ਹੁੰਦੇ ਹਨ, (ਕਿਉਂਕਿ ਉਹ) ਸਦਾ-ਸਥਿਰ (ਵਾਹਿਗੁਰੂ ਦੇ) ਨਾਮ ਵਿਚ ਲੀਨ ਰਹਿੰਦੇ ਹਨ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* **॥**
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਜਾ *(ਜਾਂ)*	**ਕਉ**	**ਮੁਸਕਲੁ** *(ਮੁਸ਼ਕਲ)*	**ਅਤਿ** *(ਅੱਤ)*	**ਬਣੈ,**
ਜਿਸ	ਨੂੰ	ਔਕੜ, ਮੁਸੀਬਤ	ਡਾਢੀ, ਬਹੁਤ	ਬਣ ਜਾਵੇ
ਢੋਈ	**ਕੋਇ**	**ਨ** *(ਨਾਂ)*	**ਦੇਇ** *(ਦੇ)* **॥**	
ਆਸਰਾ	ਕੋਈ	ਨਹੀਂ	ਦੇਵੇ	

ਜਿਸ ਨੂੰ (ਜੀਵਨ ਵਿਚ) ਅਤਿਅੰਤ ਮੁਸ਼ਕਲ ਆ ਜਾਵੇ, ਅਤੇ ਕੋਈ ਵੀ (ਉਸ ਨੂੰ) ਓਟ ਆਸਰਾ ਨਾ ਦੇਵੇ...

ਲਾਗੂ	**ਹੋਏ**	**ਦੁਸਮਨਾ,** *(ਦੁਸ਼ਮਨਾ)*
ਵੈਰ ਨਾਲ ਪਿੱਛੇ ਪੈ ਜਾਣ ਵਾਲੇ	ਹੋ ਜਾਣ	ਦੁਸ਼ਮਣ, ਵੈਰੀ

ਸਾਕ	**ਭਿ**	**ਭਜਿ** *(ਭੱਜ)*	**ਖਲੇ** *(ਖਲ੍ਹੇ)* **॥**
ਰਿਸ਼ਤੇਦਾਰ, ਸਨਬੰਧੀ	ਵੀ	ਭੱਜ ਜਾਣ, ਦੂਰ ਹੋ ਜਾਣ	ਖਲੋਤੇ, ਗਏ

...ਦੁਸ਼ਮਣ (ਵੈਰ ਕਰਕੇ) ਪਿੱਛੇ ਪੈ ਜਾਣ, (ਸਭ) ਸਾਕ, ਸੰਬੰਧੀ (ਵੀ ਤੁਹਾਡੀ ਸਹਾਇਤਾ ਕਰਨ ਤੋਂ) ਭੱਜ ਖਲੋਣ...

ਸਭੋ	**ਭਜੈ** *(ਭੱਜੈ)*	**ਆਸਰਾ,**
ਸਾਰਾ	ਭੱਜ ਜਾਵੇ, ਦੂਰ ਹੋ ਜਾਵੇ	ਸਹਾਰਾ, ਓਟ
ਚੁਕੈ	**ਸਭੁ** *(ਸਭ)*	**ਅਸਰਾਉ ॥**
ਮੁੱਕ ਜਾਣ	ਸਾਰੇ	ਆਸਰਾ, ਸਹਾਰਾ

...ਸਭ ਤਰ੍ਹਾਂ ਦੇ ਓਟ, ਆਸਰੇ ਮੁੱਕ ਜਾਣ, ਅਤੇ ਹੋਰ ਹਰ ਤਰ੍ਹਾਂ ਦੀਆਂ ਉਮੀਦਾਂ ਤੇ ਮਦਦਾਂ ਵੀ ਖ਼ਤਮ ਹੋ ਜਾਣ...

ਚਿਤਿ *(ਚਿੱਤ)*	**ਆਵੈ**	**ਓਸੁ,** *(ਓਸ)*	**ਪਾਰਬ੍ਰਹਮੁ,** *(ਪਾਰਬ੍ਰਹਮ)*
ਚੇਤੇ ਵਿਚ	ਆ ਜਾਵੇ	ਉਸ ਨੂੰ	ਪਰਮੇਸ਼ਰ
ਲਗੈ	**ਨ** *(ਨਾਂ)*	**ਤਤੀ**	**ਵਾਉ ॥੧॥**
ਲਗਦੀ	ਨਹੀਂ	ਗਰਮ	ਹਵਾ

ਅੰਕ ੭੦

...(ਪਰ ਫਿਰ ਵੀ ਜੇ) ਸਾਹਿਬ ਚੇਤੇ ਵਿਚ ਆ ਜਾਏ, (ਤਾਂ ਨਿਸ਼ਚੇ ਹੀ ਉਸ ਨੂੰ) ਤੱਤੀ ਵਾਅ ਤੱਕ ਨਹੀਂ ਲਗਦੀ (ਭਾਵ ਕੋਈ ਉਸ ਦਾ ਕੁਝ ਨਹੀਂ ਵਿਗਾੜ ਸਕਦਾ)...

ਸਾਹਿਬੁ, *(ਸਾਹਿਬ)*	**ਨਿਤਾਣਿਆ** *(ਨਿਤਾਣਿਆਂ)*	**ਕਾ**	**ਤਾਣੁ** *(ਤਾਣ)* ॥
ਕਰਤਾ ਪੁਰਖ	ਤਾਣ-ਰਹਿਤ, ਕਮਜ਼ੋਰਾਂ	ਦਾ	ਬਲ, ਜ਼ੋਰ

...(ਹੇ! ਭਾਈ! ਨਿਸ਼ਚਾ ਰੱਖੋ ਕਿ) ਸਾਹਿਬ ਤਾਂ ਨਿਤਾਣਿਆਂ ਦਾ ਤਾਣ ਹੈ...

ਆਇ	**ਨ** *(ਨਾਂ)*	**ਜਾਈ**	**ਥਿਰੁ** *(ਥਿਰ)*	**ਸਦਾ,**
ਆਉਂਦਾ	ਨਹੀਂ	ਜਾਂਦਾ	ਸਥਿਰ, ਅਟੱਲ	ਹਮੇਸ਼ਾਂ
ਗੁਰ	**ਸਬਦੀ** *(ਸ਼ਬਦੀ)*	**ਸਚੁ** *(ਸੱਚ)*	**ਜਾਣੁ** *(ਜਾਣ)* ॥੧॥	**ਰਹਾਉ** ॥
ਸਤਿਗੁਰੂ	ਸ਼ਬਦ ਦੁਆਰਾ	ਸਦਾ ਸਥਿਰ (ਪ੍ਰਭੂ)	ਸਮਝ	ਠਹਿਰਾਉ

...(ਸਾਹਿਬ ਕਦੀ) ਆਉਂਦਾ ਅਤੇ ਜਾਂਦਾ ਭਾਵ ਜੰਮਦਾ ਅਤੇ ਮਰਦਾ ਨਹੀਂ, (ਉਹ ਤਾਂ ਸਦਾ) ਅਟੱਲ ਹੈ, ਸਤਿਗੁਰੂ ਦੇ ਸ਼ਬਦ ਦੁਆਰਾ (ਅਜਿਹੇ) ਸਦਾ ਸਥਿਰ (ਪਰਮੇਸ਼ਰ) ਨੂੰ ਸਮਝ...

ਜੇ	**ਕੋ**	**ਹੋਵੈ**	**ਦੁਬਲਾ,**
ਜੇਕਰ	ਕੋਈ	ਹੋਏ	ਕਮਜ਼ੋਰ, ਦੁਰਬਲ

ਨੰਗ	**ਭੁਖ** *(ਭੁੱਖ)*	**ਕੀ**	**ਪੀਰ** ॥
ਕੰਗਾਲੀ, ਗਰੀਬੀ	ਖੁਧਿਆ, ਖਾਣ ਦੀ ਇੱਛਾ	ਦੀ	ਪੀੜ

...ਜੇਕਰ ਕਿਸੇ ਨੂੰ ਦੁਰਬਲਤਾ, ਕੰਗਾਲੀ ਅਤੇ ਭੁੱਖ ਦੀ ਪੀੜ ਹੋਵੇ...

ਦਮੜਾ	**ਪਲੈ**	**ਨਾ** *(ਨਾਂ)*	**ਪਵੈ,**
ਸਿੱਕਾ, ਰੁਪਇਆ	ਝੋਲੀ ਵਿਚ	ਨਹੀਂ	ਪੈਂਦਾ ਹੋਵੇ
ਨਾ *(ਨਾਂ)*	**ਕੋ**	**ਦੇਵੈ**	**ਧੀਰ** ॥
ਨਾਹੀਂ	ਕੋਈ	ਦਵੇ	ਦਿਲਾਸਾ, ਧੀਰਜ, ਹੌਂਸਲਾ

...(ਉਸ ਦੇ) ਪੱਲੇ ਕੋਈ ਪੈਸਾ, ਧੇਲਾ ਵੀ ਨਾ ਪੈਂਦਾ ਹੋਵੇ, ਅਤੇ ਨਾ ਹੀ ਉਸ ਨੂੰ ਕੋਈ (ਜ਼ਿੰਦਗੀ ਵਿਚ) ਹੌਂਸਲਾ, ਭਾਵ ਧਰਵਾਸ ਦੇਣ ਵਾਲਾ ਹੋਵੇ...

ਅੰਕ ੨੦

ਸੁਆਰਥੁ *(ਸੁਆਰਥ)*	ਸੁਆਉ	ਨ *(ਨਾਂ)*	ਕੋ	ਕਰੇ,
ਆਪਣਾ ਮਨੋਰਥ, ਪ੍ਰਯੋਜਨ	ਗਰਜ਼ਾਂ, ਲੋੜਾਂ	ਨਹੀਂ	ਕੋਈ	(ਪੂਰੀ) ਕਰੇ

ਨਾ *(ਨਾਂ)*	ਕਿਛੁ *(ਕਿਛ)*	ਹੋਵੈ	ਕਾਜੁ *(ਕਾਜ)* ॥
ਨਾਹੀਂ	ਕੁਝ	ਹੋਏ	ਕੰਮ, ਕਾਰਜ

...(ਉਸ ਦੀ ਜ਼ਿੰਦਗੀ ਦੇ) ਪ੍ਰਯੋਜਨ ਅਤੇ ਗਰਜ਼ਾਂ, ਭਾਵ ਲੋੜਾਂ ਨੂੰ ਵੀ ਕੋਈ ਪੂਰਾ ਕਰਨ ਵਾਲਾ ਨਾ ਹੋਵੇ, ਅਤੇ ਨਾ ਹੀਂ (ਜੀਵਨ ਦਾ) ਕੋਈ ਕੰਮ-ਕਾਜ (ਪੂਰਾ) ਹੁੰਦਾ ਹੋਵੇ...

ਚਿਤਿ *(ਚਿੱਤ)*	ਆਵੈ	ਓਸੁ, *(ਓਸ)*	ਪਾਰਬ੍ਰਹਮੁ, *(ਪਾਰਬ੍ਰਹਮ)*
ਚਿੱਤ ਵਿਚ, ਸਿਮਰਤੀ ਵਿਚ	ਆ ਜਾਵੇ	ਉਸ ਨੂੰ	ਅਕਾਲ ਪੁਰਖ

ਤਾ *(ਤਾਂ)*	ਨਿਹਚਲੁ *(ਨਿਹਚਲ)*	ਹੋਵੈ	ਰਾਜੁ *(ਰਾਜ)* ॥੨॥
ਤਦ	ਯਕੀਨਨ	ਹੋ ਜਾਂਦਾ	ਬਾਦਸ਼ਾਹਿਤ, ਰਾਜ-ਭਾਗ

...(ਪ੍ਰੰਤੂ ਜੇ ਇਸ ਹਾਲਤ ਵਿਚ ਉਸ ਦੇ) ਚਿੱਤ ਵਿਚ ਅਕਾਲ ਪੁਰਖ਼ ਆ ਜਾਵੇ, ਭਾਵ ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਹੋ ਜਾਵੇ, ਤਾਂ ਯਕੀਨਨ ਹੀ ਉਸ ਦੀ (ਆਤਮਿਕ ਤੌਰ ਤੇ, ਸਦਾ-ਸਥਿਰ) ਬਾਦਸ਼ਾਹਤ ਕਾਇਮ ਹੋ ਜਾਂਦੀ ਹੈ...

ਜਾ *(ਜਾਂ)*	ਕਉ	ਚਿੰਤਾ	ਬਹੁਤੁ *(ਬਹੁਤ)*	ਬਹੁਤੁ, *(ਬਹੁਤ)*
ਜਿਸ	ਨੂੰ	ਫ਼ਿਕਰ	ਜ਼ਿਆਦਾ	ਜ਼ਿਆਦਾ

ਦੇਹੀ	ਵਿਆਪੈ	ਰੋਗੁ *(ਰੋਗ)* ॥
ਤਨ ਨੂੰ	ਵਿਆਪ ਜਾਏ, ਲਗ ਜਾਏ	ਬਿਮਾਰੀ

...(ਜਿਸ ਨੂੰ) ਬਹੁਤ ਜ਼ਿਆਦਾ ਫ਼ਿਕਰ ਲਗਾ ਰਹੇ, ਅਤੇ ਤਨ ਨੂੰ ਬਿਮਾਰੀ ਲਗ ਜਾਏ...

ਗ੍ਰਿਸਤਿ *(ਗ੍ਰਿਸਤ)*	ਕੁਟੰਬਿ *(ਕੁਟੰਬ)*	ਪਲੇਟਿਆ,
ਪਰਿਵਾਰਿਕ ਜੀਵਨ ਵਿਚ	ਟੱਬਰ ਵਿਚ	ਫ਼ਸਿਆ ਹੋਵੇ

ਕਦੇ	ਹਰਖੁ *(ਹਰਖ)*	ਕਦੇ	ਸੋਗੁ *(ਸੋਗ)* ॥
ਕਦੀ	ਖ਼ੁਸ਼ੀ, ਪ੍ਰਸੰਨਤਾ	ਕਦੀ	ਗ਼ਮ, ਮਾਤਮ

...(ਉਹ) ਗ੍ਰਿਹਸਥ ਜੀਵਨ ਅਤੇ ਟੱਬਰ (ਦੀਆਂ ਔਕੜਾਂ ਵਿਚ ਉਲਝਿਆ ਰਹਿੰਦਾ ਹੋਵੇ, ਜੀਵਨ ਵਿਚ) ਕਦੀ ਗ਼ਮ ਅਤੇ ਕਦੀ ਖ਼ੁਸ਼ੀ (ਵਾਪਰਦੀ ਰਹੇ)...

ਅੰਕ ੭੦

ਗਉਣੁ *(ਗਉਣ)*	ਕਰੇ	ਚਹੁ *(ਚਹੁੰ)*	ਕੁੰਟ	ਕਾ,
ਰਟਨ, ਫਿਰਨਾ	ਕਰਦਾ ਹੈ	ਚਾਰੇ	ਦਿਸ਼ਾਵਾਂ	ਦਾ

ਘੜੀ	ਨ *(ਨਾਂ)*	ਬੈਸਣੁ *(ਬੈਸਣ)*	ਸੋਇ॥
ਪਲ, ਥੋੜ੍ਹਾ ਜਿਹਾ ਸਮਾਂ	ਨਹੀਂ	ਬਹਿਣਾ	ਸੌਵੇਂ, ਸਵੇਂ

...(ਉਹ) ਚਾਰੇ ਦਿਸ਼ਾਵਾਂ ਭਾਵ ਇੱਧਰ ਉੱਧਰ ਭਾਉਂਦਾ ਫਿਰੇ, ਅਤੇ ਘੜੀ-ਪਲ ਲਈ ਵੀ ਉਸ ਨੂੰ ਬਹਿਣਾ, ਸਉਣਾ ਨਾ ਮਿਲੇ ਭਾਵ ਟਿਕਾਉ ਚੈਨ ਨਾ ਆਵੇ...

ਚਿਤਿ *(ਚਿੱਤ)*	ਆਵੈ	ਓਸੁ, *(ਓਸ)*	ਪਾਰਬ੍ਰਹਮੁ, *(ਪਾਰਬ੍ਰਹਮ)*
ਚਿੱਤ ਵਿਚ, ਸਿਮਰਤੀ ਵਿਚ	ਆ ਜਾਵੇ	ਉਸ ਨੂੰ	ਅਕਾਲ ਪੁਰਖ

ਤਨੁ *(ਤਨ)*	ਮਨੁ *(ਮਨ)*	ਸੀਤਲੁ *(ਸੀਤਲ)*	ਹੋਇ॥੩॥
ਸਰੀਰ	ਹਿਰਦਾ	ਸ਼ੀਤਲ, ਸ਼ਾਂਤ	ਹੋ ਜਾਂਦਾ ਹੈ

...(ਪ੍ਰੰਤੂ ਜੇ ਇਸ ਹਾਲਤ ਵਿਚ ਉਸ ਦੇ) ਚਿੱਤ ਵਿਚ ਅਕਾਲ ਪੁਰਖ ਆ ਜਾਵੇ, ਭਾਵ ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਹੋ ਜਾਵੇ, ਤਾਂ (ਉਸ ਦਾ) ਸਰੀਰ ਅਤੇ ਹਿਰਦਾ ਸ਼ੀਤਲ ਭਾਵ ਸ਼ਾਂਤ ਹੋ ਜਾਂਦੇ ਹਨ...

ਕਾਮਿ *(ਕਾਮ)*	ਕਰੋਧਿ *(ਕਰੋਧ)*	ਮੋਹਿ *(ਮੋਹ)*	ਵਸਿ *(ਵਸ)*	ਕੀਆ,
ਭੋਗ ਕਾਮਨਾ ਨੇ	ਗੁੱਸੇ ਨੇ	ਲਗਾਓ ਨੇ	ਵਸ ਵਿਚ, ਅਧੀਨ	ਕੀਤਾ ਹੋਵੇ

ਕਿਰਪਨ	ਲੋਭਿ *(ਲੋਭ)*	ਪਿਆਰੁ *(ਪਿਆਰ)* ॥
ਕੰਜੂਸ, ਸ਼ੂਮ	ਲਾਲਚ ਨੇ	ਪ੍ਰੀਤ, ਸਨੇਹ

...(ਜੇ ਕਿਸੇ ਨੂੰ) ਕਾਮ, ਕ੍ਰੋਧ ਅਤੇ ਮੋਹ ਨੇ ਆਪਣੇ ਵਸ ਵਿਚ ਕੀਤਾ ਹੋਵੇ, ਅਤੇ (ਉਸ) ਕੰਜੂਸ ਦੀ ਲਾਲਚ ਨਾਲ ਪ੍ਰੀਤ ਹੋਵੇ...

ਚਾਰੇ	ਕਿਲਵਿਖ,	ਉਨਿ *(ਉਨ੍ਹ)*	ਅਘ	ਕੀਏ,
ਚੌਹਾਂ ਹੀ	ਗੁਨਾਹ, ਪਾਪ	ਉਸ ਨੇ	ਅਧਰਮ	ਕੀਤੇ ਹੋਣ

ਹੋਆ	ਅਸੁਰ	ਸੰਘਾਰੁ *(ਸੰਘਾਰ)* ॥
ਹੋ ਗਿਆ	ਰਾਖਸ਼ਾਂ	ਹਿੰਸਕ

...(ਜੇਕਰ) ਉਸ ਨੇ ਚਾਰੇ ਤਰ੍ਹਾਂ ਦੇ ਗੁਨਾਹ (ਮਦ ਪਾਨ, ਸੋਨਾ ਚੁਰਾਉਣਾ, ਪਰ-ਨਾਰੀ ਗਮਨ, ਗਊ-ਬ੍ਰਾਹਮਣ ਹੱਤਿਆ) ਭਾਵ ਹਰ ਤਰ੍ਹਾਂ ਦੇ ਪਾਪ ਅਤੇ ਹੋਰ ਅਧਰਮੀ (ਕੰਮ) ਕੀਤੇ ਹੋਣ, ਅਤੇ ਉਸ ਦੀ ਰਾਖਸ਼ਾਂ ਵਰਗੀ ਹਿੰਸਕ (ਬਿਰਤੀ) ਹੋ ਗਈ ਹੋਵੇ...

ਅੰਕ ੭੦

ਪੋਥੀ	**ਗੀਤ**	**ਕਵਿਤ**	**ਕਿਛੁ,** *(ਕਿਛ)*
ਧਾਰਮਿਕ ਪੁਸਤਕਾਂ	ਗਉਣ, ਗਾਏ ਜਾਣ ਵਾਲੇ ਪਦ	ਕਵਿਤਾ	ਕੁਝ

ਕਦੇ	**ਨ** *(ਨਾਂ)*	**ਕਰਨਿ** *(ਕਰਨ)*	**ਧਰਿਆ ॥**
ਕਿਸੇ ਵੇਲੇ, ਕਦੀ ਵੀ	ਨਾ	ਕੰਨ ਵਿਚ	ਟਿਕਾਇਆ

...(ਜੇ ਕਿਸੇ ਨੇ ਕੋਈ) ਧਾਰਮਿਕ ਪੁਸਤਕਾਂ ਦੇ (ਪਰਿਵਚਨ), ਧਾਰਮਿਕ ਗਉਣ, ਧਾਰਮਿਕ ਕਵਿਤਾ ਆਦਿਕ ਕੁਝ ਵੀ ਕੰਨਾਂ ਵਿਚ ਨਾ ਟਿਕਾਇਆ ਹੋਵੇ, ਭਾਵ ਇਨ੍ਹਾਂ ਨੂੰ ਨਾ ਸੁਣਿਆਂ ਹੋਵੇ...

ਚਿਤਿ *(ਚਿੱਤ)*	**ਆਵੈ**	**ਓਸੁ,** *(ਓਸ)*	**ਪਾਰਬ੍ਰਹਮੁ,** *(ਪਾਰਬ੍ਰਹਮ)*
ਚਿੱਤ ਵਿਚ, ਸਿਮਰਤੀ ਵਿਚ	ਆ ਜਾਵੇ	ਉਸ ਨੂੰ	ਅਕਾਲ ਪੁਰਖ

ਤਾ *(ਤਾਂ)*	**ਨਿਮਖ**	**ਸਿਮਰਤ**	**ਤਰਿਆ ॥੪॥**
ਤਦ	ਪਲ, ਛਿਣ	ਸਿਮਰਕੇ, ਸਿਮਰਨ ਨਾਲ	ਤਰ ਜਾਂਦਾ

...(ਪ੍ਰੰਤੂ ਜੇ ਇਸ ਹਾਲਤ ਵਿਚ ਉਸ ਦੇ) ਚਿੱਤ ਵਿਚ ਅਕਾਲ ਪੁਰਖ ਆ ਜਾਵੇ, ਭਾਵ ਵਾਹਿਗੁਰੂ ਦਾ ਵਾਸਾ ਹੋ ਜਾਵੇ, ਤਾਂ ਉਹ ਘੜੀ, ਪਲ ਦੇ ਸਿਮਰਨ ਨਾਲ ਹੀ (ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ...

ਸਾਸਤ *(ਸ਼ਾਸਤ)*	**ਸਿੰਮ੍ਰਿਤਿ** *(ਸਿੰਮ੍ਰਿਤ)*	**ਬੇਦ**	**ਚਾਰਿ,** *(ਚਾਰ)*
ਸਾਸ਼ਤਰ	ਸਿਮਰਤੀਆਂ	ਵੇਦ	ਚਾਰ

ਮੁਖਾਗਰ	**ਬਿਚਰੇ ॥**
ਮੂੰਹ-ਜ਼ੁਬਾਨੀ	ਵਿਚਾਰਦਾ ਹੋਵੇ

...(ਜੇ ਕੋਈ) ਚਾਰੇ ਵੇਦ, ਸਾਸ਼ਤਰ ਅਤੇ ਸਿਮਰਤੀਆਂ ਆਦਿਕ ਮੂੰਹ-ਜ਼ੁਬਾਨੀ ਯਾਦ ਕਰਕੇ, ਉਨ੍ਹਾਂ ਦੀ ਵਿਚਾਰ-ਚਰਚਾ ਵੀ ਕਰਦਾ ਹੋਵੇ...

ਤਪੇ	**ਤਪੀਸਰ** *(ਤਪੀਸ਼ਰ)*	**ਜੋਗੀਆ,**
ਤਪਸੀ, ਤਪੱਸਿਆ ਕਰਨ ਵਾਲੇ	ਤਪੀਆਂ ਦਾ ਈਸ਼, ਵੱਡਾ ਤਪੀਆ	ਜੋਗ ਕਰਨ ਵਾਲਿਆਂ

ਤੀਰਥਿ *(ਤੀਰਥ)*	**ਗਵਨੁ** *(ਗਵਨ)*	**ਕਰੇ ॥**
ਧਾਰਮਿਕ ਅਸਥਾਨਾਂ ਦਾ	ਯਾਤਰਾ	ਕਰਦਾ ਹੈ

...(ਜੇਕਰ ਉਹ) ਤਪੀਆਂ, ਤਪੀਸ਼ਰਾਂ ਅਤੇ ਜੋਗੀਆਂ ਆਦਿਕ ਵਾਂਗ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਦਾ ਹੈ...

ਅੰਕ ੭੦

ਖਟੁ *(ਖੱਟ)*	ਕਰਮਾ *(ਕਰਮਾਂ)*	ਤੇ	ਦੁਗುਣੇ *(ਦੁੱਗਣੇ)*
ਛੇ	ਕੰਮਾਂ	ਤੋਂ	ਦੋ ਗੁਣਾਂ
ਪੂਜਾ	ਕਰਤਾ	ਨਾਇ *(ਨ੍ਹਾਇ)* ॥	
ਪੂਜਨ ਕ੍ਰਿਆ, ਉਪਾਸ਼ਨਾ	ਕਰਦਾ	ਇਸ਼ਨਾਨਕ ਕਰਕੇ	

...(ਉਹ) ਇਸ਼ਨਾਨ ਆਦਿਕ ਕਰਕੇ, ਛੇ ਕਰਮਾਂ (ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ, ਯੱਗ ਕਰਾਉਣਾ, ਦਾਨ ਦੇਣਾ, ਦਾਨ ਲੈਣਾ) ਤੋਂ ਦੁੱਗਣੇ (ਇਨ੍ਹਾਂ ਛੇ ਕਰਮਾਂ ਵਿਚ ਛੇ ਕਰਮ ਹੋਰ ਮਿਲਾਈਏ ਤਾਂ ਹਿੰਦੂ ਧਰਮ ਅਨੁਸਾਰ ੧੨ (ਦੁਆਦਸ) ਕਰਮ ਬਣਦੇ ਹਨ। ਹੋਰ ਛੇ ਕਰਮ ਇਹ ਹਨ: ਇਸ਼ਨਾਨ, ਜਪ, ਹਵਨ, ਦੇਵ ਪੂਜਾ, ਤੀਰਥ ਯਾਤਰਾ ਅਤੇ ਤਪ) ਕਰਮ ਕਰਕੇ ਫਿਰ (ਧਾਰਮਿਕ ਦੇਵਤਿਆਂ ਦੀ) ਪੂਜਾ, ਉਪਾਸ਼ਨਾ ਵੀ ਕਰਦਾ ਹੋਵੇ...

ਰੰਗੁ *(ਰੰਗ)*	ਨ *(ਨਾਂ)*	ਲਗੀ	ਪਾਰਬ੍ਰਹਮ,
ਪਿਆਰ	ਨਹੀਂ	ਲਗਦਾ	ਅਕਾਲ ਪੁਰਖ
ਤਾ *(ਤਾਂ)*	ਸਰਪਰ	ਨਰਕੇ	ਜਾਇ ॥੫॥
ਤਦ	ਅਵਸ਼, ਜ਼ਰੂਰ	ਨਰਕਾਂ ਵਿਚ	ਜਾਂਦਾ ਹੈ

...(ਇਤਨੇ ਕਰਮ ਕਰਨ ਦੇ ਬਾਵਜੂਦ ਵੀ ਜੇ ਉਸ ਦੀ) ਅਕਾਲ ਪੁਰਖ ਨਾਲ ਪ੍ਰੀਤ ਨਹੀਂ ਲਗਦੀ, ਤਾਂ ਉਹ ਅਵੱਸ਼ ਹੀ ਨਰਕਾਂ ਵਿਚ ਜਾਂਦਾ ਹੈ...

ਰਾਜ	ਮਿਲਕ	ਸਿਕਦਾਰੀਆ, *(ਸਿਕਦਾਰੀਆਂ)*
ਹਕੂਮਤਾਂ	ਮਿਲਖ, ਜਗੀਰਾਂ	ਸਰਦਾਰੀਆਂ
ਰਸ	ਭੋਗਣ	ਬਿਸਥਾਰ ॥
ਸੁਆਦ, ਐਸ਼	ਮਾਨਣ	ਵਿਸਥਾਰ, ਖਿਲਾਰੇ

...(ਜੇਕਰ ਕਿਸੇ ਕੋਲ) ਬਾਦਸ਼ਾਹੀਆਂ, ਜਗੀਰਾਂ ਅਤੇ ਸਰਦਾਰੀਆਂ ਆਦਿਕ ਹੋਣ, (ਦੁਨੀਆਵੀ ਪਦਾਰਥਾਂ ਦੇ) ਸੁਆਦਾਂ ਨੂੰ ਭੋਗਣ ਦੇ ਬੇਅੰਤ ਸਾਧਨ ਵੀ ਹੋਣ...

ਬਾਗ	ਸੁਹਾਵੇ	ਸੋਹਣੇ,	ਚਲੈ	ਹੁਕਮੁ *(ਹੁਕਮ)*	ਅਫਾਰ ॥
ਬਗੀਚੇ	ਸ਼ੋਭਨੀਕ	ਸੁੰਦਰ	ਚਲਦਾ ਹੋਵੇ	ਆਗਿਆ	ਆਫਰੇ ਹੋਏ, ਹੰਕਾਰੀ ਦਾ

...(ਉਸ ਦੇ ਕੋਲ) ਸ਼ੋਭਨੀਕ, ਸੁੰਦਰ ਬਾਗ ਹੋਣ, ਅਤੇ (ਉਸ) ਹੰਕਾਰੀ ਦਾ (ਸਭ ਪਾਸੇ) ਹੁਕਮ ਚਲਦਾ ਹੋਵੇ...

ਰੰਗ	ਤਮਾਸੇ *(ਤਮਾਸ਼ੇ)*	ਬਹੁ	ਬਿਧੀ,
ਮੌਜਾਂ, ਖੁਸ਼ੀਆਂ	ਜੀਆਂ ਨੂੰ ਖੁਸ਼ ਕਰਨ ਵਾਲੀਆਂ ਖੇਡਾਂ	ਬੇਅੰਤ	ਪ੍ਰਕਾਰ ਦੇ

ਅੰਕ ੭੦

ਚਾਇ	ਲਗਿ *(ਲਗ)*	ਰਹਿਆ ॥
ਚਾਉ	ਲਗਿਆ	ਰਹਿੰਦਾ

...(ਜਗਤ ਦੇ) ਬੇਅੰਤ ਪ੍ਰਕਾਰ ਦੇ ਰੰਗ-ਤਮਾਸ਼ਿਆਂ ਵਿਚ ਬੜੇ ਚਾਅ ਨਾਲ ਖੁਭਿਆ ਰਹਿੰਦਾ ਹੋਵੇ...

ਚਿਤਿ *(ਚਿੱਤ)*	ਨ *(ਨਾਂ)*	ਆਇਓ	ਪਾਰਬ੍ਰਹਮੁ, *(ਪਾਰਬ੍ਰਹਮ)*
ਹਿਰਦੇ ਵਿਚ	ਨਹੀਂ	ਆਇਆ	ਅਕਾਲ ਪੁਰਖ

ਤਾ *(ਤਾਂ)*	ਸਰਪ	ਕੀ	ਜੂਨਿ *(ਜੂਨ)*	ਗਇਆ ॥੬॥
ਤਦ	ਸੱਪ	ਦੀ	ਜੂਨੀ ਵਿਚ	ਚਲੇ ਗਿਆ

...(ਪ੍ਰੰਤੂ ਜੇਕਰ ਉਸ ਨੂੰ) ਹਿਰਦੇ ਵਿਚ ਅਕਾਲ ਪੁਰਖ ਦੀ ਯਾਦ ਨਹੀਂ ਆਈ, (ਅਤੇ ਬਿਰਤੀ ਮਾਇਆ ਦੇ ਰੰਗ ਤਮਾਸ਼ਿਆਂ ਵਿਚ ਹੀ ਮਗਨ ਰਹੀਂ) ਤਾਂ (ਜਾਣੋ ਕਿ) ਉਹ ਸੱਪ ਦੀ ਜੂਨੀ ਵਿਚ ਚਲੇ ਗਿਆ....

ਬਹੁਤੁ *(ਬਹੁਤ)*	ਧਨਾਢਿ *(ਧਨਾਢ)*	ਅਚਾਰਵੰਤੁ, *(ਅਚਾਰਵੰਤ)*
ਬੇਅੰਤ	ਅਮੀਰ	ਚੰਗੇ ਆਚਰਣ ਵਾਲੇ

ਸੋਭਾ *(ਸ਼ੋਭਾ)*	ਨਿਰਮਲ	ਰੀਤਿ *(ਰੀਤ)* ॥
ਵਡਿਆਈ	ਪਵਿੱਤਰ	ਮਰਿਯਾਦਾ ਵਿਚ

...(ਸੰਸਾਰ ਵਿਚ ਜੇਕਰ ਕੋਈ) ਬਹੁਤ ਹੀ ਅਮੀਰ ਅਤੇ ਚੰਗੇ ਆਚਰਣ ਵਾਲਾ, ਭਾਵ ਚੰਗੀ ਰਹਿਣੀ ਬਹਿਣੀ ਵਾਲਾ ਹੋਵੇ, ਅਤੇ (ਜਗਤ ਵਿਚ ਉਸ ਦੀ) ਸ਼ੋਭਾ ਵਡਿਆਈ ਹੁੰਦੀ ਹੈ, (ਉਸ ਦਾ ਜੀਵਨ ਵੀ) ਪਵਿੱਤਰ ਮਰਿਯਾਦਾ ਵਾਲਾ ਹੋਵੇ...

ਮਾਤ	ਪਿਤਾ	ਸੁਤ	ਭਾਈਆ, *(ਭਾਈਆਂ)*
ਮਾਤਾ	ਬਾਪ	ਪੁੱਤਰ	ਭਰਾਵਾਂ

ਸਾਜਨ	ਸੰਗਿ *(ਸੰਗ)*	ਪਰੀਤਿ *(ਪਰੀਤ)* ॥
ਮਿੱਤਰ, ਦੋਸਤ	ਨਾਲ	ਪਿਆਰ

...(ਅਤੇ ਉਸ ਦਾ ਆਪਣੇ) ਮਾਤਾ, ਪਿਤਾ, ਪੁੱਤਰਾਂ, ਭਰਾਵਾਂ ਅਤੇ ਸੱਜਣਾਂ, ਮਿੱਤਰਾਂ ਨਾਲ (ਬਹੁਤ) ਪਿਆਰ ਹੋਵੇ...

ਲਸਕਰ *(ਲਸ਼ਕਰ)*	ਤਰਕਸਬੰਦ *(ਤਰਕਸ਼ਬੰਦ)*	ਬੰਦ,
ਫੌਜ, ਸੈਨਾ	ਤਰਕਸ਼ ਬੰਨ੍ਹਣ ਵਾਲੇ ਭਾਵ ਤੀਰਾਂ ਦੇ ਭੱਥਿਆਂ ਨੂੰ ਰਖਣ ਵਾਲੇ	ਬੰਦਨਾ, ਸਲਾਮ

ਅੰਕ ੭੦-੭੧

ਜੀਉ	ਜੀਉ	ਸਗਲੀ	ਕੀਤ ॥
ਜੀ	ਜੀ	ਸਾਰੇ	ਕਰੇ

...ਤੀਰਾਂ ਨਾਲ ਸਨਧਬੱਧ ਜੋਧਿਆਂ ਦੀਆਂ ਸੈਨਾਵਾਂ (ਉਸ ਨੂੰ ਝੁਕ ਝੁਕ ਕੇ) ਸਲਾਮਾਂ ਕਰਨ, ਅਤੇ ਸਾਰੇ ਜਗਤ ਦੀ ਲੋਕਾਈ ਉਸ ਨੂੰ ਜੀ ਜੀ ਕਹਿੰਦੀ ਹੋਵੇ...

ਚਿਤਿ *(ਚਿੱਤ)*	ਨ *(ਨਾਂ)*	ਆਇਓ	ਪਾਰਬ੍ਰਹਮੁ, *(ਪਾਰਬ੍ਰਹਮ)*
ਚਿੱਤ ਵਿਚ	ਨਹੀਂ	ਆਇਆ, ਵੱਸਿਆ	ਅਕਾਲ ਪੁਰਖ

ਤਾ *(ਤਾਂ)*	ਖੜਿ *(ਖੜ)*	ਰਸਾਤਲਿ *(ਰਸਾਤਲ)*	ਦੀਤ ॥੭॥
ਤਦ	ਖੜਕੇ, ਲਿਜਾ ਕੇ	ਪਾਤਾਲ/ਨਰਕ ਵਿਚ	ਦਿੱਤਾ

...(ਇਸ ਦੇ ਬਾਵਜੂਦ ਜੇਕਰ) ਹਿਰਦੇ ਵਿਚ ਅਕਾਲ ਪੁਰਖ ਦਾ ਵਾਸਾ ਨਹੀਂ ਹੁੰਦਾ, ਤਾਂ ਉਨ੍ਹਾਂ ਨੂੰ ਨਰਕਾਂ ਵਿਚ ਲਿਜਾ ਕੇ (ਸੁੱਟ) ਦਿੱਤਾ ਜਾਂਦਾ ਹੈ...

ਕਾਇਆ *(ਕਾਇਆਂ)*	ਰੋਗੁ *(ਰੋਗ)*	ਨ *(ਨਾਂ)*	ਛਿਦ੍ਰੁ *(ਛਿਦ੍ਰ)*	ਕਿਛੁ, *(ਕਿਛ)*
ਸਰੀਰ	ਬਿਮਾਰੀ	ਨਹੀਂ	ਨੁਕਸ, ਦੋਸ਼	ਕੋਈ

ਨਾ *(ਨਾਂ)*	ਕਿਛੁ *(ਕਿਛ)*	ਕਾੜਾ *(ਕਾੜ੍ਹਾ)*	ਸੋਗੁ *(ਸੋਗ)* ॥
ਨਹੀਂ	ਕੋਈ	ਫ਼ਿਕਰ, ਝੋਰਾ	ਗ਼ਮ, ਮਾਤਮ

...(ਜੇਕਰ) ਸਰੀਰ ਵਿਚ ਕੋਈ ਵੀ ਬਿਮਾਰੀ ਜਾਂ ਨੁਕਸ ਨਾ ਹੋਵੇ, ਅਤੇ ਨਾ ਹੀਂ ਕੋਈ ਫ਼ਿਕਰ ਤੇ ਗ਼ਮ ਹੋਵੇ...

ਮਿਰਤੁ *(ਮਿਰਤ)*	ਨ *(ਨਾਂ)*	ਆਵੀ	ਚਿਤਿ *(ਚਿੱਤ)*	ਤਿਸੁ, *(ਤਿਸ)*
ਮੌਤ	ਨਾ	ਆਵੇ	ਚਿੱਤ ਵਿਚ	ਉਸ ਦੇ

ਅਹਿਨਿਸਿ *(ਅਹਿਨਿਸ)*	ਭੋਗੈ	ਭੋਗੁ *(ਭੋਗ)* ॥
ਰਾਤ ਦਿਨ	ਭੋਗਦਾ ਹੋਵੇ	ਇੰਦ੍ਰਿਆਵੀ ਰਸ, ਸੰਸਾਰਿਕ ਖੁਸ਼ੀਆਂ

...(ਉਹ) ਦਿਨ ਰਾਤ ਸੰਸਾਰਿਕ ਰੰਗ ਰਲੀਆਂ ਭੋਗਦਾ ਹੋਵੇ, ਅਤੇ ਉਸ ਨੂੰ ਮਨ ਵਿਚ ਕਦੀ ਮੌਤ ਦਾ ਚਿੱਤ-ਚੇਤਾ ਵੀ ਨਾ ਆਵੇ...

ਸਭ	ਕਿਛੁ *(ਕਿਛ)*	ਕੀਤੋਨੁ *(ਕੀਤੋਨ)*	ਆਪਣਾ,
ਸਾਰਾ	ਕੁਝ	ਕਰ ਲਿਆ	ਆਪ ਦਾ, ਖ਼ੁਦ ਦਾ

ਅੰਕ ੭੧

ਜੀਇ	ਨ *(ਨਾਂ)*	ਸੰਕ *(ਸ਼ੰਕ)*	ਧਰਿਆ ॥
ਚਿੱਤ ਵਿਚ	ਨਹੀਂ	ਸ਼ੰਕਾ, ਡਰ	ਰੱਖਿਆ

...(ਉਸ ਨੇ ਸੰਸਾਰ ਦਾ) ਸਾਰਾ ਕੁਝ ਆਪਣਾ ਬਣਾ ਲਿਆ ਹੋਵੇ, ਅਤੇ (ਇਸ ਸਭ ਕੁਝ ਨੂੰ ਕਰਨ ਬਾਰੇ) ਉਸ ਨੇ ਆਪਣੇ ਚਿੱਤ ਵਿਚ ਕੋਈ ਸ਼ੱਕ-ਸ਼ੁਭਾ ਵੀ ਨਾ ਰੱਖਿਆ ਹੋਵੇ, ਭਾਵ ਬਿਨਾਂ ਝਿਜਕ ਤੋਂ ਸਭ ਕੁਝ ਕੀਤਾ ਹੋਵੇ...

ਚਿਤਿ *(ਚਿੱਤ)*	ਨ *(ਨਾਂ)*	ਆਇਓ	ਪਾਰਬ੍ਰਹਮੁ, *(ਪਾਰਬ੍ਰਹਮ)*
ਚਿੱਤ ਵਿਚ	ਨਹੀਂ	ਆਇਆ	ਅਕਾਲ ਪੁਰਖ

ਜਮਕੰਕਰ	ਵਸਿ *(ਵੱਸ)*	ਪਰਿਆ ॥੮॥
ਜਮ ਰਾਜ ਦੇ ਕਿੰਕਰ/ਦਾਸ	ਵੱਸ ਵਿਚ	ਪੈ ਜਾਏਗਾ

...(ਪਰ ਜੇਕਰ ਉਸ ਦੇ) ਚਿੱਤ ਵਿਚ ਅਕਾਲ ਪੁਰਖ ਦਾ ਵਾਸਾ ਨਹੀਂ ਹੋਇਆ, ਤਾਂ ਉਹ ਜਮ-ਰਾਜ ਦੇ ਦੂਤਾਂ ਦੇ ਵਸ ਵਿਚ ਪੈ ਜਾਏਗਾ...

ਕਿਰਪਾ	ਕਰੇ	ਜਿਸੁ *(ਜਿਸ)*	ਪਾਰਬ੍ਰਹਮੁ, *(ਪਾਰਬ੍ਰਹਮ)*
ਮਿਹਰ	ਕਰ ਦੇਵੇ	ਜਿਸ ਤੇ	ਅਕਾਲ ਪੁਰਖ

ਹੋਵੈ	ਸਾਧੂ	ਸੰਗੁ *(ਸੰਗ)* ॥
ਹੋ ਜਾਂਦਾ ਹੈ	ਸਾਧੂਆਂ, ਸੰਤਾਂ	ਸਾਥ

...(ਪ੍ਰੰਤੂ) ਜਿਸ ਉੱਤੇ ਅਕਾਲ ਪੁਰਖ ਆਪਣੀ ਮਿਹਰ ਕਰ ਦੇਵੇ, ਉਸ ਨੂੰ ਸਾਧੂਆਂ ਦੀ ਸੰਗਤ ਹੋ ਜਾਂਦੀ ਹੈ...

ਜਿਉ *(ਜਿਉਂ)*	ਜਿਉ *(ਜਿਉਂ)*	ਓਹੁ *(ਓਹ)*	ਵਧਾਈਐ,
ਜਿਵੇਂ	ਜਿਵੇਂ	ਉਸ (ਸੰਗਤ ਨੂੰ)	ਬਹੁਤਾ ਕਰੀਏ, ਵਾਧਾ ਕਰੀਏ

ਤਿਉ *(ਤਿਓਂ)*	ਤਿਉ *(ਤਿਉਂ)*	ਹਰਿ *(ਹਰ)*	ਸਿਉ *(ਸਿਉਂ)*	ਰੰਗੁ *(ਰੰਗ)* ॥
ਤਿਵੇਂ	ਤਿਵੇਂ	ਪਰਮੇਸ਼ਰ	ਨਾਲ	ਪਿਆਰ

...ਜਿਵੇਂ ਜਿਵੇਂ ਉਸ (ਭਾਵ ਸੰਤ ਜਨਾਂ ਦੀ ਸੰਗਤ ਵਿਚ) ਵਾਧਾ ਕਰਾਂਗੇ, ਤਿਵੇਂ ਤਿਵੇਂ ਪਰਮੇਸ਼ਰ ਨਾਲ ਪਿਆਰ (ਹੋਰ ਵਧਦਾ ਜਾਏਗਾ)...

ਦੁਹਾ *(ਦੋਹਾਂ)*	ਸਿਰਿਆ *(ਸਿਰਿਆਂ)*	ਕਾ	ਖਸਮੁ *(ਖਸਮ)*	ਆਪਿ, *(ਆਪ)*
ਦੋਵਾਂ	ਹੱਦਾਂ, ਪਾਸਿਆਂ	ਦਾ	ਮਾਲਕ	ਖ਼ੁਦ ਹੀ

ਅਵਰੁ *(ਅਵਰ)*	ਨ *(ਨਾਂ)*	ਦੂਜਾ	ਥਾਉ *(ਥਾਉਂ)* ॥
ਹੋਰ	ਨਹੀਂ	ਦੂਸਰਾ	ਥਾਂ, ਸਥਾਨ

...ਦੋਵਾਂ ਪਾਸਿਆਂ ਭਾਵ ਲੋਕ ਅਤੇ ਪਰਲੋਕ ਦਾ ਮਾਲਕ (ਅਕਾਲ ਪੁਰਖ) ਆਪ ਹੀ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਸਰਾ ਥਾਂ-ਟਿਕਾਣਾ ਭਾਵ ਓਟ-ਆਸਰਾ ਨਹੀਂ ਹੈ...

ਸਤਿਗੁਰ *(ਸਤਗੁਰ)*	ਤੁਠੈ	ਪਾਇਆ,
ਸਤਿਗੁਰੂ	ਤੁੱਠਣ ਨਾਲ, ਕ੍ਰਿਪਾਲੂ ਹੋਣ ਨਾਲ	ਪਾ ਲਈਦਾ

ਨਾਨਕ,	ਸਚਾ *(ਸੱਚਾ)*	ਨਾਉ *(ਨਾਉਂ)* ॥੯॥੧॥੨੬॥
ਹੇ ! ਨਾਨਕ !	ਸਦਾ-ਸਥਿਰ (ਪ੍ਰਭੂ)	ਨਾਮ

...ਹੇ! ਨਾਨਕ! ਸਤਿਗੁਰੂ ਦੇ ਕ੍ਰਿਪਾਲੂ ਹੋਣ ਨਾਲ, ਸਦਾ-ਸਥਿਰ (ਪਰਮੇਸ਼ਰ ਦਾ) ਨਾਮ ਪ੍ਰਾਪਤ ਕਰ ਲਈਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)*	ਘਰੁ *(ਘਰ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ	ਤਾਲ ਦਾ ਸੂਚਕ	ਪੰਜਵਾਂ

ਜਾਨਉ *(ਜਾਨਉਂ)*	ਨਹੀ, *(ਨਹੀਂ)*	ਭਾਵੈ	ਕਵਨ	ਬਾਤਾ ॥
ਜਾਣਦਾ	ਨਹੀਂ	ਭਾਉਂਦੀ, ਚੰਗੀ ਲਗਦੀ	ਕਿਹੜੀ	ਬਾਤ, ਗੱਲ

(ਮੈਂ) ਨਹੀਂ ਜਾਣਦਾ ਕਿ (ਅਕਾਲ ਪੁਰਖ) ਨੂੰ ਕੀ ਭਾਉਂਦਾ ਹੈ...

ਮਨ,	ਖੋਜਿ *(ਖੋਜ)*	ਮਾਰਗੁ *(ਮਾਰਗ)* ॥੧॥	ਰਹਾਉ ॥
ਹੇ ! ਮਨਾਂ !	ਢੂੰਡ, ਲੱਭ	ਪੰਧ, ਰਾਹ	ਠਹਿਰਾਉ

...(ਹੇ!) ਮਨਾਂ (ਤੂੰ ਪਰਮੇਸ਼ਰ ਨੂੰ ਪਾਉਣ ਦਾ) ਰਾਹ ਢੂੰਡ...

ਧਿਆਨੀ,	ਧਿਆਨੁ *(ਧਿਆਨ)*	ਲਾਵਹਿ *(ਲਾਵਹਿਂ)* ॥
ਧਿਆਨ ਲਾਉਣ ਵਾਲੇ	ਲਿਵ	ਲਾਉਂਦੇ ਹਨ

...ਧਿਆਨ ਸਾਧਨਾ ਕਰਨ ਵਾਲੇ, ਧਿਆਨ ਜੋੜਦੇ ਹਨ...

ਗਿਆਨੀ,	ਗਿਆਨੁ *(ਗਿਆਨ)*	ਕਮਾਵਹਿ *(ਕਮਾਵਹਿਂ)* ॥
ਗਿਆਨਵਾਨ	ਬੋਧ, ਜਾਣਕਾਰੀ	ਕਮਾਉਂਦੇ ਹਨ

ਅੰਕ ੭੧

...ਗਿਆਨਵਾਨ ਪੁਰਸ਼ ਗਿਆਨ ਪ੍ਰਾਪਤੀ ਲਈ ਕਮਾਈ (ਭਾਵ ਉੱਦਮ) ਕਰਦੇ ਰਹਿੰਦੇ ਹਨ...

ਪ੍ਰਭੁ *(ਪ੍ਰਭ)*	ਕਿਨ *(ਕਿਨ੍ਹ)*	ਹੀ	ਜਾਤਾ ॥੧॥
ਪਰਮੇਸ਼ਰ	ਕਿਸੇ	ਨਿਸ਼ਚੇ	ਜਾਣਿਆ

...(ਪ੍ਰੰਤੂ) ਪਰਮੇਸ਼ਰ ਨੂੰ ਕਿਸੇ (ਵਿਰਲੇ ਨੇ) ਹੀ ਜਾਣਿਆਂ ਹੈ...

ਭਗਉਤੀ,	ਰਹਤ *(ਰਹਿਤ)*	ਜੁਗਤਾ ॥
ਭਾਗਵਤ ਉਪਾਸ਼ਕ	ਰਹਿੰਦਾ	ਜੁਗਤੀ ਭਾਵ ਸੰਜਮ ਵਿਚ

...ਵੈਸ਼ਨਵ ਭਗਤ (ਪ੍ਰਭੂ ਪ੍ਰਾਪਤੀ ਲਈ ਵਰਤ, ਤੁਲਸੀ ਮਾਲਾਂ ਅਤੇ ਤੀਰਥ ਇਸ਼ਨਾਨ ਆਦਿਕ) ਜੁਗਤੀਆਂ ਵਿਚ ਰਹਿੰਦੇ ਹਨ..

ਜੋਗੀ,	ਕਹਤ *(ਕਹਿਤ)*	ਮੁਕਤਾ ॥
ਜੋਗ ਸਾਧਨਾ ਕਰਨ ਵਾਲੇ	ਕਹਿੰਦੇ	ਮੁਕਤ

...ਜੋਗੀ (ਜੋਗ ਸਾਧਨਾ ਕਰਕੇ ਆਪਣੇ ਆਪ ਨੂੰ ਸੰਸਾਰਿਕ ਬੰਧਨਾਂ ਤੋਂ) ਮੁਕਤ ਕਹਾਉਂਦੇ ਹਨ...

ਤਪਸੀ,	ਤਪਹਿ	ਰਾਤਾ ॥੨॥
ਤਪੱਸਵੀ	ਤੱਪ ਵਿਚ	ਮਗਨ, ਰੁੱਝੇ ਹੋਏ

...ਤੱਪ ਕਰਨ ਵਾਲੇ ਤਪੱਸਵੀ, ਤੱਪ ਕਰਨ ਵਿਚ, ਭਾਵ ਕਰੜੀ ਘਾਲਣਾ ਕਰਨ ਵਿਚ ਰੁੱਝੇ ਰਹਿੰਦੇ ਹਨ...

ਮੋਨੀ,	ਮੋਨਿਧਾਰੀ *(ਮੋਨਧਾਰੀ)* ॥
ਚੁੱਪ ਸਾਧਨਾ ਕਰਨ ਵਾਲੇ	ਚੁੱਪ ਕਰਨ ਵਿਚ

...ਚੁੱਪ ਸਾਧਨਾ ਕਰਨ ਵਾਲੇ, ਚੁੱਪ ਸਾਧਨਾ ਕਰਨ ਵਿਚ (ਮਗਨ ਰਹਿੰਦੇ ਹਨ)...

ਸਨਿਆਸੀ,	ਬ੍ਰਹਮਚਾਰੀ ॥
ਸੰਨਿਆਸਧਾਰੀ	ਬ੍ਰਹਮਚਰਜ ਧਾਰਨ ਕਰਨ ਵਾਲੇ

...ਸੰਨਿਆਸਧਾਰੀ ਸੰਨਿਆਸ ਵਿਚ ਅਤੇ ਬ੍ਰਹਮਚਾਰੀ (ਬ੍ਰਹਮਚਰਯ ਧਾਰਨ ਕਰਨ ਵਿਚ ਰੁੱਝੇ ਰਹਿੰਦੇ ਹਨ)...

ਉਦਾਸੀ,	ਉਦਾਸਿ *(ਉਦਾਸ)*	ਰਾਤਾ ॥੩॥
ਵਿਰਕਤ, ਤਿਆਗੀ	ਉਦਾਸੀਨਤਾ ਵਿਚ	ਮਗਨ

...ਉਦਾਸੀ (ਸਾਧੂ) ਉਦਾਸੀ-ਸਾਧਨਾ ਵਿਚ ਮਗਨ ਰਹਿੰਦੇ ਹਨ...

ਭਗਤਿ *(ਭਗਤ)*	ਨਵੈ *(ਨਵੈਂ)*	ਪਰਕਾਰਾ ॥
ਭਗਤੀ	ਨੌਂ	ਪ੍ਰਕਾਰ ਦੀ

...(ਕਈ ਕਹਿੰਦੇ ਹਨ) ਭਗਤੀ ਨੌਂ ਪ੍ਰਕਾਰ (ਸ੍ਰਵਣ, ਕੀਰਤਨ, ਸਿਮਰਣ, ਚਰਨ ਸੇਵਾ, ਅਰਚਨ, ਬੰਦਨਾ, ਸਖ਼ਯ (ਮਿਤ੍ਰ ਭਾਵ), ਦਾਸਯ (ਦਾਸ ਭਾਵ) ਅਤੇ ਆਤਮ ਨਿਵੇਦਨ (ਆਪਣਾ ਆਪ ਅਰਪਣ ਕਰਨਾ) ਦੀ ਹੈ...

ਪੰਡਿਤੁ *(ਪੰਡਿਤ)*	ਵੇਦੁ *(ਵੇਦ)*	ਪੁਕਾਰਾ ॥
ਵਿਦਵਾਨ	ਵੇਦ	ਪੁਕਾਰਦੇ, ਉਚਾਰਦੇ

...ਵਿਦਵਾਨ ਲੋਕ, ਵੇਦਾਂ ਦਾ ਉਚਾਰਨ ਕਰਦੇ ਹਨ...

ਗਿਰਸਤੀ,	ਗਿਰਸਤਿ *(ਗਿਰਸਤ)*	ਧਰਮਾਤਾ ॥੪॥
ਗ੍ਰਿਹਸਥੀ	ਗ੍ਰਿਹਸਥ ਵਿਚ	ਧਰਮ ਵਿਚ ਮਸਤ

...ਗ੍ਰਿਹਸਥੀ ਲੋਕ, ਗ੍ਰਿਹਸਥ ਧਰਮ ਵਿਚ ਮਸਤ ਰਹਿੰਦੇ ਹਨ...

ਇਕ	ਸਬਦੀ, *(ਸ਼ਬਦੀ)*	ਬਹੁ	ਰੂਪਿ *(ਬਹੁਰੂਪ)*	ਅਵਧੂਤਾ ॥
ਇੱਕੋ	ਸ਼ਬਦ ਵਾਲੇ	ਬਹੁਤੇ	ਰੂਪ ਵਾਲੇ	ਨਾਂਗੇ (ਸਾਧ)

...(ਕਈ) ਇੱਕੋ ਸ਼ਬਦ ਕਹਿਣ ਵਾਲੇ, ਭਾਵ ਅਲੱਖ ਅਲੱਖ ਕਹਿਣ ਵਾਲੇ ਅਲੱਖਧਾਰੀ (ਜੋਗੀ ਸਾਧੂ ਹਨ), ਅਤੇ ਕਈ ਬਹੁਰੂਪੀਏ ਨਾਂਗੇ (ਸਾਧ ਹਨ)...

ਕਾਪੜੀ,	ਕਉਤੇ	ਜਾਗੂਤਾ ॥
ਇੱਕ ਸ਼ਿਵ ਉਪਾਸ਼ਕ ਫ਼ਿਰਕਾ ਜੋ ਚੀਥੜੇ ਪਾਉਂਦਾ ਹੈ, ਅਤੇ ਤੀਰਥ ਯਾਤਰਾ ਵਿਚ ਵਧੇਰੇ ਵਿਸ਼ਵਾਸ਼ ਰੱਖਦਾ, ਕੇਦਾਰ ਨਾਥ ਉਨ੍ਹਾਂ ਦਾ ਮੁੱਖ ਤੀਰਥ ਹੈ	ਕਉਤਕੀ, ਲੋਕਾਂ ਨੂੰ ਨਾਟਕ-ਚੇਟਕ ਦਿਖਾ ਕੇ ਪ੍ਰਸੰਨ ਕਰਨ ਵਾਲੇ	ਜਗਰਾਤੇ ਕੱਟਣ ਵਾਲੇ

...(ਕਈ) ਖ਼ਾਸ ਤਰ੍ਹਾਂ ਦਾ ਚੀਥੜਿਆਂ ਦਾ ਚੋਲਾ ਪਾਉਣ ਵਾਲੇ ਹਨ, ਕਈ ਕਉਤਕੀ ਭਾਵ ਨਾਟਕ-ਚੇਟਕ ਕਰਕੇ ਲੋਕਾਂ ਨੂੰ ਪ੍ਰਸੰਨ ਕਰਨ ਵਾਲੇ ਹਨ, ਅਤੇ ਕਈ ਰਾਤਾਂ ਨੂੰ ਜਾਗ ਜਾਗ ਕੇ ਜਗਰਾਤੇ ਕੱਟਣ ਵਾਲੇ ਹਨ...

ਇਕਿ *(ਇੱਕ)*	ਤੀਰਥਿ *(ਤੀਰਥ)*	ਨਾਤਾ *(ਨ੍ਹਾਤਾ)* ॥੫॥
ਕਈ ਇੱਕ	ਧਰਮ ਅਸਥਾਨਾਂ ਤੇ	ਨ੍ਹਾਉਣ ਵਾਲੇ

ਅੰਕ ੭੧

...ਕਈ ਇੱਕ ਧਰਮ ਅਸਥਾਨਾਂ ਤੇ ਜਾ ਜਾ ਕੇ ਇਸ਼ਨਾਨ ਕਰਦੇ ਹਨ...

ਨਿਰਹਾਰ	ਵਰਤੀ,	ਆਪਰਸਾ ॥
ਕੁਝ ਨਾ ਖਾਣ ਵਾਲੇ	ਵਰਤ ਰੱਖਣ ਵਾਲੇ	ਜੋ ਕਿਸੇ ਨੂੰ ਨਾ ਛੋਹੇ

...(ਕਈ) ਬਿਨਾਂ ਭੋਜਨ ਖਾਏ ਭੁੱਖੇ ਰਹਿਕੇ ਵਰਤ ਰੱਖਣ ਵਾਲੇ ਹਨ, ਅਤੇ ਕਈ ਕਿਸੇ ਨਾਲ ਨਾ ਲਗਣ ਵਾਲੇ, ਭਾਵ ਦੂਸਰਿਆਂ ਨੂੰ ਨਾ ਛੂਹਣ ਵਾਲੇ ਹਨ (ਤਾਂ ਕਿ ਅਸੀਂ ਭਿੱਟ ਨਾ ਜਾਈਏ)...

ਇਕਿ *(ਇੱਕ)*	ਲੂਕਿ, *(ਲੂਕ)*	ਨ *(ਨਾਂ)*	ਦੇਵਹਿ *(ਦੇਵਹਿਂ)*	ਦਰਸਾ ॥
ਕਈ ਇਕ	ਲੁਕ ਕੇ ਰਹਿਣ ਵਾਲੇ	ਨਹੀਂ	ਦਿੰਦੇ	ਦਰਸ਼ਨ

...ਕਈ ਇੱਕ (ਗੁਫਾਵਾਂ ਆਦਿਕ ਵਿਚ) ਲੁਕ ਕੇ ਰਹਿਣ ਵਾਲੇ ਹਨ, ਅਤੇ ਦੂਸਰਿਆਂ ਨੂੰ ਦਰਸ਼ਨ ਨਹੀਂ ਦਿੰਦੇ...

ਇਕਿ *(ਇੱਕ)*	ਮਨ	ਹੀ	ਗਿਆਤਾ ॥੬॥
ਕਈ ਇੱਕ	ਚਿੱਤ	ਕੇਵਲ	ਗਿਆਨੀ, ਜਾਨਣ ਵਾਲੇ

...ਕਈ ਇਕ ਮਨ ਹੀ ਮਨ ਵਿਚ ਗਿਆਨਵਾਨ ਬਣੇ ਫਿਰਦੇ ਹਨ...

ਘਾਟਿ *(ਘਾਟ)*	ਨ *(ਨਾਂ)*	ਕਿਨ *(ਕਿਨ੍ਹ)*	ਹੀ	ਕਹਾਇਆ ॥
ਘੱਟ	ਨਹੀਂ	ਕਿਸੇ	ਵੀ	ਕੁਹਾਇਆ

...(ਪਰ) ਕਿਸੇ ਨੇ ਵੀ (ਆਪਣੇ ਆਪ ਨੂੰ ਦੂਸਰੇ ਤੋਂ) ਘੱਟ ਨਹੀਂ ਕੁਹਾਇਆ...

ਸਭ	ਕਹਤੇ *(ਕਹਿਤੇ)*	ਹੈ, *(ਹੈਂ)*	ਪਾਇਆ ॥
ਸਾਰੇ	ਕਹਿੰਦੇ	ਹਨ	ਪਾ ਲਿਆ ਹੈ

...ਸਭ ਕਹਿੰਦੇ ਹਨ ਕਿ (ਅਸੀਂ ਆਪੋ ਆਪਣੇ ਇਨ੍ਹਾਂ ਯਤਨਾਂ ਨਾਲ ਪਰਮੇਸ਼ਰ ਨੂੰ) ਪਾ ਲਿਆ ਹੈ...

ਜਿਸੁ *(ਜਿਸ)*	ਮੇਲੇ,	ਸੋ	ਭਗਤਾ ॥੭॥
ਜਿਸ ਨੂੰ	ਮੇਲ ਲਵੇ	ਉਹੀ	ਭਗਤ

...(ਦਰਅਸਲ) ਜਿਸ ਨੂੰ ਅਕਾਲ ਪੁਰਖ ਆਪਣੇ ਨਾਲ ਮਿਲਾ ਲਵੇ, (ਸਹੀ ਅਰਥਾਂ ਵਿਚ ਉਹੀ ਪਰਮੇਸ਼ਰ ਦਾ) ਭਗਤ ਹੈ...

ਸਗਲ	ਉਕਤਿ *(ਉਕਤ)*	ਉਪਾਵਾ ॥		
ਸਾਰੇ	ਯੁਕਤੀਆਂ, ਦਲੀਲਾਂ	ਜੁਗਤਾਂ, ਯਤਨ		

...(ਮੈਂ) ਸਾਰੀਆਂ ਯੁਕਤੀਆਂ, ਦਲੀਲਾਂ ਅਤੇ ਯਤਨ...

ਤਿਆਗੀ,	ਸਰਨਿ *(ਸ਼ਰਨ)*	ਪਾਵਾ *(ਪਾਵਾਂ)* ॥ ?		
ਤਿਆਗ ਕੇ	ਸ਼ਰਨ ਵਿਚ	ਪੈ ਗਿਆ ਹਾਂ		

...ਤਿਆਗ ਕੇ (ਵਾਹਿਗੁਰੂ ਦੀ) ਸ਼ਰਨ ਵਿਚ ਚਲਾ ਗਿਆ ਹਾਂ...

ਨਾਨਕੁ, *(ਨਾਨਕ)*	ਗੁਰ	ਚਰਣਿ *(ਚਰਣ)*	ਪਰਾਤਾ ॥੮॥੨॥੨੦॥	
ਨਾਨਕ ਦੇਵ ਜੀ	ਸਤਿਗੁਰੂ	ਚਰਣ, ਪੈਰ	ਪਿਆ ਹਾਂ	

...(ਮੈਂ) ਨਾਨਕ, ਪਰਮੇਸ਼ਰ ਦੀ ਚਰਣੀ ਪੈ ਗਿਆ ਹਾਂ ਭਾਵ ਸ਼ਰਨ ਵਿਚ ਆਇਆ ਹਾਂ।

੧ੳ *(ਇੱਕ ਓਅੰਕਾਰ)*	ਸਤਿ *(ਸੱਤ)*
ਇੱਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ
ਗੁਰ	ਪ੍ਰਸਾਦਿ॥ (ਪ੍ਰਸਾਦ)
ਗਿਆਨਮਈ ਗੁਰੂ ਸਰੂਪ(ਓਅੰਕਾਰ)	ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀਂ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇੱਕ ਤੇ ਕੇਵਲ ਇੱਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੧ *(ਪਹਿਲਾ)*	ਘਰੁ *(ਘਰ)*	੩ *(ਤੀਜਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ	ਤਾਲ ਦਾ ਸੰਕੇਤ	ਤੀਜਾ

ਜੋਗੀ,	ਅੰਦਰਿ *(ਅੰਦਰ)*	ਜੋਗੀਆ *(ਜੋਗੀਆਂ)* ॥		
ਯੋਗੀ	ਵਿਚ	ਯੋਗੀਆਂ		

...(ਹੇ! ਵਾਹਿਗੁਰੂ! ਤੂੰ) ਯੋਗੀਆਂ ਅੰਦਰ (ਆਪ ਹੀ) ਯੋਗੀ, ਭਾਵ ਯੋਗ ਸਾਧਨਾ ਕਰਨ ਵਾਲਾ (ਬਣ ਕੇ ਬੈਠਾ ਹੋਇਆ) ਹੈਂ...

ਤੂੰ	ਭੋਗੀ,	ਅੰਦਰਿ *(ਅੰਦਰ)*	ਭੋਗੀਆ *(ਭੋਗੀਆਂ)* ॥	
ਤੁਸੀਂ	ਭੋਗਣ ਵਾਲਾ	ਵਿਚ	ਭੋਗਣ ਵਾਲਿਆਂ	

ਅੰਕ ੭੧

...(ਅਤੇ ਹੇ! ਪਰਮੇਸ਼ਰ! ਤੂੰ ਆਪ ਹੀ ਸੰਸਾਰ ਦੇ ਪਦਾਰਥਾਂ ਨੂੰ) ਭੋਗਣ ਵਾਲਿਆਂ ਵਿਚ, ਭੋਗੀ ਭਾਵ ਪਦਾਰਥਾਂ ਨੂੰ ਭੋਗਣ ਵਾਲਾ (ਬਣ ਕੇ ਟਿਕਿਆ ਹੋਇਆ) ਹੈਂ...

ਤੇਰਾ	ਅੰਤੁ *(ਅੰਤ)*	ਨ *(ਨਾਂ)*	ਪਾਇਆ,
ਤੁਹਾਡਾ	ਅਖ਼ੀਰ	ਨਹੀਂ	ਲਭਿਆ, ਜਾਣਿਆਂ

ਸੁਰਗਿ *(ਸੁਰਗ)*	ਮਛਿ *(ਮੱਛ)*	ਪਇਆਲਿ *(ਪਇਆਲ)*	ਜੀਉ ॥੧॥
ਸੁਰਗਾਂ ਵਿਚ	ਮਾਤ ਲੋਕ ਵਿਚ	ਪਾਤਾਲ ਵਿਚ	ਜੀ

...(ਹੇ! ਵਾਹਿਗੁਰੂ ਜੀ! ਤਿੰਨੇ ਹੀ ਲੋਕਾਂ) ਸਵਰਗ ਲੋਕ ਵਿਚ, ਮਾਤ ਲੋਕ ਵਿਚ ਅਤੇ ਪਾਤਾਲ ਲੋਕ ਵਿਚ (ਰਹਿਣ ਵਾਲੇ) ਤੁਹਾਡਾ ਅੰਤ ਨਹੀਂ ਪਾ ਸਕੇ...

ਹਉ *(ਹਉਂ)*	ਵਾਰੀ,	ਹਉ *(ਹਉਂ)*	ਵਾਰਣੈ,
ਮੈਂ	ਕੁਰਬਾਨ	ਮੈਂ	ਸਦਕੇ

ਕੁਰਬਾਣੁ *(ਕੁਰਬਾਣ)*	ਤੇਰੇ	ਨਾਵ *(ਨਾਂਵ)*	ਨੋ *(ਨੋਂ)* ॥੧॥	ਰਹਾਉ ॥
ਬਲਿਹਾਰ	ਤੁਹਾਡੇ	ਨਾਮ	ਤੋਂ	ਠਹਿਰਾਉ

...(ਹੇ! ਪਰਮੇਸ਼ਰ!) ਮੈਂ (ਤੇਰੇ ਤੋਂ) ਕੁਰਬਾਨ ਅਤੇ ਸਦਕੇ ਜਾਂਦਾ ਹਾਂ, (ਵਾਹਿਗੁਰੂ ਜੀ ਮੈਂ) ਤੁਹਾਡੇ (ਪਵਿੱਤਰ) ਨਾਮ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ...

ਤੁਧੁ, *(ਤੁਧ)*	ਸੰਸਾਰੁ *(ਸੰਸਾਰ)*	ਉਪਾਇਆ ॥
ਤੂੰ	ਸ੍ਰਿਸ਼ਟੀ	ਪੈਦਾ ਕੀਤਾ ਹੈ

...(ਹੇ! ਈਸ਼ਵਰ) ਤੂੰ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ...

ਸਿਰੇ	ਸਿਰਿ, *(ਸਿਰ)*	ਧੰਧੇ	ਲਾਇਆ ॥
ਹਰ ਇਕ ਨੂੰ	(ਸਿਰੇ ਸਿਰਿ ਮੁਹਾਵਰਾ ਹੈ)	ਧੰਧਿਆਂ ਵਿਚ	ਲਗਾਇਆ

...(ਅਤੇ ਇਸ ਸਾਜੀ ਹੋਈ ਸ੍ਰਿਸ਼ਟੀ ਵਿਚ) ਹਰ ਇਕ ਨੂੰ (ਆਪੋ ਆਪਣੇ) ਧੰਧਿਆਂ ਵਿਚ ਲਗਾਇਆ ਹੋਇਆ ਹੈ...

ਵੇਖਹਿ *(ਵੇਖਹਿਂ)*	ਕੀਤਾ	ਆਪਣਾ,
ਵੇਖ ਰਿਹਾ ਹੈਂ, ਸੰਭਾਲ ਕਰ ਰਿਹਾ ਹੈ	ਕੀਤੇ/ਸਾਜੇ ਹੋਏ	ਖ਼ੁਦ ਦੇ

ਕਰਿ *(ਕਰ)*	ਕੁਦਰਤਿ *(ਕੁਦਰਤ)*	ਪਾਸਾ	ਢਾਲਿ *(ਢਾਲ)*	ਜੀਉ ॥੨॥
ਕਰ ਕੇ	ਰਚਨਾ	ਚੌਪੜ ਖੇਡ ਦੀ ਗੋਟ	ਸੁੱਟ ਕੇ, ਰੇੜ੍ਹ ਕੇ	ਜੀ

...(ਵਾਹਿਗੁਰੂ) ਜੀ, ਆਪਣੀ (ਸ਼ਕਤੀ ਦੁਆਰਾ ਸੰਸਾਰ ਰੂਪੀ) ਰਚਨਾ ਦੀ ਖੇਡ ਨੂੰ ਚੌਪੜ ਦੀ ਗੋਟੀ ਵਾਂਗ ਸੁੱਟ ਕੇ, ਫਿਰ ਆਪ ਹੀ ਆਪਣੀ ਸਾਜੀ ਹੋਈ (ਕਿਰਤ ਦੀ) ਸਾਂਭ-ਸੰਭਾਲ ਕਰ ਰਿਹਾ ਹੈ...

ਪਰਗਟਿ *(ਪਰਗਟ)*	ਪਾਹਾਰੈ	ਜਾਪਦਾ ॥
ਪ੍ਰਤੱਖ ਹੋਕੇ	ਪਸਾਰੇ ਵਿਚ	ਪ੍ਰਤੀਤ ਹੁੰਦਾ ਹੈ, ਨਜ਼ਰ ਆਉਂਦਾ ਹੈ

...(ਆਪਣੀ ਰਚਨਾ ਸਾਜਣ ਤੋਂ ਬਾਅਦ, ਪਰਮੇਸ਼ਰ ਆਪ ਹੀ ਆਪਣੇ) ਪਸਾਰੇ ਵਿਚ ਪ੍ਰਤੱਖ ਹੋਕੇ ਨਜ਼ਰ ਆ ਰਿਹਾ ਹੈ...

ਸਭੁ *(ਸਭ)*	ਨਾਵੈ *(ਨਾਵੈਂ)*	ਨੋ *(ਨੋਂ)*	ਪਰਤਾਪਦਾ ॥
ਸਾਰੇ	(ਪ੍ਰਭੂ) ਨਾਮ	ਨੂੰ	ਲੋਚਦੇ, ਤਾਂਘਦੇ, ਤੀਬਰ ਇੱਛਾਵਾਨ ਹੁੰਦੇ

...(ਪ੍ਰਭੂ ਜੀ ਤੇਰੀ ਸਾਜੀ ਹੋਈ ਸ੍ਰਿਸ਼ਟੀ ਦੇ) ਸਾਰੇ (ਜੀਵ), ਤੇਰੇ ਨਾਮ (ਦੀ ਪ੍ਰਾਪਤੀ ਦੇ) ਤੀਬਰ ਇੱਛਾਵਾਨ ਹੁੰਦੇ ਹਨ...

ਸਤਿਗੁਰ *(ਸਤਗੁਰ)*	ਬਾਝੁ *(ਬਾਝ)*	ਨ *(ਨਾਂ)*	ਪਾਇਓ,
ਸਤਿਗੁਰੂ	ਬਗੈਰ	ਨਹੀਂ	ਪ੍ਰਾਪਤ ਹੁੰਦਾ

ਸਭ	ਮੋਹੀ,	ਮਾਇਆ	ਜਾਲਿ *(ਜਾਲ)*	ਜੀਉ ॥੩॥
ਸਾਰੇ	ਫਸੀ, ਭਰਮੀ ਹੋਈ	ਮਾਇਆਵੀ ਵਿਕਾਰਾਂ	ਜਾਲ ਵਿਚ	ਸਤਿਕਾਰ ਬੋਧਿਕ ਸ਼ਬਦ

...(ਪ੍ਰੰਤੂ) ਸਤਿਗੁਰੂ ਤੋਂ ਬਿਨਾਂ (ਕਿਸੇ ਨੇ ਵੀ ਪਰਮੇਸ਼ਰ ਦੇ ਨਾਮ ਨੂੰ) ਨਹੀਂ ਪਾਇਆ, (ਕਿਉਂਕਿ ਸੰਸਾਰ ਦੇ) ਸਾਰੇ (ਜੀਵ) ਮਾਇਆਵੀ ਵਿਕਾਰਾਂ ਦੇ ਜਾਲ ਵਿਚ ਫਸੇ ਹੋਏ ਹਨ ਜੀ...

ਸਤਿਗੁਰ *(ਸਤਗੁਰ)*	ਕਉ,	ਬਲਿ *(ਬਲ)*	ਜਾਈਐ ॥
ਸਤਿਗੁਰੂ	ਨੂੰ	ਬਲਿਹਾਰ, ਸਦਕੇ	ਜਾਣਾ ਚਾਹੀਦਾ

...ਸਤਿਗੁਰੂ ਤੋਂ ਬਲਿਹਾਰ ਬਲਿਹਾਰ ਜਾਣਾ ਚਾਹੀਦਾ ਹੈ...

ਜਿਤੁ *(ਜਿਤ)*	ਮਿਲਿਐ,	ਪਰਮ	ਗਤਿ *(ਗਤ)*	ਪਾਈਐ ॥
ਜਿਸ ਦੇ	ਮਿਲਣ ਨਾਲ	ਉੱਤਮ	ਗਤੀ, ਅਵਸਥਾ	ਪਾਈਦੀ ਹੈ

ਅੰਕ ੭੨

...ਜਿਸ ਦੇ ਮਿਲਣ ਨਾਲ ਪਰਮ ਅਵਸਥਾ ਨੂੰ ਪ੍ਰਾਪਤ ਕਰ ਲਈਦਾ ਹੈ...

ਸੁਰਿ *(ਸੁਰ)*	**ਨਰ**	**ਮੁਨਿ** *(ਮੁਨ)*	**ਜਨ**	**ਲੋਚਦੇ,**
ਦੇਵਤੇ	ਲੋਕ	ਮੋਨੀ, ਚੁੱਪ ਧਾਰੀ	ਲੋਕ	ਤਾਂਘਦੇ, ਇੱਛਾ ਕਰਦੇ

ਸੋ	**ਸਤਿਗੁਰਿ** *(ਸਤਗੁਰ)*	**ਦੀਆ**	**ਬੁਝਾਇ**	**ਜੀਉ ॥੪॥**
ਉਹ	ਸਤਿਗੁਰੂ ਨੇ	ਦਿੱਤਾ	ਬੁੱਝਾ ਦਿੱਤਾ, ਸੋਝੀ ਕਰਵਾ ਦਿੱਤੀ	ਸਤਿਕਾਰ ਬੋਧਿਕ ਸ਼ਬਦ

...(ਪਰਮੇਸ਼ਰ ਦੇ ਜਿਸ ਪਵਿੱਤਰ ਨਾਮ ਨੂੰ) ਮੋਨਧਾਰੀ ਅਤੇ ਦੇਵਤੇ ਲੋਕ ਤਰਸਦੇ ਹਨ, ਉਸਦਾ (ਮੈਨੂੰ) ਸਤਿਗੁਰੂ ਨੇ ਗਿਆਨ ਕਰਵਾ ਦਿੱਤਾ ਹੈ...

ਸਤਸੰਗਤਿ *(ਸਤਸੰਗਤ)*	**ਕੈਸੀ**	**ਜਾਣੀਐ ॥**
ਸੱਤ ਪੁਰਖਾਂ ਦੀ ਸੰਗਤ, ਸਾਧ-ਸੰਗਤ	ਕਿਵੇਂ ਦੀ	ਜਾਣਨੀ/ਸਮਝਣੀ ਚਾਹੀਦੀ ਹੈ

...ਹਰ-ਜੱਸ ਲਈ ਜੁੜੀ ਕਿਹੋ ਜਿਹੀ ਸੰਗਤ ਨੂੰ, ਸਤਸੰਗਤ ਸਮਝਿਆ ਜਾਵੇ?...

ਜਿਥੈ,	**ਏਕੋ**	**ਨਾਮੁ** *(ਨਾਮ)*	**ਵਖਾਣੀਐ ॥**
ਜਿਥੇ	ਇੱਕੋ	(ਪ੍ਰਭੂ) ਨਾਮ	ਆਖੀਏ, ਜਪੀਏ, ਸਿਮਰੀਏ

...(ਸਤਿਗੁਰੂ ਜੀ ਆਪ ਹੀ ਕ੍ਰਿਪਾ ਪੂਰਵਕ ਉੱਤਰ ਦਿੰਦੇ ਹਨ ਕਿ) ਜਿਸ (ਸੰਗਤ ਵਿਚ ਕੇਵਲ ਤੇ ਕੇਵਲ) ਇਕ (ਪਰਮੇਸ਼ਰ) ਦੇ ਨਾਮ ਦਾ ਵਖਿਆਨ ਕਰੀਏ, ਭਾਵ (ਸਿਰਫ਼) ਇੱਕ ਵਾਹਿਗੁਰੂ ਦੇ ਨਾਮ ਦਾ ਹੀ ਜਾਪ ਕਰੀਏ (ਅਸਲ ਵਿਚ ਉਹੋ ਹੀ ਸਤਿਸੰਗਤ ਹੈ)...

ਏਕੋ	**ਨਾਮੁ** *(ਨਾਮ)*	**ਹੁਕਮੁ** *(ਹੁਕਮ)*	**ਹੈ,**	**ਨਾਨਕ,**
ਇੱਕੋ	(ਪ੍ਰਭੂ) ਨਾਮ	ਆਗਿਆ, ਆਦੇਸ਼	ਹੋਣ ਦੀ ਕ੍ਰਿਆ	ਹੇ! ਨਾਨਕ

ਸਤਿਗੁਰਿ *(ਸਤਗੁਰ)*	**ਦੀਆ**	**ਬੁਝਾਇ**	**ਜੀਉ ॥੫॥**
ਸਤਿਗੁਰੂ ਨੇ	ਦਿੱਤਾ	ਸਮਝਾ, ਗਿਆਨ ਕਰਵਾ	ਸਤਿਕਾਰ ਬੋਧਿਕ ਸ਼ਬਦ

...ਹੇ! ਨਾਨਕ! ਸਤਿਗੁਰੂ ਨੇ (ਇਹ ਚੰਗੀ ਤਰ੍ਹਾਂ) ਸਮਝਾ-ਬੁਝਾ ਦਿੱਤਾ ਹੈ ਕਿ (ਸਤਿਸੰਗਤ ਵਿਚ ਕੇਵਲ) ਇਕ (ਪਰਮੇਸ਼ਰ ਦਾ) ਨਾਮ ਜਪਣ ਦੀ ਹੀ ਆਗਿਆ ਹੈ...

ਇਹੁ *(ਏਹੁ)*	**ਜਗਤੁ,** *(ਜਗਤ)*	**ਭਰਮਿ** *(ਭਰਮ)*	**ਭੁਲਾਇਆ ॥**
ਸੰਕੇਤਕ ਸ਼ਬਦ	ਸੰਸਾਰ	ਭਰਮ ਵਿਚ	ਭੁਲੇਖੇ ਵਿਚ ਪਾਇਆ

ਅੰਕ ੭੨

...(ਹੇ !ਕਰਤਾ ਪੁਰਖ! ਤੂੰ ਆਪ ਹੀ ਆਪਣੇ) ਇਸ ਜਗਤ ਨੂੰ (ਮਾਇਆ ਦੇ) ਭਰਮ-ਭੁਲੇਖੇ ਵਿਚ ਪਾਇਆ ਹੋਇਆ ਹੈ...

ਆਪਹੁ *(ਆਪਹੁੰ)*	**ਤੁਧੁ** *(ਤੁੱਧ)*	**ਖੁਆਇਆ** ॥
ਆਪ ਹੀ	ਤੂੰ	ਖ਼ੁਆਰ ਕੀਤਾ ਹੋਇਆ

...(ਅਤੇ) ਆਪ ਹੀ (ਆਪਣੀ ਸਾਰੀ ਸ੍ਰਿਸ਼ਟੀ ਨੂੰ ਮਾਇਆ ਵਿਚ) ਖ਼ੱਜਲ-ਖ਼ੁਆਰ ਕੀਤਾ ਹੋਇਆ ਹੈ...

ਪਰਤਾਪੁ *(ਪਰਤਾਪ)*	**ਲਗਾ**	**ਦੋਹਾਗਣੀ,** *(ਦੋਹਾਗਣੀਂ)*
ਦੁੱਖ, ਕਸ਼ਟ	ਲਗਿਆ	ਛੁੱਟੜ, ਪਤੀ ਪ੍ਰਮੇਸ਼ਰ ਤੋਂ ਬੇਮੁੱਖ

ਭਾਗ	**ਜਿਨਾ** *(ਜਿਨ੍ਹਾਂ)*	**ਕੇ**	**ਨਾਹਿ** *(ਨਾਹਿਂ)*	**ਜੀਉ** ॥੬॥
ਲੇਖ, ਕਿਸਮਤ	ਜਿਨ੍ਹਾਂ	ਦੇ	ਨਹੀਂ	ਸਤਿਕਾਰ ਬੋਧਿਕ ਸ਼ਬਦ

...ਜਿਨ੍ਹਾਂ ਦੁਹਾਗਣਾਂ ਦੇ ਭਾਗਾਂ (ਵਿਚ ਪਤੀ ਪਰਮੇਸ਼ਰ ਦਾ ਮਿਲਾਪ) ਨਹੀਂ ਹੈ ਜੀ, (ਉਨ੍ਹਾਂ ਨੂੰ ਪ੍ਰਭੂ-ਵਿਛੋੜੇ ਦਾ) ਦੁੱਖ ਲੱਗਾ ਹੋਇਆ ਹੈ...

ਦੋਹਾਗਣੀ, *(ਦੋਹਾਗਣੀਂ)*	**ਕਿਆ**	**ਨੀਸਾਣੀਆ** *(ਨੀਸ਼ਾਣੀਆਂ)* ॥
ਛੁੱਟੜਾਂ, ਪਤੀ ਤੋਂ ਬੇਮੁੱਖ	ਕੀ	ਨਿਸ਼ਾਨੀਆਂ, ਚਿਨ੍ਹ

...ਛੁੱਟੜ ਭਾਵ ਪਤੀ ਤੋਂ ਬੇਮੁੱਖ ਇਸਤ੍ਰੀਆਂ ਦੀਆਂ ਕੀ ਨਿਸ਼ਾਨੀਆਂ (ਹੁੰਦੀਆਂ ਹਨ)...

ਖਸਮਹੁ *(ਖਸਮਹੁੰ)*	**ਘੁਥੀਆ,** *(ਘੁੱਥੀਆਂ)*	**ਫਿਰਹਿ** *(ਫਿਰਹਿਂ)*	**ਨਿਮਾਣੀਆ** *(ਨਿਮਾਣੀਆਂ)* ॥
ਖਸਮ ਤੋਂ	ਭੁੱਲੀਆਂ, ਵਿੱਛੜੀਆਂ	ਫਿਰਦੀਆਂ	ਮਾਣ ਹੀਣ, ਇੱਜ਼ਤਹੀਣ

...(ਸਾਹਿਬ ਜੀ, ਆਪ ਹੀ ਕ੍ਰਿਪਾ ਪੂਰਵਕ ਉੱਤਰ ਬਖਸ਼ਦੇ ਹਨ, ਕਿ ਉਹ ਪਰਮੇਸ਼ਰ ਰੂਪ) ਖ਼ਸਮ ਨੂੰ ਭੁੱਲੀਆਂ ਹੋਈਆਂ (ਦੁਹਾਗਣਾਂ), ਇੱਜ਼ਤਹੀਣਾਂ (ਵਾਂਗ) ਤੁਰੀਆਂ ਫਿਰਦੀਆਂ ਹਨ...

ਮੈਲੇ	**ਵੇਸ**	**ਤਿਨਾ** *(ਤਿਨ੍ਹਾਂ)*	**ਕਾਮਣੀ,** *(ਕਾਮਣੀਂ)*
ਮਲੀਨ	ਪਹਿਰਾਵਾ, ਬਸਤ੍ਰ	ਉਨ੍ਹਾਂ	ਇਸਤ੍ਰੀਆਂ
ਦੁਖੀ *(ਦੁੱਖੀਂ)*	**ਰੈਣਿ** *(ਰੈਣ)*	**ਵਿਹਾਇ**	**ਜੀਉ** ॥੭॥
ਦੁੱਖਾਂ ਵਿਚ	ਰਾਤ	ਬੀਤਦੀ	ਸਤਿਕਾਰ ਬੋਧਿਕ ਸ਼ਬਦ

...ਉਨ੍ਹਾਂ (ਪਰਮੇਸ਼ਰ ਤੋਂ ਬੇਮੁੱਖ ਮੰਦਭਾਗਣ ਦੁਹਾਗਣ) ਇਸਤ੍ਰੀਆਂ ਦਾ ਵੇਸ, (ਵਿਕਾਰਾਂ ਦੀ ਮੈਲ ਨਾਲ ਸਦਾ) ਮਲੀਨ ਹੀ ਰਹਿੰਦਾ ਹੈ, ਅਤੇ (ਪ੍ਰਭੂ-ਵਿਛੋੜੇ ਕਾਰਨ ਉਨ੍ਹਾਂ ਦੀ ਜ਼ਿੰਦਗੀ ਰੂਪੀ) ਰਾਤ ਦੁੱਖਾਂ ਵਿਚ ਹੀ ਬੀਤਦੀ ਹੈ...

ਸੋਹਾਗਣੀ, *(ਸੋਹਾਗਣੀਂ)*	ਕਿਆ	ਕਰਮੁ *(ਕਰਮ)*	ਕਮਾਇਆ ॥
ਸੁਹਾਗਵੰਤੀਆਂ ਨੇ	ਕੀ	ਕੰਮ	ਕੀਤਾ ਹੈ

...ਸੁਹਾਗਵੰਤੀਆਂ ਨੇ ਕੀ (ਉੱਤਮ) ਕੰਮ ਕੀਤਾ ਹੈ? (ਕਿ ਉਹ ਆਪਣੇ ਪ੍ਰੀਤਮ ਨੂੰ ਭਾਉਂਦੀਆਂ ਹਨ)...

ਪੂਰਬਿ *(ਪੂਰਬ)*	ਲਿਖਿਆ,	ਫਲੁ *(ਫਲ)*	ਪਾਇਆ ॥
ਪੂਰਬਲਾ, ਧੁਰ ਦਰਗਾਹੋਂ	ਅੰਕਿਤ ਹੋਇਆ	ਕਰਮ ਦਾ ਨਤੀਜਾ	ਪ੍ਰਾਪਤ ਕਰ ਲਿਆ

...(ਉੱਤਰ ਬਖ਼ਸ਼ਦੇ ਹਨ ਕਿ) ਪੁਰਬਲੇ ਜਨਮਾਂ ਦੇ ਕੀਤੇ ਹੋਏ (ਸ੍ਰੇਸ਼ਠ) ਕਰਮਾਂ ਦੇ ਨਤੀਜੇ ਵਜੋਂ, ਇਹ ਫਲ ਪ੍ਰਾਪਤ ਹੋਇਆ ਹੈ...

ਨਦਰਿ *(ਨਦਰ)*	ਕਰੇ	ਕੈ	ਆਪਣੀ,
ਕ੍ਰਿਪਾ ਦ੍ਰਿਸ਼ਟੀ	ਕਰ	ਕੇ	ਖ਼ੁਦ ਦੀ
ਆਪੇ	ਲਏ	ਮਿਲਾਇ	ਜੀਉ ॥੮॥
ਆਪ ਹੀ	ਲੈਂਦਾ	ਮਿਲਾ	ਸਤਿਕਾਰ ਬੋਧਿਕ ਸ਼ਬਦ

...(ਅਕਾਲ ਪੁਰਖ਼) ਆਪ ਹੀ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ (ਅਜਿਹੀਆਂ ਸੁਹਾਗਵੰਤੀਆਂ ਨੂੰ) ਆਪਣੇ ਨਾਲ ਮਿਲਾ ਲੈਂਦਾ ਹੈ ਜੀ...

ਹੁਕਮੁ, *(ਹੁਕਮ)*	ਜਿਨਾ *(ਜਿਨ੍ਹਾਂ)*	ਨੋ	ਮਨਾਇਆ ॥
ਆਗਿਆ	ਜਿਹੜੀਆਂ	ਨੂੰ	ਮੰਨਵਾ ਲਿਆ

...(ਪਰਮੇਸ਼ਰ ਨੇ ਆਪਣੀ ਕ੍ਰਿਪਾ ਕਰਕੇ) ਜਿਨ੍ਹਾਂ ਤੋਂ (ਆਪਣਾ) ਹੁਕਮ ਮੰਨਵਾਇਆ ਹੈ...

ਤਿਨ *(ਤਿਨ੍ਹ)*	ਅੰਤਰਿ, *(ਅੰਤਰ)*	ਸਬਦੁ *(ਸ਼ਬਦ)*	ਵਸਾਇਆ ॥
ਉਨ੍ਹਾਂ	ਅੰਦਰ	ਸ਼ਬਦ	ਵਸਾ ਦਿੱਤਾ ਹੈ

...ਉਨ੍ਹਾਂ (ਦੇ ਹਿਰਦੇ) ਵਿਚ ਸ਼ਬਦ (ਗੁਰੂ) ਦਾ ਵਾਸਾ ਕਰ ਦਿੱਤਾ ਹੈ...

ਸਹੀਆ *(ਸਹੀਆਂ)*	ਸੇ	ਸੋਹਾਗਣੀ,
ਸਹੇਲੀਆਂ	ਉਹ	ਸੁਹਾਗਵੰਤੀਆਂ

ਜਿਨ *(ਜਿਨ੍ਹ)*	ਸਹ *(ਸ਼ਹਿ)*	ਨਾਲਿ *(ਨਾਲ)*	ਪਿਆਰੁ *(ਪਿਆਰ)*	ਜੀਉ ॥੯॥
ਜਿਨ੍ਹਾਂ ਦਾ	(ਪ੍ਰਭੂ) ਖ਼ਸਮ	ਸੰਗ, ਨਾਲ ਪ੍ਰੀਤ	ਸਤਿਕਾਰ	ਬੋਧਿਕ ਸ਼ਬਦ

ਅੰਕ ੭੨

...ਉਹ ਸਖੀਆਂ ਹੀ ਸੁਹਾਗਵੰਤੀਆਂ ਹਨ, ਜਿਨ੍ਹਾਂ ਦੀ (ਆਪਣੇ ਪ੍ਰਭੂ) ਪ੍ਰੀਤਮ ਨਾਲ ਪ੍ਰੀਤ ਹੈ ਜੀ...

ਜਿਨਾ, *(ਜਿਨ੍ਹਾਂ)*	ਭਾਣੇ	ਕਾ	ਰਸੁ *(ਰਸ)*	ਆਇਆ ॥
ਜਿਨ੍ਹਾਂ ਨੂੰ	ਰਜ਼ਾ	ਦਾ	ਅਨੰਦ	ਆ ਗਿਆ

...ਜਿਨ੍ਹਾਂ ਨੂੰ (ਸਾਹਿਬ ਦੀ) ਰਜ਼ਾ (ਵਿਚ ਰਹਿਣ) ਦਾ ਅਨੰਦ ਆ ਜਾਂਦਾ ਹੈ...

ਤਿਨ *(ਤਿਨ੍ਹ)*	ਵਿਚਹੁ *(ਵਿਚਹੁਂ)*	ਭਰਮੁ *(ਭਰਮ)*	ਚੁਕਾਇਆ ॥
ਉਹ	ਅੰਦਰੋਂ	ਭੁਲੇਖਾ	ਦੂਰ ਕਰ ਦਿੰਦੇ ਹਨ, ਕਢ ਦਿੰਦੇ ਹਨ

...ਉਹ (ਆਪਣੇ) ਅੰਦਰੋਂ (ਸਭ ਮਾਇਆਵੀ) ਭਰਮ-ਭੁਲੇਖੇ ਦੂਰ ਕਰ ਦਿੰਦੇ ਹਨ...

ਨਾਨਕ,	ਸਤਿਗੁਰੁ *(ਸਤਗੁਰ)*	ਐਸਾ	ਜਾਣੀਐ,	
ਹੇ ! ਨਾਨਕ !	ਸਤਿਗੁਰੂ	ਅਜਿਹਾ	ਜਾਨਣਾ ਚਾਹੀਦਾ, ਸਮਝਣਾ ਚਾਹੀਦਾ	
ਜੋ	ਸਭਸੈ *(ਸਭਸੈਂ)*	ਲਏ	ਮਿਲਾਇ	ਜੀਉ ॥੧੦॥
ਜਿਹੜਾ	ਸਾਰਿਆਂ ਨੂੰ	ਲਵੇ	ਮਿਲਾ	ਸਤਿਕਾਰ ਬੋਧਿਕ ਸ਼ਬਦ

...ਹੇ ! ਨਾਨਕ ! ਸਤਿਗੁਰੂ ਨੂੰ ਅਜਿਹਾ (ਬਖਸ਼ਿੰਦ ਅਤੇ ਮਿਹਰਬਾਨ) ਸਮਝਣਾ ਚਾਹੀਦਾ ਹੈ, ਜੋ ਸਾਰਿਆਂ ਨੂੰ (ਵਾਹਿਗੁਰੂ) ਨਾਲ ਅਭੇਦ ਕਰ ਲੈਂਦਾ ਹੈ ਜੀ...

ਸਤਿਗੁਰਿ *(ਸਤਗੁਰ)*	ਮਿਲਿਐ,	ਫਲੁ *(ਫਲ)*	ਪਾਇਆ ॥
ਸਤਿਗੁਰੂ ਦੇ	ਮਿਲਣ ਨਾਲ	ਨਤੀਜਾ	ਪ੍ਰਾਪਤ ਹੋਇਆ

...ਸਤਿਗੁਰੂ ਦੇ ਮਿਲਣ ਨਾਲ (ਉਹ) ਫ਼ਲ ਪ੍ਰਾਪਤ ਹੋਇਆ ਹੈ...

ਜਿਨਿ *(ਜਿਨ੍ਹ)*	ਵਿਚਹੁ *(ਵਿਚਹੁਂ)*	ਅਹਕਰਣੁ *(ਅਹੰਕਰਣ)*	ਚੁਕਾਇਆ ॥
ਜਿਸ ਨੇ	ਅੰਦਰੋਂ	ਅਹੰਕਾਰ	ਚੁਕਾ ਦਿੱਤਾ, ਦੂਰ ਕਰ ਦਿੱਤਾ

...ਜਿਸ ਨੇ (ਹਿਰਦੇ) ਅੰਦਰੋਂ ਅਹੰਕਾਰ ਹੀ ਨਾਸ਼ ਕਰ ਦਿੱਤਾ ਹੈ...

ਦੁਰਮਤਿ *(ਦੁਰਮਤ)*	ਕਾ	ਦੁਖੁ *(ਦੁੱਖ)*	ਕਟਿਆ,	
ਬੁਰੀ ਸੋਚਣੀ	ਦਾ	ਕਸ਼ਟ, ਤਕਲੀਫ਼	ਦੂਰ ਹੋ ਗਿਆ	
ਭਾਗੁ *(ਭਾਗ)* ਬੈਠਾ	ਮਸਤਕਿ *(ਮਸਤਕ)*	ਆਇ	ਜੀਉ ॥੧੧॥	
ਕਿਸਮਤ ਟਿਕੇ	ਮੱਥੇ ਤੇ	ਆਕੇ	ਸਤਿਕਾਰ ਬੋਧਿਕ ਸ਼ਬਦ	

ਅੰਕ ੧੨

...(ਸਤਿਗੁਰੂ ਦੇ ਮਿਲਾਪ ਦੇ ਫਲ ਨਾਲ) ਦੁਰਮਤ ਦਾ ਦੁੱਖ-ਕਲੇਸ਼ ਵੀ ਦੂਰ ਹੋ ਗਿਆ, ਅਤੇ (ਪਰਮਾਤਮ ਮਿਲਾਪ ਵਾਲੀ ਚੰਗੀ) ਕਿਸਮਤ ਮੱਥੇ ਤੇ ਆਕੇ ਟਿਕ ਗਈ, ਭਾਵ ਮਸਤਕ ਦੇ ਭਾਗ ਜਾਗ ਗਏ ਜੀ...

ਅੰਮ੍ਰਿਤੁ *(ਅੰਮ੍ਰਿਤ)*	**ਤੇਰੀ**	**ਬਾਣੀਆ ॥**
ਅਮਰ ਕਰ ਦੇਣ ਵਾਲੀ	ਤੁਹਾਡੀ	ਬਾਣੀ, ਬਚਨ

...(ਹੇ! ਪਰਮੇਸ਼ਰ ਜੀ!) ਤੇਰੀ ਬਾਣੀ, ਅਮਰ ਕਰ ਦੇਣ ਵਾਲੀ ਹੈ...

ਤੇਰਿਆ *(ਤੇਰਿਆਂ)*	**ਭਗਤਾ** *(ਭਗਤਾਂ)*	**ਰਿਦੈ**	**ਸਮਾਣੀਆ ॥**
ਤੁਹਾਡੇ	ਭਗਤੀ ਕਰਨ ਵਾਲਿਆਂ	ਹਿਰਦੇ ਵਿਚ	ਰਮੀ ਹੋਈ, ਸਮਾਈ ਹੋਈ

...(ਜੋ) ਤੇਰਿਆਂ ਭਗਤਾਂ ਦੇ ਹਿਰਦੇ ਵਿਚ (ਸਦਾ) ਸਮਾਈ ਰਹਿੰਦੀ ਹੈ...

ਸੁਖ, *(ਸੁੱਖ)*	**ਸੇਵਾ**	**ਅੰਦਰਿ** *(ਅੰਦਰ)*	**ਰਖਿਐ,**	
ਅਨੰਦ	ਟਹਿਲ	ਅੰਦਰ	ਰੱਖਣ ਨਾਲ	
ਆਪਣੀ	**ਨਦਰਿ** *(ਨਦਰ)*	**ਕਰਹਿ** *(ਕਰਹਿਂ)*	**ਨਿਸਤਾਰਿ** *(ਨਿਸਤਾਰ)*	**ਜੀਉ ॥੧੨॥**
ਖ਼ੁਦ ਦੀ	ਕ੍ਰਿਪਾ-ਦ੍ਰਿਸ਼ਟੀ	ਕਰ ਦਿੰਦਾ	ਤਾਰ ਦਿੰਦਾ	ਸਤਿਕਾਰ ਬੋਧਿਕ ਸ਼ਬਦ

...ਸੇਵਾ-ਭਗਤੀ (ਹਿਰਦੇ) ਅੰਦਰ ਰੱਖਣ ਨਾਲ ਭਾਵ, ਟਿਕਾਉਣ ਨਾਲ, (ਆਤਮਿਕ) ਸੁੱਖ (ਦੀ ਪ੍ਰਾਪਤੀ ਹੁੰਦੀ ਹੈ, ਅਤੇ ਹੇ!ਵਾਹਿਗੁਰੂ! ਤੂੰ ਉਨ੍ਹਾਂ ਤੇ) ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ (ਭਵ-ਸਾਗਰ ਤੋਂ ਵੀ) ਤਾਰ ਦਿੰਦਾ ਹੈਂ ਜੀ...

ਸਤਿਗੁਰੁ *(ਸਤਗੁਰ)*	**ਮਿਲਿਆ**	**ਜਾਣੀਐ ॥**
ਸਤਿਗੁਰੂ	ਪ੍ਰਾਪਤ ਹੋਇਆ	ਸਮਝਣਾ ਚਾਹੀਦਾ

...ਸਤਿਗੁਰੂ ਦਾ ਮਿਲਾਪ ਹੋਇਆ (ਉਦੋਂ ਹੀ) ਸਮਝਣਾ ਚਾਹੀਦਾ ਹੈ...

ਜਿਤੁ *(ਜਿਤ)*	**ਮਿਲਿਐ,**	**ਨਾਮੁ** *(ਨਾਮ)*	**ਵਖਾਣੀਐ ॥**
ਜਿਸ	ਮਿਲਾਪ ਨਾਲ	(ਪ੍ਰਭੂ) ਨਾਮ	ਕਹੀਏ, ਸਿਮਰੀਏ

...ਜਿਸ ਮਿਲਾਪ ਨਾਲ (ਪਰਮੇਸ਼ਰ ਦਾ) ਨਾਮ ਸਿਮਰੀਏ, ਭਜਨ-ਬੰਦਗੀ ਕਰੀਏ...

ਸਤਿਗੁਰ *(ਸਤਗੁਰ)*	**ਬਾਝੁ** *(ਬਾਝ)*	**ਨ** *(ਨਾਂ)*	**ਪਾਇਓ,**
ਸਤਿਗੁਰੂ	ਬਿਨਾਂ	ਨਹੀਂ	ਪਾਇਆ, ਪ੍ਰਾਪਤ ਕੀਤਾ

ਸਭ	ਥਕੀ	ਕਰਮ	ਕਮਾਇ	ਜੀਉ ॥੧੩॥
ਸਾਰੀ	ਥੱਕ ਗਈ	ਕੰਮ	ਕਮਾਕੇ, ਕਰਕੇ	ਸਤਿਕਾਰ ਬੋਧਿਕ ਸ਼ਬਦ

...ਸਾਰੀ (ਦੁਨੀਆਂ ਅਨੇਕਾਂ) ਕਰਮ ਕਰ ਕਰ ਕੇ ਥੱਕ-ਟੁੱਟ ਗਈ ਹੈ, (ਪਰ) ਸਤਿਗੁਰੂ (ਦੀ ਬਖਸ਼ਿਸ਼ ਤੋਂ) ਬਿਨਾਂ ਕਿਸੇ ਨੇ ਵੀ (ਪਰਮੇਸ਼ਰ ਦੇ ਨਾਮ ਨੂੰ) ਨਹੀਂ ਪਾਇਆ...

ਹਉ *(ਹਉਂ)*	ਸਤਿਗੁਰ *(ਸਤਗੁਰ)*	ਵਿਟਹੁ *(ਵਿਟਹੁਂ)*	ਘੁਮਾਇਆ ॥
ਮੈਂ	ਸਤਿਗੁਰੂ	ਉਤੋਂ, ਤੋਂ	ਕੁਰਬਾਨ ਜਾਂਦਾ ਹਾਂ

...ਮੈਂ ਸਤਿਗੁਰੂ ਤੋਂ ਘੋਲ-ਘੁਮਾਈ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ...

ਜਿਨਿ, *(ਜਿਨ੍ਹ)*	ਭ੍ਰਮਿ *(ਭ੍ਰਮ)*	ਭੁਲਾ,	ਮਾਰਗਿ *(ਮਾਰਗ)*	ਪਾਇਆ ॥
ਜਿਸ ਨੇ	ਭੁਲੇਖੇ ਵਿਚ	ਭੁੱਲੇ	ਰਸਤੇ ਤੇ	ਪਾ ਦਿੱਤਾ

...ਜਿਸ ਨੇ (ਮਾਇਆ ਦੇ) ਭਰਮ-ਭੁਲੇਖਿਆਂ ਵਿਚ ਭੁੱਲੇ ਹੋਏ ਨੂੰ (ਪ੍ਰਭੂ ਵਾਲੇ ਸਹੀ ਜੀਵਨ) ਮਾਰਗ ਤੇ ਪਾ ਦਿੱਤਾ ਹੈ...

ਨਦਰਿ *(ਨਦਰ)*	ਕਰੇ	ਜੇ	ਆਪਣੀ,
ਕ੍ਰਿਪਾ ਦ੍ਰਿਸ਼ਟੀ	ਕਰ ਦੇਵੇ	ਜੇਕਰ	ਖ਼ੁਦ ਦੀ

ਆਪੇ	ਲਏ	ਰਲਾਇ	ਜੀਉ ॥੧੪॥
ਆਪ ਹੀ	ਲੈਂਦਾ ਹੈ	ਰਲਾ, ਮਿਲਾ	ਸਤਿਕਾਰ ਬੋਧਿਕ ਸ਼ਬਦ

...ਜੇਕਰ (ਕਰਤਾ ਪੁਰਖ਼) ਆਪਣੀ ਕ੍ਰਿਪਾ ਦ੍ਰਿਸ਼ਟੀ ਕਰ ਦੇਵੇ, ਤਾਂ ਉਹ ਆਪ ਹੀ (ਧਰਮ-ਸਾਧਕ ਨੂੰ ਆਪਣੇ ਨਾਲ) ਅਭੇਦ ਕਰ ਲੈਂਦਾ ਹੈ ਜੀ...

ਤੂੰ	ਸਭਨਾ	ਮਾਹਿ *(ਮਾਹਿਂ)*	ਸਮਾਇਆ ॥
ਤੁਸੀਂ	ਸਾਰਿਆਂ	ਵਿਚ	ਰਮਿਆ, ਵਸਿਆ

...(ਹੇ! ਅਕਾਲ ਪੁਰਖ਼) ਤੂੰ (ਸ੍ਰਿਸ਼ਟੀ ਦੇ) ਸਾਰਿਆਂ (ਜੀਵਾਂ) ਵਿਚ ਵਸਿਆ ਹੋਇਆ ਹੈਂ...

ਤਿਨਿ *(ਤਿਨ੍ਹ)*	ਕਰਤੈ,	ਆਪੁ *(ਆਪ)*	ਲੁਕਾਇਆ ॥
ਤਿਨ੍ਹਾਂ ਵਿਚ	ਕਰਤਾ ਪੁਰਖ਼ ਨੇ	(ਆਪਣੇ) ਆਪ ਨੂੰ	ਛੁਪਾਇਆ

...(ਪਰ ਸਭ ਜੀਵਾਂ ਵਿਚ ਵਸਦਿਆਂ ਹੋਇਆਂ ਵੀ) ਕਰਤਾ ਪੁਰਖ਼ ਨੇ ਉਨ੍ਹਾਂ ਵਿਚ ਆਪਣੇ ਆਪ ਨੂੰ ਲੁਕਾਇਆ (ਹੋਇਆ ਹੈ)...

ਅੰਕ ੭੨

ਨਾਨਕ,	**ਗੁਰਮੁਖਿ***(ਗੁਰਮੁਖ)*	**ਪਰਗਟੁ***(ਪਰਗਟ)*	**ਹੋਇਆ,**
ਹੇ! ਨਾਨਕ!	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪਰਤੱਖ	ਹੋ ਗਿਆ ਹੈ

ਜਾ*(ਜਾਂ)*	**ਕਉ**	**ਜੋਤਿ***(ਜੋਤ)*	**ਧਰੀ**	**ਕਰਤਾਰਿ***(ਕਰਤਾਰ)*	**ਜੀਉ ॥੧੫॥**
ਜਿਨ੍ਹਾਂ	ਵਿਚ	ਰੌਸ਼ਨੀ	ਟਿਕਾਈ, ਰੱਖੀ	ਕਰਤਾ ਪੁਰਖ਼ ਨੇ	ਸਤਿਕਾਰ ਬੋਧਿਕ ਸ਼ਬਦ

...ਹੇ! ਨਾਨਕ! ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਵਾਹਿਗੁਰੂ ਉਨ੍ਹਾਂ ਵਿਚ) ਪਰਗਟ ਹੋ ਗਿਆ ਹੈ, ਜਿਨ੍ਹਾਂ ਵਿਚ ਕਰਤਾ ਪੁਰਖ਼ ਨੇ (ਆਪਣੀ) ਜੋਤ ਟਿਕਾਈ (ਹੋਈ ਹੈ) ਜੀ...

ਆਪੇ	**ਖਸਮਿ***(ਖਸਮ)*	**ਨਿਵਾਜਿਆ ॥**
ਆਪ ਹੀ	ਖ਼ਸਮ ਨੇ	ਵਡਿਆਇਆ

...(ਅਜਿਹੇ ਗੁਰਮੁੱਖਾਂ ਨੂੰ ਆਪਣੀ ਜੋਤ ਨਾਲ ਵਾਹਿਗੁਰੂ ਨੇ) ਆਪ ਹੀ ਨਿਵਾਜਿਆ ਹੁੰਦਾ ਹੈ...

ਜੀਉ	**ਪਿੰਡੁ***(ਪਿੰਡ)*	**ਦੇ**	**ਸਾਜਿਆ ॥**
ਜ਼ਿੰਦ	ਸਰੀਰ	ਦੇਕੇ	ਸਿਰਜਿਆ, ਬਣਾਇਆ

...(ਅਤੇ ਉਨ੍ਹਾਂ ਨੂੰ) ਜ਼ਿੰਦਗੀ ਅਤੇ ਸਰੀਰ ਬਖਸ਼ ਕੇ ਸਿਰਜਿਆ ਹੁੰਦਾ ਹੈ...

ਆਪਣੇ	**ਸੇਵਕ**	**ਕੀ**	**ਪੈਜ**	**ਰਖੀਆ,**
ਖ਼ੁਦ ਦੇ	ਟਹਿਲ ਕਰਨ ਵਾਲੇ	ਦੀ	ਲਾਜ	ਰੱਖੀ ਹੈ

ਦੁਇ	**ਕਰ**	**ਮਸਤਕਿ***(ਮਸਤਕ)*	**ਧਾਰਿ***(ਧਾਰ)*	**ਜੀਉ ॥੧੬॥**
ਦੋਵੇਂ	ਹੱਥ	ਮੱਥੇ ਤੇ	ਰੱਖਕੇ	ਸਤਿਕਾਰ ਬੋਧਿਕ ਸ਼ਬਦ

...ਆਪਣੇ (ਅਜਿਹੇ) ਸੇਵਕਾਂ ਦੀ, ਦੋਵੇਂ ਹੱਥ ਉਨ੍ਹਾਂ ਦੇ ਮਸਤਕ ਤੇ ਰੱਖਕੇ (ਵਾਹਿਗੁਰੂ ਨੇ ਆਪ ਹੀ) ਲਾਜ ਰੱਖੀ (ਹੁੰਦੀ ਹੈ)...

ਸਭਿ*(ਸਭ)*	**ਸੰਜਮ**	**ਰਹੇ**	**ਸਿਆਣਪਾ***(ਸਿਆਣਪਾਂ)* **॥**
ਸਾਰੇ	ਜੁਗਤੀਆਂ, ਮਰਿਯਾਦਾਵਾਂ	ਰਹਿ ਗਈਆਂ	ਸਮਝਾਂ, ਦਾਨਾਈਆਂ

...(ਪ੍ਰਭੂ ਦੀ ਬਖਸ਼ਿਸ਼ ਦਾ ਹੱਥ ਮੇਰੇ ਮਸਤਕ ਤੇ ਹੋਣ ਕਰਕੇ ਮੇਰੀਆਂ) ਸਾਰੀਆਂ ਜੁਗਤੀਆਂ ਅਤੇ ਸਿਆਣਪਾਂ ਮੁੱਕ ਗਈਆਂ, ਭਾਵ ਉਨ੍ਹਾਂ ਦੀ ਲੋੜ ਹੀ ਨਹੀਂ ਰਹਿ ਗਈ...

ਮੇਰਾ	**ਪ੍ਰਭੁ***(ਪ੍ਰਭ)*	**ਸਭੁ***(ਸਭ)*	**ਕਿਛੁ***(ਕਿਛ)*	**ਜਾਣਦਾ ॥**
ਆਪਣਾ	ਪਰਮਾਤਮਾ	ਸਾਰਾ	ਕੁਝ	ਸਮਝਦਾ

ਅੰਕ ੭੨-੭੩

...ਮੇਰਾ ਪਰਮਾਤਮਾ ਸਭ ਕੁਝ ਦਾ ਜਾਣੀ-ਜਾਣ ਹੈ...

ਪ੍ਰਗਟ	ਪ੍ਰਤਾਪੁ *(ਪ੍ਰਤਾਪ)*	ਵਰਤਾਇਓ,
ਪਰਤੱਖ, ਜ਼ਾਹਿਰ	ਤੇਜ-ਪ੍ਰਤਾਪ, ਵਡਿਆਈ	ਵਰਤਾ ਦਿੱਤਾ ਹੈ

ਸਭੁ *(ਸਭ)*	ਲੋਕੁ *(ਲੋਕ)*	ਕਰੈ	ਜੈਕਾਰੁ *(ਜੈਕਾਰ)*	ਜੀਉ ॥੧੭॥
ਸਾਰੇ	ਲੋਕੀਂ, ਲੋਗ	ਕਰਦੇ	ਜੈ ਜੈ ਕਾਰ, ਸਿਫ਼ਤ	ਸਤਿਕਾਰ ਬੋਧਿਕ ਸ਼ਬਦ

...(ਉਸ ਨੇ ਆਪਣੇ ਸੇਵਕ ਦਾ) ਤੇਜ-ਪ੍ਰਤਾਪ, ਪਰਤੱਖ ਰੂਪ ਵਿਚ (ਸਾਰੇ ਜਗਤ ਅੰਦਰ) ਵਰਤਾ ਦਿੱਤਾ ਹੈ ਅਤੇ (ਹੁਣ) ਸਭ ਲੋਕੀਂ (ਸੇਵਕ ਦੀ) ਜੈ ਜੈਕਾਰ ਕਰ ਰਹੇ ਹਨ ਜੀ...

ਮੇਰੇ	ਗੁਣ	ਅਵਗਨ,	ਨ *(ਨਾਂ)*	ਬੀਚਾਰਿਆ ॥
ਆਪਣੇ, ਮੇਰੇ ਖ਼ੁਦ ਦੇ	ਚੰਗਿਆਈਆਂ	ਔਗਣਾਂ	ਨਹੀਂ	ਵਿਚਾਰਿਆ, ਖ਼ਿਆਲ ਕੀਤਾ

...(ਸਾਹਿਬ ਨੇ) ਮੇਰੇ ਗੁਣਾਂ ਅਤੇ ਔਗਣਾਂ ਨੂੰ ਨਹੀਂ ਵਿਚਾਰਿਆ ਭਾਵ ਉਨ੍ਹਾਂ ਦਾ ਖ਼ਿਆਲ ਹੀ ਨਹੀਂ ਕੀਤਾ...

ਪ੍ਰਭਿ, *(ਪ੍ਰਭ)*	ਅਪਣਾ	ਬਿਰਦੁ *(ਬਿਰਦ)*	ਸਮਾਰਿਆ *(ਸਮ੍ਹਾਰਿਆ)* ॥
ਪਰਮੇਸ਼ਰ ਨੇ	ਆਪ ਦਾ	ਕਰਤੱਵ, ਸੁਭਾ, ਧਰਮ	ਸੰਭਾਲਿਆ, ਪਾਲਿਆ

...(ਸਗੋਂ) ਪਰਮੇਸ਼ਰ ਨੇ ਤਾਂ ਆਪਣੇ ਬਿਰਦ ਦੀ ਪਾਲਣਾ ਕੀਤੀ ਹੈ...

ਕੰਠਿ *(ਕੰਠ)*	ਲਾਇ	ਕੈ	ਰਖਿਓਨੁ, *(ਰਖਿਓਨ)*
ਗਲੇ ਨਾਲ	ਲਗਾ	ਕੇ	ਰੱਖਿਆ ਹੋਇਆ ਹੈ

ਲਗੈ	ਨ *(ਨਾਂ)*	ਤਤੀ	ਵਾਉ	ਜੀਉ ॥੧੮॥
ਲਗਦੀ	ਨਹੀਂ	ਗਰਮ	ਹਵਾ	ਸਤਿਕਾਰ ਬੋਧਿਕ ਸ਼ਬਦ

...(ਅਤੇ ਮੈਨੂੰ ਆਪਣੇ) ਗਲ ਨਾਲ ਲਗਾ ਕੇ (ਮਾਇਆਵੀ ਵਿਕਾਰਾਂ ਤੋਂ ਬਚਾ ਕੇ) ਰੱਖਿਆ ਹੋਇਆ ਹੈ, (ਇਸ ਲਈ ਹੁਣ ਮੈਨੂੰ) ਤੱਤੀ ਵਾਅ ਤਕ ਨਹੀਂ ਲਗਦੀ, ਭਾਵ ਸੰਸਾਰ ਦੀ ਕੋਈ ਵੀ ਦੁੱਖ ਤਕਲੀਫ਼ ਹੁਣ ਮੈਨੂੰ ਪ੍ਰਭਾਵਿਤ ਨਹੀਂ ਕਰ ਸਕਦੀ...

ਮੈ *(ਮੈਂ)*	ਮਨਿ *(ਮਨ)*	ਤਨਿ *(ਤਨ)*	ਪ੍ਰਭੂ	ਧਿਆਇਆ ॥
ਖ਼ੁਦ	ਮਨ ਰਾਹੀਂ	ਸਰੀਰ ਰਾਹੀਂ	ਪਰਮੇਸ਼ਰ	ਅਰਾਧਿਆ

...ਮੈਂ (ਤਾਂ) ਤਨ ਮਨ ਰਾਹੀਂ ਪਰਮੇਸ਼ਰ ਦੀ ਅਰਾਧਨਾ ਕੀਤੀ ਹੈ...

ਅੰਕ ੭੩

ਜੀਇ *(ਜੀਅ)*	ਇਛਿਅੜਾ,	ਫਲੁ *(ਫਲ)*	ਪਾਇਆ ॥
ਮਨ	ਇੱਛਤ	ਲਾਹਾ, ਪ੍ਰਾਪਤੀ	ਪਾ ਲਿਆ

...(ਜਿਸ ਕਰਕੇ ਪਰਮਾਤਮਾ ਦੇ) ਮਨ-ਇੱਛਤ (ਨਾਮ) ਫਲ ਦੀ ਪ੍ਰਾਪਤੀ ਕਰ ਲਈ ਹੈ...

ਸਾਹ *(ਸ਼ਾਹ)*	ਪਾਤਿਸਾਹ *(ਪਾਤਸ਼ਾਹ)*	ਸਿਰਿ *(ਸਿਰ)*	ਖਸਮੁ *(ਖਸਮ)*	ਤੂੰ,
ਸ਼ਾਹਾਂ	ਬਾਦਸ਼ਾਹਾਂ	ਸਿਰ ਦਾ	ਮਾਲਕ	ਤੁਸੀਂ
ਜਪਿ *(ਜਪ)*	ਨਾਨਕ	ਜੀਵੈ	ਨਾਉ *(ਨਾਉਂ)*	ਜੀਉ ॥੧੯॥
ਜੱਪ ਕੇ	ਹੇ! ਨਾਨਕ!	ਜਿਉਂਦਾ ਹੈ	(ਪ੍ਰਭੂ) ਨਾਮ	ਸਤਿਕਾਰ ਬੋਧਿਕ ਸ਼ਬਦ

...(ਵਾਹਿਗੁਰੂ ਜੀ!) ਤੂੰ ਤਾਂ ਸ਼ਾਹਾਂ ਅਤੇ ਪਾਤਸ਼ਾਹਾਂ ਦੇ ਸਿਰ ਦਾ ਵੀ ਸਾਈਂ ਹੈ, ਹੇ! ਨਾਨਕ! ਸਿਮਰਨ ਵਾਲੇ ਜੀਵ ਪਰਮੇਸ਼ਰ ਦਾ ਨਾਮ ਜਪ ਜਪ ਕੇ ਜਿਉਂਦੇ ਹਨ ਜੀ...

ਤੁਧੁ *(ਤੁੱਧ)*	ਆਪੇ,	ਆਪੁ *(ਆਪ)*	ਉਪਾਇਆ ॥
ਤੂੰ	ਆਪਣੇ	ਖ਼ੁਦ	ਸਿਰਜਿਆ, ਪੈਦਾ ਕੀਤਾ ਹੈ

...(ਹੇ! ਵਾਹਿਗੁਰੂ! ਪਹਿਲਾਂ ਸ੍ਰਿਸ਼ਟੀ ਰੂਪ ਵਿਚ) ਤੂੰ ਖ਼ੁਦ ਹੀ ਆਪਣੇ ਆਪ ਦੀ ਸਿਰਜਨਾ ਕੀਤੀ ਹੈ...

ਦੂਜਾ	ਖੇਲੁ, *(ਖੇਲ)*	ਕਰਿ *(ਕਰ)*	ਦਿਖਲਾਇਆ ॥
ਦ੍ਵੈਤ ਭਾਵ ਵਾਲੀ	ਖੇਡ	ਕਰਕੇ	ਵਿਖਾਲ ਦਿੱਤੀ

...(ਅਤੇ ਫਿਰ) ਦ੍ਵੈਤ ਭਾਵ ਵਾਲੀ (ਮਾਇਆਵੀ) ਖੇਡ ਦੀ ਰਚਨਾ ਕਰਕੇ ਵਿਖਾਲ ਦਿੱਤੀ ਹੈ...

ਸਭੁ *(ਸਭ)*	ਸਚੋ *(ਸੱਚੋ)*	ਸਚੁ *(ਸੱਚ)*		ਵਰਤਦਾ,
ਹਰ ਇਕ ਜਗ੍ਹਾ	ਸਦਾ-ਸਥਿਰ ਰਹਿਣ ਵਾਲਾ	ਸੱਤ ਸਰੂਪ (ਪ੍ਰਭੂ)		ਵਿਚਰਦਾ, ਵਿਆਪਕ
ਜਿਸੁ *(ਜਿਸ)*	ਭਾਵੈ	ਤਿਸੈ	ਬੁਝਾਇ	ਜੀਉ ॥੨੦॥
ਜਿਸ ਨੂੰ	ਚਾਹੇ	ਤਿਸ ਨੂੰ	ਸਮਝਾ	ਸਤਿਕਾਰ ਬੋਧਿਕ ਸ਼ਬਦ

...ਸਦਾ ਸਥਿਰ ਰਹਿਣ ਵਾਲਾ ਅਕਾਲ ਪੁਰਖ ਸਭ ਥਾਂ ਵਿਆਪਕ ਹੈ, ਅਤੇ (ਇਹ ਭੇਦ ਉਹ ਆਪਣੇ) ਜਿਸ (ਪਿਆਰੇ) ਨੂੰ ਚਾਹੇ ਸਮਝਾ ਦਿੰਦਾ ਹੈ...

ਗੁਰ	ਪਰਸਾਦੀ	ਪਾਇਆ ॥
ਸਤਿਗੁਰੂ	ਕਿਰਪਾ ਦੁਆਰਾ	ਪਾ ਲਿਆ ਹੈ

ਅੰਕ ੭੩

...ਸਤਿਗੁਰੂ ਦੀ ਕਿਰਪਾ ਦੁਆਰਾ (ਜਿਸ ਨੇ ਇਹ ਭੇਦ) ਪਾ ਲਿਆ ਹੈ...

ਤਿਥੈ	ਮਾਇਆ	ਮੋਹੁ *(ਮੋਹ)*	ਚੁਕਾਇਆ ॥
ਉਥੇ	ਧਨ ਦੌਲਤ	ਲਗਾਓ, ਸਨੇਹ	ਖ਼ਤਮ ਕਰ ਦਿੱਤਾ ਹੈ

...ਉਥੋਂ ਭਾਵ ਉਸ ਦੇ ਹਿਰਦੇ ਵਿਚੋਂ (ਪਰਮੇਸ਼ਰ ਨੇ) ਮਾਇਆ ਦਾ ਮੋਹ ਖ਼ਤਮ ਕਰ ਦਿੱਤਾ ਹੈ...

ਕਿਰਪਾ	ਕਰਿ *(ਕਰ)*	ਕੈ	ਆਪਣੀ,
ਮਿਹਰ, ਬਖਸ਼ਿਸ਼	ਕਰ	ਕੇ	ਆਪ ਦੀ

ਆਪੇ	ਲਏ	ਸਮਾਇ	ਜੀਉ ॥੨੧॥
ਆਪਹੀ	ਲੈਂਦਾ ਹੈ	ਅਭੇਦ, ਲੀਨ	ਸਤਿਕਾਰ ਬੋਧਿਕ ਸ਼ਬਦ

...(ਅਤੇ ਫ਼ਿਰ ਪ੍ਰਭੂ) ਆਪਣੀ ਬਖਸ਼ਿਸ਼ ਕਰਕੇ ਆਪ ਹੀ (ਉਸ ਨੂੰ ਆਪਣੇ ਵਿਚ) ਅਭੇਦ ਕਰ ਲੈਂਦਾ ਹੈ ਜੀ...

ਗੋਪੀ	ਨੈ	ਗੋਆਲੀਆ ॥
ਗੁਆਲਣ	(ਜਮਨਾ) ਨਦੀ	ਕ੍ਰਿਸ਼ਨ-ਗੋਪਾਲ

...(ਆਪਣੀ ਸਰਬ ਵਿਆਪਕਤਾ ਕਰਕੇ ਤੂੰ ਆਪ ਹੀ ਗੋਕਲ ਦੀ) ਗੁਆਲਣ ਹੈਂ, ਜਮਨਾ ਨਦੀ ਹੈਂ, ਅਤੇ ਖ਼ੁਦ ਹੀ ਕ੍ਰਿਸ਼ਨ-ਗੋਪਾਲ ਵੀ ਹੈਂ...

ਤੁਧੁ *(ਤੁਧ)*	ਆਪੇ,	ਗੋਇ	ਉਠਾਲੀਆ ॥
ਤੂੰ	ਆਪ ਹੀ	ਧਰਤੀ	ਚੁੱਕੀ ਹੋਈ ਹੈ

...ਤੂੰ ਆਪ ਹੀ (ਕ੍ਰਿਸ਼ਨ ਬਣ ਕੇ ਗੋਵਰਧਨ ਪਰਬਤ ਦੀ) ਧਰਤੀ ਚੁੱਕੀ ਹੋਈ ਹੈ...

ਹੁਕਮੀ	ਭਾਂਡੇ	ਸਾਜਿਆ,
ਹੁਕਮ ਵਿਚ	ਸਰੀਰ	ਸਾਜਦਾ ਹੈਂ, ਬਣਾਉਂਦਾ ਹੈ

ਤੂੰ	ਆਪੇ	ਭੰਨਿ *(ਭੰਨ)*	ਸਵਾਰਿ *(ਸਵਾਰ)*	ਜੀਉ ॥੨੨॥
ਤੁਸੀਂ	ਖ਼ੁਦ ਹੀ	ਤੋੜ ਕੇ	(ਫਿਰ) ਸਵਾਰ ਦਿੰਦਾ,ਪੈਦਾ ਕਰ ਦਿੰਦਾ	ਸਤਿਕਾਰ ਬੋਧਿਕ ਸ਼ਬਦ

...(ਤੂੰ ਆਪਣੇ) ਹੁਕਮ ਵਿਚ (ਸ੍ਰਿਸ਼ਟੀ ਦੇ ਸਾਰੇ) ਭਾਂਡਿਆਂ, ਭਾਵ ਸਰੀਰਾਂ ਨੂੰ ਸਾਜਦਾ ਹੈਂ, ਅਤੇ (ਫ਼ਿਰ ਆਪਣੀ ਮੌਜ ਵਿਚ) ਆਪ ਹੀ (ਉਨ੍ਹਾਂ ਨੂੰ) ਤੋੜ ਦਿੰਦਾ ਹੈਂ, ਅਤੇ (ਫ਼ਿਰ ਦੁਬਾਰਾ ਆਪਣੀ ਖੇਡ ਅਨੁਸਾਰ) ਸਾਜ-ਸਵਾਰ ਕੇ ਬਣਾ ਦਿੰਦਾ ਹੈਂ ਜੀ...

ਅੰਕ ੨੩

ਜਿਨ(ਜਿਨ੍ਹ)	ਸਤਿਗੁਰ(ਸਤਗੁਰ)	ਸਿਉ(ਸਿਉਂ)	ਚਿਤੁ(ਚਿੱਤ)	ਲਾਇਆ ॥
ਜਿਨ੍ਹਾਂ ਨੇ	ਸਤਿਗੁਰੂ	ਨਾਲ	ਮਨ, ਹਿਰਦਾ	ਜੋੜਿਆ

...ਜਿਨ੍ਹਾਂ (ਧਰਮ-ਸਾਧਕਾਂ ਨੇ) ਸਤਿਗੁਰੂ ਨਾਲ ਆਪਣਾ ਹਿਰਦਾ ਜੋੜਿਆ ਹੈ...

ਤਿਨੀ,(ਤਿਨ੍ਹੀਂ)	ਦੂਜਾ	ਭਾਉ	ਚੁਕਾਇਆ ॥
ਉਨ੍ਹਾਂ ਨੇ	ਦੂਸਰਾ	ਪਿਆਰ	ਦੂਰ ਕਰ ਦਿੱਤਾ

...ਉਨ੍ਹਾਂ ਨੇ ਦ੍ਵੈਤ-ਭਾਵ ਅਥਵਾ (ਮਾਇਆ ਨੂੰ) ਪਿਆਰ ਕਰਨਾ ਛੱਡ ਦਿੱਤਾ ਹੈ...

ਨਿਰਮਲ	ਜੋਤਿ(ਜੋਤ)	ਤਿਨ(ਤਿਨ੍ਹ)	ਪ੍ਰਾਣੀਆ,(ਪ੍ਰਾਣੀਆਂ)
ਪਵਿੱਤਰ	ਰੌਸ਼ਨੀ	ਉਨ੍ਹਾਂ	ਜੀਵਾਂ

ਓਇ	ਚਲੇ	ਜਨਮੁ(ਜਨਮ)	ਸਵਾਰਿ(ਸਵਾਰ)	ਜੀਉ ॥੨੩॥
ਉਹ	ਚਲਦੇ, ਜਾਂਦੇ	ਜ਼ਿੰਦਗੀ	ਸੰਵਾਰ ਕੇ	ਸਤਿਕਾਰ ਬੋਧਿਕ ਸ਼ਬਦ

...(ਅਜਿਹੇ) ਜੀਵਾਂ ਦੀ ਜ਼ਿੰਦਗੀ ਪਰਮਾਤਮ-ਜੋਤ ਨਾਲ ਪਵਿੱਤਰ ਹੋ ਜਾਂਦੀ ਹੈ, ਅਤੇ ਉਹ (ਪਰਮੇਸ਼ਰ ਦੀ ਬੰਦਗੀ ਨਾਲ ਆਪਣੇ ਜੀਵਨ ਨੂੰ ਸਫ਼ਲ ਬਣਾ ਕੇ (ਈਸ਼ਵਰੀ ਦਰਗਾਹ ਨੂੰ) ਚਲੇ ਜਾਂਦੇ ਹਨ ਜੀ...

ਤੇਰੀਆ,(ਤੇਰੀਆਂ)	ਸਦਾ	ਸਦਾ	ਚੰਗਿਆਈਆ(ਚੰਗਿਆਈਆਂ) ॥
ਤੁਹਾਡੀਆਂ	ਹਮੇਸ਼ਾਂ	ਹਮੇਸ਼ਾਂ	ਨੇਕੀਆਂ, ਗੁਣਾਂ

...(ਹੇ! ਵਾਹਿਗੁਰੂ!) ਤੇਰੀਆਂ ਹਮੇਸ਼ਾਂ ਹਮੇਸ਼ਾਂ, ਭਾਵ ਸਦੀਵੀ ਰਹਿਣ ਵਾਲੀਆਂ ਚੰਗਿਆਈਆਂ ਨੂੰ...

ਮੈ(ਮੈਂ)	ਰਾਤਿ(ਰਾਤ)	ਦਿਹੈ(ਦਿਹੈਂ)	ਵਡਿਆਈਆਂ ॥
ਖ਼ੁਦ	ਰਾਤ ਨੂੰ	ਦਿਨ ਨੂੰ	ਵਡਿਆਉਂਦਾ ਹਾਂ

...ਮੈਂ ਰਾਤ-ਦਿਨ ਵਡਿਆਉਂਦਾ ਰਹਿੰਦਾ ਹਾਂ, ਭਾਵ ਉਨ੍ਹਾਂ ਦੀ ਸਿਫ਼ਤ ਸਲਾਹ ਕਰਦਾ ਰਹਿੰਦਾ ਹਾਂ...

ਅਣਮੰਗਿਆ(ਅਣਮੰਗਿਆਂ)	ਦਾਨੁ(ਦਾਨ)	ਦੇਵਣਾ,
ਬਿਨਾਂ ਮੰਗਿਆਂ	ਖ਼ੈਰਾਤ, ਦਾਨ, ਦਾਤਾਂ	ਦਿੰਦਾ ਹੈ

ਕਹੁ	ਨਾਨਕ,	ਸਚੁ(ਸੱਚ)	ਸਮਾਲਿ(ਸੰਮ੍ਹਾਲ)	ਜੀਉ ॥੨੪॥੧॥
ਕਹਿ, ਦੱਸ	ਹੇ! ਨਾਨਕ!	ਸਦਾ ਸਥਿਰ ਪ੍ਰਭੂ	ਸੰਭਾਲ	ਸਤਿਕਾਰ ਬੋਧਿਕ ਸ਼ਬਦ

ਅੰਕ ੭੩

...ਹੇ! ਨਾਨਕ! (ਸੰਸਾਰ ਨੂੰ) ਦੱਸ (ਕਿ ਜਿਹੜਾ ਪ੍ਰਭੂ ਸਭ ਨੂੰ) ਬਿਨਾਂ ਮੰਗਿਆਂ ਹੀ (ਸਭ ਦਾਤਾਂ ਦਾ) ਦਾਨ ਬਖਸ਼ਦਾ ਹੈ, ਉਸ ਸਦਾ-ਸਥਿਰ (ਸਾਹਿਬ) ਦੀ ਸੰਭਾਲ ਕਰੋ ਜੀ, ਭਾਵ ਉਸ ਨੂੰ ਸਦਾ ਹਿਰਦੇ ਵਿਚ ਵਸਾ ਕੇ ਰੱਖੋ ਜੀ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੫** *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਪੈ	**ਪਾਇ,** *(ਪਾਇੰ)*	**ਮਨਾਈ** *(ਮਨਾਈਂ)*	**ਸੋਇ**	**ਜੀਉ** ॥
ਪੈਕੇ, ਡਿਗ ਕੇ	ਪੈਰਾਂ ਤੇ	ਮਨਾਉਂਦਾ	ਉਸ(ਸਤਿਗੁਰੂ ਨੂੰ)	ਸਤਿਕਾਰ ਬੋਧਿਕ ਸ਼ਬਦ

(ਮੈਂ ਆਪਣੇ) ਉਸ ਸਤਿਗੁਰੂ ਦੇ ਚਰਨਾਂ ਤੇ ਡਿਗ ਕੇ (ਪ੍ਰੀਤਮ ਪ੍ਰਭੂ ਨੂੰ) ਮਨਾਉਂਦਾ ਹਾਂ ਜੀ...

ਸਤਿਗੁਰ *(ਸਤਗੁਰ)*	**ਪੁਰਖਿ** *(ਪੁਰਖ)*	**ਮਿਲਾਇਆ,**
ਸਤਿਗੁਰੂ ਨੇ	ਅਕਾਲ ਪੁਰਖ	ਮਿਲਾ ਦਿੱਤਾ

ਤਿਸੁ *(ਤਿਸ)*	**ਜੇਵਡੁ** *(ਜੇਵਡ)*	**ਅਵਰੁ** *(ਅਵਰ)*	**ਨ** *(ਨਾਂ)*	**ਕੋਇ**	**ਜੀਉ** ॥੧॥	**ਰਹਾਉ** ॥
ਉਸ	ਜਿੱਡਾ	ਹੋਰ	ਨਹੀਂ	ਕੋਈ ਵੀ	ਸਤਿਕਾਰ ਬੋਧਿਕ ਸ਼ਬਦ	ਠਹਿਰਾਉ

...(ਮੇਰੇ) ਸਤਿਗੁਰੂ ਨੇ (ਮੈਨੂੰ) ਅਕਾਲ ਪੁਰਖ ਨਾਲ ਮਿਲਾ ਦਿੱਤਾ ਹੈ, ਜਿਸ ਜਿੱਡਾ (ਇਸ ਬ੍ਰਹਿਮੰਡ ਵਿਚ) ਹੋਰ ਕੋਈ ਵੀ ਨਹੀਂ ਹੈ ਜੀ...

ਗੋਸਾਈ *(ਗੋਸਾਈਂ)*	**ਮਿਹੰਡਾ**	**ਇਠੜਾ** ॥ *(ਇੱਠੜਾ)*
ਧਰਤੀ ਦਾ ਮਾਲਕ ਪ੍ਰਭੂ	ਮੇਰਾ	ਪਿਆਰਾ, ਪ੍ਰੀਤਮ

...ਧਰਤੀ ਦਾ ਮਾਲਕ ਪਰਮੇਸ਼ਰ ਮੇਰਾ ਪਿਆਰਾ-ਪ੍ਰੀਤਮ ਹੈ...

ਅੰਮ	**ਅਬੇ** *(ਅੱਬੇ)*	**ਥਾਵਹੁ** *(ਥਾਵਹੁੰ)*	**ਮਿਠੜਾ** ॥
ਅੰਮਾਂ, ਮਾਂ	ਅੱਬਾ,ਪਿਓ	ਤੋਂ, ਨਾਲੋਂ	ਮਿੱਠਾ, ਸੁਆਦਿਸ਼ਟ

...(ਉਹ) ਮਾਂ ਅਤੇ ਪਿਓ ਤੋਂ ਵੀ ਜ਼ਿਆਦਾ ਮਿਠਾਸ ਭਰਿਆ ਹੈ...

ਭੈਣ	**ਭਾਈ**	**ਸਭਿ** *(ਸਭ)*	**ਸਜਣਾ,** *(ਸੱਜਣਾ)*
ਭੈਣਾਂ	ਭਰਾਵਾਂ	ਸਾਰੇ	ਮਿੱਤਰਾਂ, ਦੋਸਤਾਂ

ਤੁਧੁ *(ਤੁਧ)*	**ਜੇਹਾ**	**ਨਾਹੀ** *(ਨਾਹੀਂ)*	**ਕੋਇ**	**ਜੀਉ** ॥੧॥
ਤੇਰੇ	ਵਰਗਾ	ਨਹੀਂ	ਕੋਈ	ਸਤਿਕਾਰ ਬੋਧਿਕ ਸ਼ਬਦ

ਅੰਕ ੭੩

...ਸਾਰੇ ਭੈਣਾਂ, ਭਰਾਵਾਂ ਅਤੇ ਮਿੱਤਰਾਂ-ਦੋਸਤਾਂ (ਵਿਚੋਂ ਹੇ! ਵਾਹਿਗੁਰੂ!) ਤੇਰੇ ਵਰਗਾ ਕੋਈ ਵੀ ਨਹੀਂ ਹੈ ਜੀ...

ਤੇਰੈ	ਹੁਕਮੇ,	ਸਾਵਣੁ *(ਸਾਵਣ)*	ਆਇਆ ॥
ਤੁਹਾਡੇ	ਹੁਕਮ ਵਿਚ	ਸਉਣ (ਦਾ ਮਹੀਨਾ)	ਆ ਗਿਆ

...(ਹੇ! ਪਰਮੇਸ਼ਰ!) ਤੇਰੇ ਹੁਕਮ ਵਿਚ ਹੀ ਸਉਣ ਦਾ (ਮਿਲਾਪ ਵਾਲਾ ਸੁਹਾਵਣਾ ਮਹੀਨਾ) ਆ ਗਿਆ ਹੈ...

ਮੈ *(ਮੈਂ)*	ਸਤ	ਕਾ	ਹਲੁ *(ਹਲ਼)*	ਜੋਆਇਆ ॥
ਖ਼ੁਦ	ਸਦਾਚਾਰ	ਦਾ	ਹਲ਼	ਜੋਤ ਲਿਆ ਹੈ, ਜੋੜ ਲਿਆ ਹੈ

...ਮੈਂ (ਨਾਮ ਦੀ ਖ਼ੇਤੀ ਕਰਨ ਲਈ) ਸਦਾਚਾਰ ਵਾਲਾ ਹਲ਼ ਜੋੜ ਲਿਆ ਹੈ...

ਨਾਉ *(ਨਾਉਂ)*	ਬੀਜਣ	ਲਗਾ *(ਲਗਾਂ)*	ਆਸ	ਕਰਿ, *(ਕਰ)*
(ਪ੍ਰਭੂ) ਨਾਮ	ਉਗਾਉਣ	ਲਗਿਆਂ	ਉਮੀਦ	ਕਰਕੇ
ਹਰਿ *(ਹਰ)*	ਬੋਹਲ	ਬਖਸ *(ਬਖਸ਼)*	ਜਮਾਇ	ਜੀਉ ॥੨॥
ਪ੍ਰਭੂ	ਅਨਾਜ ਦੇ ਢੇਰ	ਬਖਸ਼ ਦੇ	ਜੰਮਾ ਕੇ, ਉਗਾ ਕੇ	ਸਤਿਕਾਰ ਬੋਧਿਕ ਸ਼ਬਦ

...(ਹੇ! ਵਾਹਿਗੁਰੂ! ਮੈਂ ਆਪਣੇ ਹਿਰਦੇ ਰੂਪੀ ਖ਼ੇਤ ਵਿਚ) ਆਸ ਕਰਕੇ, (ਤੇਰੇ) ਨਾਮ (ਦੀ ਫ਼ਸਲ) ਬੀਜਣ ਲਗਿਆ ਹਾਂ, ਪ੍ਰਭੂ (ਕਿਰਪਾ ਕਰਕੇ ਇਸ ਨਾਮ ਦੀ ਫ਼ਸਲ ਦੇ) ਢੇਰਾਂ ਦੇ ਢੇਰ ਉਗਾ ਕੇ (ਮੈਨੂੰ) ਬਖ਼ਸ਼ ਦੇਹ...

ਹਉ *(ਹਉਂ)*	ਗੁਰ	ਮਿਲਿ *(ਮਿਲ)*	ਇਕੁ *(ਇਕ)*	ਪਛਾਣਦਾ ॥
ਮੈਂ	ਸਤਿਗੁਰੂ	ਮਿਲ ਕੇ	ਇਕ(ਪ੍ਰਭੂ)	ਪਹਿਚਾਣਦਾ

...ਮੈਂ ਤਾਂ (ਆਪਣੇ) ਸਤਿਗੁਰੂ ਨੂੰ ਮਿਲ ਕੇ (ਕੇਵਲ) ਇਕ ਪਰਮਾਤਮਾ ਨੂੰ ਪਹਿਚਾਣਦਾ ਹਾਂ...

ਦੁਜਾ *(ਦੁਈਆ)*	ਕਾਗਲੁ *(ਕਾਗਲ)*	ਚਿਤਿ *(ਚਿੱਤ)*	ਨ *(ਨਾਂ)*	ਜਾਣਦਾ ॥
ਦੂਸਰਾ, ਕੋਈ ਹੋਰ	ਕਾਗਜ਼, ਲੇਖਾ	ਚਿੱਤ ਵਿਚ	ਨਹੀਂ	ਸਮਝਦਾ, ਵਾਕਿਫ਼ ਹੁੰਦਾ

...(ਇਕ ਪਰਮਾਤਮਾ ਤੋਂ ਇਲਾਵਾ) ਆਪਣੇ ਹਿਰਦੇ ਵਿਚ ਦੂਸਰਾ ਹੋਰ ਕੋਈ ਲੇਖਾ (ਲਿਖਣਾ ਮੈਂ) ਨਹੀਂ ਜਾਣਦਾ...

ਹਰਿ *(ਹਰ)*	ਇਕਤੈ	ਕਾਰੈ	ਲਾਇਓਨੁ, *(ਲਾਇਓਨ)*
ਪ੍ਰਭੂ	ਇੱਕੋ ਹੀ	ਕੰਮ, ਕਾਰਜ	ਲਗਾਇਆ

ਅੰਕ ੭੩

ਜਿਉ *(ਜਿਉਂ)*	ਭਾਵੈ	ਤਿਂਵੈ *(ਤਿਵੈਂ)*	ਨਿਬਾਹਿ	ਜੀਉ ॥੩॥
ਜਿਵੇਂ	ਚੰਗਾ ਲਗਦਾ	ਤਿਵੇਂ ਹੀ	ਨਿਭਾ ਦਿਓ, ਸਿਰੇ ਚਾੜ੍ਹ ਦਿਓ	ਸਤਿਕਾਰ ਬੋਧਿਕ ਸ਼ਬਦ

...ਪਰਮੇਸ਼ਰ ਨੇ (ਆਪ ਹੀ ਮੈਨੂੰ ਨਾਮ ਜਪਣ ਦੇ) ਇੱਕੋ ਇੱਕ ਕਾਰਜ ਕਰਨ ਵਿਚ ਲਗਾਇਆ ਹੋਇਆ ਹੈ, ਹੁਣ (ਸਾਹਿਬ ਜੀ) ਜਿਵੇਂ ਵੀ (ਤੈਨੂੰ) ਚੰਗਾ ਲਗਦਾ ਹੈ, ਤਿਵੇਂ ਹੀ (ਇਸ ਕਾਰਜ ਨੂੰ) ਸਿਰੇ ਚਾੜ੍ਹ ਦਿਓ ਜੀ...

ਤੁਸੀ *(ਤੁਸੀਂ)*	ਭੋਗਿਹੁ	ਭੁੰਚਹੁ	ਭਾਈਹੋ ॥
ਤੁਸੀਂ	ਭੋਗੋ, ਮਾਣੋਂ	ਛੱਕੋ, ਖਾਓ ਹੇ!	ਭਰਾਵੋ

...ਹੇ! ਭਰਾਵੋ! ਤੁਸੀਂ ਵੀ (ਪਰਮੇਸ਼ਰ ਦੇ ਇਸ ਨਾਮ-ਭੋਜਨ ਨੂੰ) ਛੱਕੋ ਅਤੇ ਅਨੰਦ ਮਾਣੋ...

ਗੁਰਿ *(ਗੁਰ)*	ਦੀਬਾਣਿ, *(ਦੀਬਾਣ)*	ਕਵਾਇ	ਪੈਨਾਈਓ *(ਪੈਨ੍ਹਾਈਓ)* ॥
ਸਤਿਗੁਰੂ ਨੇ	ਦਰਬਾਰ ਵਿਚ	ਪੋਸ਼ਾਕ, ਸਿਰੋਪਾਉ	ਪਹਿਨਾ ਦਿੱਤਾ

...(ਨਾਮ ਜਪਣ ਕਰਕੇ) ਸਤਿਗੁਰੂ ਨੇ ਰੱਬੀ-ਦਰਗਾਹ ਵਿਚ (ਇੱਜ਼ਤ-ਮਾਣ ਦੀ) ਪੁਸ਼ਾਕ ਪਹਿਨਾ ਦਿੱਤੀ ਹੈ...

ਹਉ *(ਹਉਂ)*	ਹੋਆ	ਮਾਹਰੁ *(ਮਾਹਰ)*	ਪਿੰਡ	ਦਾ,
ਮੈਂ	ਹੋ ਗਿਆ	ਮਹਰ, ਚੌਧਰੀ	ਸ਼ਰੀਰ	ਸੰਬੰਧਕ

ਬੰਨਿ *(ਬੰਨ੍ਹ)*	ਆਦੇ *(ਆਂਦੇ)*	ਪੰਜਿ *(ਪੰਜ)*	ਸਰੀਕ *(ਸ਼ਰੀਕ)*	ਜੀਉ ॥੪॥
ਬੰਨ੍ਹ ਕੇ, ਜਕੜ ਕੇ	ਲਿਆਂਦੇ	ਪੰਜ	ਸ਼ਰੀਕਾ ਕਰਨ ਵਾਲੇ, ਵਿਰੋਧੀ	ਸਤਿਕਾਰ ਬੋਧਿਕ ਸ਼ਬਦ

...(ਇਸ ਇੱਜ਼ਤ-ਮਾਣ ਕਰਕੇ ਹੁਣ) ਮੈਂ ਸ਼ਰੀਰ ਰੁਪੀ ਪਿੰਡ ਦਾ ਚੌਧਰੀ ਬਣ ਗਿਆ ਹਾਂ, ਅਤੇ (ਆਪਣੀ ਮਿਲੀ ਹੋਈ ਤਾਕਤ ਨਾਲ ਇਸ ਪਿੰਡ ਦੇ) ਪੰਜ ਸ਼ਰੀਕ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਬੰਨ੍ਹ ਕੇ ਲੈ ਆਂਦੇ ਹਨ ਜੀ, ਭਾਵ ਉਨ੍ਹਾਂ ਨੂੰ ਆਪਣੇ ਕਾਬੂ ਵਿਚ ਕਰ ਲਿਆ ਹੈ ਜੀ...

ਹਉ *(ਹਉਂ)*	ਆਇਆ	ਸਾਮ੍ਹੈ	ਤਿਹੰਡੀਆ ॥
ਮੈ	ਆ ਗਿਆ	ਸਾਹਮਣੇ, ਸ਼ਰਨ ਵਿਚ, ਪਨਾਹ ਵਿਚ	ਤੇਰੀ

....(ਹੇ! ਪਰਮੇਸ਼ਰ ਹੁਣ) ਮੈਂ ਤੇਰੀ ਸ਼ਰਣ ਵਿਚ ਆ ਗਿਆ ਹਾਂ....

ਪੰਜਿ *(ਪੰਜ)*	ਕਿਰਸਾਣ	ਮੁਜੇਰੇ	ਮਿਹਡਿਆ *(ਮਿਹੰਡਿਆ)* ॥
ਪੰਜ	ਕਿਸਾਨ, ਖੇਤੀ	ਕਰਨ ਵਾਲੇ	ਕਾਸ਼ਤਕਾਰ ਮੇਰੇ

...(ਅਤੇ ਤੇਰੀ ਕਿਰਪਾ ਨਾਲ ਹੁਣ) ਪੰਜ ਕਿਸਾਨ, ਭਾਵ ਪੰਜ ਕਰਮ-ਇੰਦ੍ਰੇ (ਹੱਥ, ਪੈਰ, ਮੂੰਹ, ਗੁਦਾ ਅਤੇ ਲਿੰਗ) ਮੇਰੇ ਮੁਜਾਰੇ, ਕਾਸ਼ਤਕਾਰ ਹਨ ਭਾਵ ਮੇਰੇ ਵੱਸ ਵਿਚ ਹਨ (ਅਤੇ ਮੇਰਾ ਹੁਕਮ ਮੰਨਦੇ ਹਨ)...

ਅੰਕ ੭੩

ਕੰਨੁ *(ਕੰਨ)*	ਕੋਈ	ਕਢਿ *(ਕੱਢ)*	ਨ *(ਨਾਂ)*	ਹੰਘਈ,
ਸਿਰ	ਕੋਈ ਵੀ	ਚੁੱਕ ਕੇ	ਨਹੀਂ	ਸਕਦਾ

ਨਾਨਕ,	ਵੁਠਾ	ਘੁਘਿ *(ਘੁੱਘ)*	ਗਿਰਾਉ *(ਗਿਰਾਉਂ)*	ਜੀਉ ॥੫॥
ਹੇ ! ਨਾਨਕ !	ਵੱਸਿਆ	ਘੁੱਘ, ਸੰਘਣਾ	ਪਿੰਡ, ਗਿਰਾਂ	ਸਤਿਕਾਰ ਬੋਧਿਕ ਸ਼ਬਦ

...ਹੇ! ਨਾਨਕ! (ਤੇਰੀ ਕਿਰਪਾ ਨਾਲ ਹੁਣ ਇਹ ਪੰਜੇ ਮੇਰੇ ਐਸੇ ਵੱਸ ਵਿਚ ਹੋਏ ਹੋਏ ਹਨ, ਕਿ ਇਨ੍ਹਾਂ ਵਿਚੋਂ) ਕੋਈ ਵੀ ਸਿਰ ਚੁੱਕ ਕੇ (ਮੇਰੇ ਤੋਂ ਇਨਕਾਰੀ) ਨਹੀਂ ਹੋ ਸਕਦਾ, (ਇਨ੍ਹਾਂ ਵਿਰੋਧੀਆਂ ਦੇ ਮੇਰੇ ਵੱਸ ਵਿਚ ਹੋਣ ਕਰਕੇ, ਹੁਣ ਮੇਰਾ ਸਰੀਰ ਰੂਪੀ) ਪਿੰਡ (ਚੰਗਿਆਈਆਂ ਨਾਲ) ਘੁੱਘ-ਸੰਘਣਾਂ ਵੱਸ ਗਿਆ ਹੈ ਜੀ...

ਹਉ *(ਹਉਂ)*	ਵਾਰੀ	ਘੁੰਮਾ *(ਘੁੰਮਾਂ)*	ਜਾਵਦਾ *(ਜਾਂਵਦਾ)* ॥
ਮੈਂ	ਬਲਿਹਾਰੀ, ਸਦਕੇ	ਕੁਰਬਾਨ	ਜਾਂਦਾ ਹਾਂ

...(ਹੁਣ ਤਾਂ ਮੈਂ ਬਸ ਤੇਰੇ ਸ਼ੁਕਰ ਵਿਚ ਤੇਰੇ ਤੋਂ) ਸਦਕੇ, ਕੁਰਬਾਨ ਜਾਂਦਾ ਹਾਂ...

ਇਕ	ਸਾਹਾ *(ਸ਼ਾਹਾ)*	ਤੁਧੁ *(ਤੁੱਧ)*	ਧਿਆਇਦਾ *(ਧਿਆਇੰਦਾ)* ॥
ਇੱਕੋ	ਸਾਹ, ਸੁਆਸ	ਤੈਨੂੰ	ਸਿਮਰਦਾ, ਧਿਆਉਂਦਾ

...(ਬਸ) ਇੱਕੋ-ਸਾਹ ਹੋਕੇ ਭਾਵ ਨਿਰੰਤਰ ਤੈਨੂੰ ਸਿਮਰਦਾ ਰਹਿੰਦਾ ਹਾਂ...

ਉਜੜੁ *(ਉਜੜ)*	ਥੇਹੁ *(ਥੇਹ)*	ਵਸਾਇਓ,
ਉਜੜਿਆ ਹੋਇਆ	ਪਿੰਡ	ਵੱਸਾ ਦਿੱਤਾ, ਆਬਾਦ ਕਰ ਦਿੱਤਾ

ਹਉ *(ਹਉਂ)*	ਤੁਧ	ਵਿਟਹੁ *(ਵਿਟਹੁੰ)*	ਕੁਰਬਾਣੁ *(ਕੁਰਬਾਣ)*	ਜੀਉ ॥੬॥
ਮੈਂ	ਤੇਰੇ	ਤੋਂ, ਨਾਲੋਂ	ਕੁਰਬਾਨ	ਸਤਿਕਾਰ ਬੋਧਿਕ ਸ਼ਬਦ

...(ਹੇ! ਸਾਹਿਬ! ਤੂੰ ਮਾਇਆਵੀ ਵਿਕਾਰਾਂ ਕਰਕੇ ਮੇਰੇ) ਉੱਜੜੇ ਹੋਏ (ਸਰੀਰ ਰੂਪੀ) ਪਿੰਡ ਨੂੰ (ਆਪਣੀ ਮਿਹਰ ਅਤੇ ਚੰਗਿਆਈਆਂ ਨਾਲ ਫਿਰ ਤੋਂ) ਆਬਾਦ ਕਰ ਦਿੱਤਾ ਹੈ, (ਇਸ ਲਈ) ਮੈਂ ਤੇਰੇ ਤੋਂ ਕੁਰਬਾਨ, ਬਲਿਹਾਰ ਜਾਂਦਾ ਹਾਂ ਜੀ...

ਹਰਿ *(ਹਰ)*	ਇਠੈ *(ਇੱਠੈ)*	ਨਿਤ *(ਨਿੱਤ)*	ਧਿਆਇਦਾ *(ਧਿਆਇੰਦਾ)* ॥
ਹਰੀ	ਪਿਆਰੇ	ਹਰ ਰੋਜ਼	ਧਿਆਉਂਦਾ, ਸਿਮਰਦਾ

...(ਹੁਣ ਤਾਂ ਮੈ) ਨਿੱਤ, ਨਿੱਤ (ਆਪਣੇ) ਪਿਆਰੇ ਹਰੀ ਨੂੰ ਸਿਮਰਦਾ ਰਹਿੰਦਾ ਹਾਂ...

ਅੰਕ ੭੩

ਮਨਿ *(ਮਨ)*	ਚਿੰਦੀ, *(ਚਿੰਦੀਂ)*	ਸੋ	ਫਲੁ *(ਫਲ)*	ਪਾਇਦਾ *(ਪਾਇੰਦਾ)* ॥
ਮਨ ਵਿਚ	ਚਿੰਦੇ, ਇੱਛਤ	ਉਹੀ	ਫਲ	ਪਾਉਂਦਾ

...ਮਨ ਵਿਚ (ਜਿਹੜਾ ਵੀ ਫਲ) ਚਿਤਵਦਾ ਹਾਂ, ਉਹੀ ਫਲ ਪ੍ਰਾਪਤ ਕਰ ਲੈਂਦਾ ਹਾਂ...

ਸਭੇ	ਕਾਜ	ਸਵਾਰਿਅਨੁ, *(ਸਵਾਰਿਅਨ)*
ਸਾਰੇ	ਕਾਰਜ, ਕੰਮ	ਸਵਾਰ ਦਿੱਤੇ ਹਨ

ਲਾਹੀਅਨੁ *(ਲਾਹੀਅਨ)*	ਮਨ	ਕੀ	ਭੁਖ *(ਭੁੱਖ)*	ਜੀਉ ॥੭॥
ਲਾਹ ਦਿੱਤੀ ਹੈ, ਦੂਰ ਕਰ ਦਿੱਤੀ ਹੈ	ਚਿੱਤ	ਦੀ	ਇੱਛਾ	ਸਤਿਕਾਰ ਬੋਧਿਕ ਸ਼ਬਦ

...(ਐਸੀ ਕਿਰਪਾ ਹੋਈ ਹੈ ਕਿ ਵਾਹਿਗੁਰੂ ਨੇ ਮੇਰੇ) ਸਾਰੇ ਕਾਰਜ ਸੰਪੂਰਨ ਕਰ ਦਿੱਤੇ ਹਨ, ਅਤੇ ਮਨ ਦੀਆਂ ਸਾਰੀਆਂ ਭੁੱਖਾਂ ਮਿਟਾ ਦਿੱਤੀਆਂ ਹਨ ਜੀ...

ਮੈ *(ਮੈਂ)*	ਛਡਿਆ	ਸਭੋ	ਧੰਧੜਾ ॥
ਖ਼ੁਦ	ਛੱਡ ਦਿੱਤਾ	ਸਾਰਾ	ਧੰਦਾ, ਮਾਇਆ ਆਦਿ ਇਕੱਠੀ ਕਰਨ ਵਾਲੇ ਕੰਮ

...(ਨਾਮ ਦੀ ਤ੍ਰਿਪਤੀ ਕਰਕੇ ਬਸ) ਮੈਂ ਸਭ (ਦੁਨਿਆਵੀ) ਧੰਧੇ ਛੱਡ ਦਿੱਤੇ ਹਨ...

ਗੋਸਾਈ *(ਗੋਸਾਈਂ)*	ਸੇਵੀ *(ਸੇਵੀਂ)*	ਸਚੜਾ ॥
ਧਰਤੀ ਦੇ ਮਾਲਕ (ਪ੍ਰਭੂ)	ਸੇਂਵਦਾ, ਸਿਮਰਦਾ	ਸਦਾ ਸਥਿਰ (ਪ੍ਰਭੂ)

...(ਅਤੇ ਹਮੇਸ਼ਾਂ) ਸਦਾ ਸਥਿਰ ਪਰਮੇਸ਼ਰ ਗੋਸਾਈਂ ਨੂੰ ਸਿਮਰਦਾ ਰਹਿੰਦਾ ਹਾਂ...

ਨਉ *(ਨਉਂ)*	ਨਿਧਿ *(ਨਿਧ)*	ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਹਰਿ, *(ਹਰ)*
ਨੌਂ	ਖਜ਼ਾਨੇ	(ਪ੍ਰਭੂ) ਨਾਮ	ਖ਼ਜ਼ਾਨਾ	ਹਰੀ, ਪ੍ਰਭੂ

ਮੈ *(ਮੈਂ)*	ਪਲੈ	ਬਧਾ	ਛਿਕਿ *(ਛਿਕ)*	ਜੀਉ ॥੮॥
ਖ਼ੁਦ ਨੇ	ਪੱਲੇ ਨਾਲ	ਬੰਨ੍ਹ ਲਿਆ	ਕੱਸ ਕੇ, ਘੁੱਟ ਕੇ	ਸਤਿਕਾਰ ਬੋਧਿਕ ਸ਼ਬਦ

...ਸੰਸਾਰ ਦੇ ਨੌਂ ਖ਼ਜ਼ਾਨਿਆਂ ਤੋਂ ਵੀ ਉੱਤਮ, ਹਰੀ ਦੇ ਨਾਮ ਰੂਪੀ ਖ਼ਜ਼ਾਨੇ ਨੂੰ ਕੱਸ ਕੇ (ਆਪਣੇ) ਪੱਲੇ ਨਾਲ ਬੰਨ੍ਹ ਲਿਆ ਹੈ...

ਮੈ *(ਮੈਂ)*	ਸੁਖੀ *(ਸੁੱਖੀਂ)*	ਹੂੰ	ਸੁਖੁ *(ਸੁੱਖ)*	ਪਾਇਆ ॥
ਖ਼ੁਦ ਨੇ	ਸੁਖਾਂ	ਦੇ	ਸੁੱਖ	ਪ੍ਰਾਪਤ ਕਰ ਲਿਆ

ਅੰਕ ੭੩-੭੪

...ਮੈਂ ਸੁੱਖਾਂ ਦੇ ਸੁੱਖ (ਨਾਮ-ਸੁੱਖ ਨੂੰ) ਪ੍ਰਾਪਤ ਕਰ ਲਿਆ ਹੈ...

ਗੁਰਿ *(ਗੁਰ)*	**ਅੰਤਰਿ** *(ਅੰਤਰ)*	**ਸਬਦੁ** *(ਸ਼ਬਦ)*	**ਵਸਾਇਆ ॥**
ਸਤਿਗੁਰੂ ਨੇ	(ਹਿਰਦੇ) ਅੰਦਰ	ਸ਼ਬਦ	ਵਸਾ ਦਿੱਤਾ

...(ਕਿਉਂਕਿ) ਸਤਿਗੁਰੂ ਨੇ (ਮੇਰੇ) ਹਿਰਦੇ ਅੰਦਰ (ਕਰਤਾ ਪੁਰਖ ਦੇ) ਸ਼ਬਦ ਦਾ ਵਾਸਾ ਕਰ ਦਿੱਤਾ ਹੈ...

ਸਤਿਗੁਰਿ *(ਸਤਗੁਰ)*	**ਪੁਰਖਿ,** *(ਪੁਰਖ)*	**ਵਿਖਾਲਿਆ,**
ਸਤਿਗੁਰੂ ਨੇ	ਅਕਾਲ ਪੁਰਖ ਨੂੰ	ਵਿਖਾਲ ਦਿੱਤਾ, ਦਰਸ਼ਨ ਕਰਾ ਦਿੱਤੇ ਹਨ

ਮਸਤਕਿ *(ਮਸਤਕ)*	**ਧਰਿ** *(ਧਰ)*	**ਕੈ**	**ਹਥੁ** *(ਹੱਥ)*	**ਜੀਉ ॥੯॥**
ਮੱਥੇ ਤੇ	ਧਰ, ਰੱਖ	ਕੇ	ਹੱਥ	ਸਤਿਕਾਰ ਬੋਧਿਕ ਸ਼ਬਦ

...ਸਤਿਗੁਰੂ ਨੇ ਮੇਰੇ ਮਸਤਕ ਤੇ (ਆਪਣਾ) ਹੱਥ ਧਰ ਕੇ (ਮੈਨੂੰ) ਅਕਾਲ ਪੁਰਖ ਦੇ ਦਰਸ਼ਨ ਕਰਵਾ ਦਿੱਤੇ ਹਨ ਜੀ...

ਮੈ *(ਮੈਂ)*	**ਬਧੀ** *(ਬੱਧੀ)*	**ਸਚੁ** *(ਸੱਚ)*	**ਧਰਮ**	**ਸਾਲ** *(ਸ਼ਾਲ)*	**ਹੈ ॥**
ਖ਼ੁਦ ਨੇ	ਬੰਨ੍ਹੀ, ਬਣਾਈ	ਸਦਾ ਸਥਿਰ ਪ੍ਰਭੂ	ਧਰਮ	ਸ਼ਾਲਾ	ਹੋਣ ਦੀ ਕ੍ਰਿਆ

...(ਇਸ ਲਈ ਹੁਣ) ਮੈਂ ਸਦਾ ਸਥਿਰ ਪਰਮੇਸ਼ਰ ਦਾ ਧਰਮ ਕਮਾਉਣ ਦੀ ਸ਼ਾਲਾ ਭਾਵ ਘਰ/ਥਾਂ ਸਥਾਪਿਤ ਕਰ ਦਿੱਤਾ ਹੈ....

ਗੁਰਸਿਖਾ *(ਗੁਰਸਿੱਖਾਂ)*	**ਲਹਦਾ** *(ਲੱਧਾ)*	**ਭਾਲਿ** *(ਭਾਲ)*	**ਕੈ ॥**
ਸਤਿਗੁਰੂ ਦਿਆਂ ਸਿੱਖਾਂ	ਲੱਭਿਆ, ਪ੍ਰਾਪਤ ਕੀਤਾ	ਭਾਲ ਭਾਲ , ਟੋਲ ਟੋਲ	ਕੇ

...(ਉਸ ਧਰਮਸ਼ਾਲਾ ਵਿਚ ਧਰਮ ਦੀ ਕਮਾਈ ਕਰਨ ਲਈ ਮੈਂ) ਗੁਰਸਿੱਖਾਂ ਨੂੰ ਟੋਲ ਟੋਲ ਕੇ ਲੱਭਿਆ ਹੈ...

ਪੈਰ	**ਧੋਵਾ** *(ਧੋਵਾਂ)*	**ਪਖਾ** *(ਪੱਖਾ)*	**ਫੇਰਦਾ,**
ਚਰਨ	ਧੋਂਦਾ	ਹਵਾ ਝੁਲਾਉਣ ਦਾ ਯੰਤਰ	ਝੱਲਦਾ

ਤਿਸੁ *(ਤਿਸ)*	**ਨਿਵਿ** *(ਨਿਵ)*	**ਨਿਵਿ** *(ਨਿਵ)*	**ਲਗਾ** *(ਲਗਾਂ)*	**ਪਾਇ** *(ਪਾਇ)*	**ਜੀਉ ॥੧੦॥**
ਉਨ੍ਹਾਂ	ਝੁੱਕ ਕੇ	ਝੁੱਕ ਕੇ	ਲਗਦਾ ਹਾਂ	ਚਰਨਾਂ ਨੂੰ	ਸਤਿਕਾਰ ਬੋਧਿਕ ਸ਼ਬਦ

...(ਫਿਰ ਉਨ੍ਹਾਂ ਨੂੰ ਧਰਮਸ਼ਾਲ ਵਿਚ ਲਿਆਕੇ ਉਨ੍ਹਾਂ ਦੇ) ਚਰਨ ਧੋਂਦਾ ਹਾਂ, ਪੱਖਾ ਝਲਦਾ ਹਾਂ ਅਤੇ ਝੁੱਕ ਝੁੱਕ ਕੇ ਉਨ੍ਹਾਂ ਦੇ ਚਰਨ (ਪਰਸਦਾ ਹਾਂ, ਛੂੰਹਦਾ ਹਾਂ) ਜੀ...

ਅੰਕ ੭੪

ਸੁਣਿ *(ਸੁਣ)*	ਗਲਾ, *(ਗੱਲਾਂ)*	ਗੁਰ	ਪਹਿ	ਆਇਆ ॥
ਸੁਣ ਕੇ	ਬਾਤਾਂ	ਸਤਿਗੁਰੂ	ਕੋਲ	ਪਹੁੰਚਿਆ

...(ਲੋਕਾਂ ਕੋਲੋਂ ਸਤਿਗੁਰੂ ਦੀ ਵਡਿਆਈ ਦੀਆਂ) ਗੱਲਾਂ ਸੁਣ ਸੁਣ ਕੇ (ਜਿਹੜਾ ਵੀ) ਸਤਿਗੁਰੂ ਕੋਲ ਪੁੱਜਿਆ ਹੈ...

ਨਾਮੁ *(ਨਾਮ)*	ਦਾਨੁ *(ਦਾਨ)*	ਇਸਨਾਨੁ *(ਇਸ਼ਨਾਨ)*	ਦਿੜਾਇਆ *(ਦ੍ਰਿੜ੍ਹਾਇਆ)* ॥
(ਪ੍ਰਭੂ) ਨਾਮ	ਦਾਨ (ਭਾਵ ਵੰਡਣਾਂ)	ਇਸ਼ਨਾਨ (ਭਾਵ ਪਵਿੱਤਰਤਾ)	ਦ੍ਰਿੜ੍ਹ ਕਰਾਇਆ

...(ਸਤਿਗੁਰੂ ਨੇ ਉਸ ਨੂੰ ਪਰਮੇਸ਼ਰ ਦੇ) ਨਾਮ (ਦਾ ਸਿਮਰਨ), ਦਾਨ (ਭਾਵ ਵੰਡ ਛਕਣ ਦੀ ਜਾਚ) ਅਤੇ ਇਸ਼ਨਾਨ (ਭਾਵ ਅੰਦਰੋਂ ਅਤੇ ਬਾਹਰੋਂ ਨਿਰਮਲ ਰਹਿਣ ਦੀ ਸੋਝੀ) ਦ੍ਰਿੜ੍ਹ ਕਰਵਾ ਦਿੱਤੇ ਹਨ...

ਸਭੁ *(ਸਭ)*	ਮੁਕਤੁ *(ਮੁਕਤ)*	ਹੋਆ	ਸੈਸਾਰੜਾ, *(ਸੈਂਸਾਰੜਾ)*
ਸਾਰਾ	ਬੰਧਨ ਰਹਿਤ	ਹੋ ਗਿਆ	ਸੰਸਾਰ, ਜਗਤ

ਨਾਨਕ,	ਸਚੀ	ਬੇੜੀ	ਚਾੜਿ *(ਚਾੜ੍ਹ)*	ਜੀਉ ॥੧੧॥
ਹੇ ! ਨਾਨਕ !	ਸੱਚ ਦੀ	ਕਿਸ਼ਤੀ	ਚੜ੍ਹਾ ਕੇ	ਸਤਿਕਾਰ ਬੋਧਿਕ ਸ਼ਬਦ

...ਹੇ! ਨਾਨਕ! (ਨਾਮ ਦੀ ਕਮਾਈ ਨਾਲ ਸਤਿਗੁਰੂ ਨੇ) ਸਦਾ-ਸਥਿਰ (ਪ੍ਰਭੂ ਦੀ) ਕਿਸ਼ਤੀ ਵਿਚ ਸਵਾਰ ਕਰਵਾ ਕੇ, ਸਾਰੇ ਸੰਸਾਰ (ਨੂੰ ਮਾਇਆਵੀ ਵਿਕਾਰਾਂ ਦੇ ਬੰਧਨਾਂ ਤੋਂ) ਮੁਕਤ ਕਰਵਾ ਦਿੱਤਾ ਹੈ ਜੀ।

ਸਭ	ਸ੍ਰਿਸਟਿ *(ਸ੍ਰਿਸ਼ਟ)*	ਸੇਵੇ,	ਦਿਨੁ *(ਦਿਨ)*	ਰਾਤਿ *(ਰਾਤ)*	ਜੀਉ ॥
ਸਾਰੀ	ਸ੍ਰਿਸ਼ਟੀ	ਸਿਮਰਦੀ	ਦਿਨਸ	ਰਾਤ	ਸਤਿਕਾਰ ਬੋਧਿਕ ਸ਼ਬਦ

...(ਪਰਮੇਸ਼ਰ ਜੀ!) ਸਾਰੀ ਸ੍ਰਿਸ਼ਟੀ (ਆਪ ਨੂੰ) ਦਿਨ-ਰਾਤ ਸਿਮਰਦੀ ਹੈ...

ਦੇ	ਕੰਨੁ, *(ਕੰਨ)*	ਸੁਣਹੁ	ਅਰਦਾਸਿ *(ਅਰਦਾਸ)*	ਜੀਉ ॥
ਦੇਕੇ	ਕੰਨ	ਸਰਵਣ ਕਰੋ	ਬੇਨਤੀ	ਸਤਿਕਾਰ ਬੋਧਿਕ ਸ਼ਬਦ

...(ਸੋ ਹੇ! ਵਾਹਿਗੁਰੂ ਇਨ੍ਹਾਂ ਸਾਰਿਆਂ ਦੀ) ਅਰਦਾਸ ਕੰਨ ਦੇ ਕੇ, ਭਾਵ ਧਿਆਨ ਨਾਲ ਸਰਵਣ ਕਰੋ ਜੀ...

ਠੋਕਿ *(ਠੋਕ)*	ਵਜਾਇ	ਸਭ	ਡਿਠੀਆ,
ਠੋਕਰ ਲਗਾਕੇ	ਵਜਾ ਕੇ	ਸਾਰੀ	ਦੇਖ ਲਈ ਹੈ

ਤੁਸਿ *(ਤੁਸ)*	ਆਪੇ	ਲਇਅਨੁ *(ਲਇਅਨ)*	ਛਡਾਇ	ਜੀਉ ॥੧੨॥
ਤੁਸੀਂ	ਆਪ ਹੀ	ਲੈਂਦੇ ਹੋ	ਛੁਡਾ, ਮੁਕਤ ਕਰਾ	ਸਤਿਕਾਰ ਬੋਧਿਕ ਸ਼ਬਦ

...(ਮੈਂ) ਠੋਕ ਵਜਾ ਕੇ ਸਾਰੀ (ਦੁਨੀਆਂ) ਦੇਖ-ਪਰਖ ਲਈ ਹੈ, (ਆਪਣੇ ਆਪ ਕੋਈ ਕੁਝ ਨਹੀਂ ਕਰ ਸਕਦਾ, ਬਸ) ਤੁਸੀਂ ਆਪ ਹੀ (ਆਪਣੀ ਕਿਰਪਾ ਕਰਕੇ, ਸੰਸਾਰ ਦੇ ਮਾਇਆਵੀ ਬੰਧਨਾਂ ਤੋਂ) ਮੁਕਤ ਕਰਵਾ ਲੈਂਦੇ ਹੋ ਜੀ...

ਹੁਣਿ, *(ਹੁਣ)*	ਹੁਕਮੁ *(ਹੁਕਮ)*	ਹੋਆ	ਮਿਹਰਵਾਣ	ਦਾ ॥
ਅਬ, ਇਸ ਵੇਲੇ	ਆਗਿਆ	ਹੋਇਆ	ਮਿਹਰਵਾਨ	ਸੰਬੰਧਕ

...ਹੁਣ ਮਿਹਰਵਾਨ (ਅਕਾਲ ਪੁਰਖ) ਦਾ ਹੁਕਮ ਹੋ ਗਿਆ ਹੈ...

ਪੈ,	ਕੋਇ	ਨ *(ਨਾਂ)*	ਕਿਸੈ	ਰਞਾਣਦਾ ॥ *(ਰੰਞਾਣਦਾ)*
ਪੈ ਕੇ, ਜ਼ੋਰ ਪਾਕੇ	ਕੋਈ	ਨਹੀਂ	ਕਿਸੇ ਨੂੰ	ਦੁੱਖੀ ਕਰਦਾ

...ਕੋਈ ਵੀ (ਵਿਕਾਰੀ ਬਿਰਤੀਆਂ ਜ਼ੋਰ ਪਾਕੇ ਭਾਵ ਦਬਾ ਪਾਕੇ) ਕਿਸੇ ਨੂੰ ਦੁੱਖੀ ਨਹੀਂ ਕਰਦੀਆਂ...

ਸਭ	ਸੁਖਾਲੀ	ਵੁਠੀਆ, *(ਵੁੱਠੀਆ)*
ਸਾਰੀ	ਸੁੱਖਦਾਈ	ਵੱਸ ਰਹੀ ਹੈ

ਇਹੁ *(ਇਹ)*	ਹੋਆ	ਹਲੇਮੀ	ਰਾਜੁ *(ਰਾਜ)*	ਜੀਉ ॥੧੩॥
ਇਹ	(ਕਾਇਮ) ਹੋ ਗਿਆ	ਸਹਿਣਸ਼ੀਲਤਾ ਵਾਲਾ	ਰਾਜ-ਭਾਗ	ਸਤਿਕਾਰ ਬੋਧਿਕ ਸ਼ਬਦ

...ਸਾਰੀ (ਲੋਕਾਈ) ਸੁੱਖ-ਪੂਰਵਕ ਵੱਸ ਰਹੀ ਹੈ, ਇਹੋ (ਜਿਹਾ) ਹਲੀਮੀ ਭਰਿਆ ਰਾਜ-ਭਾਗ ਕਾਇਮ ਹੋ ਗਿਆ ਹੈ ਜੀ...

ਝਿੰਮਿ *(ਝਿੰਮ)*	ਝਿੰਮਿ *(ਝਿੰਮ)*	ਅੰਮ੍ਰਿਤੁ *(ਅੰਮ੍ਰਿਤ)*	ਵਰਸਦਾ ॥
ਨਿਮ੍ਹਾਂ, ਮੱਠਾ	ਨਿਮ੍ਹਾਂ, ਮੱਠਾ	ਅਮਰ ਕਰ ਦੇਣ ਵਾਲਾ	ਬਰਸ ਰਿਹਾ ਹੈ

...(ਮੇਰੇ ਹਿਰਦੇ ਵਿਚ ਪ੍ਰਭੂ-ਨਾਮ ਦਾ) ਨਿਮ੍ਹਾ ਨਿਮ੍ਹਾ ਅੰਮ੍ਰਿਤ ਵਰ੍ਹ ਰਿਹਾ ਹੈ...

ਬੋਲਾਇਆ	ਬੋਲੀ *(ਬੋਲੀਂ)*	ਖਸਮ	ਦਾ ॥
ਬੁਲਵਾਇਆ ਹੋਇਆ	ਬੋਲਦਾ	ਮਾਲਕ (ਪ੍ਰਭੂ)	ਸੰਬੋਧਕ

...(ਮੈਂ ਤਾਂ ਬੱਸ) ਖ਼ਸਮ (ਪ੍ਰਭੂ) ਦਾ ਬੁਲਾਇਆ ਹੋਇਆ ਹੀ ਬੋਲ ਰਿਹਾ ਹਾਂ...

ਬਹੁ	ਮਾਣੁ *(ਮਾਣ)*	ਕੀਆ	ਤੁਧੁ *(ਤੁਧ)*	ਉਪਰੇ,
ਬਹੁਤ	ਫ਼ਖ਼ਰ	ਕੀਤਾ	ਤੇਰੇ	ਉੱਪਰ

ਤੂੰ	ਆਪੇ	ਪਾਇਹਿ *(ਪਾਇਹਿਂ)*	ਥਾਇ *(ਥਾਇਂ)*	ਜੀਉ ॥੧੪॥
ਤੁਸੀਂ	ਆਪ ਹੀ	ਪਾਏਂਗਾ	ਥਾਂ-ਸਿਰ	ਸਤਿਕਾਰ ਬੋਧਿਕ ਸ਼ਬਦ

...(ਹੇ! ਸਾਹਿਬ ਜੀ!) ਮੈਂ ਤੇਰੇ ਉੱਤੇ ਬਹੁਤ ਮਾਣ ਕੀਤਾ ਹੈ, (ਅਤੇ ਆਸ ਕਰਦਾ ਹਾਂ ਕਿ ਤੂੰ ਮੈਨੂੰ) ਆਪ ਹੀ ਥਾਂ-ਸਿਰ ਪਾ ਲਵੇਂਗਾ ਭਾਵ ਪਰਵਾਨ ਕਰ ਲਏਂਗਾ ਜੀ...

ਤੇਰਿਆ *(ਤੇਰਿਆਂ)*	ਭਗਤਾ, *(ਭਗਤਾਂ)*	ਭੁਖ *(ਭੁੱਖ)*	ਸਦ	ਤੇਰੀਆ ॥
ਤੁਹਾਡਿਆਂ	ਭਗਤਾਂ	ਲੋਚਾ, ਇੱਛਾ	ਹਮੇਸ਼ਾਂ	ਤੁਹਾਡੀ

...(ਹੇ! ਪ੍ਰਭੂ!) ਤੇਰਿਆਂ ਭਗਤਾਂ ਨੂੰ ਤਾਂ ਸਦਾ ਤੇਰੇ (ਮਿਲਾਪ ਦੀ ਹੀ) ਭੁੱਖ ਲਗੀ ਰਹਿੰਦੀ ਹੈ...

ਹਰਿ *(ਹਰ)*	ਲੋਚਾ	ਪੂਰਨ	ਮੇਰੀਆ ॥
ਹਰੀ (ਪ੍ਰਭੂ)	ਇੱਛਾ, ਤਾਂਘ	ਪੂਰੀ ਕਰ	ਮੇਰੀ

...(ਹੇ!) ਹਰੀ ਜੀ, ਮੇਰੀ ਵੀ ਇਹ ਇੱਛਾ ਪੂਰੀ ਕਰ ਦਿਓ ਜੀ...

ਦੇਹੁ	ਦਰਸੁ *(ਦਰਸ)*	ਸੁਖਦਾਤਿਆ,
ਦੇਵੋ	ਦੀਦਾਰ	ਸੁੱਖਾਂ ਦੇ ਦਾਤੇ

ਮੈ *(ਮੈਂ)*	ਗਲ	ਵਿਚਿ *(ਵਿਚ)*	ਲੈਹੁ	ਮਿਲਾਇ	ਜੀਉ ॥੧੫॥
ਮੈਨੂੰ	ਗਲੇ	ਵਿਚ	ਲਓ	ਮਿਲਾ	ਸਤਿਕਾਰ ਬੋਧਿਕ ਸ਼ਬਦ

...ਹੇ! ਸੁਖਦਾਤੇ (ਸਾਹਿਬ ਜੀ! ਮੈਨੂੰ ਆਪਣਾ) ਦਰਸ਼ਨ-ਦੀਦਾਰ ਬਖਸ਼ ਦਿਓ, (ਜੋਦੜੀਆਂ ਬੇਨਤੀਆਂ ਹਨ) ਮੈਨੂੰ ਆਪਣੇ ਗਲ਼ ਨਾਲ ਲਗਾ ਲਓ ਜੀ...

ਤੁਧੁ *(ਤੁੱਧ)*	ਜੇਵਡੁ *(ਜੇਵਡ)*	ਅਵਰੁ *(ਅਵਰ)*	ਨ *(ਨਾਂ)*	ਭਾਲਿਆ ॥
ਤੇਰੇ	ਜਿੱਡਾ	ਹੋਰ	ਨਹੀਂ	ਲੱਭਿਆ

...(ਵਾਹਿਗੁਰੂ ਜੀ) ਤੇਰੇ ਜਿੱਡਾ (ਵੱਡਾ) ਹੋਰ ਕੋਈ ਨਹੀਂ ਲੱਭਿਆ...

ਤੂੰ	ਦੀਪ	ਲੋਅ	ਪਇਆਲਿਆ ॥
ਤੁਸੀਂ	ਚੌਹਾਂ ਪਾਸਿਆਂ ਤੋਂ ਘਿਰਿਆ ਧਰਤੀ ਦਾ ਖੰਡ	ਲੋਕ, ਤਬਕ	ਪਾਤਾਲ

...(ਪ੍ਰਭੂ) ਤੂੰ ਦੀਪਾਂ, ਲੋਆਂ ਅਤੇ ਪਾਤਾਲਾਂ ਵਿਚ ਭਾਵ ਹਰ ਜਗ੍ਹਾ ਵਿਆਪਕ ਹੈਂ...

ਅੰਕ ੭੪

ਤੂੰ	ਥਾਨਿ *(ਥਾਨ)*	ਥਨੰਤਰਿ *(ਥਨੰਤਰ)*	ਰਵਿ *(ਰਵ)*	ਰਹਿਆ,
ਤੁਸੀਂ	ਥਾਵਾਂ	ਥਾਵਾਂ ਦੇ ਅੰਦਰ/ਵਿਚਕਾਰ	ਸਮਾ, ਵਿਆਪ	ਰਿਹਾ ਹੈਂ

ਨਾਨਕ,	ਭਗਤਾ *(ਭਗਤਾਂ)*	ਸਚੁ *(ਸੱਚ)*	ਅਧਾਰੁ *(ਅਧਾਰ)*	ਜੀਉ ॥੧੬॥
ਹੇ ! ਨਾਨਕ !	ਭਗਤਾਂ ਨੂੰ	ਸਦਾ ਸਥਿਰ (ਪ੍ਰਭੂ)	ਆਸਰਾ	ਸਤਿਕਾਰ ਬੋਧਿਕ ਸ਼ਬਦ

...ਹੇ! ਨਾਨਕ! ਤੂੰ (ਸਭਨਾਂ) ਥਾਵਾਂ ਅਤੇ ਥਾਵਾਂ ਦੇ ਅੰਦਰ ਸਮਾ ਰਿਹਾ ਹੈਂ। ਭਗਤਾਂ ਨੂੰ ਤਾਂ ਕੇਵਲ ਸਦਾ-ਸਥਿਰ (ਪਰਮਾਤਮਾ) ਦਾ ਹੀ ਓਟ-ਆਸਰਾ ਹੈ ਜੀ।

ਹਉ *(ਹਉਂ)*	ਗੋਸਾਈ *(ਗੋਸਾਈਂ)*	ਦਾ	ਪਹਿਲਵਾਨੜਾ ॥
ਮੈਂ	ਧਰਤੀ ਦਾ ਮਾਲਕ	ਸੰਬੰਧਕ	ਲਾਡਲਾ ਪਹਿਲਵਾਨ/ਘੁਲਾਟੀਆ

ਮੈਂ (ਆਪਣੇ) ਮਾਲਕ (ਵਾਹਿਗੁਰੂ) ਦਾ ਨਿੱਕਾ ਜਿਹਾ ਲਾਡਲਾ ਪਹਿਲਵਾਨ ਸੀ...

ਮੈ *(ਮੈਂ)*	ਗੁਰ	ਮਿਲਿ *(ਮਿਲ)*	ਉਚ	ਦੁਮਾਲੜਾ ॥
ਖ਼ੁਦ ਮੈਂ	ਸਤਿਗੁਰੂ	ਮਿਲ ਕੇ	ਉੱਚੇ	ਸਿਰ ਉਪਰ ਕਲਗੀ ਵਾਂਗ੍ਹ ਫਰਾਉਣ ਵਾਲਾ ਪਗੜੀ ਦਾ ਲੜ, ਜਿੱਤ ਦਾ ਤੁਰ੍ਹਾ

...(ਪਰ) ਸਤਿਗੁਰੂ ਦੇ ਮਿਲਾਪ ਨਾਲ (ਹੁਣ ਬਾਜ਼ੀ ਜਿੱਤ ਕੇ) ਉੱਚੇ ਦੁਮਾਲੇ ਵਾਲਾ ਹੋ ਗਿਆ ਹਾਂ...

ਸਭ	ਹੋਈ	ਛਿੰਝ	ਇਕਠੀਆ,
ਸਾਰੀ	ਹੋ ਗਈ	ਕੁਸ਼ਤੀਆਂ ਵੇਖਣ ਆਏ ਲੋਗ	ਇਕੱਤਰ

ਦਯੁ *(ਦਈ)*	ਬੈਠਾ	ਵੇਖੈ	ਆਪਿ *(ਆਪ)*	ਜੀਉ ॥੧੭॥
ਕਰਤਾਰ, ਵਾਹਿਗੁਰੂ	ਬੈਠਕੇ	ਵੇਖ ਰਿਹਾ	ਆਪ, ਖ਼ੁਦ	ਸਤਿਕਾਰ ਬੋਧਿਕ ਸ਼ਬਦ

...(ਸੰਸਾਰ ਰੂਪੀ ਅਖਾੜੇ) ਵਿਚ ਸਭ ਛਿੰਝ ਇਕੱਠੀ ਹੋ ਗਈ ਹੈ, ਅਤੇ ਕਰਤਾ ਪੁਰਖ ਖ਼ੁਦ ਆਪ ਬੈਠਕੇ ਇਹ (ਸੰਸਾਰ ਦੀ) ਖੇਡ ਵੇਖ ਰਿਹਾ ਹੈ ਜੀ...

ਵਾਤ	ਵਜਨਿ, *(ਵਜਨ)*	ਟੰਮਕ	ਭੇਰੀਆ *(ਭੇਰੀਆਂ)* ॥
ਮੂੰਹ ਨਾਲ ਵਜਾਣ ਵਾਲੇ ਵਾਜੇ	ਵੱਜ ਰਹੇ	ਛੋਟਾ ਨਗਾਰਾ	ਤੂਤਣੀਆਂ

...(ਪਹਿਲਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਅਖਾੜੇ ਵਿਚ ਜ਼ੋਰ-ਸ਼ੋਰ ਨਾਲ) ਤੂਤਣੀਆਂ, ਨਗਾਰੇ ਅਤੇ ਵਾਜੇ ਵੱਜ ਰਹੇ ਹਨ...

ਅੰਕ ੭੪

ਮਲ	ਲਥੇ	ਲੈਦੇ(ਲੈਂਦੇ)	ਫੇਰੀਆ(ਫੇਰੀਆਂ) ॥
ਪਹਿਲਵਾਨ, ਘੁਲਾਟੀਏ	ਉੱਤਰ ਕੇ, ਆਕੇ	ਲੈ ਰਹੇ ਹਨ	ਗੇੜੇ, ਫੇਰੇ

...(ਘੋਲ ਲਈ ਤਿਆਰ) ਪਹਿਲਵਾਨ (ਅਖਾੜੇ ਵਿਚ) ਆਕੇ (ਅਖਾੜੇ ਦੇ) ਗੇੜੇ ਕਢ ਰਹੇ ਹਨ...

ਨਿਹਤੇ	ਪੰਜਿ(ਪੰਜ)	ਜੁਆਨ	ਮੈ,(ਮੈਂ)
ਪਟਕਾ ਕੇ ਮਾਰੇ, ਢਾਹ ਲਏ	ਪੰਜ	ਨੌਜਵਾਨ, ਭਲਵਾਨ	ਮੈਂ, ਖ਼ੁਦ

ਗੁਰ,	ਥਾਪੀ	ਦਿਤੀ	ਕੰਡਿ(ਕੰਡ)	ਜੀਉ ॥੧੮॥
ਸਤਿਗੁਰੂ	ਥਾਪੜਾ, ਸ਼ਾਬਾਸ਼	ਦਿੱਤਾ, ਬਖਸ਼ਿਆ	ਪਿੱਠ ਤੇ	ਸਤਿਕਾਰ ਬੋਧਿਕ ਸ਼ਬਦ

...(ਜਦੋਂ ਮੈਨੂੰ ਮੇਰੇ) ਸਤਿਗੁਰੂ ਨੇ (ਮੇਰੀ) ਪਿੱਠ ਤੇ ਥਾਪੜਾ ਬਖਸ਼ਿਆ, ਤਾਂ ਮੈਂ ਪੰਜੇ ਜੁਆਨਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿਕ ਨੂੰ) ਪਟਕਾ ਪਟਕਾ ਕੇ ਮਾਰਕੇ ਢਾਹ ਲਿਆ ...

ਸਭ	ਇਕਠੇ	ਹੋਇ	ਆਇਆ ॥
ਸਾਰੇ	ਇਕੱਤ੍ਰ	ਹੋਕੇ	ਆਏ, ਪਹੁੰਚੇ

....(ਇਸ ਸੰਸਾਰ ਰੂਪ ਅਖ਼ਾੜੇ ਵਿਚ) ਸਭ ਲੋਗ ਇਕੱਤ੍ਰ ਹੋਕੇ ਆ ਪਹੁੰਚੇ ਹਨ...

ਘਰਿ(ਘਰ)	ਜਾਸਨਿ,(ਜਾਸਨ)	ਵਾਟ	ਵਟਾਇਆ ॥
ਘਰ ਨੂੰ	ਜਾਣਗੇ	ਰਸਤੇ	ਵਟਾ ਕੇ, ਭਾਵ ਵੱਖੋ ਵੱਖਰੇ ਰਾਹ ਤੇ

...(ਪਰ) ਘਰ (ਵਾਪਸ, ਜਾਣ ਲਗਿਆਂ, ਆਪੋ ਆਪਣੇ) ਵੱਖੋ ਵੱਖ ਰਸਤਿਆਂ ਤੇ ਜਾਣਗੇ (ਭਾਵ ਆਪੋ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਵੱਖੋ ਵੱਖਰੀਆਂ ਜੂਨਾਂ ਵਿਚ ਪੈਣਗੇ)...

ਗੁਰਮੁਖਿ(ਗੁਰਮੁਖ)	ਲਾਹਾ	ਲੈ	ਗਏ,
ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ	ਨਫ਼ਾ, ਲਾਭ	ਲੈਕੇ	ਟੁਰੇ

ਮਨਮੁਖ(ਮਨਮੁੱਖ)	ਚਲੇ	ਮੂਲੁ(ਮੂਲ)	ਗਵਾਇ	ਜੀਉ ॥੧੯॥
ਮਨਮੱਤੀਏ, ਬੇਮੁੱਖ	ਗਏ	ਅਸਲ ਪੂੰਜੀ	ਗਵਾ ਕੇ	ਸਤਿਕਾਰ ਬੋਧਿਕ ਸ਼ਬਦ

...ਸਤਿਗੁਰੂ ਦੇ ਸਨਮੁੱਖ ਰਹਿਣ ਵਾਲੇ ਤਾਂ (ਨਾਮ ਦੇ ਵਣਜ ਵਪਾਰ ਨਾਲ ਸੰਸਾਰ ਤੋਂ) ਨਫ਼ਾ ਕਮਾ ਕੇ ਗਏ, ਪਰ ਮਨਮੱਤੀਏ ਭਾਵ ਗੁਰੂ ਤੋਂ ਬੇਮੁੱਖ (ਆਪਣੀ) ਅਸਲ ਪੂੰਜੀ (ਵੀ, ਜੋ ਵਾਹਿਗੁਰੂ ਨੇ ਬਖਸ਼ੀ ਸੀ) ਗੁਆ ਕੇ ਦੁਨੀਆਂ ਤੋਂ ਗਏ ਹਨ ਜੀ...

ਅੰਕ ੭੪

ਤੂੰ	ਵਰਨਾ	ਚਿਹਨਾ *(ਚਿਹਨਾਂ)*	ਬਾਹਰਾ ॥
ਤੁਸੀਂ	ਰੰਗਾਂ	ਨਕਸ਼ਾਂ, ਚਿਨ੍ਹਾਂ	ਬਾਹਰ, ਬਗੈਰ

...(ਹੇ! ਪ੍ਰਭੂ! ਭਾਵੇਂ) ਤੂੰ (ਸੰਸਾਰ ਦੇ) ਰੰਗਾਂ ਚਿਨ੍ਹਾਂ ਤੋਂ ਰਹਿਤ ਹੈਂ...

ਹਰਿ *(ਹਰ)*	ਦਿਸਹਿ, *(ਦਿਸਹਿਂ)*	ਹਾਜਰੁ *(ਹਾਜ਼ਰ)*	ਜਾਹਰਾ *(ਜ਼ਾਹਰਾ)* ॥
ਹਰੀ	ਨਜ਼ਰ ਆਉਂਦਾ	ਮੌਜੂਦ, ਹਾਜ਼ਰ	ਪ੍ਰਤੱਖ, ਪਰਗਟ

...(ਪਰ ਫਿਰ ਵੀ ਹੇ! ਵਾਹਿਗੁਰੂ! ਤੂੰ ਹਰ ਜਗ੍ਹਾ) ਮੌਜੂਦ ਹੈਂ ਅਤੇ ਜ਼ਾਹਰਾ ਜ਼ਹੂਰ ਨਜ਼ਰ ਆਉਂਦਾ ਹੈਂ...

ਸੁਣਿ *(ਸੁਣ)*	ਸੁਣਿ *(ਸੁਣ)*	ਤੁਝੈ	ਧਿਆਇਦੇ, *(ਧਿਆਇੰਦੇ)*	
ਸੁਣ ਕੇ	ਸੁਣ ਕੇ	ਤੈਨੂੰ	ਅਰਾਧਦੇ, ਸਿਮਰਦੇ	
ਤੇਰੇ	ਭਗਤ	ਰਤੇ	ਗੁਣਤਾਸੁ *(ਗੁਣਤਾਸ)*	ਜੀਉ ॥੨੦॥
ਤੁਹਾਡੇ	ਭਗਤੀ ਕਰਨ ਵਾਲੇ	ਰੰਗੇ, ਲੀਨ	ਗੁਣਾਂ ਦੇ ਖਜ਼ਾਨੇ	ਸਤਿਕਾਰ ਬੋਧਿਕ ਸ਼ਬਦ

...(ਹੇ!) ਗੁਣਾਂ ਦੇ ਖਜ਼ਾਨੇ ਪਰਮੇਸ਼ਰ! ਤੇਰੇ ਭਗਤ (ਤੇਰੀ ਪ੍ਰੀਤ ਵਿਚ) ਰੰਗੇ ਹੋਏ, (ਤੇਰੀਆਂ ਵਡਿਆਈਆਂ ਨੂੰ) ਸੁਣ ਸੁਣ ਕੇ ਤੇਰਾ ਸਿਮਰਨ ਕਰਦੇ ਰਹਿੰਦੇ ਹਨ...

ਮੈ *(ਮੈਂ)*	ਜੁਗਿ *(ਜੁਗ)*	ਜੁਗਿ *(ਜੁਗ)*	ਦਯੈ	ਸੇਵੜੀ ॥
ਮੈਂ	ਜੁਗਾਂ ਤੋਂ	ਜੁਗਾਂ ਤੋਂ	ਕਰਤਾ ਪੁਰਖ਼ ਦੀ	ਸੇਵਾਦਾਰਨੀ, ਗੋਲੀ, ਬਾਂਦੀ

...ਮੈਂ ਤਾਂ ਜੁਗਾਂ ਜੁਗਾਂਤਰਾਂ ਤੋਂ ਕਰਤਾ ਪੁਰਖ਼ ਦੀ (ਸਿਮਰਨ ਭਗਤੀ ਕਰਨ ਵਾਲੀ) ਗੋਲੀ ਹਾਂ...

ਗੁਰਿ *(ਗੁਰ)*	ਕਟੀ	ਮਿਹਡੀ *(ਮਿਹੰਡੀ)*	ਜੇਵੜੀ ॥
ਸਤਿਗੁਰੂ ਨੇ	ਕੱਟ ਦਿੱਤੀ	ਮੇਰੀ	ਰੱਸੀ, ਫ਼ਾਹੀ

...ਸਤਿਗੁਰੂ ਨੇ (ਰਹਿਮਤ ਕਰਕੇ, ਮੇਰੀ ਮਾਇਆਵੀ ਵਿਕਾਰਾਂ ਦੇ ਬੰਧਨਾਂ ਵਾਲੀ) ਰੱਸੀ ਕੱਟ ਦਿੱਤੀ ਹੈ...

ਹਉ *(ਹਉਂ)*	ਬਾਹੁੜਿ *(ਬਾਹੁੜ)*	ਛਿੰਝ	ਨ *(ਨਾਂ)*	ਨਚਉ, *(ਨੱਚਉਂ)*
ਮੈਂ	ਦੁਬਾਰਾ, ਫ਼ਿਰ	ਅਖ਼ਾੜੇ	ਨਹੀਂ	ਨੱਚਾਂਗਾ
ਨਾਨਕ,	ਅਉਸਰੁ *(ਅਉਸਰ)*	ਲਧਾ *(ਲੱਧਾ)*	ਭਾਲਿ *(ਭਾਲ)*	ਜੀਉ ॥੨੧॥੨॥੨੯॥
ਹੇ ! ਨਾਨਕ !	ਅਵਸਰ, ਮੌਕਾ	ਪ੍ਰਾਪਤ ਕੀਤਾ	ਢੂੰਡ ਕੇ	ਸਤਿਕਾਰ ਬੋਧਿਕ ਸ਼ਬਦ

ਅੰਕ ੭੪

...ਹੇ! ਨਾਨਕ! (ਹੁਣ ਕਦੀ ਵੀ) ਦੁਬਾਰਾ ਮੈਂ (ਇਸ ਸੰਸਾਰ) ਅਖਾੜੇ ਵਿਚ ਨਹੀਂ ਨੱਚਾਂਗਾ, (ਭਾਵ ਜਨਮ ਮਰਨ ਦੇ ਗੇੜ ਵਿਚ ਨਹੀਂ ਪਵਾਂਗਾ), ਕਿਉਂਕਿ ਮੈਂ (ਤਾਂ ਜੀਵਨ ਰੂਪ ਵਿਚ ਤੇਰੀ ਬੰਦਗੀ ਕਰਨ ਦਾ) ਅਉਸਰ ਢੂੰਡ ਕੇ ਪ੍ਰਾਪਤ ਕਰ ਲਿਆ ਹੈ ਜੀ।

<u>੨੯ ਅਸ਼ਟਪਦੀਆਂ ਸੰਪੂਰਨ ਹੋ ਗਈਆਂ ਹਨ।</u>

ਗੁਰੂ ਨਾਨਕ ਦੇਵ ਜੀ	੧੮
ਗੁਰੂ ਅਮਰਦਾਸ ਜੀ	੮
ਗੁਰੂ ਅਰਜਨ ਦੇਵ ਜੀ	੩

ੴ*(ਇੱਕ ਓਅੰਕਾਰ)*	**ਸਤਿ***(ਸੱਤ)*
ਇੱਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ	**ਪ੍ਰਸਾਦਿ॥** *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀਂ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇੱਕ ਤੇ ਕੇਵਲ ਇੱਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਸਿਰੀਰਾਗੁ,*(ਸਿਰੀਰਾਗ)*	**ਮਹਲਾ***(ਮਹਿਲਾ)*	**੧,***(ਪਹਿਲਾ)*
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਪਹਰੇ, *(ਪਹਿਰੇ)*	**ਘਰੁ***(ਘਰ)*	**੧***(ਪਹਿਲਾ)* **॥**
ਦਿਨ ਰਾਤ ਦਾ ਅੱਠਵਾਂ ਹਿੱਸਾ, ਤਿੰਨ ਘੰਟੇ ਦਾ ਸਮਾਂ	ਤਾਲ ਦਾ ਸੰਕੇਤ	ਪਹਿਲਾ

ਪਹਿਲੈ	**ਪਹਰੈ***(ਪਹਿਰੈ)*	**ਰੈਣਿ***(ਰੈਣ)*	**ਕੈ,**	**ਵਣਜਾਰਿਆ**	**ਮਿਤ੍ਰਾ,**
ਪ੍ਰਥਮ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਹੁਕਮਿ*(ਹੁਕਮ)*	**ਪਇਆ**	**ਗਰਭਾਸਿ***(ਗਰਭਾਸ)* **॥**
ਹੁਕਮ ਅਨੁਸਾਰ	ਟਿੱਕਿਆ	(ਮਾਤਾ ਦੇ) ਗਰਭ ਵਿਚ

...(ਦੁਨੀਆਂ ਵਿਚ ਹਰਿ-ਨਾਮ ਦਾ) ਵਣਜ ਕਰਨ ਆਏ, ਸੱਜਣਾ! ਜ਼ਿੰਦਗੀ ਰੂਪੀ ਰਾਤ ਦੇ ਪਹਿਲੇ ਪਹਿਰ ਵਿਚ, ਤੂੰ (ਕਰਤਾ ਪੁਰਖ ਦੇ) ਹੁਕਮ ਅਨੁਸਾਰ (ਮਾਤਾ ਦੇ) ਗਰਭ ਵਿਚ ਆਕੇ ਟਿਕਦਾ ਹੈਂ...

ਉਰਧ	**ਤਪੁ***(ਤਪ)*	**ਅੰਤਰਿ***(ਅੰਤਰ)*	**ਕਰੇ,**	**ਵਣਜਾਰਿਆ**	**ਮਿਤ੍ਰਾ,**
ਉਲਟਾ, ਪੁੱਠਾ	ਤਪੱਸਿਆ	ਅੰਦਰ, ਵਿਚ	ਕਰਦਾ	ਵਪਾਰੀ	ਦੋਸਤਾ

ਅੰਕ ੭੪

ਖਸਮ	**ਸੇਤੀ**	**ਅਰਦਾਸਿ** *(ਅਰਦਾਸ)* ॥
ਮਾਲਕ (ਪ੍ਰਭੂ)	ਪਾਸ	ਬੇਨਤੀ, ਤਰਲੇ

...(ਦੁਨੀਆਂ ਵਿਚ ਹਰਿ-ਨਾਮ ਦਾ) ਵਣਜ ਕਰਨ ਆਏ, ਸੱਜਣਾ! (ਇਸ ਅਵਸਥਾ ਤੋਂ ਮੁਕਤ ਹੋਣ ਲਈ ਫਿਰ ਤੂੰ ਮਾਤਾ ਦੇ ਗਰਭ) ਵਿਚ ਉਲਟਾ ਹੋਕੇ ਤਪੱਸਿਆ ਕਰਦਾ ਹੈਂ, (ਪ੍ਰਭੂ) ਪਾਸ ਬੇਨਤੀਆਂ ਜੋਦੜੀਆਂ ਕਰਦਾ ਹੈਂ...

ਖਸਮ	**ਸੇਤੀ**	**ਅਰਦਾਸਿ** *(ਅਰਦਾਸ)*	**ਵਖਾਣੈ,**
ਮਾਲਕ (ਪ੍ਰਭੂ)	ਪਾਸ	ਅਰਦਾਸ, ਬੇਨਤੀ	ਵਖਾਣਦਾ, ਕਰਦਾ

ਉਰਧ	**ਧਿਆਨਿ** *(ਧਿਆਨ)*	**ਲਿਵ**	**ਲਾਗਾ** ॥
ਪੁੱਠਾ ਹੋਕੇ	ਧਿਆਨ ਵਿਚ	ਸੁਰਤ	ਲੱਗ ਜਾਂਦੀ

...ਪੁੱਠਾ ਹੋਕੇ ਮਾਲਕ(ਵਾਹਿਗੁਰੂ) ਪਾਸ ਬੇਨਤੀਆਂ ਕਰਦਾ ਹੈਂ, ਤੇਰਾ ਧਿਆਨ ਅਤੇ ਸੁਰਤੀ (ਪਰਮੇਸ਼ਰ ਵਿਚ) ਲਗ ਜਾਂਦੀ ਹੈ...

ਨਾ *(ਨਾਂ)*	**ਮਰਜਾਦੁ** *(ਮਰਜਾਦ)*	**ਆਇਆ**	**ਕਲਿ** *(ਕਲ)*	**ਭੀਤਰਿ,** *(ਭੀਤਰ)*
ਬਗੈਰ, ਰਹਿਤ	ਮਰਿਯਾਦਾ	ਆਉਂਦਾ	ਕਲਯੁਗ	ਅੰਦਰ, ਵਿਚ

ਬਾਹੁੜਿ *(ਬਾਹੁੜ)*	**ਜਾਸੀ**	**ਨਾਗਾ** *(ਨਾਂਗਾ)* ॥
ਫਿਰ, ਮੁੜਕੇ	ਜਾਏਂਗਾ	ਨੰਗਿਆਂ

...(ਤੂੰ) ਬੇ-ਮਰਿਯਾਦਾ ਭਾਵ ਨੰਗਿਆਂ ਹੀ ਕਲਯੁਗ ਅਥਵਾ ਸੰਸਾਰ ਵਿਚ ਆਉਂਦਾ ਹੈ, ਅਤੇ ਫਿਰ ਮੁੜਕੇ ਨੰਗਿਆਂ ਹੀ (ਇਸ ਦੁਨੀਆਂ ਤੋਂ ਵਾਪਸ) ਚਲੇ ਜਾਂਦਾ ਹੈਂ...

ਜੈਸੀ	**ਕਲਮ**	**ਵੁੜੀ**	**ਹੈ**	**ਮਸਤਕਿ,** *(ਮਸਤਕ)*
ਜਿਵੇਂ ਦੀ	ਲੇਖਣੀ	ਚੱਲੀ	ਹੋਣ ਦੀ ਕ੍ਰਿਆ	ਮੱਥੇ ਤੇ

ਤੈਸੀ	**ਜੀਅੜੇ**	**ਪਾਸਿ** *(ਪਾਸ)* ॥
ਉਵੇਂ ਦੀ ਹੀ	ਜੀਵ ਦੇ	ਕੋਲ

...(ਸਾਹਿਬ ਦੀ ਕਰਮ ਲਿਖਣ ਵਾਲੀ) ਕਲਮ ਜਿਵੇਂ ਦੀ (ਜੀਵ ਦੇ) ਮਸਤਕ ਤੇ ਚੱਲੀ ਹੈ, (ਸੰਸਾਰ ਵਿਚ ਆਉਣ ਲੱਗਿਆਂ) ਤਿਵੇਂ ਦੀ ਹੀ (ਜੀਵਨ ਦੀ ਪੂੰਜੀ ਉਸ ਦੇ) ਕੋਲ ਹੁੰਦੀ ਹੈ...

ਕਹੁ	**ਨਾਨਕ,**	**ਪ੍ਰਾਣੀ,**	**ਪਹਿਲੈ,**	**ਪਹਰੈ,** *(ਪਹਿਰੈ)*
ਕਹਿ, ਆਖ਼	ਹੇ! ਨਾਨਕ!	ਜੀਵ!	ਪ੍ਰਥਮ	ਪਹਿਰ ਵਿਚ

ਅੰਕ ੭੪-੭੫

ਹੁਕਮਿ *(ਹੁਕਮ)*	ਪਇਆ	ਗਰਭਾਸਿ *(ਗਰਭਾਸ)* ॥੧॥
ਹੁਕਮ ਵਿਚ	ਟਿੱਕਿਆ	(ਮਾਤਾ ਦੇ) ਗਰਭ ਵਿਚ

...ਹੇ! ਨਾਨਕ! (ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ ਜ਼ਿੰਦਗੀ ਰੂਪੀ ਰਾਤ ਦੇ ਪਹਿਲੇ ਪਹਿਰ ਵਿਚ ਤੂੰ (ਕਰਤਾ ਪੁਰਖ ਦੇ) ਹੁਕਮ ਅਨੁਸਾਰ, (ਮਾਤਾ ਦੇ) ਗਰਭ ਵਿਚ ਆਕੇ ਟਿਕਦਾ ਹੈਂ...

ਦੂਜੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਦੂਸਰੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਵਿਸਰਿ *(ਵਿਸਰ)*	ਗਇਆ	ਧਿਆਨੁ *(ਧਿਆਨ)* ॥
ਭੁੱਲ, ਵਿਸਰ	ਗਿਆ	ਲਿਵ, ਸੁਰਤ

ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜਨਮ ਲੈਣ ਤੋਂ ਬਾਅਦ ਜ਼ਿੰਦਗੀ ਰੂਪੀ) ਰਾਤ ਦੇ ਦੂਸਰੇ ਪਹਿਰ ਵਿਚ (ਤੇਰੇ) ਧਿਆਨ, ਭਾਵ ਸੁਰਤ ਵਿਚੋਂ (ਖ਼ਸਮ ਪ੍ਰਭੂ ਦੀ ਯਾਦ) ਵਿਸਰ ਜਾਂਦੀ ਹੈ...

ਹਥੋ *(ਹੱਥੋ)*	ਹਥਿ *(ਹੱਥ)*	ਨਚਾਈਐ,	ਵਣਜਾਰਿਆ	ਮਿਤ੍ਰਾ,
ਹੱਥਾਂ	ਹੱਥਾਂ ਵਿਚ	ਨਚਾਇਆ ਜਾਂਦਾ	ਵਪਾਰੀ	ਦੋਸਤਾ

ਜਿਉ *(ਜਿਉਂ)*	ਜਸੁਦਾ *(ਜਸਦਾ)*	ਘਰਿ *(ਘਰ)*	ਕਾਨੁ *(ਕਾਨ੍ਹ)* ॥
ਜਿਵੇਂ	ਜਸ਼ੋਧਾਂ, ਨੰਦ ਗੋਪ ਦੀ ਇਸਤ੍ਰੀ	ਘਰ ਵਿਚ	ਕ੍ਰਿਸ਼ਨ ਜਿਸ ਨੇ ਕ੍ਰਿਸ਼ਨ ਜੀ ਨੂੰ ਪਾਲਿਆ ਸੀ

...(ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਮਿੱਤ੍ਰਾ! (ਜਨਮ ਤੋਂ ਬਾਅਦ ਤੈਨੂੰ) ਹੱਥਾਂ ਤੇ ਚੁੱਕ ਚੁੱਕ ਕੇ ਨਚਾਇਆ ਅਤੇ ਖਿਡਾਇਆ ਜਾਂਦਾ ਹੈਂ, ਜਿਵੇਂ ਮਾਂ ਜਸ਼ੋਧਾਂ ਦੇ ਘਰ ਵਿਚ ਸ੍ਰੀ ਕ੍ਰਿਸ਼ਨ ਨੂੰ ਨਚਾਇਆ ਅਤੇ ਖਿਡਾਇਆ ਜਾਂਦਾ ਸੀ...

ਹਥੋ	ਹਥਿ *(ਹੱਥ)*	ਨਚਾਈਐ	ਪ੍ਰਾਣੀ,
ਹੱਥਾਂ	ਹੱਥਾਂ ਵਿਚ	ਨਚਾਇਆ ਜਾਂਦਾ	ਜੀਵ

ਮਾਤ	ਕਹੈ	ਸੁਤੁ *(ਸੁੱਤ)*	ਮੇਰਾ ॥
ਮਾਂ	ਕਹਿੰਦੀ	ਪੁੱਤਰ	ਮੇਰਾ

...(ਹੇ!) ਪ੍ਰਾਣੀ! (ਜਦੋਂ ਤੈਨੂੰ ਬਚਪਨ ਵਿਚ) ਹੱਥਾਂ ਵਿਚ ਚੁੱਕ ਚੁੱਕ ਕੇ ਨਚਾਇਆ ਤੇ ਖਿਡਾਇਆ ਜਾਂਦਾ ਹੈ, ਤਾਂ (ਖ਼ੁਸ਼ੀ ਵਿਚ ਖ਼ੀਵੀ ਹੋਈ) ਮਾਂ ਕਹਿੰਦੀ ਹੈ ਇਹ ਮੇਰਾ ਪੁੱਤਰ ਹੈ...

ਚੇਤਿ, *(ਚੇਤ)*	ਅਚੇਤ	ਮੂੜ *(ਮੂੜ੍ਹ)*	ਮਨ	ਮੇਰੇ,
ਯਾਦ ਵਿਚ (ਰੱਖ)	ਬੇਖ਼ਬਰ	ਬੇਸਮਝ, ਮੂਰਖ਼	ਚਿੱਤ	ਆਪਣੇ

ਅੰਤਿ *(ਅੰਤ)*	**ਨਹੀ** *(ਨਹੀਂ)*	**ਕਛੁ** *(ਕਛ)*	**ਤੇਰਾ ॥**
ਅਖ਼ੀਰ	ਨਹੀਂ	ਕੋਈ	ਤੁਹਾਡਾ

...ਹੇ! ਮੇਰੇ ਬੇਖ਼ਬਰ ਅਤੇ ਮੂਰਖ਼ ਮਨਾ! (ਹਮੇਸ਼ਾਂ) ਯਾਦ ਰਖ, ਕਿ (ਸੰਸਾਰ ਤੋਂ ਜਾਣ ਲੱਗਿਆਂ) ਅੰਤ ਨੂੰ ਤੇਰਾ ਕੋਈ ਵੀ ਨਹੀਂ ਹੈ...

ਜਿਨਿ *(ਜਿਨ੍ਹ)*	**ਰਚਿ** *(ਰਚ)*	**ਰਚਿਆ,**	**ਤਿਸਹਿ** *(ਤਿਸਹਿਂ)*	**ਨ** *(ਨਾਂ)*	**ਜਾਣੈ,**
ਜਿਸ ਨੇ	ਰਚਨਾ	ਰਚੀ ਹੈ	ਉਸ ਨੂੰ	ਨਹੀਂ	ਜਾਣਦਾ, ਸਮਝਦਾ

ਮਨ	**ਭੀਤਰਿ** *(ਭੀਤਰ)*	**ਧਰਿ** *(ਧਰ)*	**ਗਿਆਨੁ** *(ਗਿਆਨ)* **॥**
ਚਿੱਤ	ਵਿਚ	ਰੱਖ, ਟਿਕਾ	ਬੋਧ, ਸਮਝ

...(ਹੇ! ਪ੍ਰਾਣੀ) ਜਿਸ ਨੇ (ਤੇਰੀ) ਰਚਨਾ ਰਚੀ ਹੈ (ਤੂੰ ਆਪਣੇ) ਮਨ ਵਿਚ ਗਿਆਨ-ਧਿਆਨ ਲਗਾ ਕੇ, ਉਸੇ ਨੂੰ ਹੀ ਨਹੀਂ ਪਛਾਣਦਾ?...

ਕਹੁ	**ਨਾਨਕ,**	**ਪ੍ਰਾਣੀ,**	**ਦੂਜੈ**	**ਪਹਰੈ,** *(ਪਹਿਰੈ)*
ਕਹਿ, ਦੱਸ	ਹੇ! ਨਾਨਕ!	ਜੀਵ	ਦੂਸਰੇ	ਪਹਿਰ ਵਿਚ

ਵਿਸਰਿ *(ਵਿਸਰ)*	**ਗਇਆ**	**ਧਿਆਨੁ** *(ਧਿਆਨ)* **॥੨॥**
ਭੁਲ, ਵਿਸਰ	ਗਿਆ	ਧਿਆਨ, ਯਾਦ

...ਹੇ! ਨਾਨਕ! (ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ ਜੀਵ (ਨੂੰ ਜ਼ਿੰਦਗੀ ਰੂਪੀ ਰਾਤ ਦੇ) ਦੂਸਰੇ ਪਹਿਰ ਵਿਚ ਆਕੇ (ਰਚਨਹਾਰੇ ਕਰਤਾ ਪੁਰਖ਼ ਦਾ) ਧਿਆਨ ਵਿਸਰ ਗਿਆ ਹੈ...

ਤੀਜੈ	**ਪਹਰੈ** *(ਪਹਿਰੈ)*	**ਰੈਣਿ** *(ਰੈਣ)*	**ਕੈ,**	**ਵਣਜਾਰਿਆ**	**ਮਿਤ੍ਰਾ,**
ਤੀਸਰੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਧਨ	**ਜੋਬਨ**	**ਸਿਉ** *(ਸਿਉਂ)*	**ਚਿਤੁ** *(ਚਿੱਤ)* **॥**
ਦੌਲਤ	ਜੁਆਨੀ	ਨਾਲ	ਮਨ, ਸੁਰਤੀ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਤੀਸਰੇ ਪਹਿਰ ਵਿਚ (ਤੇਰੀ) ਚਿੱਤ-ਬਿਰਤੀ ਦੌਲਤ ਅਤੇ ਜੁਆਨੀ ਵਿਚ (ਖੁੱਭ ਜਾਂਦੀ ਹੈ)...

ਹਰਿ *(ਹਰ)*	**ਕਾ**	**ਨਾਮੁ,** *(ਨਾਮ)*	**ਨ** *(ਨਾਂ)*	**ਚੇਤਹੀ,**	**ਵਣਜਾਰਿਆ**	**ਮਿਤ੍ਰਾ,**
ਪ੍ਰਭੂ	ਦਾ	ਨਾਮ	ਨਹੀਂ	ਚਿਤਵਦਾ, ਕਰਦਾ	ਵਪਾਰੀ	ਦੋਸਤਾ

ਬਧਾ	ਛੁਟਹਿ *(ਛੁਟਹਿਂ)*	ਜਿਤੁ *(ਜਿਤ)* ॥
ਬੰਨ੍ਹਿਆਂ	ਛੁੱਟ ਸਕਦੈਂ, ਮੁਕਤ ਹੋ ਸਕਦੈਂ	ਜਿਸ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਤੂੰ) ਹਰਿ-ਨਾਮ ਦਾ ਸਿਮਰਨ ਨਹੀਂ ਕਰਦਾ, ਜਿਸ (ਨਾਮ ਸਿਮਰਨ) ਨਾਲ (ਮਾਇਆਵੀ ਵਿਕਾਰਾਂ ਦੇ ਬੰਧਨਾਂ ਵਿਚ) ਬੰਨ੍ਹੇ ਹੋਏ ਦੀ ਤੇਰੀ ਮੁਕਤੀ ਹੋ ਸਕਦੀ ਹੈ...

ਹਰਿ *(ਹਰ)*	ਕਾ	ਨਾਮੁ, *(ਨਾਮ)*	ਨ *(ਨਾਂ)*	ਚੇਤੈ	ਪ੍ਰਾਣੀ,
ਪ੍ਰਭੂ	ਦਾ	ਨਾਮ	ਨਹੀਂ	ਚਿਤਵਦਾ	ਜੀਵ

ਬਿਕਲੁ *(ਬਿਕਲ)*	ਭਇਆ	ਸੰਗਿ *(ਸੰਗ)*	ਮਾਇਆ ॥
ਵਿਆਕੁਲ	ਹੋ ਗਿਆ	ਨਾਲ	ਮਾਇਆ (ਦੀਆਂ ਰੰਗ ਰਲੀਆਂ)

...ਮਨੁੱਖੀ ਜੀਵ, ਪਰਮੇਸ਼ਰ ਦਾ ਨਾਮ ਨਹੀਂ ਸਿਮਰਦਾ, ਅਤੇ ਮਾਇਆ (ਦੀਆਂ ਰੰਗ ਰਲੀਆਂ) ਵਿਚ ਹੀ ਵਿਆਕੁਲ, ਭਾਵ ਮਸਤ ਹੋਇਆ ਰਹਿੰਦਾ ਹੈ...

ਧਨ	ਸਿਉ *(ਸਿਉਂ)*	ਰਤਾ, *(ਰੱਤਾ)*	ਜੋਬਨਿ *(ਜੋਬਨ)*	ਮਤਾ, *(ਮੱਤਾ)*
ਦੌਲਤ	ਨਾਲ, ਸੰਗ	ਰੰਗਿਆ	ਜੁਆਨੀ ਵਿਚ	ਮਸਤ

ਅਹਿਲਾ	ਜਨਮੁ *(ਜਨਮ)*	ਗਵਾਇਆ ॥
ਆਲ੍ਹਾ, ਸ਼ਾਨਦਾਰ	ਜੀਵਨ	ਗੁਆ ਲਿਆ

...(ਜੀਵ ਸੰਸਾਰ ਦੇ) ਧਨ-ਦੌਲਤ ਵਿਚ ਰੰਗਿਆ ਹੋਇਆ, ਅਤੇ ਜੁਆਨੀ ਵਿਚ ਮਸਤ ਹੋਇਆ ਹੋਇਆ, (ਆਪਣਾ) ਸ਼ਾਨਦਾਰ ਜੀਵਨ (ਭੰਗ ਦੇ ਭਾੜੇ ਹੀ) ਗੁਆ ਲੈਂਦਾ ਹੈ...

ਧਰਮ	ਸੇਤੀ,	ਵਾਪਾਰੁ *(ਵਾਪਾਰ)*	ਨ *(ਨਾਂ)*	ਕੀਤੋ,
ਨੇਕੀ, ਹਰਿ-ਨਾਮ	ਨਾਲ	ਵਣਜ	ਨਹੀਂ	ਕੀਤਾ

ਕਰਮੁ *(ਕਰਮ)*	ਨ *(ਨਾਂ)*	ਕੀਤੋ	ਮਿਤੁ *(ਮਿੱਤ)* ॥
ਕੰਮ	ਨਹੀਂ	ਕੀਤੇ	ਮਿੱਤਰ

...(ਇਸ ਨੇ ਸੰਸਾਰ ਵਿਚ ਆਕੇ ਹਰਿ-ਨਾਮ ਰੂਪੀ) ਧਰਮ (ਦੀ ਪੂੰਜੀ) ਨਾਲ ਕੋਈ ਵਣਜ-ਵਪਾਰ ਨਹੀਂ ਕੀਤਾ, ਅਤੇ ਨਾ ਹੀਂ ਸ੍ਰੇਸ਼ਠ ਕਰਮਾਂ ਨੂੰ ਹੀ ਆਪਣਾ ਮਿੱਤਰ ਬਣਾਇਆ...

ਕਹੁ	ਨਾਨਕ,	ਤੀਜੈ	ਪਹਰੈ *(ਪਹਿਰੈ)*	ਪ੍ਰਾਣੀ,
ਆਖ਼,ਦੱਸ	ਹੇ ! ਨਾਨਕ !	ਤੀਸਰੇ	ਪਹਿਰ ਵਿਚ	ਜੀਵ

ਅੰਕ ੭੫

ਧਨ	ਜੋਬਨ	ਸਿਉ *(ਸਿਉਂ)*	ਚਿਤੁ *(ਚਿੱਤ)* ॥੩॥
ਦੌਲਤ	ਜੁਆਨੀ	ਨਾਲ	ਮਨ, ਸੁਰਤੀ

...ਹੇ! ਨਾਨਕ! (ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ, ਪ੍ਰਾਣੀ (ਜ਼ਿੰਦਗੀ ਰੂਪੀ ਰਾਤ ਦੇ) ਤੀਸਰੇ ਪਹਿਰ ਵਿਚ ਧਨ-ਦੌਲਤ ਅਤੇ ਜੁਆਨੀ ਨਾਲ ਆਪਣੀ ਚਿੱਤ-ਬਿਰਤੀ (ਜੋੜ ਲੈਂਦਾ ਹੈ)।

ਚਉਥੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਚੌਥੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਲਾਵੀ	ਆਇਆ	ਖੇਤੁ *(ਖੇਤ)* ॥
ਵਾਢੀ ਕਰਨ ਵਾਲਾ (ਜਮ)	ਆ ਜਾਂਦਾ	ਖੇਤੀ ਕਰਨ ਵਾਲਾ ਧਰਤੀ ਦਾ ਟੁਕੜਾ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਚੌਥੇ ਪਹਿਰ ਵਿਚ (ਜੀਵਨ ਰੂਪੀ) ਖੇਤ ਦੀ ਵਾਢੀ ਕਰਨ ਲਈ (ਜਮ) ਆ ਜਾਂਦਾ ਹੈ...

ਜਾ *(ਜਾਂ)*	ਜਮਿ *(ਜਮ)*	ਪਕੜਿ *(ਪਕੜ)*	ਚਲਾਇਆ,	ਵਣਜਾਰਿਆ	ਮਿਤ੍ਰਾ,
ਜਦੋਂ	ਯਮਰਾਜ ਨੇ	ਫੜਕੇ	ਤੋਰ ਲੈਂਦਾ	ਵਪਾਰੀ	ਦੋਸਤਾ

ਕਿਸੈ	ਨ *(ਨਾਂ)*	ਮਿਲਿਆ	ਭੇਤੁ *(ਭੇਤ)* ॥
ਕਿਸੇ ਨੂੰ	ਨਹੀਂ	ਮਿਲਦਾ, ਪਤਾ ਲਗਦਾ	ਭੇਦ, ਰਾਜ਼

...(ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! ਜਦੋਂ, ਮੌਤ ਦਾ ਫਰਿਸ਼ਤਾ ਯਮਰਾਜ, ਫੜਕੇ (ਜਿੰਦ ਨੂੰ) ਅੱਗੇ ਤੋਰ ਕੇ (ਲੈ ਜਾਂਦਾ ਹੈ ਤਾਂ) ਕਿਸੇ (ਵੀ ਸਾਕ ਸੰਬੰਧੀ ਨੂੰ ਇਸ) ਰਾਜ਼ ਦਾ ਪਤਾ ਨਹੀਂ ਲਗਦਾ...

ਭੇਤੁ *(ਭੇਤ)*	ਚੇਤੁ *(ਚੇਤ)*	ਹਰਿ, *(ਹਰ)*	ਕਿਸੈ	ਨ *(ਨਾਂ)*	ਮਿਲਿਓ,
ਰਾਜ਼	ਸੋਚ	ਪ੍ਰਭੂ	ਕਿਸੇ ਨੂੰ	ਨਹੀਂ	ਮਿਲਦੀ,ਪਤਾ ਲਗਦੀ

ਜਾ *(ਜਾਂ)*	ਜਮਿ *(ਜਮ)*	ਪਕੜਿ *(ਪਕੜ)*	ਚਲਾਇਆ ॥
ਜਦੋਂ	ਯਮਰਾਜ	ਫੜਕੇ	ਤੋਰ ਲੈਂਦਾ ਹੈ

...ਪਰਮੇਸ਼ਰ ਦੇ ਇਸ ਭੇਤ ਅਤੇ ਉਸ ਦੀ ਇਸ ਸੋਚ ਦੀ ਕਿਸੇ ਨੂੰ ਵੀ ਸਮਝ ਨਹੀਂ ਲਗਦੀ, ਜਦੋਂ ਮੌਤ ਦਾ ਯਮਰਾਜ (ਮਰਨ ਤੋਂ ਬਾਅਦ ਜੀਵ ਦੀ ਜਿੰਦ ਨੂੰ) ਫੜਕੇ ਤੋਰ ਲਿਜਾਂਦਾ ਹੈ...

ਝੂਠਾ	ਰੁਦਨੁ, *(ਰੁਦਨ)*	ਹੋਆ	ਦੁੋਆਲੈ, *(ਦੁਆਲੈ)*
ਫਰਜ਼ੀ,ਵਿਅਰਥ ਦਾ	ਰੋਣਾ-ਕੁਰਲਾਣਾ	ਹੁੰਦਾ	ਆਸ-ਪਾਸ, ਇਰਦ-ਗਿਰਦ

ਅੰਕ ੭੫

ਖਿਨ	**ਮਹਿ**(ਮਹਿੰ)	**ਭਇਆ**	**ਪਰਾਇਆ** ॥
ਛਿਨ	ਵਿਚ	ਹੋ ਜਾਂਦਾ	ਬੇਗਾਨਾ

...(ਫਿਰ ਮ੍ਰਿਤਕ ਦੇਹ ਦੇ) ਆਲੇ-ਦੁਆਲੇ ਵਿਅਰਥ ਦਾ ਰੋਣਾ-ਧੋਣਾ ਸ਼ੁਰੂ ਹੋ ਜਾਂਦਾ ਹੈ, ਅਤੇ (ਸਭ ਕੁਝ) ਛਿਨ-ਮਾਤਰ ਵਿਚ ਹੀ ਬੇਗਾਨਾ ਹੋ ਜਾਂਦਾ ਹੈ...

ਸਾਈ	**ਵਸਤੁ**(ਵਸਤ)	**ਪਰਾਪਤਿ**(ਪਰਾਪਤ)	**ਹੋਈ,**
ਉਹੀ	ਵਸਤੂ, ਪਦਾਰਥ	ਮਿਲਦੀ	ਹੁੰਦੀ

ਜਿਸੁ(ਜਿਸ)	**ਸਿਉ**(ਸਿਉਂ)	**ਲਾਇਆ**	**ਹੇਤੁ**(ਹੇਤ) ॥
ਜੀਹਦੇ	ਨਾਲ, ਸੰਗ	ਲਗਾਇਆ	ਪਿਆਰ

...(ਮੌਤ ਤੋਂ ਬਾਅਦ ਜੀਵ ਨੂੰ) ਉਹੀ ਵਸਤੂ ਮਿਲਦੀ ਹੈ, ਜਿਸ ਨਾਲ ਉਹ ਸਾਰੀ ਜ਼ਿੰਦਗੀ ਪਿਆਰ ਪਾਕੇ ਰੱਖਦਾ ਹੈ...

ਕਹੁ	**ਨਾਨਕ,**	**ਪ੍ਰਾਣੀ,**	**ਚਉਥੈ**	**ਪਹਰੈ,**(ਪਹਿਰੈ)
ਕਹਿ, ਦੱਸ	ਹੇ! ਨਾਨਕ!	ਜੀਵ	ਚੌਥੇ	ਪਹਿਰ ਵਿਚ

ਲਾਵੀ	**ਲੁਣਿਆ**	**ਖੇਤੁ**(ਖੇਤ) ॥੪॥੧॥
ਫਸਲ ਵੱਢਣ ਵਾਲਾ (ਜਮ)	ਵੱਢ ਲਿਆ	ਖੇਤੀ ਕਰਨ ਵਾਲਾ ਧਰਤੀ ਦਾ ਟੁੱਕੜਾ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ ਦੇ) ਚੌਥੇ ਪਹਿਰ ਵਿਚ ਮੌਤ ਦਾ ਫਰਿਸ਼ਤਾ ਯਮਰਾਜ (ਮਨੁੱਖੀ ਜੀਵਨ ਦੀ ਫਸਲ ਨੂੰ) ਵੱਢ ਕੇ ਲੈ ਜਾਂਦਾ ਹੈ।

ਸਿਰੀਰਾਗੁ,(ਸਿਰੀਰਾਗ)	**ਮਹਲਾ**(ਮਹਿਲਾ)	**੧**(ਪਹਿਲਾ) ॥
ਰਾਗ ਦਾ ਨਾਮ	ਪਾਤਸ਼ਾਹੀ	ਪਹਿਲੀ

ਪਹਿਲੈ	**ਪਹਰੈ**(ਪਹਿਰੈ)	**ਰੈਣਿ**(ਰੈਣ)	**ਕੈ,**	**ਵਣਜਾਰਿਆ**	**ਮਿਤ੍ਰਾ,**
ਪ੍ਰਥਮ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਬਾਲਕ	**ਬੁਧਿ**(ਬੁੱਧ)	**ਅਚੇਤੁ**	**(ਅਚੇਤ)**॥
ਬਾਲ	ਬੁੱਧੀ, ਸਮਝ	ਬੇਪਰਵਾਹ,	ਅੰਜਾਣ

ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਪਹਿਲੇ ਪਹਿਰ ਵਿਚ ਪ੍ਰਾਣੀ, ਬੱਚਿਆਂ ਵਾਲੀ ਬੇਪਰਵਾਹ ਅਤੇ ਅੰਞਾਣ ਜਿਹੀ ਸਮਝ ਵਾਲਾ ਹੁੰਦਾ ਹੈ...

ਅੰਕ ੭੫

ਖੀਰੁ *(ਖੀਰ)*	ਪੀਐ	ਖੇਲਾਈਐ,	ਵਣਜਾਰਿਆ	ਮਿਤ੍ਰਾ,
ਦੁੱਧ	ਪੀਂਦਾ	ਖਿਡਾਇਆ ਜਾਂਦਾ	ਵਪਾਰੀ	ਦੋਸਤਾ

ਮਾਤ	ਪਿਤਾ	ਸੁਤ	ਹੇਤੁ *(ਹੇਤ)* ॥
ਮਾਂ	ਪਿਓ	ਪੁੱਤਰ	ਪਿਆਰ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਉਹ ਬੱਚਾ) ਦੁੱਧ ਪੀਂਦਾ ਹੈ, (ਅਤੇ ਲਾਡ-ਪਿਆਰ ਨਾਲ ਉਸ ਨੂੰ) ਖਿਡਾਇਆ ਜਾਂਦਾ ਹੈ। (ਬਾਲ-ਉਮਰ ਵਿਚ) ਮਾਤਾ, ਪਿਤਾ ਦੀ (ਆਪਣੇ) ਪੁੱਤਰ ਨਾਲ ਪ੍ਰੀਤ (ਪੈ ਜਾਂਦੀ ਹੈ)...

ਮਾਤ	ਪਿਤਾ	ਸੁਤ	ਨੇਹੁ *(ਨੇਂਹ)*	ਘਨੇਰਾ,
ਮਾਂ	ਪਿਓ	ਪੁੱਤਰ	ਪਿਆਰ	ਬਹੁਤ

ਮਾਇਆ	ਮੋਹੁ *(ਮੋਹ)*	ਸਬਾਈ ॥
ਧਨ, ਦੌਲਤ	ਸਨੇਹ, ਲਗਾਓ	ਸਭ ਨੂੰ, ਹਰ ਜਣੇ ਨੂੰ

...ਮਾਂ, ਪਿਓ ਨੂੰ (ਆਪਣੇ) ਪੁੱਤਰ ਨਾਲ ਬਹੁਤ ਜ਼ਿਆਦਾ ਪਿਆਰ ਹੋ ਜਾਂਦਾ ਹੈ, ਮਾਇਆ ਦਾ (ਇੰਜ ਦਾ) ਇਹ ਲਗਾਓ ਸਭ ਨੂੰ ਲੱਗਿਆ ਰਹਿੰਦਾ ਹੈ...

ਸੰਜੋਗੀ	ਆਇਆ,	ਕਿਰਤੁ *(ਕਿਰਤ)*	ਕਮਾਇਆ,
ਸੰਜੋਗਾਂ ਕਰਕੇ	ਆਉਂਦਾ	ਕਰਮਾਂ	ਕਮਾਏ ਹੋਏ, ਕੀਤੇ ਹੋਏ

ਕਰਣੀ	ਕਾਰ	ਕਰਾਈ ॥
ਕਰਮ, ਕਮਾਈ	ਕੰਮ	ਕਰਵਾਈ ਜਾਂਦੀ

...(ਜੀਵ, ਪੁਰਬਲੇ ਜਨਮ ਵਿਚ ਆਪਣੇ) ਕੀਤੇ ਹੋਏ ਕਰਮਾਂ ਅਤੇ ਸੰਜੋਗਾਂ ਕਰਕੇ (ਇਸ ਸੰਸਾਰ ਵਿਚ) ਆਉਂਦਾ ਹੈ, ਅਤੇ ਫਿਰ ਉਸਦੀ ਕੀਤੀ ਹੋਈ ਕਰਣੀ ਭਾਵ ਕਰਮਾਂ ਅਨੁਸਾਰ (ਸੰਸਾਰ ਵਿਚ ਕਰਤੇ ਪੁਰਖ ਵਲੋਂ) ਉਸ ਤੋਂ ਕਾਰ ਕਰਵਾਈ ਜਾਂਦੀ ਹੈ...

ਰਾਮ	ਨਾਮ	ਬਿਨੁ, *(ਬਿਨ)*	ਮੁਕਤਿ *(ਮੁਕਤ)*	ਨ *(ਨਾਂ)*	ਹੋਈ,
ਪ੍ਰਭੂ	ਬੰਦਗੀ	ਬਿਨਾਂ	ਛੁਟਕਾਰਾ	ਨਹੀਂ	ਹੁੰਦਾ

ਬੂਡੀ	ਦੂਜੈ	ਹੇਤਿ *(ਹੇਤ)* ॥
ਬਰਬਾਦ ਹੁੰਦੀ	ਦੂਸਰੇ ਦੇ	ਪਿਆਰ ਕਰਕੇ

...ਪਰਮੇਸ਼ਰ ਦੀ ਬੰਦਗੀ ਤੋਂ ਬਗੈਰ (ਮਾਇਆਵੀ ਬੰਧਨਾਂ ਤੋਂ) ਮੁਕਤੀ ਪ੍ਰਾਪਤ ਨਹੀਂ ਹੁੰਦੀ, (ਸਾਰੀ ਦੁਨੀਆਂ) ਦ੍ਵੈਤ-ਭਾਵ ਕਰਕੇ ਬਰਬਾਦ ਹੋ ਜਾਂਦੀ ਹੈ...

ਕਹੁ	ਨਾਨਕ,	ਪ੍ਰਾਣੀ	ਪਹਿਲੈ	ਪਹਰੈ, *(ਪਹਿਰੈ)*
ਕਹਿ, ਦੱਸ	ਹੇ ! ਨਾਨਕ !	ਜੀਵ	ਪਹਿਲੇ	ਹਿਰ ਵਿਚ

ਛੂਟਹਿਗਾ *(ਛੂਟਹਿੰਗਾ)*	ਹਰਿ *(ਹਰ)*	ਚੇਤਿ *(ਚੇਤ)* ॥੧॥
ਛੁੱਟ ਜਾਏਂਗਾ, ਮੁਕਤ ਹੋ ਜਾਏਂਗਾ	ਪ੍ਰਭੂ ਨੂੰ	ਚੇਤੇ ਕਰਕੇ, ਸਿਮਰ ਕੇ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ, ਕਿ (ਜ਼ਿੰਦਗੀ ਰੂਪੀ ਰਾਤ ਦੇ) ਪਹਿਲੇ ਪਹਿਰ ਵਿਚ (ਤੂੰ) ਪਰਮੇਸ਼ਰ ਦਾ ਸਿਮਰਨ ਕਰਕੇ (ਮਾਇਆਵੀ ਬੰਧਨਾਂ ਤੋਂ) ਛੁੱਟ ਜਾਏਂਗਾ...

ਦੂਜੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਦੂਸਰੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਭਰਿ *(ਭਰ)*	ਜੋਬਨਿ *(ਜੋਬਨ)*	ਮੈ	ਮਤਿ *(ਮੱਤ)* ॥
ਭਰਪੂਰ	ਜੁਆਨੀ	ਨਸ਼ੇ	ਸੁਰਤੀ, ਬਿਰਤੀ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਦੂਸਰੇ ਪਹਿਰ ਵਿਚ (ਜੀਵ ਦੀ) ਸੁਰਤੀ-ਬਿਰਤੀ, ਭਰ-ਜੁਆਨੀ (ਦੀ ਮਸਤੀ) ਦੇ ਨਸ਼ੇ ਵਿਚ ਰੁੱਝੀ ਰਹਿੰਦੀ ਹੈ...

ਅਹਿਨਿਸਿ *(ਅਹਿਨਿਸ)*	ਕਾਮਿ *(ਕਾਮ)*	ਵਿਆਪਿਆ,	ਵਣਜਾਰਿਆ	ਮਿਤ੍ਰਾ,
ਦਿਨ ਰਾਤ	ਕਾਮ	ਚਿੰਬੜਿਆ ਰਹਿੰਦਾ	ਵਪਾਰੀ	ਦੋਸਤਾ

ਅੰਧੁਲੇ	ਨਾਮੁ *(ਨਾਮ)*	ਨ *(ਨਾਂ)*	ਚਿਤਿ *(ਚਿੱਤ)* ॥
ਅੰਨ੍ਹੇ ਨੂੰ	(ਪ੍ਰਭੂ) ਨਾਮ	ਨਹੀਂ	ਚਿੱਤ ਵਿਚ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜੁਆਨੀ ਵਿਚ ਪ੍ਰਾਣੀ ਨੂੰ) ਦਿਨ ਰਾਤ ਕਾਮ ਵਿਆਪਿਆ ਰਹਿੰਦਾ ਹੈ, ਅਤੇ (ਕਾਮ-ਚੇਸ਼ਟਾ ਵਿਚ) ਅੰਨ੍ਹੇ ਹੋਏ ਹੋਏ ਨੂੰ ਹਿਰਦੇ ਵਿਚ ਪਰਮੇਸ਼ਰ ਦਾ ਨਾਮ (ਚੇਤੇ) ਨਹੀਂ ਆਉਂਦਾ...

ਰਾਮ	ਨਾਮੁ *(ਨਾਮ)*	ਘਟ	ਅੰਤਰਿ *(ਅੰਤਰ)*	ਨਾਹੀ, *(ਨਾਹੀਂ)*
ਪ੍ਰਭੂ	ਬੰਦਗੀ	ਹਿਰਦੇ	ਵਿਚ	ਨਹੀਂ

ਹੋਰਿ *(ਹੋਰ)*	ਜਾਣੈ	ਰਸ	ਕਸ	ਮੀਠੇ ॥
ਹੋਰ, ਅਵਰ	ਜਾਣਦਾ	ਸੁਆਦ	ਕਸੈਲਾ	ਮਿੱਠਾ

...(ਉਸ ਦੇ) ਹਿਰਦੇ ਵਿਚ ਪਰਮੇਸ਼ਰ ਦੀ ਬੰਦਗੀ ਨਹੀਂ ਟਿਕਦੀ, (ਕਿਉਂਕਿ ਉਹ ਤਾਂ) ਹੋਰਨਾਂ ਹੀ ਰਸਾਂ-ਕਸਾਂ ਨੂੰ ਮਿੱਠਾ ਕਰਕੇ ਸਮਝਦਾ ਰਹਿੰਦਾ ਹੈ...

ਗਿਆਨੁ *(ਗਿਆਨ)*	**ਧਿਆਨੁ** *(ਧਿਆਨ)*	**ਗੁਣ**	**ਸੰਜਮੁ** *(ਸੰਜਮ)*	**ਨਾਹੀ,** *(ਨਾਹੀਂ)*
ਸੋਝੀ, ਬੋਧ	ਸਿਮਰਨ	ਚੰਗਿਆਈਆਂ	ਮਰਿਯਾਦਾ	ਨਹੀਂ

ਜਨਮਿ *(ਜਨਮ)*	**ਮਰਹੁਗੇ**	**ਝੂਠੇ ॥**
ਜੰਮ ਕੇ	ਮਰੋਂਗੇ	ਝੂਠ ਦੇ

...(ਉਸ ਵਿਚ ਪਰਮਾਤਮ) ਗਿਆਨ, ਸਿਮਰਨ, ਚੰਗਿਆਈਆਂ ਅਤੇ (ਰਹਿਣੀ-ਬਹਿਣੀ ਦੀ ਕੋਈ) ਮਰਿਯਾਦਾ ਨਹੀਂ (ਹੁੰਦੀ, ਇਸ ਲਈ, ਉਹ ਮਾਇਆਵੀ ਬੰਧਨਾਂ ਦੇ) ਝੂਠੇ (ਮੋਹ ਵਿਚ ਉਲਝ ਕੇ) ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ...

ਤੀਰਥ	**ਵਰਤ**	**ਸੁਚਿ** *(ਸੁੱਚ)*	**ਸੰਜਮੁ** *(ਸੰਜਮ)*	**ਨਾਹੀ,** *(ਨਾਹੀਂ)*
ਧਰਮ ਅਸਥਾਨ	ਭੁੱਖੇ ਰਹਿਣਾ	ਸੁੱਚਮਤਾ	ਮਰਿਯਾਦਾ	ਨਹੀਂ

ਕਰਮੁ *(ਕਰਮ)*	**ਧਰਮੁ** *(ਧਰਮ)*	**ਨਹੀ** *(ਨਹੀਂ)*	**ਪੂਜਾ ॥**
ਕੰਮ	ਅਖੌਤੀ (ਧਰਮ)	ਨਹੀਂ	ਪੂਜਨ ਦੀ ਕ੍ਰਿਆ, ਉਪਾਸ਼ਨਾ

...ਧਰਮ-ਅਸਥਾਨਾਂ ਦੀ ਯਾਤਰਾ, ਵਰਤ ਰੱਖਣੇ, (ਅਖੌਤੀ) ਸੁੱਚਮਤਾ, (ਕਰਮ-ਕਾਂਡੀ) ਮਰਿਯਾਦਾ, (ਫੋਕਟ) ਧਰਮ, ਕਰਮ ਅਤੇ (ਦਿਖਾਵੇ ਦੀ ਪੂਜਾ) ਆਦਿਕ ਨਾਲ (ਮਾਇਕ ਬੰਧਨਾਂ ਤੋਂ) ਮੁਕਤੀ ਨਹੀਂ ਮਿਲਦੀ...

ਨਾਨਕ,	**ਭਾਇ**	**ਭਗਤਿ** *(ਭਗਤ)*	**ਨਿਸਤਾਰਾ,**
ਹੇ ! ਨਾਨਕ !	ਪ੍ਰੇਮਾ	ਭਗਤੀ	ਪਾਰ-ਉਤਾਰਾ, ਮੁਕਤੀ

ਦੁਬਿਧਾ	**ਵਿਆਪੈ**	**ਦੂਜਾ ॥੨॥**
ਦੁਚਿੱਤੀ	ਲਗਦਾ, ਪੋਂਹਦਾ	ਦ੍ਵੈਤ-ਭਾਵ

...ਹੇ! ਨਾਨਕ! (ਕਰਮ-ਕਾਂਡਾਂ ਵਾਲੀ) ਦੁਚਿੱਤੀ ਸੋਚ, ਭਾਵ ਦੋ ਪਾਸੇ ਝੁਕਾਅ ਹੋਣ ਨਾਲ ਤਾਂ (ਜੀਵ ਦੇ ਹਿਰਦੇ ਵਿਚ) ਦ੍ਵੈਤ-ਭਾਵ ਆ ਜਾਂਦਾ ਹੈ, (ਬਸ, ਕੇਵਲ ਤੇ ਕੇਵਲ ਪਰਮੇਸ਼ਰ ਦੀ) ਪ੍ਰੇਮਾ-ਭਗਤੀ ਰਾਹੀਂ ਜੀਵ ਦਾ (ਭਵ-ਸਾਗਰ ਤੋਂ) ਪਾਰ-ਉਤਾਰਾ ਹੋ ਸਕਦਾ ਹੈ।

ਤੀਜੈ	**ਪਹਰੈ** *(ਪਹਿਰੈ)*	**ਰੈਣਿ** *(ਰੈਣ)*	**ਕੈ,**	**ਵਣਜਾਰਿਆ**	**ਮਿਤ੍ਰਾ,**
ਤੀਜੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਅੰਕ ੭੫-੭੬

ਸਰਿ *(ਸਰ)*	ਹੰਸ	ਉਲਥੜੇ *(ਉਲੱਥੜੇ)*	ਆਇ॥
(ਸਿਰ ਰੂਪੀ)ਸਰੋਵਰ	ਚਿੱਟੇ ਵਾਲ (ਭਾਵ)	ਆ ਉਤਰੇ, ਆ ਬੈਠੇ	ਆਕੇ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਤੀਸਰੇ ਪਹਿਰ ਵਿਚ ਸਿਰ ਰੂਪੀ ਸਰੋਵਰ ਉੱਤੇ, ਹੰਸਾਂ ਵਰਗੇ ਚਿੱਟੇ ਕੇਸ ਆ ਜਾਂਦੇ ਹਨ...

ਜੋਬਨੁ *(ਜੋਬਨ)*	ਘਟੈ,	ਜਰੂਆ	ਜਿਣੈ,	ਵਣਜਾਰਿਆ	ਮਿਤ੍ਰਾ,
ਜੁਆਨੀ	ਘੱਟ ਜਾਂਦੀ	ਬੁਢਾਪਾ	ਜਿੱਤਦਾ, ਹਾਵੀ ਹੁੰਦਾ	ਵਪਾਰੀ	ਦੋਸਤਾ

ਆਵ *(ਆਂਵ)*	ਘਟੈ,	ਦਿਨੁ *(ਦਿਨ)*	ਜਾਇ॥
ਉਮਰ	ਘੱਟਦੀ	ਦਿਨਸ	ਚਲੇ ਜਾਂਦਾ ਹੈ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਫਿਰ) ਜੁਆਨੀ (ਦਿਨ ਪ੍ਰਤੀ ਦਿਨ) ਘਟਦੀ ਜਾਂਦੀ ਹੈ, ਬੁਢਾਪਾ ਹਾਵੀ ਹੁੰਦਾ ਜਾਂਦਾ ਹੈ, ਜਿਵੇਂ ਜਿਵੇਂ ਦਿਨ ਬੀਤਦੇ ਜਾਂਦੇ ਹਨ, ਉਮਰ ਘਟਦੀ ਜਾਂਦੀ ਹੈ...

ਅੰਤਿ *(ਅੰਤ)*	ਕਾਲਿ, *(ਕਾਲ)*	ਪਛੁਤਾਸੀ	ਅੰਧੁਲੇ,
ਅਖੀਰਲੇ	ਸਮੇਂ	ਪਛਤਾਉਂਦਾ	ਅੰਧਾ, ਅਗਿਆਨੀ

ਜਾ *(ਜਾਂ)*	ਜਮਿ *(ਜਮ)*	ਪਕੜਿ *(ਪਕੜ)*	ਚਲਾਇਆ ॥
ਜਦੋਂ	ਯਮਰਾਜ	ਫੜਕੇ	ਤੋਰ ਲਿਜਾਂਦਾ

...(ਮਾਇਆਵੀ ਵਿਕਾਰਾਂ ਵਿਚ ਗਲਤਾਨ) ਅਗਿਆਨੀ (ਜੀਵ, ਜੀਵਨ ਦੇ) ਅੰਤ ਵੇਲੇ ਪਛਤਾਉਂਦਾ ਹੈ ਜਦੋਂ, ਮੌਤ ਦਾ ਫਰਿਸ਼ਤਾ, ਯਮਰਾਜ ਫੜਕੇ ਤੋਰ ਲਿਜਾਂਦਾ ਹੈ...

ਸਭੁ *(ਸਭ)*	ਕਿਛੁ,	ਅਪੁਨਾ	ਕਰਿ *(ਕਰ)*	ਕਰਿ *(ਕਰ)*	ਰਾਖਿਆ,
ਸਾਰਾ	ਕੁਝ	ਆਪਣਾ	ਕਰ ਕੇ	ਕਰ ਕੇ	ਰੱਖਿਆ ਸੀ

ਖਿਨ	ਮਹਿ *(ਮਹਿੰ)*	ਭਇਆ	ਪਰਾਇਆ ॥
ਛਿਨ	ਵਿਚ	ਹੋ ਜਾਂਦਾ	ਬਿਗਾਨਾ

...(ਜੀਵ ਨੇ ਜੋ ਕੁਝ ਵੀ) ਆਪਣਾ ਕਰ ਕਰ ਕੇ ਰੱਖਿਆ ਸੀ (ਉਹ) ਸਾਰਾ ਕੁਝ ਛਿਨ ਮਾਤਰ ਵਿਚ ਬਿਗਾਨਾ ਹੋ ਜਾਂਦਾ ਹੈ...

ਬੁਧਿ *(ਬੁੱਧ)*	ਵਿਸਰਜੀ,	ਗਈ	ਸਿਆਣਪ,
ਮਤ, ਸੋਝੀ	ਤਿਆਗੀ, ਵਿਦਾ	ਚਲੀ ਗਈ	ਦਾਨਾਈ, ਬੁਧੀਮਾਨਤਾ

ਅੰਕ ੭੬

ਕਰਿ *(ਕਰ)*	ਅਵਗਣ	ਪਛੁਤਾਇ॥
ਕਰਕੇ	ਔਗੁਣ, ਮਾੜੇ ਕੰਮ	ਪਛਤਾਉਂਦਾ

...(ਇਨਸਾਨ ਦੀ) ਬੁੱਧੀ ਵਿਦਾ ਹੋ ਜਾਂਦੀ ਹੈ, ਸਿਆਣਪ ਚਲੇ ਜਾਂਦੀ ਹੈ ਅਤੇ (ਆਪਣੇ) ਕੀਤੇ ਹੋਏ ਕੁਕਰਮਾਂ ਕਰਕੇ ਪਛਤਾਉਂਦਾ ਹੈ...

ਕਹੁ	ਨਾਨਕ,	ਪ੍ਰਾਣੀ,	ਤੀਜੈ	ਪਹਰੈ, *(ਪਹਿਰੈ)*
ਆਖ, ਦੱਸ	ਹੇ ! ਨਾਨਕ !	ਜੀਵ	ਤੀਸਰੇ	ਪਹਿਰ ਵਿਚ

ਪ੍ਰਭੁ *(ਪ੍ਰਭ)*	ਚੇਤਹੁ	ਲਿਵ	ਲਾਇ॥੩॥
ਪਰਮੇਸ਼ਰ	ਅਰਾਧਨਾ ਕਰੋ, ਸਿਮਰੋ	ਧਿਆਨ	ਲਗਾ ਕੇ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ ਦੇ) ਤੀਸਰੇ ਪਹਿਰ ਅੰਦਰ (ਮਾਇਆਵੀ ਬੰਧਨਾਂ ਤੋਂ ਮੁਕਤ ਹੋਣ ਲਈ) ਧਿਆਨ ਵਿਚ ਜੁੜ ਕੇ, ਪਰਮੇਸ਼ਰ ਦੀ ਅਰਾਧਨ ਕਰੋ...

ਚਉਥੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਚੌਥੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਬਿਰਧਿ *(ਬਿਰਧ)*	ਭਇਆ	ਤਨੁ *(ਤਨ)*	ਖੀਣੁ *(ਖੀਣ)* ॥
ਬੁੱਢਾ	ਹੋ ਜਾਂਦਾ	ਸਰੀਰ	ਕਮਜ਼ੋਰ, ਨਿੱਸਲ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਚੌਥੇ ਪਹਿਰ ਵਿਚ, (ਜੀਵ) ਬੁੱਢਾ ਹੋ ਜਾਂਦਾ ਹੈ ਅਤੇ (ਉਸ ਦਾ) ਸਰੀਰ ਕਮਜ਼ੋਰ ਹੋ ਜਾਂਦਾ ਹੈ...

ਅਖੀ *(ਅਖੀਂ)*	ਅੰਧੁ, *(ਅੰਧ)*	ਨ *(ਨਾਂ)*	ਦੀਸਈ,	ਵਣਜਾਰਿਆ	ਮਿਤ੍ਰਾ,
ਅੱਖਾਂ	ਹਨ੍ਹੇਰਾ, ਅੰਨ੍ਹਾਪਣ	ਨਹੀਂ	ਨਜ਼ਰ ਆਉਂਦਾ	ਵਪਾਰੀ	ਦੋਸਤਾ

ਕੰਨੀ	ਸੁਣੈ	ਨ *(ਨਾਂ)*	ਵੈਣ ॥
ਕੰਨਾਂ ਨੂੰ	ਸੁਣਦੇ	ਨਹੀਂ	ਬਚਨ, ਗੱਲਾਂ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਫਿਰ) ਅੱਖਾਂ ਅੱਗੇ ਹਨ੍ਹੇਰਾ (ਆਉਣ ਕਰਕੇ ਚੰਗੀ ਤਰ੍ਹਾਂ) ਨਜ਼ਰ ਨਹੀਂ ਆਉਂਦਾ, ਕੰਨਾਂ ਨੂੰ (ਪੂਰੀ ਤਰ੍ਹਾਂ) ਬਚਨ-ਬਿਲਾਸ ਨਹੀਂ ਸੁਣਦੇ...

ਅਖੀ *(ਅਖੀਂ)*	ਅੰਧੁ, *(ਅੰਧ)*	ਜੀਭ	ਰਸੁ *(ਰਸ)*	ਨਾਹੀ, *(ਨਾਹੀਂ)*
ਅੱਖਾਂ ਵਿਚ	ਅੰਨ੍ਹਾਪਣ	ਜੀਭਾ	ਸੁਆਦ	ਨਹੀਂ

ਅੰਕ ੭੬

ਰਹੇ	ਪਰਾਕਉ	ਤਾਣਾ ॥
ਰਹਿ ਜਾਂਦੇ, ਮੁੱਕ ਜਾਂਦੇ	ਪਰਾਕ੍ਰਮ, ਉੱਦਮ	ਤਾਣ, ਜ਼ੋਰ

....(ਫਿਰ) ਅੱਖਾਂ ਵਿਚ ਅੰਨ੍ਹਾਪਣ ਆ ਜਾਂਦਾ ਹੈ, ਜੀਭ ਦਾ ਸੁਆਦ ਨਹੀਂ ਰਹਿੰਦਾ ਅਤੇ (ਸਰੀਰ ਦੀ) ਸ਼ਕਤੀ ਅਤੇ ਉੱਦਮ ਵੀ ਮੁੱਕ ਜਾਂਦੇ ਹਨ...

ਗੁਣ	ਅੰਤਰਿ *(ਅੰਤਰ)*	ਨਾਹੀ, *(ਨਾਹੀਂ)*	ਕਿਉ *(ਕਿਉਂ)*	ਸੁਖੁ *(ਸੁੱਖ)*	ਪਾਵੈ,
ਚੰਗਿਆਈਆਂ	ਅੰਦਰ	ਨਹੀਂ	ਕਿਵੇਂ	ਸੁਖ, ਅਨੰਦ	ਪ੍ਰਾਪਤ ਕਰੇ

ਮਨਮੁਖ *(ਮਨਮੁੱਖ)*	ਆਵਣ	ਜਾਣਾ ॥
ਮਨਮਤੀਆ, ਬੇਮੁੱਖ	ਆਉਣ	ਜਾਣ

...ਮਨਮੁੱਖ ਦੇ (ਹਿਰਦੇ) ਅੰਦਰ ਚੰਗਿਆਈਆਂ ਨਹੀਂ ਹੁੰਦੀਆਂ, (ਫਿਰ ਉਸ ਨੂੰ) ਸੁੱਖ ਕਿਵੇਂ ਪ੍ਰਾਪਤ ਹੋ ਸਕਦਾ ਹੈ, (ਬਸ) ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ...

ਖੜੁ *(ਖੜ)*	ਪਕੀ, *(ਪੱਕੀ)*	ਕੁੜਿ *(ਕੁੜ)*	ਭਜੈ	ਬਿਨਸੈ,
ਖੇਤੀ	ਪੱਕੀ ਹੋਈ	ਕੁੜਕ ਕੇ	ਭੱਜ ਜਾਂਦੀ	ਬਿਨਸ ਜਾਂਦੀ

ਆਇ	ਚਲੈ,	ਕਿਆ	ਮਾਣੁ *(ਮਾਣ)* ॥
ਆਕੇ	ਚਲੇ ਜਾਂਦਾ	ਕੀ	ਹੰਕਾਰ, ਹਉਮੈ

...(ਉਮਰ ਰੂਪੀ) ਖੇਤੀ ਪੱਕਣ ਕਰਕੇ ਕੁੜਕ ਕੇ ਭਾਵ ਲਚਕ ਘਟ ਹੋਣ ਕਰਕੇ, ਬਿਨਸ ਜਾਂਦੀ ਹੈ, (ਜੀਵ ਸੰਸਾਰ ਵਿਚ) ਆਕੇ ਚਲੇ ਜਾਂਦਾ ਹੈ, (ਫਿਰ ਇਸ ਸਰੀਰ ਦਾ) ਮਾਣ ਕਾਹਦਾ?...

ਕਹੁ	ਨਾਨਕ,	ਪ੍ਰਾਣੀ,	ਚਉਥੈ	ਪਹਰੈ, *(ਪਹਿਰੈ)*
ਆਖ, ਦੱਸ	ਹੇ ! ਨਾਨਕ !	ਜੀਵ	ਚੌਥੇ	ਪਹਿਰ ਵਿਚ

ਗੁਰਮੁਖਿ *(ਗੁਰਮੁਖ)*	ਸਬਦੁ *(ਸ਼ਬਦ)*	ਪਛਾਣੁ *(ਪਛਾਣ)* ॥੪॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਗੁਰ) ਸ਼ਬਦ	ਪਹਿਚਾਣ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ ਦੇ) ਤੀਸਰੇ ਪਹਿਰ ਅੰਦਰ, (ਜੀਵਨ ਦੇ ਸੱਚ ਨੂੰ ਜਾਨਣ ਲਈ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਗੁਰ-ਸ਼ਬਦ ਦੀ ਪਹਿਚਾਣ ਕਰਨੀ ਚਾਹੀਦੀ ਹੈ...

ਓੜਕੁ *(ਓੜਕ)*	ਆਇਆ,	ਤਿਨ *(ਤਿਨ੍ਹ)*	ਸਾਹਿਆ, *(ਸਾਹਿਆਂ)*	ਵਣਜਾਰਿਆ	ਮਿਤ੍ਰਾ
ਅੰਤ	ਆ ਗਿਆ	ਉਨ੍ਹਾਂ	ਸਾਹਾਂ ਦਾ	ਵਪਾਰੀ	ਦੋਸਤਾ

ਅੰਕ ੭੬

ਜਰੁ(ਜਰ)	**ਜਰਵਾਣਾ**	**ਕੰਨਿ**(ਕੰਨ੍ਹ) ॥
ਬੁਢਾਪਾ	ਜ਼ਾਲਿਮ	ਮੋਢਿਆਂ ਉਪਰ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! ਸੁਆਸਾਂ ਦਾ ਅੰਤ ਆ ਜਾਣ ਕਰਕੇ, ਜ਼ਾਲਮ ਬੁਢੇਪਾ, ਮੋਢਿਆਂ ਉਪਰ ਚੜ੍ਹ ਕੇ ਆ ਬੈਠਦਾ ਹੈ...

ਇਕ	**ਰਤੀ**	**ਗੁਣ**	**ਨ**(ਨਾਂ)	**ਸਮਾਣਿਆ,**	**ਵਣਜਾਰਿਆ**	**ਮਿਤ੍ਰਾ,**
ਇੱਕ	ਮਾਸਾ	ਚੰਗਿਆਈ	ਨਹੀਂ	ਸਮਾਇਆ	ਵਪਾਰੀ	ਦੋਸਤਾ

ਅਵਗਣ	**ਖੜਸਨਿ**(ਖੜਸਨ)	**ਬੰਨਿ**(ਬੰਨ੍ਹ) ॥
ਔਗਣ, ਬੁਰਿਆਈਆਂ	ਲੈ ਜਾਂਦੇ	ਬੰਨ੍ਹ ਕੇ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜਿਸ ਜੀਵ ਨੇ ਹਿਰਦੇ ਵਿਚ) ਰੱਤੀ ਭਰ ਵੀ ਗੁਣ ਨਹੀਂ ਸਮਾਏ, (ਫਿਰ) ਉਸ ਵਲੋਂ ਕੀਤੀਆਂ ਹੋਈਆਂ ਬੁਰਿਆਈਆਂ (ਕਾਰਨ ਯਮਰਾਜ ਵਲੋਂ ਉਸ ਨੂੰ) ਬੰਨ੍ਹ ਕੇ ਲਿਜਾਇਆ ਜਾਂਦਾ ਹੈ...

ਗੁਣ	**ਸੰਜਮਿ**(ਸੰਜਮ)	**ਜਾਵੈ,**	**ਚੋਟ**	**ਨ**(ਨਾਂ)	**ਖਾਵੈ,**
ਚੰਗਿਆਈਆਂ	ਮਰਿਯਾਦਾ	ਜਾਂਦਾ	ਸੱਟ	ਨਹੀਂ	ਖਾਂਦਾ

ਨਾ(ਨਾਂ)	**ਤਿਸੁ**(ਤਿਸ)	**ਜੰਮਣੁ**(ਜੰਮਣ)	**ਮਰਣਾ** ॥
ਨਹੀਂ	ਉਸ ਨੂੰ	ਜੰਮਣਾਂ	ਮਰਣਾਂ

...(ਜਿਹੜਾ ਜੀਵ) ਚੰਗਿਆਈਆਂ ਦੀ ਮਰਿਯਾਦਾ ਵਿਚ (ਜੀਵਨ ਗੁਜ਼ਾਰਦਾ ਹੈ, ਉਹ ਫਿਰ ਯਮਰਾਜ ਦੀ) ਚੋਟ ਨਹੀਂ ਖਾਂਦਾ (ਅਤੇ ਫਿਰ) ਨਾ ਹੀਂ ਉਸ ਨੂੰ ਜੰਮਣ-ਮਰਣ ਦਾ ਗੇੜ (ਪੈਂਦਾ ਹੈ)...

ਕਾਲੁ(ਕਾਲ)	**ਜਾਲੁ**(ਜਾਲ)	**ਜਮੁ,**(ਜਮ)	**ਜੋਹਿ**(ਜੋਹ)	**ਨ**(ਨਾਂ)	**ਸਾਕੈ,**
ਮੌਤ	ਫਾਹੀ	ਯਮਰਾਜ	ਛੂਹ	ਨਹੀਂ	ਸਕਦੇ

ਭਾਇ	**ਭਗਤਿ**(ਭਗਤ)	**ਭੈ**	**ਤਰਣਾ** ॥
ਪ੍ਰੇਮ	ਭਗਤੀ, ਬੰਦਗੀ	ਡਰ(ਸਾਗਰ)	ਤਰ ਜਾਂਦਾ

...(ਉਸ ਨੂੰ) ਮੌਤ ਦੀ ਫਾਹੀ ਅਤੇ ਯਮਰਾਜ ਛੂਹ ਤਕ ਨਹੀਂ ਸਕਦੇ, (ਉਹ ਵਾਹਿਗੁਰੂ ਦੀ) ਪ੍ਰੇਮਾ-ਭਗਤੀ ਰਾਹੀਂ, ਭੈ ਦੇ (ਸੰਸਾਰ-ਸਾਗਰ ਨੂੰ) ਤਰ ਜਾਂਦਾ ਹੈ...

ਪਤਿ(ਪੱਤ)	**ਸੇਤੀ**	**ਜਾਵੈ,**	**ਸਹਜਿ**(ਸਹਿਜ)	**ਸਮਾਵੈ,**
ਇੱਜ਼ਤ, ਮਾਣ	ਨਾਲ	ਜਾਂਦਾ	ਆਤਮਿਕ ਅਡੋਲਤਾ ਵਿਚ	ਸਮਾਉਂਦਾ

ਸਗਲੇ	ਦੂਖ	ਮਿਟਾਵੈ ॥
ਸਾਰੇ	ਦੁੱਖ, ਕਸ਼ਟ	ਮਿਟਾ ਲੈਂਦਾ

...(ਉਹ) ਆਤਮਿਕ-ਅਡੋਲਤਾ ਵਿਚ ਟਿੱਕ ਕੇ (ਜੀਵਨ ਦੇ) ਸਾਰੇ ਦੁੱਖ-ਕਲੇਸ਼ ਦੂਰ ਕਰ ਲੈਂਦਾ ਹੈ, ਅਤੇ (ਫਿਰ) ਇੱਜ਼ਤ ਮਾਣ ਨਾਲ (ਰੱਬੀ-ਦਰਗਾਹੇ) ਜਾਂਦਾ ਹੈ...

ਕਹੁ	ਨਾਨਕ,	ਪ੍ਰਾਣੀ,	ਗੁਰਮੁਖਿ *(ਗੁਰਮੁਖ)*	ਛੂਟੈ,
ਆਖ਼, ਦੱਸ	ਹੇ ! ਨਾਨਕ !	ਜੀਵ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਛੁੱਟ ਜਾਂਦਾ ਹੈ

ਸਾਚੇ	ਤੇ	ਪਤਿ *(ਪੱਤ)*	ਪਾਵੈ ॥੫॥੨॥
ਸਦਾ ਸਥਿਰ (ਪ੍ਰਭੂ ਦੇ ਨਾਮ)	ਤੋਂ	ਇੱਜ਼ਤ, ਮਾਣ	ਪਾਉਂਦਾ ਹੈ

...ਹੇ ! ਨਾਨਕ ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ ਵਿਚ ਇਨਸਾਨ ਮਾਇਆਵੀ ਬੰਧਨਾਂ ਤੋਂ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਮੁਕਤ ਹੋ ਸਕਦਾ ਹੈ, ਅਤੇ ਸਦਾ-ਸਥਿਰ (ਪਰਮੇਸ਼ਰ ਦੇ ਦਰ) ਤੋਂ ਇੱਜ਼ਤ-ਮਾਣ ਪ੍ਰਾਪਤ ਕਰਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੪ *(ਚੌਥਾ)* ॥
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ

ਪਹਿਲੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਪ੍ਰਥਮ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਹਰਿ *(ਹਰ)*	ਪਾਇਆ	ਉਦਰ	ਮੰਝਾਰਿ *(ਮੰਝਾਰ)* ॥
ਪਰਮੇਸ਼ਰ ਨੇ	ਟਿਕਾਇਆ	ਕੁੱਖ, ਗਰਭ	ਅੰਦਰ, ਵਿਚ

...ਹੇ ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ ! (ਜ਼ਿੰਦਗੀ ਰੂਪੀ) ਰਾਤ ਦੇ ਪਹਿਲੇ ਪਹਿਰ ਵਿਚ ਪਰਮੇਸ਼ਰ (ਜੀਵ ਨੂੰ ਮਾਤਾ ਦੇ) ਗਰਭ ਅੰਦਰ ਟਿਕਾਉਂਦਾ ਹੈ...

ਹਰਿ *(ਹਰ)*	ਧਿਆਵੈ,	ਹਰਿ *(ਹਰ)*	ਉਚਰੈ,	ਵਣਜਾਰਿਆ	ਮਿਤ੍ਰਾ,
ਪ੍ਰਭੂ ਨੂੰ	ਧਿਆਉਂਦਾ	ਪ੍ਰਭੂ ਨੂੰ	ਉਚਾਰਦਾ	ਵਪਾਰੀ	ਦੋਸਤਾ

ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਸਮਾਰਿ *(ਸੰਮ੍ਹਾਰ)* ॥
ਪ੍ਰਭੂ	ਪ੍ਰਭੂ	ਨਾਮ	ਯਾਦ ਕਰਦਾ ਹੈ

...ਹੇ ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ ! (ਮਾਤਾ ਦੇ ਪੇਟ ਵਿਚ ਜੀਵ) ਹਰੀ ਨੂੰ ਧਿਆਉਂਦਾ

ਅੰਕ ੭੬

ਹੈ, ਵਾਹਿਗੁਰੂ ਵਾਹਿਗੁਰੂ ਨਾਮ ਦਾ ਉਚਾਰਣ ਕਰਦਾ ਹੈ, ਅਤੇ ਸਦਾ ਪਰਮੇਸ਼ਰ ਨੂੰ ਯਾਦ ਰੱਖਦਾ ਹੈ...

ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਜਪੇ	ਆਰਾਧੇ,
ਪ੍ਰਭੂ	ਪ੍ਰਭੂ	ਨਾਮ	ਜਪਦਾ	ਧਿਆਉਂਦਾ

ਵਿਚਿ *(ਵਿਚ)*	ਅਗਨੀ	ਹਰਿ *(ਹਰ)*	ਜਪਿ *(ਜਪ)*	ਜੀਵਿਆ ॥
ਅੰਦਰ	ਪੇਟ ਦੀ ਅਗਨੀ	ਪ੍ਰਭੂ	ਜਪ ਕੇ	ਜਿਉਂਦਾ

...(ਮਾਂ ਦੇ ਪੇਟ ਵਿਚ ਉਹ) ਪਰਮੇਸ਼ਰ ਦੇ ਨਾਮ ਨੂੰ ਜਪਦਾ ਅਤੇ ਧਿਆਉਂਦਾ ਹੈ, ਜਠਰ-ਅਗਨੀ ਵਿਚ ਤਾਂ (ਉਹ ਕੇਵਲ) ਪ੍ਰਭੂ ਦਾ ਨਾਮ ਜਪ ਕੇ ਹੀ ਜਿਊਂਦਾ ਹੈ...

ਬਾਹਰਿ *(ਬਾਂਹਰ)*	ਜਨਮੁ *(ਜਨਮ)*	ਭਇਆ,	ਮੁਖਿ *(ਮੁੱਖ)*	ਲਾਗਾ,
ਬਾਹਰ	ਪੈਦਾ	ਹੋ ਜਾਂਦਾ	ਮੂੰਹ	ਲਗਦਾ

ਸਰਸੇ	ਪਿਤਾ	ਮਾਤ,	ਥੀਵਿਆ ॥
ਖੁਸ਼, ਪ੍ਰਸੰਨ	ਪਿਓ	ਮਾਂ	ਹੁੰਦੇ

...(ਜਦੋਂ) ਜਨਮ ਲੈਕੇ ਬਾਹਰ (ਸੰਸਾਰ ਵਿਚ) ਆਉਂਦਾ ਹੈ ਤਾਂ, ਮਾਤਾ-ਪਿਤਾ ਦੇ ਮੂੰਹ ਲਗਦਾ ਹੈ, (ਮਾਤਾ-ਪਿਤਾ ਵੇਖਕੇ) ਪ੍ਰਸੰਨ ਹੁੰਦੇ ਹਨ...

ਜਿਸ	ਕੀ	ਵਸਤੁ *(ਵਸਤ)*	ਤਿਸੁ *(ਤਿਸ)*	ਚੇਤਹੁ	ਪ੍ਰਾਣੀ,
ਜਿਹੜੇ	ਦੀ	ਵਸਤੂ,ਦਾਤ	ਉਸ ਨੂੰ	ਯਾਦ	ਜੀਵ

ਕਰਿ *(ਕਰ)*	ਹਿਰਦੈ	ਗੁਰਮੁਖਿ *(ਗੁਰਮੁਖ)*	ਬੀਚਾਰਿ *(ਬੀਚਾਰ)* ॥
ਕਰ	ਹਿਰਦੇ ਵਿਚ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਵਿਚਾਰ

...ਹੇ! ਪ੍ਰਾਣੀ! ਜਿਸ (ਪਰਮੇਸ਼ਰ ਦੀ ਇਹ ਬਾਲਕ ਰੂਪ) ਬਖਸ਼ਿਸ਼ ਹੈ, ਦਾਤ ਹੈ, ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਹਿਰਦੇ ਵਿਚ ਉਸ (ਅਕਾਲ ਪੁਰਖ) ਦਾ ਸਿਮਰਨ ਕਰ...

ਕਹੁ	ਨਾਨਕ,	ਪ੍ਰਾਣੀ,	ਪਹਿਲੈ	ਪਹਰੈ, *(ਪਹਿਰੈ)*
ਦੱਸ, ਆਖ	ਹੇ ! ਨਾਨਕ !	ਜੀਵ	ਪ੍ਰਥਮ	ਪਹਿਰ ਵਿਚ

ਹਰਿ *(ਹਰ)*	ਜਪੀਐ,	ਕਿਰਪਾ	ਧਾਰਿ *(ਧਾਰ)* ॥੧॥
ਪਰਮੇਸ਼ਰ	ਸਿਮਰੀਏ	ਮਿਹਰ	ਕਰੇ, ਧਾਰੇ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ ਦੇ) ਪਹਿਲੇ ਪਹਿਰ ਵਿਚ, ਜੇ ਅਕਾਲ ਪੁਰਖ਼) ਕਿਰਪਾ ਕਰੇ, ਤਾਂ ਹੀ ਵਾਹਿਗੁਰੂ ਦਾ ਨਾਮ ਜਪਿਆ ਜਾਂਦਾ ਹੈ...

ਦੂਜੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਦੂਸਰੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਮਨੁ *(ਮਨ)*	ਲਾਗਾ	ਦੂਜੈ	ਭਾਇ॥
ਚਿੱਤ	ਲੱਗ ਜਾਂਦਾ	ਦ੍ਵੈਤ	ਭਾਵ ਵਿਚ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਦੂਸਰੇ ਪਹਿਰ ਵਿਚ ਚਿੱਤ, ਦ੍ਵੈਤ-ਭਾਵ ਵਿਚ ਲੱਗ ਜਾਂਦਾ ਹੈ, ਭਾਵ ਪਰਮੇਸ਼ਰ ਨੂੰ ਭੁੱਲਕੇ, ਹੋਰ ਦੂਸਰੀਆਂ ਵਸਤੂਆਂ ਦਾ ਮੋਹ ਜਾਗ ਪੈਂਦਾ ਹੈ...

ਮੇਰਾ	ਮੇਰਾ	ਕਰਿ *(ਕਰ)*	ਪਾਲੀਐ,	ਵਣਜਾਰਿਆ	ਮਿਤ੍ਰਾ,
ਆਪਣਾ	ਆਪਣਾ	ਕਰਕੇ	ਪਾਲਦੇ ਹਨ	ਵਪਾਰੀ	ਦੋਸਤਾ

ਲੇ	ਮਾਤ	ਪਿਤਾ	ਗਲਿ *(ਗਲ)*	ਲਾਇ॥
ਲੈਕੇ	ਮਾਂ	ਪਿਓ	ਗਲ ਨਾਲ	ਲਗਾਕੇ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਫਿਰ) ਮਾਤਾ-ਪਿਤਾ, (ਬਾਲਕ ਨੂੰ ਆਪਣੇ) ਗਲ ਨਾਲ ਲਗਾ ਲਗਾ ਕੇ, ਅਤੇ ਮੇਰਾ ਬੱਚਾ, ਮੇਰਾ ਬੱਚਾ ਕਰ ਕਰ ਕੇ ਪਾਲਦੇ ਹਨ...

ਲਾਵੈ	ਮਾਤ	ਪਿਤਾ,	ਸਦਾ	ਗਲ	ਸੇਤੀ,
ਲਾਉਂਦੇ	ਮਾਂ	ਪਿਓ	ਹਮੇਸ਼ਾਂ	ਗਲੇ	ਨਾਲ

ਮਨਿ *(ਮਨ)*	ਜਾਣੈ,	ਖਟਿ *(ਖੱਟ)*	ਖਵਾਏ ॥
ਚਿੱਤ ਵਿਚ	ਜਾਣਕੇ	ਖੱਟ ਕੇ, ਕਮਾ ਕੇ	ਖੁਆਏਗਾ

...ਚਿੱਤ ਵਿਚ ਇਹ ਜਾਣਕੇ, (ਬੱਚੇ ਨੂੰ) ਮਾਂ-ਪਿਓ (ਹਮੇਸ਼ਾਂ) ਗਲ ਨਾਲ ਲਾਉਂਦੇ ਹਨ, ਕਿ (ਸਾਡਾ ਇਹ ਬੱਚਾ, ਵੱਡਾ ਹੋਕੇ ਸਾਨੂੰ) ਖੱਟ-ਕਮਾਕੇ ਖੁਆਏਗਾ...

ਜੋ	ਦੇਵੈ,	ਤਿਸੈ	ਨ *(ਨਾਂ)*	ਜਾਣੈ	ਮੂੜਾ, *(ਮੂੜ੍ਹਾ)*
ਜਿਹੜਾ	ਦਿੰਦਾ ਹੈ	ਉਸ ਨੂੰ	ਨਹੀਂ	ਜਾਣਦਾ	ਮੂਰਖ਼

ਦਿਤੇ	ਨੋ	ਲਪਟਾਏ ॥
ਦਿੱਤੀ	ਨੂੰ	ਲਿਪਟਦਾ

ਅੰਕ ੭੬-੭੭

...ਜਿਹੜਾ (ਇਹ ਦਾਤਾਂ ਬਖਸ਼ਿਸ਼ ਕਰਦਾ ਹੈ) ਮੂਰਖ, ਉਸ ਨੂੰ ਨਹੀਂ ਜਾਣਦਾ ਭਾਵ ਯਾਦ ਰੱਖਦਾ, (ਬਸ ਉਸ ਦੀਆਂ) ਦਿੱਤੀਆਂ ਹੋਈਆਂ (ਵਸਤੂਆਂ ਨੂੰ ਹੀ) ਲਿਪਟਦਾ ਰਹਿੰਦਾ ਹੈ...

ਕੋਈ	**ਗੁਰਮੁਖਿ** *(ਗੁਰਮੁਖ)*	**ਹੋਵੈ,**	**ਸੁ**	**ਕਰੈ**	**ਵੀਚਾਰੁ,** *(ਵੀਚਾਰ)*
ਕੋਈ ਇਕ	ਸਤਿਗੁਰੂ ਦੇ ਸਨਮੁੱਖ	ਹੁੰਦਾ ਹੈ	ਉਹ	ਕਰਦਾ	ਵਿਚਾਰ

ਹਰਿ *(ਹਰ)*	**ਧਿਆਵੈ,**	**ਮਨਿ** *(ਮਨ)*	**ਲਿਵ**	**ਲਾਇ॥**
ਪਰਮੇਸ਼ਰ	ਧਿਆਉਂਦਾ ਹੈ	ਚਿੱਤ ਵਿਚ	ਧਿਆਨ	ਲਗਾਉਂਦਾ ਹੈ

...(ਜੇ) ਕੋਈ ਸਤਿਗੁਰੂ ਦੇ ਸਨਮੁੱਖ ਹੁੰਦਾ ਹੈ (ਤਾਂ ਕੇਵਲ) ਉਹੀ (ਇਸ ਅਸਲੀਅਤ ਦੀ) ਵਿਚਾਰ ਕਰਦਾ ਹੈ, ਅਤੇ ਆਪਣੀ ਬਿਰਤੀ ਜੋੜਕੇ, ਚਿੱਤ ਵਿਚ ਪਰਮੇਸ਼ਰ ਦਾ ਨਾਮ ਧਿਆਉਂਦਾ ਹੈ...

ਕਹੁ	**ਨਾਨਕ,**	**ਦੂਜੈ**	**ਪਹਰੈ** *(ਪਹਿਰੈ)*	**ਪ੍ਰਾਣੀ,**
ਆਖ਼, ਦੱਸ	ਹੇ ! ਨਾਨਕ !	ਦੂਸਰੇ	ਪਹਿਰ ਵਿਚ	ਜੀਵ

ਤਿਸੁ *(ਤਿਸ)*	**ਕਾਲੁ** *(ਕਾਲ)*	**ਨ** *(ਨਾਂ)*	**ਕਬਹੂੰ**	**ਖਾਇ॥੨॥**
ਉਸ ਨੂੰ	ਮੌਤ	ਨਹੀਂ	ਕਦੀ ਵੀ	ਖਾਂਦੀ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ) ਦੇ ਦੂਜੇ ਪਹਿਰ ਵਿਚ ਜੇ ਕੋਈ ਆਪਣੀ ਬਿਰਤੀ ਜੋੜਕੇ, ਚਿੱਤ ਵਿਚ ਪਰਮੇਸ਼ਰ ਦਾ ਨਾਮ ਧਿਆਉਂਦਾ ਹੈ ਤਾਂ ਫਿਰ) ਉਸ ਨੂੰ ਮੌਤ ਕਦੀ ਵੀ ਨਿਗਲ ਨਹੀਂ ਸਕਦੀ, ਭਾਵ ਫਿਰ ਮੌਤ ਦਾ ਭੈਅ ਉਸ ਤੇ ਅਸਰ ਨਹੀਂ ਕਰਦਾ...

ਤੀਜੈ	**ਪਹਰੈ** *(ਪਹਿਰੈ)*	**ਰੈਣਿ** *(ਰੈਣ)*	**ਕੈ,**	**ਵਣਜਾਰਿਆ**	**ਮਿਤ੍ਰਾ,**
ਤੀਸਰੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਮਨੁ *(ਮਨ)*	**ਲਗਾ**	**ਆਲਿ** *(ਆਲ)*	**ਜੰਜਾਲਿ** *(ਜੰਜਾਲ)* **॥**
ਚਿੱਤ	ਲੱਗ ਜਾਂਦਾ	ਘਰ ਦੇ	ਬੰਧਨਾਂ/ਝਮੇਲਿਆਂ ਵਿਚ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਤੀਸਰੇ ਪਹਿਰ ਵਿਚ ਚਿੱਤ ਘਰ ਦੇ ਝਮੇਲਿਆਂ ਵਿਚ ਉਲਝ ਜਾਂਦਾ ਹੈ...

ਧਨੁ *(ਧਨ)*	**ਚਿਤਵੈ,**	**ਧਨੁ** *(ਧਨ)*	**ਸੰਚਵੈ,**	**ਵਣਜਾਰਿਆ**	**ਮਿਤ੍ਰਾ,**
ਦੌਲਤ	ਚਿਤਵਦਾ	ਦੌਲਤ	ਇਕੱਤ੍ਰ ਕਰਦਾ	ਵਪਾਰੀ	ਦੋਸਤਾ

ਹਰਿ *(ਹਰ)*	**ਨਾਮਾ**	**ਹਰਿ** *(ਹਰ)*	**ਨ** *(ਨਾਂ)*	**ਸਮਾਲਿ** *(ਸੰਮ੍ਹਾਲ)* **॥**
ਪ੍ਰਭੂ	ਨਾਮ	ਪ੍ਰਭੂ	ਨਹੀਂ	ਸੰਮ੍ਹਾਰਦਾ, ਯਾਦ ਕਰਦਾ

ਅੰਕ ੨੨

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਫਿਰ ਉਹ) ਧਨ-ਦੌਲਤ ਬਾਰੇ ਹੀ ਸੋਚਦਾ ਰਹਿੰਦਾ ਹੈ, ਅਤੇ ਧਨ-ਦੌਲਤ ਹੀ (ਹਰ ਵੇਲੇ) ਇਕੱਤ੍ਰ ਕਰਨ ਵਿਚ ਲਗਿਆ ਰਹਿੰਦਾ ਹੈ, ਉਹ ਕਦੀ ਵੀ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ ਹੈ, ਅਤੇ ਨਾ ਹੀ ਉਸ ਦਾ ਨਾਮ ਸਿਮਰਦਾ ਹੈ...

ਹਰਿ *(ਹਰ)*	**ਨਾਮਾ**	**ਹਰਿ** *(ਹਰ)*	**ਹਰਿ,** *(ਹਰ)*	**ਕਦੇ**	**ਨ** *(ਨਾਂ)*	**ਸਮਾਲੈ,** *(ਸੰਮ੍ਹਾਲੈ)*
ਪ੍ਰਭੂ	ਨਾਮ ਨੂੰ	ਪ੍ਰਭੂ	ਪ੍ਰਭੂ	ਕਦੀ	ਨਹੀਂ	ਸੰਮਾਰਦਾ, ਯਾਦ ਕਰਦਾ

ਜਿ *(ਜੇ)*	**ਹੋਵੈ**	**ਅੰਤਿ** *(ਅੰਤ)*	**ਸਖਾਈ ॥**
ਜਿਹੜਾ	ਹੁੰਦਾ ਹੈ	ਅਖ਼ੀਰ ਵੇਲੇ ਮਦਦਗਾਰ,	ਸਹਾਇਕ

...(ਉਹ) ਪਰਮੇਸ਼ਰ ਅਤੇ ਉਸ ਦੇ ਨਾਮ ਨੂੰ ਕਦੀ ਯਾਦ ਨਹੀਂ ਕਰਦਾ ਜਿਹੜਾ (ਜੀਵਨ ਦੇ) ਅੰਤ ਵੇਲੇ (ਉਸ ਦਾ) ਮਦਦਗਾਰ ਹੁੰਦਾ ਹੈ...

ਇਹੁ *(ਇਹ)*	**ਧਨੁ** *(ਧਨ)*	**ਸੰਪੈ,**	**ਮਾਇਆ**	**ਝੂਠੀ,**
ਸੰਕੇਤਕ ਸ਼ਬਦ	ਦੌਲਤ	ਪਦਾਰਥ	ਮਾਇਆਵੀ ਪ੍ਰਪੰਚ	ਕੂੜ, ਬਿਨਸ ਜਾਣ ਵਾਲੀ

ਅੰਤਿ, *(ਅੰਤ)*	**ਛੋਡਿ** *(ਛੋਡ)*	**ਚਲਿਆ**	**ਪਛੁਤਾਈ ॥**
ਅਖ਼ੀਰ ਨੂੰ	ਛੱਡਕੇ	ਚਲੇ ਜਾਂਦਾ	ਪਛਤਾਉਂਦਾ ਹੋਇਆ

...ਇਹ ਧਨ-ਦੌਲਤ ਅਤੇ (ਸੰਸਾਰਿਕ) ਪਦਾਰਥ (ਸਭ) ਬਿਨਸ ਜਾਣ ਵਾਲਾ ਮਾਇਆਵੀ ਪ੍ਰਪੰਚ ਹੈ, (ਜੀਵ) ਅੰਤ ਵੇਲੇ ਪਛਤਾਉਂਦਾ ਹੋਇਆ (ਇਨ੍ਹਾਂ ਨੂੰ) ਛੱਡਕੇ (ਦੁਨੀਆਂ ਤੋਂ) ਚਲੇ ਜਾਂਦਾ ਹੈ...

ਜਿਸ	**ਨੋ**	**ਕਿਰਪਾ**	**ਕਰੇ,**	**ਗੁਰੁ** *(ਗੁਰ)*	**ਮੇਲੇ,**
ਜਿਹੜੇ	ਨੂੰ	ਮਿਹਰ	ਕਰਦਾ	ਸਤਿਗੁਰੂ	ਮੇਲ ਦਿੰਦਾ

ਸੋ	**ਹਰਿ** *(ਹਰ)*	**ਹਰਿ** *(ਹਰ)*	**ਨਾਮੁ** *(ਨਾਮ)*	**ਸਮਾਲਿ** *(ਸੰਮ੍ਹਾਲ)* **॥**
ਉਹ	ਪ੍ਰਭੂ	ਪ੍ਰਭੂ	ਨਾਮ	ਸਮਾਰਦਾ, ਸਿਮਰਦਾ

...(ਪਰਮੇਸ਼ਰ) ਜਿਸ ਨੂੰ ਕਿਰਪਾ ਕਰਦਾ ਹੈ, ਉਸ ਨੂੰ ਸਤਿਗੁਰੂ ਦਾ ਮਿਲਾਪ ਕਰਵਾ ਦਿੰਦਾ ਹੈ। (ਫਿਰ) ਉਹ ਵਾਹਿਗੁਰੂ ਨਾਮ ਦਾ ਸਿਮਰਨ ਕਰਦਾ ਹੈ...

ਕਹੁ	**ਨਾਨਕ,**	**ਤੀਜੈ**	**ਪਹਰੈ** *(ਪਹਿਰੈ)*	**ਪ੍ਰਾਣੀ,**
ਆਖ਼, ਦੱਸ	ਹੇ ! ਨਾਨਕ !	ਤੀਸਰੇ	ਪਹਿਰ ਵਿਚ	ਜੀਵ

ਸੇ	**ਜਾਇ**	**ਮਿਲੇ**	**ਹਰਿ** *(ਹਰ)*	**ਨਾਲਿ** *(ਨਾਲ)* **॥੩॥**
ਉਹ	ਜਾਕੇ	ਮਿਲ/ਅਭੇਦ ਹੋ ਜਾਂਦਾ	ਪ੍ਰਭੂ	ਨਾਲ, ਸੰਗ

ਅੰਕ ੨੨

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ ਦੇ ਤੀਜੇ ਪਹਿਰ ਅੰਦਰ, ਜੇ ਕੋਈ ਚਿੱਤ ਵਿਚ ਪਰਮੇਸ਼ਰ ਦਾ ਨਾਮ ਧਿਆਉਂਦਾ ਹੈ, ਤਾਂ ਫਿਰ) ਉਹ ਵਾਹਿਗੁਰੂ ਨਾਲ ਅਭੇਦ ਹੋ ਜਾਂਦਾ ਹੈ...

ਚਉਥੈ	**ਪਹਰੈ** *(ਪਹਿਰੈ)*	**ਰੈਣਿ** *(ਰੈਣ)*	**ਕੈ,**	**ਵਣਜਾਰਿਆ**	**ਮਿਤ੍ਰਾ,**
ਚੌਥੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਹਰਿ *(ਹਰ)*	**ਚਲਣ**	**ਵੇਲਾ**	**ਆਦੀ** *(ਆਂਦੀ)* ॥
ਪ੍ਰਭੂ	ਜਾਣ ਦਾ	ਸਮਾਂ	ਲਿਆਉਂਦਾ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਚੌਥੇ ਪਹਿਰ ਵਿਚ ਅਕਾਲ-ਪੁਰਖ (ਜੀਵ ਦਾ ਸੰਸਾਰ ਤੋਂ) ਤੁਰ ਜਾਣ ਦਾ ਸਮਾਂ ਲੈ ਆਉਂਦਾ ਹੈ...

ਕਰਿ *(ਕਰ)*	**ਸੇਵਹੁ**	**ਪੂਰਾ**	**ਸਤਿਗੁਰੂ,** *(ਸਤਗੁਰੂ)*	**ਵਣਜਾਰਿਆ**	**ਮਿਤ੍ਰਾ,**
(ਮੇਲ) ਕਰ ਕੇ	ਸੇਵਾ ਕਰੋ	ਪੂਰਨ	ਸਤਿਗੁਰੂ	ਵਪਾਰੀ	ਦੋਸਤਾ

ਸਭ	**ਚਲੀ**	**ਰੈਣਿ** *(ਰੈਣ)*	**ਵਿਹਾਦੀ** *(ਵਿਹਾਂਦੀ)* ॥
ਸਾਰੀ	ਜਾਂਦੀ	ਰਾਤ	ਬੀਤਦੀ, ਗੁਜ਼ਰਦੀ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਦੀ) ਸਾਰੀ ਰਾਤ ਹੀ ਗੁਜ਼ਰਦੀ ਜਾ ਰਹੀ ਹੈ, ਪੂਰਨ ਸਤਿਗੁਰੂ (ਨਾਲ ਮੇਲ) ਕਰਕੇ (ਪ੍ਰਭੂ) ਦੀ ਸੇਵਾ-ਅਰਾਧਨਾ ਕਰ...

ਹਰਿ *(ਹਰ)*	**ਸੇਵਹੁ**	**ਖਿਨੁ** *(ਖਿਨ)*	**ਖਿਨੁ,** *(ਖਿਨ)*	**ਢਿਲਮੁਲਿ** *(ਮੁਲ)*	**ਨ** *(ਨਾਂ)*	**ਕਰਿਹੁ,**
ਪ੍ਰਭੂ	ਸਿਮਰੋ	ਛਿਨ	ਛਿਨ	ਆਲਸ ਮੂਲੋਂ, ਬਿਲਕੁਲ	ਨਾਂ	ਕਰੋ

ਜਿਤੁ *(ਜਿਤ)*	**ਅਸਥਿਰੁ** *(ਅਸਥਿਰ)*	**ਜੁਗੁ** *(ਜੁਗ)*	**ਜੁਗੁ** *(ਜੁਗ)*	**ਹੋਵਹੁ** ॥
ਜੀਹਦੇ	ਸਦਾ ਰਹਿਣ ਵਾਲੇ	ਜੁਗ	ਜੁਗ	ਹੋ ਜਾਂਦਾ ਹੈ

...(ਜ਼ਿੰਦਗੀ ਦੀ ਰਾਤ ਤਾਂ ਗੁਜ਼ਰਦੀ ਜਾ ਰਹੀ ਹੈ, ਇਸ ਲਈ) ਬਿਲਕੁਲ ਵੀ ਢਿਲ-ਮੱਠ ਨਾ ਕਰ, ਅਤੇ ਪਲ-ਪਲ, ਸੁਆਸ ਸੁਆਸ ਵਾਹਿਗੁਰੂ ਦੀ ਬੰਦਗੀ ਕਰ, ਜਿਸ ਨਾਲ (ਮਨੁੱਖ) ਆਤਮਿਕ ਤੌਰ ਤੇ ਜੁਗੋ ਜੁਗੋ ਅਟੱਲ ਹੋ ਜਾਂਦਾ ਹੈ...

ਹਰਿ *(ਹਰ)*	**ਸੇਤੀ**	**ਸਦ**	**ਮਾਣਹੁ** *(ਮਾਣਹੂੰ)*	**ਰਲੀਆ,** *(ਰਲੀਆਂ)*
ਪ੍ਰਭੂ	ਨਾਲ	ਸਦਾ	ਮਾਣੇਂਗਾ	ਮੌਜਾਂ

ਜਨਮ	**ਮਰਣ**	**ਦੁਖ**	**ਖੋਵਹੁ** ॥
ਪੈਦਾ ਹੋਣ ਦਾ	ਮੌਤ ਦਾ	ਕਸ਼ਟ, ਤਕਲੀਫ਼	ਦੂਰ ਹੋ ਜਾਂਦਾ

ਅੰਕ ੭੭

...(ਹੇ! ਦੋਸਤਾ! ਤੂੰ) ਪ੍ਰਭੂ-ਮਿਲਾਪ ਨਾਲ ਸਦਾ ਹੀ ਅਨੰਦ ਮਾਣੇਗਾ, ਅਤੇ (ਇਸ ਨਾਲ) ਜਨਮ-ਮਰਨ ਦਾ ਦੁੱਖ ਦੂਰ ਹੋ ਜਾਂਦਾ ਹੈ...

ਗੁਰ	ਸਤਿਗੁਰ *(ਸਤਗੁਰ)*	ਸੁਆਮੀ,	ਭੇਦੁ *(ਭੇਦ)*	ਨ *(ਨਾਂ)*	ਜਾਣਹੁ,
ਗੁਰੂ	ਸਤਿਗੁਰੂ	ਮਾਲਕ (ਪ੍ਰਭੂ)	ਅੰਤਰ	ਨਹੀਂ	ਸਮਝੋ

ਜਿਤੁ *(ਜਿਤ)*	ਮਿਲਿ *(ਮਿਲ)*	ਹਰਿ *(ਹਰ)*	ਭਗਤਿ *(ਭਗਤ)*	ਸੁਖਾਂਦੀ ॥
ਜਿਸ ਦੇ	ਮਿਲਣ ਨਾਲ	ਪ੍ਰਭੂ	ਭਗਤੀ, ਬੰਦਗੀ	ਚੰਗੀ ਲਗਦੀ ਹੈ

...ਜਿਸ (ਸਤਿਗੁਰੂ) ਦੇ ਮਿਲਾਪ ਨਾਲ ਵਾਹਿਗੁਰੂ ਦੀ ਬੰਦਗੀ ਚੰਗੀ ਲਗਦੀ ਹੈ, (ਉਸ) ਗੁਰੂ-ਸਤਿਗੁਰੂ ਅਤੇ ਮਾਲਕ-ਪ੍ਰਭੂ ਦਾ ਆਪਸ ਵਿਚ ਕੋਈ ਵੀ ਫ਼ਰਕ ਨਾ ਸਮਝੋ...

ਕਹੁ	ਨਾਨਕ,	ਪ੍ਰਾਣੀ,	ਚਉਥੈ	ਪਹਰੈ, *(ਪਹਿਰੈ)*
ਆਖ਼, ਦੱਸ	ਹੇ ! ਨਾਨਕ !	ਜੀਵ	ਚੌਥੇ	ਪਹਿਰ ਵਿਚ

ਸਫਲਿਓ *(ਸਫਲਿਓ)*	ਰੈਣਿ *(ਰੈਣ)*	ਭਗਤਾ *(ਭਗਤਾਂ)*	ਦੀ ॥੪॥੧॥੩॥
ਸਫ਼ਲ	ਰਾਤ	ਭਗਤੀ ਕਰਨ ਵਾਲਿਆਂ	ਦੀ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ ਜ਼ਿੰਦਗੀ ਦੇ ਚੌਥੇ ਪਹਿਰ ਵਿਚ (ਜਿਹੜੇ ਪ੍ਰਾਣੀ ਚਿੱਤ ਵਿਚ ਪਰਮੇਸ਼ਰ ਦਾ ਨਾਮ ਧਿਆਉਂਦੇ ਹਨ ਉਨ੍ਹਾਂ) ਭਗਤਾਂ ਦੀ ਜ਼ਿੰਦਗੀ ਰੂਪੀ ਰਾਤ, ਸਫ਼ਲ ਹੋ ਜਾਂਦੀ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫ *(ਪੰਜਵਾਂ)* ॥
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ

ਪਹਿਲੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਪ੍ਰਥਮ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਧਰਿ *(ਧਰ)*	ਪਾਇਤਾ	ਉਦਰੈ	ਮਾਹਿ *(ਮਾਹਿਂ)* ॥
ਰੱਖ, ਟਿਕਾ	ਪਾਇਆ, ਦਿੱਤਾ	ਪੇਟ ਦੇ	ਵਿਚ

(ਹੇ! ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਪਹਿਲੇ ਪਹਿਰ ਵਿਚ ਪਰਮੇਸ਼ਰ (ਜੀਵ ਨੂੰ ਮਾਤਾ ਦੇ) ਪੇਟ ਵਿਚ ਧਰ ਦਿੰਦਾ ਹੈ...

ਦਸੀ *(ਦਸੀਂ)*	ਮਾਸੀ, *(ਮਾਸੀਂ)*	ਮਾਨਸੁ *(ਮਾਨਸ)*	ਕੀਆ,	ਵਣਜਾਰਿਆ	ਮਿਤ੍ਰਾ,
ਦਸਾਂ	ਮਹੀਨਿਆਂ ਵਿਚ	ਮਨੁੱਖ	ਬਣਾ ਦਿੰਦਾ	ਵਪਾਰੀ	ਦੋਸਤਾ

ਅੰਕ ੭੭

ਕਰਿ *(ਕਰ)*	**ਮੁਹਲਤਿ** *(ਮੁਹਲਤ)*	**ਕਰਮ**	**ਕਮਾਹਿ** *(ਕਮਾਹਿਂ)* ॥
ਕਰਕੇ	ਸਮਾਂ, ਉਮਰ	ਕੰਮ	ਕਮਾਉਣ ਲਈ

...(ਹੇ! ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਪਰਮੇਸ਼ਰ) ਦਸਾਂ ਮਹੀਨਿਆਂ ਵਿਚ ਮਨੁੱਖ ਦੀ ਸਿਰਜਣਾ ਕਰ ਦਿੰਦਾ ਹੈ।(ਫਿਰ ਜੀਵਨ ਦੀ) ਉਮਰ ਦਾ ਸਮਾਂ (ਨਿਸ਼ਚਿਤ ਕਰਕੇ, ਸੰਸਾਰ ਵਿਚ) ਕਰਮ ਕਮਾਉਣ ਲਈ (ਭੇਜ ਦਿੱਤਾ ਜਾਂਦਾ ਹੈ)...

ਮੁਹਲਤਿ *(ਮੁਹਲਤ)*	**ਕਰਿ** *(ਕਰ)*	**ਦੀਨੀ,**	**ਕਰਮ**	**ਕਮਾਣੇ,**
ਉਮਰ, ਸਮਾਂ	ਕਰ	ਦਿੰਦਾ	ਕੰਮ	ਕਰਦਾ, ਕਮਾਉਂਦਾ

ਜੈਸਾ	**ਲਿਖਤੁ** *(ਲਿਖਤ)*	**ਧੁਰਿ** *(ਧੁਰ)*	**ਪਾਇਆ** ॥
ਜਿਵੇਂ ਦਾ	ਲੇਖਾ	ਧੁਰ ਦਰਗਾਹੋਂ	ਪ੍ਰਾਪਤ ਕੀਤਾ ਹੁੰਦਾ ਹੈ

...ਪਰਮੇਸ਼ਰ (ਜਿੰਨੀ) ਉਮਰ ਦਾ ਸਮਾਂ ਨਿਸ਼ਚਿਤ ਕਰਦਾ ਹੈ, ਅਤੇ (ਜੀਵ ਦੇ) ਧੁਰ ਦਰਗਾਹੋਂ ਜਿਵੇਂ ਦੇ ਲੇਖ ਪ੍ਰਾਪਤ ਹੋਏ ਹੁੰਦੇ ਹਨ, (ਉਸੇ ਅਨੁਸਾਰ ਉਹ, ਸੰਸਾਰ ਵਿਚ) ਕਰਮ ਕਮਾਉਂਦਾ ਹੈ...

ਮਾਤ	**ਪਿਤਾ,**	**ਭਾਈ**	**ਸੁਤ**	**ਬਨਿਤਾ**
ਮਾਂ	ਪਿਓ	ਭਰਾ	ਪੁੱਤਰ	ਇਸਤ੍ਰੀ

ਤਿਨ *(ਤਿਨ੍ਹ)*	**ਭੀਤਰਿ** *(ਭੀਤਰ)*	**ਪ੍ਰਭੂ**	**ਸੰਜੋਇਆ** ॥
ਉਨ੍ਹਾਂ	ਵਿਚ, ਅੰਦਰ	ਵਾਹਿਗੁਰੂ	ਰਚਾ ਮਿਚਾ ਦਿੰਦਾ, ਸਮਿਲਿਤ ਕਰ ਦਿੰਦਾ

...ਪਰਮੇਸ਼ਰ, ਮਾਤਾ, ਪਿਤਾ, ਭਰਾ, ਪੁੱਤਰ ਅਤੇ ਇਸਤ੍ਰੀ (ਆਦਿਕ ਰਿਸ਼ਤਿਆਂ ਨਾਤਿਆਂ ਦੇ ਲਗਾਓ ਵਿਚ ਹੀ ਜੀਵ ਨੂੰ) ਰਚਾ-ਮਿਚਾ ਦਿੰਦਾ ਹੈ...

ਕਰਮ	**ਸੁਕਰਮ**	**ਕਰਾਏ**	**ਆਪੇ,**
ਕੰਮ	ਚੰਗੇ ਕੰਮ	ਕਰਵਾਉਂਦਾ	ਆਪ ਹੀ

ਇਸੁ *(ਇਸ)*	**ਜੰਤੈ**	**ਵਸਿ** *(ਵਸ)*	**ਕਿਛੁ** *(ਕਿਛ)*	**ਨਾਹਿ** *(ਨਾਹਿਂ)* ॥
ਇਹ	ਜੀਵ ਦੇ	ਵਸ ਵਿਚ	ਕੁਝ	ਨਹੀਂ

...(ਫਿਰ ਜੀਵ ਕੋਲੋਂ) ਆਪ ਹੀ ਚੰਗੇ-ਮੰਦੇ ਕਰਮ ਕਰਵਾਉਂਦਾ ਰਹਿੰਦਾ ਹੈ, (ਵਿਚਾਰੇ) ਇਸ ਜੀਵ ਦੇ ਵਸ ਵਿਚ ਤਾਂ ਕੁਝ ਹੈ ਹੀ ਨਹੀਂ...

ਕਹੁ	**ਨਾਨਕ,**	**ਪ੍ਰਾਣੀ,**	**ਪਹਿਲੈ**	**ਪਹਰੈ,** *(ਪਹਿਰੈ)*
ਆਖ਼, ਦੱਸ	ਹੇ ! ਨਾਨਕ !	ਜੀਵ	ਪ੍ਰਥਮ	ਪਹਿਰ ਵਿਚ

ਅੰਕ ੨੨

ਧਰਿ *(ਧਰ)*	ਪਾਇਤਾ	ਉਦਰੈ	ਮਾਹਿ *(ਮਾਹਿਂ)* ॥੧॥
ਰੱਖ, ਟਿਕਾ	ਪਾਇਆ, ਦਿੱਤਾ	ਪੇਟ ਦੇ	ਵਿਚ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ) ਰਾਤ ਦੇ ਪਹਿਲੇ ਪਹਿਰ ਵਿਚ ਪਰਮੇਸ਼ਰ (ਜੀਵ ਨੂੰ ਮਾਤਾ ਦੇ) ਪੇਟ ਵਿਚ ਟਿਕਾ ਦਿੰਦਾ ਹੈ।

ਦੂਜੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਦੂਸਰੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਭਰਿ *(ਭਰ)*	ਜੁਆਨੀ	ਲਹਰੀ *(ਲਹਰੀਂ)*	ਦੇਇ *(ਦੇ)*॥
ਭਰਪੂਰ	ਜੋਬਨ	ਉਛਾਲੇ, ਹੁਲਾਰੇ	ਦਿੰਦੀ

(ਹੇ! ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਦੂਸਰੇ ਪਹਿਰ ਵਿਚ (ਮਨੁੱਖ ਦੀ ਜ਼ਿੰਦਗੀ) ਭਰ-ਜੁਆਨੀ ਦੀਆਂ ਛੱਲਾਂ ਮਾਰਦੀ ਹੈ...

ਬੁਰਾ	ਭਲਾ	ਨ *(ਨਾਂ)*	ਪਛਾਣਈ,	ਵਣਜਾਰਿਆ	ਮਿਤ੍ਰਾ,
ਮੰਦ	ਚੰਗਾ	ਨਹੀਂ	ਪਹਿਚਾਣਦੀ	ਵਪਾਰੀ	ਦੋਸਤਾ

ਮਨੁ *(ਮਨ)*	ਮਤਾ	ਅਹੰਮੇਇ *(ਅਹੰਮੇਅ)* ॥
ਚਿੱਤ	ਮਸਤਿਆ	ਅਹੰਕਾਰ ਵਿਚ

(ਹੇ! ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਫਿਰ, ਉਹ ਕੁਝ ਵੀ) ਬੁਰਾ-ਭਲਾ ਨਹੀਂ ਪਹਿਚਾਣਦਾ। (ਉਸ ਦਾ) ਚਿੱਤ (ਹਰ ਵਕਤ ਜੁਆਨੀ ਦੇ) ਅਹੰਕਾਰ ਵਿਚ ਮਸਤਿਆ ਰਹਿੰਦਾ ਹੈ...

ਬੁਰਾ	ਭਲਾ	ਨ *(ਨਾਂ)*	ਪਛਾਣੈ	ਪ੍ਰਾਣੀ,
ਚੰਗਾ	ਮੰਦਾ	ਨਹੀਂ	ਪਹਿਚਾਣਦਾ	ਇਨਸਾਨ

ਆਗੈ	ਪੰਥੁ *(ਪੰਥ)*	ਕਰਾਰਾ ॥
ਅੱਗੇ	ਰਸਤਾ, ਸਫ਼ਰ	ਕਰੜਾ, ਬਿਖੜਾ

...(ਜੁਆਨੀ ਵਿਚ ਮਦਹੋਸ਼) ਇਨਸਾਨ, ਬੁਰੇ ਭਲੇ ਦੀ ਪਹਿਚਾਣ ਹੀ ਨਹੀਂ ਕਰਦਾ, (ਅਤੇ ਉਸ ਨੂੰ ਇਹ ਵੀ ਪਤਾ ਨਹੀਂ ਲਗਦਾ ਕਿ) ਅੱਗੇ (ਜਿੱਥੇ ਪਹੁੰਚਣਾ ਹੈ, ਉਹ) ਪੈਂਡਾ ਤਾਂ ਬਹੁਤ ਬਿਖੜਾ ਹੈ...

ਪੂਰਾ	ਸਤਿਗੁਰੁ, *(ਸਤਗੁਰ)*	ਕਬਹੂੰ	ਨ *(ਨਾਂ)*	ਸੇਵਿਆ,
ਪੂਰਨ	ਸਤਿਗੁਰੂ	ਕਦੇ ਵੀ	ਨਹੀਂ	ਸੇਵਾ-ਸੰਭਾਲ

ਅੰਕ ੨੨

ਸਿਰਿ*(ਸਿਰ)*	ਠਾਢੇ	ਜਮ	ਜੰਦਾਰਾ ॥
ਸਿਰ ਉੱਤੇ ਖੜ੍ਹਾ ਹੁੰਦਾ	ਯਮਰਾਜ	ਜ਼ਾਲਮ,	ਗਵਾਰ

...(ਇਸ ਮਦਹੋਸ਼ੀ ਵਿਚ ਉਹ) ਕਦੀ ਵੀ ਪੂਰਨ ਸਤਿਗੁਰੂ ਦੀ ਸੇਵਾ-ਸੰਭਾਲ ਨਹੀਂ ਕਰਦਾ, (ਉਸ ਨੂੰ ਸਮਝ ਨਹੀਂ ਆਉਂਦੀ ਕਿ ਉਸ ਦੇ) ਸਿਰ ਉੱਤੇ (ਤਾਂ ਹਮੇਸ਼ਾਂ) ਜ਼ਾਲਮ ਮੌਤ ਦਾ ਫਰਿਸ਼ਤਾ ਖੜਾ ਹੁੰਦਾ ਹੈ...

ਧਰਮ ਰਾਇ,	ਜਬ	ਪਕਰਸਿ*(ਪਕਰਸ)*	ਬਵਰੇ,
ਧਰਮ-ਰਾਜ	ਜਦੋਂ	ਫੜੇਗਾ	ਬਾਵਰੇ, ਕਮਲੇ
ਤਬ	ਕਿਆ	ਜਬਾਬੁ*(ਜਬਾਬ)*	ਕਰੇਇ*(ਕਰੇ)*॥
ਫਿਰ	ਕੀ	ਜੁਆਬ	ਕਰੇਂਗਾ, ਭਾਵ ਦਏਂਗਾ

...(ਭਾਈ! ਹੁਣ ਤਾਂ ਤੂੰ ਜੁਆਨੀ ਵਿਚ ਝੱਲਾ ਹੋਇਆ ਪਿਆ ਹੈਂ, ਪਰ) ਕਮਲਿਆ! ਜਦੋਂ ਧਰਮ-ਰਾਜ (ਹਿਸਾਬ-ਕਿਤਾਬ ਲਈ) ਫੜ ਲਏਗਾ, ਫਿਰ ਕੀ ਜੁਆਬ ਦਵੇਂਗਾ?...

ਕਹੁ	ਨਾਨਕ,	ਦੂਜੈ	ਪਹਰੈ*(ਪਹਿਰੈ)*	ਪ੍ਰਾਣੀ,
ਆਖ਼, ਦੱਸ	ਹੇ! ਨਾਨਕ!	ਦੂਸਰੇ	ਪਹਿਰ ਵਿਚ	ਜੀਵ
ਭਰਿ*(ਭਰ)*	ਜੋਬਨੁ*(ਜੋਬਨ)*	ਲਹਰੀ*(ਲਹਰੀਂ)*	ਦੇਇ*(ਦੇ)*॥੨॥	
ਭਰਪੂਰ	ਜੋਬਨ	ਉਛਾਲੇ, ਹੁਲਾਰੇ	ਦਿੰਦੀ	

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ) ਰਾਤ ਦੇ ਦੂਸਰੇ ਪਹਿਰ ਵਿਚ (ਮਨੁੱਖ ਦੀ ਜ਼ਿੰਦਗੀ) ਭਰ-ਜੁਆਨੀ ਦੀਆਂ ਛੱਲਾਂ ਮਾਰਦੀ ਹੈ...

ਤੀਜੈ	ਪਹਰੈ*(ਪਹਿਰੈ)*	ਰੈਣਿ*(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਤੀਸਰੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ
ਬਿਖੁ*(ਬਿਖ)*	ਸੰਚੈ,	ਅੰਧੁ*(ਅੰਧ)*	ਅਗਿਆਨੁ*(ਅਗਿਆਨ)* ॥		
ਜ਼ਹਿਰ	ਇੱਕਤ੍ਰ ਕਰਦਾ	ਅੰਨ੍ਹਾ	ਅਗਿਆਨੀ		

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਤੀਸਰੇ ਪਹਿਰ ਅੰਦਰ (ਮਾਇਆ ਦੇ ਪਰਪੰਚ ਵਿਚ) ਅੰਨ੍ਹਾ ਹੋਇਆ ਅਗਿਆਨੀ (ਵਿਕਾਰਾਂ ਦੀ) ਜ਼ਹਿਰ ਇਕੱਤ੍ਰ ਕਰਨ ਵਿਚ ਲਗਿਆ ਰਹਿੰਦਾ ਹੈ...

ਪੁਤ੍ਰਿ*(ਪੁੱਤ੍ਰ)*	ਕਲਤ੍ਰਿ*(ਕਲਤ੍ਰ)*	ਮੋਹਿ*(ਮੋਹ)*	ਲਪਟਿਆ,	ਵਣਜਾਰਿਆ	ਮਿਤ੍ਰਾ,
ਪੁੱਤਰ	ਇਸਤ੍ਰੀ	ਸਨੇਹ, ਲਗਾਓ	ਲਿਪਟਿਆ	ਵਪਾਰੀ	ਦੋਸਤਾ

ਅੰਕ ੨੨

ਅੰਤਰਿ *(ਅੰਤਰ)*	**ਲਹਰਿ** *(ਲਹਿਰ)*	**ਲੋਭਾਨੁ** *(ਲੋਭਾਨ)* ॥
ਅੰਦਰ	ਲਹਿਰਾਂ, ਤਰੰਗਾਂ	ਲੋਭ, ਲਾਲਚ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜੀਵ) ਪੁੱਤਰ ਅਤੇ ਇਸਤ੍ਰੀ ਦੇ ਮੋਹ ਵਿਚ ਲਿਪਟਿਆ ਰਹਿੰਦਾ ਹੈ, ਅਤੇ ਉਸ ਦੇ ਅੰਦਰ ਲੋਭ-ਲਾਲਚ ਦੀਆਂ ਤਰੰਗਾਂ ਉਠਦੀਆਂ ਰਹਿੰਦੀਆਂ ਹਨ...

ਅੰਤਰਿ *(ਅੰਤਰ)*	**ਲਹਰਿ** *(ਲਹਿਰ)*	**ਲੋਭਾਨੁ** *(ਲੋਭਾਨ)*	**ਪਰਾਨੀ,**
ਅੰਦਰ	ਤਰੰਗ, ਛੱਲ	ਲੋਭ, ਲਾਲਚ	ਪਰਾਣੀ, ਇਨਸਾਨ

ਸੋ	**ਪ੍ਰਭੁ** *(ਪ੍ਰਭ)*	**ਚਿਤਿ** *(ਚਿਤ)*	**ਨ** *(ਨਾਂ)*	**ਆਵੈ** ॥
ਉਹ	ਪਰਮੇਸ਼ਰ	ਚਿੱਤ ਵਿਚ	ਨਹੀਂ	ਆਉਂਦਾ

...ਇਨਸਾਨ ਦੇ (ਹਿਰਦੇ) ਅੰਤਰ ਲੋਭ-ਲਾਲਚ ਦੀਆਂ ਛੱਲਾਂ ਉਠਣ (ਕਰਕੇ), ਉਹ ਪਰਮੇਸ਼ਰ ਉਸ ਦੇ ਚਿੱਤ ਵਿਚ ਨਹੀਂ ਆਉਂਦਾ...

ਸਾਧਸੰਗਤਿ *(ਸਾਧਸੰਗਤ)*	**ਸਿਉ,** *(ਸਿਉਂ)*	**ਸੰਗੁ** *(ਸੰਗ)*	**ਨ** *(ਨਾਂ)*	**ਕੀਆ,**
ਸੱਤ ਪੁਰਖਾਂ ਦੇ ਇੱਕਠ ਦੀ	ਨਾਲ	ਸੰਗਤ	ਨਹੀਂ	ਕਰਦਾ

ਬਹੁ	**ਜੋਨੀ**	**ਦੁਖੁ** *(ਦੁੱਖ)*	**ਪਾਵੈ** ॥
ਬਹੁਤੀਆਂ	ਜੂਨਾਂ ਵਿਚ	ਦੁੱਖ, ਤਕਲੀਫ਼	ਪਾਉਂਦਾ

...ਸੱਤ-ਪੁਰਖਾਂ ਦੇ ਇੱਕਠ ਦੀ (ਉਹ) ਕਦੀ ਸੰਗਤ, ਭਾਵ ਸੰਗ-ਸਾਥ ਨਹੀਂ ਕਰਦਾ, ਜਿਸ ਕਰਕੇ ਅਨੇਕਾਂ ਜੂਨਾਂ ਵਿਚ (ਭਟਕਦਾ ਹੋਇਆ) ਦੁੱਖ ਪਾਉਂਦਾ ਰਹਿੰਦਾ ਹੈ...

ਸਿਰਜਨਹਾਰੁ *(ਸਿਰਜਨਹਾਰ)*	**ਵਿਸਾਰਿਆ**	**ਸੁਆਮੀ,**
ਕਰਤਾ ਪੁਰਖ਼	ਭੁਲਾ ਦਿੰਦਾ ਪਰਮੇਸ਼ਰ	

ਇਕ *(ਇੱਕ)*	**ਨਿਮਖ**	**ਨ** *(ਨਾਂ)*	**ਲਗੋ**	**ਧਿਆਨੁ** *(ਧਿਆਨ)* ॥
ਗਿਣਤੀ ਦੀ ਇਕਾਈ	ਖਿਨ, ਛਿਨ	ਨਹੀਂ	ਲਗਦਾ	ਲਿਵ

...(ਉਹ) ਸਿਰਜਣਹਾਰ ਸੁਆਮੀ ਨੂੰ ਭੁਲਾ ਦਿੰਦਾ ਹੈ, ਤੇ ਇੱਕ ਪਲ ਲਈ ਵੀ ਪਰਮੇਸ਼ਰ ਵਿਚ ਲਿਵ ਨਹੀਂ ਜੋੜਦਾ...

ਕਹੁ	**ਨਾਨਕ,**	**ਪ੍ਰਾਣੀ,**	**ਤੀਜੈ**	**ਪਹਰੈ,** *(ਪਹਿਰੈ)*
ਆਖ਼, ਦੱਸ	ਹੇ ! ਨਾਨਕ !	ਜੀਵ	ਤੀਸਰੇ	ਪਹਿਰ ਵਿਚ

ਬਿਖੁ *(ਬਿਖ)*	ਸੰਚੇ	ਅੰਧੁ *(ਅੰਧ)*	ਅਗਿਆਨੁ *(ਅਗਿਆਨ)* ॥੩॥
ਜ਼ਹਿਰ	ਇੱਕਤ੍ਰ ਕਰਦਾ	ਅੰਨ੍ਹਾ	ਅਗਿਆਨੀ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ ਜ਼ਿੰਦਗੀ ਦੇ ਤੀਸਰੇ ਪਹਿਰ ਵਿਚ (ਮਾਇਆ ਦੇ ਪਰਪੰਚ ਵਿਚ) ਅੰਨ੍ਹਾ ਹੋਇਆ ਅਗਿਆਨੀ (ਵਿਕਾਰਾਂ ਦੀ) ਜ਼ਹਿਰ ਇਕੱਤ੍ਰ ਕਰਨ ਵਿਚ ਲਗਿਆ ਰਹਿੰਦਾ ਹੈ।

ਚਉਥੈ	ਪਹਰੈ *(ਪਹਿਰੈ)*	ਰੈਣਿ *(ਰੈਣ)*	ਕੈ,	ਵਣਜਾਰਿਆ	ਮਿਤ੍ਰਾ,
ਚੌਥੇ	ਪਹਿਰ ਵਿਚ	ਰਾਤ	ਦੇ	ਵਪਾਰੀ	ਦੋਸਤਾ

ਦਿਨੁ *(ਦਿਨ)*	ਨੇੜੈ	ਆਇਆ	ਸੋਇ॥
ਦਿਨਸ	ਨਜ਼ਦੀਕ	ਆ ਜਾਂਦਾ	ਉਹ

ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਜ਼ਿੰਦਗੀ ਰੂਪੀ) ਰਾਤ ਦੇ ਚੌਥੇ ਪਹਿਰ ਅੰਦਰ, (ਮੌਤ ਦਾ) ਉਹ ਦਿਨ ਨਜ਼ਦੀਕ ਆ ਜਾਂਦਾ ਹੈ (ਜਦੋਂ ਸੰਸਾਰ ਦੀ ਇਸ ਖੇਡ ਨੂੰ ਛੱਡਣਾ ਪੈਂਦਾ ਹੈ)...

ਗੁਰਮੁਖਿ, *(ਗੁਰਮੁਖ)*	ਨਾਮੁ *(ਨਾਮ)*	ਸਮਾਲਿ *(ਸੰਮ੍ਹਾਲ)*	ਤੂੰ,	ਵਣਜਾਰਿਆ	ਮਿਤ੍ਰਾ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ)ਨਾਮ	ਸਿਮਰ	ਤੁਸੀਂ	ਵਪਾਰੀ	ਦੋਸਤਾ

ਤੇਰਾ	ਦਰਗਹ *(ਦਰਗਹਿ)*	ਬੇਲੀ	ਹੋਇ॥
ਤੁਹਾਡਾ	ਰੱਬੀ-ਦਰਗਾਹ ਵਿਚ	ਸੱਜਣ, ਦੋਸਤ	ਹੁੰਦਾ ਹੈ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਰਮੇਸ਼ਰ ਦੇ) ਨਾਮ ਦਾ ਸਿਮਰਨ ਕਰ, (ਇਹ ਵਾਹਿਗੁਰੂ ਦਾ ਨਾਮ ਹੀ) ਤੇਰਾ ਰੱਬੀ ਦਰਗਾਹ ਵਿਚ ਸੱਜਣ-ਬੇਲੀ ਬਣਦਾ ਹੈ...

ਗੁਰਮੁਖਿ, *(ਗੁਰਮੁਖ)*	ਨਾਮੁ *(ਨਾਮ)*	ਸਮਾਲਿ *(ਸੰਮ੍ਹਾਲ)*	ਪਰਾਣੀ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ) ਨਾਮ	ਸਿਮਰ	ਮਨੁੱਖ, ਇਨਸਾਨ

ਅੰਤੇ	ਹੋਇ	ਸਖਾਈ ॥
ਅੰਤ ਨੂੰ, ਅਖੀਰ ਨੂੰ	ਹੁੰਦਾ ਹੈ	ਮਦਦਗਾਰ, ਸਹਾਈ

...ਹੇ! ਇਨਸਾਨ! ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਰਮੇਸ਼ਰ ਦੇ) ਨਾਮ ਦੀ ਅਰਾਧਨਾ ਕਰ, (ਜੋ) ਅੰਤ ਵੇਲੇ ਤੇਰਾ ਮਦਦਗਾਰ ਹੁੰਦਾ ਹੈ...

ਇਹੁ *(ਇਹ)*	ਮੋਹੁ *(ਮੋਹ)*	ਮਾਇਆ,	ਤੇਰੈ	ਸੰਗਿ *(ਸੰਗ)*	ਨ *(ਨਾਂ)*	ਚਾਲੈ,
ਸੰਬੋਧਕ ਸ਼ਬਦ	ਸਨੇਹ, ਲਗਾਓ	ਧਨ, ਦੌਲਤ	ਤੁਹਾਡੇ	ਨਾਲ, ਸਾਥ	ਨਹੀਂ	ਚਲਦੀ, ਜਾਂਦੀ

ਅੰਕ ੨੮

ਝੂਠੀ	ਪ੍ਰੀਤਿ *(ਪ੍ਰੀਤ)*	ਲਗਾਈ ॥			
ਕੂੜੀ	ਪਿਆਰ	ਜੋੜੀ			

...ਧਨ-ਦੌਲਤ ਦਾ ਇਹ ਸਨੇਹ, ਤੇਰੇ ਨਾਲ ਨਹੀਂ ਜਾਂਦਾ, (ਇਸ ਨਾਲ ਐਵੇਂ) ਕੂੜੀ ਪ੍ਰੀਤ ਜੋੜੀ ਹੋਈ ਹੈ...

ਸਗਲੀ	ਰੈਣਿ, *(ਰੈਣ)*	ਗੁਦਰੀ	ਅੰਧਿਆਰੀ,		
ਸਾਰੀ	ਰਾਤ	ਗੁਜ਼ਰ, ਬਤੀਤ	(ਅਗਿਆਨਤਾ ਦੇ) ਹਨ੍ਹੇਰੇ ਵਿਚ		
ਸੇਵਿ *(ਸੇਵ)*	ਸਤਿਗੁਰੁ, *(ਸਤਗੁਰ)*	ਚਾਨਣੁ *(ਚਾਨਣ)*	ਹੋਇ॥		
ਸੇਵ, ਸਿਮਰ	ਸਤਿਗੁਰੂ	ਪ੍ਰਕਾਸ਼	ਹੋ ਜਾਏ		

...ਸਾਰੀ ਰਾਤ ਹੀ ਅਗਿਆਨਤਾ ਦੇ ਹਨ੍ਹੇਰੇ ਵਿਚ ਬਤੀਤ ਹੋ ਗਈ, (ਹੇ! ਭਾਈ!) ਸਤਿਗੁਰੂ ਦੀ ਸੇਵਾ-ਸਿਮਰਨ ਕਰ, ਤਾਂ ਕਿ (ਤੇਰੀ ਹਨ੍ਹੇਰੀ ਜ਼ਿੰਦਗੀ ਵਿਚ ਪਰਮਾਤਮ ਗਿਆਨ ਦਾ) ਚਾਨਣ ਹੋ ਜਾਏ...

ਕਹੁ	ਨਾਨਕ	ਪ੍ਰਾਣੀ,	ਚਉਥੈ	ਪਹਰੈ, *(ਪਹਿਰੈ)*	
ਆਖ਼, ਦੱਸ	ਹੇ! ਨਾਨਕ!	ਜੀਵ	ਚੌਥੇ	ਪਹਿਰ ਵਿਚ	
ਦਿਨੁ *(ਦਿਨ)*	ਨੇੜੈ	ਆਇਆ	ਸੋਇ॥੪॥		
ਦਿਨਸ	ਨਜ਼ਦੀਕ	ਆ ਜਾਂਦਾ	ਉਹ		

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਰੂਪੀ ਰਾਤ ਦੇ) ਚੌਥੇ ਪਹਿਰ ਵਿਚ (ਮੌਤ ਦਾ) ਉਹ ਦਿਨ ਨਜ਼ਦੀਕ ਆ ਜਾਂਦਾ ਹੈ (ਜਦੋਂ ਸੰਸਾਰ ਦੀ ਇਸ ਖੇਡ ਨੂੰ ਛੱਡਣਾ ਪੈਂਦਾ ਹੈ)...

ਲਿਖਿਆ	ਆਇਆ	ਗੋਵਿੰਦ	ਕਾ,	ਵਣਜਾਰਿਆ	ਮਿਤ੍ਰਾ,
ਅੰਕਿਤ	ਆ ਜਾਂਦਾ	ਪਰਮਾਤਮਾ	ਦਾ	ਵਪਾਰੀ	ਦੋਸਤਾ
ਉਠਿ *(ਉਠ)*	ਚਲੇ	ਕਮਾਣਾ	ਸਾਥਿ *(ਸਾਥ)* ॥		
ਉੱਠ ਕੇ	ਚੱਲ ਪੈਂਦਾ	ਕਮਾਏ ਹੋਏ	ਨਾਲ, ਸੰਗ		

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! ਜਦੋਂ ਰੱਬੀ-ਦਰਗਾਹੋਂ ਅਕਾਲ ਪੁਰਖ਼ ਦਾ ਲਿਖਿਆ (ਹੋਇਆ ਮੌਤ ਦਾ ਸੱਦਾ) ਆ ਪਹੁੰਚਦਾ ਹੈ, (ਤਾਂ ਜੀਵ ਆਪਣੇ) ਕਮਾਏ ਹੋਏ (ਕਰਮਾਂ ਨੂੰ) ਨਾਲ ਲੈਕੇ ਇਸ ਸੰਸਾਰ ਤੋਂ ਉੱਠ ਕੇ ਤੁਰ ਪੈਂਦਾ ਹੈ...

ਇਕ *(ਇੱਕ)*	ਰਤੀ	ਬਿਲਮ	ਨ *(ਨਾਂ)*	ਦੇਵਨੀ,	ਵਣਜਾਰਿਆ	ਮਿਤ੍ਰਾ,
ਗਿਣਤੀ ਦੀ ਇਕਾਈ	ਜ਼ਰਾ ਵੀ	ਢਿੱਲ, ਦੇਰ	ਨਹੀਂ	ਦਿੰਦੇ	ਵਪਾਰੀ	ਦੋਸਤਾ

ਅੰਕ ੭੮

ਓਨੀ *(ਓਨ੍ਹੀ)*	ਤਕੜੇ	ਪਾਏ	ਹਾਥ ॥
ਉਨ੍ਹਾਂ ਨੇ	ਮਜ਼ਬੂਤ	ਪਾਏ ਹੁੰਦੇ	ਹੱਥ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! (ਉਸ ਵੇਲੇ ਜੀਵ ਨੂੰ) ਉਨ੍ਹਾਂ (ਜਮਾਂ ਨੇ ਬਹੁਤ) ਮਜ਼ਬੂਤ ਹੱਥ ਪਾਏ ਹੁੰਦੇ ਹਨ, ਅਤੇ ਉਹ (ਇੱਥੋਂ ਤੁਰਨ ਵਿਚ) ਜ਼ਰਾ ਜਿੰਨੀ ਵੀ ਢਿਲ ਜਾਂ ਦੇਰੀ ਨਹੀਂ ਕਰਨ ਦੇਂਦੇ...

ਲਿਖਿਆ	ਆਇਆ,	ਪਕੜਿ *(ਪਕੜ)*	ਚਲਾਇਆ,
ਅੰਕਿਤ ਹੋਇਆ	ਆ ਜਾਂਦਾ	ਫੜਕੇ	ਲੈ ਜਾਂਦੇ

ਮਨਮੁਖ *(ਮਨਮੁੱਖ)*	ਸਦਾ	ਦੁਹੇਲੇ ॥
ਮਨਮੱਤੀਏ, ਬੇਮੁੱਖ	ਹਮੇਸ਼ਾਂ	ਦੁੱਖੀ, ਔਖੇ

...ਜਦੋਂ ਰੱਬੀ-ਦਰਗਾਹੋਂ ਅਕਾਲ ਪੁਰਖ਼ ਦਾ ਲਿਖਿਆ (ਹੋਇਆ ਮੌਤ ਦਾ ਸੱਦਾ) ਆ ਪਹੁੰਚਦਾ ਹੈ, (ਤਾਂ ਮੌਤ ਦਾ ਫਰਿਸ਼ਤਾ) ਫੜਕੇ ਤੋਰ ਲਿਜਾਂਦਾ ਹੈ, ਅਤੇ (ਉਸ ਵੇਲੇ) ਮਨਮੁੱਖ ਹਮੇਸ਼ਾਂ ਦੁੱਖੀ ਹੁੰਦੇ ਹਨ...

ਜਿਨੀ, *(ਜਿਨ੍ਹੀਂ)*	ਪੂਰਾ	ਸਤਿਗੁਰੁ *(ਸਤਗੁਰ)*	ਸੇਵਿਆ,
ਜਿਨ੍ਹਾਂ ਨੇ	ਪੂਰਨ	ਸਤਿਗੁਰੂ	ਸੇਵਾ ਕੀਤੀ, ਸਿਮਰਿਆ

ਸੇ	ਦਰਗਹ *(ਦਰਗਹਿ)*	ਸਦਾ	ਸੁਹੇਲੇ ॥
ਉਹ	ਰੱਬੀ ਦਰਗਾਹੇ	ਹਮੇਸ਼ਾਂ	ਸੁਖਾਲੇ, ਆਨੰਦਿਤ

...(ਪਰ) ਜਿਨ੍ਹਾਂ (ਗੁਰਮੁੱਖਾਂ) ਨੇ ਪੂਰਨ ਸਤਿਗੁਰੂ ਦੀ ਸੇਵਾ-ਸਿਮਰਨ ਕੀਤਾ ਹੁੰਦਾ ਹੈ, ਉਹ ਰੱਬੀ-ਦਰਗਾਹੇ ਹਮੇਸ਼ਾਂ ਸੌਖੇ, ਭਾਵ ਆਨੰਦਿਤ ਰਹਿੰਦੇ ਹਨ...

ਕਰਮ	ਧਰਤੀ,	ਸਰੀਰੁ *(ਸਰੀਰ)*	ਜੁਗ	ਅੰਤਰਿ, *(ਅੰਤਰ)*
ਕੰਮ	ਜ਼ਮੀਨ	ਤਨ	ਸਮੇਂ	ਵਿਚ, ਅੰਦਰ

ਜੋ	ਬੋਵੈ,	ਸੋ	ਖਾਤਿ *(ਖਾਤ)* ॥
ਜਿਹੜਾ ਕੁਝ	ਬੀਜਦਾ	ਉਹੋ	ਖਾਂਦਾ

...(ਮਨੁੱਖਾ ਜੀਵਨ ਦੇ ਇਸ) ਸਮੇਂ ਵਿਚ (ਅਕਾਲ ਪੁਰਖ਼ ਵਲੋਂ ਬਖਸ਼ਿਆ ਇਹ) ਸਰੀਰ, ਕਰਮ ਕਮਾਉਣ ਲਈ ਧਰਤੀ ਹੈ, ਅਤੇ ਇਸ ਵਿਚ, ਜੀਵ ਜੋ ਕੁਝ ਵੀ ਬੀਜਦਾ ਹੈ ਉਹੀ ਖਾਂਦਾ ਹੈ...

ਕਹੁ	**ਨਾਨਕ,**	**ਭਗਤ**	**ਸੋਹਹਿ** *(ਸੋਹਹਿੰ)*	**ਦਰਵਾਰੇ,**
ਆਖ, ਦੱਸ	ਹੇ ! ਨਾਨਕ	ਭਗਤੀ ਕਰਨ ਵਾਲੇ	ਸ਼ੋਭਦੇ, ਸੁਹਣੇ ਲਗਦੇ	ਰੱਬੀ-ਦਰਬਾਰ ਵਿਚ

ਮਨਮੁਖ *(ਮਨਮੁੱਖ)*	**ਸਦਾ**	**ਭਵਾਤਿ** *(ਭਵਾਂਤ)* ॥੫॥੧॥੪॥
ਮਨਮੱਤੀਏ, ਬੇਮੁੱਖ	ਹਮੇਸ਼ਾਂ	ਭਾਉਂਦੇ ਰਹਿੰਦੇ, ਭਟਕਦੇ ਰਹਿੰਦੇ

...ਹੇ! ਨਾਨਕ! (ਤੂੰ ਜੀਵਨ ਦੇ ਵਣਜਾਰਿਆਂ ਨੂੰ) ਦੱਸ ਕਿ (ਜ਼ਿੰਦਗੀ ਦੀ ਬਾਜ਼ੀ ਜਿੱਤਣ ਵਾਲੇ) ਭਗਤ, ਰੱਬੀ-ਦਰਗਾਹੇ ਸ਼ੋਭਨੀਕ ਹੁੰਦੇ ਹਨ, ਅਤੇ ਮਨਮੁੱਖ ਹਮੇਸ਼ਾਂ ਜਨਮ-ਮਰਨ ਦੇ ਗੇੜ ਵਿਚ ਭਟਕਦੇ ਫਿਰਦੇ ਹਨ।

ਸਿਰੀਰਾਗੁ, *(ਸਿਰੀਰਾਗ)*	**ਮਹਲਾ** *(ਮਹਿਲਾ)*	**੪,** *(ਚੌਥਾ)*	**ਘਰੁ** *(ਘਰ)*	**੨,** *(ਦੂਜਾ)*	**ਛੰਤ**
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ	ਤਾਲ ਦਾ ਸੰਕੇਤ	ਦੂਜਾ	ਖ਼ੁਸ਼ੀ ਦਾ ਗੀਤ

ੴ *(ਇਕ ਓਅੰਕਾਰ)*	**ਸਤਿ** *(ਸੱਤ)*
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ	**ਪ੍ਰਸਾਦਿ॥** *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀਂ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਮੁੰਧ	**ਇਆਣੀ**	**ਪੇਈਅੜੈ,**
ਜੁਆਨ ਇਸਤ੍ਰੀ	ਅੰਜਾਣ, ਨਾਸਮਝ	ਪੇਕੇ ਘਰ ਵਿਚ

ਕਿਉ *(ਕਿਉਂ)*	**ਕਰਿ** *(ਕਰ)*	**ਹਰਿ** *(ਹਰ)*	**ਦਰਸਨੁ** *(ਦਰਸ਼ਨ)*	**ਪਿਖੈ** ॥
ਕਿਵੇਂ	ਕਰਕੇ	ਪ੍ਰਭੂ	ਦੀਦਾਰ	ਵੇਖੇ, ਤੱਕੇ

...(ਜੇਕਰ) ਜੁਆਨ (ਜੀਵ) ਇਸਤ੍ਰੀ, (ਸੰਸਾਰ ਰੂਪੀ) ਪੇਕੇ ਘਰ ਵਿਚ ਨਿਆਣਿਆਂ ਵਾਂਗ ਨਾਸਮਝ ਹੀ ਬਣੀ ਰਹੀ, (ਭਾਵ ਸ਼ੁਭ ਕਰਮਾਂ ਰੂਪੀ ਕੋਈ ਚੱਜ-ਆਚਾਰ ਹੀ ਨਾ ਸਿੱਖਿਆ ਤਾਂ ਸਹੁਰੇ ਘਰ ਅਥਵਾ ਰੱਬੀ-ਦਰਗਾਹੇ) ਪ੍ਰਭੂ (ਖ਼ਸਮ) ਦੇ ਦੀਦਾਰ ਕਿਵੇਂ ਕਰ ਸਕੇਗੀ?

ਹਰਿ *(ਹਰ)*	**ਹਰਿ** *(ਹਰ)*	**ਅਪਨੀ**	**ਕਿਰਪਾ**	**ਕਰੇ,**
ਪ੍ਰਭੂ	ਪ੍ਰਭੂ	ਆਪਣੀ	ਮਿਹਰ, ਬਖਸ਼ਿਸ਼	ਕਰ ਦੇਵੇ

ਗੁਰਮੁਖਿ *(ਗੁਰਮੁਖ)*	**ਸਾਹੁਰੜੈ**	**ਕੰਮ**	**ਸਿਖੈ** ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਸਹੁਰੇ ਘਰ ਵਾਲੇ	ਕਾਰਜ	ਸਿੱਖਦੀ ਹੈ

...(ਜੇਕਰ) ਅਕਾਲ ਪੁਰਖ ਆਪਣੀ ਮਿਹਰ ਕਰ ਦੇਵੇ, (ਤਾਂ ਜੀਵ ਇਸਤ੍ਰੀ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਸਹੁਰੇ ਘਰ ਵਿਚ (ਪਰਵਾਨ ਹੋਣ ਵਾਲੇ) ਕੰਮ-ਕਾਜ ਸਿੱਖ ਲੈਂਦੀ ਹੈ...

ਸਾਹੁਰੜੈ	ਕੰਮ	ਸਿਖੈ	ਗੁਰਮੁਖਿ, *(ਗੁਰਮੁਖ)*
ਸਹੁਰੇ ਘਰ ਵਾਲੇ	ਕਾਰਜ	ਸਿੱਖ ਲੈਂਦੀ ਹੈ	ਸਤਿਗੁਰੂ ਦੀ ਸਨਮੁੱਖਤਾ ਰਾਹੀਂ

ਹਰਿ *(ਹਰ)*	ਹਰਿ *(ਹਰ)*	ਸਦਾ	ਧਿਆਏ ॥
ਪ੍ਰਭੂ	ਪ੍ਰਭੂ	ਹਮੇਸ਼ਾਂ	ਧਿਆਉਂਦੀ, ਸਿਮਰਦੀ

...(ਜੀਵ ਇਸਤ੍ਰੀ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਸਹੁਰੇ ਘਰ ਵਿਚ (ਪਰਵਾਨ ਹੋਣ ਵਾਲੇ) ਕੰਮ-ਕਾਜ ਸਿੱਖ ਲੈਂਦੀ ਹੈ, ਅਤੇ ਹਮੇਸ਼ਾਂ ਕਰਤਾ ਪੁਰਖ (ਦੇ ਨਾਮ ਨੂੰ) ਸਿਮਰਦੀ ਰਹਿੰਦੀ ਹੈ...

ਸਹੀਆ, *(ਸਹੀਆਂ)*	ਵਿਚਿ, *(ਵਿਚ)*	ਫਿਰੈ	ਸੁਹੇਲੀ,
ਸਹੇਲੀਆਂ	ਵਿਚ	ਫਿਰਦੀ	ਖੁਸ਼ੀ ਖੁਸ਼ੀ

ਹਰਿ *(ਹਰ)*	ਦਰਗਹ *(ਦਰਗਹਿ)*	ਬਾਹ *(ਬਾਂਹ)*	ਲੁਡਾਏ ॥
ਰੱਬੀ	ਦਰਗਾਹ ਵਿਚ	ਬਾਹਾਂ	ਹੁਲਾਰ ਕੇ, ਭਾਵ ਖੁਸ਼ੀ ਵਿਚ

...(ਆਪਣੀਆਂ ਸਤਸੰਗੀ) ਸਹੇਲੀਆਂ ਵਿਚ ਖੁਸ਼ੀ ਖੁਸ਼ੀ ਘੁੰਮਦੀ ਫਿਰਦੀ ਹੈ, ਅਤੇ ਰੱਬੀ-ਦਰਗਾਹੇ, ਮੌਜ ਵਿਚ ਬਾਹਾਂ ਲੁਡਾਉਂਦੀ (ਜਾਂਦੀ ਹੈ)...

ਲੇਖਾ	ਧਰਮਰਾਇ	ਕੀ	ਬਾਕੀ,
ਹਿਸਾਬ-ਕਿਤਾਬ	ਧਰਮ-ਰਾਜ	ਦਾ	ਬਕਾਇਆ

ਜਪਿ *(ਜਪ)*	ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਕਿਰਖੈ ॥
ਸਿਮਰ ਕੇ	ਪ੍ਰਭੂ	ਪ੍ਰਭੂ	ਨਾਮ	ਹਲ ਨਾਲ ਲਕੀਰਾਂ ਕਢਣੀਆਂ, ਭਾਵ ਲਕੀਰ ਫਿਰਵਾ ਲੈਂਦੀ ਹੈ

...(ਉਹ) ਪਰਮੇਸ਼ਰ ਦਾ ਨਾਮ ਜਪ ਜਪ ਕੇ, (ਆਪਣੇ) ਧਰਮ-ਰਾਜ ਦੇ ਹਿਸਾਬ-ਕਿਤਾਬ ਦੇ ਬਕਾਏ ਤੇ ਲਕੀਰ ਫਿਰਵਾ ਲੈਂਦੀ ਹੈ, ਭਾਵ ਲੇਖੇ ਨੂੰ ਖ਼ਤਮ ਕਰਵਾ ਲੈਂਦੀ ਹੈ...

ਮੁੰਧ	ਇਆਣੀ	ਪੇਈਅੜੈ,
ਜੁਆਨ ਇਸਤ੍ਰੀ	ਅੰਜਾਣ, ਨਾਸਮਝ	ਪੇਕੇ ਘਰ ਵਿਚ

ਗੁਰਮੁਖਿ *(ਗੁਰਮੁਖ)*	ਹਰਿ *(ਹਰ)*	ਦਰਸਨੁ *(ਦਰਸ਼ਨ)*	ਦਿਖੈ ॥੧॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪ੍ਰਭੂ	ਦਰਸ਼ਨ, ਦੀਦਾਰ	ਵੇਖਦੀ, ਤੱਕਦੀ

ਅੰਕ ੨੮

...(ਇਵੇਂ) ਅੰਜਾਣ, ਜੁਆਨ (ਜੀਵ) ਇਸਤ੍ਰੀ (ਸੰਸਾਰ ਰੂਪੀ) ਪੇਕੇ ਘਰ ਵਿਚ ਰਹਿੰਦੀ ਹੋਈ ਵੀ, ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਤੀ) ਪਰਮੇਸ਼ਰ ਦੇ ਦਰਸ਼ਨ-ਦੀਦਾਰ ਕਰ ਲੈਂਦੀ ਹੈ।

ਵੀਆਹੁ *(ਵੀਆਹ)*	ਹੋਆ,	ਮੇਰੇ	ਬਾਬੁਲਾ,
ਵਿਆਹ	ਹੋ ਗਿਆ	ਆਪਣੇ	ਹੇ ! ਪਿਤਾ

ਗੁਰਮੁਖੇ *(ਗੁਰਮੁਖੇ)*	ਹਰਿ *(ਹਰ)*	ਪਾਇਆ ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਹਰੀ	ਪਾ ਲਿਆ ਹੈ

...ਹੇ! (ਮੇਰੇ ਸਤਿਗੁਰੂ) ਪਿਤਾ, (ਪਤੀ-ਪਰਮੇਸ਼ਰ ਨਾਲ) ਮੇਰਾ ਵਿਆਹ ਹੋ ਗਿਆ ਹੈ, ਅਤੇ ਸਤਿਗੁਰੂ ਭਾਵ ਆਪ ਜੀ ਦੀ ਸਨਮੁੱਖਤਾ, ਅਤੇ ਉਪਦੇਸ਼ ਰਾਹੀਂ (ਮੈਂ) ਵਾਹਿਗੁਰੂ (ਪਤੀ) ਨੂੰ ਪ੍ਰਾਪਤ ਕਰ ਲਿਆ ਹੈ...

ਅਗਿਆਨੁ *(ਅਗਿਆਨ)*	ਅੰਧੇਰਾ	ਕਟਿਆ,
ਬੇਸਮਝੀ, ਅਣਜਾਣਪੁਣਾ	ਹਨ੍ਹੇਰਾ	ਕੱਟ ਗਿਆ, ਦੂਰ ਹੋ ਗਿਆ

ਗੁਰ	ਗਿਆਨੁ, *(ਗਿਆਨ)*	ਪ੍ਰਚੰਡੁ *(ਪ੍ਰਚੰਡ)*	ਬਲਾਇਆ ॥
ਸਤਿਗੁਰੂ	ਬੋਧ, ਸੂਝ	ਬਹੁਤ ਤੇਜ਼	ਪ੍ਰਕਾਸ਼ਿਤ ਹੋ ਗਿਆ

...(ਹਰੀ-ਮਿਲਾਪ ਨਾਲ ਮੇਰਾ) ਅਗਿਆਨ ਦਾ ਅੰਧਕਾਰ ਦੂਰ ਹੋ ਗਿਆ ਹੈ, ਅਤੇ ਗੁਰ-ਗਿਆਨ ਦਾ ਪ੍ਰਚੰਡ ਚਾਨਣ, ਜਗਮਗਾ ਉਠਿਆ ਹੈ...

ਬਲਿਆ	ਗੁਰ	ਗਿਆਨੁ *(ਗਿਆਨ)*	ਅੰਧੇਰਾ	ਬਿਨਸਿਆ,
ਬਲ ਪਿਆ	ਸਤਿਗੁਰੂ	ਬੋਧ, ਸੂਝ	ਅੰਧਕਾਰ	ਬਿਨਸ ਗਿਆ, ਮੁੱਕ ਗਿਆ

ਹਰਿ *(ਹਰ)*	ਰਤਨੁ *(ਰਤਨ)*	ਪਦਾਰਥੁ *(ਪਦਾਰਥ)*	ਲਾਧਾ ॥
ਪ੍ਰਭੂ	ਅਮੋਲਕ	ਵਸਤੂ	ਲੱਭ ਪਈ

...(ਮੇਰਾ ਜੀਵਨ) ਗੁਰ-ਗਿਆਨ ਦੇ ਬਲਣ ਨਾਲ (ਨੂਰੋ-ਨੂਰ) ਹੋ ਗਿਆ ਹੈ, ਅਗਿਆਨ ਦਾ ਅੰਧਕਾਰ ਬਿਨਸ ਗਿਆ ਹੈ, ਅਤੇ ਇਸ ਮਹਾਂ-ਪ੍ਰਕਾਸ਼ ਦੇ ਨੂਰ ਨਾਲ ਹਰਿ-ਨਾਮ ਰੂਪੀ ਅਮੋਲਕ ਵਸਤੂ ਲਭ ਪਈ ਹੈ...

ਹਉਮੈ *(ਹਉਮੈਂ)*	ਰੋਗੁ *(ਰੋਗ)*	ਗਇਆ,	ਦੁਖੁ *(ਦੁੱਖ)*	ਲਾਥਾ,
ਹੰਕਾਰ	ਬਿਮਾਰੀ	ਚਲੇ ਗਿਆ	ਕਸ਼ਟ, ਤਕਲੀਫ਼	ਲੱਥ ਗਈ, ਖ਼ਤਮ ਹੋ ਗਈ

ਆਪੁ *(ਆਪ)*	ਆਪੈ	ਗੁਰਮਤਿ *(ਗੁਰਮਤ)*	ਖਾਧਾ ॥
ਆਪਾ-ਭਾਵ, ਅਹੰ	ਆਪੇ ਨੇ, ਸ੍ਵੈ-ਗਿਆਨ	ਸਤਿਗੁਰੂ ਦੀ ਮੱਤ ਰਾਹੀਂ ਖਾ ਲਿਆ, ਮੁਕਾ ਦਿੱਤਾ	

ਅੰਕ ੭੮

...ਹਉਮੈ-ਰੋਗ ਮਿਟ ਗਿਆ ਹੈ, ਅਤੇ ਹਉਮੈ ਦਾ ਦੁੱਖ ਵੀ ਲੱਥ ਗਿਆ ਹੈ, ਸਤਿਗੁਰੂ ਦੀ ਮੱਤ ਦੁਆਰਾ ਪ੍ਰਕਾਸ਼ਮਾਨ ਹੋਏ ਸ੍ਵੈ-ਗਿਆਨ ਨੇ ਆਪੇ-ਭਾਵ ਨੂੰ ਭਾਵ ਮੇਰੀ ਅਹੰ ਨੂੰ ਖਾ ਲਿਆ ਹੈ, ਮੁਕਾ ਦਿੱਤਾ ਹੈ...

ਅਕਾਲ	**ਮੂਰਤਿ,** *(ਮੂਰਤ)*	**ਵਰੁ** *(ਵਰ)*	**ਪਾਇਆ**	**ਅਬਿਨਾਸੀ** *(ਅਬਨਾਸ਼ੀ)*
ਸਮੇਂ ਦੀ ਪਕੜ ਤੋਂ ਉਪਰ	ਵਾਹਿਗੁਰੂ	ਪਤੀ	ਪਾ ਲਿਆ	ਅਮਰ, ਨਾਸ਼ ਰਹਿਤ

ਨਾ *(ਨਾਂ)*	**ਕਦੇ**	**ਮਰੈ**	**ਨ** *(ਨਾਂ)*	**ਜਾਇਆ ॥**
ਨਹੀਂ	ਕਦੀ	ਮਰਦਾ	ਨਹੀਂ	ਜੰਮਦਾ

...(ਤੇ ਇਵੇਂ ਮੈਂ) ਅਵਿਨਾਸ਼ੀ, ਅਕਾਲ-ਪੁਰਖ, ਵਾਹਿਗੁਰੂ ਖ਼ਸਮ ਨੂੰ ਪ੍ਰਾਪਤ ਕਰ ਲਿਆ ਹੈ, (ਉਹ) ਨਾ ਕਦੇ ਮਰਦਾ ਹੈ ਅਤੇ ਨਾ ਹੀਂ ਕਦੀ ਜੰਮਦਾ ਹੈ...

ਵੀਆਹੁ *(ਵੀਆਹ)*	**ਹੋਆ**	**ਮੇਰੇ**	**ਬਾਬੋਲਾ,** *(ਬਾਬਲਾ)*
ਵਿਆਹ	ਹੋ ਗਿਆ	ਆਪਣੇ	ਹੇ! ਪਿਤਾ

ਗੁਰਮੁਖੇ *(ਗੁਰਮੁਖੇ)*	**ਹਰਿ** *(ਹਰ)*	**ਪਾਇਆ ॥੨॥**
ਸਤਿਗੁਰੂ ਦੀ ਸਨਮੁੱਖਤਾ ਰਾਹੀਂ!	ਹਰੀ	ਪਾ ਲਿਆ ਹੈ

...ਹੇ! (ਮੇਰੇ ਸਤਿਗੁਰੂ) ਪਿਤਾ, (ਪਤੀ-ਪਰਮੇਸ਼ਰ ਨਾਲ) ਮੇਰਾ ਵਿਆਹ ਹੋ ਗਿਆ ਹੈ, ਅਤੇ ਸਤਿਗੁਰੂ ਭਾਵ ਆਪ ਜੀ ਦੀ ਸਨਮੁੱਖਤਾ, ਅਤੇ ਉਪਦੇਸ਼ ਰਾਹੀਂ (ਮੈਂ) ਵਾਹਿਗੁਰੂ (ਪਤੀ) ਨੂੰ ਪ੍ਰਾਪਤ ਕਰ ਲਿਆ ਹੈ...

ਹਰਿ *(ਹਰ)*	**ਸਤਿ** *(ਸੱਤ)*	**ਸਤੇ** *(ਸੱਤੇ)*	**ਮੇਰੇ**	**ਬਾਬੁਲਾ,**
ਪ੍ਰਭੂ	ਅਟੱਲ	ਸੱਤ-ਸਰੂਪ	ਆਪਣੇ	ਹੇ! ਪਿਤਾ

ਹਰਿ *(ਹਰ)*	**ਜਨ**	**ਮਿਲਿ** *(ਮਿਲ)*	**ਜੰਞ**	**ਸੁਹੰਦੀ ॥**
ਪਰਮੇਸ਼ਰ	ਜਨਾਂ, ਲੋਕਾਂ	ਮਿਲਾਪ	ਜਨੇਤ, ਬਰਾਤ	ਸੁਹਣੀ ਲਗਦੀ

...ਹੇ! ਮੇਰੇ ਪਿਤਾ, ਮੇਰਾ ਹਰੀ-ਖ਼ਸਮ ਸੱਤ-ਸਰੂਪ, ਸਦਾ-ਸਥਿਰ ਰਹਿਣ ਵਾਲਾ ਹੈ, (ਉਸ ਨਾਲ ਮਿਲਾਪ ਲਈ) ਬਰਾਤ ਤਾਂ, ਪਰਮੇਸ਼ਰ-ਜਨਾ ਦੀ ਹੀ ਸ਼ੋਭਾ ਦਿੰਦੀ ਹੈ...

ਪੇਵਕੜੈ,	**ਹਰਿ** *(ਹਰ)*	**ਜਪਿ** *(ਜਪ)*	**ਸੁਹੇਲੀ,**
ਪੇਕੇ ਘਰ ਵਿਚ	ਪ੍ਰਭੂ	ਸਿਮਰ ਕੇ	ਸੁਖਦਾਈ, ਆਨੰਦਿਤ

ਵਿਚਿ *(ਵਿਚ)*	**ਸਾਹੁਰੜੈ,**	**ਖਰੀ**	**ਸੋਹੰਦੀ ॥**
ਵਿਚ, ਅੰਦਰ	ਸਹੁਰੇ ਘਰ ਵਿਚ	ਬਹੁਤ	ਸ਼ੋਭਨੀਕ

ਅੰਕ ੭੮-੭੯

...(ਮੈਂ ਸੰਸਾਰ ਰੂਪੀ) ਪੇਕੇ ਘਰ ਵਿਚ ਪਰਮੇਸ਼ਰ ਦੀ ਅਰਾਧਨਾ ਕਰਕੇ ਸੁੱਖ-ਅਨੰਦ ਵਿਚ ਰਹਿੰਦੀ ਸੀ, ਅਤੇ ਸਹੁਰੇ ਘਰ ਵਿਚ ਭਾਵ (ਰੱਬੀ-ਦਰਗਾਹੇ) ਵੀ ਬਹੁਤ ਸ਼ੋਭ ਰਹੀ ਹਾਂ...

ਸਾਹੁਰੜੈ	ਵਿਚਿ *(ਵਿਚ)*	ਖਰੀ	ਸੋਹੰਦੀ,
ਸਹੁਰੇ ਘਰ	ਵਿਚ ਅੰਦਰ	ਬਹੁਤ	ਸ਼ੋਭਨੀਕ

ਜਿਨਿ *(ਜਿਨ੍ਹ)*	ਪੇਵਕੜੈ	ਨਾਮੁ *(ਨਾਮ)*	ਸਮਾਲਿਆ *(ਸੰਮ੍ਹਾਲਿਆ)* ॥
ਜਿਨ੍ਹਾਂ ਨੇ	ਪੇਕੇ ਘਰ ਵਿਚ	(ਪ੍ਰਭੂ) ਨਾਮ	ਸਮਾਰਿਆ, ਸਿਮਰਿਆ

...ਜਿਨ੍ਹਾਂ (ਜੀਵ ਇਸਤ੍ਰੀਆਂ ਨੇ) ਪੇਕੇ ਘਰ ਵਿਚ (ਪ੍ਰਭੂ) ਨਾਮ ਦੀ ਬੰਦਗੀ ਕੀਤੀ ਹੈ, (ਉਹ) ਸਹੁਰੇ ਘਰ ਭਾਵ (ਰੱਬੀ-ਦਰਗਾਹ) ਵਿਚ ਵੀ ਬਹੁਤ ਸ਼ੋਭਾ ਪਾਉਂਦੀਆਂ ਹਨ...

ਸਭੁ *(ਸਭ)*	ਸਫਲਿਓ	ਜਨਮੁ *(ਜਨਮ)*	ਤਿਨਾ *(ਤਿਨ੍ਹਾਂ)*	ਦਾ	ਗੁਰਮੁਖਿ, *(ਗੁਰਮੁਖ)*
ਸਾਰਾ	ਸਫ਼ਲ, ਸਾਰਥਿਕ	ਜੀਵਨ	ਉਨ੍ਹਾਂ	ਸੰਬੰਧਕ	ਗੁਰਮੁਖਾਂ ਦਾ

ਜਿਨਾ *(ਜਿਨ੍ਹਾਂ)*	ਮਨੁ *(ਮਨ)*	ਜਿਣਿ, *(ਜਿਣ)*	ਪਾਸਾ	ਢਾਲਿਆ ॥
ਜਿਨ੍ਹਾਂ	ਚਿੱਤ	ਜਿੱਤ ਕੇ	ਚੌਪੜ ਦੀ ਗੋਟੀ	ਸੁੱਟ ਕੇ

...(ਉਨ੍ਹਾਂ) ਗੁਰਮੁੱਖਾਂ ਦਾ ਸਾਰਾ ਜੀਵਨ ਹੀ ਸਾਰਥਿਕ ਹੋ ਜਾਂਦਾ ਹੈ, ਜਿਨ੍ਹਾਂ ਨੇ (ਸੰਸਾਰ ਰੂਪੀ ਚੌਪੜ ਦੀ ਖੇਡ ਵਿਚ ਪ੍ਰਭੂ-ਨਾਮ ਦੀ) ਗੋਟੀ ਸੁੱਟਣ ਨਾਲ ਮਨ-ਜਿੱਤ ਕੇ, ਜੀਵਨ ਦੀ ਬਾਜ਼ੀ ਸਰ ਕਰ ਲਈ ਹੈ...

ਹਰਿ *(ਹਰ)*	ਸੰਤ	ਜਨਾ	ਮਿਲਿ, *(ਮਿਲ)*	ਕਾਰਜੁ *(ਕਾਰਜ)*	ਸੋਹਿਆ,
ਪ੍ਰਭੂ	ਸਾਧੂ	ਲੋਕਾਂ	ਮਿਲਕੇ	ਕੰਮ	ਸ਼ੋਭਨੀਕ ਹੋ ਗਿਆ

ਵਰੁ *(ਵਰ)*	ਪਾਇਆ	ਪੁਰਖੁ *(ਪੁਰਖ)*	ਅਨੰਦੀ ॥
ਪਤੀ	ਪ੍ਰਾਪਤ ਕਰ ਲਿਆ	ਪੁਰਸ਼	ਅਨੰਦਮਈ, ਅਨੰਦ-ਸਰੂਪ

...ਪਰਮੇਸ਼ਰ ਦੇ ਸਾਧੂ-ਜਨਾਂ ਦੇ ਮਿਲਾਪ ਨਾਲ (ਮੇਰਾ) ਵਿਆਹ-ਕਾਰਜ ਸ਼ੋਭਨੀਕ ਹੋ ਗਿਆ, ਅਤੇ (ਮੈਂ) ਅਨੰਦ-ਸਰੂਪ (ਅਕਾਲ) ਪੁਰਖ ਵਰ ਪ੍ਰਾਪਤ ਕਰ ਲਿਆ ਹੈ....

ਹਰਿ *(ਹਰ)*	ਸਤਿ *(ਸਤ)*	ਸਤਿ *(ਸਤ)*	ਮੇਰੇ	ਬਾਬੋਲਾ, *(ਬਾਬਲਾ)*
ਪ੍ਰਭੂ	ਸਦਾ-ਸਥਿਰ	ਸਦਾ-ਸਥਿਰ	ਆਪਣੇ	ਹੇ! ਪਿਤਾ

ਹਰਿ *(ਹਰ)*	ਜਨ	ਮਿਲਿ *(ਮਿਲ)*	ਜੰਞ	ਸੁੋਹੰਦੀ *(ਸੁਹੰਦੀ)* ॥੩॥
ਪਰਮੇਸ਼ਰ	ਜਨਾਂ, ਲੋਕਾਂ	ਮਿਲਾਪ	ਜਨੇਤ, ਬਰਾਤ	ਸੁਹਣੀ ਲਗਦੀ

ਅੰਕ ੨੯

...ਹੇ! ਮੇਰੇ ਪਿਤਾ! ਮੇਰਾ ਹਰੀ-ਖ਼ਸਮ ਸੱਤ-ਸਰੂਪ, ਸਦਾ-ਸਥਿਰ ਰਹਿਣ ਵਾਲਾ ਹੈ, (ਉਸ ਨਾਲ ਮਿਲਾਪ ਲਈ) ਬਰਾਤ ਤਾਂ, ਪਰਮੇਸ਼ਰ-ਜਨਾਂ ਦੀ ਹੀ ਸ਼ੋਭਾ ਦਿੰਦੀ ਹੈ...

ਹਰਿ *(ਹਰ)*	ਪ੍ਰਭੁ *(ਪ੍ਰਭ)*	ਮੇਰੇ	ਬਾਬੁਲਾ,
ਹਰੀ	ਪ੍ਰਭੂ	ਆਪਣੇ	ਹੇ! ਪਿਤਾ

ਹਰਿ *(ਹਰ)*	ਦੇਵਹੁ	ਦਾਨੁ *(ਦਾਨ)*	ਮੈ *(ਮੈਂ)*	ਦਾਜੋ ॥
ਪਰਮੇਸ਼ਰ	ਦਿਓ	ਬਖਸ਼ਿਸ਼	ਮੈਨੂੰ	ਦਾਜ, ਦਹੇਜ਼

...ਹੇ! ਮੇਰੇ, ਪ੍ਰਭੂ-ਪਰਮੇਸ਼ਰ ਪਿਤਾ! ਮੈਨੂੰ ਹਰਿ-ਨਾਮ, ਦਾਨ ਦਾ ਦਹੇਜ਼ ਦਿਓ ਜੀ...

ਹਰਿ *(ਹਰ)*	ਕਪੜੋ,	ਹਰਿ *(ਹਰ)*	ਸੋਭਾ *(ਸ਼ੋਭਾ)*	ਦੇਵਹੁ,
ਪ੍ਰਭੂ	ਬਸਤਰ	ਪ੍ਰਭੂ	ਸ਼ਾਨ, ਵਡਿਆਈ	ਦਿਓ

ਜਿਤੁ *(ਜਿਤ)*	ਸਵਰੈ	ਮੇਰਾ	ਕਾਜੋ ॥
ਜਿਸ ਨਾਲ	ਸੰਵਰ ਜਾਏ	ਆਪਣਾ	ਕਾਰਜ

...ਹੇ! ਪਿਤਾ ਜੀ! ਮੈਨੂੰ ਵਾਹਿਗੁਰੂ-ਨਾਮ ਦੇ ਬਸਤਰ ਦਿਓ, ਮੈਨੂੰ ਵਾਹਿਗੁਰੂ-ਨਾਮ ਦੀ ਹੀ ਸ਼ਾਨੋ-ਸ਼ੌਕਤ ਬਖਸ਼ੋ, ਜਿਸ ਨਾਲ ਮੇਰਾ ਵਿਆਹ-ਕਾਰਜ (ਸੁਹਣੀ ਤਰ੍ਹਾਂ) ਸੰਵਰ ਜਾਏ...

ਹਰਿ *(ਹਰ)*	ਹਰਿ *(ਹਰ)*	ਭਗਤੀ,	ਕਾਜੁ *(ਕਾਜ)*	ਸੁਹੇਲਾ,
ਪ੍ਰਭੂ	ਪ੍ਰਭੂ	ਬੰਦਗੀ	(ਵਿਆਹ) ਕਾਰਜ	ਸੁਖਾਲਾ, ਸੌਖਾ

ਗੁਰਿ *(ਗੁਰ)*	ਸਤਿਗੁਰਿ *(ਸਤਗੁਰ)*	ਦਾਨੁ *(ਦਾਨ)*	ਦਿਵਾਇਆ ॥
ਗੁਰੂ	ਸਤਿਗੁਰੂ ਕੋਲੋਂ	ਦਾਤ, ਬਖਸ਼ਿਸ਼	ਦਿਵਾ ਦਿੱਤਾ

...ਪਰਮੇਸ਼ਰ ਦੀ ਬੰਦਗੀ ਕਰਕੇ (ਮੇਰਾ) ਵਿਆਹ-ਕਾਰਜ ਸੁਖਾਲਾ ਹੋ ਗਿਆ ਹੈ, ਅਤੇ ਇਹ (ਬੰਦਗੀ ਦੀ) ਦਾਤ (ਮੈਨੂੰ ਪਰਮੇਸ਼ਰ ਨੇ) ਗੁਰੂ-ਸਤਿਗੁਰੂ ਪਾਸੋਂ ਬਖਸ਼ਿਸ਼ ਕਰਵਾਈ ਹੈ...

ਖੰਡਿ *(ਖੰਡ)*	ਵਰਭੰਡਿ, *(ਵਰਭੰਡ)*	ਹਰਿ *(ਹਰ)*	ਸੋਭਾ *(ਸ਼ੋਭਾ)*	ਹੋਈ,
ਖੰਡਾਂ/ਦੇਸ਼ਾਂ ਵਿਚ	ਬ੍ਰਹਿਮੰਡਾਂ ਵਿਚ	ਪ੍ਰਭੂ	ਵਡਿਆਈ	ਹੋ ਗਈ ਹੈ

ਇਹੁ *(ਇਹ)*	ਦਾਨੁ, *(ਦਾਨ)*	ਨ *(ਨਾਂ)*	ਰਲੈ	ਰਲਾਇਆ ॥
ਸੰਬੋਧਕ ਸ਼ਬਦ	ਦਾਤ, ਬਖਸ਼ਿਸ਼	ਨਹੀਂ	ਰਲਦੀ	ਰਲਾਉਣ ਨਾਲ

ਅੰਕ ੭੯

...ਖੰਡਾਂ-ਬ੍ਰਹਿਮੰਡਾਂ, ਭਾਵ ਸਾਰੇ ਪਾਸੇ ਪਰਮੇਸ਼ਰ ਦੀ ਬੰਦਗੀ ਦੀ ਵਡਿਆਈ ਹੋ ਗਈ ਹੈ, ਇਹ ਦਾਤ ਐਸੀ ਹੈ ਕਿ ਹੋਰ ਕਿਸੇ ਵੀ ਵਸਤੂ ਨਾਲ ਰਲਾਇਆਂ ਰਲਦੀ ਨਹੀਂ, ਭਾਵ ਕੋਈ ਵੀ ਸੰਸਾਰਿਕ ਵਸਤੂ ਇਸ ਦੇ ਬਰਾਬਰ ਨਹੀਂ...

ਹੋਰਿ *(ਹੋਰ)*	ਮਨਮੁਖ, *(ਮਨਮੁੱਖ)*
ਹੋਰ, ਇਸ ਤੋਂ ਬਿਨਾਂ	ਮਨਮੱਤੀਏ

ਦਾਜੁ *(ਦਾਜ)*	ਜਿ *(ਜੇ)*	ਰਖਿ *(ਰਖ)*	ਦਿਖਾਲਹਿ, *(ਦਿਖਾਲਹਿਂ)*
ਦਹੇਜ਼	ਜਿਹੜਾ	ਰੱਖਕੇ	(ਦੁਨੀਆਂ ਨੂੰ) ਦਿਖਾਲਦੇ

ਸੁ *(ਸੋ)*	ਕੂੜੁ *(ਕੂੜ)*	ਅਹੰਕਾਰੁ *(ਅਹੰਕਾਰ)*	ਕਚੁ *(ਕੱਚ)*	ਪਾਜੋ ॥
ਉਹ	ਝੂਠ	ਹੰਕਾਰ	ਕੱਚ ਵਰਗਾ ਖ਼ੋਟਾ	ਪਖੰਡ, ਦਿਖਾਵਾ

...(ਹਰਿ-ਨਾਮ ਤੋਂ ਬਿਨਾਂ) ਮਨਮੱਤੀਏ, ਹੋਰ (ਦੁਨਿਆਵੀ) ਦਹੇਜ਼, ਜਿਹੜਾ ਰੱਖਕੇ (ਸੰਸਾਰ ਦੇ ਲੋਕਾਂ ਨੂੰ) ਦਿਖਾਵਾ ਕਰਦੇ ਹਨ, ਉਹ ਝੂਠਾ, ਹੰਕਾਰੀ ਅਤੇ ਖ਼ੋਟਾ ਪਖੰਡ ਹੈ...

ਹਰਿ *(ਹਰ)*	ਪ੍ਰਭੁ *(ਪ੍ਰਭ)*	ਮੇਰੇ	ਬਾਬੁਲਾ,
ਹਰੀ	ਪ੍ਰਭੂ	ਆਪਣੇ	ਹੇ ! ਪਿਤਾ

ਹਰਿ *(ਹਰ)*	ਦੇਵਹੁ	ਦਾਨੁ *(ਦਾਨ)*	ਮੈ *(ਮੈਂ)*	ਦਾਜੋ ॥੪॥
ਪਰਮੇਸ਼ਰ	ਦਿਓ	ਬਖਸ਼ਿਸ਼	ਮੈਨੂੰ	ਦਾਜ, ਦਹੇਜ਼

...ਹੇ! ਮੇਰੇ, ਪ੍ਰਭੂ-ਪਰਮੇਸ਼ਰ ਪਿਤਾ! ਮੈਨੂੰ ਹਰਿ-ਨਾਮ, ਦਾਨ ਦਾ ਦਹੇਜ਼ ਦਿਓ ਜੀ...

ਹਰਿ *(ਹਰ)*	ਰਾਮ	ਰਾਮ	ਮੇਰੇ	ਬਾਬੋਲਾ, *(ਬਾਬਲਾ)*
ਪ੍ਰਭੂ	ਰਮਿਆ ਪਰਮੇਸ਼ਰ	ਰਮਿਆ ਪਰਮੇਸ਼ਰ	ਆਪਣੇ	ਮੇਰੇ !ਪਿਤਾ

ਪਿਰ	ਮਿਲਿ *(ਮਿਲ)*	ਧਨ	ਵੇਲ	ਵਧੰਦੀ ॥
ਪਤੀ	ਮਿਲਾਪ ਨਾਲ	ਇਸਤ੍ਰੀ	ਵੰਸ਼, ਪੀੜ੍ਹੀ	ਵੱਧਦੀ, ਚਲਦੀ

...ਹੇ! ਮੇਰੇ ਪਿਤਾ! ਸਰਬ-ਵਿਆਪਕ, ਪ੍ਰਭੂ-ਪਰਮੇਸ਼ਰ ਰੂਪ, ਪਤੀ ਦੇ ਮਿਲਾਪ ਨਾਲ, (ਜੀਵ) ਇਸਤ੍ਰੀ ਦੇ ਵੰਸ਼, (ਭਾਵ ਗੁਰਮੁੱਖ ਜਨਾਂ) ਦਾ ਵਾਧਾ ਹੁੰਦਾ ਹੈ...

ਅੰਕ ੨੯

ਹਰਿ *(ਹਰ)*	ਜੁਗਹ *(ਜੁਗਹਿੰ)*	ਜੁਗੋ,	ਜੁਗ	ਜੁਗਹ *(ਜੁਗਹਿੰ)*	ਜੁਗੋ,
ਪ੍ਰਭੂ	ਜੁਗਾਂ	ਜੁਗਾਂ ਵਿਚ	ਯੁਗ	ਜੁਗਾਂ	ਜੁਗਾਂ ਵਿਚ

ਸਦ	ਪੀੜੀ *(ਪੀੜ੍ਹੀ)*	ਗੁਰੂ	ਚਲੰਦੀ ॥
ਸਦਾ, ਹਮੇਸ਼ਾਂ	ਵੰਸ਼	ਸਤਿਗੁਰੂ	ਚਲਦੀ, ਤੁਰਦੀ

...ਹਰੀ (ਪਤੀ ਦੀ) ਜੁੱਗੋ-ਜੁੱਗ, ਜੁੱਗਾਂ-ਜੁੱਗਾਂਤਰਾਂ ਤਕ, ਸਦੀਵ-ਕਾਲ, ਸਤਿਗੁਰੂ (ਰਾਹੀਂ ਮਿਲਾਪ ਹੋਣ ਨਾਲ, ਵੰਸ਼ (ਭਾਵ ਗੁਰਮੁੱਖ ਜਨਾਂ ਦੀ ਪੀੜ੍ਹੀ ਅੱਗੇ) ਵੱਧਦੀ ਹੈ...

ਜੁਗਿ *(ਜੁਗ)*	ਜੁਗਿ, *(ਜੁਗ)*	ਪੀੜੀ *(ਪੀੜ੍ਹੀ)*	ਚਲੈ	ਸਤਿਗੁਰ *(ਸਤਗੁਰ)*	ਕੀ,
ਜੁਗਾਂ ਵਿਚ	ਜੁਗਾਂ ਵਿਚ	ਵੰਸ਼	ਚਲਦੀ	ਸਤਿਗੁਰੂ	ਦੀ

ਜਿਨੀ *(ਜਿਨ੍ਹੀਂ)*	ਗੁਰਮੁਖਿ *(ਗੁਰਮੁਖ)*	ਨਾਮੁ *(ਨਾਮ)*	ਧਿਆਇਆ ॥
ਜਿਨ੍ਹਾਂ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ) ਨਾਮ	ਸਿਮਰਿਆ, ਅਰਾਧਿਆ

...ਜੁੱਗਾਂ ਜੁੱਗਾਂਤਰਾਂ ਭਾਵ ਸਦੀਵ-ਕਾਲ ਵਿਚ ਪਰਮੇਸ਼ਰ ਦੀ ਪੀੜ੍ਹੀ, ਸਤਿਗੁਰੂ ਰਾਹੀਂ ਚਲਦੀ ਰਹਿੰਦੀ ਹੈ। ਜਿਨ੍ਹਾਂ ਨੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪ੍ਰਭੂ) ਨਾਮ ਦਾ ਸਿਮਰਨ ਕੀਤਾ ਹੈ (ਦਰਅਸਲ ਉਹੋ ਹੀ ਪਰਮੇਸ਼ਰ ਦੀ ਨਾਦੀ-ਸੰਤਾਨ ਅਥਵਾ ਉਹੋ ਹੀ ਪ੍ਰਭੂ ਦੀ ਵੰਸ਼ ਹਨ)...

ਹਰਿ *(ਹਰ)*	ਪੁਰਖੁ, *(ਪੁਰਖ)*	ਨ *(ਨਾਂ)*	ਕਬ	ਹੀ	ਬਿਨਸੈ	ਜਾਵੈ,
ਪ੍ਰਭੂ	ਪੁਰਸ਼	ਨਹੀਂ	ਕਦੀ	ਵੀ	ਬਿਨਸਦਾ	ਜਾਂਦਾ, ਮਰਦਾ

ਨਿਤ	ਦੇਵੈ	ਚੜੈ *(ਚੜ੍ਹੈ)*	ਸਵਾਇਆ ॥
ਰੋਜ਼	ਦਿੰਦਾ ਹੈ	ਚੜ੍ਹਦਾ,	(ਮੁਹਾਵਰਾ) ਵਾਧਾ, ਬਹੁਤਾ, ਜ਼ਿਆਦਾ ਤੋਂ ਜ਼ਿਆਦਾ

...ਪਰਮਾਤਮ-ਪੁਰਸ਼, ਕਦੇ ਵੀ ਬਿਨਸਦਾ ਅਤੇ ਮਰਦਾ ਨਹੀਂ, ਉਹ ਤਾਂ ਸਗੋਂ ਹਰ-ਰੋਜ਼, ਦੂਣ-ਸਵਾਇਆ ਹੁੰਦਾ ਰਹਿੰਦਾ ਹੈ...

ਨਾਨਕ,	ਸੰਤ	ਸੰਤ	ਹਰਿ *(ਹਰ)*	ਏਕੋ,
ਹੇ! ਨਾਨਕ!	ਸਾਧੂ	ਸਾਧੂ	ਪਰਮੇਸ਼ਰ	ਇਕ-ਰੂਪ

ਜਪਿ *(ਜਪ)*	ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਸੋਹੰਦੀ ॥
ਸਿਮਰ ਕੇ	ਵਾਹਿਗੁਰੂ	ਵਾਹਿਗੁਰੂ	ਨਾਮ	ਸ਼ੋਭਨੀਕ

...ਹੇ! ਨਾਨਕ! ਸਾਧੂ ਅਤੇ ਸਾਧੂਆਂ ਦਾ ਪਰਮੇਸ਼ਰ ਇੱਕੋ ਰੂਪ ਹਨ, ਵਾਹਿਗੁਰੂ ਦਾ ਨਾਮ ਸਿਮਰ ਸਿਮਰ ਕੇ (ਜੀਵ-ਇਸਤ੍ਰੀ, ਸੰਤਾਂ ਵਾਂਗ ਹੀ) ਸ਼ੋਭਨੀਕ ਹੋ ਜਾਂਦੀ ਹੈ...

ਅੰਕ ੭੯

ਹਰਿ *(ਹਰ)*	ਰਾਮ	ਰਾਮ	ਮੇਰੇ	ਬਾਬੁਲਾ, *(ਬਾਬਲਾ)*
ਪ੍ਰਭੂ	ਰਮਿਆ ਪਰਮੇਸ਼ਰ	ਰਮਿਆ ਪਰਮੇਸ਼ਰ	ਆਪਣੇ	ਮੇਰੇ !ਪਿਤਾ

ਪਿਰ	ਮਿਲਿ *(ਮਿਲ)*	ਧਨ	ਵੇਲ	ਵਧੰਦੀ ॥੫॥੧॥
ਪਤੀ	ਮਿਲਾਪ ਨਾਲ	ਇਸਤ੍ਰੀ	ਵੰਸ਼, ਪੀੜ੍ਹੀ	ਵੱਧਦੀ, ਚਲਦੀ

...ਹੇ! ਮੇਰੇ ਪਿਤਾ! ਸਰਬ-ਵਿਆਪਕ, ਪ੍ਰਭੂ-ਪਰਮੇਸ਼ਰ ਰੂਪ ਪਤੀ ਦੇ ਮਿਲਾਪ ਨਾਲ, (ਜੀਵ) ਇਸਤ੍ਰੀ ਦੇ ਵੰਸ਼, (ਭਾਵ ਗੁਰਮੁੱਖ ਜਨਾਂ) ਦਾ ਵਾਧਾ ਹੁੰਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੫, *(ਪੰਜਵਾਂ)*	ਛੰਤ
ਰਾਗ ਦਾ ਨਾਮ	ਪਾਤਸ਼ਾਹੀ	ਪੰਜਵੀਂ	ਖੁਸ਼ੀ ਦਾ ਗੀਤ

ੴ *(ਇਕ ਓਅੰਕਾਰ)*	ਸਤਿ *(ਸੱਤ)*
ਇਕ ਪਰਮ-ਆਤਮਾ(ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ	ਪ੍ਰਸਾਦਿ॥ *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਮਨ	ਪਿਆਰਿਆ	ਜੀਉ	ਮਿਤ੍ਰਾ,
ਚਿੱਤ	ਪਿਆਰੇ	ਜੀ	ਸੱਜਣਾਂ,ਦੋਸਤਾ

ਗੋਬਿੰਦ	ਨਾਮੁ *(ਨਾਮ)*	ਸਮਾਲੇ *(ਸੰਮ੍ਹਾਲੇ)* ॥
ਪ੍ਰਭੂ	ਨਾਮ	ਸਿਮਰ, ਚੇਤੇ ਕਰ

ਹੇ! (ਮੇਰੇ) ਪਿਆਰੇ ਦੋਸਤ! ਮਨ ਜੀ, ਪਰਮੇਸ਼ਰ ਦੇ ਨਾਮ ਦੀ ਅਰਾਧਨਾ ਕਰ...

ਮਨ	ਪਿਆਰਿਆ	ਜੀ	ਮਿਤ੍ਰਾ,
ਚਿੱਤ	ਪਿਆਰੇ	ਜੀ	ਸੱਜਣਾਂ, ਦੋਸਤਾ

ਹਰਿ *(ਹਰ)*	ਨਿਬਹੈ	ਤੇਰੈ	ਨਾਲੇ ॥
ਪ੍ਰਭੂ	ਨਿਭਦਾ	ਤੇਰੇ	ਨਾਲ, ਸੰਗ

ਅੰਕ ੭੯

...ਹੇ! (ਮੇਰੇ) ਪਿਆਰੇ ਦੋਸਤ! ਮਨ ਜੀ, (ਸਿਰਫ਼ ਤੇ ਸਿਰਫ਼) ਪਰਮੇਸ਼ਰ (ਦਾ ਨਾਮ) ਹੀ ਤੇਰੇ ਨਾਲ ਨਿਭੇਗਾ...

ਸੰਗਿ *(ਸੰਗ)*	**ਸਹਾਈ,**	**ਹਰਿ** *(ਹਰ)*	**ਨਾਮੁ** *(ਨਾਮ)*	**ਧਿਆਈ,** *(ਧਿਆਈਂ)*
ਨਾਲ, ਸਾਥ	ਮਦਦਗਾਰ	ਪਰਮੇਸ਼ਰ	ਨਾਮ	ਧਿਆਉਂਦਾ, ਅਰਾਧਦਾ

ਬਿਰਥਾ	**ਕੋਇ**	**ਨ** *(ਨਾਂ)*	**ਜਾਏ ॥**
ਵਿਅਰਥ, ਖਾਲੀ	ਕੋਈ	ਨਹੀਂ	ਜਾਂਦਾ

...(ਹੇ! ਮਨਾਂ ਜੋ ਵੀ) ਪਰਮੇਸ਼ਰ ਦਾ ਨਾਮ ਸਿਮਰਦਾ ਹੈ, (ਵਾਹਿਗੁਰੂ ਉਸਦਾ) ਸੰਗੀ-ਸਾਥੀ ਅਤੇ ਮਦਦਗਾਰ ਬਣਦਾ ਹੈ, ਅਤੇ (ਅਕਾਲ ਪੁਰਖ਼ ਦੀ ਬੰਦਗੀ ਕਰਨ ਵਾਲਾ ਕੋਈ ਵੀ ਪ੍ਰਭੂ-ਦਰ ਤੋਂ) ਖਾਲੀ ਨਹੀਂ ਜਾਂਦਾ...

ਮਨ	**ਚਿੰਦੇ,**	**ਸੇਈ**	**ਫਲ**	**ਪਾਵਹਿ,** *(ਪਾਵਹਿਂ)*
ਚਿੱਤ	ਇੱਛਤ	ਉਹੀ	ਲਾਹਾ, ਲਾਭ, ਪ੍ਰਾਪਤੀ	ਪਾਉਂਦੇ ਹਨ

ਚਰਣ	**ਕਮਲ**	**ਚਿਤੁ** *(ਚਿੱਤ)*	**ਲਾਏ ॥**
ਪੈਰ	ਕੰਵਲ(ਫੁੱਲ)	ਮਨ	ਲਾਉਣ ਨਾਲ

...(ਵਾਹਿਗੁਰੂ) ਦੇ ਕੰਵਲ ਫੁੱਲ ਵਰਗੇ ਚਰਨਾਂ ਨਾਲ ਚਿੱਤ ਜੋੜਿਆਂ, (ਜੀਵ) ਉਹੀ ਫਲ ਪ੍ਰਾਪਤ ਕਰ ਲੈਂਦਾ ਹੈ, ਜਿਹੜਾ (ਉਹ) ਮਨ ਵਿਚ ਚਿੱਤਵਦਾ ਹੈ...

ਜਲਿ *(ਜਲ)*	**ਥਲਿ** *(ਥਲ)*	**ਪੂਰਿ** *(ਪੂਰ)*	**ਰਹਿਆ**	**ਬਨਵਾਰੀ,**
ਜਲਾਂ ਵਿਚ	ਧਰਤੀਆਂ ਵਿਚ	ਪਰਿਪੂਰਣ, ਵਿਆਪਕ	ਹੋ ਰਿਹਾ	ਬਨਮਾਲਾ ਪਾਣ ਵਾਲਾ ਵਿਸ਼ਨੂੰ

ਘਟਿ *(ਘਟ)*	**ਘਟਿ** *(ਘਟ)*	**ਨਦਰਿ** *(ਨਦਰ)*	**ਨਿਹਾਲੇ ॥**
ਸਰੀਰ	ਸਰੀਰ	ਕ੍ਰਿਪਾ-ਦ੍ਰਿਸ਼ਟੀ	ਨਿਹਾਲਦਾ, ਵੇਖਦਾ

...(ਕਰਤਾ ਪੁਰਖ਼) ਜਲਾਂ ਅਤੇ ਥਲਾਂ ਵਿਚ ਪਰਿਪੂਰਣ ਹੈ, ਉਹ (ਸ੍ਰਿਸ਼ਟੀ ਦੇ) ਘਟ ਘਟ ਵਿਚ, ਭਾਵ ਸਭ ਜੀਵਾਂ ਨੂੰ (ਆਪਣੀ) ਕ੍ਰਿਪਾ-ਦ੍ਰਿਸ਼ਟੀ ਨਾਲ ਤੱਕਦਾ ਹੈ...

ਨਾਨਕੁ, *(ਨਾਨਕ)*	**ਸਿਖ**	**ਦੇਇ** *(ਦੇ)*	**ਮਨ**	**ਪ੍ਰੀਤਮ,**
ਹੇ! ਨਾਨਕ!	ਸਿੱਖਿਆ, ਉਪਦੇਸ਼	ਦਿੰਦਾ	ਮਨਾਂ	ਪਿਆਰੇ

ਸਾਧਸੰਗਿ *(ਸਾਧਸੰਗ)*	**ਭ੍ਰਮੁ** *(ਭ੍ਰਮ)*	**ਜਾਲੇ ॥੧॥**
ਸੱਤ-ਪੁਰਖਾਂ ਦੀ ਸੰਗਤ ਵਿਚ	ਭਰਮ, ਵਹਿਮ	ਜਾਲ ਦੇ, ਖ਼ਤਮ ਕਰ ਦੇਹ

ਅੰਕ ੭੯

...ਹੇ! ਮੇਰੇ ਪਿਆਰੇ ਮਨਾਂ! ਨਾਨਕ (ਤੈਨੂੰ) ਉਪਦੇਸ਼ ਦਿੰਦਾ ਹੈ, ਕਿ ਸੱਤ-ਪੁਰਖਾਂ ਦੀ ਸੰਗਤ ਵਿਚ (ਜਾਕੇ, ਆਪਣੇ ਸਾਰੇ) ਵਹਿਮਾਂ-ਭਰਮਾਂ ਦਾ ਨਾਸ਼ ਕਰ ਦੇਹ...

ਮਨ	ਪਿਆਰਿਆ,	ਜੀ	ਮਿਤ੍ਰਾ,
ਚਿੱਤ	ਪਿਆਰੇ	ਜੀ	ਸੱਜਣਾਂ,ਦੋਸਤਾ

ਹਰਿ *(ਹਰ)*	ਬਿਨੁ, *(ਬਿਨ)*	ਝੂਠੁ *(ਝੂਠ)*	ਪਸਾਰੇ ॥
ਪ੍ਰਭੂ	ਬਿਨਾਂ, ਬਗੈਰ	ਕੂੜ	ਪਸਾਰਾ, ਖਿਲਾਰਾ

...ਹੇ! (ਮੇਰੇ) ਪਿਆਰੇ ਦੋਸਤ! ਮਨ ਜੀ, ਪਰਮੇਸ਼ਰ ਤੋਂ ਬਿਨਾਂ (ਜਗਤ ਦਾ ਇਹ ਸਭ) ਪਸਾਰਾ ਕੂੜ ਹੈ, ਭਾਵ ਨਾਸ਼ਵਾਨ ਹੈ...

ਮਨ	ਪਿਆਰਿਆ,	ਜੀਉ	ਮਿਤ੍ਰਾ,
ਚਿੱਤ	ਪਿਆਰੇ	ਜੀ	ਸੱਜਣਾਂ, ਦੋਸਤਾ

ਬਿਖੁ *(ਬਿਖ)*	ਸਾਗਰੁ *(ਸਾਗਰ)*	ਸੰਸਾਰੇ ॥
ਜ਼ਹਿਰ	ਸਮੁੰਦਰ	ਜਗਤ

...ਹੇ! (ਮੇਰੇ) ਪਿਆਰੇ ਦੋਸਤ, ਮਨ ਜੀ, (ਇਹ) ਸੰਸਾਰ (ਮਾਇਆਵੀ ਵਿਕਾਰਾਂ ਰੂਪੀ) ਜ਼ਹਿਰ ਦਾ ਸਮੁੰਦਰ ਹੈ...

ਚਰਣ	ਕਮਲ	ਕਰਿ *(ਕਰ)*	ਬੋਹਿਥੁ *(ਬੋਹਿਥ)*	ਕਰਤੇ,
ਪੈਰ	ਕੰਵਲ(ਫੁੱਲ)	ਕਰਕੇ	ਜਹਾਜ਼	ਕਰਤਾ ਪੁਰਖ਼

ਸਹਸਾ *(ਸਹਿੰਸਾ)*	ਦੂਖੁ *(ਦੂਖ)*	ਨ *(ਨਾਂ)*	ਬਿਆਪੈ ॥
ਸੰਸਾ, ਸ਼ਕ	ਦੁੱਖ, ਕਸ਼ਟ	ਨਹੀਂ	ਵਿਆਪਦਾ, ਲਗਦਾ

...(ਇਸ ਨੂੰ ਪਾਰ ਕਰਨ ਲਈ) ਕਰਤਾ ਪੁਰਖ਼ ਦੇ ਕੰਵਲ (ਫੁੱਲ) ਰੂਪੀ ਚਰਨਾਂ ਨੂੰ ਜਹਾਜ਼ ਬਣਾ ਲੈ, (ਫ਼ਿਰ) ਕੋਈ ਵੀ ਸ਼ੰਕਾ ਅਤੇ ਦੁੱਖ (ਤੈਨੂੰ) ਪੋਹ ਨਹੀਂ ਸਕੇਗਾ...

ਗੁਰੁ *(ਗੁਰ)*	ਪੂਰਾ	ਭੇਟੈ	ਵਡਭਾਗੀ, *(ਵਡਭਾਗੀਂ)*
ਸਤਿਗੁਰੂ	ਪੂਰਨ	ਮਿਲਦਾ	ਵਡਿਆਂ ਭਾਗਾਂ ਨਾਲ

ਆਠ	ਪਹਰ *(ਪਹਿਰ)*	ਪ੍ਰਭੁ *(ਪ੍ਰਭ)*	ਜਾਪੈ ॥
ਅੱਠੋ	ਪਹਿਰ, ਤਿੰਨ ਘੰਟੇ ਦਾ ਸਮਾਂ	ਪਰਮੇਸ਼ਰ	ਜਪਦਾ, ਸਿਮਰਦਾ

ਅੰਕ ੨੯

...(ਜਿਸ ਕਿਸੇ ਨੂੰ ਵੀ) ਵੱਡਿਆਂ ਭਾਗਾਂ ਨਾਲ ਪੂਰਨ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਉਹ ਅੱਠੇ ਪਹਿਰ, ਭਾਵ ਦਿਨ-ਰਾਤ ਅਕਾਲ ਪੁਰਖ਼ ਦੀ ਅਰਾਧਨਾ ਕਰਦਾ ਹੈ...

ਆਦਿ *(ਆਦ)*	**ਜੁਗਾਦੀ**	**ਸੇਵਕ**	**ਸੁਆਮੀ,**
ਸ਼ੁਰੂ ਤੋਂ	ਜੁਗਾਂ ਦੇ ਆਰੰਭ ਤੋਂ	ਸੇਵਕਾਂ, ਟਹਿਲੂਆਂ	ਮਾਲਕ, ਰਾਖ਼ਾ

ਭਗਤਾ *(ਭਗਤਾਂ)*	**ਨਾਮੁ** *(ਨਾਮ)*	**ਅਧਾਰੇ ॥**
ਬੰਦਗੀ ਕਰਨ ਵਾਲਿਆਂ	(ਪ੍ਰਭੂ) ਨਾਮ	ਓਟ, ਆਸਰਾ

...(ਕਰਤਾ ਪੁਰਖ਼) ਆਦਿ ਤੋਂ ਅਤੇ ਜੁੱਗਾਂ ਜੁੱਗਾਂਤਰਾਂ ਤੋਂ (ਹੀ ਆਪਣੇ) ਸੇਵਕਾਂ ਦਾ ਮਾਲਕ ਹੈ।

ਨਾਨਕੁ, *(ਨਾਨਕ)*	**ਸਿਖ**	**ਦੇਇ** *(ਦੇ)*	**ਮਨ**	**ਪ੍ਰੀਤਮ,**
ਹੇ! ਨਾਨਕ!	ਸਿੱਖਿਆ, ਉਪਦੇਸ਼	ਦਿੰਦਾ	ਮਨਾ	ਪਿਆਰੇ

ਬਿਨੁ *(ਬਿਨ)*	**ਹਰਿ** *(ਹਰ)*	**ਝੂਠ**	**ਪਸਾਰੇ ॥੨॥**
ਬਿਨਾਂ, ਬਗੈਰ	ਪ੍ਰਭੂ	ਕੂੜ	ਪਸਾਰਾ, ਖਿਲਾਰਾ

...ਹੇ! ਮੇਰੇ ਪਿਆਰੇ ਮਨਾਂ! ਨਾਨਕ (ਤੈਨੂੰ) ਉਪਦੇਸ਼ ਦਿੰਦਾ ਹੈ ਕਿ, ਪਰਮੇਸ਼ਰ ਤੋਂ ਬਿਨਾਂ (ਜਗਤ ਦਾ ਇਹ ਸਭ) ਪਸਾਰਾ ਕੂੜ ਹੈ, ਭਾਵ ਨਾਸ਼ਵਾਨ ਹੈ...

ਮਨ	**ਪਿਆਰਿਆ,**	**ਜੀਉ**	**ਮਿਤ੍ਰਾ,**
ਚਿੱਤ	ਪਿਆਰੇ	ਜੀ	ਸੱਜਣਾਂ, ਦੋਸਤਾ

ਹਰਿ *(ਹਰ)*	**ਲਦੇ**	**ਖੇਪ**	**ਸਵਲੀ** *(ਸਵੱਲੀ)* **॥**
ਪ੍ਰਭੂ	ਲੱਦ ਲੈ, ਰੱਖ ਲੈ	ਸੌਦਾ, ਵਪਾਰ ਦਾ ਮਾਲ	ਨਫ਼ੇ ਵਾਲੀ, ਲਾਹੇਵੰਦੀ

...ਹੇ! (ਮੇਰੇ) ਪਿਆਰੇ ਦੋਸਤ, ਮਨ ਜੀ! ਹਰਿ-ਨਾਮ ਦਾ ਲਾਹੇਵੰਦਾ ਸੌਦਾ ਲੱਦ ਲੈ (ਇਸ ਨਾਲ ਜ਼ਿੰਦਗੀ ਵਿਚ ਨਫ਼ਾ ਹੀ ਨਫ਼ਾ ਹੋਵੇਗਾ)...

ਮਨ	**ਪਿਆਰਿਆ,**	**ਜੀਉ**	**ਮਿਤ੍ਰਾ,**
ਚਿੱਤ	ਪਿਆਰੇ	ਜੀ	ਸੱਜਣਾਂ,ਦੋਸਤਾ

ਹਰਿ *(ਹਰ)*	**ਦਰੁ** *(ਦਰ)*	**ਨਿਹਚਲੁ** *(ਨਿਹਚਲ)*	**ਮਲੀ ॥**
ਰੱਬੀ	ਦਰ, ਦਰਵਾਜ਼ੇ	ਅਚੱਲ, ਸਦਾ-ਕਾਇਮ	ਮਲ, ਕਾਬਜ਼ ਹੋ

ਅੰਕ ੭੯

...ਹੇ! (ਮੇਰੇ) ਪਿਆਰੇ ਦੋਸਤ, ਮਨ ਜੀ, ਰੱਬ ਦੇ ਨਿਹਚਲ ਦਰਵਾਜ਼ੇ ਨੂੰ (ਹਮੇਸ਼ਾਂ) ਮੱਲੀ ਰੱਖ...

ਹਰਿ *(ਹਰ)*	ਦਰੁ *(ਦਰ)*	ਸੇਵੇ,	ਅਲਖ *(ਅਲੱਖ)*	ਅਭੇਵੇ,
ਪ੍ਰਭੂ	ਦਰਵਾਜ਼ੇ	ਸੇਂਵਦਾ, ਸਿਮਰਦਾ	ਸਮਝ ਤੋਂ ਪਰ੍ਹੇ(ਪ੍ਰਭੂ)	ਜਿਸ ਦਾ ਭੇਦ ਨਾ ਪੈ ਸਕੇ

ਨਿਹਚਲੁ *(ਨਿਹਚਲ)*	ਆਸਣੁ *(ਆਸਣ)*	ਪਾਇਆ ॥
ਅਚੱਲ, ਸਦਾ-ਕਾਇਮ	ਟਿਕਾਣਾ	ਪ੍ਰਾਪਤ ਕਰ ਲੈਂਦਾ, ਟਿਕ ਜਾਂਦਾ

...(ਮਨਾਂ! ਜੋ ਵੀ) ਹਰਿ-ਦਰ ਦੀ ਸੇਵਾ ਕਰਦਾ, ਅਤੇ ਅਲੱਖ, ਅਭੇਵ ਪ੍ਰਭੂ (ਨੂੰ ਸਿਮਰਦਾ ਹੈ, ਉਹ ਪਰਮੇਸ਼ਰ ਦੇ) ਨਿਹਚਲ-ਆਸਣ ਤੇ ਟਿਕਾਣਾ ਕਰ ਲੈਂਦਾ ਹੈ...

ਤਹ *(ਤਹਿੰ)*	ਜਨਮ	ਨ *(ਨਾਂ)*	ਮਰਣੁ, *(ਮਰਣ)*	ਨ *(ਨਾਂ)*	ਆਵਣ	ਜਾਣਾ,
ਉਥੇ	ਜੰਮਣ	ਨਹੀਂ	ਮੌਤ	ਨਹੀਂ	ਆਉਣਾ	ਚਲੇ ਜਾਣਾ

ਸੰਸਾ	ਦੂਖੁ *(ਦੂਖ)*	ਮਿਟਾਇਆ ॥
ਸ਼ੰਕਾ	ਦੁੱਖ	ਮਿਟ ਜਾਂਦੇ

...ਉੱਥੇ (ਫਿਰ) ਜਨਮ ਮਰਣ ਤੇ ਆਵਾਗਉਣ ਦਾ ਚੱਕਰ ਨਹੀਂ ਰਹਿੰਦਾ, ਅਤੇ (ਜੀਵਨ ਦੇ ਸਭ) ਸ਼ੰਕੇ ਤੇ ਦੁੱਖ-ਤਕਲੀਫ਼ਾਂ ਮਿਟ ਜਾਂਦੇ ਹਨ...

ਚਿਤ੍ਰਗੁਪਤ *(ਚਿੱਤਰਗੁਪਤ)*	ਕਾ	ਕਾਗਦੁ *(ਕਾਗਦ)*	ਫਾਰਿਆ,
(ਇਕ ਪੌਰਾਣਿਕ ਮੁਨਸ਼ੀ ਜੋ ਧਰਮਰਾਜ ਦੇ ਆਖ਼ਣ ਤੇ ਜੀਵ ਦਾ ਹਿਸਾਬ-ਕਿਤਾਬ ਰਖਦੇ ਹਨ)	ਦਾ	ਕਾਗ਼ਜ਼	ਪਾੜ ਦਿੱਤਾ

ਜਮਦੂਤਾ *(ਜਮਦੂਤਾਂ)*	ਕਛੂ	ਨ *(ਨਾਂ)*	ਚਲੀ *(ਚੱਲੀ)* ॥
ਮੌਤ ਦੇ ਫਰਿਸ਼ਤਿਆਂ	ਕੁਝ	ਨਹੀਂ	ਚਲਦੀ, ਜਾਂਦੀ

...(ਫਿਰ) ਚਿੱਤ੍ਰਗੁਪਤ ਦਾ ਲਿਖਿਆ ਹੋਇਆ ਹਿਸਾਬ-ਕਿਤਾਬ ਵੀ ਪਾੜ ਦਿੱਤਾ ਜਾਂਦਾ ਹੈ, ਅਤੇ ਜਮਦੂਤਾਂ ਦੀ ਵੀ ਕੋਈ ਪੇਸ਼ ਨਹੀਂ ਜਾਂਦੀ...

ਨਾਨਕੁ, *(ਨਾਨਕ)*	ਸਿਖ	ਦੇਇ *(ਦੇ)*	ਮਨ	ਪ੍ਰੀਤਮ,
ਹੇ ! ਨਾਨਕ !	ਸਿੱਖਿਆ, ਉਪਦੇਸ਼	ਦਿੰਦਾ	ਮਨਾਂ	ਪਿਆਰੇ

ਹਰਿ *(ਹਰ)*	ਲਦੇ	ਖੇਪ	ਸਵਲੀ *(ਸਵੱਲੀ)* ॥੩॥
ਪ੍ਰਭੂ	ਲੱਦ ਲੈ, ਰੱਖ ਲੈ	ਸੌਦਾ, ਵਪਾਰ ਦਾ ਮਾਲ	ਨਫ਼ੇ ਵਾਲੀ, ਲਾਹੇਵੰਦੀ

ਅੰਕ ੭੯-੮੦

...ਹੇ! ਮੇਰੇ ਪਿਆਰੇ ਮਨਾਂ! ਨਾਨਕ (ਤੈਨੂੰ) ਉਪਦੇਸ਼ ਦਿੰਦਾ ਹੈ, ਕਿ ਹਰਿ-ਨਾਮ ਦਾ ਲਾਹੇਵੰਦਾ ਸੌਦਾ ਲੱਦ ਲੈ (ਇਸ ਨਾਲ ਜ਼ਿੰਦਗੀ ਵਿਚ ਨਫ਼ਾ ਹੀ ਨਫ਼ਾ ਹੋਵੇਗਾ)...

ਮਨ	**ਪਿਆਰਿਆ,**	**ਜੀਉ**	**ਮਿਤ੍ਰਾ,**
ਚਿੱਤ	ਪਿਆਰੇ	ਜੀ	ਸੱਜਣਾਂ,ਦੋਸਤਾ

ਕਰਿ *(ਕਰ)*	**ਸੰਤਾ** *(ਸੰਤਾਂ)*	**ਸੰਗਿ** *(ਸੰਗ)*	**ਨਿਵਾਸੋ ॥**
ਕਰ, ਬਣਾ	ਸਾਧੂਆਂ	ਸੰਗਤ, ਸਾਥ	ਨਿਵਾਸ, ਟਿਕਾਣਾ

...ਹੇ! (ਮੇਰੇ) ਪਿਆਰੇ ਦੋਸਤ, ਮਨ ਜੀ! ਸਾਧੂਆਂ ਦੀ ਸੰਗਤ ਵਿਚ (ਆਪਣਾ) ਟਿਕਾਣਾ ਕਰ...

ਮਨ	**ਪਿਆਰਿਆ,**	**ਜੀਉ**	**ਮਿਤ੍ਰਾ,**
ਚਿੱਤ	ਪਿਆਰੇ	ਜੀ	ਸੱਜਣਾਂ,ਦੋਸਤਾ

ਹਰਿ *(ਹਰ)*	**ਨਾਮੁ** *(ਨਾਮ)*	**ਜਪਤ**	**ਪਰਗਾਸੋ ॥**
ਪ੍ਰਭੂ	ਨਾਮ	ਸਿਮਰਨ	ਪ੍ਰਕਾਸ਼ ਹੁੰਦਾ ਹੈ

...ਹੇ! (ਮੇਰੇ) ਪਿਆਰੇ ਦੋਸਤ, ਮਨ ਜੀ! ਹਰਿ-ਨਾਮ ਦੇ ਜਾਪ ਨਾਲ ਆਤਮ-ਪ੍ਰਕਾਸ਼ ਹੋ ਜਾਂਦਾ ਹੈ...

ਸਿਮਰਿ *(ਸਿਮਰ)*	**ਸੁਆਮੀ,**	**ਸੁਖਹ** *(ਸੁਖਹਿ)*	**ਗਾਮੀ,**
ਅਰਾਧ	ਮਾਲਕ	ਸੁੱਖ	ਪਹੁੰਚਾਣ ਵਾਲਾ (ਪ੍ਰਭੂ)

ਇਛ	**ਸਗਲੀ**	**ਪੁੰਨੀਆ** *(ਪੁੰਨੀਆਂ)* **॥**
ਇੱਛਾਵਾਂ	ਸਗਲੀਆਂ	ਪੂਰੀਆਂ ਹੋ ਜਾਂਦੀਆਂ

...(ਹੇ! ਮਨਾਂ!) ਸੁੱਖ-ਦਾਤੇ, ਕਰਤਾ ਪੁਰਖ, ਸੁਆਮੀ ਦੀ ਅਰਾਧਨਾ ਕਰ, ਜਿਸ ਨਾਲ ਸਗਲ-ਇੱਛਾਂ ਪੂਰੀਆਂ ਹੋ ਜਾਂਦੀਆਂ ਹਨ...

ਪੁਰਬੇ	**ਕਮਾਏ,**	**ਸ੍ਰੀਰੰਗ**	**ਪਾਏ,**
ਪੂਰਬਲਾ	ਕਮਾਇਆ	(ਸ੍ਰੀ)ਲੱਛਮੀ ਨਾਲ ਕਲੋਲ ਕਰਨ ਵਾਲਾ ਵਿਸ਼ਨੂ ਭਾਵ ਪਰਮੇਸ਼ਰ	ਪਾ ਲਈਦਾ

ਹਰਿ *(ਹਰ)*	**ਮਿਲੇ**	**ਚਿਰੀ**	**ਵਿਛੁੰਨਿਆ** *(ਵਿਛੁਨਿਆਂ)* **॥**
ਪ੍ਰਭੂ	ਮਿਲ ਜਾਂਦਾ	ਚਿਰਾਂ ਤੋਂ	ਵਿਛੜਿਆਂ

ਅੰਕ ੮੦

...ਪੁਰਬਲੇ ਜਨਮਾਂ ਦੇ ਕਰਮ-ਫਲ ਨਾਲ ਪਰਮੇਸ਼ਰ ਮਿਲ ਪੈਂਦਾ ਹੈ, ਚਿਰੀ-ਵਿਛੁਨਿਆਂ ਨੂੰ ਹਰੀ ਦਾ ਮਿਲਾਪ ਹੋ ਜਾਂਦਾ ਹੈ...

ਅੰਤਰਿ *(ਅੰਤਰ)*	ਬਾਹਰਿ, *(ਬਾਹਰ)*	ਸਰਬਤਿ *(ਸਰਬੱਤ)*	ਰਵਿਆ,
ਅੰਦਰ	ਬਾਹਰ	ਸਭ ਥਾਂ, ਹਰ ਥਾਂ	ਰਮਿਆ, ਵਿਆਪਕ

ਮਨਿ *(ਮਨ)*	ਉਪਜਿਆ	ਬਿਸੁਆਸੋ ॥
ਚਿੱਤ ਵਿਚ	ਪੈਦਾ ਹੋ ਗਿਆ	ਵਿਸ਼ਵਾਸ਼, ਨਿਸ਼ਚਾ, ਯਕੀਨ

...(ਉਨ੍ਹਾਂ ਦੇ) ਹਿਰਦੇ ਵਿਚ (ਇਹ) ਵਿਸ਼ਵਾਸ਼ ਪੈਦਾ ਹੋ ਜਾਂਦਾ ਹੈ ਕਿ ਅੰਦਰ, ਬਾਹਰ, ਸਭ ਥਾਂ (ਕਰਤਾ ਪੁਰਖ) ਵਿਆਪਕ ਹੈ...

ਨਾਨਕੁ, *(ਨਾਨਕ)*	ਸਿਖ	ਦੇਇ *(ਦੇ)*	ਮਨ	ਪ੍ਰੀਤਮ,
ਹੇ ! ਨਾਨਕ !	ਸਿੱਖਿਆ, ਉਪਦੇਸ਼	ਦਿੰਦਾ	ਮਨਾਂ	ਪਿਆਰੇ

ਕਰਿ *(ਕਰ)*	ਸੰਤਾ *(ਸੰਤਾਂ)*	ਸੰਗਿ *(ਸੰਗ)*	ਨਿਵਾਸੋ ॥੪॥
ਕਰ, ਬਣਾ	ਸਾਧੂਆਂ	ਸੰਗਤ, ਸਾਥ	ਨਿਵਾਸ, ਟਿਕਾਣਾ

...ਹੇ! ਮੇਰੇ ਪਿਆਰੇ ਮਨਾਂ! ਨਾਨਕ (ਤੈਨੂੰ) ਉਪਦੇਸ਼ ਦਿੰਦਾ ਹੈ ਕਿ ਸਾਧੂਆਂ ਦੀ ਸੰਗਤ ਵਿਚ (ਆਪਣਾ) ਟਿਕਾਣਾ ਕਰ...

ਮਨ	ਪਿਆਰਿਆ,	ਜੀਉ	ਮਿਤ੍ਰਾ,
ਚਿੱਤ	ਪਿਆਰੇ	ਜੀ	ਸੱਜਣਾਂ,ਦੋਸਤਾ

ਹਰਿ *(ਹਰ)*	ਪ੍ਰੇਮ	ਭਗਤਿ, *(ਭਗਤ)*	ਮਨੁ *(ਮਨ)*	ਲੀਨਾ ॥
ਪ੍ਰਭੂ	ਪ੍ਰੀਤ	ਭਗਤੀ, ਬੰਦਗੀ	ਚਿੱਤ	ਲੀਨ ਹੋਇਆ, ਅਭੇਦ ਹੋਇਆ

...ਹੇ! (ਮੇਰੇ) ਪਿਆਰੇ ਦੋਸਤ! ਮਨ ਜੀ! ਪਰਮੇਸ਼ਰ ਦੀ ਪ੍ਰੇਮਾ-ਭਗਤੀ ਵਿਚ (ਜਿਨ੍ਹਾਂ ਦਾ) ਚਿੱਤ ਅਭੇਦ ਹੋਇਆ ਹੋਇਆ ਹੈ...

ਮਨ	ਪਿਆਰਿਆ,	ਜੀਉ	ਮਿਤ੍ਰਾ,
ਚਿੱਤ	ਪਿਆਰੇ	ਜੀ	ਸੱਜਣਾਂ, ਦੋਸਤਾ

ਹਰਿ *(ਹਰ)*	ਜਲ	ਮਿਲਿ, *(ਮਿਲ)*	ਜੀਵੈ	ਮੀਨਾ ॥
ਹਰੀ	ਪਾਣੀ	ਮਿਲ ਕੇ	ਜਿਉਂਦੀ	ਮੱਛੀ

ਅੰਕ ੮੦

...ਹੇ! (ਮੇਰੇ) ਪਿਆਰੇ ਦੋਸਤ, ਮਨ ਜੀ! (ਉਨ੍ਹਾਂ ਦੀ) ਪਰਮੇਸ਼ਰ ਨਾਲ ਮਿਲਕੇ (ਅਜਿਹੀ ਅਵਸਥਾ ਹੋ ਜਾਂਦੀ ਹੈ ਜਿਵੇਂ) ਮੱਛੀ ਦੀ ਪਾਣੀ ਨਾਲ ਮਿਲ ਕੇ ਹੁੰਦੀ ਹੈ, ਭਾਵ ਫਿਰ ਉਹ ਹਰਿ-ਨਾਮ ਬਿਨਾਂ ਜਿਉਂਦੇ ਨਹੀਂ ਰਹਿ ਸਕਦੇ...

ਹਰਿ *(ਹਰ)*	**ਪੀ**	**ਆਘਾਨੇ,**	**ਅੰਮ੍ਰਿਤ**	**ਬਾਨੇ,**
ਪ੍ਰਭੂ	ਪੀਕੇ, ਛੱਕ ਕੇ	ਰੱਜ ਜਾਂਦਾ	ਅਮਰ ਕਰਨ ਵਾਲੀ	ਬਾਣੀ, ਬਚਨ

ਸ੍ਰਬ	**ਸੁਖਾ** *(ਸੁੱਖਾਂ)*	**ਮਨ**	**ਵੁਠੇ ॥**
ਸਾਰੇ	ਸੁੱਖ	ਚਿੱਤ	ਵੱਸ ਜਾਂਦੇ

...(ਉਹ) ਅੰਮ੍ਰਿਤ-ਮਈ, ਹਰ-ਬਾਣੀ ਛੱਕ ਛੱਕ ਕੇ, ਤ੍ਰਿਪਤ ਹੋ ਜਾਂਦੇ ਹਨ। ਸਰਬ, ਸੁੱਖ-ਅਨੰਦ (ਉਨ੍ਹਾਂ ਦੇ) ਚਿੱਤ ਵਿਚ ਵਸ ਜਾਂਦੇ ਹਨ...

ਸ੍ਰੀਧਰ	**ਪਾਏ,**	**ਮੰਗਲ**	**ਗਾਏ,**
ਸ੍ਰੀ ਲਛਮੀ ਦਾ ਮਾਲਕ ਪ੍ਰਭੂ	ਪ੍ਰਾਪਤ ਕਰ ਲੈਂਦੇ	ਮੰਗਲਮਈ, ਅਨੰਦਮਈ	ਗਾਉਂਦੇ ਹਨ

ਇਛ	**ਪੁੰਨੀ,**	**ਸਤਿਗੁਰ** *(ਸਤਗੁਰ)*	**ਤੁਠੇ ॥**
ਇੱਛਾਵਾਂ	ਪੂਰੀਆਂ ਹੋ ਜਾਂਦੀਆਂ ਹਨ	ਸਤਿਗੁਰੂ	ਤੁੱਠਣ ਨਾਲ, ਮਿਹਰਬਾਨ ਹੋਣ ਨਾਲ

...(ਮਨਾਂ! ਫਿਰ ਉਹ) ਵਾਹਿਗੁਰੂ ਦੀ ਪ੍ਰਾਪਤੀ ਕਰਕੇ ਅਨੰਦਮਈ ਗੀਤ ਗਾਉਣ ਲਗ ਜਾਂਦਾ ਹੈ। ਸਤਿਗੁਰੂ ਦੇ ਮਿਹਰਬਾਨ ਹੋਣ ਨਾਲ, ਉਸ ਦੀਆਂ ਸਗਲ-ਇੱਛਾਂ ਪੂਰੀਆਂ ਹੋ ਜਾਂਦੀਆਂ ਹਨ...

ਲੜਿ *(ਲੜ)*	**ਲੀਨੇ**	**ਲਾਏ,**	**ਨਉ** *(ਨਉਂ)*	**ਨਿਧਿ** *(ਨਿਧ)*	**ਪਾਏ,**
ਪੱਲੇ, ਦਾਮਨ	ਲਿਆ	ਲਗਾ	ਨੌਂ	ਨਿਧਾਂ (ਖਜ਼ਾਨੇ)	ਪਾ ਲੈਂਦਾ

ਨਾਉ *(ਨਾਉਂ)*	**ਸਰਬਸੁ,** *(ਸਰਬਸ)*	**ਠਾਕੁਰਿ** *(ਠਾਕੁਰ)*	**ਦੀਨਾ ॥**
ਨਾਮ	ਸਭ ਕੁਝ	ਪਰਮੇਸ਼ਰ	ਦੇ ਦਿੱਤਾ

...(ਸਮਝੋ ਕਿ ਪਰਮੇਸ਼ਰ ਨੇ ਉਸ ਨੂੰ ਆਪਣੇ) ਦਾਮਨ ਨਾਲ ਲਗਾ ਲਿਆ ਹੈ, ਉਸ ਨੇ ਨੌਂ ਨਿਧਾਂ ਭਾਵ ਸਾਰੇ ਖਜ਼ਾਨੇ ਪ੍ਰਾਪਤ ਕਰ ਲਏ ਹਨ, ਅਤੇ ਵਾਹਿਗੁਰੂ ਨੇ ਉਸ ਨੂੰ (ਸੰਸਾਰ ਦੇ) ਸਭ ਧਨ-ਪਦਾਰਥਾਂ ਦੇ ਬਰਾਬਰ ਆਪਣਾ ਨਾਮ-ਰੂਪ ਖਜ਼ਾਨਾ ਵੀ ਬਖਸ਼ ਦਿੱਤਾ ਹੈ...

ਨਾਨਕ,	**ਸਿਖ**	**ਸੰਤ**	**ਸਮਝਾਈ,**
ਹੇ! ਨਾਨਕ!	ਸਿੱਖਿਆ, ਉਪਦੇਸ਼	ਸਾਧੂਆਂ	ਬੋਧ ਕਰਾਈ, ਦ੍ਰਿੜ ਕਰਾਈ

ਅੰਕ ੮੦

ਹਰਿ *(ਹਰ)*	ਪ੍ਰੇਮ	ਭਗਤਿ *(ਭਗਤ)*	ਮਨੁ *(ਮਨ)*	ਲੀਨਾ ॥੫॥੧॥੨॥
ਪ੍ਰਭੂ	ਪ੍ਰੀਤ	ਭਗਤੀ, ਬੰਦਗੀ	ਚਿੱਤ	ਲੀਨ ਹੋਇਆ, ਅਭੇਦ ਹੋਇਆ

...ਹੇ! ਨਾਨਕ! ਸਾਧੂਆਂ ਨੇ (ਉਨ੍ਹਾਂ ਨੂੰ) ਹਰਿ-ਨਾਮ ਸਿਮਰਨ ਦੀ ਸਿੱਖਿਆ ਦ੍ਰਿੜ੍ਹ ਕਰਵਾ ਦਿੱਤੀ ਹੈ (ਜਿਸ ਨਾਲ ਉਨ੍ਹਾਂ ਦਾ) ਚਿੱਤ ਪਰਮੇਸ਼ਰ ਦੀ ਪ੍ਰੇਮਾ-ਭਗਤੀ ਵਿਚ ਅਭੇਦ ਹੋਇਆ ਹੋਇਆ ਹੈ।

ਸਿਰੀਰਾਗ, *(ਸਿਰੀਰਾਗ)*	ਕੇ	ਛੰਤ,	ਮਹਲਾ *(ਮਹਿਲਾ)*	੫ *(ਪੰਜਵਾਂ)*
ਰਾਗ ਦਾ ਨਾਮ	ਦੇ	ਖੁਸ਼ੀ ਦਾ ਗੀਤ	ਪਾਤਸ਼ਾਹੀ	ਪੰਜਵੀਂ

੧ੴ *(ਇਕ ਓਅੰਕਾਰ)*	ਸਤਿ *(ਸੱਤ)*
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ

ਗੁਰ	ਪ੍ਰਸਾਦਿ॥ *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ (ਗੁਰੂ ਰਾਹੀਂ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਕਟਾਖ਼ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਡਖਣਾ ॥
ਦੱਖਣਾ
ਦੱਖਣ ਪੱਛਮੀ, ਭਾਵ (ਪਾਕਿਸਤਾਨ ਵਿਚਲੇ) ਮੁਲਤਾਨ ਅਤੇ ਉਸ ਦੇ ਨਜ਼ਦੀਕੀ ਇਲਾਕਿਆਂ ਦੀ ਬੋਲੀ ਵਿਚ ਲਿਖਿਆ ਦੋਹਾ ਜਾਂ ਸੋਰਠਾ। ਇਸ ਵਿਚ ਦ ਦੀ ਥਾਂ ਡ ਅੱਖਰ ਵਰਤਿਆ ਗਿਆ ਹੈ।

ਹਠ	ਮਝਾਹੂ *(ਮਝਾਹੂੰ)*	ਮਾ *(ਮਾਂ)*	ਪਿਰੀ,
ਹਿਰਦੇ	ਅੰਦਰ, ਵਿਚ	ਮੇਰਾ	ਪਤੀ, ਪ੍ਰੀਤਮ

ਪਸੇ	ਕਿਉ *(ਕਿਉਂ)*	ਦੀਦਾਰ ॥
ਦਿਸੇ, ਹੋਵੇ	ਕਿਵੇਂ	ਦਰਸ਼ਨ

...ਮੇਰਾ (ਪ੍ਰਭੂ) ਪ੍ਰੀਤਮ (ਮੇਰੇ) ਹਿਰਦੇ ਵਿਚ (ਵਸਦਾ ਹੈ, ਪਰ) ਉਸ ਦਾ ਦੀਦਾਰ ਕਿਵੇਂ ਹੋਵੇ?...

ਸੰਤ	ਸਰਣਾਈ *(ਸ਼ਰਣਾਈ)*	ਲਭਣੇ, *(ਲੱਭਣੇ)*	ਨਾਨਕ,	ਪ੍ਰਾਣ	ਅਧਾਰ ॥੧॥
ਸਾਧੂ	ਸ਼ਰਣ ਵਿਚ	ਲੱਭਦਾ	ਹੇ! ਨਾਨਕ!	ਪ੍ਰਾਣਾਂ	ਓਟ, ਆਸਰਾ

...(ਸਾਹਿਬ ਜੀ ਆਪ ਹੀ ਉੱਤਰ ਬਖਸ਼ਦੇ ਹਨ ਕਿ) ਹੇ! ਨਾਨਕ! ਪ੍ਰਾਣਾਂ ਦਾ ਆਧਾਰ, ਪਰਮੇਸ਼ਰ, ਸੱਤ-ਪੁਰਖ਼ਾਂ ਦੀ ਸ਼ਰਣ ਵਿਚ (ਗਿਆਂ) ਲੱਭਦਾ ਹੈ...

ਛੰਤੁ *(ਛੰਤ)* ॥
ਖੁਸ਼ੀ ਦਾ ਗੀਤ

ਚਰਨ	ਕਮਲ	ਸਿਉ, *(ਸਿਉਂ)*	ਪ੍ਰੀਤਿ(ਪ੍ਰੀਤ)	ਰੀਤਿ, *(ਰੀਤ)*
ਪੈਰ	ਕੰਵਲ(ਫੁੱਲ)	ਨਾਲ, ਸੰਗ	ਪਿਆਰ	ਮਰਿਯਾਦਾ ਦੀ
ਸੰਤਨ	ਮਨਿ *(ਮਨ)*	ਆਵਏ	ਜੀਉ ॥	
ਸੱਤ-ਪੁਰਖਾਂ	ਹਿਰਦੇ ਵਿਚ	ਆਉਂਦੀ	ਜੀ	

...(ਵਾਹਿਗੁਰੂ ਦੇ) ਕੰਵਲ ਰੂਪੀ ਚਰਨਾਂ ਨਾਲ ਪ੍ਰੀਤ ਲਾਉਣ ਦੀ ਮਰਿਯਾਦਾ, ਸੱਤ-ਪੁਰਖਾਂ (ਦੀ ਸੰਗਤ ਵਿਚ ਜਾਣ ਨਾਲ) ਹਿਰਦੇ ਵਿਚ (ਸਮਝ) ਆਉਂਦੀ ਹੈ ਜੀ...

ਦੁਤੀਆ	ਭਾਉ,	ਬਿਪਰੀਤਿ *(ਬਿਪਰੀਤ)*	ਅਨੀਤਿ, *(ਅਨੀਤ)*
ਦੂਸਰੇ ਨਾਲ, ਹੋਰ ਨਾਲ	ਪ੍ਰੇਮ	ਉਲਟੀ ਰੀਤ	ਮਾੜਾ ਕਰਮ
ਦਾਸਾ *(ਦਾਸਾਂ)*	ਨਹ *(ਨਹਿ)*	ਭਾਵਏ	ਜੀਉ ॥
ਸੇਵਕਾਂ	ਨਹੀਂ	ਭਾਉਂਦਾ, ਚੰਗਾ ਲਗਦਾ	ਜੀ

...(ਵਾਹਿਗੁਰੂ ਪ੍ਰੀਤਮ ਤੋਂ ਬਿਨਾਂ) ਕਿਸੇ ਹੋਰ ਨਾਲ ਪਿਆਰ ਪਾਉਣਾ, (ਸੱਤ-ਪੁਰਖਾਂ ਨੂੰ) ਬੇ-ਮਰਿਯਾਦਗੀ ਅਤੇ ਮਾੜਾ ਕਰਮ ਲਗਦਾ ਹੈ। ਹਰਿ-ਦਾਸਾਂ ਨੂੰ (ਇਹ ਕਰਮ) ਭਾਉਂਦਾ ਨਹੀਂ ਜੀ....

ਦਾਸਾ *(ਦਾਸਾਂ)*	ਨਹ *(ਨਹਿ)*	ਭਾਵਏ,	ਬਿਨੁ *(ਬਿਨ)*	ਦਰਸਾਵਏ,
ਸੇਵਕਾਂ	ਨਹੀਂ	ਚੰਗਾ ਲਗਦਾ	ਬਿਨਾਂ	ਦਰਸ਼ਨ, ਦੀਦਾਰ
ਇਕ	ਖਿਨੁ, *(ਖਿਨ)*	ਧੀਰਜੁ *(ਧੀਰਜ)*	ਕਿਉ *(ਕਿਉਂ)*	ਕਰੈ ॥
ਇੱਕੋ	ਛਿਨ, ਪਲ	ਹੌਂਸਲਾ	ਕਿਵੇਂ	ਕਰ ਸਕਦਾ

...(ਪ੍ਰੀਤਮ) ਦੇ ਦਰਸ਼ਨ-ਦੀਦਾਰਿਆਂ ਦੇ ਬਿਨਾਂ ਦਾਸਰਿਆਂ ਨੂੰ (ਹੋਰ ਕੁਝ ਵੀ) ਚੰਗਾ ਨਹੀਂ ਲਗਦਾ, (ਦੀਦਾਰ ਬਿਨਾਂ) ਇਕ ਛਿਨ-ਪਲ ਲਈ ਵੀ ਧੀਰਜ ਕਿਵੇਂ ਕੀਤੀ ਜਾ ਸਕਦੀ ਹੈ?...

ਨਾਮ	ਬਿਹੂਨਾ,	ਤਨੁ *(ਤਨ)*	ਮਨੁ *(ਮਨ)*	ਹੀਨਾ,
(ਪ੍ਰਭੂ) ਨਾਮ	ਬਗੈਰ	ਸਰੀਰ	ਚਿੱਤ	ਸੱਤਹੀਣ, ਨਿਸੱਤਾ
ਜਲ	ਬਿਨੁ, *(ਬਿਨ)*	ਮਛੁਲੀ *(ਮਛਲੀ)*	ਜਿਉ *(ਜਿਉਂ)*	ਮਰੈ ॥
ਪਾਣੀ	ਬਿਨਾਂ	ਮੱਛੀ	ਜਿਵੇਂ	ਮਰ ਜਾਂਦੀ ਹੈ

...(ਵਾਹਿਗੁਰੂ) ਨਾਮ ਤੋਂ ਬਗੈਰ (ਮੇਰਾ) ਮਨ ਅਤੇ ਤਨ ਸੱਤਹੀਣ ਹੋ ਜਾਂਦੇ ਹਨ, ਜਿਵੇਂ ਜਲ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ...

ਮਿਲੁ *(ਮਿਲ)*	**ਮੇਰੇ**	**ਪਿਆਰੇ,**	**ਪ੍ਰਾਨ**	**ਅਧਾਰੇ,**
ਮਿਲੋ	ਆਪਣੇ	ਪ੍ਰੀਤਵਾਨ	ਪ੍ਰਾਣਾਂ	ਆਧਾਰ, ਆਸਰੇ

ਗੁਣ	**ਸਾਧਸੰਗਿ** *(ਸਾਧਸੰਗ)*	**ਮਿਲਿ** *(ਮਿਲ)*	**ਗਾਵਏ ॥**
ਚੰਗਿਆਈਆਂ	ਸੱਤ ਪੁਰਖਾਂ ਦੀ ਸੰਗਤ ਵਿਚ	ਮਿਲ ਕੇ	ਗਾ ਸਕਾਂ

...ਮੇਰੇ! ਪ੍ਰਾਣਾਂ ਦੇ ਆਧਾਰ ਪ੍ਰੀਤਮ ਜੀ, (ਮੈਨੂੰ) ਮਿਲੋ, ਮੇਰੇ ਨਾਲ ਮਿਲਾਪ ਕਰੋ (ਤਾਂਕਿ ਮੈਂ) ਸੱਤ-ਪੁਰਖਾਂ ਦੀ ਸੰਗਤ ਵਿਚ ਮਿਲਕੇ (ਤੇਰੀਆਂ) ਚੰਗਿਆਈਆਂ ਦਾ ਗਾਇਨ ਕਰ ਸਕਾਂ...

ਨਾਨਕ	**ਕੇ**	**ਸੁਆਮੀ,**	**ਧਾਰਿ** *(ਧਾਰ)*	**ਅਨੁਗ੍ਰਹੁ,**
ਨਾਨਕ(ਗੁਰੂ)	ਦੇ	ਮਾਲਕ	ਕਰੋ	ਕ੍ਰਿਪਾ, ਮਿਹਰ

ਮਨਿ *(ਮਨ)*	**ਤਨਿ** *(ਤਨ)*	**ਅੰਕਿ** *(ਅੰਕ)*	**ਸਮਾਵਏ ॥੧॥**
ਚਿੱਤ ਰਾਹੀਂ	ਸਰੀਰ ਰਾਹੀ	ਗੋਦ ਵਿਚ	ਲੀਨ/ਅਭੇਦ ਹੋ ਜਾਵਾਂ

...ਨਾਨਕ ਦੇ ਸੁਆਮੀ (ਸਾਹਿਬ ਜੀਓ! ਦਾਸ ਤੇ ਐਸੀ) ਮਿਹਰ ਕਰੋ ਕਿ ਮਨ ਅਤੇ ਤਨ ਕਰਕੇ (ਤੇਰੀ) ਗੋਦ ਵਿਚ ਸਮਾ ਜਾਵਾਂ, ਤੇਰੀ ਛਾਤੀ ਨਾਲ ਲਗ ਜਾਵਾਂ।

ਡਖਣਾ ॥

ਦੱਖਣਾ (ਦੱਖਣ ਪੱਛਮੀ, ਭਾਵ (ਪਾਕਿਸਤਾਨ ਵਿਚਲੇ) ਮੁਲਤਾਨ ਅਤੇ ਉਸ ਦੇ ਨਜ਼ਦੀਕੀ ਇਲਾਕਿਆਂ ਦੀ ਬੋਲੀ ਵਿਚ ਲਿਖਿਆ ਦੋਹਾ ਜਾਂ ਸੋਰਠਾ। ਇਸ ਵਿਚ ਦ ਦੀ ਥਾਂ ਡ ਅੱਖਰ ਵਰਤਿਆ ਗਿਆ ਹੈ।)

ਸੋਹੰਦੜੋ	**ਹਭ**	**ਠਾਇ,** *(ਠਾਇੰ)*
ਸ਼ੋਭ ਰਿਹੈਂ, ਸੁੰਦਰ ਲਗ ਰਿਹੈਂ	ਸਾਰੀ	ਜਗ੍ਹਾ

ਕੋਇ	**ਨ** *(ਨਾਂ)*	**ਦਿਸੈ**	**ਡੂਜੜੋ ॥**
ਕੋਈ ਵੀ	ਨਹੀਂ	ਦਿਸਦਾ, ਨਜ਼ਰ ਆਉਂਦਾ	ਦੂਸਰਾ

...(ਹੇ! ਪ੍ਰੀਤਮ, ਤੂੰ) ਸਾਰੀ ਜਗ੍ਹਾ (ਵਿਆਪਕ ਹੋਕੇ) ਸੁੰਦਰ ਲਗ ਰਿਹਾ ਹੈਂ, ਤੇਰੇ ਤੋਂ ਬਿਨਾਂ ਮੈਨੂੰ ਕਿਤੇ ਵੀ ਹੋਰ ਕੋਈ ਦੂਸਰਾ ਨਜ਼ਰ ਨਹੀਂ ਆ ਰਿਹਾ...

ਖੁਲ੍ੜੇ	**ਕਪਾਟ,**	**ਨਾਨਕ,**	**ਸਤਿਗੁਰ** *(ਸਤਗੁਰ)*	**ਭੇਟਤੇ ॥੧॥**
ਖੁਲ੍ਹ ਜਾਂਦੇ	ਦਰਵਾਜ਼ੇ, ਕਿਵਾੜ	ਹੇ! ਨਾਨਕ!	ਸਤਿਗੁਰੂ	ਭੇਟਣ ਨਾਲ,ਮਿਲਣ ਨਾਲ

ਅੰਕ ੮੦

...ਹੇ! ਨਾਨਕ ਸਤਿਗੁਰੂ ਦੇ ਮਿਲਾਪ ਨਾਲ (ਗਿਆਨ ਦੇ ਸਾਰੇ) ਬੂਹੇ ਖੁਲ੍ਹ ਜਾਂਦੇ ਹਨ।

ਛੰਤੁ *(ਛੰਤ)* ॥
ਖੁਸ਼ੀ ਦੇ ਗੀਤ

ਤੇਰੇ	ਬਚਨ	ਅਨੂਪ	ਅਪਾਰ,	ਸੰਤਨ	ਆਧਾਰ,
ਤੁਹਾਡੇ	ਗਲਾਂ, ਬਾਣੀ	ਅਨੂਪਮ, ਅਦੁੱਤੀ	ਅਨੰਤ	ਸੰਤਾਂ ਦਾ	ਓਟ, ਆਸਰਾ

ਬਾਣੀ	ਬੀਚਾਰੀਐ	ਜੀਉ ॥
ਬਚਨ	ਵੀਚਾਰ ਕਰਦੇ, ਚਿੰਤਨ ਕਰਦੇ	ਜੀ

...(ਹੇ! ਵਾਹਿਗੁਰੂ, ਪ੍ਰੀਤਮ ਜੀ) ਤੇਰੇ ਬਚਨ, ਤੇਰੀ ਬਾਣੀ, ਅਨੂਪ ਅਤੇ ਅਨੰਤ ਹੈ ਜੀ। ਇਹ (ਤੇਰੇ) ਸੰਤ-ਜਨਾਂ ਦਾ ਓਟ-ਆਸਰਾ ਹੈ।(ਸੰਤ-ਜਨ ਇਸ) ਬਾਣੀ ਦੀ, ਇਨ੍ਹਾਂ ਪਿਆਰੇ ਬਚਨਾਂ ਦੀ, ਵਿਚਾਰ ਅਤੇ ਚਿੰਤਨ ਕਰਦੇ ਹਨ ਜੀ...

ਸਿਮਰਤ	ਸਾਸ	ਗਿਰਾਸ,	ਪੂਰਨ	ਬਿਸੁਆਸ,
ਸਿਮਰਦੇ	ਸੁਆਸ	ਗ੍ਰਾਹੀ ਨਾਲ, ਖਾਂਦਿਆਂ	ਪੂਰਾ	ਭਰੋਸਾ, ਯਕੀਨ

ਕਿਉ *(ਕਿਉਂ)*	ਮਨਹੁ *(ਮਨਹੁੰ)*	ਬਿਸਾਰੀਐ	ਜੀਉ ॥
ਕਾਹਤੇ, ਕਿਉਂ	ਮਨ ਵਿਚੋਂ	ਭੁਲਾਈਏ	ਜੀ

...ਹੇ! ਪ੍ਰੀਤਮ ਜੀ, (ਜਿਹੜੇ ਸੰਤ-ਜਨ) ਸਾਸ-ਗਿਰਾਸ (ਤੇਰਾ) ਸਿਮਰਨ ਕਰਦੇ ਹਨ, ਉਨ੍ਹਾਂ ਦਾ ਤੇਰੇ ਤੇ ਪੂਰਨ ਭਰੋਸਾ (ਬਣ ਜਾਂਦਾ ਹੈ) ਕਿ (ਸਾਹਿਬ ਨੂੰ ਛਿਨ ਮਾਤਰ ਲਈ ਵੀ) ਹਿਰਦੇ ਵਿਚੋਂ ਕਿਉਂ ਭੁਲਾਇਆ ਜਾਏ?...

ਕਿਉ *(ਕਿਉਂ)*	ਮਨਹੁ *(ਮਨਹੁੰ)*	ਬੇਸਾਰੀਐ,	ਨਿਮਖ	ਨਹੀ *(ਨਹੀਂ)*	ਟਾਰੀਐ,
ਕਾਹਤੇ, ਕਿਉਂ	ਚਿੱਤ ਵਿਚੋਂ	ਭੁਲਾਈਏ	ਖਿਨ, ਪਲ	ਨਹੀਂ	ਹਟਾਈਏ, ਪਰ੍ਹਾਂ ਕਰੀਏ

ਗੁਣਵੰਤ	ਪ੍ਰਾਨ	ਹਮਾਰੇ ॥
ਗੁਣਾਂ ਦਾ ਮਾਲਕ	ਪ੍ਰਾਣ, ਜਿੰਦ	ਸਾਡੇ

...ਹੇ! ਸਾਡੇ ਪ੍ਰਾਣ-ਆਧਾਰ, ਜਿੰਦ-ਜਾਨ, ਗੁਣਾਂ ਦੇ ਸੋਮੇ (ਪ੍ਰੀਤਮ ਜੀ, ਤੈਨੂੰ ਅਸੀਂ ਇੱਕ) ਖਿਨ-ਪਲ ਲਈ ਵੀ ਆਪਣੇ ਹਿਰਦੇ ਵਿਚੋਂ ਕਾਹਤੇ ਭੁਲਾਈਏ, ਹਟਾਈਏ...

ਮਨ	ਬਾਂਛਤ	ਫਲ,	ਦੇਤ	ਹੈ	ਸੁਆਮੀ,
ਚਿੱਤ	ਇੱਛਤ	ਪ੍ਰਾਪਤੀ, ਦਾਤ	ਦਿੰਦਾ	ਹੋਣ ਦੀ ਕ੍ਰਿਆ	ਮਾਲਕ

ਅੰਕ ੮੦

ਜੀਅ	ਕੀ	ਬਿਰਥਾ	ਸਾਰੇ ॥
ਚਿੱਤ, ਹਿਰਦੇ	ਦੀ	ਪੀੜ, ਦਰਦ	ਸੰਭਾਲਦਾ, ਸਾਰ ਲੈਂਦਾ

...ਮਾਲਕ (ਵਾਹਿਗੁਰੂ, ਸਭਨਾਂ) ਹਿਰਦਿਆਂ ਦੇ ਦਰਦ ਦੀ ਸਾਰ ਲੈਂਦਾ ਹੈ, ਅਤੇ ਸਭਨਾਂ ਨੂੰ ਮਨ-ਇੱਛਤ ਫਲ ਬਖਸ਼ਦਾ ਹੈ...

ਅਨਾਥ	ਕੇ	ਨਾਥੇ,	ਸ੍ਰਬ	ਕੈ	ਸਾਥੇ,
ਜਿਸ ਦਾ ਕੋਈ ਮਾਲਕ ਨਹੀਂ	ਦੇ	ਸੁਆਮੀ	ਸਰਬੱਤ	ਦੇ	ਸਾਥੀ, ਸੰਗੀ

ਜਪਿ, *(ਜਪ)*	ਜੁਐ	ਜਨਮੁ *(ਜਨਮ)*	ਨ *(ਨਾਂ)*	ਹਾਰੀਐ ॥
ਸਿਮਰ, ਅਰਾਧ	ਜੂਏ ਵਿਚ	ਜੀਵਨ	ਨਹੀਂ	ਹਾਰਨਾ ਚਾਹੀਦਾ

...ਅਨਾਥਾਂ ਦੇ ਨਾਥ ਅਤੇ ਸਰਬੱਤ ਦੇ ਅੰਗ-ਸੰਗ ਰਹਿਣ ਵਾਲੇ (ਪਰਮੇਸ਼ਰ ਦੀ) ਅਰਧਾਨਾ ਕਰਨੀ ਚਾਹੀਦੀ ਹੈ। (ਸਾਹਿਬ ਵਲੋਂ ਬਖਸ਼ਿਆ, ਅਮੋਲਕ) ਜਨਮ (ਐਵੇਂ, ਮਾਇਆਵੀ ਵਿਕਾਰਾਂ ਦੇ) ਜੂਏ ਵਿਚ ਨਹੀਂ ਹਾਰਨਾ ਚਾਹੀਦਾ...

ਨਾਨਕ	ਕੀ	ਬੇਨੰਤੀ	ਪ੍ਰਭ	ਪਹਿ,
ਨਾਨਕ (ਗੁਰੂ)	ਦੀ	ਬੇਨਤੀ, ਜੋਦੜੀ	ਪਰਮੇਸ਼ਰ	ਅੱਗੇ

ਕ੍ਰਿਪਾ	ਕਰਿ *(ਕਰ)*	ਭਵਜਲੁ *(ਭਵਜਲ)*	ਤਾਰੀਐ ॥੨॥
ਮਿਹਰ	ਕਰ	ਭਵ-ਸਾਗਰ	ਤਾਰ ਦਿਓ, ਪਾਰ ਲੰਘਾ ਦਿਓ

...ਨਾਨਕ ਦੀ, ਪਰਮੇਸ਼ਰ ਅੱਗੇ ਬੇਨਤੀ, ਜੋਦੜੀ ਹੈ ਕਿ, (ਹੇ! ਸੁਆਮੀ, ਆਪਣੀ) ਬਖਸ਼ਿਸ਼ ਕਰਕੇ (ਸਾਨੂੰ ਸੰਸਾਰ ਦੇ) ਭਵ-ਸਾਗਰ ਤੋਂ ਪਾਰ ਉਤਾਰ ਦਿਓ ਜੀ।

ਡਖਣਾ ॥

ਦੱਖਣਾ (ਦੱਖਣ ਪੱਛਮੀ, ਭਾਵ (ਪਾਕਿਸਤਾਨ ਵਿਚਲੇ) ਮੁਲਤਾਨ ਅਤੇ ਉਸ ਦੇ ਨਜ਼ਦੀਕੀ ਇਲਾਕਿਆਂ ਦੀ ਬੋਲੀ ਵਿਚ ਲਿਖਿਆ ਦੋਹਾ ਜਾਂ ਸੋਰਠਾ। ਇਸ ਵਿਚ ਦ ਦੀ ਥਾਂ ਡ ਅੱਖਰ ਵਰਤਿਆ ਗਿਆ ਹੈ।)

ਧੂੜੀ	ਮਜਨੁ *(ਮਜਨ)*	ਸਾਧਖੇ,	ਸਾਈ *(ਸਾਈਂ)*	ਥੀਏ	ਕ੍ਰਿਪਾਲ ॥
ਚਰਨਾਂ ਹੇਠਲੀ ਮਿੱਟੀ	ਇਸ਼ਨਾਨ	ਸਾਧੂ ਦੀ	ਸੁਆਮੀ (ਪ੍ਰਭੂ)	ਹੋ ਜਾਏ	ਮਿਹਰਬਾਨ

(ਜੇ) ਮਾਲਕ (ਪ੍ਰਭੂ) ਮਿਹਰਬਾਨ ਹੋ ਜਾਏ ਤਾਂ, ਸੱਤ-ਪੁਰਖਾਂ ਦੀ (ਚਰਨ) ਧੂੜ ਵਿਚ ਇਸ਼ਨਾਨ ਕਰਨ ਦਾ (ਸੁਭਾਗ) ਪ੍ਰਾਪਤ ਹੁੰਦਾ ਹੈ, ਭਾਵ ਗੁਰਮੁਖ-ਜਨਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ।...

ਅੰਕ ੮੦-੮੧

ਲਧੇ	ਹਭੇ	ਥੋਕੜੇ,	ਨਾਨਕ,	ਹਰਿ*(ਹਰ)*	ਧਨੁ*(ਧਨ)*	ਮਾਲ ॥੧॥
ਲੱਭੇ	ਸਾਰੇ	ਥੋਕ, ਪਦਾਰਥ	ਹੇ! ਨਾਨਕ!	ਪ੍ਰਭੂ	ਦੌਲਤ	ਪਦਾਥਰਥ

...ਹੇ! ਨਾਨਕ! (ਜਿਨ੍ਹਾਂ ਗੁਰਮੁਖਾਂ ਨੂੰ) ਹਰਿ-ਨਾਮ (ਰੂਪੀ) ਧਨ-ਪਦਾਰਥ ਮਿਲ ਜਾਂਦਾ ਹੈ, (ਸਮਝੋ ਉਨ੍ਹਾਂ ਨੂੰ) ਸਾਰੇ ਪਦਾਰਥ ਲੱਭ ਗਏ ਹਨ।

ਛੰਤੁ*(ਛੰਤ)***॥**
ਖੁਸ਼ੀ ਦਾ ਗੀਤ

ਸੁੰਦਰ	ਸੁਆਮੀ	ਧਾਮ,	ਭਗਤਹ*(ਭਗਤਹਿ)*	ਬਿਸ੍ਰਾਮ,
ਸੁਹਾਣਾ	ਮਾਲਕ	ਘਰ	ਭਗਤਾਂ	ਬਿਸਰਾਮ, ਆਰਾਮ

ਆਸਾ	ਲਗਿ*(ਲਗ)*	ਜੀਵਤੇ	ਜੀਉ ॥
ਆਸ, ਉਮੀਤ	ਲੱਗੇ ਹੋਏ	ਜਿਉਂਦੇ	ਜੀ

...(ਪਰਮੇਸ਼ਰ) ਸੁਆਮੀ ਦਾ ਸੁਹਣਾ ਘਰ, ਭਗਤਾਂ ਦੇ ਆਰਾਮ ਕਰਨ ਲਈ ਹੈ, (ਉਸ ਘਰ ਵਿਚ ਜਾਣ ਦੀ) ਆਸ ਵਿਚ ਲੱਗੇ ਹੋਏ (ਭਗਤ-ਜਨ ਆਪਣੀ ਜ਼ਿੰਦਗੀ) ਜਿਉਂਦੇ ਹਨ ਜੀ...

ਮਨਿ*(ਮਨ)*	ਤਨੇ	ਗਲਤਾਨ,	ਸਿਮਰਤ	ਪ੍ਰਭ	ਨਾਮ,
ਚਿੱਤ	ਤਨ	ਰੁੜਿਆ, ਲਿਵਲੀਨ	ਸਿਮਰਨ	ਪਰਮੇਸ਼ਰ	ਬੰਦਗੀ

ਹਰਿ*(ਹਰ)*	ਅੰਮ੍ਰਿਤੁ*(ਅਮ੍ਰਿੰਤ)*	ਪੀਵਤੇ	ਜੀਉ ॥
ਪ੍ਰਭੂ	ਅਮਰ ਕਰ ਦੇਣ ਵਾਲਾ	ਪੀਂਦੇ, ਛਕਦੇ	ਜੀ

...(ਉਨ੍ਹਾਂ ਦਾ) ਮਨ ਅਤੇ ਤਨ (ਅੱਠੇ ਪਹਿਰ) ਹਰਿ-ਨਾਮ ਸਿਮਰਨ ਵਿਚ ਲਿਵਲੀਨ ਰਹਿੰਦਾ ਹੈ ਅਤੇ (ਉਹ ਸਦਾ ਹੀ) ਹਰਿ-ਨਾਮ, ਅੰਮ੍ਰਿਤ ਛਕਦੇ ਰਹਿੰਦੇ ਹਨ...

ਅੰਮ੍ਰਿਤੁ*(ਅੰਮ੍ਰਿਤ)*	ਹਰਿ*(ਹਰ)*	ਪੀਵਤੇ,	ਸਦਾ	ਥਿਰੁ*(ਥਿਰ)*	ਥੀਵਤੇ,
ਅਮਰ ਕਰ ਦੇਣ ਵਾਲਾ	ਪ੍ਰਭੂ	ਪੀਂਦੇ, ਛਕਦੇ	ਹਮੇਸ਼ਾਂ	ਅਮਰ	ਹੋ ਜਾਂਦੇ

ਬਿਖੈ	ਬਨੁ,*(ਬਨ)*	ਫੀਕਾ	ਜਾਨਿਆ ॥
ਜ਼ਹਿਰ	ਜਲ, ਪਾਣੀ	ਫਿੱਕਾ	ਜਾਣਦੇ, ਸਮਝਦੇ

...ਹਰਿ-ਨਾਮ, ਅੰਮ੍ਰਿਤ ਛਕਦੇ ਹੋਏ, (ਉਹ) ਸਦਾ ਲਈ ਅਮਰ ਹੋ ਜਾਂਦੇ ਹਨ।(ਇਸ ਸੁਆਦ ਕਰਕੇ, ਸੰਸਾਰ ਦੇ ਮਾਇਆਵੀ ਵਿਕਾਰਾਂ ਦੇ) ਜ਼ਹਿਰ ਰੂਪੀ ਪਾਣੀ ਨੂੰ ਉਹ ਫਿੱਕਾ ਭਾਵ ਰਸ-ਹੀਣ ਸਮਝਦੇ ਹਨ...

ਅੰਕ ੮੧

ਭਏ	ਕਿਰਪਾਲ,	ਗੋਪਾਲ	ਪ੍ਰਭ *(ਪ੍ਰਭ)*	ਮੇਰੇ,
ਹੋਏ	ਮਿਹਰਵਾਨ	ਧਰਤੀ ਦੇ ਪਾਲਕ	ਪਰਮੇਸ਼ਰ	ਆਪਣੇ

ਸਾਧਸੰਗਤਿ *(ਸਾਧਸੰਗਤ)*	ਨਿਧਿ *(ਨਿਧ)*	ਮਾਨਿਆ ॥
ਸੱਤਪੁਰਖਾਂ ਦੀ ਸੰਗਤ ਨੂੰ	ਖਜ਼ਾਨਾ	ਮੰਨ ਲਿਆ

...ਮੇਰੇ ਗੋਪਾਲ ਪ੍ਰਭੂ ਜੀ (ਉਨ੍ਹਾਂ ਗੁਰਮੁੱਖ-ਜਨਾਂ ਤੇ) ਮਿਹਰਵਾਨ ਹੋ ਗਏ ਹਨ (ਇਸ ਲਈ) ਸੱਤਪੁਰਖਾਂ ਦੀ ਸੰਗਤ ਨੂੰ (ਉਨ੍ਹਾਂ ਗੁਰਮੁਖਾਂ ਨੇ ਸਰਬੱਤ ਪਦਾਰਥਾਂ ਦਾ) ਖਜ਼ਾਨਾ ਮੰਨ ਲਿਆ ਹੈ...

ਸਰਬਸੋ	ਸੂਖ	ਆਨੰਦ	ਘਨ	ਪਿਆਰੇ,
ਸਭ, ਸਾਰੇ	ਸੁੱਖ	ਅਨੰਦ	ਬਹੁਤ, ਮਹਾਂ	ਪ੍ਰੀਤਵਾਨ

ਹਰਿ *(ਹਰ)*	ਰਤਨੁ *(ਰਤਨ)*	ਮਨ	ਅੰਤਰਿ *(ਅੰਤਰ)*	ਸੀਵਤੇ ॥
ਪ੍ਰਭੂ	ਕੀਮਤੀ ਪੱਥਰ	ਚਿੱਤ	ਵਿਚ	ਸਿਉਂਦੇ, ਪਰੋਂਦੇ

...ਪ੍ਰੀਤਵਾਨ (ਭਗਤ-ਜਨ), ਸਾਰਿਆਂ ਸੁੱਖਾਂ, ਅਤੇ ਮਹਾਂ-ਅਨੰਦ ਦੇ ਹਰਿ-ਨਾਮ ਰੂਪੀ ਅਮੋਲਕ ਰਤਨ, ਨੂੰ ਹਿਰਦੇ ਅੰਦਰ ਪਰੋਈ ਰੱਖਦੇ ਹਨ...

ਇਕੁ *(ਇਕ)*	ਤਿਲੁ *(ਤਿਲ)*	ਨਹੀ *(ਨਹੀਂ)*	ਵਿਸਰੈ	ਪ੍ਰਾਨ	ਆਧਾਰਾ,
ਇੱਕ	ਛਿਣ, ਪਲ	ਨਹੀਂ	ਵਿਸਰਦਾ, ਭੁੱਲਦਾ	ਜਿੰਦ	ਅਧਾਰ, ਆਸਰਾ

ਜਪਿ *(ਜਪ)*	ਜਪਿ *(ਜਪ)*	ਨਾਨਕ	ਜੀਵਤੇ ॥੩॥
ਸਿਮਰ ਕੇ	ਸਿਮਰ ਕੇ	ਹੇ! ਨਾਨਕ	ਜਿਉਂਦੇ

...ਹੇ! ਨਾਨਕ! (ਉਨ੍ਹਾਂ ਭਗਤ ਜਨਾਂ ਨੂੰ ਤਾਂ) ਇੱਕ ਪਲ ਭਰ ਲਈ ਵੀ ਪ੍ਰਾਣ-ਆਧਾਰਾ (ਪਰਮੇਸ਼ਰ) ਨਹੀਂ ਵਿਸਰਦਾ, (ਉਹ ਤਾਂ, ਹਰਿ-ਨਾਮ ਨੂੰ) ਸਿਮਰ ਸਿਮਰ ਕੇ (ਹੀ ਆਪਣੀ ਜ਼ਿੰਦਗੀ) ਜਿਉਂਦੇ ਹਨ।

ਡਖਣਾ ॥

ਦੱਖਣਾ (ਦੱਖਣ ਪੱਛਮੀ, ਭਾਵ (ਪਾਕਿਸਤਾਨ ਵਿਚਲੇ) ਮੁਲਤਾਨ ਅਤੇ ਉਸ ਦੇ ਨਜ਼ਦੀਕੀ ਇਲਾਕਿਆਂ ਦੀ ਬੋਲੀ ਵਿਚ ਲਿਖਿਆ ਦੋਹਾ ਜਾਂ ਸੋਰਠਾ। ਇਸ ਵਿਚ ਦ ਦੀ ਥਾਂ ਡ ਅੱਖਰ ਵਰਤਿਆ ਗਿਆ ਹੈ।)

ਜੋ	ਤਉ	ਕੀਨੇ	ਆਪਣੇ,	ਤਿਨਾਂ *(ਤਿਨ੍ਹਾਂ)*	ਕੂੰ	ਮਿਲਿਓਹਿ *(ਮਿਲਿਓਹਿਂ)* ॥
ਜਿਨ੍ਹਾਂ	ਤੂੰ	ਕਰ ਲਏ	ਆਪਦੇ,	ਖ਼ੁਦ ਦੇ ਉਨ੍ਹਾਂ	ਨੂੰ	ਮਿਲਿਆ ਹੈਂ

(ਹੇ! ਪਰਮੇਸ਼ਰ!) ਜਿਨ੍ਹਾਂ ਨੂੰ ਤੂੰ ਆਪਣਾ ਬਣਾ ਲਿਆ ਹੈ, ਉਨ੍ਹਾਂ ਨੂੰ ਹੀਂ, ਤੂੰ ਮਿਲਿਆ ਹੈਂ, ਪ੍ਰਾਪਤ ਹੋਇਆ ਹੈਂ...

ਅੰਕ ੮੧

ਆਪੇ	**ਹੀ**	**ਆਪਿ** *(ਆਪ)*	**ਮੋਹਿਓਹੁ,** *(ਮੋਹਿਓਹੁ)*
ਆਪ, ਖ਼ੁਦ	ਜ਼ੋਰ ਦੇਣ ਲਈ ਵਰਤਿਆ ਪਿਛੇਤਰ	ਆਪਣਾ, ਖ਼ੁਦ ਦਾ	ਮੋਹਿਆ ਜਾਂਦਾ ਹੈਂ

ਜਸੁ *(ਜਸ)*	**ਨਾਨਕ**	**ਆਪਿ** *(ਆਪ)*	**ਸੁਣਿਓਹਿ** *(ਸੁਣਿਓਹਿ)* ॥੧॥
ਕੀਰਤੀ, ਉਪਮਾ	ਹੇ! ਨਾਨਕ!	ਆਪਣਾ	ਸੁਣਦਾ ਹੈਂ

...ਹੇ! ਨਾਨਕ! (ਉਨ੍ਹਾਂ ਭਗਤ-ਜਨਾਂ ਤੋਂ ਤੂੰ) ਖ਼ੁਦ ਹੀ ਆਪਣੀ ਕੀਰਤੀ ਸੁਣਦਾ ਹੈਂ, (ਅਤੇ ਫਿਰ ਸੁਣਕੇ) ਖ਼ੁਦ ਹੀ ਆਪਣੀ ਕੀਰਤੀ ਤੇ, ਮੋਹਿਤ ਹੋ ਜਾਂਦਾ ਹੈਂ...

ਛੰਤੁ *(ਛੰਤ)* ॥
ਖੁਸ਼ੀ ਦਾ ਗੀਤ

ਪ੍ਰੇਮ	**ਠਗਉਰੀ**	**ਪਾਇ**	**ਰੀਝਾਇ,**
ਪ੍ਰੀਤ	ਠੱਗਮੂਰੀ, ਠੱਗ-ਬੂਟੀ, ਜਿਸ ਨਾਲ	ਪਾ ਕੇ	ਰੀਝਾ ਲੈਂਦੇ, ਖ਼ੁਸ਼ ਕਰ ਲੈਂਦੇ
			ਬੇਹੋਸ਼ ਕਰਕੇ ਠੱਗ ਲੁੱਟ ਲੈਂਦੇ ਹਨ

ਗੋਬਿੰਦ	**ਮਨੁ** *(ਮਨ)*	**ਮੋਹਿਆ**	**ਜੀਉ** ॥
ਪਰਮੇਸ਼ਰ	ਚਿੱਤ	ਮੋਹ ਲਿਆ ਜੀ	

(ਭਗਤ-ਜਨ) ਪ੍ਰੇਮ ਦੀ ਠੱਗ-ਬੂਟੀ ਪਾਕੇ (ਵਾਹਿਗੁਰੂ ਨੂੰ) ਖ਼ੁਸ਼ ਕਰ ਲੈਂਦੇ ਹਨ, (ਅਤੇ ਇਵੇਂ ਉਹ) ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪਰਮੇਸ਼ਰ ਦਾ ਚਿੱਤ ਮੋਹ ਲੈਂਦੇ ਹਨ ਜੀ...

ਸੰਤਨ	**ਕੈ**	**ਪਰਸਾਦਿ** *(ਪਰਸਾਦ)*	**ਅਗਾਧਿ,** *(ਅਗਾਧ)*
ਸਾਧੂਆਂ	ਦੇ	ਕ੍ਰਿਪਾ, ਮਿਹਰ	ਅਥਾਹ, ਬੇਅੰਤ

ਕੰਠੇ	**ਲਗਿ** *(ਲਗ)*	**ਸੋਹਿਆ**	**ਜੀਉ** ॥
ਕੰਠ ਨਾਲ, ਗਲੇ ਨਾਲ	ਲੱਗ ਕੇ	ਸ਼ੋਭਨੀਕ ਹੁੰਦਾ	ਜੀ

...ਸੱਤ-ਪੁਰਖਾਂ ਦੀ ਅਥਾਹ ਮਿਹਰ ਨਾਲ ਹੀ (ਕੋਈ ਧਰਮ-ਸਾਧਕ, ਪਰਮੇਸ਼ਰ ਦੇ) ਗਲੇ ਲਗ ਕੇ (ਜੀਵਨ ਵਿਚ) ਸ਼ੋਭਨੀਕ ਹੁੰਦਾ ਹੈ ਜੀ...

ਹਰਿ *(ਹਰ)*	**ਕੰਠਿ** *(ਕੰਠ)*	**ਲਗਿ** *(ਲਗ)*	**ਸੋਹਿਆ,ਦੋਖ**	**ਸਭਿ** *(ਸਭ)*	**ਜੋਹਿਆ,**
ਪ੍ਰਭੂ	ਕੰਠ ਨਾਲ	ਲੱਗ ਕੇ ਸ਼ੋਭਨੀਕ	ਦੁੱਖ	ਸਾਰੇ	ਮਿਟ ਜਾਂਦੇ

ਭਗਤਿ *(ਭਗਤ)*	**ਲਖ੍ਹਣ**	**ਕਰਿ** *(ਕਰ)*	**ਵਸਿ** *(ਵਸ)*	**ਭਏ** ॥
ਭਗਤੀ ਦੇ	ਲੱਛਣ	ਕਰਕੇ	ਵੱਸ	ਹੋ ਗਿਆ

ਅੰਕ ੮੧

...(ਜਿਹੜਾ) ਪਰਮੇਸ਼ਰ ਦੇ ਕੰਠ ਲੱਗਕੇ (ਜ਼ਿੰਦਗੀ ਵਿਚ) ਸ਼ੋਭਨੀਕ ਹੁੰਦਾ ਹੈ, (ਉਸ ਦੇ ਜੀਵਨ ਦੇ) ਸਾਰੇ ਦੁੱਖ-ਕਲੇਸ਼ ਮਿਟ ਜਾਂਦੇ ਹਨ, ਅਤੇ ਉਸ ਦੀ ਭਗਤੀ ਦੇ ਗੁਣਾਂ ਕਰਕੇ ਕਰਤਾ ਪੁਰਖ ਉਨ੍ਹਾਂ ਦੇ ਵੱਸ ਵਿਚ ਹੋ ਜਾਂਦਾ ਹੈ...

ਮਨਿ*(ਮਨ)*	ਸਰਬ	ਸੁਖ	ਵੁਠੇ,	ਗੋਵਿਦ	ਤੁਠੇ,
ਚਿੱਤ ਵਿਚ	ਸਾਰੇ	ਸੁੱਖ, ਅਨੰਦ	ਵਸਦੇ	ਪ੍ਰਭੂ	ਪ੍ਰਸੰਨ

ਜਨਮ	ਮਰਣਾ	ਸਭਿ*(ਸਭ)*	ਮਿਟਿ*(ਮਿਟ)*	ਗਏ ॥
ਜੰਮਣ	ਮਰਣ	ਸਾਰਾ	ਮਿਟ	ਚਲੇ ਜਾਂਦੇ

...(ਜੇਕਰ) ਸਾਹਿਬ ਪ੍ਰਸੰਨ ਹੋ ਜਾਵੇ ਤਾਂ, ਸਰਬੱਤ ਸੁੱਖ-ਅਨੰਦ, ਚਿੱਤ ਵਿਚ ਆ ਵਸਦੇ ਹਨ, ਜੰਮਣ-ਮਰਣ ਦਾ ਸਾਰਾ ਚੱਕਰ ਵੀ ਮਿਟ ਜਾਂਦਾ ਹੈ..

ਸਖੀ	ਮੰਗਲੋ	ਗਾਇਆ,	ਇਛ	ਪੁਜਾਇਆ,
ਸਹੇਲੀਆਂ	ਖੁਸ਼ੀ ਦਾ ਗੀਤ	ਗਾਇਨ ਕੀਤਾ	ਇੱਛਾਂ	ਪੂਰੀਆਂ ਹੋ ਜਾਂਦੀਆਂ

ਬਹੁੜਿ*(ਬਹੁੜ)*	ਨ*(ਨਾਂ)*	ਮਾਇਆ	ਹੋਹਿਆ ॥
ਫਿਰ, ਦੁਬਾਰਾ	ਨਹੀਂ	ਮਾਇਆਵੀ(ਬੰਧਨ)	ਹੁੰਦਾ

...(ਫਿਰ ਸੱਤਸੰਗੀ) ਸਖੀਆਂ-ਸਹੇਲੀਆਂ, ਮੰਗਲਮਈ ਗੀਤਾਂ ਦਾ ਗਾਇਨ ਕਰਦੀਆਂ ਹਨ, ਅਤੇ (ਕਿਉਂਕਿ ਉਨ੍ਹਾਂ ਦੀਆਂ) ਇੱਛਾਵਾਂ ਪੂਰੀਆਂ ਹੋ ਗਈਆਂ ਹਨ। ਉਨ੍ਹਾਂ ਨੂੰ ਫਿਰ ਦੁਬਾਰਾ (ਸੰਸਾਰਿਕ) ਮਾਇਆ ਦਾ ਬੰਧਨ ਨਹੀਂ ਪੈਂਦਾ...

ਕਰੁ*(ਕਰ)*	ਗਹਿ	ਲੀਨੇ,	ਨਾਨਕ	ਪ੍ਰਭ	ਪਿਆਰੇ,
ਹੱਥ	ਪਕੜ	ਲਿਆ	ਹੇ! ਨਾਨਕ!	ਪਰਮੇਸ਼ਰ	ਪ੍ਰੀਤਵਾਨ

ਸੰਸਾਰੁ*(ਸੰਸਾਰ)*	ਸਾਗਰੁ*(ਸਾਗਰ)*	ਨਹੀ*(ਨਹੀਂ)*	ਪੋਹਿਆ ॥੪॥
ਜਗਤ	ਸਮੁੰਦਰ	ਨਹੀਂ	ਅਸਰ ਕਰਦਾ, ਡਰਾਉਂਦਾ

...ਹੇ! ਨਾਨਕ, ਪ੍ਰੀਤਵਾਨ ਪ੍ਰਭੂ ਨੇ, ਜਿਸ ਦਾ ਹੱਥ ਪਕੜ ਲਿਆ ਹੈ, ਸੰਸਾਰ-ਸਾਗਰ (ਦੇ ਵਿਕਾਰਾਂ ਦੀਆਂ ਛੱਲਾਂ ਫਿਰ ਉਸ ਨੂੰ) ਡਰਾ ਨਹੀਂ ਸਕਦੀਆਂ।

ਡਖਣਾ ॥

ਦੱਖਣਾ (ਦੱਖਣ ਪੱਛਮੀ, ਭਾਵ (ਪਾਕਿਸਤਾਨ ਵਿਚਲੇ) ਮੁਲਤਾਨ ਅਤੇ ਉਸ ਦੇ ਨਜ਼ਦੀਕੀ ਇਲਾਕਿਆਂ ਦੀ ਬੋਲੀ ਵਿਚ ਲਿਖਿਆ ਦੋਹਾ ਜਾਂ ਸੋਰਠਾ। ਇਸ ਵਿਚ ਦ ਦੀ ਥਾਂ ਡ ਅੱਖਰ ਵਰਤਿਆ ਗਿਆ ਹੈ।)

ਅੰਕ ੮੧

ਸਾਈ *(ਸਾਈਂ)*	ਨਾਮੁ *(ਨਾਮ)*	ਅਮੋਲੁ, *(ਅਮੋਲ)*
ਮਾਲਕ, ਸੁਆਮੀ	ਨਾਮ, ਬੰਦਗੀ	ਅਮੋਲਕ, ਕੀਮਤੀ

ਕੀਮ	ਨ *(ਨਾਂ)*	ਕੋਈ	ਜਾਣਦੋ ॥
ਕੀਮਤ	ਨਹੀਂ	ਕੋਈ ਵੀ	ਜਾਣਦਾ, ਸਮਝਦਾ

ਮਾਲਕ (ਪ੍ਰਭੂ) ਦਾ ਨਾਮ ਅਤਿਅੰਤ ਕੀਮਤੀ ਹੈ, ਕੋਈ (ਵੀ ਇਸ ਦਾ) ਮੁੱਲ ਨਹੀਂ ਜਾਣਦਾ...

ਜਿਨਾ *(ਜਿਨ੍ਹਾਂ)*	ਭਾਗ	ਮਥਾਹਿ, *(ਮਥਾਹ)*
ਜਿਨ੍ਹਾਂ ਦੇ	ਕਿਸਮਤ	ਮੱਥੇ ਤੇ

ਸੇ	ਨਾਨਕ,	ਹਰਿ *(ਹਰ)*	ਰੰਗੁ *(ਰੰਗ)*	ਮਾਣਦੋ ॥੧॥
ਉਹ	ਹੇ ! ਨਾਨਕ	ਪ੍ਰਭੂ	ਅਨੰਦ, ਖੁਸ਼ੀ	ਮਾਣਦੇ ਹਨ

...ਹੇ! ਨਾਨਕ, ਜਿਨ੍ਹਾਂ ਦੇ ਮੱਥੇ ਤੇ (ਚੰਗੀ) ਕਿਸਮਤ ਲਿਖੀ ਹੁੰਦੀ ਹੈ, ਉਹੀ ਪਰਮੇਸ਼ਰ ਦੇ ਅਨੰਦ ਨੂੰ ਮਾਣਦੇ ਹਨ।

ਛੰਤੁ *(ਛੰਤ)* ॥
ਖੁਸ਼ੀ ਦਾ ਗੀਤ

ਕਹਤੇ *(ਕਹਿਤੇ)*	ਪਵਿਤੁ,	ਸੁਣਤੇ	ਸਭਿ *(ਸਭ)*	ਧੰਨੁ, *(ਧੰਨ)*
ਕਹਿੰਦੇ, ਉਚਾਰਦੇ	ਪਵਿੱਤਰ	ਸੁਣਦੇ	ਸਭ, ਸਾਰੇ	ਸਲਾਹਣਯੋਗ

ਲਿਖਤੇਂ ਾ	ਕੁਲੁ *(ਕੁਲ)*	ਤਾਰਿਆ	ਜੀਉ ॥
ਲਿਖਣ ਵਾਲਿਆਂ	ਖ਼ਾਨਦਾਨ	ਪਾਰ-ਉਤਾਰਾ	ਜੀ

ਪਰਮੇਸ਼ਰ ਦਾ ਨਾਮ ਕਹਿਣ ਵਾਲੇ ਪਵਿੱਤਰ ਹੋ ਜਾਂਦੇ ਹਨ, (ਪ੍ਰਭੂ-ਨਾਮ) ਸਰਵਣ ਕਰਨ ਵਾਲੇ ਵੀ ਸਭ ਸਲਾਹੁਣਯੋਗ ਹੋ ਜਾਂਦੇ ਹਨ। (ਪ੍ਰਭੂ-ਨਾਮ) ਲਿਖਣ ਵਾਲੇ ਵੀ (ਆਪਣੇ ਸਾਰੇ) ਖਾਨਦਾਨ ਦਾ ਪਾਰ-ਉਤਾਰਾ ਕਰ ਲੈਂਦੇ ਹਨ ਜੀ...

ਜਿਨ *(ਜਿਨ੍ਹ)*	ਕਉ	ਸਾਧੂ	ਸੰਗੁ, *(ਸੰਗ)*	ਨਾਮ	ਹਰਿ *(ਹਰ)*	ਰੰਗੁ, *(ਰੰਗ)*
ਜਿਨ੍ਹਾਂ	ਨੂੰ	ਸੰਤ	ਸੰਗਤ	(ਪ੍ਰਭੂ)ਨਾਮ	ਹਰੀ	ਅਨੰਦ

ਤਿਨੀ *(ਤਿਨ੍ਹੀਂ)*	ਬ੍ਰਹਮੁ *(ਬ੍ਰਹਮ)*	ਬੀਚਾਰਿਆ	ਜੀਉ ॥
ਉਨ੍ਹਾਂ ਨੇ	ਪਾਰਬ੍ਰਹਮ	ਵਿਚਾਰਿਆ, ਸਮਝਿਆ	ਜੀ

ਅੰਕ ੮੧

...ਜਿਨ੍ਹਾਂ ਨੂੰ ਸੱਤ-ਪੁਰਖਾਂ ਦੀ ਸੰਗਤ (ਪ੍ਰਾਪਤ ਹੋ ਜਾਂਦੀ ਹੈ), ਉਨ੍ਹਾਂ ਨੂੰ ਹਰਿ-ਨਾਮ ਦਾ ਅਨੰਦ ਆਉਂਦਾ ਹੈ, ਉਹ ਪਾਰਬ੍ਰਹਮ ਦੇ (ਸੱਚ ਦੀ) ਵੀਚਾਰ ਕਰਦੇ ਹਨ, ਪਰਮੇਸ਼ਰ ਨੂੰ ਸਮਝਦੇ ਹਨ...

ਬ੍ਰਹਮੁ *(ਬ੍ਰਹਮ)*	ਬੀਚਾਰਿਆ,	ਜਨਮੁ *(ਜਨਮ)*	ਸਵਾਰਿਆ,
ਪਾਰਬ੍ਰਹਮ	ਵਿਚਾਰ ਕਰਕੇ	ਜੀਵਨ	ਸੰਵਾਰ ਲਿਆ

ਪੂਰਨ	ਕਿਰਪਾ	ਪ੍ਰਭਿ *(ਪ੍ਰਭ)*	ਕਰੀ ॥
ਪੂਰੀ	ਮਿਹਰ	ਪਰਮੇਸ਼ਰ	ਕਰ ਦਿੱਤੀ

...(ਜੋ ਗੁਰਮੁਖ-ਜਨ) ਪਾਰਬ੍ਰਹਮ-ਪਰਮੇਸ਼ਰ (ਦੇ ਸੱਚ) ਦੀ ਵੀਚਾਰ ਕਰਦੇ ਹਨ, ਭਾਵ ਉਸ ਸੱਚ ਨੂੰ ਸਮਝ ਲੈਂਦੇ ਹਨ, ਉਹ (ਆਪਣਾ) ਜੀਵਨ ਸੰਵਾਰ ਲੈਂਦੇ ਹਨ, (ਉਨ੍ਹਾਂ ਤੇ) ਵਾਹਿਗੁਰੂ, (ਆਪਣੀ) ਪੂਰਨ ਕਿਰਪਾ ਕਰ ਦਿੰਦਾ ਹੈ...

ਕਰੁ *(ਕਰ)*	ਗਹਿ	ਲੀਨੇ,	ਹਰਿ *(ਹਰ)*	ਜਸੋ	ਦੀਨੇ,
ਹੱਥ	ਪਕੜ	ਲਿਆ	ਪ੍ਰਭੂ	ਕੀਰਤੀ, ਉਪਮਾ	ਦਿੱਤਾ

ਜੋਨਿ *(ਜੋਨ)*	ਨਾ *(ਨਾਂ)*	ਧਾਵੈ,	ਨਹ *(ਨਹਿੰ)*	ਮਰੀ ॥
ਜੂਨੀ ਵਿਚ	ਨਹੀਂ	ਦੌੜਦਾ	ਨਾਹੀਂ	ਮਰਦਾ

...(ਪਰਮੇਸ਼ਰ ਆਪਣੀ ਮਿਹਰ ਕਰਕੇ ਜਿਸ ਦਾ) ਹੱਥ ਪਕੜ ਲੈਂਦਾ ਹੈ, ਉਸ ਨੂੰ ਹਰਿ-ਜਸ (ਗਾਇਨ ਕਰਨ ਦੀ ਦਾਤ) ਬਖਸ਼ ਦਿੰਦਾ ਹੈ। (ਉਹ ਜਗਿਆਸੂ ਫਿਰ) ਜੂਨਾਂ ਵਿਚ ਨਹੀਂ ਭਟਕਦਾ, ਅਤੇ ਨਾਂ ਹੀ ਉਸ ਨੂੰ ਮੌਤ ਦਾ ਡਰ ਹੀ ਰਹਿੰਦਾ ਹੈ...

ਸਤਿਗੁਰ *(ਸਤਗੁਰ)*	ਦਇਆਲ	ਕਿਰਪਾਲ	ਭੇਟਤ	ਹਰੇ,
ਸਤਿਗੁਰੂ	ਦਇਆਵਾਨ	ਮਿਹਰਵਾਨ	ਮਿਲ ਕੇ	ਨਿਹਾਲ

ਕਾਮੁ *(ਕਾਮ)*	ਕ੍ਰੋਧੁ *(ਕ੍ਰੋਧ)*	ਲੋਭੁ *(ਲੋਭ)*	ਮਾਰਿਆ ॥
ਕਾਮ ਵਾਸ਼ਨਾ	ਗੁੱਸਾ	ਲਾਲਚ	ਮੁਕਾ ਲਿਆ

...ਦਇਆਵਾਨ ਅਤੇ ਮਿਹਰਵਾਨ ਸਤਿਗੁਰੂ ਨੂੰ ਮਿਲ ਕੇ (ਉਹ ਗੁਰਮੁਖ-ਜਨ) ਨਿਹਾਲ, ਨਿਹਾਲ ਹੋ ਜਾਂਦੇ ਹਨ, ਅਤੇ (ਆਪਣੇ ਜੀਵਨ ਵਿਚੋਂ) ਕਾਮ, ਕ੍ਰੋਧ ਅਤੇ ਲੋਭ ਨੂੰ ਮਾਰ-ਮੁਕਾਉਂਦੇ ਹਨ...

ਕਥਨੁ *(ਕਥਨ)*	ਨ *(ਨਾਂ)*	ਜਾਇ,	ਅਕਥੁ *(ਅਕੱਥ)*	ਸੁਆਮੀ,
ਵਖਿਆਨ, ਵੀਚਾਰ	ਨਹੀਂ	ਜਾ ਸਕਦਾ ਅਕੱਥ,	ਅਕਹਿ	ਮਾਲਕ, ਸਾਈਂ

ਅੰਕ ੮੧

ਸਦਕੈ	ਜਾਇ	ਨਾਨਕੁ *(ਨਾਨਕ)*	ਵਾਰਿਆ ॥੫॥੧॥੩॥
ਕੁਰਬਾਨ	ਜਾਂਦਾ	ਨਾਨਕ (ਗੁਰੂ)	ਵਾਰਨੇ, ਬਲਿਹਾਰ

...(ਉਸ) ਅਕੱਥ ਮਾਲਕ ਬਾਰੇ ਕੁਝ ਵੀ ਆਖਿਆ ਨਹੀਂ ਜਾ ਸਕਦਾ, (ਉਸ ਤੋਂ ਤਾਂ) ਨਾਨਕ (ਸਿਰਫ਼) ਸਦਕੇ, ਵਾਰਨੇ ਅਤੇ ਬਲਿਹਾਰ ਬਲਿਹਾਰ ਹੀ ਜਾਂਦਾ ਹੈ।

ਸਿਰੀਰਾਗੁ, *(ਸਿਰੀਰਾਗ)*	ਮਹਲਾ *(ਮਹਿਲਾ)*	੪ *(ਚੌਥਾ)*	ਵਣਜਾਰਾ
ਰਾਗ ਦਾ ਨਾਮ	ਪਾਤਸ਼ਾਹੀ	ਚੌਥੀ	ਵਪਾਰੀ

੧ੳ *(ਇਕ ਓਅੰਕਾਰ)*	ਸਤਿ *(ਸੱਤ)*
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ(ਸਦਾ ਸੱਚ) ਹੈ

ਗੁਰ	ਪ੍ਰਸਾਦਿ॥ *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ(ਓਅੰਕਾਰ)	ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਕਟਾਖ਼ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਹਰਿ *(ਹਰ)*	ਹਰਿ *(ਹਰ)*	ਉਤਮੁ *(ਉਤਮ)*	ਨਾਮੁ *(ਨਾਮ)*	ਹੈ,
ਪ੍ਰਭੂ	ਪ੍ਰਭੂ	ਸ੍ਰੇਸ਼ਠ	ਨਾਮ	ਹੋਣ ਦੀ ਕ੍ਰਿਆ
ਜਿਨਿ *(ਜਿਨ੍ਹ)*	ਸਿਰਿਆ	ਸਭੁ *(ਸਭ)*	ਕੋਇ	ਜੀਉ ॥
ਜਿਸ ਨੇ	ਸਿਰਜਿਆ,ਰਚਿਆ	ਸਾਰਾ	ਕੁਝ	ਜੀ

ਜਿਸ (ਵਾਹਿਗੁਰੂ ਨੇ ਬ੍ਰਹਿਮੰਡ ਦਾ) ਸਭ ਕੁਝ ਸਿਰਜਿਆ ਹੈ, (ਉਸ) ਪਰਮੇਸ਼ਰ ਦਾ ਨਾਮ (ਸਭ ਤੋਂ) ਉੱਤਮ ਹੈ ਜੀ...

ਹਰਿ, *(ਹਰ)*	ਜੀਅ	ਸਭੇ	ਪ੍ਰਤਿਪਾਲਦਾ,
ਈਸ਼ਵਰ	ਜੀਵ	ਸਾਰੇ	ਪਾਲਣਾ ਕਰਦਾ
ਘਟਿ *(ਘਟ)*	ਘਟਿ *(ਘਟ)*	ਰਮਈਆ	ਸੋਇ॥
ਹਿਰਦੇ ਵਿਚ	ਹਿਰਦੇ ਵਿਚ	ਰਮਿਆ ਹੋਇਆ ਵਾਹਿਗੁਰੂ	ਉਹ

...ਉਹ ਸਰਬ-ਵਿਆਪਕ (ਕਰਤਾ ਪੁਰਖ਼) ਸਭ ਜੀਆਂ ਦੇ ਹਿਰਦਿਆਂ ਵਿਚ ਰਮਿਆ ਹੋਇਆ ਹੈ, ਅਤੇ ਹਰੀ ਹੀ ਸਭਨਾਂ ਦੀ ਪਾਲਣਾ ਵੀ ਕਰਦਾ ਹੈ...

ਅੰਕ ੮੧-੮੨

ਸੋ	ਹਰਿ (ਹਰ)	ਸਦਾ	ਧਿਆਈਐ,
ਉਸ	ਪ੍ਰਭੂ	ਹਮੇਸ਼ਾਂ	ਅਰਾਧੀਏ, ਸਿਮਰੀਏ

ਤਿਸੁ (ਤਿਸ)	ਬਿਨੁ (ਬਿਨ)	ਅਵਰੁ (ਅਵਰ)	ਨ (ਨਾਂ)	ਕੋਇ॥
ਉਸ	ਬਿਨਾਂ, ਬਗੈਰ	ਹੋਰ	ਨਹੀਂ	ਕੋਈ

...(ਉਸ) ਪਰਮੇਸ਼ਰ ਨੂੰ ਸਦਾ ਹੀ ਧਿਆਉਣਾ ਚਾਹੀਦਾ ਹੈ, ਉਸ ਬਿਨਾਂ ਹੋਰ ਕੋਈ (ਪ੍ਰਤਿਪਾਲਣਹਾਰ) ਨਹੀਂ ਹੈ...

ਜੋ	ਮੋਹਿ (ਮੋਹ)	ਮਾਇਆ	ਚਿਤੁ (ਚਿਤ)	ਲਾਇਦੇ, (ਲਾਇੰਦੇ)
ਜਿਹੜੇ	ਲਗਾਓ, ਸਨੇਹ	ਧਨ, ਦੌਲਤ	ਹਿਰਦਾ	ਲਾਉਂਦੇ, ਜੋੜਦੇ

ਸੇ	ਛੋਡਿ (ਛੋਡ)	ਚਲੇ	ਦੁਖੁ (ਦੁਖ)	ਰੋਇ॥
ਉਹ	ਛੱਡਕੇ	ਜਾਣ ਲਗੇ	ਕਸ਼ਟ, ਦੁੱਖ	ਰੋਂਦੇ, ਕੁਰਲਾਉਂਦੇ

...ਜਿਹੜੇ (ਪ੍ਰਤਿਪਾਲਣਹਾਰ ਪ੍ਰਭੂ ਦੀ ਯਾਦ ਨੂੰ ਭੁੱਲ ਕੇ, ਸੰਸਾਰ ਦੇ) ਧਨ-ਦੌਲਤ ਵਿਚ ਚਿੱਤ ਲਾਉਂਦੇ ਹਨ, ਉਹ (ਫਿਰ ਇਸ ਮਾਇਆ ਨੂੰ) ਛੱਡਕੇ ਜਾਣ ਲਗਿਆਂ ਦੁੱਖ ਵਿਚ ਰੋਂਦੇ-ਕੁਰਲਾਉਂਦੇ ਹਨ...

ਜਨ	ਨਾਨਕ,	ਨਾਮੁ (ਨਾਮ)	ਧਿਆਇਆ,
ਦਾਸ	ਨਾਨਕ	(ਪ੍ਰਭੂ) ਨਾਮ	ਸਿਮਰਿਆ

ਹਰਿ (ਹਰ)	ਅੰਤਿ (ਅੰਤ)	ਸਖਾਈ	ਹੋਇ॥੧॥
ਪ੍ਰਭੂ	ਅੰਤ ਸਮੇਂ	ਮਦਦਗਾਰ, ਸਹਾਇਕ	ਹੁੰਦਾ ਹੈ

...ਹੇ! ਦਾਸ ਨਾਨਕ! (ਜਿਨ੍ਹਾਂ ਨੇ) ਹਰਿ-ਨਾਮ ਦੀ ਅਰਾਧਨਾ ਕੀਤੀ ਹੈ, ਪਰਮੇਸ਼ਰ ਅੰਤ ਸਮੇਂ (ਉਨ੍ਹਾਂ ਦਾ) ਮਦਦਗਾਰ ਹੁੰਦਾ ਹੈ...

ਮੈ (ਮੈਂ)	ਹਰਿ (ਹਰ)	ਬਿਨੁ (ਬਿਨ)	ਅਵਰੁ (ਅਵਰ)	ਨ (ਨਾਂ)	ਕੋਇ ॥
ਮੈਨੂੰ	ਪ੍ਰਭੂ	ਬਿਨਾਂ	ਹੋਰ	ਨਹੀਂ	ਕੋਈ

...ਮੈਨੂੰ ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਵੀ ਓਟ, ਆਸਰਾ ਨਹੀਂ ਹੈ...

ਹਰਿ (ਹਰ)	ਗੁਰ	ਸਰਣਾਈ (ਸ਼ਰਣਾਈ)	ਪਾਈਐ,	ਵਣਜਾਰਿਆ	ਮਿਤ੍ਰਾ,
ਪ੍ਰਭੂ	ਸਤਿਗੁਰੂ	ਸ਼ਰਣ ਵਿਚ	ਪਾਈਦਾ ਹੈ	ਵਪਾਰੀ	ਦੋਸਤਾ

ਅੰਕ ੮੨

ਵਡਭਾਗਿ *(ਵਡਭਾਗ)*	**ਪਰਾਪਤਿ** *(ਪਰਾਪਤ)*	**ਹੋਇ॥੧॥**	**ਰਹਾਉ ॥**
ਵੱਡਿਆਂ ਭਾਗਾਂ ਨਾਲ	ਮਿਲਦਾ, ਪਰਾਪਤ	ਹੁੰਦਾ ਹੈ	ਠਹਿਰਾਉ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! ਸਤਿਗੁਰੂ ਦੀ ਸ਼ਰਣ ਵਿਚ ਜਾਣ ਨਾਲ ਹੀ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ, ਅਤੇ ਇਹ ਵਾਹਿਗੁਰੂ-ਮਿਲਾਪ ਵੱਡਿਆਂ ਨਸੀਬਾਂ ਨਾਲ ਹੁੰਦਾ ਹੈ...

ਸੰਤ	**ਜਨਾ** *(ਜਨਾਂ)*	**ਵਿਣੁ** *(ਵਿਣ)*	**ਭਾਈਆ** *(ਭਾਈਆਂ)*
ਸਾਧੂ	ਜਨ	ਬਗੈਰ, ਬਿਨਾਂ	ਭਰਾਵਾਂ

ਹਰਿ *(ਹਰ)*	**ਕਿਨੈ** *(ਕਿਨ੍ਹੈ)*	**ਨ** *(ਨਾਂ)*	**ਪਾਇਆ**	**ਨਾਉ** *(ਨਾਉਂ)* **॥**
ਪ੍ਰਭੂ	ਕਿਸੇ ਨੇ	ਨਹੀਂ	ਪ੍ਰਾਪਤ ਕੀਤਾ	ਨਾਮ

...ਸੰਤ-ਪੁਰਖਾਂ ਜਿਹੇ ਭਰਾਵਾਂ (ਦੇ ਮਿਲਾਪ) ਤੋਂ ਬਿਨਾਂ, ਕਿਸੇ ਨੇ ਵੀ ਵਾਹਿਗੁਰੂ-ਨਾਮ ਦੀ ਪ੍ਰਾਪਤੀ ਨਹੀਂ ਕੀਤੀ...

ਵਿਚਿ *(ਵਿਚ)*	**ਹਉਮੈ** *(ਹਉਮੈਂ)*	**ਕਰਮ**	**ਕਮਾਵਦੇ,** *(ਕਮਾਂਵਦੇ)*
ਵਿਚ	ਅਹੰਕਾਰ	ਕੰਮ	ਕਰਦੇ

ਜਿਉ *(ਜਿਉਂ)*	**ਵੇਸੁਆ**	**ਪੁਤੁ** *(ਪੁੱਤ)*	**ਨਿਨਾਉ** *(ਨਿਨਾਉਂ)* **॥**
ਜਿਵੇਂ	ਵੇਸਵਾ	ਪੁੱਤਰ	ਬੇਨਾਮ, ਪਿਤਾ ਦੇ ਨਾਮ ਤੋਂ ਬਿਨਾਂ

...(ਜਿਹੜੇ, ਆਪਣੀ ਜ਼ਿੰਦਗੀ) ਅੰਦਰ ਅਹੰਕਾਰ (ਦੇ ਵਸ) ਵਿਚ ਹੋਕੇ ਕਰਮ ਕਰਦੇ ਹਨ, ਉਹ ਵੇਸਵਾ ਦੇ ਪੁੱਤਰ ਵਾਂਗ ਬੇਨਾਮ (ਪਿਤਾ ਦੇ ਨਾਮ ਤੋਂ ਵਿਹੂਣੇ) ਹੀ ਹੁੰਦੇ ਹਨ...

ਪਿਤਾ	**ਜਾਤਿ** *(ਜ਼ਾਤ)*	**ਤਾ** *(ਤਾਂ)*	**ਹੋਈਐ,**
ਬਾਪ	ਕੁਲ, ਵੰਸ਼	ਤਦ	ਹੋਈਦਾ ਹੈ

ਗੁਰੁ *(ਗੁਰ)*	**ਤੁਠਾ**	**ਕਰੇ**	**ਪਸਾਉ ॥**
ਸਤਿਗੁਰੂ	ਪ੍ਰਸੰਨ ਹੋਕੇ	ਕਰ ਦੇਵੇ	ਕ੍ਰਿਪਾ, ਬਖਸ਼ਿਸ਼

...ਪ੍ਰਭੂ-ਪਿਤਾ ਦੀ ਵੰਸ਼ ਵਿਚ ਤਾਂ ਉਦੋਂ ਹੀ ਹੋ ਸਕੀਦਾ ਹੈ, ਜੇ ਸਤਿਗੁਰੂ ਪ੍ਰਸੰਨ ਹੋਕੇ ਆਪਣੀ ਬਖਸ਼ਿਸ਼ ਕਰ ਦੇਵੇ...

ਵਡਭਾਗੀ, *(ਵਡਭਾਗੀਂ)*	**ਗੁਰੁ** *(ਗੁਰ)*	**ਪਾਇਆ,**
ਵੱਡਿਆਂ ਭਾਗਾਂ ਨਾਲ	ਸਤਿਗੁਰੂ	ਪ੍ਰਾਪਤ ਹੋਇਆ

ਅੰਕ ੯੨

ਹਰਿ *(ਹਰ)*	ਅਹਿਨਿਸਿ *(ਅਹਿਨਿਸ)*	ਲਗਾ	ਭਾਉ ॥
ਪ੍ਰਭੂ	ਰਾਤ ਦਿਨ	ਲਗਿਆ	ਪਿਆਰ, ਪ੍ਰੀਤ

...(ਜਿਸ ਧਰਮ ਸਾਧਕ ਨੂੰ) ਵੱਡਿਆਂ ਨਸੀਬਾਂ ਨਾਲ ਸਤਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ, ਉਹ ਫਿਰ ਦਿਨ-ਰਾਤ, ਵਾਹਿਗੁਰੂ ਦੀ ਪ੍ਰੀਤ ਵਿਚ ਜੁੜਿਆ ਰਹਿੰਦਾ ਹੈ...

ਜਨ	ਨਾਨਕਿ, *(ਨਾਨਕ)*	ਬ੍ਰਹਮੁ *(ਬ੍ਰਹਮ)*	ਪਛਾਣਿਆ, *(ਪਛਾਣਿਆਂ)*
ਦਾਸ	ਨਾਨਕ ਨੇ	ਪਾਰਬ੍ਰਹਮ	ਪਹਿਚਾਣ ਲਿਆ

ਹਰਿ *(ਹਰ)*	ਕੀਰਤਿ *(ਕੀਰਤ)*	ਕਰਮ	ਕਮਾਉ *(ਕਮਾਉਂ)* ॥੨॥
ਪ੍ਰਭੂ	ਕੀਰਤੀ, ਸਿਫ਼ਤ-ਸਲਾਹ	ਕੰਮ	ਕਮਾ ਰਿਹਾ ਹਾਂ

...ਦਾਸ ਨਾਨਕ ਨੇ ਪਾਰਬ੍ਰਹਮ-ਪਰਮੇਸ਼ਰ ਦੀ ਪਹਿਚਾਣ ਕਰ ਲਈ ਹੈ, ਅਤੇ (ਹੁਣ) ਵਾਹਿਗੁਰੂ ਦੀ ਸਿਫ਼ਤ-ਸਲਾਹ ਦੇ ਹੀ ਕਰਮ ਕਮਾਉਂਦਾ ਹਾਂ।

ਮਨਿ *(ਮਨ)*	ਹਰਿ *(ਹਰ)*	ਹਰਿ *(ਹਰ)*	ਲਗਾ	ਚਾਉ ॥
ਚਿੱਤ ਵਿਚ	ਪ੍ਰਭੂ	ਪ੍ਰਭੂ	ਲਗ ਗਿਆ	ਉਮੰਗ, ਰੀਝ

...(ਸਤਿਗੁਰੂ ਦੀ ਬਖਸ਼ਿਸ਼ ਦੁਆਰਾ) ਹਿਰਦੇ ਵਿਚ ਪ੍ਰਭੂ (ਸਿਮਰਨ) ਦੀ ਰੀਝ ਪੈਦਾ ਹੋ ਗਈ ਹੈ...

ਗੁਰਿ *(ਗੁਰ)*	ਪੂਰੈ,	ਨਾਮੁ *(ਨਾਮ)*	ਦ੍ਰਿੜਾਇਆ, *(ਦ੍ਰਿੜ੍ਹਾਇਆ)*
ਸਤਿਗੁਰੂ	ਪੂਰਨ	ਨਾਮ	ਦ੍ਰਿੜ੍ਹ ਕਰਵਾ ਦਿੱਤਾ, ਪੱਕੀ ਤਰ੍ਹਾਂ ਸਮਝਾ ਦਿੱਤਾ

ਹਰਿ *(ਹਰ)*	ਮਿਲਿਆ	ਹਰਿ *(ਹਰ)*	ਪ੍ਰਭ	ਨਾਉ *(ਨਾਉਂ)* ॥੧॥	ਰਹਾਉ ॥
ਪ੍ਰਭੂ	ਮਿਲ ਗਿਆ	ਪ੍ਰਭੂ	ਪਰਮੇਸ਼ਰ	ਨਾਮ	ਠਹਿਰਾਉ

...ਪੂਰਨ ਸਤਿਗੁਰੂ ਨੇ (ਵਾਹਿਗੁਰੂ ਦਾ) ਨਾਮ ਦ੍ਰਿੜ੍ਹ ਕਰਵਾ ਦਿੱਤਾ ਹੈ, ਅਤੇ ਕਰਤਾ ਪੁਰਖ ਦੇ ਨਾਮ (ਸਿਮਰਨ ਨਾਲ) ਪ੍ਰਭੂ-ਮਿਲਾਪ ਹੋ ਗਿਆ ਹੈ...

ਜਬ	ਲਗੁ *(ਲਗ)*	ਜੋਬਨਿ *(ਜੋਬਨ)*	ਸਾਸੁ *(ਸਾਸ)*	ਹੈ,
ਜਦੋਂ	ਤਕ	ਜੁਆਨੀ ਵਿਚ	ਸੁਆਸ	ਹੋਣ ਦੀ ਕ੍ਰਿਆ

ਤਬ	ਲਗੁ *(ਲਗ)*	ਨਾਮੁ *(ਨਾਮ)*	ਧਿਆਇ॥
ਉਦੋਂ	ਤਕ	ਨਾਮ	ਧਿਆਉਣਾ ਚਾਹੀਦਾ

ਅੰਕ ੮੨

...(ਹੇ! ਭਾਈ!) ਜਦੋਂ ਤਕ ਜੁਆਨੀ ਵਿਚ ਸਾਹ (ਚਲਦਾ) ਹੈ, ਉਦੋਂ ਤਕ (ਵਾਹਿਗੁਰੂ ਦਾ) ਨਾਮ ਸਿਮਰਨਾ ਚਾਹੀਦਾ ਹੈ (ਭਾਵ ਬਿਰਧ ਅਵਸਥਾ ਵਿਚ ਸਰੀਰ ਨਿਰਬਲ ਹੋਣ ਕਰਕੇ ਅਤੇ ਸੁਰਤ ਕਮਜ਼ੋਰ ਹੋਣ ਨਾਲ ਨਾਮ-ਸਿਮਰਨ ਵਿਚ ਔਖਿਆਈ ਆਉਂਦੀ ਹੈ)...

ਚਲਦਿਆ *(ਚਲਦਿਆਂ)*	**ਨਾਲਿ** *(ਨਾਲ)*	**ਹਰਿ** *(ਹਰ)*	**ਚਲਸੀ,**
ਤੁਰਦਿਆਂ	ਸਾਥ, ਸੰਗ	ਪ੍ਰਭੂ	ਚਲੇਗਾ

ਹਰਿ *(ਹਰ)*	**ਅੰਤੇ**	**ਲਏ**	**ਛਡਾਇ॥**
ਪ੍ਰਭੂ	ਅੰਤ ਸਮੇਂ	ਲਏਗਾ	ਛੁਡਾ

...ਜੀਵਨ-ਯਾਤਰਾ ਤੇ ਚਲਦਿਆਂ, ਪ੍ਰਭੂ-ਨਾਮ ਹੀ, ਨਾਲ ਤੁਰਦਾ ਹੈ, ਅਤੇ (ਜੀਵ ਨੂੰ) ਅੰਤ ਸਮੇਂ (ਵੀ ਮਾਇਆਵੀ ਵਿਕਾਰਾਂ ਦੇ ਦੁੱਖਾਂ ਤੋਂ) ਛੁਡਾ ਲੈਂਦਾ ਹੈ...

ਹਉ *(ਹਉਂ)*	**ਬਲਿਹਾਰੀ**	**ਤਿਨ** *(ਤਿਨ੍ਹ)*	**ਕਉ,**
ਮੈਂ	ਬਲਿਹਾਰ, ਕੁਰਬਾਨ	ਉਨ੍ਹਾਂ	ਤੋਂ

ਜਿਨ *(ਜਿਨ੍ਹ)*	**ਹਰਿ** *(ਹਰ)*	**ਮਨਿ** *(ਮਨ)*	**ਵੁਠਾ**	**ਆਇ॥**
ਜਿਨ੍ਹਾਂ ਦੇ	ਪਰਮਾਤਮਾ	ਮਨ ਵਿਚ	ਵਸ ਗਿਆ	ਆਕੇ

...ਮੈਂ ਉਨ੍ਹਾਂ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੇ ਚਿੱਤ ਵਿਚ ਪਰਮੇਸ਼ਰ ਆਕੇ ਵਸ ਗਿਆ ਹੈ...

ਜਿਨੀ *(ਜਿਨ੍ਹੀਂ)*	**ਹਰਿ** *(ਹਰ)*	**ਹਰਿ** *(ਹਰ)*	**ਨਾਮੁ** *(ਨਾਮ)*	**ਨ** *(ਨਾਂ)*	**ਚੇਤਿਓ,**
ਜਿਨ੍ਹਾਂ	ਪ੍ਰਭੂ	ਪ੍ਰਭੂ	ਨਾਮ	ਨਹੀਂ	ਸਿਮਰਿਆ

ਸੇ	**ਅੰਤਿ** *(ਅੰਤ)*	**ਗਏ**	**ਪਛੁਤਾਇ॥**
ਉਹ	ਅੰਤ ਸਮੇਂ	ਚਲੇ ਗਏ	ਪਛਤਾਉਂਦਿਆਂ

...ਜਿਨ੍ਹਾਂ ਨੇ ਪ੍ਰਭੂ ਨਾਮ ਨੂੰ ਨਹੀਂ ਸਿਮਰਿਆ, ਉਹ ਅੰਤ ਸਮੇਂ ਪਛਤਾਉਂਦਿਆਂ (ਹੀ ਸੰਸਾਰ ਤੋਂ) ਚਲੇ ਗਏ ਹਨ...

ਧੁਰਿ *(ਧੁਰ)*	**ਮਸਤਕਿ** *(ਮਸਤਕ)*	**ਹਰਿ** *(ਹਰ)*	**ਪ੍ਰਭਿ** *(ਪ੍ਰਭ)*	**ਲਿਖਿਆ,**
ਰੱਬੀ ਦਰਗਾਹੋਂ	ਮੱਥੇ ਤੇ	ਹਰੀ	ਪ੍ਰਭੂ	ਅੰਕਿਤ ਕੀਤਾ

ਜਨ	**ਨਾਨਕ**	**ਨਾਮੁ** *(ਨਾਮ)*	**ਧਿਆਇ॥੩॥**
ਦਾਸ	ਹੇ !ਨਾਨਕ	ਨਾਮ	ਸਿਮਰਿਆ

ਅੰਕ ੯੨

...ਹੇ! ਦਾਸ ਨਾਨਕ! ਜਿਨ੍ਹਾਂ ਦੇ ਮਸਤਕ ਵਿਚ, ਰੱਬੀ-ਦਰਗਾਹੋਂ (ਪ੍ਰਭੂ-ਨਾਮ ਦੀ ਦਾਤ) ਅੰਕਿਤ ਹੋਈ ਹੁੰਦੀ ਹੈ, ਉਹੋ ਹੀ (ਆਪਣੇ ਜੀਵਨ ਵਿਚ ਵਾਹਿਗੁਰੂ ਦਾ) ਨਾਮ ਸਿਮਰਦੇ ਹਨ।

ਮਨ,	ਹਰਿ *(ਹਰ)*	ਹਰਿ *(ਹਰ)*	ਪ੍ਰੀਤਿ *(ਪ੍ਰੀਤ)*	ਲਗਾਇ॥
ਹੇ! ਮਨਾਂ!	ਪ੍ਰਭੂ	ਪ੍ਰਭੂ	ਪਿਆਰ	ਲਗਾ, ਜੋੜ

...ਹੇ! (ਮੇਰੇ) ਮਨਾਂ, ਪ੍ਰਭੂ-ਪ੍ਰੀਤਮ ਨਾਲ (ਆਪਣੀ) ਪ੍ਰੀਤ ਜੋੜ ਲੈ...

ਵਡਭਾਗੀ *(ਵਡਭਾਗੀਂ)*	ਗੁਰੁ *(ਗੁਰ)*	ਪਾਇਆ,
ਵੱਡਿਆਂ ਭਾਗਾਂ ਨਾਲ	ਸਤਿਗੁਰੂ	ਪ੍ਰਾਪਤੀ ਹੁੰਦੀ

ਗੁਰ	ਸਬਦੀ	ਪਾਰਿ *(ਪਾਰ)*	ਲਘਾਇ *(ਲੰਘਾਇ)* ॥੧॥	ਰਹਾਉ ॥
ਸਤਿਗੁਰੂ	ਸ਼ਬਦ ਰਾਹੀਂ	ਪਰਲੇ ਪਾਸੇ	ਲੰਘਾ ਦਿੰਦਾ	ਠਹਿਰਾਉ

...ਵੱਡਿਆਂ ਨਸੀਬਾਂ ਨਾਲ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਅਤੇ ਸਤਿਗੁਰੂ (ਆਪਣੇ) ਸ਼ਬਦ ਰਾਹੀਂ (ਉਸ ਨੂੰ ਸੰਸਾਰ-ਸਾਗਰ) ਤੋਂ ਪਾਰ ਲੰਘਾ ਦਿੰਦਾ ਹੈ...

ਹਰਿ *(ਹਰ)*	ਆਪੇ	ਆਪੁ *(ਆਪ)*	ਉਪਾਇਦਾ, *(ਉਪਾਇੰਦਾ)*
ਪ੍ਰਭੂ	ਆਪਣੇ	ਆਪ	ਸਿਰਜਦਾ ਹੈ, ਪੈਦਾ ਕਰਦਾ ਹੈ
ਹਰਿ *(ਹਰ)*	ਆਪੇ	ਦੇਵੈ	ਲੇਇ *(ਲੇ)* ॥
ਪ੍ਰਭੂ	ਆਪ ਹੀ	ਦਿੰਦਾ	ਲੈ ਲੈਂਦਾ ਹੈ

...ਕਰਤਾ ਪੁਰਖ਼ ਆਪਣੇ ਆਪ ਹੀ (ਸਭ ਸ੍ਰਿਸ਼ਟੀ ਨੂੰ) ਸਿਰਜਦਾ ਹੈ। (ਜਗਤ ਸਾਜ ਕੇ), ਵਾਹਿਗੁਰੂ ਆਪ ਹੀ (ਜੀਵਾਂ ਨੂੰ ਜਿੰਦ-ਜਾਨ) ਬਖਸ਼ਦਾ ਵੀ ਹੈ ਅਤੇ ਫ਼ਿਰ ਲੈ ਵੀ ਲੈਂਦਾ ਹੈ...

ਹਰਿ *(ਹਰ)*	ਆਪੇ	ਭਰਮਿ *(ਭਰਮ)*	ਭੁਲਾਇਦਾ, *(ਭੁਲਾਇੰਦਾ)*
ਪ੍ਰਭੂ	ਆਪ ਹੀ	ਭਰਮ ਵਿਚ	ਭੁਲਾਉਂਦਾ

ਹਰਿ *(ਹਰ)*	ਆਪੇ	ਹੀ	ਮਤਿ *(ਮਤ)*	ਦੇਇ *(ਦੇ)* ॥
ਪ੍ਰਭੂ	ਆਪ	ਹੀ	ਅਕਲ, ਸੋਝੀ	ਦਿੰਦਾ ਹੈ

...ਪਰਮੇਸ਼ਰ ਆਪ ਹੀ (ਜੀਵ ਨੂੰ, ਮਾਇਆਵੀ ਵਿਕਾਰਾਂ ਦੇ) ਭਰਮ-ਭੁਲੇਖਿਆਂ ਵਿਚ ਭਟਕਾਉਂਦਾ ਹੈ, ਅਤੇ ਫ਼ਿਰ ਆਪ ਹੀ ਵਾਹਿਗੁਰੂ (ਇਨ੍ਹਾਂ ਤੋਂ ਮੁਕਤ ਹੋਣ ਦੀ) ਸੋਝੀ ਵੀ ਬਖਸ਼ ਦਿੰਦਾ ਹੈ...

ਅੰਕ ੮੨

ਗੁਰਮੁਖਾ *(ਗੁਰਮੁਖਾਂ)*	ਮਨਿ *(ਮਨ)*	ਪਰਗਾਸੁ *(ਪਰਗਾਸ)*	ਹੈ,
ਗੁਰਮੁਖ ਜਨਾਂ ਦੇ	ਹਿਰਦੇ ਵਿਚ	ਪ੍ਰਕਾਸ਼, ਚਾਨਣ	ਹੋਣ ਦੀ ਕ੍ਰਿਆ

ਸੇ	ਵਿਰਲੇ	ਕੇਈ	ਕੇਇ *(ਕੇ)* ॥
ਉਹ	ਕੋਈ ਕੋਈ	ਟਾਵੇਂ	ਟਾਵੇਂ

...ਗੁਰਮੁਖ ਜਨਾਂ ਦੇ ਹਿਰਦੇ ਵਿਚ (ਵਾਹਿਗੁਰੂ-ਨਾਮ ਦਾ) ਚਾਨਣ ਹੋ ਗਿਆ ਹੁੰਦਾ ਹੈ, ਪਰ ਅਜਿਹੇ ਗੁਰਮੁਖ ਕੋਈ ਵਿਰਲੇ-ਟਾਵੇਂ ਹੀ ਹੁੰਦੇ ਹਨ...

ਹਉ *(ਹਉਂ)*	ਬਲਿਹਾਰੀ	ਤਿਨ *(ਤਿਨ੍ਹ)*	ਕਉ,
ਮੈਂ	ਬਲਿਹਾਰ, ਸਦਕੇ	ਤਿਨ੍ਹਾਂ	ਤੋਂ

ਜਿਨ *(ਜਿਨ੍ਹ)*	ਹਰਿ *(ਹਰ)*	ਪਾਇਆ	ਗੁਰਮਤੇ ॥
ਜਿਸ ਨੇ	ਪ੍ਰਭੂ	ਪਾ ਲਿਆ	ਸਤਿਗੁਰੂ ਦੀ ਮੱਤ ਰਾਹੀਂ

...ਮੈਂ (ਅਜਿਹੇ ਗੁਰਮੁਖਾਂ ਤੋਂ) ਬਲਿਹਾਰ, ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸਤਿਗੁਰੂ ਦੀ ਮੱਤ ਰਾਹੀਂ ਕਰਤਾ ਪੁਰਖ ਨੂੰ ਪਾ ਲਿਆ ਹੈ...

ਜਨ	ਨਾਨਕਿ *(ਨਾਨਕ)*	ਕਮਲੁ *(ਕਮਲ)*	ਪਰਗਾਸਿਆ,
ਦਾਸ	ਨਾਨਕ ਦਾ	ਕੰਵਲ	ਖਿੜ ਗਿਆ

ਮਨਿ *(ਮਨ)*	ਹਰਿ *(ਹਰ)*	ਹਰਿ *(ਹਰ)*	ਵੁਠੜਾ	ਹੇ ॥੪॥
ਹਿਰਦੇ ਵਿਚ	ਪ੍ਰਭੂ	ਪ੍ਰਭੂ	ਵਸ ਗਿਆ	ਹੈ

...ਦਾਸ ਨਾਨਕ ਦੇ ਹਿਰਦੇ ਵਿਚ ਵੀ ਵਾਹਿਗੁਰੂ ਦਾ ਵਾਸਾ ਹੋਣ ਕਰਕੇ, (ਉਸਦਾ ਹਿਰਦੇ ਰੂਪੀ) ਕੰਵਲ ਖਿੜ ਗਿਆ ਹੈ।

ਮਨਿ *(ਮਨ)*	ਹਰਿ *(ਹਰ)*	ਹਰਿ *(ਹਰ)*	ਜਪਨੁ *(ਜਪਨ)*	ਕਰੇ ॥
ਚਿੱਤ ਵਿਚ	ਪ੍ਰਭੂ	ਪ੍ਰਭੂ	ਜਾਪ, ਸਿਮਰਨ	ਕਰ

...(ਹੇ! ਮਨਾਂ!) ਚਿੱਤ ਵਿਚ ਹਰਿ-ਪ੍ਰਭੂ ਦਾ ਸਿਮਰਨ ਕਰ...

ਹਰਿ *(ਹਰ)*	ਗੁਰ	ਸਰਣਾਈ *(ਸ਼ਰਣਾਈ)*	ਭਜਿ *(ਭਜ)*	ਪਉ	ਜਿੰਦੂ,
ਪ੍ਰਭੂ	ਸਤਿਗੁਰੂ	ਸ਼ਰਣ ਵਿਚ	ਦੌੜ ਕੇ	ਪੈ ਜਾ	ਹੇ! ਜਿੰਦੇ

ਅੰਕ ੮੨

ਸਭ	ਕਿਲਵਿਖ	ਦੁਖ	ਪਰਹਰੇ ॥੧॥	ਰਹਾਉ ॥
ਸਾਰੇ	ਪਾਪ, ਗੁਨਾਹ	ਦੁੱਖ, ਕਸ਼ਟ	ਪਰ੍ਹਾਂ ਹਟ ਜਾਣਗੇ, ਦੂਰ ਹੋ ਜਾਣਗੇ	ਠਹਿਰਾਉ

...ਹੇ! ਜਿੰਦੇ! (ਤੂੰ) ਦੌੜ ਕੇ, ਰੱਬ-ਰੂਪ, ਸਤਿਗੁਰੂ ਦੀ ਸ਼ਰਣ ਵਿਚ ਡਿਗ ਪੈ, (ਇਸ ਨਾਲ ਤੇਰੇ) ਸਾਰੇ ਗੁਨਾਹ ਅਤੇ ਦੁੱਖ-ਕਲੇਸ਼, ਦੂਰ ਹੋ ਜਾਣਗੇ...

ਘਟਿ *(ਘਟ)*	ਘਟਿ *(ਘਟ)*	ਰਮਈਆ	ਮਨਿ *(ਮਨ)*	ਵਸੈ,
ਦਿਲ ਵਿਚ	ਦਿਲ ਵਿਚ	ਰਮਿਆ ਹੋਇਆ	ਪ੍ਰਭੂ ਹਿਰਦੇ ਵਿਚ	ਵਸਦਾ ਹੈ

ਕਿਉ *(ਕਿਉਂ)*	ਪਾਈਐ	ਕਿਤੁ *(ਕਿਤ)*	ਭਤਿ *(ਭਤ)* ॥
ਕਿਵੇਂ	ਪ੍ਰਾਪਤ ਕਰੀਏ	ਕਿਹੜੇ	ਢੰਗ, ਤਰੀਕੇ

...(ਸੰਸਾਰ ਦੇ ਸਭਨਾਂ ਜੀਆਂ ਦੇ) ਦਿਲ-ਹਿਰਦਿਆਂ ਵਿਚ ਵਿਆਪਕ-ਪ੍ਰਭੂ ਨਿਵਾਸ ਕਰਦਾ ਹੈ, ਪਰ ਕਿਵੇਂ ਅਤੇ ਕਿਹੜੇ ਢੰਗ ਤਰੀਕੇ ਨਾਲ ਉਸ ਨੂੰ ਪਾਇਆ ਜਾਏ?...

ਗੁਰੁ *(ਗੁਰ)*	ਪੂਰਾ	ਸਤਿਗੁਰੁ *(ਸਤਗੁਰ)*	ਭੇਟੀਐ,
ਗੁਰੂ	ਪੂਰਨ	ਸਤਿਗੁਰੂ	ਭੇਟਣ ਨਾਲ, ਮਿਲਣ ਨਾਲ

ਹਰਿ *(ਹਰ)*	ਆਇ	ਵਸੈ	ਮਨਿ *(ਮਨ)*	ਚਿਤਿ *(ਚਿਤ)* ॥
ਪ੍ਰਭੂ	ਆਕੇ	ਵਸ ਜਾਂਦਾ	ਚਿੱਤ ਵਿਚ	ਹਿਰਦੇ ਵਿਚ

...(ਸਾਹਿਬ ਜੀ ਉੱਤਰ ਬਖਸ਼ਦੇ ਹਨ ਕਿ ਜੇ) ਪੂਰਨ ਅਤੇ ਸਤ-ਸਰੂਪ ਗੁਰੂ ਦੀ ਪ੍ਰਾਪਤੀ ਹੋ ਜਾਏ ਤਾਂ ਹਰੀ-ਪਰਮੇਸ਼ਰ ਮਨ-ਚਿੱਤ ਵਿਚ ਆਕੇ ਨਿਵਾਸ ਕਰ ਲੈਂਦਾ ਹੈ...

ਮੈ *(ਮੈਂ)*	ਧਰ	ਨਾਮੁ *(ਨਾਮ)*	ਅਧਾਰੁ *(ਅਧਾਰ)*	ਹੈ,
ਮੈਨੂੰ	ਟੇਕ	(ਪ੍ਰਭੂ) ਨਾਮ	ਓਟ, ਆਸਰਾ	ਹੋਣ ਦੀ ਕ੍ਰਿਆ

ਹਰਿ *(ਹਰ)*	ਨਾਮੈ	ਤੇ	ਗਤਿ *(ਗਤ)*	ਮਤਿ *(ਮਤ)* ॥
ਪ੍ਰਭੂ	ਨਾਮ	ਤੋਂ	ਗਿਆਨ-ਮਈ ਅਵਸਥਾ	ਨਿਰਮਲ ਬੁੱਧੀ, ਸੋਝੀ

...ਮੈਨੂੰ ਤਾਂ ਵਾਹਿਗੁਰੂ-ਨਾਮ ਦੀ ਹੀ ਟੇਕ ਹੈ ਅਤੇ ਉਸੇ ਦਾ ਹੀ ਓਟ-ਆਸਰਾ ਹੈ, ਵਾਹਿਗੁਰੂ-ਨਾਮ ਤੋਂ ਹੀ ਬੁਧ-ਬਿਬੇਕ, ਅਤ ਰੱਬੀ-ਗਿਆਨ ਦੀ ਅਵਸਥਾ ਪ੍ਰਾਪਤ ਹੁੰਦੀ ਹੈ...

ਮੈ *(ਮੈਂ)*	ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਵਿਸਾਹੁ *(ਵਿਸਾਹ)*	ਹੈ,
ਮੈਨੂੰ	ਪ੍ਰਭੂ	ਪ੍ਰਭੂ	ਨਾਮ	ਭਰੋਸਾ, ਨਿਸ਼ਚਾ	ਹੋਣ ਦੀ ਕ੍ਰਿਆ

ਅੰਕ ੮੨

ਹਰਿ *(ਹਰ)*	ਨਾਮੇ	ਹੀ	ਜਤਿ *(ਜਤ)*	ਪਤਿ *(ਪਤ)* ॥
ਪ੍ਰਭੂ	ਨਾਮ	ਕੇਵਲ	ਜ਼ਾਤ	ਇੱਜ਼ਤ

...ਮੈਨੂੰ ਤਾਂ ਕੇਵਲ ਹਰੀ-ਪਰਮੇਸ਼ਰ ਦੇ ਨਾਮ ਦਾ ਹੀ ਭਰੋਸਾ ਹੈ, ਅਤੇ ਹਰਿ-ਨਾਮ ਹੀ ਮੇਰੀ ਜ਼ਾਤ ਅਤੇ ਇੱਜ਼ਤ-ਮਾਣ ਹੈ...

ਜਨ	ਨਾਨਕ	ਨਾਮੁ *(ਨਾਮ)*	ਧਿਆਇਆ,
ਦਾਸ	ਨਾਨਕ	(ਪ੍ਰਭੂ) ਨਾਮ	ਸਿਮਰਿਆ

ਰੰਗਿ *(ਰੰਗ)*	ਰਤੜਾ	ਹਰਿ *(ਹਰ)*	ਰੰਗਿ *(ਰੰਗ)*	ਰਤਿ *(ਰਤ)* ॥੫॥
(ਪ੍ਰਭੂ) ਰੰਗ ਵਿਚ	ਰੰਗਿਆ ਰਹਿੰਦਾ	ਪ੍ਰਭੂ	ਰੰਗ ਵਿਚ	ਪ੍ਰੀਤ, ਪ੍ਰੇਮ

...ਹੇ! ਦਾਸ ਨਾਨਕ! ਜਿਸ ਨੇ ਪ੍ਰਭੂ-ਪਿਆਰੇ ਦੇ ਪ੍ਰੇਮ ਰੰਗ ਵਿਚ ਭਿੱਜ ਕੇ, ਹਰਿ-ਨਾਮ ਸਿਮਰਿਆ ਹੈ, ਉਹ (ਅੱਠੇ ਪਹਿਰ) ਉਸ ਦੇ ਰੰਗ ਵਿਚ ਹੀ ਰੰਗਿਆ ਰਹਿੰਦਾ ਹਾਂ...

ਹਰਿ *(ਹਰ)*	ਧਿਆਵਹੁ,	ਹਰਿ *(ਹਰ)*	ਪ੍ਰਭੁ *(ਪ੍ਰਭ)*	ਸਤਿ *(ਸਤ)* ॥
ਪ੍ਰਭੂ	ਸਿਮਰੋ	ਹਰੀ	ਪ੍ਰਭੂ	ਸਦਾ-ਸਥਿਰ, ਸਦੀਵੀ

...(ਹੇ! ਮਨਾਂ!) ਸਦਾ-ਸਥਿਰ, ਪ੍ਰਭੂ-ਪਰਮਾਤਮਾ ਨੂੰ ਸਿਮਰਦਾ ਰਹੋ...

ਗੁਰ	ਬਚਨੀ *(ਬਚਨੀਂ)*	ਹਰਿ *(ਹਰ)*	ਪ੍ਰਭੁ *(ਪ੍ਰਭ)*	ਜਾਣਿਆ, *(ਜਾਣਿਆਂ)*
ਸਤਿਗੁਰੂ	ਬਚਨਾਂ ਰਾਹੀਂ	ਹਰੀ	ਪਰਮੇਸ਼ਰ	ਸਮਝਿਆ, ਬੁਝਿਆ

ਸਭ	ਹਰਿ *(ਹਰ)*	ਪ੍ਰਭੁ *(ਪ੍ਰਭ)*	ਤੇ	ਉਤਪਤਿ *(ਉਤਪਤ)* ॥੧॥	ਰਹਾਉ ॥
ਸਾਰੇ	ਹਰੀ	ਪਰਮੇਸ਼ਰ	ਤੋਂ	ਰਚਨਾਂ, ਸਿਰਜਣਾਂ	ਠਹਿਰਾਉ

...ਜਿਸ ਹਰੀ-ਪਰਮੇਸ਼ਰ ਤੋਂ ਸਾਰੀ (ਸ੍ਰਿਸ਼ਟੀ ਦੀ) ਸਿਰਜਣਾ ਹੋਈ ਹੈ, ਉਸ ਕਰਤਾ ਪੁਰਖ ਨੂੰ (ਸਿਰਫ਼) ਗੁਰ-ਸ਼ਬਦ ਰਾਹੀਂ ਹੀ ਸਮਝਿਆ ਜਾ ਸਕਦਾ ਹੈ...

ਜਿਨ *(ਜਿਨ੍ਹ)*	ਕਉ	ਪੂਰਬਿ *(ਪੂਰਬ)*	ਲਿਖਿਆ,
ਜਿਨ੍ਹਾਂ	ਨੂੰ	ਪਹਿਲਾਂ ਤੋਂ, ਧੁਰ-ਦਰਗਾਹੋਂ	ਅੰਕਿਤ ਹੋਇਆ

ਸੇ	ਆਇ	ਮਿਲੇ	ਗੁਰ	ਪਾਸਿ *(ਪਾਸ)* ॥
ਉਹ	ਆਣਕੇ	ਮਿਲ ਜਾਂਦੇ	ਸਤਿਗੁਰੂ	ਕੋਲ

ਅੰਕ ੮੨

....(ਜਿਨ੍ਹਾਂ ਦੀ ਕਿਸਮਤ ਵਿਚ ਪੁਰਬਲੇ ਕਰਮਾਂ ਅਨੁਸਾਰ) ਰੱਬੀ-ਦਰਗਾਹੋਂ ਲਿਖਿਆ ਹੁੰਦਾ ਹੈ, ਉਹ ਸਤਿਗੁਰੂ ਕੋਲ ਆਕੇ (ਉਨ੍ਹਾਂ ਨੂੰ) ਮਿਲ ਪੈਂਦੇ ਹਨ...

ਸੇਵਕ	ਭਾਇ	ਵਣਜਾਰਿਆ	ਮਿਤ੍ਰਾ,	
ਦਾਸ	ਭਾਵ	ਵਪਾਰੀ	ਦੋਸਤਾ	
ਗੁਰੁ *(ਗੁਰ)*	ਹਰਿ *(ਹਰ)*	ਹਰਿ *(ਹਰ)*	ਨਾਮੁ *(ਨਾਮ)*	ਪ੍ਰਗਾਸਿ *(ਪ੍ਰਗਾਸ)* ॥
ਸਤਿਗੁਰੂ	ਪ੍ਰਭੂ	ਪ੍ਰਭੂ	ਨਾਮ	ਪ੍ਰਕਾਸ਼, ਚਾਨਣ

...ਹੇ! (ਹਰਿ-ਨਾਮ ਦਾ ਵਣਜ ਕਰਨ ਆਏ) ਵਪਾਰੀ ਦੋਸਤਾ! ਦਾਸ-ਭਾਵ ਵਿਚ ਰਹਿਣ ਨਾਲ, ਸਤਿਗੁਰੂ (ਹਿਰਦੇ ਵਿਚ) ਵਾਹਿਗੁਰੂ-ਨਾਮ ਦਾ ਪ੍ਰਕਾਸ਼ ਕਰ ਦਿੰਦਾ ਹੈ...

ਧਨੁ *(ਧੰਨ)*	ਧਨੁ *(ਧੰਨ)*	ਵਣਜੁ *(ਵਣਜ)*	ਵਾਪਾਰੀਆ,	
ਸਲਾਹੁਣ ਯੋਗ	ਸਲਾਹੁਣ ਯੋਗ	ਵਪਾਰ	ਵਪਾਰੀ	
ਜਿਨ *(ਜਿਨ੍ਹ)*	ਵਖਰੁ *(ਵਖਰ)*	ਲਦਿਅੜਾ	ਹਰਿ *(ਹਰ)*	ਰਾਸਿ *(ਰਾਸ)* ॥
ਜਿਨ੍ਹਾਂ ਨੇ	ਸੌਦਾ	ਲੱਦ ਲਿਆ	ਪ੍ਰਭੂ	ਪੂੰਜੀ

...(ਹੇ! ਹਰਿ-ਨਾਮ ਦਾ ਵਣਜ ਕਰਨ ਆਏ ਵਪਾਰੀ ਦੋਸਤਾ! ਉਹ) ਵਪਾਰੀ ਅਤੇ ਉਨ੍ਹਾਂ ਦਾ ਵਣਜ-ਵਪਾਰ, ਧੰਨਤਾ-ਯੋਗ ਹੈ, (ਜਿਨ੍ਹਾਂ ਕੋਲ) ਹਰਿ-ਨਾਮ ਦੀ ਪੂੰਜੀ ਹੈ, ਅਤੇ ਇਸ ਪੂੰਜੀ ਨਾਲ ਉਨ੍ਹਾਂ ਨੇ, ਵਾਹਿਗੁਰੂ-ਨਾਮ ਦਾ ਸੌਦਾ ਲੱਦ ਲਿਆ ਹੈ...

ਗੁਰਮੁਖਾ, *(ਗੁਰਮੁਖਾਂ)*	ਦਰਿ *(ਦਰ)*	ਮੁਖ	ਉਜਲੇ,
ਗੁਰਮੁਖਾਂ ਦੇ	ਰੱਬੀ-ਦਰਗਾਹੇ	ਮੂੰਹ	ਉਜ੍ਵਲ, ਨਿਰਮਲ

ਸੇ	ਆਇ	ਮਿਲੇ	ਹਰਿ *(ਹਰ)*	ਪਾਸਿ *(ਪਾਸ)*॥
ਉਹ	ਆਣਕੇ	ਮਿਲ ਪਏ	ਪ੍ਰਭੂ	ਕੋਲ

...(ਅਜਿਹਾ ਸੱਚਾ-ਸੌਦਾ ਕਰਨ ਵਾਲਿਆਂ) ਗੁਰਮੁਖਾਂ ਦੇ ਮੁੱਖ (ਸਦਾ, ਸਦਾ) ਰੱਬੀ-ਦਰਗਾਹੇ ਉਜੂਲ ਹੁੰਦੇ ਹਨ। ਉਹ (ਗੁਰ-ਸ਼ਬਦ ਰਾਹੀਂ) ਵਾਹਿਗੁਰੂ ਜੀ ਕੋਲ ਆਣਕੇ (ਉਨ੍ਹਾਂ ਨੂੰ) ਮਿਲ ਪੈਂਦੇ ਹਨ...

ਜਨ	ਨਾਨਕ,	ਗੁਰੁ *(ਗੁਰ)*	ਤਿਨ *(ਤਿਨ੍ਹ)*	ਪਾਇਆ,
ਦਾਸ	ਨਾਨਕ	ਸਤਿਗੁਰੂ	ਉਨ੍ਹਾਂ	ਪ੍ਰਾਪਤ ਕੀਤਾ

ਅੰਕ ੮੨-੮੩

ਜਿਨਾ *(ਜਿਨ੍ਹਾਂ)*	ਆਪਿ *(ਆਪ)*	ਤੁਠਾ	ਗੁਣਤਾਸਿ *(ਗੁਣਤਾਸ)* ॥੬॥
ਜਿਨ੍ਹਾਂ	ਖ਼ੁਦ, ਆਪ	ਪ੍ਰਸੰਨ ਹੋਇਆ	ਗੁਣਾਂ ਦਾ ਭਾਂਡਾ ਜਾਂ ਖ਼ਜ਼ਾਨਾ (ਪ੍ਰਭੂ)

...ਹੇ! ਦਾਸ ਨਾਨਕ! ਜਿਨ੍ਹਾਂ (ਵਣਜਾਰਿਆਂ ਉੱਤੇ) ਗੁਣਾਂ ਦਾ ਖ਼ਜ਼ਾਨਾ, ਕਰਤਾ ਪੁਰਖ਼ ਆਪ ਪ੍ਰਸੰਨ ਹੁੰਦਾ ਹੈ, ਉਨ੍ਹਾਂ ਨੂੰ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਹਰਿ *(ਹਰ)*	ਧਿਆਵਹੁ,	ਸਾਸਿ *(ਸਾਸ)*	ਗਿਰਾਸਿ *(ਗਿਰਾਸ)*॥
ਪ੍ਰਭੂ	ਸਿਮਰੋ	ਸੁਆਸ ਨਾਲ	ਹਰ ਗ੍ਰਾਹੀ ਨਾਲ

...(ਹੇ! ਵਣਜਾਰਿਓ ਮਿੱਤਰੋ!) ਪਰਮੇਸ਼ਰ ਨੂੰ, ਹਰ ਸੁਆਸ ਨਾਲ ਅਤੇ ਹਰ ਗਿਰਾਹੀ ਨਾਲ ਧਿਆਵਹੁ...

ਮਨਿ *(ਮਨ)*	ਪ੍ਰੀਤਿ *(ਪ੍ਰੀਤ)*	ਲਗੀ	ਤਿਨਾ *(ਤਿਨ੍ਹਾਂ)*	ਗੁਰਮੁਖਾ, *(ਗੁਰਮੁਖਾਂ)*
ਹਿਰਦੇ ਵਿਚ	ਪਿਆਰ	ਲੱਗ ਜਾਂਦੀ	ਉਨ੍ਹਾਂ	ਗੁਰਮੁਖਾਂ ਦੀ
ਹਰਿ *(ਹਰ)*	ਨਾਮੁ *(ਨਾਮ)*	ਜਿਨਾ *(ਜਿਨ੍ਹਾਂ)*	ਰਹਰਾਸਿ *(ਰਹਿਰਾਸ)* ॥੧॥	ਰਹਾਉ ॥੧॥
ਪ੍ਰਭੂ	ਨਾਮ	ਜਿਨ੍ਹਾਂ	ਰਹੁਰੀਤੀ	ਠਹਿਰਾਉ

...(ਸੱਚਾ-ਸੌਦਾ ਕਰਦਿਆਂ) ਜਿਨ੍ਹਾਂ ਗੁਰਮੁੱਖ (ਵਣਜਾਰਿਆਂ) ਦੀ ਰਹੁਰੀਤੀ, ਹਰਿ-ਨਾਮ ਸਿਮਰਨ ਬਣ ਜਾਂਦੀ ਹੈ, ਉਨ੍ਹਾਂ ਦੇ ਹਿਰਦੇ ਵਿਚ, ਫਿਰ ਵਾਹਿਗੁਰੂ ਜੀ ਦੀ ਪ੍ਰੀਤ ਪੈ ਜਾਂਦੀ ਹੈ।

੧ਓ *(ਇਕ ਓਅੰਕਾਰ)*	ਸਤਿ *(ਸੱਤ)*
ਇਕ ਪਰਮ-ਆਤਮਾ (ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।	ਪਰਮਾਤਮ ਹੋਂਦ (ਸਦਾ ਸੱਚ) ਹੈ
ਗੁਰ	ਪ੍ਰਸਾਦਿ॥ *(ਪ੍ਰਸਾਦ)*
ਗਿਆਨਮਈ ਗੁਰੂ ਸਰੂਪ (ਓਅੰਕਾਰ)	ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀ) ਕਿਰਪਾ ਕਰਦਾ

ਓਅੰਕਾਰ (ਪਰਮਾਤਮਾ) ਇਕ ਤੇ ਕੇਵਲ ਇਕ ਹੈ। ਓਅੰਕਾਰ ਦੇ ਸਰੂਪ ਦੀ ਹੋਂਦ (ਸਦੀਵ ਕਾਲ ਤੋਂ) ਹੈ। ਗੁਰੂ ਸਰੂਪ ਓਅੰਕਾਰ ਆਪਣੀ ਕ੍ਰਿਪਾ-ਕਟਾਖ਼ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

ਸਿਰੀਰਾਗ	ਕੀ
ਰਾਗ ਦਾ ਨਾਮ	ਦੀ

ਵਾਰ,

ਵਾਰ ਦੇ ਅਰਥ ਹਨ ਹਮਲਾ। ਇਸ ਕਾਵਿ-ਰੂਪ ਵਿਚ ਜੋਧਿਆਂ ਦੀ ਉਸਤਤੀ ਦੀ ਗਾਥਾ ਵਰਨਣ ਕੀਤੀ ਹੁੰਦੀ ਹੈ। ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਵਿਚ ਕਰਤਾ ਪੁਰਖ਼ ਦੀ ਵਡਿਆਈ ਨੂੰ ਪ੍ਰਸਤੁਤ ਕੀਤਾ ਹੈ। ਪੁਰਾਤਨ ਸਮਿਆਂ ਵਿਚ ਇਹ ਕਾਵਿ-ਰੂਪ ਆਮ ਤੌਰ ਤੇ ਪਉੜੀਆਂ ਵਿਚ ਲਿਖਿਆ ਜਾਂਦਾ ਸੀ।

ਅੰਕ ੮੩

ਗੁਰਦੇਵ ਜੀ ਨੇ ਵਾਰਾਂ ਨਾਲ ਸਲੋਕ ਦਰਜ ਕਰਕੇ ਵਿਚਾਰ ਵਿਚ ਹੋਰ ਸਪਸ਼ਟਤਾ ਲਿਆਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੱਖੋ ਵੱਖਰੇ ਰਾਗਾਂ ਵਿਚ ੨੨ ਵਾਰਾਂ ਦਰਜ ਹਨ।

ਮਹਲਾ *(ਮਹਿਲਾ)*	੪, *(ਚੌਥਾ)*	ਸਲੋਕਾ *(ਸਲੋਕਾਂ)*	ਨਾਲਿ *(ਨਾਲ)* ॥
ਪਾਤਸ਼ਾਹੀ	ਚੌਥੀ	ਸਲੋਕਾਂ ਦੇ	ਨਾਲ, ਸੰਗ

ਸਲੋਕ	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਰਾਗਾ *(ਰਾਗਾਂ)*	ਵਿਚਿ, *(ਵਿਚ)*	ਸ੍ਰੀ ਰਾਗੁ *(ਸ੍ਰੀਰਾਗ)*	ਹੈ,
ਰਾਗਾਂ (ਸੁਰ-ਪ੍ਰਬੰਧ)	ਅੰਦਰ	ਉੱਤਮ ਰਾਗ	ਹੋਣ ਦੀ ਕ੍ਰਿਆ

ਜੇ	ਸਚਿ *(ਸਚ)*	ਧਰੇ	ਪਿਆਰੁ *(ਪਿਆਰ)* ॥
ਜੇਕਰ	ਸਦਾ-ਸਥਿਰ(ਪ੍ਰਭੂ)	ਟਿਕੇ, ਕਰੇ	ਪ੍ਰੀਤ

(ਸਾਰਿਆਂ) ਰਾਗਾਂ ਵਿਚ ਸ੍ਰੀ ਰਾਗ ਤਾਂ ਹੀ (ਸਰਵ-ਸ੍ਰੇਸ਼ਠ ਹੈ) ਜੇਕਰ ਇਸ ਦੇ ਗਾਇਨ ਨਾਲ (ਜੀਵ ਦਾ ਮਨ) ਸਦਾ-ਸਥਿਰ ਵਾਹਿਗੁਰੂ ਦੀ ਪ੍ਰੀਤ ਵਿਚ ਟਿਕ ਜਾਵੇ, ਜੁੜ ਜਾਵੇ...

ਸਦਾ	ਹਰਿ *(ਹਰ)*	ਸਚੁ *(ਸੱਚ)*	ਮਨਿ *(ਮਨ)*	ਵਸੈ,
ਹਮੇਸ਼ਾਂ	ਪ੍ਰਭੂ	ਸਦਾ-ਸਥਿਰ	ਚਿੱਤ ਵਿਚ	ਵੱਸ ਜਾਵੇ

ਨਿਹਚਲ	ਮਤਿ *(ਮਤ)*	ਅਪਾਰੁ *(ਅਪਾਰ)* ॥
ਸਥਿਰ	ਅਕਲ, ਸੂਝ	ਅਨੰਤ, ਬੇਅੰਤ

...ਸਦਾ-ਸਥਿਰ, ਅਕਾਲ ਪੁਰਖ ਹਮੇਸ਼ਾਂ ਹਿਰਦੇ ਵਿਚ ਵਸਿਆ ਰਹੇ, ਅਤੇ ਬੁੱਧੀ, ਅਨੰਤ ਪਰਮੇਸ਼ਰ (ਦੇ ਸਿਮਰਨ ਵਿਚ) ਸਥਿਰ ਹੋ ਜਾਏ...

ਰਤਨੁ *(ਰਤਨ)*	ਅਮੋਲਕੁ *(ਅਮੋਲਕ)*	ਪਾਇਆ,
ਕੀਮਤੀ ਵਸਤ	ਅਮੁੱਲ	ਪ੍ਰਾਪਤ ਹੋ ਜਾਂਦਾ

ਗੁਰ	ਕਾ	ਸਬਦੁ *(ਸ਼ਬਦ)*	ਬੀਚਾਰੁ *(ਬੀਚਾਰ)* ॥
ਸਤਿਗੁਰੂ	ਦੇ	ਸ਼ਬਦ	ਵਿਚਾਰ

...(ਇਵੇਂ ਹੋਣ ਨਾਲ ਫਿਰ) ਗੁਰ-ਸ਼ਬਦ, ਵਿਚਾਰ ਰੂਪੀ, ਅਮੋਲਕ ਰਤਨ ਦੀ ਪ੍ਰਾਪਤੀ ਹੁੰਦੀ ਹੈ...

ਅੰਕ ੯੩

ਜਿਹਵਾ	ਸਚੀ, *(ਸੱਚੀ)*	ਮਨੁ *(ਮਨ)*	ਸਚਾ, *(ਸੱਚਾ)*
ਜੀਭ	ਸਾਰਥਕ	ਹਿਰਦਾ	ਸਾਰਥਕ

ਸਚਾ *(ਸੱਚਾ)*	ਸਰੀਰ	ਅਕਾਰੁ *(ਅਕਾਰ)* ॥
ਸਾਰਥਕ	ਤਨ	ਜਗਤ, ਰਚਨਾ, ਅਕਾਰ

...(ਇਸ ਨਾਲ ਜੀਵ ਦੀ) ਤਨ, ਮਨ ਅਤੇ ਜੀਭਾ ਸਾਰਥਕ ਹੋ ਜਾਂਦੀ ਹੈ, ਅਤੇ ਦ੍ਰਿਸ਼ਟਮਾਨ ਜਗਤ-ਰਚਨਾ ਸਤਿ-ਸਰੂਪ ਪ੍ਰਤੀਤ ਹੋਣ ਲਗ ਪੈਂਦੀ ਹੈ...

ਨਾਨਕ,	ਸਚੈ *(ਸੱਚੈ)*	ਸਤਿਗੁਰਿ *(ਸਤਗੁਰ)*	ਸੇਵਿਐ,
ਹੇ ! ਨਾਨਕ !	ਸਦਾ-ਸਥਿਰ	ਸਤਿਗੁਰੁ	ਸੇਵੀਏ

ਸਦਾ	ਸਚੁ *(ਸੱਚ)*	ਵਾਪਾਰੁ *(ਵਾਪਾਰ)* ॥੧॥
ਹਮੇਸ਼ਾਂ	ਸੱਚ, ਸਾਰਥਕ	ਵਣਜ

...ਹੇ! ਨਾਨਕ! ਸਤਿ-ਸਰੂਪ, ਸਤਿਗੁਰੂ ਦੀ, ਸੇਵਾ-ਸਿਮਰਨ ਨਾਲ ਹੀ ਹਮੇਸ਼ਾਂ ਸਦਾ-ਸਥਿਰ (ਹਰਿ-ਨਾਮ) ਦਾ ਵਪਾਰ ਕੀਤਾ ਜਾ ਸਕਦਾ ਹੈ।

ਮਃ *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਹੋਰੁ *(ਹੋਰ)*	ਬਿਰਹਾ	ਸਭ	ਧਾਤੁ *(ਧਾਤ)*	ਹੈ,
ਹੋਰ, ਦੂਸਰਾ	ਪਿਆਰ	ਸਾਰੇ	ਚਲਾਇਮਾਨ, ਨਾਸ਼ਵੰਤ	ਹੋਣ ਦੀ ਕ੍ਰਿਆ

ਜਬ	ਲਗੁ *(ਲਗ)*	ਸਾਹਿਬ	ਪ੍ਰੀਤਿ *(ਪ੍ਰੀਤ)*	ਨ *(ਨਾਂ)*	ਹੋਇ॥
ਜਦੋਂ	ਤਕ	ਵਾਹਿਗੁਰੂ	ਪਿਆਰ	ਨਹੀਂ	ਹੁੰਦਾ

...ਜਦੋਂ ਤਕ ਮਾਲਕ-ਵਾਹਿਗੁਰੂ ਨਾਲ ਪ੍ਰੀਤ ਨਹੀਂ ਹੁੰਦੀ, (ਉਦੋਂ ਤਕ) ਹੋਰ ਸਭ (ਦੁਨਿਆਵੀ) ਪ੍ਰੀਤਾਂ ਤਾਂ ਚਲਾਇਮਾਨ ਹਨ, ਭਾਵ ਨਾਸ਼ਵੰਤ ਹਨ...

ਇਹੁ *(ਇਹ)*	ਮਨੁ *(ਮਨ)*	ਮਾਇਆ	ਮੋਹਿਆ,
ਸੰਬੋਧਕ ਸ਼ਬਦ	ਚਿੱਤ	ਧਨ, ਪਦਾਰਥ	ਭਰਮਾਇਆ, ਖਚਿਤ

ਵੇਖਣੁ *(ਵੇਖਣ)*	ਸੁਣਣੁ *(ਸੁਣਣ)*	ਨ *(ਨਾਂ)*	ਹੋਇ॥
ਵੇਖਣਾ	ਸਰਵਣ ਕਰਨਾ	ਨਹੀਂ	ਹੁੰਦਾ

...ਜਦੋਂ ਤਕ ਇਹ ਚਿੱਤ (ਸੰਸਾਰ ਦੇ) ਧਨ-ਪਦਾਰਥਾਂ ਵਿਚ ਖਚਿਤ ਹੈ, ਇਹ (ਪਰਮਾਤਮ-ਸੱਚ) ਨੂੰ ਵੇਖ ਅਤੇ ਸੁਣ ਨਹੀਂ ਸਕਦਾ....

ਸਹ*(ਸ਼ਹਿ)*	**ਦੇਖੇ**	**ਬਿਨੁ,***(ਬਿਨ)*	**ਪ੍ਰੀਤਿ***(ਪ੍ਰੀਤ)*	**ਨ***(ਨਾਂ)*	**ਊਪਜੈ,**
(ਪ੍ਰਭੂ) ਕੰਤ	ਵੇਖੇ	ਬਿਨਾਂ	ਪਿਆਰ	ਨਹੀਂ	ਉਪਜਦਾ, ਪੈਦਾ ਹੁੰਦਾ

ਅੰਧਾ	**ਕਿਆ**	**ਕਰੇਇ***(ਕਰੇ)*॥
ਅੰਨ੍ਹਾਂ	ਕੀ	ਕਰੇ

...(ਮਾਇਆਵੀ ਵਿਕਾਰਾਂ ਦੇ ਅਗਿਆਨ ਵਿਚ) ਅੰਨ੍ਹਾ ਹੋਇਆ ਚਿੱਤ ਕੀ ਕਰ ਸਕਦਾ ਹੈ? (ਕਿਉਂਕਿ ਪ੍ਰਭੂ) ਕੰਤ ਨੂੰ ਵੇਖੇ ਬਿਨਾਂ, (ਵਾਹਿਗੁਰੂ ਦਾ) ਪਿਆਰ (ਹਿਰਦੇ ਵਿਚ) ਪੈਦਾ ਹੀ ਨਹੀਂ ਹੁੰਦਾ...

ਨਾਨਕ,	**ਜਿਨਿ***(ਜਿਨ੍ਹ)*	**ਅਖੀ***(ਅੱਖੀਂ)*	**ਲੀਤੀਆ,***(ਲੀਤੀਆਂ)*
ਹੇ! ਨਾਨਕ!	ਜਿਨ੍ਹਾਂ	ਅੱਖਾਂ	ਲੈ ਲਈਆਂ

ਸੋਈ	**ਸਚਾ***(ਸੱਚਾ)*	**ਦੇਇ***(ਦੇ)* ॥੨॥
ਉਹ	ਸਦਾ-ਸਥਿਰ(ਪ੍ਰਭੂ)	ਦਿੰਦਾ ਹੈ

...ਹੇ! ਨਾਨਕ, ਜਿਸ ਵਾਹਿਗੁਰੂ ਨੇ (ਪ੍ਰੀਤਮ ਕੰਤ ਨੂੰ ਵੇਖਣ ਵਾਲੀਆਂ) ਅੱਖਾਂ ਲੈ ਲਈਆਂ ਹਨ, ਉਹੀ ਸਦਾ-ਸਥਿਰ (ਪਰਮਾਤਮਾ, ਫ਼ਿਰ ਸਾਹਿਬ ਜੀ ਨੂੰ ਤੱਕਣ ਲਈ, ਗਿਆਨ-ਰੂਪੀ ਅੱਖਾਂ) ਬਖਸ਼ ਵੀ ਦਿੰਦਾ ਹੈ...

ਪਉੜੀ ॥

ਇਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ*(ਹਰ)*	**ਇਕੋ** *(ਇੱਕੋ)*	**ਕਰਤਾ**	**ਇਕੁ,***(ਇੱਕ)*
ਪਰਮੇਸ਼ਰ	ਇੱਕ	ਸਿਰਜਣਹਾਰ	ਇੱਕੋ

ਇਕੋ *(ਇੱਕੋ)*	**ਦੀਬਾਣੁ** *(ਦੀਬਾਣ)*	**ਹਰਿ***(ਹਰ)* ॥
ਇੱਕ	ਦਰਬਾਰ, ਕਚਿਹਰੀ	ਪਰਮਾਤਮਾ

...(ਸਿਰਫ਼) ਇੱਕੋ-ਇੱਕ ਪਰਮੇਸ਼ਰ ਹੀ (ਸਭ ਕੁਝ ਦਾ) ਸਿਰਜਣਹਾਰ ਹੈ, ਅਤੇ ਉਸ ਕਰਤਾ ਪੁਰਖ ਦਾ (ਕੇਵਲ) ਇੱਕ ਹੀ ਦਰਬਾਰ ਹੈ, (ਅਤੇ ਉਸੇ ਦਰਬਾਰ ਦਾ ਹੁਕਮ ਸਭਨੀ ਥਾਈਂ ਚਲ ਰਿਹਾ ਹੈ)...

ਹਰਿ *(ਹਰ)*	**ਇਕਸੈ**	**ਦਾ**	**ਹੈ**	**ਅਮਰੁ,** *(ਅਮਰ)*
ਪਰਮੇਸ਼ਰ	ਇੱਕੋ	ਸੰਬੰਧਕ	ਹੋਣ ਦੀ ਕ੍ਰਿਆ	ਹੁਕਮ, ਆਗਿਆ

ਅੰਕ ੮੩

ਇਕੋ	ਹਰਿ *(ਹਰ)*	ਚਿਤਿ *(ਚਿੱਤ)*	ਧਰਿ *(ਧਰ)* ॥
ਇੱਕ ਹੀ	ਪ੍ਰਭੂ	ਹਿਰਦੇ ਵਿਚ	ਧਾਰਨ ਕਰ, ਸੰਭਾਲ

...ਇਕ ਵਾਹਿਗੁਰੂ ਦਾ ਹੁਕਮ ਹੀ (ਸਾਰੇ) ਵਰਤ ਰਿਹਾ ਹੈ, (ਇਸ ਲਈ ਹੇ! ਭਾਈ) ਉਸ ਇਕ ਪ੍ਰਭੂ ਨੂੰ ਹੀ (ਆਪਣੇ) ਹਿਰਦੇ ਵਿਚ ਧਾਰਨ ਕਰ...

ਹਰਿ *(ਹਰ)*	ਤਿਸੁ *(ਤਿਸ)*	ਬਿਨੁ *(ਬਿਨ)*	ਕੋਈ	ਨਾਹਿ, *(ਨਾਹਿਂ)*
ਪ੍ਰਭੂ	ਉਸ	ਬਿਨਾਂ, ਬਗੈਰ	ਦੂਸਰਾ, ਹੋਰ	ਨਹੀਂ
ਡਰੁ *(ਡਰ)*	ਭ੍ਰਮੁ *(ਭ੍ਰਮ)*	ਭਉ	ਦੂਰਿ *(ਦੂਰ)*	ਕਰਿ *(ਕਰ)* ॥
ਭੈਅ	ਭੁਲੇਖਾ	ਤੌਖਲਾ	ਪਰ੍ਹਾਂ	ਕਰ ਦੇਹ

...ਪਰਮੇਸ਼ਰ ਹਰੀ ਤੋਂ ਬਗੈਰ ਹੋਰ ਦੂਸਰਾ ਕੋਈ ਨਹੀਂ ਹੈ, (ਇਸ ਲਈ, ਹੋਰ ਕਿਸੇ ਦੂਸਰੇ ਦਾ) ਭਰਮ, ਭੁਲੇਖਾ ਅਤੇ ਡਰ-ਭੈਅ (ਆਪਣੀ ਜ਼ਿੰਦਗੀ ਵਿਚੋਂ) ਦੂਰ ਹਟਾ ਦੇਹ...

ਹਰਿ *(ਹਰ)*	ਤਿਸੈ	ਨੋ	ਸਾਲਾਹਿ, *(ਸਾਲਾਹ)*	
ਪ੍ਰਭੂ	ਉਸੇ	ਨੂੰ	ਸਾਲਾਹ, ਸਿਫ਼ਤ ਕਰ	
ਜਿ	ਤੁਧੁ *(ਤੁਧ)*	ਰਖੈ	ਬਾਹਰਿ *(ਬਾਹਰ)*	ਘਰਿ *(ਘਰ)* ॥
ਜਿਹੜਾ	ਤੈਨੂੰ	ਰੱਖਦਾ ਹੈ	ਅੰਦਰ ਦੇ ਉਲਟ	ਘਰ ਵਿਚ

...ਉਸ ਪਰਮੇਸ਼ਰ ਦੀ ਸਿਫ਼ਤ ਸਲਾਹ ਕਰ, ਜਿਹੜਾ ਤੇਰੀ ਘਰ ਵਿਚ, ਅਤੇ ਘਰੋਂ ਬਾਹਰ, ਭਾਵ ਹਰ ਜਗ੍ਹਾਂ ਤੇ ਰੱਖਿਆ ਕਰਦਾ ਹੈ...

ਹਰਿ *(ਹਰ)*	ਜਿਸ	ਨੋ	ਹੋਇ	ਦਇਆਲੁ, *(ਦਇਆਲ)*	
ਪ੍ਰਭੂ	ਜਿਹੜੇ	ਨੂੰ	ਹੋ ਜਾਂਦਾ	ਮਿਹਰਵਾਨ, ਦਇਆਵਾਨ	

ਸੋ	ਹਰਿ *(ਹਰ)*	ਜਪਿ, *(ਜਪ)*	ਭਉ	ਬਿਖਮੁ *(ਬਿਖਮ)*	ਤਰਿ *(ਤਰ)* ॥੧॥
ਉਹ	ਪ੍ਰਭੂ	ਜਪ ਕੇ	ਭਵਜਲ, ਸੰਸਾਰ	ਡਰਾਉਣਾ, ਭਿਆਨਕ	ਤਰ ਕੇ

...ਵਾਹਿਗੁਰੂ ਜਿਸ ਉਤੇ ਮਿਹਰਵਾਨਾ ਹੋ ਜਾਂਦਾ ਹੈ, ਉਹ (ਜੀਵ, ਅਕਾਲ ਪੁਰਖ ਨੂੰ) ਸਿਮਰ ਕੇ ਭਿਆਨਕ ਸੰਸਾਰ ਸਾਗਰ ਤੋਂ ਤਰ ਕੇ (ਪਾਰ) ਹੋ ਜਾਂਦਾ ਹੈ...

ਸਲੋਕ,	ਮਃ *(ਮਹਿਲਾ)*	੧ *(ਪਹਿਲਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਪਹਿਲੀ

ਦਾਤੀ *(ਦਾਤੀਂ)*	ਸਾਹਿਬ	ਸੰਦੀਆ, *(ਸੰਦੀਆਂ)*
ਦਾਤਾਂ, ਬਖਸ਼ਿਸ਼ਾਂ	ਪ੍ਰਭੂ	ਦੀਆਂ

ਕਿਆ	ਚਲੈ	ਤਿਸੁ *(ਤਿਸ)*	ਨਾਲਿ *(ਨਾਲ)* ॥
ਕੀ	ਚਲ ਸਕਦੀ	ਉਸ	ਨਾਲ

...ਸਾਰੀਆਂ ਬਖਸ਼ਿਸ਼ਾਂ ਸਾਹਿਬ ਦੀਆਂ ਦਿੱਤੀਆਂ ਹੋਈਆਂ ਹਨ, ਉਸ ਨਾਲ ਕਿਸੇ ਦਾ ਕੀ (ਜ਼ੋਰ) ਚਲ ਸਕਦਾ ਹੈ...

ਇਕ	ਜਾਗੰਦੇ	ਨਾ *(ਨਾਂ)*	ਲਹੰਨਿ, *(ਲਹੰਨ)*
ਕੋਈ ਇਕ	ਜਾਗਰਿਤ	ਨਹੀਂ	ਲੈਂਦੇ, ਪ੍ਰਾਪਤ ਕਰਦੇ
ਇਕਨਾ	ਸੁਤਿਆ *(ਸੁੱਤਿਆਂ)*	ਦੇਇ *(ਦੇ)*	ਉਠਾਲਿ *(ਉਠਾਲ)* ॥੧॥
ਕਈਆਂ	ਸੁੱਤੇ ਹੋਇਆਂ	ਦਿੰਦਾ	ਉਠਾਲ ਕੇ, ਜਗਾ ਕੇ

...ਕਈ (ਸਾਹਿਬ ਦੀਆਂ ਬਖਸ਼ਿਸ਼ਾਂ) ਜਾਗਦੇ ਹੋਏ ਵੀ ਪ੍ਰਾਪਤ ਨਹੀਂ ਕਰ ਸਕਦੇ, ਅਤੇ ਕਈਆਂ ਨੂੰ (ਪਰਮੇਸ਼ਰ ਆਪਣੀਆਂ ਬਖਸ਼ਿਸ਼ਾਂ) ਸੁੱਤਿਆਂ ਹੋਇਆਂ ਨੂੰ ਵੀ ਜਗਾ ਕੇ ਬਖਸ਼ ਦਿੰਦਾ ਹੈ...

ਮਃ *(ਮਹਿਲਾ)*	੧ *(ਪਹਿਲਾ)* ॥
ਪਾਤਸ਼ਾਹੀ	ਪਹਿਲੀ

ਸਿਦਕੁ *(ਸਿਦਕ)*	ਸਬੂਰੀ	ਸਾਦਿਕਾ, *(ਸਾਦਿਕਾਂ)*
ਦ੍ਰਿੜ੍ਹ ਵਿਸ਼ਵਾਸ਼	ਸੰਤੁਸ਼ਟਤਾ	ਸਿਦਕਵਾਨਾਂ, ਵਿਸ਼ਵਾਸ਼ ਵਾਲਿਆਂ ਕੋਲ
ਸਬਰੁ *(ਸਬਰ)*	ਤੋਸਾ *(ਤੋਸ਼ਾ)*	ਮਲਾਇਕਾਂ ॥
ਸੰਤੋਖ	ਰਾਸ, ਪੂੰਜੀ, ਖਰਚ	ਦਰਵੇਸ਼ਾਂ, ਫ਼ਕੀਰਾਂ, ਸਾਫ਼ ਦਿਲ ਫਰਿਸ਼ਤਿਆਂ

...ਸਿਦਕਵਾਨਾਂ ਭਾਵ (ਸਾਹਿਬ ਵਿਚ) ਦ੍ਰਿੜ੍ਹਤਾ ਰੱਖਣ ਵਾਲਿਆਂ ਦਾ ਅਤੇ ਦਰਵੇਸ਼ਾਂ ਦੀ (ਜ਼ਿੰਦਗੀ ਦਾ ਸਫ਼ਰ) ਖਰਚ, (ਰੱਬ ਵਿਚ) ਯਕੀਨ ਅਤੇ ਸਬਰ, ਸੰਤੋਖ ਹੀ ਹੁੰਦਾ ਹੈ...

ਦੀਦਾਰੁ *(ਦੀਦਾਰ)*	ਪੂਰੇ	ਪਾਇਸਾ, *(ਪਾਇਸਾਂ)*
ਦਰਸ਼ਨ	ਪੂਰਨ	ਪਾਂਦੇ ਹਨ
ਥਾਉ *(ਥਾਉਂ)*	ਨਾਹੀ *(ਨਾਹੀਂ)*	ਖਾਇਕਾ *(ਖਾਇਕਾਂ)* ॥੨॥
ਥਾਂ	ਨਹੀਂ	ਗਪੌੜੂ, ਨਿਰੀਆਂ ਗਲਾਂ ਕਰਨ ਵਾਲੇ

ਅੰਕ ੮੩

...(ਇਸ ਲਈ) ਪੂਰਨ (ਸਿਦਕਵਾਨ ਅਤੇ ਦਰਵੇਸ਼ ਹੀ, ਸਾਹਿਬ ਦੇ) ਦੀਦਾਰ ਪਾਉਂਦੇ ਹਨ, ਗੱਪਾਂ ਮਾਰਨ ਵਾਲਿਆਂ ਦੀ (ਸਾਹਿਬ ਦੇ ਦਰ ਤੇ) ਕੋਈ ਥਾਂ ਨਹੀਂ ਹੁੰਦੀ...

ਪਉੜੀ ॥

ਇਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਸਭ	**ਆਪੇ**	**ਤੁਧੁ** *(ਤੁਧ)*	**ਉਪਾਇ**	**ਕੈ,**
ਸਾਰੀ	ਖ਼ੁਦ ਹੀ	ਤੂੰ	ਸਿਰਜਣਾ	ਕਰਕੇ

ਆਪਿ *(ਆਪ)*	**ਕਾਰੈ**	**ਲਾਈ ॥**
ਖ਼ੁਦ ਹੀ	ਕੰਮ-ਕਾਰ	ਲਗਾਈ ਹੋਈ

...ਤੂੰ ਆਪ ਹੀ ਸਾਰੀ (ਸ੍ਰਿਸ਼ਟੀ ਦੀ) ਸਿਰਜਣਾਂ ਕਰਕੇ, ਫ਼ਿਰ ਆਪ ਹੀ (ਸਾਰਿਆਂ ਨੂੰ) ਕੰਮ-ਧੰਦੇ ਲਾਇਆ ਹੋਇਆ ਹੈ...

ਤੂੰ	**ਆਪੇ**	**ਵੇਖਿ** *(ਵੇਖ)*	**ਵਿਗਸਦਾ, ਆਪਣੀ**	**ਵਡਿਆਈ ॥**
ਤੁਸੀਂ	ਖ਼ੁਦ ਹੀ	ਵੇਖਕੇ	ਪ੍ਰਸੰਨ ਹੁੰਦਾ ਆਪਣੇ ਆਪ ਦੀ	ਮਹਾਨਤਾ, ਵਡੱਪਣ

...(ਹੇ! ਪ੍ਰਭੂ!) ਤੂੰ ਖ਼ੁਦ ਆਪ ਹੀ, ਆਪਣੇ ਆਪ ਦੀ ਵਡਿਆਈ ਨੂੰ, ਵੇਖ ਵੇਖ ਕੇ ਪ੍ਰਸੰਨ ਹੁੰਦਾ ਰਹਿੰਦਾ ਹੈ...

ਹਰਿ *(ਹਰ)*	**ਤੁਧਹੁ** *(ਤੁਧਹੁੰ)*	**ਬਾਹਰਿ** *(ਬਾਹਰ)*	**ਕਿਛੁ** *(ਕਿਛ)*	**ਨਾਹੀ,** *(ਨਾਹੀਂ)*
ਹਰੀ	ਤੈਥੋਂ	ਬਾਹਰ, ਵੱਖਰਾ	ਕੁਝ	ਨਹੀਂ

ਤੂੰ	**ਸਚਾ**	**ਸਾਈ** *(ਸਾਈਂ)* **॥**
ਤੁਸੀਂ	ਸਦਾ-ਸਥਿਰ	ਮਾਲਿਕ

...(ਹੇ! ਸਾਹਿਬ) ਤੈਥੋਂ ਵੱਖਰਾ (ਇਸ ਸ੍ਰਿਸ਼ਟੀ ਵਿਚ) ਕੁਝ ਵੀ ਨਹੀਂ ਹੈ, (ਇਕ) ਤੂੰ ਹੀਂ ਸਦਾ-ਸਥਿਰ ਮਾਲਿਕ-ਪ੍ਰਭੂ ਹੈਂ...

ਤੂੰ	**ਆਪੇ**	**ਆਪਿ** *(ਆਪ)*	**ਵਰਤਦਾ,**	**ਸਭਨੀ**	**ਹੀ**	**ਥਾਈ** *(ਥਾਈਂ)* **॥**
ਤੁਸੀਂ	ਆਪਣੇ	ਖ਼ੁਦ	ਵਿਚਰਦਾ	ਸਾਰੀਆਂ	ਜ਼ੋਰ ਪਾਣ ਵਾਲਾ ਅਗੇਤਰ	ਸਥਾਨਾਂ ਵਿਚ

...(ਹੇ! ਮਾਲਕ! ਸੰਸਾਰ ਦੀਆਂ) ਸਾਰੀਆਂ ਹੀ ਥਾਵਾਂ ਤੇ, ਤੂੰ ਖ਼ੁਦ ਆਪ ਹੀ ਵਿਚਰ ਰਿਹਾ ਹੈਂ...

ਹਰਿ *(ਹਰ)*	**ਤਿਸੈ**	**ਧਿਆਵਹੁ**	**ਸੰਤ**	**ਜਨਹੁ** *(ਜਨਹੁੰ)*
ਪ੍ਰਭੂ	ਉਸ ਨੂੰ	ਸਿਮਰੋ	ਸਾਧੂ	ਪੁਰਸ਼ੋ, ਪ੍ਰਾਣੀਓਂ

ਅੰਕ ੮੩

ਜੋ	ਲਏ	ਛਡਾਈ ॥੨॥
ਜਿਹੜਾ	ਲੈਂਦਾ	ਛੁਡਾ ਲੈਂਦਾ, ਮੁਕਤ ਕਰਾ ਲੈਂਦਾ

...ਹੇ! ਸੱਤ-ਪੁਰਖੋ! ਉਸ ਪਰਮੇਸ਼ਰ ਦੀ ਅਰਾਧਨਾ ਕਰੋ, ਜਿਹੜਾ (ਤੁਹਾਨੂੰ ਸੰਸਾਰ ਦੇ ਮਾਇਆਵੀ ਬੰਧਨਾਂ ਤੋਂ) ਛੁਡਾ ਲੈਂਦਾ ਹੈ...

ਸਲੋਕ,	ਮः *(ਮਹਿਲਾ)*	੧ *(ਪਹਿਲਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਪਹਿਲੀ

ਫਕੜ	ਜਾਤੀ,	ਫਕੜੁ *(ਫਕੜ)*	ਨਾਉ *(ਨਾਉਂ)* ॥
ਬਕਵਾਸ, ਫ਼ਜ਼ੂਲ	ਜ਼ਾਤ	ਬਕਵਾਸ, ਫ਼ਜ਼ੂਲ	ਜ਼ਾਤ ਦਾ ਅਭਿਮਾਨ/ਵਡਿਆਈ

...ਜ਼ਾਤ ਅਤੇ ਜ਼ਾਤ ਦਾ ਅਭਿਮਾਨ ਸਭ ਫ਼ਜ਼ੂਲ ਦੀ ਬਕਵਾਸ ਹੈ...

ਸਭਨਾ *(ਸਭਨਾਂ)*	ਜੀਆ, *(ਜੀਆਂ)*	ਇਕਾ	ਛਾਉ *(ਛਾਉਂ)* ॥
ਸਾਰਿਆਂ	ਜੀਵਾਂ	ਇੱਕੋ ਹੀ	ਛਾਂ, ਸਾਇਆ, ਛਤਰ-ਛਾਇਆ

...ਕਿਉਂਕਿ ਸਾਰਿਆਂ ਜੀਵਾਂ ਉੱਤੇ (ਸਿਰਫ਼) ਇੱਕੋ (ਪਰਮੇਸ਼ਰ ਦੀ ਹੀ) ਛਤਰ-ਛਾਇਆ ਹੁੰਦੀ ਹੈ...

ਆਪਹੁ, *(ਆਪਹੁੰ)*	ਜੇ	ਕੋ	ਭਲਾ	ਕਹਾਏ ॥
ਆਪਣੇ ਆਪ ਨੂੰ	ਜੇਕਰ	ਕੋਈ	ਚੰਗਾ	ਕਹਾਵੇ, ਸਦਵਾਏ

...ਆਪਣੇ ਆਪ ਨੂੰ ਖ਼ੁਦ ਹੀ ਜੇਕਰ ਕੋਈ ਚੰਗਾ ਸਦਵਾਏ, (ਤਾਂ ਫਿਰ ਕੀ ਉਹ ਚੰਗਾ ਬਣ ਜਾਂਦਾ ਹੈ? ਨਹੀਂ ਕਦਾ-ਚਿੱਤ ਨਹੀਂ)...

ਨਾਨਕ,	ਤਾ *(ਤਾਂ)*	ਪਰੁ *(ਪਰ)*	ਜਾਪੈ,
ਹੇ ! ਨਾਨਕ !	ਤਦ	ਉਥੇ(ਪ੍ਰਭੂ ਦਰ ਤੇ)	ਜਾਪਦਾ, ਪਤਾ ਲਗਦਾ

ਜਾ *(ਜਾਂ)*	ਪਤਿ *(ਪਤ)*	ਲੇਖੈ	ਪਾਏ ॥੧॥
ਜੇਕਰ	ਇੱਜ਼ਤ, ਪ੍ਰਤਿਸ਼ਠਾ	ਲੇਖੇ ਵਿਚ, ਹਿਸਾਬ-ਕਿਤਾਬ ਵਿਚ	ਪਵੇ, ਪੈ ਜਾਏ

...ਹੇ! ਨਾਨਕ! (ਕਿਸੇ ਦੇ ਚੰਗੇ ਹੋਣ ਦੀ ਅਸਲੀਅਤ ਦਾ ਤਾਂ) ਉਦੋਂ ਹੀ ਪਤਾ ਲਗਦਾ ਹੈ, ਜਦ ਰੱਬੀ-ਦਰਗਾਹੇ (ਭਾਵ ਮਾਲਕ) ਦੇ ਹਿਸਾਬ-ਕਿਤਾਬ ਵਿਚ ਉਸ ਦੀ ਇੱਜ਼ਤ-ਮਾਣ, ਸ਼ਾਮਲ ਹੋਏਗੀ।

ਮः *(ਮਹਿਲਾ)*	੨ *(ਦੂਜਾ)* ॥
ਪਾਤਸ਼ਾਹੀ	ਦੂਸਰੀ

ਅੰਕ ੮੩

ਜਿਸੁ *(ਜਿਸ)*	ਪਿਆਰੇ	ਸਿਉ *(ਸਿਉਂ)*	ਨੇਹੁ, *(ਨੇਂ'ਹ)*
ਜਿਹੜੇ	ਪ੍ਰਿਯ, ਜਿਸ ਨੂੰ ਪਿਆਰ ਕੀਤਾ ਜਾਏ	ਨਾਲ,ਸੰਗ	ਪਿਆਰ

ਤਿਸੁ *(ਤਿਸ)*	ਆਗੈ	ਮਰਿ *(ਮਰ)*	ਚਲੀਐ ॥
ਤਿਸ ਦੇ, ਉਹਦੇ	ਪਹਿਲੋਂ ਹੀ	ਮਰ ਕੇ	ਚਲੇ ਜਾਣਾ ਚਾਹੀਦਾ

...ਜਿਸ ਪ੍ਰੀਤਮ ਪਿਆਰੇ ਨਾਲ ਪ੍ਰੀਤ ਹੋਵੇ, (ਉਸ ਦੇ ਵਿਛੋੜੇ ਵਿਚ ਜੀਣ ਨਾਲੋਂ ਤਾਂ) ਪਹਿਲਾਂ ਹੀ ਮਰ ਕੇ ਚਲੇ ਜਾਣਾ ਚਾਹੀਦਾ ਹੈ...

ਧ੍ਰਿਗੁ *(ਧ੍ਰਿਗ)*	ਜੀਵਣੁ *(ਜੀਵਣ)*	ਸੰਸਾਰਿ, *(ਸੰਸਾਰ)*
ਫਿਟਕਾਰ ਯੋਗ, ਲਾਹਣਤ	ਜ਼ਿੰਦਗੀ	ਸੰਸਾਰ ਵਿਚ

ਤਾ *(ਤਾਂ)*	ਕੈ	ਪਾਛੈ	ਜੀਵਣਾ ॥੨॥
ਉਸ	ਦੇ	ਪਿਛੋਂ	ਜਿਊਣਾ

...ਉਸ ਦੇ ਪਿਛੋਂ ਸੰਸਾਰ ਵਿਚ (ਜ਼ਿੰਦਗੀ) ਜਿਊਣਾ, (ਸਮਝੋ) ਲਾਹਣਤ ਭਰਿਆ ਜੀਵਨ ਹੈ।

ਪਉੜੀ ॥

ਇਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਤੁਧੁ *(ਤੁਧ)*	ਆਪੇ	ਧਰਤੀ	ਸਾਜੀਐ,
ਤੂੰ	ਆਪ ਹੀ, ਖ਼ੁਦ ਹੀ	ਜ਼ਮੀਨ	ਸਿਰਜੀ, ਰਚੀ

ਚੰਦੁ *(ਚੰਦ)*	ਸੂਰਜੁ *(ਸੂਰਜ)*	ਦੁਇ	ਦੀਵੇ ॥
ਚੰਦਰਮਾ	ਸੂਰਜ	ਦੋਵੇਂ	ਦੀਪਕ

(ਹੇ! ਪਰਮੇਸ਼ਰ) ਤੂੰ ਆਪ ਹੀ ਖ਼ੁਦ, (ਇਹ) ਧਰਤੀ ਸਿਰਜੀ ਹੈ, ਅਤੇ (ਇਸ ਦੇ ਦੁਆਲੇ) ਚੰਦਰਮਾਂ ਅਤੇ ਸੂਰਜ ਦੋ ਦੀਵੇ ਵੀ ਆਪ ਹੀ ਰਚ ਦਿੱਤੇ ਹਨ...

ਦਸ	ਚਾਰਿ *(ਚਾਰ)*	ਹਟ	ਤੁਧੁ *(ਤੁਧ)*	ਸਾਜਿਆ,
੧੦+	੪	ਹੱਟੀਆਂ, ਭਵਨ	ਤੂੰ	ਸਿਰਜੇ, ਰਚੇ

ਵਾਪਾਰੁ *(ਵਾਪਾਰ)*	ਕਰੀਵੇ ॥
ਵਣਜ	ਕਰ ਸਕਣ

ਅੰਕ ੯੩-੯੪

...(ਹੇ! ਪਰਮੇਸ਼ਰ) ਤੂੰ ਆਪ ਹੀ ਚੌਦਾਂ (ਭਵਨ, ਸੱਤ ਅਕਾਸ਼ ਅਤੇ ਸੱਤ ਪਤਾਲ ਰੂਪ), ਹੱਟੀਆਂ ਸਿਰਜ ਦਿੱਤੀਆਂ ਹਨ, (ਜੋਤਿਸ਼ ਸਿਧਾਂਤ ਦੇ ਸ਼੍ਰੋਮਣੀ ਗ੍ਰੰਥ ਵਿਚ ਜ਼ਮੀਨ ਉਪਰ ਹੀ ਚੌਦਾਂ ਭਵਨ ਮੰਨੇ ਹਨ), ਤਾਂ ਕਿ (ਸੰਸਾਰ ਦੇ ਜੀਵ ਇਸ ਵਿਚ ਆਪਣੀ ਜ਼ਿੰਦਗੀ ਦਾ) ਵਣਜ-ਵਪਾਰ ਕਰ ਸਕਣ...

ਇਕਨਾ	ਨੋ	ਹਰਿ *(ਹਰ)*	ਲਾਭੁ *(ਲਾਭ)*	ਦੇਇ,
ਕੁਝ ਇਕ	ਨੂੰ	ਹਰੀ	ਲਾਹਾ, ਨਫ਼ਾ	ਦਿੰਦਾ ਹੈ

ਜੋ	ਗੁਰਮੁਖਿ *(ਗੁਰਮੁਖ)*	ਥੀਵੈ ॥
ਜਿਹੜੇ	ਸਤਿਗੁਰੂ ਦੇ ਸਨਮੁੱਖ	ਹੁੰਦੇ ਹਨ

...ਜਿਹੜੇ ਕੁਝ ਇਕ ਸਤਿਗੁਰੂ ਦੇ ਸਨਮੁੱਖ ਹੁੰਦੇ ਹਨ, ਪਰਮੇਸ਼ਰ ਉਨ੍ਹਾਂ ਨੂੰ (ਨਾਮ-ਸਿਮਰਨ ਵਾਲੀ ਜ਼ਿੰਦਗੀ ਦਾ) ਲਾਹਾ ਬਖਸ਼ ਦਿੰਦਾ ਹੈ...

ਤਿਨ *(ਤਿਨ੍ਹ)*	ਜਮਕਾਲੁ *(ਜਮਕਾਲ)*	ਨ *(ਨਾਂ)*	ਵਿਆਪਈ,
ਉਨ੍ਹਾਂ ਨੂੰ	ਮੌਤ ਦਾ ਜਮ	ਨਹੀਂ	ਵਿਆਪਦਾ, ਪੋਂਹਦਾ

ਜਿਨ *(ਜਿਨ੍ਹ)*	ਸਚੁ *(ਸੱਚ)*	ਅੰਮ੍ਰਿਤੁ *(ਅੰਮ੍ਰਿਤ)*	ਪੀਵੇ ॥
ਜਿਨ੍ਹਾਂ ਨੇ	ਸਦਾ ਸਥਿਰ(ਪ੍ਰਭੂ)	ਅਮਰ ਕਰ ਦੇਣ ਵਾਲਾ	ਪੀਤਾ, ਛਕਿਆ

...ਜਿਨ੍ਹਾਂ ਨੇ ਸਦਾ-ਸਥਿਰ (ਵਾਹਿਗੁਰੂ ਦਾ ਨਾਮ ਰੂਪੀ) ਅੰਮ੍ਰਿਤ ਛਕਿਆ ਹੈ, ਉਨ੍ਹਾਂ ਨੂੰ ਜਮਕਾਲ ਦਾ (ਭੈਅ) ਨਹੀਂ ਵਿਆਪਦਾ...

ਓਇ	ਆਪਿ *(ਆਪ)*	ਛੁਟੇ	ਪਰਵਾਰ	ਸਿਉ, *(ਸਿਉਂ)*
ਉਹ	ਆਪ	ਮੁਕਤ ਹੋ ਜਾਂਦੇ	ਟੱਬਰ	ਸੰਗ, ਨਾਲ

ਤਿਨ *(ਤਿਨ੍ਹ)*	ਪਿਛੈ	ਸਭੁ *(ਸਭ)*	ਜਗਤੁ *(ਜਗਤ)*	ਛੁਟੀਵੈ ॥੩॥
ਉਨ੍ਹਾਂ	ਸਦਕਾ, ਬਰਕਤ ਨਾਲ	ਸਾਰਾ	ਸੰਸਾਰ	ਮੁਕਤ ਹੋ ਜਾਂਦਾ ਹੈ

...(ਅਜਿਹੇ ਗੁਰਮੁੱਖ ਜਨ, ਨਾਮ-ਅੰਮ੍ਰਿਤ ਛਕਕੇ) ਆਪ ਤਾਂ ਪਰਿਵਾਰ ਸਹਿਤ (ਜਮਕਾਲ ਦੇ ਭੈਅ ਤੋਂ) ਮੁਕਤ ਹੋ ਹੀ ਜਾਂਦੇ ਹਨ, ਸਗੋਂ ਉਨ੍ਹਾਂ ਦੇ ਸਦਕੇ, ਸਭ ਸੰਸਾਰ ਵੀ ਮੁਕਤ ਹੋ ਜਾਂਦਾ ਹੈ।

ਸਲੋਕ,	ਮ: *(ਮਹਿਲਾ)*	੧ *(ਪਹਿਲਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਪਹਿਲੀ

ਕੁਦਰਤਿ *(ਕੁਦਰਤ)*	ਕਰਿ *(ਕਰ)*	ਕੈ,	ਵਸਿਆ	ਸੋਇ॥
ਰਚਨਾ, ਸ੍ਰਿਸ਼ਟੀ	ਸਿਰਜ, ਰਚ	ਕੇ	ਸਥਿਤ ਹੋਇਆ, ਸਮਾਇਆ	ਉਸ ਵਿਚ

ਅੰਕ ੮੪

(ਪਰਮੇਸ਼ਰ ਆਪ ਹੀ) ਸ੍ਰਿਸ਼ਟੀ ਸਿਰਜ ਕੇ ਉਸ ਵਿਚ ਸਮਾਇਆ ਹੋਇਆ ਹੈ...

ਵਖਤੁ *(ਵਖ਼ਤ)*	**ਵੀਚਾਰੇ**	**ਸੁ**	**ਬੰਦਾ**	**ਹੋਇ॥**
ਵਕਤ, ਸਮਾਂ	ਵਿਚਾਰਦਾ, ਸਮਝਦਾ	ਉਹ	ਦਾਸ, ਸੇਵਕ	ਹੋ ਜਾਂਦਾ

...(ਸਾਹਿਬ ਦੇ ਇਸ ਭੇਦ ਨੂੰ ਸਮਝਕੇ ਜਿਹੜਾ ਇਨਸਾਨ) ਆਪਣੇ ਜੀਵਨ ਦੇ ਸਮੇਂ ਨੂੰ ਸੋਚਦਾ-ਵਿਚਾਰਦਾ ਹੈ, ਭਾਵ ਇਸ ਦੇ ਮਕਸਦ ਨੂੰ ਸਮਝਦਾ ਹੈ, ਉਹ (ਵਾਹਿਗੁਰੂ ਦਾ) ਸੇਵਕ ਹੋ ਜਾਂਦਾ ਹੈ...

ਕੁਦਰਤਿ *(ਕੁਦਰਤ)*	**ਹੈ,**	**ਕੀਮਤਿ** *(ਕੀਮਤ)*	**ਨਹੀ** *(ਨਹੀਂ)*	**ਪਾਇ॥**
ਰਚਨਾ ਵਿਚ	ਹੋਣ ਦੀ ਕ੍ਰਿਆ	ਮੁਲ	ਨਹੀਂ	ਪਾਇਆ ਜਾ ਸਕਦਾ

...(ਜਿਹੜਾ ਵਾਹਿਗੁਰੂ ਆਪਣੀ) ਰਚਨਾ ਵਿਚ (ਵਸਿਆ ਹੋਇਆ ਹੈ, ਉਸ ਦੀ) ਕੀਮਤ ਨਹੀਂ ਪਾਈ ਜਾ ਸਕਦੀ...

ਜਾ *(ਜਾਂ)*	**ਕੀਮਤਿ** *(ਕੀਮਤ)*	**ਪਾਇ,**
ਜੇਕਰ	ਮੁੱਲ	ਪਾ ਲਵੇ, ਸਮਝ ਲਵੇ

ਤ *(ਤਾਂ)*	**ਕਹੀ**	**ਨ** *(ਨਾਂ)*	**ਜਾਇ॥**
ਤਾਂ, ਤਦ	ਆਖੀ, ਦੱਸੀ	ਨਹੀਂ	ਜਾ ਸਕਦੀ

...(ਪ੍ਰੰਤੂ) ਜੇਕਰ (ਕੋਈ ਪ੍ਰਭੂ ਦਾ ਪਿਆਰਾ) ਕੀਮਤ ਜਾਣ ਵੀ ਲਵੇ, ਤਾਂ ਉਸ ਤੋਂ (ਫ਼ਿਰ ਕਾਦਰ ਅਤੇ ਕੁਦਰਤ ਦੀ) ਇਹ ਕੀਮਤ ਦੱਸੀ ਨਹੀਂ ਜਾ ਸਕਦੀ...

ਸਰੈ *(ਸ਼ਰੈ)*	**ਸਰੀਅਤਿ,** *(ਸ਼ਰੀਅਤ)*	**ਕਰਹਿ** *(ਕਰਹਿਂ)*	**ਬੀਚਾਰੁ** *(ਬੀਚਾਰ)* ॥
ਇਸਲਾਮੀ ਮਰਿਯਾਦਾ	ਧਾਰਮਿਕ ਰਹੁ-ਰੀਤ	ਕਰਦੇ	ਵਿਚਾਰ-ਚਰਚਾ

...(ਇਸਲਾਮ ਧਰਮ ਦੀ) ਸ਼ਰ੍ਹਾ ਅਤੇ ਸ਼ਰੀਅਤ ਭਾਵ ਉਨ੍ਹਾਂ ਦੀ ਧਾਰਮਿਕ ਰਹੁ-ਰੀਤ ਅਤੇ ਧਾਰਮਿਕ ਕਾਨੂੰਨ ਇਸ ਸੰਬੰਧੀ ਵਿਚਾਰ-ਚਰਚਾ ਤਾਂ ਕਰਦੇ ਹਨ...

ਬਿਨੁ *(ਬਿਨ)*	**ਬੂਝੇ**	**ਕੈਸੇ**	**ਪਾਵਹਿ** *(ਪਾਵਹਿਂ)*	**ਪਾਰੁ** *(ਪਾਰ)* ॥
ਬਿਨਾਂ, ਬਗੈਰ	ਬੁੱਝਿਆਂ, ਸਮਝਿਆਂ	ਕਿਵੇਂ	ਪਾ ਸਕਦੇ	ਹੱਦ-ਬੰਨਾਂ, ਕਿਨਾਰਾ

...(ਪ੍ਰੰਤੂ ਕਾਦਰ ਦੀ ਕੁਦਰਤ ਨੂੰ) ਸਮਝੇ ਬਿਨਾਂ (ਨਿਰਾ ਬਾਹਰਲੀਆਂ ਧਾਰਮਿਕ ਰਹੁ-ਰੀਤਾਂ ਨਾਲ ਉਸ ਦੀ ਰਚਨਾਂ) ਦਾ ਪਾਰ-ਉਤਾਰਾ ਕਿਵੇਂ ਪਾਇਆ ਜਾ ਸਕਦਾ ਹੈ?...

ਅੰਕ ੮੪

ਸਿਦਕੁ *(ਸਿਦਕ)*	ਕਰਿ *(ਕਰ)*	ਸਿਜਦਾ,
ਨਿਸ਼ਚਾ, ਭਰੋਸਾ	ਕਰੇਂ	ਨਮਾਜ਼ ਵੇਲੇ ਜ਼ਮੀਨ ਤੇ ਮੱਥਾ ਰੱਖ ਕੇ ਨਮਸ਼ਕਾਰ ਕਰਨਾ

ਮਨੁ *(ਮਨ)*	ਕਰਿ *(ਕਰ)*	ਮਖਸੂਦੁ *(ਮਖਸੂਦ)* ॥
ਚਿੱਤ	ਕਰੇਂ	ਮਨੋਰਥ, ਮਕਸਦ

...(ਹੇ! ਭਾਈ,) ਜੇ ਤੂੰ (ਪਰਮਾਤਮਾ ਵਿਚ ਆਪਣੇ) ਨਿਸ਼ਚੇ ਨੂੰ ਸਿਜਦਾ ਬਣਾ ਲਵੇਂ, ਅਤੇ ਚਿੱਤ (ਵਾਹਿਗੁਰੂ ਵਿਚ ਜੋੜਨ ਨੂੰ ਆਪਣੇ ਜੀਵਨ ਦਾ) ਮਕਸਦ ਬਣਾ ਲਵੇਂ...

ਜਿਹ *(ਜਿੰਹ)*	ਧਰਿ *(ਧਿਰ)*	ਦੇਖਾ	ਤਿਹ, *(ਤਿੰਹ)*
ਜਿਹੜੇ	ਪਾਸੇ	ਦੇਖੇਂਗਾ	ਉਸ

ਧਿਰਿ *(ਧਿਰ)*	ਮਉਜੂਦੁ *(ਮਉਜੂਦ)*॥੧॥
ਪਾਸੇ ਵਲ	ਮੌਜੂਦ, ਹਾਜ਼ਰ

...(ਫਿਰ ਤੂੰ) ਜਿਸ ਪਾਸੇ ਵੀ ਦੇਖੇਂਗਾ, ਉਸ ਪਾਸੇ ਹੀ (ਸਾਰੀ ਸ੍ਰਿਸ਼ਟੀ ਵਿਚ, ਪਰਮਾਤਮਾ) ਹਾਜ਼ਰ-ਨਾਜ਼ਰ (ਦਿਸੇਗਾ)।

ਮਃ *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਗੁਰ	ਸਭਾ,	ਏਵ	ਨ *(ਨਾਂ)*	ਪਾਈਐ,
ਸਤਿਗੁਰੂ	ਸਾਥ, ਸੰਗਤ	ਇਵੇਂ, ਇਦਾਂ	ਨਹੀਂ	ਪਾਈ ਜਾ ਸਕਦੀ

ਨਾ *(ਨਾਂ)*	ਨੇੜੈ	ਨਾ *(ਨਾਂ)*	ਦੂਰਿ *(ਦੂਰ)* ॥
ਨਾਂ ਹੀਂ	ਨਜ਼ਦੀਕ	ਨਾਂ ਹੀਂ	ਦੁਰੇਡੇ, ਪਰ੍ਹੇ

...(ਸਰੀਰਕ ਤੌਰ ਤੇ ਸਤਿਗੁਰੂ ਦੇ) ਨਜ਼ਦੀਕ ਜਾਂ ਦੂਰ ਬੈਠਣ ਨਾਲ, ਇਵੇਂ ਸਤਿਗੁਰੂ ਦੀ ਸੱਤ-ਸੰਗਤ ਪ੍ਰਾਪਤ ਨਹੀਂ ਕੀਤੀ ਜਾ ਸਕਦੀ...

ਨਾਨਕ,	ਸਤਿਗੁਰੁ *(ਸਤਗੁਰ)*	ਤਾਂ	ਮਿਲੈ,
ਹੇ! ਨਾਨਕ	ਸਤਿਗੁਰੂ	ਤਦ	ਮਿਲਦਾ ਹੈ

ਜਾ *(ਜਾਂ)*	ਮਨੁ *(ਮਨ)*	ਰਹੈ	ਹਦੂਰਿ *(ਹਦੂਰ)* ॥੨॥
ਜੇਕਰ	ਚਿੱਤ	ਰਹਿੰਦਾ ਹੈ	ਹਜ਼ੂਰੀ ਵਿਚ

ਅੰਕ ੮੪

...ਹੇ! ਨਾਨਕ! (ਅਸਲ ਵਿਚ ਤਾਂ) ਸਤਿਗੁਰੂ ਦੀ (ਸੱਤ-ਸੰਗਤ) ਤਦ ਹੀ ਪ੍ਰਾਪਤ ਹੁੰਦੀ ਹੈ, ਜੇਕਰ (ਕੋਈ) ਮਨ-ਚਿੱਤ ਕਰਕੇ (ਸਤਿਗੁਰੂ ਦੀ) ਹਜ਼ੂਰੀ ਵਿਚ ਰਹਿੰਦਾ ਹੈ...

ਪਉੜੀ ॥

ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਸਪਤ	**ਦੀਪ**	**ਸਪਤ**	**ਸਾਗਰਾ,**	**ਨਵ**	**ਖੰਡ,**
ਸੱਤ	ਚਾਰੇ ਪਾਸੇ ਜਲ ਨਾਲ ਘਿਰਿਆ ਧਰਤੀ ਦਾ ਟੁਕੜਾ	ਸੱਤ	ਸਮੁੰਦਰ	ਨੌਂ	ਭੂ-ਖੰਡ, ਹਿੱਸੇ

ਚਾਰਿ *(ਚਾਰ)*	**ਵੇਦ,**	**ਦਸ**	**ਅਸਟ** *(ਅਸ਼ਟ)*	**ਪੁਰਾਣਾ ॥**
ਚਾਰ	ਹਿੰਦੂ ਧਾਰਮਿਕ ਗ੍ਰੰਥ	੧੦	੮= ੧੮	ਪੁਰਾਣ

ਪ੍ਰਸਿੱਧ ਸਪਤ-ਦੀਪ: ਜੰਬੂ, ਪਲਕ, ਸ਼ਤਲਮਲਿ, ਕੁਸ਼, ਕ੍ਰੌਚ, ਸ਼ਾਕ, ਅਤੇ ਪੁਸ਼ਕਰ।
ਸਪਤ-ਸਮੁੰਦਰ: ਦਧਿ (ਦਹੀਂ ਦਾ), ਦੁਗਧ (ਦੁੱਧ ਦਾ), ਘ੍ਰਿਤ (ਘਿਓ ਦਾ), ਇਖਯੁਰਸ (ਇੱਖ ਦੇ ਰਸ ਦਾ), ਮਧੁ (ਸ਼ਹਿਦ ਦਾ), ਖ਼ਾਰ ਜਲ (ਖ਼ਾਰੇ ਜਲ ਦਾ), ਮਿਸ਼ਠ ਜਲ (ਮਿੱਠੇ ਪਾਣੀ ਦਾ)
ਨਵ-ਖੰਡ: ਕੁਲ, ਹਿਰਨਮਯ, ਇਲਾਬ੍ਰਿਤ, ਕੇਤੁਮਾਲ, ਹਰਿਵਰਸ਼, ਰਮਯਕ, ਕਿੰਪੁਰਸ਼, ਭਦ੍ਰ, ਭਾਰਤ
ਅਠਾਰਾਂ ਪੁਰਾਣ: ਬ੍ਰਹਮ, ਪਦਮ, ਵਿਸ਼ਨੂੰ, ਸ਼ਿਵ, ਭਗਵਤ, ਨਾਰਦ, ਮਾਰਕੰਡੇ, ਅਗਨੀ, ਭਵਿੱਖਤ, ਬ੍ਰਹਮ, ਵਿਵਰਤ, ਲਿੰਗ, ਵਰਾਹ, ਸਕੰਦ, ਵਾਮਨ, ਕੂਰਮ, ਮਤਸ, ਗਰੁੜ, ਬ੍ਰਹਮਾਂਡ
ਚਾਰ ਵੇਦ:ਰਿਗ ਵੇਦ, ਸਾਮ ਵੇਦ, ਯਜੁਰ ਵੇਦ ਅਤੇ ਅਥਰਵ ਵੇਦ

...(ਚਾਰੇ ਪਾਸਿਆਂ ਤੋਂ ਜਲ ਨਾਲ ਘਿਰੇ) ਸੱਤ ਦੀਪ, ਸੱਤ ਸਮੁੰਦਰ, ਪ੍ਰਿਥਵੀ ਦੇ ਨੌਂ ਹਿੱਸੇ, ਹਿੰਦੂ ਧਰਮ ਦੇ ਸਭ ਤੋਂ ਪੁਰਾਤਨ ਚਾਰ ਵੇਦ ਅਤੇ ਹਿੰਦੂ ਧਰਮ ਦੇ ਪ੍ਰਸਿੱਧ ੧੮ ਪੁਰਾਣ...

ਹਰਿ, *(ਹਰ)*	**ਸਭਨਾ**	**ਵਿਚਿ**	**ਤੂੰ**	**ਵਰਤਦਾ,**
ਪ੍ਰਭੂ	ਸਾਰਿਆਂ	ਅੰਦਰ	ਤੁਸੀਂ	ਵਿਚਰਦਾ

ਹਰਿ *(ਹਰ)*	**ਸਭਨਾ**	**ਭਾਣਾ ॥**
ਪ੍ਰਭੂ	ਸਾਰਿਆਂ	ਭਾਉਂਦਾ, ਚੰਗਾ ਲਗਦਾ

...(ਹੇ! ਪਰਮਾਤਮਾ ਇਹਨਾਂ) ਸਾਰਿਆਂ ਵਿਚ ਤੂੰ ਹੀ ਵਰਤ ਰਿਹਾ ਹੈਂ, ਵਾਹਿਗੁਰੂ ਤੂੰ ਸਾਰਿਆਂ ਨੂੰ ਹੀ ਚੰਗਾ ਲਗਦਾ ਹੈਂ...

ਸਭਿ *(ਸਭ)*	**ਤੁਝੈ**	**ਧਿਆਵਹਿ** *(ਧਿਆਵਹਿਂ)*	**ਜੀਅ**	**ਜੰਤ,**
ਸਾਰੇ	ਤੈਨੂੰ	ਧਿਆਉਂਦੇ, ਸਿਮਰਦੇ	ਜੀਵ	ਜੰਤੂ, ਪ੍ਰਾਣੀ

ਅੰਕ ੯੪

ਹਰਿ *(ਹਰ)*	ਸਾਰਗ *(ਸਾਰੰਗ)*	ਪਾਣਾ ॥	
ਪ੍ਰਭੂ	ਪ੍ਰਿਥਵੀ	ਹੱਥ	

...ਹੇ! ਸਾਰੰਗਪਾਣੀ! ਹਰੀ, ਭਾਵ ਪ੍ਰਿਥਵੀ ਨੂੰ ਹੱਥ ਵਿਚ ਰੱਖਣ ਵਾਲੇ, ਵਾਹਿਗੁਰੂ, (ਸ੍ਰਿਸ਼ਟੀ ਦੇ) ਸਭ ਜੀਵ-ਜੰਤ ਤੈਨੂੰ ਹੀ ਸਿਮਰਦੇ ਹਨ...

ਜੋ	ਗੁਰਮੁਖਿ *(ਗੁਰਮੁਖ)*	ਹਰਿ *(ਹਰ)*	ਆਰਾਧਦੇ,
ਜਿਹੜੇ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪਰਮੇਸ਼ਰ	ਸਿਮਰਦੇ, ਧਿਆਉਂਦੇ

ਤਿਨ *(ਤਿਨ੍ਹ)*	ਹਉ *(ਹਉਂ)*	ਕੁਰਬਾਣਾ ॥
ਤਿਨ੍ਹਾਂ, ਉਨ੍ਹਾਂ	ਮੈਂ	ਕੁਰਬਾਨ, ਸਦਕੇ, ਬਲਿਹਾਰ

...ਜਿਹੜੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ ਪਰਮੇਸ਼ਰ ਨੂੰ ਸਿਮਰਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ, ਬਲਿਹਾਰ ਜਾਂਦਾ ਹਾਂ...

ਤੂੰ	ਆਪੇ	ਆਪਿ *(ਆਪ)*	ਵਰਤਦਾ,
ਤੁਸੀਂ	ਆਪਣੇ	ਆਪ, ਖ਼ੁਦ	ਵਿਚਰ ਰਿਹਾਂ

ਕਰਿ *(ਕਰ)*	ਚੋਜ	ਵਿਡਾਣਾ ॥੪॥
ਕਰਕੇ	ਕੌਤਕ, ਲੀਲ੍ਹਾ	ਅਸਚਰਜ

...(ਹੇ! ਸਾਹਿਬ!) ਤੂੰ ਆਪ ਹੀ ਆਪਣੀ (ਕੁਦਰਤ ਰੂਪੀ) ਅਸਚਰਜ ਲੀਲ੍ਹਾ ਵਰਤਾ ਕੇ ਖ਼ੁਦ ਉਸ ਵਿਚ ਵਿਚਰ ਰਿਹਾ ਹੈਂ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਕਲਉ	ਮਸਾਜਨੀ	ਕਿਆ	ਸਦਾਈਐ,
ਕਲਮ	ਦਵਾਤ	ਕਿਸ ਵਾਸਤੇ	ਮੰਗਵਾਣੀ

ਹਿਰਦੈ	ਹੀ	ਲਿਖਿ *(ਲਿਖ)*	ਲੇਹੁ *(ਲੇਹ)*॥
ਹਿਰਦੇ ਵਿਚ	ਜ਼ੋਰ ਪਾਣ ਵਾਲਾ ਅਗੇਤਰ	ਅੰਕਿਤ	ਲਵੋ

ਕਲਮ ਅਤੇ ਦੁਆਤ ਮੰਗਵਾ ਕੇ ਕੀ ਕਰਨਾ ਹੈ, ਹਿਰਦੇ (ਰੂਪੀ ਕਾਗਜ਼ ਉੱਤੇ ਹੀ ਹਰਿ-ਨਾਮ) ਲਿਖ ਲਵੋ...

ਅੰਕ ੮੪

ਸਦਾ	ਸਾਹਿਬ	ਕੈ	ਰੰਗਿ *(ਰੰਗ)*	ਰਹੈ,
ਹਮੇਸ਼ਾਂ	ਅਕਾਲ ਪੁਰਖ	ਦੇ	ਰੰਗ ਵਿਚ	ਰਹਿਣ ਨਾਲ

ਕਬਹੂੰ	ਨ *(ਨਾਂ)*	ਤੂਟਸਿ *(ਤੂਟਸ)*	ਨੇਹੁ *(ਨੇਂਹ)* ॥
ਕਦੇ ਵੀ	ਨਹੀਂ	ਟੁੱਟਦਾ	ਪਿਆਰ, ਪ੍ਰੀਤ

...ਸਦਾ (ਆਪਣੇ) ਸਾਹਿਬ ਦੇ ਪਿਆਰ-ਰੰਗ ਵਿਚ ਰੰਗੇ ਰਹਿਣ ਨਾਲ, ਪ੍ਰਭੂ-ਪ੍ਰੀਤ ਕਦੇ ਟੁੱਟਦੀ ਨਹੀਂ...

ਕਲਉ	ਮਸਾਜਨੀ	ਜਾਇਸੀ
ਕਲਮ	ਦਵਾਤ	ਚਲੇ ਜਾਣਗੇ, ਨਾਸ਼ ਹੋ ਜਾਣਗੇ

ਲਿਖਿਆ	ਭੀ	ਨਾਲੇ	ਜਾਇ॥
ਲਿਖਿਆ ਹੋਇਆ	ਵੀ	ਨਾਲ ਹੀ	ਚਲਾ ਜਾਏਗਾ

...(ਹੇ ! ਭਾਈ !) ਕਲਮ ਦਵਾਤ ਤਾਂ ਨਾਸ਼ ਹੋ ਜਾਣਗੇ ਅਤੇ ਨਾਲ ਹੀ ਉਨ੍ਹਾਂ ਨਾਲ ਲਿਖਿਆ ਹੋਇਆ ਕਾਗਜ਼-ਪੱਤਰ ਵੀ (ਸਭ ਕੁਝ) ਨਾਸ਼ ਹੋ ਜਾਏਗਾ...

ਨਾਨਕ,	ਸਹ *(ਸ਼ਹਿ)*	ਪ੍ਰੀਤਿ *(ਪ੍ਰੀਤ)*	ਨ *(ਨਾਂ)*	ਜਾਇਸੀ,
ਹੇ ! ਨਾਨਕ !	ਖ਼ਸਮ	ਪਿਆਰ	ਨਹੀਂ	ਜਾਏਗਾ, ਨਾਸ਼ ਹੋਏਗਾ

ਜੋ	ਧੁਰਿ *(ਧੁਰ)*	ਛੋਡੀ	ਸਚੈ	ਪਾਇ॥੧॥
ਜਿਹੜੀ	ਧੁਰ-ਦਰਗਾਹੋਂ	ਛੱਡੀ	ਸਦਾ-ਸਥਿਰ(ਪ੍ਰਭੂ)	ਪਾ

...(ਪਰ) ਹੇ ! ਨਾਨਕ ! ਜਿਹੜੀ ਪ੍ਰਭੂ-ਪ੍ਰੀਤ, ਸਦਾ-ਸਥਿਰ(ਵਾਹਿਗੁਰੂ) ਨੇ ਧੁਰ-ਦਰਗਾਹੋਂ (ਜੀਵ ਦੇ ਹਿਰਦੇ ਵਿਚ) ਪਾ ਛੱਡੀ ਹੈ, ਉਹ ਕਦੇ ਵੀ ਨਾਸ਼ ਨਹੀਂ ਹੋਏਗੀ।

ਮਃ *(ਮਹਿਲਾ)*	੩ ॥ *(ਤੀਜਾ)*
ਪਾਤਸ਼ਾਹੀ	ਤੀਸਰੀ

ਨਦਰੀ	ਆਵਦਾ, *(ਆਂਵਦਾ)*	ਨਾਲਿ *(ਨਾਲ)*	ਨ *(ਨਾਂ)*	ਚਲਈ,
ਨਜ਼ਰ	ਆਉਂਦਾ	ਸੰਗ, ਸਾਥ	ਨਹੀਂ	ਚਲਦਾ

ਵੇਖਹੁ	ਕੋ	ਵਿਉਪਾਇ॥
ਦੇਖ ਲਵੋ	ਕੋਈ	ਹੋਰ ਉਪਾਇ ਕਰਕੇ, ਨਿਰਣਾ ਕਰਕੇ

(ਹੇ! ਭਾਈ) ਭਾਵੇਂ ਹੋਰ ਕੋਈ ਵੀ ਉਪਾਇ ਜਾਂ ਨਿਰਣਾ ਕਰਕੇ ਵੇਖ ਲਓ, ਜੋ ਕੁਝ ਵੀ (ਸੰਸਾਰ ਵਿਚ) ਨਜ਼ਰ ਆਉਂਦਾ ਹੈ (ਕਿਸੇ ਦੇ ਵੀ) ਸੰਗ-ਸਾਥ ਨਹੀਂ ਚਲਦਾ...

ਸਤਿਗੁਰਿ *(ਸਤਗੁਰ)*	ਸਚੁ *(ਸੱਚ)*	ਦ੍ਰਿੜਾਇਆ,
ਸਤਿਗੁਰੂ ਨੇ	ਸੱਤ	ਦ੍ਰਿੜ੍ਹ ਕਰਵਾਇਆ

ਸਚਿ *(ਸੱਚ)*	ਰਹਹੁ	ਲਿਵ	ਲਾਇ ॥
ਸਦਾ-ਸਥਿਰ(ਪ੍ਰਭੂ) ਵਿਚ	ਰਵ੍ਹੋ, ਰਹੋ	ਧਿਆਨ	ਲਗਾ ਕੇ, ਜੋੜ ਕੇ

...ਸਤਿਗੁਰੂ ਨੇ ਇਹ ਸੱਚ, (ਹਿਰਦੇ ਵਿਚ) ਦ੍ਰਿੜ੍ਹ ਕਰਵਾ ਦਿੱਤਾ ਹੈ, ਸਦਾ-ਸਥਿਰ (ਵਾਹਿਗੁਰੂ) ਵਿਚ (ਆਪਣਾ) ਧਿਆਨ ਜੋੜ ਕੇ ਰੱਖੋ...

ਨਾਨਕ,	ਸਬਦੀ *(ਸ਼ਬਦੀਂ)*	ਸਚੁ *(ਸੱਚ)*	ਹੈ,
ਹੇ! ਨਾਨਕ	ਸ਼ਬਦ ਰਾਹੀਂ	ਸਦਾ-ਸਥਿਰ(ਪ੍ਰਭੂ)	ਹੋਣ ਦੀ ਕ੍ਰਿਆ

ਕਰਮੀ *(ਕਰਮੀਂ)*	ਪਲੈ	ਪਾਇ॥੨॥
ਬਖਸ਼ਿਸ਼ ਰਾਹੀਂ	ਝੋਲੀ ਵਿਚ	ਪੈਂਦਾ ਹੈ

...ਹੇ! ਨਾਨਕ! ਜੇ ਵਾਹਿਗੁਰੂ ਦੀ ਬਖਸ਼ਿਸ਼ ਹੋ ਜਾਵੇ ਤਾਂ, ਗੁਰ-ਸ਼ਬਦ ਰਾਹੀਂ, ਸਦਾ-ਸਥਿਰ ਵਾਹਿਗੁਰੂ (ਜੀਵ ਦੀ) ਝੋਲੀ ਵਿਚ ਪੈਂਦਾ ਹੈ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ, *(ਹਰ)*	ਅੰਦਰਿ *(ਅੰਦਰ)*	ਬਾਹਰਿ *(ਬਾਹਰ)*	ਇਕੁ *(ਇੱਕ)*	ਤੂੰ,
ਪ੍ਰਭੂ	ਵਿਚ, ਅੰਦਰ	ਬਾਹਰ	ਇੱਕੋ	ਤੁਸੀਂ

ਤੂੰ	ਜਾਣਹਿ *(ਜਾਣਹਿਂ)*	ਭੇਤੁ *(ਭੇਤ)* ॥
ਤੁਸੀਂ	ਜਾਣਦਾ	ਭੇਦ, ਰਾਜ਼

ਹੇ! ਵਾਹਿਗੁਰੂ ਇੱਕ ਤੂੰ ਹੀਂ (ਸਭ ਜੀਵਾਂ ਦੇ ਹਿਰਦਿਆਂ ਦੇ) ਅੰਦਰ ਅਤੇ ਬਾਹਰ (ਵਸਦਾ ਹੈਂ), ਅਤੇ ਤੂੰ ਹੀਂ (ਆਪ ਉਨ੍ਹਾਂ ਦੇ ਹਿਰਦਿਆਂ ਦੇ ਗੁਝੇ) ਭੇਦਾਂ ਨੂੰ ਵੀ ਜਾਣਦਾ ਹੈਂ...

ਜੋ	ਕੀਚੈ	ਸੋ	ਹਰਿ *(ਹਰ)*	ਜਾਣਦਾ,
ਜਿਹੜਾ ਕੁਝ	ਕਰਦਾ ਹੈ	ਉਹ	ਪ੍ਰਭੂ	ਸਮਝਦਾ

ਮੇਰੇ	ਮਨ,	ਹਰਿ *(ਹਰ)*	ਚੇਤੁ *(ਚੇਤ)* ॥
ਆਪਣੇ	ਚਿੱਤ	ਪ੍ਰਭੂ	ਸਿਮਰ, ਯਾਦ ਕਰ

...ਹੇ! ਮੇਰੇ ਮਨਾਂ! ਜਿਹੜਾ ਕੁਝ ਵੀ (ਇਨਸਾਨ) ਕਰਦਾ ਹੈ, (ਹਿਰਦੇ ਵਿਚ ਵਸਿਆ ਹੋਣ ਕਰਕੇ), ਵਾਹਿਗੁਰੂ ਉਸ ਨੂੰ ਜਾਣਦਾ ਹੈ, (ਇਸ ਲਈ ਤੂੰ ਸਦਾ) ਹਰੀ ਨੂੰ ਯਾਦ ਕਰ...

ਸੋ	ਡਰੈ,	ਜਿ	ਪਾਪ	ਕਮਾਵਦਾ, *(ਕਮਾਂਵਦਾ)*
ਉਹ	ਡਰਦਾ ਹੈ	ਜੋ	ਕੁਕਰਮ	ਕਮਾਉਂਦਾ, ਕਰਦਾ

ਧਰਮੀ	ਵਿਗਸੇਤੁ *(ਵਿਗਸੇਤ)* ॥
ਧਰਮ ਅਨੁਸਾਰ ਕਰਮ ਕਰਨ ਵਾਲਾ	ਖਿੜਿਆ ਰਹਿੰਦਾ ਹੈ, ਪ੍ਰਸੰਨ ਰਹਿੰਦਾ ਹੈ

...ਜਿਹੜਾ ਜੀਵ ਕੁਕਰਮ ਕਰਦਾ ਹੈ, ਡਰਦਾ ਤਾਂ ਉਹੀ ਹੈ, ਧਰਮੀ-ਪੁਰਸ਼ ਤਾਂ ਸਦਾ ਖਿੜਾਉ ਵਿਚ ਰਹਿੰਦਾ ਹੈ, ਪ੍ਰਸੰਨ ਰਹਿੰਦਾ ਹੈ...

ਤੂੰ	ਸਚਾ	ਆਪਿ, *(ਆਪ)*	ਨਿਆਉ *(ਨਿਆਉਂ)*	ਸਚੁ, *(ਸੱਚ)*
ਤੁਸੀਂ	ਸੱਤ-ਸਰੂਪ	ਖ਼ੁਦ	ਇਨਸਾਫ਼	ਸੱਤ

ਤਾ *(ਤਾਂ)*	ਡਰੀਐ	ਕੇਤੁ *(ਕੇਤ)* ॥
ਤਦ	ਡਰੀਏ, ਭੈ ਖਾਈਏ	ਕਿਸ ਤੋਂ

...ਹੇ! ਪਰਮੇਸ਼ਰ, ਜਦ ਤੂੰ ਆਪ ਸੱਤ-ਸਰੂਪ ਹੈਂ, ਅਤੇ ਤੇਰਾ ਨਿਆਉਂ ਵੀ (ਤੇਰੇ ਵਰਗਾ ਹੀ) ਸੱਚਾ ਹੈ, ਤਾਂ ਫਿਰ ਕਿਸੇ ਤੋਂ ਕਿਉਂ ਡਰੀਏ?...

ਜਿਨਾ *(ਜਿਨ੍ਹਾਂ)*	ਨਾਨਕ	ਸਚੁ *(ਸੱਚ)*	ਪਛਾਣਿਆ,
ਜਿਹੜਿਆਂ ਨੇ	ਹੇ! ਨਾਨਕ!	ਸਦੀਵ-ਸੱਤ (ਪ੍ਰਭੂ)	ਪਹਿਚਾਣ ਲਿਆ

ਸੇ	ਸਚਿ *(ਸੱਚ)*	ਰਲੇਤੁ *(ਰਲੇਤ)* ॥੫॥
ਉਹ	ਸਦੀਵ-ਸੱਤ(ਪ੍ਰਭੂ) ਵਿਚ	ਸਮਾ ਜਾਂਦੇ ਹਨ, ਅਭੇਦ ਹੋ ਜਾਂਦੇ ਹਨ

...ਹੇ! ਨਾਨਕ! ਜਿਨ੍ਹਾਂ ਨੇ ਸਦੀਵ-ਸੱਤ ਵਾਹਿਗੁਰੂ ਨੂੰ ਪਹਿਚਾਣ ਲਿਆ ਹੈ, ਉਹ ਤਾਂ ਉਸ ਸੱਚ-ਸਰੂਪ ਵਾਹਿਗੁਰੂ ਵਿਚ ਹੀ ਅਭੇਦ ਹੋ ਜਾਂਦੇ ਹਨ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਅੰਕ ੮੪

ਕਲਮ	ਜਲਉ	ਸਣੁ *(ਸਣ)*	ਮਸਵਾਣੀਐ,
ਲੇਖਣੀ, ਕਾਨੀ	ਸੜ ਜਾਏ	ਸਮੇਤ	ਦਵਾਤ

ਕਾਗਦੁ *(ਕਾਗਦ)*	ਭੀ	ਜਲਿ *(ਜਲ)*	ਜਾਉ ॥
ਕਾਗਜ਼	ਵੀ	ਸੜ, ਬਲ	ਜਾਏ

ਉਹ ਕਲਮ ਅਤੇ ਦਵਾਤ ਸੜ-ਬਲ ਜਾਏ ਅਤੇ ਉਹ ਕਾਗਜ਼ ਵੀ ਜਲ ਜਾਏ,...

ਲਿਖਣ	ਵਾਲਾ	ਜਲਿ *(ਜਲ)*	ਬਲਉ,
ਲਿਖਤ	ਵਾਨ, ਕਾਰਜ ਦਾ ਕਰਤਾ	ਸੜ	ਬਲ ਜਾਏ

ਜਿਨਿ *(ਜਿਨ੍ਹ)*	ਲਿਖਿਆ	ਦੂਜਾ	ਭਾਉ ॥
ਜਿਸ ਨੇ	ਅੰਕਿਤ ਕੀਤਾ	ਹੋਰ, ਦੂਸਰਾ	ਪਿਆਰ

...(ਵਾਹਿਗੁਰੂ ਕਰੇ ਉਹ) ਲਿਖਾਰੀ ਵੀ ਸੜ-ਬਲ ਜਾਏ, ਜਿਸ ਨੇ (ਪ੍ਰਭੂ-ਪ੍ਰੀਤਮ ਨੂੰ ਛੱਡਕੇ) ਕਿਸੇ ਹੋਰ ਦੀ ਪ੍ਰੀਤ ਬਾਰੇ ਲਿਖਤ ਲਿਖੀ ਹੈ...

ਨਾਨਕ,	ਪੁਰਬਿ *(ਪੁਰਬ)*	ਲਿਖਿਆ	ਕਮਾਵਣਾ,
ਹੇ! ਨਾਨਕ!	ਪੂਰਬਲਾ, ਧੁਰ-ਦਰਗਾਹੋਂ	ਲਿਖਿਆ ਹੋਇਆ	ਕਮਾਉਂਦਾ, ਕਰਦਾ

ਅਵਰੁ *(ਅਵਰ)*	ਨ *(ਨਾਂ)*	ਕਰਣਾ	ਜਾਇ॥੧॥
ਹੋਰ	ਨਹੀਂ	ਕੀਤਾ	ਜਾ ਸਕਦਾ

...ਹੇ! ਨਾਨਕ! (ਜੀਵ ਦੇ ਕਰਮਾਂ ਵਿਚ) ਜੋ ਧੁਰ-ਦਰਗਾਹੋਂ ਲਿਖਿਆ ਹੁੰਦਾ ਹੈ, ਉਹੀ ਕੁਝ ਉਹ ਕਰਦਾ ਹੈ, (ਉਸ ਤੋਂ ਬਿਨਾਂ) ਹੋਰ ਕੁਝ ਕੀਤਾ ਹੀ ਨਹੀਂ ਜਾ ਸਕਦਾ।

ਮਃ *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਹੋਰੁ *(ਹੋਰ)*	ਕੂੜੁ *(ਕੂੜ)*	ਪੜਣਾ, *(ਪੜ੍ਹਨਾ)*	ਕੂੜੁ *(ਕੂੜ)*	ਬੋਲਣਾ,
ਹੋਰ, ਅਵਰ	ਝੂਠ, ਅਸੱਤ	ਪੜ੍ਹਨਾ	ਝੂਠ, ਅਸੱਤ	ਕਹਿਣਾ, ਆਖਣਾ

ਮਾਇਆ	ਨਾਲਿ *(ਨਾਲ)*	ਪਿਆਰੁ *(ਪਿਆਰ)* ॥
ਧਨ-ਦੌਲਤ	ਸੰਗ, ਸਾਥ	ਪ੍ਰੀਤ

ਅੰਕ ੮੪

...(ਵਾਹਿਗੁਰੂ-ਨਾਮ ਤੋਂ ਬਿਨਾਂ) ਹੋਰ ਕੁਝ ਵੀ ਪੜ੍ਹਨਾ ਅਤੇ ਬੋਲਣਾ ਝੂਠ ਹੈ, ਅਸੱਤ ਹੈ (ਕਿਉਂਕਿ ਹਰਿ-ਨਾਮ ਬਿਨਾਂ ਹੋਰ ਕੁਝ ਵੀ ਕੀਤਾ ਹੋਇਆ) ਮਾਇਆ ਨਾਲ ਪ੍ਰੀਤ (ਵਧਾਉਂਦਾ ਹੈ)...

ਨਾਨਕ,	ਵਿਣੁ *(ਵਿਣ)*	ਨਾਵੈ *(ਨਾਵੈਂ)*	ਕੋ	ਥਿਰੁ *(ਥਿਰ)*	ਨਹੀ, *(ਨਹੀਂ)*
ਹੇ ! ਨਾਨਕ !	ਬਿਨਾਂ, ਬਗੈਰ	ਨਾਮ ਤੋਂ	ਕੁਝ	ਸਥਿਰ	ਨਹੀਂ

ਪੜਿ *(ਪੜ੍ਹ)*	ਪੜਿ *(ਪੜ੍ਹ)*	ਹੋਇ	ਖੁਆਰੁ *(ਖੁਆਰ)* ॥੨॥
ਪੜ੍ਹ ਕੇ	ਪੜ੍ਹ ਕੇ	ਹੁੰਦੇ	ਖੱਜਲ

...ਹੇ ! ਨਾਨਕ ! ਬਿਨਾਂ ਹਰਿ-ਨਾਮ ਤੋਂ (ਸੰਸਾਰ ਵਿਚ) ਕੁਝ ਵੀ ਸਦਾ ਰਹਿਣ ਵਾਲਾ ਨਹੀਂ ਹੈ, (ਹਰਿ-ਨਾਮ ਬਿਨਾਂ ਹੋਰ ਮਾਇਆ-ਪ੍ਰੀਤ ਵਾਲੀ ਪੜ੍ਹਾਈ) ਪੜ੍ਹ ਪੜ੍ਹ ਕੇ ਖੱਜਲ-ਖੁਆਰ ਹੀ ਹੋਈਦਾ ਹੈ...

ਪਉੜੀ ॥

ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ *(ਹਰ)*	ਕੀ	ਵਡਿਆਈ	ਵਡੀ	ਹੈ,
ਪ੍ਰਭੂ	ਦੀ	ਸਿਫ਼ਤ, ਉਸਤਤਿ	ਮਹਾਨ	ਹੋਣ ਦੀ ਕ੍ਰਿਆ

ਹਰਿ *(ਹਰ)*	ਕੀਰਤਨੁ *(ਕੀਰਤਨ)*	ਹਰਿ *(ਹਰ)*	ਕਾ ॥
ਪ੍ਰਭੂ	ਜਸ-ਗਾਇਣ	ਪ੍ਰਭੂ	ਦਾ

...ਪਰਮੇਸ਼ਰ ਦੀ ਸਿਫ਼ਤ-ਸਲਾਹ ਅਤੇ ਹਰਿ-ਕੀਰਤਨ ਕਰਨਾ ਬਹੁਤ ਵੱਡੀ (ਕਰਣੀ-ਕਮਾਈ) ਹੈ...

ਹਰਿ *(ਹਰ)*	ਕੀ	ਵਡਿਆਈ	ਵਡੀ	ਹੈ,
ਪ੍ਰਭੂ	ਦੀ	ਸਿਫ਼ਤ, ਉਸਤਤਿ	ਮਹਾਨ	ਹੋਣ ਦੀ ਕ੍ਰਿਆ

ਜਾ *(ਜਾਂ)*	ਨਿਆਉ *(ਨਿਆਉਂ)*	ਹੈ	ਧਰਮ	ਕਾ ॥
ਜਿਸ ਦਾ	ਇਨਸਾਫ਼	ਹੋਣ ਦੀ ਕ੍ਰਿਆ	ਦਰੁਸਤ, ਸੱਚ	ਦਾ

...ਪਰਮੇਸ਼ਰ ਦੀ ਸਿਫ਼ਤ-ਸਲਾਹ ਕਰਨੀ ਇਸ ਲਈ ਵੀ ਮਹਾਨ ਹੈ, ਕਿਉਂਕਿ ਉਸ ਦਾ ਨਿਆਉਂ ਧਰਮ-ਨਿਆਉਂ ਹੈ, ਸੱਚ-ਨਿਆਉਂ ਹੈ...

ਹਰਿ *(ਹਰ)*	ਕੀ	ਵਡਿਆਈ	ਵਡੀ	ਹੈ,
ਪ੍ਰਭੂ	ਦੀ	ਸਿਫ਼ਤ, ਉਸਤਤਿ	ਮਹਾਨ	ਹੋਣ ਦੀ ਕ੍ਰਿਆ

ਜਾ *(ਜਾਂ)*	ਫਲੁ *(ਫਲ)*	ਹੈ	ਜੀਅ	ਕਾ ॥
ਜੋ	ਲਾਹਾ, ਲਾਭ	ਹੋਣ ਦੀ ਕ੍ਰਿਆ	ਜੀਵ	ਦਾ

...ਪਰਮੇਸ਼ਰ ਦੀ ਸਿਫ਼ਤ-ਸਲਾਹ ਕਰਨੀ ਇਸ ਲਈ ਵੀ ਮਹਾਨ ਹੈ, ਕਿਉਂ ਜੋ (ਪਰਮੇਸ਼ਰ) ਜੀਵ ਦੇ (ਕੀਤੇ ਹੋਏ ਭਲੇ ਕਰਮਾਂ ਦਾ) ਫਲ ਜ਼ਰੂਰ ਦਿੰਦਾ ਹੈ...

ਹਰਿ *(ਹਰ)*	ਕੀ	ਵਡਿਆਈ	ਵਡੀ	ਹੈ,
ਪ੍ਰਭੂ	ਦੀ	ਸਿਫ਼ਤ, ਉਸਤਤਿ	ਮਹਾਨ	ਹੋਣ ਦੀ ਕ੍ਰਿਆ

ਜਾ *(ਜਾਂ)*	ਨ *(ਨਾਂ)*	ਸੁਣਈ	ਕਹਿਆ	ਚੁਗਲ	ਕਾ ॥
ਜੋ	ਨਹੀਂ	ਸੁਣਦਾ	ਆਖ਼ਿਆ	ਚੁਗਲਖ਼ੋਰ	ਦਾ

...ਪਰਮੇਸ਼ਰ ਦੀ ਸਿਫ਼ਤ-ਸਲਾਹ ਕਰਨੀ ਇਸ ਲਈ ਵੀ ਮਹਾਨ ਹੈ, ਕਿਉਂ ਜੋ ਉਹ ਚੁਗਲਖ਼ੋਰ ਭਾਵ ਪਿੱਠ ਪਿੱਛੇ ਬੁਰਾਈ ਕਰਨ ਵਾਲੇ ਦਾ, ਆਖ਼ਿਆ ਹੋਇਆ ਨਹੀਂ ਸੁਣਦਾ...

ਹਰਿ *(ਹਰ)*	ਕੀ	ਵਡਿਆਈ	ਵਡੀ	ਹੈ,
ਪ੍ਰਭੂ	ਦੀ	ਸਿਫ਼ਤ, ਉਸਤਤਿ	ਮਹਾਨ	ਹੋਣ ਦੀ ਕ੍ਰਿਆ

ਅਪੁਛਿਆ	ਦਾਨੁ *(ਦਾਨ)*	ਦੇਵਕਾ ॥੬॥
ਬਿਨਾਂ-ਪੁਛਿੱਆਂ ਹੀ	ਦਾਤ	ਦਿੰਦਾ ਹੈ

...ਪਰਮੇਸ਼ਰ ਦੀ ਸਿਫ਼ਤ-ਸਲਾਹ ਕਰਨੀ ਇਸ ਲਈ ਵੀ ਮਹਾਨ ਹੈ, ਕਿਉਂਕਿ ਉਹ (ਆਪਣੇ ਪਿਆਰਿਆਂ ਨੂੰ) ਬਿਨ-ਪੁਛਿੱਆਂ ਹੀ ਦਾਤਾਂ ਦਾ ਦਾਨ ਬਖਸ਼ਦਾ ਰਹਿੰਦਾ ਹੈ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਹਉ *(ਹਉਂ)*	ਹਉ *(ਹਉਂ)*	ਕਰਤੀ	ਸਭ	ਮੁਈ
ਮੈਂ	ਮੈਂ	ਕਰਦੀ ਹੋਈ	ਸਾਰੀ	ਮਰ ਗਈ

ਸੰਪਉ	ਕਿਸੈ	ਨ *(ਨਾਂ)*	ਨਾਲਿ *(ਨਾਲ)* ॥
ਸੰਪਤੀ, ਧਨ-ਪਦਾਰਥ	ਕਿਸੇ ਦੇ	ਨਹੀਂ	ਨਾਲ, ਸੰਗ

(ਅਹੰਕਾਰ ਵਿਚ) ਮੈਂ ਮੈਂ ਕਰਦੀ ਹੋਈ ਸਾਰੀ ਦੁਨੀਆਂ ਮਰਦੀ ਰਹਿੰਦੀ ਹੈ, (ਪਰ ਸੰਸਾਰ ਦੀ ਕੋਈ ਵੀ) ਧਨ-ਸੰਪਤੀ (ਕਦੇ ਵੀ) ਕਿਸੇ (ਜੀਵ ਦੇ) ਨਾਲ ਨਹੀਂ ਜਾਂਦੀ...

ਦੂਜੈ	**ਭਾਇ**	**ਦੁਖੁ**(ਦੁੱਖ)	**ਪਾਇਆ,**
ਦੂਸਰੇ	ਪਿਆਰ	ਕਸ਼ਟ, ਤਕਲੀਫ਼	ਪਾਈਦਾ

ਸਭ	**ਜੋਹੀ**	**ਜਮਕਾਲਿ**(ਜਮਕਾਲ) ॥
ਸਾਰੀ	ਤਾੜ ਰੱਖੀ	ਮੌਤ ਦੇ ਫਰਿਸ਼ਤੇ ਨੇ

...ਦ੍ਵੈਤ-ਭਾਵ, ਅਥਵਾ (ਮਾਇਆ ਦੇ ਪਿਆਰ ਵਿਚ ਸੰਸਾਰ ਦੇ ਸਭ ਜੀਵ) ਦੁੱਖ ਹੀ ਪਾਉਂਦੇ ਹਨ, ਕਿਉਂਕਿ ਜਮਕਾਲ ਸਾਰੀ ਸ੍ਰਿਸ਼ਟੀ ਨੂੰ (ਮੌਤ ਦੀ ਫਾਹੀ ਵਿਚ ਫਸਾਉਣ ਲਈ) ਤਾੜ ਰਿਹਾ ਹੈ।

ਨਾਨਕ,	**ਗੁਰਮੁਖਿ**(ਗੁਰਮੁਖ)	**ਉਬਰੇ,**
ਹੇ! ਨਾਨਕ	ਸਤਿਗੁਰੂ ਦੀ ਸਨਮੁੱਖਤਾ ਵਾਲੇ	ਉਭਰ ਜਾਂਦੇ ਹਨ, ਪਾਰ ਹੋ ਜਾਂਦੇ ਹਨ

ਸਾਚਾ	**ਨਾਮੁ**(ਨਾਮ)	**ਸਮਾਲਿ**(ਸੰਮ੍ਹਾਲ) ॥੧॥
ਸੱਤ-ਸਰੂਪ	(ਪ੍ਰਭ)ਨਾਮ	ਸਿਮਰ ਕੇ, ਧਿਆ ਕੇ

...ਹੇ! ਨਾਨਕ! ਸਤਿਗੁਰੂ ਦੀ ਸਨਮੁੱਖਤਾ ਵਾਲੇ (ਧਰਮ-ਸਾਧਕ) ਸੱਤ-ਸਰੂਪ, ਹਰਿ-ਨਾਮ ਦੀ ਅਰਾਧਨਾ ਕਰਕੇ (ਸੰਸਾਰ-ਸਾਗਰ ਤੋਂ) ਪਾਰ ਉਤਰ ਜਾਂਦੇ ਹਨ।

ਮਃ(ਮਹਿਲਾ)	**੧**(ਪਹਿਲਾ) ॥
ਪਾਤਸ਼ਾਹੀ	ਪਹਿਲਾ

ਗਲਂੀ(ਗਲੀਂ)	**ਅਸੀ**(ਅਸੀਂ)	**ਚੰਗੀਆ,**(ਚੰਗੀਆਂ)
ਗਲਾਂ ਕਰਨ ਨੂੰ	ਮੈਂ ਦਾ ਬਹੁਵਚਨ	ਸੁਚੱਜੀਆਂ, ਸ੍ਰੇਸ਼ਠ

ਆਚਾਰੀ(ਆਚਾਰੀਂ)	**ਬੁਰੀਆਹ**(ਬੁਰੀਆਂਹ) ॥
ਅਮਲਾਂ ਕਰਕੇ, ਕਰਮ ਕਰਕੇ	ਭੈੜੀਆਂ, ਬੁਰੀਆਂ

...ਗੱਲਾਂ-ਬਾਤਾਂ ਕਰਨ ਨੂੰ ਤਾਂ ਅਸੀਂ ਬੜੀਆਂ ਚੰਗੀਆਂ ਹਾਂ, ਪਰ ਆਪਣੇ ਆਚਾਰ-ਵਿਹਾਰ ਕਰਕੇ, ਭਾਵ ਕਰਮਾਂ ਕਰਕੇ ਭੈੜੀਆਂ ਹਾਂ...

ਮਨਹੁ(ਮਨਹੁੰ)	**ਕੁਸੁਧਾ**(ਕੁਸੁਧਾਂ)	**ਕਾਲੀਆ,**(ਕਾਲੀਆਂ)
ਮਨ ਤੋਂ, ਮਨ ਕਰਕੇ	ਖ਼ੋਟੀਆਂ, ਮੈਲੀਆਂ	ਕਾਲੇ ਰੰਗ ਦੀਆਂ, ਭਾਵ ਕੁਚੀਲ, ਮਲੀਨ

ਬਾਹਰਿ(ਬਾਹਰ)	**ਚਿਟਵੀਆਹ**(ਚਿਟਵੀਆਂਹ) ॥
ਬਾਹਰੋਂ	ਸੁਫ਼ੈਦ, ਭਾਵ ਸੁਥਰੀਆਂ

ਅੰਕ ੮੫

...ਮਨ ਕਰਕੇ (ਅਸੀਂ) ਖੋਟੀਆਂ ਅਤੇ ਕੁਚੀਲ ਹਾਂ ਪਰ ਬਾਹਰੋਂ ਚਿੱਟੇ ਰੰਗ ਵਾਂਗ ਬੜੀਆਂ ਸਾਫ਼-ਸੁਥਰੀਆਂ ਨਜ਼ਰ ਆਉਂਦੀਆਂ ਹਾਂ...

ਰੀਸਾ *(ਰੀਸਾਂ)*	**ਕਰਿਹ** *(ਕਰਹਿਂ)*	**ਤਿਨਾੜੀਆ,** *(ਤਿਨ੍ਹਾੜੀਆਂ)*
ਨਕਲਾਂ	ਕਰਦੀਆਂ	ਉਨ੍ਹਾਂ ਦੀਆਂ

ਜੋ	**ਸੇਵਹਿ** *(ਸੇਵਹਿਂ)*	**ਦਰੁ** *(ਦਰ)*	**ਖੜੀਆਹ** *(ਖੜੀਆਂਹ)* ॥
ਜਿਹੜੀਆਂ	ਸੇਵਾ ਕਰਦੀਆਂ	ਦਰਵਾਜ਼ੇ	ਖੜ੍ਹਕੇ, ਖਲੋਕੇ

...(ਅਜਿਹਾ ਮਾੜਾ ਆਚਰਣ ਹੋਣ ਦੇ ਬਾਵਜੂਦ ਅਸੀਂ) ਰੀਸਾਂ ਉਨ੍ਹਾਂ ਦੀਆਂ ਕਰਦੀਆਂ ਹਾਂ, ਜੋ (ਆਪਣੇ ਸਾਹਿਬ ਦੇ) ਦਰ ਤੇ ਖੜ੍ਹੀਆਂ (ਸਾਹਿਬ ਦੀ ਚਾਕਰੀ) ਕਰਦੀਆਂ ਹਨ...

ਨਾਲਿ *(ਨਾਲ)*	**ਖਸਮੈ**	**ਰਤੀਆ,** *(ਰਤੀਆਂ)*
ਨਾਲ, ਸੰਗ	(ਪ੍ਰਭੂ) ਖ਼ਸਮ ਦੇ	ਰੰਗੀਆਂ ਹੋਈਆਂ

ਮਾਣਹਿ *(ਮਾਣਹਿਂ)*	**ਸੁਖਿ** *(ਸੁੱਖ)*	**ਰਲੀਆਹ** *(ਰਲੀਆਂਹ)* ॥
ਮਾਣਦੀਆਂ	ਸੁੱਖ, ਅਨੰਦ	ਮੌਜਾਂ

...(ਪ੍ਰਭੂ) ਖ਼ਸਮ ਦੇ ਨਾਲ ਉਸ ਦੇ (ਪ੍ਰੇਮ-ਰੰਗ ਵਿਚ) ਰੰਗੀਆਂ ਹੋਈਆਂ, (ਉਸ ਨਾਲ ਅਭੇਦ ਹੋਕੇ) ਸੁੱਖ-ਅਨੰਦ ਅਤੇ ਮੌਜਾਂ ਮਾਣ ਰਹੀਆਂ ਹਨ...

ਹੋਦੈ *(ਹੋਂਦੈ)*	**ਤਾਣਿ** *(ਤਾਣ)*	**ਨਿਤਾਣੀਆ,** *(ਨਿਤਾਣੀਆਂ)*
ਹੁੰਦਿਆਂ	ਜ਼ੋਰ, ਤਾਕਤ	ਬਲ-ਹੀਣ, ਬੇ-ਜ਼ੋਰ

ਰਹਹਿ *(ਰਹਹਿਂ)*	**ਨਿਮਾਨਣੀਆਹ** *(ਨਿਮਾਨਣੀਆਂਹ)* ॥
ਰਹਿੰਦੀਆਂ	ਨਿਮਾਣੀਆਂ, ਨਿਮਰਤਾ ਵਿਚ, ਨਿਰਮਾਣ

...ਉਹ ਮਾਣ-ਤਾਣ ਹੁੰਦਿਆਂ ਵੀ, (ਜੀਵਨ ਵਿਚ) ਨਿਮਾਣੀਆਂ ਅਤੇ ਨਿਤਾਣੀਆਂ ਰਹਿੰਦੀਆਂ ਹਨ...

ਨਾਨਕ,	**ਜਨਮੁ** *(ਜਨਮ)*	**ਸਕਾਰਥਾ,**	**ਜੇ**
ਹੇ ! ਨਾਨਕ !	ਜੀਵਨ	ਸਫਲ	ਜੇਕਰ

ਤਿਨ *(ਤਿਨ੍ਹ)*	**ਕੈ**	**ਸੰਗਿ** *(ਸੰਗ)*	**ਮਿਲਾਹ** *(ਮਿਲਾਂਹ)* ॥੨॥
ਉਨ੍ਹਾਂ	ਦੇ	ਸੰਗਤ, ਸਾਥ	ਮਿਲ ਜਾਵੇ

ਅੰਕ ੮੫

...(ਹਾਂ, ਜੇ ਜ਼ਿੰਦਗੀ ਵਿਚ ਸੱਚਮੁੱਚ ਅਜਿਹੀਆਂ ਗੁਰਮੁੱਖ ਜੀਵ-ਇਸਤ੍ਰੀਆਂ ਦੀ) ਸੰਗਤ ਮਿਲ ਜਾਏ, ਤਾਂ (ਜੀਵਨ) ਸਫ਼ਲ ਹੋ ਜਾਂਦਾ ਹੈ।

ਪਉੜੀ ॥

ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਤੂੰ	**ਆਪੇ**	**ਜਲੁ,** *(ਜਲ)*	**ਮੀਨਾ**	**ਹੈ** *(ਹੈਂ)*	**ਆਪੇ,**
ਤੁਸੀਂ	ਆਪ ਹੀ	ਪਾਣੀ	ਮੱਛੀ	ਹੋਣ ਦੀ ਕ੍ਰਿਆ	ਆਪ ਹੀ

ਆਪੇ	**ਹੀ**	**ਆਪਿ** *(ਆਪ)*	**ਜਾਲੁ** *(ਜਾਲ)* **॥**
ਖ਼ੁਦ	ਜ਼ੋਰ ਪਾਣ ਵਾਲਾ ਅਗੇਤਰ	ਆਪ	ਫਾਹੀ, ਫੰਧਾ

...(ਹੇ! ਵਾਹਿਗੁਰੂ) ਤੂੰ ਆਪ ਹੀ ਪਾਣੀ ਹੈਂ, ਆਪ ਹੀ ਮੱਛੀ ਹੈਂ, ਅਤੇ ਖ਼ੁਦ ਆਪ ਹੀ ਜਾਲ ਵੀ ਹੈਂ...

ਤੂੰ	**ਆਪੇ**	**ਜਾਲੁ** *(ਜਾਲ)*	**ਵਤਾਇਦਾ,** *(ਵਤਾਇੰਦਾ)*
ਤੁਸੀਂ	ਖ਼ੁਦ ਹੀ	ਫਾਹੀ, ਫੰਧਾ	ਵਿਛਾਂਦਾ ਹੈਂ

ਆਪੇ	**ਵਿਚਿ** *(ਵਿਚ)*	**ਸੇਬਾਲੁ** *(ਸੇਬਾਲ)* **॥**
ਖ਼ੁਦ ਹੀ	ਵਿਚ	ਪਾਣੀ ਉੱਤੇ ਆ ਜਾਣ ਵਾਲਾ ਹਰੇ ਰੰਗ ਦੀ ਨਿੱਕੀ ਨਿੱਕੀ ਬੂਟੀ/ਕਾਈ

...ਤੂੰ ਖ਼ੁਦ ਹੀ (ਮੱਛੀਆਂ ਫਸਾਉਣ ਲਈ) ਫੰਧਾ ਵਿਛਾਉਂਦਾ ਹੈਂ, ਅਤੇ (ਤੂੰ) ਖ਼ੁਦ ਹੀ ਪਾਣੀ ਵਿਚ ਪੈਦਾ ਹੋਈ ਹਰੇ ਰੰਗ ਦੀ ਕਾਈ ਵੀ ਹੈਂ...

ਤੂੰ	**ਆਪੇ**	**ਕਮਲੁ** *(ਕਮਲ)*	**ਅਲਿਪਤੁ** *(ਅਲਿਪਤ)*	**ਹੈ,** *(ਹੈਂ)*
ਤੁਸੀਂ	ਆਪ ਹੀ	ਕੰਵਲ ਫੁੱਲ	ਅਲੇਪ, ਨਿਰਲੇਪ	ਹੋਣ ਦੀ ਕ੍ਰਿਆ

ਸੈ	**ਹਥਾ** *(ਹੱਥਾਂ)*	**ਵਿਚਿ** *(ਵਿਚ)*	**ਗੁਲਾਲੁ** *(ਗੁਲਾਲ)* **॥**
ਸੌ, ਸੈਂਕੜੇ	ਹੱਥ	ਵਿਚ, ਅੰਦਰ	ਗੁਲਾਲੀ ਰੰਗ ਵਾਲਾ, ਗੂੜ੍ਹੇ ਲਾਲ ਰੰਗ ਵਾਲਾ

...ਤੂੰ ਆਪ ਹੀ ਅਲੇਪ ਕੰਵਲ ਫੁੱਲ ਹੈਂ, ਜਿਹੜਾ ਸੈਂਕੜੇ ਹੱਥ ਡੂੰਘੇ (ਪਾਣੀ ਅਤੇ ਚਿੱਕੜ ਵਿਚ) ਰਹਿਕੇ ਵੀ ਗੁਲੇ-ਲਾਲਾ ਹੀ ਰਹਿੰਦਾ ਹੈ, ਭਾਵ ਕੰਵਲ ਫੁੱਲ ਆਪਣੇ ਗੂੜ੍ਹੇ ਲਾਲ ਰੰਗ ਨੂੰ ਨਹੀਂ ਛਡਦਾ...

ਤੂੰ	**ਆਪੇ**	**ਮੁਕਤਿ** *(ਮੁਕਤ)*	**ਕਰਾਇਦਾ,** *(ਕਰਾਇੰਦਾ)*
ਤੁਸੀਂ	ਖ਼ੁਦ ਹੀ	ਆਜ਼ਾਦ, ਬੰਧਨ ਰਹਿਤ	ਕਰਵਾ ਲੈਂਦਾ ਹੈਂ

ਅੰਕ ੮੫

ਇਕ	ਨਿਮਖ	ਘੜੀ	ਕਰਿ *(ਕਰ)*	ਧਿਆਲੁ *(ਧਿਆਲ)* ॥
ਇੱਕੋ	ਪਲ, ਛਿਨ	ਖ਼ਿਨ	ਕਰਦਾ	ਧਿਆਨ

...(ਹੇ! ਵਾਹਿਗੁਰੂ!ਜੋ ਤੇਰਾ) ਇਕ ਛਿਨ-ਮਾਤਰ ਲਈ ਵੀ ਧਿਆਨ ਕਰਦੇ ਹਨ, ਉਨ੍ਹਾਂ ਨੂੰ ਤੂੰ ਆਪ ਹੀ (ਸੰਸਾਰ ਦੇ ਮਾਇਆਵੀ ਵਿਕਾਰਾਂ ਦੇ ਜਾਲ ਤੋਂ) ਆਜ਼ਾਦ ਕਰਵਾ ਲੈਂਦਾ ਹੈਂ...

ਹਰਿ, *(ਹਰ)*	ਤੁਧਹੁ *(ਤੁਧਹੁੰ)*	ਬਾਹਰਿ *(ਬਾਹਰ)*	ਕਿਛੁ *(ਕਿਛ)*	ਨਹੀ, *(ਨਹੀਂ)*
ਪ੍ਰਭੂ	ਤੇਰੇ ਤੋਂ	ਬਾਹਰਾ	ਕੁਝ ਵੀ	ਨਹੀਂ

ਗੁਰ	ਸਬਦੀ *(ਸ਼ਬਦੀਂ)*	ਵੇਖਿ *(ਵੇਖ)*	ਨਿਹਾਲੁ *(ਨਿਹਾਲ)* ॥੭॥
ਸਤਿਗੁਰੂ	ਸ਼ਬਦ ਰਾਹੀਂ	ਵੇਖਕੇ, ਤੱਕ ਕੇ	ਪਰਮ-ਆਨੰਦਿਤ, ਕਿਰਤਾਰਥ

...(ਹੇ! ਵਾਹਿਗੁਰੂ!) ਤੇਰੇ ਤੋਂ ਬਾਹਰ ਕੁਝ ਵੀ ਨਹੀਂ ਹੈ, ਗੁਰ-ਸ਼ਬਦ ਰਾਹੀਂ (ਤੈਨੂੰ) ਵੇਖ ਵੇਖ ਕੇ, ਨਿਹਾਲ ਨਿਹਾਲ ਹੋ ਜਾਈਦਾ ਹੈ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਹੁਕਮੁ *(ਹੁਕਮ)*	ਨ *(ਨਾਂ)*	ਜਾਣੈ,	ਬਹੁਤਾ	ਰੋਵੈ ॥
ਫੁਰਮਾਨ, ਆਗਿਆ	ਨਹੀਂ	ਜਾਣਦਾ	ਬਹੁਤ, ਜ਼ਿਆਦਾ	ਰੋਂਦੀ ਹੈ

(ਜਿਹੜੀ ਜੀਵ-ਇਸਤ੍ਰੀ, ਅਕਾਲ ਪੁਰਖ ਦੀ) ਆਗਿਆ ਨੂੰ ਨਹੀਂ ਸਮਝਦੀ, ਉਹ ਬਹੁਤ ਵਿਰਲਾਪ ਕਰਦੀ ਹੈ...

ਅੰਦਰਿ *(ਅੰਦਰ)*	ਧੋਖਾ,	ਨੀਦ *(ਨੀਂਦ)*	ਨ *(ਨਾਂ)*	ਸੋਵੈ ॥
ਹਿਰਦੇ ਵਿਚ	ਤੌਖਲਾ, ਚਿੰਤਾ	ਨੀਂਦਰ	ਨਹੀਂ	ਸਉਂਦੀ

...ਅੰਤਹਕਰਣ ਵਿਚ ਤੌਖਲਾ ਅਤੇ ਚਿੰਤਾ ਰਹਿੰਦੀ ਹੈ, (ਜਿਸ ਕਾਰਣ) ਨੀਂਦ ਨਾ ਆਉਣ ਕਰਕੇ ਸੌਂਦੀ ਨਹੀਂ...

ਜੇ	ਧਨ,	ਖਸਮੈ	ਚਲੈ	ਰਜਾਈ *(ਰਜ਼ਾਈ)* ॥
ਜੇਕਰ	ਇਸਤ੍ਰੀ	ਖ਼ਸਮ ਦੀ	ਚਲੇ, ਤੁਰੇ	ਰਜ਼ਾ ਵਿਚ, ਹੁਕਮ ਵਿਚ

...ਜੇਕਰ (ਉਹ) ਜੀਵ-ਇਸਤ੍ਰੀ (ਆਪਣੇ ਪ੍ਰਭੂ) ਖ਼ਸਮ ਦੀ ਰਜ਼ਾ ਵਿਚ ਤੁਰੇ...

ਦਰਿ *(ਦਰ)*	ਘਰਿ *(ਘਰ)*	ਸੋਭਾ *(ਸ਼ੋਭਾ)*	ਮਹਲਿ *(ਮਹਿਲ)*	ਬੁਲਾਈ ॥
ਰੱਬੀ-ਦਰ ਤੇ	(ਸੰਸਾਰ)ਘਰ ਵਿਚ	ਵਡਿਆਈ, ਇੱਜ਼ਤ	ਮਹਿਲਾਂ ਵਿਚ	ਬੁਲਾ ਲੈਂਦਾ

ਅੰਕ ੮੫

...ਤਾਂ ਉਸ ਨੂੰ ਰੱਬੀ-ਦਰ ਅਤੇ ਦੁਨੀਆਂ ਵਿਚ ਮਾਣ-ਵਡਿਆਈ ਪ੍ਰਾਪਤ ਹੁੰਦੀ ਹੈ, (ਪ੍ਰਭੂ-ਖ਼ਸਮ ਉਸ ਨੂੰ) ਆਪਣੇ ਮਹਿਲਾਂ ਵਿਚ ਬੁਲਾ ਲੈਂਦਾ ਹੈ...

ਨਾਨਕ,	**ਕਰਮੀ** *(ਕਰਮੀਂ)*	**ਇਹ**	**ਮਤਿ** *(ਮਤ)*	**ਪਾਈ ॥**
ਹੇ ! ਨਾਨਕ !	ਬਖਸ਼ਿਸ਼ ਦੁਆਰਾ	ਸੰਬੋਧਕ	ਬੁੱਧੀ, ਸਮਝ	ਪ੍ਰਾਪਤ ਕੀਤੀ ਹੈ

...ਹੇ! ਨਾਨਕ, (ਵਾਹਿਗੁਰੂ ਦੀ) ਬਖਸ਼ਿਸ਼ ਦੁਆਰਾ ਹੀ ਇਹੋ (ਜਿਹੀ ਹੁਕਮ ਮੰਨਣ ਵਾਲੀ ਬਿਬੇਕ) ਬੁੱਧੀ ਪ੍ਰਾਪਤ ਹੁੰਦੀ ਹੈ...

ਗੁਰ	**ਪਰਸਾਦੀ,**	**ਸਚਿ** *(ਸੱਚ)*	**ਸਮਾਈ ॥੧॥**
ਸਤਿਗੁਰੂ	ਕਿਰਪਾ ਦੁਆਰਾ	ਸਦਾ-ਸਥਿਰ(ਪ੍ਰਭੂ) ਵਿਚ	ਅਭੇਦ, ਲੀਨ

...ਸਤਿਗੁਰੂ ਦੀ ਕਿਰਪਾ ਦੁਆਰਾ ਹੀ, (ਫਿਰ ਅਜਿਹੀ ਜੀਵ-ਇਸਤ੍ਰੀ) ਸਦਾ-ਸਥਿਰ(ਪ੍ਰਭੂ) ਵਿਚ ਅਭੇਦ ਹੋ ਜਾਂਦੀ ਹੈ।

ਮਃ *(ਮਹਿਲਾ)*	**੩** *(ਤੀਜਾ)* **॥**
ਪਾਤਸ਼ਾਹੀ	ਤੀਸਰੀ

ਮਨਮੁਖ,	**ਨਾਮ**	**ਵਿਹੂਣਿਆ,** *(ਵਿਹੂਣਿਆਂ)*
ਮਨਮੱਤੀਏ, ਬੇਮੁੱਖ	(ਪ੍ਰਭੂ) ਨਾਮ	ਵਿਹੂਣੇ, ਬਗ਼ੈਰ

ਰੰਗੁ *(ਰੰਗ)*	**ਕਸੁੰਭਾ**	**ਦੇਖਿ** *(ਦੇਖ)*	**ਨ** *(ਨਾਂ)*	**ਭੁਲੁ** *(ਭੁੱਲ)* **॥**
ਰੰਗ, ਵਰਣ	ਕਸੁੰਭ ਦੇ ਗੂੜ੍ਹੇ ਲਾਲ ਫੁੱਲ ਵਰਗਾ ਕੱਚਾ ਰੰਗ	ਵੇਖ ਕੇ	ਨਾਂ	ਭੁੱਲ, ਗੁਆਚ

ਹੇ! ਹਰਿ-ਨਾਮ ਵਿਹੂਣੇ (ਜੀਵ! ਸੰਸਾਰ ਦੇ ਮਾਇਆਵੀ ਵਿਕਾਰਾਂ ਦੀ) ਕਸੁੰਭੇ ਦੇ ਫੁੱਲ ਵਰਗੀ, ਕੱਚੀ ਰੰਗਤ, ਨੂੰ ਵੇਖਕੇ (ਸਾਹਿਬ ਦੀ ਯਾਦ ਨੂੰ) ਨਾਂ ਵਿਸਾਰ...

ਇਸ	**ਕਾ**	**ਰੰਗੁ** *(ਰੰਗ)*	**ਦਿਨ**	**ਥੋੜਿਆ,**
ਇਹ	ਦਾ	ਰੰਗ, ਵਰਣ	ਦਿਵਸ	ਘਟ, ਥੋੜ੍ਹੇ

ਛੋਛਾ	**ਇਸ**	**ਦਾ**	**ਮੁਲੁ** *(ਮੁੱਲ)* **॥**
ਨਿਗੁਣੀ, ਤੁੱਛ	ਇਹ	ਸੰਬੰਧਕ	ਕੀਮਤ

...ਕਸੁੰਭੇ ਰੰਗ ਵਾਂਗ ਮਾਇਆ ਦੀ ਤੜਕ-ਭੜਕ ਵੀ ਚੰਦ ਦਿਨਾਂ ਦੀ ਹੀ ਹੁੰਦੀ ਹੈ, ਅਤੇ ਇਸ ਦੀ ਕੀਮਤ ਵੀ ਨਿਗੁਣੀ ਜਿਹੀ ਹੀ ਰਹਿੰਦੀ ਹੈ...

ਅੰਕ ੮੫

ਦੂਜੈ	ਲਗੇ	ਪਚਿ(ਪਚ)	ਮੁਏ,
ਦ੍ਵੈਤ-ਭਾਵ	ਲੱਗੇ ਹੋਏ	ਖ਼ੁਆਰ ਹੋ ਕੇ, ਖ਼ਪ ਕੇ	ਮਰ ਜਾਂਦੇ
ਮੂਰਖ	ਅੰਧ		ਗਵਾਰ ॥
ਬੇਸਮਝ	ਅੰਨ੍ਹੇ, ਅਗਿਆਨੀ		ਅਸਭਯ, ਮੂੜ੍ਹ

...ਦ੍ਵੈਤ-ਭਾਵ ਵਿਚ ਲਗਿਆਂ ਮੂਰਖ, ਅਗਿਆਨੀ ਅਤੇ ਅਸਭਯ (ਜੀਵ) ਖ਼ਪ ਖ਼ਪ ਕੇ ਮਰ ਜਾਂਦੇ ਹਨ...

ਬਿਸਟਾ(ਬਿਸ਼ਟਾ)	ਅੰਦਰਿ(ਅੰਦਰ)	ਕੀਟ	ਸੇ,
ਵਿਸ਼ਟਾ, ਮਲ	ਵਿਚ, ਅੰਦਰ	ਕੀੜੇ	ਉਹ
ਪਇ	ਪਚਹਿ(ਪਚਹਿਂ)	ਵਾਰੋ	ਵਾਰ ॥
ਪਏ ਹੋਏ	ਖ਼ੁਆਰ ਹੁੰਦੇ	ਵਾਰੀ	ਵਾਰੀ

...ਉਹ ਵਿਸ਼ਟਾ ਵਿਚ ਪਏ ਹੋਏ ਕੀੜਿਆਂ ਵਾਂਗ, ਮੁੜ ਮੁੜ ਖ਼ੁਆਰ ਹੋ ਹੋ ਕੇ (ਵਿਲਕਦੇ ਰਹਿੰਦੇ ਹਨ)...

ਨਾਨਕ,	ਨਾਮ	ਰਤੇ	ਸੇ	ਰੰਗੁਲੇ,(ਰੰਗਲੇ)
ਹੇ! ਨਾਨਕ!	(ਪ੍ਰਭੂ) ਨਾਮ	ਰੰਗੇ ਹੋਏ	ਉਹ	ਰੰਗੀਲੇ, ਖ਼ੂਬ ਰੰਗੇ ਹੋਏ
ਗੁਰ	ਕੈ	ਸਹਜਿ(ਸਹਿਜ)	ਸੁਭਾਇ॥	
ਸਤਿਗੁਰੂ	ਦੇ	ਸਹਿਜ, ਅਡੋਲ	ਸ਼ਾਂਤ	

...ਹੇ! ਨਾਨਕ! (ਵਾਹਿਗੁਰੂ ਦੇ ਪ੍ਰੇਮ-ਰੰਗ ਵਿਚ) ਰੰਗੇ ਹੋਏ ਉਹ, ਸਤਿਗੁਰੂ ਦੀ ਆਤਮਿਕ ਅਡੋਲਤਾ ਜਿਹੀ ਸ਼ਾਂਤ ਅਵਸਥਾ ਵਿਚ ਲੀਨ ਰਹਿੰਦੇ ਹਨ...

ਭਗਤੀ	ਰੰਗੁ(ਰੰਗ)	ਨਾ	ਉਤਰੈ,
ਬੰਦਗੀ	ਰੰਗ, ਵਰਣ	ਨਹੀਂ	ਉੱਤਰਦਾ, ਲੱਥਦਾ
ਸਹਜੇ(ਸਹਿਜੇ)		ਰਹੈ	ਸਮਾਇ॥੨॥
ਸਹਿਜ ਵਿਚ, ਅਡੋਲਤਾ ਵਿਚ		ਰਹਿੰਦੇ	ਲੀਨ, ਅਭੇਦ

...(ਉਨ੍ਹਾਂ ਉੱਤੋਂ) ਬੰਦਗੀ ਦਾ ਰੰਗ ਨਹੀਂ ਉੱਤਰਦਾ, ਅਤੇ ਉਹ ਸਹਿਜਾਤਮਕ ਅਵਸਥਾ ਵਿਚ ਅਭੇਦ ਰਹਿੰਦੇ ਹਨ।

ਪਉੜੀ ॥

ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਅੰਕ ੮੫

ਸਿਸਟਿ *(ਸ੍ਰਿਸ਼ਟ)*	ਉਪਾਈ	ਸਭ	ਤੁਧੁ, *(ਤੁਧ)*
ਸ੍ਰਿਸ਼ਟੀ	ਪੈਦਾ ਕੀਤੀ, ਸਿਰਜੀ	ਸਾਰੀ	ਤੂੰ

ਆਪੇ	ਰਿਜਕੁ *(ਰਿਜਕ)*	ਸੰਬਾਹਿਆ ॥
ਆਪ ਹੀ	ਰਿਜ਼ਕ	ਦਿੱਤਾ, ਪਹੁੰਚਾਇਆ

(ਹੇ! ਵਾਹਿਗੁਰੂ!) ਤੂੰ ਖ਼ੁਦ ਹੀ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ, ਅਤੇ ਫ਼ਿਰ ਆਪ ਹੀ ਉਨ੍ਹਾਂ ਨੂੰ ਰਿਜ਼ਕ ਵੀ ਦੇ ਰਿਹਾ ਹੈਂ...

ਇਕਿ *(ਇੱਕ)*	ਵਲੁ *(ਵਲ)*	ਛਲੁ *(ਛਲ)*	ਕਰਿ *(ਕਰ)*	ਕੈ	ਖਾਵਦੇ, *(ਖਾਂਵਦੇ)*
ਕਈ ਇੱਕ	ਧੋਖ਼ਾ	ਫਰੇਬ	ਕਰ	ਕੇ	ਖਾਂਦੇ

ਮੁਹਹੁ *(ਮੁਹਹੁੰ)*	ਕੂੜੁ *(ਕੂੜ)*	ਕੁਸਤੁ *(ਕੁਸੱਤ)*	ਤਿਨੀ *(ਤਿਨ੍ਹੀਂ)*	ਢਾਹਿਆ ॥
ਮੂਹੋਂ	ਝੂਠ	ਅਸੱਤ	ਤਿਨ੍ਹਾਂ ਨੇ	ਬੋਲਿਆ

...ਕਈ ਲੋਗ ਮੂਹੋਂ ਝੂਠ ਅਤੇ ਅਸੱਤ ਬੋਲਦੇ ਹਨ ਅਤੇ ਧੋਖ਼ਾ ਫਰੇਬ ਕਰਕੇ (ਦੂਸਰਿਆਂ ਦਾ ਹੱਕ ਮਾਰ ਕੇ) ਖਾਂਦੇ ਹਨ...

ਤੁਧੁ *(ਤੁਧ)*	ਆਪੇ	ਭਾਵੈ	ਸੋ	ਕਰਹਿ *(ਕਰਹਿਂ)*
ਤੈਨੂੰ	ਖ਼ੁਦ ਨੂੰ	ਚੰਗਾ ਲਗਦਾ ਹੈ	ਉਹੀ	ਕਰਦੇ ਹਨ
ਤੁਧੁ *(ਤੁੱਧ)*	ਓਤੈ	ਕੰਮਿ *(ਕੰਮ)*	ਓਇ	ਲਾਇਆ ॥
ਤੂੰ	ਐਸੇ ਪੁੱਠੇ	ਕੰਮ ਵਿਚ	ਉਨ੍ਹਾਂ ਨੂੰ	ਲਗਾਇਆ ਹੋਇਆ ਹੈ

...ਜੋ ਤੈਨੂੰ ਆਪਣੇ ਆਪ ਨੂੰ ਚੰਗਾ ਲਗਦਾ ਹੈ, ਉਹ ਉਹੀ ਕੰਮ ਕਰਦੇ ਹਨ, ਤੂੰ ਆਪ ਹੀ ਉਨ੍ਹਾਂ ਨੂੰ ਐਸੇ (ਵਲ-ਛਲ ਵਾਲੇ) ਪੁੱਠੇ ਕੰਮਾਂ ਵਿਚ ਲਗਾਇਆ ਹੋਇਆ ਹੈ...

ਇਕਨਾ	ਸਚੁ *(ਸੱਚ)*	ਬੁਝਾਇਓਨੁ, *(ਬੁਝਾਇਓਨ)*
ਕੁਝ ਇਕ ਨੂੰ	ਸਤਿਨਾਮ	ਬੁਝਾ ਦਿੰਦਾ ਹੈਂ

ਤਿਨਾ *(ਤਿਨ੍ਹਾ)*	ਅਤੁਟ *(ਅਤੁੱਟ)*	ਭੰਡਾਰ	ਦੇਵਾਇਆ ॥
ਉਨ੍ਹਾਂ ਨੂੰ	ਅਮੁੱਕ	ਖਜ਼ਾਨਾ	ਦੇ ਦਿੱਤੇ ਹਨ

...ਇਕਨਾਂ ਨੂੰ ਤੂੰ ਸਤਿਨਾਮ ਦੀ ਸੋਝੀ ਕਰਵਾ ਦਿੱਤੀ ਹੈ, ਅਤੇ ਉਨ੍ਹਾਂ ਨੂੰ (ਵਾਹਿਗੁਰੂ ਨੇ) ਅਤੁੱਟ ਖਜ਼ਾਨੇ ਵੀ ਬਖ਼ਸ਼ ਦਿੱਤੇ ਹਨ...

ਅੰਕ ੮੫

ਹਰਿ *(ਹਰ)*	ਚੇਤਿ *(ਚੇਤ)*	ਖਾਹਿ, *(ਖਾਹਿਂ)*	ਤਿਨਾ *(ਤਿਨ੍ਹਾਂ)*	ਸਫਲੁ *(ਸਫਲ)*	ਹੈ,
ਪ੍ਰਭੂ	ਚੇਤ ਕੇ, ਯਾਦ ਕਰਕੇ	ਖਾਂਦੇ ਹਨ	ਉਨ੍ਹਾਂ ਦਾ	ਫਲਦਾਇਕ	ਹੋਣ ਦੀ ਕ੍ਰਿਆ

ਅਚੇਤਾ *(ਅਚੇਤਾਂ)*	ਹਥ *(ਹੱਥ)*	ਤਡਾਇਆ ॥੮॥
ਸਿਮਰਨ ਹੀਣਿਆਂ ਦਾ	ਹੱਥ, ਤਲੀ	ਅਡਵਾਇਆ, ਭਾਵ ਮੰਗਦੇ ਫਿਰਦੇ ਹਨ

...ਜੋ ਵਾਹਿਗੁਰੂ ਨੂੰ ਚੇਤੇ ਕਰਕੇ (ਪਦਾਰਥਾਂ ਨੂੰ) ਛਕਦੇ ਹਨ, ਉਨ੍ਹਾਂ ਦਾ ਖਾਣਾ-ਪੀਣਾ ਸਫਲ ਹੈ, ਪਰ ਸਿਮਰਨ-ਹੀਣਿਆਂ ਦੇ ਹੱਥ ਹਮੇਸ਼ਾਂ ਅੱਡੇ ਹੀ ਰਹਿੰਦੇ ਹਨ, (ਭਾਵ ਉਹ ਮੰਗਤਿਆਂ ਵਾਂਗ ਹਮੇਸ਼ਾਂ ਦਰ ਦਰ ਮੰਗਦੇ ਹੀ ਰਹਿੰਦੇ ਹਨ)।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਪੜਿ *(ਪੜ੍ਹ)*	ਪੜਿ *(ਪੜ੍ਹ)*	ਪੰਡਿਤ *(ਪੰਡਤ)*	ਬੇਦ	ਵਖਾਣਹਿ, *(ਵਖਾਣਹਿਂ)*
ਪੜ੍ਹ ਕੇ	ਪੜ੍ਹ ਕੇ	ਵਿਦਵਾਨ	ਵੇਦ	ਵਖਾਣਦੇ, ਵਿਖਿਆਨ ਕਰਦੇ

ਮਾਇਆ	ਮੋਹ	ਸੁਆਇ॥
ਮਾਇਆ ਦੇ	ਸਨੇਹ, ਲਗਾਓ	ਮਤਲਬ, ਸੁਆਰਥ

...ਵਿਦਵਾਨ ਲੋਗ ਮਾਇਕ-ਮੋਹ ਦੇ ਸੁਆਰਥ ਕਰਕੇ, ਲੋਕਾਂ ਨੂੰ ਵੇਦ ਆਦਿਕ ਪੁਸਤਕਾਂ ਪੜ੍ਹ ਪੜ੍ਹ ਕੇ ਵਿਖਿਆਨ ਕਰਦੇ ਹਨ...

ਦੂਜੈ	ਭਾਇ	ਹਰਿ *(ਹਰ)*	ਨਾਮੁ *(ਨਾਮ)*	ਵਿਸਾਰਿਆ,
ਦ੍ਵੈਤ	ਭਾਉ, ਪ੍ਰੇਮ	ਪ੍ਰਭੂ	ਨਾਮ	ਵਿਸਾਰ ਦਿੰਦੇ ਹਨ

ਮਨ	ਮੂਰਖ	ਮਿਲੈ	ਸਜਾਇ॥ *(ਸਜ਼ਾਇ)*
ਚਿੱਤ	ਬੇਸਮਝਾਂ	ਮਿਲਦੀ	ਸਜ਼ਾ, ਦੰਡ

...ਜਿਹੜੇ, (ਮਾਇਆਵੀ ਰੰਗ ਵਿਚ ਰੰਗੇ ਹੋਏ) ਦ੍ਵੈਤ-ਭਾਵ ਕਰਕੇ ਹਰਿ-ਨਾਮ ਨੂੰ ਭੁਲਾ ਦਿੰਦੇ ਹਨ, ਉਨ੍ਹਾਂ ਮਨ ਦੇ ਮੂਰਖਾਂ ਨੂੰ ਦੰਡ ਮਿਲਦਾ ਹੈ...

ਜਿਨਿ *(ਜਿਨ੍ਹ)*	ਜੀਉ	ਪਿੰਡੁ *(ਪਿੰਡ)*	ਦਿਤਾ,	ਤਿਸੁ *(ਤਿਸ)*	ਕਬਹੂੰ	ਨ *(ਨਾਂ)*	ਚੇਤੈ,
ਜਿਸ ਨੇ	ਜਿੰਦ	ਸਰੀਰ	ਬਖਸ਼ਿਆ	ਉਸ ਨੂੰ	ਕਦੇ ਵੀ	ਨਹੀਂ	ਸਿਮਰਦਾ

ਜੋ	ਦੇਂਦਾ	ਰਿਜਕੁ *(ਰਿਜ਼ਕ)*	ਸੰਬਾਹਿ ॥
ਜਿਹੜਾ	ਦਿੰਦਾ	ਰੋਜ਼ੀ, ਉਪਜੀਵਕਾ	ਦਿੰਦਾ, ਪਹੁੰਚਾਂਦਾ

ਅੰਕ ੮੫

...ਜਿਸ ਨੇ ਜਿੰਦ ਅਤੇ ਸਰੀਰ ਬਖਸ਼ਿਆ ਹੈ, ਜੋ (ਸਭਨਾਂ ਨੂੰ) ਰੋਜ਼ੀ-ਰੋਟੀ ਦਿੰਦਾ ਹੈ, (ਜੀਵ) ਉਸ ਨੂੰ ਕਦੇ ਵੀ ਨਹੀਂ ਸਿਮਰਦਾ...

ਜਮ	**ਕਾ**	**ਫਾਹਾ**	**ਗਲਹੁ** *(ਗਲਹੁਂ)*	**ਨ** *(ਨਾਂ)*	**ਕਟੀਐ,**
ਜਮਦੂਤ	ਦਾ	ਫੰਧਾ	ਗਲ ਵਿਚੋਂ	ਨਹੀਂ	ਕੱਟਿਆ

ਫਿਰਿ *(ਫਿਰ)*	**ਫਿਰਿ** *(ਫਿਰ)*	**ਆਵੈ**	**ਜਾਇ॥**
ਦੁਬਾਰਾ	ਦੁਬਾਰਾ	ਆਉਂਦਾ	ਜਾਂਦਾ

...(ਅਜਿਹੇ ਸਿਮਰਨ-ਹੀਣੇ ਮਨਮੁੱਖਾਂ ਦੇ) ਗਲ ਵਿਚੋਂ ਜਮ ਦਾ ਫੰਧਾ ਕਦੇ ਕੱਟਿਆ ਨਹੀਂ ਜਾਂਦਾ, ਉਹ ਬਾਰ ਬਾਰ ਆਵਾਗਉਣ ਦੇ ਚੱਕਰ ਵਿਚ ਪਏ ਰਹਿੰਦੇ ਹਨ...

ਮਨਮੁਖਿ *(ਮਨਮੁੱਖ)*	**ਕਿਛੂ**	**ਨ** *(ਨਾਂ)*	**ਸੂਝੈ**	**ਅੰਧੁਲੇ,**
ਮਨਮੱਤੀਏ ਨੂੰ	ਕੁਝ ਵੀ	ਨਹੀਂ	ਸੁੱਝਦਾ	ਅੰਨ੍ਹਿਆਂ, ਅਗਿਆਨੀਆਂ

ਪੂਰਬਿ *(ਪੂਰਬ)*	**ਲਿਖਿਆ**	**ਕਮਾਇ॥**
ਪੂਰਬਲਾ, ਧੁਰ-ਦਰਗਾਹੋਂ	ਅੰਕਿਤ ਹੋਇਆ	ਕਮਾਉਂਦਾ, ਕਰਦਾ

...(ਮਾਇਆਵੀ ਵਿਕਾਰਾਂ ਵਿਚ) ਅੰਨ੍ਹੇ ਹੋਏ ਭਾਵ ਅਗਿਆਨੀ ਮਨਮੁੱਖ ਨੂੰ (ਚੰਗੇ-ਮੰਦੇ ਕਰਮ ਕਰਨ ਬਾਰੇ) ਕੁਝ ਵੀ ਨਹੀਂ ਸੁਝਦਾ, ਉਹ ਤਾਂ ਸਿਰਫ਼ ਆਪਣੇ ਪੂਰਬਲੇ (ਲਿਖੇ ਹੋਏ ਸੰਸਕਾਰਾਂ ਅਨੁਸਾਰ ਹੀ ਕਰਮ) ਕਮਾਉਂਦਾ ਰਹਿੰਦਾ ਹੈ...

ਪੂਰੈ	**ਭਾਗਿ,** *(ਭਾਗ)*	**ਸਤਿਗੁਰੁ** *(ਸਤਗੁਰ)*	**ਮਿਲੈ**	**ਸੁਖਦਾਤਾ,**
ਪੂਰਨ	ਭਾਗਾਂ ਰਾਹੀਂ	ਸਤਿਗੁਰੂ	ਮਿਲਦਾ, ਪ੍ਰਾਪਤ ਹੁੰਦਾ	ਸੁਖਾਂ ਦਾ ਦਾਤਾ

ਨਾਮੁ *(ਨਾਮ)*	**ਵਸੈ**	**ਮਨਿ** *(ਮਨ)*	**ਆਇ॥**
(ਪ੍ਰਭੂ) ਨਾਮ	ਵਸ ਜਾਂਦਾ	ਹਿਰਦੇ ਵਿਚ	ਆਣਕੇ

...ਪੂਰਨ ਭਾਗਾਂ ਰਾਹੀਂ ਹੀ (ਜਿਸ ਨੂੰ) ਸੁਖਦਾਤੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਹਰਿ-ਨਾਮ (ਉਸ ਦੇ) ਹਿਰਦੇ ਵਿਚ ਆਣਕੇ ਟਿਕ ਜਾਂਦਾ ਹੈ...

ਸੁਖੁ *(ਸੁੱਖ)*	**ਮਾਣਹਿ,** *(ਮਣਹਿ)*	**ਸੁਖੁ** *(ਸੁੱਖ)*	**ਪੈਨਣਾ,** *(ਪੈਨ੍ਹਣਾ)*
ਅਨੰਦ	ਮਾਣਦੇ	ਅਨੰਦ	ਪਹਿਨਦੇ, ਭਾਵ ਹੰਢਾਉਂਦੇ

ਸੁਖੇ	**ਸੁਖਿ** *(ਸੁੱਖ)*	**ਵਿਹਾਇ॥**
ਸੁੱਖ ਹੀ	ਸੁੱਖ ਵਿਚ	ਵਿਹਾਉਂਦੀ, ਬੀਤਦੀ

ਅੰਕ ੮੫-੮੬

...(ਅਜਿਹੇ ਗੁਰਮੁੱਖ ਜਿਊੜੇ ਫ਼ਿਰ) ਰੱਬੀ-ਅਨੰਦ ਮਾਣਦੇ ਹਨ, ਰੱਬੀ-ਅਨੰਦ ਹੀ ਹੰਢਾਉਂਦੇ ਹਨ ਅਤੇ ਉਨ੍ਹਾਂ ਦਾ ਜੀਵਨ ਸਦਾ ਸੁੱਖ-ਅਨੰਦ ਵਿਚ ਹੀ ਬਤੀਤ ਹੁੰਦਾ ਹੈ...

ਨਾਨਕ,	**ਸੋ**	**ਨਾਉ** *(ਨਾਉਂ)*	**ਮਨਹੁ** *(ਮਨਹੁੰ)*	**ਨ** *(ਨਾਂ)*	**ਵਿਸਾਰੀਐ,**
ਹੇ! ਨਾਨਕ!	ਉਹ	ਨਾਮ	ਮਨ ਵਿਚੋਂ	ਨਹੀਂ	ਵਿਸਰਨਾ, ਭੁੱਲਣਾ

ਜਿਤੁ *(ਜਿਤ)*	**ਦਰਿ** *(ਦਰ)*	**ਸਚੈ,**	**ਸੋਭਾ** *(ਸ਼ੋਭਾ)*	**ਪਾਇ॥੧॥**
ਜਿਹੜੇ	ਦਰਵਾਜ਼ੇ ਤੇ	ਸਦਾ-ਸਥਿਰ (ਪ੍ਰਭੂ) ਦੇ	ਮਾਣ, ਵਡਿਆਈ	ਪਾਉਂਦੇ ਹਨ

...ਹੇ! ਨਾਨਕ, ਉਹ ਨਾਮ ਕਦੇ ਵੀ (ਮਨੁੱਖ ਦੇ) ਹਿਰਦੇ ਵਿਚੋਂ ਵਿਸਰਨਾ ਨਹੀਂ ਚਾਹੀਦਾ, ਜਿਸ ਦੇ ਸਿਮਰਿਆਂ ਸਦਾ-ਸਥਿਰ (ਪ੍ਰਭੂ) ਦੇ ਦਰ ਤੇ ਮਾਣ-ਵਡਿਆਈ ਪਾਈਦੀ ਹੈ।

ਮਃ *(ਮਹਿਲਾ)*	**੩** *(ਤੀਜਾ)* **॥**
ਪਾਤਸ਼ਾਹੀ	ਤੀਸਰੀ

ਸਤਿਗੁਰੁ *(ਸਤਗੁਰ)*	**ਸੇਵਿ** *(ਸੇਵ)*	**ਸੁਖੁ** *(ਸੁੱਖ)*	**ਪਾਇਆ,**
ਸਤਿਗੁਰੂ	ਸੇਵ ਕੇ, ਹੁਕਮ ਮੰਨ ਕੇ	ਅਨੰਦ	ਪ੍ਰਾਪਤ ਕੀਤਾ

ਸਚੁ *(ਸੱਚ)*	**ਨਾਮੁ** *(ਨਾਮ)*	**ਗੁਣਤਾਸੁ** *(ਗੁਣਤਾਸ)* **॥**
ਸਦੀਵ-ਸੱਚ	(ਪ੍ਰਭੂ)ਨਾਮ	ਗੁਣਾਂ ਦੇ ਖ਼ਜ਼ਾਨੇ

(ਜਿਸ ਧਰਮ-ਸਾਧਕ ਨੇ) ਸਤਿਗੁਰੂ ਦੀ ਸੇਵਾ ਕੀਤੀ ਹੈ ਭਾਵ ਹੁਕਮ ਮੰਨਿਆ ਹੈ, ਉਸ ਨੇ ਗੁਣਾਂ ਦੇ ਖ਼ਜ਼ਾਨੇ (ਵਾਹਿਗੁਰੂ ਦੇ) ਸਤਿਨਾਮ ਦਾ ਅਨੰਦ ਪ੍ਰਾਪਤ ਕੀਤਾ ਹੈ...

ਗੁਰਮਤੀ	**ਆਪੁ** *(ਆਪ)*	**ਪਛਾਣਿਆ,**
ਗੁਰੂ ਦੀ ਮੱਤ ਰਾਹੀਂ	ਖ਼ੁਦ	ਪਹਿਚਾਣ ਲਿਆ, ਜਾਣ ਲਿਆ

ਰਾਮ	**ਨਾਮ**	**ਪਰਗਾਸੁ** *(ਪਰਗਾਸ)* **॥**
ਵਾਹਿਗੁਰੂ	ਬੰਦਗੀ	ਪ੍ਰਕਾਸ਼, ਚਾਨਣ

...ਉਸ ਨੇ ਸਤਿਗੁਰੂ ਦੀ ਮੱਤ ਰਾਹੀਂ ਆਪਣੇ ਆਪੇ ਨੂੰ, ਭਾਵ ਆਪਣੀ ਹੋਂਦ ਨੂੰ ਪਹਿਚਾਣ ਲਿਆ ਹੈ, ਇਸ ਨਾਲ ਉਸ ਦੇ ਅੰਤਹਕਰਣ ਵਿਚ ਹਰਿ-ਨਾਮ ਦਾ ਚਾਨਣ ਹੋ ਗਿਆ ਹੈ...

ਸਚੋ *(ਸੱਚੋ)*	**ਸਚੁ** *(ਸੱਚ)*	**ਕਮਾਵਣਾ,**
ਸਦੀਵ-ਸੱਤ (ਪ੍ਰਭੂ)	ਸੱਤ (ਨਾਮ)	ਕਮਾਈ ਕਰਦਾ

ਅੰਕ ੮੬

ਵਡਿਆਈ	**ਵਡੇ**	**ਪਾਸਿ***(ਪਾਸ)* ॥
ਇੱਜ਼ਤ-ਮਾਣ	ਮਹਾਨ(ਪ੍ਰਭੂ)	ਕੋਲ

...ਉਹ ਸਦੀਵ-ਸੱਤ(ਪ੍ਰਭੂ) ਦੇ ਸੱਤ-ਨਾਮ ਦੀ ਕਮਾਈ ਕਰਦਾ ਹੈ, ਜਿਸ ਕਰਕੇ ਉਸ ਨੂੰ (ਵਡਿਆਈਆਂ ਦੇ ਬਖਸ਼ਣਹਾਰ) ਮਹਾਨ ਕਰਤਾ-ਪੁਰਖ ਕੋਲ ਇੱਜ਼ਤ-ਮਾਣ ਮਿਲਦਾ ਹੈ...

ਜੀਉ	**ਪਿੰਡੁ***(ਪਿੰਡ)*	**ਸਭੁ***(ਸਭ)*	**ਤਿਸ**	**ਕਾ,**
ਜਿੰਦ	ਸਰੀਰ	ਸਾਰਾ	ਉਸ	ਦਾ

ਸਿਫਤਿ*(ਸਿਫਤ)*	**ਕਰੇ**	**ਅਰਦਾਸਿ***(ਅਰਦਾਸ)* ॥
ਸ਼ਲਾਘਾ, ਉਸਤਤ	ਕਰਦਾ	ਅਰਦਾਸ ਦੁਆਰਾ, ਬੇਨਤੀ ਰਾਹੀਂ

...(ਉਹ) ਕਰਤਾ-ਪੁਰਖ ਦੀ ਸਿਫ਼ਤ-ਸਲਾਹ ਕਰਦਾ ਹੋਇਆ ਉਸ ਅਗੇ ਜੋਦੜੀਆਂ, ਬੇਨਤੀਆਂ ਕਰਦਾ ਹੈ, ਕਿ ਹੇ! ਵਾਹਿਗੁਰੂ ਇਹ ਜਿੰਦ ਅਤੇ ਸਰੀਰ ਸਭ ਕੁਝ ਤੁਹਾਡਾ ਹੀ ਬਖਸ਼ਿਆ ਹੋਇਆ ਹੈ...

ਸਚੇ	**ਸਬਦਿ***(ਸ਼ਬਦ)*	**ਸਾਲਾਹਣਾ,**
ਸਦੀਵ-ਸੱਤ(ਪ੍ਰਭੂ)	ਸ਼ਬਦ ਦੀ	ਸਿਫ਼ਤ, ਉਸਤਤ

ਸੁਖੇ	**ਸੁਖਿ***(ਸੁੱਖ)*	**ਨਿਵਾਸੁ***(ਨਿਵਾਸ)* ॥
ਅਨੰਦ	ਸੁੱਖ ਵਿਚ	ਟਿਕਾਣਾ

...(ਉਹ) ਸਦੀਵ-ਸੱਤ (ਵਾਹਿਗੁਰੂ) ਦੀ ਗੁਰ-ਸ਼ਬਦ ਰਾਹੀਂ ਸਿਫ਼ਤ ਸਲਾਹ ਕਰਦਾ ਹੈ, ਜਿਸ ਨਾਲ ਉਸ ਦਾ ਸਹਿਜ-ਸੁੱਖ ਰਾਹੀਂ, ਪਰਮ-ਅਨੰਦ ਵਿਚ ਵਾਸਾ ਹੋ ਜਾਂਦਾ ਹੈ...

ਜਪੁ*(ਜਪ)*	**ਤਪੁ***(ਤਪ)*	**ਸੰਜਮੁ***(ਸੰਜਮ)*	**ਮਨੈ**	**ਮਾਹਿ,***(ਮਾਹਿਂ)*
ਜਾਪ, ਸਿਮਰਨ	ਕਰੜੀ ਘਾਲਣਾ	ਮਰਿਯਾਦਾ	ਚਿੱਤ ਦੇ	ਵਿਚ

ਬਿਨੁ*(ਬਿਨ)*	**ਨਾਵੈ***(ਨਾਵੈਂ)*	**ਧ੍ਰਿਗੁ***(ਧ੍ਰਿਗ)*	**ਜੀਵਾਸੁ***(ਜੀਵਾਸ)* ॥
ਬਿਨਾਂ, ਬਗੈਰ	(ਪ੍ਰਭੂ) ਨਾਮ	ਧਿਰਕਾਰ, ਲਾਹਣਤ	ਜੀਵਨ, ਜ਼ਿੰਦਗੀ

...(ਵਾਹਿਗੁਰੂ ਦੀ ਯਾਦ ਸਦਾ) ਹਿਰਦੇ ਵਿਚ ਵਸਾਈ ਰੱਖਣੀ, ਇਹੀ ਉਸ ਦਾ ਜਪ, ਤਪ ਅਤੇ (ਜੀਵਨ ਦੀ) ਮਰਿਯਾਦਾ ਹੁੰਦੀ ਹੈ। ਪਰਮੇਸ਼ਰ ਦੇ ਨਾਮ ਤੋਂ ਬਿਨਾਂ ਤਾਂ ਜ਼ਿੰਦਗੀ ਲਾਹਣਤ-ਯੋਗ ਹੀ ਹੁੰਦੀ ਹੈ...

ਗੁਰਮਤੀ	**ਨਾਉ***(ਨਾਉਂ)*	**ਪਾਈਐ,**
ਸਤਿਗੁਰੂ ਦੀ ਮੱਤ ਰਾਹੀਂ	(ਪ੍ਰਭੂ) ਨਾਮ	ਪ੍ਰਾਪਤ ਹੁੰਦਾ ਹੈ

ਮਨਮੁਖ	ਮੋਹਿ *(ਮੋਹ)*	ਵਿਣਾਸੁ *(ਵਿਣਾਸ)* ॥
ਮਨਮੱਤੀ, ਬੇਮੁੱਖ	ਮੋਹ, ਲਗਾਓ	ਤਬਾਹੀ, ਵਿਨਾਸ਼ਤਾ

...(ਪ੍ਰੰਤੂ) ਪਰਮੇਸ਼ਰ ਦਾ (ਇਹ) ਨਾਮ ਸਤਿਗੁਰੂ ਦੀ ਮੱਤ ਰਾਹੀਂ ਹੀ ਪ੍ਰਾਪਤ ਹੁੰਦਾ ਹੈ, (ਪਰ) ਮਨਮੁੱਖ ਤਾਂ (ਮਾਇਆਵੀ ਵਿਕਾਰਾਂ ਦੇ) ਮੋਹ ਵਿਚ ਹੀ ਵਿਨਾਸ਼ ਹੋ ਜਾਂਦਾ ਹੈ...

ਜਿਉ *(ਜਿਉਂ)*	ਭਾਵੈ,	ਤਿਉ *(ਤਿਉਂ)*	ਰਾਖੁ *(ਰਾਖ)*	ਤੂੰ,
ਜਿਵੇਂ	ਚੰਗਾ ਲਗਦਾ	ਤਿਵੇਂ	ਰੱਖਿਆ ਕਰ	ਤੁਸੀਂ

ਨਾਨਕੁ *(ਨਾਨਕ)*	ਤੇਰਾ	ਦਾਸ *(ਦਾਸ)* ॥੨॥
ਨਾਨਕ (ਸਤਿਗੁਰੂ)	ਤੁਹਾਡਾ	ਗੋਲਾ, ਗ਼ੁਲਾਮ

...(ਹੇ! ਵਾਹਿਗੁਰੂ!) ਜਿਵੇਂ ਵੀਂ ਤੈਨੂੰ ਚੰਗਾ ਲਗਦਾ ਹੈ, ਤੂੰ (ਮੇਰੀ) ਰੱਖਿਆ ਕਰ, ਨਾਨਕ ਤਾਂ ਤੇਰਾ ਦਾਸ ਹੈ।

ਪਉੜੀ ॥
ਇੱਕ ਕਾਵਿ–ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਸਭੁ *(ਸਭ)*	ਕੋ	ਤੇਰਾ,	ਤੂੰ	ਸਭਸੁ *(ਸਭਸ)*	ਦਾ,
ਹਰ, ਸਾਰੇ	ਕੋਈ	ਤੁਹਾਡਾ	ਤੁਸੀਂ	ਸਾਰਿਆਂ	ਦੇ

ਤੂੰ	ਸਭਨਾ *(ਸਭਨਾਂ)*	ਰਾਸਿ *(ਰਾਸ)* ॥
ਤੁਸੀਂ	ਸਾਰਿਆਂ	ਪੂੰਜੀ, ਮੂੜੀ

(ਹੇ! ਪਰਮੇਸ਼ਰ! ਸ੍ਰਿਸ਼ਟੀ ਦੇ) ਸਾਰੇ ਹੀ ਜੀਵ ਤੇਰੇ ਹਨ, ਅਤੇ ਤੂੰ ਹੀਂ ਸਾਰਿਆਂ ਦਾ (ਮਾਲਕ–ਸੁਆਮੀ) ਹੈਂ। ਤੂੰ ਹੀਂ ਸਾਰਿਆਂ ਦੇ ਜੀਵਨ ਦੀ ਪੂੰਜੀ ਭਾਵ ਪਦਾਰਥਾਂ ਦਾ ਖ਼ਜ਼ਾਨਾ ਵੀ ਹੈਂ...

ਸਭਿ *(ਸਭ)*	ਤੁਧੈ	ਪਾਸਹੁ *(ਪਾਸਹੁਂ)*	ਮੰਗਦੇ,
ਸਾਰੇ, ਹਰ ਕੋਈ	ਤੇਰੇ	ਕੋਲੋਂ, ਪਾਸੋਂ	ਲੋਚਦੇ, ਯਾਚਨਾ ਕਰਦੇ

ਨਿਤ	ਕਰਿ *(ਕਰ)*	ਅਰਦਾਸਿ *(ਅਰਦਾਸ)* ॥
ਹਰ ਰੋਜ਼	ਕਰਕੇ	ਅਰਦਾਸ, ਬੇਨਤੀ, ਯਾਚਨਾ

...(ਹੇ! ਪਰਮਾਤਮਾ!) ਹਰ ਕੋਈ ਨਿਤ ਬੇਨਤੀਆਂ, ਜੋਦੜੀਆਂ ਕਰਕੇ, ਤੇਰੇ ਪਾਸੋਂ ਹੀ (ਬਖਸ਼ਿਸ਼ਾਂ ਦੀ) ਯਾਚਨਾ ਕਰਦੇ ਹਨ...

ਅੰਕ ੮੬

ਜਿਸੁ *(ਜਿਸ)*	ਤੂੰ	ਦੇਹਿ *(ਦੇਹਿੰ)*	ਤਿਸੁ *(ਤਿਸ)*	ਸਭੁ *(ਸਭ)*	ਕਿਛੁ *(ਕਿਛ)*	ਮਿਲੈ,
ਜੀਹਨੂੰ	ਤੁਸੀ	ਦਿੰਦਾ	ਉਸ ਨੂੰ	ਸਾਰਾ	ਕੁਝ	ਮਿਲਦਾ ਹੈ

ਇਕਨਾ	ਦੂਰਿ *(ਦੂਰ)*	ਹੈ	ਪਾਸਿ *(ਪਾਸ)* ॥
ਕਈਆਂ ਨੂੰ	ਦੂਰਾ,ਦੁਰਾਡਾ	ਹੋਣ ਦੀ ਕ੍ਰਿਆ	ਨਜ਼ਦੀਕ, ਨਿਕਟ

...(ਪਰ) ਜਿਸ ਨੂੰ ਤੂੰ (ਦਾਤਾਂ) ਦਿੰਦਾ ਹੈਂ, ਉਸ ਨੂੰ (ਤ੍ਰਿਪਤੀ ਹੋਣ ਨਾਲ, ਸਮਝੋ) ਸਭ ਕੁਝ ਹੀ ਪ੍ਰਾਪਤ ਹੋ ਜਾਂਦਾ ਹੈ, (ਪਰ ਜੋ ਮਾਇਆਵੀ ਵਿਕਾਰਾਂ ਵਿਚ ਭਟਕਦੇ ਰਹਿੰਦੇ ਹਨ, ਉਨ੍ਹਾਂ ਦੇ ਤੂੰ) ਨਜ਼ਦੀਕ ਹੁੰਦਾ ਹੋਇਆ ਵੀ (ਉਨ੍ਹਾਂ ਨੂੰ) ਦੂਰ ਹੀ ਜਾਪਦਾ ਹੈਂ...

ਤੁਧੁ *(ਤੁਧ)*	ਬਾਝਹੁ *(ਬਾਝਹੁੰ)*	ਥਾਉ *(ਥਾਉਂ)*	ਕੋ	ਨਾਹੀ, *(ਨਾਹੀਂ)*
ਤੇਰੇ	ਬਿਨਾਂ, ਬਗੈਰ	ਥਾਂ	ਕੋਈ	ਨਹੀਂ

ਜਿਸੁ *(ਜਿਸ)*	ਪਾਸਹੁ *(ਪਾਸਹੁੰ)*	ਮੰਗੀਐ,
ਜੀਹਦੇ	ਕੋਲੋਂ, ਪਾਸੋਂ	ਮੰਗੀਏ, ਯਾਚਨਾ ਕਰੀਏ

ਮਨਿ *(ਮਨ)*	ਵੇਖਹੁ, *(ਵੇਖੋ)*	ਕੋ	ਨਿਰਜਾਸਿ *(ਨਿਰਜਾਸ)* ॥
ਚਿੱਤ ਵਿਚ	ਦੇਖੋ, ਤੱਕੋ	ਕੋਈ	ਪਰਖ਼ ਕੇ, ਨਿਰਣਾ ਕਰਕੇ

...(ਹੇ! ਵਾਹਿਗੁਰੂ! ਭਾਵੇਂ ਕੋਈ ਚੰਗੀ ਤਰ੍ਹਾਂ) ਨਿਰਖ਼-ਪਰਖ਼ ਕੇ ਵੇਖ ਲਏ, ਤੇਰੇ ਬਗੈਰ ਹੋਰ ਕੋਈ ਥਾਂ ਨਹੀਂ ਹੈ, ਜੀਹਦੇ ਕੋਲੋਂ (ਬਖਸ਼ਿਸ਼ਾਂ) ਮੰਗੀਆਂ ਜਾ ਸਕਦੀਆਂ ਹਨ...

ਸਭਿ *(ਸਭ)*	ਤੁਧੈ	ਨੋ	ਸਾਲਾਹਦੇ, *(ਸਾਲਾਹੰਦੇ)*
ਸਾਰੇ	ਤੈਨੂੰ	ਨੂੰ	ਸਿਫ਼ਤ ਸਲਾਹ ਕਰਦੇ, ਉਸਤਤੀ ਕਰਦੇ

ਦਰਿ *(ਦਰ)*	ਗੁਰਮੁਖਾ *(ਗੁਰਮੁਖਾਂ)*	ਨੋ	ਪਰਗਾਸਿ *(ਪਰਗਾਸ)* ॥੯॥
ਦਰਵਾਜ਼ੇ ਤੇ	ਗੁਰਮੁੱਖ ਜਨਾਂ	ਨੂੰ	ਚਾਨਣ, ਪ੍ਰਕਾਸ਼

...(ਹੇ! ਦਾਤਾ! ਸ੍ਰਿਸ਼ਟੀ ਦੇ) ਸਭ (ਜੀਵ) ਤੇਰੀ ਹੀ ਸਿਫ਼ਤ-ਸਲਾਹ ਤਾਂ ਕਰਦੇ ਹਨ, (ਪਰ ਤੇਰੇ) ਦਰ ਤੇ (ਸੱਚ ਦਾ ਪ੍ਰਕਾਸ਼) ਗੁਰਮੁੱਖ ਜਨਾਂ ਨੂੰ ਹੀ ਹੁੰਦਾ ਹੈ...

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਅੰਕ ੮੬

ਪੰਡਿਤੁ *(ਪੰਡਿਤ)*	ਪੜਿ *(ਪੜ੍ਹ)*	ਪੜਿ *(ਪੜ੍ਹ)*	ਉਚਾ	ਕੂਕਦਾ,
ਬ੍ਰਾਹਮਣ ਵਿਦਵਾਨ	ਪੜ੍ਹਕੇ	ਪੜ੍ਹਕੇ	ਤੀਬਰ, ਉੱਚੀ ਆਵਾਜ਼ ਵਿਚ	ਪੁਕਾਰਦਾ

ਮਾਇਆ	ਮੋਹਿ *(ਮੋਹ)*	ਪਿਆਰੁ *(ਪਿਆਰ)*॥
ਧਨ-ਦੌਲਤ	ਸਨੇਹ, ਲਗਾਓ	ਪ੍ਰੀਤ

ਪੰਡਿਤ, ਮਾਇਆ ਦੇ ਮੋਹ, ਪਿਆਰ ਦੀ ਖ਼ਾਤਰ (ਵੇਦਾਂ ਆਦਿਕ ਧਾਰਮਿਕ ਪੁਸਤਕਾਂ ਨੂੰ) ਉੱਚੀ ਉੱਚੀ ਕੂਕ ਕੂਕ ਕੇ ਲੋਕਾਂ ਨੂੰ ਸੁਣਾਉਂਦਾ ਹੈ...

ਅੰਤਰਿ *(ਅੰਤਰ)*	ਬ੍ਰਹਮੁ *(ਬ੍ਰਹਮ)*	ਨ *(ਨਾਂ)*	ਚੀਨਈ,
ਵਿਚ	ਪਰਮਾਤਮਾ	ਨਹੀਂ	ਖੋਜਦਾ, ਪਹਿਚਾਣਦਾ

ਮਨਿ *(ਮਨ)*	ਮੂਰਖੁ *(ਮੂਰਖ)*	ਗਾਵਾਰੁ *(ਗਵਾਰ)* ॥
ਚਿੱਤ, ਅੰਤਹਕਰਣ	ਬੇਸਮਝ	ਉਜੱਡ, ਅਸੱਭਯ

...ਉਹ ਬੇਸਮਝ ਅਤੇ ਅਸਭਯ ਪੰਡਿਤ (ਆਪਣੇ) ਅੰਤਹਕਰਣ ਵਿਚ ਪਾਰਬ੍ਰਹਮ ਦੀ ਪਹਿਚਾਣ ਨਹੀਂ ਕਰਦਾ...

ਦੂਜੈ	ਭਾਇ,	ਜਗਤੁ *(ਜਗਤ)*	ਪਰਬੋਧਦਾ,
ਦੂਸਰੇ	ਪਿਆਰ	ਸੰਸਾਰ	ਸਿੱਖਿਆ ਦਿੰਦਾ

ਨਾ *(ਨਾਂ)*	ਬੂਝੈ	ਬੀਚਾਰੁ *(ਬੀਚਾਰ)* ॥
ਨਹੀਂ	ਬੁੱਝਦਾ, ਸਮਝਦਾ	ਵਿਚਾਰ, ਸੂਝ, ਗਿਆਨ

...ਦ੍ਵੈਤ-ਭਾਵ ਅਥਵਾ ਮਾਇਆ ਦੇ ਮੋਹ ਵਿਚ ਫਸਿਆ ਹੋਇਆ, (ਪੰਡਿਤ) ਸੰਸਾਰ ਨੂੰ ਹੀ (ਧਾਰਮਿਕ ਗ੍ਰੰਥਾਂ ਆਦਿਕ ਦੀ) ਸਿੱਖਿਆ ਦਿੰਦਾ ਰਹਿੰਦਾ ਹੈ, ਪਰ (ਆਪਣੇ ਮਨ ਵਿਚ ਕਦੀ ਵੀ, ਪਰਮਾਤਮ-ਚਿੰਤਨ) ਦੀ ਵਿਚਾਰ ਨੂੰ ਨਹੀਂ ਸਮਝਦਾ...

ਬਿਰਥਾ	ਜਨਮੁ *(ਜਨਮ)*	ਗਵਾਇਆ,
ਅਜਾਈਂ, ਵਿਅਰਥ	ਜੀਵਨ	ਗੁਆ ਲਿਆ

ਮਰਿ *(ਮਰ)*	ਜੰਮੈ	ਵਾਰੋ	ਵਾਰ ॥੧॥
ਮਰ ਕੇ	ਜੰਮਦਾ	ਬਾਰ	ਬਾਰ

...(ਇਨ੍ਹਾਂ ਫੋਕਟ ਕਰਮਾਂ ਵਿਚ ਹੀ ਉਹ ਆਪਣਾ) ਜੀਵਨ ਵਿਅਰਥ ਗੁਆ ਲੈਂਦਾ ਹੈ, ਅਤੇ ਮੁੜ ਮੁੜ ਮਰਦਾ ਅਤੇ ਜੰਮਦਾ ਰਹਿੰਦਾ ਹੈ।

ਅੰਕ ੮੬

ਮः *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਜਿਨੀ *(ਜਿਨ੍ਹੀਂ)*	ਸਤਿਗੁਰੁ *(ਸਤਗੁਰ)*	ਸੇਵਿਆ,	ਤਿਨੀ *(ਤਿਨ੍ਹੀਂ)*	ਨਾਉ *(ਨਾਉਂ)*	ਪਾਇਆ,
ਜਿਨ੍ਹਾਂ ਨੇ	ਸਤਿਗੁਰੂ	ਉਪਾਸ਼ਨਾ ਕੀਤੀ	ਉਨ੍ਹਾਂ ਨੇ	ਨਾਮ	ਪਾ ਲਿਆ

ਬੂਝਹੁ	ਕਰਿ *(ਕਰ)*	ਬੀਚਾਰੁ *(ਬੀਚਾਰ)* ॥
ਬੁੱਝੋ, ਸਮਝੋ	ਕਰਕੇ	ਵਿਚਾਰ, ਚਿੰਤਨ

(ਹੇ! ਭਾਈ! ਇਸ ਗਲ ਦੀ) ਸੋਚ-ਵਿਚਾਰ ਕਰਕੇ ਸਮਝ ਲਵੋ ਕਿ ਜਿਨ੍ਹਾਂ ਨੇ ਸਤਿਗੁਰੂ ਨੂੰ ਸੇਵਿਆ ਭਾਵ ਗੁਰੂ ਦਾ ਹੁਕਮ ਮੰਨਿਆ, ਉਨ੍ਹਾਂ ਨੇ ਹੀ (ਸਤਿ) ਨਾਮ ਦੀ ਪ੍ਰਾਪਤੀ ਕੀਤੀ ਹੈ...

ਸਦਾ	ਸਾਂਤਿ *(ਸ਼ਾਂਤ)*	ਸੁਖੁ *(ਸੁੱਖ)*	ਮਨਿ *(ਮਨ)*	ਵਸੈ,
ਹਮੇਸ਼ਾਂ	ਸ਼ਾਂਤ	ਸੁੱਖ, ਅਨੰਦ	ਚਿੱਤ ਵਿਚ	ਵਸ ਜਾਂਦਾ

ਚੂਕੈ	ਕੂਕ	ਪੁਕਾਰ ॥
ਮੁੱਕ ਜਾਂਦਾ	ਕੂਕਣਾ	ਪੁਕਾਰਨਾ

...ਸਤਿਨਾਮ ਦੀ ਪ੍ਰਾਪਤੀ ਨਾਲ ਉਨ੍ਹਾਂ ਦੇ ਹਿਰਦੇ ਵਿਚ ਸਦਾ ਸੁੱਖ-ਸ਼ਾਂਤੀ ਦਾ ਵਾਸਾ ਹੋ ਜਾਂਦਾ ਹੈ, ਅਤੇ (ਜ਼ਿੰਦਗੀ ਦੀ ਸਭ) ਕੂਕ-ਪੁਕਾਰ, ਭਾਵ ਰੋਣਾ-ਕੁਰਲਾਉਣਾ ਮੁੱਕ ਜਾਂਦਾ ਹੈ...

ਆਪੈ	ਨੋ	ਆਪੁ *(ਆਪ)*	ਖਾਇ,
ਹੰਕਾਰ	ਨੂੰ	ਪ੍ਰਕਾਸ਼ਿਤ ਆਪਾ	ਖਾ ਜਾਂਦਾ

ਮਨੁ *(ਮਨ)*	ਨਿਰਮਲੁ *(ਨਿਰਮਲ)*	ਹੋਵੈ,
ਚਿੱਤ	ਪਵਿੱਤਰ	ਹੋ ਜਾਂਦਾ

ਗੁਰ	ਸਬਦੀ *(ਸ਼ਬਦੀ)*	ਵੀਚਾਰੁ *(ਵੀਚਾਰ)* ॥
ਸਤਿਗੁਰੂ	ਸ਼ਬਦ ਦੁਆਰਾ	ਚਿੰਤਨ, ਸੋਚ

...(ਫਿਰ) ਸ੍ਵੈ-ਪ੍ਰਕਾਸ਼ਿਤ ਆਪਾ, ਹੰਕਾਰ ਨੂੰ ਖਾ ਜਾਂਦਾ ਹੈ, ਅਤੇ ਹਿਰਦਾ (ਹੰਕਾਰ ਦੇ ਮੁਕਣ ਕਰਕੇ) ਪਵਿੱਤਰ ਹੋ ਜਾਂਦਾ ਹੈ, (ਪਰ ਇਹ) ਸੋਚ-ਵਿਚਾਰ ਸਤਿਗੁਰੂ ਦੇ ਸ਼ਬਦ ਰਾਹੀਂ ਹੀ ਪ੍ਰਾਪਤ ਹੁੰਦੀ ਹੈ...

ਨਾਨਕ,	ਸਬਦਿ *(ਸ਼ਬਦ)*	ਰਤੇ	ਸੇ	ਮੁਕਤੁ *(ਮੁਕਤ)*	ਹੈ, *(ਹੈਂ)*
ਹੇ! ਨਾਨਕ!	ਸ਼ਬਦ ਵਿਚ	ਰੰਗੇ	ਉਹ	ਆਜ਼ਾਦ	ਹਨ

ਅੰਕ ੮੬

ਹਰਿ *(ਹਰ)*	ਜੀਉ	ਹੇਤਿ *(ਹੇਤ)*	ਪਿਆਰੁ *(ਪਿਆਰ)* ॥੨॥
ਹਰੀ	ਜੀ	ਵਾਸਤੇ, ਲਈ	ਪ੍ਰੀਤ

...ਹੇ! ਨਾਨਕ! (ਜਿਹੜੇ) ਗੁਰ-ਸ਼ਬਦ ਵਿਚ ਰੰਗੇ ਹੁੰਦੇ ਹਨ, (ਉਹ ਸੰਸਾਰ ਦੇ ਮਾਇਕ ਬੰਧਨਾਂ ਤੋਂ) ਮੁਕਤ ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਦੀ ਪ੍ਰੀਤ (ਤਾਂ ਸਿਰਫ਼) ਹਰਿ-ਜੀ ਲਈ ਹੀ ਹੁੰਦੀ ਹੈ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ *(ਹਰ)*	ਕੀ	ਸੇਵਾ	ਸਫਲ	ਹੈ,
ਪ੍ਰਭੂ	ਦੀ	ਸੇਵਾ, ਬੰਦਗੀ	ਸਕਾਰਥੀ, ਫਲਦਾਇਕ	ਹੋਣ ਦੀ ਕ੍ਰਿਆ

ਗੁਰਮੁਖਿ *(ਗੁਰਮੁਖ)*	ਪਾਵੈ	ਥਾਇ *(ਥਾਇਂ)* ॥
ਸਤਿਗੁਰੂ ਦੀ ਸਨਮੁੱਖਤਾ ਦੁਆਰਾ	ਪਾਉਂਦਾ ਹੈ	ਥਾਂ ਸਿਰ, ਟਿਕਾਣੇ ਸਿਰ

...ਪਰਮੇਸ਼ਰ ਦੀ ਬੰਦਗੀ ਫਲਦਾਇਕ ਹੁੰਦੀ ਹੈ, (ਪਰ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਕੀਤੀ ਘਾਲ-ਕਮਾਈ (ਵਾਹਿਗੁਰੂ) ਥਾਇੰ ਪਾਉਂਦਾ ਹੈ, ਭਾਵ ਰੱਬੀ-ਦਰਗਾਹੇ ਕਬੂਲ ਹੁੰਦੀ ਹੈ...

ਜਿਸੁ *(ਜਿਸ)*	ਹਰਿ *(ਹਰ)*	ਭਾਵੈ,	ਤਿਸੁ *(ਤਿਸ)*	ਗੁਰੁ *(ਗੁਰ)*	ਮਿਲੈ,
ਜਿਹੜਾ	ਪਰਮਾਤਮਾ	ਚੰਗਾ ਲਗਦਾ	ਉਸ ਨੂੰ	ਸਤਿਗੁਰੂ	ਮਿਲ ਜਾਂਦਾ

ਸੋ	ਹਰਿ *(ਹਰ)*	ਨਾਮੁ *(ਨਾਮ)*	ਧਿਆਇ॥
ਉਹ	ਪ੍ਰਭੂ	ਨਾਮ	ਧਿਆਉਂਦਾ, ਸਿਮਰਦਾ

...(ਪਰ) ਸਤਿਗੁਰੂ ਦੀ ਪ੍ਰਾਪਤੀ ਵੀ ਉਸੇ ਨੂੰ ਹੁੰਦੀ ਹੈ, ਜਿਹੜਾ ਪਰਮੇਸ਼ਰ ਨੂੰ ਭਾਉਂਦਾ ਹੈ, ਭਾਵ ਚੰਗਾ ਲਗਦਾ ਹੈ, ਅਤੇ ਉਹੋ ਹੀ ਹਰਿ-ਨਾਮ ਦਾ ਸਿਮਰਨ ਵੀ ਕਰਦਾ ਹੈ...

ਗੁਰ	ਸਬਦੀ *(ਸ਼ਬਦੀ)*	ਹਰਿ *(ਹਰ)*	ਪਾਈਐ,
ਸਤਿਗੁਰੂ	ਸ਼ਬਦ ਰਾਹੀਂ	ਪ੍ਰਭੂ	ਪਾਈਦਾ ਹੈ

ਹਰਿ *(ਹਰ)*	ਪਾਰਿ *(ਪਾਰ)*	ਲਘਾਇ *(ਲੰਘਾਇ)* ॥
ਹਰੀ ਪ੍ਰਭੂ	ਪਾਰਲੇ ਕੰਢੇ	ਲੰਘਾ ਦਿੰਦਾ, ਉਤਾਰ ਦਿੰਦਾ

...ਗੁਰ-ਸ਼ਬਦ ਰਾਹੀਂ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ, ਅਤੇ ਵਾਹਿਗੁਰੂ (ਫਿਰ ਜੀਵ ਨੂੰ, ਸੰਸਾਰ ਸਾਗਰ ਤੋਂ) ਪਾਰ ਉਤਾਰ ਦਿੰਦਾ ਹੈ....

ਅੰਕ ੮੬

ਮਨਹਠਿ *(ਮਨਹਠ)*	ਕਿਨੈ *(ਕਿਨੈਂ)*	ਨ *(ਨਾਂ)*	ਪਾਇਓ,
ਮਨ ਦੇ ਸਿਰਤ, ਮਨ ਦੀ ਜ਼ਿਦ	ਕਿਸੇ ਨੇ	ਨਹੀਂ	ਪ੍ਰਾਪਤ ਕੀਤਾ

ਪੁਛਹੁ	ਵੇਦਾ *(ਵੇਦਾਂ)*	ਜਾਇ॥
ਪਤਾ ਕਰੋ	ਵੇਦਾਂ, ਧਾਰਮਿਕ ਪੁਸਤਕਾਂ	ਜਾਕੇ

...ਮਨ ਦੇ ਸਿਰੜ, ਭਾਵ ਜ਼ਬਰਦਸਤੀ ਮਨ ਕੋਲੋਂ ਕਰਮ ਕਰਵਾ ਕੇ ਕਿਸੇ ਨੇ ਵੀ (ਅਕਾਲ ਪੁਰਖ ਦੀ) ਪ੍ਰਾਪਤੀ ਨਹੀਂ ਕੀਤੀ, ਭਾਵੇਂ ਵੇਦਾਂ ਆਦਿਕ ਕਿਸੇ ਵੀ ਧਾਰਮਿਕ ਪੁਸਤਕਾਂ ਕੋਲੋਂ ਜਾਕੇ ਤਸੱਲੀ ਕਰ ਲਵੋ (ਇਹ ਤਾਂ ਭਾਈ, ਪ੍ਰੇਮ ਦੀ ਖੇਡ ਹੈ)...

ਨਾਨਕ,	ਹਰਿ *(ਹਰ)*	ਕੀ	ਸੇਵਾ	ਸੋ	ਕਰੇ,
ਹੇ ! ਨਾਨਕ !	ਪ੍ਰਭੂ	ਦੀ	ਬੰਦਗੀ	ਉਹੀ	ਕਰਦਾ

ਜਿਸੁ *(ਜਿਸ)*	ਲਏ	ਹਰਿ *(ਹਰ)*	ਲਾਇ॥੧੦॥
ਜੀਹਨੂੰ	ਲਗਾ	ਪ੍ਰਭੂ	ਲਵੇ

...ਹੇ! ਨਾਨਕ! ਅਕਾਲ ਪੁਰਖ ਦੀ ਬੰਦਗੀ ਤਾਂ ਉਹੀ ਕਰਦਾ ਹੈ, ਜਿਸ ਨੂੰ ਪਰਮਾਤਮਾ (ਆਪ ਹੀ) ਬੰਦਗੀ ਵਾਲੇ ਪਾਸੇ ਜੋੜ ਲਵੇ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਨਾਨਕ,	ਸੋ	ਸੂਰਾ	ਵਰੀਆਮੁ, *(ਵਰੀਆਮ)*
ਹੇ ! ਨਾਨਕ !	ਉਹੀ	ਸੂਰਬੀਰ	ਬਹਾਦਰ

ਜਿਨਿ *(ਜਿਨ੍ਹ)*	ਵਿਚਹੁ *(ਵਿਚਹੁੰ)*	ਦੁਸਟੁ *(ਦੁਸ਼ਟ)*	ਅਹੰਕਰਣੁ *(ਅਹੰਕਰਣ)*	ਮਾਰਿਆ ॥
ਜਿਸ ਨੇ	ਅੰਦਰੋਂ	ਸ਼ੈਤਾਨ, ਪਾਪੀ	ਹੰਕਾਰ	ਮਾਰ ਦਿੱਤਾ

ਹੇ! ਨਾਨਕ! ਉਹੀ ਸੂਰਬੀਰ, ਬਹਾਦਰ ਹੈ, ਜਿਸ ਨੇ ਆਪਣੇ ਅੰਦਰੋਂ ਦੁਸ਼ਟ ਅਹੰਕਾਰ ਨੂੰ ਮਾਰ ਮੁਕਾਇਆ ਹੈ...

ਗੁਰਮੁਖਿ *(ਗੁਰਮੁਖ)*	ਨਾਮੁ *(ਨਾਮ)*	ਸਾਲਾਹਿ *(ਸਾਲਾਹ)*	ਜਨਮੁ *(ਜਨਮ)*	ਸਵਾਰਿਆ ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਸਤਿ)ਨਾਮ	ਸਲਾਹ ਕੇ	ਜੀਵਨ	ਸੰਵਾਰ ਲਿਆ

...ਅਤੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਸਤਿ) ਨਾਮ ਦੀ ਸਿਫ਼ਤ-ਸਲਾਹ ਕਰਕੇ,(ਆਪਣੇ) ਜੀਵਨ ਨੂੰ ਸੰਵਾਰ ਲਿਆ, ਭਾਵ ਸਿੱਧੇ ਰਸਤੇ ਤੋਰ ਲਿਆ ਹੈ...

ਅੰਕ ੯੬

ਆਪਿ *(ਆਪ)*	ਹੋਆ	ਸਦਾ	ਮੁਕਤੁ, *(ਮੁਕਤ)*
ਖ਼ੁਦ	ਹੋਇਆ	ਹਮੇਸ਼ਾਂ	ਆਜ਼ਾਦ

ਸਭੁ *(ਸਭ)*	ਕੁਲੁ *(ਕੁਲ)*	ਨਿਸਤਾਰਿਆ ॥
ਸਾਰੀ	ਕੁਟੰਬ, ਖ਼ਾਨਦਾਨ	ਤਾਰ ਲਿਆ

...(ਇਵੇਂ ਉਹ) ਖ਼ੁਦ ਤਾਂ (ਸੰਸਾਰ ਦੇ ਮਾਇਆਵੀ ਬੰਧਨਾਂ ਤੋਂ) ਹਮੇਸ਼ਾਂ ਲਈ ਆਜ਼ਾਦ ਹੋ ਹੀ ਗਿਆ ਹੈ, (ਪਰ) ਉਸ ਨੇ ਆਪਣੀ ਕੁਲ ਨੂੰ ਵੀ (ਸੰਸਾਰ ਸਾਗਰ ਤੋਂ) ਪਾਰ-ਉਤਾਰ ਲਿਆ ਹੈ...

ਸੋਹਨਿ *(ਸੋਹਨ)*	ਸਚਿ *(ਸਚ)*	ਦੁਆਰਿ, *(ਦੁਆਰ)*	ਨਾਮੁ *(ਨਾਮ)*	ਪਿਆਰਿਆ ॥
ਸ਼ੋਭਾ ਪਾਉਂਦੇ	ਸਦਾ-ਸਥਿਰ(ਪ੍ਰਭੂ) ਦੇ	ਦਰ ਤੇ	(ਸਤਿ) ਨਾਮ	ਪਿਆਰ ਕੀਤਾ

...ਜਿਨ੍ਹਾਂ ਨੇ (ਸਤਿ) ਨਾਮ ਨਾਲ ਪ੍ਰੀਤ ਪਾਈ ਹੈ, ਉਹ ਸਦਾ-ਸਥਿਰ (ਅਕਾਲ ਪੁਰਖ) ਦੇ ਦਰ ਤੇ ਸੁਹਣੇ ਲਗਦੇ ਹਨ, ਭਾਵ ਸ਼ੋਭਾ ਪਾਉਂਦੇ ਹਨ...

ਮਨਮੁਖ	ਮਰਹਿ *(ਮਰਹਿਂ)*	ਅਹੰਕਾਰਿ *(ਅਹੰਕਾਰ)*	ਮਰਣੁ *(ਮਰਣ)*	ਵਿਗਾੜਿਆ ॥
ਮਨਮੱਤੀਏ	ਮਰਦੇ	ਹੰਕਾਰ ਵਿਚ	ਮੌਤ, ਅੰਤ-ਕਾਲ	ਵਿਗਾੜ ਲੈਂਦੇ

...(ਪਰ) ਮਨਮੱਤੀਏ, ਭਾਵ ਗੁਰੂ ਤੋਂ ਬੇਮੁੱਖ (ਆਪਣੀ) ਹਉਮੈ ਵਿਚ ਹੀ ਮਰ ਜਾਂਦੇ ਹਨ, ਅਤੇ ਆਪਣੇ ਅੰਤ-ਸਮੇਂ ਨੂੰ ਵੀ ਬੁਰਾ ਬਣਾ ਲੈਂਦੇ ਹਨ...

ਸਭੋ	ਵਰਤੈ	ਹੁਕਮੁ *(ਹੁਕਮ)*
ਸਾਰਾ	ਵਰਤ ਰਿਹਾ	ਆਗਿਆ

ਕਿਆ	ਕਰਹਿ *(ਕਰਹਿਂ)*	ਵਿਚਾਰਿਆ ॥
ਕੀ	ਕਰਨ	ਵਿਚਾਰੇ

...(ਪਰ ਉਹ) ਵਿਚਾਰੇ ਕੀ ਕਰਨ, ਭਾਵ ਉਨ੍ਹਾਂ ਦੇ ਵਸ ਵਿਚ ਕੁਝ ਨਹੀਂ, (ਇਹ ਤਾਂ ਵਾਹਿਗੁਰੂ) ਸਭ ਤੇਰਾ (ਆਪਣਾ) ਹੀ ਹੁਕਮ ਵਰਤ ਰਿਹਾ ਹੈ...

ਆਪਹੁ *(ਆਪਹੁੰ)*	ਦੂਜੈ	ਲਗਿ, *(ਲਗ)*	ਖਸਮੁ *(ਖਸਮ)*	ਵਿਸਾਰਿਆ ॥
ਖ਼ੁਦ ਹੀ	ਦ੍ਵੈਤ-ਭਾਵ	ਲਗ ਕੇ	ਪਤੀ, ਮਾਲਕ	ਵਿਸਾਰ ਦਿੰਦੇ ਹਨ

...(ਮਨਮੁੱਖ) ਖ਼ੁਦ ਹੀ ਦ੍ਵੈਤ-ਭਾਵ, ਅਥਵਾ ਮਾਇਆ ਵਿਚ ਲਗ ਕੇ (ਪ੍ਰਭੂ) ਖ਼ਸਮ ਨੂੰ ਵਿਸਾਰ ਦਿੰਦੇ ਹਨ...

ਅੰਕ ੮੬

ਨਾਨਕ,	ਬਿਨੁ *(ਬਿਨ)*	ਨਾਵੈ *(ਨਾਵੈਂ)*	ਸਭੁ *(ਸਭ)*	ਦੁਖੁ *(ਦੁੱਖ)*
ਹੇ ! ਨਾਨਕ	ਬਿਨਾਂ	ਨਾਮ ਤੋਂ	ਸਾਰਾ ਕੁਝ	ਕਸ਼ਟ, ਤਕਲੀਫ਼

ਸੁਖੁ *(ਸੁੱਖ)*	ਵਿਸਾਰਿਆ ॥੧॥
ਅਨੰਦ	ਵਿਸਾਰ ਦਿੱਤਾ ਹੈ

...ਹੇ! ਨਾਨਕ! (ਸਤਿ) ਨਾਮ ਤੋਂ ਬਿਨਾਂ ਸਭੋ ਕੁਝ ਦੁੱਖ ਹੀ ਦੁੱਖ ਹੈ, ਕਿਉਂਕਿ (ਉਹ, ਸਤਿ) ਨਾਮ ਦੇ ਸੁੱਖ ਨੂੰ ਵਿਸਾਰ ਦਿੰਦੇ ਹਨ।

ਮ: *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਗੁਰਿ *(ਗੁਰ)*	ਪੂਰੈ,	ਹਰਿ *(ਹਰ)*	ਨਾਮੁ *(ਨਾਮ)*	ਦਿੜਾਇਆ, *(ਦਿੜ੍ਹਾਇਆ)*
ਸਤਿਗੁਰ	ਪੂਰਨ ਨੇ	ਪ੍ਰਭੂ	ਨਾਮ	ਦ੍ਰਿੜ੍ਹ ਕਰਵਾ ਦਿੱਤਾ, ਪੱਕਾ ਕਰ ਦਿੱਤਾ

ਤਿਨਿ, *(ਤਿਨ੍ਹ)*	ਵਿਚਹੁ *(ਵਿਚਹੁੰ)*	ਭਰਮੁ *(ਭਰਮ)*	ਚੁਕਾਇਆ ॥
ਤਿਨ੍ਹਾਂ ਨੇ	ਅੰਦਰੋਂ	ਭੁਲੇਖਾ, ਵਹਿਮ	ਦੂਰ ਕਰ ਦਿੱਤਾ

...(ਜਿਨ੍ਹਾਂ ਨੂੰ) ਪੂਰਨ ਸਤਿਗੁਰੂ ਨੇ ਹਰਿ-ਨਾਮ ਦ੍ਰਿੜ੍ਹ ਕਰਵਾ ਦਿੱਤਾ ਹੈ, ਉਨ੍ਹਾਂ ਨੇ ਆਪਣੇ ਅੰਤਹਕਰਣ ਵਿਚੋਂ (ਸਭ) ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ...

ਰਾਮ	ਨਾਮੁ *(ਨਾਮ)*	ਹਰਿ *(ਹਰ)*	ਕੀਰਤਿ *(ਕੀਰਤ)*	ਗਾਈ,
ਪਰਮਾਤਮਾ	ਨਾਮ	ਪ੍ਰਭੂ	ਕੀਰਤੀ, ਉਸਤਤੀ	ਗਾਇਨ ਕੀਤੀ

ਕਰਿ *(ਕਰ)*	ਚਾਨਣੁ, *(ਚਾਨਣ)*	ਮਗੁ *(ਮਗ)*	ਦਿਖਾਇਆ ॥
ਕਰਕੇ	ਪ੍ਰਕਾਸ਼	ਪੰਥ, ਮਾਰਗ	ਦਿਖਾਲ ਦਿੱਤਾ

...(ਉਹ) ਰਾਮ-ਨਾਮ ਅਤੇ ਹਰਿ-ਜਸ ਦਾ ਗਾਇਨ ਕਰਦਾ ਹੈ, ਅਤੇ (ਸਤਿਗੁਰੂ ਉਨ੍ਹਾਂ ਨੂੰ ਸਤਿਨਾਮ ਦਾ) ਚਾਨਣ ਕਰਕੇ (ਜੀਵਨ-ਸਫ਼ਰ ਲਈ) ਰੱਬੀ-ਰਾਹ ਦਿਖਾਉਂਦਾ ਹੈ...

ਹਉਮੈ *(ਹਉਮੈਂ)*	ਮਾਰਿ, *(ਮਾਰ)*	ਏਕ	ਲਿਵ	ਲਾਗੀ
ਹੰਕਾਰ	ਮਾਰ ਕੇ	ਇੱਕ	ਧਿਆਨ	ਲੱਗ ਗਿਆ

ਅੰਤਰਿ *(ਅੰਤਰ)*	ਨਾਮੁ *(ਨਾਮ)*	ਵਸਾਇਆ ॥
ਅੰਤਹਕਰਣ ਵਿਚ	(ਸਤਿ) ਨਾਮ	ਵਸਾ ਲੈਂਦੇ

ਅੰਕ ੮੬-੮੭

...(ਉਹ ਆਪਣੀ) ਹਉਮੈ ਨੂੰ ਮਾਰ ਕੇ ਇੱਕ (ਵਾਹਿਗੁਰੂ) ਨਾਲ ਧਿਆਨ ਜੋੜ ਲੈਂਦੇ ਹਨ, ਅਤੇ (ਆਪਣੇ) ਅੰਤਰਹਕਰਣ ਵਿਚ (ਸਤਿ) ਨਾਮ ਦਾ ਵਾਸਾ ਕਰ ਲੈਂਦੇ ਹਨ...

ਗੁਰਮਤੀ, *(ਗੁਰਮਤੀ)*	**ਜਮੁ** *(ਜਮ)*	**ਜੋਹਿ** *(ਜੋਹ)*	**ਨ** *(ਨਾਂ)*	**ਸਾਕੈ,**
ਸਤਿਗੁਰੂ ਦੀ ਮੱਤ ਰਾਹੀਂ	ਮੌਤ ਦਾ ਫਰਿਸ਼ਤਾ	ਪੋਹ, ਤਾੜਣਾ	ਨਹੀਂ	ਸਕਦਾ

ਸਾਚੈ	**ਨਾਮਿ** *(ਨਾਮ)*	**ਸਮਾਇਆ ॥**
ਸਦਾ-ਸਥਿਰ(ਪ੍ਰਭੂ)	ਨਾਮ ਵਿਚ	ਸਮਾ ਜਾਂਦੇ, ਅਭੇਦ ਹੋ ਜਾਂਦੇ

...(ਫਿਰ) ਸਤਿਗੁਰੂ ਦੀ ਮੱਤ ਦੁਆਰਾ (ਜੀਵਨ ਬਤੀਤ ਕਰਨ ਕਰਕੇ) ਮੌਤ ਦਾ ਫਰਿਸ਼ਤਾ ਉਨ੍ਹਾਂ ਵੱਲ ਵੇਖ ਨਹੀਂ ਸਕਦਾ ਭਾਵ ਉਨ੍ਹਾਂ ਨੂੰ ਮਾਰ ਨਹੀਂ ਸਕਦਾ, ਕਿਉਂਕਿ ਉਹ ਸਦਾ-ਸਥਿਰ (ਪ੍ਰਭੂ) ਨਾਮ ਵਿਚ ਅਭੇਦ ਹੋਏ ਰਹਿੰਦੇ ਹਨ...

ਸਭੁ *(ਸਭ)*	**ਆਪੇ**	**ਆਪਿ** *(ਆਪ)*	**ਵਰਤੈ**	**ਕਰਤਾ,**
ਸਾਰੇ	ਆਪ	ਖ਼ੁਦ	ਵਰਤ ਰਿਹਾ,ਵਿਚਰਦਾ	ਸਿਰਜਣਹਾਰ

ਜੋ	**ਭਾਵੈ**	**ਸੋ**	**ਨਾਇ** *(ਨਾਇੰ)*	**ਲਾਇਆ ॥**
ਜਿਸ ਨੂੰ	ਚਾਹੁੰਦਾ	ਉਸ ਨੂੰ	(ਪ੍ਰਭੂ) ਨਾਮ ਵਿਚ	ਲਗਾ ਦਿੰਦਾ, ਜੋੜ ਦਿੰਦਾ

...ਸਿਰਜਣਹਾਰ ਕਰਤਾ-ਪੁਰਸ਼ ਖ਼ੁਦ ਆਪ ਹੀ ਸਾਰੇ ਪਾਸੇ ਵਿਚਰ ਰਿਹਾ ਹੈ, ਅਤੇ ਜਿਸ ਨੂੰ ਉਹ ਚਾਹੁੰਦਾ ਹੈ, ਉਸ ਨੂੰ (ਆਪਣੇ) ਨਾਮ ਵਿਚ ਜੋੜ ਲੈਂਦਾ ਹੈ...

ਜਨ	**ਨਾਨਕੁ** *(ਨਾਨਕ)*	**ਨਾਮੁ** *(ਨਾਮ)*	**ਲਏ**	**ਤਾ** *(ਤਾਂ)*	**ਜੀਵੈ,**
ਦਾਸ	ਨਾਨਕ	(ਪ੍ਰਭੂ) ਨਾਮ	ਲਵੇ	ਤਦ	ਜਿਉਂਦਾ ਹੈ

ਬਿਨੁ *(ਬਿਨ)*	**ਨਾਵੈ** *(ਨਾਵੈਂ)*	**ਖਿਨੁ** *(ਖਿਨ)*	**ਮਰਿ** *(ਮਰ)*	**ਜਾਇਆ ॥੨॥**
ਬਿਨਾਂ, ਬਗੈਰ	(ਪ੍ਰਭੂ) ਨਾਮ ਤੋਂ	ਛਿਨ, ਪਲ	ਮਰ	ਜਾਂਦਾ ਹਾਂ

...ਦਾਸ ਨਾਨਕ! (ਪਰਮਾਤਮਾ ਦਾ) ਨਾਮ (ਸਿਮਰਦਾ ਹੈ) ਤਾਂ ਜਿਉਂਦਾ ਹੈ, (ਪਰਮੇਸ਼ਰ ਦੇ) ਨਾਮ ਤੋਂ ਬਿਨਾਂ (ਮੈਂ) ਖਿਨ, ਪਲ ਵਿਚ ਹੀ (ਆਤਮਿਕ ਮੌਤੇ) ਮਰ ਜਾਂਦਾ ਹਾਂ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਜੋ	**ਮਿਲਿਆ**	**ਹਰਿ** *(ਹਰ)*	**ਦੀਬਾਣ**	**ਸਿਉ,** *(ਸਿਉਂ)*
ਜਿਹੜਾ	ਮਿਲ ਪਿਆ	ਹਰੀ, ਪ੍ਰਭੂ	ਦਰਬਾਰ	ਨਾਲ, ਸੰਗ

ਅੰਕ ੮੭

ਸੋ	ਸਭਨੀ	ਦੀਬਾਣੀ	ਮਿਲਿਆ ॥
ਉਹ	ਸਾਰਿਆਂ	ਦਰਬਾਰਾਂ	ਮਿਲ ਪਿਆ

...ਜੋ ਅਕਾਲ ਪੁਰਖ ਦੇ ਦਰਬਾਰ ਵਿਚ ਮਿਲਿਆ ਹੈ, ਭਾਵ ਜਿਸ ਨੇ ਵਾਹਿਗੁਰੂ ਦੇ ਦਰਬਾਰ ਵਿਚ ਆਦਰ-ਸਤਿਕਾਰ ਪ੍ਰਾਪਤ ਕਰ ਲਿਆ ਹੈ, ਉਸ ਨੇ (ਸਮਝੋ, ਸੰਸਾਰ ਦੇ) ਸਭ ਦਰਬਾਰਾਂ ਵਿਚ ਵੀ ਮਾਣ-ਇੱਜ਼ਤ ਪ੍ਰਾਪਤ ਕਰ ਲਈ ਹੈ...

ਜਿਥੈ	ਓਹੁ *(ਓਹ)*	ਜਾਇ,	ਤਿਥੈ	ਓਹੁ *(ਓਹ)*	ਸੁਰਖਰੂ,
ਜਿਹੜੀ ਥਾਂ	ਉਹ	ਜਾਂਦਾ ਹੈ	ਉਥੇ	ਉਹ	ਖ਼ੁਸ਼ੀ ਕਰਕੇ ਜਿਸ ਦਾ ਚਿਹਰਾ ਲਾਲ ਹੋਵੇ, ਜ਼ਿੰਮੇਵਾਰੀ ਤੋਂ ਮੁਕਤ

ਉਸ	ਕੈ	ਮੁਹਿ *(ਮੂੰਹ)*	ਡਿਠੈ,	ਸਭ	ਪਾਪੀ	ਤਰਿਆ ॥
ਉਹ	ਦੇ	ਮੂੰਹ	ਦੇਖਿਆਂ	ਸਾਰੇ	ਕੁਕਰਮੀ	ਤਰ ਗਏ

...(ਅਜਿਹਾ ਮਨੁੱਖ) ਜਿੱਥੇ ਵੀ ਜਾਂਦਾ ਹੈ, ਉੱਥੇ ਉਹ ਪ੍ਰਸੰਨ-ਚਿੱਤ ਜਾਂਦਾ ਹੈ, ਉਸ ਦਾ ਚਿਹਰਾ ਦੇਖਦਿਆਂ ਹੀ, ਭਾਵ ਉਸ ਦੇ ਦਰਸ਼ਨ ਕਰਦਿਆਂ ਹੀ ਸਭ ਪਾਪੀ (ਸੰਸਾਰ ਸਾਗਰ ਤੋਂ) ਪਾਰ ਹੋ ਜਾਂਦੇ ਹਨ...

ਓਸੁ *(ਓਸ)*	ਅੰਤਰਿ *(ਅੰਤਰ)*	ਨਾਮੁ *(ਨਾਮ)*	ਨਿਧਾਨੁ *(ਨਿਧਾਨ)*	ਹੈ,
ਉਹਦੇ	ਅੰਦਰ	(ਪ੍ਰਭੂ) ਨਾਮ	ਖ਼ਜ਼ਾਨਾ	ਹੋਣ ਦੀ ਕ੍ਰਿਆ

ਨਾਮੋ	ਪਰਵਰਿਆ ॥
(ਪ੍ਰਭੂ) ਨਾਮ ਤੋਂ ਹੀ	ਵੱਡਾ ਹੋਇਆ, ਆਦਰ-ਸਤਿਕਾਰ ਵਾਲਾ ਬਣਿਆਂ

...ਉਸ ਦੇ (ਹਿਰਦੇ) ਅੰਦਰ (ਪ੍ਰਭੂ) ਨਾਮ ਦੀ (ਬੰਦਗੀ ਦਾ) ਖ਼ਜ਼ਾਨਾ ਹੁੰਦਾ ਹੈ, ਅਤੇ ਇਸ ਨਾਮ ਦੇ ਖ਼ਜ਼ਾਨੇ ਤੋਂ ਹੀ ਉਹ ਸ੍ਰੇਸ਼ਠ ਭਾਵ ਆਦਰ-ਸਤਿਕਾਰ ਵਾਲਾ ਬਣਿਆ ਹੈ...

ਨਾਉ *(ਨਾਉਂ)*	ਪੂਜੀਐ,	ਨਾਉ *(ਨਾਉਂ)*	ਮੰਨੀਐ, *(ਮੰਨੀਐਂ)*
(ਪ੍ਰਭ))ਨਾਮ	ਪੂਜਣਾ	(ਪ੍ਰਭੂ) ਨਾਮ	ਮੰਨਣਾ
ਨਾਇ *(ਨਾਇਂ)*	ਕਿਲਵਿਖ	ਸਭ	ਹਿਰਿਆ ॥
(ਪ੍ਰਭੂ) ਨਾਮ ਦੁਆਰਾ	ਕਲੇਸ਼, ਪਾਪ	ਸਾਰੇ	ਦੂਰ ਹੋ ਜਾਂਦੇ, ਹੱਟ ਜਾਂਦੇ

...(ਅਕਾਲ ਪੁਰਖ) ਦਾ ਨਾਮ ਹੀ ਪੂਜਣਾ ਚਾਹੀਦਾ ਹੈ, ਅਤੇ (ਵਾਹਿਗੁਰੂ ਦਾ) ਨਾਮ ਹੀ ਮੰਨਣਾ ਚਾਹੀਦਾ ਹੈ, ਭਾਵ ਨਾਮ ਤੇ ਨਿਸ਼ਚਾ ਕਰਨਾ ਚਾਹੀਦਾ ਹੈ, (ਕਰਤਾ ਪੁਰਖ) ਦੇ ਨਾਮ ਦੁਆਰਾ (ਜੀਵ ਦੇ) ਸਾਰੇ ਪਾਪ ਨਸ਼ਟ ਹੋ ਜਾਂਦੇ ਹਨ...

ਅੰਕ ੮੭

ਜਿਨੀ *(ਜਿਨ੍ਹੀਂ)*	ਨਾਮੁ *(ਨਾਮ)*	ਧਿਆਇਆ,	ਇਕ	ਮਨਿ *(ਮਨ)*
ਜਿਨ੍ਹਾਂ	(ਪ੍ਰਭੂ) ਨਾਮ	ਅਰਾਧਿਆ	ਇਕਾਗਰ	ਮਨ

ਇਕ	ਚਿਤਿ, *(ਚਿਤ)*	ਸੇ	ਅਸਥਿਰੁ *(ਅਸਥਿਰ)*	ਜਗਿ *(ਜਗ)*	ਰਹਿਆ॥੧੧॥
ਇਕਾਗਰ	ਚਿੱਤ	ਉਹ	ਸਥਿਰ, ਅਡੋਲ	ਜਗਤ ਵਿਚ	ਰਹਿੰਦੇ

...ਜਿਨ੍ਹਾਂ ਨੇ ਇਕਾਗਰ-ਮਨ ਅਤੇ ਇਕਾਗਰ-ਚਿੱਤ ਹੋਕੇ (ਪਰਮੇਸ਼ਰ ਦੇ) ਨਾਮ ਦੀ ਅਰਾਧਨਾ ਕੀਤੀ ਹੈ ਉਹ ਸੰਸਾਰ ਤੇ ਅਸਥਿਰ ਹੋ ਜਾਂਦੇ ਹਨ ਭਾਵ ਅਮਰ ਰਹਿੰਦੇ ਹਨ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਆਤਮਾ	ਦੇਉ	ਪੂਜੀਐ,
ਰੂਹ	ਰੌਸ਼ਨੀ ਦੇਣ ਵਾਲਾ	ਅਰਾਧੀਏ

ਗੁਰ	ਕੈ	ਸਹਜਿ *(ਸਹਿਜ)*	ਸੁਭਾਇ॥
ਸਤਿਗੁਰੂ	ਦੇ	ਸੁਤੇ ਹੀ	ਨਿਰਯਤਨ

ਸਤਿਗੁਰੂ ਦੇ (ਉਪਦੇਸ਼ ਰਾਹੀਂ) ਸਹਿਜ-ਸੁਭਾ, ਭਾਵ ਆਤਮਿਕ-ਅਡੋਲਤਾ ਰਾਹੀਂ, ਰੂਹਾਨੀ ਰੌਸ਼ਨੀ ਦੇਣ ਵਾਲੇ, ਪਰਮਾਤਮਾ ਦੀ ਅਰਾਧਨਾ ਕਰਨੀ ਚਾਹੀਦੀ ਹੈ...

ਆਤਮੇ	ਨੋ, *(ਨੋਂ)*	ਆਤਮੇ	ਦੀ	ਪ੍ਰਤੀਤਿ *(ਪ੍ਰਤੀਤ)*	ਹੋਇ,
ਰੂਹ	ਨੂੰ	ਰੂਹ	ਸੰਬੰਧਕ	ਸੋਝੀ, ਬੋਧ	ਹੋ ਜਾਵੇ

ਤਾ *(ਤਾਂ)*	ਘਰ	ਹੀ	ਪਰਚਾ	ਪਾਇ॥
ਤਦ	(ਨਿੱਜ) ਘਰ	ਸਿਰਫ਼	ਪਹਿਚਾਣ, ਵਾਕਫ਼ੀ	ਪੈ ਜਾਂਦੀ

...ਜੇਕਰ ਜੀਵ-ਆਤਮਾ ਨੂੰ ਪਰਮ-ਆਤਮਾ ਦੀ ਸੋਝੀ ਹੋ ਜਾਵੇ, ਤਾਂ (ਹਿਰਦੇ) ਘਰ ਵਿਚ ਹੀ ਅਕਾਲ ਪੁਰਖ ਦੀ ਪਹਿਚਾਣ ਹੋ ਜਾਂਦੀ ਹੈ...

ਆਤਮਾ	ਅਡੋਲੁ, *(ਅਡੋਲ)*	ਨ *(ਨਾਂ)*	ਡੋਲਈ,
ਰੂਹ	ਸਥਿਰ	ਨਹੀਂ	ਡੋਲਦੀ

ਗੁਰ	ਕੈ	ਭਾਇ	ਸੁਭਾਇ॥
ਸਤਿਗੁਰੂ	ਦੇ	ਪ੍ਰੀਤ, ਪਿਆਰ	ਸੁਭਾਵਿਕ

ਅੰਕ ੮੭

...ਸਤਿਗੁਰੂ ਨਾਲ ਸੁਭਾਵਿਕ ਹੀ ਪ੍ਰੀਤ ਪੈਣ ਕਰਕੇ (ਜੀਵ) ਦੀ ਆਤਮਾ ਅਡੋਲ ਹੋ ਜਾਂਦੀ ਹੈ, ਅਤੇ ਫ਼ਿਰ ਕਦੇ ਡਿਕੋ-ਡੋਲੇ ਨਹੀਂ ਖਾਂਦੀ...

ਗੁਰ	**ਵਿਣੁ,** *(ਵਿਣ)*	**ਸਹਜੁ** *(ਸਹਿਜ)*	**ਨ** *(ਨਾਂ)*	**ਆਵਈ,**
ਸਤਿਗੁਰੂ	ਬਿਨਾਂ	ਟਿਕਾਉ, ਅਡੋਲਤਾ	ਨਹੀਂ	ਆਉਂਦੀ

ਲੋਭੁ *(ਲੋਭ)*	**ਮੈਲੁ** *(ਮੈਲ)*	**ਨ** *(ਨਾਂ)*	**ਵਿਚਹੁ** *(ਵਿਚਹੁਂ)*	**ਜਾਇ॥**
ਲਾਲਚ	ਗੰਦਗੀ	ਨਹੀਂ	ਅੰਦਰੋਂ	ਜਾਂਦੀ

...ਸਤਿਗੁਰੂ (ਦੀ ਸ਼ਰਨ) ਤੋਂ ਬਿਨਾਂ (ਜੀਵਨ ਵਿਚ) ਸਹਿਜ ਨਹੀਂ ਆਉਂਦਾ, ਅਤੇ (ਹਿਰਦੇ) ਵਿਚੋਂ, (ਮਾਇਆਵੀ) ਲਾਲਚ ਦੀ ਮੈਲ ਦੂਰ ਨਹੀਂ ਹੁੰਦੀ...

ਖਿਨੁ *(ਖਿਨ)*	**ਪਲੁ,** *(ਪਲ)*	**ਹਰਿ** *(ਹਰ)*	**ਨਾਮੁ** *(ਨਾਮ)*	**ਮਨਿ** *(ਮਨ)*	**ਵਸੈ,**
ਛਿਨ	ਘੜੀ	ਹਰੀ, ਪ੍ਰਭੂ	ਨਾਮ	ਚਿੱਤ ਵਿਚ	ਵੱਸ ਜਾਵੇ

ਸਭ	**ਅਠਸਠਿ** *(ਅਠਸਠ)*	**ਤੀਰਥ**	**ਨਾਇ** *(ਨ੍ਹਾਇ)* **॥**
ਸਾਰੇ	ਅਠਾਹਠ	ਤੀਰਥਾਂ, ਧਾਰਮਿਕ ਅਸਥਾਨਾਂ	ਇਸ਼ਨਾਨ

...ਇਕ ਘੜੀ-ਪਲ ਲਈ ਵੀ ਜੇ ਅਕਾਲ ਪੁਰਖ ਦਾ ਨਾਮ ਹਿਰਦੇ ਵਿਚ ਵਸ ਜਾਵੇ ਤਾਂ (ਸਮਝੋ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ...

ਸਚੇ,	**ਮੈਲੁ** *(ਮੈਲ)*	**ਨ** *(ਨਾਂ)*	**ਲਗਈ,**
ਸਤਿ-ਨਾਮ ਵਿਚ	ਗੰਦਗੀ	ਨਹੀਂ	ਲਗਦੀ

ਮਲੁ *(ਮਲ)*	**ਲਾਗੈ,**	**ਦੂਜੈ**	**ਭਾਇ॥**
ਮੈਲ, ਗੰਦਗੀ	ਲੱਗ ਜਾਂਦੀ	ਦ੍ਵੈਤ, ਦੂਸਰੇ	ਪਿਆਰ, ਭਾਉ

...ਸਤਿ-ਨਾਮ ਵਿਚ (ਜੁੜੇ ਹੋਏ ਨੂੰ, ਮਾਇਆਵੀ ਵਿਕਾਰਾਂ ਦੀ) ਮੈਲ ਨਹੀਂ ਲਗਦੀ, ਪਰ, ਦ੍ਵੈਤ-ਭਾਵ ਕਰਕੇ (ਸੰਸਾਰੀ ਵਿਕਾਰਾਂ ਦੀ) ਮੈਲ ਚੰਬੜ ਜਾਂਦੀ ਹੈ...

ਧੋਤੀ	**ਮੂਲਿ** *(ਮੂਲ)*	**ਨ** *(ਨਾਂ)*	**ਉਤਰੈ,**
ਧੋਣ ਨਾਲ	ਬਿਲਕੁਲ	ਨਹੀਂ	ਉੱਤਰਦੀ, ਲੱਥਦੀ

ਜੇ	**ਅਠਸਠਿ** *(ਅਠਸਠ)*	**ਤੀਰਥ**	**ਨਾਇ** *(ਨ੍ਹਾਇ)***॥**
ਜੇਕਰ	ਅਠਾਹਠ	ਧਾਰਮਿਕ ਅਸਥਾਨ	ਇਸ਼ਨਾਨ

...(ਇਹ ਮਾਇਆਵੀ ਵਿਕਾਰਾਂ ਦੀ ਮੈਲ) ਧੋਣ ਨਾਲ ਬਿਲਕੁਲ ਨਹੀਂ ਉੱਤਰਦੀ, ਭਾਵੇਂ ਅਠਾਹਠ ਤੀਰਥਾਂ ਤੇ ਇਸ਼ਨਾਨ ਕਰਕੇ ਵੀ (ਕੋਈ ਇਸ ਮੈਲ ਨੂੰ ਧੋਣ ਦਾ ਯਤਨ ਕਰੇ)...

ਮਨਮੁਖ	**ਕਰਮ**	**ਕਰੇ**	**ਅਹੰਕਾਰੀ,**
ਮਨਮਤੀਆ, ਬੇਮੁੱਖ	ਕੰਮ	ਕਰਦਾ	ਹੰਕਾਰ ਭਰੇ

ਸਭੁ *(ਸਭ)*	**ਦੁਖੋ**	**ਦੁਖੁ** *(ਦੁੱਖ)*	**ਕਮਾਇ॥**
ਸਾਰੇ	ਦੁੱਖ ਹੀ	ਦੁੱਖ	ਕਮਾਉਂਦਾ, ਕਰਦਾ

...ਮਨਮੁੱਖ (ਸਤਿਗੁਰੂ ਤੋਂ ਬੇਮੁੱਖ ਹੋਕੇ ਸਦਾ) ਹੰਕਾਰ-ਭਰੇ ਕਰਮ-ਕਾਂਡ ਆਦਿਕ ਕਰਦਾ ਰਹਿੰਦਾ ਹੈ, ਇਸ ਲਈ ਉਹ (ਜੀਵਨ ਭਰ) ਸਭ ਦੁੱਖ ਹੀ ਦੁੱਖ ਕਮਾਉਂਦਾ ਹੈ...

ਨਾਨਕ,	**ਮੈਲਾ**	**ਉਜਲੁ** *(ਉਜਲ)*	**ਤਾ** *(ਤਾਂ)*	**ਥੀਐ,**
ਹੇ ! ਨਾਨਕ !	ਮਲੀਨ	ਨਿਰਮਲ, ਸਵੱਛ	ਉਦੋਂ	ਹੁੰਦਾ ਹੈ

ਜਾ *(ਜਾਂ)*	**ਸਤਿਗੁਰ** *(ਸਤਗੁਰ)*	**ਮਾਹਿ** *(ਮਾਹਿਂ)*	**ਸਮਾਇ॥੧॥**
ਜੇਕਰ	ਸਤਿਗੁਰੂ	ਵਿਚ	ਸਮਾ ਜਾਏ, ਅਭੇਦ ਹੋ ਜਾਏ

...ਹੇ! ਨਾਨਕ! (ਮਾਇਆ ਦੇ ਵਿਕਾਰਾਂ ਨਾਲ) ਮਲੀਨ ਹੋਇਆ ਜੀਵ, ਨਿਰਮਲ ਉਦੋਂ ਹੀ ਹੁੰਦਾ ਹੈ, ਜਦੋਂ, ਸਤਿਗੁਰੂ ਵਿਚ (ਗੁਰ-ਸ਼ਬਦ ਰਾਹੀਂ) ਅਭੇਦ ਹੋ ਜਾਏ।

ਮਃ *(ਮਹਿਲਾ)*	**੩** *(ਤੀਜਾ)* **॥**
ਪਾਤਸ਼ਾਹੀ	ਤੀਸਰੀ

ਮਨਮੁਖੁ *(ਮਨਮੁੱਖ)*	**ਲੋਕੁ** *(ਲੋਕ)*	**ਸਮਝਾਈਐ,**
ਮਨਮੱਤੀਏ ਨੂੰ	ਵਿਅਕਤੀ, ਲੋਕ	ਸਮਝਾਉਣਾ ਚਾਹੀਏ

ਕਦਹੁ *(ਕਦਹੁਂ)*	**ਸਮਝਾਇਆ**	**ਜਾਇ॥**
ਕਦੋਂ	ਬੋਧ ਕਰਵਾਇਆ, ਗਿਆਨ ਕਰਾਇਆ	ਜਾ ਸਕਦਾ

...(ਸਤਿਗੁਰੂ ਤੋਂ ਬੇਮੁੱਖ) ਮਨਮੱਤੀਏ ਵਿਅਕਤੀ ਨੂੰ ਜੇ ਸਮਝਾਉਣ ਦਾ ਯਤਨ ਕਰੀਏ ਤਾਂ, ਉਸ ਨੂੰ ਕਦੇ ਸਮਝਾਇਆ ਜਾ ਸਕਦਾ ਹੈ? ਭਾਵ ਕਦੇ ਨਹੀਂ...

ਮਨਮੁਖੁ *(ਮਨਮੁਖ)*	**ਰਲਾਇਆ**	**ਨਾ**	**ਰਲੈ,**	**ਪਇਐ**	**ਕਿਰਤਿ** *(ਕਿਰਤ)*	**ਫਿਰਾਇ॥**
ਮਨਮੱਤੀਆ	ਰਲਾਉਣ ਨਾਲ	ਨਹੀਂ	ਰਲਦਾ	ਪਿਆ ਹੋਇਆ	ਕਿਰਤ ਦੇ	ਘੁੰਮਦਾ ਰਹਿੰਦਾ

ਅੰਕ ੮੭

...ਮਨਮੁੱਖ ਨੂੰ ਜੇ (ਨਿਰਮਲ ਬਨਾਉਣ ਲਈ ਗੁਰਮੁੱਖਾਂ ਵਿਚ ਵੀ) ਰਲਾਉਣ ਦਾ ਯਤਨ ਕਰੀਏ ਤਾਂ, ਉਹ ਉਨ੍ਹਾਂ ਵਿਚ ਰਲਦਾ ਨਹੀਂ, ਸਗੋਂ ਆਪਣੇ ਹੀ ਕਿਰਤ-ਕਰਮ ਦੀ ਘੁੰਮਣ-ਘੇਰੀ ਵਿਚ ਪਿਆ ਹੋਇਆ ਫਿਰਦਾ ਰਹਿੰਦਾ ਹੈ...

ਲਿਵ	**ਧਾਤੁ** *(ਧਾਤ)*	**ਦੁਇ**	**ਰਾਹ**	**ਹੈ,** *(ਹੈਂ)*
ਧਿਆਨ, ਇਕਾਗਰਤਾ	ਮਾਇਆ ਵਾਲਾ	ਦੋ	ਮਾਰਗ	ਹਨ

ਹੁਕਮੀ	**ਕਾਰ**	**ਕਮਾਇ॥**
ਹੁਕਮ ਵਿਚ	ਕਰਮ	ਕਮਾਉਂਦੇ ਹਨ

...(ਸੰਸਾਰ ਵਿਚ ਜੀਵਨ ਬਸਰ ਕਰਨ ਦੇ ਕੇਵਲ) ਦੋ ਹੀ ਮਾਰਗ ਹਨ, ਇਕ ਪਰਮੇਸ਼ਰ ਵਿਚ ਧਿਆਨ ਜੋੜਨ ਦਾ ਅਤੇ ਦੂਸਰਾ ਮਾਇਆ ਵਿਚ ਧਿਆਨ ਜੋੜਨ ਦਾ। (ਪਰ ਮਨਮੁੱਖ ਵਿਚਾਰਾ ਤਾਂ ਵਾਹਿਗੁਰੂ ਦੇ) ਹੁਕਮ ਵਿਚ ਹੀ ਕਰਮ ਕਰਦਾ ਹੈ...

ਗੁਰਮੁਖਿ, *(ਗੁਰਮੁਖ)*	**ਆਪਣਾ**	**ਮਨੁ** *(ਮਨ)*	**ਮਾਰਿਆ,**
ਗੁਰਮੁੱਖ ਨੇ	ਖ਼ੁਦ ਦਾ	ਚਿੱਤ	ਮਾਰ ਲਿਆ

ਸਬਦਿ *(ਸ਼ਬਦ)*	**ਕਸਵਟੀ**	**ਲਾਇ॥**
ਸ਼ਬਦ ਦੀ	ਸੋਨਾ ਪਰਖਣ ਵਾਲੀ ਕਸੌਟੀ,	ਲਗਾਕੇ

...ਗੁਰਮੁੱਖ ਨੇ (ਸਤਿਗੁਰੂ ਦੀ ਸਨਮੁੱਖਤਾ ਰਾਹੀਂ) ਗੁਰ-ਸ਼ਬਦ ਦੀ ਕਸਵੱਟੀ ਲਗਾਕੇ ਆਪਣਾ ਮਨ ਮਾਰ ਲਿਆ ਹੈ, ਭਾਵ ਵਿਕਾਰਾਂ ਵਲੋਂ ਹਟਾ ਕੇ ਆਪਣੇ ਕਾਬੂ ਵਿਚ ਕਰ ਲਿਆ ਹੈ...

ਮਨ	**ਹੀ**	**ਨਾਲਿ** *(ਨਾਲ)*	**ਝਗੜਾ,**
ਚਿੱਤ	ਨਿਸਚੇ ਸੂਚਕ ਅਵਯ	ਸੰਗ, ਸਾਥ	ਲੜਾਈ

ਮਨ	**ਹੀ**	**ਨਾਲਿ** *(ਨਾਲ)*	**ਸਥ,**
ਚਿੱਤ	ਨਿਸਚੇ ਸੂਚਕ ਅਵਯ	ਨਾਲ, ਸਾਥ	ਝਗੜਾ ਨਿਬੇੜਨ ਲਈ ਪੰਚਾਇਤ ਇਕੱਠੀ ਕਰਨੀ

ਮਨ	**ਹੀ**	**ਮੰਝਿ** *(ਮੰਝ)*	**ਸਮਾਇ॥**
ਚਿੱਤ	ਨਿਸਚੇ ਸੂਚਕ	ਅਵਯ ਵਿਚ	ਸਮਾ ਜਾਂਦਾ, ਅਭੇਦ ਹੋ ਜਾਂਦਾ

...(ਉਹ ਬੁਧ-ਬਿਬੇਕ ਰਾਹੀਂ) ਮਨ ਦੇ ਵਿਕਾਰਾਂ ਨਾਲ ਝਗੜਦਾ ਹੈ, ਅਤੇ ਮਨ ਦੀ ਸੱਥ ਵਿਚ ਹੀ ਇਸ ਝਗੜੇ ਦਾ ਨਿਬੇੜਾ ਕਰਦਾ ਹੋਇਆ, ਚਿੱਤ ਦੇ ਰੱਬੀ-ਪ੍ਰਕਾਸ਼ ਵਿਚ ਅਭੇਦ ਹੋ ਜਾਂਦਾ ਹੈ...

ਮਨੁ *(ਮਨ)*	ਜੋ	ਇਛੇ,	ਸੋ	ਲਹੈ,
ਚਿੱਤ	ਜਿਹੜ ਕੁਝ	ਲੋਚਦਾ ਉਹੀ	ਲੈ	ਲੈਂਦਾ ਹੈ

ਸਚੈ	ਸਬਦਿ *(ਸ਼ਬਦ)*	ਸੁਭਾਇ॥
ਸੱਤ-ਸਰੂਪ	(ਗੁਰ)ਸ਼ਬਦ ਦੀ	ਪ੍ਰੀਤ ਰਾਹੀਂ

...(ਇਵੇਂ) ਸੱਤ-ਸਰੂਪ, ਗੁਰ-ਸ਼ਬਦ ਦੀ ਪ੍ਰੀਤ ਰਾਹੀਂ (ਨਿਰਮਲ ਹੋਇਆ ਮਨ) ਜੋ ਵੀ ਚਾਹੁੰਦਾ ਹੈ, ਪ੍ਰਾਪਤ ਕਰ ਲੈਂਦਾ ਹੈ...

ਅੰਮ੍ਰਿਤ	ਨਾਮੁ *(ਨਾਮ)*	ਸਦ	ਭੁੰਚੀਐ,
ਅਮਰ ਕਰ ਦੇਣ ਵਾਲਾ	(ਪ੍ਰਭੂ) ਨਾਮ	ਹਮੇਸ਼ਾਂ	ਛਕੀਏ

ਗੁਰਮੁਖਿ *(ਗੁਰਮੁਖ)*	ਕਾਰ	ਕਮਾਇ॥
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਕਰਮ	ਕਮਾ ਕੇ, ਕਰ ਕੇ

...(ਹੇ! ਭਾਈ), ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਕਰਮ ਕਰਕੇ, ਸਦਾ (ਅਮਰ ਕਰ ਦੇਣ ਵਾਲਾ) ਨਾਮ-ਅੰਮ੍ਰਿਤ ਛਕਣਾ ਚਾਹੀਦਾ ਹੈ...

ਵਿਣੁ *(ਵਿਣ)*	ਮਨੈ,	ਜਿ *(ਜੇ)*	ਹੋਰੀ	ਨਾਲਿ *(ਨਾਲ)*	ਲੁਝਣਾ,
ਬਿਨਾਂ, ਬਗੈਰ	ਮਨ ਤੋਂ	ਜੇਕਰ	ਹੋਰ ਕਿਸੇ	ਸੰਗ, ਸਾਥ	ਉਲਝਣਾ

ਜਾਸੀ	ਜਨਮੁ *(ਜਨਮ)*	ਗਵਾਇ॥
ਜਾਵੇਂਗਾ	ਜੀਵਨ	(ਵਿਅਰਥ) ਗੁਆ ਕੇ

...ਜੇਕਰ ਮਨ ਤੋਂ ਬਗੈਰ ਕਿਸੇ ਹੋਰ ਨਾਲ ਉਲਝੇ ਰਹੀਏ, ਭਾਵ ਆਤਮ-ਚਿੰਤਨ ਤੋਂ ਬਗੈਰ ਹੋਰਨਾਂ ਕਰਮ-ਕਾਂਡਾਂ ਵਿਚ ਰੁਝੇ ਰਹੀਏ, ਤਾਂ (ਮਨੁੱਖਾ) ਜੀਵਨ (ਵਿਅਰਥ) ਗੁਆਚ ਜਾਂਦਾ ਹੈ...

ਮਨਮੁਖੀ	ਮਨਹਠਿ *(ਮਨਹਠ)*	ਹਾਰਿਆ,
ਮਨਮੱਤੀਆ, ਬੇਮੁੱਖ	ਮਨ ਦੀ ਜ਼ਿਦ	ਹਾਰ ਜਾਂਦਾ

ਕੂੜੁ *(ਕੂੜ)*	ਕੁਸਤੁ *(ਕੁਸੱਤ)*	ਕਮਾਇ॥
ਝੂਠ	ਕਪਟ	ਕਮਾ ਕੇ

...(ਸਤਿਗੁਰੂ ਤੋਂ ਬੇਮੁੱਖ), ਮਨਮੱਤੀਆ, ਮਨ ਦੀ ਜ਼ਿੱਦ ਕਰਕੇ, ਝੂਠ ਅਤੇ ਕਪਟੀ ਕਰਮ ਕਮਾਉਂਦਾ ਹੋਇਆ, (ਜੀਵਨ ਦੀ ਬਾਜ਼ੀ) ਹਾਰ ਜਾਂਦਾ ਹੈ...

ਅੰਕ ੮੭

ਗੁਰ	ਪਰਸਾਦੀ	ਮਨੁ *(ਮਨ)*	ਜਿਣੈ,
ਸਤਿਗੁਰੂ	ਕਿਰਪਾ ਨਾਲ	ਚਿੱਤ	ਜਿੱਤ ਲੈਂਦਾ
ਹਰਿ *(ਹਰ)*	ਸੇਤੀ	ਲਿਵ	ਲਾਇ॥
ਪ੍ਰਭੂ	ਨਾਲ, ਸੰਗ	ਧਿਆਨ	ਲਗਾ ਕੇ, ਜੋੜ ਕੇ

...ਸਤਿਗੁਰੂ ਦੀ ਕਿਰਪਾ ਰਾਹੀਂ, ਵਾਹਿਗੁਰੂ ਨਾਲ ਧਿਆਨ ਜੋੜ ਕੇ, (ਗੁਰਮੁੱਖ) ਮਨ ਨੂੰ ਜਿੱਤ ਲੈਂਦਾ ਹੈ...

ਨਾਨਕ,	ਗੁਰਮੁਖਿ *(ਗੁਰਮੁਖ)*	ਸਚੁ *(ਸੱਚ)*	ਕਮਾਵੈ,
ਹੇ ! ਨਾਨਕ !	ਗੁਰਮੁੱਖ	ਸੱਤਿ (ਨਾਮ)	ਕਮਾਉਂਦਾ
ਮਨਮੁਖਿ *(ਮਨਮੁੱਖ)*	ਆਵੈ	ਜਾਇ॥੨॥	
ਮਨਮੱਤੀਆ, ਬੇਮੁੱਖ	ਆਉਂਦਾ,ਜਨਮਦਾ	ਚਲੇ ਜਾਂਦਾ, ਮਰ ਜਾਂਦਾ	

...ਹੇ! ਨਾਨਕ! ਗੁਰਮੁੱਖ (ਸਤਿਗੁਰੂ ਦੀ ਸਨਮੁੱਖਤਾ ਰਾਹੀਂ) ਸੱਤ-ਨਾਮ ਦੀ ਕਮਾਈ ਕਰਦਾ ਹੈ, ਅਤੇ ਮਨਮੱਤੀਆ, (ਸਤ੍ਰਿਗਰੂ ਤੋਂ ਬੇਮੁੱਖ ਹੋਕੇ) ਜਨਮ ਮਰਨ ਦੇ ਗੇੜ ਵਿਚ ਹੀ ਉਲਝਿਆ ਰਹਿੰਦਾ ਹੈ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ *(ਹਰ)*	ਕੇ	ਸੰਤ,	ਸੁਣਹੁ	ਜਨ	ਭਾਈ,
ਪ੍ਰਭੂ	ਦੇ	ਸਾਧੂ	ਸਰਵਣ ਕਰੋ	ਪੁਰਸ਼, ਮਨੁੱਖ	ਭਰਾਵੋ
ਹਰਿ *(ਹਰ)*	ਸਤਿਗੁਰ *(ਸਤਗੁਰ)*	ਕੀ	ਇਕ	ਸਾਖੀ ॥	
ਪ੍ਰਭੂ	ਸਤਿਗੁਰੂ	ਦੀ	ਇੱਕ	ਸਿੱਖਿਆ, ਉਪਦੇਸ਼	

ਹੇ! ਪਰਮੇਸ਼ਰ ਦੇ ਸੰਤ-ਪੁਰਸ਼, ਭਰਾਵੋ! ਹਰੀ-ਰੂਪ ਸਤਿਗੁਰੂ ਦੀ ਇਕ ਸਿੱਖਿਆ ਸਰਵਣ ਕਰੋ...

ਜਿਸੁ *(ਜਿਸ)*	ਧੁਰਿ *(ਧੁਰ)*	ਭਾਗੁ *(ਭਾਗ)*	ਹੋਵੈ	ਮੁਖਿ *(ਮੁੱਖ)*	ਮਸਤਕਿ, *(ਮਸਤਕ)*
ਜੀਹਦੇ	(ਰੱਬੀ) ਦਰਗਾਹੋਂ	ਕਿਸਮਤ	ਹੁੰਦੀ ਹੈ	ਮੁੱਖ, ਮੂੰਹ	ਮੱਥੇ ਉੱਤੇ
ਤਿਨਿ *(ਤਿਨ੍ਹ)*	ਜਨਿ *(ਜਨ)*	ਲੈ		ਹਿਰਦੈ	ਰਾਖੀ ॥
ਉਸ	ਪੁਰਸ਼ ਨੇ	ਲੈਕੇ, ਗ੍ਰਹਿਣ ਕਰਕੇ		ਚਿੱਤ ਵਿਚ	ਰੱਖ ਲਈ, ਟਿਕਾ ਲਈ

...ਜੀਹਦੇ ਮੁੱਖ ਅਤੇ ਮਸਤਕ ਤੇ (ਰੱਬੀ) ਦਰਗਾਹੋਂ ਕਿਸਮਤ ਵਿਚ (ਲਿਖਿਆ) ਹੁੰਦਾ ਹੈ, ਉਹੀ ਪੁਰਸ਼ ਇਸ (ਸਿੱਖਿਆ) ਨੂੰ (ਆਪਣੇ) ਹਿਰਦੇ ਵਿਚ ਗ੍ਰਹਿਣ ਕਰਕੇ ਟਿਕਾ ਲੈਂਦਾ ਹੈ...

ਅੰਕ ੮੭-੮੮

ਹਰਿ *(ਹਰ)*	ਅੰਮ੍ਰਿਤ	ਕਥਾ	ਸਰੇਸਟ *(ਸਰੇਸ਼ਟ)*	ਊਤਮ,
ਪ੍ਰਭੂ	ਅਮਰ ਕਰ ਦੇਣ ਵਾਲੀ	ਵਿਆਖਿਆ	ਆਲ੍ਹਾ	ਉੱਤਮ

ਗੁਰ	ਬਚਨੀ	ਸਹਜੇ *(ਸਹਿਜੇ)*	ਚਾਖੀ ॥
ਸਤਿਗੁਰੂ	ਬਚਨਾਂ ਦੁਆਰਾ	ਸਹਿਜ-ਸੁਭਾ	ਚਿੱਥੀ, ਭਾਵ ਮਾਣੀ

...ਪਰਮਾਤਮਾ ਦੀ, ਅਮਰ ਕਰ ਦੇਣ ਵਾਲੀ ਕਥਾ (ਅਤਿਅੰਤ) ਉੱਤਮ ਅਤੇ ਸ੍ਰੇਸ਼ਠ ਹੈ, ਸਤਿਗੁਰੂ ਦੇ (ਅਮੋਲਕ) ਬਚਨਾਂ ਦੁਆਰਾ ਨਿਰਯਤਨ ਹੀ ਉਸ ਨੂੰ ਮਾਣਿਆਂ ਜਾ ਸਕਦਾ ਹੈ...

ਤਹ *(ਤਹਿ)*	ਭਇਆ	ਪ੍ਰਗਾਸੁ, *(ਪ੍ਰਗਾਸ)*	ਮਿਟਿਆ	ਅੰਧਿਆਰਾ,
ਉੱਥੇ	ਹੋ ਜਾਂਦਾ	ਪ੍ਰਕਾਸ਼, ਚਾਨਣ	ਮਿਟ ਜਾਂਦਾ	ਅੰਧਕਾਰ, ਹਨ੍ਹੇਰਾ

ਜਿਉ *(ਜਿਉਂ)*	ਸੂਰਜ	ਰੈਣਿ *(ਰੈਣ)*	ਕਿਰਾਖੀ ॥
ਜਿਵੇਂ	ਦਿਵਾਕਰ	ਰਾਤ	ਖਿੱਚ ਲੈਂਦਾ, ਮੁਕਾ ਦਿੰਦਾ

...(ਇਹ ਅੰਮ੍ਰਿਤ-ਕਥਾ ਜਦੋਂ ਗੁਰਮੁੱਖ ਦੇ ਹਿਰਦੇ ਅੰਦਰ ਵਸਦੀ ਹੈ ਤਾਂ) ਉੱਥੇ (ਅਗਿਆਨ ਦਾ) ਅੰਧਕਾਰ ਮਿੱਟ ਜਾਂਦਾ ਹੈ, ਅਤੇ (ਰੱਬੀ-ਗਿਆਨ ਦਾ) ਮਹਾਂ-ਚਾਨਣ ਹੋ ਜਾਂਦਾ ਹੈ, (ਜਿਵੇਂ ਜਦੋਂ) ਸੂਰਜ ਚੜ੍ਹਦਾ ਹੈ ਤਾਂ ਉਹ ਰਾਤ ਦੇ ਹਨ੍ਹੇਰੇ ਨੂੰ ਖਿੱਚ ਕੇ, ਮਿਟਾ ਦਿੰਦਾ ਹੈ...

ਅਦਿਸਟੁ *(ਅਦਿਸ਼ਟ)*	ਅਗੋਚਰੁ *(ਅਗੋਚਰ)*	ਅਲਖੁ *(ਅਲੱਖ)*	ਨਿਰੰਜਨੁ, *(ਨਿਰੰਜਨ)*
ਨਾ ਦਿਸਣ ਵਾਲਾ	ਪਹੁੰਚ ਤੋਂ ਪਰ੍ਹੇ	ਸਮਝ ਤੋਂ ਪਰ੍ਹੇ, ਅਦ੍ਰਿਸ਼	ਮਾਇਆ ਤੋਂ ਰਹਿਤ

ਸੋ	ਦੇਖਿਆ	ਗੁਰਮੁਖਿ *(ਗੁਰਮੁਖ)*	ਆਖੀ *(ਆਖੀਂ)* ॥੧੨॥
ਉਹ	ਦੇਖ ਲਿਆ	ਗੁਰਮੁਖਾਂ ਨੇ	ਅੱਖਾਂ ਨਾਲ

...(ਗਿਆਨ ਦੇ ਇਸ ਮਹਾਂ-ਚਾਨਣ ਵਿਚ) ਉਸ ਅਦ੍ਰਿਸ਼ਟ, ਅਗੋਚਰ, ਅਲੱਖ ਅਤੇ ਨਿਰੰਜਨ ਅਕਾਲ ਪੁਰਖ ਦੇ ਦੀਦਾਰ ਫਿਰ ਉਹ ਗੁਰਮੁਖ਼-ਜਨ ਆਪਣੀਆਂ ਅੱਖੀਆਂ ਨਾਲ ਕਰਦੇ ਹਨ।

ਸਲੋਕੁ, *(ਸਲੋਕ)*	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਸਤਿਗੁਰੁ *(ਸਤਗੁਰ)*	ਸੇਵੇ	ਆਪਣਾ,
ਸੱਤਗੁਰੂ	ਸੇਂਵਦਾ, ਹੁਕਮ ਮੰਨਦਾ	ਆਪ ਦਾ

ਸੋ	ਸਿਰੁ *(ਸਿਰ)*	ਲੇਖੈ	ਲਾਇ॥
ਉਹ	ਸੀਸ	ਲੇਖੇ ਵਿਚ	ਲਾਉਂਦਾ ਹੈ

ਅੰਕ ੮੮

(ਜੋ ਮਨੁੱਖ ਜੀਵਨ ਵਿਚ) ਆਪਣੇ ਸਤਿਗੁਰੂ ਦੀ ਸੇਵਾ ਕਰਦਾ, ਭਾਵ ਹੁਕਮ ਮੰਨਦਾ ਹੈ, ਉਹ ਆਪਣਾ ਸੀਸ ਲੇਖੇ ਵਿਚ ਲਾਉਂਦਾ ਹੈ, ਆਪਣਾ ਜੀਵਨ ਸਫ਼ਲਾ ਕਰ ਲੈਂਦਾ ਹੈ...

ਵਿਚਹੁ *(ਵਿਚਹੁਂ)*	**ਆਪੁ** *(ਆਪ)*	**ਗਵਾਇ**	**ਕੈ,**
(ਹਿਰਦੇ) ਅੰਦਰੋਂ	ਆਪਾ, ਹੰਕਾਰ	ਗੁਆ, ਮਿਟਾ	ਕੇ

ਰਹਨਿ *(ਰਹਿਨ)*	**ਸਚਿ** *(ਸੱਚ)*	**ਲਿਵ**	**ਲਾਇ॥**
ਰਹਿੰਦੇ	ਸੱਤ(ਨਾਮ) ਵਿਚ	ਧਿਆਨ	ਲਗਾਕੇ, ਜੋੜ ਕੇ

...(ਫਿਰ ਹੁਕਮ ਮੰਨ ਕੇ ਉਹ) ਆਪਣੇ ਅੰਦਰੋਂ ਅਹੰਕਾਰ ਮਿਟਾ ਕੇ, (ਸਦਾ) ਸੱਤ-ਨਾਮ ਵਿਚ ਧਿਆਨ ਜੋੜੀ ਰੱਖਦੇ ਹਨ...

ਸਤਿਗੁਰੁ, *(ਸਤਗੁਰ)*	**ਜਿਨੀ** *(ਜਿਨ੍ਹੀਂ)*	**ਨ** *(ਨਾਂ)*	**ਸੇਵਿਓ,**
ਸਤਿਗੁਰੂ	ਜਿਨ੍ਹਾਂ ਨੇ	ਨਹੀਂ	ਸੇਵਿਆ ਭਾਵ ਹੁਕਮ ਮੰਨਿਆ

ਤਿਨਾ *(ਤਿਨ੍ਹਾਂ)*	**ਬਿਰਥਾ**	**ਜਨਮੁ** *(ਜਨਮ)*	**ਗਵਾਇ॥**
ਉਨ੍ਹਾਂ ਨੇ	ਵਿਅਰਥ	ਜੀਵਨ	ਗਵਾ ਲਿਆ ਹੈ

...ਜਿਨ੍ਹਾਂ (ਮਨਮੁੱਖਾਂ ਨੇ) ਸਤਿਗੁਰੂ ਨੂੰ ਨਹੀਂ ਸੇਵਿਆ ਭਾਵ ਸਤਿਗੁਰੂ ਦਾ ਹੁਕਮ ਨਹੀਂ ਮੰਨਿਆਂ, ਉਨ੍ਹਾਂ ਨੇ (ਸਮਝੋ) ਆਪਣਾ ਜੀਵਨ ਵਿਅਰਥ ਹੀ ਗਵਾ ਲਿਆ ਹੈ...

ਨਾਨਕ,	**ਜੋ**	**ਤਿਸੁ** *(ਤਿਸ)*	**ਭਾਵੈ,**	**ਸੋ**	**ਕਰੇ,**
ਹੇ ! ਨਾਨਕ !	ਜਿਹੜਾ	ਉਸ ਨੂੰ	ਚੰਗਾ ਲਗਦੈ	ਉਹੀ	ਕਰਦਾ ਹੈ

ਕਹਣਾ *(ਕਹਿਣਾ)*	**ਕਿਛੂ**	**ਨ** *(ਨਾਂ)*	**ਜਾਇ॥੧॥**
ਕਿਹਾ, ਆਖਿਆ	ਕੁਝ ਵੀ	ਨਹੀਂ	ਜਾ ਸਕਦਾ

...ਹੇ! ਨਾਨਕ! ਜਿਹੜਾ ਕੁਝ ਪਰਮਾਤਮਾ ਨੂੰ ਚੰਗਾ ਲਗਦਾ ਹੈ, ਉਹ ਉਹੀ ਕੁਝ ਕਰਦਾ ਹੈ, ਕਰਤਾ ਪੁਰਖ ਦੀ ਇਸ ਖੇਡ ਬਾਰੇ ਕੁਝ ਵੀ ਆਖ਼ਿਆ, ਕਿਹਾ ਨਹੀਂ ਜਾ ਸਕਦਾ।

ਮਃ *(ਮਹਿਲਾ)*	**੩** *(ਤੀਜਾ)* **॥**
ਪਾਤਸ਼ਾਹੀ	ਤੀਸਰੀ

ਮਨੁ *(ਮਨ)*	**ਵੇਕਾਰੀ** *(ਵੇਕਾਰੀਂ)*	**ਵੇੜਿਆ,**
ਚਿੱਤ	ਵਿਕਾਰਾਂ ਨਾਲ	ਘਿਰਿਆ ਹੋਇਆ

ਵੇਕਾਰਾ *(ਵੇਕਾਰਾਂ)*	ਕਰਮ	ਕਮਾਇ॥
ਵਿਕਾਰਾਂ ਵਾਲੇ	ਕੰਮ	ਕਮਾਉਂਦਾ, ਕਰਦਾ

ਵਿਕਾਰਾਂ ਨਾਲ ਘਿਰਿਆ ਹੋਇਆ (ਜੀਵ) ਵਿਕਾਰੀ-ਕਰਮ ਹੀ ਕਮਾਉਂਦਾ ਹੈ...

ਦੂਜੈ	ਭਾਇ,	ਅਗਿਆਨੀ	ਪੂਜਦੇ,
ਦੂਸਰੇ	ਪ੍ਰੇਮ	ਗਿਆਨਹੀਣ	ਉਪਾਸ਼ਨਾ ਕਰਦੇ

ਦਰਗਹ *(ਦਰਗਹਿ)*	ਮਿਲੈ	ਸਜਾਇ॥
(ਰੱਬੀ) ਦਰਗਾਹ ਵਿਚ	ਮਿਲਦੀ ਹੈ	ਸਜ਼ਾ, ਦੰਡ

...ਦ੍ਵੈਤ-ਭਾਵ ਅਥਵਾ ਮਾਇਆ ਦੇ ਮੋਹ ਵਿਚ ਖ਼ਚਿਤ, ਗਿਆਨਹੀਣ (ਪ੍ਰਾਣੀ, ਮਾਇਆ ਦੀ ਹੀ) ਪੂਜਾ ਕਰਦੇ ਰਹਿੰਦੇ ਹਨ, ਅਜਿਹੇ ਮਨੁੱਖਾਂ ਨੂੰ ਫ਼ਿਰ ਰੱਬੀ ਦਰਗਾਹ ਵਿਚ ਇਸ ਦੀ ਸਜ਼ਾ ਮਿਲਦੀ ਹੈ...

ਆਤਮ	ਦੇਉ	ਪੂਜੀਐ,
ਰੂਹ	ਰੌਸ਼ਨੀ ਦੇਣ ਵਾਲਾ	ਅਰਾਧੀਏ

ਬਿਨੁ *(ਬਿਨ)*	ਸਤਿਗੁਰ *(ਸਤਗੁਰ)*	ਬੂਝ	ਨ *(ਨਾਂ)*	ਪਾਇ॥
ਬਿਨਾਂ	ਸਤਿਗੁਰੂ	ਸਮਝ	ਨਹੀਂ	ਪੈਂਦੀ

...(ਇਸ ਲਈ ਹੇ! ਭਾਈ!) ਰੂਹਾਨੀ-ਰੌਸ਼ਨੀ ਦੇਣ ਵਾਲੇ (ਪਰਮਾਤਮਾ) ਦੀ ਹੀ ਅਰਾਧਨਾ ਕਰਨੀ ਚਾਹੀਦੀ ਹੈ, (ਪ੍ਰੰਤੂ) ਸਤਿਗੁਰੂ ਤੋਂ ਬਿਨਾਂ ਇਸ ਸੱਚ ਦੀ ਸਮਝ ਨਹੀਂ ਪੈਂਦੀ...

ਜਪੁ *(ਜਪ)*	ਤਪੁ *(ਤਪ)*	ਸੰਜਮੁ, *(ਸੰਜਮ)*	ਭਾਣਾ	ਸਤਿਗੁਰੂ	ਕਾ,
ਸਿਮਰਨ	ਕਰੜੀ ਘਾਲਣਾ	ਮਰਿਯਾਦਾ	ਹੁਕਮ,ਮਰਜ਼ੀ	ਸਤਿਗੁਰ	ਦਾ

ਕਰਮੀ *(ਕਰਮੀਂ)*	ਪਲੈ	ਪਾਇ॥
ਮਿਹਰ ਰਾਹੀਂ	ਝੋਲੀ ਵਿਚ	ਪੈਂਦਾ ਹੈ

...ਸਿਮਰਨ, (ਨਾਮ ਦੀ) ਕਰੜੀ ਘਾਲ-ਕਮਾਈ ਅਤੇ ਜੀਵਨ ਦੀ ਮਰਿਯਾਦਾ ਆਦਿ ਸਭ ਕੁਝ ਸਤਿਗੁਰੂ ਦੇ ਹੁਕਮ ਨਾਲ ਹੀ ਹੁੰਦਾ ਹੈ। ਪਰ ਇਸ ਹੁਕਮ ਦੀ ਸਮਝ ਵੀ (ਰੱਬੀ) ਮਿਹਰ ਰਾਹੀਂ ਹੀ ਝੋਲੀ ਵਿਚ ਪੈਂਦੀ ਹੈ...

ਨਾਨਕ,	ਸੇਵਾ	ਸੁਰਤਿ *(ਸੁਰਤ)*	ਕਮਾਵਣੀ,
ਹੇ! ਨਾਨਕ!	ਟਹਿਲ ਭਾਵ ਹੁਕਮ	ਸੁਰਤੀ ਨੂੰ	ਕਮਾਉਣੀ ਚਾਹੀਦੀ ਹੈ

ਅੰਕ ੮੮

ਜੋ	ਹਰਿ *(ਹਰ)*	ਭਾਵੈ,	ਸੋ	ਥਾਇ *(ਥਾਇਂ)*	ਪਾਇ॥੨॥
ਜਿਹੜਾ ਕੁਝ	ਹਰੀ ਨੂੰ	ਚੰਗਾ ਲਗਦਾ	ਉਹ	ਕਬੂਲ, ਪਰਵਾਨ	ਪੈਂਦੀ ਹੈ

...ਹੇ! ਨਾਨਕ! (ਸਤਿਗੁਰੂ ਦੀ) ਟਹਿਲ, ਭਾਵ ਹੁਕਮ ਦੀ ਕਾਰ ਸੁਰਤ ਨੂੰ (ਗੁਰ-ਸ਼ਬਦ) ਵਿਚ ਜੋੜ ਕੇ ਕਮਾਉਣੀ ਚਾਹੀਦੀ ਹੈ। ਹੁਕਮ ਵਿਚ ਕੀਤੀ ਹੋਈ ਘਾਲ-ਕਮਾਈ ਜਿਹੜੀ ਹਰਿ-ਜੀ ਨੂੰ ਚੰਗੀ ਲਗ ਜਾਏ, ਉਹੋ ਹੀ ਉਨ੍ਹਾਂ ਦੀ ਦਰਗਾਹ ਵਿਚ ਕਬੂਲ ਹੋ ਜਾਂਦੀ ਹੈ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ *(ਹਰ)*	ਹਰਿ *(ਹਰ)*	ਨਾਮੁ, *(ਨਾਮ)*	ਜਪਹੁ	ਮਨ	ਮੇਰੇ,
ਪ੍ਰਭੂ	ਪ੍ਰਭੂ	ਨਾਮ	ਅਰਾਧੋ	ਚਿੱਤ	ਆਪਣੇ

ਜਿਤੁ *(ਜਿਤ)*	ਸਦਾ	ਸੁਖੁ *(ਸੁੱਖ)*	ਹੋਵੈ	ਦਿਨੁ *(ਦਿਨ)*	ਰਾਤੀ ॥
ਜਿਸ ਨਾਲ	ਹਮੇਸ਼ਾਂ	ਅਨੰਦ	ਹੁੰਦਾ ਹੈ	ਦਿਨਸ	ਰਾਤ

(ਹੇ!) ਮੇਰੇ ਮਨ! ਹਰਿ-ਨਾਮ ਦੀ ਅਰਾਧਨਾ ਕਰੋ, ਜਿਸ ਨਾਲ ਦਿਨ ਰਾਤ, ਹਮੇਸ਼ਾਂ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ...

ਹਰਿ *(ਹਰ)*	ਹਰਿ *(ਹਰ)*	ਨਾਮੁ, *(ਨਾਮ)*	ਜਪਹੁ	ਮਨ	ਮੇਰੇ,
ਪ੍ਰਭੂ	ਪ੍ਰਭੂ	ਨਾਮ	ਅਰਾਧੋ	ਚਿੱਤ	ਆਪਣੇ

ਜਿਤੁ *(ਜਿਤ)*	ਸਿਮਰਤ,	ਸਭਿ *(ਸਭ)*	ਕਿਲਵਿਖ *(ਕਿਲਵਿਖ)*	ਪਾਪ	ਲਹਾਤੀ ॥
ਜਿਸ ਨੂੰ	ਸਿਮਰਿਆਂ	ਸਾਰੇ	ਗੁਨਾਹ	ਕੁਕਰਮ	ਲਹਿ ਜਾਂਦੇ, ਉਤਰ ਜਾਂਦੇ

...(ਹੇ!) ਮੇਰੇ ਮਨ, ਹਰਿ-ਨਾਮ ਦੀ ਅਰਾਧਨਾ ਕਰੋ, ਜਿਸ ਨਾਲ (ਜੀਵਨ ਦੇ) ਸਾਰੇ ਗੁਨਾਹ ਅਤੇ ਕੁਕਰਮ ਲਹਿ ਜਾਂਦੇ ਹਨ ਭਾਵ ਮਿਟ ਜਾਂਦੇ ਹਨ...

ਹਰਿ *(ਹਰ)*	ਹਰਿ *(ਹਰ)*	ਨਾਮੁ, *(ਨਾਮ)*	ਜਪਹੁ	ਮਨ	ਮੇਰੇ,
ਪ੍ਰਭੂ	ਪ੍ਰਭੂ	ਨਾਮ	ਅਰਾਧੋ	ਚਿੱਤ	ਆਪਣੇ

ਜਿਤੁ *(ਜਿਤ)*	ਦਾਲਦੁ *(ਦਾਲਦ)*	ਦੁਖ	ਭੁਖ	ਸਭ	ਲਹਿ	ਜਾਤੀ ॥
ਜਿਸ ਨਾਲ	ਦਲਿਦ੍ਰ, ਗਰੀਬੀ	ਕਸ਼ਟ	ਤ੍ਰਿਸ਼ਨਾ	ਸਾਰੀ	ਉਤਰ	ਜਾਂਦੀ

...(ਹੇ!) ਮੇਰੇ ਮਨ! ਹਰਿ-ਨਾਮ ਦੀ ਅਰਾਧਨਾ ਕਰੋ, ਜਿਸ ਨਾਲ (ਜੀਵਨ ਦੀ) ਗਰੀਬੀ, ਦੁੱਖ ਅਤੇ ਤ੍ਰਿਸ਼ਨਾਂ ਸਭ ਮਿਟ ਜਾਂਦੀ ਹੈ...

ਅੰਕ ੮੮

ਹਰਿ *(ਹਰ)*	ਹਰਿ *(ਹਰ)*	ਨਾਮੁ, *(ਨਾਮ)*	ਜਪਹੁ	ਮਨ	ਮੇਰੇ,
ਪ੍ਰਭੂ	ਪ੍ਰਭੂ	ਨਾਮ	ਅਰਾਧੋ	ਚਿੱਤ	ਆਪਣੇ

ਮੁਖਿ *(ਮੁੱਖ)*	ਗੁਰਮੁਖਿ *(ਗੁਰਮੁਖ)*	ਪ੍ਰੀਤਿ *(ਪ੍ਰੀਤ)*	ਲਗਾਤੀ ॥
ਮੁੱਖ ਅੰਦਰ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਪਿਆਰ	ਲੱਗ ਜਾਂਦੀ ਹੈ

...(ਹੇ!) ਮੇਰੇ ਮਨ! ਹਰਿ-ਨਾਮ ਦੀ ਅਰਾਧਨਾ ਕਰੋ, (ਇਸ ਨਾਲ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਮੁੱਖ ਅੰਦਰ ਭਾਵ ਹਿਰਦੇ ਵਿਚ, ਰੱਬੀ-ਪ੍ਰੀਤ ਲੱਗ ਜਾਂਦੀ ਹੈ...

ਜਿਤੁ *(ਜਿਤ)*	ਮੁਖਿ *(ਮੁੱਖ)*	ਭਾਗੁ *(ਭਾਗ)*	ਲਿਖਿਆ	ਧੁਰਿ *(ਧੁਰ)*	ਸਾਚੈ,
ਜਿਸ	ਮੁੱਖ ਉੱਤੇ	ਕਿਸਮਤ	ਅੰਕਿਤ ਕੀਤਾ	ਧੁਰ-ਦਰਗਾਹੋਂ	ਸਦਾ-ਸਥਿਰ (ਪ੍ਰਭੂ) ਨੇ

ਹਰਿ *(ਹਰ)*	ਤਿਤੁ *(ਤਿਤ)*	ਮੁਖਿ *(ਮੁੱਖ)*	ਨਾਮੁ *(ਨਾਮ)*	ਜਪਾਤੀ ॥੧੩॥
ਪ੍ਰਭੂ	ਉਸ	ਮੁੱਖ ਰਾਹੀਂ	(ਪ੍ਰਭੂ) ਨਾਮ	ਜਪਾਉਂਦਾ ਹੈ

...ਜਿਸ ਮੁੱਖੜੇ ਤੇ ਸਦਾ-ਸਥਿਰ ਪਰਮੇਸ਼ਰ ਨੇ, ਧੁਰ-ਦਰਗਾਹੋਂ ਹੀ ਕਿਸਮਤ ਲਿਖੀ ਹੁੰਦੀ ਹੈ, ਹਰੀ ਉਸ ਦੇ ਮੁੱਖ ਰਾਹੀਂ ਹੀ ਆਪਣਾ ਨਾਮ ਜਪਾਉਂਦਾ ਹੈ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਸਤਿਗੁਰੁ, *(ਸਤਗੁਰ)*	ਜਿਨੀ *(ਜਿਨ੍ਹੀਂ)*	ਨ *(ਨਾਂ)*	ਸੇਵਿਓ,
ਸਤਿਗੁਰੂ	ਜਿਸ ਨੇ	ਨਹੀਂ	ਸੇਵਿਆ

ਸਬਦਿ *(ਸ਼ਬਦ)*	ਨ *(ਨਾਂ)*	ਕੀਤੋ	ਵੀਚਾਰੁ *(ਵੀਚਾਰ)* ॥
ਸ਼ਬਦ ਦੀ	ਨਹੀਂ	ਕੀਤੀ	ਵਿਚਾਰ, ਵਿਵੇਚਨ, ਚਿੰਤਨ

ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ ਨਹੀਂ ਕੀਤੀ ਭਾਵ ਸਤਿਗੁਰੂ ਦਾ ਹੁਕਮ ਨਹੀਂ ਮੰਨਿਆਂ, ਅਤੇ ਗੁਰ-ਸ਼ਬਦ ਦਾ ਚਿੰਤਨ ਨਹੀਂ ਕੀਤਾ...

ਅੰਤਰਿ *(ਅੰਤਰ)*	ਗਿਆਨੁ *(ਗਿਆਨ)*	ਨ *(ਨਾਂ)*	ਆਇਓ,
ਹਿਰਦੇ ਵਿਚ	ਸੋਝੀ, ਸਮਝ	ਨਹੀਂ	ਆਉਂਦਾ

ਮਿਰਤਕੁ *(ਮਿਰਤਕ)*	ਹੈ	ਸੰਸਾਰਿ *(ਸੰਸਾਰ)* ॥
ਮਰਿਆ ਹੋਇਆ, ਮੁਰਦਾ	ਹੋਣ ਦੀ ਕ੍ਰਿਆ	ਜਗਤ ਵਿਚ

ਅੰਕ ੯੮

....ਉਨ੍ਹਾਂ ਦੇ ਹਿਰਦੇ ਵਿਚ ਰੱਬੀ-ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਅਤੇ ਉਹ ਜਗਤ ਵਿਚ ਮੁਰਦੇ ਦੀ ਨਿਆਈਂ ਹੁੰਦੇ ਹਨ...

ਲਖ*(ਲੱਖ)*	**ਚਉਰਾਸੀਹ**	**ਫੇਰੁ***(ਫੇਰ)*	**ਪਇਆ,**
ਗਿਣਤੀ ਦੀ ਇਕ ਇਕਾਈ	ਚੌਰਾਸੀ(੮੪)	ਗੇੜ, ਚੱਕਰ	ਪੈ ਜਾਂਦਾ

ਮਰਿ*(ਮਰ)*	**ਜੰਮੈ**	**ਹੋਇ**	**ਖੁਆਰੁ***(ਖ਼ੁਆਰ)* ॥
ਮਰ ਕੇ	ਜੰਮ ਕੇ	ਹੁੰਦੇ	ਖ਼ੱਜਲ

...ਉਨ੍ਹਾਂ ਨੂੰ ਚੌਰਾਸੀ ਲੱਖ ਜੂਨਾਂ ਦਾ ਚੱਕਰ ਪਿਆ ਹੀ ਰਹਿੰਦਾ ਹੈ, ਅਤੇ ਉਹ ਮਰਣ-ਜੰਮਣ ਵਿਚ ਹੀ ਖੱਜਲ-ਖ਼ੁਆਰ ਹੁੰਦੇ ਰਹਿੰਦੇ ਹਨ...

ਸਤਿਗੁਰ*(ਸਤਗੁਰ)*	**ਕੀ**	**ਸੇਵਾ**	**ਸੋ**	**ਕਰੇ,**
ਸਤਿਗੁਰੂ	ਦੀ	ਸੇਵਾ, ਭਾਵ ਹੁਕਮ	ਉਹੀ	ਕਰਦਾ

ਜਿਸ	**ਨੋ**	**ਆਪਿ***(ਆਪ)*	**ਕਰਾਏ**	**ਸੋਇ॥**
ਜਿਹੜੇ	ਨੂੰ	ਆਪ, ਖ਼ੁਦ	ਕਰਵਾਏ	ਉਹ(ਪ੍ਰਭੂ)

...ਸਤਿਗੁਰੂ ਦੀ ਸੇਵਾ, ਭਾਵ ਹੁਕਮ ਉਹੀ ਮੰਨਦਾ ਹੈ ਜਿਸ ਨੂੰ ਉਹ (ਪਰਮੇਸ਼ਰ) ਆਪ ਇਹ ਹੁਕਮ ਮੰਨਵਾਉਂਦਾ ਹੈ...

ਸਤਿਗੁਰ*(ਸਤਗੁਰ)*	**ਵਿਚਿ***(ਵਿਚ)*	**ਨਾਮੁ***(ਨਾਮ)*	**ਨਿਧਾਨੁ***(ਨਿਧਾਨ)*	**ਹੈ,**
ਸਤਿਗੁਰੂ	ਵਿਚ, ਅੰਦਰ	ਨਾਮ	ਖ਼ਜ਼ਾਨਾ	ਹੋਣ ਦੀ ਕ੍ਰਿਆ

ਕਰਮਿ*(ਕਰਮ)*	**ਪਰਾਪਤਿ***(ਪਰਾਪਤ)*	**ਹੋਇ॥**
ਬਖਸ਼ਿਸ਼ ਰਾਹੀਂ	ਪ੍ਰਾਪਤ	ਹੁੰਦਾ ਹੈ

...(ਹੇ! ਭਾਈ) ਸਤਿਗੁਰੂ ਵਿਚ ਤਾਂ (ਪ੍ਰਭੂ) ਨਾਮ ਦਾ (ਦੁਰਲੱਭ) ਖ਼ਜ਼ਾਨਾ ਹੁੰਦਾ ਹੈ, ਜੋ (ਰੱਬੀ) ਮਿਹਰ ਰਾਹੀਂ ਹੀ ਪ੍ਰਾਪਤ ਹੁੰਦਾ ਹੈ...

ਸਚਿ*(ਸੱਚ)*	**ਰਤੇ,**	**ਗੁਰ**	**ਸਬਦ***(ਸ਼ਬਦ)*	**ਸਿਉ,***(ਸਿਉਂ)*
ਸਤਿ(ਨਾਮ) ਵਿਚ	ਰੰਗੇ	ਸਤਿਗੁਰੂ	ਸ਼ਬਦ	ਨਾਲ

ਤਿਨ*(ਤਿਨ੍ਹ)*	**ਸਚੀ***(ਸੱਚੀ)*	**ਸਦਾ**	**ਲਿਵ**	**ਹੋਇ॥**
ਉਨ੍ਹਾਂ	ਸੱਚੀ	ਹਮੇਸ਼ਾਂ	ਧਿਆਨ	ਹੁੰਦੀ ਹੈ

ਅੰਕ ੯੮

...ਜਿਹੜੇ ਗੁਰ-ਸ਼ਬਦ ਨਾਲ, ਸਤਿ-ਨਾਮ ਵਿਚ ਰੰਗੇ ਹੋਏ ਹੁੰਦੇ ਹਨ, ਉਨ੍ਹਾਂ ਦੀ ਲਿਵ ਹਮੇਸ਼ਾਂ ਹੀ ਸੱਚੀ ਭਾਵ ਸੱਤ-ਸਰੂਪ ਹੁੰਦੀ ਹੈ ਅਥਵਾ ਉਹ ਨਿਰੰਤਰ ਗੁਰ-ਸ਼ਬਦ ਦੇ ਟਿਕਾਉ ਵਿਚ ਰਹਿੰਦੇ ਹਨ...

ਨਾਨਕ,	**ਜਿਸ**	**ਨੋ**	**ਮੇਲੇ**	**ਨ** *(ਨਾਂ)*	**ਵਿਛੁੜੈ,**
ਹੇ ! ਨਾਨਕ !	ਜਿਹੜੇ	ਨੂੰ	ਮੇਲ ਦੇਵੇ	ਨਹੀਂ	ਵਿੱਛੜਦਾ, ਵੱਖ ਹੁੰਦਾ

ਸਹਜਿ *(ਸਹਿਜ)*	**ਸਮਾਵੈ**	**ਸੋਇ॥੧॥**
ਅਡੋਲ ਅਵਸਥਾ ਵਿਚ	ਸਮਾ ਜਾਂਦਾ, ਅਭੇਦ ਹੋ ਜਾਂਦਾ	ਉਹ

...ਹੇ! ਨਾਨਕ, ਜਿਸ ਨੂੰ ਵਾਹਿਗੁਰੂ (ਆਪਣੇ ਨਾਲ) ਮੇਲ ਲੈਂਦਾ ਹੈ, ਉਹ ਫਿਰ ਕਦੀ ਪਰਮੇਸ਼ਰ ਤੋਂ ਵਿਛੜਦਾ ਨਹੀਂ। ਉਹ ਸਦੀਵ ਕਾਲ ਲਈ ਆਤਮਿਕ ਟਿਕਾਉ ਵਾਲੀ, ਤ੍ਰਿਗੁਣ-ਅਤੀਤ ਅਵਸਥਾ ਵਿਚ ਅਭੇਦ ਹੋ ਜਾਂਦਾ ਹੈ...

ਮः *(ਮਹਿਲਾ)*	**੩** *(ਤੀਜਾ)* **॥**
ਪਾਤਸ਼ਾਹੀ	ਤੀਸਰੀ

ਸੋ	**ਭਗਉਤੀ,**	**ਜੋੁ** *(ਜੋ)*	**ਭਗਵੰਤੈ**	**ਜਾਣੈ ॥**
ਉਹੀ	ਵਿਸ਼ਨੂੰ-ਅਵਤਾਰ ਕ੍ਰਿਸ਼ਨ ਦੇ ਭਗਤ, ਜੋ ਨੱਚ-ਕੁੱਦ ਕੇ ਆਪਣੀ ਭਗਤੀ ਕਰਨ ਦਾ ਯਤਨ ਕਰਦੇ ਹਨ	ਉਹੀ	ਭਗਵੰਤ ਨੂੰ	ਜਾਣ ਲੈਂਦਾ

(ਹੇ! ਭਾਈ! ਸਹੀ ਅਰਥਾਂ ਵਿਚ) ਭਗਤੀਆ-ਸਾਧਕ ਉਹੀ ਹੈ, ਜੋ ਅਕਾਲ ਪੁਰਖ ਦੀ ਪਹਿਚਾਣ ਕਰ ਲੈਂਦਾ ਹੈ...

ਗੁਰ	**ਪਰਸਾਦੀ,**	**ਆਪੁ** *(ਆਪ)*	**ਪਛਾਣੈ ॥**
ਸਤਿਗੁਰੂ	ਮਿਹਰ ਰਾਹੀਂ	ਖ਼ੁਦ	ਪਛਾਣ ਲੈਂਦਾ

...ਅਤੇ ਸਤਿਗੁਰੂ ਦੀ ਮਿਹਰ ਰਾਹੀਂ ਆਪਣੇ ਆਪ ਦੀ ਪਹਿਚਾਣ ਵੀ ਕਰ ਲੈਂਦਾ ਹੈ...

ਧਾਵਤੁ *(ਧਾਵਤ)*	**ਰਾਖੈ,**	**ਇਕਤੁ** *(ਇੱਕਤ)*	**ਘਰਿ** *(ਘਰ)*	**ਆਣੈ ॥**
ਧਾਉਂਦੇ, ਭੱਜਦੇ	ਰੋਕ ਲੈਂਦਾ	ਇੱਕ (ਪ੍ਰਭੂ) ਨੂੰ	ਘਰ ਵਿਚ	ਲੈ ਆਉਂਦਾ

...ਉਹ (ਵਿਕਾਰਾਂ ਵਲ) ਦੌੜਦੇ, ਭਟਕਦੇ (ਮਨ ਨੂੰ) ਭੱਜਣੋ ਰੋਕ ਲੈਂਦਾ ਹੈ, ਅਤੇ ਇਕ (ਪਰਮੇਸ਼ਰ ਨੂੰ ਆਪਣੇ ਹਿਰਦੇ ਰੂਪੀ) ਨਿੱਜ-ਘਰ ਵਿਚ ਲੈ ਆਉਂਦਾ ਹੈ...

ਜੀਵਤੁ *(ਜੀਵਤ)*	**ਮਰੈ,**	**ਹਰਿ** *(ਹਰ)*	**ਨਾਮੁ** *(ਨਾਮ)*	**ਵਖਾਣੈ ॥**
ਜਿਉਂਦਿਆਂ	ਮਰ ਜਾਂਦਾ ਹੈ	ਪ੍ਰਭੂ	ਨਾਮ	ਬਿਆਨ ਕਰਦਾ, ਉਚਾਰਨ ਕਰਦਾ

ਅੰਕ ੯੮

...ਉਹ ਆਪਣੀ ਜ਼ਿੰਦਗੀ ਵਿਚ ਜਿਉਂਦਿਆਂ ਹੀ (ਹਉਮੈ ਅਤੇ ਮਾਇਆਵੀ ਵਿਕਾਰਾਂ ਵਲੋਂ ਮਨ ਨੂੰ ਤੋੜ ਕੇ) ਮਰ ਜਾਂਦਾ ਹੈ, ਅਤੇ ਸਦਾ ਵਾਹਿਗੁਰੂ-ਨਾਮ ਦਾ ਹੀ ਉਚਾਰਣ ਕਰਦਾ ਰਹਿੰਦਾ ਹੈ...

ਐਸਾ	**ਭਗਉਤੀ,**	**ਉਤਮੁ** *(ਉੱਤਮ)*	**ਹੋਇ॥**
ਅਜਿਹਾ	ਭਗਤੀਆ-ਸਾਧਕ	ਸ੍ਰੇਸ਼ਠ	ਹੁੰਦਾ ਹੈ

...(ਸਹੀ ਅਰਥਾਂ ਵਿਚ) ਅਜਿਹਾ ਭਗਤੀਆ-ਸਾਧਕ ਹੀ ਸ੍ਰੇਸ਼ਠ ਹੁੰਦਾ ਹੈ।...

ਨਾਨਕ,	**ਸਚਿ** *(ਸੱਚ)*	**ਸਮਾਵੈ**	**ਸੋਇ॥੨॥**
ਹੇ ! ਨਾਨਕ !	ਸਦਾ ਸਥਿਰ (ਪ੍ਰਭੂ) ਵਿਚ	ਸਮਾ ਜਾਂਦਾ, ਅਭੇਦ ਹੋ ਜਾਂਦਾ	ਉਹ

...ਹੇ! ਨਾਨਕ! (ਫ਼ਿਰ ਅਜਿਹਾ ਭਗਉਤੀ ਹਮੇਸ਼ਾਂ ਲਈ) ਸਦਾ-ਸਥਿਰ (ਵਾਹਿਗੁਰੂ) ਵਿਚ ਅਭੇਦ ਹੋ ਜਾਂਦਾ ਹੈ।

ਮਃ *(ਮਹਿਲਾ)*	**੩** *(ਤੀਜਾ)* **॥**
ਪਾਤਸ਼ਾਹੀ	ਤੀਸਰੀ

ਅੰਤਰਿ *(ਅੰਤਰ)*	**ਕਪਟੁ,** *(ਕਪਟ)*	**ਭਗਉਤੀ**	**ਕਹਾਏ ॥**
ਅੰਤਹਕਰਣ ਵਿਚ	ਧੋਖ਼ਾ, ਛਲ, ਫਰੇਬ	ਭਗਤੀਆ-ਸਾਧ	ਕਹਾਉਂਦਾ ਹੈ

(ਜਿਸ ਦੇ) ਅੰਤਹਕਰਣ ਵਿਚ ਤਾਂ ਛਲ ਅਤੇ ਫ਼ਰੇਬ (ਭਰਿਆ ਪਿਆ) ਹੈ ਪਰ ਬਾਹਰੋਂ ਉਹ (ਕ੍ਰਿਸ਼ਨ ਦਾ) ਭਗਤੀਆ-ਸਾਧ ਕਹਾਉਂਦਾ ਹੈ...

ਪਾਖੰਡਿ, *(ਪਾਖੰਡ)*	**ਪਾਰਬ੍ਰਹਮੁ** *(ਪਾਰਬ੍ਰਹਮ)*	**ਕਦੇ**	**ਨ** *(ਨਾਂ)*	**ਪਾਏ ॥**
ਦਿਖਾਵਾ, ਦੰਭ	ਅਕਾਲ ਪੁਰਖ	ਕਦੀ ਵੀ	ਨਹੀਂ	ਪਾ ਸਕਦਾ

...ਇਵੇਂ ਉਹ ਦੰਭੀ, ਭਾਵ ਦਿਖਾਵੇ ਦੀ ਕਰਮ-ਕਾਂਡੀ ਭਗਤੀ ਨਾਲ ਕਦੇ ਵੀ ਅਕਾਲ ਪੁਰਖ ਦੀ ਪ੍ਰਾਪਤੀ ਨਹੀਂ ਕਰ ਸਕਦਾ...

ਪਰ	**ਨਿੰਦਾ**	**ਕਰੇ,**	**ਅੰਤਰਿ** *(ਅੰਤਰ)*	**ਮਲੁ** *(ਮਲ)*	**ਲਾਏ ॥**
ਪਰਾਈ, ਦੂਸਰੇ ਦੀ	ਨਿੰਦਿਆ	ਕਰਦਾ	ਅੰਤਹਕਰਣ ਵਿਚ	ਮੈਲ, ਗੰਦਗੀ	ਲਾਉਂਦਾ

...(ਉਹ) ਦੂਸਰਿਆਂ ਦੀ ਨਿੰਦਿਆ ਕਰਦਾ, ਭਾਵ ਔਗਣ ਕਢਦਾ ਹੈ, (ਇਵੇਂ ਪਰਾਈ ਨਿੰਦਾ ਨਾਲ ਉਹ ਆਪਣਾ) ਅੰਤਹਕਰਣ, ਗੰਦਗੀ ਨਾਲ ਲਬੇੜ ਲੈਂਦਾ ਹੈ...

ਬਾਹਰਿ *(ਬਾਹਰ)*	**ਮਲੁ** *(ਮਲ)*	**ਧੋਵੈ,**
ਬਾਹਰੋਂ	ਮੈਲ, ਗੰਦਗੀ	ਧੋਏ, ਸਾਫ਼ ਕਰੇ

ਮਨ	**ਕੀ**	**ਜੂਠਿ**(*ਜੂਠ*)	**ਨ**(*ਨਾਂ*)	**ਜਾਏ ॥**
ਚਿੱਤ	ਦੀ	ਗੰਦਗੀ, ਅਪਵਿੱਤ੍ਰਤਾ	ਨਹੀਂ	ਜਾਂਦੀ

...(ਭਾਵੇਂ ਉਹ ਕਰਮ-ਕਾਂਡੀ) ਇਸ਼ਨਾਨ ਆਦਿਕ ਕਰਕੇ ਬਾਹਰਲੀ ਮੈਲ ਨੂੰ (ਕਿਨਾਂ ਵੀ) ਸਾਫ਼ ਕਰਨ ਦਾ ਯਤਨ ਕਰੇ, (ਪਰ ਇਸ ਨਾਲ, ਹਿਰਦੇ ਦੀ) ਅਪਵਿੱਤ੍ਰਤਾ ਨਹੀਂ ਜਾ ਸਕਦੀ...

ਸਤਸੰਗਤਿ(*ਸਤਸੰਗਤ*)	**ਸਿਉ,**(*ਸਿਉਂ*)	**ਬਾਦੁ**(*ਬਾਦ*)	**ਰਚਾਏ ॥**
ਸੱਤ ਪੁਰਖਾਂ ਦੀ ਸੰਗਤ	ਨਾਲ	ਝਗੜਾ, ਵਿਵਾਦ	ਰਚਾਉਂਦਾ, ਕਰਦਾ

...(ਜੋ) ਸੱਤਸੰਗਤ ਨਾਲ ਝਗੜਾ-ਬਖੇੜਾ ਕਰਦਾ ਹੈ...

ਅਨਦਿਨੁ(*ਅਨਦਿਨ*)	**ਦੁਖੀਆ,**	**ਦੂਜੈ**	**ਭਾਇ**	**ਰਚਾਏ ॥**
ਹਰ ਰੋਜ਼	ਦੁੱਖੀ	ਦ੍ਵੈਤ	ਪ੍ਰੇਮ	ਰਚਾ ਕੇ, ਲੱਗ ਕੇ

...(ਉਹ ਸਮਝੋ) ਦ੍ਵੈਤ-ਭਾਵ, ਅਥਵਾ ਮਾਇਆ ਦੇ ਪ੍ਰੇਮ ਵਿਚ ਲੱਗ ਕੇ, ਨਿੱਤ ਦਿਹਾੜੇ ਦੁੱਖੀ ਹੀ ਰਹਿੰਦਾ ਹੈ...

ਹਰਿ(*ਹਰ*)	**ਨਾਮੁ**(*ਨਾਮ*)	**ਨ**(*ਨਾਂ*)	**ਚੇਤੈ,**
ਪਰਮੇਸ਼ਰ	ਨਾਮ	ਨਹੀਂ	ਚੇਤਦਾ, ਸਿਮਰਦਾ

ਬਹੁ	**ਕਰਮ**	**ਕਮਾਏ ॥**
ਬਹੁਤ	ਕੰਮ	ਕਮਾਉਂਦਾ, ਕਰਦਾ

...(ਉਹ) ਹਰ-ਨਾਮ ਨਹੀਂ ਚੇਤਦਾ ਭਾਵ ਸਿਮਰਦਾ, (ਪਰ) ਬਹੁਤ ਸਾਰੇ ਵਿਖਾਵੇ ਦੇ ਫੋਕਟ ਕਰਮ-ਕਾਂਡ, ਕਰਦਾ ਰਹਿੰਦਾ ਹੈ...

ਪੂਰਬ	**ਲਿਖਿਆ,**	**ਸੁ**	**ਮੇਟਣਾ**	**ਨ**(*ਨਾਂ*)	**ਜਾਏ ॥**
ਪੂਰਬਲਾ	ਉਕਰਿਆ ਹੋਇਆ	ਉਹ	ਮਿਟਾਇਆ	ਨਹੀਂ	ਜਾ ਸਕਦਾ

...ਪੂਰਬਲੇ (ਕਰਮਾਂ ਅਨੁਸਾਰ) ਲਿਖਿਆ ਹੋਇਆ ਮਿਟਾਇਆ ਨਹੀਂ ਜਾ ਸਕਦਾ...

ਨਾਨਕ,	**ਬਿਨੁ**(*ਬਿਨ*)	**ਸਤਿਗੁਰ**(*ਸਤਗੁਰ*)	**ਸੇਵੇ,**
ਹੇ ! ਨਾਨਕ !	ਬਿਨਾਂ, ਬਗੈਰ	ਸਤਿਗੁਰੂ	ਸੇਵਾ ਕਰਨ ਤੋਂ

ਮੋਖੁ	**ਨ**(*ਨਾਂ*)	**ਪਾਏ ॥੩॥**
ਮੁਕਤੀ	ਨਹੀਂ	ਪ੍ਰਾਪਤ ਕੀਤੀ ਜਾ ਸਕਦੀ

...ਹੇ! ਨਾਨਕ! ਸਤਿਗੁਰੂ ਦੀ ਸੇਵਾ ਕਰਨ, ਭਾਵ ਹੁਕਮ ਮੰਨਣ ਤੋਂ ਬਿਨਾਂ, (ਮਾਇਆਵੀ ਵਿਕਾਰਾਂ ਦੇ ਬੰਧਨਾਂ ਤੋਂ) ਮੁਕਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

ਪਉੜੀ ॥

ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਸਤਿਗੁਰੁ *(ਸਤਗੁਰ)*	**ਜਿਨੀ** *(ਜਿਨ੍ਹੀਂ)*	**ਧਿਆਇਆ,**
ਸਤਿਗੁਰੂ	ਜਿਨ੍ਹਾਂ ਨੇ	ਅਰਾਧਿਆ, ਸਿਮਰਿਆ

ਸੇ	**ਕੜਿ** *(ਕੜ)*	**ਨ** *(ਨਾਂ)*	**ਸਵਾਹੀ ॥**
ਉਹ	ਕ੍ਰਿਝ ਕ੍ਰਿਝ ਕੇ, ਤਪ ਤਪ ਕੇ	ਨਹੀਂ	ਸੁਆਹ ਹੁੰਦੇ

ਜਿਨ੍ਹਾਂ ਨੇ ਸਤਿਗੁਰੂ ਦੀ ਅਰਾਧਨਾ ਕੀਤੀ ਹੈ, ਉਹ (ਜਗਤ ਦੇ ਮਾਇਆਵੀ ਵਿਕਾਰਾਂ ਦੀ ਅਗਨੀ ਵਿਚ) ਭੁੱਜ ਭੁੱਜ ਕੇ, ਤਪ ਤਪ ਕੇ ਸੁਆਹ ਨਹੀਂ ਹੁੰਦੇ...

ਸਤਿਗੁਰੁ *(ਸਤਗੁਰ)*	**ਜਿਨੀ** *(ਜਿਨ੍ਹੀ)*	**ਧਿਆਇਆ,**
ਸਤਿਗੁਰੂ	ਜਿਨ੍ਹਾਂ ਨੇ	ਅਰਾਧਿਆ, ਸਿਮਰਿਆ

ਸੇ	**ਤ੍ਰਿਪਤਿ** *(ਤ੍ਰਿਪਤ)*	**ਅਘਾਹੀ** *(ਅਘਾਹੀਂ)* **॥**
ਉਹ	ਸੰਤੁਸ਼ਟ	ਪੂਰੀ ਤਰ੍ਹਾਂ ਰੱਜੇ ਜਾਂਦੇ ਹਨ

...ਜਿਨ੍ਹਾਂ ਨੇ ਸਤਿਗੁਰੂ ਦੀ ਅਰਾਧਨਾ ਕੀਤੀ ਹੈ, ਉਹ (ਦੁਨਿਆਵੀ ਪਦਾਰਥਾਂ ਦੀ ਭੁੱਖ ਵਲੋਂ) ਪੂਰੀ ਤਰ੍ਹਾਂ ਰੱਜੇ ਹੋਏ, ਸੰਤੁਸ਼ਟ ਰਹਿੰਦੇ ਹਨ...

ਸਤਿਗੁਰੁ *(ਸਤਗੁਰ)*	**ਜਿਨੀ** *(ਜਿਨ੍ਹੀਂ)*	**ਧਿਆਇਆ,**
ਸਤਿਗੁਰੂ	ਜਿਨ੍ਹਾਂ ਨੇ	ਅਰਾਧਿਆ

ਤਿਨ *(ਤਿਨ੍ਹ)*	**ਜਮ**	**ਡਰੁ** *(ਡਰ)*	**ਨਾਹੀ** *(ਨਾਹੀਂ)* **॥**
ਉਨ੍ਹਾਂ ਨੂੰ	ਮੌਤ ਦੇ ਫ਼ਰਿਸ਼ਤੇ	ਭੈਅ	ਨਹੀਂ

...ਜਿਨ੍ਹਾਂ ਨੇ ਸਤਿਗੁਰੂ ਦੀ ਅਰਾਧਨਾ ਕੀਤੀ ਹੈ, ਭਾਵ ਬੰਦਗੀ ਕੀਤੀ ਹੈ, ਉਨ੍ਹਾਂ ਨੂੰ ਜਮਾਂ ਦਾ ਡਰ ਨਹੀਂ (ਵਿਆਪਦਾ)...

ਜਿਨ *(ਜਿਨ੍ਹ)*	**ਕਉ**	**ਹੋਆ**	**ਕ੍ਰਿਪਾਲੁ** *(ਕ੍ਰਿਪਾਲ)*	**ਹਰਿ,** *(ਹਰ)*
ਜਿਨ੍ਹਾਂ	ਤੇ	ਹੋਇਆ	ਦਇਆਲ, ਮਿਹਰਵਾਨ	ਪਰਮੇਸ਼ਰ

ਅੰਕ ੮੯

ਸੇ	ਸਤਿਗੁਰ *(ਸਤਗੁਰ)*	ਪੈਰੀ *(ਪੈਰੀਂ)*	ਪਾਹੀ *(ਪਾਹੀਂ)* ॥
ਉਹ	ਸਤਿਗੁਰੂ	ਚਰਨੀਂ	ਪੈ ਜਾਂਦੇ ਹਨ, ਢਹਿ ਪੈਂਦੇ ਹਨ

...ਜਿਨ੍ਹਾਂ ਉੱਤੇ ਪਰਮੇਸ਼ਰ ਮਿਹਰਵਾਨ ਹੋ ਜਾਂਦਾ ਹੈ, ਉਹ ਸਤਿਗੁਰੂ ਦੇ ਚਰਨਾਂ ਢਹਿ ਪੈਂਦੇ ਹਨ, ਭਾਵ ਗੁਰ-ਸ਼ਬਦ ਦੇ ਹੁਕਮ ਵਿਚ ਆਪਣਾ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੰਦੇ...

ਤਿਨ *(ਤਿਨ੍ਹ)*	ਐਥੈ	ਓਥੈ	ਮੁਖ *(ਮੁੱਖ)*	ਉਜਲੇ,
ਤਿਨ੍ਹਾਂ ਦੇ	ਇੱਥੇ	ਉੱਥੇ	ਮੂੰਹ	ਉਜ੍ਵਲ, ਨਿਰਮਲ, ਪਵਿੱਤਰ

ਹਰਿ *(ਹਰ)*	ਦਰਗਹ *(ਦਰਗਹਿ)*	ਪੈਧੇ	ਜਾਹੀ *(ਜਾਹੀਂ)* ॥੧੪॥
ਪ੍ਰਭੂ	ਦਰਗਾਹ	ਸਿਰੋਪਾ ਪਹਿਨਕੇ, ਸਤਿਕਾਰ ਨਾਲ	ਜਾਂਦੇ

...ਉਨ੍ਹਾਂ ਦੇ ਐਥੇ ਅਤੇ ਉੱਥੇ ਭਾਵ ਲੋਕ-ਪਰਲੋਕ ਵਿਚ ਮੁੱਖ ਪਵਿੱਤਰ ਹੁੰਦੇ ਹਨ ਅਤੇ ਉਹ ਰੱਬੀ-ਦਰਗਾਹੇ, ਇੱਜ਼ਤ-ਮਾਣ ਨਾਲ ਜਾਂਦੇ ਹਨ।

ਸਲੋਕ,	ਮਃ *(ਮਹਿਲਾ)*	੨ *(ਦੂਜਾ)* ॥
ਸਿਫ਼ਤ ਸਲਾਹ ਦਾਂ ਗੀਤ	ਪਾਤਸ਼ਾਹੀ	ਦੂਸਰੀ

ਜੋ	ਸਿਰੁ *(ਸਿਰ)*	ਸਾਂਈ *(ਸਾਈਂ)*	ਨਾ *(ਨਾਂ)*	ਨਿਵੈ, *(ਨਿਵੈਂ)*
ਜਿਹੜਾ	ਸੀਸ	ਮਾਲਕ, ਸਾਹਿਬ	ਨਹੀਂ	ਨਿਉਂਦਾ, ਝੁਕਦਾ

ਸੋ	ਸਿਰੁ *(ਸਿਰ)*	ਦੀਜੈ	ਡਾਰਿ *(ਡਾਰ)* ॥
ਉਹ	ਸੀਸ	ਦਿਉ	ਸੁੱਟ

ਜਿਹੜਾ ਸੀਸ ਪਰਮੇਸ਼ਰ ਅੱਗੇ ਨਹੀਂ ਝੁਕਦਾ ਉਸ ਸੀਸ ਨੂੰ (ਪਰ੍ਹਾਂ) ਸੁਟ ਦਿਓ, ਤਿਆਗ ਦਿਓ...

ਨਾਨਕ,	ਜਿਸੁ *(ਜਿਸ)*	ਪਿੰਜਰ	ਮਹਿ *(ਮਹਿਂ)*	ਬਿਰਹਾ,	ਨਹੀ, *(ਨਹੀਂ)*
ਹੇ! ਨਾਨਕ!	ਜਿਹੜੇ	ਹੱਡੀਆਂ ਦਾ	ਢਾਂਚਾ,ਸਰੀਰ	ਵਿਚ ਵੈਰਾਗ	ਨਹੀਂ

ਸੋ	ਪਿੰਜਰੁ *(ਪਿੰਜਰ)*	ਲੈ	ਜਾਰਿ *(ਜਾਰ)* ॥੧॥
ਉਸ	ਹੱਡੀਆਂ ਦਾ ਢਾਂਚਾ, ਸਰੀਰ	ਲੈਕੇ	ਜਲਾ ਦਿਓ, ਸਾੜ ਦਿਓ

...ਹੇ! ਨਾਨਕ! ਜਿਹੜੇ ਸਰੀਰ ਵਿਚ (ਵਾਹਿਗੁਰੂ ਦੇ ਵਿਛੋੜੇ ਦੀ) ਤੜਪ ਨਹੀਂ, ਭਾਵ ਪ੍ਰਭੂ-ਪ੍ਰੀਤ ਨਹੀਂ, ਉਸ ਨੂੰ ਲੈਕੇ ਸਾੜ-ਬਾਲ ਦਿਓ।

ਅੰਕ ੮੯

ਮ: *(ਮਹਿਲਾ)*	੫ *(ਪੰਜਵਾਂ)* ॥		
ਪਾਤਸ਼ਾਹੀ	ਪੰਜਵੀਂ		

ਮੁੰਢਹੁ *(ਮੁੰਢਹੁੰ)*	ਭੁਲੀ	ਨਾਨਕਾ,
ਸ਼ੁਰੂ ਤੋਂ ਹੀਂ	ਭੁੱਲ ਗਈ	ਹੇ ! ਨਾਨਕ !

ਫਿਰਿ *(ਫਿਰ)*	ਫਿਰਿ *(ਫਿਰ)*	ਜਨਮਿ *(ਜਨਮ)*	ਮੁਈਆਸੁ *(ਮੁਈਆਸ)* ॥
ਦੁਬਾਰਾ	ਦੁਬਾਰਾ	ਜਨਮ ਲੈਕੇ	ਮਰ ਜਾਂਦੀ

ਹੇ! ਨਾਨਕ! (ਜਿਹੜੀ ਜੀਵ-ਇਸਤ੍ਰੀ ਜੀਵਨ ਸਫ਼ਰ ਦੇ) ਆਰੰਭ ਤੋਂ ਹੀ (ਆਦਿ-ਸਿਰਜਣਹਾਰ ਨੂੰ) ਭੁੱਲ ਗਈ, ਉਹ ਮੁੜ ਮੁੜ ਜਨਮ ਲੈ ਲੈ ਕੇ ਮਰਦੀ ਰਹਿੰਦੀ ਹੈ...

ਕਸਤੂਰੀ	ਕੈ	ਭੋਲੜੈ,
ਹਿਰਨ ਦੀ ਧੁੰਨੀ ਵਿਚਲਾ ਖ਼ੁਸ਼ਬੂਦਾਰ ਪਦਾਰਥ	ਦੇ	ਭੁਲਾਵੇ, ਭੁਲੇਖੇ

ਗੰਦੇ	ਡੁੰਮਿ *(ਡੁੰਮ)*	ਪਈਆਸੁ *(ਪਈਆਸ)* ॥੨॥
ਗੰਦਗੀ	ਡੂੰਘੇ ਟੋਏ	ਪੈ ਜਾਂਦਾ, ਡਿਗ ਜਾਂਦਾ

...(ਮੁੰਢਹੁੰ ਖੁਥੀ ਹੋਣ ਕਰਕੇ, ਜੀਵਨ ਭਰ ਉਹ ਹਿਰਨ ਵਾਂਗ) ਕਸਤੂਰੀ ਦੇ ਭੁਲੇਖੇ (ਆਪਣੇ ਅੰਤਹਕਰਣ ਵਿਚਲੀ ਖ਼ੁਸ਼ਬੂ ਨੂੰ ਲੱਭਦੀ ਲੱਭਦੀ ਉਲਟਾ, ਮਾਇਆਵੀ ਵਿਕਾਰਾਂ ਦੀ) ਗੰਦਗੀ ਦੇ ਡੂੰਘੇ ਟੋਏ ਵਿਚ ਹੀ ਡਿਗ ਜਾਂਦੀ ਹੈ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਸੋ	ਐਸਾ	ਹਰਿ *(ਹਰ)*	ਨਾਮੁ, *(ਨਾਮ)*	ਧਿਆਈਐ	ਮਨ	ਮੇਰੇ,
ਉਸ	ਇਸ ਤਰ੍ਹਾਂ ਦੇ	ਪ੍ਰਭੂ	ਨਾਮ	ਸਿਮਰੀਏ	ਚਿੱਤ	ਆਪਣੇ

ਜੋ	ਸਭਨਾ	ਉਪਰਿ *(ਉਪਰ)*	ਹੁਕਮੁ *(ਹੁਕਮ)*	ਚਲਾਏ ॥
ਜਿਹੜਾ	ਸਾਰਿਆਂ	ਉੱਤੇ	ਆਗਿਆ	ਚਲਾਉਂਦਾ

ਹੇ! ਮੇਰੇ ਮਨਾਂ! ਉਸ ਅਜਿਹੇ ਪਰਮੇਸ਼ਰ ਦੇ ਨਾਮ ਨੂੰ ਸਿਮਰਨਾ ਚਾਹੀਦਾ ਹੈ, ਜਿਹੜਾ ਸਾਰਿਆਂ (ਜੀਵਾਂ) ਉਪਰ (ਆਪਣਾ) ਹੁਕਮ ਚਲਾਉਂਦਾ ਹੈ...

ਸੋ	ਐਸਾ	ਹਰਿ *(ਹਰ)*	ਨਾਮੁ, *(ਨਾਮ)*	ਜਪੀਐ	ਮਨ	ਮੇਰੇ,
ਉਸ	ਅਜਿਹੇ	ਪ੍ਰਭੂ	ਨਾਮ	ਸਿਮਰੀਏ	ਚਿੱਤ	ਆਪਣੇ

ਅੰਕ ੮੯

ਜੋ	**ਅੰਤੀ**	**ਅਉਸਰਿ** *(ਅਉਸਰ)*	**ਲਏ**	**ਛਡਾਏ ॥**
ਜਿਹੜਾ	ਅਖ਼ੀਰਲੇ	ਮੌਕੇ, ਵੇਲੇ, ਸਮੇਂ	ਲਵੇ	ਛੁਡਾ

...ਹੇ! ਮੇਰੇ ਮਨਾਂ! ਅਜਿਹੇ ਵਾਹਿਗੁਰੂ ਦਾ ਨਾਮ ਜਪਣਾ ਚਾਹੀਦਾ ਹੈ, ਜਿਹੜਾ (ਜੀਵਨ ਦੇ) ਅੰਤ ਵੇਲੇ (ਜਮ-ਡੰਡ ਦੇ ਡਰ ਤੋਂ) ਮੁਕਤ ਕਰਵਾ ਦਏ...

ਸੋ	**ਐਸਾ**	**ਹਰਿ** *(ਹਰ)*	**ਨਾਮੁ,** *(ਨਾਮ)*	**ਜਪੀਐ**	**ਮਨ**	**ਮੇਰੇ,**
ਉਸ	ਅਜਿਹੇ	ਪ੍ਰਭੂ	ਨਾਮ	ਸਿਮਰੀਏ	ਚਿੱਤ	ਆਪਣੇ

ਜੁ *(ਜੋ)*	**ਮਨ**	**ਕੀ**	**ਤ੍ਰਿਸਨਾ** *(ਤ੍ਰਿਸ਼ਨਾ)*	**ਸਭ**	**ਭੁਖ**	**ਗਵਾਏ ॥**
ਜਿਹੜਾ	ਚਿੱਤ	ਦੀ	ਲੋਚਾ, ਖਾਹਿਸ਼	ਸਾਰੀ	ਇੱਛਾਵਾਂ	ਗੁਆ ਦਿੰਦਾ, ਮਿਟਾ ਦਿੰਦਾ

...ਹੇ! ਮੇਰੇ ਮਨਾਂ, ਅਜਿਹੇ ਵਾਹਿਗੁਰੂ ਦਾ ਨਾਮ ਜਪਣਾ ਚਾਹੀਦਾ ਹੈ, ਜਿਹੜਾ (ਜੀਵਨ ਦੀਆਂ) ਹਰ ਤਰ੍ਹਾਂ ਦੀਆਂ ਤ੍ਰਿਸ਼ਨਾਵਾਂ ਅਤੇ ਇੱਛਾਵਾਂ ਨੂੰ ਮਿਟਾ ਦਿੰਦਾ ਹੈ...

ਸੋ	**ਗੁਰਮੁਖਿ,** *(ਗੁਰਮੁਖ)*	**ਨਾਮੁ** *(ਨਾਮ)*	**ਜਪਿਆ**	**ਵਡਭਾਗੀ,** *(ਵਡਭਾਗੀਂ)*
ਉਨ੍ਹਾਂ	ਸਤਿਗੁਰੂ ਦੀ ਸਨਮੁੱਖਤਾ ਰਾਹੀਂ	(ਪ੍ਰਭੂ)ਨਾਮ	ਸਿਮਰਿਆ	ਵੱਡੇ ਭਾਗਾਂ ਵਾਲਿਆਂ ਨੇ

ਤਿਨ *(ਤਿਨ੍ਹ)*	**ਨਿੰਦਕ**	**ਦੁਸਟ** *(ਦੁਸ਼ਟ)*	**ਸਭਿ** *(ਸਭ)*	**ਪੈਰੀ** *(ਪੈਰੀਂ)*	**ਪਾਏ ॥**
ਉਨ੍ਹਾਂ	ਨਿੰਦਾ ਕਰਨ ਵਾਲੇ	ਕੁਕਰਮੀ	ਸਾਰੇ	ਚਰਨਾਂ ਤੇ	ਪੈ ਜਾਂਦੇ ਹਨ

...ਜਿਨ੍ਹਾਂ ਵੱਡਭਾਗੀਆਂ ਨੇ ਸਤਿਗੁਰੂ ਦੀ ਸਨਮੁੱਖਤਾ ਰਾਹੀਂ (ਪਰਮੇਸ਼ਰ ਦਾ) ਨਾਮ ਸਿਮਰਿਆ ਹੈ, ਸਭ ਨਿੰਦਕ ਅਤੇ ਦੁਸ਼ਟ ਉਨ੍ਹਾਂ ਦੇ ਚਰਨੀਂ ਢਹਿ ਪੈਂਦੇ ਹਨ...

ਨਾਨਕ,	**ਨਾਮੁ,** *(ਨਾਮ)*	**ਅਰਾਧਿ** *(ਅਰਾਧ)*	**ਸਭਨਾ**	**ਤੇ**	**ਵਡਾ,**
ਹੇ! ਨਾਨਕ!	ਨਾਮ	ਸਿਮਰ, ਜੱਪ	ਸਾਰਿਆਂ	ਤੋਂ	ਮਹਾਨ, ਸ੍ਰੇਸ਼ਠ

ਸਭਿ *(ਸਭ)*	**ਨਾਵੈ** *(ਨਾਵੈਂ)*	**ਅਗੈ**	**ਆਣਿ** *(ਆਣ)*	**ਨਿਵਾਏ ॥੧੫॥**
ਸਾਰੇ	ਨਾਮ ਦੇ	ਅੱਗੇ, ਸਾਹਮਣੇ	ਲਿਆ ਕੇ	ਨਿਵਾ ਦਿੱਤੇ ਹਨ

...ਹੇ! ਨਾਨਕ! ਸਾਰਿਆਂ ਤੋਂ ਅਤਿ ਸ੍ਰੇਸ਼ਠ, ਪਰਮੇਸ਼ਰ ਦੇ (ਐਸੇ) ਨਾਮ ਦਾ ਸਿਮਰਨ ਕਰ, ਜਿਸ ਨਾਮ ਅੱਗੇ (ਵਾਹਿਗੁਰੂ ਨੇ) ਸਭਨਾਂ ਨੂੰ ਲਿਆ ਕੇ ਨਤ-ਮਸਤਕ ਕਰ ਦਿੱਤਾ ਹੈ।

ਸਲੋਕ,	**ਮਃ** *(ਮਹਿਲਾ)*	**੩** *(ਤੀਜਾ)* **॥**
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਅੰਕ ੮੯

ਵੇਸ	ਕਰੇ	ਕੁਰੂਪਿ *(ਕਰੂਪ)*	ਕੁਲਖਣੀ, *(ਕੁਲੱਖਣੀ)*
ਭੇਖ਼, ਸ਼ਿੰਗਾਰ	ਕਰਦੀ	ਕੁਹਝੀ, ਬਦਸ਼ਕਲ	ਭੈੜੇ ਲੱਛਣਾਂ ਵਾਲੀ

ਮਨਿ *(ਮਨ)*	ਖੋਟੈ	ਕੂੜਿਆਰਿ *(ਕੂੜਿਆਰ)* ॥
ਚਿੱਤ	ਬੁਰਾ, ਕਪਟੀ	ਝੂਠੀ

ਕੁਹਝੀ ਅਤੇ ਕੁਲੱਛਣੀ (ਦੁਹਾਗਣ, ਸੁਹਾਗਣਾਂ ਵਾਂਗ) ਬਸਤ੍ਰ ਪਹਿਨਣ ਅਤੇ ਸ਼ਿੰਗਾਰ (ਕਰਨ ਦਾ ਯਤਨ) ਕਰਦੀ ਹੈ, ਪਰ ਉਹ ਮਨ ਕਰਕੇ ਕਪਟੀ ਅਤੇ ਝੂਠੀ ਹੀ ਰਹਿੰਦੀ ਹੈ...

ਪਿਰ	ਕੈ	ਭਾਣੈ	ਨਾ *(ਨਾਂ)*	ਚਲੈ,
(ਪ੍ਰਭੂ) ਖ਼ਸਮ	ਦੇ	ਹੁਕਮ/ਮਰਜ਼ੀ ਵਿਚ	ਨਹੀਂ	ਚਲਦੀ, ਤੁਰਦੀ

ਹੁਕਮੁ *(ਹੁਕਮ)*	ਕਰੇ	ਗਾਵਾਰਿ *(ਗਵਾਰ)* ॥
ਆਗਿਆ, ਮਰਜ਼ੀ	ਕਰਦੀ	ਮੂਰਖ਼, ਅਸਭਯ

...(ਉਹ ਪ੍ਰਭੂ) ਖ਼ਸਮ ਦੀ ਆਗਿਆ ਵਿਚ ਨਹੀਂ ਚਲਦੀ, (ਸਗੋਂ ਉਲਟਾ) ਮੂਰਖਾਂ ਵਾਂਗ ਖ਼ਸਮ ਤੇ ਹੀ ਆਪਣਾ ਹੁਕਮ ਚਲਾਉਣ ਦਾ ਯਤਨ ਕਰਦੀ ਹੈ...

ਗੁਰ	ਕੈ	ਭਾਣੈ	ਜੋ	ਚਲੈ,
ਸਤਿਗੁਰੂ	ਦੇ	ਆਗਿਆ ਵਿਚ	ਜਿਹੜੀ	ਚਲਦੀ, ਤੁਰਦੀ

ਸਭਿ *(ਸਭ)*	ਦੁਖ *(ਦੁੱਖ)*	ਨਿਵਾਰਣਹਾਰਿ *(ਨਿਵਾਰਣਹਾਰ)* ॥
ਸਾਰੇ	ਕਸ਼ਟ, ਤਕਲੀਫ਼ਾਂ	ਨਿਵਾਰ ਲੈਂਦੀ ਹੈ, ਮਿਟਾ ਲੈਂਦੀ ਹੈ

...ਜਿਹੜੀ (ਜੀਵ-ਇਸਤ੍ਰੀ) ਸਤਿਗੁਰੂ ਦੀ ਆਗਿਆ ਵਿਚ ਤੁਰਦੀ ਹੈ, ਉਹ (ਜੀਵਨ ਦੇ) ਸਾਰੇ ਦੁੱਖ-ਤਕਲੀਫ਼ਾਂ ਦੂਰ ਕਰ ਲੈਂਦੀ ਹੈ...

ਲਿਖਿਆ	ਮੇਟਿ *(ਮੇਟ)*	ਨ *(ਨਾਂ)*	ਸਕੀਐ,
ਉਕਰਿਆ	ਖ਼ਤਮ ਕੀਤਾ, ਮੇਟਿਆ	ਨਹੀਂ	ਸਕਦਾ

ਜੋ	ਧੁਰਿ *(ਧੁਰ)*	ਲਿਖਿਆ	ਕਰਤਾਰਿ *(ਕਰਤਾਰ)* ॥
ਜਿਹੜਾ	ਰੱਬੀ-ਦਰਗਾਹੋਂ	ਲਿੱਖ ਦਿੱਤਾ	ਕਰਤਾ ਪੁਰਖ਼ ਨੇ

...(ਭਾਗਾਂ ਵਿਚ) ਜੋ ਕੁਝ ਕਰਤਾ ਪੁਰਖ਼ ਨੇ ਧੁਰ-ਦਰਗਾਹੋਂ ਲਿੱਖ ਦਿੱਤਾ ਹੈ, ਉਨ੍ਹਾਂ ਲਿਖੇ ਹੋਏ (ਲੇਖਾਂ ਨੂੰ ਸਤਿਗੁਰੂ ਤੋਂ ਸਿਵਾ) ਕੋਈ ਮੇਟ ਨਹੀਂ ਸਕਦਾ...

ਅੰਕ ੮੯

ਮਨੁ *(ਮਨ)*	ਤਨੁ *(ਤਨ)*	ਸਉਪੇ *(ਸਉਂਪੇ)*	ਕੰਤ	ਕਉ,
ਚਿੱਤ	ਸਰੀਰ	ਅਰਪਣ ਕਰੇ	ਪ੍ਰੀਤਮ, ਖ਼ਸਮ	ਨੂੰ

ਸਬਦੇ *(ਸ਼ਬਦੇ)*	ਧਰੇ	ਪਿਆਰੁ *(ਪਿਆਰ)* ॥
ਗੁਰ-ਸ਼ਬਦ ਨਾਲ	ਟਿਕਾਵੇ, ਕਰੇ	ਪ੍ਰੀਤ

...(ਹਾਂ) ਆਪਣਾ ਮਨ ਅਤੇ ਤਨ (ਪ੍ਰਭੂ) ਕੰਤ ਨੂੰ (ਪੂਰੀ ਤਰ੍ਹਾਂ) ਸਮਰਪਿਤ ਕਰ ਦੇਵੇ, ਅਤੇ ਗੁਰ-ਸ਼ਬਦ ਨਾਲ ਪ੍ਰੀਤ ਪਾ ਲਵੇ, (ਤਾਂ ਕਿਤੇ ਜਾਕੇ, ਧੁਰ ਦੇ ਲੇਖਾਂ ਨੂੰ ਮਿਟਾਇਆ ਜਾ ਸਕਦਾ ਹੈ)...

ਬਿਨੁ, *(ਬਿਨ)*	ਨਾਵੈ, *(ਨਾਵੈਂ)*	ਕਿਨੈ *(ਕਿਨ੍ਹੈ)*	ਨ *(ਨਾਂ)*	ਪਾਇਆ,
ਬਿਨਾਂ, ਬਗੈਰ	ਨਾਮ ਤੋਂ	ਕਿਸੇ ਨੇ ਵੀ	ਨਹੀਂ	ਪ੍ਰਾਪਤ ਕੀਤਾ

ਦੇਖਹੁ	ਰਿਦੈ	ਬੀਚਾਰਿ *(ਬੀਚਾਰ)* ॥
ਵੇਖੋ	ਹਿਰਦੇ ਵਿਚ	ਵਿਚਾਰ ਕੇ, ਚਿੰਤਨ ਕਰਕੇ

...ਬਿਨਾਂ ਨਾਮ (ਦੇ ਸਿਮਰਨ ਤੋਂ) ਕਿਸੇ ਨੇ ਵੀ ਅਕਾਲ ਪੁਰਖ਼ ਦੀ ਪ੍ਰਾਪਤੀ ਨਹੀਂ ਕੀਤੀ, ਭਾਵੇਂ ਇਸ ਗਲ ਨੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲਵੋ...

ਨਾਨਕ,	ਸਾ	ਸੁਆਲਿਓ	ਸੁਲਖਣੀ, *(ਸੁਲੱਖਣੀ)*
ਹੇ ! ਨਾਨਕ	ਉਹ	ਸੁਹਣੀ, ਸੁੰਦਰ	ਚੰਗੇ ਲੱਛਣਾਂ ਵਾਲੀ

ਜਿ *(ਜੇ)*	ਰਾਵੀ	ਸਿਰਜਨਹਾਰਿ *(ਸਿਰਜਨਹਾਰ)* ॥੧॥
ਜਿਹੜੀ	ਭੋਗੀ, ਮਾਣਿਆਂ	ਸਿਰਜਣਹਾਰ, ਕਰਤਾ ਪੁਰਖ਼

...ਹੇ! ਨਾਨਕ! ਉਹੀ (ਜੀਵ-ਇਸਤ੍ਰੀ) ਸੁੰਦਰ ਅਤੇ ਚੰਗੇ ਲੱਛਣਾਂ ਵਾਲੀ ਹੈ, ਜਿਸ ਨੂੰ ਸਿਰਜਣਹਾਰ (ਵਾਹਿਗੁਰੂ ਨੇ, ਪਿਆਰ ਕਰਕੇ) ਮਾਣਿਆਂ ਹੈ।

ਮਃ *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਮਾਇਆ	ਮੋਹੁ *(ਮੋਹ)*	ਗੁਬਾਰੁ *(ਗੁਬਾਰ)*	ਹੈ,
ਧਨ-ਦੌਲਤ	ਸਨੇਹ, ਲਗਾਓ	ਧੂੜ ਦਾ ਉਡਦਾ ਤੂਫਾਨ, ਅੰਧਕਾਰ	ਹੋਣ ਦੀ ਕ੍ਰਿਆ

ਤਿਸ	ਦਾ	ਨ *(ਨਾਂ)*	ਦਿਸੈ	ਉਰਵਾਰੁ, *(ਉਰਵਾਰ)*	ਨ *(ਨਾਂ)*	ਪਾਰੁ *(ਪਾਰ)* ॥
ਉਸ	ਸੰਬੰਧਕ	ਨਹੀਂ	ਨਜ਼ਰ ਆਉਂਦਾ	ਉਰਲਾ ਪਾਸਾ	ਨਾਂ	ਪਾਰਲਾ ਪਾਸਾ

ਅੰਕ ੮੯

...ਮਾਇਆ ਦਾ ਮੋਹ ਤਾਂ, ਧੁੜ ਦੇ ਉਡਦੇ ਹੋਏ ਤੂਫ਼ਾਨ, ਭਾਵ ਅੰਧਕਾਰ ਵਾਂਗ ਹੈ, ਉਸ ਦਾ ਨਾਂ ਉਰਲਾ ਪਾਸਾ ਨਜ਼ਰ ਆਉਂਦਾ ਹੈ ਅਤੇ ਨਾਂ ਹੀ ਪਾਰਲਾ ਪਾਸਾ ਦਿਸਦਾ ਹੈ...

ਮਨਮੁਖ	**ਅਗਿਆਨੀ,**	**ਮਹਾ** *(ਮਹਾਂ)*	**ਦੁਖੁ** *(ਦੁੱਖ)*	**ਪਾਇਦੇ,** *(ਪਾਇੰਦੇ)*
ਮਨਮੱਤੀਏ, ਬੇਮੁੱਖ	ਬੇਸਮਝ	ਭਿਆਨਕ	ਕਸ਼ਟ	ਪਾਉਂਦੇ ਹਨ

ਡੁਬੇ	**ਹਰਿ** *(ਹਰ)*	**ਨਾਮ** *(ਨਾਮ)*	**ਵਿਸਾਰਿ** *(ਵਿਸਾਰ)* ॥
ਡੁੱਬੇ ਹੋਏ,ਗਰਕੇ ਹੋਏ	ਪ੍ਰਭੂ	ਨਾਮ	ਵਿਸਾਰ ਕੇ, ਭੁਲਾ ਕੇ

...ਬੇਸਮਝ ਮਨਮੁੱਖ, ਹਰਿ-ਨਾਮ ਨੂੰ ਭੁਲਾ ਕੇ, (ਉਸ ਅੰਧਕਾਰ ਵਿਚ) ਗਰਕ ਹੋਏ ਹੋਏ, ਭਿਆਨਕ ਦੁੱਖ ਪਾਉਂਦੇ ਹਨ...

ਭਲਕੇ	**ਉਠਿ** *(ਉਠ)*	**ਬਹੁ**	**ਕਰਮ**	**ਕਮਾਵਹਿ,** *(ਕਮਾਵਹਿਂ)*
ਰੋਜ਼ ਨਿਤ ਸਵੇਰੇ	ਉੱਠ ਕੇ, ਜਾਗ ਕੇ	ਬਹੁਤ	ਕੰਮ	ਕਰਦੇ, ਕਮਾਉਂਦੇ

ਦੂਜੈ	**ਭਾਇ**	**ਪਿਆਰੁ** *(ਪਿਆਰ)* ॥
ਦੂਸਰੀ	ਪ੍ਰੇਮ	ਪ੍ਰੀਤ

...(ਆਪਣੇ ਮਨ ਦੇ ਮਗਰ ਲੱਗੇ ਹੋਏ ਉਹ) ਹਰ ਰੋਜ਼ ਸਵੇਰੇ ਉੱਠ ਕੇ, ਦ੍ਵੈਤ-ਭਾਵ ਵਿਚ ਭਾਵ ਮਾਇਆ ਦੀ ਖਿੱਚ ਵਿਚ ਸਨੇਹ ਪਾਕੇ ਅਨੇਕਾਂ ਕਰਮ ਕਮਾਉਂਦੇ ਹਨ...

ਸਤਿਗੁਰੁ *(ਸਤਗੁਰ)*	**ਸੇਵਹਿ** *(ਸੇਵਹਿਂ)*	**ਆਪਣਾ,**
ਸਤਿਗੁਰੂ	ਸੇਵਾ ਕਰਦੇ, ਭਾਵ ਹੁਕਮ ਮੰਨਦੇ	ਖ਼ੁਦ ਦਾ

ਭਉਜਲੁ *(ਭਉਜਲ)*	**ਉਤਰੇ**	**ਪਾਰਿ** *(ਪਾਰ)* ॥
ਭਵ-ਸਾਗਰ	ਉੱਤਰ ਜਾਂਦੇ	ਪਾਰਲੇ ਪਾਸੇ

...(ਪਰ ਜੋ) ਆਪਣੇ ਸਤਿਗੁਰੂ ਦੀ ਸੇਵਾ ਕਰਦੇ, ਭਾਵ ਹੁਕਮ ਮੰਨਦੇ ਹਨ, ਸੰਸਾਰ ਦੇ (ਮਾਇਆਵੀ) ਭਵ-ਸਾਗਰ ਤੋਂ ਪਾਰ ਉੱਤਰ ਜਾਂਦੇ ਹਨ...

ਨਾਨਕ,	**ਗੁਰਮੁਖਿ** *(ਗੁਰਮੁਖ)*	**ਸਚਿ** *(ਸੱਚ)*	**ਸਮਾਵਹਿ,** *(ਸਮਾਵਹਿਂ)*
ਹੇ ! ਨਾਨਕ !	ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਸਦਾ-ਸਥਿਰ(ਪ੍ਰਭੂ) ਵਿਚ	ਸਮਾ/ਅਭੇਦ ਹੋ ਜਾਂਦੇ

ਸਚੁ *(ਸੱਚ)*	**ਨਾਮੁ** *(ਨਾਮ)*	**ਉਰ**	**ਧਾਰਿ** *(ਧਾਰ)* ॥੨॥
ਸਤਿ	ਨਾਮ	ਹਿਰਦੇ	ਧਾਰਕੇ, ਟਿਕਾ ਕੇ

ਅੰਕ ੮੯

...ਹੇ! ਨਾਨਕ! (ਜੀਵ) ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਸਤਿ-ਨਾਮ ਨੂੰ, ਹਿਰਦੇ ਵਿਚ ਵਸਾ ਕੇ, ਸਦਾ-ਸਥਿਰ (ਪਰਮੇਸ਼ਰ) ਵਿਚ ਸਦਾ ਸਦਾ ਲਈ ਅਭੇਦ ਹੋ ਜਾਂਦੇ ਹਨ।

ਪਉੜੀ ॥

ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ, *(ਹਰ)*	**ਜਲਿ** *(ਜਲ)*	**ਥਲਿ** *(ਥਲ)*	**ਮਹੀਅਲਿ** *(ਮਹੀਅਲ)*	**ਭਰਪੂਰਿ,** *(ਭਰਪੂਰ)*
ਪ੍ਰਭੂ	ਪਾਣੀ ਵਿਚ	ਧਰਤੀ ਵਿਚ	ਅਕਾਸ਼ ਵਿਚ	ਵਿਆਪਕ, ਪਸਰਿਆ ਹੋਇਆ

ਦੂਜਾ	**ਨਾਹਿ** *(ਨਾਹਿਂ)*	**ਕੋਇ॥**
ਦੂਸਰਾ	ਨਹੀਂ	ਕੋਈ ਵੀ

...ਕਰਤਾ ਪੁਰਖ਼ ਪਾਣੀ ਵਿਚ, ਧਰਤੀ ਵਿਚ ਅਤੇ ਅਕਾਸ਼ ਵਿਚ, ਭਾਵ ਹਰ ਥਾਂ ਵਿਆਪਕ ਹੈ, ਉਸ ਤੋਂ ਸਿਵਾ (ਬ੍ਰਹਿਮੰਡ ਵਿਚ ਉਸ ਦੇ ਬਰਾਬਰ ਦੀ) ਹੋਰ ਕੋਈ ਵੀ ਦੂਸਰੀ ਸ਼ਕਤੀ (ਮੌਜੂਦ) ਨਹੀਂ ਹੈ...

ਹਰਿ *(ਹਰ)*	**ਆਪਿ** *(ਆਪ)*	**ਬਹਿ**	**ਕਰੇ**	**ਨਿਆਉ,** *(ਨਿਆਉਂ)*
ਵਾਹਿਗੁਰੂ	ਖ਼ੁਦ ਹੀ	ਬੈਠ ਕੇ	ਕਰਦਾ	ਇਨਸਾਫ਼

ਕੂੜਿਆਰ	**ਸਭ**	**ਮਾਰਿ** *(ਮਾਰ)*	**ਕਢੋਇ॥**
ਝੂਠੇ	ਸਾਰੇ	ਮਾਰ ਕੇ, ਮੁਕਾ ਕੇ	ਕੱਢ ਦਿੱਤੇ ਹਨ

...ਵਾਹਿਗੁਰੂ ਖ਼ੁਦ ਹੀ ਬੈਠ ਕੇ (ਜੀਵਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ) ਇਨਸਾਫ਼ ਕਰਦਾ ਹੈ, ਅਤੇ ਸਭ ਝੂਠਿਆਂ ਅਥਵਾ (ਮਾਇਆਵੀ) ਕੂੜ ਵਿਚ ਖ਼ਚਿਤ ਹੋਇਆਂ ਨੂੰ ਮਾਰ-ਮੁਕਾ ਕੇ ਕੱਢ ਦਿੰਦਾ ਹੈ (ਭਾਵ ਉਹ ਰੱਬੀ-ਪ੍ਰੀਤ ਤੋਂ ਪਿਆਰ-ਵਿਹੂੰਨੇ ਹੋ ਜਾਂਦੇ ਹਨ)...

ਸਚਿਆਰਾ *(ਸਚਿਆਰਾਂ)*	**ਦੇਇ** *(ਦੇਅ)*	**ਵਡਿਆਈ,**
ਸਚਿਆਰ ਪੁਰਖਾਂ ਨੂੰ	ਦਿੰਦਾ ਹੈ	ਆਦਰ-ਸਤਿਕਾਰ

ਹਰਿ *(ਹਰ)*	**ਧਰਮ**	**ਨਿਆਉ** *(ਨਿਆਉਂ)*	**ਕੀਓਇ** *(ਕੀਓਏ)***॥**
ਪ੍ਰਭੂ	ਸੱਚਾ, ਸਹੀ	ਇਨਸਾਫ਼	ਕੀਤਾ ਹੋਇਆ

...(ਅਕਾਲ ਪੁਰਖ਼) ਸਚਿਆਰਿਆਂ ਨੂੰ (ਆਪਣੀ ਨਦਰਿ ਕਰਕੇ) ਆਦਰ-ਸਤਿਕਾਰ ਬਖਸ਼ਦਾ ਹੈ, ਬਸ! ਇਸ ਤਰ੍ਹਾਂ ਦਾ ਧਰਮੀ-ਨਿਆਉਂ ਕਰਦਾ ਹੈ, ਉਹ ਵਾਹਿਗੁਰੂ...

ਸਭ	**ਹਰਿ** *(ਹਰ)*	**ਕੀ**	**ਕਰਹੁ**	**ਉਸਤਤਿ,** *(ਉਸਤਤ)*
ਸਾਰੇ	ਪ੍ਰਭੂ	ਦੀ	ਕਰੋ	ਸਿਫ਼ਤ-ਸਲਾਹ

ਅੰਕ ੮੯-੯੦

ਜਿਨਿ *(ਜਿਨ੍ਹ)*	ਗਰੀਬ	ਅਨਾਥ	ਰਾਖਿ *(ਰਾਖ)*	ਲੀਓਇ *(ਲੀਓਏ)*॥
ਜਿਸ ਨੇ	ਨਿਮਾਣਿਆਂ	ਨਿਖ਼ਸਮਿਆਂ	ਰੱਖ,ਬਚਾ	ਲਿਆ ਹੈ

...(ਹੇ! ਭਾਈ!) ਸਾਰੇ, ਵਾਹਿਗੁਰੂ ਦੀ ਸਿਫ਼ਤ-ਸਲਾਹ ਕਰੋ, ਜਿਸ ਨੇ ਗਰੀਬਾਂ, ਅਨਾਥਾਂ ਨੂੰ (ਅਧਰਮੀਆਂ ਤੋਂ) ਬਚਾ ਲਿਆ ਹੈ ਭਾਵ ਉਨ੍ਹਾਂ ਦੀ ਰੱਖਿਆ ਕੀਤੀ ਹੈ...

ਜੈਕਾਰੁ *(ਜੈਕਾਰ)*	ਕੀਓ	ਧਰਮੀਆ *(ਧਰਮੀਆਂ)*	ਕਾ,
ਜੈ ਜੈ ਕਾਰ, ਉੱਚੀ ਕਹਿ ਕੇ ਸਿਫ਼ਤ ਕਰਨੀ	ਕੀਤੀ	ਧਰਮ ਕਮਾਉਣ ਵਾਲਿਆਂ	ਦਾ

ਪਾਪੀ	ਕਉ	ਡੰਡੁ *(ਡੰਡ)*	ਦੀਓਇ *(ਦੀਓਏ)*॥੧੬॥
ਪਾਪੀਆਂ, ਕੁਕਰਮੀਆਂ	ਨੂੰ	ਦੰਡ, ਸਜ਼ਾ	ਦਿੱਤਾ ਹੈ

...ਧਰਮ ਕਮਾਉਣ ਵਾਲਿਆਂ ਦੀ ਜੈ ਜੈ ਕਾਰ ਕਰਵਾਈ ਹੈ, ਅੱਤੇ ਪਾਪੀਆਂ ਨੂੰ (ਉਨ੍ਹਾਂ ਦੇ ਕੁਕਰਮਾਂ ਦੀ) ਸਜ਼ਾ ਦਿੱਤੀ ਹੈ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਮਨਮੁਖ *(ਮਨਮੁੱਖ)*	ਮੈਲੀ	ਕਾਮਣੀ,	ਕੁਲਖਣੀ *(ਕੁਲੱਖਣੀ)*	ਕੁਨਾਰਿ *(ਕੁਨਾਰ)* ॥
ਮਨਮੱਤੀਏ, ਬੇਮੁੱਖ	ਗੰਦੀ	ਇਸਤ੍ਰੀ	ਕੁਲੱਛਣੀ	ਭੈੜੀ ਔਰਤ, ਦੁਰਾਚਾਰੀ ਜ਼ਨਾਨੀ

ਆਪਣੇ ਮਨ ਦੇ ਮਗਰ ਲੱਗਣ ਵਾਲਾ ਵਿਅਕਤੀ, ਉਸ ਕੁਲੱਛਣੀ ਅਤੇ ਦੁਰਾਚਾਰਨ, ਮਲੀਨ ਇਸਤ੍ਰੀ ਵਾਂਗ ਹੈ...

ਪਿਰੁ *(ਪਿਰ)*	ਛੋਡਿਆ	ਘਰਿ *(ਘਰ)*	ਆਪਣਾ,
ਖ਼ਸਮ	ਛੱਡ ਦਿੱਤਾ ਗ੍ਰਹਿ,	ਘਰ	ਆਪ ਦਾ, ਖ਼ੁਦ ਦਾ

ਪਰ	ਪੁਰਖੈ	ਨਾਲਿ *(ਨਾਲ)*	ਪਿਆਰੁ *(ਪਿਆਰ)* ॥
ਪਰਾਏ, ਦੂਸਰੇ	ਪੁਰਸ਼ ਦੇ	ਨਾਲ, ਸੰਗ	ਪ੍ਰੀਤ

...(ਜਿਸ ਨੇ) ਆਪਣਾ ਘਰ ਅਤੇ ਖ਼ਸਮ ਛੱਡ ਦਿੱਤਾ ਹੁੰਦਾ ਹੈ, ਅਤੇ ਪਰ-ਪੁਰਸ਼ਾਂ ਨਾਲ ਪਿਆਰ (ਪਾਈ ਰਖ਼ਦੀ ਹੈ)...

ਤ੍ਰਿਸਨਾ *(ਤ੍ਰਿਸ਼ਨਾ)*	ਕਦੇ	ਨ *(ਨਾਂ)*	ਚੁਕਈ, *(ਚੁੱਕਈ)*
ਵਾਸ਼ਨਾ ਦੀ ਇੱਛਾ	ਕਦੀ ਵੀ	ਨਹੀਂ	ਮੁਕਦੀ, ਦੂਰ ਹੁੰਦੀ

ਜਲਦੀ	ਕਰੇ	ਪੂਕਾਰ ॥
ਸੜਦੀ	ਕਰਦੀ	ਕੁਰਲਾਉਂਦੀ

...(ਉਸਦੀ) ਤ੍ਰਿਸ਼ਨਾਂ ਕਦੇ ਵੀ ਮੁਕਦ[illegible], (ਬਸ ਇਸੇ ਵਾਸ਼ਨਾ ਵਿਚ) ਸੜਦੀ-ਭੁੱਜਦੀ ਉਹ ਰੋਂਦੀ-ਕੁਰਲਾਉਂਦੀ ਰਹਿੰਦੀ ਹੈ...

ਨਾਨਕ,	ਬਿਨੁ *(ਬਿਨ)*	ਨਾਵੈ, *(ਨਾਵ)*	ਕੁਰੂਪਿ *(ਕਰੂਪ)*	ਕੁਸੋਹਣੀ,
ਹੇ ! ਨਾਨਕ !	ਬਿਨਾਂ	ਨਾਮ ਤੋਂ	ਰੂਪਹੀਣ, ਕੁਹਜੀ	ਬਦਸ਼ਕਲ, ਜੋ ਸੁੰਦਰ ਨਹੀਂ

ਪਰਹਰਿ *(ਪਰਹਰ)*	ਛੋਡੀ	ਭਤਾਰਿ *(ਭਤਾਰ)* ॥੧॥
ਤਿਆਗ ਕੇ, ਦੁਰਕਾਰ ਕੇ	ਛੱਡੀ	ਪਤੀ ਨੇ, ਖ਼ਸਮ ਨੇ

...ਹੇ ! ਨਾਨਕ ! (ਸਤਿ) ਨਾਮ ਦੇ ਸਿਮਰਨ ਤੋਂ ਬਿਨਾਂ (ਮਨਮੁੱਖ) ਰੂਪਹੀਣ, ਬਦਸ਼ਕਲ ਅਤੇ ਖ਼ਸਮ ਵਲੋਂ ਦੁਰਕਾਰ ਕੇ ਛੱਡੀ ਹੋਈ ਔਰਤ ਵਾਂਗ ਹੁੰਦਾ ਹੈ।

ਮਃ *(ਮਹਿਲਾ)*	੩ *(ਤੀਜਾ)*॥
ਪਾਤਸ਼ਾਹੀ	ਤੀਸਰੀ

ਸਬਦਿ *(ਸ਼ਬਦ)*	ਰਤੀ	ਸੋਹਾਗਣੀ,
ਗੁਰ-ਸ਼ਬਦ ਵਿਚ	ਰੰਗੀ	ਸੁਹਾਗਵੰਤੀ

ਸਤਿਗੁਰ *(ਸਤਗੁਰ)*	ਕੈ	ਭਾਇ	ਪਿਆਰਿ *(ਪਿਆਰ)* ॥
ਸਤਿਗੁਰੂ	ਦੇ	ਪ੍ਰੇਮ	ਪ੍ਰੀਤ

...ਸੋਹਾਗਵੰਤੀ ਜੀਵ-ਇਸਤ੍ਰੀ ਉਹ ਹੈ, ਜੋ ਗੁਰ-ਸ਼ਬਦ ਵਿਚ ਰੰਗੀ ਹੋਈ, ਸਤਿਗੁਰੂ ਦੇ ਪ੍ਰੇਮ-ਪਿਆਰ ਵਿਚ (ਆਪਣੀ ਜ਼ਿੰਦਗੀ ਜਿਊਂਦੀ ਹੈ)...

ਸਦਾ	ਰਾਵੇ	ਪਿਰੁ *(ਪਿਰ)*	ਆਪਣਾ,
ਹਮੇਸ਼ਾਂ	ਮਾਣਦੀ	ਖ਼ਸਮ	ਆਪ ਦਾ, ਖ਼ੁਦ ਦਾ

ਸਚੈ	ਪ੍ਰੇਮਿ *(ਪ੍ਰੇਮ)*	ਪਿਆਰਿ *(ਪਿਆਰ)* ॥
ਸੱਤ-ਸਰੂਪ(ਸਤਿਗੁਰੂ) ਦੇ	ਪਿਆਰ	ਪ੍ਰੀਤ

...ਉਹ ਹਮੇਸ਼ਾਂ ਸੱਤ-ਸਰੂਪ ਸਤਿਗੁਰੂ ਦੇ ਪ੍ਰੇਮ-ਪਿਆਰ ਰਾਹੀਂ, (ਪ੍ਰਭੂ) ਖ਼ਸਮ ਦੇ ਮਿਲਾਪ ਦਾ ਅਨੰਦ ਮਾਣਦੀ ਹੈ...

ਅੰਕ ੯੦

ਅਤਿ(ਅਤ)	**ਸੁਆਲਿਉ**	**ਸੁੰਦਰੀ,**
ਅਤਿਅੰਤ, ਬਹੁਤ	ਸੁੰਦਰ	ਸੁਹਣੀ, ਪਿਆਰੀ
ਸੋਭਾਵੰਤੀ(ਸ਼ੋਭਾਵੰਤੀ)	**ਨਾਰਿ**(ਨਾਰ) ॥	
ਜੱਸ ਖੱਟਣ ਵਾਲੀ	ਇਸਤ੍ਰੀ	

...(ਉਹ) ਅਤਿਅੰਤ ਸੁਹਣੀ, ਸੁੰਦਰ ਅਤੇ ਜੱਸ ਖੱਟਣ ਵਾਲੀ ਔਰਤ ਹੁੰਦੀ ਹੈ...

ਨਾਨਕ,	**ਨਾਮਿ**(ਨਾਮ)	**ਸੋਹਾਗਣੀ,**
ਹੇ! ਨਾਨਕ!	ਨਾਮ ਵਿਚ	ਸੁਹਾਗਵੰਤੀ
ਮੇਲੀ	**ਮੇਲਣਹਾਰਿ**(ਮੇਲਣਹਾਰ) ॥੨॥	
ਮੇਲ ਲਿਆ	ਮੇਲਣ ਵਾਲੇ (ਪਰਮੇਸ਼ਰ)	

...ਹੇ! ਨਾਨਕ! ਮੇਲਣਹਾਰ (ਪਤੀ ਪਰਮੇਸ਼ਰ) ਨੇ ਨਾਮ ਵਿਚ (ਅਭੇਦ), ਸੁਹਾਗਵੰਤੀ (ਇਸਤ੍ਰੀ ਨੂੰ ਆਪਣੇ ਨਾਲ) ਮੇਲ ਲਿਆ ਹੈ।

ਪਉੜੀ ॥

ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ(ਹਰ)	**ਤੇਰੀ**	**ਸਭ**	**ਕਰਹਿ**(ਕਰਹਿਂ)	**ਉਸਤਤਿ,**(ਉਸਤਤ)
ਪ੍ਰਭੂ	ਤੁਹਾਡੀ	ਸਾਰੇ	ਕਰਦੇ	ਸਿਫ਼ਤ-ਸਲਾਹ, ਮਹਿਮਾਂ
ਜਿਨਿ(ਜਿਨ੍ਹ)	**ਫਾਥੇ**	**ਕਾਢਿਆ** ॥		
ਜਿਸ ਨੇ	ਫਸਿਆਂ, ਗ੍ਰਸਿਆਂ	ਕੱਢ ਲਿਆ		

...ਹੇ! ਵਾਹਿਗੁਰੂ! (ਸ੍ਰਿਸ਼ਟੀ ਦੇ) ਸਾਰੇ (ਜੀਵ) ਤੇਰੀ ਸਿਫ਼ਤ-ਸਲਾਹ ਕਰਦੇ ਹਨ, ਜਿਸ ਨੇ (ਮਾਇਆਵੀ ਵਿਕਾਰਾਂ ਦੇ ਜਾਲ ਵਿਚ) ਫਸਿਆਂ ਹੋਇਆਂ ਨੂੰ ਮੁਕਤ ਕਰ ਲਿਆ ਹੈ...

ਹਰਿ,(ਹਰ)	**ਤੁਧਨੋ**	**ਕਰਹਿ**(ਕਰਹਿਂ)	**ਸਭ**	**ਨਮਸਕਾਰੁ,**(ਨਮਸ਼ਕਾਰ)
ਪ੍ਰਭੂ	ਤੈਨੂੰ	ਕਰਦੇ ਹਨ	ਸਾਰੇ	ਬੰਦਨਾ, ਪ੍ਰਣਾਮ
ਜਿਨਿ(ਜਿਨ੍ਹ)	**ਪਾਪੈ**	**ਤੇ**	**ਰਾਖਿਆ** ॥	
ਜਿਸ ਨੇ	ਪਾਪਾਂ, ਗੁਨਾਹਾਂ	ਤੋਂ	ਰੱਖ ਲਿਆ, ਬਚਾ ਲਿਆ	

...ਹੇ! ਵਾਹਿਗੁਰੂ! ਸਾਰੇ ਤੈਨੂੰ ਨਮਸ਼ਕਾਰ ਕਰਦੇ ਹਨ, ਜਿਸ ਨੇ (ਉਨ੍ਹਾਂ ਜੀਵਾਂ ਨੂੰ) ਪਾਪ (ਕਰਮ ਕਰਨ) ਤੋਂ ਬਚਾ ਲਿਆ ਹੈ...

ਹਰਿ, *(ਹਰ)*	**ਨਿਮਾਣਿਆ** *(ਨਿਮਾਣਿਆਂ)*		**ਤੂੰ**	**ਮਾਣੁ,** *(ਮਾਣ)*
ਪ੍ਰਭੂ	ਜਿਸ ਦਾ ਕੋਈ ਮਾਣ ਨਾ ਕਰੇ		ਤੁਸੀਂ	ਇੱਜ਼ਤ, ਵਡਿਆਈ
ਹਰਿ, *(ਹਰ)*	**ਡਾਢੀ**	**ਹੂੰ**	**ਤੂੰ**	**ਡਾਢਿਆ ॥**
ਪ੍ਰਭੂ	ਡਾਢਿਆਂ, ਜ਼ੋਰਾਵਰਾਂ	ਤੋਂ	ਤੁਸੀਂ	ਡਾਢਾ, ਜ਼ੋਰਾਵਰ

...ਵਾਹਿਗੁਰੂ! ਜਿਨ੍ਹਾਂ ਦਾ ਕੋਈ ਮਾਣ ਨਹੀਂ ਕਰਦਾ, ਤੂੰ ਉਨ੍ਹਾਂ ਦੀ ਮਾਣ-ਵਡਿਆਈ ਹੈਂ, ਅਤੇ ਹੇ! ਪਾਤਸ਼ਾਹ! ਤੂੰ ਤਾਂ ਡਾਢਿਆਂ ਤੋਂ ਵੀ ਡਾਢਾ ਹੈਂ (ਭਾਵ ਸਭ ਤੋਂ ਤਾਕਤਵਰ ਹੈਂ)...

ਹਰਿ, *(ਹਰ)*	**ਅਹੰਕਾਰੀਆ** *(ਅਹੰਕਾਰੀਆਂ)*	**ਮਾਰਿ** *(ਮਾਰ)*	**ਨਿਵਾਏ,**
ਪ੍ਰਭੂ	ਹੰਕਾਰ ਕਰਨ ਵਾਲਿਆਂ	ਮਾਰ ਕੇ	ਨਿਵਾ ਦਿੱਤਾ ਹੈ
ਮਨਮੁਖ *(ਮਨਮੁੱਖ)*	**ਮੂੜ** *(ਮੂੜ੍ਹ)*	**ਸਾਧਿਆ ॥**	
ਮਨਮੱਤੀਆਂ, ਬੇਮੁਖਾਂ	ਮੂਰਖਾਂ, ਬੇਸਮਝਾਂ	ਸੁਧਾਰ ਕਰ ਦਿੱਤਾ, ਠੀਕ ਰਸਤੇ ਪਾ ਦਿੱਤਾ	

...ਹੇ! ਵਾਹਿਗੁਰੂ! (ਤੂੰ ਵੱਡੇ ਵੱਡੇ) ਅਹੰਕਾਰੀਆਂ ਨੂੰ ਮਾਰ ਕੇ (ਭਾਵ ਦੰਡਿਤ ਕਰਕੇ) ਨਿਵਾ ਦਿੱਤਾ ਹੈ। ਮਨਮੱਤੀਆਂ ਅਤੇ ਮੂਰਖਾਂ ਨੂੰ (ਆਪਣੀ ਮਿਹਰ ਕਰਕੇ) ਠੀਕ ਰਸਤੇ ਪਾ ਦਿੱਤਾ ਹੈ।...

ਹਰਿ, *(ਹਰ)*	**ਭਗਤਾ** *(ਭਗਤਾਂ)*	**ਦੇਇ** *(ਦੇਅ)*	**ਵਡਿਆਈ,**
ਪ੍ਰਭੂ	ਬੰਦਗੀ ਕਰਨ ਵਾਲਿਆਂ	ਦਿੰਦਾ	ਮਾਣ, ਇੱਜ਼ਤ
ਗਰੀਬ	**ਅਨਾਥਿਆ ॥੧੭॥**		
ਨਿਮਾਣਾ	ਅਨਾਥਾਂ ਨੂੰ, ਜਿਨ੍ਹਾਂ ਦਾ ਕੋਈ ਮਾਲਕ ਨਹੀਂ ਨੂੰ		

...(ਸੰਸਾਰਿਕ ਨਜ਼ਰਾਂ ਵਿਚ) ਗਰੀਬ ਅਤੇ ਅਨਾਥ (ਕਹੇ ਜਾਣ ਵਾਲੇ ਆਪਣੇ) ਭਗਤਾਂ ਨੂੰ ਵਾਹਿਗੁਰੂ ਮਾਣ-ਵਡਿਆਈ ਬਖਸ਼ਦਾ ਹੈਂ।

ਸਲੋਕ,		**ਮਃ** *(ਮਹਿਲਾ)*	**੩** *(ਤੀਜਾ)* **॥**	
ਸਿਫ਼ਤ ਸਲਾਹ ਦਾ ਗੀਤ		ਪਾਤਸ਼ਾਹੀ	ਤੀਸਰੀ	
ਸਤਿਗੁਰ *(ਸਤਗੁਰ)*	**ਕੈ**	**ਭਾਣੈ**	**ਜੋ**	**ਚਲੈ,**
ਸਤਿਗੁਰੂ	ਦੇ	ਹੁਕਮ ਵਿਚ	ਜਿਹੜਾ	ਚਲਦਾ, ਤੁਰਦਾ

ਅੰਕ ੯੦

ਤਿਸੁ *(ਤਿਸ)*	ਵਡਿਆਈ ਵਡੀ	ਹੋਇ॥
ਉਸ ਦੀ	ਮਾਣ, ਇੱਜ਼ਤ ਬਹੁਤ, ਮਹਾਨ	ਹੁੰਦੀ ਹੈ

ਜੋ ਵੀ (ਆਪਣੇ ਜੀਵਨ ਵਿਚ) ਸਤਿਗੁਰੂ ਦੇ ਹੁਕਮ ਅਨੁਸਾਰ ਤੁਰਦਾ ਹੈ, ਉਸ ਦਾ ਬਹੁਤ ਮਾਣ-ਇੱਜ਼ਤ ਹੁੰਦਾ ਹੈ...

ਹਰਿ *(ਹਰ)*	ਕਾ	ਨਾਮੁ *(ਨਾਮ)*	ਉਤਮੁ, *(ਉਤਮ)*	ਮਨਿ *(ਮਨ)*	ਵਸੈ,
ਪ੍ਰਭੂ	ਦਾ	ਨਾਮ	ਸ੍ਰੇਸ਼ਠ	ਚਿੱਤ ਵਿਚ	ਵਸ ਜਾਂਦਾ

ਮੇਟਿ *(ਮੇਟ)*	ਨ *(ਨਾਂ)*	ਸਕੈ	ਕੋਇ॥
ਮਿਟਾ	ਨਹੀਂ	ਸਕਦਾ	ਕੋਈ ਵੀ

...ਵਾਹਿਗੁਰੂ ਦਾ ਉੱਤਮ-ਨਾਮ (ਉਸ ਧਰਮ-ਸਾਧਕ ਦੇ) ਹਿਰਦੇ ਵਿਚ ਵਸ ਜਾਂਦਾ ਹੈ, ਜਿਸ ਨੂੰ ਕੋਈ ਵੀ (ਫ਼ਿਰ) ਮੇਟ ਨਹੀਂ ਸਕਦਾ...

ਕਿਰਪਾ	ਕਰੇ	ਜਿਸੁ *(ਜਿਸ)*	ਆਪਣੀ,
ਮਿਹਰ, ਬਖਸ਼ਿਸ਼	ਕਰ ਦੇਵੇ	ਜਿਸ ਉੱਤੇ ਖ਼ੁਦ ਦੀ,	ਆਪ ਦੀ

ਤਿਸੁ *(ਤਿਸ)*	ਕਰਮਿ *(ਕਰਮ)*	ਪਰਾਪਤਿ *(ਪਰਾਪਤ)*	ਹੋਇ॥
ਉਸ ਨੂੰ	ਕ੍ਰਿਪਾ ਰਾਹੀਂ	ਪ੍ਰਾਪਤ	ਹੋ ਜਾਂਦਾ ਹੈ

...ਵਾਹਿਗੁਰੂ, ਜਿਸ ਉਪਰ ਆਪਣੀ ਬਖਸ਼ਿਸ਼ ਕਰ ਦਿੰਦਾ ਹੈ, ਉਸ ਨੂੰ ਸਾਹਿਬ ਦੀ ਕ੍ਰਿਪਾ ਦੇ ਸਦਕੇ (ਸਤਿ-ਨਾਮ ਦੀ) ਪ੍ਰਾਪਤੀ ਹੋ ਜਾਂਦੀ ਹੈ...

ਨਾਨਕ,	ਕਾਰਣੁ *(ਕਾਰਣ)*	ਕਰਤੇ	ਵਸਿ *(ਵਸ)*	ਹੈ,
ਹੇ! ਨਾਨਕ!	ਸਬੱਬ, ਜਿਸ ਕਰਕੇ ਕਾਰਜ ਹੋਵੇ	ਕਰਤਾ ਪੁਰਖ ਦੇ	ਵੱਸ ਵਿਚ	ਹੋਣ ਦੀ ਕ੍ਰਿਆ

ਗੁਰਮੁਖਿ *(ਗੁਰਮੁਖ)*	ਬੂਝੈ	ਕੋਇ *(ਕੋਏ)*॥੧॥
ਸਤਿਗੁਰ ਦੀ ਸਨਮੁੱਖਤਾ ਰਾਹੀਂ	ਬੁੱਝਦਾ, ਸਮਝਦਾ	ਕੋਈ

...ਹੇ! ਨਾਨਕ! (ਮਿਹਰ ਅਤੇ ਬਖਸ਼ਿਸ਼ ਦੀ ਪ੍ਰਾਪਤੀ ਦਾ ਸਭ) ਸਬੱਬ ਤਾਂ ਕਰਤਾ ਪੁਰਖ ਦੇ ਆਪਣੇ ਵੱਸ ਵਿਚ ਹੀ ਹੈ। (ਇਸ ਭੇਦ ਨੂੰ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਕੋਈ ਵਿਰਲਾ (ਗੁਰੂ ਦਾ ਪਿਆਰਾ) ਹੀ ਸਮਝਦਾ ਹੈ।

ਮਃ *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਅੰਕ ੯੦

ਨਾਨਕ,	ਹਰਿ *(ਹਰ)*	ਨਾਮੁ *(ਨਾਮ)*	ਜਿਨੀ *(ਜਿਨ੍ਹੀਂ)*	ਆਰਾਧਿਆ,
ਹੇ! ਨਾਨਕ!	ਪ੍ਰਭੂ	ਨਾਮ	ਜਿਨ੍ਹਾਂ ਨੇ	ਧਿਆਇਆ

ਅਨਦਿਨੁ *(ਅਨਦਿਨ)*	ਹਰਿ *(ਹਰ)*	ਲਿਵ	ਤਾਰ ॥
ਹਰ ਰੋਜ਼	ਪ੍ਰਭੂ	ਧਿਆਨ	ਨਿਰੰਤਰ, ਲਗਾਤਾਰ

ਹੇ! ਨਾਨਕ! ਜਿਨ੍ਹਾਂ ਨੇ ਹਰ ਰੋਜ਼, ਨਿਰੰਤਰ, ਇਕ-ਰਸ ਧਿਆਨ ਜੋੜ ਕੇ ਹਰਿ-ਨਾਮ ਦੀ ਅਰਾਧਨਾ ਕੀਤੀ ਹੈ...

ਮਾਇਆ	ਬੰਦੀ	ਖਸਮ	ਕੀ,
ਭਰਮਮਈ ਸ਼ਕਤੀ	ਦਾਸੀ, ਸੇਵਕ	(ਪ੍ਰਭੂ) ਖ਼ਸਮ	ਦੀ

ਤਿਨ *(ਤਿਨ੍ਹ)*	ਅਗੈ	ਕਮਾਵੈ	ਕਾਰ ॥
ਉਨ੍ਹਾਂ	ਅੱਗੇ, ਸਾਹਮਣੇ	ਕਮਾਉਂਦੀ, ਕਰਦੀ	ਕੰਮ, ਸੇਵਾ

...ਉਨ੍ਹਾਂ ਅੱਗੇ (ਪ੍ਰਭੂ) ਖ਼ਸਮ ਦੀ ਸੇਵਕ ਅਥਵਾ ਦਾਸੀ, ਮਾਇਆ, (ਦੌੜੀ-ਭੱਜੀ ਫ਼ਿਰਦੀ) ਟਹਿਲ ਕਮਾਉਂਦੀ ਹੈ...

ਪੂਰੈ	ਪੂਰਾ	ਕਰਿ *(ਕਰ)*	ਛੋਡਿਆ,
ਪੂਰਨ(ਸਤਿਗੁਰੂ) ਨੇ	ਪੂਰਨ, ਮੁਕੰਮਲ	ਕਰ	ਛੱਡਿਆ, ਦਿੱਤਾ

ਹੁਕਮਿ *(ਹੁਕਮ)*	ਸਵਾਰਣਹਾਰ ॥
ਹੁਕਮ ਰਾਹੀਂ	ਸੰਵਾਰਨ ਵਾਲਾ, ਠੀਕ ਕਰਨ ਵਾਲਾ

...(ਸਭ ਕੁਝ) ਸੰਵਾਰਣ ਵਾਲੇ, (ਪਰਮੇਸ਼ਰ ਦੇ) ਹੁਕਮ ਰਾਹੀਂ, ਪੂਰਨ (ਸਤਿਗੁਰੂ ਨੇ, ਉਨ੍ਹਾਂ ਨੂੰ) ਸੰਪੂਰਨ ਕਰ ਦਿੱਤਾ ਹੈ...

ਗੁਰ	ਪਰਸਾਦੀ	ਜਿਨਿ *(ਜਿਨ੍ਹ)*	ਬੁਝਿਆ,
ਸਤਿਗੁਰੂ	ਬਖਸ਼ਿਸ਼ ਰਾਹੀਂ	ਜਿਨ੍ਹਾਂ ਨੇ	ਬੁੱਝ ਲਿਆ, ਸਮਝ ਲਿਆ

ਤਿਨਿ *(ਤਿਨ੍ਹ)*	ਪਾਇਆ	ਮੋਖ	ਦੁਆਰੁ *(ਦੁਆਰ)* ॥
ਉਨ੍ਹਾਂ ਨੇ	ਪਾ ਲਿਆ	ਮੁਕਤੀ	ਦਰਵਾਜ਼ਾ

...ਸਤਿਗੁਰੂ ਦੀ ਬਖਸ਼ਿਸ਼ ਰਾਹੀਂ ਜਿਨ੍ਹਾਂ ਨੇ (ਪ੍ਰਭੂ-ਸੱਤ ਦੀ ਅਸਲੀਅਤ ਨੂੰ) ਜਾਣ ਲਿਆ ਹੈ, ਉਨ੍ਹਾਂ ਨੇ (ਮਾਇਆਵੀ ਵਿਕਾਰਾਂ ਦੇ ਬੰਧਨਾਂ ਤੋਂ ਛੁੱਟਣ ਲਈ) ਮੁਕਤੀ ਦਾ ਦਰਵਾਜ਼ਾ ਲੱਭ ਲਿਆ ਹੈ...

ਅੰਕ ੯੦

ਮਨਮੁਖ *(ਮਨਮੁੱਖ)*	ਹੁਕਮੁ *(ਹੁਕਮ)*	ਨ *(ਨਾਂ)*	ਜਾਣਨੀ,
ਮਨਮੱਤੀਏ, ਬੇਮੁੱਖ	ਆਗਿਆ	ਨਹੀਂ	ਜਾਣਦੇ, ਸਮਝਦੇ

ਤਿਨ *(ਤਿਨ੍ਹ)*	ਮਾਰੇ	ਜਮ	ਜੰਦਾਰੁ *(ਜੰਦਾਰ)* ॥
ਉਨ੍ਹਾਂ ਨੂੰ	ਮਾਰਦਾ ਹੈ	ਜਮਦੂਤ	ਜ਼ਾਲਮ

...ਬੇਮੁੱਖ (ਜੋ ਰੱਬੀ) ਹੁਕਮ ਨੂੰ ਨਹੀਂ ਸਮਝਦੇ, ਉਨ੍ਹਾਂ ਨੂੰ ਜ਼ਾਲਮ, ਮੌਤ ਦਾ ਫਰਿਸ਼ਤਾ ਮਾਰਦਾ ਹੈ, ਭਾਵ ਸਜ਼ਾ ਦਿੰਦਾ ਹੈ, ਖੱਜਲ-ਖ਼ੁਆਰ ਕਰਦਾ ਹੈ...

ਗੁਰਮੁਖਿ *(ਗੁਰਮੱਖ)*	ਜਿਨੀ *(ਜਿਨ੍ਹੀਂ)*	ਅਰਾਧਿਆ,
ਸਤਿਗੁਰੂ ਦੀ ਸਨਮੁੱਖਤਾ ਰਾਹੀਂ	ਜਿਨ੍ਹਾਂ ਨੇ	ਸਿਮਰਿਆ, ਜਪਿਆ

ਤਿਨੀ *(ਤਿਨ੍ਹੀਂ)*	ਤਰਿਆ	ਭਉਜਲੁ *(ਭਉਜਲ)*	ਸੰਸਾਰੁ *(ਸੰਸਾਰ)* ॥
ਉਨ੍ਹਾਂ ਨੇ	ਪਾਰ ਕੀਤਾ	ਭਵ-ਸਾਗਰ	ਜਗਤ

...(ਪ੍ਰੰਤੂ) ਸਤਿਗੁਰੂ ਦੀ ਸਨਮੁੱਖਤਾ ਰਾਹੀਂ ਜਿਨ੍ਹਾਂ ਨੇ (ਸਤਿ-ਨਾਮ ਨੂੰ) ਸਿਮਰਿਆ ਹੈ, ਉਨ੍ਹਾਂ ਨੇ ਸੰਸਾਰ ਦੇ ਭਵ-ਸਾਗਰ ਨੂੰ ਪਾਰ ਕਰ ਲਿਆ ਹੈ...

ਸਭਿ *(ਸਭ)*	ਅਉਗਣ,	ਗੁਣੀ	ਮਿਟਾਇਆ,
ਸਾਰੇ	ਔਗਣ, ਦੋਸ਼	ਗੁਣਾਂ ਰਾਹੀਂ	ਮਿਟਾ ਦਿੱਤੇ ਹਨ, ਖ਼ਤਮ ਕਰ ਦਿੱਤੇ ਹਨ

ਗੁਰੁ *(ਗੁਰ)*	ਆਪੇ	ਬਖਸਣਹਾਰੁ *(ਬਖਸ਼ਣਹਾਰ)* ॥੨॥
ਸਤਿਗੁਰੂ	ਆਪ ਹੀ	ਬਖਸ਼ਿੰਦ, ਬਖਸ਼ਣ ਵਾਲਾ

...ਸਤਿਗੁਰੂ ਜੋ ਆਪ ਹੀ ਬਖਸ਼ਣਹਾਰ ਹੈ, ਨੇ (ਸਤਿ-ਨਾਮ ਦੀ ਬੰਦਗੀ ਦੇ) ਗੁਣਾਂ ਰਾਹੀਂ ਉਨ੍ਹਾਂ ਦੇ (ਜੀਵਨ ਦੇ) ਸਾਰੇ ਔਗੁਣਾਂ ਨੂੰ ਮਿਟਾ ਦਿੱਤਾ ਹੈ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ *(ਹਰ)*	ਕੀ	ਭਗਤਾ *(ਭਗਤਾਂ)*	ਪਰਤੀਤਿ, *(ਪਰਤੀਤ)*
ਪ੍ਰਭੂ	ਦੀ	ਭਗਤ ਜਨਾਂ ਨੂੰ	ਨਿਸ਼ਚਾ, ਯਕੀਨ, ਭਰੋਸਾ

ਹਰਿ *(ਹਰ)*	ਸਭ	ਕਿਛੁ *(ਕਿਛ)*	ਜਾਣਦਾ ॥
ਪ੍ਰਭੂ	ਸਾਰਾ	ਕੁਝ	ਸਮਝਦਾ

ਭਗਤ-ਜਨਾਂ ਨੂੰ ਪਰਮਾਤਮਾ ਤੇ ਭਰੋਸਾ ਹੁੰਦਾ ਹੈ ਕਿ ਵਾਹਿਗੁਰੂ ਸਭ ਕੁਝ ਦਾ ਜਾਣੀ-ਜਾਣ ਹੈ, ਅੰਤਰਜਾਮੀ ਹੈ...

ਹਰਿ *(ਹਰ)*	**ਜੇਵਡੁ** *(ਜੇਵਡ)*	**ਨਾਹੀ** *(ਨਾਹੀਂ)*	**ਕੋਈ,**
ਪ੍ਰਭੂ	ਜਿਤਨਾ ਵੱਡਾ	ਨਹੀਂ	ਕੋਈ

ਜਾਣੁ, *(ਜਾਣ)*	**ਹਰਿ** *(ਹਰ)*	**ਧਰਮੁ** *(ਧਰਮ)*	**ਬੀਚਾਰਦਾ ॥**
ਸਮਝ	ਪ੍ਰਭੂ	ਸਹੀ ਨਿਆਂ, ਪੂਰਾ ਇਨਸਾਫ਼	ਵਿਚਾਰਦਾ, ਕਰਦਾ

...(ਹੇ! ਭਾਈ! ਇਸ ਗਲ ਨੂੰ) ਸਮਝ ਲੈ ਕਿ, ਵਾਹਿਗੁਰੂ ਜਿੱਡਾ ਵੱਡਾ ਹੋਰ ਕੋਈ ਨਹੀਂ ਹੈ, ਅਤੇ ਪਰਮੇਸ਼ਰ (ਹਮੇਸ਼ਾਂ) ਧਰਮ ਅਨੁਸਾਰ ਭਾਵ ਸਹੀ ਨਿਆਂ ਵਿਚਾਰਦਾ ਹੈ...

ਕਾੜਾ *(ਕਾੜ੍ਹਾ)*	**ਅੰਦੇਸਾ** *(ਅੰਦੇਸ਼ਾ)*	**ਕਿਉ** *(ਕਿਉਂ)*	**ਕੀਜੈ,**
ਝੋਰਾ, ਫ਼ਜ਼ੂਲ ਚਿੰਤਾ	ਡਰ, ਭੈਅ	ਕਾਹਤੇ	ਕਰਦਾ ਹੈਂ

ਜਾ *(ਜਾਂ)*	**ਨਾਹੀ** *(ਨਾਹੀਂ)*	**ਅਧਰਮਿ** *(ਅਧਰਮ)*	**ਮਾਰਦਾ ॥**
ਜਦੋਂ ਕਿ	ਨਹੀਂ	ਅਧਰਮ ਕਰਕੇ, ਗਲਤ ਨਿਆਂ ਕਰਕੇ	ਮਾਰ ਦਿੰਦਾ, ਸਜ਼ਾ ਦਿੰਦਾ

...(ਹੇ! ਭਾਈ! ਤੂੰ) ਕਿਉਂ ਐਵੇਂ ਫ਼ਜ਼ੂਲ ਦਾ ਡਰ ਅਤੇ ਚਿੰਤਾ ਕਰਦਾ ਹੈਂ, ਜਦੋਂ ਕਿ (ਪਰਮੇਸ਼ਰ ਕਿਸੇ ਨਾਲ ਵੀ) ਅਧਰਮ, ਭਾਵ ਗਲਤ ਨਿਆਂ ਕਰਕੇ ਉਸ ਨੂੰ ਸਜ਼ਾ ਨਹੀਂ ਦਿੰਦਾ...

ਸਚਾ *(ਸੱਚਾ)*	**ਸਾਹਿਬੁ** *(ਸਾਹਿਬ)*	**ਸਚੁ** *(ਸੱਚ)*	**ਨਿਆਉ,** *(ਨਿਆਉਂ)*
ਸਦਾ-ਸਥਿਰ	ਵਾਹਿਗੁਰੂ	ਸੱਤ	ਇਨਸਾਫ਼

ਪਾਪੀ	**ਨਰੁ** *(ਨਰ)*	**ਹਾਰਦਾ ॥**
ਕੁਕਰਮੀ, ਗੁਨਹਗਾਰ	ਮਨੁੱਖ	ਹਾਰ ਜਾਂਦਾ

...ਵਾਹਿਗੁਰੂ ਸਦਾ-ਸਥਿਰ ਹੈ ਅਤੇ ਉਸ ਦਾ ਨਿਆਉਂ ਵੀ (ਸਦੀਵ) ਸੱਤ ਹੈ। (ਪਰਮੇਸ਼ਰ ਦੇ ਇਸ ਸੱਚ-ਨਿਆਉਂ ਅੱਗੇ) ਕੁਕਰਮੀ ਮਨੁੱਖ ਹਾਰ ਜਾਂਦਾ ਹੈ...

ਸਾਲਾਹਿਹੁ	**ਭਗਤਹੁ**	**ਕਰ**	**ਜੋੜਿ** *(ਜੋੜ),*
ਸ਼ਲਾਘਾ ਕਰੋ, ਉਸਤਤ ਕਰੋ	ਭਗਤ ਜਨੋਂ!	ਹੱਥ	ਜੋੜ ਕੇ

ਹਰਿ *(ਹਰ)*	**ਭਗਤ**	**ਜਨ**	**ਤਾਰਦਾ ॥੧੮॥**
ਪ੍ਰਭੂ	ਭਗਤੀ ਕਰਨ ਵਾਲਿਆਂ	ਪੁਰਸ਼ਾਂ	ਤਾਰ ਦਿੰਦਾ, ਪਾਰ ਉਤਾਰ ਦਿੰਦਾ

...ਹੇ! ਭਗਤ ਜਨੋਂ! ਹੱਥ ਜੋੜ ਕੇ (ਅਕਾਲ ਪੁਰਖ ਦੀ) ਉਸਤਤੀ ਕਰੋ, ਵਾਹਿਗੁਰੂ ਭਗਤ-ਜਨਾਂ ਨੂੰ (ਸੰਸਾਰ ਦੇ ਮਾਇਆਵੀ ਵਿਕਾਰਾਂ ਦੇ ਭਵ-ਸਾਗਰ ਤੋਂ) ਪਾਰ-ਉਤਾਰ ਦਿੰਦਾ ਹੈ...

ਸਲੋਕ,	**ਮ:** *(ਮਹਿਲਾ)*	**੩** *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਆਪਣੇ	**ਪ੍ਰੀਤਮ**	**ਮਿਲਿ** *(ਮਿਲ)*	**ਰਹਾ,** *(ਰਹਾਂ)*
ਖ਼ੁਦ ਦੇ	ਪਿਆਰੇ (ਪ੍ਰਭੂ)	ਮਿਲੀ	ਰਵ੍ਹਾਂ

ਅੰਤਰਿ *(ਅੰਤਰ)*	**ਰਖਾ** *(ਰੱਖਾਂ)*	**ਉਰਿ** *(ਉਰ)*	**ਧਾਰਿ** *(ਧਾਰ)*॥
ਅੰਦਰ, ਵਿਚ	ਵਸਾ ਰੱਖਾਂ	ਹਿਰਦੇ ਵਿਚ	ਧਾਰਕੇ

(ਹੇ! ਰੱਬਾ! ਮੇਰਾ ਜੀਅ ਕਰਦਾ ਹੈ ਕਿ ਮੈਂ ਸਦਾ) ਆਪਣੇ ਪ੍ਰੀਤਮ (ਪਿਆਰੇ) ਨੂੰ ਮਿਲੀ ਰਹਾਂ, ਅਤੇ (ਸਦਾ ਉਸ ਨੂੰ ਆਪਣੇ) ਹਿਰਦੇ ਅੰਦਰ ਧਾਰਨ ਕਰਕੇ ਵਸਾਈ ਰੱਖਾਂ...

ਸਾਲਾਹੀ *(ਸਾਲਾਹੀਂ)*	**ਸੋ**	**ਪ੍ਰਭ**	**ਸਦਾ**	**ਸਦਾ,**
ਸਲਾਹਾਂ, ਉਸਤਤ ਕਰਾਂ	ਉਸ	ਵਾਹਿਗੁਰੂ	ਹਮੇਸ਼ਾਂ	ਹਮੇਸ਼ਾਂ

ਗੁਰ	**ਕੈ**	**ਹੇਤਿ** *(ਹੇਤ)*	**ਪਿਆਰਿ** *(ਪਿਆਰ)*॥
ਸਤਿਗੁਰੂ	ਦੇ	ਪ੍ਰੀਤ ਦੁਆਰਾ	ਪ੍ਰੇਮ ਰਾਹੀਂ

...ਸਤਿਗੁਰੂ ਦੇ (ਲਗਾਏ) ਪ੍ਰੇਮ-ਪਿਆਰ ਦੁਆਰਾ ਸਦਾ ਸਦਾ, ਉਸ ਵਾਹਿਗੁਰੂ ਦੀ ਸਿਫ਼ਤ-ਸਲਾਹ ਕਰਦੀ ਰਹਾਂ...

ਨਾਨਕ,	**ਜਿਸੁ** *(ਜਿਸ)*	**ਨਦਰਿ** *(ਨਦਰ)*	**ਕਰੇ**	**ਤਿਸੁ** *(ਤਿਸ)*	**ਮੇਲਿ** *(ਮੇਲ)* **ਲਏ,**
ਹੇ! ਨਾਨਕ!	ਜਿਸ ਨੂੰ	ਕ੍ਰਿਪਾ ਦ੍ਰਿਸ਼ਟੀ	ਕਰ ਦਵੇ	ਉਸ ਨੂੰ	ਮੇਲ, ਜੋੜ ਲੈਂਦਾ

ਸਾਈ	**ਸੁਹਾਗਣਿ** *(ਸੁਹਾਗਣ)*	**ਨਾਰਿ** *(ਨਾਰ)*॥੧॥
ਉਹੀ	ਸੁਹਾਗਵੰਤੀ	ਇਸਤ੍ਰੀ, ਔਰਤ

...ਹੇ! ਨਾਨਕ! (ਵਾਹਿਗੁਰੂ) ਜਿਸ ਉੱਤੇ ਕ੍ਰਿਪਾ ਦ੍ਰਿਸ਼ਟੀ ਕਰ ਦਵੇ ਉਸ ਨੂੰ (ਆਪਣੇ ਨਾਲ) ਮਿਲਾ ਲੈਂਦਾ ਹੈ, ਅਤੇ ਉਹੋ ਹੀ ਸੁਹਾਗਵੰਤੀ ਇਸਤ੍ਰੀ ਹੁੰਦੀ ਹੈ।

ਮ: *(ਮਹਿਲਾ)*	**੩** *(ਤੀਜਾ)* ॥
ਪਾਤਸ਼ਾਹੀ	ਤੀਸਰੀ

ਅੰਕ ੯੦

ਗੁਰ	ਸੇਵਾ	ਤੇ	ਹਰਿ *(ਹਰ)*	ਪਾਈਐ,
ਸਤਿਗੁਰੂ	ਟਹਿਲ, ਭਾਵ ਹੁਕਮ	ਤੋਂ	ਪ੍ਰਭੂ	ਪਾਈਦਾ, ਪ੍ਰਾਪਤ ਕਰੀਦਾ

ਜਾ *(ਜਾਂ)*	ਕਉ	ਨਦਰਿ *(ਨਦਰ)*	ਕਰੇਇ *(ਕਰੇ)*॥
ਜਿਸ ਨੂੰ	ਨੂੰ	ਕ੍ਰਿਪਾ-ਦ੍ਰਿਸ਼ਟੀ	ਕਰਦਾ

ਜਿਸ ਉੱਤੇ ਵਾਹਿਗੁਰੂ (ਆਪਣੀ) ਕ੍ਰਿਪਾ-ਦ੍ਰਿਸ਼ਟੀ ਕਰਦਾ ਹੈ, ਸਤਿਗੁਰੂ ਦੀ ਟਹਿਲ ਭਾਵ ਹੁਕਮ ਮੰਨਣ ਨਾਲ, ਉਸ ਨੂੰ ਪ੍ਰਭੂ-ਪ੍ਰਾਪਤੀ ਹੋ ਜਾਂਦੀ ਹੈ...

ਮਾਣਸ	ਤੇ	ਦੇਵਤੇ	ਭਏ,
ਮਨੁੱਖ	ਤੋਂ	ਦੇਵ-ਪੁਰਸ਼	ਹੋ ਜਾਂਦੇ

ਧਿਆਇਆ	ਨਾਮੁ *(ਨਾਮ)*	ਹਰੇ ॥
ਧਿਆ ਕੇ, ਸਿਮਰ ਕੇ	ਨਾਮ	ਹਰੀ ਦਾ, ਪ੍ਰਭੂ ਦਾ

...(ਉਹ) ਹਰਿ-ਨਾਮ ਦੀ ਅਰਾਧਨਾ ਕਰਕੇ ਮਨੁੱਖ ਤੋਂ ਦੇਵ-ਪੁਰਸ਼ ਬਣ ਗਏ ਹਨ, ਭਾਵ ਬ੍ਰਹਮ-ਗਿਆਨਤਾ ਵਾਲੀ ਅਵਸਥਾ ਦੇ ਧਾਰਨੀ ਹੋ ਗਏ ਹਨ...

ਹਉਮੈ *(ਹਉਮੈਂ)*	ਮਾਰਿ *(ਮਾਰ)*	ਮਿਲਾਇਅਨੁ, *(ਮਿਲਾਇਅਨ)*
ਅਹੰਕਾਰ	ਮਾਰ ਕੇ, ਮਿਟਾ ਕੇ	ਮਿਲਾ ਲਏ, ਜੋੜ ਲਏ

ਗੁਰ	ਕੈ	ਸਬਦਿ *(ਸ਼ਬਦ)*	ਤਰੇ ॥
ਸਤਿਗੁਰੂ	ਦੇ	ਸ਼ਬਦ ਰਾਹੀਂ	ਤਰ ਗਏ, ਪਾਰ ਉੱਤਰ ਗਏ

...ਵਾਹਿਗੁਰੂ ਨੇ (ਉਨ੍ਹਾਂ ਦੇ ਅੰਦਰੋ) ਅਹੰਕਾਰ ਨੂੰ ਮਿਟਾ ਕੇ, ਆਪਣੇ ਨਾਲ ਮਿਲਾ ਲਿਆ ਹੈ, ਅਤੇ ਗੁਰ-ਸ਼ਬਦ ਰਾਹੀਂ ਉਹ (ਮਾਇਆਵੀ ਵਿਕਾਰਾਂ ਦੇ ਭਵ-ਸਾਗਰ ਤੋਂ) ਪਾਰ ਉੱਤਰ ਗਏ ਹਨ...

ਨਾਨਕ,	ਸਹਜਿ *(ਸਹਿਜ)*	ਸਮਾਇਅਨੁ, *(ਸਮਾਇਅਨ)*
ਹੇ! ਨਾਨਕ!	ਆਤਮਿਕ ਅਡੋਲਤਾ ਵਿਚ	ਲੀਨ ਹੋ ਜਾਂਦੇ, ਅਭੇਦ ਹੋ ਜਾਂਦੇ

ਹਰਿ *(ਹਰ)*	ਆਪਣੀ	ਕ੍ਰਿਪਾ	ਕਰੇ ॥੨॥
ਪ੍ਰਭੂ	ਆਪ ਦੀ	ਬਖਸ਼ਿਸ਼, ਮਿਹਰ	ਕਰ ਦਿੰਦਾ ਹੈ

...ਹੇ! ਨਾਨਕ! ਵਾਹਿਗੁਰੂ ਜਿਨ੍ਹਾਂ ਉੱਤੇ ਆਪਣੀ ਬਖਸ਼ਿਸ਼ ਕਰ ਦਿੰਦਾ, ਉਹ ਸਹਿਜ-ਅਵਸਥਾ ਵਿਚ ਅਭੇਦ ਹੋ ਜਾਂਦੇ ਹੈ।

ਪਉੜੀ ॥
ਇੱਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਰਿ *(ਹਰ)*	**ਆਪਣੀ**	**ਭਗਤਿ** *(ਭਗਤ)*	**ਕਰਾਇ,**
ਪ੍ਰਭੂ	ਆਪ ਦੀ	ਭਗਤੀ, ਬੰਦਗੀ	ਕਰਵਾ ਕੇ

ਵਡਿਆਈ	**ਵੇਖਾਲੀਅਨੁ,** *(ਵੇਖਾਲੀਅਨ)*॥
ਮਹਾਨਤਾ	ਦਿਖਾਈ, ਵਿਖਾਲੀ, ਪ੍ਰਗਟਾਈ

...ਵਾਹਿਗੁਰੂ ਨੇ (ਭਗਤ-ਜਨਾਂ ਤੋਂ ਬਖਸ਼ਿਸ਼ ਰਾਹੀਂ) ਆਪਣੀ ਭਗਤੀ ਕਰਵਾ ਕੇ (ਭਗਤ ਜਨਾਂ ਦੇ ਹਿਰਦਿਆਂ ਵਿਚ ਆਪਣੀ) ਵਡਿਆਈ ਪ੍ਰਗਟ ਕਰ ਦਿੱਤੀ, ਭਾਵ ਉਨ੍ਹਾਂ ਤੇ ਆਪਣੀ ਵਡਿਆਈ ਦਾ ਵਿਸਮਾਦੀ ਰੰਗ ਚਾੜ੍ਹ ਦਿੱਤਾ...

ਆਪਣੀ	**ਆਪਿ** *(ਆਪ)*	**ਕਰੇ**	**ਪਰਤੀਤਿ,** *(ਪਰਤੀਤ)*
ਆਪਣੇ ਆਪ ਦੀ	ਆਪੇ ਹੀ	ਕਰਕੇ	ਭਰੋਸਾ, ਯਕੀਨ

ਆਪੇ	**ਸੇਵ**	**ਘਾਲੀਅਨੁ** *(ਘਾਲੀਅਨ)* ॥
ਆਪ ਹੀ	ਟਹਿਲ	ਘਾਲਦਾ ਹੈ, ਕਮਾਉਂਦਾ ਹੈ

...ਵਾਹਿਗੁਰੂ ਆਪ ਹੀ (ਭਗਤ ਜਨਾਂ ਦੇ ਹਿਰਦਿਆਂ ਵਿਚ) ਆਪਣਾ ਭਰੋਸਾ ਦ੍ਰਿੜ੍ਹ ਕਰਵਾਉਂਦਾ ਹੈ, ਅਤੇ ਇਵੇਂ ਉਹ ਭਗਤ ਰੂਪ ਹੋਕੇ ਆਪਣੇ ਆਪ ਦੀ ਆਪ ਹੀ (ਸਿਮਰਨ ਰੂਪੀ) ਘਾਲ-ਸੇਵਾ ਕਰਦਾ ਹੈ...

ਹਰਿ, *(ਹਰ)*	**ਭਗਤਾ** *(ਭਗਤਾਂ)*	**ਨੋ**	**ਦੇਇ** *(ਦੇ)*	**ਅਨੰਦੁ,** *(ਅਨੰਦ)*
ਪ੍ਰਭੂ	ਭਗਤ-ਜਨਾਂ	ਨੂੰ	ਦਿੰਦਾ ਹੈ	ਖੁਸ਼ੀਆਂ, ਪ੍ਰਸੰਨਤਾ

ਥਿਰੁ *(ਥਿਰ)*	**ਘਰੀ** *(ਘਰੀਂ)*	**ਬਹਾਲਿਅਨੁ** *(ਬਹਾਲਿਅਨ)* ॥
ਅਡੋਲ, ਪੱਕਾ ਟਿਕਾਣਾ	ਘਰ ਵਿਚ	ਬਹਾਲ ਦਿੰਦਾ, ਨਿਵਾਸ ਦਿੰਦਾ

...ਵਾਹਿਗੁਰੂ ਭਗਤ-ਜਨਾਂ ਨੂੰ ਖੁਸ਼ੀਆਂ-ਖੇੜੇ ਬਖਸ਼ਦਾ ਹੈ, (ਉਨ੍ਹਾਂ ਦੀ ਭਟਕਣਾਂ ਮੁਕਾ ਕੇ ਆਪਣੇ ਨਿੱਜ) ਘਰ ਵਿਚ ਭਾਵ ਸ੍ਵੈ-ਸਰੂਪ ਵਿਚ ਬਹਾਲ ਦਿੰਦਾ ਹੈ...

ਪਾਪੀਆ *(ਪਾਪੀਆਂ)*	**ਨੋ,** *(ਨੋਂ)*	**ਨ** *(ਨਾਂ)*	**ਦੇਈ**	**ਥਿਰੁ** *(ਥਿਰ)*	**ਰਹਣਿ,** *(ਰਹਿਣ)*
ਕੁਕਰਮੀਆਂ	ਨੂੰ	ਨਹੀਂ	ਦਿੰਦਾ	ਸਥਿਰ	ਰਹਿਣ ਦਿੰਦਾ

ਚੁਣਿ *(ਚੁਣ)*	**ਨਰਕ**	**ਘੋਰਿ** *(ਘੋਰ)*	**ਚਾਲਿਅਨੁ** *(ਚਾਲਿਅਨ)* ॥
ਚੁਣ ਕੇ	ਦੋਜ਼ਕ, ਜਹੰਨਮ	ਭਿਆਨਕ	ਤੋਰ ਦਿੰਦਾ, ਭੇਜ ਦਿੰਦਾ

ਅੰਕ ੯੧

...(ਪਰ) ਕੁਕਰਮੀਆਂ ਨੂੰ (ਵਾਹਿਗੁਰੂ) ਚਿੱਤ ਦੀ ਸਥਿਰਤਾ ਵਾਲੀ ਅਵਸਥਾ ਵਿਚ ਨਹੀਂ ਟਿਕਣ ਦਿੰਦਾ, ਸਗੋਂ ਚੁਣ ਚੁਣ ਕੇ ਭਿਆਨਕ ਨਰਕ ਵਲ ਤੋਰ ਦਿੰਦਾ ਹੈ...

ਹਰਿ, *(ਹਰ)*	**ਭਗਤਾ** *(ਭਗਤਾਂ)*	**ਨੋ** *(ਨੋ)*	**ਦੇਇ** *(ਦੇ)*	**ਪਿਆਰੁ,** *(ਪਿਆਰ)*
ਪ੍ਰਭੂ	ਭਗਤ ਜਨਾਂ	ਨੂੰ	ਬਖਸ਼ਦਾ	ਪ੍ਰੀਤ, ਪ੍ਰੇਮ

ਕਰਿ *(ਕਰ)*	**ਅੰਗੁ** *(ਅੰਗ)*	**ਨਿਸਤਾਰਿਅਨੁ** *(ਨਿਸਤਾਰਿਅਨ)* **॥੧੯॥**
ਕਰਕੇ	ਪੱਖ	ਤਾਰ ਦਿੰਦਾ ਹੈ, ਪਾਰ ਉਤਾਰ ਦਿੰਦਾ ਹੈ

...(ਪ੍ਰਭੂ ਉਹ) ਭਗਤ ਜਨਾਂ ਨੂੰ (ਆਪਣਾ) ਪ੍ਰੇਮ ਬਖਸ਼ਦਾ ਹੈ, ਅਤੇ ਉਨ੍ਹਾਂ ਦਾ ਪੱਖ ਕਰਕੇ, (ਉਨ੍ਹਾਂ ਨੂੰ ਮਾਇਆਵੀ ਵਿਕਾਰਾਂ ਦੇ ਭਵ-ਸਾਗਰ ਤੋਂ) ਪਾਰ ਉਤਾਰ ਦਿੰਦਾ ਹੈ।

ਸਲੋਕ,	**ਮਃ** *(ਮਹਿਲਾ)*	**੧** *(ਪਹਿਲਾ)* **॥**
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਪਹਿਲੀ

ਕੁਬੁਧਿ *(ਕੁਬੁੱਧ)*	**ਡੂਮਣੀ,**	**ਕੁਦਇਆ**	**ਕਸਾਇਣਿ,**
ਖੋਟੀ ਬੁੱਧ	ਮਿਰਾਸਣ	ਨਿਰਦੈਤਾ, ਦਇਆਹੀਣਤਾ	ਕਸਾਈ ਦੀ ਪਤਨੀ, ਬੁਚੜਨੀ

ਪਰ	**ਨਿੰਦਾ**	**ਘਟ**	**ਚੂਹੜੀ,**	**ਮੁਠੀ**	**ਕ੍ਰੋਧਿ** *(ਕ੍ਰੋਧ)*	**ਚੰਡਾਲਿ** *(ਚੰਡਾਲ)* **॥**
ਪਰਾਈ	ਨਿੰਦਿਆ	ਅੰਦਰ ਦੀ	ਭੰਗਣ	ਠਗਿਆ	ਗੁੱਸਾ	ਚੰਡਾਲਣ, ਨੀਚ ਔਰਤ

...(ਮਨੁੱਖ ਅੰਦਰਲੀ) ਖੋਟੀ ਮੱਤ, ਮਿਰਾਸਣ ਵਾਂਗ ਹੈ, ਦਇਆਹੀਣਤਾ ਕਸਾਇਣ ਵਾਂਗ ਹੈ, ਦੂਸਰਿਆਂ ਦੀ ਨਿੰਦਾ, ਅੰਦਰ ਦੀ ਚੂਹੜੀ ਵਾਂਗ ਹੈ (ਜੋ ਦੂਸਰਿਆਂ ਦੀ ਗੰਦਗੀ ਸਾਫ਼ ਕਰਦੀ ਹੈ) ਅਤੇ ਕ੍ਰੋਧ ਚੰਡਾਲਣ ਵਾਂਗ ਹੈ, ਇਨ੍ਹਾਂ ਸਾਰਿਆਂ ਨੇ (ਇਨਸਾਨ ਨੂੰ) ਠੱਗਿਆ ਹੋਇਆ ਹੈ...

ਕਾਰੀ *(ਕਾਰੀਂ)*	**ਕਢੀ** *(ਕਢੀਂ)*	**ਕਿਆ,**	**ਥੀਐ,**
ਲਕੀਰਾਂ	ਕੱਢੀਆਂ, ਖਿੱਚੀਆਂ	ਕੀ	ਹੁੰਦਾ ਹੈ, ਬਣਦਾ ਹੈ

ਜਾਂ	**ਚਾਰੇ**	**ਬੈਠੀਆ** *(ਬੈਠੀਆਂ)*	**ਨਾਲਿ** *(ਨਾਲ)* **॥**
ਜਦੋਂ	ਚਾਰੋਂ ਹੀ	ਰਹਿੰਦੀਆਂ	ਨਾਲ, ਕੋਲ

...ਜਦੋਂ (ਉਪਰੋਕਤ) ਚਾਰੇ ਹੀ (ਪਰਵਿਰਤੀਆਂ ਹਰ ਸਮੇਂ ਇਨਸਾਨ ਦੇ) ਨਾਲ ਹੀ ਰਹਿੰਦੀਆਂ ਹਨ, ਤਾਂ ਬਾਹਰੋਂ ਚੌਕਿਆਂ ਚੁਲ੍ਹਿਆਂ ਉਪਰ ਕਰਮ-ਕਾਂਡੀ ਲਕੀਰਾਂ ਖਿੱਚਣ ਨਾਲ ਕੀ ਬਣਦਾ ਹੈ, (ਭਾਵ ਇਨ੍ਹਾਂ ਦਾ ਕੋਈ ਲਾਭ ਨਹੀਂ ਹੁੰਦਾ)...

ਅੰਕ ੯੧

ਸਚੁ *(ਸਚ)*	ਸੰਜਮੁ *(ਸੰਜਮ)*	ਕਰਣੀ	ਕਾਰਾਂ,
ਸੱਤ, ਸਚਾਈ	ਜੁਗਤੀ, ਮਰਿਯਾਦਾ	ਚੰਗੇ ਕਰਮਾਂ	ਲਕੀਰਾਂ

ਨਾਵਣੁ, *(ਨ੍ਹਾਵਣ)*	ਨਾਉ *(ਨਾਉਂ)*	ਜਪੇਹੀ *(ਜਪੇਹੀਂ)* ॥
ਇਸ਼ਨਾਨ	(ਪ੍ਰਭੂ) ਨਾਮ	ਜਪਣ ਨੂੰ

....(ਅਸਲ ਵਿਚ ਸਚਿਆਰ ਮਨੁੱਖ ਉਹ ਹੁੰਦੇ ਹਨ ਜੋ ਰੱਬੀ) ਸੱਚ ਨੂੰ (ਜੀਵਨ ਦੀ) ਮਰਿਯਾਦਾ, ਉੱਚ ਆਚਰਣ ਨੂੰ (ਚੌਂਕੇ ਦੀਆਂ ਲਕੀਰਾਂ), ਅਤੇ ਪਰਮੇਸ਼ਰ ਦੇ ਨਾਮ ਸਿਮਰਨ ਨੂੰ ਇਸ਼ਨਾਨ ਬਣਾ ਲੈਂਦੇ ਹਨ...

ਨਾਨਕ,	ਅਗੈ	ਊਤਮ	ਸੇਈ,
ਹੇ ! ਨਾਨਕ !	ਅੱਗੇ, ਰੱਬੀ-ਦਰਗਾਹੇ	ਉੱਤਮ, ਸ੍ਰੇਸ਼ਠ	ਉਹੀ

ਜਿ	ਪਾਪਾਂ	ਪੰਦਿ *(ਪੰਦ)*	ਨ *(ਨਾਂ)*	ਦੇਹੀ *(ਦੇਹੀਂ)* ॥੧॥
ਜੋ	ਕੁਕਰਮਾਂ	ਨਸੀਹਤ, ਸਿੱਖਿਆ	ਨਹੀਂ	ਦਿੰਦੇ

...ਹੇ! ਨਾਨਕ! ਰੱਬੀ-ਦਰਗਾਹੇ ਉਹੀ, ਉੱਤਮ (ਮੰਨੇ ਜਾਂਦੇ ਹਨ) ਜੋ (ਕਦੇ ਵੀ ਕਿਸੇ ਨੂੰ) ਪਾਪ ਕਰਨ ਦੀ ਨਸੀਹਤ ਨਹੀਂ ਦਿੰਦੇ।

ਮਃ *(ਮਹਿਲਾ)*	੧ *(ਪਹਿਲਾ)* ॥
ਪਾਤਸ਼ਾਹੀ	ਪਹਿਲੀ

ਕਿਆ	ਹੰਸੁ *(ਹੰਸ)*	ਕਿਆ	ਬਗੁਲਾ, *(ਬਗਲਾ)*
ਕੀ	ਹੰਸ ਬਿਰਤੀ ਵਾਲਾ, ਭਾਵ ਨਿਰਮਲ ਬੁੱਧ ਵਾਲਾ	ਕੀ	ਬਗਲੇ ਵਰਗੀ ਕਪਟੀ ਬੁੱਧੀ ਵਾਲਾ

ਜਾ *(ਜਾਂ)*	ਕਉ	ਨਦਰਿ *(ਨਦਰ)*	ਕਰੇਇ॥ *(ਕਰੇ)*
ਜਿਸ	ਨੂੰ	ਕ੍ਰਿਪਾ-ਦ੍ਰਿਸ਼ਟੀ	ਕਰ ਦੇਵੇ

ਕੀ ਹੰਸ, ਭਾਵ ਨਿਰਮਲ ਬੁੱਧੀ ਵਾਲਾ ਅਤੇ ਕੀ ਬਗੁਲਾ, ਭਾਵ ਕਪਟੀ ਬੁੱਧੀ ਵਾਲਾ, (ਭਾਵ ਉੱਚੇ ਨੀਵੇਂ ਦੀ ਗਲ ਨਹੀਂ) ਬੱਸ ਜਿਸ ਉੱਤੇ ਵੀ ਵਾਹਿਗੁਰੂ (ਆਪਣੀ) ਕ੍ਰਿਪਾ-ਦ੍ਰਿਸ਼ਟੀ ਕਰ ਦੇਵੇ (ਉਸ ਦੇ ਜੀਵਨ ਵਿਚ ਹੀ ਸੱਤ ਦਾ ਪ੍ਰਕਾਸ਼ ਹੋ ਜਾਂਦਾ ਹੈ)....

ਜੋ	ਤਿਸੁ *(ਤਿਸ)*	ਭਾਵੈ	ਨਾਨਕਾ,
ਜਿਹੜਾ	ਉਸ(ਪ੍ਰਭੂ)	ਭਾ ਜਾਏ, ਚੰਗਾ ਲਗੇ	ਹੇ ! ਨਾਨਕ

ਕਾਗਹੁ *(ਕਾਗਹੁੰ)*	ਹੰਸੁ *(ਹੰਸ)*	ਕਰੇਇ॥੨॥
ਕਾਂ	ਹੰਸ, ਭਾਵ ਵਿਵੇਕ ਬੁੱਧ ਵਾਲਾ	ਕਰ ਦਿੰਦਾ ਹੈ

...ਹੇ! ਨਾਨਕ! (ਜਦੋਂ ਪਾਰਬ੍ਰਹਮ ਕ੍ਰਿਪਾ ਦੇ ਘਰ ਵਿਚ ਆਉਂਦਾ ਹੈ ਤਾਂ ਗੁਣਾਂ ਔਗਣਾਂ ਵਲ ਨਹੀਂ ਵੇਖਦਾ, ਫਿਰ) ਜਿਹੜਾ ਉਸ (ਪਰਮੇਸ਼ਰ ਨੂੰ) ਚੰਗਾ ਲੱਗੇ ਉਸੇ ਨੂੰ ਹੀ ਕਾਂ ਤੋਂ ਹੰਸ ਬਣਾ ਦਿੰਦਾ ਹੈ, ਭਾਵ ਨਿਰਮਲ-ਬੁੱਧ ਵਾਲਾ ਕਰ ਦਿੰਦਾ ਹੈ।

ਪਉੜੀ ॥
ਇਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਕੀਤਾ	**ਲੋੜੀਐ**	**ਕੰਮੁ,** *(ਕੰਮ)*
ਕਰਨਾ, ਸਿਰੇ ਚੜ੍ਹਾਉਣਾਂ	ਚਾਹੀਏ	ਕਾਰਜ

ਸੁ	**ਹਰਿ** *(ਹਰ)*	**ਪਹਿ**	**ਆਖੀਐ ॥**
ਉਸ ਨੂੰ	ਪ੍ਰਭੂ	ਕੋਲ, ਪਾਸ	ਕਹਿਣਾ ਚਾਹੀਦਾ ਹੈ, ਬੇਨਤੀ ਕਰਨੀ ਚਾਹੀਦੀ ਹੈ

(ਹੇ! ਭਾਈ! ਜੀਵਨ ਦਾ ਜਿਹੜਾ ਵੀ) ਕਾਰਜ (ਪੂਰਾ) ਕਰਨਾ ਚਾਹੀਏ, ਉਸ (ਲਈ) ਵਾਹਿਗੁਰੂ ਪਾਸ ਜੋਦੜੀ, ਬੇਨਤੀ ਕਰਨੀ ਚਾਹੀਦੀ ਹੈ...

ਕਾਰਜੁ *(ਕਾਰਜ)*	**ਦੇਇ**	**ਸਵਾਰਿ,** *(ਸਵਾਰ)*
ਕੰਮ	ਦਿੰਦਾ ਹੈ	ਸਵਾਰ, ਰਾਸ

ਸਤਿਗੁਰ *(ਸਤਗੁਰ)*	**ਸਚੁ** *(ਸਚ)*	**ਸਾਖੀਐ ॥**
ਸਤਿਗੁਰੂ	ਸਦਾ-ਸਥਿਰ(ਪ੍ਰਭੂ)	ਸਿੱਖਿਆ

...ਸਤਿਗੁਰੂ ਦੀ (ਗੁਰ-ਸ਼ਬਦ ਰਾਹੀਂ ਦਿੱਤੀ) ਸਿੱਖਿਆ (ਅਨੁਸਾਰ ਜੀਵਨ ਬਸਰ ਕਰਨ ਨਾਲ) ਸਦੀਵ-ਸੱਤ (ਪਰਮੇਸ਼ਰ, ਜ਼ਿੰਦਗੀ ਦੇ ਸਭ) ਕਾਰਜ ਸਵਾਰ ਦਿੰਦਾ...

ਸੰਤਾ *(ਸੰਤਾਂ)*	**ਸੰਗਿ** *(ਸੰਗ)*	**ਨਿਧਾਨੁ,** *(ਨਿਧਾਨ)*
ਸਾਧੂਆਂ ਦੀ	ਸੰਗਤ ਰਾਹੀਂ	ਖ਼ਜ਼ਾਨਾ

ਅੰਮ੍ਰਿਤੁ *(ਅੰਮ੍ਰਿਤ)*	**ਚਾਖੀਐ ॥**
ਅਮਰ ਕਰ ਦੇਣ ਵਾਲਾ	ਚੱਖ ਲਈਦਾ ਹੈ, ਛੱਕ ਲਈਦਾ ਹੈ

...ਸੱਤ-ਪੁਰਖਾਂ ਦੀ ਸੰਗਤ ਰਾਹੀਂ (ਸੱਤ-ਨਾਮ ਦਾ) ਖ਼ਜ਼ਾਨਾ (ਪ੍ਰਾਪਤ ਹੁੰਦਾ ਹੈ, ਅਤੇ ਫਿਰ ਇਸ ਵਿਚੋਂ ਸਦਾ ਲਈ ਅਮਰ ਕਰ ਦੇਣ ਵਾਲਾ) ਨਾਮ-ਅੰਮ੍ਰਿਤ ਛਕੀਦਾ ਹੈ...

ਅੰਕ ੯੧

ਭੈ	ਭੰਜਨ	ਮਿਹਰਵਾਨ,	ਦਾਸ	ਕੀ	ਰਾਖੀਐ ॥
ਭੈਅ, ਡਰ	ਦੂਰ ਕਰਨ ਵਾਲੇ	ਦਇਆਵਾਨ	ਸੇਵਕ, ਗੋਲੇ	ਦੀ	ਰੱਖ ਲਵੋ

...ਹੇ! ਦਇਆਵਾਨ! ਡਰ ਨਾਸ਼ ਕਰਨ ਵਾਲੇ ਪ੍ਰਭੂ, (ਬੇਨਤੀ, ਜੋਂਦੜੀ ਹੈ ਕਿ) ਦਾਸ ਦੀ (ਪੈਜ) ਰੱਖ ਲਵੋ...

ਨਾਨਕ,	ਹਰਿ *(ਹਰ)*	ਗੁਣ	ਗਾਇ,
ਹੇ ! ਨਾਨਕ !	ਪ੍ਰਭੂ	ਚੰਗਿਆਈਆਂ, ਗੁਣਾਂ	ਗਾਇਨ

ਅਲਖੁ *(ਅਲਖ)*	ਪ੍ਰਭੁ *(ਪ੍ਰਭ)*	ਲਾਖੀਐ ॥੨੦॥
ਅਦ੍ਰਿਸ਼ਟ	ਵਾਹਿਗੁਰੂ	ਦੀਦਾਰ ਕਰ ਲਈਦੇ ਹਨ

...ਹੇ! ਨਾਨਕ! ਪ੍ਰਭੂ ਦੀਆਂ ਚੰਗਿਆਈਆਂ ਦਾ ਗਾਇਨ ਕਰਨ ਨਾਲ ਅਦ੍ਰਿਸ਼ਟ ਪਰਮਾਤਮਾ ਦੇ ਦਰਸ਼ਨ-ਦੀਦਾਰ ਕਰ ਲਈਦੇ ਹਨ ਭਾਵ ਉਸ ਨੂੰ ਜਾਣ ਲਈਦਾ, ਸਮਝ ਲਈਦਾ।

ਸਲੋਕ,	ਮਃ *(ਮਹਿਲਾ)*	੩ *(ਤੀਜਾ)* ॥
ਸਿਫ਼ਤ ਸਲਾਹ ਦਾ ਗੀਤ	ਪਾਤਸ਼ਾਹੀ	ਤੀਸਰੀ

ਜੀਉ	ਪਿੰਡੁ *(ਪਿੰਡ)*	ਸਭੁ *(ਸਭ)*	ਤਿਸ	ਕਾ,
ਜਿੰਦ	ਸਰੀਰ	ਸਾਰਾ	ਉਸ (ਪ੍ਰਭੂ)	ਦਾ

ਸਭਸੈ	ਦੇਇ	ਅਧਾਰੁ *(ਅਧਾਰ)* ॥
ਸਾਰਿਆਂ ਨੂੰ	ਦਿੰਦਾ ਹੈ	ਆਸਰਾ, ਸਹਾਰਾ, ਓਟ

...ਜਿੰਦ ਅਤੇ ਸਰੀਰ ਸਾਰਾ ਕੁਝ ਉਸ (ਕਰਤਾ ਪੁਰਖ) ਦਾ ਹੈ, (ਜਿਹੜਾ) ਸਾਰਿਆਂ ਨੂੰ ਓਟ-ਆਸਰਾ ਬਖ਼ਸ਼ਦਾ ਹੈ...

ਨਾਨਕ,	ਗੁਰਮੁਖਿ *(ਗੁਰਮੁਖ)*	ਸੇਵੀਐ,
ਹੇ ! ਨਾਨਕ !	ਸਤਿਗੁਰੂ ਦੀ ਸਨਮੁੱਖ ਰਾਹੀਂ	ਸੇਵਾ ਕਰਨੀ ਚਾਹੀਦੀ

ਸਦਾ	ਸਦਾ	ਦਾਤਾਰੁ *(ਦਾਤਾਰ)* ॥
ਹਮੇਸ਼ਾਂ	ਹਮੇਸ਼ਾਂ	ਦਾਤਾਂ ਬਖਸ਼ਣ ਵਾਲਾ

...ਹੇ! ਨਾਨਕ! ਸਤਿਗੁਰੂ ਦੀ ਸਨਮੁੱਖਤਾ ਰਾਹੀਂ, ਸਦਾ ਸਦਾ ਦਾਤਾਂ ਬਖਸ਼ਣ ਵਾਲੇ (ਪਾਰਬ੍ਰਹਮ) ਦਾ ਸੇਵਾ-ਸਿਮਰਨ ਕਰਨਾ ਚਾਹੀਦਾ ਹੈ...

ਅੰਕ ੯੧

ਹਉ *(ਹਉਂ)*	ਬਲਿਹਾਰੀ	ਤਿਨ *(ਤਿਨ੍ਹ)*	ਕਉ,	
ਮੈਂ	ਕੁਰਬਾਨ, ਸਦਕੇ	ਤਿਨ੍ਹਾਂ	ਨੂੰ	

ਜਿਨਿ *(ਜਿਨ੍ਹ)*	ਧਿਆਇਆ	ਹਰਿ *(ਹਰ)*	ਨਿਰੰਕਾਰੁ *(ਨਿਰੰਕਾਰ)* ॥
ਜਿਨ੍ਹਾਂ ਨੇ	ਅਰਾਧਿਆ, ਸਿਮਰਿਆ	ਪ੍ਰਭੂ	ਨਿਰਾਕਾਰ

...ਜਿਨ੍ਹਾਂ ਨੇ ਨਿਰੰਕਾਰ ਪ੍ਰਭੂ ਨੂੰ ਸਿਮਰਿਆ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ...

ਓਨਾ *(ਓਨ੍ਹਾਂ)*	ਕੇ	ਮੁਖ	ਸਦ	ਉਜਲੇ,
ਉਨ੍ਹਾਂ	ਦੇ	ਮੂੰਹ	ਸਦਾ, ਹਮੇਸ਼ਾਂ	ਉਜ੍ਵਲ, ਨਿਰਮਲ

ਓਨਾ *(ਓਨ੍ਹਾਂ)*	ਨੋ	ਸਭੁ *(ਸਭ)*	ਜਗਤੁ *(ਜਗਤ)*	ਕਰੇ	ਨਮਸਕਾਰੁ *(ਨਮਸਕਾਰ)*	॥੧॥
ਉਨ੍ਹਾਂ	ਨੂੰ	ਸਾਰਾ	ਸੰਸਾਰ	ਕਰਦਾ	ਬੰਦਨਾ, ਪ੍ਰਣਾਮ	

...ਉਨ੍ਹਾਂ ਦੇ ਮੂੰਹ ਹਮੇਸ਼ਾਂ ਉਜ੍ਵਲ ਹੁੰਦੇ ਹਨ ਅਤੇ ਸਾਰਾ ਜਗਤ ਉਨ੍ਹਾਂ ਨੂੰ ਨਮਸ਼ਕਾਰ ਕਰਦਾ ਹੈ।

ਮ: *(ਮਹਿਲਾ)*	੩ *(ਤੀਜਾ)* ॥
ਪਾਤਸ਼ਾਹੀ	ਤੀਸਰੀ

ਸਤਿਗੁਰ *(ਸਤਗੁਰ)*	ਮਿਲਿਐ,	ਉਲਟੀ	ਭਈ,
ਸਤਿਗੁਰੂ	ਮਿਲਣ ਨਾਲ, ਮਿਲਾਪ ਰਾਹੀਂ	ਉਲਟ, ਵਿਪਰੀਤ	ਹੋ ਜਾਂਦੀ

ਨਵ	ਨਿਧਿ *(ਨਿਧ)*	ਖਰਚਿਉ	ਖਾਉ ॥
ਨੌਂ	ਖਜ਼ਾਨੇ	ਖਰਚਣ	ਖਾਣ, ਛਕਣ

ਸਤਿਗੁਰੂ ਦੇ ਮਿਲਾਪ ਨਾਲ (ਧਰਮ ਸਾਧਕਾਂ ਦੀ ਬਿਰਤੀ ਮਾਇਆਵੀ ਵਿਕਾਰਾਂ ਤੋਂ) ਉਲਟ ਹੋ ਜਾਂਦੀ ਹੈ, (ਅਤੇ ਸੱਤ-ਨਾਮ ਦੀ ਪ੍ਰਾਪਤੀ ਕਰਕੇ ਸਮਝੋ) ਉਨ੍ਹਾਂ ਨੂੰ ਖਾਣ-ਖਰਚਣ ਲਈ ਨੌਂ ਨਿਧੀਆਂ ਭਾਵ ਸੰਸਾਰ ਦੇ ਸਭ ਪਦਾਰਥ ਪ੍ਰਾਪਤ ਹੋ ਜਾਂਦੇ ਹਨ...

ਅਠਾਰਹ	ਸਿਧੀ,	ਪਿਛੈ	ਲਗੀਆ *(ਲਗੀਆਂ)*	ਫਿਰਨਿ, *(ਫਿਰਨ)*
ਅਠਾਰਾਂ	ਕਰਾਮਾਤਾਂ	ਮਗਰ	ਲੱਗੀਆਂ ਹੋਈਆਂ	ਫਿਰਦੀਆਂ ਹਨ

ਨਿਜ	ਘਰਿ *(ਘਰ)*	ਵਸੈ	ਨਿਜ	ਥਾਇ *(ਥਾਇਂ)* ॥
ਸ੍ਵੈ	ਘਰ ਵਿਚ	ਵਸਿਆ, ਟਿਕਿਆ	ਸ੍ਵੈ, ਆਪਣੇ	ਥਾਂ, ਅੰਤਹਕਰਣ

ਅੰਕ ੯੧

...ਅਠਾਰਾਂ ਸਿੱਧੀਆਂ (ਉਸ ਦੇ) ਮਗਰ ਲੱਗੀਆਂ ਫਿਰਦੀਆਂ ਹਨ, (ਪਰ ਉਸ ਦਾ ਚਿੱਤ) ਆਪਣੇ ਅੰਤਹਕਰਣ ਅੰਦਰ ਆਪਣੇ ਸ੍ਵੈ-ਸਰੂਪ ਭਾਵ ਆਤਮਿਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ...

ਅਨਹਦ	**ਧੁਨੀ**	**ਸਦ**	**ਵਜਦੇ,**
ਆਤਮ-ਮੰਡਲ	ਸੰਗੀਤ	ਸਦਾ, ਨਿਰੰਤ	ਵੱਜਦਾ

ਉਨਮਨਿ *(ਉਨਮਨ)*	**ਹਰਿ** *(ਹਰ)*	**ਲਿਵ**	**ਲਾਇ॥**
ਮਨ ਦੀ ਉੱਚਤਮ ਅਵਸਥਾ,	ਪ੍ਰਭੂ	ਧਿਆਨ	ਲਾਉਂਦਾ, ਜੋੜਦਾ

ਭਾਵ ਉਹ ਅਵਸਥਾ ਜਦੋਂ ਮਨ ਗਿਆਨਵਾਨ ਹੋ ਜਾਂਦਾ ਹੈ, ਤੁਰੀਆ ਅਵਸਥਾ ਵਿਚ ਟਿਕ ਜਾਂਦਾ।

...(ਉਸ ਦੇ ਅੰਤਹਕਰਣ ਵਿਚ) ਨਿਰੰਤਰ ਆਤਮ-ਮੰਡਲ ਦਾ ਸੰਗੀਤ ਵੱਜਦਾ ਰਹਿੰਦਾ ਹੈ, ਭਾਵ ਆਤਮਿਕ ਅਨੰਦ ਦੀ ਅਵਸਥਾ ਬਣੀ ਰਹਿੰਦੀ ਹੈ। ਉਹ ਚਿੱਤ ਦੀ ਉੱਚਤਮ ਅਵਸਥਾ ਵਿਚ ਟਿਕ ਕੇ, ਅਕਾਲ ਪੁਰਖ ਵਿਚ ਧਿਆਨ ਜੋੜੀ ਰਖਦਾ ਹੈ।

ਨਾਨਕ,	**ਹਰਿ** *(ਹਰ)*	**ਭਗਤਿ** *(ਭਗਤ)*	**ਤਿਨਾ** *(ਤਿਨ੍ਹਾਂ)*	**ਕੈ**	**ਮਨਿ** *(ਮਨ)*	**ਵਸੈ,**
ਹੇ! ਨਾਨਕ!	ਪ੍ਰਭੂ	ਬੰਦਗੀ	ਉਨ੍ਹਾਂ	ਦੇ	ਮਨ ਵਿਚ	ਵੱਸ ਜਾਂਦੀ

ਜਿਨ *(ਜਿਨ੍ਹ)*	**ਮਸਤਕਿ** *(ਮਸਤਕ)*	**ਲਿਖਿਆ**	**ਧੁਰਿ** *(ਧੁਰ)*	**ਪਾਇ॥੨॥**
ਜਿਨ੍ਹਾਂ ਦੇ	ਮੱਥੇ ਤੇ	ਅੰਕਿਤ, ਉਕਰਿਆ	ਧੁਰੋਂ, ਰੱਬੀ-ਦਰਗਾਹੋਂ	ਪਾਇਆ

...ਹੇ! ਨਾਨਕ! ਪ੍ਰਭੂ ਦੀ ਬੰਦਗੀ ਉਨ੍ਹਾਂ ਦੇ ਹਿਰਦੇ ਵਿਚ ਵੱਸਦੀ ਹੈ, ਜਿਨ੍ਹਾਂ ਦੇ ਮਸਤਕ ਵਿਚ (ਭਗਤੀ ਦੇ ਸੰਸਕਾਰ) ਰੱਬੀ-ਦਰਗਾਹੋਂ ਹੀ ਲਿਖ ਕੇ ਪਾਏ ਹੁੰਦੇ ਹਨ।

ਪਉੜੀ ॥
ਇਕ ਕਾਵਿ-ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਹਉ *(ਹਉਂ)*	**ਢਾਢੀ**	**ਹਰਿ** *(ਹਰ)*	**ਪ੍ਰਭ**	**ਖਸਮ**	**ਕਾ,**
ਮੈਂ	ਭੱਟ,ਜੱਸ ਗਾਉਣ ਵਾਲਾ	ਹਰੀ	ਪਰਮਾਤਮਾ	ਪਤੀ	ਦਾ

ਹਰਿ *(ਹਰ)*	**ਕੈ**	**ਦਰਿ** *(ਦਰ)*	**ਆਇਆ ॥**
ਪਰਮੇਸ਼ਰ	ਦੇ	ਦਰਵਾਜ਼ੇ ਤੇ	ਪਹੁੰਚਿਆ, ਅੱਪੜਿਆ

ਮੈਂ ਤਾਂ (ਆਪਣੇ) ਖ਼ਸਮ ਹਰੀ-ਪ੍ਰਭੂ ਦਾ ਢਾਢੀ ਹਾਂ, ਜੋ (ਆਪਣੇ) ਪਰਮੇਸ਼ਰ ਦੇ ਦੁਆਰੇ ਤੇ (ਉੱਸਤਤ ਗਾਇਨ ਕਰਨ ਲਈ) ਪਹੁੰਚਿਆ ਹਾਂ...

ਅੰਕ ੯੧

ਹਰਿ, *(ਹਰ)*	ਅੰਦਰਿ *(ਅੰਦਰ)*	ਸੁਣੀ	ਪੂਕਾਰ,
ਪ੍ਰਭੂ ਨੇ	ਅੰਦਰੋਂ	ਸੁਣ ਲਈ	ਕੂਕ, ਫਰਿਆਦ

ਢਾਢੀ	ਮੁਖਿ *(ਮੁਖ)*	ਲਾਇਆ ॥
ਜੱਸ ਗਾਉਣ ਵਾਲੇ ਨੂੰ	ਸਾਮ੍ਹਣੇ, ਸਨਮੁੱਖ	(ਬੁਲਾ) ਲਿਆ

...ਪ੍ਰਭ-ਜੀ ਨੇ, ਮੇਰੀ ਢਾਢੀ ਦੀ ਕੂਕ ਸੁਣ ਲਈ ਅਤੇ ਮੈਨੂੰ ਅੰਦਰੋਂ (ਆਵਾਜ਼ ਮਾਰ ਕੇ ਆਪਣੇ) ਸਨਮੁੱਖ ਬੁਲਾ ਲਿਆ...

ਹਰਿ, *(ਹਰ)*	ਪੁਛਿਆ	ਢਾਢੀ	ਸਦਿ *(ਸਦ)*	ਕੈ,
ਪ੍ਰਭ-ਜੀ	ਦਰਿਆਫ਼ਤ ਕੀਤਾ	ਜੱਸ ਗਾਉਣ ਵਾਲੇ ਨੂੰ	ਬੁਲਾ	ਕੇ

ਕਿਤੁ *(ਕਿਤ)*	ਅਰਥਿ *(ਅਰਥ)*	ਤੂੰ	ਆਇਆ ॥
ਕਿਹੜੇ	ਕਾਰਜ, ਮਨੋਰਥ	ਤੁਸੀਂ	ਪਹੁੰਚਿਆ ਹੈਂ

...ਪ੍ਰਭ-ਜੀ ਨੇ, (ਮੈਨੂੰ) ਬੁਲਾ ਕੇ ਪੁੱਛਿਆ ਕਿ (ਹੇ! ਭਾਈ!) ਤੂੰ ਕਿਸ ਮਨੋਰਥ ਲਈ (ਮੇਰੇ ਕੋਲ) ਆਇਆ ਹੈਂ...

ਨਿਤ	ਦੇਵਹੁ	ਦਾਨੁ *(ਦਾਨ)*	ਦਇਆਲ	ਪ੍ਰਭ,
ਰੋਜ਼	ਦਿਓ, ਬਖ਼ਸ਼ੋ	ਦਾਤ	ਦਇਆਵਾਨ	ਵਾਹਿਗੁਰੂ

ਹਰਿ *(ਹਰ)*	ਨਾਮੁ *(ਨਾਮ)*	ਧਿਆਇਆ ॥
ਪ੍ਰਭੂ	ਨਾਮ	ਧਿਆਵਾਂ, ਸਿਮਰਦਾ ਰਹਾਂ

...(ਮੈਂ ਜੋਦੜੀ ਕੀਤੀ) ਸਾਹਿਬ ਜੀਓ! (ਤ੍ਰੁਠ ਕੇ ਮੈਨੂੰ) ਇਹ ਦਾਤ ਬਖਸ਼ੋ ਕਿ (ਮੈਂ) ਨਿੱਤ, ਹਰਿ-ਨਾਮ ਦਾ ਹੀ ਸਿਮਰਨ ਕਰਦਾ ਰਹਾਂ...

ਹਰਿ *(ਹਰ)*	ਦਾਤੈ	ਹਰਿ *(ਹਰ)*	ਨਾਮੁ *(ਨਾਮ)*	ਜਪਾਇਆ,
ਪ੍ਰਭੂ	ਦਾਤਾਰ ਨੇ	ਪ੍ਰਭੂ	ਨਾਮ	ਜਪਵਾਇਆ

ਨਾਨਕੁ *(ਨਾਨਕ)*	ਪੈਨਾਇਆ ॥੨੧॥੧॥
ਨਾਨਕ (ਗੁਰੂ)	ਪਹਿਨਾਇਆ

...(ਮੇਰਾ ਤਰਲਾ ਸੁਣ ਕੇ) ਪ੍ਰਭ ਜੀ ਨੇ (ਮੈਨੂੰ ਆਪਣੀ ਹਜ਼ੂਰੀ ਵਿਚ ਬਿਠਾ ਕੇ) ਹਰਿ-ਨਾਮ ਦਾ ਜਾਪ ਕਰਵਾਇਆ ਅਤੇ ਫਿਰ (ਪਿਆਰ ਅਤੇ ਇੱਜ਼ਤ-ਮਾਣ ਕਰਦਿਆਂ ਸਿਰੋਪਾਉ ਵੀ) ਪਹਿਨਾਇਆ।

ਅੰਕ ੯੧-੯੨

ਸੁਧੁ *(ਸੁਧ)*

ਨੋਟ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੨ ਵਾਰਾਂ ਅੰਕਿਤ ਹਨ। ੧੬ ਰਾਗਾਂ ਦੇ ਅੰਤ ਵਿਚ ਸੁਧੁ ਸ਼ਬਦ ਅੰਕਿਤ ਹੈ। ਗਉੜੀ ਦੀ ਵਾਰ ਮਹਲਾ ੫ ਦੇ ਅੰਤ ਵਿਚ ਸੁਧੁ ਕੀਚੈ ਅਤੇ ਪੰਜ ਵਾਰਾਂ (ਜੈਤਸਰੀ ਕੀ ਵਾਰ, ਵਾਰ ਸੂਹੀ ਕੀ, ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਮਾਰੂ ਵਾਰ ਮਹਲਾ ੫ (ਡਖਣੇ), ਅਤੇ ਬਸੰਤ ਕੀ ਵਾਰ ਮਹਲਾ ੫) ਦੇ ਅੰਤ ਵਿਚ ਇਸ ਤਰ੍ਹਾਂ ਦਾ ਕੋਈ ਸੰਕੇਤ ਨਹੀਂ ਹੈ। ਕਰਤਾਰ ਸਾਹਿਬ ਵਾਲੀ ਪਾਵਨ ਆਦਿ ਬੀੜ ਵਿਚ ਇਹ ਸੰਕੇਤ ਹਾਸ਼ੀਏ ਤੋਂ ਬਾਹਰ ਦਿੱਤੇ ਹੋਏ ਹਨ। ਇਨ੍ਹਾਂ ਦਾ ਅਰਥਾਂ, ਅਤੇ ਪਾਠ ਕਰਨ ਨਾਲ ਕੋਈ ਸੰਬੰਧ ਨਹੀਂ ਹੈ ਸਗੋਂ ਇਸ ਦਾ ਸੰਬੰਧ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨਾਲ ਹੈ। ਇਹ ਸੰਕੇਤ, ਲਿਖਾਰੀ ਭਾਈ ਗੁਰਦਾਸ ਜੀ ਅਤੇ ਪਾਵਨ ਬੀੜਾਂ ਦਾ ਉਤਾਰਾ ਕਰਨ ਵਾਲਿਆਂ ਲਈ ਸੀ, ਕਿ ਇਨ੍ਹਾਂ ਬਾਣੀਆਂ ਵਿਚ ਜਿਥੇ ਵੀ ਕੋਈ ਹੋਰ ਸੁਧਾਈ ਕਰਨ ਦੀ ਲੋੜ ਹੈ, ਕਰ ਲਵੋ, ਅਤੇ ਜਿਥੇ ਸੋਧ ਹੋ ਚੁੱਕੀ ਹੈ ਉਹ ਸੁਧੁ ਹੈ ਭਾਵ ਦਰੁਸਤ ਹੈ।

ੴ *(ਇਕ ਓਅੰਕਾਰ)*

ਇਕ ਪਰਮ-ਆਤਮਾ(ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।

ਸਤਿ *(ਸੱਤ)*	
(ਓਅੰਕਾਰ ਦਾ ਸਰੂਪ,ਭਾਵ ਪਰਮਾਤਮ ਹੋਂਦ, ਸਦਾ) ਸੱਚ ਹੈ	**ਗੁਰ**
	ਗਿਆਨਮਈ ਗੁਰੂ ਸਰੂਪ (ਓਅੰਕਾਰ)

ਪ੍ਰਸਾਦਿ ॥ *(ਪ੍ਰਸਾਦ)*

ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀਂ, ਕਿਰਪਾ ਕਰਦਾ)

ਸਿਰੀਰਾਗੁ, *(ਸਿਰੀਰਾਗ)*	**ਕਬੀਰ**	**ਜੀਉ**	**ਕਾ ॥**
ਰਾਗ ਦਾ ਨਾਮ	ਬਨਾਰਸ ਵਿਚ ਰਹਿਣ ਵਾਲੇ ਉਘੇ ਸ਼੍ਰੋਮਣੀ ਭਗਤ	ਜੀ	ਦਾ

ਏਕੁ *(ਏਕ)*	**ਸੁਆਨੁ** *(ਸੁਆਨ)*	**ਕੈ**	**ਘਰਿ** *(ਘਰ)*	**ਗਾਵਣਾ**

ਨੋਟ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ, ਧੰਨ ਗੁਰੂ ਅਰਜਨ ਦੇਵ ਜੀ ਵਲੋਂ ਦਿੱਤਾ ਹੋਇਆ ਇਹ ਸੰਕੇਤ ਹੈ ਕਿ ਇਸ ਸ਼ਬਦ ਦਾ ਗਾਇਨ ਏਕੁ ਸੁਆਨੁ ਦੁਇ ਸੁਆਨੀ ਨਾਲ (ਸ੍ਰੀ ਰਾਗੁ ਮ: ੧ ਘਰੁ ੪) ਵਾਲੇ ਸ਼ਬਦ ਦੀ ਸੁਰ-ਤਾਲ ਅਨੁਸਾਰ ਗਾਉਣਾ ਹੈ। ਉਹ ਸ਼ਬਦ ਘਰ ੪ ਵਿਚ ਗਾਇਨ ਕੀਤਾ ਜਾਂਦਾ ਹੈ ਅਤੇ ਇਸ ਸ਼ਬਦ ਨੂੰ ਵੀ ਉਸੇ ਤਰ੍ਹਾਂ ਹੀ ਘਰ ੪ ਵਿਚ ਹੀ ਗਾਇਨ ਕਰਨਾ ਹੈ।

ਜਨਨੀ	**ਜਾਨਤ,**	**ਸੁਤੁ** *(ਸੁਤ)*	**ਬਡਾ**	**ਹੋਤੁ** *(ਹੋਤ)*	**ਹੈ,**
ਜਨਮ ਦੇਣ ਵਾਲੀ, ਮਾਂ	ਸਮਝਦੀ	ਪੁੱਤਰ	ਵੱਡਾ	ਹੋ ਰਿਹਾ	ਹੋਣ ਦੀ ਕ੍ਰਿਆ

ਇਤਨਾ	**ਕੁ**	**ਨ** *(ਨਾਂ)*	**ਜਾਨੈ,**
ਇਨੀਂ	ਜਿਹੀ	ਨਹੀਂ	ਜਾਣਦੀ, ਸਮਝਦੀ

ਅੰਕ ੯੨

ਜਿ	ਦਿਨ	ਦਿਨ	ਅਵਧ	ਘਟਤੁ (ਘਟਤ)	ਹੈ ॥
ਜੋ	ਰੋਜ਼	ਰੋਜ਼	ਉਮਰ	ਘਟਦੀ	ਹੋਣ ਦੀ ਕ੍ਰਿਆ

ਜਨਮ ਦੇਣ ਵਾਲੀ ਮਾਂ, ਸਮਝਦੀ ਹੈ ਕਿ (ਮੇਰਾ) ਪੁੱਤਰ (ਦਿਨ ਪ੍ਰਤੀ ਦਿਨ) ਵੱਡਾ ਹੋ ਰਿਹਾ ਹੈ, (ਪਰ) ਇਨੀਂ ਜਿਹੀ ਗੱਲ ਨਹੀਂ ਸਮਝਦੀ ਜੋ (ਉਸ ਦੀ ਤਾਂ) ਉਮਰ ਹਰ ਰੋਜ਼ ਘੱਟਦੀ ਹੀ ਜਾ ਰਹੀ ਹੈ...

ਮੋਰ	ਮੋਰ	ਕਰਿ, (ਕਰ)	ਅਧਿਕ	ਲਾਡੁ (ਲਾਡ)	ਧਰਿ, (ਧਰ)
ਮੇਰਾ	ਮੇਰਾ	ਕਰਕੇ	ਬਹੁਤ	ਚਾਅ-ਮਲ੍ਹਾਰ	ਕਰਦੀ

ਪੇਖਤ	ਹੀ,	ਜਮਰਾਉ	ਹਸੈ ॥੧॥
ਦੇਖ ਕੇ	ਜ਼ੋਰ ਪਾਉਣ ਵਾਲਾ ਅਗੇਤਰ	ਯਮਰਾਜ	ਹੱਸਦਾ ਹੈ

...(ਮਾਂ ਬੇਟੇ ਨੂੰ) ਮੇਰਾ (ਪੁੱਤਰ) ਮੇਰਾ (ਪੁੱਤਰ) ਕਰ ਕਰ ਕੇ ਬਹੁਤ ਚਾਅ-ਮਲ੍ਹਾਰ ਕਰਦੀ ਹੈ, ਪਰ ਯਮਰਾਜ ਇਹ ਸਭ ਕੁਝ ਵੇਖ ਵੇਖ ਕੇ ਹੱਸਦਾ ਹੈ...

ਐਸਾ,	ਤੈਂ	ਜਗੁ (ਜਗ)	ਭਰਮਿ (ਭਰਮ)	ਲਾਇਆ ॥
ਇਹੋ ਜਿਹਾ	ਤੂੰ	ਸੰਸਾਰ	ਭੁਲੇਖਾ	ਲਗਾਇਆ

...(ਹੇ! ਵਾਹਿਗੁਰੂ!) ਇਸ ਤਰ੍ਹਾਂ ਤੂੰ (ਆਪ ਹੀ ਆਪਣੇ ਕੌਤਕ ਰਾਹੀਂ) ਸੰਸਾਰ ਨੂੰ ਭਰਮ-ਭੁਲੇਖੇ ਵਿਚ ਲਗਾਇਆ ਹੋਇਆ ਹੈ...

ਕੈਸੇ	ਬੂਝੈ,	ਜਬ	ਮੋਹਿਆ ਹੈ	ਮਾਇਆ ॥੧॥	ਰਹਾਉ ॥
ਕਿਵੇਂ	ਬੁੱਝੇ, ਸਮਝੇ	ਜਦੋਂ ਕਿ	ਭਰਮਾਇਆ ਹੋਣ ਦੀ ਕ੍ਰਿਆ	ਮਾਇਆਵੀ ਵਿਕਾਰਾਂ	ਠਹਿਰਾਉ

...ਪਰ ਉਹ ਸਮਝ ਹੀ ਕਿਵੇਂ ਸਕਦਾ ਹੈ, ਜਦੋਂ ਕਿ (ਸੰਸਾਰ ਦੇ) ਮਾਇਆਵੀ ਵਿਕਾਰਾਂ ਦੇ ਭਰਮ ਨੇ ਉਸ ਨੂੰ ਮੋਹਿਆ ਹੋਇਆ ਹੈ...

ਕਹਤ (ਕਹਿਤ)	ਕਬੀਰ,	ਛੋਡਿ (ਛੋਡ)	ਬਿਖਿਆ	ਰਸ,
ਕਹਿੰਦਾ, ਸਮਝਾਉਂਦਾ	ਭਗਤ ਕਬੀਰ	ਛੱਡ ਦੇਹ	ਜ਼ਹਿਰੀਲੇ	ਸੁਆਦ

ਇਤੁ (ਇਤ)	ਸੰਗਤਿ (ਸੰਗਤ)	ਨਿਹਚਉ	ਮਰਣਾ ॥
ਇਨ੍ਹਾਂ ਦੇ	ਸੰਗ ਨਾਲ	ਨਿਸ਼ਚੇ ਹੀ, ਯਕੀਨਨ ਹੀ	(ਆਤਮਿਕ ਮੌਤੇ) ਮਰ ਜਾਣਾ

...ਕਬੀਰ ਕਹਿੰਦਾ ਹੈ, ਸਮਝਾਉਂਦਾ ਹੈ ਕਿ, ਹੇ! ਭਾਈ! ਤੂੰ ਮਾਇਆਵੀ ਵਿਕਾਰਾਂ ਦੇ ਜ਼ਹਿਰੀਲੇ ਸੁਆਦ ਨੂੰ ਤਿਆਗ ਦੇਹ, ਇਨ੍ਹਾਂ ਦੇ ਸੰਗ ਨਾਲ ਤੂੰ ਅਵੱਸ਼ ਹੀ (ਆਤਮਿਕ ਮੌਤੇ) ਮਰ ਜਾਣਾ ਹੈ...

ਅੰਕ ੯੨

ਰਮਈਆ	ਜਪਹੁ	ਪ੍ਰਾਣੀ,	ਅਨਤ	ਜੀਵਣ	ਬਾਣੀ,
ਹਰ ਥਾਂ ਰਮਿਆ	(ਪ੍ਰਭੂ) ਸਿਮਰੋ	ਜੀਵ	ਅਨੰਤ	ਜ਼ਿੰਦਗੀ	ਰੱਬੀ ਰਚਨਾ

ਇਨ	ਬਿਧਿ *(ਬਿਧ)*	ਭਵ	ਸਾਗਰੁ *(ਸਾਗਰ)*	ਤਰਣਾ ॥੨॥
ਇਸ	ਬਿਧੀ, ਤਰੀਕੇ	ਸੰਸਾਰ	ਸਮੁੰਦਰ	ਤਰ ਜਾਈਦਾ

...ਹੇ! ਪ੍ਰਾਣੀ! ਸਰਬ-ਵਿਆਪਕ (ਪਰਮੇਸ਼ਰ) ਦਾ ਸਿਮਰਨ ਕਰੋ, (ਕਿਉਂਕਿ ਇਹ ਸਿਮਰਨਮਈ) ਬਾਣੀ ਅਨੰਤ-ਜੀਵਨ ਬਖਸ਼ਣ ਵਾਲੀ ਹੈ, ਇਸ ਤਰੀਕੇ ਰਾਹੀਂ ਭਵ-ਸਾਗਰ ਨੂੰ ਤਰ ਜਾਈਦਾ ਹੈ...

ਜਾਂ	ਤਿਸੁ *(ਤਿਸ)*	ਭਾਵੈ	ਤਾ *(ਤਾਂ)*	ਲਾਗੈ	ਭਾਉ ॥
ਜੇਕਰ	ਉਸ ਨੂੰ	ਚੰਗਾ ਲੱਗੇ	ਤਦ	ਲਗਦਾ ਹੈ	ਪਿਆਰ

...ਜੇ ਉਸ(ਪ੍ਰਭੂ) ਨੂੰ ਚੰਗਾ ਲੱਗੇ ਤਾਂ ਹੀ ਉਸ ਨਾਲ ਪ੍ਰੀਤ ਜੁੜਦੀ ਹੈ...

ਭਰਮੁ *(ਭਰਮ)*	ਭੁਲਾਵਾ	ਵਿਚਹੁ *(ਵਿਚਹੁੰ)*	ਜਾਇ॥
ਸੰਦੇਹ	ਭੁਲੇਖਾ	ਅੰਦਰੋਂ	ਚਲਾ ਜਾਂਦਾ, ਦੂਰ ਹੋ ਜਾਂਦਾ

...(ਅਤੇ ਹਿਰਦੇ) ਵਿਚੋਂ ਸਭ ਭਰਮ-ਭੁਲੇਖਾ ਦੂਰ ਹੋ ਜਾਂਦਾ ਹੈ...

ਉਪਜੈ	ਸਹਜੁ *(ਸਹਿਜ)*	ਗਿਆਨ	ਮਤਿ *(ਮਤ)*	ਜਾਗੈ ॥
ਪੈਦਾ ਹੁੰਦਾ ਆਤਮਿਕ ਟਿਕਾਉ	ਸਮਝ, ਬੋਧ	ਮੱਤ,	ਸਹੀ ਸੂਝ	ਜਾਗ ਪੈਂਦੀ

...(ਫਿਰ ਹਿਰਦੇ ਵਿਚ) ਆਤਮਿਕ-ਟਿਕਾਉ ਦੀ ਅਵਸਥਾ ਬਣ ਜਾਂਦੀ ਹੈ, ਅਤੇ ਰੱਬੀ-ਗਿਆਨ ਵਾਲੀ ਬੁੱਧ-ਬਿਬੇਕਾ, ਜਾਗ੍ਰਿਤ ਹੋ ਜਾਂਦੀ ਹੈ...

ਗੁਰ	ਪ੍ਰਸਾਦਿ *(ਪ੍ਰਸਾਦ)*	ਅੰਤਰਿ *(ਅੰਤਰ)*	ਲਿਵ	ਲਾਗੈ ॥੩॥
ਸਤਿਗੁਰੂ	ਕ੍ਰਿਪਾ, ਮਿਹਰ	ਅੰਤਹਕਰਣ ਵਿਚ	ਧਿਆਨ	ਲੱਗ ਜਾਂਦਾ, ਜੁੜ ਜਾਂਦਾ

...ਸਤਿਗੁਰੂ ਦੀ ਮਿਹਰ ਰਾਹੀਂ ਅੰਤਹਕਰਣ ਵਿਚ (ਪ੍ਰਭੂ ਨਾਲ) ਧਿਆਨ ਜੁੜ ਜਾਂਦਾ ਹੈ...

ਇਤੁ *(ਇਤ)*	ਸੰਗਤਿ, *(ਸੰਗਤ)*	ਨਾਹੀ *(ਨਾਹੀਂ)*	ਮਰਣਾ ॥
ਐਸੀ	ਸੰਗਤ, ਮੇਲ-ਮਿਲਾਪ	ਨਹੀਂ	ਮਰੀਦਾ

...(ਸਤਿਗੁਰੂ ਦੀ) ਐਸੀ ਸੰਗਤ ਨਾਲ (ਫਿਰ ਆਤਮਿਕ ਮੌਤੇ) ਨਹੀਂ ਮਰੀਦਾ...

ਅੰਕ ੯੨

ਹੁਕਮੁ *(ਹੁਕਮ)*	ਪਛਾਣਿ, *(ਪਛਾਣ)*	ਤਾ *(ਤਾਂ)*	ਖਸਮੈ	ਮਿਲਣਾ ॥੧॥
ਆਗਿਆ	ਪਹਿਚਾਣ ਲਈਏ	ਤਦ	ਖ਼ਸਮ ਨੂੰ	ਮਿਲ ਪਈਦਾ, ਪਾ ਲਈਦਾ

...(ਕਿਉਂਕਿ ਜੇ ਸਾਹਿਬ ਦਾ) ਹੁਕਮ ਪਹਿਚਾਣ ਲਈਏ ਤਾਂ ਖ਼ਸਮ (ਪ੍ਰਭੂ) ਦੀ ਪ੍ਰਾਪਤੀ ਹੋ ਜਾਂਦੀ ਹੈ।

ਰਹਾਉ	ਦੂਜਾ ॥
ਠਹਿਰਾਉ	ਦੂਸਰਾ

ਨੋਟ: ਆਮ ਤੌਰ ਤੇ ਸ਼ਬਦ ਵਿਚ ਇਕ ਹੀ ਰਹਾਉ ਹੁੰਦਾ ਹੈ। ਪਰ ਰਹਾਉ ਦੂਜਾ ਵੀ ਹੈ, ਭਾਵ ਦੂਸਰੇ ਰਹਾਉ ਰਾਹੀਂ ਸ਼ਬਦ ਦੇ ਪਹਿਲੇ ਰਹਾਉ ਵਾਲੇ ਭਾਵ ਦੀ ਪ੍ਰੋੜ੍ਹਤਾ ਕੀਤੀ ਹੋਈ ਹੈ।

ਸਿਰੀਰਾਗੁ, *(ਸਿਰੀਰਾਗ)*	ਤ੍ਰਿਲੋਚਨ	ਕਾ ॥
ਰਾਗ ਦਾ ਨਾਮ	ਭਗਤ ਤ੍ਰਿਲੋਚਨ ਜੀ	ਦਾ

ਮਾਇਆ	ਮੋਹੁ *(ਮੋਹ)*	ਮਨਿ *(ਮਨ)*	ਆਗਲੜਾ	ਪ੍ਰਾਣੀ,
ਧਨ, ਦੌਲਤ	ਸਨੇਹ, ਲਗਾਓ	ਚਿੱਤ ਵਿਚ	ਬਹੁਤ	ਜੀਵ
ਜਰਾ	ਮਰਣੁ *(ਮਰਣ)*	ਭਉ	ਵਿਸਰਿ *(ਵਿਸਰ)*	ਗਇਆ॥
ਬਿਰਧ ਅਵਸਥਾ	ਮੌਤ	ਡਰ	ਭੁੱਲ	ਗਿਆ

ਹੇ! ਪ੍ਰਾਣੀ! (ਤੇਰੇ) ਚਿੱਤ ਵਿਚ ਮਾਇਆ ਦਾ ਮੋਹ ਬਹੁਤ ਹੈ, (ਪਰ ਇਸ ਮੋਹ ਕਾਰਣ) ਬੁਢੇਪੇ ਅਤੇ ਮੌਤ ਦਾ ਡਰ, (ਬਿਲਕੁਲ ਹੀ) ਭੁਲ ਗਿਆ ਹੈ...

ਕੁਟੰਬੁ *(ਕੁਟੰਬ)*	ਦੇਖਿ, *(ਦੇਖ)*	ਬਿਗਸਹਿ *(ਬਿਗਸਹਿਂ)*	ਕਮਲਾ	ਜਿਉ *(ਜਿਉਂ)*
ਟੱਬਰ, ਪਰਿਵਾਰ	ਵੇਖ ਕੇ	ਖਿੜਦਾ ਹੈਂ	ਕੰਵਲ ਫੁੱਲ	ਜਿਵੇਂ
ਪਰ	ਘਰਿ *(ਘਰ)*	ਜੋਹਹਿ *(ਜੋਹਹਿਂ)*	ਕਪਟ	ਨਰਾ ॥੧॥
ਪਰਾਇਆ	ਨਿਵਾਸ	ਤਾੜਦਾ ਹੈ	ਕਪਟੀ, ਧੋਖ਼ੇਬਾਜ਼	ਪ੍ਰਾਣੀ

...(ਤੂੰ) ਆਪਣੇ ਟੱਬਰ ਨੂੰ ਵੇਖ ਕੇ ਕੰਵਲ ਫੁੱਲ ਵਾਂਗ ਖਿੜਦਾ ਹੈਂ, ਧੋਖ਼ੇਬਾਜ਼ ਮਨੁੱਖਾਂ ਵਾਂਗ (ਕਾਮ-ਵੱਸ) ਪਰਾਏ ਘਰਾਂ ਦੀਆਂ (ਇਸਤ੍ਰੀਆਂ) ਤੇ ਨਜ਼ਰ ਰਖਦਾ ਹੈਂ...

ਦੂੜਾ	ਆਇਓਹਿ,	ਜਮਹਿ *(ਜਮਹਿਂ)*	ਤਣਾ ॥
ਦੂਤ, ਸੁਨੇਹਾ ਲਿਆਣ ਵਾਲਾ	ਆ ਰਿਹਾ	ਯਮਰਾਜ ਦਾ	ਪੁੱਤਰ ਭਾਵ ਬੁਢੇਪਾ

ਅੰਕ ੯੨

...(ਪਰ ਤੈਨੂੰ ਕਿਉਂ ਸਮਝ ਨਹੀਂ ਆਉਂਦੀ ਕਿ) ਯਮਰਾਜ ਦਾ ਪੁੱਤਰ, ਭਾਵ ਬੁਢੇਪਾ (ਮੌਤ ਦਾ ਸੁਨੇਹਾ ਲੈਕੇ ਵਾਹੋਦਾਹੀ) ਆ ਰਿਹਾ ਹੈ...

ਤਿਨ(ਤਿਨੁ)	ਆਗਲੜੈ,	ਮੈ(ਮੈਂ)	ਰਹਣੁ(ਰਹਿਣ)	ਨ(ਨਾਂ)	ਜਾਇ॥
ਉਸ	ਅੱਗੇ, ਸਾਹਮਣੇ	ਮੈਂ	ਠਹਿਰ, ਟਿਕ	ਨਹੀਂ	ਜਾਣਾ, ਸਕਣਾ

...ਉਸ ਅੱਗੇ ਮੈਂ ਟਿਕ ਨਹੀਂ ਸਕਣਾ (ਭਾਵ ਮੇਰੀ ਕੋਈ ਵਾਹ ਨਹੀਂ ਚਲਣੀ)...

ਕੋਈ	ਕੋਈ	ਸਾਜਨੁ(ਸਾਜਣ)	ਆਇ	ਕਹੈ ॥
ਵਿਰਲਾ	ਇਕ ਅੱਧਾ	ਸੱਜਣ, ਮਿਤ੍ਰ	ਆਕੇ	ਕਹਿੰਦਾ, ਆਖ਼ਦਾ

....ਕੋਈ ਵਿਰਲਾ ਵਿਰਲਾ, ਇੱਕ ਅੱਧਾ, ਸੰਤ-ਮਿੱਤ੍ਰ (ਵਾਹਿਗੁਰੂ ਨੂੰ) ਆਕੇ ਕਹਿੰਦਾ ਹੈ ਕਿ....

ਮਿਲੁ(ਮਿਲ)	ਮੇਰੇ	ਬੀਠੁਲਾ,(ਬੀਠਲਾ)	ਲੈ	ਬਾਹੜੀ	ਵਲਾਇ॥
ਮਿਲਾਪ ਕਰ	ਆਪਣੇ	ਪ੍ਰਭੂ	ਲਓ	ਬਾਹਾਂ	ਵਲ ਕੇ

...ਕਿ ਹੇ! ਮੇਰੇ! ਪਰਮਾਤਮਾ, (ਮੇਰੇ ਦੁਆਲੇ) ਬਾਹਾਂ ਵਲ ਕੇ (ਮੈਨੂੰ ਆਪਣੀ ਗਲਵਕੜੀ ਵਿਚ ਘੁੱਟ) ਕੇ ਮਿਲ ਲੈ...

ਮਿਲੁ(ਮਿਲ)	ਮੇਰੇ	ਰਮਈਆ,	ਮੈ(ਮੈਂ)	ਲੇਹਿ	ਛਡਾਇ॥੧॥	ਰਹਾਉ ॥
ਮਿਲਾਪ ਕਰ	ਆਪਣੇ	ਹਰ ਥਾਂ ਰਮਿਆ(ਪ੍ਰਭੂ)	ਮੈਨੂੰ	ਲਵੋ	ਛੁਡਾ	ਠਹਿਰਾਉ

...ਹੇ! ਮੇਰੇ ਸਰਬ-ਵਿਆਪਕ (ਪਰਮਾਤਮਾ!) ਮੈਨੂੰ ਮਿਲ ਕੇ (ਜਮਦੂਤ ਦੇ ਭੈਅ ਤੋਂ) ਮੁਕਤ ਕਰਵਾ ਲੈ...

ਅਨਿਕ(ਅਨਕ)	ਅਨਿਕ(ਅਨਕ)	ਭੋਗ	ਰਾਜ	ਬਿਸਰੇ	ਪ੍ਰਾਣੀ,
ਅਨੇਕਾਂ	ਅਨੇਕਾਂ	ਭੋਗਾਂ	ਪਾਤਸ਼ਾਹੀਆਂ	ਭੁਲ ਜਾਂਦਾ	ਜੀਵ

ਸੰਸਾਰ	ਸਾਗਰ	ਪੈ	ਅਮਰੁ(ਅਮਰ)	ਭਇਆ ॥
ਜਗਤ	ਸਮੁੰਦਰ	ਵਿਚ	ਨਾ ਮਰਨ ਵਾਲਾ	ਹੋ ਗਿਆ(ਸਮਝਦਾ ਹੈਂ)

...ਹੇ! ਪ੍ਰਾਣੀ! ਤੂੰ ਸੰਸਾਰ ਵਿਚ ਅਨੇਕਾਂ ਤਰ੍ਹਾਂ ਦੇ ਭੋਗ-ਵਿਲਾਸਾਂ ਅਤੇ ਪਾਤਸ਼ਾਹੀ-ਮੌਜਾਂ ਵਿਚ (ਪਰਮੇਸ਼ਰ ਨੂੰ) ਭੁੱਲ ਜਾਂਦਾ ਹੈਂ, ਅਤੇ ਭਵ-ਸਾਗਰ ਵਿਚ ਆਪਣੇ ਆਪ ਨੂੰ ਅਮਰ ਹੋ ਗਿਆ (ਸਮਝਦਾ ਹੈਂ)...

ਮਾਇਆ	ਮੂਠਾ	ਚੇਤਸਿ(ਚੇਤਸ)	ਨਾਹੀ,(ਨਾਹੀਂ)
ਭਰਮਮਈ ਸ਼ਕਤੀ	ਠੱਗਿਆ ਹੋਇਆ	ਚਿੱਤਵਦਾ, ਸਿਮਰਦਾ	ਨਹੀਂ

ਅੰਕ ੯੨

ਜਨਮੁ *(ਜਨਮ)*	ਗਵਾਇਓ	ਆਲਸੀਆ ॥੨॥
ਜੀਵਨ	ਗਵਾ ਦਿੱਤਾ	ਆਲਸੀ, ਦਲਿੱਦਰੀ

...ਮਾਇਆ ਦਾ ਠੱਗਿਆ ਹੋਇਆ (ਤੂੰ ਪਰਮੇਸ਼ਰ ਨੂੰ) ਸਿਮਰਦਾ ਨਹੀਂ, ਅਤੇ ਦਲਿੱਦਰੀਆ (ਤੂੰ) ਆਪਣਾ ਸਾਰਾ ਜੀਵਨ (ਮਾਇਆਵੀ ਵਿਕਾਰਾਂ ਵਿਚ ਮਚਿਤ ਹੋਕੇ) ਵਿਅਰਥ ਹੀ ਗਵਾ ਦਿੱਤਾ ਹੈ...

ਬਿਖਮ	ਘੋਰ	ਪੰਥਿ *(ਪੰਥ)*	ਚਾਲਣਾ	ਪ੍ਰਾਣੀ,
ਔਖੇ, ਕਠਿਨ	ਭਿਆਨਕ, ਡਰਾਉਣੇ	ਮਾਰਗ ਤੇ	ਚਲ ਰਿਹਾਂ	ਹੇ! ਜੀਵ

ਰਵਿ *(ਰਵ)*	ਸਸਿ *(ਸਸ)*	ਤਹ *(ਤਹਿ)*	ਨ *(ਨਾਂ)*	ਪ੍ਰਵੇਸੰ ॥ *(ਪ੍ਰਵੇਸ਼)*
ਸੂਰਜ	ਚੰਦਰਮਾਂ	ਉੱਥੇ	ਨਹੀਂ	ਪ੍ਰਵੇਸ਼ ਕਰ ਸਕਦੇ

...ਹੇ! ਪ੍ਰਾਣੀ! ਤੂੰ (ਮਾਇਆਵੀ ਮੋਹ ਦੇ ਅਤਿਅੰਤ) ਡਰਾਉਣੇ, ਬਿਖਮ ਮਾਰਗ ਤੇ ਚਲ ਰਿਹਾ ਹੈਂ, (ਮਾਇਆ ਦਾ ਇਹ ਮਾਰਗ ਇਤਨਾ ਅੰਧਕਾਰ ਭਰਿਆ ਹੈ ਕਿ ਇਥੇ) ਸੂਰਜ ਅਤੇ ਚੰਦਰਮਾਂ (ਦੀ ਰੌਸ਼ਨੀ ਵੀ) ਪ੍ਰਵੇਸ਼ ਨਹੀਂ ਕਰ ਸਕਦੀ...

ਮਾਇਆ	ਮੋਹੁ *(ਮੋਹ)*	ਤਬ	ਬਿਸਰਿ *(ਬਿਸਰ)*	ਗਇਆ,
ਧਨ, ਦੌਲਤ	ਸਨੇਹ, ਲਗਾਓ	ਉਦੋਂ	ਵਿਸਰ	ਚਲੇ ਜਾਏਗਾ

ਜਾਂ	ਤਜੀਅਲੇ	ਸੰਸਾਰੰ ॥੩॥
ਜਦੋਂ	ਛੱਡੇਂਗਾ	ਜਗਤ

...(ਯਾਦ ਰੱਖ) ਜਦੋਂ (ਤੂੰ) ਸੰਸਾਰ ਨੂੰ ਛੱਡੇਂਗਾ, ਉਦੋਂ ਮਾਇਆ ਦਾ ਮੋਹ ਵਿਸਰ ਜਾਏਗਾ...

ਆਜੁ *(ਆਜ)*	ਮੇਰੈ	ਮਨਿ *(ਮਨ)*	ਪ੍ਰਗਟੁ *(ਪ੍ਰਗਟ)*	ਭਇਆ	ਹੈ,
ਅੱਜ	ਮੇਰੇ	ਚਿੱਤ ਵਿਚ	ਪ੍ਰਤੱਖ, ਸਪਸ਼ਟ	ਹੋ ਗਿਆ	ਹੋਣ ਦੀ ਕ੍ਰਿਆ

ਪੇਖੀਅਲੇ	ਧਰਮਰਾਓ ॥
ਵੇਖਿਆ ਹੈ	ਧਰਮ ਰਾਜ, ਨਿਆਂ ਕਰਨ ਵਾਲਾ

...ਅੱਜ ਮੇਰੇ ਮਨ ਵਿਚ (ਸਭ ਕੁਝ) ਪ੍ਰਤੱਖ ਹੋ ਗਿਆ ਹੈ, ਮੈਂ ਧਰਮਰਾਜ ਵੇਖ ਲਿਆ ਹੈ (ਭਾਵ ਮੈਨੂੰ ਅੰਤਰ ਆਤਮੇ ਅਹਿਸਾਸ ਹੋ ਗਿਆ ਹੈ ਕਿ ਮਾਇਆਵੀ ਵਿਕਾਰਾਂ ਵਿਚ ਫਸੇ ਹੋਇਆਂ ਦਾ ਕੀ ਹਾਲ ਹੁੰਦਾ ਹੈ?)...

ਤਹ *(ਤਹਿ)*	ਕਰ	ਦਲ	ਕਰਨਿ *(ਕਰਨ)*	ਮਹਾਬਲੀ, *(ਮਹਾਂਬਲੀ)*
ਉਥੇ	ਹੱਥਾਂ ਵਿਚ	ਮਸਲ ਦਿੰਦੇ	ਕਰਦੇ	ਤਾਕਤਵਰ(ਦੂਤ)

ਅੰਕ ੯੨

ਤਿਨ(ਤਿਨ੍ਹ)	ਆਗਲੜੈ,	ਮੈ(ਮੈਂ)	ਰਹਣੁ(ਰਹਿਣ)	ਨ(ਨਾਂ)	ਜਾਇ॥੪॥
ਉਨ੍ਹਾਂ	ਅੱਗੇ, ਸਾਹਮਣੇ	ਖ਼ੁਦ	ਰਹਿ, ਟਿਕ	ਨਹੀਂ	ਜਾ ਸਕਦਾ

...ਉਥੇ (ਤਾਂ ਧਰਮਰਾਜ ਕੋਲ ਉਸ ਦੇ) ਤਾਕਤਵਾਰ (ਦੂਤ) ਹੱਥਾਂ ਵਿਚ (ਫੜਕੇ ਹੀ ਜੀਵਾਂ ਨੂੰ) ਮਸਲ ਦਿੰਦੇ ਹਨ, ਮੈਂ ਉਨ੍ਹਾਂ ਦੇ ਸਾਹਮਣੇ (ਕਿਸੇ ਤਰ੍ਹਾਂ ਵੀ) ਟਿਕ ਨਹੀਂ ਸਕਦਾ...

ਜੇ	ਕੋ	ਮੂੰ	ਉਪਦੇਸੁ(ਉਪਦੇਸ਼)	ਕਰਤੁ(ਕਰਤ)	ਹੈ,
ਜੇਕਰ	ਕੋਈ	ਮੈਨੂੰ	ਉਪਦੇਸ਼, ਸਿਖਿਆ	ਕਰਦਾ, ਦਿੰਦਾ	ਹੋਣ ਦੀ ਕ੍ਰਿਆ

ਤਾ(ਤਾਂ)	ਵਣਿ(ਵਣ)	ਤ੍ਰਿਣਿ(ਤ੍ਰਿਣ)	ਰਤੜਾ	ਨਾਰਾਇਣਾ ॥
ਤਦ	ਜੰਗਲਾਂ	ਕੱਖ, ਤੀਲੇ	ਰੱਤਿਆ, ਵਿਆਪਕ	ਨਾਰਾਇਣ, ਪਰਮੇਸ਼ਰ

...ਜੇਕਰ ਕੋਈ (ਸੱਤ-ਪੁਰਖ਼) ਮੈਨੂੰ ਸਿੱਖਿਆ ਦਿੰਦਾ ਹੈ ਤਦ (ਮੈਨੂੰ) ਵਣ-ਤ੍ਰਿਣ ਵਿਸ਼ੇ ਭਾਵ ਕਣ-ਕਣ ਵਿਚ ਵਾਹਿਗੁਰੂ ਹੀ ਵਿਆਪਕ (ਨਜ਼ਰ ਆਉਂਦਾ ਹੈ)...

ਐ	ਜੀ,	ਤੂੰ	ਆਪੇ	ਸਭ	ਕਿਛੁ(ਕਿਛ)	ਜਾਣਦਾ,
ਓ	ਜੀਓ	ਤੁਸੀਂ	ਆਪ ਹੀ	ਸਾਰਾ	ਕੁਝ	ਸਮਝਦਾ

ਬਦਤਿ(ਬਦਤ)	ਤ੍ਰਿਲੋਚਨੁ(ਤ੍ਰਿਲੋਚਨ)	ਰਾਮਈਆ ॥੫॥੨॥
ਕਹਿੰਦਾ, ਆਖਦਾ	ਭਗਤ ਤ੍ਰਿਲੋਚਨ	ਹੇ! ਵਿਆਪਕ!

...ਹੇ! (ਸਭ ਥਾਂ) ਵਿਆਪਕ (ਸਾਈਂ) ਜੀਓ! ਤੂੰ ਆਪ ਸਭ ਕੁਝ ਜਾਣਦਾ-ਸਮਝਦਾ ਹੈਂ, ਅੰਤਰਜਾਮੀ ਹੈਂ।

ਸ੍ਰੀਰਾਗੁ(ਸ੍ਰੀਰਾਗ)	ਭਗਤ	ਕਬੀਰ	ਜੀਉ	ਕਾ ॥
ਰਾਗ ਦਾ ਨਾਮ	ਭਗਤ	ਕਬੀਰ	ਜੀ	ਦਾ

ਅਚਰਜ	ਏਕੁ(ਏਕ)	ਸੁਨਹੁ(ਸੁਨਹੁਂ)	ਰੇ	ਪੰਡੀਆ,
ਅਸਚਰਜ, ਅਜੀਬ	ਇਕ	ਸੁਣੋਂ	ਹੇ!	ਪਾਂਡੇ!

ਅਬ	ਕਿਛੁ(ਕਿਛ)	ਕਹਨੁ(ਕਹਿਨ)	ਨ(ਨਾਂ)	ਜਾਈ ॥
ਹੁਣ	ਕੁਝ	ਕਿਹਾ	ਨਹੀਂ	ਜਾਂਦਾ

...ਹੇ! ਪਾਂਡੇ! (ਵਾਹਿਗੁਰੂ ਬਾਰੇ) ਇਕ ਅਜੀਬ ਵਿਸਮਾਦੀ ਗਲ ਸੁਣ, ਪਰ ਅਜੇ ਹੁਣ (ਪੂਰੀ ਤਰ੍ਹਾਂ ਉਸ ਬਾਰੇ) ਕੁਝ ਕਿਹਾ ਨਹੀਂ ਜਾ ਸਕਦਾ...

ਅੰਕ ੯੨

ਸੁਰਿ *(ਸੁਰ)*	ਨਰ	ਗਣ	ਗੰਧ੍ਰਬ	ਜਿਨਿ *(ਜਿਨ੍ਹ)*	ਮੋਹੇ,
ਦੇਵਤਿਆਂ	ਮਨੁੱਖ	ਦੇਵਤਿਆਂ ਦੇ ਦਾਸ	ਦੇਵ ਲੋਕ ਦੇ ਗਵੱਯੇ	ਜਿਸ ਨੇ	ਮੋਹ ਲਏ

ਤ੍ਰਿਭਵਣ	ਮੇਖੁਲੀ *(ਮੇਖਲੀ)*	ਲਾਈ ॥੧॥
ਤਿੰਨਾਂ ਲੋਕਾਂ, ਭਾਵ ਸਾਰੀ ਸ੍ਰਿਸ਼ਟੀ	ਤੜਾਗੀ	ਲਗਾ ਕੇ, ਵਲ ਕੇ

...(ਸੁਣੋ! ਉਸ ਦੀ ਮਾਇਆ ਨੇ) ਦੇਵਤਿਆਂ, ਮਨੁੱਖਾਂ, ਦੇਵਤਿਆਂ ਦੇ ਦਾਸਾਂ, ਦੇਵ ਲੋਕ ਦੇ ਗਵੱਯਾਂ ਅਤੇ ਤਿੰਨੇ ਹੀ ਲੋਕਾਂ ਭਾਵ ਸਾਰੀ ਸ੍ਰਿਸ਼ਟੀ (ਦੇ ਦੁਆਲੇ) ਮੋਹ ਦੀ ਤੜਾਗੀ ਵਲ ਕੇ (ਘੇਰਿਆ ਹੋਇਆ ਹੈ)...

ਰਾਜਾ	ਰਾਮ,	ਅਨਹਦ	ਕਿੰਗੁਰੀ *(ਕਿੰਗਰੀ)*	ਬਾਜੈ ॥
ਪਾਤਸ਼ਾਹ	ਪ੍ਰਭੂ	ਆਤਮ-ਅਨੰਦ ਦੀ ਧੁਨੀ	ਵੀਣਾ, ਇਕ ਤਾਰਾ	ਵੱਜਦੀ

...(ਹੋਰ ਅਸਚਰਜ ਸੁਣੋ!) ਪ੍ਰਭੂ-ਪਾਤਸ਼ਾਹ ਦਾ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ, ਵੀਣਾ ਦੀ ਇਕ-ਰਸ ਧੁਨੀ (ਮੇਰੇ ਹਿਰਦੇ ਅੰਦਰ ਨਿਰੰਤਰ) ਵੱਜਦੀ ਰਹਿੰਦੀ ਹੈ...

ਜਾ *(ਜਾਂ)*	ਕੀ	ਦਿਸਟਿ, *(ਦਿਸ਼ਟ)*	ਨਾਦ	ਲਿਵ	ਲਾਗੈ ॥੧॥	ਰਹਾਉ ॥
ਜਿਸ	ਦੀ	ਦ੍ਰਿਸ਼ਟੀ, ਨਜ਼ਰ	ਧੁਨੀ	ਧਿਆਨ	ਲੱਗ ਜਾਂਦਾ, ਜੁੜਦਾ	ਠਹਿਰਾਉ

...ਇਸ ਮਿਹਰ ਦੀ ਨਿਗ੍ਹਾ ਨਾਲ (ਸ਼ਬਦ) ਨਾਦ ਵਿਚ ਮੇਰਾ ਧਿਆਨ ਜੁੜਿਆ ਰਹਿੰਦਾ ਹੈ...

ਨੋਟ: ਅਗਲੀਆਂ ਪੰਕਤੀਆਂ ਵਿਚ ਭਗਤ ਕਬੀਰ ਜੀ ਜੋਗੀ ਨੂੰ ਦ੍ਰਿਸ਼ਟਾਂਤ ਦੇ ਕੇ ਅਸਲੀ ਸ਼ਰਾਬ ਕਢਣ ਦੀ ਜੁਗਤ ਸਮਝਾਉਂਦਿਆਂ ਹੋਇਆਂ ਦਸਦੇ ਹਨ ਕਿ:

ਭਾਠੀ	ਗਗਨੁ *(ਗਗਨ)*	ਸਿੰਙਿਆ *(ਸਿੰਙਿਆਂ)*
ਭੱਠੀ	ਅਕਾਸ਼, ਦਸਮ ਦੁਆਰ, ਸਿਰ	ਭਾਂਡੇ ਅੰਦਰ ਸ਼ਰਾਬ ਖਿੱਚਣ ਵਾਲੀ ਨਾਲੀ

ਅਰੁ	ਚੁੰਙਿਆ, *(ਚੁੰਙਿਆਂ)*
ਅਤੇ	ਭਾਂਡੇ ਵਿਚੋਂ ਸ਼ਰਾਬ ਖਿੱਚ ਕੇ ਬਾਹਰ ਕੱਢਣ ਵਾਲੀ ਨਾਲੀ

ਕਨਕ	ਕਲਸ	ਇਕੁ *(ਇਕ)*	ਪਾਇਆ ॥
ਸੋਨੇ	ਘੜਾ	ਇੱਕ	ਪ੍ਰਾਪਤ ਕੀਤਾ

...(ਹੇ! ਜੋਗੀ! ਮੈਂ) ਆਪਣੇ ਸਿਰ (ਦਸਮ ਦੁਆਰ ਨੂੰ ਨਾਮ ਦੀ ਸ਼ਰਾਬ ਕਢਣ ਲਈ) ਭੱਠੀ ਬਣਾਇਆ ਹੈ। ਇੜਾ ਅਤੇ ਪਿੰਗਲਾ ਨਾੜੀਆਂ ਨੂੰ (ਦਿਮਾਗ ਵਿਚ) ਚੰਗੇ ਕਰਮਾਂ ਨੂੰ ਗ੍ਰਹਿਣ ਕਰਨ ਅਤੇ ਮਾੜੇ ਕੰਮਾਂ ਨੂੰ ਕਢਣ ਲਈ ਸਿੰਙਿਆਂ ਅਤੇ ਚੁੰਙਿਆਂ ਬਣਾਇਆ ਹੈ। ਸੋਨੇ ਵਾਂਗ ਸ਼ੁੱਧ ਹਿਰਦੇ ਨੂੰ (ਨਿਕਲੀ ਹੋਈ ਸ਼ਰਾਬ ਪਾਉਣ ਲਈ)

ਅੰਕ ੯੨

ਘੜਾ ਬਣਾਇਆ ਹੈ...

ਤਿਸੁ(ਤਿਸ)	ਮਹਿ,*(ਮਹਿਂ)*	ਧਾਰ	ਚੁਐ	ਅਤਿ*(ਅਤ)*	ਨਿਰਮਲ,
ਉਸ	ਵਿਚ	ਤਤੀਹਰੀ, ਧਰਮ ਧਾਰਾ	ਚੋ ਰਹੀ	ਅਤਿਅੰਤ	ਪਵਿੱਤਰ

ਰਸ	ਮਹਿ*(ਮਹਿਂ)*	ਰਸਨ	ਚੁਆਇਆ ॥੨॥
ਰਸਾਂ, ਸੁਆਦਾਂ	ਵਿਚੋਂ	(ਉੱਤਮ) ਰਸ, ਸੁਆਦਲਾ	ਚੋ ਰਿਹਾ ਹੈ

...ਉਸ (ਘੜੇ) ਵਿਚ (ਸਤਿਨਾਮ ਦੀ) ਅਤਿ ਪਵਿੱਤਰ ਧਾਰਾ ਦੀਆਂ ਬੂੰਦਾਂ ਚੋ ਰਹੀਆਂ ਹਨ। ਸਾਰਿਆਂ ਰਸਾਂ ਵਿਚੋਂ (ਵਾਹਿਗੁਰੂ-ਨਾਮ ਦਾ ਮਹਾਂ) ਉੱਤਮ-ਰਸ ਚੁਆਇਆ ਜਾ ਰਿਹਾ ਹੈ...

ਏਕ	ਜੁ	ਬਾਤ	ਅਨੂਪ	ਬਨੀ	ਹੈ,
ਇੱਕ	ਜਿਹੜੀ	ਗੱਲ	ਅਦਭੁੱਤ,ਅਨੋਖ਼ੀ	ਬਣ ਗਈ	ਹੋਣ ਦੀ ਕ੍ਰਿਆ

ਪਵਨ	ਪਿਆਲਾ	ਸਾਜਿਆ ॥
ਸੁਆਸਾਂ	ਭਾਂਡਾ	ਬਣਾਇਆ

...ਇਕ ਜਿਹੜੀ ਹੋਰ ਬੜੀ ਅਦਭੁੱਤ ਗਲ ਬਣ ਗਈ ਹੈ, ਉਹ ਇਹ, ਕਿ (ਮੈਂ ਇਹ ਨਾਮ-ਅੰਮ੍ਰਿਤ ਦੀ ਸ਼ਰਾਬ ਪੀਣ ਲਈ ਆਪਣੇ) ਸੁਆਸਾਂ ਨੂੰ ਪਿਆਲਾ ਬਣਾ ਲਿਆ ਹੈ...

ਤੀਨਿ*(ਤੀਨ)*	ਭਵਨ	ਮਹਿ*(ਮਹਿਂ)*	ਏਕੋ	ਜੋਗੀ,
ਤਿੰਨਾਂ	ਭਵਨਾਂ	ਵਿਚ	ਇੱਕੋ ਹੀ	ਪਰਮਾਤਮਾ

ਕਹਹੁ	ਕਵਨੁ*(ਕਵਨ)*	ਹੈ	ਰਾਜਾ ॥੩॥
ਕਹਿ, ਦੱਸ	ਕਿਹੜਾ	ਹੋਣ ਦੀ ਕ੍ਰਿਆ	(ਸੱਚਾ) ਪਾਤਸ਼ਾਹ

...(ਅਤੇ ਹੁਣ ਇਹ ਨਾਮ-ਅੰਮ੍ਰਿਤ ਦੀ ਸ਼ਰਾਬ ਪੀਕੇ ਮੈਨੂੰ) ਤਿੰਨਾਂ ਭਵਨਾਂ ਭਾਵ ਸਾਰੀ ਸ੍ਰਿਸ਼ਟੀ ਵਿਚ ਇੱਕੋ ਹੀ (ਸਰਬ-ਵਿਆਪਕ) ਪਰਮੇਸ਼ਰ (ਨਜ਼ਰ ਆ ਰਿਹਾ ਹੈ)। ਹੇ! ਪਾਂਡੇ! ਤੂੰ ਹੀ ਦੱਸ, (ਉਸ ਤੋਂ ਸਿਵਾ ਹੋਰ) ਕਿਹੜਾ ਹੈ (ਸੱਚਾ) ਪਾਤਸ਼ਾਹ? (ਭਾਵ ਕੋਈ ਨਹੀਂ)...

ਐਸੇ	ਗਿਆਨ	ਪ੍ਰਗਟਿਆ	ਪੁਰਖੋਤਮ,
ਇਵੇਂ	ਸਮਝ, ਬੋਧ	ਪ੍ਰਤੱਖ ਹੋ ਗਿਆ	ਕਰਤਾ ਪੁਰਖ਼

ਕਹੁ	ਕਬੀਰ	ਰੰਗਿ*(ਰੰਗ)*	ਰਾਤਾ ॥
ਕਹਿ, ਆਖ਼	ਹੇ ! ਕਬੀਰ !	ਰੰਗ ਵਿਚ	ਰੰਗਿਆ

ਅੰਕ ੯੨-੯੩

...ਹੇ! ਕਬੀਰ! ਆਖ ਕਿ, ਇਵੇਂ (ਮੇਰੇ ਹਿਰਦੇ ਵਿਚ) ਕਰਤਾ ਪੁਰਖ ਦਾ ਗਿਆਨ ਪ੍ਰਗਟ ਹੋ ਗਿਆ ਹੈ, ਅਤੇ ਮੈਂ (ਪ੍ਰੀਤਮ ਦੇ ਪਿਆਰ) ਰੰਗ ਵਿਚ ਰੰਗਿਆ ਗਿਆ ਹਾਂ।

ਅਉਰ	**ਦੁਨੀ**	**ਸਭ**	**ਭਰਮਿ** *(ਭਰਮ)*	**ਭੁਲਾਨੀ,**
ਹੋਰ	ਦੁਨੀਆਂ, ਸੰਸਾਰ	ਸਾਰਾ	ਭੁਲੇਖੇ ਵਿਚ	ਭੁੱਲੀ ਹੋਈ

ਮਨੁ *(ਮਨ)*	**ਰਾਮ**	**ਰਸਾਇਨ**	**ਮਾਤਾ ॥੪॥੩॥**
ਚਿੱਤ	ਪ੍ਰਭੂ	ਅੰਮ੍ਰਿਤ, ਸ਼ਰਾਬ	ਮਸਤ, ਬਾਵਲਾ

...(ਮੇਰਾ) ਮਨ ਤਾਂ ਪ੍ਰਭੂ ਦੀ, ਨਾਮ-ਰੂਪੀ ਸ਼ਰਾਬ ਵਿਚ, ਮਸਤ ਹੋਇਆ ਪਿਆ ਹੈ, ਪਰ ਹੋਰ ਸਾਰੀ ਦੁਨੀਆਂ (ਮਾਇਆਵੀ ਵਿਕਾਰਾਂ ਦੇ) ਭਰਮ-ਭੁਲੇਖਿਆਂ ਵਿਚ ਭੁੱਲੀ ਪਈ ਹੈ।

ਸ੍ਰੀਰਾਗ,	**ਬਾਣੀ**	**ਭਗਤ**	**ਬੇਣੀ**	**ਜੀਉ**	**ਕੀ ॥**
ਰਾਗ ਦਾ ਨਾਮ	ਰਚਨਾ	ਭਗਤੀ ਕਰਨ ਵਾਲੇ	ਨਾਮ	ਜੀ	ਦੀ

ਪਹਰਿਆ *(ਪਹਿਰਿਆਂ)* **ਕੈ** **ਘਰਿ** *(ਘਰ)* **ਗਾਵਣਾ ॥**

ਨੋਟ: ਇਥੇ ਬਾਣੀ ਗਾਇਨ ਕਰਨ ਵਾਲਿਆਂ ਨੂੰ ਇਹ ਸੰਕੇਤ ਹੈ ਕਿ ਇਸ ਸ਼ਬਦ ਦਾ ਗਾਇਨ ਵੀ, ਸਤਿਗੁਰੂ ਨਾਨਕ ਦੇਵ ਜੀ ਦੇ (ਪੰਨਾ ੭੪) ਤੇ ਪਹਿਰਿਆਂ ਵਾਲੇ ਸ਼ਬਦ ਦੇ ਸੰਕੇਤ ਘਰ ੧ ਅਨੁਸਾਰ, ਪਹਿਲੇ ਘਰ ਵਿਚ ਹੀ ਕੀਤਾ ਜਾਵੇ।

ੴ *(ਇਕ ਓਅੰਕਾਰ)*

ਇਕ ਪਰਮ-ਆਤਮਾ(ਓਅੰਕਾਰ) ਨਿਰੰਤਰ ਸਰਬ ਵਿਆਪਕ ਹੈ।

ਸਤਿ *(ਸੱਤ)*	**ਗੁਰ**
(ਓਅੰਕਾਰ ਦਾ ਸਰੂਪ,ਭਾਵ ਪਰਮਾਤਮ ਹੋਂਦ, ਸਦਾ) ਸੱਚ ਹੈ	ਗਿਆਨਮਈ ਗੁਰੂ ਸਰੂਪ (ਓਅੰਕਾਰ)

ਪ੍ਰਸਾਦਿ ॥ *(ਪ੍ਰਸਾਦ)*
ਕਿਰਪਾ ਸਰੂਪ ਓਅੰਕਾਰ(ਗੁਰੂ ਰਾਹੀਂ, ਕਿਰਪਾ ਕਰਦਾ)

ਰੇ	**ਨਰ,**	**ਗਰਭ**	**ਕੁੰਡਲ**	**ਜਬ**	**ਆਛਤ,**
ਹੇ!	ਪ੍ਰਾਣੀ!	ਪੇਟ, ਕੁੱਖ	ਘੇਰੇ	ਜਦੋਂ	ਸੀ

ਉਰਧ	**ਧਿਆਨ**	**ਲਿਵ**	**ਲਾਗਾ ॥**
ਉਪਰ ਵਲ	ਬਿਰਤੀ	ਲਗਨ	ਲੱਗੀ ਹੋਈ

ਅੰਕ ੯੩

ਹੇ! ਪ੍ਰਾਣੀ! ਜਦੋਂ ਤੂੰ ਮਾਤਾ ਦੀ ਕੁੱਖ ਦੇ ਘੇਰੇ ਵਿਚ ਸੀ ਤਾਂ ਤੇਰੀ ਬਿਰਤੀ ਅਤੇ ਲਗਨ ਉਪਰ ਵੱਲ (ਵਾਹਿਗੁਰੂ ਵਿਚ) ਲੱਗੀ ਰਹਿੰਦੀ ਸੀ...

ਮਿਰਤਕ	**ਪਿੰਡਿ** *(ਪਿੰਡ)*	**ਪਦ**	**ਮਦ**	**ਨਾ,** *(ਨਾਂ)*
ਮਿੱਟੀ ਦੇ	ਸਰੀਰ ਦਾ	ਪਦਵੀ, ਹੋਂਦ	ਹੰਕਾਰ	ਨਹੀਂ

ਅਹਿਨਿਸਿ *(ਅਹਿਨਿਸ)*	**ਏਕੁ** *(ਏਕ)*	**ਅਗਿਆਨ**	**ਸੁ**	**ਨਾਗਾ ॥**
ਦਿਨ–ਰਾਤ	ਇੱਕ	ਬੇਸਮਝੀ	ਸੀ	ਅਭਾਵ, ਅਣਹੋਂਦ

...(ਉਦੋਂ ਤੈਨੂੰ ਆਪਣੇ) ਮਿੱਟੀ ਦੇ ਭਾਂਡੇ ਦੀ ਹੋਂਦ ਦਾ ਅਹੰਕਾਰ ਨਹੀਂ ਸੀ। ਦਿਨ–ਰਾਤ ਇੱਕੋ (ਪਰਮਾਤਮਾ ਦਾ ਹੀ ਧਿਆਨ ਸੀ), ਅਤੇ ਅਗਿਆਨ ਦੀ (ਬਿਲਕੁਲ ਹੀ) ਅਣਹੋਂਦ ਸੀ...

ਤੇ	**ਦਿਨ**	**ਸੰਮਲੁ,** *(ਸੰਮ੍ਹਲ)*	**ਕਸਟ** *(ਕਸ਼ਟ)*	**ਮਹਾ** *(ਮਹਾਂ)*	**ਦੁਖ,**
ਉਹ	ਦਿਵਸ	ਯਾਦ ਕਰ	ਦੁੱਖ	ਬਹੁਤ	ਤਕਲੀਫ਼

ਅਬ	**ਚਿਤੁ** *(ਚਿਤ)*	**ਅਧਿਕ**	**ਪਸਾਰਿਆ ॥**
ਹੁਣ	ਮਨ	ਬਹੁਤ	ਫੈਲਾਇਆ

...(ਹੇ! ਪ੍ਰਾਣੀ! ਤੂੰ) ਉਹ ਦਿਨ ਯਾਦ ਕਰ (ਜਦੋਂ) ਬਹੁਤ ਦੁੱਖ–ਤਕਲੀਫ਼ ਵਿਚ ਸੀ, (ਪਰ) ਹੁਣ (ਤੂੰ ਆਪਣੇ) ਚਿੱਤ ਨੂੰ (ਸੰਸਾਰ ਦੇ ਮਾਇਆਵੀ ਵਿਕਾਰਾਂ ਵਿਚ) ਬਹੁਤ ਫੈਲਾਇਆ ਹੋਇਆ ਹੈ...

ਗਰਭ	**ਛੋਡਿ,** *(ਛੋਡ)*	**ਮ੍ਰਿਤ**	**ਮੰਡਲ**	**ਆਇਆ,**
(ਮਾਂ ਦੀ) ਕੁੱਖ	ਛੱਡ ਕੇ	ਮਾਤ	ਲੋਕ	ਪਹੁੰਚਿਆ

ਤਉ	**ਨਰਹਰਿ,** *(ਨਰਹਰ)*	**ਮਨਹੁ** *(ਮਨਹੁਂ)*	**ਬਿਸਾਰਿਆ ॥੧॥**
ਉਦੋਂ ਦਾ	ਵਾਹਿਗੁਰੂ ਨੂੰ	ਮਨ ਵਿਚੋਂ	ਭੁੱਲਾ ਦਿੱਤਾ

...(ਜਦੋਂ ਦਾ ਤੂੰ) ਮਾਂ ਦਾ ਕੁੱਖ ਨੂੰ ਛੱਡ ਕੇ ਮਾਤ–ਲੋਕ ਵਿਚ ਆਇਆ ਹੈਂ, ਉਦੋਂ ਤੋਂ ਹੀ ਵਾਹਿਗੁਰੂ ਨੂੰ ਮਨ ਵਿਚੋਂ ਭੁਲਾਇਆ ਹੋਇਆ ਹੈ...

ਫਿਰਿ *(ਫਿਰ)*	**ਪਛੁਤਾਵਹਿਗਾ** *(ਪਛਤਾਵਹਿੰਗਾ)*	**ਮੂੜਿਆ,** *(ਮੂੜ੍ਹਿਆ)*
ਮੁੜਕੇ	ਪਸ਼ਚਾਤਾਪ ਕਰੇਂਗਾ	ਮੂਰਖਾ

ਤੂੰ	**ਕਵਨ**	**ਕੁਮਤਿ** *(ਕੁਮੱਤ)*	**ਭ੍ਰਮਿ** *(ਭ੍ਰਮ)*	**ਲਾਗਾ ॥**
ਤੁਸੀਂ	ਕਿਹੜੀ	ਕਬੁੱਧ, ਮੰਦ ਬੁੱਧੀ ਵਿਚ	ਭੁਲੇਖੇ ਵਿਚ	ਲੱਗਿਆ ਹੈਂ

ਅੰਕ ੯੩

...ਹੇ! ਮੂਰਖਾ! ਤੂੰ ਕਿਹੜੀ ਕਬੁੱਧ ਕਰਕੇ (ਮਾਇਆ ਦੇ) ਭਰਮ-ਭੁਲੇਖੇ ਵਿਚ ਫੱਸਿਆ ਪਿਆ ਹੈਂ, (ਇਸ ਭਰਮ ਕਾਰਨ ਅਉਸਰ ਬੀਤਣ ਤੇ ਤੂੰ) ਮੁੜਕੇ ਪਛਤਾਉਂਦਾ ਹੀ ਰਹਿਣਾ ਹੈ...

ਚੇਤਿ(ਚੇਤ)	ਰਾਮੁ,(ਰਾਮ)	ਨਾਹੀ(ਨਾਹੀਂ)	ਜਮਪੁਰਿ(ਪੁਰ)	ਜਾਹਿਗਾ,(ਜਾਹਿੰਗਾ)
ਸਿਮਰ	ਵਾਹਿਗੁਰੂ	ਨਹੀਂ ਤਾਂ	ਯਮਰਾਜਪੁਰੀ	ਜਾਏਂਗਾ
ਜਨੁ(ਜਨ)	ਬਿਚਰੈ	ਅਨਰਾਧਾ ॥੧॥		ਰਹਾਉ ॥
ਜਾਣੋ, ਜਿਵੇਂ	ਵਿਚਰਦਾ, ਫਿਰਦਾ	ਅਮੋੜ, ਅਣਸਾਧਿਆ, ਅਨਘੜ		ਠਹਿਰਾਉ

...(ਹੇ! ਭਾਈ! ਤੂੰ ਬਿਨ-ਸਿਮਰਨ ਇਵੇਂ ਦੌੜਿਆ-ਫਿਰ ਰਿਹਾ ਹੈਂ), ਜਿਵੇਂ ਕੋਈ ਅਮੋੜ, (ਮੂਰਖਾਂ ਵਾਂਗ ਆਕੜਿਆ ਹੋਇਆ, ਇੱਧਰ ਉੱਧਰ ਭਟਕਦਾ) ਫਿਰਦਾ ਹੈ, (ਇਹ ਮਾਇਆ ਦੀ ਭਟਕਣਾਂ ਛੱਡਕੇ) ਵਾਹਿਗੁਰੂ ਦਾ ਸਿਮਰਨ ਕਰ, ਨਹੀਂ ਤਾਂ ਜਮ-ਪੁਰੀ ਨੂੰ ਜਾਣਾ ਪਏਗਾ...

ਬਾਲ	ਬਿਨੋਦ	ਚਿੰਦ	ਰਸ	ਲਾਗਾ,
ਬੱਚਿਆਂ	ਖੇਡਾਂ, ਤਮਾਸ਼ਿਆਂ	ਧਿਆਨ	ਸੁਆਦ	ਲੱਗਿਆ
ਖਿਨੁ(ਖਿਨ)	ਖਿਨੁ(ਖਿਨ)	ਮੋਹਿ(ਮੋਹ)	ਬਿਆਪੈ ॥	
ਛਿਨ	ਛਿਨ	ਸਨੇਹ, ਲਗਾਓ	ਫਸਿਆ ਰਿਹਾ, ਉਲਝਿਆ ਰਿਹਾ	

...(ਬਚਪਨ ਵਿਚ ਤੇਰਾ) ਧਿਆਨ, ਬੱਚਿਆਂ ਵਾਲੇ ਖੇਡ-ਤਮਾਸ਼ਿਆਂ ਵਿਚ ਹੀ ਲੱਗਿਆ ਰਿਹਾ, ਅਤੇ ਹਰ ਪਲ ਤੂੰ ਇਨ੍ਹਾਂ ਦੇ ਮੋਹ ਵਿਚ ਹੀ ਉਲਝਿਆ ਰਿਹਾ...

ਰਸੁ(ਰਸ)	ਮਿਸੁ(ਮਿਸ)	ਮੇਧੁ(ਮੇਧ)	ਅੰਮ੍ਰਿਤੁ(ਅੰਮ੍ਰਿਤ)	ਬਿਖੁ(ਬਿਖ)	ਚਾਖੀ,
ਸੁਆਦ	ਮਿੱਸਾ	ਮਾਸ ਦਾ ਰਸ, ਸ਼ੋਰਬਾ	ਪਵਿੱਤਰ	ਜ਼ਹਿਰ	ਖਾਧੀ
ਤਉ	ਪੰਚ	ਪ੍ਰਗਟ	ਸੰਤਾਪੈ ॥		
ਤਾਂ	ਪੰਜ	ਉਤਪੰਨ, ਪੈਦਾ	ਸੰਤਾਪਦੇ, ਦੁੱਖ ਦਿੰਦੇ		

...ਮਿੱਠੇ, ਮਿੱਸੇ ਅਤੇ ਮਾਸ (ਆਦਿਕ ਰਸਾਂ-ਕਸਾਂ ਦੇ) ਜ਼ਹਿਰ ਰੂਪੀ ਸੁਆਦਾਂ ਨੂੰ ਅੰਮ੍ਰਿਤ ਸਮਝ ਕੇ ਖਾਂਦਾ ਰਿਹਾ, ਤਾਂ (ਇਸ ਨਾਲ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿਕ) ਪੰਜੇ ਹੀ ਉਤਪੰਨ ਹੋਕੇ ਦੁੱਖ ਦਿੰਦੇ ਰਹੇ...

ਜਪੁ(ਜਪ)	ਤਪੁ(ਤਪ)	ਸੰਜਮੁ(ਸੰਜਮ)	ਛੋਡਿ(ਛੋਡ)	ਸੁਕ੍ਰਿਤ	ਮਤਿ,(ਮਤ)
ਜਾਪ	ਕਰੜੀ ਘਾਲਣਾ	ਮਰਿਯਾਦਾ	ਛੱਡ ਦਿੱਤੀ	ਸ਼ੁਭ ਕਰਣੀ	ਬੁੱਧੀ
ਰਾਮ	ਨਾਮੁ(ਨਾਮ)	ਨ(ਨਾਂ)	ਅਰਾਧਿਆ ॥		
ਪ੍ਰਭੂ	ਨਾਮ	ਨਹੀਂ	ਧਿਆਇਆ, ਸਿਮਰਿਆ		

ਅੰਕ ੯੩

...(ਹੇ! ਭਾਈ! ਤੂੰ) ਜਪ, ਤਪ, ਸੰਜਮ ਅਤੇ ਸ਼ੁਭ-ਕਰਣੀ ਵਾਲੀ, ਬਿਬੇਕ-ਬੁੱਧ ਨੂੰ ਤਿਆਗ ਦਿੱਤਾ ਹੈ, ਅਤੇ ਪ੍ਰਭੂ-ਨਾਮ ਨੂੰ ਨਹੀਂ ਸਿਮਰਿਆ....

ਉਛਲਿਆ	**ਕਾਮੁ,** *(ਕਾਮ)*	**ਕਾਲ**	**ਮਤਿ** *(ਮਤ)*	**ਲਾਗੀ,**
ਉਛਾਲਾ ਮਾਰਿਆ, ਕੁੱਦਿਆ	ਭੋਗ-ਇੱਛਾ	ਕਾਲਖ਼	ਬੁੱਧੀ ਨੂੰ	ਲੱਗ ਗਈ

ਤਉ	**ਆਨਿ** *(ਆਨ)*	**ਸਕਤਿ** *(ਸ਼ਕਤ)*	**ਗਲਿ** *(ਗਲ)*	**ਬਾਂਧਿਆ ॥੨॥**
ਤਾਂ	ਹੋਰ	ਤਾਕਤ (ਇਸਤ੍ਰੀ)	ਗਲ ਵਿਚ	ਬੰਨ੍ਹ ਲਿਆ

...(ਅਤੇ ਜਦੋਂ ਫਿਰ) ਕਾਮ ਨੇ ਉਛਾਲਾ ਮਾਰਿਆ ਤਾਂ (ਤੇਰੀ) ਬੁੱਧੀ ਨੂੰ ਕਾਲਖ਼ ਲੱਗ ਗਈ ਭਾਵ ਬੁੱਧੀ ਭ੍ਰਿਸ਼ਟੀ ਗਈ, ਅਤੇ ਤੂੰ ਫਿਰ ਇਸਤ੍ਰੀ ਨੂੰ ਲਿਆ ਕੇ (ਗ੍ਰਿਹਸਥ ਦੇ) ਬੰਧਨ ਨੂੰ ਗਲ ਪਾ ਲਿਆ...

ਤਰੁਣ	**ਤੇਜੁ** *(ਤੇਜ)*	**ਪਰ**	**ਤ੍ਰਿਅ**	**ਮੁਖੁ** *(ਮੁਖ)*	**ਜੋਹਹਿ,** *(ਜੋਹਹਿਂ)*
ਜੁਆਨੀ	ਜੋਸ਼	ਪਰਾਈ	ਇਸਤ੍ਰੀ	ਮੂੰਹ	ਤੱਕਦਾ, ਝਾਕਦਾ

ਸਰੁ *(ਸਰ)*	**ਅਪਸਰੁ** *(ਅਪਸਰ)*	**ਨ** *(ਨਾਂ)*	**ਪਛਾਣਿਆ ॥**
ਚੰਗਾ	ਮੰਦਾ	ਨਹੀਂ	ਪਹਿਚਾਣਿਆਂ

...(ਫਿਰ) ਜੁਆਨੀ ਦੇ ਜੋਸ਼ ਵਿਚ, (ਮਦਹੋਸ਼ ਤੂੰ) ਪਰਾਈਆਂ ਇਸਤ੍ਰੀਆਂ ਵਲ ਝਾਕਦਾ ਰਹਿੰਦਾ ਹੈਂ, ਅਤੇ ਚੰਗੇ-ਮੰਦੇ ਦੀ ਪਹਿਚਾਣ ਵੀ ਨਹੀਂ ਕਰਦਾ...

ਉਨਮਤ	**ਕਾਮਿ,** *(ਕਾਮ)*	**ਮਹਾ**	**ਬਿਖੁ** *(ਬਿਖ)*	**ਭੂਲੈ,**
ਮਸਤ, ਬਾਵਲਾ, ਮਤਵਾਲਾ	ਕਾਮ ਵਿਚ ਭਿਆਨਕ	ਜ਼ਹਿਰ	ਭੁੱਲ ਕੇ,	ਗੁਆਚ ਕੇ

ਪਾਪੁ *(ਪਾਪ)*	**ਪੁੰਨੁ** *(ਪੁੰਨ)*	**ਨ** *(ਨਾਂ)*	**ਪਛਾਨਿਆ ॥**
ਕੁਕਰਮ	ਚੰਗੇ ਕਰਮ	ਨਹੀਂ	ਪਹਿਚਾਣ, ਸਮਝ

...ਕਾਮ-ਇੱਛਾ ਦੇ ਭਿਆਨਕ ਜ਼ਹਿਰ ਵਿਚ ਗੁਆਚ ਕੇ, ਬਾਵਲੇ ਹੋਏ ਨੂੰ (ਤੈਨੂੰ ਜੀਵਨ ਦੇ) ਪਾਪ, ਪੁੰਨ ਦੀ ਪਹਿਚਾਣ ਵੀ ਨਹੀਂ ਰਹੀ...

ਸੁਤ	**ਸੰਪਤਿ** *(ਸੰਪਤ)*	**ਦੇਖਿ,** *(ਦੇਖ)*	**ਇਹੁ** *(ਇਹ)*	**ਮਨੁ** *(ਮਨ)*	**ਗਰਬਿਆ,**
ਪੁੱਤਰ	ਧਨ-ਪਦਾਰਥ	ਦੇਖ ਕੇ	ਸੰਬੋਧਕ	ਚਿੱਤ	ਹੰਕਾਰਿਆ ਗਿਆ

ਰਾਮੁ *(ਰਾਮ)*	**ਰਿਦੈ**	**ਤੇ**	**ਖੋਇਆ ॥**
ਪਰਮਾਤਮਾ ਹਿਰਦੇ	ਵਿਚੋਂ,	ਤੋਂ	ਗੁਆ ਦਿੱਤਾ, ਭੁਲਾ ਦਿੱਤਾ

ਅੰਕ ੯੩

...ਪੁੱਤਰ ਅਤੇ ਧਨ-ਪਦਾਰਥ ਦੇਖ ਕੇ ਤੇਰਾ ਇਹ ਮਨ ਹੰਕਾਰਿਆ ਗਿਆ, ਅਤੇ (ਤੂੰ) ਪਰਮਾਤਮਾ (ਨੂੰ ਆਪਣੇ) ਹਿਰਦੇ ਵਿਚੋਂ ਭੁਲਾ ਦਿੱਤਾ...

ਅਵਰ	**ਮਰਤ,**	**ਮਾਇਆ**	**ਮਨੁ**(*ਮਨ*)	**ਤੋਲੇ,**
ਹੋਰਨਾਂ	ਮਰਨ(ਵੇਲੇ)	ਧਨ-ਪਦਾਰਥ	ਚਿੱਤ	ਤੋਲਦਾ, ਅਨੁਮਾਨ ਲਾਉਂਦਾ, ਜੋਖ਼ਦਾ

ਤਉ	**ਭਗ**	**ਮੁਖਿ**(*ਮੁਖ*)	**ਜਨਮੁ**(*ਜਨਮ*)	**ਵਿਗੋਇਆ ॥੩॥**
ਤਾਂ	ਕਾਮ	ਮੂੰਹ ਦੇ	ਜੀਵਨ	ਜ਼ਾਇਆ ਕਰ ਦਿੱਤਾ

...ਹੋਰਨਾਂ (ਸਕੇ-ਸੰਬੰਧੀਆਂ ਦੇ) ਮਰਨ ਤੇ ਮਨ (ਵਿਚ ਤੂੰ ਉਨ੍ਹਾਂ ਦੇ) ਧਨ-ਪਾਦਰਥ ਦਾ ਅਨੁਮਾਨ ਲਗਾਉਂਦਾ ਰਿਹਾ ਹੈਂ ਕਿ (ਇਸ ਵਿਚੋਂ ਮੈਨੂੰ ਕਿੰਨਾਂ ਕੁ ਹਿੱਸਾ ਮਿਲਣਾ ਹੈ), ਇਵੇਂ ਕਾਮ ਅਤੇ ਮੂੰਹ ਦੇ (ਸੁਆਦਾਂ ਆਦਿ ਵਿਚ ਹੀ ਆਪਣਾ ਮਨੁੱਖਾ) ਜਨਮ ਜ਼ਾਇਆ ਕਰ ਲਿਆ...

ਪੁੰਡਰ	**ਕੇਸ,**	**ਕੁਸਮ**	**ਤੇ**	**ਧਉਲੇ,**
ਚਿੱਟੇ	ਕੇਸ਼, ਵਾਲ	ਚਿੱਟਾ ਕੰਵਲ	ਤੋਂ	ਸਫ਼ੈਦ

ਸਪਤ	**ਪਾਤਾਲ**	**ਕੀ**	**ਬਾਣੀ ॥**
ਸੱਤਵੇਂ	ਧਰਤੀ ਹੇਠਲਾ ਲੋਕ	ਦੀ	ਅਵਾਜ਼, ਬੋਲ

...(ਹੁਣ ਬੁਢਾਪੇ ਵਿਚ ਤੇਰੇ) ਚਿੱਟੇ ਕੇਸ਼, ਚਿੱਟੇ ਕੰਵਲ ਤੋਂ ਵੀ ਸਫ਼ੈਦ ਹੋ ਗਏ ਹਨ ਅਤੇ ਤੇਰੀ ਅਵਾਜ਼ (ਇਵੇਂ ਲਗਦੀ ਹੈ ਜਿਵੇਂ) ਸੱਤਵੇਂ ਪਤਾਲ ਵਿਚੋਂ ਆ ਰਹੀ ਹੋਵੇ...

ਲੋਚਨ	**ਸ੍ਰਮਹਿ,**(*ਸ਼੍ਰਮਹਿਂ*)	**ਬੁਧਿ**(*ਬੁਧ*)	**ਬਲ**	**ਨਾਠੀ,**
ਅੱਖਾਂ	ਵਹਿੰਦੀਆਂ, ਵਗਦੀਆਂ	ਬੁੱਧੀ	ਜ਼ੋਰ	ਨੱਠ ਗਈ, ਖ਼ਤਮ ਹੋ ਗਈ

ਤਾ(*ਤਾਂ*)	**ਕਾਮੁ**(*ਕਾਮ*)	**ਪਵਸਿ**(*ਪਵਸ*)	**ਮਾਧਾਣੀ ॥**
ਤਾਂ ਵੀ	ਵਾਸ਼ਨਾਵਾਂ	ਪਾਇਆ ਹੋਇਆ	ਰਿੜਕਣਾ

...(ਤੇਰੀਆਂ) ਅੱਖਾਂ (ਵਿਚੋਂ ਪਾਣੀ) ਵਹਿੰਦਾ ਹੈ, ਬੁੱਧੀ ਅਤੇ ਤਾਕਤ ਖ਼ਤਮ ਹੋ ਗਏ ਹਨ, (ਪਰ ਤਾਂ ਵੀ ਅਜੇ ਹਿਰਦੇ ਵਿਚ) ਵਾਸ਼ਨਾਵਾਂ ਦੀ ਮਧਾਣੀ ਨੇ ਰਿੜਕਣਾ ਪਾਇਆ ਹੋਇਆ ਹੈ...

ਤਾ(*ਤਾਂ*)	**ਤੇ,**	**ਬਿਖੈ**	**ਭਈ**	**ਮਤਿ**(*ਮਤ*)	**ਪਾਵਸਿ,**(*ਪਾਵਸ*)
ਜਿਸ	ਕਰਕੇ	ਵਿਸ਼ਿਆਂ	ਲਗ ਗਈ	ਬੁੱਧੀ ਵਿਚ	ਵਰਖ਼ਾ, ਮੀਂਹ

ਅੰਕ ੯੩

ਕਾਇਆ *(ਕਾਇਆਂ)*	ਕਮਲੁ *(ਕਮਲ)*	ਕੁਮਲਾਣਾ ॥
ਸਰੀਰ	ਕੰਵਲ	ਕੁਮਲਾ ਗਿਆ; ਮੁਰਝਾ ਗਿਆ

...ਜਿਸ ਕਰਕੇ, (ਤੇਰੀ) ਬੁੱਧੀ ਵਿਚ ਵਿਸ਼ੇ-ਵਿਕਾਰਾਂ ਰੂਪੀ ਮੀਂਹ ਦੀ ਸਮਝੋ ਝੜੀ ਹੀ ਲਗੀ ਹੋਈ ਹੈ ਅਤੇ (ਵਿਸ਼ੇ ਵਿਕਾਰਾਂ ਦੀ ਇਸ ਤੇਜ਼ ਵਰਖ਼ਾ ਕਾਰਨ), ਕਾਇਆਂ ਰੂਪੀ ਕੰਵਲ ਫੁੱਲ ਮੁਰਝਾ ਗਿਆ ਹੈ...

ਅਵਗਤਿ *(ਅਵਗਤ)*	ਬਾਣਿ *(ਬਾਣ)*	ਛੋਡਿ *(ਛੋਡ)*	ਮ੍ਰਿਤ	ਮੰਡਲਿ, *(ਮੰਡਲ)*
ਅਵਿਨਾਸ਼ੀ	ਬਾਣੀ	ਛੱਡਕੇ	ਨਾਸ਼ਵਾਨ, ਫ਼ਾਨੀ	ਦੁਨੀਆਂ ਵਿਚ

ਤਉ	ਪਾਛੈ	ਪਛੁਤਾਣਾ *(ਪਛਤਾਣਾ)* ॥੪॥
ਤਾਂ	ਪਿੱਛੋਂ	ਪਸ਼ਚਾਤਾਪ ਹੀ ਕਰਨਾ ਹੈ

...ਨਾਸ਼ਵਾਨ ਦੁਨੀਆਂ ਵਿਚ ਰਹਿੰਦਿਆਂ ਤੂੰ (ਅਕਾਲ ਪੁਰਖ਼ ਦੀ) ਅਵਿਨਾਸ਼ੀ ਬਾਣੀ (ਅਨਹਦ-ਸ਼ਬਦ) ਨੂੰ ਵਿਸਾਰ ਦਿੱਤਾ ਹੈ, ਇਸ ਲਈ (ਹੁਣ ਤੈਨੂੰ) ਪਿੱਛੋਂ ਪੱਛਤਾਉਣਾ ਹੀ ਪਵੇਗਾ...

ਨਿਕੁਟੀ *(ਨਿਕਟੀ)*	ਦੇਹ	ਦੇਖਿ, *(ਦੇਖ)*	ਧੁਨਿ *(ਧੁਨ)*	ਉਪਜੈ,
ਛੋਟੀ, ਨਿੱਕੀ	ਸਰੀਰ	ਵੇਖ ਕੇ	ਚਾਉ	ਉਪਜਦਾ

ਮਾਨ	ਕਰਤ	ਨਹੀ *(ਨਹੀਂ)*	ਬੂਝੈ ॥
ਮਾਣ	ਕਰਦਾ	ਨਹੀਂ	ਬੁੱਝਦਾ, ਸਮਝਦਾ

...(ਬੁਢਾਪੇ ਵਿਚ ਆਪਣੇ) ਨਿੱਕਿਆਂ (ਬੱਚਿਆਂ ਭਾਵ ਪੁੱਤਰ, ਪੋਤਰਿਆਂ ਆਦਿਕ ਦੀਆਂ) ਦੇਹਾਂ ਵੇਖ ਵੇਖ ਕੇ (ਤੇਰੇ ਮਨ ਵਿਚ ਮੋਹ ਕਰਕੇ) ਚਾਅ ਪੈਦਾ ਹੁੰਦਾ ਹੈ, ਉਨ੍ਹਾਂ ਤੇ ਮਾਣ ਕਰਦਾ ਹੈਂ, ਪਰ (ਤੂੰ) ਇਹ ਨਹੀਂ ਸਮਝਦਾ (ਕਿ ਅੰਤ ਨੂੰ ਤਾਂ ਇਨ੍ਹਾਂ ਸਭਨਾਂ ਨੂੰ ਛੱਡ ਕੇ ਜਾਣਾਂ ਹੀ ਪੈਣਾ ਹੈ)...

ਲਾਲਚੁ *(ਲਾਲਚ)*	ਕਰੈ,	ਜੀਵਨ	ਪਦ	ਕਾਰਨ,
ਇੱਛਾ, ਲਾਲਸਾ	ਕਰਦਾ ਹੈ	ਜ਼ਿੰਦਗੀ	ਅਵਸਥਾ, ਰੁਤਬਾ	ਵਾਸਤੇ

ਲੋਚਨ	ਕਛੂ	ਨ *(ਨਾਂ)*	ਸੂਝੈ ॥
ਅੱਖਾਂ	ਕੁਝ ਵੀ	ਨਹੀਂ	ਸੁੱਝਦਾ, ਦਿੱਖਦਾ

...(ਭਾਵੇਂ) ਅੱਖਾਂ ਤੋਂ ਤੈਨੂੰ ਕੁਝ ਵੀ ਦਿੱਸਦਾ, ਪਰ ਫਿਰ ਵੀ ਜ਼ਿੰਦਗੀ ਦੇ ਰੁਤਬੇ ਨੂੰ ਹੋਰ ਜਿਉਣ ਵਾਸਤੇ ਲਾਲਸਾ ਕਰਦਾ ਹੈਂ...

ਥਾਕਾ	ਤੇਜੁ, *(ਤੇਜ)*	ਉਡਿਆ	ਮਨੁ *(ਮਨ)*	ਪੰਖੀ,
ਹਾਰ ਗਿਆ, ਮੁੱਕ ਗਿਆ	ਬਲ, ਜ਼ੋਰ	ਉੱਡ ਗਿਆ	ਚਿੱਤ	ਪੰਛੀ, ਪੰਖੇਰੂ

ਅੰਕ ੯੩

ਘਰਿ*(ਘਰ)*	ਆਂਗਨਿ*(ਆਂਗਨ)*	ਨ*(ਨਾਂ)*	ਸੁਖਾਈ ॥
ਘਰ ਦੇ	ਵਿਹੜੇ ਵਿਚ	ਨਹੀਂ	ਸੁਖਾਉਂਦਾ, ਚੰਗਾ ਲਗਦਾ

...(ਹੇ! ਭਾਈ! ਆਖ਼ਰ ਜਦੋਂ ਸਰੀਰ ਦਾ) ਬਲ ਹਾਰ ਜਾਂਦਾ ਹੈ, ਵਿਚੋਂ ਮਨ-ਪੰਖੇਰੂ (ਭਾਵ ਜਿੰਦ) ਉਡ ਜਾਂਦੀ ਹੈ, ਤਾਂ (ਮਨੁੱਖ ਦੀ ਮ੍ਰਿਤਕ ਦੇਹ) ਘਰ ਦੇ ਵਿਹੜੇ ਵਿਚ ਪਈ ਹੋਈ (ਕਿਸੇ ਨੂੰ ਵੀ ਫਿਰ) ਚੰਗੀ ਨਹੀਂ ਲਗਦੀ...

ਬੇਣੀ	ਕਹੈ,	ਸੁਨਹੁ*(ਸੁਨਹੁਂ)*	ਰੇ	ਭਗਤਹੁ,*(ਭਗਤਹੁਂ)*
ਭਗਤ ਬੇਣੀ	ਕਹਿੰਦਾ ਹੈ	ਸੁਣੋਂ	ਹੇ!	ਭਗਤ-ਜਨੋਂ!

ਮਰਨ	ਮੁਕਤਿ*(ਮੁਕਤ)*	ਕਿਨਿ*(ਕਿਨ੍ਹ)*	ਪਾਈ ॥੫॥
ਮਰਣ ਮਗਰੋਂ	ਮੁਕਤੀ, ਮੋਕਸ਼	ਕਿਸ ਨੇ	ਪ੍ਰਾਪਤ ਕੀਤੀ

...ਹੇ! ਭਗਤ ਜਨੋਂ! ਸੁਣੋਂ, ਬੇਣੀ (ਤੁਹਾਨੂੰ) ਦਸਦਾ ਹੈ ਕਿ, (ਜਦੋਂ ਮਨੁੱਖ ਅਜਿਹਾ ਮਾਇਆਵੀ ਵਿਕਾਰਾਂ ਭਰਿਆ ਜੀਵਨ ਜਿਊਂਦਾ ਹੈ ਅਤੇ ਜਿਊਂਦਿਆਂ ਇਨ੍ਹਾਂ ਵਿਕਾਰਾਂ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਕੁਝ ਵੀ ਉਪਾ ਨਹੀਂ ਕਰਦਾ ਤਾਂ, ਫਿਰ ਅਜਿਹੇ ਪਲੀਤ) ਮਰਨ-ਉਪਰੰਤ ਕਿਸ ਨੇ ਮੋਕਸ਼ ਪ੍ਰਾਪਤ ਕੀਤਾ ਹੈ? (ਭਾਵ ਨਹੀਂ ਕੀਤਾ)।

ਸਿਰੀਰਾਗੁ *(ਸਿਰੀਰਾਗ)* ॥
ਰਾਗ ਦਾ ਨਾਮ

ਤੋਹੀ	ਮੋਹੀ,	ਮੋਹੀ	ਤੋਹੀ,	ਅੰਤਰੁ*(ਅੰਤਰ)*	ਕੈਸਾ ॥
ਤੇਰੇ	ਮੇਰੇ	ਮੇਰੇ	ਤੇਰੇ	ਫਰਕ	ਕੀ

ਕਨਕ	ਕਟਿਕ,*(ਕਟਕ)*	ਜਲ	ਤਰੰਗ	ਜੈਸਾ ॥੧॥
ਸੋਨੇ	ਕੜੇ	ਪਾਣੀ	ਲਹਿਰ	ਜਿਵੇਂ ਦਾ

ਤੇਰੇ ਤੇ ਮੇਰੇ ਵਿਚ, ਅਤੇ ਮੇਰੇ ਤੇ ਤੇਰੇ ਵਿਚ, (ਹੇ! ਵਾਹਿਗੁਰੂ!) ਕਿੰਨਾਂ ਕੁ ਅੰਤਰ ਹੈ? (ਮੈਨੂੰ ਲਗਦਾ ਹੈ, ਕਿ ਇਹ ਅੰਤਰ, ਬੱਸ ਉਨਾਂ ਕੁ ਹੀ ਹੈ ਜਿਵੇਂ ਦਾ) ਸੋਨੇ ਅਤੇ ਉਸ ਤੋਂ ਬਣੇ (ਗਹਿਣੇ ਰੂਪ) ਕੜੇ ਵਿਚ ਜਾਂ ਪਾਣੀ ਅਤੇ ਉਸੇ ਵਿਚੋਂ ਉੱਠੀ ਉਸ ਦੀ ਲਹਿਰ ਵਿਚ ਹੁੰਦਾ ਹੈ...

ਜਉ	ਪੈ,	ਹਮ	ਨ*(ਨਾਂ)*	ਪਾਪ	ਕਰੰਤਾ	ਅਹੇ	ਅਨੰਤਾ ॥
ਜੇ	ਕਰ	ਮੈਂ	ਨਹੀਂ	ਕੁਕਰਮ	ਕਰਦਾ	ਹੇ!	ਬੇਅੰਤ (ਪ੍ਰਭੂ)!

...ਜੇਕਰ ਮੈਂ ਕੁਕਰਮ ਨਾਂ ਕਰਦਾ ਤਾਂ, ਹੇ! (ਮੇਰੇ) ਬੇਅੰਤ (ਵਾਹਿਗੁਰੂ)!....

ਅੰਕ ੯੩

ਪਤਿਤ *(ਪਤਤ)*	ਪਾਵਨ	ਨਾਮੁ, *(ਨਾਮ)*	ਕੈਸੇ	ਹੁੰਤਾ ॥੧॥	ਰਹਾਉ ॥
ਪਾਪੀ, ਅਧਰਮੀ	ਪਵਿੱਤਰ ਕਰਨ ਵਾਲਾ	ਨਾਮ	ਕਿਵੇਂ	ਹੁੰਦਾ	ਠਹਿਰਾਉ

...(ਤੇਰਾ) ਨਾਮ, ਪਤਿਤ-ਪਾਵਨ, ਭਾਵ ਅਧਰਮੀਆਂ ਨੂੰ ਪਵਿੱਤਰ ਕਰਨ ਵਾਲਾ ਕਿਵੇਂ ਹੋ ਸਕਦਾ ਸੀ? (ਭਾਵ ਨਹੀਂ ਸੀ ਹੋਣਾਂ)...

ਤੁਮ੍	ਜੁ	ਨਾਇਕ	ਆਛਹੁ,	ਅੰਤਰਜਾਮੀ ॥
ਤੂੰ	ਜੋ	ਮਾਲਿਕ, ਸੁਆਮੀ	ਹੋ	ਹਿਰਦੇ ਦੀਆਂ ਜਾਨਣ ਵਾਲੇ

...(ਹੇ! ਪ੍ਰਭੂ)! ਤੂੰ ਜਿਹੜਾ ਅੰਤਰਜਾਮੀ, ਭਾਵ ਸਭ ਦੇ ਦਿਲਾਂ ਦੀਆਂ ਜਾਨਣ ਵਾਲਾ, ਮੇਰਾ ਮਾਲਿਕ ਹੈਂ...

ਪ੍ਰਭ	ਤੇ	ਜਨੁ *(ਜਨ)*	ਜਾਨੀਜੈ,
ਪਰਮੇਸ਼ਰ (ਸੁਆਮੀ)	ਤੋਂ	ਦਾਸ, ਸੇਵਕ	ਜਾਣਿਆਂ ਜਾਂਦਾ, ਪਹਿਚਾਣ ਹੁੰਦੀ

ਜਨ	ਤੇ	ਸੁਆਮੀ ॥੨॥
ਦਾਸ, ਸੇਵਕ	ਤੋਂ	ਮਾਲਕ

...(ਮਾਲਕ) ਪ੍ਰਭੂ ਤੋਂ ਹੀ (ਉਸ ਦੇ) ਦਾਸ ਦੀ ਪਹਿਚਾਣ ਹੁੰਦੀ ਹੈ, ਅਤੇ ਦਾਸ ਤੋਂ ਹੀ (ਉਸ ਦੇ) ਮਾਲਕ-ਪ੍ਰਭੂ ਦੀ (ਵਡਿੱਤਣ ਦਾ ਪਤਾ ਲਗਦਾ ਹੈ)...

ਸਰੀਰੁ *(ਸ਼ਰੀਰ)*	ਆਰਾਧੈ,	ਮੋ	ਕਉ	ਬੀਚਾਰੁ *(ਬੀਚਾਰ)*	ਦੇਹੂ ॥
ਤਨ	ਸਿਮਰੇ, ਅਰਾਧਨਾ ਕਰੇ	ਮੈਂ	ਨੂੰ	ਵੀਚਾਰ, ਸੋਚ, ਸੂਝ	ਦੇਹ, ਬਖਸ਼

ਰਵਿਦਾਸ,	ਸਮ	ਦਲ	ਸਮਝਾਵੈ	ਕੋਊ ॥੩॥
ਭਗਤ ਰਵਿਦਾਸ	ਸਮਾਨ, ਇੱਕੋ ਜਿਹਾ	ਦਲਾਂ, ਸੰਮੂਹਾਂ	ਸਮਝਾ ਦਿਓ	ਕੋਈ

...(ਹੇ! ਸਾਹਿਬ! ਮੇਰੀ ਜੋਦੜੀ ਹੈ ਕਿ) ਮੈਨੂੰ ਇਹ ਸਮਝ ਬਖ਼ਸ਼ ਦਿਓ ਕਿ (ਜਦ ਤਕ ਮੇਰੇ ਇਸ ਸਰੀਰ ਵਿਚ ਸੁਆਸ ਹਨ, ਮੈਂ ਤੇਰੀ) ਅਰਾਧਨਾ ਕਰਦਾ ਰਹਾਂ। ਰਵਿਦਾਸ ਦੀ ਇਹ ਵੀ ਬੇਨਤੀ ਹੈ ਕਿ, ਕੋਈ ਸੱਤ-ਪੁਰਖ ਮੈਨੂੰ ਇਹ ਸੋਝੀ ਵੀ ਕਰਵਾ ਦਏ ਕਿ, ਕਰਤਾ ਪੁਰਖ ਸਭਨਾਂ ਸੰਮੂਹਾਂ, ਭਾਵ ਕੁਲ ਲੋਕਾਈ ਵਿਚ ਇਕ-ਸਮਾਨ ਰਮਿਆ ਹੋਇਆ ਹੈ, ਵਿਆਪਕ ਹੈ।